ੴ

ੴ ਸਤਿਗੁਰ ਪ੍ਰਸਾਦਿ ॥

# ਆਦਿ
# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
# ਦਰਸ਼ਨ ਨਿਰਣੈ
## ਸਟੀਕ
## ਤੁਲਨਾਤਮਿਕ ਅਧਿਐਨ

ਟੀਕਾਕਾਰ
**ਗਿ. ਹਰਿਬੰਸ ਸਿੰਘ**

ੴ ਸਤਿਗੁਰ ਪ੍ਰਸਾਦਿ ॥

ਬਾਣੀ ਬਿਰਲਉ ਬੀਚਾਰਸੀ, ਜੇ ਕੋ ਗੁਰਮੁਖਿ ਹੋਇ ॥
ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ ॥
(ਰਾਮਕਲੀ ਮਹਲਾ ੧ ਦਖਣੀ ਓਅੰਕਾਰ, ਪੰਨਾ ੯੩੫)

ਆਦਿ

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

## ਦਰਸ਼ਨ ਨਿਰਣੈ

## (ਸਟੀਕ)

(ਤੁਲਨਾਤਮਿਕ ਅਧਿਐਨ)

## ਪੋਥੀ ਗਿਆਰਵੀਂ

ਰਾਗੁ ਤੁਖਾਰੀ, ਕੇਦਾਰਾ, ਭੈਰਉ ਅਤੇ ਬਸੰਤ
(ਪੰਨਾ ੧੧੦੭ ਤੋਂ ੧੧੯੬ ਤੱਕ)


*-ਟੀਕਾਕਾਰ-*

**ਗਿਆਨੀ ਹਰਿਬੰਸ ਸਿੰਘ**

(ਭਾਈ ਸਾਹਿਬ)
ਸਾਬਕਾ ਫ਼ੈਲੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ



**ਗੁਰਬਾਣੀ ਸੇਵਾ ਪ੍ਰਕਾਸ਼ਨ**
ਪਟਿਆਲਾ।

Adi

# SRI GURU GRANTH SAHIB JI
## DARSHAN NIRNEY STEEK

*(Comperetive Study)*

Vol. VII

by

**Giani Harbans Singh**

ਸਭ ਹੱਕ ਕਰਤਾ ਦੇ ਰਾਖਵੇਂ ਹਨ

(ਸੋਧਿਆ ਅਤੇ ਵਾਧਿਆਂ ਵਾਲਾ ਨਵਾਂ ਸੰਸਕਰਣ ਜਨਵਰੀ 2009)

ਭੇਟਾ : 275/-

*ਪ੍ਰਕਾਸ਼ਕ :*
**ਗੁਰਬਾਣੀ ਸੇਵਾ ਪ੍ਰਕਾਸ਼ਨ,**
17-ਏ ਡੋਗਰਾਂ ਸਟਰੀਟ, ਪਟਿਆਲਾ,
ਫੋਨ 98156-56978

*ਕੰਪਿਊਟਰ ਕੰਪੋਜ਼ਿੰਗ*
**ਸ਼ਰਨਾਗਤ ਸਿੰਘ, ਪਟਿਆਲਾ**

Printed in India

***ਛਾਪਕ :***
**ਸਰਤਾਜ ਪ੍ਰਿੰਟਿੰਗ ਪ੍ਰੈਸ, ਜਲੰਧਰ**

# ਹੁਕਮਨਾਮਾ

ਸੋਰਠਿ ਮਹਲਾ ੯ ॥
ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ
ਕੰਚਨ ਮਾਟੀ ਮਾਨੈ ॥੧॥ ਰਹਾਉ॥
ਨਹ ਨਿੰਦਿਆ ਨਹ ਉਸਤਤਿ ਜਾ ਕੈ
ਲੋਭੁ ਮੋਹੁ ਅਭਿਮਾਨਾ ॥
ਹਰਖ ਸੋਗ ਤੇ ਰਹੈ ਨਿਆਰਉ
ਨਾਹਿ ਮਾਨ ਅਪਮਾਨਾ ॥ ੧ ॥
ਆਸਾ ਮਨਸਾ ਸਗਲ ਤਿਆਗੈ
ਜਗ ਤੇ ਰਹੈ ਨਿਰਾਸਾ ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਿਨ
ਤਿਹ ਘਟਿ ਬ੍ਰਹਮੁ ਨਿਵਾਸਾ ॥੨॥
ਗੁਰ ਕਿਰਪਾ ਜਿਹ ਨਰ ਕਉ ਕੀਨੀ
ਤਿਹ ਇਹ ਜੁਗਤਿ ਪਛਾਨੀ ॥
ਨਾਨਕ ਲੀਨ ਭਇਓ ਗੋਬਿੰਦ ਸਿਉ,
ਜਿਉ ਪਾਨੀ ਸੰਗਿ ਪਾਨੀ ॥੩॥੧੧॥

[ਪੰਨਾ ੬੩੩

ਨੋਟ- ਉਪਰੋਕਤ ਪਵਿੱਤਰ ਹੁਕਮਨਾਮਾ ਮਿਤੀ ੩੦-੫-੧੯੯੪ ਨੂੰ ਗਿਆਰ੍ਹਵੀਂ ਪੋਥੀ ਦੀ ਆਰੰਭਤਾ ਲਈ ਕੀਤੀ ਅਰਦਾਸਿ ਉਪਰੰਤ ਪ੍ਰਾਪਤ ਹੋਇਆ।

# ਸਮਰਪਣ

**ਕਰਮੁ ਧਰਮੁ ਕਿਛੁ ਊਪਜਿ ਨ ਆਇਓ**
**ਨਹ ਊਪਜੀ ਨਿਰਮਲ ਕਰਣੀ ॥**
**ਛਾਡਿ ਸਿਆਨਪ ਸੰਜਮ ਨਾਨਕ**
**ਲਾਗੋ ਗੁਰ ਕੀ ਚਰਣੀ ॥**
**(ਦੇਵਗੰਧਾਰੀ ੫, ਪੰਨਾ ੫੩੦)**

## ਬੇਨਤੀ

ਪਰਮ ਕਿਰਪਾਲੂ ਪਿਤਾ ਜੀਓ!

ਮੇਰੇ ਪਾਸ ਨਾ ਵਿਦਿਆ ਹੈ ਨਾ ਗੁਣਾਂ ਦਾ ਖ਼ਜ਼ਾਨਾ ਹੈ, ਨਾ ਸਮਰਥਾ ਹੈ ਨਾ ਸੇਵਕਾਈ ਹੈ, ਨਾ ਪਰਮਾਰਥ ਦੀ ਅਸ਼ਨਾਈ ਹੈ, ਕੇਵਲ ਤੇਰੀ ਸਰਣਾਈ ਹੀ ਭਾਈ ਹੈ।

ਆਪ ਜੀ ਦੇ ਪਾਵਨ ਚਰਨਾਂ ਵਿਚ ਦੋਇ ਕਰ ਜੋੜ ਬੇਨਤੀ ਹੈ ਕਿ ਜਿਵੇਂ ਆਪ ਜੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ ਸਟੀਕ ਦੀਆਂ ੧੧ ਪੋਥੀਆਂ ਤੱਕ ਨਿਰੰਤਰ ਸੇਵਾ ਲਈ ਹੈ, ਤਿਵੇਂ ਆਪਣਾ ਮਿਹਰ ਭਰਿਆ ਹੱਥ ਸਿਰ ਤੇ ਰੱਖ ਕੇ, ਸਰੀਰਕ ਅਰੋਗਤਾ, ਉਦਮ, ਸੁਰਤਿ ਦੀ ਚੜ੍ਹਦੀ ਕਲਾ ਅਤੇ ਨਾਮ-ਸਿਮਰਨ ਕਮਾਈ ਦਾ ਬਲ ਬਖਸ਼ ਕੇ ੧੨-੧੩ਵੀਂ ਪੋਥੀ ਦੀ ਨਿਰਵਿਘਨ ਸੇਵਾ ਕਰਵਾ ਲਵੇ ਜੀ:–

**ਸਰਬ ਸਕਤਿ ਪ੍ਰਤਿਪਾਲਕ ਹਰਿ ਸੁਆਮੀ, ਜੋ ਤੁਮ ਦੇਹੁ ਸੋਈ ਹਉ ਪਾਉ॥**
**ਦੀਨ ਦਇਆਲ ਕ੍ਰਿਪਾ ਕਰਿ ਦੀਜੈ, ਨਾਨਕ ਹਰਿ ਸਿਮਰਣ ਕਾ ਹੈ ਚਾਉ॥**

[ਪੰਨਾ ੬੬੯

ਤੇਰਾ ਜਨੁ
*ਹਰਿਬੰਸ ਸਿੰਘ*
੨੭-੧੦-੯੪

ਗੁਰਮਤਿ ਨਿਰਣੈ ਭਵਨ,
ਪਟਿਆਲਾ

ੴ ਸਤਿਗੁਰ ਪ੍ਰਸਾਦਿ ॥

# ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਰਸ਼ਨ ਨਿਰਣੈ ਸਟੀਕ

## ਤਤਕਰਾ

### ਪੋਥੀ ਗਿਆਰ੍ਹਵੀਂ


| ਵਿਸ਼ਾ | ਪੰਨਾ |
|---|---|
| ਦੂਜੀ ਛਾਪ | ੮ |
| ਗੁਰਬਾਣੀ ਗਾਇਨੁ ਲੇਖਾਰੀ - ਸਿੰਘ ਸਾਹਿਬ ਗਿ. ਜਗਤਾਰ ਸਿੰਘ ਜੀ 'ਜਾਚਕ' | ੯ |
| ਮਾਰਗ ਦਰਸ਼ਨ- ਭਾ. ਸ. ਕਸ਼ਮੀਰ ਸਿੰਘ ਜੀ | ੧੨ |
| ਦਰਸ਼ਨ ਗਿਆਰ੍ਹਵੀ ਪੋਥੀ- ਗਿ. ਹਰਿਬੰਸ ਸਿੰਘ | ੧੮ |
| ਚਿੰਤਾ ਤੇ ਅਚਿੰਤਾ- " " " | ੨੧ |
| ਬਾਣੀ ਬਿਉਰਾ | ੩੧ |
| ਇਕ ਭੁਲੇਖੇ ਦਾ ਸਪਸ਼ਟੀਕਰਨ | ੩੦੩ |
| ਕੀ ਨਾਮਦੇਵ ਜੀ ਨੇ ਠਾਕੁਰ ਨੂੰ ਦੁੱਧ ਪਿਲਾਇਆ? | ੪੬੩ |
| ਰਾਗੁ ਤੁਖਾਰੀ, ਰਾਗੁ ਕੇਦਾਰਾ,ਰਾਗੁ ਭੈਰਉ,ਰਾਗੁ ਬਸੰਤ | ੩੩,੧੩੦,੧੭੭,੫੦੧ |

| ਪੰਕਤੀ | ਪੰਨਾ | ਪੰਕਤੀ | ਪੰਨਾ |
|---|---|---|---|
| **ਰਾਗੁ ਤੁਖਾਰੀ** | | ਮੇਰੇ ਮਨ ਰਾਮਨਾਮ | ੧੩੧ |
| **(ਮਹਲਾ ੧)** | | ਮੇਰੇ ਮਨ ਹਰਿ ਹਰਿ ਗੁਨ | ੧੩੩ |
| ਤੂ ਸੁਣਿ ਕਿਰਤ ਕਰੰਮਾ | ੩੫ | **(ਮਹਲਾ ੫)** | |
| ਪਹਿਲੈ ਪਹਰੈ ਨੈਣ | ੮੧ | ਮਾਈ ਸੰਤ ਸੰਗਿ ਜਾਗੀ | ੧੩੪ |
| ਤਾਰਾ ਚੜਿਆ ਲੰਮਾ | ੯੦ | ਦੀਨ ਬਿਨਉ ਸੁਨੁ | ੧੩੫ |
| ਭੋਲਾਵੜੈ ਭੁਲੀ ਭੁਲਿ | ੯੫ | ਸਰਨੀ ਆਇਓ ਨਾਥ | ੧੩੭ |
| ਮੇਰੇ ਲਾਲ ਰੰਗੀਲੇ ਹਮ | ੧੦੦ | ਹਰਿ ਕੇ ਦਰਸਨ ਕੋ ਮਨਿ | ੧੩੮ |
| ਏ ਮਨ ਮੇਰਿਆ ਤੂ ਸਮਝੁ | ੧੦੩ | ਪ੍ਰਿਅ ਕੀ ਪ੍ਰੀਤਿ ਪਿਆਰੀ | ੧੩੯ |
| **(ਮਹਲਾ ੪)** | | ਹਰਿ ਹਰਿ ਹਰਿ ਗੁਨ | ੧੪੦ |
| ਅੰਤਰਿ ਪਿਰੀ ਪਿਆਰੁ | ੧੦੮ | ਹਰਿ ਬਿਨੁ ਜਨਮੁ | ੧੪੧ |
| ਹਰਿ ਹਰਿ ਅਗਮ ਅਗਾਧਿ | ੧੧੨ | ਹਰਿ ਬਿਨੁ ਕੋਇ ਨ | ੧੪੩ |
| ਤੂ ਜਗਜੀਵਨੁ ਜਗਦੀਸੁ | ੧੧੫ | ਬਿਸਰਤ ਨਾਹਿ ਮਨ ਤੇ | ੧੪੪ |
| ਨਾਵਣੁ ਪੁਰਬੁ ਅਭੀਚੁ | ੧੧੮ | ਪ੍ਰੀਤਮੁ ਬਸਤ ਰਿਦ ਮਹਿ | ੧੪੬ |
| **(ਮਹਲਾ ੫)** | | ਰਸਨਾ ਰਾਮ ਰਾਮ | ੧੪੮ |
| ਘੋਲਿ ਘੁਮਾਈ ਲਾਲਨਾ | ੧੨੫ | ਹਰਿ ਕੇ ਨਾਮ ਕੋ ਆਧਾਰੁ | ੧੫੦ |
| **ਰਾਗੁ ਕੇਦਾਰਾ** | | ਹਰਿ ਕੇ ਨਾਮ ਬਿਨੁ ਧ੍ਰਿਗੁ | ੧੫੧ |
| **(ਮਹਲਾ ੪)** | | ਸੰਤਹ ਧੂਰਿ ਲੇ ਮੁਖਿ | ੧੫੨ |

| ਪੰਕਤੀ | ਪੰਨਾ |
|---|---|
| ਹਰਿ ਕੇ ਨਾਮ ਕੀ ਮਨ | ੧੫੪ |
| ਮਿਲੁ ਮੇਰੇ ਪ੍ਰੀਤਮ | ੧੫੫ |
| **(ਸ੍ਰੀ ਕਬੀਰ ਜੀਉ)** | |
| ਉਸਤਤਿ ਨਿੰਦਾ ਦੋਊ | ੧੫੯ |
| ਕਿਨਹੀ ਬਨਜਿਆ | ੧੬੨ |
| ਰੀ ਕਲਵਾਰਿ ਗਵਾਰਿ | ੧੬੪ |
| ਕਾਮ ਕ੍ਰੋਧ ਤ੍ਰਿਸਨਾ ਕੇ | ੧੬੮ |
| ਟੇਢੀ ਪਾਗ ਟੇਢੇ ਚਲੇ | ੧੭੧ |
| ਚਾਰਿ ਦਿਨ ਅਪਨੀ | ੧੭੩ |
| **(ਸ੍ਰੀ ਰਵਿਦਾਸ ਜੀਉ)** | |
| ਖਟੁ ਕਰਮ ਕੁਲ ਸੰਜੁਗਤੁ | ੧੭੪ |
| **ਰਾਗੁ ਭੈਰਉ** | |
| **(ਮਹਲਾ ੧)** | |
| ਤੁਝ ਤੇ ਬਾਹਰਿ ਕਿਛੂ ਨ | ੧੮੦ |
| ਗੁਰ ਕੈ ਸਬਦਿ ਤਰੇ | ੧੮੧ |
| ਨੈਨੀ ਦ੍ਰਿਸਟਿ ਨਹੀ | ੧੮੩ |
| ਭੂੰਡੀ ਚਾਲ ਚਰਣ ਕਰ | ੧੮੫ |
| ਸਗਲੀ ਰੈਣਿ ਸੋਵਤ | ੧੮੭ |
| ਗੁਰ ਕੈ ਸੰਗਿ ਰਹੈ ਦਿਨੁ | ੧੮੯ |
| ਹਿਰਦੈ ਨਾਮੁ ਸਰਬ ਧਨੁ | ੧੯੧ |
| ਜਗਨ ਹੋਮ ਪੁੰਨ ਤਪ | ੧੯੩ |
| **(ਮਹਲਾ ੩)** | |
| ਜਾਤਿ ਕਾ ਗਰਬੁ ਨ | ੧੯੫ |
| ਜੋਗੀ ਗ੍ਰਿਹੀ ਪੰਡਿਤ | ੧੯੭ |
| ਜਾ ਕਉ ਰਾਖੈ ਅਪਨੀ | ੧੯੯ |
| ਮੈ ਕਾਮਣਿ ਮੇਰਾ ਕੰਤੁ | ੨੦੦ |
| ਸੋ ਮੁਨਿ ਜਿ ਮਨ ਕੀ | ੨੦੨ |
| ਰਾਮ ਨਾਮੁ ਜਗਤ | ੨੦੪ |
| ਨਾਮੇ ਉਧਰੇ ਸਭਿ | ੨੦੬ |
| ਗੋਵਿੰਦ ਪ੍ਰੀਤਿ | ੨੦੮ |
| ਕਲਜੁਗ ਮਹਿ ਰਾਮ | ੨੦੯ |
| ਕਲਜੁਗ ਮਹਿ ਬਹੁ | ੨੧੧ |
| ਦੁਬਿਧਾ ਮਨਮੁਖ ਰੋਗਿ | ੨੧੨ |
| ਮਨਮੁਖਿ ਦੁਬਿਧਾ ਸਦਾ | ੨੧੪ |
| ਦੁਖ ਵਿਚਿ ਜੰਮੈ ਦੁਖਿ | ੨੧੬ |
| ਸਬਦੁ ਬੀਚਾਰੇ ਸੋ ਜਨੁ | ੨੧੮ |
| ਮਨਮੁਖ ਆਸਾ ਨਹੀ | ੨੨੦ |
| ਕਲਿ ਮਹਿ ਪ੍ਰੇਤ ਜਿਨੀ | ੨੨੨ |
| ਮਨਸਾ ਮਨਹਿ ਸਮਾਇ | ੨੨੪ |
| ਬਾਝ ਗੁਰੂ ਜਗਤੁ | ੨੨੫ |
| ਹਉਮੈ ਮਾਇਆ ਮੋਹਿ | ੨੨੮ |
| ਮੇਰੀ ਪਟੀਆ ਲਿਖਹੁ | ੨੩੦ |
| ਆਪੇ ਦੈਤ ਲਾਇ ਦਿਤੇ | ੨੩੪ |
| **(ਮਹਲਾ ੪)** | |
| ਹਰਿ ਜਨ ਸੰਤ ਕਰਿ | ੨੩੭ |
| ਬੋਲਿ ਹਰਿਨਾਮੁ ਸਫਲ | ੨੩੮ |
| ਸੁਕ੍ਰਿਤੁ ਕਰਣੀ ਸਾਰੁ | ੨੩੯ |
| ਸਭਿ ਘਟ ਤੇਰੇ ਤੂ | ੨੪੪ |
| ਹਰਿ ਕਾ ਸੰਤੁ ਹਰਿ ਕੀ | ੨੪੬ |
| ਤੇ ਸਾਧੂ ਹਰਿ ਮੇਲਹੁ | ੨੪੭ |
| ਸਤਸੰਗਤਿ ਸਾਈ ਹਰਿ | ੨੪੯ |
| **(ਮਹਲਾ ੫)** | |
| ਸਗਲੀ ਥੀਤਿ ਪਾਸਿ | ੨੫੧ |
| ਊਠਤ ਸੁਖੀਆ ਬੈਠਤ | ੨੫੩ |
| ਵਰਤ ਨ ਰਹਉ ਨ ਮਹ | ੨੫੪ |
| ਦਸ ਮਿਰਗੀ ਸਹਜੇ | ੨੫੮ |
| ਜੇ ਸਉ ਲੋਚਿ ਲੋਚਿ | ੨੬੧ |
| ਜੀਉ ਪ੍ਰਾਣ ਜਿਨਿ | ੨੬੪ |
| ਆਗੈ ਦਯੁ ਪਾਛੈ | ੨੬੬ |
| ਕੋਟਿ ਮਨੋਰਥ ਆਵਹਿ | ੨੬੭ |
| ਲੇਪੁ ਨ ਲਾਗੋ ਤਿਲ ਕਾ | ੨੬੯ |
| ਖੂਬੁ ਖੂਬੁ ਖੂਬੁ ਖੂਬੁ | ੨੭੦ |
| ਸਾਚ ਪਦਾਰਥੁ | ੨੭੨ |
| ਸਤਿਗੁਰੁ ਸੇਵਿ ਸਰਬ | ੨੭੪ |
| ਅਪਣੇ ਦਾਸ ਕਉ ਕੰਠਿ | ੨੭੫ |
| ਸ੍ਰੀਧਰ ਮੋਹਨ ਸਗਲ | ੨੭੭ |
| ਬਨ ਮਹਿ ਪੇਖਿਓ ਤ੍ਰਿਣਿ | ੨੭੯ |
| ਨਿਕਟਿ ਬੁਝੈ ਸੋ ਬੁਰਾ | ੨੮੦ |

| ਪੰਕਤੀ | ਪੰਨਾ |
|---|---|
| ਜਿਸੁ ਤੂ ਰਾਖਹਿ ਤਿਸੁ | ੨੮੩ |
| ਤਉ ਕੜੀਐ ਜੇ ਹੋਵੈ | ੨੮੫ |
| ਬਿਨੁ ਬਾਜੇ ਕੈਸੋ ਨਿਰਤ | ੨੮੮ |
| ਹਉਮੈ ਰੋਗੁ ਮਾਨੁਖ ਕਉ | ੨੯੦ |
| ਚੀਤਿ ਆਵੈ ਤਾਂ ਮਹਾ | ੨੯੩ |
| ਬਾਪੁ ਹਮਾਰਾ ਸਦ | ੨੯੫ |
| ਨਿਰਵੈਰੁ ਪੁਰਖ ਸਤਿਗੁਰ | ੨੯੮ |
| ਸਤਿਗੁਰੁ ਮੇਰਾ ਬੇਮੁਹਤਾਜੁ | ੩੦੦ |
| ਨਾਮੁ ਲੈਤ ਮਨੁ ਪਰਗਟੁ | ੩੦੪ |
| ਨਮਸਕਾਰ ਤਾ ਕਉ | ੩੦੬ |
| ਮੋਹਿ ਦੁਹਾਗਨਿ ਆਪਿ | ੩੦੮ |
| ਚਿਤਵਤ ਪਾਪ ਨ | ੩੧੦ |
| ਅਪਨੀ ਦਇਆ ਕਰੇ ਸੋ | ੩੧੩ |
| ਨਾਮੁ ਹਮਾਰੈ ਅੰਤਰਜਾਮੀ | ੩੧੪ |
| ਤੂ ਮੇਰਾ ਪਿਤਾ ਤੂਹੈ ਮੇਰਾ | ੩੧੬ |
| ਸਭ ਤੇ ਊਚ ਜਾ ਕਾ ਦਰਬਾਰੁ | ੩੧੮ |
| ਰੋਵਨਹਾਰੀ ਰੋਜੁ ਬਨਾਇਆ | ੩੨੦ |
| ਸੰਤ ਕੀ ਨਿੰਦਾ ਜੋਨੀ | ੩੨੨ |
| ਨਾਮੁ ਹਮਾਰੈ ਬੇਦ ਅਰੁ | ੩੨੪ |
| ਨਿਰਧਨ ਕਉ ਤੁਮ | ੩੨੫ |
| ਸੰਤ ਮੰਡਲ ਮਹਿ ਹਰਿ | ੩੨੭ |
| ਰੋਗੁ ਕਵਨੁ ਜਾ ਰਾਖੈ | ੩੩੦ |
| ਤੇਰੀ ਟੇਕ ਰਹਾ ਕਲਿ | ੩੩੨ |
| ਪ੍ਰਥਮੇ ਛੋਡੀ ਪਰਾਈ | ੩੩੪ |
| ਸੁਖੁ ਨਾਹੀ ਬਹੁਤੈ ਧਨਿ | ੩੩੫ |
| ਗੁਰ ਮਿਲਿ ਤਿਆਗਿਓ | ੩੩੭ |
| ਸਭ ਤੇ ਊਚਾ ਜਾ ਕਾ ਨਾਉ | ੩੩੯ |
| ਜਿਸੁ ਸਿਮਰਤ ਮਨਿ | ੩੪੧ |
| ਲਾਜ ਮਰੈ ਜੋ ਨਾਮੁ ਨ | ੩੪੨ |
| ਗੁਰ ਸੁਪ੍ਰਸੰਨ ਹੋਏ ਭਉ | ੩੪੫ |
| ਕਰਣ ਕਾਰਣ ਸਮਰਥੁ | ੩੪੭ |
| ਮਨੁ ਤਨੁ ਰਾਤਾ ਰਾਮ | ੩੪੯ |
| ਨਾਮੁ ਲੈਤ ਕਿਛੁ ਬਿਘਨੁ | ੩੫੧ |
| ਆਪੇ ਸਾਸਤੁ ਆਪੇ ਬੇਦੁ | ੩੫੪ |
| ਭੈ ਕਉ ਭਉ ਪੜਿਆ | ੩੫੯ |
| ਭਗਤਾਂ ਮਨਿ ਆਨੰਦੁ | ੩੫੬ |
| ਪੰਚ ਮਜਮੀ ਜੋ ਪੰਚਨ | ੩੬੦ |
| ਨਿੰਦਕ ਕਉ ਫਿਟਕੇ | ੩੬੨ |
| ਦੁਇ ਕਰ ਜੋਰਿ ਕਰਉ | ੩੬੪ |
| ਸਤਿਗੁਰ ਅਪੁਨੇ ਸੁਨੀ | ੩੬੬ |
| ਪਰਤਿਪਾਲ ਪ੍ਰਭ ਕ੍ਰਿਪਾਲ | ੩੬੮ |
| **ਮ: ੧ ਅਸਟਪਦੀਆ** | |
| ਆਤਮ ਮਹਿ ਰਾਮੁ ਰਾਮ | ੩੭੦ |
| **(ਮਹਲਾ ੩)** | |
| ਤਿਨਿ ਕਰਤੈ ਇਕੁ | ੩੭੩ |
| ਗੁਰ ਸੇਵਾ ਤੇ ਅੰਮ੍ਰਿਤ | ੩੭੯ |
| **ਮ: ੫ ਅਸਟਪਦੀਆਂ** | |
| ਜਿਸੁ ਨਾਮੁ ਰਿਦੈ ਸੋਈ | ੩੮੨ |
| ਕੋਟਿ ਬਿਸਨ ਕੀਨੇ ਅਵਤਾਰ | ੩੮੬ |
| ਸਤਿਗੁਰਿ ਮੋਕਉ ਕੀਨੋ | ੩੮੯ |
| **(ਸ੍ਰੀ ਕਬੀਰ ਜੀ)** | |
| ਇਹੁ ਧਨੁ ਮੇਰੇ ਹਰਿ ਕੋ | ੩੯੩ |
| ਨਾਗੇ ਆਵਨ ਨਾਂਗੇ | ੩੯੫ |
| ਮੈਲਾ ਬ੍ਰਹਮਾ ਮੈਲਾ ਇੰਦੁ | ੩੯੭ |
| ਮਨੁ ਕਰਿ ਮਕਾ ਕਿਬਲਾ | ੪੦੨ |
| ਗੰਗਾ ਕੇ ਸੰਗਿ ਸਲਿਤਾ | ੪੦੫ |
| ਮਾਥੈ ਤਿਲਕੁ ਹਥਿ | ੪੦੬ |
| ਉਲਟਿ ਜਾਤਿ ਕੁਲ | ੪੦੮ |
| ਨਿਰਧਨ ਆਦਰੁ ਕੋਈ | ੪੧੦ |
| ਗੁਰ ਸੇਵਾ ਤੇ ਭਗਤਿ | ੪੧੨ |
| ਸਿਵ ਕੀ ਪੁਰੀ ਬਸੈ ਬੁਧਿ | ੪੧੭ |
| ਸੋ ਮੁਲਾਂ ਜੋ ਮਨ ਸਿਉ | ੪੨੧ |
| ਜੋ ਪਾਥਰ ਕਉ ਕਹਤੇ | ੪੨੪ |
| ਜਲ ਮਹਿ ਮੀਨ ਮਾਇਆ | ੪੨੯ |
| ਜਬ ਲਗੁ ਮੇਰੀ ਮੇਰੀ | ੪੩੧ |
| ਸਤਰਿ ਸੈਇ ਸਲਾਰ ਹੈ | ੪੩੩ |
| ਸਭ ਕੋਈ ਚਲਨ ਕਹਤ | ੪੩੭ |
| ਕਿਉ ਲੀਜੈ ਗਢੁ ਬੰਕਾ | ੪੪੦ |

| ਪੰਕਤੀ | ਪੰਨਾ |
|---|---|
| ਗੰਗ ਗੁਸਾਇਨਿ ਗਹਿਰ | ੪੪੩ |
| ਅਗਮ ਦ੍ਰੁਗਮ ਗੜਿ | ੪੪੫ |
| ਕੋਟਿ ਸੂਰ ਜਾਕੈ | ੪੪੮ |
| **(ਸ੍ਰੀ ਨਾਮਦੇਵ ਜੀਉ)** | |
| ਰੇ ਜਿਹਬਾ ਕਰਉ ਸਤ ਖੰਡ | ੪੫੨ |
| ਪਰ ਧਨ ਪਰ ਦਾਰਾ ਪਰ | ੪੫੩ |
| ਦੂਧ ਕਟੋਰੈ ਗਡਵੈ ਪਾਨੀ | ੪੫੬ |
| ਮੈ ਬਉਰੀ ਮੇਰਾ ਰਾਮੁ | ੪੬੭ |
| ਕਬਹੂ ਖੀਰਿ ਖਾਂਡ ਘੀਉ | ੪੬੯ |
| ਹਸਤ ਖੇਲਤ ਤੇਰੇ ਦੇਹੁਰੇ | ੪੭੧ |
| ਜੈਸੀ ਭੂਖੇ ਪ੍ਰੀਤਿ ਅਨਾਜ | ੪੭੪ |
| ਘਰ ਕੀ ਨਾਰਿ ਤਿਆਗੈ | ੪੭੫ |
| ਸੰਡਾ ਮਰਕਾ ਜਾਇ | ੪੭੭ |
| ਸੁਲਤਾਨੁ ਪੂਛੈ ਸੁਨੁਬੇ | ੪੭੯ |
| ਜਉ ਗੁਰਦੇਉ ਤ ਮਿਲੈ | ੪੮੫ |
| **(ਸ੍ਰੀ ਰਵਿਦਾਸ ਜੀ)** | |
| ਬਿਨੁ ਦੇਖੇ ਉਪਜੈ ਨਹੀ | ੪੯੨ |
| **(ਸ੍ਰੀ ਨਾਮਦੇਵ ਜੀਉ)** | |
| ਆਉ ਕਲੰਦਰ ਕੇਸਵਾ | ੪੯੬ |
| **ਰਾਗੁ ਬਸੰਤੁ** | |
| **(ਮਹਲਾ ੧)** | |
| ਮਾਹਾ ਮਾਹ ਮੁਮਾਰਖੀ | ੫੦੪ |
| ਰੁਤਿ ਆਈ ਲੇ ਸਰਸ | ੫੦੯ |
| ਸੁਇਨੇ ਕਾ ਚਉਕਾ | ੫੧੩ |
| **(ਮਹਲਾ ੩)** | |
| ਬਸਤ੍ਰ ਉਤਾਰਿ ਦਿਗਬਿਰੁ | ੫੧੭ |
| **(ਮਹਲਾ ੧)** | |
| ਸਗਲ ਭਵਨ ਤੇਰੀ | ੫੨੦ |
| ਮੇਰੀ ਸਖੀ ਸਹੇਲੀ | ੫੨੨ |
| ਆਪੇ ਕੁਦਰਤਿ ਕਰੇ | ੫੨੫ |
| **(ਮਹਲਾ ੩)** | |
| ਸਾਹਿਬ ਭਾਵੈ ਸੇਵਕੁ | ੫੨੯ |
| **(ਮਹਲਾ ੧)** | |
| ਸਾਲਗ੍ਰਾਮ ਬਿਪ ਪੂਜਿ | ੫੩੧ |

| ਪੰਕਤੀ | ਪੰਨਾ |
|---|---|
| ਸਾਹੁਰੜੀ ਵਥੁ ਸਭੁ ਕਿਛੁ | ੫੩੪ |
| ਰਾਜਾ ਬਾਲਕੁ ਨਗਰੀ | ੫੪੧ |
| ਸਾਚਾ ਸਾਹੁ ਗੁਰੂ ਸੁਖਦਾਤਾ | ੫੪੫ |
| **(ਮਹਲਾ ੩)** | |
| ਮਾਹਾ ਰੁਤੀ ਮਹਿ ਸਦ | ੫੪੭ |
| ਰਾਤੇ ਸਾਚਿ ਹਰਿਨਾਮਿ | ੫੪੯ |
| ਹਰਿ ਸੇਵੇ ਸੋ ਹਰਿ ਕਾ | ੫੫੧ |
| ਅੰਤਰਿ ਪੂਜਾ ਮਨ ਤੇ | ੫੫੩ |
| ਭਗਤਿ ਵਛਲੁ ਹਰਿ | ੫੫੪ |
| ਮਾਇਆ ਮੋਹੁ ਸਬਦਿ | ੫੫੬ |
| ਪੂਰੈ ਭਾਗਿ ਸਚੁ ਕਾਰ | ੫੫੭ |
| ਭਗਤਿ ਕਰਹਿ ਜਨ | ੫੬੦ |
| ਨਾਮਿ ਰਤੇ ਕੁਲਾਂ ਕਾ | ੫੬੧ |
| ਬਿਨੁ ਕਰਮਾ ਸਭ | ੫੬੪ |
| ਕ੍ਰਿਪਾ ਕਰੇ ਸਤਿਗੁਰੁ | ੫੬੫ |
| ਗੁਰਸਬਦੀ ਹਰਿ ਚੇਤਿ | ੫੬੭ |
| ਤੇਰਾ ਕੀਆ ਕਿਰਮ ਜੰਤੁ | ੫੬੯ |
| ਬਨਸਪਤਿ ਮਉਲੀ | ੫੭੦ |
| ਸਭਿ ਜੁਗ ਤੇਰੇ ਕੀਤੇ | ੫੭੨ |
| ਤਿਨ ਬਸੰਤੁ ਜੋ ਹਰਿ | ੫੭੩ |
| ਬਸੰਤੁ ਚੜਿਆ ਫੂਲੀ | ੫੭੫ |
| ਗੁਰ ਕੀ ਬਾਣੀ ਵਿਟਹੁ | ੫੭੭ |
| **(ਮਹਲਾ ੪)** | |
| ਜਿਉ ਪਸਰੀ ਸੂਰਜ | ੫੭੯ |
| ਰੈਣਿ ਦਿਨਸੁ ਦੁਇ ਸਦੇ | ੫੮੦ |
| ਰਾਮਨਾਮੁ ਰਤਨ ਕੋਠੜੀ | ੫੮੧ |
| ਤੁਮ ਵਡਪੁਰਖ ਵਡ | ੫੮੩ |
| ਮੇਰਾ ਇਕੁ ਖਿਨੁ ਮਨੂਆ | ੫੮੫ |
| ਮਨੁ ਖਿਨੁ ਖਿਨੁ ਭਰਮਿ | ੫੮੭ |
| ਆਵਣ ਜਾਣੁ ਭਇਆ | ੫੮੯ |
| **(ਮਹਲਾ ੫)** | |
| ਗੁਰ ਸੇਵਉ ਕਰਿ ਨਮਸਕਾਰ | ੫੯੧ |
| ਹਟਵਾਣੀ ਧਨ ਮਾਲ | ੫੯੪ |
| ਤਿਸੁ ਬਸੰਤੁ ਜਿਸੁ ਪ੍ਰਭੁ | ੫੯੬ |

| ਪੰਕਤੀ | ਪੰਨਾ |
|---|---|
| ਜੀਅ ਪ੍ਰਾਣ ਤੁਮ ਪਿੰਡ | ੫੯੮ |
| ਪ੍ਰਭ ਪ੍ਰੀਤਮ ਮੇਰੈ ਸੰਗਿ | ੬੦੦ |
| ਮਿਲਿ ਪਾਣੀ ਜਿਉ ਹਰੇ | ੬੦੧ |
| ਤੁਮ ਬਡ ਦਾਤੇ ਦੇ ਰਹੇ | ੬੦੨ |
| ਤਿਸੁ ਤੂ ਸੇਵਿ ਜਿਨਿ ਤੂ | ੬੦੫ |
| ਜਿਸੁ ਬੋਲਤ ਮੁਖੁ | ੬੦੬ |
| ਮਨ ਤਨ ਭੀਤਰਿ ਲਾਗੀ | ੬੦੮ |
| ਰਾਮ ਰੰਗਿ ਸਭ ਗਏ | ੬੦੯ |
| ਸਚੁ ਪਰਮੇਸਰੁ ਨਿਤ | ੬੧੧ |
| ਗੁਰ ਚਰਣ ਸਰੇਵਤ | ੬੧੩ |
| ਸਗਲ ਇਛਾ ਜਪਿ ਪੁੰਨੀਆ | ੬੧੫ |
| ਕਿਲਬਿਖ ਬਿਨਸੇ | ੬੧੬ |
| ਰੋਗ ਮਿਟਾਏ ਪ੍ਰਭੂ | ੬੧੭ |
| ਹੁਕਮੁ ਕਰਿ ਕੀਨੇ | ੬੧੮ |
| ਦੇਖੁ ਫੂਲ ਫੂਲ ਫੂਲੇ | ੬੨੦ |
| ਹੋਇ ਇਕਤ੍ਰ ਮਿਲਹੁ | ੬੨੨ |
| ਤੇਰੀ ਕੁਦਰਤਿ ਤੂਹੈ | ੬੨੪ |
| ਮੂਲੁ ਨ ਬੂਝੈ ਆਪੁ ਨ ਸੂਝੈ | ੬੨੬ |
| (ਮਹਲਾ ੯) | |
| ਸਾਧੋ ਇਹ ਤਨੁ ਮਿਥਿਆ | ੬੨੮ |
| ਪਾਪੀ ਹੀਐ ਮੈ ਕਾਮੁ | ੬੨੯ |
| ਮਾਈ ਮੈ ਧਨੁ ਪਾਇਓ | ੬੩੩ |
| ਮਨ ਕਹਾ ਬਿਸਾਰਿਓ | ੬੩੪ |
| ਕਹਾ ਭੂਲਿਓ ਰੇ ਝੂਠੇ | ੬੩੬ |
| ਮ: ੧ ਅਸਟਪਦੀਆ | |
| ਜਗੁ ਕਊਆ ਨਾਮੁ ਨਹੀ | ੬੩੭ |
| ਮਨੁ ਭੂਲਉ ਭਰਮਸਿ | ੬੪੦ |
| (ਮਹਲਾ ੧) | |
| ਦਰਸਨ ਕੀ ਪਿਆਸ | ੬੪੩ |
| ਚੰਚਲੁ ਚੀਤੁ ਨ ਪਾਵੈ | ੬੪੭ |
| ਮਤੁ ਭਸਮ ਅੰਧੂਲੇ | ੬੫੦ |
| ਦੁਬਿਧਾ ਦੁਰਮਤਿ ਅੰਧੁਲੀ | ੬੫੩ |
| ਆਪੇ ਭਵਰਾ ਫੂਲ ਬੇਲਿ | ੬੫੫ |
| ਨਉ ਸਤ ਚਉਦਹ ਤੀਨ | ੬੫੬ |
| (ਮਹਲਾ ੪) | |
| ਕਾਂਇਆ ਨਗਰਿ ਇਕੁ | ੬੬੦ |
| (ਮਹਲਾ ੫) | |
| ਸੁਣਿ ਸਾਖੀ ਮਨ ਜਪਿ | ੬੬੩ |
| ਅਨਿਕ ਜਨਮ ਭ੍ਰਮੇ | ੬੬੬ |
| ਬਸੰਤ ਕੀ ਵਾਰ ਮ: ੫ | |
| ਹਰਿ ਕਾ ਨਾਮੁ ਧਿਆਇ | ੬੬੯ |
| (ਸ੍ਰੀ ਕਬੀਰ ਜੀਉ) | |
| ਮਉਲੀ ਧਰਤੀ ਮਉਲਿਆ | ੬੭੫ |
| ਪੰਡਿਤ ਜਨ ਮਾਤੇ ਪੜ੍ਹਿ | ੬੭੬ |
| ਜੋਇ ਖਸਮੁ ਹੈ ਜਾਇਆ | ੬੭੮ |
| ਪ੍ਰਹਲਾਦ ਪਠਾਏ | ੬੮੦ |
| ਇਸੁ ਤਨ ਮਨ ਮਧੇ | ੬੮੩ |
| ਨਾਇਕੁ ਏਕੁ ਬਨਜਾਰੇ | ੬੮੬ |
| ਮਾਤਾ ਜੂਠੀ ਪਿਤਾ ਭੀ | ੬੮੮ |
| (ਸ੍ਰੀ ਰਾਮਾਨੰਦ ਜੀਉ) | |
| ਕਤ ਜਾਈਐ ਰੇ ਘਰ | ੬੯੦ |
| (ਸ੍ਰੀ ਨਾਮਦੇਵ ਜੀਉ) | |
| ਸਾਹਿਬੁ ਸੰਕਟਵੈ ਸੇਵਕੁ | ੬੯੨ |
| ਲੋਭ ਲਹਰਿ ਅਤਿ ਨੀਝਰ | ੬੯੪ |
| ਸਹਜਿ ਅਵਲਿ ਧੂੜਿ | ੬੯੬ |
| (ਸ੍ਰੀ ਰਵਿਦਾਸ ਜੀਉ) | |
| ਤੁਝਹਿ ਸੁਝੰਤਾ ਕਛੂ | ੬੯੭ |
| (ਸ੍ਰੀ ਕਬੀਰ ਜੀਉ) | |
| ਸੁਰਹ ਕੀ ਜੈਸੀ ਤੇਰੀ | ੭੦੦ |


## ਅਰਥ ਭੇਦ ਅਤੇ ਨਿਰਣੈ


| ਪੰਕਤੀ | ਪੰਨਾ |
|---|---|
| ਰਚਨਾ ਰਾਚਿ ਰਹੇ ਨਿਰੰਕਾਰੀ.... | ੩੬ |
| ਸਾਧਨ ਸਭਿ ਰਸ ਚੋਲੈ.... | ੩੯ |
| ਨਾਨਕ ਵੈਸਾਖੀ ਪ੍ਰਭੁ ਪਾਵੈ.... | ੫੦ |
| ਸਾਖੀਆਂ ਦਾ ਸਰਵੇਖਣ | ੭੮ |
| ਵਖਰੁ ਰਾਖੁ ਮੁਈਏ, ਆਵੈ ਵਾਰੀ ਰਾਮ | ੮੫ |
| ਵਾਰੀ ਆਵੈ ਕਵਣੁ ਜਗਾਵੈ... | ੮੭ |

| ਪੰਕਤੀ | ਪੰਨਾ |
|---|---|
| ਤਾਰਾ ਚੜਿਆ ਲੰਮਾ, ਕਿਉ ਨਦਰਿ... | ੯੩ |
| ਗੁਰੁ ਸਤਿਗੁਰੁ ਗੁਰੁ ਗੋਵਿਦ ਪੁਛਿ ਸਿਮ੍ਰਿਤਿ... | ੧੨੩ |
| ...ਮਿਲੈ ਨਾਮੁ ਹਰਿ ਨਿਮਕਾ ॥ | ੧੨੮ |
| ਪ੍ਰੀਤਮੁ ਬਸਤ ਰਿਦ ਮਹਿ ਖੋਰ | ੧੪੬ |
| ਮਿਥਨ ਮੋਹ ਦੁਰੰਤ ਆਸਾ | ੧੪੯ |
| ਉਬਟ ਚਲੰਤੇ ਇਹੁ ਮਦੁ ਮਾਇਆ... | ੧੬੫ |
| ਬਲੂਆ ਕੇ ਘਰੂਆ ਮਹਿ ਬਸਤੇ... | ੧੬੯ |
| ਇਸੁ ਮਨ ਤੇ ਸਭ ਪਿੰਡੁ ਪਰਾਣਾ | ੨੦੩ |
| ਨਦਰਿ ਕਰੇ ਸਤਿਗੁਰੂ ਮਿਲਾਏ | ੨੦੫ |
| ਹਰਿ ਜੀਉ ਆਪਣੀ ਕਿਰਪਾ ਧਾਰੁ | ੨੦੯ |
| ਹਰਿ ਜੀਉ ਸਤਸੰਗਤਿ ਮੇਲਾਇ | ੨੧੫ |
| ਅੰਤਰਿ ਤਿਸਾ ਭੂਖ ਅਤਿ ਬਹੁਤੀ | ੨੨੭ |
| ਦੁਸਟ ਸਭਾ ਮਹਿ ਮੰਤ੍ਰੁ ਪਕਾਇਆ | ੨੩੨ |
| ਮੂਰਖ ਦੁਬਿਧਾ ਪੜਹਿ... | ੨੩੬ |
| ਸੁਕ੍ਰਿਤੁ ਕਰਣੀ ਸਾਰੁ ਜਪਮਾਲੀ | ੨੪੧ |
| ਗੁਰਮੁਖਿ ਸੇਵਾ ਘਾਲ ਜਿਨਿ ਘਾਲੀ | ੨੪੨ |
| ਏਕੁ ਗੁਸਾਈ ਅਲਹੁ ਮੇਰਾ | ੨੫੬ |
| ਮ੍ਰਿਗ ਪਕਰੇ ਘਰਿ ਆਣੇ ਹਾਟਿ | ੨੫੯ |
| ਬਿਨੁ ਕਣ ਖਲਹਾਨੁ ਜੈਸੇ ਗਾਹਨ ਪਾਇਆ | ੨੬੩ |
| ਨਾਨਕੁ ਬੋਲੈ ਅੰਮ੍ਰਿਤ ਬਾਣੀ | ੨੬੫ |
| ਗਰੀਬ ਨਿਵਾਜੁ ਦਿਨੁ ਰੈਣਿ ਧਿਆਇ | ੨੭੧ |
| ਦਰਬ ਹਿਰੇ ਮਿਥਿਆ ਕਰਿ ਖਾਇ | ੨੮੨ |
| ਤਉ ਕੜੀਐ, ਜੇ ਅਣਿਆਇ ਕੋ ਮਰਤਾ | ੨੮੬ |
| ਬਿਨੁ ਭੈ ਕਥਨੀ ਸਰਬ ਬਿਕਾਰ | ੨੮੯ |
| ਤ੍ਰਿਬਿਧ ਰੋਗ ਮਹਿ ਬਧੇ ਬਿਕਾਰਾ | ੨੯੨ |
| ਚੀਤਿ ਆਵੈ ਤਾ ਸਦ ਨਿਭਰੰਤਾ | ੨੯੪ |
| ਸਤਿਗੁਰੁ ਮੇਰੇ ਸਚਾ ਸਾਜੁ | ੩੦੧ |
| ਸਤਿਗੁਰੁ ਮੇਰਾ ਘਰਿ ਦੀਬਾਣੁ | ੩੦੨ |
| ਹਰਿ ਸਿਮਰਨ ਕੀ ਵੇਲਾ ਬਜਰ ਸਿਰਿ ਪਰੈ | ੩੧੧ |
| ਸੰਤ ਸੰਗਿ ਹੋਇ ਨਿਰਮਲ ਬਾਣੀ | ੩੨੮ |
| ਖਿਨ ਮਹਿ ਬਿਨਸਿਓ ਮਹਾ ਪਰੇਤੁ | ੩੪੬ |
| ਹਰਿ ਸਿਮਰਤ ਮੋਹੁ ਮਾਨੁ ਨ ਬਧੈ | ੩੫੨ |
| ਹਰਿ ਸਿਮਰਨ ਬਹੁ ਮਾਹਿ ਇਕੇਲਾ | ੩੫੩ |
| ਨਾਨਕ ਕੈ ਮਨਿ ਇਹ ਪੁਰਖਾਰਥ... | ੩੫੮ |

| ਪੰਕਤੀ | ਪੰਨਾ |
|---|---|
| ਅਨਿਕ ਰੰਗੁ ਬਹੁ ਤਰੰਗ... | ੩੬੯ |
| ਜਿਸੁ ਨਾਮੁ ਰਿਦੈ ਤਿਸੁ ਪ੍ਰਗਟਿ ਪਹਾਰਾ | ੩੮੫ |
| ਨਾਨਕ ਕਉ ਪ੍ਰਭੁ ਮਿਲਿਓ ਅਚਿੰਤਾ ॥ | ੩੯੨ |
| ਆਵਤ ਸੰਗ ਨ ਜਾਤ ਸੰਗਾਤੀ | ੩੯੬ |
| ਮੈਲੇ ਬ੍ਰਹਿਮੰਡਾਇ ਕੈ ਈਸ | ੩੯੯ |
| ਮੁਸਿ ਮੁਸਿ ਮਨੂਆ, ਸਹਜਿ ਸਮਾਨਾ | ੪੦੪ |
| ਪ੍ਰਭ ਕੀ ਕਲਾ ਨ ਮੇਟੀ ਜਾਈ | ੪੧੧ |
| ਗੁਰ ਸੇਵਾ ਤੇ ਭਗਤਿ ਕਮਾਈ... | ੪੧੪ |
| ਮੂਲ ਦੁਆਰੈ ਬੰਧਿਆ ਬੰਧੁ | ੪੧੯ |
| ਮਹਲਾ ੫ ਬਾਰੇ ਭੁਲੇਖੇ ਦਾ ਸਮਾਧਾਨ | ੪੨੫ |
| ਬਾਬਾ ਆਦਮ ਕਉ ਕਿਛੁ ਨਦਰਿ ਦਿਖਾਈ | ੪੩੪ |
| ਦੇਉ ਜਬਾਬੁ ਹੋਇ ਬਜਗਾਰੀ ॥ | ੪੩੫ |
| ਭਿਸਤੁ, ਨਜੀਕਿ ਰਾਖੁ ਰਹਮਾਨਾ ॥ | ੪੩੬ |
| ਖਾਈ ਕੋਟ ਨ ਪਰਲ ਪਗਾਰਾ | ੪੩੮ |
| ਗੰਗ ਗੁਸਾਇਨਿ ਗਹਿਰ ਗੰਭੀਰ | ੪੪੪ |
| ਨ ਸੋਹੈ ਬਤੀਸ ਲਖਨਾ | ੪੫੪ |
| ਦੂਧ ਕਟੋਰੈ ਗਡਵੈ ਪਾਨੀ | ੪੫੭ |
| ਨਾਹੀ ਤ ਘਰ ਕੋ ਬਾਪੁ ਰਿਸਾਇ॥ | ੪੫੮ |
| ਸੁਇਨਾ ਕਟੋਰੀ ਅੰਮ੍ਰਿਤ ਭਰੀ | ੪੫੯ |
| ਏਕੁ ਭਗਤ ਮੇਰੇ ਹਿਰਦੇ ਬਸੈ | ੪੬੦ |
| ਭਲੇ ਨਿੰਦਉ ਭਲੇ ਨਿੰਦਉ ਭਲੇ ਨਿੰਦਉ ਲੋਗੁ | ੪੬੮ |
| ਅਬ ਜੀਅ ਜਾਨਿ ਐਸੀ ਬਨਿਆਈ | ੪੬੮ |
| ਕਬਹੂ ਕੂਰਨ ਚਨੇ ਬਿਨਾਵੈ... | ੪੭੦ |
| ਪੂਰੇ ਤਾਲ ਨਿਹਾਲੇ ਸਾਸ | ੪੭੬ |
| ਜਉ ਗੁਰ ਦੇਉ ਤ ਬੈਕੁੰਠ ਤਰੈ | ੪੮੮ |
| ਜਉ ਗੁਰਦੇਉ ਤ ਦੁਆਦਸ ਸੇਵਾ | ੪੮੮ |
| ਬਰਨ ਸਹਿਤ ਜੋ ਜਾਪੈ ਨਾਮੁ | ੪੯੩ |
| ਸੋ ਮੁਨਿ ਮਨ ਕੀ ਦੁਬਿਧਾ ਖਾਇ | ੪੯੪ |
| ਗਿਆਨੁ ਭਇਆ ਤਹ ਕਰਮਹ ਨਾਸੁ | ੪੯੫ |
| ....ਫਿਰੈ ਸਗਲ ਬੇ ਦੇਸਵਾ | ੪੯੭ |


## ਰਾਗੁ ਬਸੰਤ


| ਪੰਕਤੀ | ਪੰਨਾ |
|---|---|
| ਮਾਹਾ ਮਾਹ ਮੁਮਾਰਖੀ... | ੫੦੫ |
| ਪਤਿ ਕਾ ਧਨੁ ਪੂਰਾ ਹੋਆ... | ੫੦੬ |
| ਤੇਰਾ ਅੰਤੁ ਨ ਪਾਇਆ ਕਹਾ ਪਾਇ | ੫੧੦ |

| ਪੰਕਤੀ | ਪੰਨਾ |
|---|---|
| ਤੇਰੀ ਗਤਿ ਨਹੀ ਜਾਣੀਐ... | ੫੧੧ |
| ਨਾਨਕ ਵੇਚਾਰਾ ਕਿਆ ਕਹੈ | ੫੧੨ |
| ਹੁਕਮੁ ਕਰਹਿ ਮੂਰਖ ਗਾਵਾਰ | ੫੧੫ |
| ਬਿਨੁ ਗੁਰ ਸੰਤ ਨ ਸੰਗੁ ਦੇਇ | ੫੨੪ |
| ਗੁਰ ਸੇਵ ਤਰੇ ਤਜਿ ਮੇਰ ਤੋਰ | ੫੨੭ |
| ਸਾਲਗ੍ਰਾਮ ਬਿਪ ਪੂਜਿ ਮਨਾਵਹੁ... | ੫੩੨ |
| ਸਹੁਰੜੀ ਵਥੁ ਸਭੁ ਕਿਛੁ ਸਾਝੀ... | ੫੩੬ |
| ਅਖਰ ਲਿਖੇ ਸੇਈ ਗਾਵਾ, ਅਵਰ ਨ ਜਾਣਾ... | ੫੩੭ |
| ....ਦੁਇ ਅਖਰ ਦੁਇ ਨਾਵਾ | ੫੩੯ |
| ਰਾਮ ਰਵੰਤਾ ਜਾਣੀਐ... | ੫੪੩ |
| ਤਿਸੁ ਜਨ ਕੀ ਹੈ ਸਾਚੀ ਬਾਣੀ | ੫੫੯ |
| ਸਤਿਗੁਰ ਬਾਣੀ ਸਬਦੁ ਸੁਣਾਏ | ੫੭੫ |
| ਇਹੁ ਜਗੁ ਹਰਿਆ ਸਤਿਗੁਰ ਭਾਏ... | ੫੭੬ |

| ਪੰਕਤੀ | ਪੰਨਾ |
|---|---|
| ਆਜੁ ਹਮਾਰੈ ਬਨੇ ਫਾਗੁ | ੫੯੩ |
| ਜਿਨ ਤੂ ਧਿਆਇਆ ਸੇ ਗਨੀ | ੬੦੪ |
| ਦੇਖੁ ਫੂਲ ਫੂਲ ਫੂਲੇ | ੬੨੧ |
| ਮੂਲ ਨ ਬੂਝੈ ਆਪੁ ਨ ਸੂਝੈ | ੬੨੭ |
| ਪਾਪੀ ਹੀਐ ਮਾਹਿ ਕਾਮ ਬਸਾਇ | ੬੩੦ |
| ਗੁਣ ਨਾਨਕ ਬੋਲੈ ਭਲੀ ਬਾਨਿ | ੬੫੨ |
| ਨਉ ਸਤ ਚਉਦਹ ਤੀਨਿ ਚਾਰਿ... | ੬੫੯ |
| ਸੁਣਿ ਸਾਖੀ ਮਨ ਜਪਿ ਪਿਆਰ | ੬੬੬ |
| ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ | ੬੭੧ |
| ਕਿਥਹੁ ਉਪਜੈ ਕਹ ਰਹੈ ਕਹ ਮਾਹਿ ਸਮਾਵੈ | ੬੭੨ |
| ਕਾਢਿ ਖੜਗੁ ਕੋਪਿਓ ਰਿਸਾਇ ॥ | ੬੮੨ |
| ਸੁਰਹ ਕੀ ਜੈਸੀ ਤੇਰੀ ਚਾਲ | ੭੦੧ |

ੴ

# ਤੀਜੀ ਛਾਪ

**ਹਮਰੋ ਸਹਾਉ ਸਦਾ ਸਦਾ ਭੂਲਨ,**
**ਤੁਮ੍ਰੋ ਬਿਰਦੁ ਪਤਿਤ ਉਧਰਨ ॥** [ਪੰਨਾ ੮੨੮

ਇਸ ਵਿਚ ਸੰਦੇਹ ਨਹੀਂ ਕਿ ਗੁਰਦੁਆਰਿਆਂ ਦੀ ਗਿਣਤੀ ਵਿਚ ਨਿਤਾ-ਪ੍ਰਤਿ ਵਾਧਾ ਹੋ ਰਿਹਾ ਹੈ ਪਰ ਸਿਖ ਗਿਆਨ-ਪ੍ਰਬੋਧ ਪਖੋਂ ਪਛੜ ਰਹੇ ਹਨ। ਇਸ ਦਾ ਵੱਡਾ ਕਾਰਨ ਗੁਰਬਾਣੀ ਸਿਖਿਆ ਕੇਂਦਰਾਂ ਦੀ ਘਾਟ ਹੈ।

ਵਰਤਮਾਨ ਸਮੇਂ ਦਾ ਮਾਹੌਲ ਮਨੋ-ਰੰਜਨੀ ਪ੍ਰੋਗਰਾਮਾਂ ਨਾਲ ਭਰਪੂਰ ਹੈ। ਗੁਰਸਿਖੀ ਦੀ ਰਹਿਣੀ-ਬਹਿਣੀ ਵਲ ਪੰਥਕ ਆਗੂਆਂ ਦਾ ਧਿਆਨ ਵੀ ਘਟ ਗਿਆ ਹੈ। ਪਤਿਤਪੁਣੇ ਦੀ ਲਹਿਰ ਵਿਚ ਵਾਧਾ ਹੋਣ ਕਾਰਨ ਹੀ ਸਿਖ ਸਮਾਜਿਕ ਕਮਜ਼ੋਰੀਆਂ ਹਨ। ਕੀ ਬਚੇ, ਕੀ ਨੌਜਵਾਨ, ਕੀ ਬੁਢੇ, ਸਭ ਦਾ ਰੁਝਾਨ ਟੀ.ਵੀ. ਸੀਰੀਅਲ ਵੇਖਣ ਵਾਲੀ ਰੁਚੀ ਨੇ ਆਪਣੇ ਵਲ ਖਿਚ ਲਿਆ ਹੈ। ਮਨੁੱਖ ਨੂੰ ਨਾ ਮਾਲਕ ਚੇਤੇ ਹੈ, ਨਾ ਮੌਤ। ਅਜੋਕੇ ਵਾਤਾਵਰਣ ਵਿੱਚ ਪਰਿਵਰਤਨ ਲਿਆਉਣ ਲਈ ਸਿਖਿਆ ਕੇਂਦਰ ਸਮਰਥ ਹੋ ਸਕਦੇ ਹਨ।

ਦੂਜੀ ਛਾਪ ਵਿਚ ਵੀਚਾਰ ਤੇ ਵਿਆਖਿਆ ਪਖੋਂ ਜਿਥੇ ੨੩੬ ਪੰਨਿਆਂ ਦਾ ਵਾਧਾ ਕੀਤਾ ਗਿਆ ਸੀ, ਉਥੇ ਛਪਾਈ ਵਿਚ ਕੁਝ ਅਸ਼ੁੱਧੀਆਂ/ਉਕਾਈਆਂ ਰਹਿ ਗਈਆਂ ਸਨ। ਸਤਿਗੁਰ ਸਚੇ ਪਾਤਿਸ਼ਾਹ ਦੀ ਬਖ਼ਸ਼ਿਸ਼ ਸਦਕਾ, ਬੜੀ ਨੀਝ ਨਾਲ ਪਠਨ-ਪਾਠਨ ਕਰਨ ਮਗਰੋਂ ਇਸ ਛਾਪ ਵਿਚ ਲੋੜੀਂਦੀ ਸੁਧਾਈ ਕਰ ਦਿਤੀ ਗਈ ਹੈ। ਆਸ ਹੈ ਪਾਠਕ ਜਨ ਪਿਆਰ ਤੇ ਸਤਿਕਾਰ ਨਾਲ ਇਸ ਪੋਥੀ ਦਾ ਪਾਠ ਕਰਨ ਮਗਰੋਂ ਜੇ ਕਿਤੇ ਕੋਈ ਉਨ੍ਹਾਂ ਨੂੰ ਅਸ਼ੁੱਧੀ/ਉਕਾਈ ਨਜ਼ਰ ਪਈ ਤਾਂ ਉਸ ਬਾਰੇ ਡਾਕ ਰਾਹੀਂ ਗੁਰੂ ਘਰ ਦੇ ਗੁਲਾਮਾਂ ਨੂੰ ਸੂਚਿਤ ਕਰਨ ਦੀ ਕ੍ਰਿਪਾਲਤਾ ਕਰਨਗੇ ਤਾਂ ਜੋ ਅਗਲੇ ਸੰਸਕਰਣ ਵਿਚ ਸੁਧਾਈ ਹੋਂਦ ਵਿੱਚ ਆ ਸਕੇ।

ਗੁਰਦੇਵ ਪਿਤਾ ਜੀਓ !

**ਸਾਸਿ ਸਾਸਿ ਹਮ ਭੂਲਨਹਾਰੇ॥ ਤੁਮ ਸਮਰਥ ਅਗਨਤ ਅਪਾਰੇ॥**
**ਸਰਨਿ ਪਰੇ ਕੀ ਰਾਖ ਦਇਆਲਾ ॥**
**ਨਾਨਕ, ਤੁਮਰੇ ਬਾਲ ਗੁਪਾਲਾ ॥** [ਪੰਨਾ ੨੬੨

ਗੁਰੂ ਘਰ ਦਾ ਗ਼ੁਲਾਮ
ਹਰਿਬੰਸ ਸਿੰਘ
ਜਨਵਰੀ, ੨੦੦੯

ਗੁਰਬਾਣੀ ਸੇਵਾ ਪ੍ਰਕਾਸ਼ਨ
ਪਟਿਆਲਾ।

# ਗੁਰਬਾਣੀ ਗਾਇਣੁ ਲੇਖਾਰੀ

*ਸਿੰਘ ਸਾਹਿਬ ਗਿ. ਜਗਤਾਰ ਸਿੰਘ ਜੀ ਜਾਚਕ*

'ਸਰਬ ਜੀਆ ਸਿਰਿ ਲੇਖੁ ਧੁਰਾਹੂ' ਅਨੁਸਾਰ ਲਿਖਣਹਾਰਾ ਕਰਤਾ ਪੁਰਖ ਵਾਹਿਗੁਰੂ ਆਪ ਇਕ ਅਜਿਹਾ ਅਲੇਖ ਲਿਖਾਰੀ ਹੈ ਜਿਸ ਦੀ ਲਿਖਤ ਸਦਾ ਥਿਰ ਤੇ ਅਮਿਟ ਹੈ। ਗੁਰਬਾਣੀ ਦੀ ਅਟੱਲ ਗਵਾਹੀ ਹੈ:-

**ਹਾਥਿ ਕਲੰਮ ਅਗੰਮ ਮਸਤਕਿ ਲੇਖਾਵਤੀ ॥** [ਪੰਨਾ ੧੩੬੧

ਇਹ ਸੱਚ ਦੀ ਵਿਆਖਿਆ ਕਰਦੇ ਹੋਏ ਭਾਈ ਗੁਰਦਾਸ ਜੀ ਲਿਖਦੇ ਹਨ'ਪੂਰਬ ਲਿਖਤੁ ਨ ਮਿਟੈ ਲਿਖਾਰੀ'।

ਇਸ ਲਈ ਮਨੁੱਖ ਦਾ ਲੇਖਾਰੀ ਹੋਣਾ ਸੁਭਾਵਿਕ ਅਤੇ ਰਬੀ ਗੁਣਾਂ ਦਾ ਹੀ ਪ੍ਰਗਟਾਅ ਹੈ। ਸਤਿਗੁਰਾਂ ਦੀ ਦ੍ਰਿਸ਼ਟੀ ਵਿਚ ਗੁਰੂ ਨੂੰ ਸਨਮੁਖ ਜਾਣਨ ਵਾਲੇ ਮਨੁੱਖ 'ਧਨੁ ਲੇਖਾਰੀ' ਹੋਣ ਦਾ ਮਾਣ ਪ੍ਰਾਪਤ ਕਰਦੇ ਹਨ ਅਤੇ ਸੰਸਾਰਕ ਦ੍ਰਿਸ਼ਟੀ ਰੱਖਣ ਵਾਲੇ ਮਨਮੁਖ 'ਬਿਖੁ ਭੂਲੇ ਲੇਖਾਰੀ' ਕਰਕੇ ਹੀ ਜਾਣੇ ਜਾਂਦੇ ਹਨ। ਇਸ ਵਿਚ ਸ਼ੱਕ ਨਹੀਂ ਕਿ ਹਕੂਮਤਾਂ ਵਲੋਂ ਬਣਾਏ ਭਾਸ਼ਾ ਵਿਭਾਗ ਚਤੁਰ ਅਤੇ ਚੁੰਚ ਗਿਆਨੀ ਲੋਕਾਂ ਨੂੰ ਮਹਾਨ ਵਿਦਵਾਨ ਮੰਨ ਕੇ ਭਾਵੇਂ ਕਿਤਨੇ ਹੀ ਐਵਾਰਡ ਕਿਉਂ ਨਾ ਦੇਈ ਜਾਣ, ਪ੍ਰੰਤੂ ਹਜ਼ੂਰ ਦਾ ਵਾਕ ਹੈ:-

**ਜਗਿ ਚਤੁਰੁ ਸਿਆਣਾ ਭਰਮਿ ਭੁਲਾਣਾ, ਨਾਉ ਪੰਡਿਤ ਪੜਹਿ ਗਾਵਾਰੀ ॥**
**ਨਾਉ ਵਿਸਾਰਹਿ ਬੇਦੁ ਸਮਾਲਹਿ, ਬਿਖੁ ਭੂਲੇ ਲੇਖਾਰੀ॥**[ਮਾਰੂ ਮ: ੧, ਪੰਨਾ ੧੦੧੫

'ਲੇਖ ਅਸੰਖ ਲਿਖਿ ਲਿਖਿ ਮਾਨੁ' ਵਾਲੇ ਪਾਵਨ ਵਾਕ ਤੋਂ ਸੇਧ ਮਿਲਦੀ ਹੈ ਕਿ ਅਨੇਕ ਐਸੇ ਲੇਖਕ ਜੋ ਆਪ ਤਾਂ ਆਤਮਿਕ ਅਨੰਦ ਨਹੀਂ ਮਾਣਦੇ ਸਗੋਂ ਪਾਠਕਾਂ ਨੂੰ ਵੀ ਦੂਜੇ ਭਾਉ ਵਿਚ ਲਗਾ, ਪ੍ਰਭੂ ਨਾਲੋਂ ਤੋੜ, ਮਨੁੱਖੀ ਸਮਾਜ ਵਿਚ ਦੁਬਿਧਾ ਨੂੰ ਜਨਮ ਦਿੰਦੇ ਹਨ ਕਿਉਂਕਿ ਉਹ ਕਥਾ ਕਹਾਣੀਆਂ ਵਾਪਾਰਕ ਦ੍ਰਿਸ਼ਟੀ ਤੋਂ ਹੀ ਲਿਖਦੇ ਹਨ। ਉਹ ਜਿਥੇ ਆਪ ਜਲਦੇ ਹਨ ਉਥੇ ਹੋਰਨਾਂ ਨੂੰ ਵੀ ਜਲਾਉਂਦੇ ਹਨ। ਗੁਰਵਾਕ ਹਨ:-

**ਲਿਖਦਿਆ ਲਿਖਦਿਆ ਕਾਗਦ ਮਸੁ ਖੋਈ ॥**
**ਦੂਜੈ ਭਾਇ ਸੁਖੁ ਪਾਏ ਨ ਕੋਈ ॥**
**ਕੂੜੁ ਲਿਖਹਿ ਤੈ ਕੂੜੁ ਕਮਾਵਹਿ,**
**ਜਲਿ ਜਾਵਹਿ ਕੂੜਿ ਚਿਤੁ ਲਾਵਣਿਆ॥** [ਪੰਨਾ ੮੪

ਗੁਰੂ ਸਾਹਿਬ ਦੂਜਾ ਭਾਉ ਲਿਖਣ ਵਾਲੇ ਲੇਖਾਰੀ ਨੂੰ ਤਾਂ ਕੀ, ਕਾਗਜ਼ ਕਲਮ ਦਵਾਤ ਨੂੰ ਵੀ ਵੇਖਣਾ ਨਹੀ ਚਾਹੁੰਦੇ। ਸਤਿਗੁਰਾਂ ਦੇ ਝਿੜਕ-ਭਰੇ ਬੋਲ ਹਨ:—

**ਕਲਮ ਜਲਉ ਸਣੁ ਮਸਵਾਣੀਐ, ਕਾਗਦੁ ਭੀ ਜਲਿ ਜਾਉ॥**
**ਲਿਖਣ ਵਾਲਾ ਜਲਿ ਬਲਉ, ਜਿਨਿ ਲਿਖਿਆ ਦੂਜਾ ਭਾਉ॥** [ਪੰਨਾ ੮੪

ਗੁਰੂ ਦੇ ਸਨਮੁਖ 'ਆਪੇ ਲੇਖਣਿ ਆਪਿ ਲਿਖਾਰੀ ਆਪੇ ਲੇਖੁ ਲਿਖਾਹਾ' ਵਾਲੀ ਸੂਝ ਰਖਣ ਵਾਲੇ ਨਮਰਭਾਉ ਵਿਚ ਪ੍ਰਭੂ ਦਾ ਨਾਮ ਤੇ ਰਬੀ ਗੁਣਾਂ ਦੀ ਵਿਚਾਰ ਲਿਖ ਕੇ ਜਿਥੇ ਆਪ ਮਾਇਕ ਬੰਧਨਾਂ ਤੋਂ ਮੁਕਤ ਹੋ ਕੇ ਪਰਮਾਤਮਾ ਦਾ ਰੂਪ ਹੋ ਨਿਬੜਦੇ ਹਨ ਉਥੇ ਹੋਰਨਾਂ ਨੂੰ ਵੀ ਨਾਮ ਰੰਗ ਵਿਚ ਰੰਗਦੇ ਹੋਏ ਦੈਵੀ ਗੁਣਾਂ ਨਾਲ ਭਰਪੂਰ ਮਨੁੱਖੀ ਸਮਾਜ ਦੀ ਸਿਰਜਨਾ ਕਰਦੇ ਹਨ। ਗੁਰਵਾਕ ਹਨ:-

**ਗੁਰਮੁਖਿ ਸਚੋ ਸਚੁ ਲਿਖਹਿ ਵੀਚਾਰੁ॥ ਸੇ ਜਨ ਸਚੇ, ਪਾਵਹਿ ਮੋਖ ਦੁਆਰੁ॥**
**ਸਚੁ ਕਾਗਦੁ ਕਲਮ ਮਸਵਾਣੀ, ਸਚੁ ਲਿਖਿ ਸਚਿ ਸਮਾਵਣਿਆ॥**[ਪੰਨਾ ੧੨੩

ਸਤਿਗੁਰੂ ਉਸ ਲਿਖਾਰੀ ਨੂੰ ਧਨੁ ਧਨੁ' ਕਿਹਾ ਹੈ ਜੋ ਕਾਇਆ ਨੂੰ ਕਾਗਜ਼, ਮਨ ਨੂੰ ਸਿਆਹੀ ਦੀ ਦਵਾਤ ਅਤੇ ਜੀਭ ਨੂੰ ਸਿਫਤਿ-ਸਾਲਾਹ ਲਿਖਣ ਵਾਲੀ ਕਲਮ ਬਣਾ, ਪਰਮਾਤਮਾ ਦੇ ਨਾਮ ਨੂੰ ਹਿਰਦੇ ਵਿਚ ਟਿਕਾਅ ਆਪਣੇ ਅੰਦਰ ਉਕਰ ਲੈਂਦਾ ਹੈ। ਅਰਸ਼ੀ ਅਰਸ਼ਾਦ ਹੈ:-

**ਕਾਇਆ ਕਾਗਦੁ ਜੇ ਥੀਐ ਪਿਆਰੇ, ਮਨੁ ਮਸਵਾਣੀ ਧਾਰਿ ॥**
**ਲਲਤਾ ਲੇਖਣਿ ਸਚੁ ਕੀ ਪਿਆਰੇ, ਹਰਿ ਗੁਣ ਲਿਖਹੁ ਵੀਚਾਰਿ ॥**
**ਧਨੁ ਲੇਖਾਰੀ ਨਾਨਕਾ ਪਿਆਰੇ, ਸਾਚੁ ਲਿਖੈ ਉਰਿ ਧਾਰਿ ॥** [ਪੰਨਾ ੬੩੬

ਭਾਈ ਗੁਰਦਾਸ ਜੀ ਨੇ ਤੀਜੇ ਪਾਤਿਸ਼ਾਹ ਦੇ ਸਮੇਂ ਡਲੇ ਵਾਸੀ ਸੰਗਤ ਦਾ ਵੇਰਵਾ ਦਿੰਦਿਆਂ ਭਾਈ ਪਾਂਧਾ ਤੇ ਬੂਲਾ ਦੀ ਸਿਫਤਿ ਗਿਆਰ੍ਹਵੀਂ ਵਾਰ ਦੀ ੧੬ਵੀਂ ਪਉੜੀ ਵਿਚ ਇਉਂ ਲਿਖੀ ਹੈ:-

**ਪਾਂਧਾ ਬੂਲਾ ਜਾਣੀਐ, ਗੁਰਬਾਣੀ ਗਾਇਣੁ ਲੇਖਾਰੀ ॥**

ਅਜਿਹੀ ਅਵਸਥਾ ਦੇ ਮਾਲਕ ਹਨ, ਸਤਿਕਾਰ ਯੋਗ ਗਿ. ਹਰਿਬੰਸ ਸਿੰਘ ਜੀ ਪਟਿਆਲਾ, ਜਿਨ੍ਹਾਂ ਨੇ ਜੀਵਨ ਨਿਰਬਾਹ ਲਈ ਸਰਕਾਰੀ ਸਰਵਿਸ ਕਰਦਿਆਂ ਆਤਮ ਰੰਗ ਵਿਚ ਭਿਜ ਕੇ ਠਾਕੁਰ ਦੇ ਗੁਣ ਗਾਉਂਦਿਆਂ-੨ ਰੱਬੀ ਬਾਣੀ ਅਤੇ ਗੁਰਬਾਣੀ ਵਿਆਖਿਆ ਉਤੇ ਦਰਜਨਾਂ ਹੀ ਪੁਸਤਕਾਂ ਜਗਿਆਸੂ ਜਗਤ ਦੀ ਭੇਟ ਕੀਤੀਆਂ ਪਰ ਸਭ ਤੋਂ ਮਹਾਨ ਕਾਰਜ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ ਸਟੀਕ' ਹੈ ਜਿਸ ਦੀ ਗਿਆਰ੍ਹਵੀਂ ਪੋਥੀ ਗੁਹਜ ਰਤਨਾਂ ਦੇ ਅਭਿਲਾਖੀ ਪਾਠਕਾਂ ਦੇ ਹੱਥ ਵਿਚ ਆ ਰਹੀ ਅਤੇ ਦੋ ਹੋਰ ਬਾਕੀ ਹਨ।

ਮੇਰੀ ਜਾਚੇ ਜਿਸ ਤਰ੍ਹਾਂ ਪ੍ਰੋ. ਸਾਹਿਬ ਸਿੰਘ ਜੀ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਨੂੰ ਵਿਆਕਰਣਕ ਢੰਗ ਨਾਲ ਸਮਝਣ ਦੀ ਪਿਰਤ ਤੋਰੀ ਅਤੇ ਗੁਰਬਾਣੀ ਵੀਚਾਰ ਨੂੰ ਨਰੋਆ ਆਕਾਰ ਪ੍ਰਦਾਨ ਕੀਤਾ ਉਸੇ ਤਰ੍ਹਾਂ ਗਿ. ਹਰਿਬੰਸ ਸਿੰਘ ਜੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ ਸਟੀਕ ਰਾਹੀਂ ਲਗਾਮਾਤਰੀ ਨੇਮਾਂ ਦੇ ਨਾਲ ਨਾਲ ਉਚਾਰਨ-ਸੋਧਾਂ, ਅਰਥ ਭੇਦ ਨਿਰਣੈ ਅਤੇ ਸਿਧਾਂਤਾਂ ਨੂੰ

ਉਜਾਗਰ ਕੀਤਾ। ਇਸ ਸਟੀਕ ਦਾ ਅਧਿਐਨ ਕੀਤਿਆਂ ਸਾਡੇ ਘਰ ਧਰਮਸ਼ਾਲਾ ਵਿਚ ਬਦਲ ਜਾਂਦੇ ਹਨ ਅਤੇ ਆਉਣ ਵਾਲੀ ਪੀੜੀ ਸਿਖੀ ਸਰੂਪ ਤੇ ਸੁਹਜ ਨੂੰ ਸੰਭਾਲ ਸਕਦੀ ਹੈ।

ਗੁਰਬਾਣੀ ਦੇ ਰੱਸੀਆਂ, ਕਥਾਵਾਚਕਾਂ, ਕੀਰਤਨੀਆਂ, ਪਾਠੀਆਂ, ਖੋਜੀਆਂ ਅਤੇ ਸਮੂਹ ਗੁਰਸਿੱਖ ਪਰਵਾਰਾਂ ਨੂੰ ਚਾਹੀਦਾ ਹੈ ਕਿ ਉਹ ਆਪਣੀ ਕਿਰਤ ਕਮਾਈ ਨੂੰ ਸਫਲਾਉਣ ਹਿੱਤ ਗਿ. ਹਰਿਬੰਸ ਸਿੰਘ ਜੀ ਦੀਆਂ ਲਿਖਤਾਂ ਨੂੰ ਪੜ੍ਹਨ ਅਤੇ ਖ਼ਰੀਦ ਕੇ ਹੋਰਨਾਂ ਨੂੰ ਪੜ੍ਹਾਉਣ. ਇਸ ਤੋਂ ਉਤਮ ਕਾਰਜ ਹੋਰ ਕਿਹੜਾ ਹੋ ਸਕਦਾ ਹੈ?

ਸਮੂਹ ਸਿੱਖ ਸੰਸਥਾਵਾਂ ਅਤੇ ਗੁਰਦੁਆਰਾ ਕਮੇਟੀਆਂ ਨੂੰ ਵੀ ਚਾਹੀਦਾ ਹੈ ਕਿ ਉਹ ਗੁਰੂ ਕੀ ਗੋਲਕ ਵਿਚੋਂ ਵਧੇਰੇ ਮਾਇਆ ਇਸ ਮਹਾਨ ਕਾਰਜ ਨੂੰ ਸਿਰੇ ਚਾੜ੍ਹਨ ਲਈ ਖਰਚਣ ਤਾਂ ਜੋ ਅਗਿਆਨਤਾ ਦਾ ਅੰਧੇਰਾ ਬਿਨਸੇ ਅਤੇ ਸੰਗਤਾਂ ਵਿਚ ਗੁਰਬਾਣੀ ਦੀ ਰੁਸ਼ਨਾਈ ਦਾ ਪਰਸਾਰ ਹੋਵੇ। ਯਾਦ ਰਖੋ ਸਤਿਗੁਰੂ ਜੀ ਦੇ ਅੰਮ੍ਰਿਤ ਬਚਨ ਹਨ:-

**ਜਿਨਾ ਅੰਦਰਿ ਨਾਮੁ ਨਿਧਾਨੁ ਹੈ ਗੁਰਬਾਣੀ ਵੀਚਾਰਿ ॥**
**ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ ॥** [ਪੰਨਾ ੧੪੨੨

ਗੁਰੂ ਪੰਥ ਦਾ ਦਾਸ
***ਜਗਤਾਰ ਸਿੰਘ 'ਜਾਚਕ'***
ਸਾਬਕਾ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ
ਹੈਡ ਗ੍ਰੰਥੀ, ਗੁਰਦੁਆਰਾ ਸੀਸ ਗੰਜ ਸਾਹਿਬ, ਦਿੱਲੀ
ਅਤੇ
ਜਨਰਲ ਸਕੱਤਰ, ਸ਼੍ਰੋਮਣੀ ਗੁਰਮਤਿ ਪਰਚਾਰ ਟਰਸਟ, ਯੂ.ਕੇ.

ਮਿਤੀ ੭-੧੧-੧੯੯੪

# ਮਾਰਗ ਦਰਸ਼ਨ

**ਗੁਰਿ ਪਿਆਰੈ ਹਰਿ ਸੇਵਿਆ, ਗੁਰੁ ਧੰਨੁ ਗੁਰੁ ਧੰਨੋ ॥**

**ਗੁਰਿ ਹਰਿ ਮਾਰਗੁ ਦਸਿਆ, ਗੁਰ ਪੁੰਨੁ ਵਡ ਪੁੰਨੋ ॥** [ਪੰਨਾ ੭੨੫

ਗੁਰਬਾਣੀ ਦੀਆਂ ਪੋਥੀਆਂ ਲਿਖਣੀਆਂ, ਗੁਰ-ਸ਼ਬਦਾਂ ਨੂੰ ਵੀਚਾਰਨਾਂ ਤੇ ਪ੍ਰਚਾਰਨਾ ਇਹ ਸਤਿਗੁਰਾਂ ਦਾ ਦਰਸਾਇਆ 'ਮਾਰਗ-ਦਰਸ਼ਨ' ਹੈ ਜਿਸ ਦੇ ਅੰਤਰਗਤਿ ਟੀਕਾਕਾਰੀ ਦੀ ਸੇਵਾ ਵੀ ਆ ਜਾਂਦੀ ਹੈ।

ਧੁਰ ਕੀ ਆਈ ਬਾਣੀ ਦੀ ਟੀਕਾਕਾਰੀ ਇਕ ਸੂਖਮ ਕਲਾ ਹੈ ਜਿਸ ਦਾ ਸੰਬੰਧ ਸ਼ਬਦ ਸੁਰਤਿ ਦੇ ਪਰਚੇ ਨਾਲ ਹੈ। ਜਿਸ ਉਤੇ ਗੁਰੂ ਦੀ ਰਹਿਮਤ ਹੋਵੇ ਉਸ ਦਾ ਹਿਰਦਾ ਹੀ 'ਗੁਰਬਾਣੀ ਪੜਿ ਸਮਝਿ ਸੁਣੇਹੀ' (ਭਾ. ਗੁਰਦਾਸ ਜੀ) ਵਾਲਾ ਬਣਦਾ ਹੈ। ਸ਼ਬਦ ਪਰੰਪਰਾ ਨੂੰ ਪ੍ਰਚਾਰਨਾ, ਗੁਰਬਾਣੀ ਦਾ ਸ਼ੁੱਧ ਉਚਾਰਨ, ਸਰਲ ਤੇ ਰਸ-ਭਿੰਨੇ ਅਰਥਾਂ ਨੂੰ ਆਤਮ-ਰੰਗਾਂ ਵਿਚ ਵਿਆਖਣ ਦਾ ਵਿਲਖਣ ਅਸਥਾਨ ਹੈ। ਇਸ ਬਾਰੇ ਟੀਕਾਕਾਰ ਪਾਠਕਾਂ ਨੂੰ ਜਿਥੇ ਮੂਲ ਪਾਠ ਦਾ ਅਨੰਦ ਮਾਣਨ ਦੀ ਨਰੋਈ ਸੇਧ ਪਰਦਾਨ ਕਰਦਾ ਹੈ, ਉਥੇ "ਇਕਾ ਬਾਣੀ ਇਕੁ ਗੁਰੁ, ਇਕੋ ਸਬਦੁ ਵੀਚਾਰਿ" ਨਾਲ ਆਪ ਜੁੜਦਾ ਤੇ ਹੋਰਨਾਂ ਨੂੰ ਜੋੜਨ ਲਈ ਜਤਨਸ਼ੀਲ ਹੁੰਦਾ ਹੈ।

'ਗੁਰ ਰਸਨਾ ਅੰਮ੍ਰਿਤੁ ਬੋਲਦੀ' ਚੋਂ ਜਦੋਂ ਗੁਰਬਾਣੀ ਦਾ ਆਗਾਜ਼ ਹੋਇਆ, ਓਦੋਂ ਇਹ ਲੋਕ-ਭਾਸ਼ਾ ਵਿਚ ਚੰਗੀ ਤਰ੍ਹਾਂ ਸਮਝੀ ਜਾਂਦੀ ਸੀ ਕਿਉਂਕਿ ਇਹ ਸਰਬਤ ਦੇ ਭਲੇ ਲਈ ਉਚਾਰੀ ਗਈ ਸੀ ਪਰ ਸਮੇਂ ਦੇ ਬੀਤਣ ਨਾਲ ਜਿਉਂ ਜਿਉਂ ਬੋਲੀ ਵਿਚ ਪਰਿਵਰਤਨ ਆਉਂਦਾ ਗਿਆ, ਤਿਉਂ ਤਿਉਂ ਗੁਰਬਾਣੀ ਦੇ ਵਿਚਲੇ ਪਰਮਾਰਥ ਨੂੰ ਸਮਝਣ ਦੀ ਲੋੜ ਭਾਸਦੀ ਰਹੀ। ਆਰੰਭ ਵਿਚ ਗੁਰੂ ਨਾਨਕ ਦੇਵ ਜੀ ਦੀ ਰਚਿਤ ਬਾਣੀ ਜਨਮ ਸਾਖੀਆਂ ਰਾਹੀਂ ਪਰਮਾਰਥ ਰੂਪ ਵਿਚ ਪ੍ਰਕਾਸ਼ਤ ਹੁੰਦੀ ਰਹੀ। ਜਦੋਂ ਗੁਰੂ ਘਰ ਦੀਆਂ ਕਈ ਪ੍ਰਣਾਲੀਆਂ ਹੋਂਦ ਵਿਚ ਆਈਆਂ, ਜਿਵੇਂ ਮਿਹਰਬਾਨ ਵਾਲੀ ਸ਼ਾਖਾ, ਉਦਾਸੀ ਸ਼ਾਖਾ, ਗਿਆਨੀ (ਸੰਪ੍ਰਦਾਈ) ਸ਼ਾਖਾ, ਸੇਵਾ-ਪੰਥੀ ਸ਼ਾਖਾ, ਨਿਰਮਲਾ ਸ਼ਾਖਾ ਆਦਿ, ਓਦੋਂ ਇਨ੍ਹਾਂ ਸਾਰੀਆਂ ਸੰਪਰਦਾਵਾਂ ਦੇ ਵਿਦਵਾਨ ਗੁਰਬਾਣੀ ਵਿਚ ਸ਼ਰਧਾ ਰਖਣ ਦੇ ਬਾਵਜੂਦ ਵੀ ਵਿਆਖਿਆ ਕਰਨ ਵੇਲੇ ਆਪਣੀ ਵਿਦਿਅਕ ਯੋਗਤਾ ਅਤੇ ਆਪੋ ਆਪਣੇ ਡੇਰਿਆਂ ਦੇ ਸੰਸਕਾਰਾਂ ਤੋਂ ਪ੍ਰਭਾਵਤ ਹੋਣੋਂ ਨਹੀਂ ਬਚ ਸਕੇ। ਗਿਆਨੀ ਸ਼ਾਖਾ ਨੇ ਤਾਂ ਪੰਡਤਾਂ ਵਾਂਗੂੰ ਆਪਣੀ ਵਿਦਵਤਾ ਦੀ ਐਨੀ ਪਰਦਰਸ਼ਨੀ ਲਾਈ ਕਿ ਓਹ ਇਕ ਇਕ ਪੰਕਤੀ ਦੇ ਅਥਵਾ ਅਥਵਾ ਕਰਕੇ ਕਈ ਕਈ ਅਰਥਾਂ ਦਾ ਮੀਨਾ ਬਾਜ਼ਾਰ ਲਾ ਕੇ ਲੋਕਾਂ ਦੀ ਵਾਹ ਵਾਹ ਖਟਦੇ ਰਹੇ। ਪਰ ਸਾਧਾਰਨ ਪਾਠਕਾਂ ਲਈ ਇਹ ਨਿਰਣਾ ਲੈਣਾ ਔਖਾ ਹੋ ਗਿਆ ਕਿ ਓਹ ਕਿਹੜੇ ਅਰਥ ਅਪਨਾਉਣ ਤੇ ਕਿਹੜੇ ਛੱਡਣ। ਅਜਿਹੀ ਹਾਲਤ ਵਿਚ, ਗੁਰਬਾਣੀ ਦੇ ਟੀਕੇ ਜਗਿਆਸੂਆਂ ਨੂੰ ਗੁਰਮਤਿ ਸੇਧ ਦੇਣ ਦੀ ਥਾਂ ਭਰਮ ਭੁਲੇਖਿਆਂ ਵਿਚ ਬ੍ਰਿਧੀ ਦਾ ਕਾਰਨ ਬਣ ਗਏ। ਬਹੁਤ ਸਾਰੇ ਸਿੱਖ ਵਿਦਵਾਨ ਜਿਹੜੇ ਵੇਦਾਂ-

ਸ਼ਾਸਤਰਾਂ ਦੇ ਧਨੀ ਤੇ ਅਨੁਆਈ ਸਨ, ਆਪਣਾ ਸਾਰਾ ਯਤਨ ਇਸ ਗਲ ਨੂੰ ਸਿਧ ਕਰਨ ਤੇ ਲਾਉਂਦੇ ਰਹੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੋ ਬਾਣੀ ਦਰਜ ਹੈ, ਉਹ ਸੌਖੀ ਬੋਲੀ ਵਿਚ ਵੇਦਾਂ ਦਾ ਤੱਤ ਸਾਰ ਹੈ। ਓਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਵੇਦਾਂ ਦਾ ਉਲਥਾ ਹੀ ਦਸਦੇ ਰਹੇ ਤਾਂ ਜੋ ਸਮਾਜ ਵਿਚ ਵੇਦਾਂ ਤੇ ਪੰਡਤਾਂ ਦੀ ਸਾਖ ਬਣੀ ਰਹੇ। ਗਲ ਕੀ, ਓਹ 'ਧੁਰ ਕੀ ਬਾਣੀ ਆਈ' ਨਾਲ ਅਯੋਗ ਵਿਤਕਰਾ ਕਰਦੇ ਰਹੇ ਅਤੇ ਬ੍ਰਾਹਮਣ-ਵਾਦੀ ਵੀਚਾਰਾਂ ਦਾ ਢੰਢੋਰਾ ਪਿੱਟਦੇ ਰਹੇ।

ਕੁਝ ਸਾਲ ਹੋਏ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਇਕ ਸੈਮੀਨਾਰ ਆਯੋਜਿਤ ਕਰਵਾਇਆ ਜਿਸ ਵਿਚ ਮੂਲ-ਮੰਤਰ ਦੇ ਉਚਾਰਨ ਤੇ ਵਿਆਖਿਆ ਬਾਰੇ ਪੁਰਾਤਨ ਤੇ ਨਵੀਨ ਵਿਦਵਾਨਾਂ ਦੇ ਵੀਚਾਰ ਟ੍ਰੈਕਟ ਰੂਪ ਵਿਚ ਪ੍ਰਕਾਸ਼ਤ ਕਰਵਾਏ ਗਏ, ਜਿਨ੍ਹਾਂ ਦਾ ਅਧਿਐਨ ਕਰਨ ਵਾਲੇ ਪਾਠਕਾਂ ਨੂੰ ਚਕ੍ਰਵਯੂਹ (ਘੁੰਮਣ ਘੇਰੀ) ਚੋਂ ਬਾਹਰ ਨਿਕਲਣ ਲਈ ਕੋਈ ਰਾਹ ਹੀ ਨਹੀਂ ਲਭਦਾ।

ਸਿੱਖ ਪੰਥ ਦੇ ਸ਼੍ਰੋਮਣੀ ਵਿਦਵਾਨ ਭਾ.ਸ. ਗੁਰਦਾਸ ਜੀ ਨੇ ਗੁਰ-ਸ਼ਬਦ ਦੇ ਰਸਿਕ ਲਿਖਾਰੀ ਬਾਰੇ ਹੇਠ ਲਿਖੇ ਕਬਿੱਤ ਰਾਹੀਂ ਬੜੀ ਸੁੰਦਰ ਵਿਆਖਿਆ ਕੀਤੀ ਹੈ:-

**ਜੈਸੇ ਅਹਿਨਿਸਿ ਮਦਿ ਰਹਿਤ ਭਾਂਜਨ ਬਿਖੈ,**
**ਜਾਨਤ ਨ ਮਰਮੁ ਕਿਧਉ ਕਵਨ ਪ੍ਰਕਾਰੀ ਹੈ॥**
**ਜੈਸੇ ਬੇਲੀ ਭਰਿ ਭਰਿ ਬਾਂਟਿ ਦੀਜੀਅਤ ਸਭਾ,**
**ਪਾਵਤ ਨ ਭੇਦ ਕਛੂ ਬਿਧਿ ਨ ਬੀਚਾਰੀ ਹੈ॥**
**ਜੈਸੇ ਦਿਨ ਪ੍ਰਤਿ ਮਦੁ ਬੇਚਤ ਕਲਾਲ ਬੈਠੇ,**
**ਮਹਿਮਾ ਨ ਜਾਨਈ ਦਰਬ ਹਿਤਕਾਰੀ ਹੈ ॥**
**ਤੈਸੇ ਗੁਰ ਸਬਦੁ ਕੋ ਲਿਖਿ ਪੜਿ ਗਾਵਤ ਹੈ,**
**ਬਿਰਲੋ ਅੰਮ੍ਰਿਤ ਰਸੁ ਪਦੁ ਅਧਿਕਾਰੀ ਹੈ॥**[ਭਾ.ਸ. ਗੁਰਦਾਸ ਜੀ ਕਬਿਤ ਪੜ੦

ਅਰਥਾਤ ਜਿਸ ਤਰ੍ਹਾਂ ਸ਼ਰਾਬ ਦਿਨ ਰਾਤ ਬਰਤਨ ਵਿਚ ਪਈ ਰਹਿੰਦੀ ਹੈ, ਪਰ ਬਰਤਨ ਨੂੰ ਇਹ ਭੇਦ ਨਹੀਂ ਕਿ ਸ਼ਰਾਬ ਕਿਸ ਕਿਸਮ ਦੀ ਹੈ, ਜਿਸ ਤਰ੍ਹਾਂ ਪਿਆਲੀ ਭਰ ਕੇ ਮਜਲਸ ਵਿਚ ਬੈਠਿਆਂ ਨੂੰ ਸ਼ਰਾਬ ਵੰਡ ਦਿੱਤੀ ਜਾਂਦੀ ਹੈ ਪਰ ਵੰਡਣ ਵਾਲੀ ਕਲਾਲਨ ਨੂੰ ਇਹ ਸੋਝੀ ਨਹੀਂ ਕਿ ਇਹ ਕਿਸ ਕਿਸਮ ਦੀ ਹੈ, ਜਿਸ ਤਰ੍ਹਾਂ ਕਲਾਲ ਰੋਜ ਸ਼ਰਾਬ ਵੇਚਦਾ ਹੈ ਪਰ ਓਹ ਵੀ ਇਸ ਦੀ ਮਹਿਮਾ ਨੂੰ ਨਹੀਂ ਜਾਣਦਾ ਕਿਉਂਕਿ ਉਹ ਮਾਇਆ ਦਾ ਪ੍ਰੇਮੀ ਹੈ। ਇਸੇ ਤਰ੍ਹਾਂ, (ਮਨੁੱਖ) ਗੁਰ ਸ਼ਬਦ ਨੂੰ ਲਿਖਦੇ, ਪੜ੍ਹਦੇ ਤੇ ਗਾਉਂਦੇ ਹਨ ਪਰ ਇਨ੍ਹਾਂ ਵਿਚੋਂ ਕੋਈ ਵਿਰਲਾ ਹੀ ਅੰਮ੍ਰਿਤ ਰਸ ਨੂੰ ਪ੍ਰਾਪਤ ਕਰਕੇ ਆਤਮ ਪਦ ਦਾ ਅਧਿਕਾਰੀ ਹੁੰਦਾ ਹੈ।

ਟੀਕਾਕਾਰੀ ਦੇ ਮਾਰਗ ਦਰਸ਼ਨ ਵਿੱਚ ਇਸ ਟੀਕੇ ਦੀ ਵਿਸ਼ੇਸ਼ਤਾ ਤੇ ਪ੍ਰਸਿਧਤਾ ਦਾ ਇਥੋਂ ਪਤਾ ਲਗਦਾ ਹੈ ਕਿ ਇਸ ਦੀ ਮੰਗ ਕੇਵਲ ਪੰਜਾਬ ਜਾਂ ਭਾਰਤ ਵਿਚ ਹੀ ਨਹੀਂ, ਸਗੋਂ ਬਾਹਰਲੇ ਦੇਸ਼ਾਂ (ਇੰਗਲੈਂਡ, ਆਸਟ੍ਰੇਲੀਆ, ਅਮਰੀਕਾ, ਕਨੇਡਾ ਆਦਿ) ਵਿਚ ਵਸ ਰਹੇ ਗੁਰਸਿੱਖ ਵਿਦਵਾਨਾਂ ਵਲੋਂ ਕੀਤੀ ਜਾ ਰਹੀ ਹੈ। ਇਹ ਟੀਕਾ ਕੇਵਲ ਵਿਦਵਾਨਾਂ ਲਈ ਹੀ ਨਹੀਂ, ਸਗੋਂ ਸਧਾਰਨ ਗੁਰਬਾਣੀ ਦੇ

ਪ੍ਰੀਤਵਾਨਾਂ ਲਈ ਇਕ ਅਮੋਲਕ ਸੁਗਾਤ ਹੈ ਜਿਸ ਵਿਚੋਂ ਇਕੋ ਸਮੇਂ ਸਾਰੇ ਲੋੜੀਂਦੇ ਪੱਖਾਂ ਦੀ ਪੂਰਤੀ ਹੁੰਦੀ ਹੈ ਜਿਵੇਂ ਕਿ (੧) ਮੂਲ ਪਾਠ ਦੇ ਬਿਸਰਾਮ (੨) ਉਚਾਰਨ ਸੇਧ (੩) ਪਦ-ਅਰਥ ਅਤੇ ਅਰਥ (੪) ਅਰਥ ਭੇਦ ਅਤੇ ਨਿਰਣੈ (੫) ਸਾਰੰਸ਼ ਅਤੇ ਸਿਧਾਂਤ ਉਪਲਬਧ ਹਨ। ਪਾਠਕਾਂ ਨੂੰ ਇਕੋ ਸਮੇਂ ਤੇ ਸਾਰੇ ਪੁਰਾਤਨ ਤੇ ਨਵੀਨ ਟੀਕਾਕਾਰਾਂ ਵਲੋਂ ਕੀਤੇ ਅਰਥ ਭੇਦਾਂ ਦੀ ਜਾਣਕਾਰੀ ਵੀ ਪ੍ਰਾਪਤ ਹੋ ਜਾਂਦੀ ਹੈ, ਜੋ ਹੁਣ ਤੱਕ ਹੋਏ ਕਿਸੇ ਸਟੀਕ ਵਿਚੋਂ ਨਹੀਂ ਮਿਲਦੀ। ਅਰਥ ਭੇਦਾਂ ਦਾ ਨਿਰਣਾ ਵੀ ਗੁਰਬਾਣੀ ਆਧਾਰ ਤੇ ਹੀ ਕੀਤਾ ਗਿਆ ਹੈ। ਉਦਾਹਰਣ ਵਜੋਂ:-

ਭਾ.ਸ. ਵੀਰ ਸਿੰਘ ਜੀ ਨੇ ਆਪਣੇ ਟੀਕੇ ਦੇ ਫੁੱਟ ਨੋਟ ਵਿਚ- "ਸੋਚੈ ਸੋਚਿ ਨ ਹੋਵਈ, ਜੇ ਸੋਚੀ ਲਖ ਵਾਰ" ਦੇ ਇਸ ਪ੍ਰਕਾਰ ਅਰਥ ਕੀਤੇ ਹਨ:-

(ੳ) ਸੋਚੈ-ਸੋਚ ਕਰਨੇ ਨਾਲ। ਸੋਚ-ਸ਼ੋਚ, ਪਵਿਤਰਤਾ। ਸੋਚੀ-ਸੋਚ ਕਰਾਂ। (ਸੰਸ: ਸ਼ੌਚ=ਜਲ ਮਿੱਟੀ ਆਦਿ ਨਾਲ ਪਵਿਤ੍ਰਤਾ ਕਰਨੀ)। ਸੁਚਿ-ਪਵਿਤ੍ਰਤਾ (ਦੇਖੋ ਕੋਸ਼ ਖਾ. ਟ੍ਰੈ. ਸੁ .) ਸੋਚ ਕਰੈ ਦਿਨਸੁ ਅਰ ਰਾਤਿ॥ ਮਨ ਕੀ ਮੈਲੁ ਨ ਤਨ ਤੇ ਜਾਤਿ ॥(ਸੁਖਮਨੀ)। (ਅ) ਸੋਚੈ-ਸੋਚ ਕਰਨੇ ਨਾਲ। ਮਾਨਸਿਕ ਵੀਚਾਰ ਮਾਤ੍ਰ ਦੇ ਕਰਨੇ ਨਾਲ। ੧੯੨੫ ਬਿ: ਤੋਂ ਪਹਿਲੋਂ 'ਸੋਚੈ' ਦਾ ਅਰਥ 'ਮਨ ਦੀ ਵੀਚਾਰ ਨਾਲ' ਕੀਤਾ ਜਾਂਦਾ ਰਿਹਾ ਹੈ। ਸਚ ਦਾ-ਵੀਚਾਰ ਕਰਨਾ। ੧੯੫੨ ਵਿਚ 'ਪਵਿਤ੍ਰਤਾ ਕਰਨੇ ਨਾਲ' ਅਰ 'ਸੰਸਾ ਕਰਨ ਨਾਲ' ਅਰਥ ਕੀਤੇ ਗਏ।

ਇਸ ਤੋਂ ਸਪਸ਼ਟ ਹੈ ਕਿ ਗੁਰੂ ਕਾਲ ਤੋਂ ਲੈ ਕੇ ੧੯੨੫ ਬਿ: ਤੱਕ ਇਸ ਤੁਕ ਦੇ ਅਰਥ ਕੇਵਲ ਤੇ ਕੇਵਲ 'ਸੋਚ ਕਰਨੇ ਨਾਲ' ਹੁੰਦੇ ਆਏ ਪਰ ਹੈਰਾਨੀ ਦੀ ਗੱਲ ਹੈ ਕਿ ਭਾ.ਸ. ਵੀਰ ਸਿੰਘ ਜੀ ਨੇ ਖ਼ੁਦ ਵੀ ਭਾ.ਸੰਤੋਖ ਸਿੰਘ ਵਾਲੇ ਟੀਕੇ ਤੋਂ ਪ੍ਰਭਾਵਤ ਹੋ ਕੇ ਇਸ ਦੇ ਅਰਥ ਸਰੀਰਕ ਇਸ਼ਨਾਨ ਦੇ ਹੀ ਕਰ ਦਿੱਤੇ। ਭਾ.ਸ. ਹਰਿਬੰਸ ਸਿੰਘ ਜੀ ਨੇ ਇਸ ਤੁੱਕ ਨੂੰ ਅਰਥਾਉਣ ਲਈ ਗੁਰਬਾਣੀ ਦੀ ਹੀ ਓਟ ਲਈ ਹੈ। ਸਮੱਗਰ ਗੁਰਬਾਣੀ ਵਿਚ 'ਸੋਚਿ' ਸ਼ਬਦ ਕੇਵਲ ਦੋ ਵਾਰੀ ਹੀ ਹੋਰ ਥਾਂ ਤੇ ਵਰਤਿਆ ਗਿਆ ਹੈ:-

**੧- ਹਿੰਦੂ ਤੁਰਕ ਕਹਾ ਤੇ ਆਏ, ਕਿਨਿ ਏਹ ਰਾਹ ਚਲਾਈ ॥**
**ਦਿਲ ਮਹਿ ਸੋਚਿ ਬਿਚਾਰਿ ਕਵਾਦੇ, ਭਿਸਤ ਦੋਜਕ ਕਿਨਿ ਪਾਈ॥** [ਪੰਨਾ ੪੭੭

**੨- ਕਾਜੀ, ਸਾਹਿਬੁ ਏਕੁ, ਤੋਹੀ ਮਹਿ ਤੇਰਾ, ਸੋਚਿ ਬਿਚਾਰਿ ਨ ਦੇਖੈ ॥**
**ਖਬਰਿ ਨ ਕਰਹਿ ਦੀਨ ਕੇ ਬਉਰੇ, ਤਾ ਤੇ ਜਨਮੁ ਅਲੇਖੈ ॥** [ਪੰਨਾ ੪੮੩

ਸੋ, ਇਨ੍ਹਾਂ ਨੇ ਗੁਰਬਾਣੀ ਦੇ ਆਧਾਰ ਤੇ 'ਸੋਚਿ' ਦੇ ਅਰਥ 'ਸੋਚ ਕਰਨ ਨਾਲ' ਕੀਤੇ ਹਨ ਜੋ ਨਿਰਸੰਦੇਹ ਠੀਕ ਹਨ। ਪੁਰਾਤਨ ਵਿਦਵਾਨਾਂ ਦੇ ਟੀਕਿਆਂ ਵਿਚ ਇਹ ਵੀ ਘਾਟ ਸੀ ਕਿ ਉਨ੍ਹਾਂ ਨੇ ਟੀਕਾ ਕਰਨ ਵੇਲੇ ਗੁਰਬਾਣੀ ਦੇ ਲਗ-ਮਾਤ੍ਰੀ ਨਿਯਮਾਂ ਵਲ ਵਿਸ਼ੇਸ਼ ਧਿਆਨ ਨਹੀਂ ਦਿੱਤਾ ਜਿਸ ਕਰਕੇ ਵਿਦਵਤਾ ਦੇ ਬਲ ਨਾਲ ਇਕ ਸ਼ਬਦ ਦੇ ਕਈ ਕਈ ਅਰਥ ਕਰਦੇ ਰਹੇ। ਇਸੇ ਤਰ੍ਹਾਂ 'ਆਸਾ ਕੀ ਵਾਰ' ਵਿਚ 'ਕਹੁ ਨਾਨਕ ਸਚੁ ਧਿਆਈਐ॥ ਸੁਚਿ ਹੋਵੈ, ਤਾ ਸਚੁ ਪਾਈਐ ॥' ਪੰਕਤੀ ਦੇ ਅਰਥ ਹਨ 'ਨਾਨਕ (ਗੁਰੂ ਜੀ) ਆਖਦੇ ਹਨ ਕਿ ਸਚ (ਸਦਾ ਥਿਰ ਵਾਹਿਗੁਰੂ) ਨੂੰ ਧਿਆਉਣਾ ਚਾਹੀਦਾ ਹੈ (ਕਿਉਂਕਿ ਸੱਚ ਨੂੰ

ਧਿਆਉਣ ਨਾਲ ਆਤਮਿਕ ਪਵਿਤ੍ਰਤਾ ਹੁੰਦੀ ਹੈ ਤਾਂ ਹੀ ਸਚ (ਰੂਪ ਪਰਮੇਸ਼ਰ) ਨੂੰ ਪਾਈਦਾ ਹੈ। ਸਾਰੇ ਸਿੱਖ ਜਗਤ ਵਿਚ ਇਸ ਪੰਕਤੀ ਦਾ ਪਾਠ 'ਸੁਚਿ ਹੋਵੈ, ਤਾ ਸਚੁ ਪਾਈਐ' ਹੀ ਕੀਤਾ ਜਾਂਦਾ ਹੈ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਦੇ ਕਰਤਾ (ਪ੍ਰੋ. ਸਾਹਿਬ ਸਿੰਘ) ਨੇ 'ਸੁਚਿ ਹੋਵੈ ਤਾਂ, ਸਚੁ ਪਾਈਐ' ਪਾਠ ਅੰਕਿਤ ਕੀਤਾ ਹੈ। ਕੇਵਲ ਇਥੇ ਹੀ ਨਹੀਂ, ਆਪ ਜੀ ਨੇ ਹਰ ਥਾਂ 'ਤਾਂ' ਪਦ ਦਾ ਪ੍ਰਯੋਗ ਪਹਿਲੀ ਅੱਧੀ ਪੰਕਤੀ ਨਾਲ ਹੀ ਕੀਤਾ ਹੈ। ਜਿਵੇਂ ਕਿ:-

**ਵਿਦਿਆ ਵੀਚਾਰੀ ਤਾਂ, ਪਰਉਪਕਾਰੀ ॥**

ਇਸ ਸੰਦਰਭ ਵਿਚ ਇਹ ਦਸਣਾ ਉਚਿਤ ਹੋਵੇਗਾ ਕਿ ਸਧਾਰਨ ਭਾਸ਼ਾ ਤੇ ਗੁਰਬਾਣੀ ਵਿਚ 'ਤਾਂ' ਦਾ ਪ੍ਰਯੋਗ ਹਮੇਸ਼ਾਂ ਪੰਕਤੀ ਦੇ ਪਿਛਲੇ ਅਧੇ ਭਾਗ ਨਾਲ ਕੀਤਾ ਜਾਂਦਾ ਹੈ। ਹੋਰ ਤਾਂ ਹੋਰ ਜਦੋਂ ਅਸੀ ਅੰਗਰੇਜ਼ੀ ਭਾਸ਼ਾ ਲਿਖਦੇ ਹਾਂ ਤਾਂ '**If**' ਪਹਿਲੇ ਅਧੇ ਫਿਕਰੇ ਨਾਲ ਆਉਂਦਾ ਹੈ ਤੇ ਦੂਜੇ ਨਾਲ '**Then**' ਵਰਤਿਆ ਜਾਂਦਾ ਹੈ। ਇਸੇ ਤਰ੍ਹਾਂ, ਪੰਜਾਬੀ ਵਾਰਤਕ ਉਤੇ ਵੀ ਇਹੀ ਨਿਯਮ ਲਾਗੂ ਹੁੰਦਾ ਹੈ ਜਿਵੇਂ 'ਜੇ ਤੁਸੀਂ ਮਿਹਨਤ ਕਰੋਗੇ, ਤਾਂ ਜ਼ਰੂਰ ਪਾਸ ਹੋ ਜਾਓਗੇ'। ਆਸਾ ਕੀ ਵਾਰ ਦੇ ਪਠਨ ਪਾਠਨ ਤੋਂ ਵੀ ਇਹੀ ਸਿਧ ਹੁੰਦਾ ਹੈ ਕਿ ਇਹ ਅਸੂਲ ਹਰ ਥਾਂ ਤੇ ਵਰਤਿਆ ਗਿਆ ਹੈ। ਜਿਵੇਂ:-

**੧. ਏਹੁ ਜੀਉ ਬਹੁਤੇ ਜਨਮ ਭਰੰਮਿਆ, ਤਾਂ ਸਤਿਗੁਰਿ ਸਬਦੁ ਸੁਣਾਇਆ॥**

**੨. ਹਉਮੈ ਬੂਝੈ, ਤਾਂ ਦਰੁ ਸੂਝੈ ॥**

**੩. ਕਿਰਪਾ ਕਰੇ ਜੇ ਆਪਣੀ, ਤਾਂ ਗੁਰ ਕਾ ਸਬਦੁ ਕਮਾਹਿ ॥**

**੪. ਦਾਨੁ ਮਹਿੰਡਾ ਤਲੀ ਖਾਕੁ, ਜੇ ਮਿਲੈ, ਤਾਂ ਮਸਤਕਿ ਲਾਈਐ॥**

ਇਸ ਤੋਂ ਇਲਾਵਾ 'ਆਸਾ ਕੀ ਵਾਰ' ਵਿਚ ਹੀ ਐਸੇ ਦਰਜਨ ਤੋਂ ਉਤੇ ਪ੍ਰਮਾਣ ਹਨ। ਬਾਕੀ ਬਾਣੀ ਵਿਚ ਵੀ ਇਹੋ ਨਿਯਮ ਹੈ। ਪਰ ਬੜੇ ਦੁਖ ਦੀ ਗੱਲ ਹੈ ਕਿ ਕਈ ਹੱਠੀ ਸਜਣ ਅਜੇ ਵੀ ਪ੍ਰੋਫੈਸਰ ਸਾਹਿਬ ਦੀ ਧਾਰਨਾ ਅਪਨਾਉਣ ਤੋਂ ਪਿੱਛੇ ਨਹੀਂ ਹੱਟਦੇ (ਕਿਉਂਕਿ ਸਚ ਨੂੰ ਧਿਆਉਣ ਨਾਲ ਆਤਮਿਕ) ਪਵਿਤ੍ਰਤਾ ਹੁੰਦੀ ਹੈ ਤਾਂ ਹੀ ਸਚ (ਪਰਮੇਸ਼ਰ) ਨੂੰ ਪਾਈਦਾ ਹੈ। ਜੇ ਪਹਿਲਾਂ ਹੀ ਸਚ ਪਾ ਲਿਆ, ਫਿਰ ਸੁਚ ਦੀ ਕੀ ਲੋੜ ਰਹਿ ਗਈ?

ਦਾਸ ਦਾ ਗਿਆਨੀ ਹਰਿਬੰਸ ਸਿੰਘ ਜੀ ਨਾਲ ਸਾਲ ੧੯੫੭ ਵਿਚ ਜਦੋਂ ਪੰਜਾਬ ਤੇ ਪੈਪਸੂ ਦਾ ਏਕੀਕਰਨ ਹੋਇਆ, ਸ਼ਿਮਲੇ ਸੰਪਰਕ ਹੋਇਆ। ਫਿਰ ੧੯੫੮ ਵਿਚ ਚੰਡੀਗੜ੍ਹ ਆਉਣ ਤੇ ਅੰਮ੍ਰਿਤ ਵੇਲੇ ਦੇ ਦੀਵਾਨਾਂ ਵਿਚ ਕੀਰਤਨ ਦੀਆਂ ਰਸ-ਭਿੰਨੜੀਆਂ ਧੁਨਾਂ ਦੇ ਸੁਮੇਲ ਨਾਲ ਸਿੱਖੀ ਪਿਆਰ ਦੀਆਂ ਗੰਢਾਂ ਹੋਰ ਵੀ ਪੀਡੀਆਂ ਹੁੰਦੀਆਂ ਗਈਆਂ ਜਿਹੜੀਆਂ ਕਿ ਆਪ ਜੀ ਦੇ ਰੀਟਾਇਰ (੧੯੮੩) ਹੋਣ ਉਪਰੰਤ ਪਟਿਆਲੇ ਆਉਣ ਤੇ ਵੀ ਢਿੱਲੀਆਂ ਨਹੀਂ ਹੋਈਆਂ।

ਵਡੇਭਾਗਾਂ ਦੀ ਗੱਲ ਹੈ ਕਿ ਟੀਕਾਕਾਰ ਜੀ ਜਿਥੇ ਗੁਰਬਾਣੀ ਦੇ ਸਫਲ ਕੀਰਤਨੀਏ, 'ਅਤਿ-ਅਖੰਡ ਪਾਠੀ' ਇਕ ਚੌਕੜੇ ਤੇ ਪਾਠ ਕਰਨ ਵਾਲੇ ਸਫਲ ਪਾਠੀ, ਅਤੇ ਗੁਰਬਾਣੀ ਦੀਆਂ ਦਰਜਨਾਂ ਬੱਧੀ ਪੁਸਤਕਾਂ ਦੇ ਸਫਲ ਲੇਖਕ ਹਨ ਉਥੇ ਅੰਮ੍ਰਿਤ ਵੇਲੇ ਦੀ ਸੰਭਾਲ ਕਰਕੇ ਨਾਮ-ਅੰਮ੍ਰਿਤ ਸਰੋਵਰ ਵਿਚ

ਚੁਭੀਆਂ ਲਾਉਣਾਂ ਇਨ੍ਹਾਂ ਦੇ ਜੀਵਨ ਦਾ ਅੰਗ ਬਣ ਚੁੱਕਾ ਹੈ। ਭਾ.ਸ. ਸੰਤੋਖ ਸਿੰਘ ਜੀ, ਕਰਤਾ ਗੁਰ-ਪ੍ਰਤਾਪ ਸੂਰਜ ਤੇ ਹੋਰ ਕਈ ਗ੍ਰੰਥ ਲਿਖਣ ਵਾਲੇ, ਆਪਣੀ ਉਪਜੀਵਕਾ ਲਈ ਕੈਂਥਲ ਦੇ ਰਾਜੇ ਤੋਂ ਮਾਇਕ ਸਹਾਇਤਾ ਲੈਣ ਲਈ ਮਜਬੂਰ ਹੋਏ। ਆਪ ਜੀ ਨੇ ਆਪਣੀ ਦਸ਼ਾ ਨੂੰ ਕਵਿਤਾ ਰਾਹੀਂ ਇਉਂ ਵਰਣਨ ਕੀਤਾ ਹੈ:–

ਘਰ ਕੇ ਰੁਸਾਨੇ ਸਭ ਅਪਨੇ ਭਏ ਬਿਗਾਨੇ,
ਨਾਰੀ ਦੇਤ ਤਾਨੇ, ਸੁਨਿ ਸਿਰ ਨਿਵਾਈਅਤ ਹੈ।
ਮਿਤ੍ਰ ਹੂੰ ਛੁਪਾਏ ਨੈਣ ਸੂਧੇ ਹੋਂ ਨ ਬੋਲਹਿ ਬੈਨ,
ਮਨ ਮਹਿ ਨ ਧਰੈ ਜਾ ਕੇ ਢਿੱਗ ਜਾਈਅਤ ਹੈ।
ਦੁਆਰ ਪੈ ਕਰਜ਼ਦਾਰ ਠਾਢੇ ਮੁਖ ਦੇਤ ਗਾਰ,
ਬਿਨਾ ਰੋਜ਼ਗਾਰ ਰੋਜ਼ਗਾਰ ਪਾਈਅਤ ਹੈ।..

ਗਿਆਨੀ ਬਦਨ ਸਿੰਘ ਜੀ ਨੇ ਹੋਰ ਵਿਦਵਾਨਾਂ ਦੀ ਸਹਾਇਤਾ ਨਾਲ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨ ਸਟੀਕ ਤਿਆਰ ਕੀਤਾ ਅਤੇ ਛਪਾਈ ਦਾ ਸਾਰਾ ਪ੍ਰਬੰਧ ਰਿਆਸਤ ਫਰੀਦਕੋਟ ਵਲੋਂ ਕੀਤਾ ਜਾਂਦਾ ਰਿਹਾ। ਭਾ ਸ ਕਾਨ੍ਹ ਸਿੰਘ ਜੀ ਨਾਭਾ ਨੇ ਮਹਾਨ ਕੋਸ਼ ਅਤੇ ਹੋਰ ਕਈ ਅਮੋਲਕ ਗ੍ਰੰਥ ਲਿਖੇ, ਜਿਨ੍ਹਾਂ ਦੀ ਛਪਾਈ ਲਈ ਮਹਾਰਾਜਾ ਪਟਿਆਲਾ ਵਲੋਂ ਧਨ ਤੇ ਸਟਾਫ਼ ਆਦਿ ਦੀ ਸਹਾਇਤਾ ਪ੍ਰਾਪਤ ਹੁੰਦੀ ਰਹੀ। ਭਾ.ਸ. ਡਾ. ਵੀਰ ਸਿੰਘ ਜੀ ਦੀਆਂ ਲਿਖਤਾਂ ਨੂੰ ਸੰਗਤਾਂ ਤਾਈਂ ਪਹੁੰਚਾਣ ਪਿਛੇ ਚੀਫ਼ ਖ਼ਾਲਸਾ ਦੀਵਾਨ ਦਾ ਮਾਇਕੀ ਸਹਿਯੋਗ ਸੀ ਜਿਸ ਕਰਕੇ ਉਨ੍ਹਾਂ ਨੂੰ ਇਸ ਖੇਤਰ ਵਿਚ ਕਿਸੇ ਪ੍ਰਕਾਰ ਦੀ ਔਖਿਆਈ ਨਹੀਂ ਹੋਈ। ਇਸੇ ਤਰ੍ਹਾਂ ਭਾ.ਸ. ਰਣਧੀਰ ਸਿੰਘ ਜੀ ਦੀਆਂ ਪੁਸਤਕਾਂ ਛਾਪਣ ਦਾ ਕਾਰਜ ਅਖੰਡ ਕੀਰਤਨੀ ਜਥੇ ਦੀ ਸੰਸਥਾ ਰਾਹੀਂ ਹੁੰਦਾ ਰਿਹਾ ਪਰੰਤੂ ਗਿ. ਹਰਿਬੰਸ ਸਿੰਘ ਜੀ ਨੇ ਜਦੋਂ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ ਸਟੀਕ' ਦੇ ਤੁਲਨਾਤਮਿਕ ਅਧਿਐਨ' ਤੇ ਲਿਖਾਈ ਦਾ ਕਾਰਜ ਆਰੰਭਿਆ, ਸਿਵਾਏ ਤਨਖ਼ਾਹ ਦੇ ਆਪ ਜੀ ਪਾਸ ਕੋਈ ਮਾਇਕੀ ਸਾਧਨ ਨਹੀਂ ਸੀ। ਪਰਵਾਰ ਵੱਡਾ ਹੋਣ ਕਰਕੇ ਤਨਖਾਹ ਤਾਂ ਉਨ੍ਹਾਂ ਵਿਚ ਹੀ ਸਮਾਪਤ ਹੋ ਜਾਂਦੀ ਸੀ ਪਰ ਇਨ੍ਹਾਂ ਦੇ ਚਿਹਰੇ ਤੇ ਕਦੇ ਮਲਾਲ ਨਹੀਂ ਸੀ ਵੇਖਿਆ। ਆਪ ਜੀ ਨੇ ਸਟੀਕ ਸੇਵਾ ਆਰੰਭ ਕਰਨ ਤੋਂ ਪਹਿਲਾਂ ਰੰਗੀਲੀ ਰਸਨਾ ਨਾਲ ਗੁਰੂ ਚਰਨਾਂ ਵਿਚ ਅਰਦਾਸਿ ਕੀਤੀ ਅਤੇ ਉਸ ਅਰਦਾਸਿ ਦੀ ਕਰਾਮਾਤ ਦਾ ਸਦਕਾ ਹੀ ਹੁਣ ਤੱਕ ਇਹ ਪਹਾੜ ਜਿੱਡਾ ਕੰਮ ਕਿਸੇ ਸੰਸਥਾ ਦੀ ਸਹਾਇਤਾ ਬਿਨਾ, ਨਿਰਵਿਘਨ ਚਲ ਰਿਹਾ ਹੈ। ਇਸ ਸਟੀਕ ਦੀ ਗੌਰਵਤਾ ਨੂੰ ਵੇਖਦੇ ਹੋਏ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਫੈਲੋਸ਼ਿਪ ਪ੍ਰਦਾਨ ਕੀਤੀ ਪਰ ਉਹ ਮਾਇਆ ਵੀ ਨਾਂ ਮਾਤਰ ਹੀ ਹੈ। ਜੇ ਭਾਈ ਸਾਹਿਬ ਨੂੰ ਇਕ ਸਹਾਇਕ ਦਿੱਤਾ ਜਾਂਦਾ ਤਾਂ ਅਜ ਕੰਮ ਸਿਰੇ ਲਗਾ ਹੋਣਾ ਸੀ। ਇਸੇ ਤਰ੍ਹਾਂ ਗਿਆਨੀ ਜੀ ਨੇ ਗੁਰਬਾਣੀ ਸੇਵਾ ਮਿਸ਼ਨ ਦੀ ਸਥਾਪਨਾ ਵੀ ਕੀਤੀ ਪਰ ਇਸ ਵਿਚ ਵੀ ਸਿਵਾਏ ਇਕ ਦੋ ਮੈਂਬਰਾਂ ਦੇ ਕਿਸੇ ਨੇ ਆਪਣਾ ਕੋਈ ਯੋਗਦਾਨ ਨਹੀਂ ਪਾਇਆ ਇਸ ਹਾਲਤ ਵਿਚ ਇਸ ਮਿਸ਼ਨ ਨੂੰ ਸਮਾਪਤ ਕਰਨਾ ਹੀ ਠੀਕ ਹੈ।

ਪਾਠਕਾਂ ਦੀ ਗਿਆਤ ਲਈ ਇਹ ਦਸਣਾ ਉਚਿਤ ਹੋਵੇਗਾ ਕਿ ਇਸ ਟੀਕੇ ਦੀ ਸਫਲਤਾ ਦਾ ਗੁੜ੍ਹਾ ਭੇਦ ਟੀਕਾਕਾਰ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਤੇ ਪੂਰਨ ਸ਼ਰਧਾ ਤੇ ਭਰੋਸਾ ਹੈ। ਇਥੇ ਕਵਿ ਕੁਲ ਦੇ ਰਤਨ ਸੰਤ ਨਿਹਾਲ ਸਿੰਘ ਜੀ ਹੇਠ ਲਿਖਿਆ ਕਬਤਿ ਆਪ ਜੀ ਉਤੇ ਠੀਕ ਫਬਦਾ ਹੈ:-

**ਕਾਹੂੰ ਕੋ ਭਰੋਸੋ ਹੈ ਜਮੀਨ ਕੋ ਜ਼ੁਮਾਨੇ ਬੀਚ**
**ਕਾਹੂੰ ਕੋ ਭਰੋਸੋ ਜੋਰ ਚਾਕਰੀ ਜਹਾਜ ਪੈ ।**
**ਕਾਹੂੰ ਕੋ ਭਰੋਸੋ ਭਾਰੀ ਸ਼ਾਹ ਪਾਤਸ਼ਾਹ ਮੀਤ,**
**ਕਾਹੂੰ ਕੋ ਭਰੋਸੋ ਹੈ ਕੁਟੰਬੀ ਕਰੈਂ ਕਾਜ ਪੈ ।**
**ਕਾਹੂੰ ਕੋ ਭਰੋਸੋ ਦੇਵਵਾਨੀ ਅਰੁ ਪਾਰਸੀ ਕੋ,**
**ਕਾਹੂੰ ਕੋ ਭਰੋਸੋ ਸੰਤਗੀਰੀ ਕੀ ਮਿਜਾਜ ਪੈ ।**
**ਕਾਹੂੰ ਕੋ ਭਰੋਸੋ ਚਾਰੂ ਚਾਤੁਰੀ ਚਲਾਕੀ ਚੋਖ,**
**ਮੋ ਕੋ ਤੇ ਭਰੋਸੋ ਏਕ ਗ੍ਰੰਥ ਮਹਾਰਾਜ ਪੈ ।**

ਗੁਰੂ ਚਰਨਾਂ ਵਿਚ ਮੇਰੀ ਦਿਲੀ ਅਰਦਾਸਿ ਹੈ ਕਿ ਆਪ ਭਾਈ ਸਾਹਿਬ ਜੀ ਨੂੰ ਸ਼ਰੀਰਕ ਅਰੋਗਤਾ ਪ੍ਰਦਾਨ ਕਰੀ ਰੱਖਣ ਤਾਂ ਜੋ ਆਪ ਗੁਰੂ ਘਰ ਦਾ 'ਮਾਰਗ ਦਰਸ਼ਨ' ਇਸੇ ਤਰ੍ਹਾਂ ਰੋਸ਼ਨਾਂਦੇ ਰਹਿਣ। ਇਸ ਦੇ ਨਾਲ ਹੀ ਹੱਥਲੀ ਪੋਥੀ ਦੀ ਸੰਪੂਰਨਤਾ ਤੇ ਮੈਂ ਆਪ ਜੀ ਨੂੰ ਹਾਰਦਿਕ ਵਧਾਈ ਪੇਸ਼ ਕਰਦਾ ਹਾਂ:—

**ਹਰਿ ਜਸੁ ਲਿਖਹਿ ਲਾਇ ਭਾਵਨੀ, ਸੇ ਹਸਤ ਪਵਿਤ੍ਰਾ ॥** [ਪੰਨਾ ੩੨੨

ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਿਹ।

ਗੁਣਵੰਤਿਆ ਪਾਛਾਰ
***ਕਸ਼ਮੀਰ ਸਿੰਘ***
੨੧-੧੦-੧੯੯੪

ਕੋਠੀ ਨੰਬਰ ੧੬੧੨, ਫੇਜ਼-੭,
ਐਸ.ਏ.ਐਸ. ਨਗਰ, ਮੋਹਾਲੀ।

# ਦਰਸ਼ਨ ਪੋਥੀ ਗਿਆਰ੍ਹਵੀਂ

(ਗੁਰਮਤਿ ਨਗਰੀ ਵਿਚੋਂ)

**ਪੜੀਐ ਗੁਣੀਐ ਕਿਆ ਕਥੀਐ, ਜਾ ਮੁੰਢਹੁ ਘੁਥਾ ਜਾਇ ॥ [ਪੰਨਾ ੬੮**

ਆਧੁਨਿਕ ਕਾਲ ਵਿਚ ਕੇਵਲ ਸੰਤ ਸਮਾਜ ਹੀ ਬਾਣੇ ਦਾ ਵਾਪਾਰੀ ਨਹੀਂ, ਸਾਰਾ ਸੰਸਾਰ ਹੀ ਖਾਣੇ ਤੇ ਬਾਣੇ ਵਾਲੇ ਆਦਰਸ਼ ਨਾਲ ਜੁੜਿਆ ਹੋਇਆ ਹੈ। ਜਦੋਂ ਆਮ ਲੋਕਾਂ ਨੂੰ ਬਾਣੀ ਨਾਲੋਂ ਬਾਣਾ ਵਧੇਰੇ ਪਿਆਰਾ ਲਗਦਾ ਹੋਵੇ ਅਤੇ ਸੰਸਾਰੀ ਜੀਵ ਬਾਣੇ ਵਾਲੇ ਸੰਤਾਂ ਪਾਸੋਂ ਅਸ਼ੀਰਵਾਦ ਲੈਣ ਦੇ ਇੱਛਕ ਹੋਣ ਤਾਂ ਇਸ ਵਿਚ ਕਸੂਰ ਕਿਸ ਦਾ ਹੈ?, ਸੰਤਾਂ ਦਾ ਜਾਂ ਜਨਤਾ ਦਾ? ਅਸਲ ਵਿਚ ਸੂਰਤਿ, ਮੂਰਤਿ ਤੇ ਬਾਣੇ ਦੇ ਪੁਜਾਰੀਆਂ ਨੂੰ ਸੰਤਾਂ ਦੀ ਰਹਿਣੀ ਬਹਿਣੀ ਨਾਲ ਕੋਈ ਸਰੋਕਾਰ ਨਹੀਂ ਹੁੰਦਾ, ਉਹ ਤਾਂ ਕੇਵਲ ਆਪਣੀ ਮਨੋਰਥ-ਸਿੱਧੀ ਲਈ ਸੰਤਾਂ ਪਾਸੋਂ ਥਾਪੜਾ ਲੈਣ ਦਾ ਸ੍ਵਾਂਗ ਰਚਦੇ ਹਨ। ਕੀ ਨਰ, ਕੀ ਨਾਰੀ, ਸਭ ਦਾ ਸਨੇਹ ਬਾਹਰਲੀ ਸਰੀਰਕ ਸਜਾਵਟ ਤੇ ਮਾਇਕ ਸ਼ਕਤੀ ਨਾਲ ਜੁੜਿਆ ਹੁੰਦਾ ਹੈ। ਗੁਣਾਂ ਦਾ ਗਾਹਕ ਕੋਈ ਵਿਰਲਾ ਹੀ ਹੁੰਦਾ ਹੈ। ਇਹ ਮ੍ਰਿਗ-ਬਿਰਤੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ:-

**ਮੁੰਢਹੁ ਭੁਲੀ ਨਾਨਕਾ, ਫਿਰਿ ਫਿਰਿ ਜਨਮਿ ਮੁਈਆਸੁ ॥**
**ਕਸਤੂਰੀ ਕੈ ਭੋਲੜੈ, ਗੰਦੇ ਡੁੰਮਿ ਪਈਆਸੁ ॥** [ਪੰਨਾ ੮੯

ਜਿਵੇਂ ਕਸਤੂਰੀ ਹਿਰਨ ਦੀ ਆਪਣੀ ਧੁਨੀ ਵਿਚ ਹੁੰਦੀ ਹੈ, ਪਰ ਉਸ ਨੂੰ ਭੁਲੇਖਾ ਹੁੰਦਾ ਹੈ ਕਿ ਕਸਤੂਰੀ ਕਿਤੇ ਬਾਹਰ ਹੈ। ਉਹ ਇਧਰ ਉਧਰ ਝਾੜਾਂ ਵਿਚ ਢੂੰਢਦਾ ਫਿਰਦਾ ਕਿਧਰੇ ਗੰਦੇ ਪਾਣੀ ਦੇ ਟੋਏ ਵਿਚ ਹੀ ਜਾ ਪੈਂਦਾ ਹੈ। ਭਗਤ ਰਵਿਦਾਸ ਜੀ ਵੀ ਲਿਖਦੇ ਹਨ:–

**ਜੈਸੇ ਕੁਰੰਕ ਨਹੀ ਪਾਇਓ ਭੇਦੁ ॥ ਤਨਿ ਸੁਗੰਧ ਢੂਢੈ ਪ੍ਰਦੇਸੁ ॥** [ਪੰਨਾ ੧੧੯੬

ਇਸੇ ਤਰ੍ਹਾਂ ਮਨੁੱਖ ਦੇ ਹਿਰਦੇ ਅੰਦਰ ਹੀ ਅੰਮ੍ਰਿਤ-ਨਾਮ (ਆਤਮਿਕ ਸੁਖ) ਹੈ, ਪਰ ਇਸ ਨੂੰ ਸੋਝੀ ਨਹੀਂ ਹੈ, ਬਾਹਰਮੁਖੀ ਬਾਣਿਆਂ ਵਿਚ ਵੇਖਦਾ ਵੇਖਦਾ, ਇਹ ਮਾਇਆ ਤੇ ਵਿਕਾਰਾਂ ਦੇ ਟੋਏ ਵਿਚ ਜਾ ਡਿਗਦਾ ਹੈ।

ਗੁਰਬਾਣੀ ਵਿਚ "ਮੁੰਢੈ ਦੀ ਖਸਲਤਿ ਨ ਗਈਆ ਅੰਧੇ, ਵਿਛੁੜਿ ਚੋਟਾ ਖਾਏ ॥" (ਪੰਨਾ ੫੪੯) ਅਤੇ 'ਸਲਾਮ ਜਬਾਬ ਦੋਵੇ ਕਰੈ, ਮੁਢਹੁ ਘੁਥਾ ਜਾਇ' (ਪੰਨਾ ੭੪੪) ਵਾਲੇ ਪਾਵਨ ਵਾਕ ਵੀ ਇਸੇ ਲੜੀ ਨਾਲ ਸੰਬੰਧਤ ਹਨ। ਜਿਹੜੇ ਅਖੌਤੀ ਦੰਭੀ ਗੁਰੂ, ਸਿੱਖਾਂ ਨੂੰ ਸ਼ਬਦ ਨਾਲੋਂ ਤੋੜ ਕੇ ਆਪਣੇ ਸਰੀਰ ਨਾਲ ਜੋੜਨ ਦੀ ਭੂੰਡੀ ਕਾਰ ਕਮਾਉਂਦੇ ਹਨ, ਦਸਮ ਦੁਆਰ ਵਿਖਾਉਣ ਦੇ ਝਾਂਸੇ, ਕੁੰਡਲਨੀ ਜਗਾਉਣ ਦਾ ਪਖੰਡ ਅਤੇ ਰਿਧੀਆਂ ਸਿਧੀਆਂ ਦਾ ਚਮਤਕਾਰ ਵਿਖਾ ਕੇ ਗੁਪਤ ਮੰਤਰ ਦੇ ਕੇ ਆਪਣੇ ਚੇਲੇ ਬਣਾਉਂਦੇ ਹਨ; ਅਜਿਹੇ ਮੰਦ-ਕਰਮੀਆਂ ਦੀ ਦੁਰਦਸ਼ਾ ਦਾ ਅੰਤ ਇਸ ਤਰ੍ਹਾਂ ਹੁੰਦਾ ਹੈ:–

**ਗੁਰੂ ਜਿਨਾ ਕਾ ਅੰਧੁਲਾ, ਸਿਖ ਭੀ ਅੰਧੇ ਕਰਮ ਕਰੇਨਿ ॥**

ਓਇ ਭਾਣੈ ਚਲਨਿ ਆਪਣੈ, ਨਿਤ ਝੂਠੋ ਝੂਠੁ ਬੋਲੇਨਿ ॥
ਕੂੜੁ ਕੁਸਤੁ ਕਮਾਵਦੇ, ਪਰ ਨਿੰਦਾ ਸਦਾ ਕਰੇਨਿ ॥
ਓਇ ਆਪਿ ਡੁਬੇ ਪਰ ਨਿੰਦਕਾ, ਸਗਲੇ ਕੁਲ ਡੋਬੇਨਿ ॥
ਨਾਨਕ, ਜਿਤੁ ਓਇ ਲਾਏ ਤਿਤੁ ਲਗੇ, ਉਇ ਬਪੁੜੇ ਕਿਆ ਕਰੇਨਿ ॥੨॥ [ਪੰ. ੯੫੧

ਭਗਤ ਕਬੀਰ ਜੀ ਨੇ ਇਥੋਂ ਤੱਕ ਕਹਿ ਦਿੱਤਾ ਹੈ- 'ਕਬੀਰ ਮਾਇ ਮੂੰਡਉ ਤਿਹ ਗੁਰੂ ਕੀ, ਜਾ ਤੇ ਭਰਮੁ ਨ ਜਾਇ ॥ ਆਪ ਡੁਬੇ ਚਹੁ ਬੇਦ ਮਹਿ, ਚੇਲੇ ਦੀਏ ਬਹਾਇ ॥' ਪੰਨਾ ੧੩੭੦)।

ਭਾ.ਸ. ਗੁਰਦਾਸ ਜੀ ਨੇ ਸਤਿਗੁਰਾਂ ਦੀ ਹਜ਼ੂਰੀ ਵਿਚ ਰਹਿ ਕੇ ਜਿਸ ਤਰ੍ਹਾਂ ਸਿਖੀ-ਜੀਵਨ ਦੀ ਜਾਚ ਸਿਖੀ, ਉਸੇ ਤਰ੍ਹਾਂ ਲਿਖੀ। ੨੮ਵੀਂ ਵਾਰ ਦੀ ਪੰਜਵੀਂ ਤੇ ਸਤਵੀਂ ਪਉੜੀ ਵਿਚ ਇਉਂ ਸੇਧ ਦਿੱਤੀ ਹੈ:-

**ੳ) ਗੁਰਸਿਖੀ ਦਾ ਸਿਖਣਾ, ਸਬਦ ਸੁਰਤਿ ਸਤਿਸੰਗਤਿ ਸਿਖੈ ॥**
**ਗੁਰਸਿਖੀ ਦਾ ਲਿਖਣਾ, ਗੁਰਬਾਣੀ ਸੁਣਿ ਸਮਝੈ ਲਿਖੈ ॥**
**ਅ) ਗੁਰਸਿਖੀ ਦਾ ਵੇਖਣਾ, ਗੁਰਮੁਖਿ ਸਾਧ ਸੰਗਤਿ ਗੁਰਦੁਆਰਾ ॥**
**ਗੁਰਸਿਖੀ ਦਾ ਚਖਣਾ, ਸਾਧਸੰਗਤਿ ਗੁਰਸਬਦ ਵੀਚਾਰਾ ॥**

ਭਾਵ ਗੁਰੂ ਦੇ ਸਿਧਾਂਤਾਂ ਦੀ ਸੋਝੀ ਸੰਗਤੀ ਜੀਵਨ ਹੰਢਾਏ ਬਿਨਾਂ ਨਹੀਂ ਆ ਸਕਦੀ। ਐਵੇਂ ਵਿਅਕਤੀਗਤ ਬੌਧਿਕ ਖੋਜਾਂ ਤੇ ਹਾਵਾਂ ਭਾਵਾਂ ਨਾਲ ਸਿਦਕ ਦੀ ਪਉੜੀ ਉਤੇ ਨਹੀਂ ਚੜ੍ਹਿਆ ਜਾ ਸਕਦਾ। ਆਓ, ਮਨ ਦੇ ਸਿੱਖ ਨਾ ਬਣੀਏ ਗੁਰੂ ਦੇ ਆਗਿਆਕਾਰੀ ਸਿੱਖ ਬਣ ਕੇ ਸ਼ਰਧਾ ਤੇ ਭਾਵਨੀ ਨਾਲ ਨਾਮ ਅਤੇ ਗੁਰਬਾਣੀ ਵੀਚਾਰਾਂ ਨੂੰ ਆਪਣਾ ਤੇ ਸਾਰੇ ਪਰਵਾਰ ਦਾ ਜੀਵਨ-ਆਧਾਰ ਬਣਾਈਏ। ਗੁਰੂ ਜੀ ਦਾ ਹੁਕਮ ਹੈ:--

**ਅਨਦਿਨੁ ਨਾਮੁ ਜਪਹੁ ਗੁਰਸਿਖਹੁ,**
**ਹਰਿ ਕਰਤਾ ਸਤਿਗੁਰੁ ਘਰੀ ਵਸਾਏ॥ [ਪੰਨਾ ੩੦੮**

ਮੇਰਾ ਮੰਤਵ ਕਿਸੇ ਸੰਤ ਜਾਂ ਬਾਣੇ ਦਾ ਵਿਰੋਧ ਕਰਨਾ ਨਹੀਂ, ਗੁਰਬਾਣੀ ਦੇ ਸਿਧਾਂਤਾਂ ਨਾਲ ਜੁੜੇ ਹੋਏ ਸੰਤਾਂ ਦਾ ਸਤਿਕਾਰ ਕਰਨਾ ਹੈ। ਇਸ ਬਾਰੇ ਸਾਨੂੰ ਇਉਂ ਸੇਧ ਮਿਲਦੀ ਹੈ:--

**ਜਿਨ ਡਿਠਿਆ ਮਨੁ ਰਹਸੀਐ, ਕਿਉ ਪਾਈਐ ਤਿਨ ਸੰਗੁ ਜੀਉ ॥**
**ਸੰਤ ਸਜਨ ਮਨ ਮਿਤ੍ਰ ਸੇ, ਲਾਇਨਿ ਪ੍ਰਭ ਸਿਉ ਰੰਗੁ ਜੀਉ ॥**
**ਤਿਨ ਸਿਉ ਪ੍ਰੀਤਿ ਨ ਤੁਟਈ, ਕਬਹੁ ਨ ਹੋਵੈ ਭੰਗੁ ਜੀਉ ॥ [ਪੰਨਾ ੭੬੦**

ਗੁਰਬਾਣੀ, ਸ਼ਾਂਤੀ, ਸ਼ਕਤੀ, ਭਗਤੀ ਤੇ ਮੁਕਤੀ ਦੀ ਦਾਤੀ ਹੈ। ਇਸ ਦੇ ਭਾਵਾਂ ਵਿਚ ਸਮਾਇਆਂ ਮਨ ਉਤੇ ਬੈਰਾਗ ਤੇ ਅਨੁਰਾਗ ਦੀ ਮੁਹਰ ਲਗਦੀ ਹੈ। ਗੁਰਬਾਣੀ 'ਅੰਤਰਗਤਿ ਤੀਰਥ' ਹੈ ਜਿਸ ਵਿਚ ਇਸ਼ਨਾਨ ਕੀਤਿਆਂ ਨਾਮ-ਸਿਮਰਨ ਦਾ ਵਰਦਾਨ ਪ੍ਰਾਪਤ ਹੁੰਦਾ ਹੈ। ਇਹ ਇਕ ਅਜਿਹਾ ਦਰਪਣ ਹੈ ਜਿਸ ਵਿਚੋਂ ਨਿਰੰਕਾਰ ਜੀ ਦੀ ਨਿਰੰਜਨੀ ਜੋਤਿ ਦੇ ਦਰਸ਼ਨ ਹੁੰਦੇ ਹਨ।

ਗਿਆਰ੍ਹਵੀਂ ਪੋਥੀ ਉਪਲਬਧ ਕਰਾਉਂਦਿਆਂ ਇਕ ਅਹਿਮ ਗੱਲ ਵਲ ਪਾਠਕਾਂ ਦਾ ਧਿਆਨ ਦਿਵਾਉਣਾ ਅਤਿ ਜ਼ਰੂਰੀ ਸਮਝਦਾ ਹਾਂ ਕਿ ਅਜ ਕਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਜਾਂ ਪੋਥੀਆਂ ਜੋ ਦੁਕਾਨਦਾਰ ਛਪਵਾਉਂਦੇ ਹਨ ਅਤੇ ਜੋ ਪਾਵਨ ਸਰੂਪ ਤੇ ਸ਼ਬਦਾਰਥ-ਸ਼੍ਰੋਮਣੀ ਗੁਰਦੁਆਰਾ

ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵਲੋਂ ਪ੍ਰਕਾਸ਼ਤ ਹੋ ਰਹੇ ਹਨ, ਕਈ ਥਾਵਾਂ ਤੇ ਸ਼ਬਦ ਜੋੜ ਇਕ ਦੂਜੇ ਨਾਲ ਮੇਲ ਨਹੀਂ ਖਾਂਦੇ ਜਿਸ ਦੇ ਫਲ ਸਰੂਪ ਗੁਰਬਾਣੀ ਦੀ ਅਰਥ-ਵਿਆਖਿਆ ਵਿਚ ਅੰਤਰ ਅਤੇ ਸਿਧਾਂਤਕ ਫਰਕ ਪੈ ਜਾਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਜਿਥੋਂ ਤੱਕ ਪੁਰਾਤਨ ਹੱਥ ਲਿਖਤੀ ਸਰੂਪਾਂ ਦਾ ਸੰਬੰਧ ਹੈ, ਗੁਰਬਾਣੀ ਦੇ ਲਗਮਾਤਰੀ ਨੇਮਾਂ ਅਨੁਸਾਰ ਉਨ੍ਹਾਂ ਵਿਚ ਵੀ ਉਤਾਰਾ ਕਰਦਿਆਂ ਲਿਖਾਰੀਆਂ ਪਾਸੋਂ ਕਈ ਥਾਵਾਂ ਤੇ ਉਕਾਈਆਂ ਨਜ਼ਰੀਂ ਪੈਂਦੀਆਂ ਹਨ, ਪਰੰਤੂ ਛਾਪਿਆਂ ਵਿਚ ਲਗਾਤਾਰ ਆ ਰਹੀਆਂ ਅਸ਼ੁੱਧੀਆਂ ਨੂੰ ਸੋਧਣ ਵਿਚ ਪੁਰਾਤਨ ਸਰੂਪ ਬਹੁਤ ਹੀ ਸਹਾਇਕ ਹਨ। ਸਿੱਖ ਵਿਦਵਾਨਾਂ, ਸ਼ਰਧਾਵਾਨਾਂ ਅਤੇ ਵਿਸ਼ੇਸ਼ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਨੂੰ ਇਸ ਪਾਸੇ ਧਿਆਨ ਦੇਣਾ ਬਣਦਾ ਹੈ।

ਕੋਟਾਨਿ ਕੋਟਿ ਧੰਨਵਾਦ ਹੈ ਸਮਰਥ ਗੁਰਦੇਵ ਪਿਤਾ ਜੀ ਦਾ ਜਿਨ੍ਹਾਂ ਦਾ ਦਾਸਰੇ ਦੇ ਸਿਰ ਉਤੇ ਹੱਥ ਹੋਣ ਸਦਕਾ ਹੀ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ ਸਟੀਕ' ਦੀ ਗਿਆਰ੍ਹਵੀਂ ਪੋਥੀ ਦੀ ਪ੍ਰਕਾਸ਼ਨਾ ਦਾ ਕਾਰਜ ਨਿਰਵਿਘਨ ਸੰਪੂਰਨ ਹੋਇਆ ਹੈ।

ਜਿਵੇਂ ਪਰਮ ਸਨੇਹੀ ਗਿ. ਇੰਦਰਜੀਤ ਸਿੰਘ ਜੀ ਇਸ ਸਟੀਕ ਦੀ ਸੰਪੂਰਨਤਾ ਲਈ ਹਮੇਸ਼ਾਂ ਜਤਨਸ਼ੀਲ ਰਹੇ, ਤਿਵੇਂ ਗੁਰੂ ਘਰ ਦੇ ਨਿਸ਼ਕਾਮ ਸੇਵਕ ਭਾ.ਸ. ਕਸ਼ਮੀਰ ਸਿੰਘ ਜੀ ਜਿਨ੍ਹਾਂ ਨੇ 'ਮਾਰਗ ਦਰਸ਼ਨ' ਰਾਹੀਂ ਪਾਠਕਾਂ ਨਾਲ ਵੀਚਾਰਾਂ ਦੀ ਸਾਂਝ ਵਿਚ ਆਪਣਾ ਯੋਗਦਾਨ ਪਾਇਆ ਹੈ, ਦਾਸਰਾ ਦਿਲੋਂ ਧੰਨਵਾਦੀ ਹੈ। ਕਾਕਾ ਸ਼ਰਨਾਗਤ ਸਿੰਘ ਤੇ ਪਰਵਾਰ ਦੇ ਮੈਂਬਰ ਵੀ ਇਸ ਸੇਵਾ ਵਿਚ ਜੁੱਟੇ ਹੋਏ ਹਨ।

ਅੰਤ ਵਿਚ ਰਹੀਆਂ ਉਕਾਈਆਂ ਤੇ ਭੁਲਾਂ ਦੀ ਅੰਤਰਜਾਮੀ ਪਰਮੇਸ਼ਰ ਜੀ ਅਤੇ ਗੁਰੂ ਪਿਆਰਿਆਂ ਪਾਸੋਂ ਖਿਮਾ ਮੰਗਦਾ ਹਾਂ:—

**ਭੂਲ ਛਿਮੋ ਹਮਰੀ ਪ੍ਰਭ ਆਪਨ, ਭੂਲਨਹਾਰ ਕਹਾ ਕੋਊ ਮੋ ਸੋ ॥**

ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਿਹ ।

ਗੁਰੂ ਪੰਥ ਦਾ ਦਾਸਰਾ

***ਹਰਿਬੰਸ ਸਿੰਘ***

ਗੁਰਮਤਿ ਨਿਰਣੈ ਭਵਨ, ੨੫-੧੦-੯੪

ਪਟਿਆਲਾ।

# ਚਿੰਤਾ ਤੇ ਅਚਿੰਤਾ

**ਚਿੰਤਤ ਹੀ ਦੀਸੈ ਸਭੁ ਕੋਇ ॥ ਚੇਤਹਿ ਏਕੁ ਤਹੀ ਸੁਖੁ ਹੋਇ ॥** [ਪੰਨਾ ੯੩੨

***ਚਿੰਤਾ ਦੀ ਪਰਿਭਾਸ਼ਾ—***

ਕਿਸੇ ਅਪੂਰਨ ਕੰਮ ਨੂੰ ਪੂਰਾ ਕਰਨ ਲਈ ਮੁੜ ਮੁੜ ਸੋਚ ਸਾਗਰ ਵਿਚ ਡੁਬਣ ਦਾ ਨਾਂ 'ਚਿੰਤਾ' ਹੈ। ਅੰਦੇਸਾ, ਫ਼ਿਕਰ, ਗ਼ਮ, ਕਾੜ੍ਹਾ, ਝੋਰਾ, ਸੋਚ ਆਦਿ ਸਾਰੇ ਸ਼ਬਦ ਹੀ ਚਿੰਤਾ ਦਾ ਬਦਲਵਾਂ ਰੂਪ ਤੇ ਸਮਾਨਾਰਥਕ ਹਨ।

ਚਿੰਤਾ ਦਾ ਚਿਤ੍ਰਣ ਇਕ ਚੋਖਟੇ ਵਿਚ ਮੂਰਤੀਮਾਨ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਸ ਦੇ ਅਨੇਕਾਂ ਰੂਪ ਹਨ ਅਤੇ ਹਰੇਕ ਜੀਵ ਜੰਤੂ ਦੇ ਚਿਤ ਵਿਚ ਇਸ ਦਾ ਵਾਸਾ ਹੈ। ਚਿੰਤਾ ਕੋਈ ਠੋਸ ਵਸਤੂ ਨਹੀਂ, ਜਿਹੜੀ ਸਥੂਲ ਹੱਥਾਂ ਨਾਲ ਫੜੀ ਜਾਂ ਅੱਖਾਂ ਨਾਲ ਵੇਖੀ ਜਾ ਸਕਦੀ ਹੋਵੇ। ਹਾਂ, ਇਸ ਦੇ ਚਿੰਨ੍ਹ ਚਿੰਤਾਤੁਰ ਮਨੁੱਖਾਂ ਦੇ ਚਿਹਰਿਆਂ ਤੋਂ ਸੁਤੇ ਹੀ ਪ੍ਰਗਟ ਹੁੰਦੇ ਹਨ। ਜਿਸ ਦੇ ਚਿਤ ਵਿਚ ਚਿੰਤਾ ਦਾ ਅੰਸ਼ ਹੋਵੇ, ਉਸ ਦਾ ਚਿਹਰਾ ਹਿਸਿਆ ਹੋਇਆ, ਮੁਰਝਾਇਆ ਹੋਇਆ, ਸੋਚਾਂ ਵਿਚ ਡੁਬਿਆ ਹੋਇਆ ਅਤੇ ਨਿਮੋਝੂਣਾ ਜਿਹਾ ਲਗਦਾ ਹੈ, ਨਾ ਉਸ ਦੇ ਚਿਹਰੇ ਉਤੇ ਖੇੜਾ ਹੁੰਦਾ ਹੈ, ਨਾ ਬੁਲਾਂ ਤੇ ਮੁਸਕਰਾਹਟ ਹੁੰਦੀ ਹੈ, ਉਸ ਦੇ ਹਿਰਦੇ ਵਿਚ ਬੇ-ਚੈਨੀ ਦਾ ਬੀਜ ਬੋਇਆ ਹੁੰਦਾ ਹੈ।

***ਚਿੰਤਾ ਦਾ ਚਸ਼ਮਾ—*** ਚਿੰਤਾ ਦਾ ਮੂਲ ਚਸ਼ਮਾ 'ਮੋਹ' ਹੈ, ਜਿਥੋਂ ਅਨਿਕ ਪ੍ਰਕਾਰੀ ਆਸਾਂ ਦੀਆਂ ਤਰੰਗਾਂ ਉਠਦੀਆਂ ਹਨ ਅਤੇ ਇਹਨਾਂ ਦੀ ਅਪੂਰਤੀ ਹੀ ਚਿੰਤਾ ਦੀ ਜਨਮ ਦਾਤੀ ਬਣਦੀ ਹੈ। ਗੁਰਵਾਕ ਹਨ:—

**ਜਬ ਆਸਾ ਅੰਦੇਸਾ ਤਬ ਹੀ, ਕਿਉ ਕਰਿ ਏਕੁ ਕਹੈ ॥**
**ਆਸਾ ਭੀਤਰਿ ਰਹੈ ਨਿਰਾਸਾ, ਤਉ ਨਾਨਕ ਏਕੁ ਮਿਲੈ ॥** [ਪੰਨਾ ੮੭੭

ਗੁਰਬਾਣੀ ਰਾਹੀਂ 'ਚਿੰਤਾ' ਦਾ ਅਧਿਐਨ ਕਰੀਏ ਤਾਂ ਇਸ ਦੀ ਵਿਲਖਣਤਾ ਬਾਰੇ ਵੀਚਾਰਾਂ ਦੀ ਲੜੀ ਇਉਂ ਜੁੜਦੀ ਹੈ ਕਿ ਜਗਤ ਪਰਮਾਤਮਾ ਦਾ ਇਕ ਖੇਲ ਹੈ। ਇਸ ਵਿਚ ਕੋਈ ਜੀਵ ਭੀ ਇਕ ਦੂਜੇ ਨਾਲ ਨਹੀਂ ਮਿਲਦਾ, ਸਭ ਦੀ ਸ਼ਕਲ ਵਖਰੀ ਅਤੇ ਅਕਲ ਭੀ ਵਖਰੀ ਹੈ। ਇਸ ਵਖਰੇਵੇਂ ਦੇ ਕਾਰਨ ਹਰੇਕ ਦੀ ਰਫ਼ਤਾਰ ਤੇ ਗੁਫ਼ਤਾਰ ਵਿਚ ਵੀ ਅੰਤਰ ਹੈ। ਇਸ ਫ਼ਰਕ ਨੂੰ ਵੇਖ ਕੇ ਸਿਰਜਨਹਾਰ ਪ੍ਰਸੰਨ ਹੁੰਦਾ ਹੈ। ਸਭ ਤੋਂ ਅਸਚਰਜ ਗੱਲ ਇਹ ਹੈ ਕਿ ਉਸ ਪ੍ਰਭੂ ਨੇ ਸਾਰੇ ਰਸ ਮਨੁੱਖਾ ਦੇਹੀ ਅੰਦਰ ਪਾਏ ਹਨ ਪਰ ਜੀਵ ਉਨ੍ਹਾਂ ਦਾ ਰਸ ਮਾਣਨ ਤੋਂ ਵੰਚਿਤ ਹੈ। ਸ੍ਰੀ ਗੁਰੂ ਅਮਰਦਾਸ ਜੀ ਦੇ ਅੰਮ੍ਰਿਤ ਬਚਨ ਹਨ:—

**ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ॥ ਕੋਇ ਨ ਕਿਸਹੀ ਜੇਹਾ ਉਪਾਇਆ॥**
**ਆਪੇ ਫਰਕੁ ਕਰੇ ਵੇਖਿ ਵਿਗਸੈ, ਸਭਿ ਰਸ ਦੇਹੀ ਮਾਹਾ ਹੇ ॥** [ਪੰਨਾ ੧੦੫੬

ਪਰਮਾਤਮਾ ਨੇ ਆਪ ਕਿਸੇ ਜੀਵ ਨੂੰ ਚਿੰਤਾ ਨਹੀਂ ਚਮੋੜੀ, ਇਸ ਨੂੰ ਵਿਹਾਝਣ ਵਾਲੀ ਹਰੇਕ ਮਨੁੱਖ ਦੀ ਆਪੋ ਆਪਣੀ ਸੁਰਤਿ ਹੈ। ਇਸ ਲਈ ਚਿੰਤਾ ਦੀ ਕਸ਼ੀਦਗੀ ਦਾ ਜਿੰਮੇਵਾਰ ਮਨੁੱਖ ਆਪ ਹੈ।

ਸਿਰੀ ਰਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਸੁਰਤਿ' ਬਾਰੇ ਜੋ ਸਪਸ਼ਟੀਕਰਨ ਦਿੱਤਾ ਹੈ, ਉਸ ਤੋਂ ਚਿੰਤਾ ਦੀ ਉਤਪਤੀ ਬਾਰੇ ਸਹਿਜੇ ਹੀ ਪਤਾ ਲੱਗ ਜਾਂਦਾ ਹੈ:-

**ਏਕਾ ਸੁਰਤਿ ਜੇਤੇ ਹੈ ਜੀਅ ॥ ਸੁਰਤਿ ਵਿਹੂਣਾ ਕੋਇ ਨ ਕੀਅ ॥**

**ਜੇਹੀ ਸੁਰਤਿ, ਤੇਹਾ ਤਿਨ ਰਾਹੁ॥ ਲੇਖਾ ਇਕੋ ਆਵਹੁ ਜਾਹੁ ॥** [ਪੰਨਾ ੨੪

ਸੰਸਾਰ ਵਿਚ ਅਜਿਹਾ ਕੋਈ ਜੀਵ ਨਹੀਂ ਜਿਸ ਨੂੰ ਕਰਤਾ ਪੁਰਖ ਜੀ ਵਲੋਂ 'ਸੁਰਤਿ' ਨਾ ਮਿਲੀ ਹੋਵੇ। 'ਸੁਰਤਿ' ਦੀ ਵਰਤੋਂ ਦਾ ਅਧਿਕਾਰ ਹਰੇਕ ਮਨੁੱਖ ਨੂੰ ਹੈ ਪਰ ਉਹ ਇਸ ਦੀ ਵਰਤੋਂ ਤੇ ਨਿਰਭਰ ਕਰਦਾ ਹੈ। ਜੇ ਇਸ ਦੀ ਸੁਰਤਿ ਦਾ ਗੁਰੂ ਦੇ ਸ਼ਬਦ ਨਾਲ ਸੰਗਮ ਹੋ ਜਾਵੇ ਤਾਂ ਇਸ ਦਾ ਜੀਵਨ-ਪੰਧ ਸੁਖ ਸ਼ਾਂਤੀ ਨਾਲ ਸੰਪੂਰਨ ਹੋ ਸਕਦਾ ਹੈ। ਜੇ ਮਨੁੱਖ ਚਤੁਰਾਈ, ਹੰਕਾਰ ਤੇ ਦੁਨਿਆਵੀ ਲਾਲਸਾਵਾਂ ਨਾਲ ਆਪਣੀ ਸੁਰਤਿ ਲਬੇੜ ਕੇ ਚਿੰਤਾ ਪੈਦਾ ਕਰ ਲਵੇ ਤਾਂ ਇਸ ਨੂੰ ਜੀਵਨ-ਲਾਹੇ ਦੀ ਥਾਂ ਤੋਟੇ ਦਾ ਮੂੰਹ ਵੇਖਣਾ ਪੈਂਦਾ ਹੈ। ਸੁਰਤਿ ਦੀ ਉਚਾਣ (ਚੜ੍ਹਾਉ) ਨੇ ਹੀ ਇਸ ਦਾ ਮਾਰਗ ਪਰਦਰਸ਼ਨ ਕਰਨਾ ਹੈ। 'ਚੁਭੀ ਰਹੀ ਸੁਰਤਿ ਪ੍ਰਭ ਚਰਨਨ ਮਹਿ' ਵਾਲੀ ਸਥਿਤੀ ਹੀ ਚਿੰਤਾ ਤੋਂ ਮੁਕਤ ਕਰਦੀ ਹੈ। ਜੇ ਸੁਰਤਿ ਦਾ ਨਿਵਾਣ (ਗਿਰਾਉ) ਹੋਵੇ ਤਾਂ ਇਸ ਦੀ ਹੰਗਤਾ ਵਿਚ ਬ੍ਰਿਧੀ ਹੁੰਦੀ ਹੈ, ਜੋ ਇਸ ਨੂੰ ਜੂਨੀਆਂ ਦੇ ਲੇਖੇ-ਜੋਖੇ ਵਾਲੇ ਚੱਕਰ ਵਿਚ ਪਾਈ ਰਖਦੀ ਹੈ:--

**ਹਉਮੈ ਏਹਾ ਜਾਤਿ ਹੈ, ਹਉਮੈ ਕਰਮ ਕਮਾਹਿ ॥**

**ਹਉਮੈ ਏਈ ਬੰਧਨਾ, ਫਿਰਿ ਫਿਰਿ ਜੋਨੀ ਪਾਹਿ ॥** [ਪੰਨਾ ੪੬੬

ਚਿੰਤਾ ਦੀ ਉਪਜ ਤੇ ਨਿਪਜ ਦਾ ਟਿਕਾਣਾ ਸੁਰਤਿ ਹੀ ਹੈ। ਜੇ ਸੁਰਤਿ 'ਸੋਇ ਅਚਿੰਤਾ ਜਾਗਿ ਅਚਿੰਤਾ॥ ਜਹਾ ਕਹਾ ਪ੍ਰਭੁ ਤੂੰ ਵਰਤੰਤਾ' ਵਿੱਚ ਪਰਵਿਰਤ ਹੋਵੇ ਤਾਂ ਖੁਸ਼ੀਆਂ ਤੇ ਖੇੜਿਆਂ ਦੇ ਭੰਡਾਰ ਨਸੀਬ ਹੋਣਗੇ, ਨਹੀਂ ਤਾਂ ਇਸ ਦੀ ਦਸ਼ਾ ਬਦਲ ਕੇ ਨਾਰਕੀ ਹੋ ਜਾਂਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਉਚਾਰਨ ਕੀਤੀਆਂ ਹੇਠ ਲਿਖੀਆਂ ਪੰਗਤੀਆਂ ਚੋਂ ਸਾਨੂੰ ਚਿੰਤਾ ਬਾਰੇ ਇਹ ਦ੍ਰਿਸ਼ਟਾਂਤ ਮਿਲਦਾ ਹੈ:–

**ਕਾਇਆ ਆਰਣੁ, ਮਨੁ ਵਿਚਿ ਲੋਹਾ, ਪੰਚ ਅਗਨਿ ਤਿਤੁ ਲਾਗਿ ਰਹੀ॥**

**ਕੋਇਲੇ ਪਾਪ ਪੜੇ ਤਿਸੁ ਊਪਰਿ, ਮਨੁ ਜਲਿਆ, ਸੰਨ੍ਹੀ ਚਿੰਤ ਭਈ॥੩॥**[ਪੰਨਾ ੯੯੦

ਭਾਵ ਕਾਇਆ ਭੱਠੀ ਹੈ, ਇਸ ਵਿਚ ਮਨ ਲੋਹੇ ਦੀ ਨਿਆਈਂ ਤਪ ਰਿਹਾ ਹੈ। ਇਸ ਨੂੰ ਕਾਮ,ਕ੍ਰੋਧ ਆਦਿਕ ਪੰਜ ਵਿਕਾਰਾਂ ਦੀ ਅੱਗ ਲਗ ਰਹੀ ਹੈ। ਇਸ ਮਨ ਰੂਪੀ ਲੋਹੇ ਉਤੇ ਪਾਪਾਂ ਰੂਪੀ ਕੋਲੇ ਪਏ ਹੋਏ ਹਨ, ਇਹ ਜਿਉਂ ਜਿਉਂ ਭਖਦੇ ਹਨ, ਮਨ ਸੜ ਸੜ ਕੇ ਹੋਰ ਦੁਖੀ ਹੁੰਦਾ ਹੈ। ਚਿੰਤਾ ਸੰਨ੍ਹੀ ਬਣ ਕੇ ਮਨ ਨੂੰ ਉਲਟਾ ਪੁਲਟਾ ਕਰਕੇ ਸਾੜਦੀ ਰਹਿੰਦੀ ਹੈ।

ਗਲ ਕੀ ਚਿੰਤਾ ਨੂੰ 'ਸੰਨ੍ਹੀ' (ਚਿਮਟੀ) ਨਾਲ ਤੁਲਨਾ ਦਿਤੀ ਹੈ। ਸਾਡੀ ਸੁਰਤਿ ਵੀ ਸੰਨ੍ਹੀ ਦਾ ਕੰਮ ਕਰਦੀ ਹੈ। ਭਾਂਤ-ਭਾਂਤ ਦੀ ਕਲਪਣਾ ਵਾਲੇ ਉਲਟੇ ਪੁਲਟੇ ਵੀਚਾਰਾਂ ਨੂੰ ਫੜਦੀ ਹੈ ਜੋ ਸਰੀਰ ਨੂੰ ਸਾੜਨ ਵਿਚ ਮਨ ਦੀ ਮਦਦ ਕਰਦੇ ਹਨ। ਤੱਤ ਇਹ ਕਿ ਜਦੋਂ ਤੱਕ ਅਸੀਂ ਤਿੰਨ ਗੁਣਾਂ ਵਾਲੇ ਕਰਮ ਕਰਦੇ ਰਹਾਂਗੇ, ਸਾਨੂੰ ਆਸਾ ਤੇ ਫਿਕਰ ਲਗੇ ਰਹਿਣਗੇ। ਪਰ ਜੇ ਗੁਰੂ ਦੀ ਕਿਰਪਾ ਹੋ ਗਈ ਤਾਂ ਤਿੰਨ ਗੁਣਾਂ ਦੀ

ਕੈਦ ਚੋਂ ਨਿਕਲ ਕੇ ਸਹਜ-ਅਵਸਥਾ ਵਿਚ ਅਪੜ ਜਾਵਾਂਗੇ, ਜਿਥੇ ਸਦਾ ਸੁਖ ਹੁੰਦਾ ਹੈ। ਗੁਰੂ ਜੀ ਨੇ ਇਸ ਤੱਥ ਨੂੰ ਇਉਂ ਉਜਾਗਰ ਕੀਤਾ ਹੈ:–

**ਤ੍ਰਿਬਿਧਿ ਕਰਮ ਕਮਾਈਅਹਿ, ਆਸ ਅੰਦੇਸਾ ਹੋਇ ॥**
**ਕਿਉ ਗੁਰ ਬਿਨੁ ਤ੍ਰਿਕੁਟੀ ਛੁਟਸੀ,ਸਹਜਿ ਮਿਲਿਐ ਸੁਖੁ ਹੋਇ।**
**ਨਿਜ ਘਰਿ ਮਹਲੁ ਪਛਾਣੀਐ, ਨਦਰਿ ਕਰੇ ਮਲੁ ਧੋਇ ॥** [ਪੰਨਾ ੧੮

*ਚਿੰਤਾ ਦਾ ਸੰਕਲਪ-*

ਚਿੰਤਾ ਨੂੰ ਦਿਲੋਂ ਕੋਈ ਮਨੁੱਖ ਵੀ ਨਹੀਂ ਚਾਹੁੰਦਾ, ਹਰ ਕੋਈ 'ਚਾਉ' ਦਾ ਹੀ ਚਾਹਵਾਨ ਹੁੰਦਾ ਹੈ ਪਰ ਇਹ ਮਲੋ ਮਲੀ ਹਰੇਕ ਹਿਰਦੇ ਵਿਚ ਆ ਪਰਵੇਸ਼ ਕਰਦੀ ਹੈ। ਮਾਂ ਦੇ ਗਰਭ ਵਿਚ 'ਮੁਖੁ ਤਲੈ ਪੈਰ ਉਪਰੇ,ਵਸੰਦੋ ਕੁਹਥੜੈ ਥਾਇ' ਦੀ ਹਾਲਤ ਵਿਚ ਹੁੰਦਾ ਹੈ, ਓਦੋਂ ਸਾਸ ਸਾਸ ਪਰਮਾਤਮਾ ਦਾ ਚਿੰਤਨ ਕਰਦਾ ਹੋਇਆ ਬੇਨਤੀ ਕਰਦਾ ਹੈ 'ਹੇ ਪ੍ਰਭੂ! ਮੈਨੂੰ ਇਸ ਕੁੰਭੀ ਨਰਕ ਚੋਂ ਬਾਹਰ ਕਢੋਂ ਪਰ ਉਥੋਂ ਨਿਕਲਦੇ ਹੀ ਸੰਸਾਰ ਨਾਲ ਪਿਆਰ ਪਾ ਲੈਂਦਾ ਹੈ। ਗੁਰਦੇਵ ਜੀ ਦੇ ਬਚਨ ਹਨ:–

ੳ- **ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ, ਹੁਕਮਿ ਪਇਆ ਗਰਭਾਸਿ ॥**
**ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ,**
**ਖਸਮ ਸੇਤੀ ਅਰਦਾਸਿ ॥** [ਪੰਨਾ ੭੪

ਅ- **ਵਿਚਹੁ ਗਰਭੈ ਨਿਕਲਿ ਆਇਆ ॥**
**ਖਸਮੁ ਵਿਸਾਰਿ ਦੁਨੀ ਚਿਤੁ ਲਾਇਆ॥** [ਪੰਨਾ ੧੦੦੭

ਸੰਸਾਰ ਵਿਚ ਪ੍ਰਵੇਸ਼ ਕਰਦਿਆਂ ਇਸ ਦੇ ਪਿਆਰ ਵਾਲੇ ਵਿਸਥਾਰ ਦਾ ਸ਼ਜਰਾ ਗੁਰਬਾਣੀ ਵਿੱਚ ਇਉਂ ਅੰਕਿਤ ਹੈ:-

**ਪਹਿਲੈ ਪਿਆਰਿ ਲਗਾ, ਥਣ ਦੁਧਿ ॥ ਦੂਜੈ ਮਾਇ ਬਾਪ ਕੀ ਸੁਧਿ ॥**
**ਤੀਜੈ ਭਯਾ ਭਾਭੀ ਬੇਬ ॥ ਚਉਥੈ ਪਿਆਰਿ ਉਪੰਨੀ ਖੇਡ ॥....** [ਪੰਨਾ ੧੩੭

ਜੰਮਦੇ ਬਾਲਕਾਂ ਦੇ ਚਿਹਰਿਆਂ ਵਲ ਨੀਝ ਲਾ ਕੇ ਵੇਖੋ, ਕਈ ਬਚਿਆਂ ਦੇ ਚਿਹਰਿਆਂ ਤੇ ਨਿਰਾ ਖੇੜਾ ਹੀ ਹੁੰਦਾ ਹੈ, ਪਰ ਕਈ ਬੱਚੇ ਸਹਿਮੇ ਹੋਏ, ਚਿੰਤਾ ਦੇ ਸ਼ਿਕਾਰ ਹੋਏ ਰਹਿੰਦੇ ਹਨ, ਨਾ ਓਹ ਹਸਦੇ ਹਨ ਨਾ ਰੋਂਦੇ ਹਨ, ਉਦਾਸੀ ਦੀ ਹਾਲਤ ਵਿਚ ਹੀ ਪਏ ਰਹਿੰਦੇ ਹਨ। ਸੋ, ਚਿੰਤਾ ਤੇ ਅਚਿੰਤਾ ਦੋਵੇਂ ਹੀ ਜੀਵ ਦੇ ਪੂਰਬਲੇ ਜਨਮਾਂ ਦੇ ਸੰਚਤ ਕਰਮਾਂ ਨਾਲ ਜੁੜੀਆਂ ਹੋਈਆਂ ਜਾਪਦੀਆਂ ਹਨ। ਸੰਸਾਰ ਵਿਚ ਆ ਕੇ ਜੀਵ ਦੇ ਅੰਦਰ ਸੰਗਤੀ ਵਾਤਾਵਰਨ ਅਨੁਸਾਰ ਚਿੰਤਾ ਤੇ ਅਚਿੰਤਾ ਦੇ ਬੀਜ ਪੁੰਗਰਦੇ ਰਹਿੰਦੇ ਹਨ, ਜਿਨ੍ਹਾਂ ਦੇ ਪ੍ਰਭਾਵਾਂ ਤੋਂ ਕੋਈ ਮਨੁੱਖ ਮੁਨਕਰ ਨਹੀਂ ਹੋ ਸਕਦਾ। ਬਚਪਨ ਵਿਚ ਬੀਮਾਰੀਆਂ ਦਾ ਸ਼ਿਕਾਰ ਹੋਣਾ ਜਾਂ ਖੇੜੇ ਤੋਂ ਵੰਚਿਤ ਰਹਿਣਾ, ਅਥਵਾ ਖ਼ੁਸ਼ੀ ਤੇ ਗ਼ਮੀ ਆਦਿ ਦੇ ਚਿੰਨ ਹਰੇਕ ਨੂੰ ਵਿਰਸੇ ਵਿਚ ਹੀ ਮਿਲੇ ਹੁੰਦੇ ਹਨ:–

ਯਥਾ- **ਸੁਖੁ ਦੁਖੁ ਪੁਰਬ ਜਨਮ ਕੇ ਕੀਏ॥ ਸੋ ਜਾਣੈ ਜਿਨਿ ਦਾਤੈ ਦੀਏ ॥**

**ਕਿਸ ਕਉ ਦੋਸੁ ਦੇਹਿ ਤੂ ਪ੍ਰਾਣੀ, ਸਹੁ ਅਪਣਾ ਕੀਆ ਕਰਾਰਾ ਹੇ॥ [ਪੰਨਾ ੧੦੩੦**

ਅੰਦਰਲੀ ਚਿੰਤਾ ਦੀ ਜਿਥੇ ਮਨ ਅੰਦਰ ਸਾਂਝ ਹੈ, ਉਥੇ ਸਰੀਰ ਨੂੰ ਰੋਗੀ ਰਖਣ ਵਿਚ ਵੀ ਇਸ ਦਾ ਵੱਡਾ ਹਿੱਸਾ ਹੈ। ਚਿੰਤਾ ਤੋਂ ਉਪਜਣ ਵਾਲੇ ਮਾਨਸਿਕ ਰੋਗਾਂ ਦੀ ਭਰਮਾਰ ਨੇ ਅਨੇਕਾਂ ਹਸਪਤਾਲ ਭਰ ਦਿੱਤੇ ਹਨ। ਦਿਲ ਦੇ ਰੋਗੀਆਂ ਦਾ ਇਲਾਜ ਕਰਨ ਵਾਲੇ ਡਾਕਟਰ ਦਸਦੇ ਹਨ ਕਿ ਇਸ ਬੀਮਾਰੀ ਦਾ ਵੱਡਾ ਕਾਰਨ ਮਾਨਸਿਕ ਤਨਾਉ ਹੈ। ਜਿਹੜੇ ਮਨੁਖ ਹਰ ਸਮੇਂ ਤ੍ਰਿਸ਼ਨਾ ਤੇ ਚਿੰਤਾ ਭਰੇ ਜੀਵਨ ਵਿਚ ਵਿਚਰਦੇ ਹਨ ਓਹ ਹਰ ਕੰਮ ਸਹਿਜ-ਚਾਲ ਦੀ ਥਾਂ ਕਾਹਲੀ ਜਾਂ ਅਸ਼ਾਂਤੀ ਨਾਲ ਕਰਦੇ ਹਨ। ਕੇਵਲ, ਕਹਿਣ ਨਾਲ ਕਿ ਚਿੰਤਾ, ਫ਼ਿਕਰ ਜਾਂ ਕਰੋਧ ਕਰਨ ਨਾਲ ਮਾਨਸਿਕ ਤਨਾਉ ਵਧਦਾ ਹੈ, ਰੋਗ ਤੋਂ ਮੁਕਤ ਨਹੀਂ ਹੋ ਸਕੀਦਾ, ਇਸ ਰੋਗ ਦੀ ਨਵਿਰਤੀ ਲਈ ਆਪਣੇ ਵੀਚਾਰ ਤੇ ਆਦਤਾਂ ਬਦਲਣੀਆਂ ਪੈਂਦੀਆਂ ਹਨ:-

**ਜਬ ਬੁਧਿ ਹੋਤੀ ਤਬ ਬਲੁ ਕੈਸਾ, ਅਬ ਬੁਧਿ ਬਲੁ ਨ ਖਟਾਈ॥**

**ਕਹਿ ਕਬੀਰ ਬੁਧਿ ਹਰਿ ਲਈ ਮੇਰੀ, ਬੁਧਿ ਬਦਲੀ ਸਿਧਿ ਪਾਈ ॥ [ਪੰਨਾ ੩੩੯**

### *ਚਿੰਤਾ ਦੀ ਵਿਆਪਕਤਾ -*

ਇਸ ਸੰਸਾਰ ਦੇ ਪਸਾਰੇ ਵਿਚ ਜਦੋਂ ਬੱਚਾ ਹੋਸ਼ ਸੰਭਾਲਦਾ ਹੈ ਤਾਂ ਉਸ ਨੂੰ ਪੜ੍ਹਾਈ ਦੀ ਚਿੰਤਾ, ਫਿਰ ਪੜ੍ਹਾਈ ਵਿਚੋਂ ਫਸਟ ਆਉਣ ਦੀ ਚਿੰਤਾ। ਵਿਦਿਅਕ ਦਾਇਰਿਆਂ ਚੋਂ ਬਾਹਰ ਆਉਣ ਤੇ ਨੌਕਰੀ ਜਾਂ ਕਾਰ-ਵਿਹਾਰ ਦੀ ਚਿੰਤਾ, ਫਿਰ ਵਿਆਹ ਤੇ ਘਰੋਗੀ ਸੋਚਾਂ, ਜੇ ਸੰਤਾਨ ਨਾ ਪੈਦਾ ਹੋਵੇ ਤਾਂ ਚਿੰਤਾ, ਜੇ ਲੜਕੀਆਂ ਜੰਮਣ ਤਾਂ ਹੋਰ ਚਿੰਤਾ, ਜੇ ਪੁੱਤਰ ਜੰਮ ਪਏ ਪਹਿਲੇ ਖੁਸ਼ੀਆਂ, ਪਰ ਜਦੋਂ ਉਹ ਮਾਤਾ-ਪਿਤਾ ਦਾ ਆਗਿਆਕਾਰੀ ਨਾ ਨਿਕਲੇ, ਪਾਗਲ ਹੋ ਜਾਏ ਜਾਂ ਮਰ ਜਾਏ ਤਾਂ ਚਿੰਤਾ, ਜੇ ਧਨ ਬਹੁਤ ਹੋ ਜਾਵੇ ਤਾਂ ਉਸ ਨੂੰ ਸੰਭਾਲਣ ਦੀ ਚਿੰਤਾ, ਜੇ ਧਨ ਥੋੜਾ ਹੋਵੇ ਤਾਂ ਲੋੜੀਂਦੇ ਧਨ ਦੀ ਪ੍ਰਾਪਤੀ ਲਈ ਚਿੰਤਾ। ਗਲ ਕੀ, ਸਭ ਪਾਸੇ ਚਿੰਤਾ ਹੀ ਚਿੰਤਾ। ਗੁਰਵਾਕ ਹਨ:-

**੧. ਜਿਸੁ ਗ੍ਰਿਹਿ ਬਹੁਤੁ, ਤਿਸੈ ਗ੍ਰਿਹਿ ਚਿੰਤਾ। ਜਿਸੁ ਗ੍ਰਿਹਿ ਥੋਰੀ, ਸੁ ਫਿਰੈ ਭ੍ਰਮੰਤਾ।**

**ਦੁਹੂ ਬਿਵਸਥਾ ਤੇ ਜੋ ਮੁਕਤਾ, ਸੋਈ ਸੁਹੇਲਾ ਭਾਲੀਐ ॥ [ਪੰਨਾ ੧੦੧੯**

**੨. ਗਿਰਸਤ ਮਹਿ ਚਿੰਤ, ਉਦਾਸ ਅਹੰਕਾਰ ॥**

**ਕਰਮ ਕਰਤ ਜੀਅ ਕਉ ਜੰਜਾਰ॥ [ਪੰਨਾ ੩੮੫**

ਮਨੁੱਖ ਜੇ ਰਾਜ-ਭਾਗ ਵਾਲਾ ਹੋ ਜਾਵੇ ਤਾਂ ਰਾਜ-ਭਾਗ ਸੰਭਾਲਣ ਦੀ ਚਿੰਤਾ, ਜੇ ਰਾਜ-ਤਖ਼ਤ ਨਾ ਹੋਵੇ ਤਾਂ ਰਾਜ-ਪ੍ਰਾਪਤੀ ਲਈ ਚੋਣਾਂ ਲੜਨ ਦੀ ਚਿੰਤਾ, ਜੇ ਤੀਰਥ-ਯਾਤਰਾ ਤੇ ਜਾਵੇ ਤਾਂ ਪਿਛੋਂ ਕਾਰੋਬਾਰ ਠਪ ਹੋਣ ਦੀ ਚਿੰਤਾ, ਜੇ ਕਿਸੇ ਸੰਸਥਾ ਦਾ ਪ੍ਰਧਾਨ ਬਣ ਜਾਏ ਤਾਂ ਪਰਧਾਨਗੀ ਪਦ ਦੇ ਖੁਸਣ ਦੀ ਚਿੰਤਾ। ਪਰਦੇਸ ਵਿਚ ਬੈਠਿਆਂ ਨੂੰ ਦੇਸ਼ ਆਉਣ ਦੀ ਚਿੰਤਾ ਤੇ ਦੇਸ਼ ਵਿਚ ਬੈਠਿਆਂ ਨੂੰ ਪਰਦੇਸ਼ ਜਾਣ ਦੀ ਚਿੰਤਾ। ਅਖ਼ਬਾਰਾਂ ਵਾਲਿਆਂ ਨੂੰ ਇਸ਼ਤਿਹਾਰ ਨਾ ਮਿਲਣ ਤੇ ਚਿੰਤਾ, ਡਾਕਟਰਾਂ ਨੂੰ ਬੀਮਾਰਾਂ ਦੀ ਗਿਣਤੀ ਘਟ ਜਾਣ ਤੇ ਚਿੰਤਾ। ਡਾਕੂ ਤੇ ਪੁਲਸ ਵਾਲੇ ਸਾਰੇ ਹੀ ਚਿੰਤਾ ਵਿਚ ਗ੍ਰਸੇ ਹੋਏ ਹਨ। ਜੇ ਕੋਈ ਰਾਤ ਨੂੰ ਮਾੜਾ

ਸੁਪਨਾ ਆ ਜਾਵੇ ਤਾਂ ਚਿੰਤਾ, ਜੇ ਚੰਗਾ ਸੁਪਨਾ ਆਵੇ ਤਾਂ ਉਸ ਦੀ ਪੂਰਤੀ ਲਈ ਚਿੰਤਾ ਗਲ ਕੀ ਜੀਵਨ ਦੇ ਹਰ ਕਦਮ ਤੇ ਚਿੰਤਾ ਖੜੀ ਹੈ। ਪਰ ਜਗਤ ਨੂੰ ਸਭ ਤੋਂ ਵੱਡੀ ਚਿੰਤਾ ਮੌਤ ਦੀ ਹੈ:–

**ਜਗਿ ਮਰਣੁ ਨ ਭਾਇਆ ਨਿਤ ਆਪੁ ਲੁਕਾਇਆ,**

**ਮਤ ਜਮੁ ਪਕਰੈ ਲੈ ਜਾਇ ਜੀਉ ॥** [ਪੰਨਾ ੪੪੭

ਮਨੁੱਖ ਦਿਨ ਰਾਤ ਹਾਏ ਹਾਏ ਕਰਦਾ ਰਹਿੰਦਾ ਹੈ। ਗੁਰਬਾਣੀ ਦੇ ਹੇਠ ਲਿਖੇ ਪ੍ਰਮਾਣ ਲੋਕ ਚਿੰਤਾਂ ਦੀ ਸ੍ਰੋਤ ਚੋਂ ਹੀ ਉਭਰ ਕੇ ਬਾਹਰ ਆਏ ਹਨ:–

**੧. ਵਡੇ ਵਡੇ ਜੋ ਦੀਸਹਿ ਲੋਗ॥ ਤਿਨ ਕਉ ਬਿਆਪੈ ਚਿੰਤਾ ਰੋਗ॥** [ਪੰਨਾ ੧੮੮

**੨. ਅੰਦਰਿ ਤਿਸਨਾ ਅਗਿ ਹੈ, ਮਨਮੁਖ ਭੁਖ ਨ ਜਾਇ ॥....**

**ਅਨਦਿਨੁ ਚਿੰਤਾ ਚਿਤਵੈ, ਚਿੰਤਾ ਬਧਾ ਜਾਇ ॥** [ਪੰਨਾ ੧੪੨੪

***ਚਿੰਤਾ ਦੀ ਭਿੰਨਤਾ -***

ਚਿੰਤਾ ਭਾਵੇਂ ਆਰਥਿਕ ਹੋਵੇ, ਭਾਵੇਂ ਪਰਮਾਰਥਕ, ਚਾਹੇ ਰਾਜਨੀਤਕ ਹੋਵੇ, ਚਾਹੇ ਸਮਾਜਿਕ, ਚਾਹੇ ਦਫਤਰੀ ਕੰਮ ਦੀ ਹੋਵੇ ਚਾਹੇ ਘਰੇਲੂ ਕੰਮ ਦੀ, ਭਾਵੇਂ ਸੰਸਾਰੀ ਕੰਮਾਂ ਦੀ ਹੋਵੇ ਭਾਵੇਂ ਨਿਰੰਕਾਰੀ ਆਦੇਸ਼ ਮੰਨਣ ਦੀ ਹੋਵੇ, ਆਖ਼ਰ ਚਿੰਤਾ, ਚਿੰਤਾ ਹੀ ਹੈ।

ਵੇਖੋ, ਮਾਤਾ ਤ੍ਰਿਪਤਾ ਤੇ ਪਿਤਾ ਕਾਲੂ ਜੀ ਵੀ ਓਦੋਂ ਚਿੰਤਾਵਾਨ ਹੋਏ ਸਨ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਭਰ ਜੁਆਨੀ ਵਿਚ ਨਾ ਕੋਈ ਕੰਮ ਕਾਰ ਕਰਦੇ ਸਨ, ਨਾ ਖਾਂਦੇ ਪੀਂਦੇ ਸਨ, ਦਿਲਗੀਰ ਹੋ ਕੇ ਲੰਮੇ ਪਏ ਰਹਿੰਦੇ ਸਨ। ਪੁਰਾਤਨ ਜਨਮ ਸਾਖੀ ਵਿਚ ਇਉਂ ਜ਼ਿਕਰ ਆਉਂਦਾ ਹੈ:-

*"ਤਬਿ ਮਾਤਾ ਆਈ, ਉਨਿ ਆਖਿਆ, 'ਬੇਟਾ! ਤੁਧ ਪਇਆਂ ਬਣਦੀ ਨਾਹੀ, ਕੁਛ ਖਾਹਿ, ਪੀਉ, ਖੇਤੀ ਪਤੀ ਦੀ ਖਬਰਿ ਸਾਰਿ ਲਹੁ, ਕਿਛੁ ਰੁਜਗਾਰ ਦੀ ਖਬਰਿ ਲਹੁ, ਤੇਰਾ ਸਭੁ ਕੁਟੰਬ ਦਿਲਗੀਰ ਹੈ, ਅਤੇ ਬੇਟਾ ਜੋ ਤੁਧੁ ਨਾਹੀ ਭਾਵਦਾ, ਸੁ ਨਾ ਕਰਿ, ਅਸੀ ਤੈਨੋਂ ਕਿਛੁ ਨਹੀ ਆਖਦੇ, ਤੂ ਫਿਕਰਵਾਨੁ ਕਿਉਂ ਹੈ?"*

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਿੰਤਾ ਨੂੰ ਜਗਤ ਦੇ ਅਲਪਗ ਜੀਵ ਨਹੀਂ ਬੁਝ ਸਕੇ ਕਿਉਂਕਿ ਇਹ ਚਿੰਤਾ ਉਨ੍ਹਾਂ ਦੀ ਪਹੁੰਚ ਤੋਂ ਪਰੇ ਸੀ। ਇਸ ਚਿੰਤਾ ਦਾ ਵਿਲਖਣ ਰੂਪ ਕੇਵਲ ਉਹ ਆਪ ਹੀ ਜਾਣਦੇ ਸਨ। ਭਾ.ਸ. ਗੁਰਦਾਸ ਜੀ ਲਿਖਦੇ ਹਨ:--

**ਬਾਬਾ ਦੇਖੈ ਧਿਆਨ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ ॥**

**ਬਾਝਹੁ ਗੁਰੂ ਗੁਬਾਰ ਹੈ, ਹੈ ਹੈ ਕਰਦੀ ਸੁਣੀ ਲੁਕਾਈ ॥** [ਵਾਰ ੧-੨੪

ਪ੍ਰਿਥਵੀ ਦੀ ਪੀੜਾ ਨੂੰ ਹਰਨ ਲਈ ਆਪ ਚਿੰਤਾਤੁਰ ਹੋਏ। ਇਸ ਲਈ ਆਪ ਜੀ ਨੇ ਚਾਰ ਉਦਾਸੀਆਂ ਕੀਤੀਆਂ, 'ਸਤਿਨਾਮੁ' ਦੇ ਜਾਪ ਨਾਲ ਲੋਕਾਂ ਦੀ ਚਿੰਤਾ ਨੂੰ ਦੂਰ ਕੀਤਾ। ਜਗਿਆਸੂਆਂ ਦੀ ਚਿੰਤਾ ਦਾ ਰੂਪ ਨਵੇਕਲਾ ਹੈ। ਉਹ ਹੈ ਦਰਸ਼ਨ-ਪਿਆਸ:--

**ਭਣਤਿ ਨਾਨਕੁ ਅੰਦੇਸਾ ਏਹੀ ॥ ਬਿਨੁ ਦਰਸਨ ਕੈਸੇ ਰਵਉ ਸਨੇਹੀ॥** [ਪੰਨਾ ੯੯੦

ਭਗਤ ਜੀ ਦੇ ਬਚਨ 'ਚਿੰਤ ਭਵਨਿ ਮਨੁ ਪਰਿਓ ਹਮਾਰਾ। ਨਾਮ ਬਿਨਾ ਕੈਸੇ ਉਤਰਸਿ ਪਾਰਾ' (ਪੰਨਾ ੪੭੮) ਨਾਮ-ਸਿਮਰਨ ਦੀ ਸੋਧ ਦੇ ਪ੍ਰਤੀਕ ਹਨ। ਜਿਵੇਂ ਦੋ ਪ੍ਰਕਾਰ ਦਾ ਭਉ ਹੈ ਇਕ ਮੈਲਾ ਤੇ ਦੂਜਾ ਨਿਰਮਲ। ਤਿਵੇਂ ਦੋ ਪ੍ਰਕਾਰ ਦੀ ਚਿੰਤਾ ਹੈ ਇਕ ਚਿੰਤਾ ਚਿਖਾ ਵਿਚ ਪਾਉਣ ਵਾਲੀ ਹੈ ਅਤੇ ਦੂਜੀ ਚਿੰਤਾ ਚਿੰਤ ਭਵਨ ਚੋਂ ਕਢਣ ਵਾਲੀ ਹੈ।

ਇਸੇ ਤਰ੍ਹਾਂ ਸਿਧਾਰਥ (ਗੌਤਮ ਬੁਧ) ਦੀ ਚਿੰਤਾ ਤੋਂ ਵੀ ਸਾਨੂੰ ਨਾਮ ਸਮਾਧੀ ਵਿਚ ਲੀਨ ਹੋਣ ਦੀ ਪ੍ਰੇਰਨਾ ਮਿਲਦੀ ਹੈ। ਸਿਧਾਰਥ ਨੂੰ ਅਚਿੰਤ ਕਰਨ ਲਈ ਇਸ ਦੇ ਪਿਤਾ ਵਲੋਂ ਭਾਵੇਂ ਕਿਤਨੀਆਂ ਸਜਾਵਟਾਂ ਤੇ ਹੋਰ ਉਪਰਾਲੇ ਕੀਤੇ ਗਏ ਪਰ ਉਸ ਨੇ ਜਦੋਂ ਗਲੀ ਚੋਂ ਇਕ ਮਰੀਅਲ ਜਿਹੇ ਬੱਚੇ ਨੂੰ ਰੋਂਦਾ ਵੇਖਿਆ ਤਾਂ ਰਥਵਾਨ ਕੋਲੋਂ ਪੁਛਿਆ ਕਿ ਕੀ ਬੁਢੇਪਾ, ਬੀਮਾਰੀ ਤੇ ਮੌਤ ਸਭ ਪ੍ਰਾਣੀਆਂ ਤੇ ਆਉਂਦੀ ਹੈ? ਤਦ ਉਸ ਨੂੰ ਉਤਰ ਮਿਲਿਆ -'ਹਾਂ, ਇਨ੍ਹਾਂ ਤੋਂ ਕੋਈ ਵੀ ਨਹੀਂ ਬਚ ਸਕਦਾ' ਬਸ ਇਥੋਂ ਰਥ ਨੂੰ ਮੋੜਨ ਦਾ ਹੁਕਮ ਦੇ ਦਿੱਤਾ ਤੇ ਕਿਹਾ ਕਿ ਉਸ ਨੂੰ ਇਹੋ ਜਿਹੀ ਸੋਚ ਨਹੀਂ ਚਾਹੀਦੀ। ਫਿਰ ਪੁਛਿਆ ਕਿ ਦੁਨੀਆਂ ਵਿਚ ਇਸ ਤੋਂ ਇਲਾਵਾ ਕੀ ਕੁਝ ਹੈ? ਤਾਂ ਉਸ ਨੂੰ ਬ੍ਰਹਮਚਾਰੀ ਦੇ ਦਰਸ਼ਨ ਕਰਵਾਏ ਗਏ ਜਿਸ ਦਾ ਚਿਹਰਾ ਜਗਮਗਾ ਰਿਹਾ ਸੀ ਅੱਖਾਂ ਵਿਚ ਜਲਾਲ ਭਰੀ ਮਸਤੀ ਸੀ। ਕਿਹਾ ਕਿ ਇਹ ਮਹਾਤਮਾ ਹੈ ਜਿਸ ਨੂੰ ਨਾ ਮੌਤ ਦਾ ਡਰ ਹੈ, ਨਾ ਰੋਗ ਦਾ, ਨਾ ਜਵਾਨੀ ਦੀ ਰੀਝ ਹੈ, ਨਾ ਬੁਢਾਪੇ ਦਾ ਫ਼ਿਕਰ। ਬਸ, ਗਿਆਨ ਦੀ ਪ੍ਰਾਪਤੀ ਲਈ ਸਿਧਾਰਥ ਰਾਜ ਭਾਗ, ਇਸਤ੍ਰੀ ਪੁਤਰ ਤਿਆਗ ਮਹਿਲਾਂ ਤੋਂ ਦੂਰ ਚਲਾ ਗਿਆ। ਗਯਾ ਦੇ ਇਕ ਵੱਡੇ ਬ੍ਰਿਛ ਹੇਠਾਂ ਸਮਾਧੀ ਲਗਾ ਕੇ ਬੈਠ ਗਿਆ ਤੇ ਪ੍ਰਤਿੱਗਿਆ ਕਰ ਲਈ ਕਿ ਜਦੋਂ ਤੱਕ ਉਸ ਨੂੰ ਬ੍ਰਹਮ ਗਿਆਨ ਦਾ ਪ੍ਰਕਾਸ਼ ਨਹੀਂ ਹੁੰਦਾ ਉਦੋਂ ਤੱਕ ਉਹ ਉਥੋਂ ਨਹੀਂ ਉਠੇਗਾ, ਇਸ ਦੇ ਫਲ ਸਰੂਪ ਹੀ ਗੌਤਮ ਬੁਧ ਨੇ ਨਿਰਬਾਣ ਪਦ ਪ੍ਰਾਪਤ ਕੀਤਾ, ਤੇ ਚਿੰਤਾ ਤੋਂ ਮੁਕਤਾ ਹੋਇਆ।

ਨਾਨਕ ਚਿੰਤਾ ਮਤਿ ਕਰਹੁ- ਆਮ ਸੰਸਾਰੀ ਜੀਵਾਂ ਦੀ ਇਹ ਸੋਚ ਹੈ ਕਿ ਹਰੇਕ ਕੰਮ ਲਈ ਚਿੰਤਾ ਕਰਨੀ ਚਾਹੀਦੀ ਹੈ ਕਿਉਂਕਿ ਚਿੰਤਾ ਤੋਂ ਬਿਨਾ ਕੋਈ ਕੰਮ ਸਿਰੇ ਨਹੀਂ ਚੜ੍ਹਦਾ। ਜੇ ਨਿਰਪਖ ਹੋ ਕੇ ਸੋਚੀਏ ਤਾਂ ਚਿੰਤਾ ਕੀਤਿਆਂ ਕੁਝ ਨਹੀਂ ਬਣਦਾ, ਜੇ ਕੁਝ ਬਣਦਾ ਹੈ ਤਾਂ ਉਹ ਉਦਮ ਕੀਤਿਆਂ ਹੀ ਬਣਦਾ ਹੈ। ਗੁਰਬਾਣੀ ਵੀ ਸਾਨੂੰ 'ਉਦਮ' ਕਰਨ ਦਾ ਉਪਦੇਸ਼ ਦਿੰਦੀ ਹੈ:–

**ਉਦਮੁ ਕਰੇਦਿਆ ਜੀਉ ਤੂੰ, ਕਮਾਵਦਿਆ ਸੁਖ ਭੁੰਚੁ ॥**
**ਧਿਆਇਦਿਆ ਤੂੰ ਪ੍ਰਭੂ ਮਿਲੁ, ਨਾਨਕ ਉਤਰੀ ਚਿੰਤ ॥੧॥** [ਪੰਨਾ ੫੨੨

ਲੋਕ ਅਖਾਣ ਵੀ ਹੈ:– ਉਦਮੁ ਅਗੇ ਲਛਮੀ ਪਖੇ ਅਗੇ ਪਉਣ।

ਉਦਮ ਕਰਕੇ ਨਾਮ ਜਪਣ ਨਾਲ ਹਰ ਪ੍ਰਕਾਰ ਦੀ ਚਿੰਤਾ ਦੂਰ ਹੋ ਜਾਂਦੀ ਹੈ। ਇਸ ਲਈ ਗੁਰਬਾਣੀ ਵਿਚ ਸਾਨੂੰ ਚਿੰਤਾ ਨਾ ਕਰਨ ਦਾ ਆਦੇਸ਼ ਦਿੱਤਾ ਗਿਆ ਹੈ:–

੧. **ਨਾਨਕ ਚਿੰਤਾ ਮਤਿ ਕਰਹੁ, ਚਿੰਤਾ ਤਿਸੁ ਹੀ ਹੇਇ ॥**
**ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ ॥**
**ਓਥੈ ਹਟੁ ਨ ਚਲਈ, ਨਾ ਕੋ ਕਿਰਸ ਕਰੇਇ ॥**

**ਸਉਦਾ ਮੂਲਿ ਨ ਹੋਵਈ, ਨਾ ਕੋ ਲਏ ਨ ਦੇਇ ॥**

**ਜੀਆ ਕਾ ਆਹਾਰੁ ਜੀਅ, ਖਾਣਾ ਏਹੁ ਕਰੇਇ ॥**

**ਵਿਚਿ ਉਪਾਏ ਸਾਇਰਾ, ਤਿਨਾ ਭਿ ਸਾਰ ਕਰੇਇ ॥** [ਪੰਨਾ ੯੫੫

੨. ਚਿੰਤਾ **ਛਡਿ ਅਚਿੰਤੁ ਰਹੁ, ਨਾਨਕ ਲਗਿ ਪਾਈ ॥** [ਪੰਨਾ ੫੧੭

੩. **ਨਾ ਕਰਿ ਚਿੰਤ ਚਿੰਤਾ ਹੈ ਕਰਤੇ॥ ਹਰਿ ਦੇਵੈ ਜਲਿ ਥਲਿ ਜੰਤਾ ਸਭਤੈ॥**

**ਅਚਿੰਤੁ ਦਾਨੁ ਦੇਇ ਪ੍ਰਭੁ ਮੇਰਾ, ਵਿਚਿ ਪਾਥਰ ਕੀਟ ਪਖਾਣੀ ਹੇ ॥** [ਪੰਨਾ ੧੦੭੦

੪. **ਹਮਰੇ ਪ੍ਰਾਨ ਗੁਪਾਲ ਗੋਬਿੰਦ॥**

**ਈਹਾ ਊਹਾ ਸਰਬ ਥੋਕ ਕੀ, ਜਿਸਹਿ ਹਮਾਰੀ ਚਿੰਦ॥** [ਪੰਨਾ ੬੭੨

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਮੌਤ ਬਾਰੇ ਪ੍ਰਾਣੀ ਮਾਤਰ ਦੀ ਚਿੰਤਾ ਨੂੰ ਦੂਰ ਕਰਨ ਹਿਤ ਕਿਤਨੇ ਸਪਸ਼ਟ ਭਾਵਾਂ ਵਿੱਚ ਜੀਵ ਨੂੰ ਸਮਝਾ ਰਹੇ ਹਨ:--

**ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ॥**

**ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ॥** [ਪੰਨਾ ੧੪੨੮

ਜੇ ਮੌਤ ਇਕ ਅਨਹੋਣੀ ਗਲ ਹੋਵੇ, ਜਾਂ ਜਗਤ ਵਿਚ ਕਿਸੇ ਨਾਲ ਨਾ ਵਾਪਰ ਰਹੀ ਹੋਵੇ ਉਸ ਉਤੇ ਚਿੰਤਾ ਹੋਵੇ ਤਾਂ ਕੋਈ ਹੈਰਾਨੀ ਵਾਲੀ ਗਲ ਨਹੀਂ ਪਰ ਨਿਤ ਵਰਤਣ ਵਾਲੀ ਅਟਲ ਸਚਾਈ ਨੂੰ ਚਿੰਤਾ ਦਾ ਹਾਰ ਬਣਾ ਲੈਣਾ ਮਨੁੱਖ ਨੂੰ ਸੋਭਦਾ ਨਹੀਂ ਹੈ। ਜਦੋਂ ਪਰਮਾਤਮਾ ਅਨਿਆਇ ਭਾਵ ਬੇ-ਇਨਸਾਫੀ ਨਾਲ ਕਿਸੇ ਨੂੰ ਨਹੀਂ ਮਾਰਦਾ, ਫਿਰ ਕਾਹਦੇ ਲਈ ਚਿੰਤਾ ਫ਼ਿਕਰ ਕਰੀਏ? ਚਿੰਤਾ ਦੇ ਸੰਦਰਭ ਵਿਚ ਬਾਬਾ ਸ਼ੇਖ ਫਰੀਦ ਜੀ ਦਾ ਹੇਠ ਲਿਖਿਆ ਸਲੋਕ ਵੀ ਸਾਨੂੰ ਇਕ ਚੰਗੀ ਜੀਵਨ ਅਗਵਾਈ ਬਖਸ਼ਦਾ ਹੈ:-

**ਜਾਂ ਕੁਆਰੀ ਤਾ ਚਾਉ, ਵੀਵਾਹੀ ਤਾਂ ਮਾਮਲੇ ॥**

**ਫਰੀਦਾ ਏਹੋ ਪਛੋਤਾਉ, ਵਤਿ ਕੁਆਰੀ ਨ ਥੀਐ ॥** [ਪੰਨਾ ੧੩੮੧

ਭਾਵ ਮੁਟਿਆਰ ਕੁਆਰੀ ਹੁੰਦੀ ਹੈ ਤਾਂ ਉਸ ਦੇ ਮਨ ਵਿਚ ਵਿਆਹ ਕਰਨ ਲਈ ਚਾਉ ਪੈਦਾ ਹੁੰਦਾ ਹੈ ਪਰ ਵਿਆਹ ਮਗਰੋਂ ਜਦੋਂ ਗ੍ਰਿਹਸਤੀ ਜੀਵਨ ਦੀਆਂ ਕਈ ਪ੍ਰਕਾਰ ਦੀਆਂ ਔਕੜਾਂ ਵਾਪਰਦੀਆਂ ਹਨ ਤਾਂ ਉਸ ਨੂੰ ਚਿੰਤਾ ਦੇ ਜਾਲ ਵਿਚ ਫਸਾ ਲੈਂਦੀਆਂ ਹਨ। ਉਦੋਂ ਮੁਟਿਆਰ ਔਖੀ ਹੋਈ ਸੋਚਦੀ ਤੇ ਲੋਚਦੀ ਹੈ ਕਿ ਉਹੀ ਪਹਿਲਾ ਬੇ-ਫ਼ਿਕਰੀ ਵਾਲਾ ਸਮਾਂ ਮੁੜ ਪ੍ਰਾਪਤ ਹੋ ਜਾਵੇ, ਪਰ ਉਹ ਮਿਲ ਨਹੀਂ ਸਕਦਾ। ਇਸੇ ਤਰ੍ਹਾਂ ਜਿਹੜਾ ਜੀਵ ਪਰਮਾਤਮਾ ਦੀ ਪ੍ਰਾਪਤੀ ਲਈ ਚਿੰਤਨ ਕਰਦਾ ਹੈ, ਪਹਿਲਾਂ ਉਸ ਨੂੰ ਬੜਾ ਚਾਉ ਹੁੰਦਾ ਹੈ ਪਰ ਜਦੋਂ ਜਪ, ਤਪ, ਸੰਜਮ, ਸੇਵਾ ਦੀ ਸਾਧਨਾ, ਘਾਲ ਕਮਾਈ ਕਰਨੀ ਪੈਂਦੀ ਹੈ ਤਾਂ ਉਸ ਨੂੰ ਅਲੂਣੀ ਸਿਲਾ ਚਟਣੀ ਬਹੁਤ ਔਖੀ ਲਗਦੀ ਹੈ। ਆਪਣੇ ਆਪ ਨੂੰ ਬੰਦੀ ਵਿਚ ਪਾਉਣਾ ਤੇ, ਗੁਰੂ ਦਾ ਆਗਿਅਕਾਰੀ ਬਣਨਾ ਪੈਂਦਾ ਹੈ। ਗੱਲਾਂ ਨਾਲ ਸੋਹਾਗਣਿ ਬਣਨਾ ਸੋਖਾ ਹੈ ਪਰ ਪਤੀ-ਪੀਤਮ ਦਾ ਪ੍ਰੇਮ

ਨਿਬਾਹੁਣਾ ਬਹੁਤ ਔਖਾ ਹੈ। ਇਥੇ ਵੀ ਸੁਰਤਿ ਦੀ ਕਚਿਆਈ ਤੇ ਪਕਿਆਈ ਪਰਖੀ ਜਾਂਦੀ ਹੈ। ਜੇ ਸ਼ਬਦ -ਗੁਰੂ ਦਾ ਬਾਣ ਲਗ ਜਾਏ, ਕਲੇਜੇ ਵਿਚ ਬੈਰਾਗ ਦਾ ਛੇਕ ਪੈ ਜਾਏ, ਦੇਹ ਅਧਿਆਸ ਦਾ ਅਭਾਵ ਹੋ ਜਾਂਦਾ ਹੈ, ਨਿਮਰਤਾ ਦਾ ਰਾਜ ਹੋ ਜਾਂਦਾ ਹੈ। ਅਜਿਹੀ ਰਬੀ-ਫਕੀਰਾਂ ਵਾਲੀ ਬ੍ਰਿਤੀ ਨਾਲ ਫਿਕਰਾਂ ਤੋਂ ਉਪਰ ਉਠ ਜਾਈਦਾ ਹੈ।

ਚਿੰਤਾ ਵਿਚ ਕਲਪਣਾ, ਕਰਿਝਣ ਤੇ ਖਿੱਝਣ ਤੋਂ ਸਿਵਾ ਹੋਰ ਕੁਝ ਨਹੀਂ ਪਲੇ ਪੈਂਦਾ। ਜਗਤ ਦਾ ਅਖਾਣ ਹੈ—'ਚਿੰਤਾ ਚਿਖਾ ਬਰਾਬਰੀ'। ਚਿੰਤਾ ਦੇ ਸੇਕ ਨਾਲ ਮਨੁੱਖ ਯਕ ਦਮ ਸੜਦਾ ਨਹੀ, ਸਿਸਕੀਆਂ ਲੈ ਲੈ ਕੇ ਕੁੜ੍ਹਦਾ ਰਹਿੰਦਾ ਹੈ। ਜਦੋਂ ਮਨੁਖ ਦੀਆਂ ਇਛਾਵਾਂ ਤੇ ਤ੍ਰਿਸ਼ਨਾਵਾਂ ਦਾ ਤੇਲ ਪੈਂਦਾ ਹੈ ਤਾਂ ਇਸ ਦੇ ਅੰਦਰੋਂ ਜੋ ਚਿੰਤਾ ਦੇ ਅਲੰਬੇ ਨਿਕਲਦੇ ਹਨ ਉਹ ਇਸ ਦੇ ਜਾਨ ਲੇਵਾ ਬਣਦੇ ਹਨ। ਪਰ ਜਿਹੜੇ ਗੁਰੂ ਦੇ ਨਿਵਾਜੇ ਹੋਏ ਜੀਵ ਹਨ, ਉਹ ਆਸਾ ਵਿਚ ਨਿਰਾਸ ਰਹਿੰਦੇ ਹਨ ਉਹ 'ਮਰਣੇ ਕੀ ਚਿੰਤਾ ਨਹੀ, ਜੀਵਨ ਕੀ ਨਹੀ ਆਸ' (ਪੰਨਾ ੨੦) ਦੇ ਅਨੁਆਈ ਹੁੰਦੇ ਹਨ। ਪਰ ਅਚੇਤ ਮਨੁੱਖ ਮੌਤ ਵਲੋਂ ਅਗਿਆਤ ਹੁੰਦੇ ਹਨ ਕਿਉਂਕਿ ਉਹ ਮਾਇਕੀ ਪਦਾਰਥਾਂ ਦੀ ਚਿੰਤਾ ਵਿਚ ਗ਼ਰਕ ਹੋਏ ਰਹਿੰਦੇ ਹਨ। ਜਿਹੜਾ ਘਰ (ਜੀਵ ਨੇ) ਛੱਡ ਜਾਣਾ ਹੈ, ਉਸ ਨੂੰ ਸਵਾਰਨ ਵਿਚ ਇਹ ਦਿਨ ਰਾਤ ਦੌੜਦਾ ਭਜਦਾ ਰਹਿੰਦਾ ਹੈ; ਪਰ ਅਸਲੀ ਘਰ ਜਿਥੇ ਜਾ ਕੇ ਇਸ ਨੇ ਵਰਤੋਂ ਵਾਲੇਵਾ ਕਰਨਾ ਹੈ, ਉਸ ਘਰ ਵਿਚ ਜਾਣ ਲਈ ਇਸ ਦੇ ਮਨ ਵਿਚ ਰਤਾ ਭਰ ਚਿੰਤਾ ਨਹੀਂ ਹੁੰਦੀ। ਮੌਤ ਅਤੇ ਨਾਮ-ਸਿਮਰਨ ਤੋਂ ਅਚੇਤ ਹੋਣ ਦੇ ਕਾਰਨ ਹੀ ਮਨੁੱਖ ਚਿੰਤਾ ਵਿਚ ਬੱਧਾ ਜਾਂਦਾ ਹੈ। ਗੁਰਵਾਕ ਹਨ:—

ਨਾਨਕ, ਚਿਤੁ ਅਚੇਤੁ ਹੈ, ਚਿੰਤਾ ਬਧਾ ਜਾਇ ॥
ਨਦਰਿ ਕਰੇ ਜੇ ਆਪਣੀ, ਤਾ ਆਪੇ ਲਏ ਮਿਲਾਇ ॥ [ਪੰਨਾ ੯੫੫

ਸਹਸਕ੍ਰਿਤੀ ਸਲੋਕਾਂ ਵਿਚ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇਹ ਪਾਵਨ ਉਪਦੇਸ਼ ਦਿੱਤਾ ਹੈ ਕਿ ਸਾਨੂੰ ਮਾਤਾ-ਪਿਤਾ ਤੇ ਭਰਾਵਾਂ ਦੀ ਚਿੰਤਾ ਨਹੀਂ ਕਰਨੀ ਚਾਹੀਦੀ ਅਤੇ ਨਾ ਹੀ ਲੋਕਾਂ (ਸੰਬੰਧੀਆਂ ਦੀ) ਕੁਝ ਚਿੰਤਾ ਕਰਨ ਦੀ ਲੋੜ ਹੈ। ਇਸਤ੍ਰੀ ਪੁੱਤਰ ਤੇ ਮਿਤਰਾਂ (ਸਨੇਹੀਆਂ) ਦੀ ਚਿੰਤਾ ਨਹੀ (ਹੋਣੀ ਚਾਹੀਦੀ ਕਿਉਂਕਿ ਇਹ ਮਾਇਆ ਨਾਲ ਬੰਨ੍ਹਣ ਵਾਲੀ ਪਰਵ੍ਰਿਤੀ ਹੈ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਦਇਆਲੂ ਤਾਂ ਕੇਵਲ ਇਕ ਭਗਵੰਤ ਪੁਰਖ ਹੀ ਹੈ। 'ਹਮ ਨਾਹੀ ਚਿੰਤ ਪਰਾਈ' ਦੇ ਪਾਵਨ ਵਾਕਾਂ ਤੇ ਅਮਲ ਕਰਨ ਵਾਲੀ ਬਿਰਤੀ ਬਣਾਉਣੀ ਚਾਹੀਦੀ ਹੈ।

ਚਿੰਤਾ ਮਨੁੱਖ ਦੇ ਗਲਤ ਨਿਸ਼ਚਿਆਂ, ਅਘੱੜ ਵੀਚਾਰਾਂ ਤੇ ਭਰਮ-ਭਰੀਆਂ ਸੋਚਾਂ ਦੀ ਦੇਣ ਹੈ। ਜੋ ਕੁਝ ਹੋ ਰਿਹਾ ਹੈ ਜਾਂ ਜਿਹੋ ਜਿਹਾ ਹੋਇਆ ਹੈ, ਉਸ ਨਾਲ ਮਨੁੱਖ ਜਦੋਂ ਸਹਿਮਤ ਨਹੀਂ ਹੁੰਦਾ, ਉਸ ਨਾਲੋਂ ਕੁਝ ਵਖਰਾ ਕਰਨ ਲਈ ਸੋਚਦਾ ਹੈ, ਓਦੋਂ ਚਿੰਤਾ ਗ੍ਰਸਤ ਹੋ ਜਾਂਦਾ ਹੈ। ਜਿਵੇਂ ਕੋਈ ਜਾਨੀ ਮਿੱਤਰ ਮਰ ਜਾਏ ਤਾਂ ਇਹ ਸੋਚ ਵਿਚ ਪੈ ਕੇ ਆਖਣ ਲਗ ਜਾਂਦਾ ਹੈ ਇਸ ਨੂੰ ਅਜੇ ਨਹੀਂ ਸੀ ਮਰਨਾ ਚਾਹੀਦਾ। ਪਰ ਇਸ ਨੂੰ ਇਹ ਨਹੀਂ ਪਤਾ 'ਜਿਉ ਮਛੀ ਤਿਉਂ ਮਾਣਸਾ ਪਵੈ ਅਚਿੰਤਾ ਜਾਲ' (ਪੰਨਾ ੫੫) ਭਾਵ ਮੌਤ ਉਤੇ ਕੋਈ ਮਨੁੱਖ ਆਪਣੀ ਮਰਜੀ ਨਹੀਂ ਠੋਸ ਸਕਦਾ।

*ਅਚਿੰਤਾ*

**ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥** [ਪੰਨਾ ੬੨੮

ਮਨੁੱਖ ਦੀ ਰੁਚੀ ਕਰਤਾ ਪੁਰਖ ਨੂੰ ਵਿਸਾਰ ਕੇ ਕਰਤਵ ਵਿਚ ਜਾਣ ਦੀ ਹੈ ਅਰਥਾਤ "ਦਾਤਿ ਪਿਆਰੀ ਵਿਸਰਿਆ ਦਾਤਾਰਾ" (ਪੰਨਾ ੬੭੬) ਉਤੇ ਅਮਲ ਕਰਨ ਵਾਲੀ ਹੈ। ਸ੍ਰਿਸ਼ਟੀ ਦੇ ਪਦਾਰਥਾਂ ਵਿਚ ਲੁਭਾਇਮਾਨ ਰੁਚੀ ਜੀਵਾਤਮਾ ਨੂੰ ਅਣਡਿਠੀ ਦੁਨੀਆ ਵਿਚ ਲਿਜਾਣ ਦੀ ਪ੍ਰੇਰਕ ਨਹੀਂ ਬਣ ਸਕਦੀ। ਇਹ 'ਬੇਗਮਪੁਰਾ ਸ਼ਹਿਰ' ਨਾਲ ਸੰਬੰਧ ਜੋੜਨ ਵਿਚ ਰੁਕਾਵਟ ਪਾਉਂਦੀ ਹੈ।

ਅਚਿੰਤ ਹੋਣ ਲਈ ਸੁਰਤਿ ਦੀ ਸੂਈ ਨੂੰ ਏਕੇ ਤੇ ਟਿਕਾਉਣਾ ਪਵੇਗਾ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਾਵਨ ਸ਼ਬਦ 'ਤਉ ਕੜੀਐ ਜੇ ਹੋਵੈ ਬਾਹਰਿ॥ ਤਉ ਕੜੀਐ ਜਉ ਬਿਸਰੈ ਨਰਹਰਿ' (ਪੰਨਾ ੧੧੪੦) ਨੂੰ ਆਧਾਰ ਬਣਾਉਣਾ ਪਵੇਗਾ। ਜਦੋਂ ਇਹ ਉਪਦੇਸ਼ ਦ੍ਰਿੜ ਹੋ ਗਿਆ ਕਿ:--

**ਗੁਰਿ ਕਹਿਆ ਜੋ ਹੋਇ ਸਭੁ ਪ੍ਰਭ ਤੇ॥**

**ਤਬ ਕਾੜਾ ਛੋਡਿ ਅਚਿੰਤ ਹਮ ਸੋਤੇ॥** [ਪੰਨਾ ੧੧੪੦

ਉਦੋਂ, ਬਿਰਤੀ ਚਿੰਤਾ ਤੋਂ ਦੂਰ ਹੋ ਜਾਵੇਗੀ ਤੇ ਅਚਿੰਤ ਮੰਡਲ ਦਾ ਰਾਗ ਅਲਾਪੇਗੀ:--

**ਅਚਿੰਤ ਹਮਾਰੈ ਭੋਜਨੁ ਭਾਉ॥ ਅਚਿੰਤ, ਹਮਾਰੈ ਲੀਚੈ ਨਾਉ ॥**

**ਅਚਿੰਤ ਹਮਾਰੈ ਸਬਦਿ ਉਧਾਰ ॥ ਅਚਿੰਤ ਹਮਾਰੈ ਭਰੇ ਭੰਡਾਰ ॥੨॥**

**ਅਚਿੰਤ, ਹਮਾਰੈ ਕਾਰਜ ਪੂਰੇ ॥ ਅਚਿੰਤ, ਹਮਾਰੈ ਲਥੇ ਵਿਸੂਰੇ॥ ......**

**ਅਚਿੰਤ ਪ੍ਰਭੂ ਧੁਰਿ ਲਿਖਿਆ ਲੇਖੁ॥ ਅਚਿੰਤ, ਮਿਲਿਓ ਪ੍ਰਭੁ ਠਾਕੁਰੁ ਏਕੁ॥**

**ਚਿੰਤ ਅਚਿੰਤਾ ਸਗਲੀ ਗਈ ॥ ਪ੍ਰਭ ਨਾਨਕ ਨਾਨਕ ਨਾਨਕ ਮਈ** [ਪੰਨਾ ੧੧੫੭

ਜਿਹੜਾ ਜਗਿਆਸੂ 'ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥ ਹੋਹੁ ਸਭਨਾ ਕੀ ਰੇਣੁਕਾ, ਤਉ ਆਉ ਹਮਾਰੈ ਪਾਸਿ" (ਪੰਨਾ ੧੧੦੨) ਵਾਲੀ 'ਗੁਰੂ ਸਦ' ਨੂੰ ਸੁਣ ਕੇ ਆਪਣਾ ਆਪਾ ਗੁਰੂ ਦੇ ਸਮਰਪਿਤ ਕਰ ਦਿੰਦਾ ਹੈ, ਉਹ ਚਿੰਤਾ ਤੋਂ ਉਪਰ ਉਠ ਜਾਂਦਾ ਹੈ, ਉਸ ਦੇ ਹਿਰਦੇ ਅੰਦਰ ਇਹ ਭਰੋਸਾ ਬਝ ਜਾਂਦਾ ਹੈ:--

**ਸਤਿਗੁਰੁ ਮੇਰਾ ਵਡ ਸਮਰਥਾ॥ ਜੀਇ ਸਮਾਲੀ ਤਾ ਸਭੁ ਦੁਖੁ ਲਥਾ ॥**

**ਚਿੰਤਾ ਰੋਗੁ ਗਈ ਹਉ ਪੀੜਾ, ਆਪਿ ਕਰੇ ਪ੍ਰਤਿਪਾਲਾ ਜੀਉ ॥** [ਪੰਨਾ ੯੯

ਅਥਵਾ **ਹੋਇ ਦਇਆਲੁ ਕਿਰਪਾਲੁ ਪ੍ਰਭੁ ਠਾਕੁਰ, ਆਪੇ ਸੁਣੈ ਬੇਨੰਤੀ ॥**

**ਪੂਰਾ ਸਤਿਗੁਰੁ ਮੇਲਿ ਮਿਲਾਵੈ, ਸਭ ਚੂਕੈ ਮਨ ਕੀ ਚਿੰਤੀ ॥**

**ਹਰਿ ਹਰਿ ਨਾਮੁ ਅਵਖਦੁ ਮੁਖਿ ਪਾਇਆ, ਜਨ ਨਾਨਕ ਸੁਖਿ ਵਸੰਤੀ॥**[ਪੰਨਾ ੬੨੫

ਸਤਿਗੁਰੂ ਦੇ ਮਿਲਾਪ ਨਾਲ 'ਚਿੰਤਾ' ਤਾਂ ਕੀ 'ਚਿੰਤੀ' ਵੀ ਨਹੀਂ ਰਹਿੰਦੀ।

ਚਿੰਤਾ ਤੋਂ ਮੁਕਤ ਹੋਣ ਲਈ ਤ੍ਰਿਸ਼ਨਾ ਨੂੰ ਤ੍ਰਿਸਕਾਰਨਾ, ਵਿਕਾਰਾਂ ਨੂੰ ਮਾਰਨਾ ਤੇ ਜੀਵਨ ਨੂੰ ਗੁਰੂ

ਦੇ ਸ਼ਬਦ ਦੁਆਰਾ ਸਵਾਰਨਾ ਪੈਂਦਾ ਹੈ। ਜਿਸ ਸੰਸਾਰ ਵਿਚ ਇਕ ਪਲ ਘੜੀ ਰਹਿਣ ਦਾ ਭਰੋਸਾ ਨਹੀਂ, ਉਸ ਲਈ ਸੋਚ ਅੰਦੇਸੇ ਛਡ ਕੇ 'ਏਕਲ ਚਿੰਤਾ ਰਾਖੁ ਅਨੰਤਾ, ਅਉਰ ਤਜਹੁ ਸਭ ਆਸਾ ਰੇ' (ਪੰਨਾ ੯੮੮) ਦਾ ਧਾਰਨੀ ਬਣਨ ਲਈ ਭਜਨ-ਬੰਦਗੀ ਭਾਵ ਨਾਮ ਦੀ ਕਮਾਈ ਕਰਨੀ ਅਤਿ ਜ਼ਰੂਰੀ ਹੈ ਜਿਸ ਤੋਂ ਪ੍ਰਸੰਨ ਹੋ ਕੇ ਪ੍ਰਭੂ ਪਿਤਾ ਜੀ 'ਅਚਿੰਤ ਦਾਨ' ਬਖਸ਼ਦੇ ਹਨ:–

**ਅਚਿੰਤ ਸੋਇ ਜਾਗਨੁ ਉਠਿ ਬੈਸਨੁ ਅਚਿੰਤ ਹਸਤ ਬੈਰਾਗੀ ॥** [ਪੰਨਾ ੧੨੧੭

ਅੰਤ ਵਿਚ ਸਾਰੀ ਵੀਚਾਰ ਦਾ ਸਾਰ ਇਹ ਹੈ ਕਿ 'ਛਤ੍ਰ ਧਾਰ ਬਾਦਿਸਾਹੀਆਂ ਵਿਚਿ ਸਹਸੇ ਪਰੀਆ' (ਪੰਨਾ ੪੨) ਭਾਵੇਂ ਛੋਟੇ ਤੋਂ ਲੈ ਕੇ ਵੱਡੇ ਤੱਕ ਹਰੇਕ ਜੀਵ ਨੂੰ ਚਿੰਤਾ ਦੀ ਚਿੰਗਾਰੀ ਸਾੜ ਰਹੀ ਹੈ। ਇਸ ਤੋਂ ਅਚਿੰਤ ਹੋਣ ਦਾ ਇਕੋ ਇਕ ਸਾਧਨ ਹੈ– ਹਰਿ ਧਨ ਦੀ ਪ੍ਰਾਪਤੀ:-

**੧. ਹਰਿ ਧਨੁ ਮੇਰੀ ਚਿੰਤ ਵਿਸਾਰੀ, ਹਰਿ ਧਨੁ ਲਾਹਿਆ ਧੋਖਾ।**
**ਹਰਿ ਧਨ ਤੇ ਮੈ ਨਵ ਨਿਧਿ ਪਾਈ, ਹਾਥਿ ਚਰਿਓ ਹਰਿ ਥੋਕਾ ॥੩॥**
**ਖਾਵਹੁ ਖਰਚਹੁ ਤੋਟਿ ਨ ਆਵੈ, ਹਲਤ ਪਲਤ ਕੈ ਸੰਗੇ ॥**
**ਲਾਦਿ ਖਜਾਨਾ ਗੁਰਿ, ਨਾਨਕ ਕਉ ਦੀਆ,**
**ਇਹੁ ਮਨੁ ਹਰਿ ਰੰਗਿ ਰੰਗੇ॥੪॥੨॥੩॥** [ਪੰਨਾ ੪੯੫

**੨. ਮਨ ਚਿੰਦਿਆ ਸਤਿਗੁਰੂ ਦਿਵਾਇਆ।**
**ਭਏ ਅਚਿੰਤ ਏਕ ਲਿਵ ਲਾਇਆ।** [ਪੰਨਾ ੩੯੬

**੩. ਸਾਧ ਸੰਗਿ ਚਿੰਤ ਬਿਰਾਨੀ ਛਾਡੀ ॥**
**ਅਹੰਬੁਧਿ ਮੋਹ ਮਨ ਬਾਸਨ, ਦੇ ਕਰਿ ਗਡਹਾ ਗਾਡੀ ॥** [ਪੰਨਾ ੬੭੧

**੪. ਚਿੰਤਾ ਮੂਲਿ ਨ ਹੋਵਈ, ਅਚਿੰਤੁ ਵਸੈ ਮਨਿ ਆਇ ॥** [ਪੰਨਾ ੫੮੭

ਸੋ, ਜਦੋਂ ਅਚਿੰਤ-ਪ੍ਰਭੂ ਸੁਰਤਿ ਵਿਚ ਵਸ ਗਿਆ ਫਿਰ ਚਿੰਤਾ ਦੇ ਰਹਿਣ ਲਈ ਕੋਈ ਥਾਉ ਥੇਹ ਨਹੀਂ ਰਹੇਗੀ। ਫਰਸ਼ਾਂ ਤੇ ਰਹਿੰਦਾ ਜੀਵ ਅਰਸ਼ਾਂ ਵਿਚ ਜਾ ਵਸੇਗਾ, ਜਿਥੇ ਸਦਾ ਅਨੰਦ ਹੀ ਅਨੰਦ ਹੋਵੇਗਾ:–

**ਚਿੰਤਾ ਧਾਵਤ ਰਹਿ ਗਏ, ਤਾਂ ਮਨਿ ਭਇਆ ਅਨੰਦੁ ॥**
**ਗੁਰ ਪ੍ਰਸਾਦੀ ਬੁਝੀਐ, ਸਾਧਨ ਸੁਤੀ ਨਿਚਿੰਦ ॥** [ਪੰਨਾ ੧੪੧੫

❋

# ਬਾਣੀ ਬਿਉਰਾ ਪੋਥੀ ਗਿਆਰ੍ਹਵੀ

| ਰਾਗੁ | ਪੂਰਾ ਮੂਲ ਮੰਤਰ | ਗਿਣਤੀ | ਸੰਖਿਪ ਮੂਲ ਮੰਤਰ | ਗਿਣਤੀ |
|---|---|---|---|---|
| ਤੁਖਾਰੀ | ੧ਓ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ | — | ੧ਓ ਸਤਿਗੁਰ ਪ੍ਰਸਾਦਿ ॥ | ੩ |
| ਕੇਦਾਰਾ | ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ | — | " | ੬ |
| ਭੈਰਉ | " | ੧ | " | ੧੬ |
| ਬਸੰਤੁ | " | ੧ | " | ੨੧ |

| ਕਰਤਾ | ਦੁਪਦੇ | ਤਿਪਦੇ | ਚਉਪਦੇ | ਪੰਚਪਦੇ | ਛੇਪਦੇ | ਅਸਟਪਦੀਆ | ਛੰਤ | ਬਾਣੀਆਂ |
|---|---|---|---|---|---|---|---|---|
| | | | | ਰਾਗੁ ਤੁਖਾਰੀ | | | | |
| ਮਹਲਾ ੧ | — | — | — | — | — | — | ੫ | ਬਾਰਹਮਾਹ(ਛੰਤ)੧੭ |
| ਮਹਲਾ ੪ | — | — | — | — | — | — | ੪ | |
| ਮਹਲਾ ੫ | — | — | — | — | — | — | ੧ | |
| | | | | ਰਾਗੁ ਕੇਦਾਰਾ | | | | |
| ਮਹਲਾ ੪ | ੧ | — | ੧ | — | — | — | — | |
| ਮਹਲਾ ੫ | ੧੫ | — | — | — | — | — | ੧ | |
| | | | | ਰਾਗੁ ਭੈਰਉ | | | | |
| ਮਹਲਾ ੧ | — | — | ੭ | — | ੧ | ੧ | — | |
| ਮਹਲਾ ੩ | — | — | ੧੫ | ੪ | ੨ | — | — | |
| ਮਹਲਾ ੪ | — | — | ੭ | — | — | — | — | |
| ਮਹਲਾ ੫ | ੩ | ੧ | ੫੧ | ੩ | — | ੩ | — | |
| | | | | ਰਾਗੁ ਬਸੰਤੁ | | | | |
| ਮਹਲਾ ੧ | — | ੧ | ੯ | — | — | ੮ | — | |
| ਮਹਲਾ ੩ | — | — | ੧੯ | ੧ | — | — | — | |
| ਮਹਲਾ ੪ | — | ੭ | — | — | — | ੧ | — | |
| ਮਹਲਾ ੫ | ੧ | — | ੨੦ | — | — | ੨ | — | ਬਸੰਤ ਕੀ ਵਾਰ |
| ਮਹਲਾ ੯ | ੧ | ੪ | — | — | — | — | — | (੩ ਪਉੜੀਆਂ) |
| | | | | ਭਗਤ ਬਾਣੀ- ਰਾਗੁ ਕੇਦਾਰਾ | | | | |
| ਭਗਤ ਕਬੀਰ ਜੀ | ੨ | — | ੪ | — | — | — | — | |
| ਭਗਤ ਰਵਿਦਾਸ ਜੀ | — | ੧ | — | — | — | — | — | |
| | | | | ਰਾਗੁ ਭੈਰਉ | | | | |
| ਭਗਤ ਕਬੀਰ ਜੀ | — | ੩ | ੧੦ | ੨ | ੨ | ੨ | — | |
| ਭਗਤ ਨਾਮਦੇਵ ਜੀ | — | ੨ | ੭ | ੧ | — | ੨ | — | |
| ਭਗਤ ਰਵਿਦਾਸ ਜੀ | — | — | ੧ | — | — | — | — | |
| | | | | ਰਾਗੁ ਬਸੰਤੁ | | | | |
| ਭਗਤ ਕਬੀਰ ਜੀ | — | ੫ | ੨ | ੧ | — | — | — | |
| ਭਗਤ ਨਾਮਦੇਵ ਜੀ | — | ੨ | ੧ | — | — | — | — | |
| ਭਗਤ ਰਵਿਦਾਸ ਜੀ | — | — | ੧ | — | — | — | — | |
| ਭਗਤ ਰਾਮਾਨੰਦ ਜੀ | — | ੧ | — | — | — | — | — | |

# ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
# ਦਰਸ਼ਨ ਨਿਰਣੈ ਸਟੀਕ

## (ਉਚਾਰਨ ਸੇਧਾਂ, ਬਿਸਰਾਮਾਂ ਅਰਥ-ਭੇਦਾਂ ਅਤੇ ਸਿਧਾਂਤਾਂ ਸਹਿਤ ਤੁਲਨਾਤਮਿਕ ਅਧਿਐਨ)

(14 ਭਾਗਾਂ ਵਿੱਚ ਸੰਪੂਰਨ ਸਟੀਕ)

| *ਪੋਥੀ ਨੰਬਰ* | *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ* | *ਰਾਗ* |
|---|---|---|
| 1 | 1 ਤੋਂ 93 | ਸਿਰੀ |
| 2 | 94 ਤੋਂ 150 | ਮਾਝ |
| 3 | 151 ਤੋਂ 261 | ਗਉੜੀ |
| 4 | 262 ਤੋਂ 346 | ਗਉੜੀ |
| 5ਵੀਂ | 347 ਤੋਂ 435 | ਆਸਾ |
| 6ਵੀਂ | 435 ਤੋਂ 556 | ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ |
| 7ਵੀਂ | 557 ਤੋਂ 710 | ਵਡਹੰਸੁ, ਸੋਰਠਿ, ਧਨਾਸਰੀ, ਜੈਤਸਰੀ |
| 8ਵੀਂ | 711 ਤੋਂ 858 | ਟੋਡੀ, ਬੈਰਾੜੀ, ਤਿਲੰਗ, ਸੂਹੀ ਅਤੇ ਬਿਲਾਵਲੁ |
| 9ਵੀਂ | 859 ਤੋਂ 975 | ਰਾਗੁ ਗੋਂਡ, ਰਾਮਕਲੀ |
| 10ਵੀਂ | 975 ਤੋਂ 1106 | ਨਟ ਨਾਰਾਇਨ, ਮਾਲੀ ਗਉੜਾ ਅਤੇ ਮਾਰੂ |
| 11ਵੀਂ | 1107 ਤੋਂ 1196 | ਤੁਖਾਰੀ, ਕੇਦਾਰਾ, ਭੈਰਉ ਅਤੇ ਬਸੰਤੁ |
| 12ਵੀਂ | 1197 ਤੋਂ 1318 | ਸਾਰੰਗ, ਮਲ੍ਹਾਰ, ਕਾਨੜਾ |
| 13ਵੀਂ | 1319 ਤੋਂ 1377 | ਕਲਿਆਨ, ਪ੍ਰਭਾਤੀ, ਜੈਜਾਵੰਤੀ, ਸਲੋਕ ਸਹਸਕ੍ਰਿਤੀ, ਗਾਥਾ, ਫੁਨਹੇ, ਚਉਬੋਲੇ, ਸਲੋਕ ਭਗਤ ਕਬੀਰ ਜੀਉ ਕੇ |
| 14ਵੀਂ | 1377 ਤੋਂ 1430 | ਸਲੋਕ ਸ਼ੇਖ ਫਰੀਦ ਕੇ, ਸਵੱਯੇ ਸ੍ਰੀ ਮੁਖਬਾਕ੍ਯ ਮ:੫, ਸਵਈਏ ਮਹਲੇ ਪਹਿਲੇ ਕੇ ਤੋਂ ਪੰਜਵੇਂ ਕੇ ਤੱਕ, ਸਲੋਕ ਵਾਰਾਂ ਤੇ ਵਧੀਕ, ਸਲੋਕ ਮਹਲਾ ੯, ਮੁੰਦਾਵਣੀ, ਸਲੋਕ ਮਹਲਾ ੫, ਰਾਗੁ ਮਾਲਾ |

# ਰਾਗੁ ਤੁਖਾਰੀ

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤੁਖਾਰੀ ਰਾਗ ਦਾ ਲੜੀਵਾਰ ਨੰਬਰ ਬਾਈਸਵਾਂ ਹੈ। 'ਆਦਿ ਗ੍ਰੰਥ ਰਾਗ ਕੋਸ਼' ਵਿਚ ਇਸ ਰਾਗ ਦੀ ਜਾਣਕਾਰੀ ਇਸ ਪ੍ਰਕਾਰ ਦਿਤੀ ਗਈ ਹੈ:-

ਰਾਗ ਤੁਖਾਰੀ ਗੁਰਮਤਿ ਸੰਗੀਤ ਪੱਧਤੀ ਦਾ ਮੌਲਿਕ ਰਾਗ ਹੈ। ਗੁਰੂ ਨਾਨਕ ਦੇਵ ਜੀ ਨੇ ਵਿਸ਼ੇਸ਼ ਰੂਪ ਵਿਚ 'ਬਾਰਹਮਾਹਾ' ਦੀ ਰਚਨਾ ਕਰਕੇ ਇਸਨੂੰ ਗਾਵਿਆ। ਇਹ ਪ੍ਰਾਚੀਨ ਅਤੇ ਅਪ੍ਰਚਲਿਤ ਰਾਗ ਹੈ। ਸੰਗੀਤ ਵਿਚ ਵਿਦਵਾਨਾਂ ਕੋਲੋਂ ਇਸ ਦੇ ਹੇਠ ਲਿਖੇ ਤਿੰਨ ਸਰੂਪ ਪ੍ਰਾਪਤ ਹੁੰਦੇ ਹਨ।

੧- ਇਸ ਸਰੂਪ 'ਚ ਰਿਸ਼ਭ ਕੋਮਲ, ਮਾਧਿਅਮ ਤੀਬਰ ਤੇ ਬਾਕੀ ਸੁਰ ਸ਼ੁੱਧ ਵਰਤੇ ਜਾਂਦੇ ਹਨ।

ਥਾਟ=ਪੂਰਵੀ, ਵਾਦੀ=ਧੈਵਤ, ਸੰਵਾਦੀ=ਰਿਸ਼ਭ, ਜਾਤੀ=ਸ਼ਾੜਵ।

ਵਰਜਿਤ ਸੁਰ=ਪੰਚਮ, ਸਮਾਂ=ਸ਼ਾਮ (ਸੰਧੀ ਪ੍ਰਕਾਸ਼)

ਆਰੋਹ- ਨੀ ਰੇ ਗਾ, ਮੇ ਧ, ਨੀ ਸਾ

ਅਵਰੋਹ- ਸਾਂ ਰੇ ਨੀ ਧ, ਮੇ ਧੁ, ਮੇ ਗ ਰੇ ਸਾ

ਮੁੱਖ ਅੰਗ-ਨੀ ਰੇ ਗਾ ਮ ਧੁ, ਮੇ ਧੁ, ਮ ਗ ਰੇ, ਸਾ

ਇਸਦਾ ਮੁਹਾਂਦਰਾ ਕਿਤੇ ਮਾਰਵਾ ਅਤੇ ਗੂਜਰੀ ਨਾਲ ਮਿਲਦਾ ਹੈ ਮਾਰਵਾ ਵਿਚ ਸ਼ੁੱਧ ਧੈਵਤ ਅਤੇ ਗੂਜਰੀ ਵਿਚ ਕੋਮਲ ਗੰਧਾਰ ਲੱਗਣ ਕਰਕੇ ਇਹ ਰਾਗ ਇਨ੍ਹਾਂ ਦੋਵਾਂ ਨਾਲ ਸਹਿਜੇ ਹੀ ਵੱਖਰਾ ਹੋ ਜਾਂਦਾ ਹੈ।

੨- ਰਾਗ ਤੁਖਾਰੀ ਦੇ ਇਸ ਸਰੂਪ ਨੂੰ ਟੋਡੀ ਜਾਂ ਖਮਾਜ ਥਾਟ ਅਧੀਨ ਰਖਿਆ ਜਾਂਦਾ ਹੈ। ਪਰ ਇਸ ਸਰੂਪ ਵਿਚ ਇਨ੍ਹਾਂ ਦੋਵਾਂ ਥਾਟਾਂ ਦੇ ਸੁਰ ਨਾ ਹੋਣ ਕਰਕੇ ਇਸ ਨੂੰ ਇਨ੍ਹਾਂ ਥਾਟਾਂ ਅਧੀਨ ਸਵੀਕਾਰਣਾ ਮੁਸ਼ਕਲ ਹੈ। ਦੱਖਣੀ ਪੱਧਤੀ ਦੇ ਸੰਗੀਤ ਵਿਦਵਾਨ ਪੰਡਤ ਵਿਐਂਕਟਮੁਖੀ ਅਨੁਸਾਰ ਨਿਰਧਾਰਿਤ ੭੨ ਥਾਟਾਂ ਵਿਚੋਂ ਇਹ ਧਰਮਵਤੀ ਥਾਟ ਦੇ ਅੰਤਰਗਤ ਰਖਿਆ ਜਾ ਸਕਦਾ ਹੈ। ਇਹ ਮੁਲਤਾਨੀ ਅੰਗ ਦੀ ਵੰਨਗੀ ਹੈ ਜਿਸ ਵਿਚ ਗੰਧਾਰ ਕੋਮਲ, ਨਿਸ਼ਾਦ ਕੋਮਲ, ਮਾਧਿਅਮ ਦੋਵੇਂ ਅਤੇ ਬਾਕੀ ਸੁਰ ਸ਼ੁੱਧ ਵਰਤੇ ਜਾਂਦੇ ਹਨ।

ਥਾਟ=ਧਰਮਵਤੀ (ਦੱਖਣੀ ਪੱਧਤੀ): ਜਾਤੀ-ਸ਼ਾੜਵ-ਸੰਪੂਰਣ, ਸਮਾਂ=ਚੌਥਾ ਪਹਿਰ ਦਿਨ, ਵਾਦੀ=ਸੰਵਾਦੀ-ਸ਼ੜਜ,

ਆਰੋਹ- ਸਾ ਨੀ ਸਾ ਗੁ ਮੇ ਪ, ਧ ਨੀ ਧ ਪ, ਧ ਮ, ਪ ਨੀ ਸਾਂ

ਅਵਰੋਹ-ਸਾਂ ਨੀ ਧ ਪ, ਮ ਪ ਗੁ, ਸਾ ਰੇ, ਸਾ

ਮੁੱਖ ਅੰਗ-ਨੀ ਸਾ ਮੇ ਗੁ ਮ, ਮੇ ਪ ਮੇ ਗੁ ਸਾ ਰੇ, ਸਾ

੩- 'ਗੁਰ ਸ਼ਬਦ ਰਤਨਾਕਰ ਮਹਾਨ ਕੋਸ਼' ਅਨੁਸਾਰ ਰਾਗ ਤੁਖਾਰੀ ਦਾ ਨਾਦਾਤਮਕ ਸਰੂਪ ਦਿੰਦੇ ਹੋਏ ਭਾਈ ਕਾਨ੍ਹ ਸਿੰਘ ਜੀ ਇਸ ਨੂੰ ਸੰਪੂਰਣ ਜਾਤੀ ਦੀ ਰਾਗਣੀ ਮੰਨਦੇ ਹਨ ਜਿਸ ਦਾ ਗ੍ਰਹ ਸੁਰ

ਸ਼ੜਜ, ਵਾਦੀ ਰਿਸ਼ਭ, ਸੰਵਾਦੀ ਪੰਚਮ, ਗਾਉਣ ਸਮਾਂ ਚਾਰ ਘੜੀ ਦਿਨ ਚੜ੍ਹੇ ਹੈ। ਇਸ ਵਿਚ ਦੋਵੇਂ ਗੰਧਾਰ ਅਤੇ ਦੋਵੇਂ ਮਾਧਿਅਮ ਵੀ ਵਰਤੇ ਜਾਂਦੇ ਹਨ। ਭਾਈ ਸਾਹਿਬ ਅਨੁਸਾਰ ਕਈ ਸੰਗੀਤਕਾਰ ਇਸ ਵਿਚ ਪੰਚਮ ਵਰਜਿਤ ਕਰਕੇ ਇਸ ਨੂੰ ਸ਼ਾੜਵ ਜਾਤੀ ਵਿਚ ਲੈ ਆਉਂਦੇ ਹਨ। ਇਸ ਵੰਨਗੀ ਵਿਚ ਇਸ ਦਾ ਵਾਦ ਮਾਧਿਅਮ ਅਤੇ ਸੰਵਾਦੀ ਸ਼ੜਜ ਹੈ। ਆਧੁਨਿਕ ਸੰਗੀਤ ਸ਼ਾਸਤਰ ਅਨੁਸਾਰ ਉਪ੍ਰੋਕਤ ਜਾਣਕਾਰੀ ਦੇ ਆਧਾਰ ਉਤੇ ਇਸਦਾ ਸੁਰਾਤਮਕ ਸਰੂਪ ਇਸ ਪ੍ਰਕਾਰ ਉਘੜਦਾ ਹੈ:-

ਆਰੋਹ- ਸਾ ਰੇ ਗ ਮ ਪ, ਮੇ ਪ ਧ ਨੀ ਸਾ

ਅਵਰੋਹ-ਸਾਂ ਨੀ ਧ ਪ, ਮੇ ਪ ਮ ਗ, ਮ ਗੁ ਰੇ ਸਾਂ

ਮੁਖ ਅੰਗ- ਸਾ ਰੇ, ਗ ਮ ਪ, ਮ ਗ, ਮ ਗੁ ਰੇ ਸਾਂ ।

ਰਾਗ ਤੁਖਾਰੀ ਵਿਚ ਗੁਰੂ ਨਾਨਕ ਦੇਵ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਜੀ ਨੇ ਬਾਣੀ ਉਚਾਰੀ।

## ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ

**੧ੳ ਸਤਿਗੁਰ ਪ੍ਰਸਾਦਿ ॥ ਤੂ ਸੁਣਿ ਕਿਰਤ ਕਰੰਮਾ, ਪੁਰਬਿ ਕਮਾਇਆ ॥ ਸਿਰਿ ਸਿਰਿ ਸੁਖ ਸਹੰਮਾ, ਦੇਹਿ ਸੁ ਤੂ ਭਲਾ ॥ ਹਰਿ ਰਚਨਾ ਤੇਰੀ, ਕਿਆ ਗਤਿ ਮੇਰੀ, ਹਰਿ ਬਿਨੁ ਘੜੀ ਨ ਜੀਵਾ ॥ ਪ੍ਰਿਅ ਬਾਝੁ ਦੁਹੇਲੀ, ਕੋਇ ਨ ਬੇਲੀ, ਗੁਰਮੁਖਿ ਅੰਮ੍ਰਿਤੁ ਪੀਵਾਂ ॥ ਰਚਨਾ ਰਾਚਿ ਰਹੇ ਨਿਰੰਕਾਰੀ, ਪ੍ਰਭ ਮਨਿ ਕਰਮ ਸੁਕਰਮਾ ॥ ਨਾਨਕ, ਪੰਥੁ ਨਿਹਾਲੇ ਸਾਧਨ, ਤੂ ਸੁਣਿ ਆਤਮਰਾਮਾ ॥੧॥**

### ਉਚਾਰਨ ਸੇਧ

**ਬਿੰਦੀ ਸਹਿਤ:** ਕਰੰਮਾਂ, ਸਹੰਮਾਂ, ਦੇਹਿਂ, ਜੀਵਾਂ, ਸੁਕਰਮਾਂ, ਆਤਮਰਾਮਾਂ।

**ਫੁਟਕਲ:** 'ਬਾਰਹ ਮਾਹਾ' ਦਾ ਉਚਾਰਨ 'ਬਾਰਹ ਮਾਂਹ' ਕਰਨਾ ਅਸ਼ੁੱਧ ਹੈ। ਵਿਸਥਾਰ ਪੂਰਬਕ ਜਾਣਕਾਰੀ ਲਈ ਵੇਖੋ ਪੋਥੀ ਦੂਜੀ ਪੰਨਾ ੨੭੭।

**ਪਦ ਅਰਥ:** ਕਿਰਤ ਕਰੰਮਾ=ਕੀਤੇ ਕਰਮਾਂ ਦੀ ਕਿਰਤ। ਪੁਰਬਿ=ਪਹਿਲੇ (ਜਨਮ ਕਾਲ) ਵਿਚ। ਸਿਰਿ ਸਿਰਿ=ਹਰੇਕ ਜੀਵ ਦੇ ਸਿਰ ਉਤੇ (ਲਿਖੇ ਲੇਖਾਂ) ਅਨੁਸਾਰ। ਸਹੰਮਾ=ਸਹਿਮ, ਦੁਖ। ਦੇਹਿ=ਦੇਵੇਂ, ਦਿੰਦਾ ਹੈਂ। ਭਲਾ=ਚੰਗਾ, ਠੀਕ। ਗਤਿ=ਹਾਲਤ, ਦਸ਼ਾ। ਦੁਹੇਲੀ=ਦੁੱਖੀ। ਬੇਲੀ=ਮਦਦਗਾਰ। ਗੁਰਮੁਖਿ=ਗੁਰੂ ਦੁਆਰਾ। ਰਾਚਿ ਰਹੇ=ਰਚੇ-ਮਿੱਚੇ, ਰੁੱਝੇ, ਖਚਿਤ ਹੋ ਰਹੇ ਹਨ। ਮਨਿ=ਮਨ ਵਿਚ। ਕਰਮ ਸੁਕਰਮਾ=ਕਰਮਾਂ ਚੋਂ ਸ੍ਰੇਸ਼ਟ ਕਰਮ। ਪੰਥੁ=ਰਸਤਾ, ਮਾਰਗ। ਨਿਹਾਲੇ=ਵੇਖ ਰਹੀ ਹੈ। ਆਤਮਰਾਮਾ=ਹੇ ਪਰਮਾਤਮਾ!।

**ਅਰਥ:** (ਹੇ ਪਤੀ ਪਰਮੇਸ਼ਰ!) ਤੂੰ (ਮੇਰੀ ਗਲ ਪਿਆਰ ਨਾਲ) ਸੁਣ, (ਇਸ ਜੀਵ ਨੇ ਆਪਣੇ) ਪਹਿਲੇ (ਜਨਮ ਕਾਲ) ਵਿਚ (ਜੋ ਕੁਝ ਖਟਿਆ) ਕਮਾਇਆ ਹੈ (ਉਹ ਇਸ ਦੇ) ਕੀਤੇ ਕਰਮਾਂ ਦੀ ਕਿਰਤ (ਦਾ ਫਲ ਹੈ)। (ਉਸ ਫਲ ਅਨੁਸਾਰ ਹੀ) ਹਰੇਕ ਜੀਵ ਸੁੱਖ-ਦੁੱਖ ਭੋਗ ਰਿਹਾ ਹੈ (ਪਰ ਤੱਤ ਇਹ ਹੈ ਕਿ ਜੋ ਫਲ) ਤੂੰ (ਕਿਸੇ ਜੀਵ ਨੂੰ ਦੁੱਖ ਜਾਂ ਸੁੱਖ ਰੂਪ ਵਿਚ) ਦੇਵੇਂ (ਉਸ ਲਈ) ਓਹੀ ਚੰਗਾ (ਅਰਥਾਤ ਠੀਕ) ਹੈ। (ਪਰ) ਹੇ ਹਰੀ! (ਇਹ ਸਾਰੀ) ਸ੍ਰਿਸ਼ਟੀ ਤੇਰੀ (ਬਣਾਈ ਹੋਈ ਹੈ, ਤੂੰ ਮੇਰੇ ਵੱਲ ਤੱਕ ਕਿ) ਮੇਰੀ ਕੀ ਹਾਲਤ ਹੈ? (ਮੈਂ ਤੈਥੋਂ) ਬਿਨਾਂ ਇਕ ਘੜੀ (ਭਰ ਸਮਾਂ ਵੀ) ਜੀਉਂਦੀ ਨਹੀਂ ਰਹਿ ਸਕਦੀ। ਹੇ ਪਿਆਰੇ! (ਤੈਥੋਂ) ਬਿਨਾਂ (ਮੈਂ ਬਹੁਤ ਹੀ) ਦੁਖੀ ਹਾਂ, (ਕਿਉਂਕਿ ਇਸ ਸ੍ਰਿਸ਼ਟੀ ਵਿਚ, ਤੈਥੋਂ ਬਿਨਾਂ ਮੇਰਾ ਹੋਰ) ਕੋਈ ਮਦਦਗਾਰ ਨਹੀਂ ਹੈ, (ਹਾਂ, ਜੇ ਤੂੰ ਕਿਰਪਾ ਕਰੇ ਤਾਂ ਮੈਂ) ਗੁਰੂ ਦੁਆਰਾ (ਤੇਰਾ ਨਾਮ ਰੂਪੀ) ਅੰਮ੍ਰਿਤ ਪੀਵਾਂ (ਪੀ ਸਕਦੀ ਹਾਂ)। ਹੇ ਨਿਰਆਕਾਰ ਸਰੂਪ ਵਾਲੇ! (ਤੁਸੀਂ ਜੋ) ਸ੍ਰਿਸ਼ਟੀ ਰਚ ਰਹੇ ਹੋ, (ਸਾਰੇ ਜੀਵ ਉਸ ਵਿਚ) ਰਚੇ ਮਿਚੇ ਪਏ ਹਨ (ਪਰ ਯਥਾਰਥ ਗੱਲ ਇਹ ਹੈ ਕਿ ਤੈਂ) ਪ੍ਰਭੂ ਨੂੰ ਮਨ ਵਿਚ (ਵਸਾਉਣਾ

ਹੀ ਸਾਰੇ) ਕਰਮਾਂ ਤੋਂ ਸ੍ਰੇਸ਼ਟ ਕਰਮ ਹੈ। ਨਾਨਕ (ਗੁਰੂ ਜੀ ਇਸਤਰੀ ਰੂਪ ਵਿਚ ਇਹ ਬੇਨਤੀ ਕਰਦੇ ਹਨ ਕਿ) ਹੇ ਪਤੀ-ਪਰਮਾਤਮਾ! ਤੂੰ ਸੁਣ, ਜੀਵ-ਇਸਤ੍ਰੀ (ਤੇਰਾ) ਰਸਤਾ ਵੇਖ ਰਹੀ ਹੈ (ਤੂੰ ਦਰਸ਼ਨ ਦੇ ਕੇ ਇਸ ਦੀ ਪਿਆਸ ਬੁਝਾ ਦੇ)।੧।

## ਅਰਥ ਭੇਦ ਅਤੇ ਨਿਰਣੈ

**ਰਚਨਾ ਰਾਚਿ ਰਹੇ ਨਿਰੰਕਾਰੀ, ਪ੍ਰਭ ਮਨਿ ਕਰਮ ਸੁਕਰਮਾ॥**

ਵਖ ਵਖ ਅਰਥ:

੧) ਜਿ ਕਿਛੁ ਰਚਨਾ ਪਰਮੇਸ਼ੁਰ ਕੀ ਹੈ, ਸਾ ਓਹੁ ਰਚਿ ਰਹਿਆ ਹੈ। ਅਜੁ ਫੇਰਿ ਕਿਛੁ ਹੋਤਾ ਨਾਹੀ। ਹੋਇਗਾ ਓਹੀ, ਜਿ ਉਨਿ ਨਿਰੰਕਾਰ ਰਚਿਆ ਹੈ। ਕਰਮ, ਅਕਰਮ, ਸੁਕਰਮ, ਜਿ ਕਿਛੁ ਕਰਤਾ ਹੈ, ਸੁ ਪਰਮੇਸ਼ੁਰ ਕੇ ਹੁਕਮਿ ਕਰਿ ਕਰਿ ਹੋਤਾ ਹੈ। ਹੋਰਸ ਤੇ ਨਾ ਹੀ ਹੋਤਾ। [ਪੋਥੀ ਹਰਿ ਜੀ

੨) ਹੇ ਨਿਰੰਕਾਰ ਪ੍ਰਭੂ! ਹਮ ਜੀਵ (ਨਿਰੰਕਾਰੀ) ਨਿਰੰਕਾਰ ਕੀ ਅਰਥਾਤ ਤੇਰੀ ਰਚਨਾ ਮੈਂ ਰਚ ਰਹੇ ਹੈਂ ਔਰ ਆਪ ਕਾ ਜੋ ਮੰਨਨ ਕਰਨਾ ਹੈ ਸੋ ਬਹੁਤ ਕਰਮੋ ਮੈਂ (ਸੁ) ਸ੍ਰੇਸ਼ਟ ਕਰਮ ਹੈ ਆਪ ਰਚਨਾ ਕੋ ਰਚ ਰਹੇ ਹੋ ਅਰ ਹਮਾਰੇ ਸਮਾਨ ਕਰਮਾ ਕੋ ਸ੍ਰੇਸ਼ਟ ਕਰਮ ਕਰਕੇ ਮਾਨਤੇ ਹੋ। [ਫ਼.ਸ.

੩) ਅਸੀਂ ਜੀਵ ਨਿਰੰਕਾਰ ਦੀ ਰਚੀ ਮਾਇਆ ਵਿਚ ਫਸੇ ਪਏ ਹਾਂ ਉਹ ਕਾਹਦਾ ਜੀਵਨ ਹੈ? ਪ੍ਰਭੂ ਨੂੰ ਮਨ ਵਿਚ ਵਸਾਉਣਾ ਹੀ ਸਭ ਕੰਮਾਂ ਤੋਂ ਸ੍ਰੇਸ਼ਟ ਕੰਮ ਹੈ (ਇਹੀ ਹੈ ਮਨੁੱਖ ਵਾਸਤੇ ਜੀਵਨ ਮਨੋਰਥ)। [ਦਰਪਣ

੪) ਹੇ ਨਿਰੰਕਾਰ ਪ੍ਰਭੂ! ਅਸੀਂ ਆਪ ਜੀ ਦੀ ਸੰਸਾਰ ਰਚਨਾ ਵਿਚ ਤਦਾਕਾਰ ਹੋ ਰਹੇ ਹਾਂ, ਯਥਾ- ਦਾਤਿ ਪਿਆਰੀ ਵਿਸਰਿਆ ਦਾਤਾਰਾ॥ ਜਾਣੈ ਨਾਹੀ, ਮਰਣੁ ਵਿਚਾਰਾ॥(ਧਨਾਸਰੀ ਮਹਲਾ੫) ਪਰ ਹੇ ਪ੍ਰਭੂ! ਮੇਰੇ ਜੋ ਸਮਾਨ ਕਰਮ ਸਨ ਉਹ ਆਪ ਜੀ ਨੇ ਸਰੇਸ਼ਟ ਕਰਮ ਕਰਕੇ ਮੰਨੇ ਹਨ। [ਸੰ.ਸ

**ਨਿਰਣੈ:** ਇਸ ਪਉੜੀ ਵਿਚ "ਤੂ ਸੁਣਿ, ਦੇਹਿ ਸੁ ਤੂ" ਹਰ ਰਚਨਾ ਤੇਰੀ ਅਤੇ ਅੰਤ ਵਿਚ "ਤੂ ਸੁਣਿ ਆਤਮਰਾਮਾ" ਵਿਚ ਵਰਤੀ ਗਈ ਸ਼ਬਦਾਵਲੀ ਤੋਂ ਸਪਸ਼ਟ ਸੰਬੋਧਨ ਰੂਪ ਵਿਚ ਅਰਥ ਕਰਨ ਦੀ ਪੁਸ਼ਟੀ ਹੁੰਦੀ ਹੈ। ਇਸ ਲਈ ਉਪਰੋਕਤ ਪੰਕਤੀ ਵਿਚ "ਨਿਰੰਕਾਰੀ" ਪਦ ਦੇ ਅਰਥ ਭਾਵੇਂ ਹੇ ਨਿਰੰਕਾਰ! ਨਹੀਂ ਕੀਤੇ ਜਾ ਸਕਦੇ ਪਰ ਨਿਰੰਕਾਰ ਦੀ ਰਚੀ ਮਾਇਆ ਵਿਚ ਕਰਨੇ ਵੀ ਲਗਮਾਤਰੀ ਨੇਮਾਂ ਦੇ ਅਨੁਸਾਰ ਠੀਕ ਨਹੀਂ ਕਹੇ ਜਾ ਸਕਦੇ ਕਿਉਂਕਿ "ਨਿਰੰਕਾਰਿ" ਦਾ ਰਾਰਾ ਸਿਹਾਰੀ ਸਹਿਤ ਹੈ। ਇਸ ਵਾਸਤੇ ਇਹ ਪਦ ਵਿਸ਼ੇਸ਼ਣ ਰੂਪ ਦਾ ਲਖਾਇਕ ਹੈ ਭਾਵ 'ਨਿਰ ਆਕਾਰ ਸਰੂਪ ਵਾਲੇ'।

'ਪ੍ਰਭ' ਦੇ ਅਰਥ 'ਪ੍ਰਭੂ ਨੂੰ' ਕਰਨੇ ਵੀ ਠੀਕ ਨਹੀਂ ਜਾਪਦੇ ਕਿਉਂਕਿ ਇਹ ਪਦ ਸੰਬੋਧਨ ਕਾਰਕ ਦਾ ਸੂਚਕ ਹੈ, ਸੰਪਰਦਾਨ ਕਾਰਕ ਨਹੀਂ ਹੈ। ਸੋ ਇਸ ਪੰਕਤੀ ਦੇ ਅਰਥ ਇਉਂ ਕਰਨੇ ਉਚਿਤ ਹਨ-

ਹੇ ਨਿਰ-ਆਕਾਰ ਸਰੂਪ ਵਾਲੇ! (ਤੁਸੀਂ) ਸ੍ਰਿਸ਼ਟੀ ਰਚ ਰਹੇ ਹੋ (ਅਤੇ) ਹੇ ਪ੍ਰਭੂ! (ਤੈਨੂੰ) ਮਨ ਵਿਚ ਵਸਾਉਣਾ ਹੀ ਸਾਰੇ) ਕਰਮਾਂ ਤੋਂ ਸ੍ਰੇਸ਼ਟ ਕਰਮ ਹੈ। ਇਸੇ ਤਰ੍ਹਾਂ ਨੰਬਰ ੩ ਵਾਲੇ ਅਰਥਾਂ ਦਾ ਅਨਯ ਪੁਰਖ ਵਾਲਾ ਵਿਆਕਰਣਕ ਰੂਪ ਠੀਕ ਨਹੀਂ ਹੈ।

ਅੰਤਲੀ ਪੰਕਤੀ ਵਿਚ 'ਸਧਨ' ਪਦ ਨੂੰ 'ਸਾ-ਧਨ' ਪਦ ਛੇਦ ਕਰਨਾ ਭੀ ਠੀਕ ਨਹੀਂ ਹੈ।

## ਸਾਰੰਸ਼ ਅਤੇ ਸਿਧਾਂਤ

'ਬਾਰਹਮਾਹਾ' ਬਾਰ੍ਹਾਂ ਮਹੀਨਿਆਂ ਦੇ ਸੰਗ੍ਰਹਿ ਦਾ ਇਕਠਵਾਚਕ ਪੁਲਿੰਗ ਨਾਵ ਹੈ। ਇਸ ਦਾ ਉਚਾਰਨ 'ਬਾਰਹਮਾਹਾਂ' ਕਰਨਾ ਠੀਕ ਨਹੀਂ ਹੈ। ਇਸ ਬਾਰੇ ਲੋੜੀਂਦੀ ਵਿਆਖਿਆ 'ਬਾਰਹਮਾਹਾ ਮਾਝ ਮਹਲਾ ੫ ਘਰੁ ੪' ਵਿਚ ਕਰ ਦਿੱਤੀ ਗਈ ਹੈ। ਉਥੇ ਮੰਗਲ ਰੂਪ ਵਿਚ ਕੇਵਲ ਇਕ ਪਉੜੀ ਸੀ ਪਰ ਇਥੇ 'ਤੁਖਾਰੀ ਬਾਰਹ ਮਾਹਾ' ਵਿਚ ਤਿੰਨ ਪਉੜੀਆਂ ਹਨ ਜਿਨ੍ਹਾਂ ਦਾ ਵਿਸ਼ਾ ਵਸਤੂ ਅਧਿਆਤਮਿਕ ਰਹੱਸਵਾਦ ਹੈ।

ਪਹਿਲੇ ਮੰਗਲ ਰੂਪੀ ਛੰਤ ਚੋਂ ਪ੍ਰਭੂ ਮਿਲਾਪ ਲਈ ਬ੍ਰਿਹਾ, ਚਾਹਨਾ ਅਤੇ ਭਗਤੀ-ਭਾਵ ਤੋਂ ਉਪਜੀ ਸਹਿਜ ਅਵਸਥਾ ਦਾ ਝਲਕਾਰਾ ਵਜਦਾ ਹੈ। ਇਸ ਰਚਨਾ ਵਿਚ ਸ੍ਰੇਸ਼ਟ ਭਾਵਨਾ ਦੀ ਪ੍ਰਧਾਨਤਾ ਹੈ ਜੋ ਅਧਿਆਤਮਿਕ ਖੇਤਰ ਵਿਚ ਨਾਮ-ਰੰਗੀ ਅਨੁਭਵਾਂ ਨੂੰ ਨਿਰਾਲੀ ਛੋਹ ਪਰਦਾਨ ਕਰਦੀ ਹੈ।

ਇਸ ਬਾਣੀ ਦਾ ਆਰੰਭ ਹੀ 'ਤੂ ਸੁਣਿ' ਤੋਂ ਹੁੰਦਾ ਹੈ ਜੋ ਸੁਰਤੇ ਨੂੰ ਸਾਵਧਾਨ ਏਕਾਗਰ ਚੀਤ' ਦੇ ਮੰਡਲ ਵਿਚ ਲੈ ਜਾਂਦਾ ਹੈ। ਪੂਰਬਲੇ ਜਨਮਾਂ ਦੇ ਕਰਮਾਂ ਤੋਂ ਜੋ ਦੁਖ ਸੁਖ ਰੂਪ ਫਲ ਭੋਗਣੇ ਪੈਂਦੇ ਹਨ ਉਸ ਤੋਂ ਚੇਤੰਨ ਕਰਾਇਆ ਹੈ। ਜੀਵ-ਇਸਤਰੀ ਗ੍ਰਹਿ ਨਛੱਤਰਾਂ ਦੀ ਚਾਲ, ਰਾਹੂ ਕੇਤੂ, ਮੰਗਲ ਛਨਿਛਰ ਵਾਰਾਂ ਦੀ ਗਰਦਸ਼ ਆਦਿ ਦੇ ਭਰਮ ਵਿਚ ਭਟਕਦੀ ਹੋਈ ਜੋਤਸ਼ੀਆਂ ਅਗੇ ਹੀ ਆਪਣਾ ਹੱਥ ਤੱਡੀ ਰਖਦੀ ਹੈ ਪਰ ਇਸਦਾ ਧਿਆਨ ਆਪਣੇ ਕਰਮਾਂ ਵਲ ਨਹੀਂ ਜਾਂਦਾ। ਗੁਰੂ ਪਾਤਿਸ਼ਾਹ ਜੀਵ ਨੂੰ ਸਮਝਾਉਂਦੇ ਹਨ:-

**ਬੀਜ ਬੋਵਸਿ ਭੋਗ ਭੋਗਹਿ, ਕੀਆ ਅਪਣਾ ਪਾਵਏ ॥** [ਪੰਨਾ ੧੦੫

ਗਲ ਸਾਰੀ ਬੀਜ ਦੀ ਹੈ। ਕਿਰਸਾਨ ਜਦੋਂ ਖੇਤੀ ਬੀਜਦਾ ਹੈ ਤਾਂ ਉਹ ਬੀਜਣ ਤੋਂ ਪਹਿਲਾਂ ਬੜੀ ਸਾਵਧਾਨੀ ਵਰਤਦਾ ਹੈ। ਉਹ ਵੇਖਦਾ ਹੈ ਕਿ ਬੀਜ ਬਹੁਤ ਪੁਰਾਣਾ ਤਾਂ ਨਹੀਂ? ਘੁਣ ਜਾਂ ਕੀੜੇਂ ਵਾਲਾ ਤਾਂ ਨਹੀਂ? ਧਰਤੀ, ਜਿਸ ਵਿਚ ਬੀਜ ਬੌਂਦਾ ਹੈ, ਪਹਿਲਾਂ ਉਸ ਨੂੰ ਹਲ ਵਾਹ ਕੇ ਨਰਮ ਕਰਦਾ ਹੈ, ਸੁਹਾਗਾ ਫੇਰਦਾ ਹੈ, ਪਾਣੀ ਦੇਂਦਾ ਹੈ, ਜਦੋਂ ਧਰਤੀ ਵਤਰ ਫੜਦੀ ਹੈ, ਉਸ ਰੁਤ ਅਨੁਸਾਰ ਉਸ ਵਿਚ ਬੀਜ ਪਾਂਦਾ ਹੈ, ਫਿਰ ਰਾਖੀ ਕਰਦਾ ਹੈ, ਇਸ ਤਰ੍ਹਾਂ ਉਹ ਲੋੜੀਂਦਾ ਫਲ ਪ੍ਰਾਪਤ ਕਰਦਾ ਹੈ। ਸਾਡਾ ਇਹ ਸਰੀਰ ਵੀ ਧਰਤੀ ਦੀ ਨਿਆਈਂ ਹੈ, ਇਸ ਵਿਚ ਜਿਹਾ ਜਿਹਾ ਕਰਮ ਰੂਪੀ ਬੀਜ ਬੀਜਿਆ ਜਾਵੇ, ਉਹੋ ਜਿਹਾ ਫਲ ਪ੍ਰਾਪਤ ਹੁੰਦਾ ਹੈ। ਗੁਰਵਾਕ ਵੀ ਹਨ:-

**੧- ਆਪਿ ਸੁਜਾਣੁ ਨ ਭੁਲਈ, ਸਚਾ ਵਡ ਕਿਰਸਾਣੁ॥**
**ਪਹਿਲਾ ਧਰਤੀ ਸਾਧਿ ਕੈ, ਸਚੁ ਨਾਮੁ ਦੇ ਦਾਣੁ ॥**
**ਨਉਨਿਧਿ ਉਪਜੈ ਨਾਮੁ ਏਕੁ, ਕਰਮਿ ਪਵੈ ਨੀਸਾਣੁ ॥੨॥** [ਪੰਨਾ ੧੯
**੨- ਕਰਮ ਧਰਤੀ ਸਰੀਰੁ ਜੁਗ ਅੰਤਰਿ, ਜੋ ਬੋਵੈ ਸੋ ਖਾਤਿ ॥** [ਪੰਨਾ ੭੮
**੩- ਇਹੁ ਸਰੀਰੁ ਕਰਮ ਕੀ ਧਰਤੀ, ਗੁਰਮੁਖਿ ਮਥਿ ਮਥਿ ਤਤੁ ਕਢਈਆ॥** [ਪੰ. ੮੩੪

ਇਸੇ ਤਰ੍ਹਾਂ, ਸਿਆਣਾ ਜਗਿਆਸੂ ਕਰਮ ਕਰਨ ਵੇਲੇ ਚੇਤੰਨ ਹੁੰਦਾ ਹੈ ਉਹ ਹਮੇਸ਼ਾਂ ਚੰਗਿਆਈ ਰੂਪ ਬੀਜ ਹੀ ਬੀਜਦਾ ਹੈ ਕਿਉਂਕਿ ਉਸ ਨੂੰ ਗਿਆਨ ਹੁੰਦਾ ਹੈ "ਜੇਵੇਹੇ ਕਰਮ ਕਮਾਵਦਾ, ਤੇਵੇਹੇ ਫਲਤੇ" (ਪੰਨਾ ੩੧੭)। ਜੇ ਜੀਵਨ ਵਿਚ ਉਸ ਨੂੰ ਕਿਸੇ ਵੇਲੇ ਦੁਖ ਆ ਵਾਪਰੇ ਤਾਂ ਉਹ ਕਿਸੇ ਨੂੰ ਦੋਸ਼ੀ ਨਹੀ ਠਹਿਰਾਉਂਦਾ, ਆਪਣੇ ਕਰਮਾਂ ਵਲ ਝਾਤ ਮਾਰਦਾ ਹੈ। ਗੁਰੂ ਨਾਨਕ ਦੇਵ ਜੀ ਦੇ ਪਾਵਨ ਬਚਨ "ਸਿਰਿ ਸਿਰਿ ਦੁਖ ਸਹੰਮਾ, ਦੇਹਿ ਸੁ ਤੂ ਭਲਾ" ਇਹਨਾਂ ਵਿਚ ਵੀ ਉਸੇ ਤਰ੍ਹਾਂ ਦਾ ਰਹੱਸ ਹੈ ਜਿਸ ਤਰ੍ਹਾਂ ਆਪ ਜੀ ਦੇ ਵਡਹੰਸ ਰਾਗ ਵਿਚ ਅੰਮ੍ਰਿਤ ਬਚਨ ਹਨ:-

**ਵਾਰੀ ਖਸਮੁ ਕਢਾਏ, ਕਿਰਤੁ ਕਮਾਵਣਾ ॥**
**ਮੰਦਾ ਕਿਸੈ ਨ ਆਖਿ, ਝਗੜਾ ਪਾਵਣਾ ॥**
**ਨਹ ਪਾਇ ਝਗੜਾ ਸੁਆਮਿ ਸੇਤੀ, ਆਪਿ ਆਪੁ ਵਞਾਵਣਾ ॥**
**ਜਿਸੁ ਨਾਲਿ ਸੰਗਤਿ ਕਰਿ ਸਰੀਕੀ, ਜਾਇ ਕਿਆ ਰੂਆਵਣਾ ॥**
**ਜੋ ਦੇਇ ਸਹਣਾ ਮਨਹਿ ਕਹਣਾ, ਆਖਿ ਨਾਹੀ ਵਾਵਣਾ ॥**
**ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ ॥** [ਪੰਨਾ ੫੬੬

ਤੀਜੀ ਪੰਕਤੀ 'ਕਿਆ ਗਤਿ ਮੇਰੀ' ਅਤੇ 'ਹਰਿ ਬਿਨੁ ਘੜੀ ਨ ਜੀਵਾ' ਵਾਲੀ ਸ਼ਬਦਾਵਲੀ ਬ੍ਰਿਹੁ ਭਰਪੂਰ ਹੈ। ਪਤੀ-ਪਰਮਾਤਮਾ ਤੋਂ ਬਿਨਾਂ ਇਕ ਘੜੀ ਜੀਉਣਾ ਵੀ ਅਤੀ ਦੁਖਦਾਈ ਲਗ ਰਿਹਾ ਹੈ। ਇਹੋ ਜਿਹੀ ਹਾਲਤ ਦਾ ਵੀ ਮੂਲ ਕਾਰਨ ਕਰਮ ਹੀ ਹਨ। ਜਦੋਂ ਜੀਵ-ਇਸਤ੍ਰੀ ਦਾ ਪਤੀ-ਪਰਮੇਸ਼ਰ ਨਾਲ ਡੂੰਘਾ ਪਿਆਰ ਪੈ ਜਾਂਦਾ ਹੈ, ਉਸਦੇ ਪ੍ਰੇਮ ਵਿਚ ਓਤਿ-ਪੋਤਿ ਹੁੰਦੀ ਹੈ ਤਾਂ ਉਸ ਨੂੰ ਪਤੀ ਤੋਂ ਬਿਨਾ ਇਕ ਘੜੀ ਜੀਉਣ ਦਾ ਸਮਾਂ ਵੀ 'ਕਲਜੁਗਿ' ਪ੍ਰਤੀਤ ਹੁੰਦਾ ਹੈ। ਅੰਤਰ ਆਤਮੇ ਉਸ ਨੂੰ ਇਹ ਸੋਝੀ ਹੋ ਆਉਂਦੀ ਹੈ:-

**ਇਕੁ ਸਜਣੁ ਸਭਿ ਸਜਣਾ, ਇਕੁ ਵੈਰੀ ਸਭਿ ਵਾਦਿ॥**
**ਗੁਰਿ ਪੂਰੈ ਵੇਖਾਲਿਆ, ਵਿਣੁ ਨਾਵੈ ਸਭ ਬਾਦਿ ॥** [ਪੰਨਾ ੯੫੭

'ਕਿਆ ਗਤਿ ਮੇਰੀ' ਵਿਚ ਭੈ ਅਤੇ ਨਿਰਮਾਣਤਾ ਵਾਲੀ ਦਸ਼ਾ ਦਾ ਉਲੇਖ ਹੈ ਜਿਸ ਨੂੰ ਕੋਈ ਸੋਹਾਗਣਿ ਇਸਤਰੀ ਹੀ ਜਾਣ ਸਕਦੀ ਹੈ। 'ਬਾਝਹੁ ਪਿਆਰੇ, ਕੋਇ ਨ ਸਾਰੇ' ਇਹ ਬ੍ਰਿਹੁ ਕੁਠੀ ਜਿੰਦੜੀ ਦਾ ਦਿਲੀ-ਹਾਵਾ ਹੈ। 'ਪੰਥ ਨਿਹਾਰੇ ਕਾਮਨੀ' ਵਾਲੀ ਵਿਆਕੁਲਤਾ ਦਾ ਇਕ ਨਵੇਕਲਾ ਅਸਥਾਨ ਹੈ ਜੋ ਕਿਸੇ ਵਿਰਲੀ ਆਤਮਾ ਨੂੰ ਪ੍ਰਾਪਤ ਹੁੰਦਾ ਹੈ। ਜੀਵ-ਇਸਤਰੀ ਦੇ ਹਿਰਦੇ ਵਿਚ ਅੰਮ੍ਰਿਤ ਪੀਣ ਦੀ ਚਾਹਨਾ ਅੰਮ੍ਰਿਤਮਈ ਜੀਵਨ ਦੀ ਪ੍ਰਤੀਕ ਹੈ, ਪਰ ਗੁਰੂ ਦੇ ਮਿਲਣ ਨਾਲ ਹੀ ਨਾਮ-ਅੰਮ੍ਰਿਤ ਦੀ ਬੂੰਦ ਮੁਖ ਵਿਚ ਪੈ ਸਕਦੀ ਹੈ। ਅੰਤਲੀਆਂ ਪੰਕਤੀਆਂ ਵਿਚ 'ਤੂ ਸੁਣਿ ਆਤਮਰਾਮਾ' ਪ੍ਰਭੂ ਅੱਗੇ ਪੁਕਾਰ ਕੀਤੀ ਹੈ- ਹੇ ਪ੍ਰਭੂ! ਸਾਰੇ ਜੀਵ ਤੇਰੀ ਰਚਨਾ ਵਿਚ ਹੀ ਰਚੇ ਪਏ ਹਨ ਜਦੋਂ ਕਿ ਜੀਵਾਂ ਦੇ ਮਨ ਵਿਚ ਤੇਰਾ ਵਸਣਾ ਹੀ ਸਭ ਤੋਂ ਸ੍ਰੇਸ਼ਟ ਕਰਮ ਹੈ ਪਰ ਤੇਰੀ ਮਿਹਰ ਤੋਂ ਬਿਨਾਂ ਜੀਵ ਆਪਣੇ ਆਪ ਕੁਝ ਨਹੀਂ ਕਰ ਸਕਦਾ।

ਸਿਧਾਂਤ ਇਹ ਹੈ ਕਿ ਜੀਵ ਇਸਤਰੀ ਪਤੀ-ਪਰਮਾਤਮਾ ਦਾ ਰਸਤਾ ਵੇਖ ਰਹੀ ਹੈ ਉਸ ਦੇ

ਦਰਸ਼ਨਾਂ ਦੀ ਚਾਹਕ ਹੈ। ਸ੍ਰੇਸ਼ਟ ਕਰਮ ਕਰਨ ਦੇ ਬਾਵਜੂਦ ਵੀ ਜੀਵ-ਇਸਤ੍ਰੀ ਨੂੰ ਪ੍ਰਭੂ ਕਿਰਪਾ ਦ੍ਰਿਸ਼ਟੀ ਦੀ ਅਤਿਅੰਤ ਲੋੜ ਹੈ, ਉਸ ਤੋਂ ਬਿਨਾਂ ਆਤਮਿਕ ਸ਼ਾਂਤੀ ਨਹੀਂ ਮਿਲ ਸਕਦੀ।

**ਬਾਬੀਹਾ ਪ੍ਰਿਉ ਬੋਲੇ, ਕੋਕਿਲ ਬਾਣੀਆ ॥ ਸਾਧਨ ਸਭਿ ਰਸ ਚੋਲੈ, ਅੰਕਿ ਸਮਾਣੀਆ ॥ ਹਰਿ ਅੰਕਿ ਸਮਾਣੀ ਜਾ ਪ੍ਰਭ ਭਾਣੀ, ਸਾ ਸੋਹਾਗਣਿ ਨਾਰੇ ॥ ਨਵ ਘਰ ਥਾਪਿ ਮਹਲ ਘਰੁ ਊਚਉ, ਨਿਜ ਘਰਿ ਵਾਸੁ ਮੁਰਾਰੇ ॥ ਸਭ ਤੇਰੀ ਤੂ ਮੇਰਾ ਪ੍ਰੀਤਮੁ, ਨਿਸਿ ਬਾਸੁਰ ਰੰਗਿ ਰਾਵੈ ॥ ਨਾਨਕ, ਪ੍ਰਿਉ ਪ੍ਰਿਉ ਚਵੈ ਬਬੀਹਾ, ਕੋਕਿਲ ਸਬਦਿ ਸੁਹਾਵੈ ॥੨॥**

**ਪਦ ਅਰਥ:** ਬਾਬੀਹਾ=ਪਪੀਹਾ। ਪ੍ਰਿਉ ਬੋਲੇ=ਪਪੀਹੇ ਦਾ ਬੋਲ, ਆਵਾਜ਼। ਕੋਕਿਲ=ਕੋਇਲ। ਬਾਣੀਆ=ਬਾਣੀ, ਬੋਲੀ (ਕੂ ਕੂ ਦੀ ਆਵਾਜ਼)। ਸਾਧਨ=ਜੀਵ-ਇਸਤਰੀ। ਚੋਲੈ=ਭੋਗਦੀ, ਮਾਣਦੀ ਹੈ। ਅੰਕਿ=ਅੰਗ ਨਾਲ, ਗੋਦੀ ਵਿਚ। ਭਾਣੀ=ਚੰਗੀ ਲਗਦੀ ਹੈ। ਨਾਰੇ=ਨਾਰੀ, ਇਸਤਰੀ। ਨਵ ਘਰ=ਨੌ ਇੰਦ੍ਰੇ, ਗੋਲਕਾਂ। ਥਾਪਿ=ਬਣਾ (ਟਿਕਾ) ਕੇ। ਮਹਲ ਘਰੁ=ਪ੍ਰਭੂ ਦਾ ਨਿਵਾਸ ਅਸਥਾਨ। ਨਿਜ ਘਰਿ=ਸ੍ਵੈ-ਸਰੂਪ ਵਿਚ। ਵਾਸੁ=ਵਾਸਾ, ਨਿਵਾਸ। ਮੁਰਾਰੇ=ਮੁਰ ਰਾਖਸ਼ ਨੂੰ ਮਾਰਨ ਵਾਲਾ ਕ੍ਰਿਸ਼ਨ ਭਾਵ ਵਾਹਿਗੁਰੂ। ਨਿਸਿ=ਰਾਤ। ਬਾਸੁਰ=ਦਿਨ। ਰੰਗਿ=ਪ੍ਰੇਮ ਵਿਚ। ਰਾਵੈ=ਭੋਗਦੀ, ਮਾਣਦੀ ਹੈ। ਚਵੈ=ਬੋਲਦਾ ਹੈ। ਸੁਹਾਵੈ=ਸੋਂਹਦੀ ਹੈ।

**ਅਰਥ:** (ਜਿਵੇਂ) ਪਪੀਹਾ 'ਪ੍ਰਿਉ ਪ੍ਰਿਉ' ਬੋਲਦਾ ਹੈ (ਤਿਵੇਂ ਜੀਵ ਇਸਤ੍ਰੀ ਦਾ ਚਿਤ ਰੂਪ ਬਬੀਹਾ 'ਪਤੀ ਪਤੀ' ਕਰਦਾ ਹੈ, ਜਿਵੇਂ) ਕੋਇਲ 'ਕੂ ਕੂ' ਬੋਲੀ ਬੋਲਦੀ ਹੈ (ਤਿਵੇਂ) ਜੀਵ-ਇਸਤਰੀ ਦੀ ਜੀਭ ਰੂਪ ਕੋਇਲ (ਪਤੀ ਦੇ ਵਿਜੋਗ ਵਿਚ ਪਿਆਰ ਵਾਲੀ ਬੋਲੀ ਬੋਲਦੀ ਹੈ) ਸਾਰੇ ਰਸ ਮਾਣਦੀ ਹੈ (ਅਤੇ ਪਤੀ ਦੇ) ਅੰਕ ਵਿਚ ਸਮਾਈ ਰਹਿੰਦੀ ਹੈ। ਜਦੋਂ (ਜੀਵ-ਇਸਤਰੀ) ਪ੍ਰਭੂ ਨੂੰ ਚੰਗੀ ਲਗਦੀ ਹੈ (ਤਾਂ ਉਹ) ਹਰੀ-ਪਤੀ ਦੀ ਗੋਦ (ਭਾਵ ਦਿਲ) ਵਿਚ ਸਮਾਉਂਦੀ ਹੈ। (ਇਸ ਤਰ੍ਹਾਂ ਦੀ ਕ੍ਰਿਆ ਕਰਨ ਵਾਲੀ) ਉਹ ਇਸਤ੍ਰੀ ਸੁਹਾਗਣ (ਅਖੀ ਜਾਂਦੀ ਹੈ)। (ਉਹ ਆਪਣੇ) ਨੌ ਇੰਦ੍ਰਿਆਂ ਨੂੰ ਟਿਕਾ ਕੇ (ਉਹਨਾਂ ਤੇ ਕਾਬੂ ਪਾ ਕੇ) ਪ੍ਰਭੂ ਦਾ ਉਚਾ ਨਿਵਾਸ-ਅਸਥਾਨ (ਬਣਾ ਕੇ) ਨਿਜ ਸਰੂਪ ਵਿਚ (ਹਰੀ ਦਾ) ਵਾਸਾ (ਵੇਖਦੀ ਹੈ)। (ਉਹ) ਦਿਨ ਰਾਤ (ਪਤੀ ਨੂੰ) ਪ੍ਰੇਮ ਨਾਲ ਮਾਣਦੀ ਹੋਈ (ਇਉਂ ਅਖਦੀ ਹੈ ਕਿ ਹੇ ਪ੍ਰਭੂ!) ਸਾਰੀ ਸ੍ਰਿਸ਼ਟੀ ਤੇਰੀ ਹੈ (ਅਤੇ) ਤੂੰ ਮੇਰਾ (ਆਪਣਾ ਪਿਆਰਾ) ਪ੍ਰੀਤਮ ਹੈਂ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਜਿਵੇਂ) ਪਪੀਹਾ ਪ੍ਰਿਉ ਪ੍ਰਿਉ ਬੋਲਦਾ ਹੈ (ਅਤੇ) ਕੋਇਲ (ਕੂ ਕੂ ਕਰਕੇ ਕੂਕਦੀ ਹੈ, ਤਿਵੇਂ ਜੀਵ-ਇਸਤਰੀ) ਸ਼ਬਦ ਦੁਆਰਾ (ਪ੍ਰੀਤਮ ਦੇ ਦੁਆਰੇ ਉਤੇ ਪ੍ਰਿਉ ਪ੍ਰਿਉ 'ਵਾਹਿਗੁਰੂ ਵਾਹਿਗੁਰੂ' ਕਰਦੀ ਹੋਈ) ਸ਼ੋਭਾ ਪਾਉਂਦੀ ਹੈ।੨।

## ਅਰਥ ਭੇਦ ਅਤੇ ਨਿਰਣੈ

**ਸਾਧਨ ਸਭਿ ਰਸ ਚੋਲੈ, ਅੰਕਿ ਸਮਾਣੀਆ।**

ਵਖ ਵਖ ਅਰਥ:

੧- ਜੋ ਇਸਤ੍ਰੀ ਅੰਕ ਭਰਤਾ ਮੈ ਸਮਾਤੀ ਹੈ ਸੋ ਸਾਧਨ ਸਰਬ ਰਸਾਂ ਨੂੰ ਲੇਤੀ ਹੈ ਚੋਲੈ ਖਾਵੈ ਹੈ ਚੋਚਲਾ ਕਰਤੀ ਹੈ ਭਾਵ ਏਹ ਜੋ ਸਰਬ ਅਨੰਦ ਉਸ ਕੋ ਭਯਾ। [ਪ੍ਰਿਯਾ ਭਾ. ਸ਼ਾਮ ਸਿੰਘ ਜੀ

੨) (ਸਾ) ਵਹੁ ਜੀਵ ਰੂਪ (ਧਨ) ਇਸਤ੍ਰੀ (ਅੰਕਿ) ਸਰੂਪ ਮੈਂ ਸਮਾਈ ਹੈ ਤਿਸ ਕੇ ਸਭ (ਚੋਲੇ) ਧਾਰ ਲੀਏ ਹੈ। [ਫ਼.ਸ.

੩) (ਇਸ ਸਮੇਂ ਜਗਯਾਸੂ ਰੂਪ) ਇਸਤ੍ਰੀ ਸਾਰੇ ਰਸ ਭੋਗ ਰਹੀ ਹੈ. (ਪਤੀ ਦੇ) ਅੰਕ ਵਿਚ ਸਮਾਈ ਹੈ। [ਭਾਈ ਵੀਰ ਸਿੰਘ ਜੀ

੪) (ਜਿਹੜੀ ਜੀਵ-ਇਸਤ੍ਰੀ ਵੈਰਾਗ ਵਿਚ ਆ ਕੇ ਮਿੱਠੀ ਸੁਰ ਨਾਲ ਪ੍ਰਭੂ-ਪਤੀ ਨੂੰ ਯਾਦ ਕਰਦੀ ਹੈ, ਉਹੀ ਜੀਵ-ਇਸਤ੍ਰੀ (ਪ੍ਰਭੂ-ਮਿਲਾਪ ਦੇ) ਸਾਰੇ ਆਨੰਦ ਮਾਣਦੀ ਹੈ ਤੇ ਉਸ ਦੇ ਚਰਨਾਂ ਵਿਚ ਟਿਕੀ ਰਹਿੰਦੀ ਹੈ। [ਦਰਪਣ

੫) ਸਾ-ਉਹ ਜਗਿਆਸੂ ਰੂਪ ਇਸਤ੍ਰੀ ਅੰਕਿ=ਸਰੂਪ ਵਿਚ ਸਮਾਈ ਹੈ ਜਿਹੜੀ ਸਰੂਪ ਵਿਚ ਸਮਾਈ ਹੈ ਉਸ ਨੇ ਸਭ ਰਸਾਂ ਤੋਂ ਚੋ ਲਿਆ ਅਰਥਾਤ ਧਾਰਨ ਕਰ ਲਿਆ ਹੈ।

ਅਥਵਾ- ਸਰੀਰ ਚੋਲੇ ਵਿਚ ਸਭ ਰਸਾਂ ਨੂੰ ਪਾ ਲਿਆ ਹੈ। ਅਥਵਾ ਸਭ ਰਸਾਂ ਦੇ ਮਾਲਕ ਪ੍ਰਭੂ ਨੂੰ ਚੋ ਲਿਆ ਹੈ ਅਰਥਾਤ ਆਪਣਾ ਰੂਪ ਨਿਸ਼ਚੇ ਕਰ ਲਿਆ ਹੈ। [ਸੰ.ਸ.

**ਨਿਰਣੈ:** ਇਸ ਪੰਕਤੀ ਦਾ ਪਾਠ 'ਗੁਰਬਾਣੀ ਪਾਠ ਦਰਸ਼ਨ' ਵਿਚ ਇਉਂ ਪਦ ਛੇਦ ਕੀਤਾ ਗਿਆ ਹੈ:-

**ਸਾ ਧਨ, ਸਭਿ ਰਸ ਚੋਲੈ, ਅੰਕਿ ਸਮਾਣੀਆ ॥**

ਗੁਰਬਾਣੀ ਵਿਚ 'ਸਾਧਨ' ਜੁੜਤ ਪਦ ਹੈ ਜਿਸ ਦੇ ਅਰਥ ਹਨ-ਇਸਤਰੀ। ਸੰਪ੍ਰਦਾਈ ਵਿਦਵਾਨ ਤੇ ਪਾਠੀ ਜਿਥੇ ਵੀ ਇਹ ਪਦ ਆਉਂਦਾ ਹੈ 'ਸਾ ਧਨ' ਪਦ ਛੇਦ ਕਰਕੇ ਪੜ੍ਹਦੇ ਹਨ ਜੋ ਕਿ ਠੀਕ ਨਹੀਂ ਹੈ। ਪਰ ਇਸ ਵਿਚ ਨਿਰਾ ਪਾਠੀਆਂ ਦਾ ਹੀ ਕਸੂਰ ਨਹੀਂ, ਸ਼੍ਰੋਮਣੀ ਕਮੇਟੀ ਅਤੇ ਬਾਜ਼ਾਰ ਚੋਂ ਹੋਰ ਛਪਣ ਵਾਲੇ ਪਾਠ ਸਰੂਪਾਂ ਵਿਚ 'ਸਾ ਧਨ' ਪਦ ਛੇਦ ਰੂਪ ਕਰਕੇ ਅੰਕਿਤ ਕੀਤਾ ਹੋਇਆ ਹੈ। ਜਿਸ ਸ਼ਬਦ ਵਿਚ ਪਹਿਲਾਂ ਇਸਤ੍ਰੀ ਪਦ ਵਰਤਿਆ ਗਿਆ ਹੋਵੇ ਤਾਂ 'ਸਾ' ਪੜਨਾਂਵ ਰੂਪ ਵਿਚ ਉਸ ਇਸਤ੍ਰੀ ਦਾ ਸੰਕੇਤਕ ਹੁੰਦਾ ਹੈ ਪਰ ਹਰੇਕ ਸ਼ਬਦ ਵਿਚ 'ਸਾਧਨ' ਪਦ ਨੂੰ 'ਸਾ ਧਨ' ਪਦ ਛੇਦ ਕਰਨਾ ਉਚਿਤ ਨਹੀਂ ਹੈ।

ਜਿਥੋਂ ਤੱਕ ਇਸ ਪੰਗਤੀ ਵਿਚ 'ਚੋਲੈ' ਪਦ ਦੇ ਅਰਥਾਂ ਦਾ ਸੰਬੰਧ ਹੈ, ਹੇਠ ਲਿਖੇ ਕਈ ਅਰਥ ਕੀਤੇ ਜਾਂਦੇ ਹਨ:-

੧. ਖਾਵੈ ਹੈ, ਚੋਹਲਾ ਕਰਤੀ ਹੈ। ੨. ਧਾਰ ਲੀਏ ਹੈਂ। ੩. ਭੋਗ ਰਹੀ ਹੈ। ੪. ਅਨੰਦ ਮਾਣਦੀ ਹੈ। ੫. ਚੋਲੇ ਵਿਚ, ਚੋ ਲਿਆ ਹੈ।

ਪੰਜਾਬੀ ਮਹਾਨ ਕੋਸ਼ ਅਨੁਸਾਰ 'ਚੋਲੈ' ਪਦ ਅਰਥ ਚੋਲੇ ਵਿਚ, ਝੋਲੀ ਵਿਚ ਹਨ। ਪਰ ਇਸਤ੍ਰੀ

ਹਰੀ ਦਾ ਰਸ ਮਾਣਦੀ ਹੈ। ਪ੍ਰਕਰਣ ਅਨੁਸਾਰ ਪਿੱਛੇ ਕੀਤੇ ਅਰਥ ਹੀ ਠੀਕ ਮੰਨਣੇ ਉਚਿਤ ਹਨ। ਸੋ, ਇਥੇ 'ਚੋਲੈ' ਪਦ ਕ੍ਰਿਆ ਵਾਚੀ ਹੈ, ਸੰਗਿਆਵਾਚਕ ਨਹੀਂ ਹੈ।

## ਸਾਰੰਸ਼ ਅਤੇ ਸਿਧਾਂਤ

ਇਹ ਬਾਰਹ ਮਾਹਾ ਭੂਮਿਕਾ ਦੀ ਦੂਜੀ ਪਉੜੀ ਹੈ। ਇਸ ਵਿਚ ਜੀਵ-ਇਸਤ੍ਰੀ ਦੀ ਪਤੀ ਮਿਲਾਪ ਵਾਲੀ ਲੋਚਾ ਨੂੰ ਪ੍ਰਗਟਾਉਣ ਲਈ ਪਪੀਹੇ ਦੀ ਪਿਆਸ ਨੂੰ ਸਨਮੁਖ ਰਖਿਆ ਹੈ ਜਦੋਂ ਬਦਲ ਆਉਂਦਾ ਹੈ, ਬਰਖਾ ਹੁੰਦੀ ਹੈ, ਮੌਸਮ ਕਿਤਨਾ ਸੁਹਾਵਣਾ ਹੁੰਦਾ ਹੈ। ਸ੍ਵਾਂਤੀ ਬੂੰਦ ਦੇ ਆਸ-ਪਿਆਸੇ ਪਪੀਹੇ ਕਿਵੇਂ 'ਪ੍ਰਿਉ ਪ੍ਰਿਉ' ਕਰਦੇ ਹਨ। ਭਾ.ਸ. ਗੁਰਦਾਸ ਜੀ ਨੇ ਵੀ ਇਸ ਰਹੱਸ ਨੂੰ ਇਉਂ ਵਰਨਣ ਕੀਤਾ ਹੈ:-

**ਮੋਰ ਪਪੀਹੇ ਬੋਲਦੇ ਦੇਖਿ ਬਦਲ ਕਾਲੇ ॥** [ਵਾਰ ਭਾ. ਗੁ. ੨੭-੪

ਕੋਇਲਾਂ ਅੰਬਾਂ ਦੇ ਦਰਖਤਾਂ ਤੇ ਬੈਠ ਕੇ ਕਿਵੇਂ 'ਕੂ ਕੂ' ਕਰਦੀਆਂ ਹਨ। ਅੰਬਾਂ ਦੇ ਦਰਖ਼ਤਾਂ ਨਾਲ ਲਗਾ ਬੂਰ, ਫੁੱਲ ਅਤੇ ਫੱਲਾਂ ਦੀ ਮਹਿਕਾਰ ਸੁਹਾਗਣਿ ਨਾਰ ਨੂੰ ਕਿਤਨੀ ਸੁਖਾਂਦੀ ਹੈ। ਜਿਵੇਂ ਪਪੀਹੇ ਤੇ ਕੋਇਲ ਦਾ ਬੋਲ ਕੁਦਰਤੀ ਰੰਗ ਵਿਚ ਮਿੱਠਾ ਲਗਦਾ ਹੈ ਤਿਵੇਂ ਜਿਹੜੀ ਜੀਵ-ਇਸਤ੍ਰੀ ਸਾਸ ਗਿਰਾਸ 'ਵਾਹਿਗੁਰੂ ਵਾਹਿਗੁਰੂ' ਦਾ ਜਾਪ ਕਰਦੀ ਹੈ ਉਸ ਲਈ ਅਜਿਹਾ ਵਾਤਾਵਰਨ 'ਸਭਿ ਰਸ ਚੋਲੈ' ਦਾ ਪ੍ਰਤੀਕ ਹੁੰਦਾ ਹੈ। ਜਿਵੇਂ ਕੋਇਲ ਦਰਖਤ ਤੇ ਬੈਠੀ ਸੋਹਣੀ ਲਗਦੀ ਹੈ ਤਿਵੇਂ ਪਤੀ-ਮਿਲਾਪ ਵਾਲੀ ਇਸਤ੍ਰੀ ਨੂੰ ਸ਼ਿੰਗਾਰ ਰਸ, ਸ਼ਾਂਤਿ ਰਸ ਇਕ-ਸਾਰ ਜਾਪਦਾ ਹੈ ਅਤੇ ਉਹ ਸਤਿ ਸੰਗਤ ਵਿਚ ਬੈਠ ਕੇ ਅਨੰਦ ਮਾਣਦੀ ਹੈ।

ਗੁਰੂ ਬਾਬਾ ਜੀ ਪਤੀ-ਪ੍ਰੀਤਮ ਨਾਲ ਮਿਲੀ ਹੋਈ ਆਤਮਾ ਦਾ ਦ੍ਰਿਸ਼ ਨੇਤਰਾਂ ਸਾਹਮਣੇ ਰਖ ਕੇ ਜੀਵ-ਇਸਤ੍ਰੀ ਦੀ ਅਵਸਥਾ ਦਾ ਵਰਣਨ ਕਰ ਰਹੇ ਹਨ। ਜਿਹੜੀ ਸੁਹਾਗਣਿ ਇਸਤ੍ਰੀ ਆਪਣੇ ਪਤੀ ਨੂੰ ਰੰਗੀ ਲਗੀ ਹੈ ਉਹ ਪਤੀ ਦੀ ਗੋਦ ਵਿਚ ਸਮਾਅ ਗਈ ਹੈ ਭਾਵ ਪਤੀ ਦੀ ਨਿਗਾਹ ਵਿਚ ਪਰਵਾਨ ਹੋ ਗਈ ਹੈ। ਇਸੇ ਤਰ੍ਹਾਂ ਜੋ ਜੀਵ-ਇਸਤ੍ਰੀ ਨੌ ਘਰਾਂ ਤੋਂ ਭਾਵ ਨੌਂ ਗੋਲਕਾਂ ਇੰਦ੍ਰਿਆਂ ਤੇ ਕਾਬੂ ਪਾ ਕੇ ਦਸਮ ਦੁਆਰ ਜੋ ਪਰਮੇਸ਼ਰ ਦਾ ਗੁਪਤ ਨਿਵਾਸ ਅਸਥਾਨ ਹੈ, ਉੱਥੇ ਦਿਨ ਰਾਤ ਆਪਣੇ ਪ੍ਰੀਤਮ ਦੇ ਰੰਗ ਵਿਚ ਰਤੀ ਹੋਈ ਅਨੰਦ ਮਾਣਦੀ ਰਹਿੰਦੀ ਹੈ। ਜਿਹੜੀ ਇਸਤ੍ਰੀ ਨੌ ਘਰਾਂ ਵਿਚ ਭੁਲੀ ਹੈ, ਉਹ ਅਨੂਪ ਵਸਤੂ ਪ੍ਰਾਪਤ ਨਹੀਂ ਕਰ ਸਕਦੀ। ਗੁਰਵਾਕ ਹਨ:-

**ਨਉ ਘਰ ਦੇਖਿ ਜੁ ਕਾਮਨਿ ਭੂਲੀ, ਬਸਤੁ ਅਨੂਪ ਨ ਪਾਈ ॥**
**ਕਹਤੁ ਕਬੀਰ ਨਵੈ ਘਰ ਮੂਸੇ, ਦਸਵੈ ਤਤੁ ਸਮਾਈ ॥** [ਪੰਨਾ ੩੩੯

ਪਪੀਹੇ ਤੇ ਕੋਇਲ ਦੀ ਖ਼ੁਸ਼ੀ ਵੇਖ ਕੇ ਨਾਮ-ਅਭਿਆਸੀ ਜੀਵ ਦੇ ਹਿਰਦੇ ਵਿਚ ਵੀ ਪ੍ਰੇਮ ਉਛਾਲੇ ਮਾਰਦਾ ਹੈ ਅਤੇ ਉਹ ਆਪਣੇ ਅੰਤਹਕਰਣ ਵਿਚ ਵਾਹਿਗੁਰੂ ਜੀ ਦੇ ਅਨਹਦ ਨਾਦ ਦਾ ਅਨੂਠਾ ਰੱਸ ਮਾਣਦਾ ਹੈ। ਉਹ ਕੁਦਰਤੀ ਨਜ਼ਾਰੇ ਵੇਖ ਕੇ ਜਿਉਂ ਜਿਉਂ ਨਿਰੰਤਰ ਨਾਮ ਜਪਦਾ ਹੈ, ਕਦੇ ਉਚਾ, ਕਦੇ ਗੁਣ ਗੁਣਾਉਂਦਾ ਹੈ, ਕਦੇ ਹਿਰਦੇ ਵਿਚ ਗੁੰਮ ਹੋ ਜਾਂਦਾ ਹੈ; ਤਿਉਂ ਤਿਉਂ ਉਹ ਵਾਹਿਗੁਰੂ ਧੁਨੀ ਦੇ ਅਨਹਦ-ਰੱਸ ਵਿੱਚ ਨਿਮਗਨ ਹੋਇਆ ਰਹਿੰਦਾ ਹੈ।

ਸਿਧਾਂਤ ਇਹ ਹੈ ਕਿ ਜਦੋਂ ਗੁਰੂ ਦੀ ਕਿਰਪਾ ਸਦਕਾ ਸਿਖ ਦੇ ਹਿਰਦੇ ਵਿਚ 'ਏਕੈ ਆਸਾ ਦਰਸ ਪਿਆਸਾ' ਵਾਲੀ ਸਿਕ ਪੂਰੀ ਹੋ ਜਾਂਦੀ ਹੈ ਤਾਂ ਉਸ ਦੇ ਘਰ ਵਿਚ 'ਸਰਬ ਸੁਖਾ ਕਾ ਦਾਤਾ ਸਤਿਗੁਰੁ' ਸੁੱਤੇ ਸਿਧ ਆ ਵਸਦਾ ਹੈ। ਉਸ ਨੂੰ ਅਜਿਹੇ ਸੁਹਾਵਣੇ ਮਿਲਾਪ ਵਿਚ ਪਪੀਹੇ ਦੀ 'ਪ੍ਰਿਉ ਪ੍ਰਿਉ' ਅਤੇ ਕੋਇਲ ਦੀ 'ਕੂ ਕੂ' ਸੁਖਾਂਦੀ ਹੈ। ਸੋ ਲੋੜ ਹੈ 'ਪਪੀਹੇ ਵਾਲੀ ਪ੍ਰੀਤ' ਪੈਦਾ ਕਰਨ ਦੀ। ਆਓ! 'ਪਪੀਹੇ' ਕੋਲੋਂ 'ਪ੍ਰਿਉ ਪ੍ਰਿਉ' ਕਰਨ ਦੀ ਜਾਚ ਸਿਖੀਏ, ਅਤੇ ਨਾਮ ਦੀ ਗੁੰਜਾਰ ਨੂੰ ਆਪਣੇ ਜੀਵਨ ਦਾ ਅਧਾਰ ਬਣਾਈਏ:--

**ਬਾਬੀਹਾ ਪ੍ਰਿਉ ਪ੍ਰਿਉ ਕਰੇ, ਜਲਨਿਧਿ ਪ੍ਰੇਮ ਪਿਆਰਿ ॥**
**ਗੁਰ ਮਿਲੇ ਸੀਤਲ ਜਲੁ ਪਾਇਆ, ਸਭਿ ਦੂਖ ਨਿਵਾਰਣਹਾਰੁ ॥**
**ਤਿਸ ਚੂਕੈ ਸਹਜੁ ਊਪਜੈ, ਚੂਕੈ ਕੂਕ ਪੁਕਾਰ ॥**
**ਨਾਨਕ, ਗੁਰਮੁਖਿ ਸਾਂਤਿ ਹੋਇ, ਨਾਮੁ ਰਖਹੁ ਉਰਿ ਧਾਰਿ॥੫੪॥**[ਪੰਨਾ ੧੪੧੯

**ਤੂ ਸੁਣਿ, ਹਰਿ ਰਸ ਭਿੰਨੇ ਪ੍ਰੀਤਮ ਆਪਣੇ ॥ ਮਨਿ ਤਨਿ ਰਵਤ ਰਵੰਨੇ, ਘੜੀ ਨ ਬੀਸਰੈ ॥ ਕਿਉ ਘੜੀ ਬਿਸਾਰੀ ਹਉ ਬਲਿਹਾਰੀ, ਹਉ ਜੀਵਾ ਗੁਣ ਗਾਏ ॥ ਨਾ ਕੋਈ ਮੇਰਾ ਹਉ ਕਿਸੁ ਕੇਰਾ, ਹਰਿ ਬਿਨੁ ਰਹਣੁ ਨ ਜਾਏ ॥ ਓਟ ਗਹੀ ਹਰਿ ਚਰਣ ਨਿਵਾਸੇ, ਭਏ ਪਵਿਤ੍ਰ ਸਰੀਰਾ ॥ ਨਾਨਕ, ਦ੍ਰਿਸਟਿ ਦੀਰਘ ਸੁਖੁ ਪਾਵੈ, ਗੁਰ ਸਬਦੀ ਮਨੁ ਧੀਰਾ ॥੩॥**

## ਉਚਾਰਨ ਸੇਧ

**ਬਿੰਦੀ ਸਹਿਤ:** ਬਿਸਾਰੀਂ, ਹਉਂ, ਕਿਉਂ, ਜੀਵਾਂ,

**ਪਦ ਅਰਥ :** ਰਸ ਭਿੰਨੇ=ਰਸ ਵਿਚ ਭਿੱਜੇ ਹੋਏ। ਰਵਤ ਰਵੰਨੇ=ਰਮੇ ਹੋਏ, ਵਿਆਪਕ ਹੋ ਰਹੇ। ਬਿਸਾਰੀ=ਵਿਸਾਰਾਂ। ਗਹੀ=ਪਕੜੀ, ਫੜੀ ਹੈ। ਦ੍ਰਿਸਟਿ ਦੀਰਘ=ਦੀਰਘ ਦ੍ਰਿਸ਼ਟੀ ਵਾਲਾ, ਗਿਆਨਵਾਨ। ਧੀਰਾ=ਧੀਰਜ ਵਾਲਾ।

**ਅਰਥ:** ਹੇ ਰਸ ਵਿਚ ਭਿੱਜੇ ਹੋਏ ਹਰੀ! (ਹੇ ਮੇਰੇ) ਆਪਣੇ ਪ੍ਰੀਤਮ! ਤੂੰ (ਮੇਰੀ ਗੱਲ) ਸੁਣ। ਹੇ (ਮੇਰੇ) ਮਨ ਵਿਚ ਤੇ ਸ਼ਰੀਰ ਵਿਚ ਰਮੇ ਹੋਏ (ਪ੍ਰੀਤਮ! ਤੇਰੀ ਯਾਦ ਮੈਨੂੰ) ਘੜੀ (ਭਰ ਵੀ) ਨਹੀਂ ਭੁਲਦੀ। (ਹੇ ਪ੍ਰੀਤਮ! ਮੈਂ ਤੈਨੂੰ ਇਕ) ਘੜੀ (ਪਲ ਵੀ) ਕਿਵੇਂ ਵਿਸਾਰਾਂ? (ਭਾਵ ਨਹੀਂ ਵਿਸਾਰ ਸਕਦਾ)। ਮੈਂ (ਤੇਰੇ ਤੋਂ) ਸਦਕੇ ਜਾਂਦਾ ਹਾਂ, ਮੈਂ ਤੇਰੇ ਗੁਣ ਗਾ ਕੇ ਜੀਉਂਦਾ ਹਾਂ। (ਹੇ ਪ੍ਰੀਤਮ! ਇਸ ਸੰਸਾਰ ਵਿਚ ਜਦ) ਮੇਰਾ ਕੋਈ (ਆਪਣਾ) ਨਹੀਂ ਹੈ (ਤਾਂ ਫਿਰ) ਮੈਂ ਕਿਸ ਦਾ (ਆਪਣਾ) ਹਾਂ? (ਭਾਵ ਕਿਸੇ ਦਾ ਨਹੀਂ ਇਸ ਲਈ) ਹਰੀ ਦੇ (ਸਿਮਰਨ ਤੋਂ) ਬਿਨਾਂ (ਮੈਥੋਂ) ਰਿਹਾ ਨਹੀਂ ਜਾ ਸਕਦਾ। (ਜਦ ਤੋਂ ਮੈਂ) ਹਰੀ ਦੀ ਸ਼ਰਨ ਪਕੜੀ ਹੈ (ਉਦੋਂ ਤੋਂ ਮੇਰੇ ਹਿਰਦੇ ਵਿਚ) ਹਰੀ ਦੇ ਚਰਨ ਵਸ ਗਏ ਹਨ (ਜਿਸ ਕਰਕੇ ਮੇਰਾ) ਸਰੀਰ (ਤੇ ਹੋਰ ਸਾਰੇ ਅੰਗ) ਪਵਿਤਰ ਹੋ ਗਏ ਹਨ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਦੀਰਘ ਦ੍ਰਿਸ਼ਟੀ ਵਾਲਾ (ਮੇਰਾ

ਮਨ ਆਤਮਿਕ) ਸੁਖ ਪ੍ਰਾਪਤ ਕਰਦਾ ਹੈ (ਅਤੇ) ਗੁਰੂ ਦੇ ਸ਼ਬਦ ਰਾਹੀਂ ਹੀ (ਮੇਰਾ ਮਨ) ਧੀਰਜ ਵਾਲਾ ਹੋ ਗਿਆ ਹੈ।੩।

## ਸਾਰੰਸ਼ ਅਤੇ ਸਿਧਾਂਤ

ਭੂਮਿਕਾ ਦੀ ਪਹਿਲੀ ਪਉੜੀ ਵਿਚ ਦੋ ਵਾਰੀ 'ਤੂ ਸੁਣਿ ਸ਼ਬਦਾਂ ਦੀ ਵਰਤੋਂ ਹਜ਼ੂਰੀ ਦੀ ਲਖਾਇਕ ਸੀ। 'ਪੰਥ ਨਿਹਾਲੇ' ਦੀ ਸ਼ਬਦਾਵਲੀ ਪ੍ਰੀਤਮ-ਮਿਲਾਪ ਦੀ ਤੜਪ ਤੇ ਅੰਮ੍ਰਿਤ ਪੀਣ ਵਾਲੀ ਸਿਕ ਦੀ ਪ੍ਰਤੀਕ ਸੀ। ਦੂਜੀ ਪਉੜੀ ਵਿਚ 'ਪਪੀਹੇ' ਦੇ 'ਪ੍ਰਿਉ ਪ੍ਰਿਉ' ਵਾਲੇ ਬੋਲ ਅਤੇ ਕੋਇਲ ਦੀ 'ਕੂ ਕੂ' ਕਰਦੀ ਮਿੱਠੀ ਆਵਾਜ਼ ਜੀਵ-ਇਸਤਰੀ ਨੂੰ ਖਿਚ ਪਾਉਣ ਵਾਲੀ ਸੀ।

ਇਸ ਪਉੜੀ ਵਿਚ ਵੀ 'ਤੂ ਸੁਣਿ' ਦੀ ਵਰਤੋਂ ਵਿਚ ਦਰਸ਼ਨ-ਤਾਂਘ ਤੇ ਮਿਲਾਪ ਲਈ ਰਸ ਭਿੰਨਾ ਤਰਲਾ ਹੈ। ਪ੍ਰੀਤਮ ਦਾ ਮਨ ਤਨ ਤੇ ਸੁਰਤਿ ਵਿਚ ਪਰੋਇਆ ਜਾਣਾ, ਸਿਮਰਨ ਦੀ ਨਿਰੰਤਰ ਰੌ ਦਾ ਚਲਨਾ, ਪਤੀ ਨੂੰ ਕਦੇ ਨਾ ਵਿਸਾਰਨ ਦਾ ਪ੍ਰਤੀਕ ਹੈ। ਪ੍ਰੀਤਮ ਦੇ ਗੁਣ ਚਾਉ ਤੇ ਭਾਉ ਨਾਲ ਹਿਰਦੇ ਵਿਚ ਵਸਾਂਦਿਆਂ ਜੋ ਆਤਮਿਕ ਰੰਗ ਬਝਦਾ ਹੈ, ਉਹ ਅਕਹਿ ਹੁੰਦਾ ਹੈ। ਫਿਰ "ਨਾ ਕੋਈ ਮੇਰਾ ਹਉ ਕਿਸੁ ਕੇਰਾ" ਦਾ ਕਥਨ ੧ਓਂ ਨਾਲ ਓਤਿ ਪੋਤਿ ਹੋਣ ਵਾਲੀ ਦ੍ਰਿੜਤਾ ਦਾ ਪਰਤੱਖ ਦਰਸ਼ਨ ਕਰਦਾ ਕਰਾਉਂਦਾ ਹੈ। ਪ੍ਰੀਤਮ ਤੋਂ ਬਿਨਾ ਰਹਿ ਨ ਸਕਣਾ ਕੋਈ ਛੋਟੀ ਜਿਹੀ ਗੱਲ ਨਹੀਂ, ਇਹ ਮਹਾਂ ਬੈਰਾਗ ਦੀ ਨਿਸ਼ਾਨੀ ਹੈ। ਗਉੜੀ ਰਾਗ ਵਿਚ ਸ੍ਰੀ ਗੁਰੂ ਅਮਰਦਾਸ ਜੀ ਨੇ ਜੀਵ-ਇਸਤਰੀ ਦੀ ਅਜਿਹੀ ਜਗਿਆਸਾ ਨੂੰ ਇਉਂ ਬਿਆਨ ਕੀਤਾ ਹੈ:-

**ਪਿਰ ਬਿਨੁ ਖਰੀ ਨਿਮਾਣੀ ਜੀਉ, ਬਿਨੁ ਪਿਰ ਕਿਉ ਜੀਵਾ ਮੇਰੀ ਮਾਈ ॥**
**ਪਿਰ ਬਿਨੁ ਨੀਦ ਨ ਆਵੈ ਜੀਉ, ਕਾਪੜੁ ਤਨਿ ਨ ਸੁਹਾਈ ॥**
**ਕਾਪਰੁ ਤਨਿ ਸੁਹਾਵੈ ਜਾ ਪਿਰ ਭਾਵੈ, ਗੁਰਮਤੀ ਚਿਤੁ ਲਾਈਐ ॥**
**ਸਦਾ ਸੁਹਾਗਣਿ ਜਾ ਸਤਿਗੁਰੁ ਸੇਵੇ, ਗੁਰ ਕੈ ਅੰਕਿ ਸਮਾਈਐ ॥**
**ਗੁਰ ਸਬਦੈ ਮੇਲਾ ਤਾ ਪਿਰੁ ਰਾਵੀ, ਲਾਹਾ ਨਾਮੁ ਸੰਸਾਰੇ ॥**
**ਨਾਨਕ, ਕਾਮਣਿ ਨਾਹ ਪਿਆਰੀ, ਜਾ ਹਰਿ ਕੇ ਗੁਣ ਸਾਰੇ ॥** [ਪੰਨਾ ੨੪੪

ਮਨ ਵਿਚ ਪਰਮੇਸ਼ਰ ਦੇ ਸ਼ਬਦ ਦਾ ਨਿਰੰਤਰ ਵਸਣਾ, ਉਸਦੇ ਚਰਨਾਂ ਦੀ ਓਟ ਆਸਰੇ ਨੂੰ ਧਿਆਨ ਵਿਚ ਰਖਣਾ, ਧੀਰਜ-ਧਾਮ ਨੂੰ ਪ੍ਰਾਪਤ ਕਰਨਾ ਹੈ। 'ਗੁਰ ਸਬਦੀ ਮਨਿ ਧੀਰਾ' ਦਾ ਕਥਨ 'ਗੁਰ ਪ੍ਰਸਾਦ' ਦੀ ਪ੍ਰਾਪਤੀ ਹੈ। 'ਗੁਰਪ੍ਰਸਾਦਿ' ਦੇ ਰੂਪ ਨੂੰ 'ਗੁਰ ਸਬਦੀ' ਅਖਰਾਂ ਵਿਚ ਰੂਪਮਾਨ ਕੀਤਾ ਹੈ।

ਜਦੋਂ ਸੁਰਤਿ ਦਾ ਉਚਾ ਚੜ੍ਹਾਉ ਚੜ੍ਹਦਾ ਹੈ ਤਾਂ ਦੀਰਘ ਬੈਰਾਗ ਸਦਕਾ ਹਿਰਦੇ ਵਿਚ ਇਹ ਦ੍ਰਿੜਤਾ ਪਰਵੇਸ਼ ਕਰਦੀ ਹੈ 'ਨਾ ਕੋਈ ਮੇਰਾ ਹਉ ਕਿਸੁ ਕੇਰਾ'। ਸਹਸਕ੍ਰਿਤੀ ਸਲੋਕਾਂ ਵਿਚ ਇਸ ਭਾਵ ਨੂੰ ਇਉਂ ਨਿਰੂਪਣ ਕੀਤਾ ਹੈ:-

**ਕਤੰਚ ਮਾਤਾ ਕਤੰਚ ਪਿਤਾ, ਕਤੰਚ ਬਨਿਤਾ ਬਿਨੋਦ ਸੁਤਹ ॥**
**ਕਤੰਚ ਭ੍ਰਾਤ ਮੀਤ ਹਿਤ ਬੰਧਵ, ਕਤੰਚ ਮੋਹ ਕੁਟੰਬ੍ਯ੍ਯਤੇ ॥**

**ਕਤੰਚ ਚਪਲ ਮੋਹਨੀ ਰੂਪੰ ਪੇਖੰਤੇ ਤਿਆਗੰ ਕਰੋਤਿ ॥**

**ਰਹੰਤ ਸੰਗ ਭਗਵਾਨ ਸਿਮਰਣ, ਨਾਨਕ ਲਬਧੵੰ ਅਚੁਤ ਤਨਹ ॥** [ਪੰਨਾ ੧੩੫੩

ਭਾਵ ਮਾਤਾ, ਪਿਤਾ, ਇਸਤ੍ਰੀ, ਪੁਤਰ, ਭਰਾ, ਮਿੱਤਰ, ਪਿਆਰੇ ਸਨਬੰਧੀ, ਕੁਟੰਬ ਆਦਿ ਦਾ ਮੋਹ ਕੀ ਹੈ? (ਕੁਝ ਨਹੀਂ, ਨਾਸ਼ਵੰਤ ਹੈ)। ਚੰਚਲ ਮਾਇਆ ਜੋ ਮੋਹਣੀ ਰੂਪ ਹੈ ਸਭ ਦੇ ਵੇਖਦਿਆਂ ਹੀ ਛੱਡ ਜਾਂਦੀ ਹੈ। ਗੁਰੂ ਪਾਤਿਸ਼ਾਹ ਫੁਰਮਾਉਂਦੇ ਹਨ ਕਿ ਪਰਮੇਸ਼ਰ ਦਾ ਨਾਮ-ਸਿਮਰਨ ਹੀ ਕੇਵਲ ਸੰਗ ਰਹਿੰਦਾ ਹੈ ਭਾਵ ਸਾਥ ਦਿੰਦਾ ਹੈ ਅਤੇ ਇਸ ਦੀ ਪ੍ਰਾਪਤੀ ਪਰਮਾਤਮਾ ਦੇ ਪੁਤਰ ਸੰਤਾਂ ਦਾ ਸੰਗ ਕਰਕੇ ਹੁੰਦੀ ਹੈ।

**ਬਰਸੈ ਅੰਮ੍ਰਿਤ ਧਾਰ, ਬੂੰਦ ਸੁਹਾਵਣੀ ॥ ਸਾਜਨ ਮਿਲੇ ਸਹਜਿ ਸੁਭਾਇ, ਹਰਿ ਸਿਉ ਪ੍ਰੀਤਿ ਬਣੀ ॥ ਹਰਿਮੰਦਰਿ ਆਵੈ ਜਾ ਪ੍ਰਭ ਭਾਵੈ, ਧਨ ਊਭੀ ਗੁਣ ਸਾਰੀ ॥ ਘਰਿ ਘਰਿ ਕੰਤੁ ਰਵੈ ਸੋਹਾਗਣਿ, ਹਉ ਕਿਉ ਕੰਤਿ ਵਿਸਾਰੀ ॥ ਉਨਵਿ ਘਨ ਛਾਏ ਬਰਸੁ ਸੁਭਾਏ ਮਨਿ ਤਨਿ ਪ੍ਰੇਮੁ ਸੁਖਾਵੈ ॥ ਨਾਨਕ ਵਰਸੈ ਅੰਮ੍ਰਿਤ ਬਾਣੀ, ਕਰਿ ਕਿਰਪਾ ਘਰਿ ਆਵੈ ॥੪॥**

## ਉਚਾਰਨ ਸੇਧ

**ਬਿੰਦੀ ਸਹਿਤ:** ਸਿਉਂ, ਹਉਂ, ਕਿਉਂ, ਵਿਸਾਰੀਂ।

**ਪਦ ਅਰਥ:** ਬਰਸੈ=ਵਰਸ ਰਹੀ ਹੈ। ਅੰਮ੍ਰਿਤ ਧਾਰ=ਅੰਮ੍ਰਿਤ (ਨਾਮ) ਦੀ ਧਾਰਾ, ਨਿੰਮ੍ਹੀ ਨਿੰਮ੍ਹੀ ਬੂੰਦਾ ਬਾਂਦੀ। ਸੁਹਾਵਣੀ=ਸੋਹਣੀ। ਸਹਜਿ ਸੁਭਾਇ=ਸਹਜ ਸੁਭਾਵਕ ਹੀ। ਮੰਦਰਿ=ਮੰਦਰ (ਹਿਰਦੇ) ਵਿਚ। ਧਨ=ਜੀਵ-ਇਸਤਰੀ। ਊਭੀ=ਉਚੀ ਭਾਵ ਸਾਵਧਾਨੀ ਨਾਲ। ਗੁਣ ਸਾਰੀ=ਗੁਣ ਸੰਭਾਲਦੀ, ਯਾਦ ਕਰਦੀ ਹੈ। ਘਰਿ ਘਰਿ=ਹਰੇਕ ਹਿਰਦੇ ਵਿਚ। ਕੰਤੁ=ਪਤੀ-ਪਰਮੇਸ਼ਰ। ਉਨਵਿ=ਨਿਵ ਕੇ, ਝੁਕ ਕੇ। ਘਨ ਛਾਏ=ਬਦਲ ਛਾਏ ਹੋਏ ਹਨ। ਬਰਸੁ=ਵਸ ਪਉ। ਸੁਭਾਏ=ਪ੍ਰੇਮ ਨਾਲ। ਸੁਖਾਵੈ=ਸੁਖਾਉਂਦਾ (ਭਾਉਂਦਾ) ਹੈ।

**ਅਰਥ:** (ਹੇ ਭਾਈ! ਅੰਮ੍ਰਿਤ (ਨਾਮ ਦੀ) ਸੋਹਣੀ ਨਿੰਮ੍ਹੀ ਨਿੰਮ੍ਹੀ ਬੂੰਦਾ-ਬਾਂਦੀ ਬਰਸ ਰਹੀ ਹੈ (ਅਜਿਹੇ ਰਸ-ਭਰਪੂਰ ਵਾਤਾਵਰਣ ਵਿਚ ਮੈਨੂੰ ਆਪਣੇ) ਸਜਣ ਸਹਿਜ ਸੁਭਾਵਕ ਹੀ ਆ ਮਿਲੇ ਹਨ (ਅਤੇ ਮੇਰੀ ਉਸ) ਹਰੀ (ਸਜਣ) ਨਾਲ ਪ੍ਰੀਤ ਬਣ ਗਈ ਹੈ। (ਪਰ ਇਹ ਪ੍ਰੀਤਮ ਦੀ ਆਪਣੀ ਮੌਜ ਹੈ), ਜਦੋਂ ਉਸ ਪ੍ਰੀਤਮ ਨੂੰ ਭਾਉਂਦਾ ਹੈ (ਤਾਂ ਉਹ) ਪ੍ਰੀਤਮ (ਇਸਤ੍ਰੀ ਦੇ ਹਿਰਦੇ ਰੂਪੀ) ਮੰਦਰ ਵਿਚ ਆਉਂਦਾ ਹੈ (ਅਤੇ ਜੀਵ) ਇਸਤ੍ਰੀ ਸਾਵਧਾਨ ਹੋ ਕੇ (ਆਪਣੇ ਪ੍ਰੀਤਮ ਦੇ) ਗੁਣ ਯਾਦ ਕਰਦੀ ਹੈ। (ਜਦੋਂ ਇਸਤ੍ਰੀ ਵੇਖਦੀ ਹੈ ਕਿ) ਹਰੇਕ (ਸੁਹਾਗਣੀ ਦੇ) ਹਿਰਦੇ ਵਿਚ (ਪਤੀ-ਪਰਮੇਸ਼ਰ) ਰੰਗ-ਰਲੀਆਂ ਮਾਣਦਾ ਹੈ (ਤਾਂ ਉਦਾਸ ਹੋ ਕੇ ਸੋਚਦੀ ਹੈ ਕਿ) ਮੈਨੂੰ ਪਤੀ-ਪਰਮੇਸ਼ਰ ਨੇ ਕਿਉਂ ਵਿਸਾਰ ਦਿੱਤਾ ਹੈ? (ਜਦੋਂ ਵੇਖਦੀ ਹੈ) ਬਦਲ ਝੁਕ ਕੇ (ਆਕਾਸ਼ ਉਤੇ) ਛਾ ਗਏ ਹਨ (ਤਾਂ ਉਸ ਦੀ ਆਸ ਬੱਝਦੀ ਹੈ ਅਤੇ ਉਹ ਆਖਦੀ ਹੈ, ਹੇ ਬਦਲ!) ਪ੍ਰੇਮ ਨਾਲ ਵਸ ਪਉ (ਕਿਉਂਕਿ ਮੇਰੇ) ਮਨ ਵਿਚ ਤੇ ਸਰੀਰ ਵਿਚ (ਪਤੀ-ਪਰਮੇਸ਼ਰ ਦਾ) ਪ੍ਰੇਮ

ਸੁਖਾਉਂਦਾ ਹੈ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਜਿਸ ਜੀਵ-ਇਸਤ੍ਰੀ ਦੇ ਹਿਰਦੇ ਵਿਚ) ਅੰਮ੍ਰਿਤ ਬਾਣੀ ਦੀ ਵਰਖਾ ਹੋਵੇ (ਉਥੇ ਪ੍ਰਭੂ) ਕਿਰਪਾ ਕਰਕੇ (ਆਪ) ਹਿਰਦੇ ਵਿਚ ਆ ਵਸਦਾ ਹੈ।੪।

## ਸਾਰੰਸ਼ ਅਤੇ ਸਿਧਾਂਤ

ਆਦਿ ਕਾਲ ਤੋਂ ਇਹ ਪਰੰਪਰਾ ਚਲੀ ਆਉਂਦੀ ਹੈ ਕਿ ਮਨੁੱਖੀ ਮਨ ਪ੍ਰਕਿਰਤੀ ਦੇ ਜ਼ਰੇ ਜ਼ਰੇ ਤੋਂ ਪ੍ਰਭਾਵਤ ਹੁੰਦਾ ਹੈ। ਬਸੰਤ ਦੀ ਰੁਤ ਵਿਚ ਬਰਖਾ ਦੀ ਨਿਰਝਰ ਧਾਰਾ ਦਾ ਵਸਣਾ, ਬਦਲਾਂ ਦਾ ਝੁਕ ਝੁਕ ਕੇ ਆਉਣਾ, ਉਨ੍ਹਾਂ ਦੀ ਸੁਆਦਲੀ ਗੂੰਜ ਦਾ ਗਰਜਣਾ, ਸਹਜ ਸੁਭਾਵਿਕ ਹੀ ਪ੍ਰੀਤਮ-ਮਿਲਾਪ ਵਿਚ ਸੁਹਾਗਣ ਲਈ ਸੁਖਦਾਈ ਅਤੇ ਅਤਿ ਸੁਹਾਵਣਾ ਹੁੰਦਾ ਹੈ। ਪ੍ਰੰਤੂ ਜੇ ਘਰ ਵਿਚ ਪਤੀ ਨਾ ਆਵੇ, ਉਸ ਦੀ ਯਾਦ ਵਿਚ ਜੋ ਹਿਰਦੇ ਵੇਧਕ ਪੀੜਾ ਉਠਦੀ ਹੈ, ਉਸ ਦੁਖ ਨੂੰ ਉਹ ਬ੍ਰਿਹੋਂ-ਵਿਜੋਗਣ ਹੀ ਜਾਣਦੀ ਹੈ।

ਇਹਨਾ ਮੰਗਲ ਰੂਪ ਚੌਹਾਂ ਪਉੜੀਆਂ ਵਿਚ ਗੁਰੂ ਬਾਬਾ ਜੀ ਨੇ ਅਧਿਆਤਮਿਕ ਰਹੱਸਵਾਦ ਨੂੰ ਨਿਰਾ ਚਿੰਤਕ ਤੌਰ ਤੇ ਨਹੀਂ ਬਿਆਨਿਆ ਸਗੋਂ ਅੰਦਰਲੀ ਭਾਵਨਾ ਦੀ ਪਰਧਾਨਤਾ ਵਾਲੇ ਲਕਸ਼ ਨੂੰ ਸਾਡੇ ਸਾਹਮਣੇ ਰੂਪਮਾਨ ਕੀਤਾ ਹੈ:-

**'ਊਨਵਿ ਘਨ ਛਾਏ ਬਰਸੁ ਸੁਭਾਏ, ਮਨਿ ਤਨਿ ਪ੍ਰੇਮੁ ਸੁਖਾਵੈ'**

ਇਹ ਪ੍ਰੇਮਾ ਭਗਤੀ ਅਥਵਾ ਸਹਜਿ ਅਵਸਥਾ ਦਾ ਦਰਸ਼ਨ ਗੁਰੂ ਜੀ ਦਾ ਨਿਜੀ ਅਨੁਭਵ ਹੈ। ਇਹ ਹਾਲਤ ਹਰੇਕ ਤੇ ਨਹੀਂ ਵਾਪਰਦੀ। ਹਰੇਕ ਜੀਵ-ਇਸਤ੍ਰੀ ਪਤੀ ਨੂੰ ਹਾਕਾਂ ਨਹੀਂ ਮਾਰਦੀ ਭਾਵ ਆਵਾਜ਼ਾਂ ਨਹੀਂ ਦੇਂਦੀ। ਇਹ ਤਾਂ ਕੋਈ ਬ੍ਰਿਹੋ ਭਰੀ ਜਿੰਦੜੀ ਹੀ ਆਸਾਵੰਤੀ ਬਣ ਕੇ ਪੁਕਾਰਦੀ ਹੈ:-

**ਆਸਾਵੰਤੀ ਆਸ, ਗੁਸਾਈ ਪੂਰੀਐ॥**
**ਮਿਲਿ ਗੋਪਾਲ ਗੋਬਿੰਦ, ਨ ਕਬਹੂ ਝੂਰੀਐ॥** [ਪੰਨਾ ੧੦੯

ਜੇ ਅੰਤਰੀਵ ਭਾਵਾਂ ਵਲ ਝਾਤ ਮਾਰੀਏ ਤਾਂ ਜਿਤਨੀ ਵੀ ਰੂਪਕ ਸ਼ਬਦਾਵਲੀ ਵਰਤੀ ਹੈ, ਉਸ ਦਾ ਇਕ ਨਿਵੇਕਲਾ ਰਹੱਸ ਹੈ। 'ਬਦਲ' ਦੇ ਵਸਣ ਦਾ ਭਾਵ ਗੁਰੂ ਦੀ ਅੰਮ੍ਰਿਤ ਬਾਣੀ ਅਥਵਾ ਅੰਮ੍ਰਿਤ ਦ੍ਰਿਸ਼ਟੀ ਦਾ ਵਰਸਣਾ ਹੈ। 'ਬੂੰਦ' ਨਾਮ ਦੀ ਪ੍ਰਤੀਕ ਹੈ। 'ਬਰਸੁ ਮੇਘ ਜੀ, ਤਿਲੁ ਬਿਲਮੁ ਨ ਲਾਉ॥ ਬਰਸੁ ਪਿਆਰੇ ਮਨਹਿ ਸਧਾਰੇ, ਹੋਇ ਅਨਦੁ ਸਦਾ ਮਨਿ ਚਾਉ॥ (ਪੰਨਾ ੧੨੫੮) ਇਹ ਸੁਹਾਵਣੀ ਬੂੰਦ ਦੀ ਨਿਰੀਖਣਾ ਹੈ। ਇਥੇ ਬੁੱਧੀ ਦਾ ਸੁਹਾਵਣਾ ਹੋ ਜਾਣਾ ਪ੍ਰਕਰਣ ਦੇ ਅਨੁਕੂਲ ਹੈ। ਸੁਹਾਗਣਾਂ ਕੌਣ ਹਨ? ਜੋ ਗੁਰਮੁਖਿ ਹਨ। ਉਨ੍ਹਾਂ ਦੇ ਚਿਹਨ ਦਾ ਵਰਣਨ ਗੁਰਬਾਣੀ ਵਿਚ ਇਉਂ ਕੀਤਾ ਗਿਆ ਹੈ:-

**ਨਾਨਕ, ਸੋਹਾਗਣਿ ਕਾ ਕਿਆ ਚਿਹਨੁ ਹੈ,**
**ਅੰਦਰਿ ਸਚੁ, ਮੁਖੁ ਉਜਲਾ, ਖਸਮੈ ਮਾਹਿ ਸਮਾਇ ॥** [ਪੰਨਾ ੭੮੫

ਜਿਨ੍ਹਾਂ ਨੂੰ ਸਾਸ ਗਿਰਾਸ ਨਾਮ ਨਹੀਂ ਵਿਸਰਦਾ, 'ਮਨਿ ਤਨਿ ਪ੍ਰੇਮੁ ਸੁਖਾਵੈ' ਵਾਲੀ ਅਵਸਥਾ ਬਣੀ ਰਹਿੰਦੀ ਹੈ। 'ਘਰਿ ਘਰਿ ਕੰਤੁ' ਤੋਂ ਭਾਵ ਪਰਮੇਸ਼ੁਰ ਹਰੇਕ ਹਿਰਦੇ ਵਿਚ ਵਿਆਪਕ ਹੋ ਰਿਹਾ ਹੈ, ਉਸ ਨੂੰ ਮੈਂ ਕਿਉਂ ਵਿਸਾਰਾਂ, ਇਹ ਸਜਣ ਨਾਲ ਬਣੀ ਪ੍ਰੀਤ ਦਾ ਅਤਿ ਵਿਸਮਾਦਿਕ ਤੇ ਸੁੰਦਰ ਵਰਣਨ ਹੈ, ਜੋ ਹਰੇਕ ਜੀਵ-ਇਸਤ੍ਰੀ ਨੂੰ ਪਤੀ ਮਿਲਾਪ ਲਈ ਉਤਸ਼ਾਹਤ ਕਰਦਾ ਹੈ।

**ਚੇਤੁ ਬਸੰਤੁ ਭਲਾ, ਭਵਰ ਸੁਹਾਵੜੇ ॥ ਬਨ ਫੂਲੇ ਮੰਝ ਬਾਰਿ, ਮੈ ਪਿਰੁ ਘਰਿ ਬਾਹੁੜੈ ॥ ਪਿਰੁ ਘਰਿ ਨਹੀ ਆਵੈ, ਧਨ ਕਿਉ ਸੁਖੁ ਪਾਵੈ, ਬਿਰਹਿ ਬਿਰੋਧ ਤਨੁ ਛੀਜੈ ॥ ਕੋਕਿਲ ਅੰਬਿ ਸੁਹਾਵੀ ਬੋਲੈ, ਕਿਉ ਦੁਖੁ ਅੰਕਿ ਸਹੀਜੈ ॥ ਭਵਰੁ ਭਵੰਤਾ ਫੂਲੀ ਡਾਲੀ, ਕਿਉ ਜੀਵਾ ਮਰੁ ਮਾਏ ॥ ਨਾਨਕ ਚੇਤਿ ਸਹਜਿ ਸੁਖੁ ਪਾਵੈ, ਜੇ ਹਰਿ ਵਰੁ ਘਰਿ ਧਨ ਪਾਏ ॥੫॥**

## ਉਚਾਰਨ ਸੇਧ

**ਬਿੰਦੀ ਸਹਿਤ:** ਮੈਂ, ਕਿਉਂ, ਫੂਲੀਂ, ਡਾਲੀਂ, ਜੀਵਾਂ।

**ਪਦ ਅਰਥ:** ਬਸੰਤ=ਰੁੱਤ ਦਾ ਨਾਂ। ਭਲਾ=ਚੰਗਾ। ਭਵਰ=ਭੌਰੇ। ਸੁਹਾਵੜੇ=ਬਹੁਤ ਸੋਹਣਾ। ਬਨ=ਵਣ। ਫੂਲੇ=ਫੁੱਲੇ (ਖਿੜੇ) ਹੋਏ। ਮੰਝ=ਵਿਚ। ਬਾਰਿ=ਬਾਰੀ ਵਾਲੇ ਇਲਾਕੇ ਵਿਚ। ਮੈ ਪਿਰੁ=ਮੇਰਾ ਪਤੀ (ਪਰਮਾਤਮਾ)। ਬਾਹੁੜੈ=ਆ ਜਾਏ। ਧਨ=ਇਸਤ੍ਰੀ। ਬਿਰਹਿ=ਵਿਛੋੜੇ ਵਿਚ। ਬਿਰੋਧ=ਵਿਰੋਧ, ਖਿੱਚਾ ਖਿੱਚੀ। ਛੀਜੈ=ਛਿੱਜਦਾ, ਟੁੱਟਦਾ ਹੈ। ਕੋਕਿਲ=ਕੋਇਲ। ਅੰਬਿ=ਅੰਬ ਦੇ (ਦਰਖ਼ਤ) ਉਤੇ। ਸੁਹਾਵੀ=ਸੋਹਣੀ। ਅੰਕਿ=ਹਿਰਦੇ ਵਿਚ। ਸਹੀਜੈ=ਸਹਾਰਿਆ ਜਾ ਸਕਦਾ ਹੈ?। ਭਵੰਤਾ=ਫਿਰ ਰਿਹਾ ਹੈ। ਫੂਲੀ=ਫੁੱਲਾਂ ਨਾਲ। ਡਾਲੀ=ਡਾਲੀਆਂ। ਮਰੁ=ਮੌਤ। ਮਾਏ=ਹੇ ਮਾਂ!। ਸਹਜਿ=ਗਿਆਨ ਵਾਲੀ ਅਡੋਲ ਅਵਸਥਾ ਵਿਚ। ਹਰਿ ਵਰੁ=ਹਰੀ ਪਤੀ। ਘਰਿ=ਘਰ (ਹਿਰਦੇ) ਵਿਚ।

**ਅਰਥ:** ਚੇਤ (ਦਾ ਮਹੀਨਾ ਜਿਸ ਵਿਚ) ਬਸੰਤ (ਮੌਸਮ ਹੈ, ਬਹੁਤ) ਚੰਗਾ ਲਗਦਾ ਹੈ (ਅਤੇ) ਫੁੱਲਾਂ ਦੀ ਸੁਗੰਧੀ ਲੈਣ ਵਾਲੇ) ਭੌਰੇ (ਇਧਰ ਉਧਰ ਗੁੰਜਾਰ ਪਾਉਂਦੇ) ਬਹੁਤ ਸੋਹਣੇ ਲਗਦੇ ਹਨ। (ਜਿਵੇਂ) ਬਾਰ ਦੇ ਇਲਾਕੇ ਵਿੱਚ ਵਣ ਦੇ (ਰੁਖ) ਖਿੜੇ ਹੋਏ ਹਨ (ਇਸੇ ਤਰ੍ਹਾਂ ਜੇ) ਮੇਰਾ ਪਤੀ (ਪ੍ਰੀਤਮ) ਘਰ ਵਿਚ ਆ ਜਾਵੇ (ਭਾਵ ਮੈਨੂੰ ਮਿਲ ਪਵੇ ਤਾਂ ਮੇਰੇ ਹਿਰਦੇ ਵਿਚ ਖੇੜਾ ਆ ਜਾਵੇ)। (ਜਦੋਂ ਤਕ ਪਿਆਰਾ) ਪਤੀ ਘਰ (ਹਿਰਦੇ) ਵਿਚ ਨਹੀਂ ਆਉਂਦਾ ਜੀਵ-ਇਸਤਰੀ ਕਿਵੇਂ (ਆਤਮਿਕ) ਸੁਖ ਪਾ ਸਕਦੀ ਹੈ? (ਸਗੋਂ) ਵਿਰੋਧ ਤੇ ਵਿਛੋੜੇ ਵਿਚ (ਉਸਦਾ) ਸਰੀਰ ਟੁੱਟਦਾ (ਭਾਵ ਦੁੱਖੀ ਹੋਇਆ) ਰਹਿੰਦਾ ਹੈ। ਕੋਇਲ ਅੰਬ ਦੇ (ਦਰਖਤ) ਉਤੇ ਬੈਠੀ ਹੋਈ (ਜਦ ਕੂ ਕੂ) ਬੋਲਦੀ ਹੈ (ਕਿਤਨੀ) ਸੋਹਣੀ ਲਗਦੀ ਹੈ, (ਪਰ ਪਤੀ ਤੋਂ ਵਿਛੋੜੇ ਦਾ) ਦੁਖ ਹਿਰਦੇ ਵਿਚ ਕਿਵੇਂ ਸਹਾਰਿਆ ਜਾ ਸਕਦਾ ਹੈ?

ਫੁੱਲਾਂ ਨਾਲ (ਲਦੀਆਂ ਹੋਈਆਂ) ਡਾਲੀਆਂ ਉਤੇ ਭੌਰਾ ਭੌਂਦਾ (ਫਿਰਦਾ ਹੈ, ਭਾਵ ਚਕਰ ਕੱਟ) ਰਿਹਾ ਹੈ, (ਕੁਦਰਤ ਦੀ ਬਹਾਰ ਤੇ ਭੌਰੇ ਦਾ ਪਿਆਰ ਵੇਖ ਕੇ) ਹੇ ਮੇਰੀ ਮਾਂ! (ਮੈਂ ਵਿਜੋਗਣ) ਕਿਵੇਂ ਜੀਉਂਦੀ ਰਹਿ ਸਕਦੀ ਹਾਂ (ਮੇਰੇ ਲਈ ਇਹ ਵਿਛੋੜਾ ਮਾਨੋ ਮੌਤ (ਸਮਾਨ ਹੈ)। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਚੇਤ ਦੇ ਮਹੀਨੇ ਵਿਚ ਜੇ ਜੀਵ-ਇਸਤ੍ਰੀ (ਆਪਣੇ) ਘਰ (ਹਿਰਦੇ) ਵਿਚ ਹਰੀ ਕੰਤ ਪਾ ਲਏ (ਤਾਂ ਉਹ ਗਿਆਨ ਵਾਲੀ ਅਡੋਲ ਅਵਸਥਾ ਵਿਚ (ਟਿਕ ਕੇ ਆਤਮਿਕ) ਸੁਖ ਪ੍ਰਾਪਤ ਕਰ ਸਕਦੀ ਹੈ।੫।

## ਸਾਰੰਸ਼ ਅਤੇ ਸਿਧਾਂਤ

ਪਿਛਲੀਆਂ ਚਾਰ ਪਉੜੀਆਂ ਦੁਆਰਾ ਗੁਰੂ ਨਾਨਕ ਦੇਵ ਜੀ ਨੇ ਜੀਵ-ਇਸਤ੍ਰੀ ਦਾ ਪਤੀ ਪਰਮੇਸ਼ਰ ਨਾਲ ਸਹਜਿ ਸੁਭਾਵਿਕ ਮੇਲ ਦਾ ਜ਼ਿਕਰ ਕੀਤਾ ਸੀ, ਉਹ ਮਾਨੋ ਤੁਖਾਰੀ ਬਾਰਹਮਾਹਾ ਦੀ ਮੰਗਲਮਈ ਭੂਮਿਕਾ ਸੀ। ਮਹੀਨਿਆਂ ਦੇ ਬਦਲਣ ਨਾਲ ਰੁੱਤਾਂ ਦਾ ਬਦਲਣਾ ਵੀ ਵਿਛੋੜਾ ਹੈ। ਪਰ ਇਨ੍ਹਾਂ ਦਾ ਨਿਰਦੇਸ਼ਕ 'ਸੂਰਜੁ ਏਕੋ ਰੁਤਿ ਅਨੇਕ' ਕਰਤਾਰੀ ਹੁਕਮ ਅਨੁਸਾਰ ਸਾਰੀ ਕ੍ਰਿਆ ਕਰਦਾ ਹੈ।

ਬਾਰ੍ਹਾਂ ਮਹੀਨਿਆਂ ਵਿਚ ਸੂਰਜ ਦੇ ਨੇੜੇ ਜਾਂ ਦੂਰ ਹੋਣ ਕਾਰਨ ਰੁੱਤਾਂ ਵਿਚ ਤਬਦੀਲੀ ਆਉਣੀ ਸੁਭਾਵਿਕ ਹੈ ਜਿਨ੍ਹਾਂ ਦਾ ਉਲੇਖ ਰੁਤੀ ਸਲੋਕਾਂ ਵਿਚ ਕੀਤਾ ਹੋਇਆ ਮਿਲਦਾ ਹੈ। ਇਸ ਰਚਨਾ ਵਿਚ ਬੌਧਿਕ ਤੇ ਸਿਧਾਂਤਕ ਪਖ ਨਾਲੋਂ ਪ੍ਰੀਤਮ ਦੇ ਮਿਲਾਪ ਵਾਲੇ ਸ਼ਿੰਗਾਰ-ਰਸ ਅਤੇ ਬਿੰਬ ਚਿਤਰਣ ਵਧੇਰੇ ਹਨ। ਜੇ ਕੁਦਰਤਿ ਦਾ ਰੰਗ ਮਾਣਨਾ ਹੋਵੇ ਤਾਂ ਪ੍ਰਕਿਰਤੀ ਦੇ ਬਿੰਬਾਂ ਰਾਹੀਂ ਬਸੰਤੁ ਰੁਤ ਦੀ ਆਰੰਭਕ ਛੋਹ ਹੀ ਆਪਣਾ ਮੌਲਿਕ ਪ੍ਰਭਾਵ ਪਾਉਂਦੀ ਹੈ:-

**ਚੇਤੁ ਬਸੰਤ ਭਲਾ, ਭਵਰ ਸੁਹਾਵੜੇ ॥**
**ਬਨ ਫੂਲੇ ਮੰਝ ਬਾਰਿ, ਮੈ ਪਿਰੁ ਘਰਿ ਬਾਹੁੜੈ ॥**

ਬਸੰਤ ਖੇੜਾ ਹੈ, ਬਸੰਤ ਓਦੋਂ ਹੈ ਜਦੋਂ ਜਗਿਆਸੂ ਦੇ ਹਿਰਦੇ ਰੂਪੀ ਤਲ ਉਤੇ ਬਹਾਰ (ਖੇੜਾ) ਹੋਵੇ। ਇਸ ਰਚਨਾ ਵਿਚ ਸਿਰੇ ਦੀ ਗਲ ਇਹ ਕੀਤੀ ਹੈ ਕਿ ਹਰੇਕ ਮਹੀਨੇ ਨੂੰ 'ਭਲਾ' ਹੀ ਕਿਹਾ ਹੈ। ਭਲਾ ਕੀ ਹੈ? 'ਬੁਰਾ ਨਹੀਂ ਸਭੁ ਭਲਾ ਹੀ ਹੈ ਰੇ, ਹਾਰ ਨਹੀ ਸਭ ਜੇਤੈ॥ (ਪੰਨਾ ੧੩੦੨)। ਵਾਹਿਗੁਰੂ ਜੀ ਦੇ ਬੇਅੰਤ ਗੁਣ ਹਨ ਪਰ ਉਨ੍ਹਾਂ ਵਿਚ 'ਆਪਿ ਭਲਾ' ਦਾ ਵਿਲਖਣ ਅਸਥਾਨ ਹੈ:-

**ਆਪਿ ਭਲਾ, ਕਰਤੂਤ ਅਤਿ ਨੀਕੀ ॥**
**ਆਪੇ ਜਾਨੈ, ਅਪਨੇ ਜੀਅ ਕੀ ॥** [ਪੰਨਾ ੨੯੪

ਬਾਗ਼ ਵਿਚ ਫੁੱਲਾਂ ਦਾ ਫੈਲਾਓ, ਸੁਹਾਗਣਾਂ ਦੇ ਹਿਰਦੇ ਵਿਚ ਪ੍ਰੇਮ-ਚਿਤਰਣ ਪੈਦਾ ਕਰਦਾ ਹੈ। ਰੁੱਤਾਂ ਦਾ ਪਿਆਰ ਪਤੀ-ਮਿਲਾਪ ਦੇ ਅਧੀਨ ਹੀ ਸ਼ੋਭਦਾ ਹੈ, ਰੁੱਤਾਂ ਲਈ ਸ਼ਰਧਾ ਨਹੀਂ, 'ਸਜਣ ਮੁਖੁ ਅਨੂਪੁ, ਅਠੇ ਪਹਰ ਨਿਹਾਲਸਾ' ਦੀ ਖਿੱਚ ਹੈ। ਜੇ ਪਤੀ ਪਰਮੇਸ਼ਰ ਘਰ ਨਾ ਆਵੇ ਤਾਂ ਸੁਹਾਗਣਿ ਲਈ 'ਕਿਉ ਜੀਵਾ ਮਰੁ ਮਾਏ' ਵਾਲੀ ਹਾਲਤ ਸਹਿਣੀ ਅਸਹਿ ਗੱਲ ਹੈ। ਗੁਰੂ ਪਾਤਿਸ਼ਾਹ ਜੀ ਨੇ ਬਸੰਤ ਬਾਰੇ ਪਹਿਲਾਂ ਹੀ ਨਿਰਣਾ ਕਰ ਦਿੱਤਾ ਹੈ:-

**੧. ਨਾਨਕ ਤਿਨਾ ਬਸੰਤੁ ਹੈ ਜਿਨ੍ ਘਰਿ ਵਸਿਆ ਕੰਤੁ ॥**
**ਜਿਨ ਕੇ ਕੰਤ ਦਿਸਾਪੁਰੀ, ਸੇ ਅਹਿਨਿਸਿ ਫਿਰਹਿ ਜਲੰਤ ॥੨॥** [ਪੰਨਾ ੭੯੧

**੨. ਨਾਨਕ ਤਿਨਾ ਬਸੰਤੁ ਹੈ, ਜਿਨਾ ਗੁਰਮੁਖਿ ਵਸਿਆ ਮਨਿ ਸੋਇ ॥** [ਪੰਨਾ ੧੪੨੦

ਅਸਲ ਵਿਚ ਸੁਰਤਿ ਦਾ ਸਾਈਂ ਦੇ ਚਰਨਾਂ ਨਾਲ ਜੁੜਨਾ ਹੀ ਜੀਵਨ ਹੈ, ਇਹੋ ਹੀ ਬਸੰਤ ਹੈ। ਰੁੱਤਾਂ ਦੇ ਕੁਦਰਤੀ ਦ੍ਰਿਸ਼ ਸਾਹਮਣੇ ਰਖ ਕੇ ਸੁਤੇ ਹੋਏ ਮਨ ਨੂੰ ਜਗਾਉਣਾ ਹੈ:-

**ਦੇਖ ਫੂਲ ਫੂਲ ਫੂਲੇ ॥ ਅਹੰ ਤਿਆਗਿ ਤਿਆਗੋ ॥**

ਸਘਨ ਬਾਸੁ ਕੂਲੇ ॥ ਇਕਿ ਰਹੇ ਸੂਕਿ ਕਠੂਲੇ ॥

ਬਸੰਤ ਰੁਤਿ ਆਈ, ਪਰਫੂਲਤਾ ਰਹੇ ॥ [ਪੰਨਾ ੧੧੭੫

ਜੀਵ ਨੂੰ ਇਹ ਸੁਨੇਹਾ ਦੇਣਾ ਹੈ:-

ਭਈ ਪਰਾਪਤਿ ਮਾਨੁਖ ਦੇਹੁਰੀਆ ॥

ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥

ਅਵਰਿ ਕਾਜ ਤੇਰੈ ਕਿਤੈ ਨ ਕਾਮ॥

ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ॥੧॥ [ਪੰਨਾ ੧੨

ਚੇਤ ਵਿਚ ਪਰਮੇਸੁਰ ਦੇ ਨਾਮ ਦਾ ਚਿੰਤਨ ਕਰਨਾ ਹੈ। ਚਿੰਤਨ ਨਾਲ ਹੀ ਅੰਤਰ ਆਤਮੇ ਪ੍ਰਕਾਸ਼ ਹੋਣਾ ਹੈ। ਭਗਤ ਕਬੀਰ ਜੀ ਜਗਿਆਸੂ ਨੂੰ ਇਹ ਉਪਦੇਸ਼ ਦਿੰਦੇ ਹਨ:-

ਚੇਤਿ ਸੁਚੇਤ ਚਿਤ ਹੋਇ ਰਹੁ, ਤਉ ਲੈ ਪਰਗਾਸੁ ਉਜਾਰਾ॥ [ਪੰਨਾ ੩੩੯

ਸਰੀਰ ਦੇ ਅੰਦਰ ਪ੍ਰਭ-ਮਿਲਾਪ ਦੀ ਸਧਰ ਨੂੰ ਪ੍ਰਫੁਲਤ ਕਰਨਾ ਹੈ ਕਿਉਂਕਿ ਵਿਛੋੜਾ ਵਿਸ ਰੂਪ ਹੈ ਅਤੇ ਦੁਖ ਦਾ ਪ੍ਰਤੀਕ ਹੈ। ਜੇ ਆਤਮਾ ਵਿਚੋਂ ਪਰਮਾਤਮਾ ਦਾ ਰੂਪ ਪ੍ਰਗਟ ਹੋ ਜਾਵੇ ਤਾਂ ਚੇਤ ਦਾ ਮਹੀਨਾ ਚਾਉ ਵਾਲਾ ਤੇ ਸੁਖਦਾਈ ਲਗਣ ਲਗ ਪੈਂਦਾ ਹੈ।

ਸਿਧਾਂਤ ਇਹ ਹੈ ਕਿ ਹਰ ਉਹ ਰੁਤ ਤੇ ਮਹੀਨਾ ਚੰਗਾ ਹੈ, ਜਿਸ ਵਿਚ ਪਤੀ ਦਾ ਨੇਹੁ ਪ੍ਰਾਪਤ ਹੋਵੇ। ਗੁਰਵਾਕ ਹਨ:-

ਸਭੇ ਰੁਤੀ ਚੰਗੀਆ,ਜਿਤੁ ਸਚੇ ਸਿਉ ਨੇਹੁ ॥

ਸਾਧਨ ਕੰਤੁ ਪਛਾਣਿਆ, ਸੁਖਿ ਸੁਤੀ ਨਿਸਿ ਡੇਹੁ ॥੫॥ [ਪੰਨਾ ੧੦੧੫

ਸੋ, ਇਸ ਮਹੀਨੇ ਵਿਚ 'ਰਸਨਾ ਨਾਮ ਭਣਾ' ਦਾ ਉਪਦੇਸ਼ ਚੇਤੇ ਰਖਣ ਦੀ ਡਾਢੀ ਲੋੜ ਹੈ। ਪਤੀ ਤੋਂ ਬਿਨਾ ਇਸਤ੍ਰੀ ਦੀ ਜੋ ਹਾਲਤ ਹੁੰਦੀ ਹੈ ਉਸ ਦਾ ਵਰਣਨ ਗੁਰਬਾਣੀ ਵਿਚ ਇਉਂ ਕੀਤਾ ਹੋਇਆ ਮਿਲਦਾ ਹੈ:-

ਕਿਉ ਜੀਵਨੁ ਪ੍ਰੀਤਮ ਬਿਨੁ ਮਾਈ॥

ਜਾ ਕੇ ਬਿਛੁਰਤ ਹੋਤ ਮਿਰਤਕਾ, ਗ੍ਰਿਹ ਮਹਿ ਰਹਨੁ ਨ ਪਾਈ ॥ [ਪੰਨਾ ੧੨੦੭

ਚੇਤ ਦੇ ਮਹੀਨੇ ਵਿਚ ਜੋ ਸੰਦੇਸ਼ ਪ੍ਰਾਪਤ ਹੋਇਆ ਹੈ ਉਸ ਨੂੰ ਦੀਰਘ ਦ੍ਰਿਸ਼ਟੀ ਨਾਲ ਅਪਨਾਉਣ ਦੀ ਲੋੜ ਹੈ। ਕਈ ਵਾਰੀ ਸੰਤਾਂ ਦੀ ਸੰਗਤ ਵਿਚ ਕਥਾ ਕੀਰਤਨ ਤੇ ਹੋਰ ਉਪਦੇਸ਼ ਸੁਣਨ ਦਾ ਅਵਸਰ ਪ੍ਰਾਪਤ ਹੋ ਜਾਦਾ ਹੈ। ਅਜੇਹੇ ਸਮੇਂ ਜਗਿਆਸੂ ਦੇ ਹਿਰਦੇ ਵਿਚ ਚਾਉ ਹੁੰਦਾ ਹੈ ਕਿ ਉਸ ਨੂੰ ਪਰਮੇਸੁਰ ਮਿਲੇ ਪਰ ਜੇ ਨਹੀਂ ਮੇਲ ਹੁੰਦਾ ਤਾਂ ਨਿਰਾਸ਼ ਨਾ ਹੋਵੇ, ਚੇਤਨਾ ਦੀ ਚਟਕ ਲਗਾਤਾਰ ਲਗੀ ਰਹੇ ਬੇਨਤੀ ਕਰਦਾ ਰਹੇ। ਇਸ ਤਰ੍ਹਾਂ ਜਦੋਂ ਸ਼ਬਦ ਹਿਰਦੇ ਵਿਚ ਆ ਕੇ ਵਸ ਗਿਆ ਤਾਂ 'ਸੁਖ ਸਹਜਿ ਮੇਲਾ' ਬਣ ਜਾਵੇਗਾ:-

ਬਿਨਵੰਤਿ ਨਾਨਕ ਸੁਖ ਸਹਜਿ ਮੇਲਾ, ਪ੍ਰਭੁ ਆਪਿ ਬਣਾਇਆ॥੨॥[ਪੰਨਾ ੪੬੨

**ਵੈਸਾਖੁ ਭਲਾ ਸਾਖਾ ਵੇਸ ਕਰੇ ॥ ਧਨ ਦੇਖੈ ਹਰਿ ਦੁਆਰਿ, ਆਵਹੁ ਦਇਆ ਕਰੇ ॥ ਘਰਿ ਆਉ ਪਿਆਰੇ ਦੁਤਰ ਤਾਰੇ, ਤੁਧੁ ਬਿਨੁ ਅਢੁ ਨ ਮੋਲੋ ॥ ਕੀਮਤਿ ਕਉਣ ਕਰੇ ਤੁਧੁ ਭਾਵਾਂ, ਦੇਖਿ ਦਿਖਾਵੈ ਢੋਲੋ ॥ ਦੂਰਿ ਨ ਜਾਨਾ ਅੰਤਰਿ ਮਾਨਾ, ਹਰਿ ਕਾ ਮਹਲੁ ਪਛਾਨਾ ॥ ਨਾਨਕ ਵੈਸਾਖੀਂ ਪ੍ਰਭੁ ਪਾਵੈ, ਸੁਰਤਿ ਸਬਦਿ ਮਨੁ ਮਾਨਾ ॥੬॥**

## ਉਚਾਰਨ ਸੇਧ

**ਨਾਸਕੀ ਉਚਾਰਨ-** ਜਾਨਾ, ਮਾਨਾ, ਪਛਾਨਾ।

**ਪਦ ਅਰਥ:** ਸਾਖਾ=(ਹਰੇਕ) ਸ਼ਾਖ। ਵੇਸ=ਰੂਪ (ਸ਼ਿੰਗਾਰ)। ਕਰੇ=ਕਰ ਰਹੀ ਹੈ। ਧਨ=ਜੀਵ ਇਸਤਰੀ। ਹਰਿ=ਹਰੀ (ਪਤੀ) ਨੂੰ। ਦੁਆਰਿ=ਦੁਆਰੇ ਉਤੇ। ਦੁਤਰ=ਜਿਸ ਨੂੰ ਤਰਨਾ ਕਠਨ ਹੋਵੇ। ਅਢੁ=ਅੱਧੀ ਕੌਡੀ। ਮੋਲੋ=ਮੁੱਲ, ਕੀਮਤ। ਦੇਖਿ ਦਿਖਾਵੈ=(ਆਪ) ਵੇਖ ਕੇ ਵਿਖਾਉਂਦਾ ਹੈ। ਢੋਲੋ=ਢੋਲਾ, ਪਿਆਰਾ। ਜਾਨਾ=ਜਾਣਿਆ, ਸਮਝਿਆ। ਅੰਤਰਿ=ਅੰਦਰ (ਹਿਰਦੇ ਵਿਚ)। ਮਾਨਾ=ਮੰਨਿਆ, ਨਿਸ਼ਚੇ ਕੀਤਾ। ਮਹਲੁ=ਸਰੂਪ। ਪਛਾਨਾ=ਪਛਾਣਿਆ। ਵੈਸਾਖੀ=ਵੈਸਖ ਵਿਚ। ਸੁਰਤਿ=ਸੋਝੀ। ਸਬਦਿ=ਸ਼ਬਦ (ਉਪਦੇਸ਼) ਵਿਚ। ਮਨੁ ਮਾਨਾ=ਮਨ ਪਤੀਜ ਗਿਆ ਹੈ, ਨਿਸ਼ਚਾ ਆ ਗਿਆ ਹੈ।

**ਨੋਟ-** ਸ਼ਬਦ ਦੀ ਚਾਲ ਨੂੰ ਠੀਕ ਰਖਣ ਲਈ ਕਈ ਵਾਰ ਬਿਹਾਰੀ, ਸਿਹਾਰੀ ਵਿਚ ਅਤੇ ਸਿਹਾਰੀ ਬਿਹਾਰੀ ਵਿਚ ਬਦਲ ਜਾਂਦੀ ਹੈ। ਜਿਵੇਂ ਧਰਤਿ ਤੇ ਧਰਤੀ, ਗਤਿ ਤੇ ਗਤੀ ਆਦਿ। ਇਥੇ ਬਿਹਾਰੀ ਤੇ ਸਿਹਾਰੀ ਕਾਰਕ ਰੂਪ ਹੋਣ ਕਰਕੇ 'ਵਿਚ, ਦੁਆਰਾ' ਆਦਿ ਅਰਥ ਦਿੰਦੀ ਹੈ। ਇਥੇ ਵੀ 'ਵੈਸਾਖੀ' ਤੋਂ ਭਾਵ'ਵੈਸਾਖਿ' ਹੈ। ਸਿਹਾਰੀ ਕਾਰਕੀ ਰੂਪ ਅੰਦਰ 'ਵਿਚ' ਦੁਆਰਾ ਆਦਿ ਅਰਥ ਦਿੰਦੀ ਹੈ।

**ਅਰਥ:** ਵੈਸਾਖ (ਬਹੁਤ) ਚੰਗਾ ਮਹੀਨਾ ਹੈ (ਜਿਸ ਵਿਚ ਦਰਖਤਾਂ ਦੀ ਹਰੇਕ) ਸ਼ਾਖ (ਆਪਣਾ ਨਵਾਂ) ਵੇਸ ਕਰ ਰਹੀ ਹੈ (ਭਾਵ ਪ੍ਰਫੁਲਤ ਹੋ ਰਹੀ ਹੈ) ਇਸ ਪ੍ਰਫੁਲਤਾ ਨੂੰ ਵੇਖ ਕੇ ਜੀਵ-ਇਸਤ੍ਰੀ ਹਰੀ (ਪਤੀ) ਨੂੰ (ਆਪਣੇ) ਦੁਆਰੇ ਤੇ (ਖੜੀ ਹੋ ਕੇ) ਵੇਖਦੀ (ਭਾਵ ਉਡੀਕਦੀ ਹੋਈ ਬੇਨਤੀ ਕਰਦੀ ਹੈ ਕਿ ਹੇ ਪਿਆਰੇ ਪ੍ਰੀਤਮ!) ਕਿਰਪਾ ਕਰਕੇ (ਤੁਸੀਂ ਮੇਰੇ ਹਿਰਦੇ ਰੂਪੀ) ਘਰ ਵਿਚ ਆਉ। (ਫਿਰ ਆਖਦੀ ਹੈ) ਹੇ ਪਿਆਰੇ! (ਹਿਰਦੇ ਰੂਪੀ) ਘਰ ਵਿਚ ਆਉ (ਅਤੇ ਮੈਨੂੰ ਇਸ) ਬਿਖਮ (ਸੰਸਾਰ ਤੋਂ) ਤਾਰ ਲਵੋ, (ਹੇ ਪ੍ਰੀਤਮ ਜੀ!) ਤੁਹਾਡੇ ਬਿਨਾਂ ਮੇਰਾ ਮੁੱਲ ਅੱਧੀ ਕੌਡੀ ਵੀ ਨਹੀਂ (ਭਾਵ ਆਦਰ ਮਾਣ ਨਹੀਂ ਹੈ)। (ਪ੍ਰੀਤਮ!) ਜੇ ਮੈਂ ਤੈਨੂੰ ਚੰਗੀ ਲਗ ਜਾਵਾਂ (ਤਾਂ ਮੇਰੇ ਇਸ ਮਿਲਾਪ ਦੀ) ਕੀਮਤ ਕੌਣ ਪਾ ਸਕਦਾ ਹੈ? (ਐਸਾ) ਪ੍ਰੀਤਮ (ਕੋਈ) ਵੇਖ ਕੇ ਦਿਖਾ ਦੇਵੇ (ਮੇਰੇ ਲਈ ਇਹ ਅਮੋਲਕ ਦਰਸ਼ਨ ਹੈ)। (ਹੇ ਪ੍ਰੀਤਮ ਜੀ! ਮੈਂ ਤੈਨੂੰ) ਦੂਰ ਨਹੀਂ ਜਾਣਦੀ (ਆਪਣੇ) ਅੰਦਰ (ਵਸਿਆ ਹੋਇਆ) ਮੰਨਿਆ ਹੈ, (ਅਤੇ ਹੁਣ ਤੈਂ) ਹਰੀ ਦਾ ਟਿਕਾਣਾ ਪਛਾਣ ਲਿਆ ਹੈ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਵੈਸਾਖ ਦੇ (ਮਹੀਨੇ) ਵਿਚ (ਉਹ ਜੀਵ-ਇਸਤ੍ਰੀ) ਪਤੀ ਪਰਮਾਤਮਾ ਨੂੰ ਪ੍ਰਾਪਤ ਕਰ ਲੈਂਦੀ ਹੈ (ਜਿਸ ਦੀ) ਸੁਰਤਿ (ਗੁਰੂ ਦੇ) ਸ਼ਬਦ ਵਿਚ (ਜੁੜ ਗਈ ਹੈ ਉਸ ਦਾ) ਮਨ ਪਤੀਜ ਗਿਆ ਹੈ।੬।

## ਅਰਥ ਭੇਦ ਅਤੇ ਨਿਰਣੈ

**ਨਾਨਕ ਵੈਸਾਖੀਂ ਪ੍ਰਭੁ ਪਾਵੈ, ਸੁਰਤਿ ਸਬਦਿ ਮਨੁ ਮਾਨਾ ॥**

ਵਖ ਵਖ ਅਰਥ:

੧) ਸ੍ਰੀ ਗੁਰੂ ਜੀ ਕਹਿਤੇ ਹੈਂ ਜਿਨੋ ਨੇ ਗੁਰੋਂ ਕਾ ਸਬਦ ਗਯਾਤ ਪੂਰਬਕ ਮਨ ਮੇ ਮੰਨਨ ਕੀਆ ਹੈ (ਵੈ) ਵਹ ਹੇ ਸਖੀ ਪ੍ਰਭੂ ਤੇਰੇ ਕੋ ਪਾਵਤੇ ਹੈਂ। [ਫ.ਸ.

੨) (ਐਉਂ ਜਦ) ਸੁਰਤ ਸ਼ਬਦ (ਵਿਚ ਜੁੜ ਕੇ) ਮਨ (ਮਿਲਾਪ ਨੂੰ ਅਨੁਭਵ ਵਿਚ) ਮੰਨ ਜਾਵੇ (ਤਦ ਆਪ ਦੇ ਮਿਲਾਪ) ਦੀ ਵੈਸਾਖੀ ਹੇ ਪ੍ਰਭੂ! (ਗੁਰੂ) ਨਾਨਕ (ਰੂਪ ਧਨ) ਨੂੰ ਪ੍ਰਾਪਤ ਹੋ ਜਾਵੇ। [ਭਾ. ਵੀਰ ਸਿੰਘ ਜੀ

੩) ਹੇ ਨਾਨਕ! ਵੈਸਾਖ ਵਿਚ (ਕੁਦਰਤਿ ਰਾਣੀ ਦਾ ਸੋਹਜ-ਸ਼ਿੰਗਾਰ ਵੇਖ ਕੇ ਉਹ ਜੀਵ-ਇਸਤ੍ਰੀ ਪ੍ਰਭੂ-ਪਤੀ (ਦਾ ਮਿਲਾਪ) ਹਾਸਲ ਕਰ ਲੈਂਦੀ ਹੈ (ਜਿਸ ਦੀ ਸੁਰਤਿ ਗੁਰੂ ਦੇ) ਸ਼ਬਦ ਵਿਚ ਜੁੜੀ ਰਹਿੰਦੀ ਹੈ, ਜਿਸ ਦਾ ਮਨ (ਸਿਫਤਿ-ਸਾਲਾਹ ਵਿਚ ਹੀ) ਗਿੱਝ ਜਾਂਦਾ ਹੈ। [ਦਰਪਣ

੪) ਅੰਨਵੇ-ਗੁਰੂ ਜੀ ਕਥਨ ਕਰਦੇ ਹਨ- ਗੁਰਾਂ ਦੇ ਸ਼ਬਦ ਉਪਦੇਸ਼ ਵਿਚ ਜਿਸ ਦਾ ਮਨ ਸੁਰਤਿ-ਗਿਆਤ ਅਥਵਾ ਸ੍ਰੇਸ਼ਟ ਪ੍ਰੀਤ ਪੂਰਬਕ ਮੰਨਿਆ ਗਿਆ ਹੈ ਵੈ ਉਹ ਗਿਆਨੀ ਵੈ-ਨਿਸ਼ਚੇ ਸਹਿਤ, ਵੈ ਸਾਖੀ; ਉਸ ਪ੍ਰੇਰਕ ਪ੍ਰਭੂ ਨੂੰ ਪਾ ਲੈਂਦਾ ਹੈ। [ਸ੍ਰੀ.ਸ.

**ਨਿਰਣੈ:** ਇਸ ਪੰਕਤੀ ਵਿਚ 'ਵੈਸਾਖੀਂ ਪ੍ਰਭੁ' ਦੇ ਅਰਥ ਹੇ ਸਖੀ ਪ੍ਰਭੂ! ਕਰਨੇ ਠੀਕ ਨਹੀਂ ਕਿਉਂਕਿ 'ਪ੍ਰਭੁ' ਪਦ ਦਾ ਭਭਾ ਔਂਕੜ ਸਹਿਤ ਹੈ। ਇਸੇ ਤਰ੍ਹਾਂ 'ਵੈਸਾਖੀਂ' ਨੂੰ ਪਦ ਛੇਦ ਕਰਕੇ 'ਓਹ ਸਾਖੀ' ਅਰਥ ਕਰਨੇ ਵੀ ਠੀਕ ਨਹੀਂ ਹਨ। ਇਸ ਪੰਕਤੀ ਦੇ ਸਪਸ਼ਟ ਅਰਥ ਇਉਂ ਹਨ:-

ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਵੈਸਾਖ ਦੇ (ਮਹੀਨੇ) ਵਿਚ (ਉਹ ਜੀਵ-ਇਸਤਰੀ ਪਤੀ ਪ੍ਰਭੂ ਨੂੰ ਪਾ ਲੈਂਦੀ ਹੈ (ਜਿਸ ਦੀ) ਸੁਰਤਿ (ਗੁਰੂ ਦੇ) ਸ਼ਬਦ ਵਿਚ (ਜੁੜ ਗਈ ਹੈ ਤੇ ਉਸਦਾ) ਮਨ ਪਤੀਜ ਗਿਆ ਹੈ।

## ਸਾਰੰਸ਼ ਅਤੇ ਸਿਧਾਂਤ

ਵੈਸਾਖ ਦਾ ਮਹੀਨਾ ਬਸੰਤ ਰੁਤ ਕਾਰਨ ਖੇੜੇ ਤੇ ਸੁਗੰਧੀਆਂ ਭਰਿਆ ਹੈ। ਦਰਖਤਾਂ ਦੇ ਪਤੇ ਸ਼ਾਖਾਂ ਪੁੰਗਰਦੀਆਂ ਤੇ ਪ੍ਰਫੁਲਤ ਹੁੰਦੀਆਂ ਹਨ। ਫੁਲ ਲਗਦੇ ਹਨ ਸੰਸਾਰ ਨੂੰ ਭਿੰਨੀ ਭਿੰਨੀ ਖੁਸ਼ਬੋ ਦੇਂਦੇ ਹਨ। ਜਦੋਂ ਬਨਸਪਤੀ ਤੇ ਹਰਿਆਵਲ ਆਉਂਦੀ ਹੈ ਤਾਂ ਜੀਵ-ਇਸਤਰੀ ਪਤੀ ਵਿਜੋਗ ਵਿਚ ਸੁੱਕੀ ਟਾਹਣੀ ਵਾਂਗ ਆਪਣੀ ਸਹੇਲੀ ਦੇ ਘਰ ਤੇ ਆਂਗਣ ਨੂੰ ਹਰਾ ਭਰਾ ਵੇਖ ਕੇ ਪ੍ਰਸੰਨ ਹੋਈ ਵੇਖ ਕੇ ਆਖਦੀ ਹੈ ਕਿ ਤੇਰੇ ਲਈ ਵੈਸਾਖ ਭਲਾ ਹੈ ਕਿਉਂਕਿ ਤੂੰ ਤਾਂ ਹਰੀ ਭਰੀ ਹੋ ਗਈ ਹੈਂ। ਪਰ ਦੂਜੇ ਪਾਸੇ ਪਤੀ ਤੋਂ ਵਿਛੁੜੀ ਹੋਈ ਇਸਤਰੀ ਦਾ ਮੁਲ ਇਕ ਕੌਡੀ ਭੀ ਨਹੀਂ। ਹੇ ਪਿਆਰੇ! ਮੇਰੇ ਹਿਰਦੇ ਰੂਪੀ ਘਰ ਵਿਚ ਆਓ, ਆਪ ਤੋਂ ਬਿਨਾਂ ਮੇਰਾ ਖਾਣਾ ਪੀਣਾ, ਹਸਣਾ ਸੌਣਾ ਸਭ ਹਰਾਮ ਹੋ ਗਿਆ ਹੈ। ਜੇ ਕੋਈ

ਸਖੀ ਸਹੇਲੀ ਮੇਰੇ ਤੇ ਤਰਸ ਕਰਕੇ ਪਿਆਰੇ ਪ੍ਰੀਤਮ ਦਾ ਦਰਸ਼ਨ ਕਰਾ ਦੇਵੇ ਤਾਂ ਉਸ ਮਿਲਾਪ ਦੀ ਪ੍ਰਸੰਨਤਾ ਦਾ ਵਰਣਨ ਕਰਨਾ ਅਸੰਭਵ ਹੈ।

ਰੁੱਤਾਂ ਦੇ ਪੱਖ ਤੋਂ ਚੇਤ ਤੇ ਵੈਸਾਖ ਦੀ ਸਾਂਝ ਕਾਇਮ ਹੈ। ਜੀਵ-ਇਸਤ੍ਰੀ ਦੀ ਪਤੀ-ਮਿਲਾਪ ਵਾਲੀ ਇਛਾ ਪੂਰੀ ਹੋਣ ਤੇ ਜੋ ਖੇੜਾ ਉਸ ਦੇ ਹਿਰਦੇ ਵਿਚ ਆਉਂਦਾ ਹੈ, ਉਸ ਦਾ ਵਰਣਨ ਰਾਮਕਲੀ ਰਾਗ ਵਿਚ ਹੇਠ ਲਿਖੇ ਛੰਤ ਵਿਚ ਇਉਂ ਕੀਤਾ ਗਿਆ ਹੈ:-

**ਛੰਤੁ ॥ ਰੁਤਿ ਸਰਸ ਬਸੰਤ, ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ॥**
**ਹਰਿ ਜੀਉ ਨਾਹੁ ਮਿਲਿਆ, ਮਉਲਿਆ ਮਨੁ ਤਨੁ ਸਾਸੁ ਜੀਉ ॥**
**ਘਰਿ ਨਾਹੁ ਨਿਹਚਲੁ ਅਨਦੁ ਸਖੀਏ, ਚਰਨ ਕਮਲ ਪ੍ਰਫੁਲਿਆ ॥**
**ਸੁੰਦਰੁ ਸੁਘੜੁ ਸੁਜਾਣੁ ਬੇਤਾ, ਗੁਣ ਗੋਵਿੰਦ ਅਮੁਲਿਆ ॥**
**ਵਡਭਾਗਿ ਪਾਇਆ ਦੁਖੁ ਗਵਾਇਆ, ਭਈ ਪੂਰਨ ਆਸ ਜੀਉ॥**
**ਬਿਨਵੰਤਿ ਨਾਨਕ ਸਰਣਿ ਤੇਰੀ, ਮਿਟੀ ਜਮ ਕੀ ਤ੍ਰਾਸ ਜੀਉ ॥੩॥**[ਪੰਨਾ ੯੨੭

ਇਕ ਸਖੀ ਦੂਜੀ ਸਖੀ ਨੂੰ ਸ਼ਾਂਤ ਚਿਤ ਵੇਖ ਕੇ ਪੁੱਛਦੀ ਹੈ:-

**ਮੋਹ ਮਲਨ ਨੀਦ ਤੇ ਛੁਟਕੀ, ਕਉਨ ਅਨੁਗ੍ਰਹੁ ਭਇਓ ਰੀ ॥**
**ਮਹਾ ਮੋਹਨੀ ਤੁਧੁ ਨ ਵਿਆਪੈ, ਤੇਰਾ ਆਲਸੁ ਕਹਾ ਗਇਓ ਰੀ ॥** [ਪੰਨਾ ੩੮੩

ਹੇ ਸਖੀ! ਤੂੰ ਮੋਹ ਮਾਇਆ ਦੀ ਮਲੀਨਤਾ ਅਤੇ ਅਗਿਆਨਤਾ ਦੀ ਨੀਂਦ ਤੋਂ ਕਿਵੇਂ ਛੁਟਕਾਰਾ ਪਾਇਆ ਹੈ ਤੇਰਾ ਆਲਸ ਕਿਥੇ ਗਿਆ ਹੈ? ਤੇਰੇ ਤੇ ਕਿਸ ਤਰ੍ਹਾਂ ਕਿਰਪਾ ਹੋਈ ਹੈ? ਫਿਰ ਆਪਣੇ ਅੰਦਰ ਹਉਕੇ ਭਰਦੀ ਹੋਈ ਕਹਿੰਦੀ ਹੈ ਮੈਨੂੰ ਕੋਈ ਜੁਗਤੀ ਦਸੋ ਕਿ ਮੈਂ ਵੀ ਇਸ ਬਸੰਤ ਦੀ ਰੁਤ ਵਿਚ ਆਪਣੇ ਪਤੀ ਦਾ ਆਨੰਦ ਮਾਣ ਸਕਾਂ ਅਜੇਹੇ ਤਰਲੇ ਦਾ ਰੂਪ ਗੁਰਬਾਣੀ ਵਿਚ ਇਉਂ ਅੰਕਿਤ ਹੈ:-

**ਉਡੀਨੀ ਉਡੀਨੀ ਉਡੀਨੀ ॥ ਕਬ ਘਰਿ ਆਵੈ ਰੀ ॥੧॥ਰਹਾਉ॥**

— — — —

**ਲਾਲਨ ਮੋਹਿ ਮਿਲਾਵਹੁ ਕਬ ਘਰਿ ਆਵੈ ਰੀ ॥੧॥** [ਪੰਨਾ ੮੩੦

ਹੁਣ ਸਖੀ, ਸਖੀ ਦੇ ਹਿਰਦੇ ਦੀ ਵੇਦਨਾ ਵੇਖ ਕੇ ਪਤੀ-ਪਰਮੇਸ਼ਰ ਨੂੰ ਮਿਲਣ ਦਾ ਮਾਰਗ ਦਸਦੀ ਹੈ:-

**ਸੁਨਹੁ ਸਹੇਰੀ ਮਿਲਨ ਬਾਤ ਕਹਉ,**
**ਸਗਰੋ ਅਹੰ ਮਿਟਾਵਹੁ, ਤਉ ਘਰ ਹੀ ਲਾਲਨੁ ਪਾਵਹੁ ॥**

ਬਸ, ਇਹ ਸੁਰਤ ਹੈ:-

**ਸੁਨਿ ਸਖੀਏ ਪ੍ਰਭ ਮਿਲਣ ਨੀਸਾਨੀ ॥**
**ਮਨੁ ਤਨੁ ਅਰਪਿ ਤਜਿ ਲਾਜ ਲੋਕਾਨੀ ॥** [ਪੰਨਾ ੭੩੭

ਸਿਧਾਂਤ ਇਹ ਹੈ ਕਿ ਹਿਰਦੇ ਵਿਚੋਂ ਹੰਗਤਾ, ਮਮਤਾ ਤੇ ਲੋਕ-ਲਾਜ ਚਲੀ ਜਾਏ ਤਾਂ ਪਤੀ ਨਾਲ ਮਿਲਾਪ ਹੁੰਦਾ ਹੈ। ਮੋਹ ਮਾਇਆ ਦੀ ਨੀਂਦ ਤਿਆਗ ਕੇ ਸੁਚੇਤ ਹੋ ਕੇ ਜਲ ਥਲ ਵਿਚ ਸਭ ਪਾਸੇ ਉਸ ਪ੍ਰਭੂ ਦਾ ਦੀਦਾਰ ਕਰਨਾ ਚਾਹੀਦਾ ਹੈ। ਲੋੜ ਹੈ ਸੁਰਤਿ ਨੂੰ ਸ਼ਬਦ ਨਾਲ ਜੋੜ ਕੇ ਉਸ ਅਜੂਨੀ ਸਰੂਪ ਨੂੰ ਪਛਾਣਨ ਤੇ ਸਭ ਥਾਵਾਂ ਤੇ ਉਸ ਦਾ ਵਿਆਪਕ ਦਰਸ਼ਨ ਕਰਨ ਦੀ।

**ਮਾਹੁ ਜੇਠੁ ਭਲਾ, ਪ੍ਰੀਤਮੁ ਕਿਉ ਬਿਸਰੈ ॥ ਥਲ ਤਾਪਹਿ ਸਰ ਭਾਰ, ਸਾਧਨ ਬਿਨਉ ਕਰੈ ॥ ਧਨ ਬਿਨਉ ਕਰੇਦੀ, ਗੁਣ ਸਾਰੇਦੀ, ਗੁਣ ਸਾਰੀ ਪ੍ਰਭ ਭਾਵਾ ॥ ਸਾਚੈ ਮਹਲਿ ਰਹੈ ਬੈਰਾਗੀ, ਆਵਣ ਦੇਹਿ ਤ ਆਵਾ ॥ ਨਿਮਾਣੀ ਨਿਤਾਣੀ ਹਰਿ ਬਿਨੁ, ਕਿਉ ਪਾਵੈ ਸੁਖ ਮਹਲੀ ॥ ਨਾਨਕ, ਜੇਠਿ ਜਾਣੈ ਤਿਸੁ ਜੈਸੀ, ਕਰਮਿ ਮਿਲੈ ਗੁਣ ਗਹਿਲੀ ॥੭॥**

## ਉਚਾਰਨ ਸੇਧ

**ਬਿੰਦੀ ਸਹਿਤ:** ਕਿਉਂ, ਤਾਪਹਿੰ, ਬਿਨਉਂ, ਕਰੇਂਦੀ, ਸਾਰੇਂਦੀ, ਸਾਰੀਂ, ਭਾਵਾਂ, ਦੇਹਿੰ, ਆਵਾਂ।

**ਪਦ ਅਰਥ:** ਥਲ ਤਾਪਹਿ=ਰੇਤਲੇ ਥਾਂ ਤਪ ਰਹੇ ਹਨ। ਸਰ=ਵਾਂਗ। ਭਾਰ=ਭੱਠ। ਸਾਧਨ=(ਜੀਵ) ਇਸਤਰੀ। ਕਰੇਦੀ=ਕਰਦੀ ਹੈ। ਸਾਰੇਦੀ=ਸੰਭਾਲਦੀ, ਯਾਦ ਕਰਦੀ ਹੈ। ਸਾਰੀ=ਯਾਦ ਕਰਦੀ ਹਾਂ। ਸਾਚੈ ਮਹਲਿ=ਸੱਚੇ ਮਹਿਲ ਵਿਚ। ਬੈਰਾਗੀ=ਨਿਰਲੇਪ ਰਹਿਣ ਵਾਲਾ। ਆਵਣ ਦੇਹਿ=ਤੂੰ ਆਉਣ ਦੇਵੇਂ। ਮਹਲੀ=ਮਹਿਲ ਵਿਚ। ਕਰਮਿ=ਬਖਸ਼ਿਸ਼ ਨਾਲ। ਗੁਣ ਗਹਿਲੀ=ਗੁਣਾਂ ਨੂੰ ਗ੍ਰਹਿਣ ਕਰਨ ਵਾਲੀ।

**ਅਰਥ:** ਮਹੀਨਾ ਜੇਠ (ਬਹੁਤ) ਚੰਗਾ ਹੈ (ਇਸ ਲਈ ਮੈਨੂੰ ਆਪਣਾ) ਪ੍ਰੀਤਮ ਕਿਵੇਂ ਵਿਸਰ ਸਕਦਾ ਹੈ? (ਭਾਵ ਨਹੀਂ ਵਿਸਰਦਾ)। (ਭਾਵੇਂ) ਥਲ (ਰੇਤਲੇ ਦਰੇਗੜ) ਭੱਠ ਵਾਂਗ ਤਪ ਰਹੇ ਹਨ (ਫਿਰ ਵੀ ਜੀਵ) ਇਸਤਰੀ (ਆਪਣੇ ਪਤੀ-ਪਰਮੇਸ਼ਰ ਅਗੇ) ਬੇਨਤੀ ਕਰਦੀ ਹੈ। ਜੀਵ-ਇਸਤਰੀ (ਆਪਣੇ ਪ੍ਰੀਤਮ ਦੇ) ਗੁਣ ਯਾਦ ਕਰਦੀ ਹੋਈ (ਇਉਂ) ਬੇਨਤੀ ਕਰਦੀ ਹੈ, ਹੇ ਪ੍ਰਭੂ! (ਮੈਂ ਤੇਰੇ) ਗੁਣ (ਇਸ ਲਈ) ਯਾਦ ਕਰਦੀ ਹਾਂ ਤਾਂ ਜੋ (ਤੈਨੂੰ) ਚੰਗੀ ਲਗ ਜਾਵਾਂ। (ਫਿਰ ਸੋਚਦੀ ਹਾਂ ਕਿ ਉਹ) ਬੈਰਾਗੀ ਪ੍ਰੀਤਮ ਸਚੇ ਮਹਿਲ (ਸਰੂਪ) ਵਿਚ ਰਹਿੰਦਾ ਹੈ ਅਤੇ ਨਿਰਲੇਪ ਹੈ, (ਪ੍ਰਭੂ ਬੇਨਤੀ ਕਰਦੀ ਹੈ ਹੇ ਪ੍ਰੀਤਮ! ਜੇ ਤੂੰ ਮੈਨੂੰ ਆਪਣੇ) ਪਾਸ ਆਣ ਦੇਵੇਂ ਤਾਂ ਹੀ (ਮੈਂ) ਆ ਸਕਦੀ ਹਾਂ। (ਤੇਰੀ ਪਰਵਾਨਗੀ ਤੋਂ ਬਿਨਾਂ ਮੈਂ ਮਹਿਲ ਵਿਚ ਨਹੀਂ ਆ ਸਕਦੀ)। (ਅਸਲ ਵਿਚ ਜੀਵ-ਇਸਤਰੀ) ਹਰੀ (ਪਤੀ) ਤੋਂ ਬਿਨਾਂ ਨਿਮਾਣੀ ਤੇ ਨਿਤਾਣੀ (ਭਾਵ ਨਿਮੋਝੂਣੀ ਤੇ ਲਿਸੀ ਹੈ) ਸੁੱਖਾਂ ਦੇ ਮਹਿਲ ਵਿਚ (ਆਪਣੇ ਆਪ) ਕਿਵੇਂ ਦਾਖਲ ਹੋ ਸਕਦੀ ਹੈ? (ਭਾਵ ਨਹੀਂ ਹੋ ਸਕਦੀ)। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਜੇਠ (ਦੇ ਮਹੀਨੇ) ਵਿਚ ਜਿਹੜੀ ਇਸਤਰੀ ਪ੍ਰੀਤਮ ਦੀ) ਬਖਸ਼ਿਸ਼ ਨਾਲ ਗੁਣਾਂ ਨੂੰ ਗ੍ਰਹਿਣ ਕਰਨ ਵਾਲੀ ਬਣਦੀ ਹੈ (ਉਹ) ਉਸ (ਪ੍ਰੀਤਮ) ਵਰਗੀ (ਬਣ ਜਾਂਦੀ ਹੈ)।੭।

## ਸਾਰੰਸ਼ ਅਤੇ ਸਿਧਾਂਤ

ਜੇਠ ਗਰਮੀ ਦੀ ਰੁੱਤ ਦਾ ਪਹਿਲਾ ਮਹੀਨਾ ਹੈ। ਬਸੰਤ ਬਹਾਰ ਤੋਂ ਬਾਅਦ ਜਦੋਂ ਜੇਠ ਦਾ ਮਹੀਨਾ ਚੜ੍ਹਦਾ ਹੈ ਤਾਂ ਸੂਰਜ ਦੀ ਗਰਮੀ ਨਾਲ ਧਰਤੀ ਤੱਪਦੀ ਹੈ, ਥਲ ਅੱਗ ਵਾਂਗੂ ਭਖਦੇ ਹਨ, ਸਰੋਵਰਾਂ ਦਾ ਪਾਣੀ ਵੀ ਤੱਪਸ ਨਾਲ ਉਬਾਲੇ ਖਾਣ ਲਗ ਜਾਂਦਾ ਹੈ। ਦਿਨ ਵੀ ਵੱਡੇ ਹੋ ਜਾਂਦੇ ਹਨ। ਜੇ ਪ੍ਰੀਤਮ ਦਾ ਚਿੰਤਨ ਬਣਿਆ ਰਹੇ, ਉਸ ਦੀ ਮਿੱਠੀ ਯਾਦ ਹਿਰਦੇ ਵਿਚ ਰੁਮਕਦੀ ਰਹੇ ਤਾਂ ਗਰਮੀ ਦੇ ਨਾਲ ਤਪੇ ਹੋਏ ਆਲੇ-ਦੁਆਲੇ ਦਾ ਮਨ ਤੇ ਕੋਈ ਅਸਰ ਨਹੀਂ ਪੈਂਦਾ। ਪ੍ਰੀਤਮ ਦੇ ਸਨਮੁਖ ਹੋਇਆਂ ਜੇਠ ਦਾ ਮਹੀਨਾ ਭਲਾ (ਚੰਗਾ) ਲਗਦਾ ਹੈ। ਜੇ ਜੀਵ-ਇਸਤਰੀ ਦੀ ਸੁਰਤਿ ਪ੍ਰੀਤਮ ਦੇ ਧਿਆਨ ਵਿਚ ਉਸ ਦੇ ਗੁਣ ਗਾਇਨ ਵਲ ਲਗੀ ਰਹੇ, ਤਾਂ ਉਹ ਗਰਮੀ ਕਾਰਨ ਪੈਦਾ ਹੋ ਰਹੇ ਦੁਖਾਂ ਵਲ ਨਹੀਂ ਜਾਵੇਗੀ।

ਇਸ ਤਪਸ਼ ਦਾ ਸੰਬੰਧ ਬਾਹਰਲੇ ਵਾਤਾਵਰਨ ਨਾਲ ਹੈ। ਬਾਹਰਲੀ ਤਪਸ ਬਾਰਸ਼ ਹੋਣ ਨਾਲ, ਠੰਡੀ ਹਵਾ ਚਲਣ ਨਾਲ ਦੂਰ ਹੋ ਜਾਂਦੀ ਹੈ, ਪਰ ਜਿਸ ਜੀਵ-ਇਸਤਰੀ ਦੇ ਅੰਦਰ ਵਿਕਾਰਾਂ ਦੀ ਤਪਸ਼ ਹੈ, ਉਹ ਬਰਖਾ ਨਾਲ ਦੂਰ ਨਹੀਂ ਹੋ ਸਕਦੀ। ਪਾਣੀ ਦੀ ਬੂੰਦ ਉਸ ਦਾ ਕੁਝ ਨਹੀਂ ਸਵਾਰ ਸਕਦੀ, ਬਾਣੀ ਦੀ ਬੂੰਦ ਨਾਲ ਉਸ ਦਾ ਤਨ ਮਨ ਸ਼ਾਂਤ ਹੋ ਜਾਂਦਾ ਹੈ। ਜੇ ਜੀਵਨ ਵਿਚ ਪ੍ਰੇਮ ਦੀਆਂ ਕਣੀਆਂ ਨਾ ਪੈਣ ਤਾਂ ਜੀਵਨ ਭਰ ਹੀ ਜੇਠ 'ਭਠ ਨਗਰ ਸੇ ਗ੍ਰਾਮ' ਵਾਲੀ ਹਾਲਤ ਬਣੀ ਰਹਿੰਦੀ ਹੈ। ਅਧਿਆਤਮਿਕ ਗੁਣਾਂ ਦੀ ਬੂੰਦ ਹਿਰਦੇ ਨੂੰ ਸ਼ਾਂਤ ਕਰ ਸਕਦੀ ਹੈ। ਜੇ ਪਿਆਰਾ ਪ੍ਰੀਤਮ ਕੋਲ ਹੋਵੇ ਤਾਂ ਗ੍ਰਿਖਮ ਰੁੱਤ ਦੀ ਪੀੜਾ ਪ੍ਰਤੀਤ ਨਹੀਂ ਹੁੰਦੀ ਕਿਉਂਕਿ "ਮਗਨ ਮਨਹਿ ਮੈ ਚਿਤਵਉ ਆਸਾ, ਨੈਨਹੁ ਤਾਰ ਤੁਹਾਰੀ" ਵਾਲੀ ਤੜਪ "ਨੈਨੀ ਹਰਿ ਹਰਿ ਲਾਗੀ ਤਾਰੀ" ਦਾ ਰੂਪ ਧਾਰ ਲੈਂਦੀ ਹੈ।

ਜਿਸ ਜੀਵ-ਇਸਤਰੀ ਦੇ ਹਿਰਦੇ ਵਿਚ ਸ਼ਰਧਾ ਤੇ ਭਾਵਨਾ ਹੈ ਉਹ ਨਿਮਾਣੀ ਤੇ ਨਿਤਾਣੀ ਹੋ ਕੇ ਪਤੀ-ਮਿਲਾਪ ਦੇ ਤਰਲਿਆਂ ਵਿਚ ਤਾਰੀਆਂ ਲਾਉਂਦੀ ਰਹਿੰਦੀ ਹੈ। ਪਤੀ ਤੇ ਗੁਣ ਧਾਰਨ ਨਾਲ ਹਿਰਦੇ ਵਿਚ ਪਤੀ ਪਿਆਰ ਪੈਦਾ ਹੁੰਦਾ ਹੈ। ਗੁਣ ਗਾਉਣ ਨਾਲ ਰਸਨਾ ਰਸੀਲੀ ਹੋ ਜਾਂਦੀ ਹੈ ਅਤੇ ਪ੍ਰਭੂ ਪ੍ਰੇਮ ਦੀ ਪਾਤਰ ਬਣੀ ਰਹਿੰਦੀ ਹੈ। ਆਪਣੇ ਸੁਆਮੀ ਅਗੇ ਝੋਲੀ ਅੱਡਣੀ, ਮਨ ਵਿਚ ਬੈਰਾਗ ਉਤਪੰਨ ਹੋਣਾ, ਜਾਪ ਜਾਂ ਯਾਦ ਦਾ ਨਿਰੰਤਰ ਵੇਗ ਚਲਣਾ, ਪਤੀ–ਮਿਲਾਪ ਦਾ ਪਹਿਲਾ ਪੜਾਅ ਹੈ। ਬਾਬਾ ਸ਼ੇਖ ਫਰੀਦ ਜੀ ਫੁਰਮਾਉਂਦੇ ਹਨ:-

**ਬਿਰਹਾ ਬਿਰਹਾ ਆਖੀਐ, ਬਿਰਹਾ ਤੂ ਸੁਲਤਾਨੁ ॥**

**ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ, ਸੋ ਤਨੁ ਜਾਣੁ ਮਸਾਨੁ ॥੩॥[ਪੰਨਾ ੧੩੭੯**

ਅਧਿਆਤਮਿਕ ਖੇਤਰ ਵਿਚ ਰਬੀ-ਮਿਲਾਪ ਲਈ ਗੁਣ ਗਾਉਣਾ ਇਕ ਮਾਧਿਅਮ ਹੈ। ਗੁਣ ਗਾਉਣੇ ਅਤੇ ਗੁਣਾਂ ਵਾਲੇ ਸੁਭਾਉ ਦਾ ਧਾਰਨੀ ਬਣਨਾ ਇਕ ਵੱਡੀ ਪ੍ਰਾਪਤੀ ਹੈ ਕਿਉਂਕਿ ਗੁਣ ਗਾਉਣ ਵਾਲਾ ਸਹਜੇ ਹੀ ਸਾਈਂ ਵਿਚ ਸਮਾਅ ਜਾਂਦਾ ਹੈ। ਗੁਰਵਾਕ ਹਨ:-

**ਗੁਰਮੁਖਿ ਹੋਵੈ ਸੋਈ ਬੂਝੈ, ਗੁਣ ਕਹਿ ਗੁਣੀ ਸਮਾਵਣਿਆ ॥** [ਪੰਨਾ ੧੧੦

ਪਰਮੇਸ਼ਰ ਦਾ ਪਿਆਰਾ ਪਰਮੇਸ਼ਰ ਦੇ ਗੁਣ ਗ੍ਰਹਿਣ ਕਰਨ ਨਾਲ ਹੀ ਪ੍ਰਭੂ ਦੇ ਨੇੜੇ ਹੁੰਦਾ ਹੈ। ਗੁਣਾਂ ਨੂੰ ਨਾ ਭੁਲਣਾ ਸਦਾ ਹਿਰਦੇ ਵਿਚ ਯਾਦ ਰਖਣਾ, ਇਹ ਵੱਡੀ ਕਮਾਈ ਹੈ। ਜੇਠ ਮਹੀਨੇ ਦੀ ਪਹਿਲੀ ਪੰਕਤੀ 'ਮਾਹੁ ਜੇਠ ਭਲਾ, ਪ੍ਰੀਤਮ ਕਿਉ ਬਿਸਰੈ' ਇਹ ਨਾਮ ਨਾਲ ਵਿੰਨ੍ਹੇ ਹੋਏ ਹਿਰਦੇ ਦੀ ਹੂਕ ਹੈ। ਗੁਰਬਾਣੀ ਵਿਚ ਅਜਿਹੀ ਵੇਦਨਾ ਨੂੰ ਇਉਂ ਨਿਰੂਪਣ ਕੀਤਾ ਹੈ:-

੧. **ਮੇਰਾ ਪ੍ਰਭੁ ਬਿਸਰੈ, ਹਉ ਮਰਉ, ਦੁਖਾਲੀ ॥**
**ਸਾਸਿ ਗਿਰਾਸਿ ਜਪਉ, ਅਪਨੇ ਹਰਿ ਭਾਲੀ ॥** [ਪੰਨਾ ੭੯੬

੨. **ਬਿਸਰਤ ਪ੍ਰਭ ਕੇਤੇ ਦੁਖ ਗਨੀਅਹਿ, ਮਹਾ ਮੋਹਨੀ ਖਾਇਓ ॥** [ਪੰਨਾ ੫੦੧

੩. **ਹਰਿ ਕੇ ਨਾਮ ਵਿਟਹੁ ਬਲਿ ਜਾਉ ॥**
**ਤੂੰ ਵਿਸਰਹਿ ਤਦਿ ਹੀ ਮਰਿ ਜਾਉ॥** [ਪੰਨਾ ੧੫੯

ਸਿਧਾਂਤ ਇਹ ਹੈ ਕਿ ਜੇਠ ਵਿਚ ਦਿਨ ਰਾਤ ਗਰਮੀ ਦੇ ਦੁੱਖਾਂ ਤੋਂ ਛੁਟਕਾਰਾ ਪਾਉਣ ਲਈ ਸੁਰਤਿ ਨੂੰ ਸਾਈਂ ਦੇ ਚਰਨਾਂ ਨਾਲ ਜੋੜਨਾ ਹੈ। ਅੰਤਲੀ ਪੰਕਤੀ ਵਿਚ 'ਕਰਮਿ ਮਿਲੈ ਗੁਣ ਗਹਿਲੀ' ਤੋਂ ਭਾਵ ਕਰਮ ਕਾਂਡਾਂ ਵਿਚ ਪਰਵਿਰਤ ਨਹੀਂ ਹੋਣਾ ਪ੍ਰਭੂ ਦੀ ਬਖਸ਼ਿਸ਼ ਵੱਲ ਝਾਕਣਾ ਹੈ। ਗੁਣਾਂ ਵਾਲੀ ਇਸਤਰੀ ਹੀ ਪਤੀ ਦਾ ਮਹਿਲ ਪ੍ਰਾਪਤ ਕਰਦੀ ਹੈ। ਇਸ ਲਈ ਸਤਿਗੁਰਾਂ ਦੇ ਆਦੇਸ਼ ਦਾ ਗਾਹਕ ਬਣਨਾ ਹੈ। 'ਹਰਿ ਕੀਰਤਿ ਸਾਧ ਸੰਗਤਿ ਹੈ, ਸਿਰਿ ਕਰਮਨ ਕੈ ਕਰਮਾ' (ਪੰਨਾ ੬੪੨) ਵਾਲੇ ਉਪਦੇਸ਼ ਨੂੰ ਆਪਣੇ ਜੀਵਨ ਦਾ ਅਨਿਖੜਵਾਂ ਅੰਗ ਸਮਝ ਕੇ ਇਸ ਦੇ ਅਨੰਦ ਵਿਚ ਮਗਨ ਹੋਣਾ ਹੈ।

**ਆਸਾੜੁ ਭਲਾ, ਸੂਰਜੁ ਗਗਨਿ ਤਪੈ ॥ ਧਰਤੀ ਦੂਖ ਸਹੈ, ਸੋਖੈ ਅਗਨਿ ਭਖੈ ॥ ਅਗਨਿ ਰਸੁ ਸੋਖੈ ਮਰੀਐ ਧੋਖੈ, ਭੀ ਸੋ ਕਿਰਤੁ ਨ ਹਾਰੇ ॥ ਰਥੁ ਫਿਰੈ, ਛਾਇਆ ਧਨ ਤਾਕੈ, ਟੀਡੁ ਲਵੈ ਮੰਝਿ ਬਾਰੇ॥ ਅਵਗਣ ਬਾਧਿ ਚਲੀ ਦੁਖੁ ਆਗੈ, ਸੁਖੁ ਤਿਸੁ ਸਾਚੁ ਸਮਾਲੇ॥ ਨਾਨਕ, ਜਿਸ ਨੋ ਇਹੁ ਮਨੁ ਦੀਆ, ਮਰਣੁ ਜੀਵਣੁ ਪ੍ਰਭ ਨਾਲੇ ॥੮॥**

**ਪਦ ਅਰਥ:** ਆਸਾੜੁ=ਹਾੜ। ਗਗਨਿ=ਆਕਾਸ਼ ਵਿਚ। ਸਹੈ=ਸਹਾਰਦੀ ਹੈ। ਸੋਖੈ=ਸੁਕਦੀ ਹੈ। ਭਖੈ=ਭਖਦੀ, ਮੱਘਦੀ ਹੈ। ਧੋਖੈ=ਧੁਖਦਾ, ਸੁਕਦਾ ਹੈ। ਭੀ=ਫਿਰ ਵੀ। ਸੋ=ਉਹ (ਸੂਰਜ)। ਕਿਰਤੁ=ਕੰਮ, ਕਰਤਬ। ਫਿਰੈ=ਫਿਰਦਾ, ਚਕਰ ਲਾਉਂਦਾ ਹੈ। ਛਾਇਆ=ਛਾਂ। ਧਨ=ਇਸਤਰੀ। ਤਾਕੈ=ਤੱਕਦੀ ਹੈ। ਟੀਡੁ=ਬਿੰਡਾ। ਲਵੈ=ਲਵਦਾ, ਟੀਂ ਟੀਂ ਕਰਦਾ ਹੈ। ਮੰਝਿ ਬਾਰੇ=ਬਾਰ ਦੇ ਇਲਾਕੇ ਜੰਗਲ (ਜੂਹ) ਵਿਚ। ਬਾਧਿ=ਬੰਨ੍ਹ ਕੇ। ਸਾਚੁ ਸਮਾਲੇ=ਸਦਾ ਥਿਰ (ਪ੍ਰਭੂ) ਨੂੰ ਯਾਦ ਕਰਦੀ ਹੈ।

**ਅਰਥ:** ਹਾੜ (ਦਾ ਮਹੀਨਾ) ਚੰਗਾ ਹੈ, ਆਕਾਸ਼ ਵਿਚ ਸੂਰਜ ਤਪਦਾ ਹੈ। ਧਰਤੀ ਦੁਖ ਸਹਾਰਦੀ ਹੈ (ਸੂਰਜ ਜਲ ਨੂੰ) ਸੁਕਾ ਦੇਂਦਾ ਹੈ, ਧਰਤੀ ਅੱਗ ਵਾਂਗ ਤੱਪਦੀ (ਮੱਘਦੀ) ਹੈ। (ਸੂਰਜ ਰੂਪ) ਅੱਗ ਨਾਲ ਰਸ ਸੁਕਦਾ ਹੈ (ਧਰਤੀ) ਧੁੱਖ ਧੁੱਖ ਮਰਦੀ ਹੈ (ਪਰ ਸੂਰਜ) ਫਿਰ ਭੀ (ਆਪਣਾ) ਕਰਤਬ

ਨਹੀਂ ਛਡਦਾ। (ਜਦੋਂ ਸੂਰਜ ਦਾ) ਰਥ ਫਿਰਦਾ ਹੈ, (ਜਿਵੇਂ) ਇਸਤਰੀ ਛਾਂ (ਦਾ ਸਹਾਰਾ) ਤਕਦੀ ਹੈ (ਤਿਵੇਂ) ਬਾਰ ਦੇ ਇਲਾਕੇ ਵਿਚ (ਤਪਸ਼ ਤੋਂ ਬਚਣ ਲਈ) ਬਿੰਡਾ ਟੀਂ ਟੀਂ ਚੀਂ ਚੀਂ ਕਰਦਾ ਹੈ।

(ਜੀਵ-ਇਸਤਰੀ) ਔਗੁਣਾਂ ਦੀ (ਗਠੜੀ) ਬੰਨ੍ਹ ਕੇ ਚਲ ਪੈਂਦੀ ਹੈ (ਪਰ ਉਸ ਦੇ) ਅਗੇ ਦੁਖ (ਖੜਾ ਹੁੰਦਾ ਹੈ)। ਸੁਖ ਉਸ (ਇਸਤਰੀ ਨੂੰ ਮਿਲਦਾ ਹੈ) ਜਿਹੜੀ ਸਦਾ ਥਿਰ (ਪ੍ਰਭੂ) ਨੂੰ ਯਾਦ ਕਰਦੀ ਹੈ।

ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਜਿਸ (ਜੀਵ-ਇਸਤਰੀ) ਨੂੰ (ਪ੍ਰਭੂ ਨੇ) ਇਹੁ (ਹਰੀ ਸਿਮਰਨ ਵਾਲਾ) ਮਨ ਦਿੱਤਾ ਹੈ (ਉਹ) ਜੀਵਨ ਤੇ ਮਰਣ (ਭਾਵ ਹਰ ਸਮੇਂ ਉਹ) ਪ੍ਰਭੂ ਦੇ ਨਾਲ ਰਹਿੰਦੀ ਹੈ।੮।

## ਸਾਰੰਸ਼ ਅਤੇ ਸਿਧਾਂਤ

ਹਾੜ ਦੇ ਮਹੀਨੇ ਦਾ ਉਪਦੇਸ਼ ਤੇ ਸੰਦੇਸ਼ ਇਉਂ ਹੈ ਕਿ ਇਸ ਮਹੀਨੇ ਵਿਚ ਧਰਤੀ ਵੀ ਧਰਤੀ ਦੀ ਗਰਮੀ ਨਾਲ ਅਤਿ ਤਪਸ਼ ਵਾਲੀ ਹੁੰਦੀ ਹੈ ਕਿਉਂਕਿ ਸੂਰਜ ਦੀ ਤੇਜ਼ ਧੁੱਪ ਸਹਾਰਨੀ ਬਹੁਤ ਔਖੀ ਹੈ। ਆਕਾਸ਼ ਵੀ ਤਪ ਉਠਦਾ ਹੈ। ਬਾਹਰ ਛਪੜ ਤਲਾਬ ਅਤੇ ਨਦੀਆਂ ਨਾਲਿਆਂ ਦਾ ਪਾਣੀ ਵੀ ਤਪਸ਼ ਨਾਲ ਸੁੱਕ ਜਾਂਦਾ ਹੈ। ਜੀਵ ਜੰਤੂ, ਪੰਛੀ ਵੀ ਤੱਤੀਆਂ ਲੂਆਂ ਨਾਲ ਵਿਆਕੁਲ ਹੋ ਜਾਂਦੇ ਹਨ ਪਰ ਸੂਰਜ ਅੱਗੇ ਕਿਸੇ ਦੀ ਪੇਸ਼ ਨਹੀਂ ਜਾਂਦੀ। ਬਿੰਡੇ ਬਾਰਾਂ ਵਿਚ ਬੋਲਦੇ ਹਨ, ਦਰਖ਼ਤਾਂ ਦੀ ਛਾਂ ਭਾਲਦੇ ਹਨ। ਘਾਬਰੀ ਹੋਈ ਜੀਵ-ਇਸਤਰੀ ਵੀ ਇਧਰ ਉਧਰ ਵੇਖਦੀ ਹੈ ਕਿਤੇ ਠੰਡੀ ਛਾਂ ਮਿਲੇ ਤਾਂ ਜੋ ਉਥੇ ਬੈਠ ਕੇ ਉਹ ਸੁਖ ਦਾ ਸਾਹ ਲੈ ਕੇ ਸਕੇ। ਪਤੀ ਤੋਂ ਬਿਨਾਂ ਉਹ ਆਪਣੇ ਦਿਲੀ ਅਰਮਾਨ ਤੇ ਦੁਖ ਕਿਸ ਅਗੇ ਫੋਲੇ?

ਜੇ ਗਿਆਨ ਚਕਸ਼ੂਆਂ ਨਾਲ ਵੇਖੀਏ ਤਾਂ ਪਤਾ ਲਗਦਾ ਹੈ ਕਿ ਜਦੋਂ ਜੋਬਨ ਹੋਵੇ, ਵਿਕਾਰੀ ਜੀਵਨ ਹੋਵੇ ਤਾਂ ਸ਼ੁਭ ਗੁਣਾਂ ਦਾ ਜਲ ਸੁਕਣਾ ਸ਼ੁਰੂ ਹੋ ਜਾਂਦਾ ਹੈ ਕਿਉਂਕਿ ਆਸਾ ਤ੍ਰਿਸ਼ਨਾ ਤੇ ਵਿਕਾਰਾਂ ਦੀ ਤਪਸ਼ ਪ੍ਰਬਲ ਹੁੰਦੀ ਹੈ। ਵਿਸ਼ਿਆਂ ਰੂਪੀ ਸੂਰਜ ਜਦੋਂ ਮਨ ਨੂੰ ਤਪਾਉਂਦਾ ਹੈ ਤਾਂ ਬੁਧੀ ਰੂਪ ਧਰਤੀ ਦੁਖੀ ਹੁੰਦੀ ਹੈ ਕਿਉਂਕਿ ਆਤਮਿਕ ਗੁਣਾਂ ਰੂਪੀ ਰਸ ਸੁੱਕ ਜਾਂਦਾ ਹੈ। ਜਿਹੜੀ ਜੀਵ-ਇਸਤਰੀ ਜੀਵਨ ਸੰਕਲਪ ਵਿਚ ਪਤੀ ਨੂੰ ਸੰਭਾਲਦੀ ਹੈ, ਪ੍ਰੀਤਮ ਤੋਂ ਕਦੇ ਬੇ-ਮੁਖ ਨਹੀਂ ਹੁੰਦੀ, ਉਹ ਧੁੱਪ, ਛਾਂ ਭਾਵ ਦੁਖ ਸੁਖ ਨੂੰ ਸਦਾ ਬਰਾਬਰ ਸਮਝਦੀ ਹੈ ਅਤੇ ਪਤੀ-ਮਿਲਾਪ ਦੇ ਗੁੱਝੇ ਰਾਜ਼ ਤੋਂ ਜਾਣੂੰ ਹੁੰਦੀ ਹੈ।

ਹਾਂ, ਜਿਥੇ ਰਜ ਕੇ ਤਪਸ਼ ਹੋਵੇ, ਉਥੇ ਹਰਿਆਵਲ ਦਾ ਨਮੂੰਦਾਰ ਹੋਣਾ ਮੁਸ਼ਕਿਲ ਹੈ। ਪਰ ਮਨੁੱਖ ਕਰਮ ਕਰਨੋਂ ਪਿਛੇ ਨਾ ਹੱਟੇ, ਆਪਣੀ ਸਰੀਰ ਰੂਪੀ ਧਰਤੀ ਨੂੰ ਸੋਧਣ ਦਾ ਯਤਨ ਜਾਰੀ ਰਖੇ। ਕੀ ਪਤਾ ਕਿਸੇ ਵੇਲੇ ਰਬੀ-ਰਹਿਮਤ ਹੋ ਜਾਵੇ, ਹਰੀ ਦੀ ਮਿਹਰ ਦਾ ਮੀਂਹ ਵਸ ਪਵੇ, ਹਰਿਆਵਲ ਤੇ ਖੇੜਾ ਆ ਜਾਵੇ। ਜਿਹੜੀ ਜੀਵ-ਇਸਤਰੀ ਪਰਮੇਸ਼ੁਰ ਨਾਲ ਜੁੜੀ ਹੁੰਦੀ ਹੈ ਉਹ ਗਰਮੀ ਸਰਦੀ ਹਰ ਰੁੱਤ ਨੂੰ ਪ੍ਰਭੂ ਵਲੋਂ ਪ੍ਰਾਪਤ ਹੋਈ ਦਾਤਿ ਸਮਝ ਕੇ ਪ੍ਰਸੰਨ ਹੁੰਦੀ ਹੈ। ਓਹ ਜਿਥੇ ਚੇਤ ਬਸੰਤ ਨੂੰ 'ਜੀ ਆਇਆਂ' ਆਖਦੀ ਹੈ ਉਥੇ ਜੇਠ ਹਾੜ ਨੂੰ ਵੀ 'ਭਲਾ' ਆਖਦੀ ਹੋਈ ਅਨੰਦਤ ਰਹਿੰਦੀ ਹੈ, ਦੁਖ ਸਮਝ ਕੇ ਭਜਦੀ ਨਹੀਂ।

ਪਿਆਰੇ ਪ੍ਰੀਤਮ ਤੋਂ ਬੇ-ਮੁਖ ਹੋਣਾ, ਔਗੁਣਾ ਦਾ ਭਾਰ ਸਿਰ ਤੇ ਚੁੱਕਣਾ ਹੈ, ਔਗੁਣਾ ਦਾ ਫਲ ਅੰਤ ਦੁਖ ਹੀ ਭੋਗਣਾ ਪੈਂਦਾ ਹੈ। ਗੁਰਵਾਕ ਹਨ:-

**ੳ- ਨਾਨਕ ਅਉਗਣ ਜੇਤੜੇ, ਤੇਤੇ ਗਲੀ ਜੰਜੀਰ ॥** [ਪੰਨਾ ੫੯੫

**ਅ- ਗ੍ਰਿਖਮ ਰੁਤਿ ਅਤਿ ਗਾਖੜੀ, ਜੇਠ ਅਖਾੜੈ ਘਾਮ ਜੀਉ ॥**
**ਪ੍ਰੇਮ ਬਿਛੋਹੁ ਦੁਹਾਗਣੀ, ਦ੍ਰਿਸਟਿ ਨ ਕਰੀ ਰਾਮ ਜੀਉ ॥**
**ਨਹ ਦ੍ਰਿਸਟਿ ਆਵੈ ਮਰਤ ਹਾਵੈ, ਮਹਾ ਗਾਰਬਿ ਮੁਠੀਆ ॥**
**ਜਲ ਬਾਝੁ ਮਛੁਲੀ ਤੜਫੜਾਵੈ, ਸੰਗਿ ਮਾਇਆ ਰੁਠੀਆ ॥**
**ਕਰਿ ਪਾਪ ਜੋਨੀ ਭੈ ਭੀਤ ਹੋਈ, ਦੇਇ ਸਾਸਨ ਜਾਮ ਜੀਉ ॥**
**ਬਿਨਵੰਤਿ ਨਾਨਕ ਓਟ ਤੇਰੀ, ਰਾਖੁ ਪੂਰਨ ਕਾਮ ਜੀਉ ॥੬॥** [ਪੰਨਾ ੯੨੮

ਸਿਧਾਂਤ ਇਹ ਹੈ ਪਤੀ ਪ੍ਰਸੰਨਤਾ ਵਾਲੇ ਗੁਣ ਧਾਰਨ ਕਰਨ ਨਾਲ ਹੀ ਜੀਵ-ਇਸਤਰੀ ਦਾ ਭਲਾ ਹੈ। ਸਚ ਨੂੰ ਸੰਭਾਲ ਕੇ ਹੀ ਸੁੱਖਾਂ ਦੀ ਪ੍ਰਾਪਤੀ ਹੋ ਸਕਦੀ ਹੈ ਅਤੇ ਜਨਮ ਮਰਨ ਦੇ ਲੇਖੇ ਤੋਂ ਛੁਟ ਸਕੀਦਾ ਹੈ। ਰੁੱਤਾਂ ਦੀ ਤਬਦੀਲੀ ਵਾਂਗ ਦੁਖ ਸੁਖ ਵੀ ਜੀਵ ਨੂੰ ਭੋਗਣੇ ਪੈਂਦੇ ਹਨ। ਹਾਂ, ਜਿਹੜਾ ਜਗਿਆਸੂ "ਦੁਖ ਵਿਚਿ ਸੁਖ ਮਨਾਈ" ਵਾਲੀ ਅਵਸਥਾ ਪ੍ਰਾਪਤ ਕਰ ਲੈਂਦਾ ਹੈ, ਉਸ ਲਈ 'ਹਾੜ' ਵੀ ਭਲਾ ਤੇ ਸੁਖਦਾਈ ਹੁੰਦਾ ਹੈ।

**ਸਾਵਣਿ ਸਰਸ ਮਨਾ, ਘਣ ਵਰਸਹਿ ਰੁਤਿ ਆਏ ॥ ਮੈ ਮਨਿ ਤਨਿ ਸਹੁ ਭਾਵੈ, ਪਿਰ ਪਰਦੇਸਿ ਸਿਧਾਏ ॥ ਪਿਰੁ ਘਰਿ ਨਹੀ ਆਵੈ ਮਰੀਐ ਹਾਵੈ, ਦਾਮਨਿ ਚਮਕਿ ਡਰਾਏ ॥ ਸੇਜ ਇਕੇਲੀ ਖਰੀ ਦੁਹੇਲੀ, ਮਰਣੁ ਭਇਆ ਦੁਖੁ ਮਾਏ ॥ ਹਰਿ ਬਿਨੁ ਨੀਦ ਭੂਖ ਕਹੁ ਕੈਸੀ, ਕਾਪੜੁ ਤਨਿ ਨ ਸੁਖਾਵਏ ॥ ਨਾਨਕ, ਸਾ ਸੋਹਾਗਣਿ ਕੰਤੀ, ਪਿਰ ਕੈ ਅੰਕਿ ਸਮਾਵਏ ॥੯॥**

## ਉਚਾਰਨ ਸੇਧ

**ਬਿੰਦੀ ਸਹਿਤ:** ਵਰਸਹਿਂ, ਨਹੀਂ, ਨੀਂਦ। 'ਸਹੁ' ਦਾ ਉਚਾਰਨ 'ਸ਼ਹੁ' ਕਰਨਾ ਹੈ।

**ਪਦ ਅਰਥ:** ਸਾਵਣਿ=ਸਾਵਣ ਦੇ (ਮਹੀਨੇ) ਵਿਚ। ਸਰਸ ਮਨਾ=ਹੇ ਮਨ! ਖਿੜ ਜਾ। ਘਣ=ਬੱਦਲ। ਵਰਸਹਿ=ਵਸਦੇ ਹਨ। ਆਏ=ਆਈ ਹੈ। ਮੈ=ਮੈਨੂੰ। ਮਨਿ ਤਨਿ=ਮਨ ਕਰਕੇ, ਤਨ ਕਰਕੇ। ਸਹੁ=ਪਤੀ। ਪਰਦੇਸਿ=ਪਰਾਏ ਦੇਸ਼ ਵਿਚ। ਸਿਧਾਏ=ਗਏ ਹਨ। ਹਾਵੈ=ਹੌਕਿਆਂ ਵਿਚ। ਦਾਮਨਿ=ਬਿਜਲੀ। ਚਮਕਿ=ਚਮਕ ਕੇ। ਡਰਾਏ=ਡਰਾ ਰਹੀ ਹੈ। ਖਰੀ ਦੁਹੇਲੀ=ਬਹੁਤ ਦੁਖੀ। ਮਰਣੁ=ਮੌਤ। ਤਨਿ=ਸਰੀਰ ਉਤੇ। ਨ ਸੁਖਾਵੈ=ਨਹੀਂ ਸੁਖਾਂਦਾ। ਕੰਤੀ=ਇਸਤਰੀ। ਅੰਕਿ=ਗਲਵਕੜੀ ਵਿਚ। ਸਮਾਵਏ=ਸਮਾਉਂਦੀ ਹੈ।

**ਅਰਥ:** ਹੇ ਮਨ! ਸਾਵਣ ਦੇ (ਮਹੀਨੇ) ਵਿਚ (ਤੂੰ ਵੀ) ਖਿੜ ਜਾ (ਕਿਉਂਕਿ ਇਸ) ਰੁੱਤ ਵਿਚ ਬੱਦਲ ਆ ਕੇ ਵਸਦੇ ਪਏ ਹਨ। (ਅਜਿਹੀ ਰੁੱਤ ਵਿੱਚ) ਮੈਨੂੰ (ਆਪਣਾ) ਪਤੀ ਮਨ ਤੇ ਤਨ ਕਰਕੇ ਚੰਗਾ ਲਗਦਾ ਹੈ (ਪਰ ਉਹ ਪਤੀ ਜੀ ਮੇਰੇ ਕੋਲ ਨਹੀਂ) ਪਰਦੇਸ ਵਿਚ ਗਏ ਹੋਏ ਹਨ। (ਜਦੋਂ ਤੱਕ) ਪਤੀ ਘਰ (ਹਿਰਦੇ) ਵਿਚ ਨਹੀਂ ਆਉਂਦਾ (ਇਕ ਪਾਸੇ ਤਾਂ ਵਿਛੋੜੇ ਕਾਰਨ) ਹੌਕਿਆਂ ਵਿਚ ਮਰੀਦਾ ਹੈ (ਦੂਜੇ ਪਾਸੇ) ਬਿਜਲੀ ਚਮਕ ਕੇ ਡਰਾਉਂਦੀ ਹੈ। ਮੈਨੂੰ ਇਕੱਲੀ ਸੇਜ ਬਹੁਤ ਦੁਖਦਾਈ ਲਗ ਰਹੀ ਹੈ (ਇਕ ਪ੍ਰਕਾਰ ਦਾ ਇਹ ਦੁਖਦਾਈ ਵਿਛੋੜਾ) ਮੌਤ (ਬਰਾਬਰ) ਹੋ ਗਿਆ ਹੈ। ਦਸੋ ਖਾਂ, ਹਰੀ (ਪਤੀ) ਤੋਂ ਬਿਨਾਂ ਨੀਂਦ ਤੇ ਭੁੱਖ ਕਿਸ ਤਰ੍ਹਾਂ ਲਗ ਸਕਦੀ ਹੈ, (ਜਦੋਂ ਕਿ) ਸਰੀਰ ਉੱਤੇ ਕਪੜਾ (ਪਾਇਆ ਭੀ) ਨਹੀਂ ਸੁਖਾਂਦਾ। ਨਾਨਕ ਉਹ ਜੀਵ-ਇਸਤਰੀ 'ਸੁਹਾਗਣਿ' ਹੈ (ਜੋ) ਪਤੀ ਦੀ ਗਲਵਕੜੀ ਵਿੱਚ ਸਮਾਉਂਦੀ।੯।

## ਸਾਰੰਸ਼ ਅਤੇ ਸਿਧਾਂਤ

ਸਾਵਣ ਦੇ ਮਹੀਨੇ ਵਿਚ ਜਦੋਂ ਵਰਖਾ ਹੁੰਦੀ ਹੋਵੇ ਤਾਂ ਸੋਹਾਗਣਿ ਇਸਤਰੀ ਦੇ ਚਿਹਰੇ ਤੇ ਨੂਰ ਤੇ ਭਰਪੂਰ ਖੇੜਾ ਹੁੰਦਾ ਹੈ ਕਿਉਂਕਿ ਉਸ ਨੂੰ ਪਤੀ ਮਿਲਾਪ ਲਈ ਸਾਰੇ ਹਾਰ-ਸ਼ਿੰਗਾਰ, ਪਾਟ-ਪਟੰਬਰ ਸੁਖਾਂਦੇ ਹਨ। ਪਰ ਜਦੋਂ ਪਤੀ ਪਰਦੇਸ ਗਿਆ ਹੋਵੇ, ਬਦਲ ਵਰਸ ਰਹੇ ਹੋਣ, ਬਿਜਲੀ ਚਮਕ ਰਹੀ ਹੋਵੇ, ਭਾਵ ਸ਼ਿੰਗਾਰ ਰਸ ਆਪਣੇ ਜੋਬਨ ਤੇ ਹੋਵੇ, ਸਾਰੇ ਸਾਜੋ ਸਮਾਨ ਮੌਜੂਦ ਹੋਣ ਪਰ ਉਸ ਨੂੰ ਸਾਰੇ ਅਡੰਬਰ ਵਿਅਰਥ ਭਾਸਦੇ ਹਨ। ਹਉਕਿਆਂ ਵਾਲਾ ਜੀਵਨ, ਬੇਚੈਨੀ ਤੇ ਦੁਖਾਂ ਦਾ ਪ੍ਰਤੀਕ ਹੁੰਦਾ ਹੈ। ਫੁੱਲਾਂ ਦੀ ਸੇਜ ਵੀ ਕੰਡਿਆਂ ਵਾਲੀ ਪ੍ਰਤੀਤ ਹੁੰਦੀ ਹੈ। ਗੁਰਬਾਣੀ ਵਿਚ ਸਾਵਣ ਦੇ ਮਹੀਨੇ ਵਿਚ ਮਿਲਾਪ ਤੇ ਵਿਛੋੜੇ ਨਾਲ ਜੋ ਵਾਤਾਵਰਨ ਬਣਦਾ ਹੈ, ਉਸ ਦਾ ਵਰਣਨ ਇਉਂ ਕੀਤਾ ਹੈ:-

**ਨਾਨਕ ਸਾਵਣਿ ਜੇ ਵਸੈ, ਚਹੁ ਓਮਾਹਾ ਹੋਇ ॥**
**ਨਾਗਾਂ ਮਿਰਗਾਂ ਮਛੀਆਂ, ਰਸੀਆਂ ਘਰਿ ਧਨੁ ਹੋਇ ॥੧॥**
**ਮ: ੧ ॥ ਨਾਨਕ ਸਾਵਣਿ ਜੇ ਵਸੈ, ਚਹੁ ਵੇਛੋੜਾ ਹੋਇ ॥**
**ਗਾਈ ਪੁਤਾ ਨਿਰਧਨਾ, ਪੰਥੀ ਚਾਕਰੁ ਹੋਇ ॥** [ਪੰਨਾ ੧੨੭੯

ਸੋਹਾਗਵੰਤੀ ਲਈ ਸਾਵਣ ਦੇ ਮਹੀਨੇ ਵਿਚ ਪਤੀ-ਮਿਲਾਪ ਲਈ ਜੋ ਸਧਰ ਉਠਦੀ ਹੈ, ਉਸ ਦਾ ਸੰਕੇਤ ਇਉਂ ਪ੍ਰਾਪਤ ਹੈ:-

**ਸਲੋਕ ਮ: ੨ ॥ ਸਾਵਣੁ ਆਇਆ ਹੇ ਸਖੀ, ਕੰਤੈ ਚਿਤਿ ਕਰੇਹੁ ॥**
**ਨਾਨਕ, ਝੂਰਿ ਮਰਹਿ ਦੋਹਾਗਣੀ, ਜਿਨ ਅਵਰੀ ਲਾਗਾ ਨੇਹੁ ॥੧॥**
**ਮ: ੨ ॥ ਸਾਵਣ ਆਇਆ ਹੇ ਸਖੀ, ਜਲਹਰੁ ਬਰਸਨਹਾਰੁ ॥**
**ਨਾਨਕ, ਸੁਖਿ ਸਵਨੁ ਸੋਹਾਗਣੀ, ਜਿਨ ਸਹ ਨਾਲਿ ਪਿਆਰੁ ॥੨॥** [ਪੰਨਾ ੧੨੮੦

ਜਿਵੇਂ ਸਾਵਣ ਦੇ ਕੁਦਰਤੀ ਨਜ਼ਾਰੇ ਵੇਖ ਕੇ ਸੰਗੀਤਕਾਰਾਂ ਦੇ ਹਿਰਦੇ ਵਿਚ ਨਵੀਆਂ ਧੁਨੀਆਂ ਉਠਦੀਆਂ ਹਨ, ਦਾਰਸ਼ਨਿਕ ਬਕਤਿਆਂ ਵਿਚ ਨਵੇਂ ਵਲਵਲੇ ਉਠਦੇ ਹਨ ਤਿਵੇਂ ਸਾਵਣ ਵਿਚ

ਸੋਹਾਗਣਿ ਇਸਤ੍ਰੀ ਸਰਸੀ ਹੋ ਜਾਂਦੀ ਹੈ, ਉਸ ਦਾ ਪਤੀ ਦੇ ਚਰਨਾ ਨਾਲ ਪਿਆਰ ਉਛਾਲੇ ਮਾਰਨ ਲਗ ਜਾਂਦਾ ਹੈ। ਅਸਮਾਨ ਤੇ ਛਾਏ ਹੋਏ ਬਦਲਾਂ ਤੋਂ ਵੀ ਉਸ ਨੂੰ ਪ੍ਰੇਰਨਾ ਮਿਲਦੀ ਹੈ:-

**ਬਿਖੈ ਬਨ ਫੀਕਾ ਤਿਆਗਿ ਰੀ ਸਖੀਏ, ਨਾਮੁ ਮਹਾਰਸੁ ਪੀਓ ॥**

**ਬਿਨੁ ਰਸ ਚਾਖੇ ਬੁਡਿ ਗਈ ਸਗਲੀ, ਸੁਖੀ ਨ ਹੋਵਤ ਜੀਓ ॥** [ਪੰਨਾ ੮੦੨

ਸਾਵਣ ਵਿਚ ਬਦਲ ਵਸਦੇ ਹਨ ਤੇ ਧਰਤੀ ਤੇ ਘਾਹ ਉਗਦਾ ਹੈ, ਬਨਾਸਪਤੀ ਮਉਲਦੀ ਹੈ, 'ਦੇਖਿ ਫੂਲ ਫੂਲੇ' ਤੋਂ ਮਨ ਨੂੰ ਪ੍ਰੇਰਨਾ ਮਿਲਦੀ ਹੈ ਕਿ ਤੂੰ ਵੀ ਖੇੜੇ ਵਿਚ ਆ। ਪਰ ਜਿਸ ਦਾ ਇਸਤ੍ਰੀ ਪਤੀ ਕੋਲ ਨਹੀਂ ਹੈ, ਉਸ ਬ੍ਰਿਹੋ ਕੁਠੀ ਦੀ ਹਾਲਤ ਤਰਸ ਯੋਗ ਹੁੰਦੀ ਹੈ। ਜਿਤਨਾ ਲੰਮਾ ਵਿਛੋੜਾ ਹੋਵੇ ਉਤਨੀ ਡੂੰਘੀ ਬ੍ਰਿਹੋਂ ਦੀ ਪੀੜ ਜੀਵ-ਇਸਤਰੀ ਨੂੰ ਵਿਆਕੁਲ ਕਰਦੀ ਹੈ। ਗੁਰਵਾਕ ਹਨ:-

**ਨਾਨਕ,ਬਿਜੁਲੀਆ ਚਮਕੰਨਿ, ਘੁਰਨਿ੍ ਘਟਾ ਅਤਿ ਕਾਲੀਆ ॥**

**ਬਰਸਨਿ ਮੇਘ ਅਪਾਰ, ਨਾਨਕ,ਸੰਗਮਿ ਪਿਰੀ ਸੁਹੰਦੀਆ ॥** [ਪੰਨਾ ੧੧੦੨

ਕੰਤੀ ਦਾ ਸੋਹਾਗ ਕੰਤ ਦੇ ਅੰਕ ਵਿਚ ਸਮਾਉਣ ਨਾਲ ਹੈ। ਸਾਵਣ ਦੇ ਮਹੀਨੇ ਵਿਚ ਜੀਵ-ਇਸਤਰੀ ਦਾ ਸ਼ਿੰਗਾਰ ਕੀਤਾ ਵੀ ਤਾਂ ਹੀ ਸੋਭਦਾ ਹੈ ਜੇ ਪ੍ਰੀਤਮ ਉਸ ਕੋਲ ਹੋਵੇ, ਕਿਉਂਕਿ ਪ੍ਰੀਤਮ ਤੋਂ ਬਿਨਾਂ, ਸ਼ਿੰਗਾਰ ਖੁਆਰ ਹੀ ਕਰਦਾ ਹੈ:-

**੧. ਮੁੰਧੇ, ਪਿਰ ਬਿਨੁ ਕਿਆ ਸੀਗਾਰੁ ॥**

**ਦਰਿ ਘਰਿ ਢੋਈ ਨ ਲਹੈ, ਦਰਗਹ ਝੂਠੁ ਖੁਆਰੁ ॥** [ਪੰਨਾ ੧੮

**੨. ਪਿਰੁ ਪਰਦੇਸੀ ਜੇ ਥੀਐ, ਧਨ ਵਾਂਢੀ ਝੂਰੇਇ ॥**

**ਜਿਉ ਜਲਿ ਥੋੜੈ ਮਛੁਲੀ, ਕਰਣ ਪਲਾਵ ਕਰੇਇ ॥** [ਪੰਨਾ ੫੬

ਪਤੀ ਦੇ ਹੋਂਦਿਆਂ ਸੌਂਦਿਆਂ ਵੀ ਜੋ ਵਿਛੋੜੇ ਹੁੰਦੇ ਹਨ, ਓਹ ਦੁਖਦਾਈ ਹੀ ਹੁੰਦੇ ਹਨ। ਹਾਂ, ਜਦੋਂ ਪਿਰੀ-ਮਿਲਾਵਾ ਹੋ ਜਾਂਦਾ ਹੈ ਫਿਰ ਸਾਰੀ ਰੁੱਤ ਹੀ ਸੁਹਾਵੀ ਬਣ ਜਾਂਦੀ ਹੈ:-

**ਪਿਰੀ ਮਿਲਾਵਾ ਜਾ ਥੀਐ, ਸਾਈ ਸੁਹਾਵੀ ਰੁਤਿ ॥**

**ਘੜੀ ਮੁਹਤੁ ਨਹ ਵੀਸਰੈ, ਨਾਨਕ ਰਵੀਐ ਨਿਤ ॥੨॥** [ਪੰਨਾ ੫੨੨

ਇਸ ਬਾਣੀ ਦੇ ਅੰਤਰੀਵ ਭਾਵਾਂ ਦੀ ਛੋਹ ਵਿਚ ਇਹ ਵਿਲਖਣਤਾ ਹੈ ਕਿ ਜੀਵ ਨੂੰ ਭਾਵੇਂ ਮਨੁੱਖਾ ਦੇਹੀ ਮਿਲ ਜਾਵੇ, ਸਤਿਸੰਗ ਵੀ ਪ੍ਰਾਪਤ ਹੋ ਜਾਵੇ, ਜੇ ਪਤੀ ਦਾ ਹਿਰਦੇ ਵਿਚ ਨਿਵਾਸ ਨਾ ਹੋਵੇ ਤਾਂ ਜੀਵਨ ਫਿਕਾ ਫਿੱਕਾ, ਬੇ-ਰੱਸਾ ਜਿਹਾ ਬਣਿਆ ਰਹਿੰਦਾ ਹੈ। ਜੇ ਨਾਮ ਦੀ ਰੌ ਚਲਦੀ ਰਹੇ, ਸ਼ਬਦ ਸੁਰਤਿ ਦਾ ਸੰਜੋਗ ਕਾਇਮ ਰਹੇ, ਤਾਂ ਹੀ ਸਾਵਣ ਦਾ ਮਹੀਨਾ ਸਫਲ, ਸੁਖਦਾਈ ਤੇ ਖੇੜਿਆਂ ਨਾਲ ਬਤੀਤ ਹੁੰਦਾ ਹੈ।

**ਭਾਦਉ ਭਰਮਿ ਭੁਲੀ, ਭਰਿ ਜੋਬਨਿ ਪਛੁਤਾਣੀ ॥ ਜਲ ਥਲ ਨੀਰਿ ਭਰੇ, ਬਰਸ ਰੁਤੇ ਰੰਗੁ ਮਾਣੀ ॥ ਬਰਸੈ ਨਿਸਿ ਕਾਲੀ, ਕਿਉ ਸੁਖੁ ਬਾਲੀ, ਦਾਦਰ ਮੋਰ**

**ਲਵੰਤੇ ॥ ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ, ਭੁਇਅੰਗਮ ਫਿਰਹਿ ਡਸੰਤੇ ॥ ਮਛਰ ਡੰਗ ਸਾਇਰ ਭਰ ਸੁਭਰ, ਬਿਨੁ ਹਰਿ ਕਿਉ ਸੁਖੁ ਪਾਈਐ ॥ ਨਾਨਕ, ਪੂਛਿ ਚਲਉ ਗੁਰ ਅਪੁਨੇ, ਜਹ ਪ੍ਰਭੁ ਤਹ ਹੀ ਜਾਈਐ ॥੧੦॥**

## ਉਚਾਰਨ ਸੇਧ

**ਬਿੰਦੀ ਸਹਿਤ:** ਕਿਉਂ, ਫਿਰਹਿੰ, ਚਲਉਂ, ਜਹਾਂ, ਤਹਾਂ।

**ਪਦ ਅਰਥ:** ਭਰਮਿ=ਭਟਕਣਾ ਵਿਚ। ਭਰਿ ਜੋਬਨਿ=ਭਰ ਜੁਆਨੀ ਵਿਚ। ਨੀਰਿ=ਪਾਣੀ ਨਾਲ। ਬਰਸ ਰੁਤੇ=ਵਰਖਾ ਦੀ ਰੁੱਤੇ। ਰੰਗੁ ਮਾਣੀ=ਮੌਜ ਮਾਣਾਂ। ਨਿਸਿ=ਰਾਤ। ਬਾਲੀ=ਇਸਤਰੀ। ਦਾਦਰ=ਡੱਡੂ। ਮੋਰ=ਪੰਛੀ। ਲਵੰਤੇ=ਬੋਲਦੇ ਹਨ। ਚਵੈ=ਬੋਲਦਾ ਹੈ। ਭੁਇਅੰਗਮ=ਸੱਪ। ਫਿਰਹਿ ਡਸੰਤੇ=ਡੰਗ ਮਾਰਦੇ ਫਿਰਦੇ ਹਨ। ਜਹਿਰੀਲੇ=ਜੀਵਾਂ ਦਾ ਦੰਦ ਮਾਰਨਾ। ਸਾਇਰ=ਸਰੋਵਰ, ਤਾਲਾਬ। ਭਰ ਸੁਭਰ=ਨੱਕਾ ਨੱਕ ਭਰੇ ਹੋਏ। ਚਲਉ=ਮੈਂ ਚੱਲਾਂ।੧੦।

**ਅਰਥ:** ਭਾਦੋਂ ਦੇ (ਮਹੀਨੇ ਵਿਚ, ਜੀਵ ਇਸਤਰੀ) ਭਰਮ ਵਿਚ ਭੁਲੀ ਹੋਈ ਹੈ, (ਉਹ) ਭਰ-ਜੁਆਨੀ ਵਿਚ (ਪਤੀ ਦਾ ਮੇਲ ਨਾ ਹੋਣ ਕਾਰਨ) ਪਛਤਾਵਾ ਕਰਦੀ ਹੈ। ਵਰਖਾ ਦੀ ਰੁੱਤ ਵਿਚ ਤਲ ਤੇ ਥਲ ਪਾਣੀ ਨਾਲ ਭਰੇ ਹੋਏ ਹਨ, ਰੰਗ ਮਾਣਨ ਵਾਲੀ (ਰੁੱਤ ਹੈ ਪਰ ਬੇ-ਵੱਸ ਹੈ)। (ਇਕ ਪਾਸੇ) ਵਰਖਾ ਵਰਸ ਰਹੀ ਹੈ (ਦੂਜੇ ਪਾਸੇ) ਕਾਲੀ ਰਾਤ ਹੈ, (ਬਿਨਾਂ ਪਤੀ ਮਿਲਾਪ) ਇਸਤਰੀ ਕਿਵੇਂ ਸੁਖੀ ਹੋ ਸਕਦੀ ਹੈ? (ਜਦੋਂ ਕਿ) ਡਡੂ, ਮੋਰ ਬੋਲਦੇ ਹਨ ਅਤੇ ਸਪ ਡਸਦੇ ਫਿਰਦੇ ਹਨ। (ਜਦੋਂ) ਮੱਛਰ ਡੰਗ (ਮਾਰਦੇ ਹਨ) ਸਰੋਵਰ(ਪਾਣੀ ਨਾਲ) ਨਕਾ ਨੱਕ ਭਰੇ ਹੋਏ ਹਨ, ਪਤੀ ਤੋਂ ਬਿਨਾ (ਜੀਵ-ਇਸਤਰੀ) ਕਿਵੇਂ ਸੁਖ ਪਾ ਸਕਦੀ ਹੈ?(ਭਾਵ ਨਹੀਂ ਪਾ ਸਕਦੀ)। ਨਾਨਕ(ਗੁਰੂ ਜੀ ਫੁਰਮਾਉਂਦੇ ਹਨ ਕਿ ਮੈਂ)ਆਪਣੇ ਗੁਰੂ ਤੋਂ (ਪਤੀ ਪਰਮੇਸ਼ਰ ਦਾ ਟਿਕਾਣਾ) ਪੁੱਛ ਕੇ ਚਲਾਂ, ਜਿਥੇ (ਵੀ ਉਹ ਪਤੀ ਮਿਲੇ) ਉਥੇ ਹੀ ਜਾਣਾ ਚਾਹੀਦਾ ਹੈ।੧੦।

## ਸਾਰੰਸ਼ ਅਤੇ ਸਿਧਾਂਤ

ਭਾਦੋਂ ਦੇ ਮਹੀਨੇ ਵਿਚ ਹਰ ਵੇਲੇ ਭਰਮ ਪੈਦਾ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਕਦੇ ਮੀਂਹ ਵਸਣ ਨਾਲ ਠੰਡੀਆਂ ਹਵਾਵਾਂ ਅਤੇ ਪੰਛੀਆਂ ਦਾ ਬੋਲਣਾ ਸੁਖਦਾਈ ਪ੍ਰਤੀਤ ਹੁੰਦਾ ਹੈ, ਕਦੇ ਮੱਛਰ ਲੜਨੇ, ਸੱਪਾਂ ਅਠੂਇਆਂ, ਕੰਨ ਖਜੂਰਿਆਂ ਦਾ ਬਾਹਰ ਆਉਣਾ ਇਹ ਡਰਾਉਣਾ ਤੇ ਦੁਖਦਾਈ ਵਾਤਾਵਰਣ ਪੈਦਾ ਕਰਦਾ ਹੈ।

### *ਭਰਮ ਦਾ ਨਾਸ਼ ਕਿਵੇਂ ਹੁੰਦਾ ਹੈ?*

ਭਰਮ ਉਸ ਨੂੰ ਆਖਦੇ ਹਨ ਜਿਹੜੀ ਚੀਜ਼ ਵੇਖਣ ਵਿਚ ਹੋਰ ਤੇ ਮੂਲ ਰੂਪ ਵਿਚ ਕੁਝ ਹੋਰ ਹੀ ਹੋਵੇ। ਜਿਵੇਂ ਰਸੀ ਨੂੰ ਸੱਪ ਸਮਝਣਾ ਭਾਵ ਮਿਥਿਆ ਗਿਆਨ ਹੋਣਾ, ਇਹ ਭਰਮ ਹੈ। ਗੁਰਬਾਣੀ ਵਿਚ ਭਰਮ ਨੂੰ ਕਈ ਦ੍ਰਿਸ਼ਟਾਂਤਾਂ ਦੁਆਰਾ ਨਿਰੂਪਣ ਕੀਤਾ ਹੈ। ਜਿਵੇਂ:-

**੧. ਹਰਿਹਾਂ ਹਰਿ ਚੰਦਉਰੀ ਪੇਖਿ ਕਾਹੇ ਸਚੁ ਮਾਨਿਆ ॥**

**੨. ਇਹੁ ਜਗ ਧੂਏ का ਪਹਾਰ ॥** [ਪੰਨਾ ੧੧੮੭

**੩. ਮ੍ਰਿਗ ਤਿਸਨਾ ਪੇਖਿ ਭੁਲਣੇ ਵੁਠੇ ਨਗਰ ਗੰਧ੍ਰਬ ॥**

ਭਰਮ ਅਨੇਕ ਪ੍ਰਕਾਰ ਦਾ ਹੁੰਦਾ ਹੈ ਜਿਸ ਵਿਚ ਪਿਆ ਹੋਇਆ ਮਨੁੱਖ ਆਵਾਗਉਣ ਦੇ ਚੱਕਰ ਵਿਚੋਂ ਬਾਹਰ ਨਹੀਂ ਨਿਕਲ ਸਕਦਾ। ਕੇਵਲ ਮਨੁੱਖ ਹੀ ਨਹੀਂ, ਦੇਵੀ, ਦੇਵਤੇ ਸਿਧ ਸਾਧਿਕ, ਬ੍ਰਹਮਾ ਮਹੇਸ਼ ਸਾਰੇ ਹੀ ਭਰਮ ਵਿਚ ਪਏ ਹੋਏ ਹਨ। ਯਥਾਰਥ ਗਿਆਨ ਤੋਂ ਬਿਨਾਂ ਭਰਮ ਦਾ ਨਾਸ ਨਹੀਂ ਹੁੰਦਾ। ਇਹ ਜੀਵ ਜਦੋਂ ਬਹੁਤ ਜਨਮਾਂ ਵਿਚ ਭ੍ਰਮਦਾ ਭ੍ਰਮਦਾ ਗੁਰੂ ਦੀ ਸ਼ਰਨ ਵਿਚ ਆਉਂਦਾ ਹੈ ਤਾਂ ਸਤਿਗੁਰੂ ਇਸ ਜੀਵ ਤਾਈਂ ਆਪਣਾ ਸ਼ਬਦ ਸੁਣਾਉਂਦੇ ਹਨ। ਗੁਰਦੇਵ ਜਦ 'ਸਚੋ ਸਚੁ' ਬੁਝਾ ਦੇਂਦੇ ਹਨ, ਤਾਂ ਸਰੀਰ ਵਿਚੋਂ ਭਰਮ ਨਿਕਲ ਜਾਂਦਾ ਹੈ। ਜਿਵੇਂ ਗੁਰੂ ਦਾ ਪਵਿੱਤਰ ਵਾਕ ਹੈ:-

**੧. ਸਚੈ ਸਬਦਿ ਸਦਾ ਮਨੁ ਰਾਤਾ, ਭ੍ਰਮੁ ਗਇਆ ਸਰੀਰਹੁ ਦੂਰਿ ॥** [ਪੰਨਾ ੩੪

**੨. ਫਾਟੀ ਭੀਤਿ ਭਰਮ ਕੀ, ਭੇਟਤ ਗੁਰੁ ਸੂਰਾ ਰਾਮ ਰਾਜੇ ॥** [ਪੰਨਾ ੪੫੪

ਭਰਮ ਨੂੰ ਨਾਸ਼ ਕਰਨ ਦੀ ਜੁਗਤੀ ਹੈ ਨਾਮ ਰੂਪੀ ਅੰਮ੍ਰਿਤ ਦਾ ਛੱਕਣਾ। ਜਦੋਂ ਜੀਵ ਅੰਮ੍ਰਿਤਧਾਰੀ ਬਣ ਜਾਂਦਾ ਹੈ ਫਿਰ ਉਸ ਦਾ ਸਾਰਾ ਭਰਮ ਦੂਰ ਹੋ ਜਾਂਦਾ ਹੈ ਤੇ ਅਮਰ ਪਦਵੀ ਨੂੰ ਪ੍ਰਾਪਤ ਹੋ ਜਾਂਦਾ ਹੈ। ਜਿਵੇਂ ਗੁਰਦੇਵ ਜੀ ਨਿਸਚਾ ਦਿਵਾਉਂਦੇ ਹਨ:-

**੧. ਅੰਮ੍ਰਿਤੁ ਪੀਵੈ ਜੇ ਨਾਨਕਾ, ਭ੍ਰਮੁ ਭ੍ਰਮਿ ਸਮਾਵੈ ॥**
**ਸਹਜੇ ਸਹਜੇ ਮਿਲਿ ਰਹੈ ਅਮਰਾ ਪਦੁ ਪਾਵੈ ॥੮॥** [ਪੰਨਾ ੭੨੫

**੨. ਅਪਿਓ ਪੀਓ ਗਤੁ ਥੀਓ ਭਰਮਾ, ਕਹੁ ਨਾਨਕ ਅਜਰੁ ਜਰਾ ॥** [ਪੰਨਾ ੭੦੭

ਗੁਰਸਿਖਾਂ ਅੰਦਰ ਇਹ ਪੱਕਾ ਵਿਸ਼ਵਾਸ਼ ਹੈ ਕਿ ਸਭ ਭਰਮਾਂ ਦੇ ਨਾਸ ਕਰਨ ਦਾ ਇਕੋ ਇਕ ਦਾਰੂ ਹੈ- ਗੁਰੂ ਦੀ ਕਿਰਪਾ। ਸੋ ਗੁਰੂ ਦੀ ਕਿਰਪਾ ਦਾ ਪਾਤਰ ਬਣਨਾ ਚਾਹੀਦਾ ਹੈ:-

**ਗੁਰ ਪ੍ਰਸਾਦਿ ਭਰਮ ਕਾ ਨਾਸੁ ॥ ਨਾਨਕ ਤਿਨ ਮਹਿ ਏਹੁ ਬਿਸਾਸੁ ॥**[ਪੰਨਾ ੨੯੪

ਭਾਦੋਂ ਵਿਚ ਜਿਸ ਕੋਲ ਜੁਆਨੀ ਦਾ ਹੜ ਹੈ, ਵਿਸ਼ੇ ਵਾਸ਼ਨਾ ਦਾ ਗੜ੍ਹ ਹੈ, ਉਸ ਲਈ ਪਵਿਤਰਤਾ ਕਾਇਮ ਰਖਣੀ ਤੇ ਪਰਮਾਤਮਾ ਨੂੰ ਮਿਲਣਾ ਕਠਿਨ ਹੈ। ਕੋਈ ਵਿਰਲਾ ਮਨੁੱਖ ਜੁਆਨੀ ਵਿਚ ਸਾਬਤ ਰਹਿੰਦਾ ਹੈ। ਬਾਬਾ ਫਰੀਦ ਜੀ ਫੁਰਮਾਉਂਦੇ ਹਨ:-

**ਫਰੀਦਾ ਉਮਰ ਸੁਹਾਵੜੀ, ਸੰਗਿ ਸੁਵੰਨੜੀ ਦੇਹ ॥**
**ਵਿਰਲੇ ਕੇਈ ਪਾਈਅਨਿ ਜਿਨ੍ਹਾ ਪਿਆਰੇ ਨੇਹ ॥ ੯੩ ॥** [ਪੰਨਾ ੧੩੮੨

ਜੁਆਨੀ ਜਿਤਨੀ ਖੂਬਸੂਰਤ ਲਗਦੀ ਹੈ, ਮਨ ਉਤਨਾ ਹੀ ਬਦਸੂਰਤ ਹੁੰਦਾ ਹੈ। ਭਾਵੇਂ ਸਤਿਸੰਗ ਦੇ ਸਰੋਵਰ ਭਰੇ ਪਏ ਹੋਣ ਪਰ ਜੁਆਨੀ ਦੇ ਭਰਮ ਵਿਚ ਭਟਕਦੇ ਜੀਵ ਨੂੰ ਨਾਮ ਜਲ ਪੀਣਾ ਨਸੀਬ ਨਹੀਂ ਹੁੰਦਾ, ਉਹ ਪਪੀਹੇ ਵਾਂਗ ਤਰਸਦਾ ਹੀ ਰਹਿੰਦਾ ਹੈ:-

**ਕਬੀਰ ਅੰਬਰ ਘਨਹਰੁ ਛਾਇਆ, ਬਰਖਿ ਭਰੇ ਸਰ ਤਾਲ ॥**
**ਚਾਤ੍ਰਿਕ ਜਿਉ ਤਰਸਤ ਰਹੈ, ਤਿਨ ਕੋ ਕਉਨੁ ਹਵਾਲੁ ॥** [ਪੰਨਾ ੧੩੭੨

ਜਿਵੇਂ ਕੁਆਰੀ ਕੰਨਿਆ ਦਾ ਸ਼ਿੰਗਾਰ ਅਤੇ ਅਡੰਬਰ ਵਿਅਰਥ ਹੁੰਦਾ ਹੈ, ਤਿਵੇਂ ਕਰਮ ਕਾਂਡ, ਵਿਕਾਰਾਂ ਰੂਪੀ ਸਪਾਂ ਦੇ ਡੰਗ ਮਾਰਨੇ ਅਤੇ ਮਾੜੇ ਖਿਆਲ ਮੱਛਰ ਸਮਾਨ ਕੱਟਦੇ ਹਨ।

ਮਨੁੱਖ ਨੂੰ ਦੋ ਪ੍ਰਕਾਰ ਮਾਨਸਿਕ ਕਠਿਨਾਈਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਇਕ ਜਦੋਂ ਮਨ ਦਾ ਝੁਕਾਅ ਸਤਿਸੰਗ ਵਲ ਜਾਂਦਾ ਹੈ ਤਾਂ ਵਿਕਾਰ ਆਪਣੇ ਵਲ ਖਿਚਦੇ ਹਨ। ਦੂਜਾ ਜੇ ਵਿਕਾਰਾਂ ਵਲ ਜਾਂਦਾ ਹੈ ਤਾਂ ਅੰਦਰੋਂ ਘਬਰਾਹਟ ਉਠਦੀ ਹੈ, ਗੁਰਦੇਵ ਪਿਤਾ ਜੀ ਦਾ ਉਪਦੇਸ਼ ਹੈ:-

**ਚੰਦਨ ਚੋਆ ਰਸ ਭੋਗ ਕਰਤ ਅਨੇਕੈ, ਬਿਖਿਆ ਬਿਕਾਰ ਦੇਖੁ ਸਗਲ ਹੈ ਫੀਕੇ,**
**ਏਕੈ ਗੋਬਿੰਦ ਕੋ ਨਾਮੁ ਨੀਕੋ, ਕਹਤ ਹੈ ਸਾਧ ਜਨ ॥** [ਪੰਨਾ ੬੭੮

ਸੁਖ ਤੇ ਅਨੰਦ ਤਨ ਤੇ ਮਨ ਦੀਆਂ ਲੋੜਾਂ ਹਨ ਇਨ੍ਹਾਂ ਦੀ ਪ੍ਰਾਪਤੀ ਲਈ ਪਤੀ ਦੀ ਹਜ਼ੂਰੀ ਵਿਚ ਰਹਿਣਾ ਅਤਿ ਜ਼ਰੂਰੀ ਹੈ ਕਿਉਂਕਿ ਗੈਰ-ਹਾਜ਼ਰੀ ਦੁਖਾਂ ਦੀ ਪ੍ਰਤੀਕ ਹੈ। ਪਰ ਜੀਵ ਭਰਮਾਂ ਵਿਚ ਪੈ ਕੇ ਠੋਕਰਾਂ ਖਾਂਦਾ ਰਹਿੰਦਾ ਹੈ। ਭਰਮ ਵਿਚ ਰਸੀ ਵੀ ਸੱਪ ਦਿਖਾਈ ਦਿੰਦਾ ਹੈ। ਜਦੋਂ ਸਹੁ ਦਾ ਪਿਆਰ ਜੀਵ-ਇਸਤ੍ਰੀ ਨਾਲ ਨਾਹ ਹੋਵੇ, ਹੋਰ ਸਖੀਆਂ ਨਾਲ ਹੋਵੇ ਤਾਂ ਉਸ ਨੂੰ ਸ਼ਿੰਗਾਰ ਕਰਨਾ ਕਿਤਨਾ ਦੁਖਦਾਈ ਭਾਸਦਾ ਹੈ। ਉਸਦੇ ਅੰਤਰ ਆਤਮੇ ਚੋਂ ਇਹ ਆਵਾਜ਼ ਉਠਦੀ ਹੈ:-

**ਚੂੜਾ ਭੰਨੁ ਪਲੰਘ ਸਿਉ ਮੁੰਧੇ, ਸਣੁ ਬਾਹੀ ਸਣੁ ਬਾਹਾ ॥**
**ਏਤੇ ਵੇਸ ਕਰੇਦੀਏ ਮੁੰਧੇ, ਸਹੁ ਰਾਤੋ ਅਵਰਾਹਾ ॥** [ਪੰਨਾ ਪ੫੭

ਸ਼ਿੰਗਾਰ ਉਹੀ ਪਰਵਾਨ ਹੈ ਜੋ ਪਤੀ ਨੂੰ ਪਿਆਰਾ ਲਗੇ।

ਸਿਮਰਨ ਜਦੋਂ ਚਰਮ ਸੀਮਾ ਤੇ ਪਹੁੰਚਦਾ ਹੈ ਤਾਂ ਕੰਬਣੀ ਜਿਹੀ ਛਿੜਨ ਲਗ ਪੈਂਦੀ ਹੈ, ਇਸ ਹਾਲਤ ਨੂੰ ਨਾਮ ਅਭਿਆਸੀ ਹੀ ਜਾਣਦੇ ਹਨ। ਅਜੇਹੇ ਪ੍ਰੇਮ ਨੂੰ ਭਾਵੇਂ ਕਈ ਜਗਿਆਸੂ ਲੋਚਦੇ ਹਨ ਪਰ ਆਪਣਾ ਲਾਇਆ ਪਿਰਮ ਨਹੀਂ ਲਗ ਸਕਦਾ। ਗੁਰਬਾਣੀ ਦੇ ਪਾਵਨ ਵਾਕ ਹਨ:-

**ਫਰੀਦਾ, ਕਾਲੀ ਧਉਲੀ ਸਾਹਿਬੁ ਸਦਾ ਹੈ, ਜੇ ਕੋ ਚਿਤਿ ਕਰੇ ॥**
**ਆਪਣਾ ਲਾਇਆ ਪਿਰਮੁ ਨ ਲਗਈ, ਜੇ ਲੋਚੈ ਸਭੁ ਕੋਇ ॥**
**ਏਹੁ ਪਿਰਮੁ ਪਿਆਲਾ ਖਸਮ ਕਾ, ਜੈ ਭਾਵੈ ਤੈ ਦੇਇ ॥੧੩॥** [ਪੰਨਾ ੧੩੭੮

ਅਧਿਆਤਮਿਕ ਅਧਿਐਨ ਕੀਤਿਆਂ ਪਤਾ ਲਗਦਾ ਹੈ ਕਿ ਮਨ ਨੂੰ ਮੋਹ ਤੇ ਭਰਮ ਨੇ ਹੀ ਸਤਿ-ਕਰਤਾਰ ਨਾਲੋਂ ਅਲੱਗ ਕਰਕੇ ਭੁਲੇਖਿਆਂ ਵਿਚ ਫਸਾ ਰਖਿਆ ਹੈ। ਜੇ ਸਤਿਸੰਗ ਦੀ ਕੁਝ ਸੋਝੀ ਆ ਜਾਵੇ ਤਾਂ ਉਸ ਨੂੰ ਕੁਰਾਹੇ ਪਾਉਣ ਲਈ! ਝੱਟ ਭਰਮ ਤੇ ਕੂੜ ਨੇੜੇ ਆ ਢੁਕਦੇ ਹਨ। ਮਨੁੱਖ ਸਰੀਰਕ ਭੋਗਾਂ ਤੇ ਪਦਾਰਥਾਂ ਦੀ ਪੂਰਤੀ ਲਈ ਪੂਰਾ ਵਾਹ ਲਾਉਂਦਾ ਹੈ ਜਿਸ ਕਰਕੇ ਭਰਮ-ਕਰਮਾਂ ਤੋਂ ਇਸ ਦਾ ਖਹਿੜਾ ਨਹੀਂ ਛੁੱਟਦਾ। ਕਲਗੀਧਰ ਪਾਤਿਸ਼ਾਹ ਜੀ ਨੇ ਜੋ ਆਦੇਸ਼ ਦਿੱਤਾ ਹੈ, ਉਸ ਨੂੰ ਅਪਨਾਉਣਾ ਹੀ ਸਫਲ ਜੀਵਨ ਦੀ ਨਿਸ਼ਾਨੀ ਹੈ:-

**ਕੇਵਲ ਕਰਮ ਭਰਮ ਸੇ ਚੀਨਹੁ, ਧਰਮ ਕਰਮ ਅਨੁਰਾਗੋ ॥**
**ਸੰਗ੍ਰਹਿ ਕਰੋ ਸਦਾ ਸਿਮਰਨ ਕੋ, ਪਰਮ ਪਾਪ ਤਜਿ ਭਾਗੋ॥** [ਸ਼ਬਦ ਹਜਾਰੇ ਪਾ. ੧੦

**ਜਾ ਤੇ ਦੂਖ ਪਾਪ ਨਹਿ ਭੇਟੈ, ਕਾਲ ਜਾਲ ਤੇ ਤਾਗੈ ॥**
**ਜੋ ਸੁਖ ਚਾਹੋ ਸਦਾ ਸਭਨ ਕੌ, ਤੌ ਹਰਿ ਕੇ ਰਸ ਪਾਗੈ ॥**

[ਸ਼ਬਦ ਹਜ਼ਾਰੇ ਪਾਤਿਸ਼ਾਹੀ ੧੦

ਸਾਵਣ ਤੇ ਭਾਦੋਂ ਦੀ ਰੁੱਤ ਵਾਲੇ ਸਲੋਕ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅੰਕਿਤ ਕੀਤਾ ਹੈ ਕਿ ਇਸ ਸੋਹਣੀ ਤੇ ਰਸ ਭਿੰਨੀ ਬਰਖਾ ਰੁਤ ਤੋਂ ਜੋ ਭਾਵ ਹਿਰਦੇ ਵਿਚੋਂ ਉਠਦਾ ਹੈ ਉਹ ਪਿਆਰੇ ਦੇ ਮਿਲਣ ਲਈ ਚਾਵ ਹੈ। ਇਸ ਚਾਅ ਨੂੰ ਵੇਖ ਕੇ ਪ੍ਰੀਤਮ ਆਪ ਹੀ ਜੀਵ ਇਸਤਰੀ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ। ਸਾਵਣ ਤੇ ਭਾਦੋਂ ਦਾ ਰੁਤੀ ਛੰਤ੍ਰ ਇਸ ਪ੍ਰਕਾਰ ਹੈ:-

**ਰੁਤਿ ਬਰਸੁ ਸੁਹੇਲੀਆ, ਸਾਵਣ ਭਾਦਵੇ ਆਨੰਦ ਜੀਉ ॥**
**ਘਣ ਉਨਵਿ ਵੁਠੇ, ਜਲ ਥਲ ਪੂਰਿਆ ਮਕਰੰਦ ਜੀਉ ॥**
**ਪ੍ਰਭੁ ਪੂਰਿ ਰਹਿਆ ਸਰਬ ਠਾਈ, ਹਰਿਨਾਮ ਨਵਨਿਧਿ ਗ੍ਰਿਹ ਭਰੇ ॥**
**ਸਿਮਰਿ ਸੁਆਮੀ ਅੰਤਰਜਾਮੀ, ਕੁਲ ਸਮੂਹਾ ਸਭਿ ਤਰੇ ॥**
**ਪ੍ਰਿਅ ਰੰਗਿ ਜਾਗੇ ਨਹ ਛਿਦ੍ਰ ਲਾਗੇ, ਕ੍ਰਿਪਾਲੁ ਸਦ ਬਖਸਿੰਦੁ ਜੀਉ ॥**
**ਬਿਨਵੰਤਿ ਨਾਨਕ ਹਰਿ ਕੰਤੁ ਪਾਇਆ, ਸਦਾ ਮਨਿ ਭਾਵੰਦੁ ਜੀਉ ॥** [ਪੰਨਾ ੯੨੮

**ਅਸੁਨਿ ਆਉ ਪਿਰਾ, ਸਾਧਨ ਝੂਰਿ ਮੁਈ ॥ ਤਾ ਮਿਲੀਐ ਪ੍ਰਭ ਮੇਲੇ, ਦੂਜੈ ਭਾਇ ਖੁਈ ॥ ਝੂਠਿ ਵਿਗੁਤੀ ਤਾਂ ਪਿਰ ਮੁਤੀ, ਕੁਕਹ ਕਾਹ ਸਿ ਫੁਲੇ ॥ ਆਗੈ ਘਾਮ ਪਿਛੈ ਰੁਤਿ ਜਾਡਾ, ਦੇਖਿ ਚਲਤ ਮਨੁ ਡੋਲੇ ॥ ਦਹਦਿਸਿ ਸਾਖ ਹਰੀ ਹਰੀਆਵਲ, ਸਹਜਿ ਪਕੈ ਸੋ ਮੀਠਾ॥ ਨਾਨਕ, ਅਸੁਨਿ ਮਿਲਹੁ ਪਿਆਰੇ, ਸਤਿਗੁਰ ਭਏ ਬਸੀਠਾ॥੧੧॥**

**ਪਦ ਅਰਥ:** ਅਸੁਨਿ=ਅਸੂ ਦੇ ਮਹੀਨੇ ਵਿਚ। ਪਿਰਾ=ਹੇ ਪਿਰ! (ਪਤੀ)। ਸਾਧਨ=ਇਸਤਰੀ। ਝੂਰਿ=ਗ਼ਮ ਵਿਚ ਹੌਕੇ ਲੈ ਲੈ ਕੇ। ਤਾ=ਤਾਂ ਹੀ, ਤਦੋਂ। ਦੂਜੇ ਭਾਇ=ਦ੍ਵੈਤ ਭਾਵ ਵਿਚ। ਖੁਈ=ਖੁੰਝ ਗਈ, ਕੁਰਾਹੇ ਪੈ ਗਈ। ਵਿਗੁਤੀ=ਖਜਲ ਖੁਆਰ ਹੋਈ। ਮੁਤੀ=ਛੱਡੀ ਹੋਈ, ਛੁੱਟੜ। ਕੁਕਹ=ਕਾਹੀ। ਸਿ=ਓਹ। ਫੁਲੇ=ਖਿੜੇ ਹੋਏ ਹਨ। ਆਗੈ=ਅੱਗੇ, ਪਹਿਲਾਂ। ਘਾਮ=ਤਪਸ, ਗਰਮੀ। ਪਿਛੈ=ਗਰਮੀ ਦੇ ਪਿਛੋਂ। ਜਾਡਾ=ਸਰਦੀ। ਚਲਤ=ਚਰਿਤਰ, ਕੌਤਕ। ਦਹਦਿਸਿ=ਦਸਾਂ ਦਿਸ਼ਾਂ ਵਲ, ਭਾਵ ਹਰ ਪਾਸੇ। ਸਾਖ ਹਰੀ=ਹਰੀਆਂ ਸ਼ਾਖਾਂ। ਹਰੀਆਵਲ=ਹਰਾਪਨ। ਸਹਜਿ=ਅਡੋਲ ਅਵਸਥਾ ਵਿਚ। ਬਸੀਠਾ=ਵਕੀਲ, ਵਿਚੋਲਾ।

**ਅਰਥ:** ਅਸੂ ਦੇ ਮਹੀਨੇ ਵਿਚ (ਜੀਵ ਇਸਤਰੀ ਤਰਲੇ ਲੈਂਦੀ ਹੋਈ ਆਖਦੀ ਹੈ) ਹੇ (ਮੇਰੇ) ਪਿਆਰੇ! (ਤੁਸੀਂ ਘਰ) ਆਉ (ਤੁਹਾਡੇ ਮਿਲਾਪ ਤੋਂ ਬਿਨਾਂ) ਜੀਵ ਇਸਤਰੀ ਹੌਕੇ ਲੈ ਲੈ ਕੇ ਮਰ ਰਹੀ ਹੈ। (ਪਤੀ ਨੂੰ) ਤਾਂ ਹੀ ਮਿਲਿਆ ਜਾ ਸਕਦਾ ਹੈ (ਜੇ) ਪ੍ਰਭੂ (ਪਤੀ ਆਪ) ਮੇਲੇ, (ਪਰ ਜੀਵ-ਇਸਤਰੀ) ਦ੍ਵੈਤ

ਭਾਵ ਵਿਚ (ਫਸ ਕੇ) ਕੁਰਾਹੇ ਪੈ ਗਈ ਹੈ। ਦ੍ਵੈਤ ਭਾਵ ਵਿਚ ਖਜਲ ਖੁਆਰ ਹੋ ਰਹੀ ਹੈ, ਤਾਂ ਹੀ ਪਤੀ (ਪਰਮਾਤਮਾ) ਨੇ ਛੱਡ ਦਿਤੀ ਹੈ। (ਜਿਵੇਂ) ਪਿਲਛੀ ਤੇ ਸਰਕੜੇ ਨੂੰ (ਚਿੱਟੇ) ਫੁੱਲ (ਪੈ ਗਏ ਹਨ) ਤਿਵੇਂ (ਜੀਵ-ਇਸਤ੍ਰੀ ਦੇ ਕੇਸ ਵੀ ਚਿੱਟੇ ਹੋ ਗਏ ਹਨ ਭਾਵ ਬੁਢੇਪਾ ਆ ਗਿਆ ਹੈ)। ਅਗੇ ਗਰਮੀ ਦੀ ਰੁੱਤ (ਵਿਛੋੜੇ ਵਿਚ ਮਸਾਂ ਕੱਟੀ ਸੀ, ਉਸ) ਪਿਛੋਂ ਸਰਦੀ ਦੀ ਰੁੱਤ (ਆਈ ਹੈ, ਇਸ) ਕੌਤਕ ਨੂੰ ਵੇਖ ਕੇ (ਮੇਰਾ) ਮਨ ਡੋਲ ਰਿਹਾ ਹੈ।

ਸਭ ਪਾਸੇ (ਦਰਖਤਾਂ ਦੀਆਂ) ਸ਼ਾਖਾਂ ਹਰੀਆਂ ਹੋ ਰਹੀਆਂ ਹਨ, ਹਰਿਆਵਲ ਹੀ ਹਰਿਆਵਲ (ਧਰਤੀ ਬਨਾਸਪਤੀ ਸਰਸਬਜ਼) ਦਿਸਦੀ ਹੈ। (ਕੁਦਰਤਿ ਦੇ ਰੰਗ ਵੇਖ ਕੇ ਇਹ ਆਸ ਬੱਝਦੀ ਹੈ ਕਿ ਜੋ ਫਲ) ਸਹਜ ਨਾਲ ਪਕਦਾ ਹੈ ਉਹ ਮਿੱਠਾ ਹੁੰਦਾ ਹੈ। ਨਾਨਕ (ਗੁਰੂ ਜੀ ਇਸਤਰੀ ਰੂਪ ਵਿਚ ਬੇਨਤੀ ਕਰਦੇ ਹਨ ਕਿ ਹੇ ਪਿਆਰੇ!) ਅਸੂ ਦੇ ਮਹੀਨੇ ਵਿਚ (ਤੁਸੀਂ ਆ) ਮਿਲੋ (ਕਿਉਂਕਿ) ਸਤਿਗੁਰੂ ਵਿਚੋਲੇ ਹੋ ਗਏ ਹਨ।੧੧।

## ਸਾਰੰਸ਼ ਅਤੇ ਸਿਧਾਂਤ

ਗਰਮੀ ਦੀ ਹੁੰਮਸ-ਘੁੰਮਸ ਵਾਲਾ ਭਾਦੋਂ ਦਾ ਮਹੀਨਾ ਬਤੀਤ ਹੋ ਗਿਆ, ਜੀਵ ਇਸਤਰੀ ਭਰਮ ਕਰਕੇ ਬਹੁਤ ਦੁਖੀ ਹੁੰਦੀ ਸੀ, ਪਤੀ ਦਾ ਮਿਲਾਪ ਨਸੀਬ ਨਾ ਹੋਇਆ, ਪਛਤਾਵਾ ਹੀ ਪਲੇ ਪਿਆ। ਹੁਣ ਜਦੋਂ ਅਸੂ ਨੇ ਪਰਵੇਸ਼ ਕੀਤਾ, ਮੌਸਮ ਵਿਚ ਤਬਦੀਲੀ ਆਈ ਨਿੰਮੀ ਨਿੰਮੀ ਹਵਾ ਦੇ ਬੁੱਲੇ ਮਿੱਠੇ ਲਗਣ ਲਗ ਪਏ। ਜੀਵ ਇਸਤਰੀ ਦੇ ਹਿਰਦੇ ਚੋਂ ਵੀ ਉਮੰਗ ਉਠੀ ਅਤੇ ਜੋਦੜੀ ਕਰਨ ਲਗੀ:-

**੧. ਅਸੁਨ ਆਉ ਪਿਰਾ ਸਾਧਨ ਝੂਰਿ ਮੁਈ ॥**

**੨. ਭਿਠੀ ਹਭ ਢੰਢੋਲਿ ਹਿਕਸੁ ਬਾਝੁ ਨ ਕੋਇ ॥**

**ਆਉ ਸਜਣ ਤੂ ਮੁਖਿ ਲਗੁ, ਮੇਰਾ ਤਨੁ ਮਨੁ ਠੰਢਾ ਹੋਇ ॥** [ਪੰਨਾ ੧੧੦੦

**੩. ਹਉ ਖਰੀ ਦੁਹੇਲੀ ਹੋਈ ਬਾਬਾ, ਨਾਨਕ ਮੇਰੀ ਬਾਤ ਨ ਪੁਛੈ ਕੋਈ ॥**[ਪੰਨਾ ੧੫੫

ਜੀਵ ਇਸਤਰੀ ਦੇ ਦੁਖੀ ਹੋਣ ਦਾ ਕਾਰਨ ਕੂੜ ਵਿਚ ਪਰਵਿਰਤੀ ਤੇ ਦੂਜੇ ਭਾਉ ਨਾਲ ਪਿਆਰ ਹੈ। ਪਤੀ-ਪਰਮੇਸ਼ੁਰ ਦਾ ਮਿਲਾਪ ਉਦੋਂ ਨਸੀਬ ਹੁੰਦਾ ਹੈ ਜਦੋਂ ਜੀਵ ਇਸਤਰੀ ਦੀ ਪਰਤੀਤ ਪੱਕ ਜਾਵੇ ਤੇ ਪਰਮੇਸੁਰ ਨੂੰ ਭਾ ਜਾਵੇ। ਜੀਵਨ ਵਿਚ ਜੋ ਕੋਈ ਵਿਘਨ ਪਾਉਣ ਵਾਲੀ ਵਸਤੂ ਹੈ ਤਾਂ ਉਹ ਦ੍ਵੈਤ ਹੈ। ਇਹ ਦੂਈ ਕਾਹੀ ਦੇ ਬੂਟੇ ਸਮਾਨ ਹੈ ਜੋ ਨਿਰਮਲ ਜਲ ਨੂੰ ਮੈਲਾ ਤੇ ਕਾਲਾ ਕਰੀ ਰਖਦੀ ਹੈ। ਜਿਵੇਂ ਬੂਰ ਪਾਣੀ ਨੂੰ ਖ਼ਰਾਬ ਕਰਦਾ ਹੈ ਤਿਵੇਂ ਲੋਭ ਵਾਲੀ ਬ੍ਰਿਤੀ ਚੋਂ ਕਈ ਵਾਸ਼ਨਾਵਾਂ ਤੇ ਭਟਕਣਾਂ ਉਠਦੀਆਂ ਹਨ, ਜੋ ਜੀਵਨ ਬਰਬਾਦ ਕਰ ਦੇਂਦੀਆਂ ਹਨ। ਬਸੰਤੀ ਬਚਪਨ ਭੋਲਾਪਣ ਵਿਚ ਬਿਤੀਤ ਹੋ ਜਾਂਦਾ ਹੈ, ਜੁਆਨੀ ਗਰਮ ਜੋਸ਼ੀ ਵਿਚ ਲੰਘ ਜਾਂਦੀ ਹੈ, ਹੁਣ ਬੁਢੇਪੇ ਦੀ ਵਾਰੀ ਆਉਂਦੀ ਹੈ ਤਾਂ 'ਆਗੈ ਘਾਮ ਪਿਛੈ ਰੁਤਿ ਜਾਡਾ, ਦੇਖਿ ਚਲਤ ਮਨੁ ਡੋਲੈ' ਵਾਲੀ ਦਸ਼ਾ ਸਾਹਮਣੇ ਆ ਜਾਂਦੀ ਹੈ। ਡੋਲਣ ਵਾਲੀ ਅਵਸਥਾ ਅਜਿਹੀ ਹੁੰਦੀ ਹੈ ਕਦੇ ਕ੍ਰੋਧ ਤੇ ਕਦੇ ਸ਼ਾਂਤੀ। ਕਦੇ ਦੁਰਾਚਾਰ ਤੇ ਕਦੇ ਪਰ-ਉਪਕਾਰ, ਭਾਵ ਟਿਕਾਉ ਨਹੀਂ ਹੁੰਦਾ।

ਗਰਮੀ ਗਈ ਤੇ ਸਿਆਲ ਦੀ ਰੁੱਤ ਆਉਣ ਨਾਲ ਕਈ ਆਸ਼ਾਵਾਂ ਨੇ ਜਨਮ ਲਿਆ, ਕਾਹੀਆਂ ਪਿਛਲੀਆਂ ਨੂੰ ਚਿੱਟੇ ਬੂਰ ਪੈਣੇ ਬੁਢਾਪੇ ਦੇ ਚਿੰਨ ਦਰਸਾਏ ਹਨ। "ਫਰੀਦਾ ਰੁਤਿ ਫਿਰੀ ਵਣੁ ਕੰਬਿਆ, ਪਤ ਝੜੇ ਝੜਿ ਪਾਹਿ॥ ਚਾਰੇ ਕੁੰਡਾ ਢੂੰਢੀਆਂ, ਰਹਣੁ ਕਿਥਾਊ ਨਾਹਿ॥" (ਪੰਨਾ ੧੩੮੩) ਜੀਵ-ਇਸਤਰੀ ਜੋ ਮੁਰਝਾਈ ਹੋਈ ਸੀ, ਜਿਸਦੇ ਜੀਵਨ ਵਿਚ ਉਦਾਸੀ ਛਾਈ ਹੋਈ ਸੀ, ਕਹਿਣ ਲਗ ਗਈ:-

**ਘਰਿ ਆਉ ਪਿਆਰੇ ਦੁਤਰ ਤਾਰੇ, ਤੁਧੁ ਬਿਨੁ ਅਢੁ ਨ ਮੋਲੋ ॥**

ਇਹਨਾਂ ਵਾਕਾਂ ਵਿਚੋਂ ਜੀਵ ਇਸਤਰੀ ਦੀ ਅਨ-ਅਸਥਿਰਤਾ ਵਾਜਾਂ ਮਾਰਦੀ ਹੈ।

ਰੁੱਤਾਂ ਦੀ ਅਦਲੀ ਬਦਲੀ ਅਤੇ ਸੁਰਤਿ ਦੇ ਉਤਰਾਅ ਚੜਾਅ ਨਾਲ ਸੋਝੀ ਆਉਂਦੀ ਹੈ ਕਿ ਮਿਲਾਪ ਦੇ ਮਾਰਗ ਵਿਚ ਕਾਹਲੀ ਕੀਤਿਆਂ ਹਾਨੀ ਹੁੰਦੀ ਹੈ, ਇਹ ਸਹਜ ਤੇ ਪ੍ਰੇਮ ਦਾ ਮਾਰਗ ਹੈ। ਜਿਹੜੇ ਫਲ ਦਰਖਤ ਨਾਲ ਲਗੇ ਹੋਏ ਸਹਜ ਨਾਲ ਪਕਦੇ ਹਨ ਉਨ੍ਹਾਂ ਦਾ ਸੁਆਦ ਮਿੱਠਾ ਹੁੰਦਾ ਹੈ, ਜੋ ਤੋੜ ਕੇ ਧੁੱਪ ਤੇ ਜਾਂ ਹੋਰ ਤਰੀਕੇ ਨਾਲ ਸੁਕਾ ਕੇ ਪਕਾਏ ਜਾਂਦੇ ਹਨ ਉਹ ਬਹੇ ਤੇ ਬੇ-ਸੁਆਦੇ ਹੁੰਦੇ ਹਨ। ਇਸੇ ਤਰ੍ਹਾਂ ਜਿਸ ਜੀਵ-ਇਸਤਰੀ ਦੇ ਹਿਰਦੇ ਵਿਚ ਮਿਲਾਪ ਦੀ ਭੁੱਖ ਹੈ ਉਹ ਪਪੀਹੇ ਤੇ ਕੋਇਲ ਵਾਂਗ ਕੂਕਾਂ ਮਾਰਦੀ ਹੈ:-

**ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ,**
**ਹਉ ਤਿਸੁ ਪਹਿ ਆਪੁ ਵੇਚਾਈ ॥ ੧ ॥** [ਪੰਨਾ ੭੫੭

ਜਿਵੇਂ ਗਿਆਨੀ ਅੰਦਰ ਜਾਣਨ ਦੀ ਭੁੱਖ, ਦਾਨੀ ਅੰਦਰ ਦਾਨ ਦੇਣ ਤੇ ਮਾਣ ਲੈਣ ਦੀ ਭੁੱਖ ਹੁੰਦੀ ਹੈ ਤਿਵੇਂ ਪ੍ਰੇਮਕਾ ਅੰਦਰ ਪ੍ਰੀਤਮ ਨੂੰ ਮਿਲਣ ਦੀ ਚਾਹਨਾ ਹੁੰਦੀ ਹੈ ਅਤੇ ਓਹੋ ਇਉਂ ਪ੍ਰਾਰਥਨਾ ਕਰਦੀ ਹੈ:-

**ਦਹਦਿਸਿ ਸਾਖ ਹਰੀ ਹਰੀਆਵਲ, ਸਹਜਿ ਪਕੈ ਸੋ ਮੀਠਾ ॥**
**ਨਾਨਕ ਅਸੁਨਿ ਮਿਲਹੁ ਪਿਆਰੇ, ਸਤਿਗੁਰ ਭਏ ਬਸੀਠਾ ॥**

ਸਿਧਾਂਤ ਇਹ ਹੈ ਕਿ ਸਤਿਗੁਰ ਬਸੀਠ (ਵਿਚੋਲਾ) ਹੀ ਹਰੀ ਨਾਲ ਮੇਲਣ ਦੇ ਸਮਰਥ ਹੈ:-

**ਜੈਸਾ ਸਤਿਗੁਰੁ ਸੁਣੀਦਾ, ਤੈਸੋ ਹੀ ਮੈ ਡੀਠੁ ॥**
**ਵਿਛੁੜਿਆ ਮੇਲੇ ਪ੍ਰਭੂ, ਹਰਿ ਦਰਗਹ ਕਾ ਬਸੀਠੁ ॥**
**ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ, ਕਟੇ ਹਉਮੈ ਰੋਗੁ ॥**
**ਨਾਨਕ, ਸਤਿਗੁਰੁ ਤਿਨਾ ਮਿਲਾਇਆ, ਜਿਨਾ ਧੁਰੇ ਪਇਆ ਸੰਜੋਗੁ॥**[ਪੰਨਾ ੯੫੭

ਬਸ, ਅਸੂ ਵਿਚ ਆਓ ਪਿਰਾਂ ਦੀਆਂ ਆਵਾਜ਼ਾਂ ਮੱਠੀਆਂ ਨਹੀਂ ਹੋਣੀਆਂ ਚਾਹੀਦੀਆਂ, ਓਹ ਜ਼ਰੂਰ ਸੁਣਦਾ ਹੈ ਤੇ ਇਕ ਦਿਨ ਆਸਾਵੰਤੀ ਨੂੰ ਆ ਮਿਲਦਾ ਹੈ।

**ਕਤਕਿ ਕਿਰਤੁ ਪਇਆ, ਜੋ ਪ੍ਰਭ ਭਾਇਆ॥ ਦੀਪਕੁ ਸਹਜਿ ਬਲੈ, ਤਤਿ ਜਲਾਇਆ॥ ਦੀਪਕ ਰਸ ਤੇਲੋ ਧਨ ਪਿਰ ਮੇਲੋ, ਧਨ ਓਮਾਹੈ ਸਰਸੀ॥ ਅਵਗਣ ਮਾਰੀ,**

**ਮਰੈ ਨ ਸੀਝੈ, ਗੁਣਿ ਮਾਰੀ ਤਾ ਮਰਸੀ॥ ਨਾਮੁ ਭਗਤਿ ਦੇ, ਨਿਜ ਘਰਿ ਬੈਠੇ, ਅਜਹੁ ਤਿਨਾੜੀ ਆਸਾ॥ ਨਾਨਕ, ਮਿਲਹੁ ਕਪਟ ਦਰ ਖੋਲਹੁ, ਏਕ ਘੜੀ ਖਟੁ ਮਾਸਾ ॥੧੨॥**

**ਪਦ ਅਰਥ:** ਕਤਕਿ=ਕਤਕ (ਦੇ ਮਹੀਨੇ) ਵਿਚ। ਕਿਰਤੁ ਪਇਆ=ਕੀਤੇ ਕਰਮਾ ਦਾ (ਫਲ) ਪਾਇਆ। ਭਾਇਆ=ਚੰਗਾ ਲਗਾ। ਦੀਪਕੁ=(ਗਿਆਨ ਰੂਪੀ) ਦੀਵਾ। ਸਹਜਿ=ਅਡੋਲ (ਟਿਕੀ ਹੋਈ ਅਵਸਥਾ) ਵਿਚ। ਬਲੈ=ਬਲਦਾ ਭਾਵ ਜਗਦਾ ਹੈ। ਤਤਿ=ਤਤ (ਵੀਚਾਰ) ਨਾਲ। ਜਲਾਇਆ=ਜਗਾ ਦਿੱਤਾ। ਰਸ ਤੇਲੋ=ਪ੍ਰੇਮ ਦਾ ਤੇਲ। ਧਨ=ਜੀਵ-ਇਸਤਰੀ। ਪਿਰੁ=ਪਰਮਾਤਮਾ। ਓਮਾਹੈ=ਚਾਉ ਨਾਲ। ਸਰਸੀ=ਖਿੜਦੀ, ਪ੍ਰਸੰਨ ਹੁੰਦੀ ਹੈ। ਅਵਗਣ ਮਾਰੀ=ਅਵਗਣਾਂ (ਪਾਪਾਂ) ਦੀ ਮਾਰੀ ਹੋਈ। ਮਰੈ ਨ ਸੀਝੈ=ਨਾ ਮਰਦੀ ਹੈ ਨਾ ਸਫਲ ਹੁੰਦੀ ਹੈ। ਗੁਣਿ=ਗੁਣਾਂ ਨਾਲ। ਮਰਸੀ=(ਆਪਾ-ਭਾਵ ਤੋਂ) ਮਰੇਗੀ, ਮੁਕਤ ਹੋਵੇਗੀ। ਨਿਜ ਘਰਿ=ਆਪਣੇ ਘਰ ਵਿਚ, ਸ੍ਵੈ-ਸਰੂਪ ਵਿਚ। ਅਜਹੁ=ਅਜੇ ਤੱਕ। ਤਿਨਾੜੀ=ਤਿੰਨਾਂ (ਉਨ੍ਹਾਂ) ਦੀ। ਕਪਟ ਦਰ=ਦਰਵਾਜੇ ਦੇ ਤਖ਼ਤੇ, ਬੂਹੇ। ਖਟੁ ਮਾਸਾ=ਛੇ ਮਹੀਨੇ।

**ਅਰਥ:** ਕਤਕ (ਮਹੀਨੇ) ਦੁਆਰਾ (ਗੁਰਦੇਵ ਉਪਦੇਸ਼ ਦਿੰਦੇ ਹਨ ਕਿ) ਜੋ ਪ੍ਰਭੂ ਨੂੰ ਚੰਗਾ ਲਗਾ (ਉਸ ਅਨੁਸਾਰ ਜੀਵ ਨੇ ਆਪਣੇ) ਕੀਤੇ ਕਰਮਾਂ ਦਾ ਫਲ ਪਾਇਆ। (ਗਿਆਨ ਰੂਪੀ) ਦੀਵਾ ਸਹਿਜ ਨਾਲ ਬਲਦਾ ਹੈ (ਜੋ) ਤੱਤ (ਵੀਚਾਰ) ਨਾਲ ਜਗਾਇਆ ਜਾਂਦਾ ਹੈ। ਦੀਵੇ ਵਿਚ ਪ੍ਰੇਮ ਦਾ ਤੇਲ ਹੋਵੇ (ਤਾਂ) ਜੀਵ-ਇਸਤਰੀ ਦਾ ਪਤੀ ਪਰਮਾਤਮਾ ਨਾਲ ਮੇਲ ਹੁੰਦਾ ਹੈ (ਫਿਰ) ਜੀਵ-ਇਸਤਰੀ ਚਾਅ ਨਾਲ ਖਿੜਦੀ (ਪ੍ਰਸੰਨ ਹੁੰਦੀ) ਹੈ। ਅਵਗਣਾਂ (ਪਾਪਾਂ) ਦੀ ਮਾਰੀ ਹੋਈ (ਜੀਵ-ਇਸਤਰੀ ਨਾ ਜੀਵਤ ਭਾਵ ਤੋਂ ਮਰਦੀ ਹੈ) ਨਾ (ਜੀਵਨ-ਮਨੋਰਥ ਵਿਚ) ਸਫਲ ਹੁੰਦੀ ਹੈ। (ਹਾਂ, ਜੇ) ਗੁਣਾਂ ਨਾਲ (ਇਸ ਨੇ ਆਪਣੀ ਹਉਮੈ) ਮਾਰ ਲਈ ਹੈ (ਤਾਂ ਪਾਪਾਂ ਵਲੋਂ) ਮਰ ਜਾਏਗੀ (ਭਾਵ ਮੁਕਤ ਹੋ ਜਾਵੇਗੀ)। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਜਿਨ੍ਹਾਂ ਨੂੰ ਪ੍ਰਭੂ) ਨਾਮ ਤੇ ਭਗਤੀ ਦੇਂਦਾ ਹੈ, ਉਹ ਆਪਣੇ (ਹਿਰਦੇ ਸਰੂਪੀ) ਘਰ ਵਿਚ ਟਿੱਕ ਗਏ ਹਨ (ਅਤੇ) ਅਜੇ ਤੱਕ ਵੀ ਉਨ੍ਹਾਂ ਦੇ (ਹਿਰਦੇ ਵਿਚ ਮਿਲਣ ਦੀ) ਆਸ ਲਗੀ ਹੋਈ ਹੈ। ਹੇ ਪ੍ਰਭੂ! (ਕਿਰਪਾ ਕਰਕੇ ਆਪਣੇ) ਦਰ ਦੇ ਕਿਵਾੜ ਖੋਲ੍ਹ ਦਿਉ (ਤੁਹਾਡੇ ਦਰਸ਼ਨ ਤੋਂ ਬਿਨਾਂ) ਇਕ ਘੜੀ ਦਾ ਵਿਛੋੜਾ (ਵੀ ਇਉਂ ਪ੍ਰਤੀਤ ਹੋ ਰਿਹਾ ਹੈ ਜਿਵੇਂ ਕਿ) ਛੇ ਮਹੀਨੇ (ਬਤੀਤ ਹੋ ਗਏ ਹੋਣ)।੧੨।

## ਸਾਰੰਸ਼ ਅਤੇ ਸਿਧਾਂਤ

ਕਤਕ ਦੇ ਮਹੀਨੇ ਵਿਚ ਸਭ ਤੋਂ ਪਹਿਲਾਂ ਕਿਰਤ ਪਇਆ ਦੀ ਗੱਲ ਕੀਤੀ ਸੀ। ਕਰਮ ਕਾਂਡੀਆਂ ਦੀ ਗਿਣਤੀ ਦਾ ਕੋਈ ਸ਼ੁਮਾਰ ਨਹੀਂ, ਪਰ ਧਰਮ ਦੀ ਕਿਰਤ ਕਰਕੇ ਨਾਮ ਜਪਣ ਤੇ ਵੰਡ ਛੱਕਣ ਵਾਲੇ ਜਗਿਆਸੂ ਵਿਰਲੇ ਹੀ ਹੁੰਦੇ ਹਨ। ਗੁਰੂ ਬਾਬਾ ਜੀ ਨੇ ਕਾਸ੍ਤੀਆਂ ਦਾ ਵਰਤ ਰਖਣ ਵਾਲੇ, ਪਿਤਰ ਪੂਜਕ ਜੋ ਪੰਜ ਦਿਨ ਦੀਵੇ ਜਗਾਉਂਦੇ ਹਨ, ਉਨ੍ਹਾਂ ਨੂੰ ਗਿਆਨ ਦੀਪਕ ਦੀ ਸੋਝੀ ਕਰਾਉਣ ਦੀ ਖ਼ਾਤਰ ਹੀ ਪਾਵਨ ਉਪਦੇਸ਼ ਦਿੱਤਾ ਹੈ:-

ਕਤਕਿ **ਕਿਰਤੁ ਪਇਆ ਜੋ ਪ੍ਰਭ ਭਾਇਆ ॥**

ਗੁਰੂ ਨਾਨਕ ਦੇਵ ਜੀ ਦੀ ਰਚਿਤ 'ਆਸਾ ਕੀ ਵਾਰ' ਵਿਚ ਅੰਕਿਤ ਬਚਨ 'ਪਇਐ ਕਿਰਤਿ ਨਰੈ ਸਭੁ ਕੋਇ' (ਪੰਨਾ ੪੬੫) ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਅੰਮ੍ਰਿਤ ਬਚਨ 'ਪਇਐ ਕਿਰਤਿ ਕਮਾਵਣਾ, ਕੋਇ ਨ ਮੇਟਣਹਾਰ॥' (ਪੰਨਾ ੭੫੬) ਤੋਂ ਕਰਮ-ਕਾਂਡੀਆਂ ਨੂੰ ਜੀਵਨ-ਸੇਧ ਲੈ ਕੇ ਗੁਰੂ ਦੀ ਕਿਰਪਾ ਨਾਲ ਗੁਰੂ ਦੇ ਗਿਆਨ ਰੂਪੀ ਦੀਵੇ ਜਗਾਉਣੇ ਚਾਹੀਦੇ ਹਨ ਕਿਉਂਕਿ ਗੁਰੂ ਦੇ ਸ਼ਬਦ ਦਾ ਚਾਨਣ ਤਿੰਨਾਂ ਲੋਕਾਂ ਵਿਚ ਪ੍ਰਕਾਸ਼ਮਾਨ ਹੈ:-

**ਸਬਦੁ ਦੀਪਕੁ ਵਰਤੈ ਤਿਹੁ ਲੋਇ ॥** [ਪੰਨਾ ੬੬੪

ਗੁਰੂ ਦੇ ਗਿਆਨ ਰੂਪੀ ਦੀਵੇ ਦਾ ਪ੍ਰਕਾਸ਼ ਉਸ ਜੀਵ ਦੇ ਹਿਰਦੇ ਵਿਚ ਹੁੰਦਾ ਹੈ ਜਿਸ ਨੇ ਪਹਿਲਾਂ ਸਹਜ ਵਿਚ ਪਰਮੇਸ਼ਰ ਦੀ ਭਗਤੀ ਕੀਤੀ ਹੋਵੇ। ਦੀਪਕ ਪਰਮੇਸ਼ਰ ਦੀ ਜੋਤਿ ਹੈ। ਜਿਸ ਦੇ ਹਿਰਦੇ ਵਿਚ ਸ਼ਬਦ-ਜੋਤਿ ਦਾ ਦੀਵਾ ਪ੍ਰਕਾਸ਼ਦਾ ਹੈ, ਉਸ ਦੇ ਹਿਰਦੇ ਵਿਚ ਚਾਉ, ਅਨੰਦ ਤੇ ਉਮਾਹ ਭਰ ਜਾਂਦਾ ਹੈ। ਕਿਰਤ ਦਾ ਫਲ ਭੀ ਗੁਰੂ ਦੀ ਕਿਰਪਾ ਨਾਲ ਹੀ ਮਿਲਦਾ ਹੈ। ਜਿਹੜੀ ਕਿਰਤ ਕੀਤਿਆਂ ਔਗੁਣਾਂ ਵਿਚ ਵਾਧਾ ਹੁੰਦਾ ਹੈ, ਉਹ ਜਨਮ ਮਰਨ ਦਾ ਕਾਰਨ ਬਣਦੀ ਹੈ। ਕਾਮਣ ਆਪਣੇ ਕੰਤ ਨੂੰ ਗੁਣਾਂ ਨਾਲ ਹੀ ਰਿਝਾ ਸਕਦੀ ਹੈ। ਗੁਣਾਂ ਦੀ ਰਾਸ ਨਾਲ ਹੀ ਅਵਗੁਣਾਂ ਨੂੰ ਮਾਰਿਆ ਜਾ ਸਕਦਾ ਹੈ। ਪਰਮੇਸ਼ਰ ਕਿਸੇ ਦਾ ਕੀਤਾ ਹੋਇਆ ਇਕ ਤਿਲ ਭਰ ਵੀ ਵਿਅਰਥ ਨਹੀਂ ਜਾਣ ਦਿੰਦਾ 'ਇਕੁ ਤਿਲੁ ਨਹੀ ਭੰਨੇ ਘਾਲੇ' ਵਾਲੀ ਪਾਵਨ ਪੰਕਤੀ ਜੀਵ-ਇਸਤ੍ਰੀ ਦਾ ਭਰੋਸਾ ਪੱਕਾ ਕਰਦੀ ਹੈ। ਜਿਸ ਜੀਵ-ਇਸਤਰੀ ਨੇ ਸ਼ੁਭ ਕਰਮ ਕੀਤੇ, ਸਹਜ ਦਾ ਦੀਪਕ ਬਾਲਿਆ, ਗੁਰੂ ਦੇ ਗਿਆਨ ਵਿਚ ਸਮੋਈ ਗਈ ਉਸ ਨੇ ਜੀਵਨ-ਤੱਤ ਨੂੰ ਸਮਝ ਲਿਆ।

ਅਵਗੁਣਾਂ ਕਰਕੇ ਜੀਵਨ ਦਾ ਵਿਨਾਸ਼ ਹੁੰਦਾ ਹੈ ਅਤੇ ਸ੍ਰੇਸ਼ਟ ਕਰਮਾਂ ਨਾਲ ਜੀਵਨ ਸਫਲ ਹੁੰਦਾ ਹੈ। ਨਿਜ ਘਰ ਵਿਚ ਉਨ੍ਹਾਂ ਰੂਹਾਂ ਦਾ ਵਾਸਾ ਹੁੰਦਾ ਹੈ ਜੋ ਨਾਮ ਤੇ ਭਗਤੀ ਕਰਕੇ ਪ੍ਰਭੂ ਦੀ ਹਜੂਰੀ ਵਿਚ ਵਸਦੀਆਂ ਹਨ ਇਸ ਲਈ ਪਰਮੇਸ਼ਰ ਅਗੇ ਇਉਂ ਬੇਨਤੀ ਕਰਨੀ ਚਾਹੀਦੀ ਹੈ:-

**ਨਾਨਕ ਮਿਲਹੁ ਕਪਟ ਦਰ ਖੋਲਹੁ, ਏਕ ਘੜੀ ਖਟੁ ਮਾਸਾ ॥**

ਇਕ ਘੜੀ ਨੂੰ ਛੇ ਮਹੀਨੇ ਨਾਲ ਤੁਲਨਾ ਦੇਣੀ ਵਿਛੋੜੇ ਦੀ ਦੂਰੀ ਨੂੰ ਪ੍ਰਗਟ ਕਰਨਾ ਹੈ। ਪ੍ਰਭੂ ਨੂੰ ਦੂਰ ਜਾਣਨਾ ਸਭ ਤੋਂ ਵੱਡਾ ਅਵਗੁਣ ਹੈ। ਵਿਛੜੇ ਜੀਵ ਨੂੰ ਜਦੋਂ ਗਿਆਨ ਪ੍ਰਾਪਤ ਹੁੰਦਾ ਹੈ ਓਦੋਂ ਉਸ ਨੂੰ ਜੀਵਨ ਜਾਚ ਆਉਂਦੀ ਹੈ। ਗਿਆਨ ਵਿਚ ਬੇਪਰਵਾਹੀ ਤਾਂ ਹੋ ਸਕਦੀ ਹੈ, ਪਰ ਬੇ-ਪਰਤੀਤੀ ਨਹੀਂ ਹੋ ਸਕਦੀ। ਸੂਰਜ ਹਨੇਰਾ ਮਿੱਟਾ ਸਕਦਾ ਹੈ ਪਰ ਕਿਸੇ ਵੇਲੇ ਸੂਰਜ ਅਗੇ ਬਦਲ ਆ ਸਕਦੇ ਹਨ। ਸਰੋਤਿਆਂ ਨੂੰ ਜੀਵਨ ਦੇ ਪੜਾਵਾਂ ਦਾ ਗਿਆਨ ਹੁੰਦਾ ਹੈ। ਜਦੋਂ ਤੱਕ ਸਹਜ ਦੀ ਪ੍ਰਾਪਤੀ ਨਹੀਂ ਹੁੰਦੀ, ਜੀਵਨ ਵਿਚ ਤੌਖਲੇ ਬਣੇ ਹੀ ਰਹਿੰਦੇ ਹਨ। ਹਾਂ, ਜਦੋਂ ਸਹਜ ਪ੍ਰਾਪਤ ਹੋ ਜਾਂਦਾ ਹੈ ਤਾਂ ਪ੍ਰੇਮਾ-ਭਗਤੀ ਵਿਚ ਓਤਿ ਪੋਤਿ ਹੋਏ ਜਗਿਆਸੂ ਲਈ ਹਿਰਦਾ ਰੂਪੀ ਭਵਨ ਸੁਹਾਵੜਾ ਹੋ ਜਾਂਦਾ ਹੈ:-

**ਭਵਨੁ ਸੁਹਾਵੜਾ ਧਰਤਿ ਸਭਾਗੀ ਰਾਮ ॥**
**ਪ੍ਰਭੁ ਘਰਿ ਆਇਅੜਾ, ਗੁਰ ਚਰਣੀ ਲਾਗੀ ਰਾਮ ॥**

**ਗੁਰਚਰਣ ਲਾਗੀ ਸਹਜਿ ਜਾਗੀ, ਸਗਲ ਇਛਾ ਪੁੰਨੀਆ ॥**
**ਮੇਰੀ ਆਸ ਪੂਰੀ ਸੰਤ ਧੂਰੀ, ਮਿਲੇ ਕੰਤ ਵਿਛੁੰਨਿਆ ॥**
**ਆਨੰਦ ਅਨਦਿਨੁ ਵਜਹਿ ਵਾਜੇ, ਅਹੰ ਮਤਿ ਮਨ ਕੀ ਤਿਆਗੀ॥**
**ਬਿਨਵੰਤਿ ਨਾਨਕ ਸਰਣਿ ਸੁਆਮੀ, ਸੰਤ ਸੰਗਿ ਲਿਵ ਲਾਗੀ॥੪॥੧॥[ਪੰਨਾ ੮੪੬**

ਆਓ, ਅੰਤ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ 'ਰੁਤੀ ਛੰਤਾ ਵਿਚ 'ਮਿਲਨ-ਪਿਆਸ' ਨੂੰ ਜਿਸ ਪਿਆਰ ਨਾਲ ਨਿਰੂਪਣ ਕੀਤਾ ਹੈ, ਉਸ ਦੇ ਦਰਸ਼ਨ ਕਰਕੇ ਜੋਦੜੀ ਕਰਨ ਦੀ ਜਾਚ ਸਿਖੀਏ:-

**॥ ਛੰਤ॥ ਰੁਤਿ ਸਰਦ ਅੰਡਬਰੋ, ਅਸੂ ਕਤਕੇ ਹਰਿ ਪਿਆਸ ਜੀਉ॥**
**ਖੋਜੰਤੀ ਦਰਸਨੁ ਫਿਰਤ, ਕਬ ਮਿਲੀਐ ਗੁਣਤਾਸ ਜੀਉ॥**
**ਬਿਨੁ ਕੰਤ ਪਿਆਰੇ ਨਹ ਸੂਖ ਸਾਰੇ, ਹਾਰ ਕੰਙਣ ਧ੍ਰਿਗੁ ਬਨਾ।**
**ਸੁੰਦਰਿ ਸੁਜਾਣਿ ਚਤੁਰਿ ਬੇਤੀ, ਸਾਸ ਬਿਨੁ ਜੈਸੇ ਤਨਾ।**
**ਈਤ ਉਤ ਦਹਦਿਸ ਅਲੋਕਨ, ਮਨਿ ਮਿਲਨ ਕੀ ਪ੍ਰਭ ਪਿਆਸ ਜੀਉ॥**
**ਬਿਨਵੰਤਿ ਨਾਨਕ ਧਾਰਿ ਕਿਰਪਾ, ਮੇਲਹੁ ਪ੍ਰਭ ਗੁਣਤਾਸ ਜੀਉ॥੫॥[ਪੰਨਾ ੯੨੮**

**ਮੰਘਰ ਮਾਹੁ ਭਲਾ, ਹਰਿ ਗੁਣ ਅੰਕਿ ਸਮਾਵਏ॥ ਗੁਣਵੰਤੀ ਗੁਣ ਰਵੈ, ਮੈ ਪਿਰੁ ਨਿਹਚਲੁ ਭਾਵਏ॥ ਨਿਹਚਲੁ ਚਤੁਰੁ ਸੁਜਾਣੁ ਬਿਧਾਤਾ, ਚੰਚਲੁ ਜਗਤੁ ਸਬਾਇਆ। ਗਿਆਨੁ ਧਿਆਨੁ ਗੁਣ ਅੰਕਿ ਸਮਾਣੇ, ਪ੍ਰਭ ਭਾਣਾ ਤਾ ਭਾਇਆ। ਗੀਤ ਨਾਦ ਕਵਿਤ ਕਵੇ ਸੁਣਿ, ਰਾਮ ਨਾਮਿ ਦੁਖੁ ਭਾਗੈ। ਨਾਨਕ ਸਾਧਨ ਨਾਹ ਪਿਆਰੀ, ਅਭ ਭਗਤੀ ਪਿਰ ਆਗੈ॥੧੩॥**

## ਉਚਾਰਨ ਸੇਧ

**ਬਿੰਦੀ ਸਹਿਤ :** ਮੈਂ, ਤਾਂ। 'ਮਾਹੁ' ਨੂੰ 'ਮਾਹੋ,' ਅਤੇ 'ਨਾਹ' ਨੂੰ 'ਨਾਂਹ' ਉਚਾਰਨਾ ਅਸ਼ੁੱਧ ਹੈ।

**ਪਦ ਅਰਥ :** ਮੰਘਰ ਮਾਹ-ਮਘਰ ਦਾ ਮਹੀਨਾ। ਹਰਿ ਗੁਣ-ਹਰੀ ਦੇ (ਸ੍ਰੇਸ਼ਟ) ਗੁਣਾ ਕਰਕੇ। ਅੰਕਿ ਸਮਾਵਏ-ਹਿਰਦੇ ਵਿਚ ਆ ਸਮਾਉਂਦਾ ਹੈ। ਰਵੈ-ਯਾਦ ਕਰਦੀ ਹੈ। ਨਿਹਚਲੁ-ਸਦਾ ਥਿਰ ਰਹਿਣ ਵਾਲਾ। ਮੈ ਪਿਰ-ਮੇਰਾ (ਪਿਆਰਾ) ਪਤੀ। ਭਾਵਏ-ਚੰਗਾ ਲਗਦਾ ਹੈ। ਬਿਧਾਤਾ-ਕਰਮਾਂ ਦਾ ਫਲ ਪਰਦਾਤਾ। ਚੰਚਲੁ-ਚਲਾਇਮਾਨ। ਸਬਾਇਆ-ਸਾਰਾ। ਅੰਕਿ-ਹਿਰਦੇ ਵਿਚ। ਸਮਾਣੇ-ਸਮਾਏ।ਪ੍ਰਭ ਭਾਣੇ-ਪ੍ਰਭੂ ਦੇ ਭਾਣੇ ਅਨੁਸਾਰ। ਗੀਤ-ਕਾਵਿ, ਬਾਣੀ। ਸੁਣਿ-ਸੁਣ ਕੇ। ਭਾਗੈ-ਭਜ ਜਾਂਦਾ ਹੈ, ਦੂਰ ਹੋ ਜਾਂਦਾ ਹੈ। ਸਾਧਨ-ਜੀਵ-ਇਸਤ੍ਰੀ। ਨਾਹ-ਖਸਮ, ਪਤੀ। ਅਭ ਭਗਤੀ-ਹਿਰਦ ਦੀ ਭਗਤੀ। ਹਿਰਦੇ ਦਾ ਸਚਾ ਸਿਦਕ ਪਿਆਰ।

**ਅਰਥ :** (ਉਸ ਜੀਵ ਇਸਤ੍ਰੀ ਨੂੰ) ਮਘਰ ਦਾ ਮਹੀਨਾ ਚੰਗਾ ਲਗਦਾ ਹੈ (ਜਿਸ ਦੇ) ਹਿਰਦੇ ਵਿਚ ਹਰੀ ਪਤੀ ਦੇ ਗੁਣ ਸਮਾ ਗਏ ਹਨ। ਗੁਣਾਂ ਵਾਲੀ ਜੀਵ-ਇਸਤ੍ਰੀ (ਪਤੀ ਦੇ) ਗੁਣ ਸਿਮਰਦੀ ਹੈ

(ਅਤੇ ਆਖਦੀ ਹੈ ਕਿ) ਮੇਰਾ ਪਿਆਰਾ ਪਤੀ (ਜੋ) ਸਦਾ ਥਿਰ ਰਹਿਣ ਵਾਲਾ ਹੈ (ਮੈਨੂੰ) ਚੰਗਾ ਲਗਦਾ ਹੈ। (ਮੇਰਾ ਪ੍ਰਭੂ ਸਦਾ ਥਿਰ ਰਹਿਣ ਵਾਲਾ, ਚਤੁਰ ਤੇ ਸਿਆਣਾ, ਕਰਮਾਂ ਦਾ ਫਲ ਪਰਦਾਤਾ ਹੈ (ਬਾਕੀ) ਸਾਰਾ ਸੰਸਾਰ ਚਲਾਇਮਾਨ ਹੈ। ਹਿਰਦੇ ਵਿਚ (ਪ੍ਰਭੂ ਦਾ) ਗਿਆਨ ਧਿਆਨ, (ਉਸ ਦੇ) ਗੁਣ ਸਮਾਉਣੇ ਤਾਂ ਹੀ ਸਫਲ ਹਨ (ਜੇ ਓਹ ਗੁਣ) ਪ੍ਰਭੂ ਨੂੰ ਚੰਗੇ ਲਗ ਜਾਣ। ਪ੍ਰਭੂ ਦੀ ਸਿਫਤ ਸਲਾਹ ਦੇ ਗੀਤ, ਸੰਗੀਤ, ਕਵਿਤਾ ਤੇ ਕਾਵਿ ਸੁਣ ਕੇ ਰਾਮ-ਨਾਮ ਦੇ (ਜਾਪ) ਦੁਆਰਾ (ਸਾਰਾ) ਦੁਖ ਦੂਰ ਹੋ ਜਾਂਦਾ ਹੈ। ਨਾਨਕ (ਗੁਰੂ ਜੀ ਆਖਦੇ ਹਨ ਕਿ ਉਹ) ਜੀਵ ਇਸਤ੍ਰੀ ਪ੍ਰਭੂ ਪਤੀ ਨੂੰ ਪਿਆਰੀ ਲਗਦੀ ਹੈ (ਜੋ) ਹਿਰਦੇ ਦੀ ਭਗਤੀ (ਸੱਚਾ ਸਿਦਕ) ਪ੍ਰਭੂ ਪਤੀ ਦੇ ਸਾਹਮਣੇ ਰਖਦੀ ਹੈ (ਭਾਵ ਭੇਟਾ ਕਰਦੀ ਹੈ) ।੧੩।

## ਸਾਰੰਸ਼ ਅਤੇ ਸਿਧਾਂਤ

ਮੱਘਰ ਦੀ ਸਰਦ ਰੁੱਤ ਉਨ੍ਹਾਂ ਲਈ ਸੁਭਾਗੀ ਹੈ ਜਿਨ੍ਹਾਂ ਨੂੰ ਆਪਣੇ ਪਤੀ ਪਾਸ ਬੈਠ ਕੇ ਰੰਗ ਮਾਨਣ ਦਾ ਅਵਸਰ ਮਿਲਦਾ ਹੈ। ਜੀਵ ਇਸਤਰੀ ਦਾ ਧਿਆਨ ਉਨ੍ਹਾਂ ਸੁਹਾਗਣ ਇਸਤ੍ਰੀਆਂ ਵਲ ਜਾਂਦਾ ਹੈ ਜਿਨ੍ਹਾਂ ਉਤੇ ਪਤੀ ਦੀ ਪ੍ਰਸੰਨਤਾ ਹੁੰਦੀ ਹੈ, ਅਥਵਾ ਜਿਨ੍ਹਾਂ ਨੂੰ ਪਤੀ ਪਿਆਰਾ ਲਗਦਾ ਹੈ। ਪਿਆਰ ਦਾ ਆਧਾਰ, ਜੀਵ ਇਸਤ੍ਰੀ ਦੇ ਗੁਣਾਂ ਤੇ ਆਚਾਰ ਦਾ ਨਮੂਨਾ ਹੈ। ਜਿਨ੍ਹਾਂ ਨੂੰ ਆਪਣੇ ਪਤੀ ਦੀ ਸਰਬੱਗਤਾ ਉਤੇ ਭਰੋਸਾ ਹੈ, ਉਹ ਜਾਣਦੀਆਂ ਹਨ ਕਿ ਸੂਰਜ ਦਾ ਚਾਨਣਾ ਕਿਰਨਾਂ ਰਾਹੀਂ ਹੁੰਦਾ ਹੈ, ਕਿਰਨਾਂ ਉਸ ਪਿਆਰੇ ਪ੍ਰਭੂ ਦੇ ਗੁਣ ਹਨ। ਜੇ ਗੁਣ ਨਹੀਂ ਤਾਂ ਆਚਾਰ ਵੀ ਨਹੀਂ, ਫਿਰ ਤਾਂ ਜੀਵ ਇਸਤ੍ਰੀ ਨੇ ਰੋਣਾ ਹੀ ਹੋਇਆ। ਗੁਰਵਾਕ ਹਨ:-

**ਗੁਣੀ ਆਚਾਰ ਨਹੀ ਰੰਗਿ ਰਾਤੀ, ਅਵਗਣ ਬਹਿ ਬਹਿ ਰੋਸੀ॥** [ਪੰਨਾ ੬੮੯

ਅਸੀਂ ਪਰਮਾਤਮਾ ਨੂੰ ਗੁਣਾਂ ਰਾਹੀਂ ਯਾਦ ਕਰਨਾ ਹੈ। ਅੱਖਾਂ ਮੀਟਣ ਨਾਲ ਈਸ਼ਵਰ ਨਹੀਂ ਮਿਲਦਾ। ਉਸ ਨੂੰ ਯਾਦ ਕਰਨ ਨਾਲ ਹੀ ਗੁਣਾਂ ਦਾ ਰਸ ਆਉਣਾ ਹੈ। ਗੁਰ ਬਾਬਾ ਜੀ ਫੁਰਮਾਉਂਦੇ ਹਨ—

੧. **ਗੁਣਵੰਤੀ ਗੁਣ ਵੀਥਰੈ, ਅਉਗੁਣਵੰਤੀ ਝੂਰਿ,** [ਪੰਨਾ ੧੭

੨. **ਗੁਣਵੰਤੀ ਗੁਣ ਸਾਰੇ ਨੀਤ॥ ਨਾਨਕ ਗੁਰਮਤਿ ਮਿਲੀਐ ਮੀਤ॥** [ਪੰਨਾ ੯੩੨

ਮੱਘਰ ਦੇ ਮਹੀਨੇ ਵਿਚ ਸਾਰੀ ਮਹੱਤਤਾ ਹਿਰਦੇ ਵਿਚ ਪਤੀ ਦੇ ਗੁਣ ਸੰਭਾਲਣ ਤੇ ਸਮਾਉਣ ਦੀ ਹੈ। ਗੁਣਾਂ ਦਾ ਗਿਆਨ ਹੋਣਾ ਹੋਰ ਗਲ ਹੈ ਤੇ ਗਿਆਨ ਅਨੁਸਾਰ ਅਮਲ ਕਰਨਾ ਵਖਰੀ ਗੱਲ ਹੈ।

ਦਇਆ, ਪ੍ਰੇਮ, ਗਿਆਨ, ਨਿਰਭੈਤਾ, ਨਿਰਵੈਰਤਾ, ਸ਼ੀਲ, ਸੰਤੋਖ, ਸੰਜਮ ਆਦਿ ਦੈਵੀ ਗੁਣਾਂ ਦਾ ਸੰਗ੍ਰਹਿ ਕਰਨਾ ਬਹੁਤ ਲਾਹੇਵੰਦਾ ਹੈ। ਧਾਰਮਿਕ ਪ੍ਰਭਾਵ ਜੀਵਨ ਨੂੰ ਪ੍ਰਫੁਲਤ ਕਰਦਾ ਹੈ। ਜਿਸ ਨੇ ਇਹ ਪ੍ਰਭਾਵ ਪ੍ਰਾਪਤ ਕਰਨਾ ਹੋਵੇ ਉਹ ਉਸ ਵਲ ਕੇਵਲ ਵੇਖੇ ਨਾ, ਉਸ ਦੇ ਪਿਛੇ ਹੋ ਕੇ ਨਿਮਰਤਾ ਧਾਰੇ। 'ਸੰਤ ਸਜਨ ਮਨ ਮਿਤ੍ਰ ਸੇ, ਲਾਇਨਿ ਪ੍ਰਭ ਸਿਉ ਰੰਗੁ ਜੀਉ' ਦਾ ਆਨੰਦ ਮਾਣੇ। ਗੁਣਾਂ ਨੂੰ ਇਕੱਤਰ ਕਰਨ ਉਤੇ ਕੋਈ ਰੋਕ ਨਹੀਂ:-

**ਗੁਣਾਂ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥**
**ਜੇ ਗੁਣ ਹੋਵਨਿ ਸਾਜਨਾ, ਮਿਲਿ ਸਾਂਝ ਕਰੀਜੈ॥** [ਪੰਨਾ ੭੬੫

ਜਿਸ ਨੇ ਪਤੀ ਦਾ ਮਾਣ ਪ੍ਰਾਪਤ ਕਰਨਾ ਹੁੰਦਾ ਹੈ, ਉਹ ਇਸਤ੍ਰੀ ਉਦਮ ਕਰਦੀ ਹੋਈ, ਅੱਗੇ ਵਧਦੀ ਹੈ, "ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰ" ਵਾਲੀ ਸਭਾ ਵਿਚ ਗੁਣਵਾਨਾਂ ਨੂੰ ਵੇਖ ਕੇ ਪ੍ਰਸੰਨ ਹੁੰਦੀ ਹੈ। ਉਹ ਧਰਮ ਨਾਲ ਜੁੜਦੀ ਹੈ, ਦੁਨਿਆਵੀਂ ਧਨ ਦੀ ਲਾਲਸਾ ਨਹੀਂ ਕਰਦੀ। ਅਜਿਹੀ ਜੀਵ ਇਸਤ੍ਰੀ ਹੀ ਪ੍ਰਭੂ ਨੂੰ ਪਿਆਰੀ ਲਗਦੀ ਹੈ। ਉਹ ਗੀਤ, ਨਾਦ, ਕਵਿਤਾ ਸੁਣ ਕੇ ਕਰਤਾਰ ਦੀ ਕੀਰਤੀ ਦਾ ਅਨੰਦ ਮਾਣਦੀ ਹੈ ; ਓਹ ਸੁਆਸ ਸੁਆਸ ਕੇਵਲ 'ਵਾਹਿਗੁਰੂ ਵਾਹਿਗੁਰੂ' ਜਪਦੀ ਹੈ, ਬਸ ਇਹੋ ਹੀ ਉਸਦੇ ਜੀਵਨ ਦਾ ਸਿਧਾਂਤ ਹੈ:-

**ਸਦ ਸਦਾ ਸਿੰਮ੍ਰਿਤਬ੍ਯ ਸੁਆਮੀ, ਸਾਸਿ ਸਾਸਿ ਗੁਣ ਬੋਲਈ॥**

**ਬਿਨਵੰਤਿ ਨਾਨਕ ਧੂਰਿ ਸਾਧੂ, ਨਾਮੁ ਪ੍ਰਭੂ ਅਮੋਲਈ॥** [ਪੰਨਾ ੬੯੧

**ਪੋਖਿ ਤੁਖਾਰੁ ਪੜੈ, ਵਣੁ ਤ੍ਰਿਣੁ ਰਸੁ ਸੋਖੈ॥ ਆਵਤ ਕੀ ਨਾਹੀ, ਮਨਿ ਤਨਿ ਵਸਹਿ ਮੁਖੇ॥ ਮਨਿ ਤਨਿ ਰਵਿ ਰਹਿਆ ਜਗਜੀਵਨੁ, ਗੁਰਸਬਦੀ ਰੰਗੁ ਮਾਣੀ॥ ਅੰਡਜ ਜੇਰਜ ਸੇਤਜ ਉਤਭੁਜ, ਘਟਿ ਘਟਿ ਜੋਤਿ ਸਮਾਣੀ॥ ਦਰਸਨੁ ਦੇਹੁ ਦਇਆਪਤਿ ਦਾਤੇ, ਗਤਿ ਪਾਵਉ ਮਤਿ ਦੇਹੋ॥ ਨਾਨਕ, ਰੰਗਿ ਰਵੈ ਰਸਿ ਰਸੀਆ, ਹਰਿ ਸਿਉ ਪ੍ਰੀਤਿ ਸਨੇਹੋ ॥੧੪॥**

## ਉਚਾਰਨ ਸੇਧ

**ਬਿੰਦੀ ਸਹਿਤ:** ਨਾਹੀਂ, ਵਸਹਿਂ, ਪਾਵਉਂ, ਸਿਉਂ ।

**ਪਦ ਅਰਥ:** ਪੋਖਿ=ਪੋਹ (ਦੇ ਮਹੀਨੇ) ਵਿਚ। ਤੁਖਾਰ=ਕੋਰਾ, ਬਰਫ। ਪੜੈ=ਪੈਂਦਾ ਹੈ। ਵਣੁ=ਬਨ, ਜੰਗਲ। ਤ੍ਰਿਣੁ=ਘਾਹ। ਸੋਖੈ=ਸੁੱਕਾ ਦੇਂਦਾ ਹੈ। ਵਸਹਿ=ਵਸਦੇ ਹਨ। ਮੁਖੇ=ਮੁਖ ਵਿਚ ਭਾਵ ਰਸਨਾ)। ਮਾਣੀ=ਮਾਣ ਸਕੀਦਾ ਹੈ। ਅੰਡਜ=ਅੰਡਿਆਂ ਤੋਂ ਪੈਦਾ ਹੋਣ ਵਾਲੇ ਜੀਵ। ਜੇਰਜ=ਜਿਓਰ ਤੋਂ ਪੈਦਾ ਹੋਣ ਵਾਲੇ ਜੀਵ। ਸੇਤਜ=ਪਸੀਨੇ (ਮੁੜਕੇ) ਤੋਂ ਪੈਦਾ ਹੋਣ ਵਾਲੇ ਜੀਵ। ਉਤਭੁਜ=ਧਰਤੀ ਤੋਂ ਪੈਦਾ ਹੋਣ ਵਾਲੇ ਜੀਵ। ਸਮਾਣੀ=ਸਮਾਈ ਹੋਈ ਹੈ। ਗਤਿ=ਗਤੀ। ਪਾਵਉ=ਮੈਂ ਪਾਵਾਂ। ਮਤਿ ਦੇਹੋ=ਅਕਲ ਦਿਉ। ਰੰਗਿ=ਪਿਆਰ ਵਿਚ। ਰਵੈ=ਮਾਣਦਾ ਹੈ। ਸਨੇਹੋ=ਪਿਆਰ।

**ਅਰਥ:** ਪੋਹ (ਦੇ ਮਹੀਨੇ) ਵਿਚ ਕੋਰਾ ਪੈਂਦਾ ਹੈ (ਜੋ) ਬਨ ਤੇ ਘਾਹ ਦੇ ਰੱਸ ਨੂੰ ਸੁਕਾ ਦੇਂਦਾ ਹੈ। (ਹੇ ਪ੍ਰਭੂ ਪਤੀ ਜੀ! ਤੁਸੀਂ ਮੇਰੇ ਹਿਰਦੇ ਰੂਪੀ ਘਰ ਵਿਚ) ਕਿਉਂ ਨਹੀਂ ਆਉਂਦੇ, (ਮੇਰੇ) ਮਨ ਵਿਚ ਸਰੀਰ ਵਿਚ, ਰਸਨਾ ਵਿਚ (ਕਿਉਂ ਨਹੀਂ) ਵਸਦੇ?। ਜਗਤ ਜੀਵਨ (ਪ੍ਰਭੂ ਹਰੇਕ ਜੀਵ ਦੇ) ਮਨ ਵਿਚ ਸਰੀਰ ਵਿਚ ਵਿਆਪਕ ਹੋ ਰਿਹਾ ਹੈ (ਉਸ ਦਾ) ਰੰਗ (ਪ੍ਰੇਮ) ਗੁਰੂ ਦੇ ਸ਼ਬਦ ਦੁਆਰਾ ਹੀ ਮਾਣ ਸਕੀਦਾ ਹੈ। (ਉਹ ਪ੍ਰਭੂ) ਅੰਡਜ, ਜੇਰਜ, ਸੇਤਜ, ਉਤਭੁਜ (ਚੌਹਾਂ ਖਾਣੀਆਂ ਦੇ ਜੀਵਾਂ) ਵਿਚ, ਹਰੇਕ ਹਿਰਦੇ ਵਿਚ, ਮੌਜੂਦ ਹੈ, ਉਸ ਦੀ) ਜੋਤਿ ਸਮਾਈ ਹੋਈ ਹੈ। ਹੇ ਦਇਆ ਪਤੀ ਦਾਤਾਰ ਜੀ! (ਮੈਨੂੰ ਆਪਣਾ) ਦਰਸ਼ਨ ਬਖਸ਼ੋ (ਮੈਨੂੰ ਅਜਿਹੀ) ਮਤਿ ਦਿਉ (ਜਿਸ ਨਾਲ ਮੈਂ ਆਤਮਿਕ) ਗਤੀ ਪਾ ਲਵਾਂ। ਨਾਨਕ (ਗੁਰੂ ਜੀ

ਫੁਰਮਾਉਂਦੇ ਹਨ ਕਿ ਜੋ ਪਤੀ ਦੇ) ਰਸ ਵਿਚ ਰਹਿਣ ਵਾਲਾ ਰਸੀਆ ਹੈ (ਵਾਹਿਗੁਰੂ ਦੇ) ਪਿਆਰ ਵਿਚ (ਪ੍ਰਭੂ ਦੇ ਮਿਲਾਪ ਰਸ ਨੂੰ) ਮਾਣਦਾ ਹੈ (ਅਤੇ ਉਸ ਦਾ) ਹਰੀ ਨਾਲ ਪ੍ਰੇਮ (ਬਣਿਆ ਰਹਿੰਦਾ ਹੈ)।੧੪।

## ਸਾਰੰਸ਼ ਅਤੇ ਸਿਧਾਂਤ

ਪੋਹ ਦੇ ਮਹੀਨੇ ਵਿਚ ਸਖਤ ਪਾਲਾ ਪੈਂਦਾ ਹੈ, ਇਥੋਂ ਤੱਕ ਕਿ 'ਵਣੁ ਤ੍ਰਿਣੁ ਰਸੁ ਸੋਖੈ' ਵਾਲੀ ਹਾਲਤ ਬਣ ਜਾਂਦੀ ਹੈ ਅਤੇ ਸਾਰੀ ਬਨਸਪਤੀ, ਘਾਹ ਦੇ ਤੀਲਿਆਂ ਨੂੰ ਵੀ ਸੁੱਕਾ ਦਿੰਦਾ ਹੈ। ਜਿਵੇਂ ਸਖਤ ਗਰਮੀ ਚੀਜ਼ਾਂ ਨੂੰ ਸਾੜ ਦਿੰਦੀ ਹੈ ਤਿਵੇਂ ਸਖ਼ਤ ਸਰਦੀ ਤੇ ਬਰਫ਼ ਨਾਲ ਪੌਦਿਆਂ ਦੇ ਪ੍ਰੁੰਗਰਨ, ਫਲਣ-ਫੁਲਣ ਵਿਚ ਵਿਘਨ ਪੈ ਜਾਂਦਾ ਹੈ। ਜੀਵ ਰੂਪ ਇਸਤਰੀ ਵੀ ਕੜਾਕੇ ਦੀ ਸਰਦੀ ਵੇਖ ਕੇ ਸੋਚਾਂ ਵਿਚ ਪੈ ਜਾਂਦੀ ਹੈ ਕਿਤੇ ਇਹ ਕੋਰਾ ਉਸ ਦੀ ਪ੍ਰੀਤ ਤੇ ਨਾ ਪੈ ਜਾਵੇ ਇਸ ਲਈ ਬੇਨਤੀ ਕਰਦੀ ਹੈ :-

**ਆਵਤ ਕੀ ਨਾਹੀ, ਮਨਿ ਤਨਿ ਵਸਹਿ ਮੁਖੇ ॥**

ਹੇ ਪ੍ਰਭੂ! ਤੇਰੀ ਕਿਰਪਾ ਦ੍ਰਿਸ਼ਟੀ ਹੋਵੇ ਤਾਂ ਮੇਰੇ ਅੰਦਰੋਂ ਆਲਸ ਦੂਰ ਹੋਵੇ, ਤੂੰ ਮੇਰੇ ਮਨ ਵਿਚ ਸਰੀਰ ਵਿਚ ਮੁਖ ਵਿਚ ਵਸ ਜਾਵੇਂ। ਮੇਰੀ ਸੁਰਤਿ ਖਾਣੀਆਂ, ਬਾਣੀਆਂ, ਪਾਣੀਆਂ, ਗੱਲ ਕੀ ਸਭੇ ਪਾਸੇ ਤੇਰੀ ਜੋਤਿ ਦੇ ਦਰਸ਼ਨ ਵਿਚ ਸਮਾਈ ਰਹੇ। ਮੇਰੇ ਅੰਦਰੋਂ ਵੱਖਰਾਪਨ ਦਾ ਭੇਦ ਮਿੱਟ ਜਾਵੇ, ਤੇਰੇ ਦਰਸ਼ਨ ਦੀ ਨਿਰੰਤਰ ਤਾਂਘ ਮੇਰੇ ਅੰਦਰ ਬਣੀ ਰਹੇ।

ਹੇ ਸਰਬ ਵਿਆਪੀ ਪ੍ਰਭੂ! ਮੈਂ ਵੇਖਦੀ ਹਾਂ ਸਾਰੇ ਸੰਸਾਰ ਵਿਚ ਤੇਰਾ ਸਾਨੀ ਕੋਈ ਨਹੀਂ ਹੈ। ਤੂੰ ਸਾਰੇ ਜਗਤ ਦਾ ਜੀਵਨ ਹੈਂ, ਸਭ ਨੂੰ ਦਾਨ ਤੇ ਪ੍ਰਾਣ ਦੇਣ ਵਾਲਾ ਹੈਂ। ਮੈਨੂੰ 'ਗੁਰ ਸਬਦੀ ਰੰਗੁ ਮਾਣੀ' ਦਾ ਦਾਨ ਦਿਓ ਤਾਂ ਜੋ ਮੇਰੀ ਸੱਦ-ਗਤੀ ਹੋ ਜਾਵੇ। ਰਸੀਏ ਜੀਵ ਦੀ ਸਦਾ ਇਹ ਲੋਚਾ ਹੁੰਦੀ ਹੈ ਕਿ ਉਸ ਦਾ ਪ੍ਰੀਤਮ ਨਾਲ ਮਿਲਾਪ ਹੋ ਜਾਵੇ।

ਅਸੂ ਕੱਤਕ ਦੇ ਮਹੀਨੇ ਵਿਚ ਜਦੋਂ ਜੀਵ ਇਸਤਰੀ ਦੇ 'ਅਸੁ ਕਤਕੇ ਹਰਿ ਪਿਆਸ ਜੀਉ' ਵਾਲੀ ਬੇਨਤੀ ਪਰਵਾਨ ਹੋ ਗਈ, ਸਿਆਲ ਦੀ ਰੁੱਤ ਵਿਚ ਪਰਮੇਸ਼ਰ ਜੀ ਹਿਰਦੇ ਵਿਚ ਪ੍ਰਗਟ ਹੋ ਗਏ, ਨਿੱਘ ਮਿਲ ਗਈ, ਪ੍ਰੇਮ ਬਿਛੋਹ ਨੇ ਮੇਲ ਕਰਾ ਦਿੱਤਾ। ਗੁਰੂ ਅਰਜਨ ਦੇਵ ਜੀ ਨੇ ਰੁਤੀ ਛੰਤ ਵਿਚ ਇਹਨਾਂ ਦੋਹਾਂ ਮਹੀਨਿਆਂ ਦੇ ਪ੍ਰਭਾਵ ਨੂੰ ਇਉਂ ਨਿਰੂਪਣ ਕੀਤਾ ਹੈ:-

**ਰੁਤਿ ਸਿਸੀਅਰ ਸੀਤਲ, ਹਰਿ ਪ੍ਰਗਟੇ ਮੰਘਰ ਪੋਹਿ ਜੀਉ ॥**
**ਜਲਨਿ ਬੁਝੀ ਦਰਸੁ ਪਾਇਆ, ਬਿਨਸੇ ਮਾਇਆ ਧ੍ਰੋਹ ਜੀਉ ॥**
**ਸਭਿ ਕਾਮ ਪੂਰੇ ਮਿਲਿ ਹਜੂਰੇ, ਹਰਿ ਚਰਣ ਸੇਵਕਿ ਸੇਵਿਆ ॥**
**ਹਾਰ ਡੋਰ ਸੀਗਾਰ ਸਭਿ ਰਸ, ਗੁਣ ਗਾਉ ਅਲਖ ਅਭੇਵਿਆ ॥**
**ਭਾਉ ਭਗਤਿ ਗੋਵਿੰਦ ਬਾਂਛਤ, ਜਮੁ ਨ ਸਾਕੈ ਜੋਹਿ ਜੀਉ ॥**
**ਬਿਨਵੰਤਿ ਨਾਨਕ ਪ੍ਰਭਿ ਆਪਿ ਮੇਲੀ, ਤਹ ਨ ਪ੍ਰੇਮ ਬਿਛੋਹ ਜੀਉ॥੬॥**[ਪੰਨਾ ੯੨੯

ਸਿਧਾਂਤ ਇਹ ਹੈ ਕਿ ਜਿਥੇ ਪ੍ਰਭੂ ਦਾ ਸਿਮਰਨ ਹੈ, ਉਥੇ ਪੋਹ ਦੀ ਸੀਤ ਲਹਿਰ ਚਰਨ ਸੇਵਕਾ ਦਾ ਕੁਝ ਨਹੀਂ ਵਿਗਾੜ ਸਕਦੀ।

ਮੱਘਰ ਪੋਹ ਦੀ ਸਿਆਲ ਦੀ ਰੁੱਤ ਤੋਂ ਹਰੀ ਮਿਲਾਪ ਦੀ ਸੀਤਲਤਾ ਦਾ ਜੋ ਅਨੰਦ ਪ੍ਰਾਪਤ ਹੁੰਦਾ ਹੈ ਉਹ ਵਿਲਖਣ ਹੈ ਕਿਉਂਕਿ ਸਭ ਵਿਛੋੜੇ ਤੇ ਸਾੜੇ ਦੂਰ ਹੋ ਜਾਂਦੇ ਹਨ।

**ਮਾਘਿ ਪੁਨੀਤ ਭਈ, ਤੀਰਥੁ ਅੰਤਰਿ ਜਾਨਿਆ ॥ ਸਾਜਨ ਸਹਜਿ ਮਿਲੇ, ਗੁਣ ਗਹਿ ਅੰਕਿ ਸਮਾਨਿਆ ॥ ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ, ਤੁਧੁ ਭਾਵਾ ਸਰਿ ਨਾਵਾ ॥ ਗੰਗ* ਜਮੁਨ ਤਹ ਬੇਣੀ ਸੰਗਮ, ਸਾਤ ਸਮੁੰਦ ਸਮਾਵਾ ॥ ਪੁੰਨ ਦਾਨ ਪੂਜਾ ਪਰਮੇਸੁਰ, ਜੁਗਿ ਜੁਗਿ ਏਕੋ ਜਾਤਾ ॥ ਨਾਨਕ, ਮਾਘਿ ਮਹਾ ਰਸੁ ਹਰਿ ਜਪਿ ਅਠਸਠਿ ਤੀਰਥ ਨਾਤਾ ॥੧੫॥**

## ਉਚਾਰਨ ਸੇਧ

**ਬਿੰਦੀ ਸਹਿਤ:** ਭਾਵਾਂ, ਨ੍ਹਾਵਾਂ, ਤਹਂ, ਸਮਾਵਾਂ, ਮਹਾਂ ਰਸ ।

**ਪਦ ਅਰਥ:** ਮਾਘਿ=ਮਾਘ ਦੇ (ਮਹੀਨੇ) ਵਿਚ। ਪੁਨੀਤ=ਪਵਿੱਤਰ। ਅੰਤਰਿ=(ਹਿਰਦੇ) ਅੰਦਰ। ਜਾਨਿਆ=ਜਾਣਿਆ, ਸਮਝਿਆ ਹੈ। ਸਹਜਿ=ਅਡੋਲ ਅਵਸਥਾ ਵਿਚ। ਗੁਣ ਗਹਿ=ਗੁਣ ਗ੍ਰਹਿਣ ਕਰਕੇ। ਅੰਕਿ=ਅੰਕ (ਹਿਰਦੇ) ਵਿਚ। ਸਮਾਨਿਆ=ਸਮਾਅ ਗਿਆ, ਲੀਨ ਹੋ ਗਿਆ। ਪ੍ਰੀਤਮ=ਹੇ ਪ੍ਰੀਤਮ!, ਪਤੀ ਪਰਮੇਸਰ। ਗੁਣ ਅੰਕੇ=(ਤੇਰੇ) ਗੁਣ ਮੈਂ (ਆਪਣੇ) ਹਿਰਦੇ ਵਿਚ (ਵਸਾਅ ਲਏ ਹਨ)। ਬੰਕੇ=ਬਾਂਕੇ, ਸੋਹਣੇ। ਸਰਿ=ਸਰੋਵਰ ਵਿਚ। ਨਾਵਾ=ਇਸ਼ਨਾਨ ਕਰਾਂ। ਗੰਗਾ=ਗੰਗਾ। ਜਮੁਨ=ਜਮਨਾ। ਤਹ=ਉਥੇ। ਬੇਣੀ ਸੰਗਮ=ਗੰਗਾ ਜਮਨਾ, ਸਰਸਵਤੀ ਤਿੰਨ ਪਵਿਤਰ ਨਦੀਆਂ ਦਾ ਮਿਲਾਪ, ਤ੍ਰਿਬੇਣੀ। ਸਾਤ** ਸਮੁੰਦ=ਸਤ ਸਮੁੰਦਰ ਭਾਵ ਸਤਿਸੰਗਤ। ਜੁਗਿ ਜੁਗਿ=ਹਰੇਕ ਜੁਗ ਵਿਚ। ਜਾਤਾ=ਜਾਣਿਆ। ਹਰਿ ਜਪਿ=ਹਰੀ ਦਾ (ਨਾਮ) ਜਪ ਕੇ। ਅਠਸਠਿ ਤੀਰਥ=ਅਠਾਹਠ ਤੀਰਥ। ਨਾਤਾ=(ਜਾਣੋ) ਨ੍ਹਾਤਾ ਗਿਆ, ਇਸ਼ਨਾਨ ਕਰ ਲਿਆ।

**ਅਰਥ:** ਮਾਘ (ਦੇ) ਮਹੀਨੇ ਵਿਚ (ਲੋਕ ਗੰਗਾ, ਪਿਰਾਗ ਆਦਿ ਤੀਰਥਾਂ ਤੇ ਇਸ਼ਨਾਨ ਦਾ ਬੜਾ ਮਹੱਤਵ ਮੰਨਦੇ ਹਨ ਪਰ ਜਿਸ ਜੀਵ ਇਸਤਰੀ ਨੇ ਸੱਚਾ) ਤੀਰਥ (ਆਪਣੇ ਹਿਰਦੇ) ਵਿਚ ਸਮਝ ਲਿਆ ਹੈ (ਉਸ ਨੂੰ) ਸਜਣ ਸਹਜ ਸੁਭਾਵਿਕ ਹੀ ਮਿਲ ਪਏ (ਜਿਸ ਦੇ ਫਲ ਸਰੂਪ) ਗੁਣਾਂ ਨੂੰ ਗ੍ਰਹਿਣ ਕਰਕੇ (ਉਹ ਪਤੀ ਪਰਮੇਸ਼ਰ ਦੇ) ਸਰੂਪ ਵਿਚ ਲੀਨ ਹੋ ਗਈ। (ਉਹ ਜੀਵ ਇਸਤਰੀ ਆਖਦੀ ਹੈ ਕਿ) ਹੇ ਮੇਰੇ ਸੁੰਦਰ ਪ੍ਰੀਤਮ ਪ੍ਰਭੂ! (ਮੇਰੀ ਬੇਨਤੀ) ਸੁਣ (ਮੈਂ ਤੇਰੇ) ਗੁਣ ਹਿਰਦੇ ਵਿਚ (ਧਾਰਨ ਕੀਤੇ

*(ਗੰਗ) ਭਗਤੀ (ਜਮੁਨ) ਕਰਮ ਕਥਾ ਬ੍ਰਹਮ ਵਿਚਾਰ ਸ੍ਰਸ੍ਵਤੀ ਇਹ ਤ੍ਰਿਬੇਣੀ ਦਾ ਸੰਗਮ ਹੈ। ਸਾਧਨ, ਸ੍ਰਵਨ, ਮਨਨ, ਨਿਧਿਆਸਨ, ਇਸ ਤਰ੍ਹਾਂ ਵਿਸ਼ੇਸ਼ ਸਤ ਸਮੁੰਦਰ ਵੀ ਕਹੇ ਜਾਂਦੇ ਹਨ।

**ਪੁਰਾਣਾਂ ਵਿਚ ਸਤ ਸਮੁੰਦਰ ਇਹ ਲਿਖੇ ਹੋਏ ਹਨ (੧) ਦੁੱਧ ਦਾ ਸਮੁੰਦਰ (੨) ਦਹੀ ਦਾ ਸਮੁੰਦਰ (੩) ਘੀ ਦਾ ਸਮੁੰਦਰ (੪) ਇੱਖ ਦੇ ਰਸ ਦਾ ਸਮੁੰਦਰ (੫)ਸੁਹਿਦ ਦਾ ਸਮੁੰਦਰ (੬) ਮਿੱਠੇ ਜਲ ਦਾ ਸਮੁੰਦਰ, ਅਤੇ (੭) ਖਾਰੇ ਪਾਣੀ ਦਾ ਸਮੁੰਦਰ ਪਰ ਗੁਰਬਾਣੀ ਵਿੱਚ 'ਸਾਤ ਸਮੁੰਦ ਭਰੇ ਨਿਰਮਲ ਨੀਰ' ਅੰਕਿਤ ਹੈ ਜੋ ਪੁਰਾਣਿਕ ਵੀਚਾਰਾਂ ਦੇ ਉਲਟ ਹੈ।

ਹਨ ਜੇ ਮੈਂ) ਤੈਨੂੰ ਚੰਗੀ ਲੱਗਾਂ (ਤਾਂ ਸਤਿਸੰਗ ਰੂਪ) ਸਰੋਵਰ ਵਿਚ ਮੈਂ ਇਸ਼ਨਾਨ ਕਰਾਂ। (ਜਿਥੇ) ਗੰਗਾ ਜਮੁਨਾ (ਤੇ ਸਰਸਵਤੀ ਨਦੀਆਂ ਦਾ) ਮਿਲਾਪ ਜੋ ਤ੍ਰਿਬੇਣੀ (ਦਾ ਪ੍ਰਤੀਕ ਹੈ, ਮੈਂ) ਉਥੇ ਹੀ ਸਤ ਸਮੁੰਦਰ (ਭਾਵ ਸਤਿ ਸੰਗਤ ਵਿਚ) ਸਮਾਈ ਰਹਾਂ। (ਹੇ ਭਾਈ! ਜਿਸ ਨੇ) ਹਰੇਕ ਜੁਗ ਵਿਚ ਇਕ ਪਰਮੇਸ਼ੁਰ ਦੀ (ਵਿਆਪਕਤਾ ਨੂੰ) ਜਾਣਿਆ ਹੈ (ਉਸ ਨੇ ਸਾਰੇ) ਪੁੰਨ, ਦਾਨ ਤੇ ਪੂਜਾ (ਆਦਿ ਕਰਮ ਕਰ ਲਏ)। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਮਾਘ ਦੇ ਮਹੀਨੇ ਵਿਚ (ਜਿਸ ਨੇ) ਹਰੀ ਦਾ ਨਾਮ ਜਪ ਕੇ ਮਹਾਨ ਰਸ (ਪੀ ਲਿਆ ਹੈ, ਉਸ ਨੇ ਮਾਨੋ) ਅਠਾਹਠ ਤੀਰਥਾਂ ਦਾ ਇਸ਼ਨਾਨ ਕਰ ਲਿਆ ਹੈ।੧੫।

## ਸਾਰੰਸ਼ ਅਤੇ ਸਿਧਾਂਤ

ਗੁਰਬਾਣੀ ਵਿਚ ਬਾਹਰਲੇ ਤੀਰਥ ਦੀ ਵਡਿਆਈ ਲਈ ਕੋਈ ਵਿਸ਼ੇਸ਼ ਥਾਂ ਨਹੀਂ। ਜਦੋਂ ਗੁਰੂ ਪਰਮੇਸ਼ਰ ਜੀ ਦੀ ਕਿਰਪਾ ਹੋ ਜਾਂਦੀ ਹੈ ਤਾਂ ਜਗਿਆਸੂ ਨੂੰ 'ਅੰਤਰਿ ਗਤਿ ਤੀਰਥ ਮਲਿ ਨਾਉ' ਦਾ ਗਿਆਨ ਹੋ ਜਾਂਦਾ ਹੈ ਅਤੇ ਉਸ ਦੀ ਬਾਹਰਮੁਖੀ ਭਟਕਣਾ ਖਤਮ ਹੋ ਜਾਂਦੀ ਹੈ। ਉਸ ਨੂੰ ਸਾਈਂ ਦੀ ਸਿਫਤਿ ਬਾਰੇ ਸੋਝੀ ਆ ਜਾਂਦੀ ਹੈ:-

**ਗੰਗ ਬਨਾਰਸਿ ਸਿਫਤਿ ਤੁਮਾਰੀ, ਨਾਵੈ ਆਤਮ ਰਾਉ ॥**
**ਸਚਾ ਨਾਵਣੁ ਤਾਂ ਥੀਐ, ਜਾਂ ਅਹਿਨਿਸਿ ਲਾਗੈ ਭਾਉ ॥** [ਪੰਨਾ ੩੫੮

ਭਾਵ ਪਰਮੇਸ਼ਰ ਦੀ ਸਿਫਤਿ ਦਾ ਗਾਇਨ ਕਰਨਾ ਗੰਗਾ ਤੇ ਬਨਾਰਸ ਹੈ। ਪਰਮੇਸ਼ਰ ਦੇ ਚਰਨਾਂ ਵਿਚ ਚਿਤ ਜੋੜਨਾ ਇਹ ਜਮਨਾ ਹੈ। ਸੁਰਤਿ ਦਾ ਸਮਾਉਣਾ, ਇਹ ਸਰਸਵਤੀ ਭਾਵ ਤਿੰਨਾਂ ਦਾ ਸੰਗਮ ਹੈ। ਜਦੋਂ ਹਿਰਦੇ ਅੰਦਰ ਦੈਵੀ ਗੁਣ ਆ ਵਸੇ ਸਹਿਜੇ ਹੀ ਸੱਚੇ ਸਾਹਿਬ ਦਾ ਮਿਲਾਪ ਹੋ ਗਿਆ। ਇਹ ਤ੍ਰਿਬੇਣੀ ਦਾ ਸੰਗਮ ਤੇ ਸਤ ਸਮੁੰਦਰ ਮਾਨੋ ਸਤਿਸੰਗਤ ਦਾ ਰੂਪ ਧਾਰ ਕੇ ਜਗਿਆਸੂ ਦੇ ਮਨ ਵਿਚ ਆ ਵਸੇ ਹਨ। ਜੇ ਪਰਮੇਸ਼ਰ ਦਾ ਨਾਮ ਚੇਤੇ ਆਵੇ ਤਾਂ ਸਾਰੇ ਪੁੰਨ ਦਾਨ ਪੂਜਾ, ਜਪ ਤਪ ਕਰਮ ਸੁਤੇ ਹੀ ਇਸ ਇਸ਼ਨਾਨ ਵਿਚ ਆ ਜਾਂਦੇ ਹਨ। ਮਾਘ ਦੇ ਮਹੀਨੇ ਵਿਚ ਤੀਰਥ ਇਸ਼ਨਾਨ ਦਾ ਵੱਡਾ ਫਲ ਇਹ ਪ੍ਰਾਪਤ ਹੋਇਆ ਕਿ ਪਰਮੇਸ਼ਰ ਚਿਤ ਵਿਚ ਆ ਵਸਿਆ।

ਜਪੁ ਬਾਣੀ ਵਿਚ ਹਰ ਰੋਜ਼ ਪੜ੍ਹਦੇ ਹਾਂ:-

**ਤੀਰਥਿ ਨਾਵਾ ਜੇ ਤਿਸੁ ਭਾਵਾ, ਵਿਣੁ ਭਾਣੇ ਕਿ ਨਾਇ ਕਰੀ॥**

'ਤੀਰਥਿ ਅੰਤਰਿ ਜਾਨਿਆ' ਦਾ ਬਹੁਤ ਫਲ ਹੈ। ਜਦੋਂ ਜਗਿਆਸੂ ਨੂੰ ਅੰਦਰਲੇ ਤੀਰਥ ਦੀ ਸਮਝ ਪੈ ਜਾਂਦੀ ਹੈ ਤਾਂ ਉਸ ਦੀ ਬਾਹਰਲੇ ਇਸ਼ਨਾਨ ਵਾਲੀ ਭਟਕਣਾ ਮੁੱਕ ਜਾਂਦੀ ਹੈ:-

**ਕਾਯਉ ਦੇਵਾ, ਕਾਇਅਉ ਦੇਵਲ, ਕਾਇਅਉ ਜੰਗਮ ਜਾਤੀ ॥**
**ਕਾਇਅਉ ਧੂਪ ਦੀਪ ਨਈਬੇਦਾ, ਕਾਇਅਉ ਪੂਜਉ ਪਾਤੀ ॥੧॥**
**ਕਾਇਆ ਬਹੁ ਖੰਡ ਖੋਜਤੇ ਨਵਨਿਧਿ ਪਾਈ ॥**
**ਨਾ ਕਛੁ ਆਇਬੋ ਨਾ ਕਛੁ ਜਾਇਬੋ, ਰਾਮ ਕੀ ਦੁਹਾਈ॥੧॥ਰਹਾਉ॥**
**ਜੋ ਬ੍ਰਹਮੰਡੇ ਸੋਈ ਪਿੰਡੇ, ਜੋ ਖੋਜੈ ਸੋ ਪਾਵੈ ॥**

**ਪੀਪਾ ਪ੍ਰਣਵੈ ਪਰਮ ਤਤੁ ਹੈ, ਸਤਿਗੁਰੁ ਹੋਇ ਲਖਾਵੈ ॥** [ਪੰਨਾ ੬੯੫

ਅੰਤਰੀਵ ਤੀਰਥ ਦਾ ਭੇਦ ਭਗਤ ਬੇਣੀ ਜੀ ਨੇ ਇਉਂ ਖੋਲ੍ਹਿਆ ਹੈ:-

**ਇੜਾ ਪਿੰਗੁਲਾ ਸੁਖਮਨਾ, ਤੀਨਿ ਬਸਹਿ ਇਕ ਠਾਈ ॥**

**ਬੇਣੀ ਸੰਗਮੁ ਤਹ ਪਿਰਾਗੁ, ਮਨੁ ਮਜਨੁ ਕਰੇ ਤਿਥਾਈ ॥** [ਪੰਨਾ ੯੭੪

ਜਿਸ ਨੂੰ ਗੁਰੂ ਰਾਹੀਂ ਵਾਹਿਗੁਰੂ ਜੀ ਦੀ ਅਨੁਭਵਤਾ ਹੋ ਜਾਂਦੀ ਹੈ ਉਸ ਨੂੰ ਨਾ ਤੀਰਥ ਇਸ਼ਨਾਨ ਦੀ ਲੋੜ ਹੈ ਨਾ ਇੜਾ ਪਿੰਗਲਾ ਆਦਿ ਪ੍ਰਾਣਾ-ਯਾਮ ਕਰਨ ਦੀ ਲੋੜ ਹੈ। ਉਹ ਅੰਮ੍ਰਿਤ ਮਈ ਬਾਣੀ 'ਜਪੁ' ਵਿਚ ਨਿਰੰਤਰ ਇਸ਼ਨਾਨ ਕਰਦਾ ਰਹਿੰਦਾ ਹੈ ਜਿਸ ਨਾਲ ਉਸ ਦਾ ਹਿਰਦਾ ਸਦਾ ਲਈ ਸ਼ਾਂਤ ਹੋ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਸਿੱਖਾਂ ਨੂੰ ਸੱਚੇ ਤੀਰਥ ਦੇ ਇਸ਼ਨਾਨ ਦਾ ਪੂਰਨ ਗਿਆਨ ਹੇਠ ਲਿਖੇ ਸ਼ਬਦ ਰਾਹੀਂ ਕਰਾ ਦਿੱਤਾ ਹੈ:-

**ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥**<br>
**ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥**<br>
**ਗੁਰ ਗਿਆਨੁ ਸਾਚਾ ਥਾਨੁ ਤੀਰਥੁ, ਦਸ ਪੁਰਬ ਸਦਾ ਦਸਾਹਰਾ ॥**<br>
**ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥**<br>
**ਸੰਸਾਰੁ ਰੋਗੀ ਨਾਮੁ ਦਾਰੂ, ਮੈਲੁ ਲਾਗੈ ਸਚ ਬਿਨਾ ॥**<br>
**ਗੁਰ ਵਾਕੁ ਨਿਰਮਲ ਸਦਾ ਚਾਨਣੁ, ਨਿਤ ਸਾਚੁ ਤੀਰਥੁ ਮਜਨਾ ॥** [ਪੰਨਾ ੬੮੭

ਗੁਰਮਤੁ ਮਾਰਤੰਡ ਦੇ ਕਰਤਾ ਨੇ ਤੀਰਥ ਇਸ਼ਨਾਨ ਤੇ ਦਰਸ਼ਨ ਬਾਰੇ ਜੋ ਜਾਣਕਾਰੀ ਦਿੱਤੀ ਹੈ, ਉਸ ਤੋਂ ਪਾਠਕਾਂ ਨੂੰ ਜਾਣੂੰ ਕਰਾਉਣਾ ਅਤਿ ਜ਼ਰੂਰੀ ਹੈ- ***"ਲੋਕਾਂ ਨੂੰ ਹਿਤ ਦਾ ਉਪਦੇਸ਼ ਦੇਣ, ਕੁਕਰਮਾਂ ਦੇ ਬੰਧਨਾਂ ਤੋਂ ਮੁਕਤ ਕਰਨ ਅਤੇ ਆਮਿਲ ਤਥਾ ਆਲਿਮ ਸੱਜਨਾ ਦੀ ਸੰਗਤਿ ਤੋਂ ਲਾਭ ਪ੍ਰਾਪਤ ਕਰਨ ਅਰ ਵਾਕਫੀਯਤ ਵਧਾਉਣ ਲਈ ਤੀਰਥਾਂ ਤੇ ਜਾਣਾ ਲਾਭਦਾਯਕ ਹੈ, ਪਰ ਕੇਵਲ ਤੀਰਥ ਸਨਾਨ ਅਤੇ ਦਰਸ਼ਨ ਤੋਂ ਹੀ ਗਤਿ ਮੰਨਣੀ ਅਵਿਦਯਾ ਹੈ। ਜੋ ਲੋਕ ਬਾਲਕ ਬਿਰਧ ਰੋਗੀ ਅਤੇ ਕਮਜ਼ੋਰ ਇਸਤ੍ਰੀਆਂ ਨੂੰ ਤੀਰਥਾਂ ਦੇ ਪਰਬਾਂ ਤੇ ਭੀੜ ਵਿੱਚ ਲੈ ਜਾਕੇ ਦੁੱਖ ਦੇਣ ਦਾ ਕਾਰਣ ਬਣਦੇ ਅਤੇ ਬੇਅੰਤ ਭਯਾਨਕ ਰੋਗਾਂ ਦੇ ਫੈਲਾਉਣ ਵਿੱਚ ਸਹਾਈ ਹੁੰਦੇ ਹਨ, ਉਹ ਦੇਸ਼ ਅਤੇ ਕੌਮ ਦੇ ਵੈਰੀ ਅਰ ਨਿਰਾਰਥਕ ਧਨ ਨਾਸ਼ ਕਰਣ ਦੇ ਦੋਸ਼ੀ ਹਨ।"*** ਪਿਤਾ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ:-

੧. **ਸਚਾ ਤੀਰਥੁ ਜਿਤੁ ਸਤਿਸਰਿ ਨਾਵਣੁ, ਗੁਰਮੁਖਿ ਆਪਿ ਬੁਝਾਏ ॥**<br>
**ਅਠਸਠਿ ਤੀਰਥ ਗੁਰਸਬਦਿ ਦਿਖਾਏ, ਤਿਤੁ ਨਾਤੈ ਮਲੁ ਜਾਏ ॥** [ਪੰਨਾ ੭੫੩

੨. **ਨਾਨਕ ਧੂੜਿ ਪੁਨੀਤ ਸਾਧ, ਲਖ ਕੋਟਿ ਪਿਰਾਣੀ ॥** [ਪੰਨਾ ੩੨੨

ਰੱਸਾਂ ਦੀ ਪ੍ਰਾਪਤੀ ਦਾ ਸੋਮਾ ਸਾਧੂ-ਸੰਗ ਹੈ ਜਿਥੋਂ ਨਾਮ ਦਾ ਰੰਗ ਚੜ੍ਹਦਾ ਹੈ।

**ਫਲਗੁਨਿ ਮਨਿ ਰਹਸੀ ਪ੍ਰੇਮੁ ਸੁਭਾਇਆ ॥ ਅਨਦਿਨੁ ਰਹਸੁ ਭਇਆ, ਆਪੁ ਗਵਾਇਆ ॥ ਮਨ ਮੋਹੁ ਚੁਕਾਇਆ, ਜਾ ਤਿਸੁ ਭਾਇਆ, ਕਰਿ ਕਿਰਪਾ ਘਰਿ ਆਓ ॥ ਬਹੁਤੇ ਵੇਸ ਕਰੀ ਪਿਰ ਬਾਝਹੁ, ਮਹਲੀ ਲਹਾ ਨ ਥਾਓ ॥ ਹਾਰ ਡੋਰ ਰਸ ਪਾਟ ਪਟੰਬਰ, ਪਿਰਿ ਲੋੜੀ ਸੀਗਾਰੀ ॥ ਨਾਨਕ ਮੇਲਿ ਲਈ ਗੁਰਿ ਅਪਣੈ, ਘਰਿ ਵਰੁ ਪਾਇਆ ਨਾਰੀ ॥੧੬॥**

## ਉਚਾਰਨ ਸੇਧ

**ਬਿੰਦੀ ਸਹਿਤ:** ਜਾਂ, ਕਰੀਂ, ਬਾਝਹੁੰ, ਲਹਾਂ, ਥਾਉਂ, ਸੀਗਾਰੀਂ।

**ਪਦ ਅਰਥ:** ਫਲਗੁਨਿ=ਫਗਣ ਦੇ (ਮਹੀਨੇ) ਵਿਚ। ਮਨਿ=ਮਨ ਵਿਚ। ਰਹਸੀ=(ਆਤਮਿਕ) ਖੁਸ਼ੀ ਹੋਈ। ਸੁਭਾਇਆ=ਚੰਗਾ ਲੱਗਾ। ਅਨਦਿਨੁ=ਹਰ ਰੋਜ਼। ਰਹਸੁ ਭਇਆ=ਅਨੰਦ (ਖਿੜਾਓ) ਪੈਦਾ ਹੋ ਗਿਆ। ਆਪੁ=ਆਪਾ-ਪਨ, ਅਹੰਕਾਰ। ਗਵਾਇਆ=ਦੂਰ ਕੀਤਾ। ਮਨ ਮੋਹੁ=ਮਨ ਦਾ (ਮਾਇਆ ਰੂਪੀ) ਮੋਹ। ਚੁਕਾਇਆ=ਦੂਰ ਕੀਤਾ। ਜਾ=ਜਦੋਂ। ਤਿਸੁ=ਉਸ (ਪ੍ਰਭੂ) ਨੂੰ। ਭਾਇਆ=ਚੰਗਾ ਲੱਗਾ। ਘਰਿ=(ਹਿਰਦੇ ਰੂਪੀ) ਘਰ ਵਿਚ। ਵੇਸ=ਪਹਿਰਾਵੇ। ਕਰੀ=ਮੈਂ ਕਰਦੀ ਹਾਂ। ਪਿਰ ਬਾਝਹੁ=ਪਤੀ ਤੋਂ ਬਿਨਾ। ਮਹਲੀ=(ਪ੍ਰਭੂ ਦੇ) ਮਹਲਿ ਵਿਚ। ਲਹਾ ਨ ਥਾਉ=ਮੈਂ ਥਾਂ ਨਹੀਂ ਲਭ ਸਕਦੀ, ਪ੍ਰਾਪਤ ਕਰ ਸਕਦੀ। ਹਾਰ=ਮੋਤੀਆਂ, ਫੁੱਲ ਆਦਿਕ ਦੀ ਮਾਲਾ। ਡੋਰ=ਭੁਜਾ ਬੰਦ, ਬਾਜੂਬੰਦ। ਪਾਟ ਪਟੰਬਰ=ਰੇਸ਼ਮੀ ਕਪੜੇ। ਪਿਰਿ=ਪਤੀ ਨੇ। ਲੋੜੀ=ਲੋੜ ਲਈ। ਸੀਗਾਰੀ=ਸ਼ਿੰਗਾਰ। ਗੁਰਿ ਅਪਣੈ=ਆਪਣੇ ਗੁਰੂ ਨੇ। ਘਰਿ=(ਹਿਰਦੇ) ਰੂਪੀ ਘਰ ਵਿਚ। ਵਰੁ=ਖਸਮ, ਪਤੀ। ਨਾਰੀ=(ਜੀਵ) ਇਸਤਰੀ ਨੇ।੧੬।

**ਅਰਥ:** ਫਗਣ ਦੇ ਮਹੀਨੇ ਵਿਚ (ਜੀਵ ਇਸਤਰੀ ਦੇ) ਮਨ ਵਿਚ (ਆਤਮਿਕ) ਖੁਸ਼ੀ ਹੈ (ਕਿਉਂਕਿ ਉਸ ਨੂੰ) ਪਤੀ ਦਾ ਪ੍ਰੇਮ ਚੰਗਾ ਲੱਗਾ ਹੈ। (ਜਦ ਜੀਵ ਇਸਤਰੀ ਨੇ) ਆਪਾ-ਪਨ, (ਅਹੰਕਾਰ) ਗਵਾ ਦਿੱਤਾ (ਤਾਂ ਉਸ ਦੇ ਮਨ ਵਿਚ) ਦਿਨ ਰਾਤ ਭਾਵ ਹਰ ਰੋਜ਼ ਖੇੜਾ ਹੀ ਖੇੜਾ ਹੋ ਗਿਆ। ਜਦ (ਜੀਵ ਇਸਤ੍ਰੀ) ਉਸ (ਪਤੀ-ਪਰਮੇਸ਼ਰ) ਨੂੰ ਚੰਗੀ ਲਗੀ (ਤਦ ਜੀਵ-ਇਸਤਰੀ ਨੇ ਆਪਣੇ) ਮਨ ਦਾ ਮੋਹ ਦੂਰ ਕਰ ਦਿੱਤਾ (ਅਤੇ ਬੇਨਤੀ ਕੀਤੀ ਕਿ ਹੇ ਪ੍ਰੀਤਮ!) ਕਿਰਪਾ ਕਰਕੇ (ਮੇਰੇ ਹਿਰਦੇ ਰੂਪੀ) ਘਰ ਵਿਚ ਆਓ।

(ਹੇ ਭਾਈ! ਮੈਂ) ਪਤੀ-ਮਿਲਾਪ ਤੋਂ ਬਿਨਾ ਬਹੁਤੇ ਵੇਸ ਕਰਦੀ ਹਾਂ (ਪਰ ਉਸ ਪਤੀ ਦੇ) ਮਹਿਲ ਵਿਚੇ (ਰਹਿਣ ਲਈ) ਥਾਂ (ਟਿਕਾਣਾ) ਨਹੀਂ ਲਭਦਾ। ਪਤੀ (ਪਰਮੇਸ਼ਰ) ਨੇ (ਜਿਹੜੀ ਜੀਵ-ਇਸਤਰੀ) ਮੇਲ ਲਈ (ਭਾਵ ਪਸੰਦ ਕਰ ਲਈ ਉਸ ਦੇ) ਮੋਤੀ-ਫੁੱਲਾਂ ਆਦਿਕ ਦੀ ਮਾਲਾ, ਬਾਜੂਬੰਦ, (ਖ਼ਾਨ-ਪਾਨ), ਰਸ (ਅਤੇ) ਰੇਸ਼ਮੀ ਕਪੜੇ (ਸਭ ਵਿਚੇ ਆ ਗਏ)। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਅਜਿਹੀ ਜੀਵ-ਇਸਤਰੀ) ਆਪਣੇ ਗੁਰੂ ਨੇ ਆਪਣੇ ਨਾਲ ਮੇਲ ਲਈ ਹੈ (ਅਤੇ ਉਸ ਜੀਵ) ਇਸਤਰੀ ਨੇ ਹਿਰਦੇ ਰੂਪੀ ਘਰ ਵਿਚ ਪਤੀ-ਪਰਮੇਸ਼ਰ ਪਾ ਲਿਆ ਹੈ।੧੬।

## ਸਾਰੰਸ਼ ਅਤੇ ਸਿਧਾਂਤ

ਆਤਮਿਕ ਰਸ ਦੇ ਖੇੜੇ ਨਾਲ ਜਦ ਮਨ ਵਿਚ ਵਿਸਮਾਦ ਆ ਗਿਆ, 'ਆਪੁ ਗਇਆ, ਤਾ ਆਪਹਿ ਭਏ॥' (ਪੰਨਾ ੨੦੨) ਭਾਵ ਮਨ ਦਾ ਮੋਹ ਮਿਟ ਗਿਆ। ਹੁਣ ਬਾਹਰਲੇ ਸ਼ਿੰਗਾਰ ਦੀ ਲੋੜ ਹੀ ਨਹੀਂ ਰਹੀ ਕਿਉਂਕਿ ਹਾਰ-ਸ਼ਿੰਗਾਰ ਪਤੀ ਨੂੰ ਰੀਝਾਉਣ ਲਈ ਹੁੰਦੇ ਹਨ, ਜਦੋਂ ਉਹ ਰੀਝ ਗਿਆ ਫਿਰ ਸਾਰੀ ਚਿੰਤਾ ਮਿਟ ਗਈ।

ਪਤਝੜ ਤੋਂ ਬਾਅਦ ਬਸੰਤ ਬਹਾਰ ਦੀ ਰੁੱਤ ਫਗਣ ਦੇ ਮਹੀਨੇ ਵਿਚ ਪ੍ਰਗਟ ਹੁੰਦੀ ਹੈ। ਬਸੰਤ ਸਰਦੀ ਦਾ ਖ਼ਾਤਮਾ ਕਰਦੀ ਹੈ। ਰੁੱਤਾਂ ਮੌਸਮ ਅਧੀਨ ਹੁੰਦੀਆਂ ਹਨ ਅਤੇ ਭਵਰੇ ਫੁੱਲ ਰੁੱਤਾਂ ਅਧੀਨ ਹੁੰਦੇ ਹਨ। ਮਨੁੱਖ ਭੀ ਕੋਇਲਾਂ ਤੇ ਭੌਰਿਆਂ ਦੀ ਮਧੁਰ ਆਵਾਜ਼ ਦੇ ਅਧੀਨ ਸਰੀਰਕ ਅਨੰਦ ਮਾਣਦਾ ਹੈ। ਰੁੱਤਾਂ ਦੇ ਸਮਾਪਤ ਹੋਣ ਨਾਲ ਕੋਇਲਾਂ ਤੇ ਭੌਰੇ ਭੀ ਮੋਨ ਧਾਰ ਲੈਂਦੇ ਹਨ। ਭਾਵ ਜਿਸ ਜੀਵ-ਇਸਤਰੀ ਨੇ ਪਤੀ ਪ੍ਰੇਮ ਨੂੰ ਸ਼ਿੰਗਾਰ ਦੇ ਤਲ ਤੱਕ ਸੀਮਤ ਰਖਿਆ, ਉਹ ਅੰਬਰ ਦੇ ਨਾਸ਼ਵੰਤ ਹੋਣ ਕਰਕੇ, ਆਪਣਾ ਪ੍ਰੇਮ ਖੁਹਾ ਬੈਠਦੀ ਹੈ। ਹਾਂ, ਜਿਸ ਇਸਤਰੀ ਦੀ ਪਤੀ ਨਾਲ ਸੁਰ ਮਿਲ ਗਈ ਉਹ ਦਿਨ ਰਾਤ ਵਿਸਮਾਦ ਵਿਚ ਅਨੰਦ ਮਾਣਦੀ ਹੈ।

ਇਹ ਵਿਸਮਾਦ ਵਿਗਿਆਨੀਆਂ ਵਾਲਾ ਨਹੀਂ ਜੋ ਗਿਣਤੀ ਮਿਣਤੀ ਤੱਕ ਸੀਮਤ ਹੈ। ਵਿਗਿਆਨ ਵਿਚ ਮੋਹ ਹੈ, ਵੇਸ ਦੀ ਪਕੜ ਧਕੜ ਹੈ, ਮਨ ਦਾ ਖਿੰਡਾਉ ਹੈ, ਟਿਕਾਉ ਨਹੀਂ ਹੈ। ਗੁਰਮਤਿ ਦੇ ਵਿਲੱਖਣ ਅਨੁਭਵ ਦਾ ਸਦਕਾ ਪਰਮੇਸ਼ਰ ਦੇ ਰੰਗਾਂ ਦੀਆਂ ਅਦ੍ਰਿਸ਼ਟ ਝਲਕਾਂ ਦੇ ਰਹੱਸ ਦਾ ਨਵੇਕਲਾ ਅਸਥਾਨ ਹੈ। ਜੀਵ-ਇਸਤਰੀ ਜਿਤਨਾ ਜੀਅ ਚਾਹੇ ਬਾਹਰਲਾ ਹਾਰ-ਸ਼ਿੰਗਾਰ ਕਰੀ ਜਾਏ ਪਤੀ-ਪਰਮੇਸ਼ਰ ਦਾ ਮਿਲਾਪ ਪ੍ਰਾਪਤ ਨਹੀਂ ਕਰ ਸਕਦੀ ਅਤੇ ਨਾ ਹੀ ਪ੍ਰੀਤਮ ਦੇ ਨਦਰ ਦੀ ਪਾਤਰ ਬਣ ਸਕਦੀ ਹੈ ਕਿਉਂਕਿ ਉਸ ਨੇ ਅਉਗਣ ਛੱਡ ਕੇ ਗੁਣਾਂ ਨੂੰ ਗ੍ਰਹਿਣ ਨਹੀਂ ਕੀਤਾ ਹੁੰਦਾ। ਅੰਦਰਲੀ ਅਵਸਥਾ ਤਾਂ ਹੀ ਬਣਦੀ ਹੈ ਜੇ ਗੁਣਾਂ ਵਲ ਧਾਈ ਕੀਤੀ ਜਾਏ। ਗੁਰਵਾਕ ਹਨ:-

**੧. ਅਵਗੁਣ ਛੋਡਿ ਗੁਣਾ ਕਉ ਧਾਵਹੁ, ਕਰਿ ਅਵਗੁਣ ਪਛੁਤਾਹੀ ਜੀਉ॥ [ਪੰਨਾ ੫੯੯**

**੨. ਅਉਗੁਣ ਵਿਕਣਿ ਪਲਰੀ, ਜਿਸੁ ਦੇਹਿ ਸੁ ਸਚੇ ਪਾਏ ॥ [ਪੰਨਾ ੩੦੩**

ਜਦੋਂ ਤੱਕ ਜੀਵ ਇਸਤਰੀ ਦੇ ਹਿਰਦੇ ਵਿਚ ਸ਼ਰਧਾ ਤੇ ਗਿਆਨ ਭਾਵਨਾ ਦੀ ਰਾਸ ਇਕੱਠੀ ਨਹੀਂ ਹੁੰਦੀ, ਓਦੋਂ ਤੱਕ 'ਆਗਿਆਕਾਰੀ ਸਦਾ ਸੋਹਾਗਣਿ' ਨਹੀਂ ਬਣ ਸਕਦੀ ਅਤੇ ਨਾ ਹੀ ਪਤੀ ਦਾ ਮਹਿਲ ਪਾ ਸਕਦੀ ਹੈ। ਸਿਧਾਂਤ ਇਹ ਹੈ ਕਿ ਜੀਵ-ਇਸਤਰੀ ਪਿਰ-ਲੋੜੀ ਭਾਵਨਾ ਦੇ ਸਹਿਜ-ਸ਼ਿੰਗਾਰ ਨਾਲ ਆਪਣੇ ਆਪ ਨੂੰ ਸਵਾਰਦੀ ਹੈ, ਉਹ ਆਪਣੇ ਮਨੋਰਥ ਵਿਚ ਸਫਲ ਹੁੰਦੀ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰੁਤੀ ਛੰਤਾਂ ਵਿਚ ਮਾਹ ਤੇ ਫਗਣ ਦੋਹਾਂ ਮਹੀਨਿਆਂ ਵਿਚ 'ਗ੍ਰਿਹਿ ਲਾਲ ਆਏ' ਨੂੰ ਜਿਵੇਂ ਨਿਰੂਪਣ ਕੀਤਾ ਹੈ, ਉਸ ਤੋਂ ਨਾਮ ਜਪ ਕੇ ਆਤਮਿਕ ਅਨੰਦ ਮਾਣਨ ਦੀ ਸੋਧ ਮਿਲਦੀ ਹੈ:-

**ਹਿਮਕਰ ਰੁਤਿ ਮਨਿ ਭਾਵਤੀ, ਮਾਘੁ ਫਗਣੁ ਗੁਣਵੰਤ ਜੀਉ ॥**

ਸਖੀ ਸਹੇਲੀ ਗਾਉ ਮੰਗਲੋ, ਗ੍ਰਿਹਿ ਆਏ ਹਰਿ ਕੰਤ ਜੀਉ ॥
ਗ੍ਰਿਹਿ ਲਾਲ ਆਏ, ਮਨਿ ਧਿਆਏ, ਸੇਜ ਸੁੰਦਰਿ ਸੋਹੀਆ ॥
ਵਣੁ ਤ੍ਰਿਣ ਤ੍ਰਿਭਵਣ ਭਏ ਹਰਿਆ, ਦੇਖਿ ਦਰਸਨ ਮੋਹੀਆ ॥
ਮਿਲੇ ਸੁਆਮੀ ਇਛ ਪੁੰਨੀ, ਮਨਿ ਜਪਿਆ ਨਿਰਮਲ ਮੰਤ ਜੀਉ ॥
ਬਿਨਵੰਤਿ ਨਾਨਕ ਨਿਤ ਕਰਹੁ ਰਲੀਆ, ਹਰਿ ਮਿਲੇ ਸ੍ਰੀ ਧਰ ਕੰਤ ਜੀਉ॥(ਪੰਨਾ ੯੨੯

**ਬੇ ਦਸ ਮਾਹ, ਰੁਤੀ ਥਿਤੀ ਵਾਰ ਭਲੇ ॥ ਘੜੀ ਮੂਰਤ ਪਲ ਸਾਚੇ, ਆਏ ਸਹਜਿ ਮਿਲੇ ॥ ਪ੍ਰਭ ਮਿਲੇ ਪਿਆਰੇ, ਕਾਰਜ ਸਾਰੇ, ਕਰਤਾ ਸਭ ਬਿਧਿ ਜਾਣੈ ॥ ਜਿਨਿ ਸੀਗਾਰੀ, ਤਿਸਹਿ ਪਿਆਰੀ, ਮੇਲੁ ਭਇਆ ਰੰਗੁ ਮਾਣੈ ॥ ਘਰਿ ਸੇਜ ਸੁਹਾਵੀ, ਜਾ ਪਿਰਿ ਰਾਵੀ, ਗੁਰਮੁਖਿ ਮਸਤਕਿ ਭਾਗੋ ॥ ਨਾਨਕ ਅਹਿਨਿਸਿ ਰਾਵੈ ਪ੍ਰੀਤਮੁ, ਹਰਿ ਵਰੁ ਥਿਰੁ ਸੋਹਾਗੋ ॥੧੭॥੧॥**

## ਉਚਾਰਨ ਸੇਧ

**ਬਿੰਦੀ ਸਹਿਤ:** ਰੁਤੀਂ, ਥਿਤੀਂ, ਜਾਂ।

**ਪਦ ਅਰਥ:** ਬੇ=ਦੋ (੨)। ਦਸ=੧੦। ਮਾਹ=ਮਹੀਨੇ (ਭਾਵ ੧੨ ਮਹੀਨੇ)। ਰੁਤੀ=ਰੁੱਤਾਂ। ਥਿਤੀ=ਥਿੱਤਾਂ। ਵਾਰ=ਦਿਨ। ਭਲੇ=ਚੰਗੇ, ਸ੍ਰੇਸ਼ਟ। ਘੜੀ ਮੂਰਤੁ=ਮਹੂਰਤ (ਦੋ ਘੜੀਆਂ)। ਪਲ=ਤੀਹ ਚੱਸੇ ਦਾ ਇਕ ਪਲ ਹੁੰਦਾ ਹੈ। ਆਏ=ਆ ਕੇ। ਸਹਜਿ=ਅਡੋਲ (ਅਵਸਥਾ) ਵਿਚ। ਸਾਰੇ=ਸਿਰੇ ਚਾੜ੍ਹ ਦਿੱਤੇ, ਸਵਾਰ ਦਿੱਤੇ। ਬਿਧਿ=ਜੁਗਤੀ। ਜਿਨਿ=ਜਿਸ (ਪਰਮਾਤਮਾ) ਨੇ। ਤਿਸਹਿ=ਉਸ (ਪਰਮਾਤਮਾ) ਨੇ ਹੀ। ਮੇਲੇ=ਮਿਲਾ ਲਏ। ਰੰਗੁ=(ਆਤਮਿਕ) ਅਨੰਦ। ਘਰਿ=(ਹਿਰਦੇ ਰੂਪੀ) ਘਰ ਵਿਚ। ਸੇਜ=(ਸ਼ਰਧਾ ਰੂਪ) ਸੇਜ। ਸੁਹਾਵੀ=ਸ਼ੋਭਨੀਕ ਹੋਈ। ਗੁਰਮੁਖਿ=ਗੁਰੂ ਦੁਆਰਾ। ਰਾਵੀ=ਭੋਗੀ। ਭਾਗੋ=ਭਾਗ, ਕਿਸਮਤ। ਅਹਿਨਿਸਿ=ਦਿਨ ਰਾਤ। ਰਾਵੈ=ਅਨੰਦ ਮਾਣਦੀ ਹੈ। ਹਰਿ ਵਰੁ=ਹਰੀ ਪਤੀ। ਥਿਰੁ=ਪੱਕਾ, ਨਿਹਚਲ। ਸੋਹਾਗੋ=ਸੋਹਾਗ, ਪਤੀ ਵਾਲਾ ਚੰਗਾ ਭਾਗ।

**ਅਰਥ:** (ਜਿਸ ਜੀਵ ਇਸਤਰੀ ਨੂੰ ਪਤੀ-ਪਰਮੇਸ਼ਰ) ਅਡੋਲ ਅਵਸਥਾ ਵਿਚ ਆ ਕੇ ਮਿਲ ਪਏ ਹਨ (ਉਸ ਲਈ) ਬਾਰ੍ਹਾਂ ਮਹੀਨੇ, ਸਾਰੀਆਂ ਰੁੱਤਾਂ, ਥਿੱਤਾਂ, ਦਿਨ-ਵਾਰ ਘੜੀ, ਮਹੂਰਤ ਤੇ ਪਲ ਸਭ ਚੰਗੇ ਹੋ ਗਏ ਹਨ। (ਜਦੋਂ) ਪਿਆਰੇ ਪ੍ਰਭੂ ਮਿਲ ਪਏ (ਤਾਂ ਉਸ ਨੇ ਸਾਰੇ) ਕਾਰਜ ਸਵਾਰ ਦਿੱਤੇ, (ਕਿਉਂਕਿ) ਕਰਤਾ ਪੁਰਖ ਆਪ ਸਭ ਬਿਧੀਆਂ ਨੂੰ ਜਾਣਦਾ ਹੈ। ਜਿਸ (ਪਤੀ ਪਰਮੇਸ਼ਰ) ਨੇ (ਜੀਵ ਇਸਤਰੀ) ਸ਼ਿੰਗਾਰੀ, ਉਸ ਨੂੰ ਪਿਆਰੀ ਲਗ ਗਈ (ਜਦੋਂ ਜੀਵ-ਇਸਤਰੀ ਦਾ ਪਤੀ ਨਾਲ) ਮਿਲਾਪ ਹੋਇਆ (ਤਦੋਂ ਉਹ ਪਤੀ ਦਾ) ਪ੍ਰੇਮ ਮਾਣਦੀ ਹੈ। ਜਦ ਪਤੀ-ਪਰਮੇਸ਼ਰ ਨੇ (ਜੀਵ-ਇਸਤਰੀ ਨੂੰ) ਰਾਵਿਆ, (ਜੀਵ ਰੂਪ ਇਸਤਰੀ ਦੇ ਹਿਰਦੇ ਰੂਪੀ) ਘਰ ਵਿਚ (ਸ਼ਰਧਾ ਰੂਪੀ) ਸੇਜ ਸ਼ੋਭਨੀਕ ਹੋ ਗਈ, ਗੁਰੂ ਦੁਆਰਾ (ਉਸ ਦੇ) ਮੱਥੇ ਤੇ ਭਾਗ (ਪ੍ਰਗਟ ਹੋ ਗਿਆ)। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਜਿਹੜੀ ਜੀਵ

ਇਸਤਰੀ) ਦਿਲ ਵਿਚ (ਆਪਣੇ ਪ੍ਰੀਤਮ ਨੂੰ) ਰਾਵਦੀ (ਸਿਮਰਦੀ ਹੈ, ਅਤੇ ਉਸ ਦੇ ਮਿਲਾਪ ਦਾ ਰਸ ਮਾਣਦੀ ਹੈ ਉਸ ਨੂੰ ਮਾਨੋ) ਹਰੀ ਰੂਪ ਪਤੀ ਪੱਕਾ ਸੁਹਾਗ (ਪ੍ਰਾਪਤ ਹੋ ਗਿਆ ਹੈ)।੧੭।੧।

## ਸਾਰੰਸ਼ ਅਤੇ ਸਿਧਾਂਤ

ਬਾਰ੍ਹਾਂ ਮਹੀਨਿਆਂ ਦੀ ਘਾਲ ਸਦਕਾ ਜਦੋਂ ਪਤੀ-ਪ੍ਰੀਤਮ ਦਾ ਮੇਲ ਹੋਇਆ ਤਾਂ ਜੀਵ-ਇਸਤਰੀ ਦੇ ਹਿਰਦੇ ਚੋਂ ਰੁੱਤਾਂ, ਥਿਤਾਂ, ਵਾਰਾਂ ਦੇ ਭਰਮ ਭੁਲੇਖੇ ਦੂਰ ਹੋ ਗਏ। ਉਸ ਨੂੰ ਹਿਰਦੇ ਵਿਚ ਸੋਝੀ ਆ ਗਈ ਕਿ ਸਾਰੇ ਵਾਰ, ਮਹੀਨੇ ਮਹੂਰਤ, ਪਲ ਚੰਗੇ ਹਨ। ਉਸ ਦੀ ਸੋਚਣੀ ਵਿਚ ਪਰਿਵਰਤਨ ਆ ਗਿਆ, ਉਸ ਦੀ ਅਵਸਥਾ ਠੀਕ ਹੋ ਗਈ। ਪ੍ਰਭੂ ਦੀ ਕਿਰਪਾ ਨਾਲ ਉਸ ਦੇ ਵਿਗੜੇ ਹੋਏ ਕਾਰਜ ਵੀ ਸਵਰ ਗਏ।

ਜਿਹੜੀ ਜੀਵ-ਇਸਤਰੀ ਕੰਤ ਦੀ ਬਣ ਜਾਂਦੀ ਹੈ, ਉਹੀ ਉਸ ਨੂੰ ਚੰਗੀ ਲਗਦੀ ਹੈ। ਜਦੋਂ ਉਸ ਦਾ ਪਤੀ ਨਾਲ ਮੇਲ ਹੁੰਦਾ ਹੈ ਤਾਂ ਉਹ ਅਨੰਦ ਮਾਣਦੀ ਹੈ। ਇਸ ਤਰ੍ਹਾਂ ਇਸਤਰੀ ਦੀ ਸੇਜ ਵੀ ਸੁਹਾਵਣੀ ਬਣ ਜਾਂਦੀ ਹੈ ਜਿਵੇਂ ਗੁਰਵਾਕ ਹਨ:-

**ਸੇਜ ਸੁਹਾਵੀ ਰਸਿ ਬਨੀ ॥ ਆਇ ਮਿਲੇ ਪ੍ਰਭ ਸੁਖ ਧਨੀ ॥** [ਪੰਨਾ ੧੧੮੪

ਪਤੀ-ਮਿਲਾਪ ਵਾਲੇ ਭਾਗ ਗੁਰੂ ਰਾਹੀਂ ਹੀ ਬਣਦੇ ਹਨ। ਗੁਰੂ ਦੀ ਮਿਹਰ ਹੋਵੇ ਦਿਨ ਰਾਤ ਪਤੀ-ਪ੍ਰੀਤਮ ਦਾ ਚਿੰਤਨ (ਵਾਹਿਗੁਰੂ ਵਾਹਿਗੁਰੂ) ਬਣਿਆ ਰਹੇ, ਫਿਰ ਸੋਹਾਗਣਿ ਦੇ ਹਿਰਦੇ ਵਿਚ "ਨਾ ਪਿਰੁ ਮਰੈ ਨ ਜਾਇ" ਦਾ ਵਿਸ਼ਵਾਸ਼ ਪੱਕਾ ਹੋ ਜਾਂਦਾ ਹੈ।

ਪੋਥੀ ਹਰਿ ਜੀ ਵਿਚ ਇਸ ਪਉੜੀ ਦੀ ਵਿਆਖਿਆ ਇਸ ਪ੍ਰਕਾਰ ਕੀਤੀ ਗਈ ਹੈ:-

"ਏਹੁ ਬਾਰਹਮਾਹਾ, ਖਿਅ ਰੁਤੀ, ਸਪਤ ਵਾਰੁ, ਸੋਲਹ ਥਿਤੀ, ਪਹਰ, ਘੜੀਆ ਪਲ, ਚਸੇ, ਸਾਸ, ਸਾਰੇ ਜਨਮ ਆਰਜਾ ਕੇ ਗਣਿ ਕਰਿ, ਗੁਰੂ ਬਾਬਾ ਨਾਨਕ ਏਹੁ ਬਾਰਹਮਾਹਾ ਕੀਆ । ਆਤਮ ਪਰਬੋਧੁ ਮਨ ਸਾਥਿ ਕਰਿਆ। ਆਰਜਾ ਕੇ ਸਾਸ ਗਣਿ ਕਰਿ ਪਰਮੇਸੁਰ ਕੀ ਸਿਫਤਿ ਕਰੀ। ਆਤਮੇ ਹੀ ਕੇ ਸਾਥਿ ਗੋਸਟ ਕਰੀ। ਮਨ ਪਰਬੋਧ ਸਿਫਤਿ, ਬਾਰਹ ਮਾਹਾ ਗੁਰੂ ਬਾਬੇ ਨਾਨਕ ਜੀ ਗਾਇਆ । ਜਸੁ ਪਰਮੇਸੁਰ ਕਾ ਜਿ ਕੋਈ ਸੁਣੈ, ਜਿ ਕੋਈ ਸਿਖੈ, ਜਿ ਕੋਈ ਲਿਖੈ ਜਿ ਕੋਈ ਗਾਵੈ, ਸੁ ਨਿਹਾਲੁ ਹੋਇ। ਅਰੁ ਜਿ ਕੋਈ ਇਸ ਕੀ ਰਹਤ ਰਹੈ, ਕਮਾਵੈ, ਸੋ ਪੂਰਾ ਸਤਿਗੁਰੂ ਹੋਇ"[ਪੰਨਾ ੬੫]

ਇਸ ਵਿਚ ਸੰਦੇਹ ਨਹੀਂ ਕਿ ਪਤੀ-ਪਰਮੇਸ਼ਰ ਵੀ ਜੀਵ ਇਸਤਰੀ ਨੂੰ ਪਿਆਰਦਾ ਹੈ ਪਰ ਜਦੋਂ ਤਕ ਜੀਵ ਇਸਤਰੀ ਆਪਣਾ ਲਾਇਆ ਪ੍ਰੇਮ ਸਮਝਦੀ ਹੈ ਉਦੋਂ ਤੱਕ ਇਹ ਅਡੋਲ ਨਹੀਂ ਰਹਿ ਸਕਦੀ, ਜੀਵਨ ਦੇ ਉਤਰਾਅ ਚੜ੍ਹਾ ਵਿਚ ਡਕੇ ਡੋਲੇ ਖਾਂਦੀ ਰਹਿੰਦੀ ਹੈ। ਜਦੋਂ ਪਤੀ ਨੇ ਜੀਵ-ਇਸਤ੍ਰੀ ਨੂੰ ਪਿਆਰਿਆ ਉਦੋਂ ਇਸ ਦੇ ਅੰਦਰ ਸਹਿਵਨ ਹੀ ਵਜਦ ਆ ਗਿਆ, ਉਸ ਵਜਦ ਨਾਲ ਭਗਤੀ-ਭਾਵਨਾ ਵਾਲਾ ਵਾਤਾਵਰਣ ਬਣ ਗਿਆ। ਇਸ ਤਰ੍ਹਾਂ ਬਾਰ੍ਹਾਂ ਮਹੀਨੇ ਜਿਸ ਜੀਵ-ਇਸਤਰੀ ਦੇ ਸੰਪੂਰਨ ਹੋਏ ਪਤੀ-ਪਰਮੇਸੁਰ ਦੀ ਹੀ ਹੋ ਗਈ, ਬਾਕੀ ਸਭ ਨਾਲੋਂ ਉਸ ਦਾ ਨਾਤਾ ਟੁੱਟ ਗਿਆ।

ਅੰਤ ਵਿਚ ਸਿਧਾਂਤ ਇਹ ਹੈ, ਜਦੋਂ ਨਿਰੰਤਰ ਪ੍ਰੇਮ-ਅਵਸਥਾ ਬਣ ਜਾਂਦੀ ਹੈ ਤਾਂ ਜੀਵ-ਇਸਤਰੀ ਦੀ ਪ੍ਰੇਮ ਵਾਲੀ ਡੋਰ ਇਤਨੀ ਪੱਕੀ ਹੋ ਜਾਂਦੀ ਹੈ ਕਿ ਉਹ ਸਦਾ ਦਸਮ ਦੁਆਰ ਤੇ ਚੜ੍ਹੀ ਰਹਿੰਦੀ ਹੈ ਭਾਵ ਟੁੱਟਣ ਵਿਚ ਨਹੀਂ ਆਉਂਦੀ।

## *ਸਾਖੀਆਂ ਦਾ ਸਰਵੇਖਣ*

'ਤੁਖਾਰੀ' ਸੰਪੂਰਨ ਜਾਤਿ ਦੀ ਇਕ ਰਾਗਣੀ ਹੈ ਜਿਸ ਨੂੰ ਗਾਉਣ ਦਾ ਵੇਲਾ ਚਾਰ ਘੜੀ ਦਿਨ ਚੜ੍ਹੇ ਹੈ। ਕਿਸੇ ਵੀ ਛੰਦ ਵਿਚ ਬਾਰਾਂ ਮਹੀਨਿਆਂ ਦਾ ਵਰਣਨ ਹੋਣ ਕਰਕੇ 'ਬਾਰਹ-ਮਾਹਾ' ਸੰਗਿਆ ਹੋ ਜਾਂਦੀ ਹੈ। ਗੁਰੂ ਛੰਦ ਦਿਵਾਕਰ ਦੇ ਕਰਤਾ ਅਨੁਸਾਰ ਮਾਝ ਦਾ ਬਾਰਾਮਾਹ 'ਰੂਪਮਾਲਾ' ਛੰਦ ਦਾ ਰੂਪਾਂਤਰ ਹੈ, ਤੁਖਾਰੀ ਦਾ ਬਾਰਾਮਾਹ 'ਕਲਸ' ਦੀ ਇਕ ਜਾਤਿ ਹੈ, ਕ੍ਰਿਸ਼ਨਾਵਤਾਰ ਦਾ ਬਾਰ੍ਹਾਂ ਮਾਹਾ 'ਸਵੈਯਾ' ਵਿਖੇ ਹੈ। ਗਲ ਕੀ ਬਾਰਹਮਾਹਾ ਕਾਵਿ-ਪਰੰਪਰਾ ਦੀ ਇਕ ਪੁਰਾਣੀ ਰੀਤ ਦਾ ਲਖਾਇਕ ਹੈ।

ਤੁਖਾਰੀ ਰਾਗ ਵਿਚਲਾ ਬਾਰਹਮਾਹਾ ੧੭ ਪਉੜੀਆਂ ਉੱਤੇ ਆਧਾਰਤ ਹੈ। ਪਹਿਲੀਆਂ ੪ ਪਉੜੀਆਂ ਮੰਗਲ ਰੂਪ ਵਿਚ ਫਿਰ ੫ ਤੋਂ ੧੬ ਪਉੜੀਆਂ ਅੰਦਰ ੧੨ ਮਹੀਨਿਆਂ ਦਾ ਵਰਣਨ ਅਤੇ ਅੰਤਲੀ ੧੭ਵੀਂ ਪਉੜੀ ਇਸ ਰਚਨਾ ਦੇ ਤੱਤ ਨੂੰ ਨਿਰੂਪਣ ਕਰਦੀ ਹੈ।

'ਜਪੁ' ਅਤੇ 'ਸਿਧ ਗੋਸਟਿ' ਵਾਂਗ ਤੁਖਾਰੀ ਰਾਗ ਦਾ ਬਾਰਹਮਾਹਾ ਵੀ ਜਗਤ ਗੁਰੂ ਬਾਬਾ ਜੀ ਦਾ ਇਕ ਪ੍ਰਸਿਧ ਕਾਵਿ ਹੈ ਪਰ ਉਪਰੋਕਤ ਬਾਣੀਆਂ ਵਿਚ ਜਿਥੇ ਚਿੰਤਨ ਤੇ ਬੌਧਿਕ ਪਖ ਦੀ ਪਰਧਾਨਤਾ ਹੈ ਉਥੇ ਇਹ ਬਾਣੀ ਪ੍ਰਕਿਰਤੀ ਦੇ ਰੂਪਕਾਂ ਅਤੇ ਜੀਵ ਆਤਮਾ ਦੀਆਂ ਬ੍ਰਿਹੋਂ ਝਾਕੀਆਂ ਨਾਲ ਭਰਪੂਰ ਹੈ। ਆਤਮ-ਰਸ ਵਿਚ ਭਿੱਜੀ ਹੋਈ ਆਤਮਾ ਨੂੰ ਇਸ ਵਿਚੋਂ 'ਅਤਿ ਪ੍ਰੀਤਮ ਮਨ ਮੋਹਿਨਾ ਘਟ ਸੋਹਿਨਾ, ਪ੍ਰਾਨ ਅਧਾਰਾ ਰਾਮ' ਦੇ ਅਨੂਠੇ ਦਰਸ਼ਨ ਹੁੰਦੇ ਹਨ। ਵਿਜੋਗਣ ਜੀਵ-ਇਸਤਰੀ ਦੀਆਂ ਭਾਵਨਾਵਾਂ, ਹਿਜਰ ਦਾ ਵਲਵਲਾ, ਪ੍ਰਕਿਰਤੀ ਦਾ ਚਿਤਰਣ, ਅਲੰਕਾਰਾਂ ਤੇ ਬਿੰਬਾਂ ਦਾ ਰੂਪ ਵਿਸਮਾਦੀ ਵਾਤਾਵਰਣ ਨੂੰ ਮੂਰਤੀਮਾਨ ਕਰਦਾ ਹੈ। ਫਿਰ ਸ਼ਬਦ-ਚਿਤਰ ਅਜਿਹੇ ਵਰਤੇ ਹਨ ਜੋ ਸਾਡੇ ਨਿਤ ਜੀਵਨ ਦਾ ਅੰਗ ਹਨ। ਰੁੱਤਾਂ ਦੇ ਬਦਲਣ ਨਾਲ ਜਿਵੇਂ ਪ੍ਰਕਿਰਤੀ ਦਾ ਵਿਕਾਸ ਹੁੰਦਾ ਹੈ ਤਿਵੇਂ ਜੀਵ-ਇਸਤਰੀ ਦੇ ਮਨ ਉੱਤੇ ਰਸ-ਭਿੰਨੀ ਵੇਦਨਾ ਦਾ ਬਦਲਵਾਂ ਪ੍ਰਭਾਵ ਪੈਂਦਾ ਰਹਿੰਦਾ ਹੈ ਅਤੇ ਉਹ ਆਸਾਵੰਤੀ ਹੋ ਕੇ ਇਉਂ ਬੇਨਤੀ ਕਰਦੀ ਹੈ:-

**੧- ਵੈਸਾਖੁ ਭਲਾ ਸਾਖਾ ਵੇਸ ਕਰੇ ॥ ਧਨ ਦੇਖੈ ਹਰਿ ਦੁਆਰਿ, ਆਵਹੁ ਦਇਆ ਕਰੇ ॥**

**੨- ਦਰਸਨੁ ਦੇਹੁ ਦਇਆ ਪਤਿ ਦਾਤੇ, ਗਤਿ ਪਾਵਉ ਮਤਿ ਦੇਹੋ ॥**
**ਨਾਨਕ, ਰੰਗਿ ਰਵੈ ਰਸਿ ਰਸੀਆ, ਹਰਿ ਸਿਉ ਪ੍ਰੀਤਿ ਸਨੇਹੋ ॥**

ਇਸ ਬਾਣੀ ਦੀਆਂ ਆਰੰਭਕ ਪੰਗਤੀਆਂ:-

**ਤੂ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ ॥**
**ਸਿਰਿ ਸਿਰਿ ਸੁਖ ਸਹੰਮਾ, ਦੇਹਿ ਸੁ ਤੂ ਭਲਾ ॥**

ਸਾਨੂੰ ਇਹ ਸੁਨੇਹਾ ਦਿੰਦੀਆਂ ਹਨ ਕਿ ਮਨੁੱਖ ਦੇ ਚੰਗੇ ਜਾਂ ਮੰਦੇ ਭਾਗ ਹੋਣ ਦਾ ਕਾਰਨ ਇਸ ਦੇ ਆਪਣੇ ਜਨਮ ਜਨਮਾਂਤਰਾਂ ਦੇ ਕਰਮ ਹਨ। ਦੋਹਾਗਣਿ ਇਸਤਰੀ ਦੋਹਾਂ ਪੱਖਾਂ ਤੋਂ ਹੀਣੀ ਹੋਣ ਕਰਕੇ ਦੁਖੀ ਰਹਿੰਦੀ ਹੈ ਪਰ ਸੁਹਾਗਣਿ ਇਸਤਰੀ 'ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ, ਅਕਲ ਕਲਾ ਭਰਪੂਰਿ ਰਹਿਆ' (ਪੰਨਾ ੪੬੯) ਅਥਵਾ ਸਾਗਰ ਮਹਿ ਬੂੰਦ, ਬੂੰਦ ਮਹਿ ਸਾਗਰੁ, ਕਵਣ ਬੁਝੈ ਬਿਧਿ ਜਾਣੈ' (ਪੰਨਾ ੮੭੮) ਦੇ ਰਹੱਸ ਵਿਚ ਖੀਵੀ ਹੋਈ ਸਾਰੀਆਂ ਰੁੱਤਾਂ, ਘੜੀਆਂ, ਥਿਤਾਂ, ਪਹਿਰਾਂ ਅਤੇ ਵਾਰਾਂ ਨੂੰ 'ਭਲਾ ਭਲਾ' ਆਖਣੇਂ ਦੀ ਰਸ-ਭਿੰਨੀ ਰੱਟ ਲਾਈ ਰਖਦੀ ਹੈ। ਸੁਹਾਗਵਤੀ ਦਾ ਹਾਰ-ਸ਼ਿੰਗਾਰ, ਪਾਟ-ਪਟੰਬਰ, ਤੀਰਥ-ਇਸ਼ਨਾਨ, ਪੁੰਨ-ਦਾਨ, ਅਰਚਾ ਪੂਜਾ ਸਭ ਕੁਝ 'ਜੁਗਿ ਜੁਗਿ ਏਕੋ ਜਾਤਾ' ਹੈ। ਸੋ, ਜਿਸ ਜੀਵ-ਇਸਤਰੀ ਨੇ 'ਬਲਿਹਾਰੀ ਕੁਦਰਤਿ ਵਸਿਆ' ਦੇ ਸਾਮਰਤੱਖ ਦਰਸ਼ਨ ਕਰਨੇ ਹੋਣ ਉਹ ਇਸ ਬਾਣੀ ਨੂੰ ਸੁਰਤਿ ਨਾਲ ਰਸ ਰਸ ਕੇ ਝੀਣੀ ਬਾਣ ਨਾਲ ਪੜ੍ਹੇ ਫਿਰ ਅਵੱਸ਼ ਹੀ "ਭਲਾ ਭਲਾ ਭਲਾ ਤੇਰਾ ਰੂਪ॥ ਅਤਿ ਸੁੰਦਰ ਅਪਾਰ ਅਨੂਪ" ਦਾ ਦੀਦਾਰ ਪਰਸਣ ਵਿਚ ਸਫਲ ਹੋ ਸਕੇਗੀ।

ਜਿਥੋਂ ਤੱਕ ਇਸ ਬਾਣੀ ਦੀ ਉਥਾਨਕਾ ਦਾ ਸੰਬੰਧ ਹੈ, 'ਸ਼ਬਦਾਰਥ' ਵਿਚ ਹੇਠ ਲਿਖਿਆ ਫੁੱਟ ਨੋਟ ਦਿੱਤਾ ਗਿਆ ਹੈ:-

"ਇਹ ਬਾਣੀ ਗੁਰੂ ਨਾਨਕ ਸਾਹਿਬ ਦੀ ਅੰਤਮ ਰਚਨਾ ਹੈ, ਜੋ ਗੁਰੂ ਜੀ ਨੇ ਆਪਣੇ ਜੋਤੀ ਜੋਤਿ ਸਮਾਉਣ ਵੇਲੇ ਸ੍ਰੀ ਕਰਤਾਰਪੁਰ ਵਿਚ ਉਚਾਰਨ ਕੀਤੀ।"

ਸ਼ਬਦਾਰਥੀ ਵਿਦਵਾਨਾਂ ਦੀ ਇਹ ਖੋਜ ਕਿ "ਇਹ ਬਾਣੀ ਗੁਰੂ ਨਾਨਕ ਸਾਹਿਬ ਦੀ ਅੰਤਮ ਰਚਨਾ ਹੈ, ਜੋ ਗੁਰੂ ਜੀ ਨੇ ਆਪਣੇ ਜੋਤੀ ਜੋਤਿ ਸਮਾਉਣ ਵੇਲੇ ਸ੍ਰੀ ਕਰਤਾਰਪੁਰ ਵਿਚ ਉਚਾਰਨ ਕੀਤੀ" ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ (ਪ੍ਰਕਾਸ਼ਕ ਸਿੱਖ ਹਿਸਟਰੀ ਰੀਸਰਚ ਡੀਪਾਰਟਮੈਂਟ, ਖ਼ਾਲਸਾ ਕਾਲਜ, ਅੰਮ੍ਰਿਤਸਰ) ਦੇ ਦਰਸ਼ਨ ਕਰੀਏ ਤਾਂ ਇਹ ਤੱਥ ਬਦਲ ਜਾਂਦੇ ਹਨ। ਇਸ ਜਨਮ ਸਾਖੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਾਰਹਮਾਹਾ ਦਾ ਪਰਮਾਰਥ 'ਗੋਸ਼ਟ ਗੁਰੂ ਬਾਬੇ ਨਾਨਕ ਜੀ ਕੀ' ਸਿਰਲੇਖ ਹੇਠਾਂ ਦਿੱਤਾ ਗਿਆ ਹੈ।

'ਜਬ ਪਟੀ ਸੰਪੂਰਨ ਭਈ, ਤਬ ਹੀ ਬਾਰਹ ਮਾਹਾ ਰਚਿਆ। ਤਬ ਗੁਰੂ ਬਾਬਾ ਨਾਨਕ ਜੀ ਧਿਆਨ ਮਹਿ ਹੋਇ ਗੈਆ । ਤਬ ਪਰਮੇਸੁਰ ਦਰਗਾਹ ਅਪਨੀ ਬੁਲਾਇਆ । ਕਹਿਆ ਜਿ, "ਏ ਨਾਨਕੁ! ਤੂ ਜਿ ਮੇਰੀ ਉਸਤਤਿ ਕਰਤਾ ਹੈਂ, ਸੁ ਕਵਨ ਸਿਫਤਿ ਮੇਰੀ ਤੂ ਕਰਤਾ ਹੈਂ? ਤਬ ਗੁਰੂ ਬਾਬੇ ਨਾਨਕ ਜੀ ਬੇਨਤੀ ਕਰੀ, ਜਿ ਸ੍ਰੀ ਪਾਰਬ੍ਰਹਮ ਜੀ! ਤੇਰੀ ਸਿਫਤਿ ਤੁਹੀ ਜਾਨਹਿ। ਪਰ ਜੀ । ਆਤਮ ਧਿਆਨ ਕੈ ਵਿਖੇ ਬਾਰਹ ਮਾਹੇ ਵਿਚਿ ਤੇਰੀ ਸਿਫਤਿ ਕੀਆ ਚਾਹਤਾਂ ਹੌਂ। ਤਬ ਸ੍ਰੀ ਪਾਰਬ੍ਰਹਮ ਹਸਿ ਕਰਿ ਕਹਿਆ, "ਜਿ ਹਾਂ ਨਾਨਕ! ਮੇਰੀ ਆਗਿਆ ਹੈ, ਤੂ ਬਾਰਹਮਾਹ ਕਰੁ । ਤਬ ਫੇਰਿ ਗੁਰੂ ਬਾਬਾ ਨਾਨਕ ਜੀ, ਆਤਮ ਗਿਆਨ ਕਰਿ, ਸਿਫਤਿ ਸਾਹਿਬ ਕੀ ਕਰੀ। ਛਿਅ ਰੁਤੀ, ਬਾਰਹ ਮਾਹ ਕਾ ਬਖਿਆਨੁ ਕਰਤਾ ਹੈ। ਪਰਮੇਸੁਰ ਕੀ ਆਗਿਆ ਸਾਥਿ । ਪ੍ਰਥਮੇ ਜਨਮ ਥੀ ਲਾਇ ਕਰਿ ਬਾਬਾ ਨਾਨਕ ਜੀਆ ਕੀ ਸਮ੍ਹਾਲ ਕਰਤਾ ਹੈ। ਅਰੁ ਰੁਤੀ, ਮਾਸਾ ਕੀ ਸਮ੍ਹਾਲ ਕਰਤਾ ਹੈ। ਰੁਤਿ ਅਰੁ ਬਾਰਹ ਮਾਸ ਕੀ ਪ੍ਰਕਿਰਤਿ ਮਿਲਾਵਣਾ

ਹੈ। ਜਨਮ ਥੀ ਲੈ ਕਰਿ ਬਾਬਾ ਨਾਨਕ ਜੀ, ਇਸਿ ਜਨਮ ਕੀ ਪ੍ਰਕਿਰਤਿ, ਪੂਰਬ ਜਨਮ ਕੀ ਕਮਾਈ, ਆਤਮ ਰਾਮ ਸਾਥਿ ਗੁਰੂ ਬਾਬਾ ਨਾਨਕੁ ਤੁਖਾਰੀ ਰਾਗ ਮਹਿ ਆਤਮ ਕੀ ਪ੍ਰਕਿਰਤਿ ਬਰਨਤਾ ॥ ਪਰਮੇਸੁਰ ਕੇ ਮਿਲਣੇ ਕੀ ਪਦਵੀ ਕਾ ਮਾਰਗੁ ਖੋਜਤਾ ਹੈ। ਦੇਖਾਂ । ਬਾਬਾ ਨਾਨਕੁ ਜੀ ਕਿਆ ਕਹਤਾ ਹੈ, ਗੋਸ਼ਟ ਗਿਆਨ ਕੀ ਆਤਮੇ ਸਾਥਿ ।"

ਪੁਰਾਤਨ ਜਨਮ ਸਾਖੀ ਵਿਚ ਜਿਥੇ 'ਜੋਤੀ ਜੋਤਿ ਸਮਾਉਣਾ' ਸਾਖੀ ਦਰਜ ਹੈ, ਉਸਦੇ ਇਹ ਅੱਖਰ ਹਨ:-

'ਤਦਹੁ ਗੁਰੂ ਬਾਬਾ ਸਰੀਹ ਤਲੈ ਜਾਇ ਬੈਠਾ । ਸਰੀਹੁ ਸੁਕਾ ਖੜਾ ਥਾ, ਸੋ ਹਰਿਆ ਹੋਆ ਪਾਤ ਫੂਲ ਹੋਇਆ। ਭਾਈ ਬੰਧੁ ਪਰਵਾਰੁ ਸਭੇ ਲਗੇ ਰੋਵਣਿ। ਤਦਹੁ ਰਾਗ ਵਡਹੰਸੁ ਵਿਚਿ ਸਬਦੁ ਹੋਇਆ :-

**ਰਾਗੁ ਵਡਹੰਸੁ ਮਹਲਾ ੧**

**ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ॥...**

ਤਬ ਸੰਗਤ ਲਗੀ ਸਬਦ ਗਾਵਣਿ ਅਲਾਹਣੀਆ । ਤਬ ਬਾਬਾ ਬਿਸਮਾਦ ਕੈ ਘਰਿ ਆਇਆ । ਤਿਤੁ ਮਹਲਿ ਹੁਕਮੁ ਹੋਇਆ, ਰਾਗੁ ਤੁਖਾਰੀ ਕੀਤਾ, ਬਾਬਾ ਬੋਲਿਆ ਬਾਰਹਮਾਹਾ, ਰਾਤਿ, ਅੰਮ੍ਰਿਤ ਵੇਲਾ ਹੋਇਆ, ਚਲਾਣੇ ਕੈ ਵਖਤਿ :-

**ਤੁਖਾਰੀ ਛੰਤ ਮਹਲਾ ੧ ਬਾਰਹਮਾਹਾ**

**੧ਓ ਸਤਿਗੁਰ ਪ੍ਰਸਾਦਿ ॥**

**ਤੂ ਸੁਣਿ ਕਿਰਤ ਕਰੰਮਾ, ਪੁਰਬਿ ਕਮਾਇਆ ॥**
**ਸਿਰਿ ਸਿਰਿ ਸੁਖ ਸਹੰਮਾ, ਦੇਹਿ ਸੁ ਤੂ ਭਲਾ ॥**
**ਹਰਿ ਰਚਨਾ ਤੇਰੀ, ਕਿਆ ਗਤਿ ਮੇਰੀ, ਹਰਿ ਬਿਨੁ ਘੜੀ ਨ ਜੀਵਾ ॥**
**ਪ੍ਰਿਅ ਬਾਝੁ ਦੁਹੇਲੀ, ਕੋਇ ਨ ਬੇਲੀ, ਗੁਰਮੁਖਿ ਅੰਮ੍ਰਿਤੁ ਪੀਵਾਂ ॥**
**ਰਚਨਾ ਰਾਚਿ ਰਹੇ ਨਿਰੰਕਾਰੀ, ਪ੍ਰਭੁ ਮਨਿ ਕਰਮੁ ਸੁਕਰਮਾ ॥**
**ਨਾਨਕ, ਪੰਥੁ ਨਿਹਾਲੇ ਸਾਧਨ, ਤੂ ਸੁਣਿ ਆਤਮਰਾਮਾ ॥੧॥...**

ਉਪਰੋਕਤ ਸਾਖੀ ਦੇ ਅਧਾਰ ਉਤੇ ਬਾਰਹਮਾਹਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅੰਤਮ ਰਚਨਾ ਦਸਣਾ ਖੋਜ ਵਾਲੀ ਗਲ ਨਹੀਂ ਹੈ। ਜੇ ਇਹ ਅੰਤਮ ਰਚਨਾ ਹੁੰਦੀ ਤਾਂ ਇਸਦੇ ਮਗਰੋਂ ਗੁਰੂ ਬਾਬਾ ਜੀ ਦੇ ਆਪਣੇ ਹੋਰ ਸ਼ਬਦ ਦਰਜ ਨਾ ਹੁੰਦੇ ।

ਜਿਥੋਂ ਤੱਕ ਸ਼ਬਦਾਰਥੀ ਵਿਦਵਾਨਾਂ ਨੇ 'ਟੀਡ ਲਵੈ ਮੰਝਿ ਬਾਰੇ' ਪੰਗਤੀ ਨੂੰ ਸਾਹਮਣੇ ਰਖ ਕੇ ਨਾਨਕਾਣਾ ਸਾਹਿਬ ਦੇ ਨਜ਼ਾਰਿਆਂ ਦੀ ਕਲਪਣਾ ਕੀਤੀ ਹੈ ਉਹ ਵੀ ਠੀਕ ਨਹੀਂ ਹੈ। ਇਸ ਵਿਚ ਸ਼ੱਕ ਨਹੀਂ ਕਿ ਨਾਨਕਾਣਾ ਸਾਹਿਬ ਦੀ ਧਰਤੀ ਨੂੰ 'ਬਾਰ' ਦਾ ਇਲਾਕਾ ਕਿਹਾ ਜਾਂਦਾ ਹੈ ਪਰ 'ਬਾਰ' ਸ਼ਬਦ ਦੇ ਅਰਥ ਰੋਹੀ, ਜੰਗਲ ਹਨ। ਮਹਾਨ ਕੋਸ਼ ਦੇ ਕਰਤਾ ਨੇ ਇਹ ਪੰਗਤੀ ਦੇ ਕੇ ਇਉਂ ਅਰਥ ਕੀਤੇ ਹਨ:-

**"ਬਿੰਡੇ ਜੰਗਲ ਵਿਚ ਬੋਲਦੇ ਹਨ"**

ਕੀ ਅਜਿਹਾ ਜੰਗਲ ਕਰਤਾਰਪੁਰ ਦੇ ਨੇੜੇ ਨਹੀਂ ਹੋ ਸਕਦਾ? ਬਰਸਾਤ ਦੇ ਮੌਸਮ ਵਿਚ ਉਥੇ ਬਿੰਡੇ ਨਹੀਂ ਬੋਲਦੇ? ਫਿਰ ਜੋਤੀ ਜੋਤਿ ਸਮਾਉਣ ਵੇਲੇ ਕਰਤਾਰਪੁਰ ਦੇ ਕੁਦਰਤੀ ਨਜ਼ਾਰਿਆਂ ਨਾਲੋਂ ਨਨਕਾਣਾ ਸਾਹਿਬ ਦੇ ਕੁਦਰਤੀ ਨਜ਼ਾਰੇ ਕੋਈ ਵਖਰੇ ਸਨ? ਫਿਰ ਪੁਰਾਤਨ ਜਨਮ ਸਾਖੀ ਅਨੁਸਾਰ ਪਹਿਲਾਂ ਅਲਾਹਣੀਆਂ ਫਿਰ ਤੁਖਾਰੀ ਵਾਲਾ ਬਾਰਹਮਾਹਾ ਪੂਰਾ ਫਿਰ ਰਾਗ ਗਉੜੀ ਦੀਪਕੀ ਮਹਲਾ ੧ ਫਿਰ 'ਰਾਗ ਆਸਾ ਮਹਲਾ ੧' "ਛਿਅ ਘਰ ਛਿਅ ਗੁਰ..." ਅਤੇ ਫਿਰ ਸਲੋਕ "ਪਵਣੁ ਗੁਰੂ ਪਾਣੀ ਪਿਤਾ.." ਇਤਨੀਆਂ ਬਾਣੀਆਂ ਦਾ ਅੰਤ ਸਮੇਂ ਉਚਾਰਨ ਕਰਨਾ ਕੀ ਸੁਭਾਵਿਕ ਮੰਨਿਆ ਜਾ ਸਕਦਾ ਹੈ?

ਗੁਰੂ ਨਾਨਕ-ਬਾਣੀ ਦੇ ਦਰਸ਼ਨ ਕਰੀਏ ਤਾਂ ਇਹ ਗਲ ਸਿਧ ਹੁੰਦੀ ਹੈ ਕਿ ਗੁਰੂ ਬਾਬਾ ਜੀ ਸਦਾ ਹੀ ਸਾਈਂ ਦੀ ਯਾਦ ਵਿਚ ਲੀਨ ਰਹਿੰਦੇ ਸਨ। ਤੁਖਾਰੀ ਬਾਰਹਮਾਹਾ ਵਾਂਗ ਹਰ ਰਾਗ ਵਿਚ ਜੀਵ-ਇਸਤਰੀ ਦੇ ਬ੍ਰਿਹੋ ਭਰਪੂਰ ਕਈ ਸ਼ਬਦ ਮਿਲਦੇ ਹਨ। ਜਿਨ੍ਹਾਂ ਦਾ ਪਰਸਪਰ ਭਾਵਕ ਸੁਮੇਲ ਹੈ। ਜਿਵੇਂ:-

**ਬਰਸੈ ਅੰਮ੍ਰਿਤਧਾਰ ਬੂੰਦ ਸੁਹਾਵਣੀ ॥**

**ਸਾਜਨ ਮਿਲੇ ਸਹਜਿ ਸੁਭਾਇ, ਹਰਿ ਸਿਉ ਪ੍ਰੀਤਿ ਬਣੀ ॥** [ਬਾਰਹਮਾਹਾ

**ਬਰਸੁ ਘਨਾ ਮੇਰਾ ਮਨੁ ਭੀਨਾ ॥ ਅੰਮ੍ਰਿਤ ਬੂੰਦ ਸੁਹਾਨੀ ਹੀਅਰੈ ॥**

**ਗੁਰਿ ਮੋਹੀ ਮਨੁ ਹਰਿ ਰਸਿ ਲੀਨਾ ॥** [ਮਲਾਰ ਮਹਲਾ ੧, ਪੰਨਾ ੧੨੫੪

ਅੰਤਮ ਸਿੱਟਾ ਇਹ ਹੈ ਕਿ 'ਹਰਿ ਜੀ' ਦਾ ਪਟੀ ਸੰਪੂਰਨ ਭਈ ਤੇ ਬਾਰਹਮਾਹਾ ਦਾ ਰਚਿਆ ਜਾਣਾ ਅਤੇ 'ਪੁਰਾਤਨ ਜਨਮ ਸਾਖੀ ਵਿਚ ਜੋਤੀ ਜੋਤਿ ਸਮਾਉਣ ਵਾਲੀ ਸਾਖੀ ਨਾਲ ਇਸ ਰਚਨਾ ਨੂੰ ਦਰਸਾਉਣਾ, ਦੋਵੇਂ ਵਿਰੋਧੀ ਵੀਚਾਰ ਹਨ। ਗੁਰੂ ਨਾਨਕ ਦੇਵ ਜੀ ਦੇ ਕਿਸੇ ਸਮਕਾਲੀ ਵਿਅਕਤੀ ਦੀ ਗਵਾਹੀ ਤੋਂ ਬਿਨਾਂ ਇਸ ਰਚਨਾ ਨੂੰ ਗੁਰੂ ਨਾਨਕ ਦੇਵ ਜੀ ਦੀ ਅੰਤਮ ਰਚਨਾ ਕਹਿਣਾ ਜਾਂ ਮੰਨਣਾ, ਇਕ ਕਲਪਿਤ ਕਥਾ ਤੋਂ ਸਿਵਾਇ ਹੋਰ ਕੁਝ ਨਹੀਂ ਹੈ।

## ਤੁਖਾਰੀ ਮਹਲਾ ੧ ॥

**ਪਹਿਲੈ ਪਹਰੈ ਨੈਣ ਸਲੋਨੜੀਏ, ਰੈਣਿ ਅੰਧਿਆਰੀ ਰਾਮ ॥ ਵਖਰੁ ਰਾਖੁ ਮੁਈਏ, ਆਵੈ ਵਾਰੀ ਰਾਮ ॥ ਵਾਰੀ ਆਵੈ ਕਵਣੁ ਜਗਾਵੈ, ਸੂਤੀ ਜਮ ਰਸੁ ਚੂਸਏ ॥ ਰੈਣਿ ਅੰਧੇਰੀ ਕਿਆ ਪਤਿ ਤੇਰੀ, ਚੋਰੁ ਪੜੈ ਘਰੁ ਮੂਸਏ ॥ ਰਾਖਣਹਾਰਾ ਅਗਮ ਅਪਾਰਾ, ਸੁਣਿ ਬੇਨੰਤੀ ਮੇਰੀਆ ॥ ਨਾਨਕ, ਮੂਰਖੁ ਕਬਹਿ ਨ ਚੇਤੈ, ਕਿਆ ਸੂਝੈ ਰੈਣਿ ਅੰਧੇਰੀਆ ॥੧॥**

**ਦੂਜਾ ਪਹਰੁ ਭਇਆ, ਜਾਗੁ ਅਚੇਤੀ ਰਾਮ ॥ ਵਖਰੁ ਰਾਖੁ ਮੁਈਏ, ਖਾਜੈ ਖੇਤੀ ਰਾਮ ॥ ਰਾਖਹੁ ਖੇਤੀ ਹਰਿ ਗੁਰ ਹੇਤੀ, ਜਾਗਤ ਚੋਰੁ ਨ ਲਾਗੈ ॥ ਜਮ ਮਗਿ ਨ ਜਾਵਹੁ ਨਾ ਦੁਖੁ ਪਾਵਹੁ, ਜਮ ਕਾ ਡਰੁ ਭਉ ਭਾਗੈ ॥ ਰਵਿ ਸਸਿ ਦੀਪਕ ਗੁਰਮਤਿ**

ਦੁਆਰੈ, ਮਨਿ ਸਾਚਾ ਮੁਖਿ ਧਿਆਵਏ ॥ ਨਾਨਕ, ਮੂਰਖੁ ਅਜਹੁ ਨ ਚੇਤੈ, ਕਿਵ ਦੂਜੈ ਸੁਖੁ ਪਾਵਏ ॥੨॥

## ਉਚਾਰਨ ਸੇਧ

**ਅੰਕ ਪਹਿਲਾ ਤੇ ਦੂਜਾ- ਫੁਟਕਲ:** ੧- 'ਮੁਈਏ' ਪਦ ਦਾ ਉਚਾਰਨ 'ਮੂਈਏ' ਕਰਨਾ ਅਸ਼ੁੱਧ ਹੈ। ੨-'ਕਬਹਿ' ਪਦ ਦਾ ਉਚਾਰਨ 'ਕਬਹਿਂ ' ਕਰਨਾ ਅਸ਼ੁੱਧ ਹੈ ਕਿਉਂਕਿ ਇਹ 'ਕਬਹੀਂ' ਦਾ ਸੂਚਕ ਹੈ।

**ਪਦ ਅਰਥ:** ਪਹਿਲੈ ਪਹਰੈ=(ਰਾਤ ਦੇ) ਪਹਿਲੇ ਪਹਿਰ ਵਿਚ। ਨੈਣ ਸਲੋਨੜੀਏ=ਹੇ ਸੁੰਦਰ ਅੱਖਾਂ ਵਾਲੀਏ !। ਰੈਣਿ=ਰਾਤ । ਅੰਧਿਆਰੀ=ਹਨੇਰੇ ਵਾਲੀ। ਵਖਰੁ=ਸੌਦਾ। ਰਾਖੁ=ਰਖ ਲੈ, ਸੰਭਾਲ ਲੈ। ਮੁਈਏ=ਇਹ ਪਿਆਰ ਭਰਿਆ ਸ਼ਬਦ ਹੈ। ਆਮ ਤੌਰ ਤੇ ਅਸੀਂ ਘਰਾਂ ਵਿਚ ਬਚੀਆਂ ਨੂੰ 'ਮੋਈਏ, ਉਰੇ ਆ' ਮਰ ਜਾਣੀਏ, ਕਰਕੇ ਵੀ ਬੁਲਾਂਦੇ ਹਾਂ, ਸੋ, ਇਥੇ ਜੀਵ ਇਸਤ੍ਰੀ ਨੂੰ ਇਉਂ ਸੰਬੋਧਨ ਕੀਤਾ ਹੈ। ਕਵਣੁ=ਕੌਣ। ਸੁਤੀ=(ਮਾਇਆ-ਮੋਹ ਵਿਚ) ਸੁਤੀ ਹੋਈ। ਜਮ=ਜਮਾਂ ਦਾ (ਟੋਲਾ)। ਚੂਸਏ=ਚੂਸਦੀ ਰਹਿੰਦੀ ਹੈ। ਪਤਿ=ਇਜ਼ਤ। ਘਰ ਮੂਸਏ=ਲੁਟਦੇ ਹਨ। ਕਬਹਿ=ਕਦੇ ਵੀ । ਨ ਚੇਤੈ=ਯਾਦ ਨਹੀਂ ਕਰਦਾ, ਚਿੰਤਨ ਨਹੀਂ ਕਰਦਾ। ਕਿਆ ਸੂਝੈ=ਕੀ ਦਿਸਦਾ ਹੈ। ਰੈਣਿ ਅੰਧੇਰੀਆ=ਹਨੇਰੇ ਵਾਲੀ ਰਾਤ ਵਿਚ।੧।

ਭਇਆ=ਹੋਇਆ। ਅਚੇਤੀ=ਹੇ ਅਗਿਆਤ, ਚਿੰਤਨ–ਰਹਿਤ ਜੀਵ ਇਸਤ੍ਰੀਏ!। ਵਖਰ=(ਰਾਮ ਨਾਮ ਦਾ) ਸੌਦਾ। ਖਾਜੈ=ਖਾਧੀ ਜਾ ਰਹੀ ਹੈ। ਖੇਤੀ=(ਦੈਵੀ ਗੁਣਾ ਰੂਪੀ) ਖੇਤੀ। ਗੁਰ ਹੇਤੀ=ਗੁਰੂ ਦੇ ਹਿਤ ਪਿਆਰ ਕਰਕੇ। ਜਾਗਤ=ਜਾਗਦਿਆਂ, ਸੁਚੇਤ ਰਹਿਆਂ। ਜਮ ਮਗਿ=ਜਮ ਦੇ ਰਸਤੇ ਉਤੇ। ਭਉ=(ਨਰਕਾਂ ਦਾ) ਡਰ। ਭਾਗੈ=ਭਜ ਜਾਏਗਾ, ਨਾਸ਼ ਹੋ ਜਾਵੇਗਾ। ਰਵਿ=ਸੂਰਜ। ਸਸਿ=ਚੰਦ੍ਰਮਾ। ਦੀਪਕ=(ਦੋ) ਦੀਵੇ। ਗੁਰਮਤਿ=ਗੁਰੂ ਦੀ ਮਤਿ (ਸਿਖਿਆ) ਦੁਆਰਾ। ਦੁਆਰੈ=(ਰੱਬੀ) ਦਰ ਤੇ। ਮਨ ਸਾਚਾ=ਮਨ ਵਿਚ ਸੱਚਾ (ਪ੍ਰਭੂ)। ਮੁਖਿ=ਮੂੰਹ ਨਾਲ। ਧਿਆਵੈ=ਧਿਆਉਂਦਾ ਹੈ। ਅਜਹੁ=ਅਜੇ ਵੀ। ਨ ਚੇਤੈ=ਯਾਦ ਨਹੀ ਕਰਦਾ। ਕਿਵ=ਕਿਸ ਤਰ੍ਹਾਂ ਦੂਜੇ=(ਜੀਵਨ ਦੇ) ਦੂਜੇ ਪਹਰ ਵਿਚ। ਸੁਖੁ=(ਆਤਮਿਕ) ਸੁਖ। ਪਾਵਏ=ਪਾ ਸਕਦਾ ਹੈ।।੨।

**ਅਰਥ;** ਹੇ ਸੁੰਦਰ ਅੱਖਾਂ ਵਾਲੀ (ਜੀਵ-ਇਸਤ੍ਰਏ ! ਤੇਰੇ ਜੀਵਨ ਦੇ) ਪਹਿਲੇ ਪਹਰ ਵਿਚ (ਤੇਰੀ ਉਮਰ ਰੂਪੀ) ਰਾਤ ਹਨੇਰੇ ਵਾਲੀ ਹੈ ਭਾਵ (ਅਗਿਆਨਤਾ ਭਰੀ) ਹੈ। ਹੇ ਮੁਈਏ ! ( ਮਰ ਜਾਣੀਏ! ਆਪਣੇ ਜੀਵਨ ਦਾ) ਸੌਦਾ (ਸੰਭਾਲ ਕੇ) ਰਖ (ਕਿਉਂਕਿ ਇਸ ਦੁਨੀਆਂ ਤੋਂ ਕੂਚ ਕਰਨ ਦੀ ਇਕ ਦਿਨ ਹਰੇਕ ਦੀ ਵਾਰੀ ਆਵੇਗੀ। (ਜਦੋਂ) ਵਾਰੀ ਆ ਜਾਂਦੀ ਹੈ (ਉਦੋਂ) ਕੌਣ ਜਗਾਉਂਦਾ ਹੈ, (ਕਿਉਂਕਿ ਉਸ ਅਗਿਆਨਤਾ ਦੀ ਨੀਂਦ ਵਿਚ) ਸੁਤੀ ਹੋਈ ਦਾ (ਪ੍ਰਾਣਾ ਰੂਪੀ) ਰਸ ਜਮ ਚੂਸ ਲੈਂਦਾ ਹੈ। (ਹੇ ਸੋਹਣੀਏ !) ਅਗਿਆਨਤਾ ਦੀ( ਉਮਰ ਰੂਪੀ) ਰਾਤ ਵਿਚ ਤੇਰੀ ਕੀ ਇਜ਼ਤ ਹੈ (ਜਦੋਂ ਕਾਮ ਰੂਪ) ਚੋਰ ਪੈਂਦਾ ਹੈ (ਤਾਂ ਉਹ) ਘਰ ਨੂੰ ਲੁਟ ਲੈਂਦਾ ਹੈ (ਭਾਵ-ਗੁਣਾਂ ਨੂੰ ਚੁਰਾ ਲੈਂਦਾ ਹੈ)।

ਹੇ ਰਖਣਹਾਰ; ਅਪਹੁੰਚ ਤੇ ਬੇਅੰਤ ( ਪ੍ਰਭੂ ! ਤੂੰ) ਮੇਰੀ ਬੇਨਤੀ ਸੁਣ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਮੂਰਖ (ਮਨੁੱਖ) ਕਦੇ ਵੀ (ਵਾਹਿਗੁਰੂ ਜੀ ਨੂੰ) ਚੇਤੇ ਨਹੀਂ ਕਰਦਾ (ਫਿਰ ਇਸ ਨੂੰ ਮੋਹ ਰੂਪੀ) ਹਨੇਰੀ ਰਾਤ ਵਿਚ (ਜੀਵਨ ਦਾ ਰਾਹ) ਕੀ ਲਭੇਗਾ? ਭਾਵ ਨਹੀਂ ਲਭ ਸਕੇਗਾ।੧।

**ਅਰਥ:** ਹੇ ਅਚੇਤ ਇਸਤ੍ਰੀ! (ਤੇਰੀ ਉਮਰ ਰੂਪੀ ਰਾਤ) ਦਾ ਦੂਜਾ ਪਹਿਰ ਭੀ (ਗੁਜ਼ਰਦਾ ਜਾ) ਰਿਹਾ ਹੈ, (ਹੁਣ ਤਾਂ ਅਵਿਦਿਆ ਰੂਪੀ ਨੀਂਦ ਚੋਂ) ਜਾਗ। (ਤੂੰ ਰਾਮਨਾਮ ਰੂਪੀ) ਵਖਰ (ਸੌਦਾ) ਬਚਾਅ ਲੈ (ਤੇਰੀ ਗੁਣਾ ਦੀ ਜੀਵਨ )ਖੇਤੀ ਖਾਧੀ ਜਾ ਰਹੀ ਹੈ। ਗੁਰੂ ਨਾਲ ਪਿਆਰ ਲਾ ਕੇ (ਆਪਣੀ) ਖੇਤੀ ਬਚਾ ਲੈ (ਜੇ ਤੂੰ ਜਾਗੇ ਤਾਂ) ਜਾਗਦਿਆਂ (ਕੋਈ) ਚੋਰ ਨਹੀਂ ਲਗਦਾ (ਭਾਵ ਚੋਰ ਸੰਨ੍ਹ ਨਹੀਂ ਲਾਉਂਦਾ ਹੈ)। (ਇਸ ਤਰ੍ਹਾਂ ਦੀ ਕ੍ਰਿਆ ਨਾਲ ਤੂੰ) ਜਮ ਦੇ ਰਸਤੇ ਤੇ ਨਹੀਂ ਜਾਵੇਂਗੀ, ਨਾ ਦੁੱਖ ਪਾਵੇਂਗੀ (ਅਤੇ) ਜਮ ਦਾ ਡਰ ( ਤੇ ਹੋਰ ਹਰ ਪ੍ਰਕਾਰ ਦਾ) ਭੈ ਦੂਰ ਹੋ ਜਾਵੇਗਾ। (ਹੇ ਭਾਈ! ਜਿਹੜੀ ਇਸਤ੍ਰੀ) ਮਨ ਵਿਚ ਤੇ ਮੂੰਹ ਵੀ ਗੁਰੂ ਦੀ ਸਿਖਿਆ ਦੁਆਰਾ ਸਦਾ ਥਿਰ ਰਹਿਣ ਵਾਲਾ ਪ੍ਰਭੂ ਧਿਆਉਂਦੀ ਹੈ ( ਉਸ ਦੇ ਹਿਰਦੇ ਅੰਦਰ ਸੱਚਾ) ਗਿਆਨ ਅਤੇ ਸ਼ਾਂਤੀ ਦੇ ਦੀਵੇ ਜਗ ਪੈਂਦੇ ਹਨ। ਨਾਨਕ ਗੁਰੂ ਜੀ ਫਰਮਾਉਂਦੇ ਹਨ ਕਿ ਮੂਰਖ ਜੀਵ ਇਸਤ੍ਰੀ) ਅਜੇ ਵੀ (ਪ੍ਰਭੂ ਨੂੰ) ਯਾਦ ਨਹੀ ਕਰਦੀ, ਦਵੈਤ -ਭਾਵ ਵਿਚ ਰਹਿ ਕੇ (ਇਹ ਕਿਵੇਂ ਆਤਮਿਕ) ਸੁਖ ਪਾ ਸਕਦੀ ਹੈ? (ਭਾਵ ਨਹੀਂ ਪਾ ਸਕਦੀ)।੨।

**ਤੀਜਾ ਪਹਰੁ ਭਇਆ, ਨੀਦ ਵਿਆਪੀ ਰਾਮ॥ ਮਾਇਆ ਸੁਤ ਦਾਰਾ, ਦੂਖਿ ਸੰਤਾਪੀ ਰਾਮ॥ ਮਾਇਆ ਸੁਤ ਦਾਰਾ ਜਗਤ ਪਿਆਰਾ, ਚੋਗ ਚੁਗੈ ਨਿਤ ਫਾਸੈ॥ ਨਾਮੁ ਧਿਆਵੈ ਤਾਂ ਸੁਖੁ ਪਾਵੈ, ਗੁਰਮਤਿ ਕਾਲੁ ਨ ਗ੍ਰਾਸੈ॥ ਜੰਮਣੁ ਮਰਣੁ ਕਾਲੁ ਨਹੀਂ ਛੋਡੈ, ਵਿਣੁ ਨਾਵੈ ਸੰਤਾਪੀ॥ ਨਾਨਕ, ਤੀਜੈ ਤ੍ਰਿਬਿਧਿ ਲੋਕਾ, ਮਾਇਆ ਮੋਹਿ ਵਿਆਪੀ॥੩॥**

**ਚਉਥਾ ਪਹਰੁ ਭਇਆ, ਦਉਤੁ ਬਿਹਾਗੈ ਰਾਮ॥ ਤਿਨ ਘਰੁ ਰਾਖਿਅੜਾ, ਜੁੋ ਅਨਦਿਨੁ ਜਾਗੈ ਰਾਮ॥ ਗੁਰ ਪੂਛਿ ਜਾਗੇ ਨਾਮਿ ਲਾਗੇ, ਤਿਨਾ ਰੈਣਿ ਸੁਹੇਲੀਆ॥ ਗੁਰ ਸਬਦੁ ਕਮਾਵਹਿ, ਜਨਮਿ ਨ ਆਵਹਿ, ਤਿਨਾ ਹਰਿਪ੍ਰਭੁ ਬੇਲੀਆ॥ ਕਰ ਕੰਪਿ ਚਰਣ ਸਰੀਰੁ ਕੰਪੈ, ਨੈਣ ਅੰਧੁਲੇ ਤਨੁ ਭਸਮ ਸੇ॥ ਨਾਨਕ, ਦੁਖੀਆ ਜੁਗ ਚਾਰੇ, ਬਿਨੁ ਨਾਮ ਹਰਿ ਕੇ ਮਨਿ ਵਸੇ॥੪॥**

**ਖੂਲੀ ਗੰਠਿ ਉਠੋ ਲਿਖਿਆ ਆਇਆ ਰਾਮ॥ ਰਸ ਕਸ ਸੁਖ ਠਾਕੇ, ਬੰਧਿ ਚਲਾਇਆ ਰਾਮ॥ ਬੰਧਿ ਚਲਾਇਆ ਜਾ ਪ੍ਰਭ ਭਾਇਆ, ਨਾ ਦੀਸੈ ਨਾ ਸੁਣੀਐ॥ ਆਪਣ ਵਾਰੀ ਸਭਸੈ ਆਵੈ, ਪਕੀ ਖੇਤੀ ਲੁਣੀਐ॥ ਘੜੀ ਚਸੇ ਕਾ ਲੇਖਾ ਲੀਜੈ, ਬੁਰਾ ਭਲਾ ਸਹੁ ਜੀਆ॥ ਨਾਨਕ, ਸੁਰਿ ਨਰ ਸਬਦਿ ਮਿਲਾਏ, ਤਿਨਿ ਪ੍ਰਭਿ ਕਾਰਣੁ ਕੀਆ ॥੫॥੨॥**

ਉਚਾਰਨ ਸੇਧ

**ਬਿੰਦੀ ਸਹਿਤ:**-ਨੀਦ, ਤਾਂ, ਨਹੀਂ, ਨਾਂਵੈ। ਤਿਨ੍ਹਾਂ, ਕਮਾਵਹਿ, ਆਵਹਿੰ.

**ਫੁਟਕਲ:-** 'ਮੋਹਿ' ਪਦ ਦਾ ਉਚਾਰਨ 'ਮੋਹੇ' ਨਹੀ ਕਰਨਾ ।੩। 'ਜੋ' ਨੂੰ 'ਜੁ' ਪੜ੍ਹਨਾ ਹੈ।

**ਪਦ-ਅਰਥ:** ਨੀਂਦ ਵਿਆਪੀ=ਨੀਦ ਗ਼ਲਬਾ ਪਾਂਦੀ ਹੈ। ਸੁਤ=ਪੁੱਤਰ। ਦਾਰਾ=ਇਸਤ੍ਰੀ। ਦੂਖਿ=ਦੁਖ ਵਿਚ, ਚਿੰਤਾ ਵਿਚ। ਸੰਤਾਪੀ=ਦੁਖੀ ਰਹਿੰਦੀ, ਕਲਪਦੀ ਰਹਿੰਦੀ ਹੈ। ਚੋਗ ਚੁਗੈ=(ਪਦਾਰਥਾਂ ਦੇ) ਭੋਗ ਭੋਗਦਾ ਰਹਿੰਦਾ ਹੈ। ਤਾ=ਤਦੋਂ । ਗੁਰਮਤਿ=ਗੁਰੂ ਦੀ ਮਤ ਦੁਆਰਾ, ਭਾਵ ਗੁਰਮਤ ਤੇ ਅਮਲ ਕੀਤਿਆਂ। ਕਾਲੁ=ਮੌਤ। ਨ ਗ੍ਰਾਸੈ=ਨਹੀਂ ਫੜਦੀ ਭਾਵ ਨਹੀਂ ਖਾਂਦੀ। ਵਿਣ ਨਾਵੈ=ਨਾਮ ਤੋਂ ਬਿਨਾ। ਤੀਜੈ=(ਜੀਵਨ ਦਾ) ਤੀਜਾ (ਪਹਰੁ ਗੁਜ਼ਰਦਿਆਂ)। ਲੋਕਾ=ਹੇ ਲੋਕੋ!। ਮੋਹਿ=ਮੋਹ ਵਿਚ। ਵਿਆਪੀ=ਫਸੀ ਰਹਿੰਦੀ ਹੈ ।੩।

ਚਉਥਾ ਪਹਰੁ=(ਉਮਰ ਰੂਪੀ ਰਾਤ ਦਾ) ਚੋਥਾ ਭਾਗ। ਦਉਤ=ਪ੍ਰਕਾਸ਼। ਬਿਹਾਗੈ=ਸੂਰਜ ਦਾ ਦਉੜੁ ਬਿਹਾਗੈ=ਸੂਰਜ ਦਾ ਪ੍ਰਕਾਸ਼ ਹੋ ਜਾਂਦਾ ਹੈ, ਸੂਰਜ ਚੜ੍ਹ ਪੈਂਦਾ ਹੈ (ਭਾਵ ਰਾਤ ਤੋਂ ਦਿਨ ਹੋ ਜਾਂਦਾ ਹੈ, ਕਾਲੇ ਕੇਸਾਂ ਤੋਂ ਚਿੱਟੇ ਕੇਸ ਹੋ ਜਾਂਦੇ ਹਨ) । ਤਿਨ=ਉਹਨਾਂ ਨੇ। ਘਰੁ ਰਾਖਿਅੜਾ=ਹਿਰਦਾ ਘਰ (ਵਿਕਾਰਾਂ ਤੋਂ ) ਬਚਾ ਲਿਆ। ਜੋ=ਜਿਹੜਾ (ਮਨੁੱਖ) । ਜਾਗੈ=ਜਾਗਦਾ ਹੈ, ਸੁਚੇਤ ਰਹਿੰਦਾ ਹੈ। ਅਨਦਿਨੁ=ਹਰ ਰੋਜ਼। ਗੁਰ ਪੂਛਿ=ਗੁਰੂ ਨੂੰ ਪੁਛ ਕੇ। ਨਾਮਿ=ਨਾਮ ਵਿਚ । ਲਾਗੈ=ਲਗ ਕੇ, ਜੁੜ ਕੇ। ਤਿਨਾ ਰੈਣਿ=ਉਨ੍ਹਾਂ ਦੀ (ਜੀਵਨ ਰੂਪ) ਰਾਤ। ਸੁਹੇਲੀਆ=ਸੌਖੀ, ਸੁਖਦਾਈ। ਸਬਦੁ ਕਮਾਵਹਿ=(ਗੁਰ) ਉਪਦੇਸ਼ ਨੂੰ ਕਮਾਉਂਦੇ ਹਨ। ਜਨਮਿ ਨ ਆਵਹਿ=ਜਨਮ ਮਰਨ ਦੇ ਗੇੜ ਵਿਚ ਨਹੀਂ ਆਉਂਦੇ। ਜਿਨਾ=ਜਿਨ੍ਹਾਂ ਦਾ। ਬੇਲੀਆ=ਬੇਲੀ, ਮਿੱਤਰ। ਕਰ=ਹਥ। ਚਰਣ=ਪੈਰ। ਕੰਪਿ=ਕਬ ਕੇ। ਕੰਪੈ=ਕੰਬਦਾ ਹੈ। ਅੰਧੁਲੇ=ਅੰਨ੍ਹੇ ਜਿਹੇ। ਨੈਣ ਅੰਧੁਲੇ=ਅੱਖਾਂ ਅੰਨ੍ਹੀਆਂ ਜਿਹੀਆਂ, ਭਾਵ ਅੱਖਾਂ ਚੋ ਕੁਝ ਨਹੀ ਦਿਸਦਾ ਤਨੁ=ਸਰੀਰ। ਭਸਮ ਸੇ=ਸੁਆਹ ਵਾਂਗ। ਜੁਗ ਚਾਰੇ=ਚੌਹਾਂ ਹੀ ਜੁੱਗਾਂ ਵਿਚ। ਮਨਿ=ਮਨ ਵਿਚ ।੪।

ਖੂਲੀ ਗੰਠਿ=ਸੁਆਸਾਂ ਦੀ ਗੰਢ ਖੁਲ੍ਹ ਗਈ, ਭਾਵ ਸੁਆਸ ਮੁੱਕ ਗਏ। ਉਠੋ=ਉਠ, (ਭਾਵ ਜਾਗ ਤੇ ਟੁਰ ਪਉ)। ਲਿਖਿਆ=(ਧੁਰ ਤੋਂ) ਲਿਖਿਆ ਹੋਇਆ। ਰਸ ਕਸ=ਮਿੱਠੇ ਖੱਟੇ ਰੱਸਾਂ (ਵਾਲੇ ਪਦਾਰਥ। ਠਾਕੇ=ਰੋਕ ਲਏ। ਬੰਧਿ=ਬੰਨ੍ਹ ਕੇ। ਚਲਾਇਆ (ਜੀਵ ਨੂੰ ਅਗੇ) ਟੋਰ ਲਿਆ। ਜਾ=ਜਦੋਂ ਪ੍ਰਭ ਭਾਇਆ=ਪ੍ਰਭੂ ਨੂੰ ਚੰਗਾ ਲੱਗਾ। ਸਭਸੈ=ਹਰੇਕ (ਜੀਵ) ਦੀ। ਲੁਣੀਐ=ਕੱਟੀ ਜਾਂਦੀ ਹੈ। ਘੜੀ ਚਸੇ ਕਾ=ਭਾਵ ਹਰੇਕ ਰਤੀ ਭਰ ਸਮੇਂ ਦਾ। ਲੇਖਾ ਲੀਜੈ=ਹਿਸਾਬ ਲਿਆ ਜਾਂਦਾ ਹੈ। ਸਹੁ=ਸਹਾਰ। ਜੀਅ=ਹੇ ਜੀਵ!। ਸੁਰਿ ਨਰ=ਦੇਵਤੇ ਪੁਰਸ਼। ਸਬਦਿ=(ਗੁਰੂ ਦੇ) ਸ਼ਬਦ ਵਿਚ। ਤਿਨਿ ਪ੍ਰਭ=ਉਸ ਪ੍ਰਭੂ (ਮਾਲਕ) ਨੇ । ਕਾਰਣੁ=ਸਬਬ।੫।

**ਅਰਥ:-**( ਹੇ ਭਾਈ! ਜੀਵਨ ਰੂਪੀ ਰਾਤ ਦਾ) ਤੀਜਾ ਪਹਿਰ ਗੁਜ਼ਰ ਰਿਹਾ ਹੈ ( ਪਰ ਜੀਵ ਇਸਤ੍ਰੀ ਉਤੇ) ਨੀਂਦ ਦਾ ਗ਼ਲਬਾ ਪਿਆ ਹੋਇਆ ਹੈ। ਮਾਇਆ, ਪੁੱਤਰ, ਇਸਤ੍ਰੀ ਦੇ ਦੁੱਖ ਵਿਚ ਕਲਪ ਰਹੀ ਹੈ। ਮਾਇਆ, ਪੁੱਤਰ, ਇਸਤ੍ਰੀ ਤੇ ਜਗਤ (ਇਹ ਸਾਰੇ ਹੀ ਜੀਵ-ਇਸਤ੍ਰੀ ਨੂੰ) ਪਿਆਰੇ ਲਗਦੇ ਹਨ, (ਉਹ ਰੋਜ਼) ਭੋਗਾਂ ਦੀ ਚੋਗ ਚੁਗਦੀ ਹੈ (ਅਤੇ ਭੋਗਾਂ ਵਿਚ) ਨਿਤ ਫਸਦੀ ਹੈ। (ਜੋ ਇਸਤ੍ਰੀ) ਨਾਮ ਨੂੰ

ਸਿਮਰਦੀ ਹੈ ਤਾਂ (ਉਹ ਆਤਮਿਕ) ਸੁਖ ਪਾਉਂਦੀ ਹੈ, (ਫਿਰ ਉਸ ਨੂੰ) ਗੁਰੂ ਦੀ ਮਤ ਦੁਆਰਾ ਮੌਤ ਨਹੀਂ ਫੜਦੀ (ਭਾਵ ਕਾਲ ਨਹੀਂ ਖਾਂਦਾ)।

ਜਨਮ, ਕਰਨ ਅਤੇ (ਆਤਮਿਕ) ਮੌਤ (ਤੋਂ ਇਸ ਦਾ ਖਹਿੜਾ) ਨਹੀਂ ਛੁਟਦਾ ਨਾਮ ਤੋਂ ਵਿਹੂਣੀ ਹੋਣ ਕਾਰਨ ਇਹ ਦੁੱਖੀ ਰਹਿੰਦੀ ਹੈ। ਨਾਨਕ (ਗੁਰੂ ਜੀ ਫਰਮਾਉਂਦੇ ਹਨ ਕਿ) ਹੇ ਲੋਕੋ! (ਜੀਵਨ ਰੂਪੀ ਰਾਤ ਦੇ) ਤੀਜੇ ਪਹਿਰ ਵਿਚ ਜੀਵ ਇਸਤ੍ਰੀ ਤ੍ਰੈਗੁਣੀ ਮਾਇਆ ਦੇ ਮੋਹ ਵਿਚ (ਸੁਤੀ) ਰਹਿੰਦੀ ਹੈ।੩।

(ਹੇ ਭਾਈ ! ਜੀਵਨ ਰੂਪੀ ਰਾਤ ਦਾ) ਚੋਥਾ ਪਹਿਰ ਬੀਤ ਰਹਿਆ ਹੈ, ਸੂਰਜ ਦਾ ਪ੍ਰਕਾਸ਼ ਹੋਣ ਵਾਲਾ ਹੈ (ਭਾਵ ਉਮਰ ਰੂਪ ਰਾਤ ਮੁਕਣ ਤੇ ਆ ਗਈ ਹੈ)। ਉਹਨਾਂ (ਜਗਿਆਸੂਆਂ) ਆਪਣਾ ਘਰ ਬਚਾ ਲਿਆ ਹੈ ਜੋ ( ਗਿਆਨ ਵਿਚ ਹਰ ਵੇਲੇ ਜਾਗੇ ਹਨ। ਜੋ ਗੁਰੂ ਦੀ ਮਤ ਲੈ ਕੇ ਜਾਗੇ ਹਨ ਨਾਮ ਵਿਚ ਜੁੜੇ ਹਨ, ਉਨ੍ਹਾਂ ਦੀ ਜੀਵਨ-ਰਾਤ ਸੁਖਦਾਈ (ਲੰਘਦੀ ਹੈ)। (ਜਿਹੜੇ ਗੁਰ ਉਪਦੇਸ਼ ਦੀ ਕਮਾਈ ਕਰਦੇ ਹਨ ਉਹ ਜਨਮ ਮਰਨ ਦੇ ਗੇੜ ਵਿਚ ਨਹੀਂ ਆਉਂਦੇ ਹਨ, ਉਨ੍ਹਾਂ ਦਾ ਸਾਥੀ ਹਰੀ ਪ੍ਰਭੂ ਬੇਲੀ (ਮਿੱਤਰ) ਹੁੰਦਾ ਹੈ। (ਜੀਵਨ ਰਾਤ ਦੇ ਚੋਥੇ ਪਹਰ ਵਿਚ) ਹੱਥ ਪੈਰ ਕੰਬਣ ਲਗਦੇ ਹਨ, ਸਰੀਰ ਕੰਬਦਾ ਹੈ, ਅੱਖਾਂ ਤੋ ਘਟ ਦਿਸਦਾ ਹੈ, ਸਰੀਰ ਸੁਆਹ ਵਰਗਾ ਬੇ-ਰੋਣਕਾ ਹੋ ਜਾਂਦਾ ਹੈ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ) ਨਾਮ ਦੇ ਮਨ ਵਿਚ ਵਸਣ ਤੋਂ ਬਿਨਾਂ ਜੀਵ ਚੌਹਾਂ ਜੁਗਾਂ ਵਿਚ ਦੁੱਖੀ ਹੀ ਰਹਿੰਦਾ ਹੈ (ਭਾਵ ਨਾਮ ਸਿਮਰਨ ਤੋਂ ਬਿਨਾ ਦੁੱਖਾਂ ਤੋਂ ਕਿਸੇ ਸੂਰਤ ਵਿਚ ਵੀ ਨਹੀਂ ਬਚ ਸਕੀਦਾ) ।੪।

(ਹੇ ਭਾਈ!) ਜਦੋਂ ਸੁਆਸਾਂ ਦੀ ਗੰਢ ਖੁਲ੍ਹ ਗਈ (ਭਾਵ ਸੁਆਸ ਮੁੱਕ ਗਏ ਉਸ ਵੇਲੇ ਪ੍ਰਭੂ ਵਲੋਂ ) ਉਠੋ (ਹੁਕਮ ਲਿਖਿਆ ਹੋਇਆ ਆ ਗਿਆ)। (ਛੇ ਪ੍ਰਕਾਰ ਦੇ) ਰੱਸ-ਕੱਸ ਵਾਲੇ ਸੁਖ ਮੁੱਕ ਗਏ ਅਤੇ ਜੀਵ ਨੂੰ ਬੰਨ੍ਹ ਕੇ ਅਗੇ ਲਾ ਲਿਆ ਜਦੋਂ ਪ੍ਰਭੂ ਨੂੰ ਚੰਗਾ ਲਗਾ(ਉਦੋਂ) ਜੀਵ ਨੂੰ ਬੰਨ੍ਹ ਕੇ (ਅੱਗੇ) ਟੋਰ ਲਿਆ, ਫਿਰ ਨਾ ਉਸ ਨੂੰ ਕੁਝ ਦਿਸਦਾ ਹੈ, ਨਾ ਕੁਝ ਸੁਣੀਦਾ ਹੈ। (ਅਸਲ ਵਿਚ ) ਹਰੇਕ ਜੀਵ ਦੀ ਮੌਤ ਦੀ (ਵਾਰੀ ਆਉਂਦੀ ਹੈ ਪਰ) ਪੱਕੀ ਖੇਤੀ (ਹਰ ਹਾਲਤ) ਕੱਟੀ ਜਾਂਦੀ ਹੈ।

(ਹੇ ਭਾਈ! ਜੀਵ ਪਾਸੋਂ) ਹਰੇਕ ਘੜੀ ਪਲ (ਦੇ ਕਰਮਾਂ) ਦਾ ਹਿਸਾਬ ਲਿਆ ਜਾਂਦਾ ਹੈ। (ਓਦੋਂ ਹੇ ਜੀਵ! ਤੂੰ ਆਪਣੇ ਕੀਤੇ ਬੁਰੇ ਭਲੇ (ਕਰਮਾਂ ਦੀ ਸਜ਼ਾ) ਸਹਾਰ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਉਸ ਪ੍ਰਭੂ ਨੇ ਆਪ ਹੀ ਐਸਾ ਕਾਰਨ ਰਚਿਆ ਹੈ (ਭਾਵ ਸਬਬ ਬਣਾਇਆ ਹੈ ਕਿ) ਮਹਾਤਮਾ ਪੁਰਸ਼ਾਂ ਨੂੰ ਹਰੀ ਨੇ (ਗੁਰੂ ਦੇ) ਸ਼ਬਦ ਦੁਆਰਾ ਆਪਣੇ ਨਾਲ ਮਿਲਾ ਲਿਆ ਹੈ।੫।੨।

## ਅਰਥ ਭੇਦ ਅਤੇ ਨਿਰਣੈ

ੳ- ਵਖਰੁ ਰਾਖੁ ਮੁਈਏ, ਆਵੈ ਵਾਰੀ ਰਾਮ॥

ਇਸ ਪੰਕਤੀ ਵਿਚ 'ਮੁਈਏ' ਪਦ ਦੇ ਅਰਥ ਟੀਕਾਕਾਰਾਂ ਨੇ ਇਉਂ ਕੀਤੇ ਹਨ:--

੧- ਸੰਬੋਧਨ -ਹੇ ਮੋਈ ਹੋਈਏ! ਭਾਵ--ਅਗਯਾਨ ਦਸ਼ਾ ਵਾਲੀਏ "ਵਖਰੁ ਰਾਖੁ ਮੁਈਏ। (ਤੁਖਾਰੀ ਛੰਤ ਮ: ੧) ੨। ਦੁਨੀਆਂ ਵਲੋ ਮ੍ਰਿਤ ਹੋਈਏ " ਆਪਣੇ ਪਿਰ ਕੈ ਰੰਗਿ ਰਤੀ ਮੁਈਏ" (ਵਡ .ਛੰਤ ਮ:੩) [ਮ. ਕੋ. ਅਤੇ ਖਾਲਸਾ ਟ੍ਰੈ. ਸੁ. ਕੋਸ਼, ਅੰਮ੍ਰਿਤਸਰ

੨- ਹੇ (ਮੁਈਏ) ਪਯਾਰੀਏ! [ਫ਼.ਸ. ਸ੍ਰੀ ਗੁਰੂ ਬਾਣੀ ਪਰਕਾਸ਼ ਕੋਸ਼

੩- ਹੇ ਮੁਈ ਹੋਈ ਇਸਤ੍ਰੀਏ ! ਹੇ ਆਤਮਕ ਜੀਵਨ ਵਲੋਂ ਮਰੀ ਹੋਈ ਜੀਵ-ਇਸਤ੍ਰੀਏ ! ਹੇ ਆਤਮਕ ਮੌਤ ਸਹੇੜ ਰਹੀ ਜੀਵ-ਇਸਤ੍ਰੀਏ [ਦਰਪਣ

**ਨਿਰਣੈ:**-'ਮੁਈਏ' ਪਦ ਬੜਾ ਪਿਆਰ ਵਾਚਕ ਹੈ। ਪੋਠੋਹਾਰ ਵਿਚ ਇਸ ਪਦ ਦੀ ਆਮ ਵਰਤੋਂ ਕੀਤੀ ਜਾਂਦੀ ਸੀ। ਬਾਲੜੀਆਂ ਅਤੇ ਨੌਜਵਾਨ ਲੜਕੀਆਂ ਜੋ ਬਹੁਤ ਸੁਰਮੀਲੀਆਂ ਹੁੰਦੀਆਂ ਸਨ, ਉਨ੍ਹਾਂ ਨੂੰ ਬੜੇ ਲਾਡ ਪਿਆਰ ਨਾਲ ਆਖਿਆ ਜਾਂਦਾ ਸੀ, 'ਉਰੇ ਆ। ਮੁਈਏ', ਪਰੇ ਹਟ ਮੁਈਏ, ਮਰ ਜਾਣੀਏ' ਭਾਵ ਇਸ ਪਦ ਦੀ ਵਰਤੋਂ ਵਿਧੀ ਅਥਵਾ ਅਗਿਆਨਤਾ ਵਾਲੀ ਭਾਵਨਾ ਵਿਚ ਨਹੀ ਕੀਤੀ ਜਾਂਦੀ।

ਇਸ ਪਦ ਦੀ ਵਿਆਖਿਆ ਭਾ.ਸ. ਭਾ. ਸ਼ੇਰ ਸਿੰਘ ਕਰਤਾ 'ਆਤਮ ਦਰਸ਼ਨ' ਨੇ ਬੜੇ ਕਮਾਲ ਦੀ ਕੀਤੀ ਹੈ ਜਿਸ ਤੋਂ ਪਾਠਕਾਂ ਨੂੰ ਜਾਣੂ ਕਰਾਉਣਾ ਅਤਿ ਜ਼ਰੂਰੀ ਹੈ। ਆਪ ਜੀ ਲਿਖਦੇ ਹਨ--

ਪਤਾ ਨਹੀਂ ਇਨ੍ਹਾਂ ਤਿੰਨ੍ਹਾਂ ਅੱਖਰਾਂ 'ਮੁ ਈ ਏ' ਵਿੱਚ ਜਾਦੂ ਹੀ ਭਰਿਆ ਹੋਇਆ ਸੀ- ਵਿਚ ਜਾਦੂ ਕੀ ਭਰਿਆ ਹੋਇਆ ਸੀ, ਏਹ ਮੈਨੂੰ ਮਿੱਠੇ ਲਗਦੇ ਸਨ। ਜਿਸ ਤਰ੍ਹਾਂ ਪਿਤਾ ਆਪਣੇ ਪੁੱਤਰ ਨੂੰ ਪਿਆਰ ਨਾਲ 'ਪੁੱਤਰੀ' ਆਖਦਾ ਹੈ- (ਗਾਛਹੁ ਪੁਤ੍ਰੀ ਰਾਜਕੁਮਾਰਿ), ਜਿਸ ਤਰ੍ਹਾਂ ਪਤੀ ਆਪਣੀ ਇਸਤਰੀ 'ਪਿਆਰੜੀ' ਆਖਦਾ ਹੈ, ਇਸੇ ਤਰ੍ਹਾਂ 'ਮੁਈਏ' ਡਾਢਾ ਪ੍ਰੇਮ ਭਰਿਆ ਵਾਕ ਸੀ। ਉਤੋਂ ਤਾਂ ਇਉਂ ਨਜ਼ਰ ਆਉਂਦਾ ਸੀ ਜੁ ਇਹ ਮਰਨਾ ਹੈ, ਪਰ ਦਿਲੋਂ ਇਉਂ ਨਜ਼ਰ ਆਉਂਦਾ ਸੀ ਜਿਸ ਤਰ੍ਹਾਂ ਪਿਤਾ ਜੀ ਆਖ ਰਹੇ ਹਨ, 'ਹੇ ਮੁਈਏ ਤੂੰ ਮਰ ਕੇ ਜੀ, ਸਦਾ ਜੀ, ਕਿਉਂਕਿ ਇਸ ਰਸਤੇ ਜਿੰਦਗੀ ਦਾ ਰਾਹ ਹੈ, ਇਹੋ ਰਾਹ ਅੰਮ੍ਰਿਤ-ਕੁੰਡ ਨੂੰ ਜਾਂਦਾ ਹੈ। ਹਾਂ ਜੀ, 'ਮੁਈਏ' ਦਾ ਵਾਕ ਮੈਨੂੰ ਇਸ ਅਵਸਥਾ ਵਿਚ ਮਾਖਿਉਂ ਜਿਡਾ ਮਿੱਠਾ ਲਗਦਾ ਸੀ। ਹਾਂ ਜੀ, ਇਹ ਸਚ-ਮੁਚ ਜੀਵਣ-ਗੁੜਤੀ ਹੈ ਤੇ 'ਨਿਰਗੁਣ-ਵੰਤੜੀਏ' ਵੀ ਮੁੜ ਮੁੜ ਮੈਨੂੰ ਇਹੋ ਹੀ ਉਪਦੇਸ਼ ਦਿੰਦਾ ਸੀ। ਕੀ ਆਖਦਾ ਸੀ ਕਿ ਜਦ ਤੋੜੀ ਤੈਨੂੰ ਆਪਣੇ ਗੁਣਾਂ ਦਾ ਅਭਿਮਾਨ ਹੈ, ਤੈਨੂੰ ਬੀ.ਏ.ਐਮ.ਏ. ਦਾ ਅਭਿਮਾਨ ਹੈ?, ਤੈਨੂੰ ਨੌਕਰੀ ਚਾਕਰੀ ਤੇ ਡਿਗਰੀਆਂ ਦਾ ਅਭਿਮਾਨ ਹੈ, ਤੈਨੂੰ ਆਪਣੇ ਰਥਾਂ, ਹਾਥੀਆਂ ਤੇ ਘੋੜਿਆਂ ਦਾ ਅਭਿਮਾਨ ਹੈ, ਤੈਨੂੰ ਪੁੱਤਰਾਂ ਧੀਆਂ, ਸਾਕ ਸੰਬੰਧੀਆਂ ਅਤੇ ਹੋਰ ਧੜਿਆਂ ਦਾ ਅਭਿਮਾਨ ਹੈ ਤਦ ਤੋੜੀ ਵਾਹਿਗੁਰੂ ਤੇਰੇ ਕੋਲੋਂ ਕਰੋੜਾਂ ਕੋਹ ਦੂਰ ਹੈ। ਇਹ ਅਭਿਮਾਨ ਮਾਨੋ ਤੇਰੇ ਗੱਲ ਵਿਚ ਲੋਹੇ ਦੀਆਂ ਜੰਜੀਰਾਂ ਹਨ, ਇਹ 'ਹਉਮੈ' ਮਾਨੋ ਤੇਰੇ ਪੈਰੀਂ ਬੇੜੀਆਂ ਹਨ, ਇਹ ਅਭਿਮਾਨ ਮਾਨੋ ਕਿਸ਼ਤੀ ਵਿਚ ਵੱਟੇ ਹਨ ਜੋ ਤੈਨੂੰ ਡੋਬ ਰਹੇ ਹਨ, ਇਹ ਹਉਮੈ ਤੇਰਾ ਇਤਨਾ ਗੁੱਝਾ ਵੈਰੀ ਹੈ ਜਿਤਨੀ ਕਿ ਗੁੱਝੀ ਬੈਸੰਤਰ (ਅੱਗ) ਜੋ ਲਕੜੀ ਵਿਚ ਲੁਕ ਰਹਿੰਦੀ ਹੈ ਤੇ ਆਪਣੇ ਵਕਤ ਉਪਰ ਜੰਗਲ ਦੇ ਜੰਗਲ ਸਾੜ ਛੱਡਦੀ ਹੈ। ਮੁਈਏ! ਇਨ੍ਹਾਂ ਅਭਿਮਾਨਾਂ ਨੂੰ ਮਾਰ ਕੇ ਇਨ੍ਹਾਂ ਗੁਣਾਂ ਨੂੰ ਛੱਡ ਕੇ ਔਗੁਣਾਂ ਨੂੰ ਨਹੀਂ ਪਕੜਨਾ, ਨਹੀਂ, ਗੁਣ ਔਗੁਣ ਦੋਹਾਂ ਤੋਂ ਪਾਰ 'ਨਿਰਗੁਣ ਵੰਤੜੀ' ਬਣਨਾ ਹੈ ਕਿਉਂਕਿ ਧੁਪ-ਛਾਂ ਦੋਵੇਂ ਬੰਧਨ ਹਨ। ਔਗੁਣਾਂ ਦੀਆਂ ਬੇੜੀਆਂ ਤਾਂ ਲੋਹੇ ਦੀਆਂ ਹੁੰਦੀਆਂ ਹਨ ਜੋ ਜੇਲ੍ਹਖਾਨੇ ਦੇ ਕੈਦੀਆਂ ਨੂੰ ਪਾਈਦੀਆਂ ਹਨ, ਪਰ ਗੁਣਾਂ ਦੀਆਂ ਬੇੜੀਆਂ ਸੋਨੇ ਦੀਆਂ ਹਨ ਜੋ ਰਾਜੇ ਮਹਾਰਾਜੇ, ਪੰਡਤਾਂ ਨੂੰ ਪੈਂਦੀਆਂ ਹਨ; ਪਰ ਬੇੜੀਆਂ ਬੇੜੀਆਂ ਹੀ ਹਨ, ਭਾਵੇਂ ਲੋਹੇ ਦੀਆਂ ਹੋਣ ਭਾਵੇਂ ਸੋਨੇ ਦੀਆਂ। ਇਸ

ਕਰਕੇ ਅਸਾਂ ਲੋਹੇ ਤੇ ਸੋਨੇ ਦੀਆਂ ਬੇੜੀਆਂ ਤੋਂ ਪਾਰ ਟੱਪਣਾ ਹੈ। ਮੈਨੂੰ ਯਾਦ ਹੈ ਜੋ ਇਹ ਦੋ ਪਦ 'ਮੁਈਏ' ਤੇ 'ਨਿਰ-ਗੁਣਵੰਤੜੀਏ' ਮੇਰੇ ਮੱਸਿਆ ਵਰਗੇ ਕਾਲੇ ਹਿਰਦੇ ਉਪਰ ਇਸ ਤਰ੍ਹਾਂ ਚਮਕਦੇ ਸਨ ਜਿਸ ਤਰ੍ਹਾਂ ਧ੍ਰੂ ਦੇ ਬੁੱਧ ਤਾਰੇ ਰਾਤ ਨੂੰ ਆਕਾਸ਼ ਉਪਰ ਜਗਮਗ ਜਗਮਗ ਕਰਦੇ ਹੋਏ ਪਾਇਲਾਂ ਪਾਉਂਦੇ ਹਨ। ਨਹੀਂ ਨਹੀਂ, ਇਹ ਜਗਦੀਆਂ ਜੋਤਾਂ ਹੀ ਨਹੀਂ ਸਨ, ਇਹ ਉਸ ਸਮੁੰਦਰੀ ਮਸ਼ਾਲਾਂ (Light houses) ਸਨ ਜੋ ਰਾਤ ਵੇਲੇ ਜਹਾਜ਼ਾਂ ਤੇ ਅਗਨਬੋਟਾਂ ਨੂੰ ਸਿੱਧਾ ਰਾਹ ਦਸਦੀਆਂ ਹਨ ਤੇ ਉਨ੍ਹਾਂ ਨੂੰ ਪੱਥਰ ਦੀਆਂ ਚਟਾਨਾਂ ਤੋਂ ਬਚਾਉਂਦੀਆਂ ਹਨ। ਭਾਵ ਇਹ ਜੁ ਇਸ ਅਵਸਥਾ ਵਿਚ 'ਮੁਈਏ' ਤੇ 'ਨਿਰਗੁਣ ਵੰਤੜੀਏ' ਦੇ ਮਿੱਠੇ ਮਹਾਂਵਾਕ ਮੇਰੇ ਆਗੂ (Leader) ਹੋ ਟੁਰੇ। ਇਹ ਮੈਨੂੰ ਅਗਾਹਾਂ ਨੂੰ ਖਿੱਚਦੇ ਸਨ ਤੇ ਮੇਰੇ ਪੈਰ ਨਿਤਾਣੇ ਹੋਣ ਕਰਕੇ ਡਿੱਗ ਡਿੱਗ ਪੈਂਦੇ ਸਨ। ਪਰ ਨਿਓਟਿਆਂ ਦੀ ਓਟ ਗੁਰੂ ਆਪ ਹੈ, ਨਿਆਸਰਿਆਂ ਦਾ ਆਸਰਾ ਵੀ ਉਹ ਆਪ ਹੈ, ਇਸ ਕਰਕੇ ਔਝੜ ਭੁੱਲੇ ਨੂੰ ਰਾਹ ਨਜ਼ਰ ਆਉਣ ਲੱਗ ਪਿਆ। ਪਰ ਇਸ ਰਸਤੇ ਵਿਚ ਸੱਪ ਨੂੰਹੇਂ ਆਦਿ ਬਹੁਤ ਸਨ ਜੋ ਚੱਪੇ ਚੱਪੇ ਉਪਰ ਜਗਿਆਸੂਆਂ ਨੂੰ ਆ ਘੇਰਦੇ ਸਨ ਤੇ ਕੀ ਮਜਾਲ ਜੁ ਉਹ ਆਪਣੀਆਂ ਅੱਖਾਂ ਰਤਾ ਭਰ ਵੀ ਚੁੱਕ ਸਕੇ। ਇਨ੍ਹਾਂ ਔਕੁੜਾਂ ਤੋਂ ਘਬਰਾ ਕੇ ਮੈਂ ਫਿਰ ਆਪਣੇ ਪਰਮ ਪਿਤਾ ਮਿਹਰਾਂ ਦੇ ਦਾਤੇ ਗੁਰੂ ਅਮਰਦਾਸ ਜੀ ਕੋਲੋਂ ਪੁਛਿਆ ਜੁ ਪਿਤਾ ਜੀ! ਇਨ੍ਹਾਂ ਸੱਪਾਂ ਆਦਿ ਦੁਸ਼ਟਾਂ ਦਾ ਕੀ ਇਲਾਜ ਹੈ, ਇਨ੍ਹਾਂ ਨੂੰ ਕਿਸ ਤਰ੍ਹਾਂ ਮਾਰਿਆ ਜਾਵੇ ਯਾ ਰੋਕਿਆ ਜਾਵੇ? ਲੋਕੀ ਆਖਦੇ ਹਨ ਜੁ ਇਕ 'ਗਰੁੜ' ਪੰਛੀ ਹੈ ਜੋ ਇਨ੍ਹਾਂ ਵੈਰੀਆਂ ਨੂੰ ਮਾਰਦਾ ਹੈ। ਤਾਂ ਪਿਤਾ ਜੀ ਨੇ ਇਉਂ ਉਤਰ ਦਿੱਤਾ:-

**ਮਾਇਆ ਭੁਇਅੰਗਮੁ ਸਰਪੁ ਹੈ ਜਗੁ ਘੇਰਿਆ ਬਿਖੁ ਮਾਇ ॥**
**ਬਿਖੁ ਕਾ ਮਾਰਣੁ ਹਰਿ ਨਾਮੁ ਹੈ ਗੁਰ 'ਗਰੁੜ' 'ਸਬਦੁ' ਮੁਖਿ ਪਾਇ ॥**

[ਸਲੋਕ ਵਾਰਾਂ ਤੇ ਵਧੀਕ ਮ: ੩

**ਅ- ਵਾਰੀ ਆਵੈ ਕਵਣੁ ਜਗਾਵੈ, ਸੂਤੀ ਜਮ ਰਸੁ ਚੂਸਏ ॥**

ਵਖ ਵਖ ਅਰਥ:

੧- ਜਬ ਤੇਰੀ ਵਾਰੀ ਆ ਜਾਵੇਗੀ ਤੋ ਤੇਰੇ ਕੋ ਕੌਣ ਜਗਾਵੇਗਾ ਅਰਥਾਤ ਮੋਹ ਰੂਪ ਨਿੰਦ੍ਰਾ ਮੇਂ ਸੁਤੀਏ ਤੇਰੇ ਪ੍ਰਾਣੋਂ ਰੂਪ ਰਸ ਕੋ ਜਮ ਚੂਸ ਲਵੇਗਾ ਭਾਵ ਖੈਂਚ ਲਵੇਗਾ। [ਫ਼.ਸ. . ਸੰ.ਸ.

੨- ਰਸ ਚੂਸਏ-ਭਾਵ ਸੁਖ ਗਵਾ ਦੇਣਗੇ। [ਸ਼ਬਦਾਰਥ

੩- ਜਮ ਰਸੁ-ਜਮ ਦਾ ਰਸ, ਜਮਾਂ ਨਾਲ ਵਾਹ ਪਾਣ ਵਾਲਾ ਮਾਇਕ ਪਦਾਰਥਾਂ ਦਾ ਰਸ ਚੂਸਦੇ (ਵਰਤਮਾਨ ਕਾਲ, ਅਨਪੁਰਖ ਇਕ ਵਚਨ)। ਚੂਸੈ=ਚੂਸਦੀ ਰਹਿੰਦੀ ਹੈ। [ਦਰਪਣ

੪- (ਸੰਭਲ ਜਾ) ਮੌਤ ਆ ਰਹੀ ਹੈ, ਪਰ ਤੈਨੂੰ (ਮਾਇਆ ਮੋਹ ਦੀ ਨੀਂਦ ਵਿਚ ਸੁੱਤੀ ਨੂੰ) ਕੌਣ ਨਾਮ ਵਖਰ ਸਾਂਭਣ ਲਈ ਸਾਵਧਾਨ ਕਰੇ, ਇਸ ਅਗਿਆਨਤਾ ਵਿਚ ਸੁੱਤੀ ਹੋਈ ਦਾ ਜੀਵਨ-ਰਸ ਜਮ ਚੂਸ ਰਹੇ ਹਨ। [ਗੁਰੂ ਨਾਨਕ ਬਾਣੀ ਪ੍ਰਕਾਸ਼- ਡਾ. ਤਾਰਨ ਸਿੰਘ

**ਨਿਰਣੈ:** ਇਸ ਪੰਕਤੀ ਵਿਚ ਜਮ 'ਰਸ ਚੂਸਏ' ਦੇ ਉਪ੍ਰੋਕਤ ਵਖ ਵਖ ਅਰਥਾਂ ਨਾਲ ਪਾਠਕ ਭੰਬਲ ਭੂਸੇ ਵਿਚ ਪੈ ਜਾਂਦਾ ਹੈ ਕਿ ਉਹ ਕਿਹੜਾ ਅਰਥ ਅਪਨਾਏ। 'ਜਮ ਰਸੁ' ਦੇ ਹੇਠ ਲਿਖੇ ਚਾਰ ਅਰਥ ਕੀਤੇ ਗਏ ਹਨ:-

੧. ਪ੍ਰਾਣੋ ਰੂਪ ਰਸ ੨. ਭਾਵ ਸੁਖ ਗਵਾ ਦੇਣਗੀ। ੩. ਜਮ ਦਾ ਰਸ ਜਮਾਂ ਨਾਲ ਵਾਹ ਪਾਣ ਵਾਲਾ ਮਾਇਕ ਪਦਾਰਥਾਂ ਦਾ ਰਸ। ੪. ਜੀਵਨ-ਰਸ

ਇਹਨਾਂ ਚੌਹਾਂ ਅਰਥਾਂ ਵਿਚੋਂ ਨੰਬਰ ੧ ਵਾਲੇ ਅਰਥ ਹੀ ਠੀਕ ਜਾਪਦੇ ਹਨ ਬਾਕੀ ਅਰਥਾਂ ਤੇ ਇਹ ਕਿੰਤੂ ਹੋ ਸਕਦਾ ਹੈ ਕਿ ਕੋਈ ਸੁਤੀ ਹੋਈ ਇਸਤਰੀ ਵੀ ਜਮ ਦਾ ਰਸ ਚੂਸ ਸਕਦੀ ਹੈ, ਫਿਰ ਜਮ ਦਾ ਰਸ ਹੈ ਕੀ? ਇਸੇ ਤਰ੍ਹਾਂ ਸ਼ਬਦਾਰਥੀ ਵਿਦਵਾਨਾਂ ਨੇ ਭਾਵਕ ਅਰਥ ਕੀਤੇ ਹਨ, ਮੂਲ ਪਾਠ ਦੀ ਸ਼ਬਦਾਵਲੀ ਨੂੰ ਉਕਾ ਛੋਹਿਆ ਹੀ ਨਹੀਂ। ਡਾ. ਤਾਰਨ ਸਿੰਘ ਵਾਲੇ ਅਰਥ 'ਜਮ' ਪਦ ਦੇ ਅਰਥ 'ਜੀਵਨ-ਰਸ' ਵੀ ਓਪਰੇ ਜਿਹੇ ਹਨ। ਇਹ ਅਰਥ 'ਕੋਸ਼' ਵਿਚੋਂ 'ਜਮ' ਪਦ ਦੇ ਅਰਥ 'ਜਨਮ' ਅਤੇ ਜਨਮ ਤੋਂ ਭਾਵ ਜੀਵਨ-ਰਸ ਕੀਤੇ ਗਏ ਜਾਪਦੇ ਹਨ।

ਨੰਬਰ ੧ ਵਾਲੇ ਅਰਥ 'ਪ੍ਰਾਣਾ ਰੂਪੀ ਰਸ ਨੂੰ ਜਮ ਚੂਸ ਲਵੇਗਾ' ਇਹ ਇਸ ਲਈ ਪ੍ਰਸੰਗਕ ਹਨ ਕਿ ਜਮ ਵੀ ਇਕ ਸ਼ਿਕਾਰੀ ਸਮਾਨ ਹੈ ਜਿਸ ਦਾ ਸ਼ਿਕਾਰ ਜੀਆਂ ਦਾ ਸਾਹ ਕੱਢਣਾ ਹੈ। ਗੁਰਵਾਕ ਹਨ ''ਜਮੁ ਕਾਢਿ ਲਏਗਾ ਸਾਹ ਹੇ॥'' ਫਿਰ ਬਾਬਾ ਫਰੀਦ ਜੀ ਵੀ ਫੁਰਮਾਉਂਦੇ ਹਨ:-

**ਜਿੰਦੁ ਨਿਮਾਣੀ ਕਢੀਐ, ਹਡਾ ਕੂ ਕੜਕਾਇ ॥** [ਪੰਨਾ ੧੩੭੭

ਜਿਵੇਂ ਪੁਲਿਸ ਵਾਲਿਆਂ ਨੂੰ ਚੋਰਾਂ, ਡਾਕੂਆਂ ਨੂੰ ਮਾਰ ਮਾਰ ਕੇ ਕੁੱਟ ਕੁੱਟ ਕੇ ਸੁਆਦ (ਰਸ) ਆਉਂਦਾ ਹੈ, ਤਿਵੇਂ ਜਮਾਂ ਨੂੰ ਪਾਪੀ ਜੀਆਂ ਦੇ ਪ੍ਰਾਣ ਕੱਢ ਕੇ ਰਸ ਪੀਣ ਦਾ ਸੁਆਦ ਆਉਂਦਾ ਹੈ। ਸ਼ਿਕਾਰੀ ਵੀ ਜੀਭ-ਰਸ ਦੀ ਖ਼ਾਤਰ ਹੀ ਸ਼ਿਕਾਰ ਕਰਦੇ ਹਨ। ਪਰ ਇਥੇ ਜਮਾਂ ਦੀ ਨਿਯੁਕਤੀ ਹੀ ਜੀਆਂ ਦੇ ਪ੍ਰਾਣ ਕੱਢਣ ਦੀ ਹੈ, ਇਸ ਵਿਚ ਜਮਾਂ ਦੇ ਸਮੁਦਾਇ ਨੂੰ ਸੁਆਦ ਆਉਂਦਾ ਹੈ।

ਇਸ ਛੰਤ ਵਿਚ ਪਹਿਲੇ 'ਜਮ' ਦਾ ਸਰੂਪ ਮਮੇ ਮੁਕਤੇ ਵਾਲਾ ਹੈ ਅਤੇ ਦੂਜਾ ਸਰੂਪ ਮਮੇ ਔਂਕੜ ਵਾਲਾ ਹੈ। ਪਹਿਲਾ 'ਜਮ' ਸਰੂਪ ਜਮਾਂ ਦੇ ਸਮੁਦਾਇ ਦਾ ਪ੍ਰਤੀਕ ਹੈ ਜਦੋਂ ਇਸ ਪਦ ਨੂੰ ਬਹੁ-ਵਚਨੀ ਨਾਵ ਮੰਨਿਆ ਜਾਵੇ ਤਾਂ ਉਚਾਰਨ ਵੇਲੇ 'ਜਮ ਰਸੁ ਚੂਸਏ' ਨੂੰ 'ਜਮ ਰਸੁ ਚੂਸਏ' ਪੜ੍ਹਨਾ ਪਵੇਗਾ ਜੋ ਕਿ ਠੀਕ ਨਹੀਂ ਹੋਵੇਗਾ। 'ਜਮੁ' ਮਮੇ ਔਂਕੜ ਨਾਲ ਇਕ ਪੁਲਿੰਗ ਨਾਵ ਦਾ ਲਖਾਇਕ ਹੈ।

## ਸਾਰੰਸ਼ ਅਤੇ ਸਿਧਾਂਤ

ਇਸ ਛੰਤ ਵਿਚ ਜ਼ਿੰਦਗੀ ਦੇ ਚਾਰ ਪਹਿਰਾਂ ਨੂੰ ਰਾਤ ਦੇ ਚਾਰ ਪਹਿਰਾਂ ਨਾਲ ਤੁਲਨਾ ਦੇ ਕੇ ਜਗਿਆਸੂ ਰੂਪ ਇਸਤਰੀ ਨੂੰ ਸਮਝਾਇਆ ਹੈ ਕਿ ਹੇ ਸੁੰਦਰ ਨੈਨਾਂ ਵਾਲੀਏ! ਤੂੰ ਆਪਣਾ ਘਰ ਸੰਭਾਲ ਕੇ ਰਖ। ਜਿਵੇਂ ਹਨੇਰੀ ਰਾਤ ਨੂੰ ਚੋਰ ਓਹੀ ਘਰ ਲੁੱਟਦੇ ਹਨ ਜੋ ਸੁੰਵੇ ਪਏ ਹੁੰਦੇ ਹਨ ਜਾਂ ਜਿਥੇ ਘਰ ਵਾਲੇ ਮਦਹੋਸ਼ ਸੁਤੇ ਪਏ ਹੁੰਦੇ ਹਨ। ਇਸੇ ਤਰ੍ਹਾਂ ਜਿਹੜੇ ਜਗਿਆਸੂ ਪਰਮੇਸ਼ਰ ਨੂੰ ਵਿਸਾਰ ਕੇ ਸੌਂ ਜਾਂਦੇ ਹਨ ਉਨ੍ਹਾਂ ਦੇ ਸ਼ੁਭ ਗੁਣ ਲੁੱਟਣ ਲਈ ਪੰਜ ਕਾਮਾਦਿਕ ਚੋਰ ਸਦਾ ਲੁੱਟਣ ਦੀ ਤਾੜ ਵਿੱਚ ਰਹਿੰਦੇ ਹਨ ਅਤੇ

ਸੁੱਤੇ ਹੋਏ ਮਨੁੱਖ ਲੁੱਟੇ ਜਾਂਦੇ ਹਨ। ਗੁਰਦੇਵ ਪਿਤਾ ਜੀ ਦੇ ਪਾਵਨ ਵਾਕ "ਸੂਤੇ ਗਏ ਮੁਹਾਏ" ਹੋਰ ਬਚਨ ਵੀ ਹਨ:-

**੧. ਮੁਸਨਹਾਰ ਪੰਚ ਬਟਵਾਰੇ॥ ਸੂਨੇ ਨਗਰਿ ਪਰੇ ਠਗਹਾਰੇ॥੨॥ [ਪੰਨਾ ੧੯੨**

**੨. ਪੰਜ ਚੋਰ ਮਿਲਿ ਲਾਗੇ ਨਗਰੀਆ, ਰਾਮ ਨਾਮ ਧਨੁ ਹਿਰਿਆ ॥**
**ਗੁਰਮਤਿ ਖੋਜ ਪਰੇ ਤਬ ਪਕਰੇ, ਧਨੁ ਸਾਬਤੁ ਰਾਸਿ ਉਬਰਿਆ॥ [ਪੰਨਾ ੧੧੭੯**

ਦੂਜੇ ਪਹਰ ਵਿਚ 'ਜਾਗੁ ਅਚੇਤੀ' ਕਹਿ ਕੇ ਜਾਗਣ ਲਈ ਹਲੂਣਾ ਦਿੱਤਾ ਹੈ ਕਿਉਂਕਿ ਜਿਹੜੇ ਸੁਚੇਤ (ਖ਼ਬਰਦਾਰ) ਰਹਿੰਦੇ ਹਨ, ਉਹ ਮਾਇਆ ਦੇ ਮੋਹ ਵਿਚ ਸੌਂਦੇ ਨਹੀਂ, ਲੁਟੀਂਦੇ ਨਹੀਂ। ਅਜਿਹੇ ਜਗਿਆਸੂਆਂ ਨੂੰ ਹੀ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ। ਗੁਰਵਾਕ ਹਨ:-

**ਜਾਗਤ ਰਹੇ ਤਿਨੀ ਪ੍ਰਭੁ ਪਾਇਆ, ਸਬਦੇ ਹਉਮੈ ਮਾਰੀ॥ [ਪੰਨਾ ਪ੯੯**

ਰਾਮਨਾਮ ਦੇ ਸ਼ੁਭ ਗੁਣਾਂ ਵਾਲੀ ਖੇਤੀ ਬਚਾਉਣ ਦੀ ਇਕੋ ਨਿਰਮਲ ਜੁਗਤੀ ਹੈ ਗੁਰੂ ਨਾਲ ਪ੍ਰੇਮ ਕਰਨਾ। ਇਸ ਦੇ ਫਲ ਸਰੂਪ ਜਮਾਂ ਵਾਲੇ ਮਾਰਗ ਦਾ ਮੂੰਹ ਨਹੀਂ ਵੇਖਣਾ ਪੈਂਦਾ। ਸੁਚੇਤ ਹੋਏ ਮਨ ਕਰਕੇ ਹਿਰਦੇ ਵਿਚ ਗਿਆਨ ਅਤੇ ਸ਼ੀਤਲਤਾ ਦੇ ਦੋ ਦੀਵੇ ਜਗ ਪੈਂਦੇ ਹਨ, ਜਿਸ ਨਾਲ ਆਤਮਿਕ ਸੋਝੀ ਮਿਲ ਜਾਂਦੀ ਹੈ।

ਤੀਜੇ ਪਹਿਰੇ ਵਿਚ ਪੁੱਤਰ ਇਸਤਰੀ ਤੇ ਮੋਹ ਮਾਇਆ ਵਿਚ ਪੈਣ ਤੋਂ ਵਰਜਿਆ ਹੈ ਕਿਉਂਕਿ ਦੁਖ ਸੰਤਾਪ ਦਾ ਮੂਲ ਕਾਰਨ ਜੀਵ ਦੇ ਅਉਗਣ ਹਨ:-

**ਮੋਹਿ ਬਾਦਿ ਅਹੰਕਾਰਿ ਸਰਪਰ ਰੁੰਨਿਆ ॥**
**ਸੁਖੁ ਨ ਪਾਇਨਿ੍ ਮੂਲਿ ਨਾਮ ਵਿਹੂਣਿਆ ॥ [ਪੰਨਾ ੭੬੧**

ਚਉਥੇ ਤੇ ਪੰਜਵੇਂ ਪਹਿਰ ਵਿਚ ਸਰੀਰ ਦੇ ਕਮਜ਼ੋਰ ਪੈ ਜਾਣ ਕਾਰਨ ਰਸਾਂ ਕੱਸਾਂ ਵਿਚ ਫਸਣ ਤੋਂ ਚੇਤੰਨ ਕੀਤਾ ਹੈ। ਜਿਹੜੇ ਨਾਮ ਅਭਿਆਸ ਵਿਚ ਜੁਟ ਜਾਂਦੇ ਹਨ ਉਨ੍ਹਾਂ ਦੀ ਉਮਰ ਰੂਪ ਰਾਤ ਸੌਖੀ ਲੰਘਦੀ ਹੈ, ਇਸ ਦੇ ਉਲਟ ਚਲਣ ਵਾਲੇ ਮਨਮੁਖ ਪਦਾਰਥਾਂ ਦੇ ਭੋਗਾਂ ਵਿਚ ਆਪਣਾ ਜੀਵਨ ਵਿਅਰਥ ਗੁਆ ਲੈਂਦੇ ਹਨ।

ਰਸਾਂ ਕਸਾਂ ਵਿਚ ਪੈਣਾ ਸਰੀਰ ਨੂੰ ਕਮਜ਼ੋਰ ਕਰਨਾ ਹੈ। ਨਾਮ ਵੀ ਤਕੜਾ ਸਰੀਰ ਹੀ ਜਪ ਸਕਦਾ ਹੈ। ਵਿਸ਼ਈ ਮਨੁੱਖ ਆਪਣੀ ਉਮਰ ਏਦਾਂ ਹੀ ਲੰਘਾ ਦਿੰਦਾ ਹੈ। ਇਸ ਛੰਤ ਵਿਚ ਇਕ ਵਿਸ਼ੇਸ਼ ਤਾੜਨਾ ਕੀਤੀ ਹੈ ਕਿ ਹੇ ਜੀਵ! ਪਰਮੇਸ਼ਰ ਨੇ ਤੇਰੇ ਪਾਸੋਂ ਕੀਤੇ ਕਰਮਾਂ ਦੀ ਘੜੀ ਚੱਸੇ ਦਾ ਵੀ ਹਿਸਾਬ ਮੰਗਣਾ ਹੈ, ਇਸ ਲਈ ਤੂੰ ਚੇਤੰਨ ਹੋ, ਰਸਾਂ ਕਸਾਂ ਵਾਲੀ ਜਿੰਦਗੀ ਤੋਂ ਆਪਣੇ ਆਪ ਨੂੰ ਬਚਾਏਂਗਾ ਤਾਂ ਤੇਰਾ ਪਰਮੇਸ਼ਰ ਨਾਲ ਮਿਲਾਪ ਹੋ ਸਕੇਗਾ, ਵਰਨਾ ਜਮਾਂ ਦੇ ਧੱਕੇ ਹੀ ਖਾਂਦਾ ਰਹੇਂਗਾ।

ਸੰਖੇਪ ਰੂਪ ਵਿਚ ਜੇ ਮਨੁੱਖ ਮੂਰਖ ਨਾ ਬਣੇ, ਹੁਸ਼ਿਆਰ ਹੋਵੇ ਤਾਂ ਪਹਿਲੇ ਪਹਰ ਵਿਚ ਆਪਣੇ ਸ਼ੁਭ ਗੁਣਾਂ ਦੀ ਖੇਤੀ ਕਾਮ, ਕ੍ਰੋਧ ਆਦਿ ਚੋਰਾਂ ਤੋਂ ਸੁਰਖਿਅਤ ਕਰ ਸਕਦਾ ਹੈ। ਦੂਜੇ ਪਹਰ ਵਿਚ ਰੂਪ, ਰਸ ਆਦਿ ਜੋ ਜੀਵ ਨੂੰ ਜਮ ਦੇ ਮਾਰਗ ਵਲ ਲਿਜਾਂਦੇ ਹਨ, ਉਨ੍ਹਾਂ ਤੋਂ ਸੁਚੇਤ ਹੋਣਾ ਹੈ। ਤੀਜੇ ਪਹਿਰ

ਵਿਚ ਸੁਤ ਦਾਰਾ ਤੇ ਮਾਇਆ ਦੇ ਮੋਹ ਵਿਚ ਪੈ ਕੇ ਅਕਾਲ ਪੁਰਖ ਵਲੋਂ ਅਚੇਤ ਹੋਣ ਤੋਂ ਵਰਜਿਆ ਹੈ ਚੌਥੇ ਤੇ ਪੰਜਵੇਂ ਪਹਿਰ ਵਿਚ ਸਰੀਰ ਦੇ ਕਮਜ਼ੋਰ ਪੈ ਜਾਣ ਵਲ ਇਸ਼ਾਰਾ ਕਰਕੇ ਰਸ ਕਸ ਵਾਲੀ ਜ਼ਿੰਦਗੀ ਤੋਂ ਰੋਕਿਆ ਹੈ। ਸੁਆਸਾਂ ਦੀ ਗੰਢ ਤਾਂ ਧੁਰੋਂ ਲਿਖੇ ਅਨੁਸਾਰ ਇਕ ਦਿਨ ਖੁਲ੍ਹਣੀ ਹੀ ਹੈ। ਮੌਤ ਨੇ ਵਾਰੀ ਅਨੁਸਾਰ ਸਭ ਤੇ ਆਪਣਾ ਵਾਰ ਕਰਨਾ ਹੀ ਹੈ ਪਰ "ਪਕੀ ਖੇਤੀ ਲੁਣੀਐ' ਵਲ ਵਿਸ਼ੇਸ਼ ਇਸ਼ਾਰਾ ਹੈ ਤਾਂ ਜੋ ਬ੍ਰਿਧ ਅਵਸਥਾ ਵਾਲਾ ਮਨੁੱਖ ਚੇਤੰਨ ਹੋਵੇ ਤੇ ਨਾਮ-ਸਿਮਰਨ ਵਲ ਲਗੇ।

ਅੰਤ ਵਿਚ ਜੋ ਸਿਧਾਂਤਕ ਗਲ ਕੀਤੀ ਹੈ, ਉਹ ਇਹ ਹੈ ਕਿ ਨਾਮ ਜਪਣ ਵਾਲੇ ਜਗਿਆਸੂਆਂ ਨੂੰ ਪਰਮੇਸ਼ਰ ਗੁਰੂ ਦੇ ਸ਼ਬਦ ਦੁਆਰਾ ਆਪਣੇ ਨਾਲ ਮਿਲਾ ਲੈਂਦਾ ਹੈ। ਪਰਮੇਸ਼ਰ ਨੇ ਅਜਿਹਾ ਵਿਧਾਨ ਬਣਾਇਆ ਹੋਇਆ ਹੈ ਜੋ ਹਰੇਕ ਤੇ ਲਾਗੂ ਹੁੰਦਾ ਹੈ, ਉਸ ਤੋਂ ਕਿਸੇ ਨੂੰ ਛੋਟ ਨਹੀਂ ਮਿਲਦੀ। ਆਓ, ਹੁਣ ਵੀ ਜੀਵਨ ਦੀ ਸੰਭਾਲ ਕਰੀਏ, ਸ੍ਰੇਸ਼ਟ ਗੁਣਾਂ ਦੀ ਪੂੰਜੀ ਇਕੱਠੀ ਕਰੀਏ, ਇਸ ਤਰ੍ਹਾਂ ਗੁਰੂ ਦੇ ਸ਼ਬਦ ਦੁਆਰਾ ਨਿਹਾਲ ਹੋਈਏ।

**ਤੁਖਾਰੀ ਮਹਲਾ ੧ ॥ ਤਾਰਾ ਚੜਿਆ ਲੰਮਾ, ਕਿਉ ਨਦਰਿ ਨਿਹਾਲਿਆ ਰਾਮ ॥ ਸੇਵਕ ਪੂਰ ਕਰੰਮਾ, ਸਤਿਗੁਰਿ ਸਬਦਿ ਦਿਖਾਲਿਆ ਰਾਮ ॥ ਗੁਰ ਸਬਦਿ ਦਿਖਾਲਿਆ ਸਚੁ ਸਮਾਲਿਆ, ਅਹਿਨਿਸਿ ਦੇਖਿ ਬੀਚਾਰਿਆ ॥ ਧਾਵਤ ਪੰਚ ਰਹੇ ਘਰੁ ਜਾਣਿਆ, ਕਾਮੁ ਕ੍ਰੋਧੁ ਬਿਖੁ ਮਾਰਿਆ ॥ ਅੰਤਰਿ ਜੋਤੀ ਭਈ ਗੁਰ ਸਾਖੀ, ਚੀਨੇ ਰਾਮ ਕਰੰਮਾ ॥ ਨਾਨਕ, ਹਉਮੈ ਮਾਰਿ ਪਤੀਣੇ, ਤਾਰਾ ਚੜਿਆ ਲੰਮਾ ॥੧॥**

**ਗੁਰਮੁਖਿ ਜਾਗਿ ਰਹੇ, ਚੂਕੀ ਅਭਿਮਾਨੀ ਰਾਮ ॥ ਅਨਦਿਨੁ ਭੋਰੁ ਭਇਆ, ਸਾਚਿ ਸਮਾਣੀ ਰਾਮ ॥ ਸਾਚਿ ਸਮਾਣੀ ਗੁਰਮੁਖਿ ਮਨਿ ਭਾਣੀ, ਗੁਰਮੁਖਿ ਸਾਬਤੁ ਜਾਗੇ ॥ ਸਾਚੁ ਨਾਮੁ ਅੰਮ੍ਰਿਤੁ ਗੁਰਿ ਦੀਆ, ਹਰਿ ਚਰਨੀ ਲਿਵ ਲਾਗੇ ॥ ਪ੍ਰਗਟੀ ਜੋਤਿ ਜੋਤਿ ਮਹਿ ਜਾਤਾ, ਮਨਮੁਖਿ ਭਰਮਿ ਭੁਲਾਣੀ ॥ ਨਾਨਕ, ਭੋਰੁ ਭਇਆ ਮਨੁ ਮਾਨਿਆ, ਜਾਗਤ ਰੈਣਿ ਵਿਹਾਣੀ ॥੨॥**

## ਉਚਾਰਨ ਸੇਧ

**ਬਿੰਦੀ ਸਹਿਤ:** ਲੰਮਾਂ, ਕਿਉਂ, ਕਰੰਮਾਂ, ਹਉਮੈਂ, ਮਹਿਂ।

**ਪਦ ਅਰਥ:** ਤਾਰਾ ਚੜਿਆ ਲੰਮਾ=ਲੰਮੀ ਲਾਟ (ਰੋਸ਼ਨੀ) ਛੱਡਣ ਵਾਲਾ ਤਾਰਾ (ਦਸਮ ਦੁਆਰ ਰੂਪ ਆਕਾਸ਼ ਤੇ) ਚੜ੍ਹਿਆ ਹੈ। ਭਾਵ ਪਰਮੇਸ਼ਰ ਦੀ ਸਰਬ ਵਿਆਪਕਤਾ ਰੂਪੀ ਚਮਕ ਦੇਣ ਵਾਲਾ ਤਾਰਾ, ਆਤਮਿਕ ਪ੍ਰਕਾਸ਼ ਰੂਪ ਤਾਰਾ। ਕਿਉ=ਕਿਵੇਂ?। ਨਦਰਿ=ਨਜ਼ਰ ਨਾਲ। ਨਿਹਾਲਿਆ=ਵੇਖਿਆ ਜਾਵੇ। ਸੇਵਕ ਪੂਰ ਕਰੰਮਾ=(ਉਸ) ਸੇਵਕ ਦੇ ਪੂਰੇ ਭਾਗ ਹਨ। ਸਤਿਗੁਰਿ=(ਜਿਸ ਨੂੰ) ਸਤਿਗੁਰੂ ਨੇ। ਸਬਦਿ=ਸ਼ਬਦ (ਉਪਦੇਸ਼ ਦੇ) ਰਾਹੀਂ। ਦਿਖਾਲਿਆ=ਵਿਖਾਇਆ ਹੈ। ਸਚੁ=ਸਦਾ ਥਿਰ ਰਹਿਣ ਵਾਲੇ ਪਰਮੇਸ਼ਰ ਦਾ ਨਾਮ। ਸਮਾਲਿਆ=(ਹਿਰਦੇ ਵਿਚ) ਸਾਂਭ ਕੇ ਰਖਿਆ। ਅਹਿਨਿਸਿ=ਦਿਨ

ਰਾਤ। ਦੇਖਿ=ਵੇਖ ਕੇ। ਬੀਚਾਰਿਆ=(ਪ੍ਰਭੂ ਦੇ ਗੁਣਾਂ ਨੂੰ) ਵਿਚਾਰਿਆ ਹੈ। ਧਾਵਤ ਪੰਚ ਰਹੇ=ਪੰਜ ਗਿਆਨ ਇੰਦ੍ਰੇ ਦੌੜਨ ਭਟਕਣ ਤੋਂ ਰਹਿ ਗਏ। ਘਰੁ=(ਨਿਜ) ਘਰ (ਸਰੂਪ)। ਬਿਖੁ=ਜ਼ਹਰ। ਮਾਰਿਆ=ਮੁਕਾ ਦਿਤਾ ਅੰਤਰਿ=(ਹਿਰਦੇ) ਅੰਦਰ। ਜੋਤਿ=(ਈਸ੍ਵਰੀ) ਜੋਤਿ, (ਰਬੀ ਪ੍ਰਕਾਸ਼)। ਗੁਰ ਸਾਖੀ=ਗੁਰੂ ਦੀ ਸਿਖਿਆ ਨਾਲ। ਚੀਨੇ=ਪਛਾਣਦਾ ਹੈ। ਰਾਮ ਕਰੀਮਾ=ਪਰਮੇਸ਼ੁਰ ਦੇ ਅਸਚਰਜ ਕੰਮਾਂ ਨੂੰ। ਹਉਮੈ ਮਾਰਿ ਪਤੀਣੇ=ਹਉਮੈ ਨੂੰ ਮਾਰ ਕੇ, ਪਤੀਜ ਗਏ, ਪ੍ਰਸੰਨ ਹੋ ਗਏ।੧।

ਗੁਰਮੁਖਿ=ਗੁਰੂ ਦੁਆਰਾ ਜਾਗਿ ਰਹੇ=(ਮਾਇਆ ਮੋਹ ਵਲੋਂ) ਸੁਚੇਤ ਰਹੇ। ਚੂਕੀ=ਦੂਰ ਹੋ ਗਈ। ਅਭਿਮਾਨੀ=ਅਹੰਕਾਰ ਵਾਲੀ ਹਾਲਤ। ਭੋਰੁ=ਦਿਨ, ਚਾਨਣਾ। ਸਾਚਿ=ਸਚ ਵਿਚ। ਸਮਾਨੀ=ਲੀਨ ਹੋਈ ਹੈ। ਮਨਿ=ਮਨ ਵਿਚ। ਭਾਨੀ=ਚੰਗੀ ਲਗੀ ਹੈ। ਗੁਰਮੁਖਿ=ਗੁਰੂ ਦੇ ਸਨਮੁਖ ਰਹਿਣ ਵਾਲੇ। ਸਾਬਤੁ=ਸਹੀ ਸਲਾਮਤ। ਗੁਰਿ=ਗੁਰੂ ਨੇ। ਜੋਤਿ ਮਹਿ=ਹਰੇਕ (ਜੀਵ) ਜੋਤ ਵਿਚ। ਜਾਤਾ=(ਪਰਮਾਤਮਾ ਨੂੰ ਵਸਦਾ) ਜਾਣਿਆ। ਮਨਮੁਖਿ=ਆਪਹੁਦਰੀ, ਮਨ ਮਗਰ ਜਾਣ ਵਾਲੀ। ਭਰਮਿ=ਭਰਮ, ਭਟਕਣਾ ਵਿਚ। ਰੈਣਿ=ਜੀਵਨ ਰੂਪੀ ਰਾਤ। ਵਿਹਾਣੀ=ਗੁਜ਼ਾਰੀ, ਬਤੀਤ ਕੀਤੀ।੨।

**ਅਰਥ:** (ਹੇ ਭਾਈ! ਗੁਰਮੁਖ ਦੇ ਦਸਮ ਦੁਆਰ ਰੂਪੀ ਆਕਾਸ਼ ਉਤੇ) ਲੰਮਾ ਤਾਰਾ ਚੜ੍ਹਿਆ ਹੈ (ਭਾਵ ਉਸ ਨੂੰ ਆਤਮਿਕ ਪ੍ਰਕਾਸ਼ ਹੋਇਆ ਹੈ, ਪਰ ਜੋ) ਲੰਮਾ ਤਾਰਾ ਚੜ੍ਹਿਆ ਹੈ (ਗੁਰਮੁਖ ਜੀਉੜੇ ਨੇ ਆਪਣੀ) ਨਜ਼ਰ ਨਾਲ ਕਿਵੇਂ ਵੇਖਿਆ? (ਉਤਰ ਇਹ ਹੈ ਕਿ) ਉਸ ਗੁਰਮੁਖ ਸੇਵਕ ਦੇ ਪੂਰੇ ਭਾਗ (ਜਾਗੇ ਹਨ) ਸਤਿਗੁਰੂ ਨੇ (ਉਸ ਨੂੰ) ਸ਼ਬਦ ਦੁਆਰਾ ਪ੍ਰਕਾਸ਼ ਰੂਪ ਪ੍ਰਭੂ ਵਿਖਾ ਦਿੱਤਾ ਹੈ। ਗੁਰੂ ਦੇ ਸ਼ਬਦ ਨੇ (ਉਦੋਂ ਪ੍ਰਭੂ) ਵਿਖਾਇਆ (ਜਦੋਂ ਉਸ ਗੁਰਮੁਖ ਨੇ) ਸਚੇ ਪ੍ਰਭੂ ਨੂੰ ਦਿਨ ਰਾਤ ਸਿਮਰਿਆ (ਅਤੇ ਆਪਣੇ ਜੀਵਨ ਨੂੰ) ਵੇਖ ਕੇ ਵੀਚਾਰਿਆ (ਭਾਵ ਪੜਚੋਲ ਕੀਤੀ)। ਜਦੋਂ (ਉਸ ਦੇ) ਪੰਜ ਗਿਆਨ ਇੰਦ੍ਰੇ ਦੌੜਨ ਤੋਂ ਰੁੱਕ ਗਏ (ਉਸ ਨੇ ਕਾਮ, ਕ੍ਰੋਧ ਰੂਪੀ ਜ਼ਹਿਰ ਨੂੰ ਮਾਰ ਲਿਆ ਅਤੇ ਨਿਜ) ਘਰ ਨੂੰ ਪਛਾਣ ਲਿਆ। ਗੁਰੂ ਦੀ ਸਿਖਿਆ ਦੁਆਰਾ (ਗੁਰਮੁਖ ਹਿਰਦੇ) ਅੰਦਰ (ਪਰਮੇਸ਼ੁਰ ਦੀ) ਜੋਤਿ ਪ੍ਰਗਟ ਹੋਈ (ਤਦ) ਪਰਮੇਸ਼ੁਰ ਦੇ (ਅਸਚਰਜ) ਕੰਮ ਨਾਲ ਜਾਣ-ਪਛਾਣ ਹੋਈ, ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਜਿਹੜੇ ਹਉਮੈ ਨੂੰ ਮਾਰ ਕੇ (ਪ੍ਰਭੂ ਵਿਚ) ਪਤੀਜ ਗਏ (ਉਨ੍ਹਾਂ ਦੇ ਆਕਾਸ਼ ਰੂਪ ਦਸਮ ਦੁਆਰ ਵਿਚ) ਲੰਮਾ ਤਾਰਾ ਚੜ੍ਹਿਆ (ਭਾਵ ਅਨੁਭਵ ਆਤਮ-ਪ੍ਰਕਾਸ਼ ਹੋ ਗਿਆ)।੧।

(ਹੇ ਭਾਈ!) ਗੁਰੂ ਦੇ ਆਗਿਆਕਾਰੀ (ਸਿੱਖ) ਸੁਚੇਤ ਰਹੇ (ਕਿਉਂਕਿ ਉਨ੍ਹਾਂ ਦੇ ਅੰਦਰੋਂ) ਅਭਿਮਾਨਤਾ ਨਾਸ਼ ਹੋ ਗਈ। (ਉਨ੍ਹਾਂ ਦੇ ਹਿਰਦੇ ਵਿਚ) ਦਿਨ ਰਾਤ (ਭਾਵ ਸਦਾ ਲਈ) ਆਤਮਿਕ ਪ੍ਰਕਾਸ਼ ਹੋ ਗਿਆ (ਅਤੇ ਉਨ੍ਹਾਂ ਦੀ ਸੁਰਤਿ) ਸਦਾ ਥਿਰ ਪ੍ਰਭੂ ਵਿਚ ਲੀਨ ਹੋ ਗਈ। (ਜਦੋਂ ਉਨ੍ਹਾਂ ਦੀ ਸੁਰਤਿ) ਸਚ ਵਿਚ ਲੀਨ ਹੋ ਗਈ, ਗੁਰੂ ਦੁਆਰਾ (ਉਨ੍ਹਾਂ ਨੂੰ ਇਹ ਹਾਲਤ) ਚੰਗੀ ਲਗੀ (ਅਤੇ) ਗੁਰਮੁਖ (ਜੀਉੜੇ) ਪੂਰੀ ਤਰ੍ਹਾਂ ਸੁਚੇਤ ਰਹੇ (ਭਾਵ ਜਾਗਦੇ ਰਹੇ)। ਗੁਰੂ ਨੇ (ਉਨ੍ਹਾਂ ਨੂੰ) ਸੱਚਾ ਨਾਮ ਰੂਪੀ ਅੰਮ੍ਰਿਤ ਦਿੱਤਾ, (ਉਹ) ਹਰੀ ਦੇ ਚਰਨਾਂ ਨਾਲ ਜੁੜ ਗਏ। ਗੁਰਮੁਖ (ਜੀਉੜੇ ਦੇ ਅੰਦਰ) ਪ੍ਰਭੂ ਜੋਤਿ ਪ੍ਰਗਟ ਹੋ ਗਈ (ਉਸ ਨੇ) ਸਭ ਜੀਵਾਂ ਵਿਚ ਹਰੀ ਦੀ ਜੋਤਿ ਨੂੰ ਵੇਖਿਆ (ਪਰ) ਮਨਮੁਖ (ਜੀਵ

ਇਸਤਰੀ ਭਰਮ ਵਿਚ ਹੀ ਭਟਕਦੀ ਰਹੀ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਜਿਸ ਗੁਰਮੁਖ ਦੇ ਹਿਰਦੇ ਅੰਦਰ ਪ੍ਰਭੂ ਜੋਤਿ ਦਾ) ਚਾਨਣ ਹੋ ਗਿਆ (ਉਸ ਦਾ) ਮਨ (ਪ੍ਰਭੂ ਵਿਚ) ਪਤੀਜ ਗਿਆ (ਅਤੇ ਉਸ ਦੀ ਉਮਰ ਰੂਪੀ) ਰਾਤ ਚਿੰਤਨ ਵਿਚ ਬਿਤੀਤ ਹੋਈ।੨।

**ਅਉਗੁਣ ਵੀਸਰਿਆ, ਗੁਣੀ ਘਰੁ ਕੀਆ ਰਾਮ ॥ ਏਕੋ ਰਵਿ ਰਹਿਆ, ਅਵਰੁ ਨ ਬੀਆ ਰਾਮ ॥ ਰਵਿ ਰਹਿਆ ਸੋਈ ਅਵਰੁ ਨ ਕੋਈ, ਮਨ ਹੀ ਤੇ ਮਨੁ ਮਾਨਿਆ ॥ ਜਿਨਿ ਜਲ ਥਲ ਤ੍ਰਿਭਵਣ ਘਟੁ ਘਟੁ ਥਾਪਿਆ, ਸੋ ਪ੍ਰਭੁ ਗੁਰਮੁਖਿ ਜਾਨਿਆ ॥ ਕਰਣ ਕਾਰਣ ਸਮਰਥ ਅਪਾਰਾ, ਤ੍ਰਿਬਿਧਿ ਮੇਟਿ ਸਮਾਈ ॥ ਨਾਨਕ, ਅਵਗਣ ਗੁਣਹ ਸਮਾਣੇ, ਐਸੀ ਗੁਰਮਤਿ ਪਾਈ ॥੩॥**

**ਆਵਣ ਜਾਣ ਰਹੇ, ਚੂਕਾ ਭੋਲਾ ਰਾਮ ॥ ਹਉਮੈ ਮਾਰਿ ਮਿਲੇ, ਸਾਚਾ ਚੋਲਾ ਰਾਮ ॥ ਹਉਮੈ ਗੁਰਿ ਖੋਈ ਪਰਗਟੁ ਹੋਈ, ਚੂਕੇ ਸੋਗ ਸੰਤਾਪੈ ॥ ਜੋਤੀ ਅੰਦਰਿ ਜੋਤਿ ਸਮਾਣੀ, ਆਪੁ ਪਛਾਤਾ ਆਪੈ ॥ ਪੇਈਅੜੈ ਘਰਿ ਸਬਦਿ ਪਤੀਣੀ, ਸਾਹੁਰੜੈ ਪਿਰ ਭਾਣੀ ॥ ਨਾਨਕ, ਸਤਿਗੁਰਿ ਮੇਲਿ ਮਿਲਾਈ, ਚੂਕੀ ਕਾਣਿ ਲੋਕਾਣੀ ॥੪॥੩॥**

## ਉਚਾਰਨ ਸੇਧ

**ਅਨੁਨਾਸਕ ਉਚਾਰਨ-** ਮਾਨਿਆ, ਜਾਨਿਆ, ਗੁਣਹ, ਹਉਮੈਂ।

**ਪਦ ਅਰਥ :** ਅਉਗੁਣ ਵੀਸਰਿਆ=ਔਗੁਣਾਂ ਦਾ ਖਾਤਮਾ ਹੋ ਗਿਆ। ਗੁਣੀ=ਗੁਣਾਂ ਨੇ। ਘਰੁ=ਟਿਕਾਣਾ। ਅਵਰੁ=ਹੋਰ। ਬੀਆ=ਦੂਜਾ। ਮਨ ਹੀ ਤੇ=ਮਨ ਤੋਂ ਹੀ। ਮਾਨਿਆ=ਪਤੀਜਿਆ। ਜਿਨਿ=ਜਿਸ (ਪ੍ਰਭੂ) ਨੇ। ਤ੍ਰਿਭਵਣ=ਸੰਸਾਰ। ਘਟੁ ਘਟੁ ਥਾਪਿਆ=ਹਰੇਕ ਸਰੀਰ ਬਣਾਇਆ। ਗੁਰਮੁਖਿ=ਗੁਰਮੁਖ ਨੇ। ਕਰਣ ਕਾਰਣ=(ਜਗਤ ਨੂੰ) ਸਿਰਜਣ ਵਾਲਾ। ਸਮਰਥ=ਸ਼ਕਤੀਮਾਨ। ਅਪਾਰਾ=ਬੇਅੰਤ। ਤ੍ਰਿਬਿਧਿ=ਤਿੰਨਾਂ ਕਿਸਮਾਂ (ਗੁਣਾਂ) ਵਾਲੀ, ਮਾਇਆ। ਮੇਟਿ=ਮਿਟਾ ਕੇ। ਸਮਾਈ=ਲੀਨ ਹੋ ਗਈ। ਗੁਣਹ=ਗੁਣਾਂ ਵਿਚ।੩।

ਆਵਣ ਜਾਣ=ਜੰਮਣ ਮਰਨ। ਰਹੇ=ਮੁਕ ਗਏ। ਚੂਕਾ=ਦੂਰ ਹੋ ਗਿਆ। ਭੋਲਾ=ਭੁਲੇਖਾ। ਮਾਰਿ=ਮਾਰ ਕੇ। ਸਾਚਾ=ਸਦਾ ਥਿਰ ਰਹਿਣ ਵਾਲਾ, ਅਡੋਲ ਪ੍ਰਭੂ। ਚੋਲਾ=ਸਰੀਰ ਰੂਪੀ ਚੋਲਾ। ਗੁਰਿ=ਗੁਰੂ ਨੇ। ਖੋਈ=ਨਾਸ਼ ਕੀਤੀ। ਚੂਕੈ=ਦੂਰ ਹੋ ਗਈ। ਸੋਗ=ਗ਼ਮ। ਸੰਤਾਪੈ=ਦੁਖ ਕਲੇਸ਼। ਸਮਾਣੀ=ਲੀਨ ਹੋ ਗਈ। ਆਪੁ=ਆਪਣੇ ਆਪ ਨੂੰ। ਆਪੈ=ਆਪ ਹੀ। ਪੇਈਅੜੈ ਘਰਿ=ਪੇਕੇ ਘਰ, (ਇਸ ਲੋਕ ਵਿਚ)। ਸਬਦਿ=(ਗੁਰੂ ਦੇ) ਸ਼ਬਦ ਦੁਆਰਾ। ਪਤੀਣੀ=ਪਤੀਜ ਗਈ, ਪ੍ਰਸੰਨ ਹੋ ਗਈ। ਸਹੁਰੜੇ=ਪਰਲੋਕ ਵਿਚ। ਪਿਰੁ ਭਾਣੀ=ਪ੍ਰਭੂ ਪਤੀ ਨੂੰ ਚੰਗੀ ਲਗ ਗਈ। ਸਤਿਗੁਰਿ=ਸਤਿਗੁਰੂ ਨੇ। ਮੇਲਿ=(ਆਪਣੇ ਨਾਲ) ਮੇਲ ਕੇ। ਮਿਲਾਈ=(ਪ੍ਰਭੂ ਨਾਲ) ਮਿਲਾਪ ਕਰਾਇਆ। ਚੂਕੀ=ਦੂਰ ਹੋ ਗਈ। ਕਾਣਿ=ਮੁਥਾਜੀ। ਲੋਕਾਣੀ=ਲੋਕਾਂ ਦੀ, ਸੰਸਾਰ ਦੀ।੪।੩।

**ਅਰਥ:** (ਗੁਰਮੁਖ ਦੇ ਹਿਰਦੇ ਵਿਚੋਂ) ਅਉਗਣਾ ਦਾ ਖ਼ਾਤਮਾ ਹੋ ਗਿਆ (ਅਤੇ) ਗੁਣਾਂ ਨੇ (ਉਥੇ) ਟਿਕਾਣਾ ਬਣਾ ਲਿਆ ਹੈ। (ਹੁਣ ਉਸ ਨੂੰ) ਇਕੋ ਪਰਮਾਤਮਾ ਵਿਆਪਕ ਹੋ ਰਿਹਾ (ਦਿਸਦਾ ਹੈ), ਹੋਰ ਦੂਜਾ ਕੋਈ ਨਹੀਂ (ਦਿਸਦਾ), ਮਨ ਤੋਂ ਹੀ ਉਸ ਦਾ ਮਨ ਪਤੀਜ ਗਿਆ (ਭਾਵ ਸ਼ਾਂਤ ਹੋ ਗਿਆ ਹੈ)। ਜਿਸ (ਪ੍ਰਭੂ) ਨੇ ਜਲ, ਥਲ, ਤਿੰਨ ਲੋਕ ਅਤੇ ਹਰੇਕ ਸਰੀਰ ਨੂੰ ਬਣਾਇਆ ਹੈ ਉਸ ਪ੍ਰਭੂ ਨੂੰ (ਉਸ) ਗੁਰਮੁਖ ਨੇ ਜਾਣ ਲਿਆ ਹੈ। (ਉਹ) ਤ੍ਰੈ-ਗੁਣੀ ਮਾਇਆ ਨੂੰ ਮਾਰ ਕੇ ਉਸ ਪ੍ਰਭੂ ਵਿਚ ਸਮਾਇਆ ਰਹਿੰਦਾ ਹੈ ਜੋ ਕਰਨ ਕਾਰਣ ਸਮਰਥ ਅਤੇ ਬੇਅੰਤ ਹੈ। ਨਾਨਕ (ਗੁਰੂ ਜੀ ਫ਼ੁਰਮਾਉਂਦੇ ਹਨ ਕਿ ਉਸ ਨੇ) ਐਸੀ ਗੁਰਮਤਿ ਪਾ ਲਈ ਹੈ (ਜਿਸ ਦੇ ਫਲ ਸਰੂਪ ਉਸ ਦੇ) ਅਉਗਣ ਗੁਣਾਂ ਵਿਚ ਸਮਾਅ ਗਏ ਹਨ (ਭਾਵ ਮੁੱਕ ਗਏ ਹਨ)।੩।

(ਹੇ ਭਾਈ! ਜਿਨ੍ਹਾਂ ਗੁਰਮੁਖਾ ਅੰਦਰ ਹਰੀ ਪ੍ਰਗਟ ਹੋ ਗਿਆ ਹੈ ਉਨ੍ਹਾਂ ਦਾ) ਆਵਾਗਵਣ ਮੁੱਕ ਗਿਆ ਹੈ, (ਕਿਉਂਕਿ ਉਨ੍ਹਾਂ ਦਾ) ਭਰਮ ਭੁਲਾਵਾ ਦੂਰ ਹੋ ਗਿਆ ਹੈ। (ਉਹ) ਹਉਮੈ ਨਾਸ਼ ਕਰਕੇ ਪ੍ਰਭੂ ਨੂੰ ਮਿਲੇ ਹਨ (ਅਤੇ ਉਨ੍ਹਾਂ ਦਾ) ਸਰੀਰ ਰੂਪੀ ਚੋਲਾ (ਵਿਕਾਰਾਂ ਤੋਂ ਮੁਕਤ ਹੋ ਕੇ) ਸਦਾ ਲਈ ਥਿਰ ਹੋ ਗਿਆ ਹੈ। ਗੁਰੂ ਨੇ (ਜਿਸ ਜੀਵ ਇਸਤਰੀ ਦੀ) ਹਉਮੈ ਨਾਸ਼ ਕਰ ਦਿੱਤੀ ਹੈ (ਉਹ [illegible]) ਪ੍ਰਗਟ ਹੋਈ ਹੈ (ਉਸ ਦੇ) ਦੁਖ ਕਲੇਸ਼ (ਸਭ) ਮੁਕ ਗਏ ਹਨ। (ਉਸ ਦੀ) ਜੋਤਿ ਪ੍ਰਭੂ ਵਿਚ ਸਮਾਅ ਗਈ ਹੈ, (ਕਿਉਂਕਿ ਉਸ ਨੇ) ਆਪਣਾ ਆਪਾ ਪਛਾਣ ਲਿਆ ਹੈ। (ਉਹ ਜੀਵ-ਇਸਤ੍ਰੀ) ਇਸ ਲੋਕ ਵਿਚ ਗੁਰ ਸ਼ਬਦ ਦੁਆਰਾ ਪਤੀਜੀ (ਪ੍ਰਸੰਨ) ਰਹੀ (ਅਤੇ) ਪਰਲੋਕ ਵਿਚ ਵੀ (ਪ੍ਰਭੂ ਪ੍ਰੀਤਮ ਨੂੰ) ਚੰਗੀ ਲਗ ਗਈ ਹੈ। ਨਾਨਕ (ਗੁਰੂ ਜੀ ਫ਼ੁਰਮਾਉਂਦੇ ਹਨ ਕਿ ਜਿਹੜੀ ਜੀਵ-ਇਸਤਰੀ ਸਤਿਗੁਰੂ ਨੇ ਆਪਣੇ ਸ਼ਬਦ ਵਿਚ ਜੋੜ ਕੇ ਪ੍ਰਭੂ ਨਾਲ ਮਿਲਾ ਲਈ ਹੈ (ਉਸ ਦੀ) ਦੁਨੀਆ ਦੀ ਮੁਥਾਜੀ ਦੂਰ ਹੋ ਗਈ ਹੈ।੪।੩।

## ਅਰਥ ਭੇਦ ਅਤੇ ਨਿਰਣੈ

**ਤਾਰਾ ਚੜਿਆ ਲੰਮਾ, ਕਿਉ ਨਦਰਿ ਨਿਹਾਲਿਆ ਰਾਮ ॥**
**ਸੇਵਕ ਪੂਰ ਕਰੰਮਾ, ਸਤਿਗੁਰਿ ਸਬਦਿ ਦਿਖਾਲਿਆ ਰਾਮ ॥**

ਵਖ ਵਖ ਅਰਥ:

੧- (ਰਾਮ) ਪਰਮਾਤਮਾ ਰੂਪੀ ਤਾਰਾ ਲੰਮਾ ਅਰਥਾਤ ਦੇਸ ਕਾਲ ਵਸਤੂ ਕੇ ਪ੍ਰਛੇਦ ਸੇ ਰਹਿਤ (ਚੜਿਆ) ਉਦਤ ਹੋ ਰਿਹਾ ਹੈ ਸੋ ਨਦਰ ਕਰਕੇ ਕੈਸੇ (ਨਿਹਾਲਿਆ) ਦੇਖਾ ਜਾਵੇ। ਜਿਸਕੋ ਗੁਰੋ ਕੇ ਸਬਦ ਨੇ ਦਰ ਦਿਖਾਯਾ ਹੈ ਤਿਸੀ ਨੇ ਸੱਚ ਕੋ ਸਮਾਲਾ ਹੈ ਔਰ ਤਿਸ ਨੇ ਰਾਤਿ ਦਿਨ ਬੀਚਾਰ ਕੀਆ ਤੌਂ ਦੇਖ ਲੀਆ ਹੈ। [ਫ.ਸ.

੨- ਤਾਰਾ ਲੰਮਾ-ਬੋਦੀ ਵਾਲਾ ਤਾਰਾ, ਧੂਮ ਕੇਤੂ (Comet) ਵ੍ਰਿਹਸਪਤਿ ਜੋ ਇਕ ਰਾਸ਼ੀ ਤੋਂ ਤੇਰਾਂ ਮਹੀਨੇ ਰਹਿੰਦਾ ਹੈ। ਛਨਿਛਰ ਜੋ ਢਾਈ ਵਰ੍ਹੇ ਇਕ ਰਾਸ਼ੀ ਭੋਗਦਾ ਹੈ। ੪. ਭਾਵ ਆਤਮਿਕ ਪ੍ਰਕਾਸ਼ ਤਾਰਿਆ ਚੜਿਆ ਲੰਮਾ (ਤੁਖਾ. ਛੰਤ ਮ: ੧)। [ਮਹਾਨ ਕੋਸ਼

੩- ਸ. ਉਡੂ=ਨਛਤ੍ਰ ਯ. ਤਾਰਾ ਚੜਿਆ ਲੰਮਾ-ਬਯਾਪਕ ਸਰੂਪ ਪਰਮੇਸੁਰ ਸਰਬਤ ਪ੍ਰਕਾਸ਼ ਰਹਯਾ ਹੈ। [ਨਰੋਤਮ

੪- ਵਿਆਪਕ ਸਰੂਪ ਹਰੀ ਸਾਰੇ ਪ੍ਰਕਾਸ਼ ਕਰ ਰਿਹਾ ਹੈ, ਕਿਵੇਂ ਵੇਖਿਆ ਜਾਏ? ਲੰਮਾ ਤਾਰਾ- ਬੋਦੀ ਵਾਲਾ ਤਾਰਾ, ਜੋ ਪ੍ਰਤੱਖ ਪਿਆ ਦਿਸਦਾ ਹੈ। [ਸ਼ਬਦਾਰਥ

੫- ਤਾਰਾ ਲੰਮਾ-ਬੋਦੀ ਵਾਲਾ ਤਾਰਾ (ਨੋਟ-ਜਦੋਂ ਬੋਦੀ ਵਾਲਾ ਤਾਰਾ ਚੜ੍ਹਦਾ ਹੈ, ਤਾਂ ਲੋਕ ਬੜੀ ਤਾਂਘ ਨਾਲ ਵੇਖਦੇ ਹਨ। ਸੂਰਜ ਦੇ ਚਾਨਣ ਵਿਚ ਤਾਂ ਦਿਸਦਾ ਨਹੀਂ। ਹਨੇਰਾ ਪੈਂਦਿਆਂ ਹੀ ਲੋਕ ਆਕਾਸ਼ ਵੱਲ ਤੱਕਣ ਲਗ ਪੈਂਦੇ ਹਨ), ਸਰਬ ਵਿਆਪਕ ਰਬੀ ਜੋਤਿ।

ਹੇ ਭਾਈ! ਵਿਆਪਕ-ਸਰੂਪ ਪਰਮਾਤਮਾ (ਸਾਰੇ ਜਗਤ ਵਿਚ ਆਪਣਾ) ਪ੍ਰਕਾਸ਼ ਕਰ ਰਿਹਾ ਹੈ। ਪਰ ਉਸ ਨੂੰ ਅੱਖਾਂ ਨਾਲ ਵੇਖਿਆ ਕਿਵੇਂ ਜਾਏ? ਹੇ ਭਾਈ! ਗੁਰੂ ਨੇ ਆਪਣੇ ਸ਼ਬਦ ਦੀ ਰਾਹੀਂ (ਜਿਸ ਨੂੰ) ਦਰਸ਼ਨ ਕਰਾ ਦਿੱਤਾ, ਉਸ ਸੇਵਕ ਦੇ ਪੂਰੇ ਭਾਗ ਜਾਗ ਪਏ। [ਦਰਪਣ

**ਨਿਰਣੈ:** 'ਬੋਦੀ ਵਾਲੇ ਤਾਰੇ' ਦਾ 'ਲੰਮੇ ਤਾਰੇ' ਨਾਲ ਕੋਈ ਸੁਮੇਲ ਨਹੀਂ। ਬੋਦੀ ਵਾਲਾ ਤਾਰਾ ਬਦਸ਼ਗਨੀ ਅਥਵਾ ਤਬਾਹੀ ਦਾ ਸੂਚਕ ਸਮਝਿਆ ਜਾਂਦਾ ਹੈ। ਇਕ ਸਜਣ ਨੇ ਦਸਿਆ ਹੈ ਕਿ ਇਸ ਤਾਰੇ ਦਾ ਵੇਦਾਂ ਵਿਚ ਵੀ ਜ਼ਿਕਰ ਹੈ ਪਰ ਟੀਕਾਕਾਰ ਨੂੰ ਕਿਸੇ ਨੇ ਵੇਦਾਂ ਦਾ ਹਵਾਲਾ ਨਹੀਂ ਦਿੱਤਾ ਜਿਸ ਕਰਕੇ ਪਾਠਕਾਂ ਦੀ ਭੇਟ ਨਹੀਂ ਕਰ ਸਕਿਆ। ਵਿਗਿਆਨੀ ਇਸ ਤਾਰੇ ਦੀ ਚਰਚਾ ਅਖ਼ਬਾਰਾਂ ਵਿਚ ਵੀ ਚਲਾ ਰਹੇ ਹਨ। ਕਹਿੰਦੇ ਹਨ ਕਿ ਇਹ ਤਾਰਾ ਜਦੋਂ ਟੁੱਟੇਗਾ ਇਸ ਦੇ ਦੋ ਟੁਕੜੇ ਹੋ ਜਾਣਗੇ ਜਿਸ ਪਾਸੇ ਇਸ ਦੀ ਰੋਸ਼ਨੀ ਖਿਲਰੇਗੀ, ਬੜੀ ਤਬਾਹੀ ਹੋਵੇਗੀ। ਸਰਕਾਰ ਵੀ ਇਸ ਤੋਂ ਬਚਣ ਦੇ ਸਾਧਨ ਸੋਚ ਰਹੀ ਹੈ। ਇਸ ਬੋਦੀ ਵਾਲੇ ਤਾਰੇ ਦਾ ਜੋਤਿਸ਼ ਵਿਦਿਆ ਨਾਲ ਸੰਬੰਧ ਹੈ, ਪ੍ਰਕਾਸ਼ ਰੂਪ ਵਾਹਿਗੁਰੂ ਨਾਲ ਨਹੀਂ। ਇਹ 'ਤਾਰਾ' ਚੜ੍ਹਦਾ ਵੀ ਹੈ ਤੇ ਡੁਬਦਾ ਵੀ ਹੈ, ਇਸ ਲਈ ਇਸ ਨੂੰ ਵਾਹਿਗੁਰੂ ਜੀ ਦੇ ਵਿਆਪਕ ਸਰੂਪ ਨਾਲ ਤੁਲਨਾ ਦੇਣੀ ਠੀਕ ਨਹੀਂ ਜਾਪਦੀ। ਕਿਉਂਕਿ ਵਾਹਿਗੁਰੂ ਜੀ ਨਿਰੰਤਰ ਹਨ, ਤਾਰੇ ਵਾਂਗ ਨਾਸ਼ਵੰਤ ਨਹੀਂ ਹਨ। ਸੋ 'ਤਾਰਾ ਚੜਿਆ ਲੰਮਾ' ਕਿਸੇ ਵਿਸ਼ੇਸ਼ ਅਧਿਆਤਮਿਕ ਅਵਸਥਾ ਨਾਲ ਹੀ ਸੰਬੰਧਤ ਹੋ ਸਕਦਾ ਹੈ, ਜਿਸ ਬਾਰੇ ਸਾਨੂੰ ਪੂਰਾ ਪਤਾ ਨਹੀਂ, ਖੋਜ ਕਰਨ ਦੀ ਲੋੜ ਪ੍ਰਤੀਤ ਹੁੰਦੀ ਹੈ। ਜਿਵੇਂ 'ਮਿਟਿਆ ਅੰਧੇਰਾ ਚੰਦੁ ਚੜਿਆ' ਵਿਚ ਅੰਧੇਰਾ ਤੇ ਚੰਨ ਦੋਵੇਂ ਅਲੰਕਾਰਕ ਰੂਪ ਵਿਚ ਕਿਸੇ ਅਵਸਥਾ ਦੇ ਪ੍ਰਤੀਕ ਹਨ, ਤਿਵੇਂ 'ਤਾਰਾ ਚੜਿਆ ਲੰਮਾ...' ਵੀ ਕਿਸੇ ਵਿਸ਼ੇਸ਼ ਅਵਸਥਾ ਦਾ ਪਰਦਰਸ਼ਕ ਹੋ ਸਕਦਾ ਹੈ। ਇਸ ਲਈ ਮਹਾਨ ਕੋਸ਼ ਵਾਲੇ ਭਾਵ ਅਰਥ 'ਆਤਮਿਕ ਪ੍ਰਕਾਸ਼' ਹੀ ਅਪਨਾਉਣੇ ਯੋਗ ਹਨ।

## ਸਾਰੰਸ਼ ਅਤੇ ਸਿਧਾਂਤ

ਆਤਮਿਕ ਪ੍ਰਕਾਸ਼ ਰੂਪੀ ਤਾਰਾ ਜੋ ਦੇਸ਼ ਕਾਲ ਵਸਤੂ ਤੋਂ ਰਹਿਤ ਪਰੇ ਹੁੰਦਾ ਹੋਇਆ ਵੀ ਸਭ ਪਾਸੇ ਪ੍ਰਕਾਸ਼ਮਾਨ ਹੋ ਰਿਹਾ ਹੈ, ਉਹ ਇਹਨਾਂ ਅੱਖਾਂ ਨਾਲ ਕਿਵੇਂ ਵੇਖਿਆ ਜਾਵੇ? ਉਸ ਨੂੰ ਵੇਖਣ ਦਾ ਕੇਵਲ ਇਕ ਵਸੀਲਾ ਹੈ- 'ਸਤਿਗੁਰੂ' ਜੋ ਆਪਣੇ ਸ਼ਬਦ ਦੀ ਬਰਕਤ ਨਾਲ ਆਪਣੇ ਸੇਵਕ ਨੂੰ ਆਤਮਿਕ-ਪ੍ਰਕਾਸ਼ ਰੂਪੀ ਤਾਰਾ ਵਿਖਾਉਣ ਦੇ ਸਮਰਥ ਹਨ। ਹਾਂ, ਇਸ ਚਾਨਣ ਵਿਚ ਕਾਮ, ਕ੍ਰੋਧ ਤੇ ਹੋਰ

ਵਿਸ਼ੇ ਵਿਕਾਰ ਨੇੜੇ ਨਹੀਂ ਢੁਕਦੇ। ਗੁਰੂ ਦੀ ਸ਼ਬਦ ਸ਼ਕਤੀ ਨਾਲ ਸ੍ਰੇਸ਼ਟ ਗੁਣਾਂ ਦੀ ਸੋਝੀ ਹੁੰਦੀ ਹੈ ਅਤੇ ਉਸ ਲੰਮੇ ਤਾਰੇ ਦਾ ਪ੍ਰਕਾਸ਼ ਅਜਿਹੀ ਹਰ ਥਾਂ ਵਿਖਾਈ ਦਿੰਦਾ ਹੈ, ਜਿਥੇ ਹੰਗਤਾ ਮਮਤਾ ਦਾ ਨਾਸ਼ ਹੁੰਦਾ ਹੈ।

ਹੰਗਤਾ ਦੀ ਨਵਿਰਤੀ ਦਾ ਸਾਧਨ ਨਾਮ-ਸਿਮਰਨ ਹੈ। ਜਿਹੜੇ ਗੁਰੂ ਦੇ ਆਗਿਆਕਾਰੀ ਬਣ ਕੇ ਜਾਗਦੇ ਹਨ, ਉਨ੍ਹਾਂ ਜਗਿਆਸੂਆਂ ਦੇ ਹਿਰਦੇ ਵਿਚ ਗਿਆਨ ਰੂਪੀ ਚਾਨਣ ਹੋ ਜਾਂਦਾ ਹੈ, ਉਨ੍ਹਾਂ ਦੀ ਬੁਧੀ ਸਚ ਵਿਚ ਲੀਨ ਹੋ ਜਾਂਦੀ ਹੈ। ਭਜਨ ਬੰਦਗੀ ਵਿਚ ਜਾਗਣ ਵਾਲਿਆਂ ਅੰਦਰ ਧਿਆਨ ਰੂਪ ਦਿਨ ਚੜ੍ਹਦਾ ਹੈ ਸ਼ਬਦ ਦੇ ਤੀਜੇ ਪਹਿਰੇ ਵਿਚ ਉਸ ਅਵਸਥਾ ਦਾ ਬਿਆਨ ਹੈ ਜਿਥੇ ਔਗੁਣਾਂ ਦਾ ਵਿਨਾਸ਼ ਅਤੇ ਨਾਮ ਦੇ ਗੁਣਾਂ ਦਾ ਪ੍ਰਕਾਸ਼ ਨਿਵਾਸ ਹੁੰਦਾ ਹੈ। ਤਿੰਨ ਗੁਣ (ਰਜੋ, ਤਮੋ, ਸਤੋ) ਨੂੰ ਮੇਟ ਕੇ ਸੁਰਤਿ ਵਾਹਿਗੁਰੂ ਵਿਚ ਸਮਾਉਂਦੀ ਹੈ।

ਜੀਵਨ ਵਿਚ ਭਰਮ-ਭੁਲਾਵਾ ਸਭ ਤੋਂ ਭੈੜੀ ਵਸਤੂ ਹੈ ਜੋ ਪਰਮੇਸ਼ਰ ਦੇ ਮਿਲਾਪ ਵਿਚ ਵਿਘਨਕਾਰੀ ਹੈ। ਪਰ ਜਦੋਂ ਗੁਰੂ ਦੀ ਮਿਹਰ ਹੁੰਦੀ ਹੈ, ਹਉਮੈ ਖ਼ਤਮ ਹੋ ਜਾਂਦੀ ਹੈ, ਸੋਗ ਸੰਤਾਪ ਮਿਟ ਜਾਂਦੇ ਹਨ, ਪਰਮੇਸ਼ਰ ਦੀ ਜੋਤਿ ਦਾ ਹਿਰਦੇ ਵਿਚ ਨਿਵਾਸ ਪ੍ਰਗਟ ਪਹਾਰੇ ਜਾਪਦਾ ਹੈ।

ਇਸ ਲੋਕ ਵਿਚ ਜਿਹੜੀ ਜੀਵ-ਇਸਤਰੀ ਗੁਰੂ ਦੇ ਸ਼ਬਦ ਨਾਲ ਪਤੀਜਦੀ ਹੈ ਉਹੀ ਪਰਲੋਕ ਵਿਚ ਵੀ ਪਤੀ-ਪਰਮੇਸ਼ਰ ਨੂੰ ਭਾਉਂਦੀ ਹੈ। ਸਿਧਾਂਤ ਇਹ ਹੈ ਕਿ ਜਿਸ ਨੂੰ ਗੁਰੂ ਨੇ ਆਪਣੇ ਨਾਲ ਮੇਲ ਕੇ ਹਰੀ ਨਾਲ ਮਿਲਾ ਲਿਆ ਹੈ ਉਸ ਦੀ ਲੋਕ ਪਰਲੋਕ ਵਿਚ ਕਿਸੇ ਦੀ ਮੁਥਾਜੀ ਨਹੀਂ ਰਹਿੰਦੀ, ਅਤੇ ਹਰ ਥਾਂ ਮਾਨਤਾ ਹੀ ਹੁੰਦੀ ਹੈ॥੪॥੩॥

**ਤੁਖਾਰੀ ਮਹਲਾ ੧ ॥ ਤੋਲਾਵੜੈ ਭੁਲੀ, ਭੁਲਿ ਭੁਲਿ ਪਛੋਤਾਣੀ ॥ ਪਿਰਿ ਛੋਡਿਅੜੀ ਸੁਤੀ, ਪਿਰ ਕੀ ਸਾਰ ਨ ਜਾਣੀ ॥ ਪਿਰਿ ਛੋਡੀ ਸੁਤੀ ਅਵਗਣਿ ਮੁਤੀ, ਤਿਸੁ ਧਨ ਵਿਧਣ ਰਾਤੇ ॥ ਕਾਮਿ ਕ੍ਰੋਧਿ ਅਹੰਕਾਰਿ ਵਿਗੁਤੀ, ਹਉਮੈ ਲਗੀ ਤਾਤੇ ॥ ਉਡਰਿ ਹੰਸੁ ਚਲਿਆ ਫੁਰਮਾਇਆ, ਭਸਮੈ ਭਸਮ ਸਮਾਣੀ ॥ ਨਾਨਕ, ਸਚੇ ਨਾਮ ਵਿਹੂਣੀ, ਭੁਲਿ ਭੁਲਿ ਪਛੋਤਾਣੀ ॥੧॥**

**ਸੁਣਿ ਨਾਹ ਪਿਆਰੇ, ਇਕ ਬੇਨੰਤੀ ਮੇਰੀ ॥ ਤੂ ਨਿਜ ਘਰਿ ਵਸਿਅੜਾ, ਹਉ ਰੁਲਿ ਭਸਮੈ ਢੇਰੀ ॥ ਬਿਨੁ ਅਪਣੇ ਨਾਹੈ ਕੋਇ ਨ ਚਾਹੈ, ਕਿਆ ਕਹੀਐ ਕਿਆ ਕੀਜੈ ॥ ਅੰਮ੍ਰਿਤ ਨਾਮੁ ਰਸਨ ਰਸੁ ਰਸਨਾ, ਗੁਰ ਸਬਦੀ ਰਸੁ ਪੀਜੈ ॥ ਵਿਣੁ ਨਾਵੈ ਕੋ ਸੰਗਿ ਨ ਸਾਥੀ, ਆਵੈ ਜਾਇ ਘਨੇਰੀ ॥ ਨਾਨਕ, ਲਾਹਾ ਲੈ ਘਰਿ ਜਾਈਐ, ਸਾਚੀ ਸਚੁ ਮਤਿ ਤੇਰੀ ॥੨॥**

### ਉਚਾਰਨ ਸੇਧ

**ਬਿੰਦੀ ਸਹਿਤ:** ਹਉਮੈਂ, ਨਾਵੈਂ। **ਬਿੰਦੀ ਰਹਿਤ:** ਨਾਹ, ਨਾਹੈ।

**ਪਦ ਅਰਥ:** ਭੋਲਾਵੜੈ=ਭੁਲੇਖੇ ਵਿਚ। ਭੁਲੀ=ਭੁਲ ਗਈ, ਕੁਰਾਹੇ ਪੈ ਗਈ। ਭੁਲਿ=ਭੁਲ ਕੇ, ਗਲਤੀ ਕਰਕੇ। ਪਛੋਤਾਣੀ=ਪਸਚਤਾਪ ਕਰਦੀ ਰਹੀ। ਪਿਰਿ=(ਪ੍ਰਭੂ) ਪਤੀ ਨੇ। ਛੋਡਿਅੜੀ=ਛੱਡ ਦਿੱਤੀ। ਸੁਤੀ=(ਮੋਹ ਦੀ) ਨੀਂਦ ਵਿਚ ਸੁਤੀ ਰਹੀ। ਸਾਰ=ਕਦਰ। ਨ ਜਾਣੀ=ਨਹੀਂ ਜਾਤੀ। ਮੁਤੀ=ਤਿਆਗ ਦਿਤੀ। ਧਨ=ਜੀਵ ਇਸਤਰੀ। ਵਿਧਣ=ਦੁੱਖ ਭਰੀ। ਰਾਤ=(ਜੀਵਨ ਰੂਪੀ) ਰਾਤ। ਕਾਮਿ=ਕਾਮ, ਵਿਸ਼ੇ ਵਿਕਾਰਾਂ ਵਿਚ। ਕ੍ਰੋਧ=ਗੁੱਸੇ ਵਿਚ। ਵਿਗੁਤੀ=ਖੁਆਰ ਹੁੰਦੀ ਰਹੀ। ਹਉਮੈ ਲਗੀ=ਹਉਮੈ ਚੰਬੜ ਰਹੀ। ਤਾਤੇ=ਤਾਤਿ, ਈਰਖਾ। ਉਡਰਿ=ਉਡ ਕੇ। ਹੰਸੁ=ਜੀਵਾਤਮਾ। ਭਸਮੈ ਭਸਮ ਸਮਾਣੀ=(ਜਿਵੇਂ) ਮਿੱਟੀ ਵਿਚ ਮਿੱਟੀ ਸਮਾਅ ਜਾਂਦੀ ਹੈ। ਵਿਹੂਣੀ=ਬਿਨਾਂ, ਸਖਣੀ। ਭੁਲਿ=ਭੁਲ ਕੇ।੧।

ਨਾਹ ਪਿਆਰੇ=ਹੇ ਪਿਆਰੇ ਪਤੀ!। ਨਿਜ ਘਰਿ=ਆਪਣੇ (ਹਿਰਦੇ ਰੂਪੀ) ਘਰ ਵਿਚ ਵਸਿਅੜਾ=ਵਸ ਰਿਹਾ ਹੈ। ਹਉ=ਮੈਂ। ਰੁਲਿ=ਰੁੱਲ ਕੇ, ਖੁਆਰ ਹੋ ਕੇ। ਬਿਨੁ=ਬਿਨਾਂ। ਨਾਹੈ=ਪਤੀ ਤੋਂ। ਕੋਇ ਨ ਚਾਹੈ=ਕੋਈ ਪਸੰਦ ਨਹੀਂ ਕਰਦਾ। ਕਿਆ ਕਹੀਐ=ਕੀ ਆਖਣਾ ਚਾਹੀਦਾ ਹੈ?। ਕਿਆ ਕੀਜੈ=ਕੀ ਕਰਨਾ ਚਾਹੀਦਾ ਹੈ?। ਅੰਮ੍ਰਿਤੁ ਨਾਮੁ=ਅਮਰ ਜੀਵਨ ਦੇਣ ਵਾਲਾ ਨਾਮ। ਰਸਨ ਰਸੁ=ਸਭ ਤੋਂ ਸ੍ਰੇਸ਼ਟ ਰਸ। ਰਸਨਾ=ਰਸਨਾ ਨਾਲ। ਗੁਰਸਬਦੀ=ਗੁਰੂ ਦੇ ਸ਼ਬਦ ਦੁਆਰਾ। ਪੀਜੈ=ਪੀਣਾ ਚਾਹੀਦਾ ਹੈ। ਸੰਗਿ=ਸੰਗੀ। ਆਵੈ ਜਾਇ=ਆਉਂਦੀ ਜਾਂਦੀ ਭਾਵ ਜੰਮਦੀ ਮਰਦੀ ਰਹਿੰਦੀ ਹੈ। ਘਨੇਰੀ=ਬਹੁਤ (ਲੋਕਾਈ)। ਲਾਹਾ ਲੈ=(ਜੀਵਨ) ਲਾਭ ਲੈ ਕੇ। ਘਰਿ ਜਾਈਐ=(ਸਚੇ) ਘਰ ਵਿਚ ਜਾਣਾ ਚਾਹੀਦਾ ਹੈ। ਸਾਚੀ ਮਤਿ=ਸਦਾ ਥਿਰ ਰਹਿਣ ਵਾਲੀ ਪਵਿੱਤਰ ਮਤਿ।੨।

**ਅਰਥ:** (ਹੇ ਭਾਈ! ਜੀਵ ਇਸਤਰੀ) ਭੁਲੇਖੇ ਵਿਚ ਪੈ ਕੇ (ਸਚ ਵਾਲੇ ਜੀਵਨ ਰਸਤੇ ਤੋਂ) ਭੁਲ ਗਈ, ਖੁੰਝ ਗਈ (ਅਤੇ) ਭੁਲ ਭੁਲ ਕੇ ਪਛੁਤਾਈ (ਭਾਵ ਪਸਚਾਤਾਪ ਕੀਤਾ)। ਪਤੀ (ਪ੍ਰਭੂ) ਨੇ ਅਜਿਹੀ ਜੀਵ ਇਸਤਰੀ ਜੋ ਮੋਹ ਮਾਇਆ ਦੀ (ਨੀਂਦ ਵਿਚ) ਸੁਤੀ ਪਈ ਸੀ, ਤਿਆਗ ਦਿਤੀ, (ਕਿਉਂਕਿ ਉਸ ਨੇ) ਪਤੀ ਪ੍ਰਭੂ ਦੀ ਕਦਰ ਨਹੀਂ ਸਮਝੀ। ਪਤੀ ਨੇ ਸੁਤੀ ਹੋਈ (ਜੀਵ-ਇਸਤਰੀ) ਛੱਡ ਦਿਤੀ, ਔਗੁਣਾਂ ਕਰਕੇ ਤਿਆਗ ਦਿੱਤੀ, ਉਸ ਜੀਵ-ਇਸਤਰੀ ਦੀ ਹੰਗਤਾ-ਭਰੀ ਜੀਵਨ ਰਾਤ ਦੁਖਦਾਈ ਹੋ ਗਈ, (ਉਹ) ਕਾਮ ਵਿਚ, ਕ੍ਰੋਧ ਵਿਚ, ਅਹੰਕਾਰ ਵਿਚ ਖੁਆਰ ਹੋਈ, ਉਸ ਨੂੰ ਹੰਗਤਾ ਅਤੇ ਪਰਾਈ ਈਰਖਾ ਚੰਬੜ ਗਈ। (ਜਦ) ਪਰਮਾਤਮਾ ਦੇ ਹੁਕਮ ਅਨੁਸਾਰ ਜੀਵਾਤਮਾ (ਸਰੀਰ ਚੋਂ) ਉਡ ਕੇ ਚਲ ਪਿਆ, ਦੇਹੀ ਸੁਆਹ ਹੋ ਕੇ ਸੁਆਹ ਦੀ ਢੇਰੀ ਵਿਚ ਮਿਲ ਗਈ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਪਰਮਾਤਮਾ ਦੇ ਨਾਮ ਤੋਂ ਭੂਲੀ ਹੋਈ ਜੀਵ-ਇਸਤਰੀ (ਸਾਰੀ ਉਮਰ) ਭੁਲ ਭੁਲ ਕੇ ਪਛਤਾਂਦੀ ਰਹੀ।੧।

ਹੇ ਪਿਆਰੇ ਪਤੀ ਪ੍ਰਭੂ ਜੀ! ਮੇਰੀ ਇਕ ਬੇਨਤੀ ਸੁਣ। ਤੂੰ ਨਿੱਜ ਸਰੂਪ ਵਿਚ ਵਸਦਾ ਹੈਂ, ਪਰ ਮੈਂ (ਬਾਹਰ) ਰੁਲ ਰੁਲ ਕੇ (ਅੰਤ ਨੂੰ) ਸੁਆਹ ਦੀ ਢੇਰੀ ਹੋ ਜਾਂਦੀ ਹਾਂ। (ਆਪਣੀ ਪਤੀ) ਤੋਂ ਬਿਨਾਂ (ਮੈਨੂੰ ਕੋਈ ਹੋਰ) ਨਹੀਂ ਪਿਆਰਦਾ, (ਇਸ ਬਾਰੇ ਕਿਸੇ ਨੂੰ) ਕੀ ਕਹੀਏ ਤੇ ਕੀ ਕਰੀਏ? ਅੰਮ੍ਰਿਤ ਨਾਮ ਜੋ ਰਸਾਂ ਦਾ (ਮਹਾਨ) ਰੱਸ ਹੈ ਉਹ ਗੁਰ-ਸ਼ਬਦ ਦੁਆਰਾ ਰਸਨਾ ਨਾਲ ਪੀਵੀਏ।

ਨਾਮ ਤੋਂ ਬਿਨਾਂ ਕੋਈ ਸੰਗੀ-ਸਾਥੀ ਨਹੀਂ ਹੈ, ਬਹੁਤ ਲੋਕਾਈ (ਨਾਮ ਤੋਂ ਬਿਨਾਂ) ਜੰਮਦੀ ਮਰਦੀ ਰਹਿੰਦੀ ਹੈ (ਭਾਵ ਆਗਾਵਗਵਨ ਵਿਚ ਪਈ ਰਹਿੰਦੀ ਹੈ)। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਨਾਮ ਰੂਪੀ ਲਾਭ ਲੈ ਕੇ ਘਰ ਵਿਚ ਭਾਵ (ਪਰਮਾਤਮਾ ਦੀ ਹਜ਼ੂਰੀ ਵਿਚ) ਜਾਣਾ ਚਾਹੀਦਾ ਹੈ। (ਹੇ ਹਰੀ!) ਤੇਰੀ (ਬਖਸ਼ੀ) ਸੱਚੀ ਮਤਿ ਦੁਆਰਾ ਹੀ ਸਚ ਪ੍ਰਾਪਤ ਕਰ ਸਕੀਦਾ ਹੈ।੨।

**ਸਾਜਨ ਦੇਸਿ ਵਿਦੇਸੀਅੜੇ, ਸਾਨੇਹੜੇ ਦੇਦੀ ॥ ਸਾਰਿ ਸਮਾਲੇ ਤਿਨ ਸਜਣਾ, ਮੁੰਧ ਨੈਣ ਭਰੇਦੀ ॥ ਮੁੰਧ ਨੈਣ ਭਰੇਦੀ ਗੁਣ ਸਾਰੇਦੀ, ਕਿਉ ਪ੍ਰਭ ਮਿਲਾ ਪਿਆਰੇ ॥ ਮਾਰਗੁ ਪੰਥੁ ਨ ਜਾਣਉ ਵਿਖੜਾ, ਕਿਉ ਪਾਈਐ ਪਿਰੁ ਪਾਰੇ ॥ ਸਤਿਗੁਰ ਸਬਦੀ ਮਿਲੈ ਵਿਛੁੰਨੀ, ਤਨੁ ਮਨੁ ਆਗੈ ਰਾਖੈ ॥ ਨਾਨਕ, ਅੰਮ੍ਰਿਤ ਬਿਰਖੁ ਮਹਾਰਸ ਫਲਿਆ, ਮਿਲਿ ਪ੍ਰੀਤਮ ਰਸੁ ਚਾਖੈ ॥੩॥**

**ਮਹਲਿ ਬੁਲਾਇੜੀਏ, ਬਿਲਮੁ ਨ ਕੀਜੈ ॥ ਅਨਦਿਨੁ ਰਤੜੀਏ, ਸਹਜਿ ਮਿਲੀਜੈ ॥ ਸੁਖਿ ਸਹਜਿ ਮਿਲੀਜੈ ਰੋਸੁ ਨ ਕੀਜੈ, ਗਰਬੁ ਨਿਵਾਰਿ ਸਮਾਣੀ ॥ ਸਾਚੈ ਰਾਤੀ ਮਿਲੈ ਮਿਲਾਈ, ਮਨਮੁਖਿ ਆਵਣ ਜਾਣੀ ॥ ਜਬ ਨਾਚੀ ਤਬ ਘੂਘਟੁ ਕੈਸਾ, ਮਟੁਕੀ ਫੋੜਿ ਨਿਰਾਰੀ ॥ ਨਾਨਕ, ਆਪੈ ਆਪੁ ਪਛਾਣੈ, ਗੁਰਮੁਖਿ ਤਤੁ ਬੀਚਾਰੀ ॥੪॥੪॥**

## ਉਚਾਰਨ ਸੇਧ

**ਬਿੰਦੀ ਸਹਿਤ:** ਦੇਂਦੀ, ਭਰੇਂਦੀ, ਸਾਰੇਂਦੀ, ਕਿਉਂ, ਮਿਲਾਂ, ਜਾਣਉਂ, ਮਹਾਂਰਸ, ਘੂੰਘਟ।

**ਪਦ ਅਰਥ:** ਸਾਜਨ=ਸੱਜਣ (ਪ੍ਰਭੂ ਜੀ)। ਦੇਸਿ=ਦੇਸ਼ ਵਿਚ, (ਜੀਵ ਇਸਤਰੀ ਦੇ) ਹਿਰਦੇ ਵਿਚ। ਵਿਦੇਸੀਅੜੇ=ਪਰਦੇਸ਼ ਵਿਚ (ਵਸਦਾ ਜਾਣਦੀ ਹੈ)। ਸਾਨੇਹੜੇ=ਸੰਦੇਸੇ। ਦੇਦੀ=ਦੇਂਦੀ, ਭੇਜਦੀ ਹੈ। ਸਾਰਿ ਸਮਾਲੇ=(ਹਿਰਦੇ ਵਿਚ) ਸੰਭਾਲ ਕੇ, ਯਾਦ ਕਰਕੇ। ਤਿਨ ਸਜਣਾ=ਉਨ੍ਹਾਂ ਆਦਰਸ਼ ਵਾਦੀ ਸਜਣਾਂ ਨੂੰ। ਮੁੰਧ=ਅੰਜਾਣ ਇਸਤਰੀ। ਨੈਣ ਭਰੇਦੀ=ਰੋਂਦੀ ਹੈ, ਵਿਰਲਾਪ ਕਰਦੀ ਹੈ। ਗੁਣ ਸਾਰੇਦੀ=(ਸਜਣ ਦੇ) ਗੁਣ ਯਾਦ ਕਰਦੀ ਹੈ। ਕਿਉ ਪ੍ਰਭ ਮਿਲਾ=ਮੈਂ ਕਿਵੇਂ ਐਸੇ ਪ੍ਰਭੂ ਨੂੰ ਮਿਲਾਂ?। ਮਾਰਗੁ=ਰਸਤਾ। ਪੰਥੁ=ਰਸਤਾ। ਨ ਜਾਣਉ=ਮੈਂ ਨਹੀਂ ਜਾਣਦੀ ਹਾਂ। ਵਿਖੜਾ=ਔਖਾ ਹੈ। ਕਿਉ ਪਾਈਐ ਪਿਰੁ=ਉਸ ਪਤੀ ਨੂੰ ਕਿਵੇਂ ਮਿਲਾਂ?। ਪਾਰੇ=ਪਾਰਲੇ ਪਾਸੇ। ਸਤਿਗੁਰ ਸਬਦੀ=ਸਤਿਗੁਰੂ ਦੇ ਸ਼ਬਦ ਦੀ ਰਾਹੀਂ। ਵਿਛੁੰਨੀ=ਵਿਛੜੀ ਹੋਈ (ਜੀਵ ਇਸਤਰੀ)। ਆਗੈ ਰਾਖੈ=(ਪਤੀ ਦੇ) ਅੱਗੇ, ਸਾਹਮਣੇ ਰਖ ਦਿੰਦੀ ਹੈ, ਭਾਵ ਸਮਰਪਿਤ ਕਰ ਦਿੰਦੀ ਹੈ। ਅੰਮ੍ਰਿਤਿ ਬਿਰਖੁ=ਅੰਮ੍ਰਿਤ ਜੀਵਨ ਦੇਣ ਵਾਲਾ ਨਾਮ ਰੂਪੀ ਰੁਖ। ਮਹਾ ਰਸ ਫਲਿਆ=ਬਹੁਤੇ ਮਿੱਠੇ ਫੁੱਲਾਂ (ਆਤਮਿਕ ਗੁਣਾਂ ਦੇ) ਰਸ ਨਾਲ ਫਲਿਆ ਫੁਲਿਆ ਹੋਇਆ ਹੈ। ਮਿਲਿ ਪ੍ਰੀਤਮ=(ਪ੍ਰਭੂ) ਪ੍ਰੀਤਮ ਨੂੰ ਮਿਲ ਕੇ। ਰਸ ਚਾਖੈ=ਸੁਆਦ ਚਖਦੀ ਹੈ।੩।

ਮਹਲਿ=(ਪ੍ਰਭੂ ਦੇ) ਮਹਲ ਵਿਚ। ਬੁਲਾਇੜੀਏ=ਹੇ ਬੁਲਾਈ ਗਈਏ, ਸਜੀ ਹੋਈ ਜੀਵ ਇਸਤ੍ਰੀਏ!। ਬਿਲਮੁ=ਢਿੱਲ, ਦੇਰੀ। ਨ ਕੀਜੈ=ਨਹੀਂ ਕਰਨੀ ਚਾਹੀਦੀ। ਅਨਦਿਨੁ=ਰਾਤ ਦਿਨ, ਭਾਵ ਹਰ

ਵੇਲੇ। ਰਤੜੀਏ=ਪਿਆਰ ਵਿਚ ਰੰਗੀ ਹੋਈਏ। ਸਹਜਿ=ਆਤਮਿਕ ਅਡੋਲਤਾ ਵਿਚ। ਮਿਲੀਜੈ=ਮਿਲਣਾ ਚਾਹੀਦਾ ਹੈ, ਟਿੱਕੇ ਰਹਿਣਾ ਚਾਹੀਦਾ ਹੈ। ਸੁਖਿ=ਸੁਖ ਵਿਚ। ਸਹਜਿ=ਅਨੰਦ ਵਿਚ। ਰੋਸੁ ਕਰੀਜੈ=ਰੋਸਾ, ਗਿਲਾ ਨਹੀਂ ਕਰਨਾ ਚਾਹੀਦਾ। ਗਰਬੁ ਨਿਵਾਰਿ=ਅਹੰਕਾਰ ਦੂਰ ਕਰਕੇ। ਸਮਾਣੀ=ਸਮਾਉਂਦੀ ਹੈ। ਸਾਚੈ ਰਾਤੀ=ਸੱਚੇ ਪ੍ਰਭੂ ਵਿਚ ਰਤੀ ਹੋਈ। ਮਿਲੈ ਮਿਲਾਈ=(ਗੁਰੂ ਦੀ) ਮਿਲਾਈ ਹੋਈ ਮਿਲਦੀ ਹੈ। ਆਵਣ ਜਾਣੀ=ਆਵਾ ਜਾਈ, ਜਨਮ ਮਰਨ ਦੇ ਗੇੜ ਵਿਚ। ਜਬ ਨਾਚੀ=ਜਦੋਂ (ਇਸਤਰੀ) ਨਚਣ ਲਗ ਪਈ। ਤਬ=ਤਦੋਂ। ਘੂਘਟ=ਘੁੰਡ। ਕੈਸਾ=ਕਿਸ ਤਰ੍ਹਾਂ। ਮਟੁਕੀ=ਸਰੀਰ ਦੇ ਮੋਹ ਰੂਪੀ ਘੜੀ। ਫੋੜਿ=ਤੋੜ ਕੇ। ਨਿਰਾਰੀ=ਨਿਰਾਲੀ, ਵਖਰੀ। ਆਪੈ ਆਪੁ=ਆਪਣੇ ਆਪ ਨੂੰ, ਆਤਮਿਕ ਜੀਵਨ ਨੂੰ। ਪਛਾਣੈ=ਪਛਾਣਦੀ ਹੈ। ਗੁਰਮੁਖਿ=ਗੁਰੂ ਦੁਆਰਾ। ਤਤੁ=ਅਸਲੀਅਤ, ਅਸਲੀ ਤੱਤ ਨੂੰ। ਬੀਚਾਰੀ=ਬੀਚਾਰਨ ਨਾਲ।੪।

**ਅਰਥ:** (ਹੇ ਭਾਈ!) ਸਜਣ ਪ੍ਰਭੂ ਜੀ (ਜੀਵ ਇਸਤਰੀ ਦੇ) ਹਿਰਦੇ ਦੇਸ਼ ਵਿਚ ਵਸ ਰਹੇ ਹਨ (ਪਰ ਜੀਵ ਇਸਤਰੀ) ਭੁਲੇਖੇ ਵਿਚ (ਉਸ ਨੂੰ) ਪਰਦੇਸ਼ ਵਿਚ ਵਸਦਾ ਜਾਣ ਕੇ ਬਾਹਰ ਸੁਨੇਹੇ (ਸੰਦੇਸ਼ੇ) ਭੇਜਦੀ ਹੈ। (ਇਸ ਤਰ੍ਹਾਂ ਉਸ) ਸਜਣ ਪ੍ਰਭੂ ਨੂੰ ਯਾਦ ਕਰਦੀ ਹੈ, ਜੀਵ ਇਸਤਰ। ਨੈਣਾਂ ਵਿਚ (ਹੰਝੂ) ਭਰਦੀ ਹੈ। ਜੀਵ ਇਸਤਰੀ (ਹੰਝੂਆਂ ਨਾਲ) ਨੈਣ ਭਰਦੀ ਹੈ, ਉਹ (ਪ੍ਰਭੂ ਦੇ) ਗੁਣ ਯਾਦ ਕਰਦੀ ਹੈ (ਅਤੇ ਤਰਲੇ ਕਢਦੀ ਹੈ ਕਿ) ਕਿਵੇਂ ਪਿਆਰੇ ਪ੍ਰਭੂ ਨੂੰ ਮਿਲਾਂ? ਮੈਂ ਉਸਦਾ ਰਸਤਾ ਨਹੀਂ ਜਾਣਦੀ, ਰਸਤਾ ਕਠਿਨ ਹੈ, ਕਿਵੇਂ ਪ੍ਰਾਪਤ ਕਰਾਂ? ਜੇ (ਉਸ ਦੇ ਖਿਆਲ ਅਨੁਸਾਰ) ਪਰਲੇ ... ਹੈ।

(ਹਾਂ, ਉਹ) ਵਿਛੜੀ ਹੋਈ ਜੀਵ-ਇਸਤ੍ਰੀ ਸਤਿਗੁਰੂ ਦੇ ਸ਼ਬਦ ਦੁਆਰਾ ਮਿਲ ਸਕਦੀ ਹੈ ਜੇ (ਉਹ ਆਪਣਾ) ਤਨ ਮਨ ਪ੍ਰਭੂ ਪਤੀ ਅਗੇ ਅਰਪਨ ਕਰ ਦੇਵੇ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਨਾਮ ਅੰਮ੍ਰਿਤ ਦਾ ਬਿਰਖ ਜੋ ਮਹਾਂ ਰਸ ਵਾਲਾ ਹੈ, ਪ੍ਰਫੁਲਤ ਹੋ ਗਿਆ ਹੈ (ਅਤੇ) ਜੀਵ ਇਸਤਰੀ ਨਾਮ ਦੁਆਰਾ ਪ੍ਰਭੂ ਪ੍ਰੀਤਮ ਨੂੰ ਮਿਲ ਕੇ (ਪ੍ਰੀਤਮ ਦਾ) ਰਸ ਮਾਣਦੀ ਹੈ।੩।

ਹੇ ਹਰੀ ਦੇ ਮਹਿਲ ਵਿਚ ਸਦੀ ਗਈ ਜੀਵ ਇਸਤ੍ਰੀਏ! ਤੈਨੂੰ ਦੇਰ ਨਹੀਂ ਕਰਨੀ ਚਾਹੀਦੀ, ਰਾਤ ਦਿਨ ਭਾਵ ਹਰ ਵੇਲੇ ਪ੍ਰੇਮ ਰੰਗ ਵਿਚ ਰੰਗੀ ਹੋਈ ਸਹਜਿ (ਅਵਸਥਾ) ਵਿਚ ਪ੍ਰਭੂ ਨੂੰ ਮਿਲ ਪੈਣਾ ਚਾਹੀਦਾ ਹੈ। ਸਹਜ (ਭਾਵ ਆਤਮਿਕ ਅਨੰਦ ਵਿਚ ਟਿੱਕ ਕੇ) ਪ੍ਰਭੂ ਨੂੰ ਮਿਲ, ਗਿਲਾ ਨਾ ਕਰ (ਕਿ ਮੈਨੂੰ ਮਿਲਾਪ ਦੇ ਰਸਤੇ ਵਿਚ ਇਹ ਜਾਂ ਉਹ ਔਕੜ ਵਾਪਰੀ ਹੈ, ਜਿਹੜੀ ਇਸਤਰੀ ਵੀ ਪਤੀ ਨੂੰ ਮਿਲਦੀ ਹੈ ਉਹ) ਹੰਕਾਰ ਦੂਰ ਕਰਕੇ ਪ੍ਰਭੂ ਵਿਚ ਲੀਨ ਹੁੰਦੀ ਹੈ। (ਜਿਹੜੀ ਇਸਤਰੀ) ਸਚੇ ਹਰੀ ਵਿਚ ਰਤੀ ਹੋਈ ਹੁੰਦੀ ਹੈ, ਉਹ ਗੁਰੂ ਦੀ ਮਿਲਾਈ ਹੋਈ ਹੀ ਹਰੀ ਨੂੰ ਮਿਲਦੀ ਹੈ (ਪਰ ਗੁਰ ਤੋਂ) ਬੇਮੁਖ ਹੋਈ ਇਸਤਰੀ ਜਨਮ ਮਰਨ ਦੇ ਗੇੜ ਵਿਚ ਭਟਕਦੀ ਰਹਿੰਦੀ ਹੈ।

(ਹੇ ਭਾਈ! ਜਦੋਂ ਜੀਵ-ਇਸਤਰੀ ਪਰਮਾਤਮਾ ਦੇ ਮਿਲਾਪ ਲਈ) ਨੱਚ ਪਈ (ਭਾਵ ਲੋਕ ਲਾਜ ਛੱਡ ਕੇ ਪ੍ਰਭੂ ਨੂੰ ਪ੍ਰੇਮ ਕਰਨ ਲਗ ਪਈ, ਉਸ ਲਈ) ਘੁੰਡ ਅਥਵਾ ਲੁਕਾਉ ਕਰਨਾ ਕਿਸ ਅਰਥ? (ਭਾਵ ਵਿਅਰਥ ਹੈ ਕਿਉਂਕਿ) ਉਹ ਲੋਕ ਲਾਜ ਦੀ (ਸ਼ਰਮ ਰੂਪੀ) ਮਟਕੀ ਭੰਨ ਕੇ ਸੰਸਾਰ ਦੇ ਵਿਹਾਰ ਤੋਂ ਅਲਗ ਹੋ ਜਾਂਦੀ ਹੈ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਨਾਮ ਵਿਚ ਰਤੀ ਹੋਈ ਜੀਵ

ਇਸਤਰੀ) ਆਪਣੇ ਆਪੇ (ਆਤਮ-ਸਰੂਪ) ਨੂੰ ਪਛਾਣਦੀ ਹੈ ਕਿਉਂਕਿ ਉਹ ਗੁਰੂ ਦੁਆਰਾ ਅਸਲੀਅਤ ਨੂੰ ਵਿਚਾਰਦੀ ਹੈ।੪।੪।

## ਸਾਰੰਸ਼ ਅਤੇ ਸਿਧਾਂਤ

ਗੁਰਬਾਣੀ ਦੇ ਪਾਵਨ ਵਾਕ ਹਨ:-

**ਮ੍ਰਿਗ ਤ੍ਰਿਸਨਾ ਪੇਖਿ ਭੁਲਣੇ, ਵੁਠੇ ਨਗਰ ਗੰਧ੍ਰਬ ॥**

**ਜਿਨੀ ਸਚੁ ਅਰਾਧਿਆ, ਨਾਨਕ ਮਨਿ ਤਨਿ ਫਬ ॥** [ਪੰਨਾ ੧੪੨੫

ਜੀਵ ਇਸਤਰੀ ਅਵਿਦਿਆ ਦੀ ਨੀਂਦ ਅਤੇ ਭਰਮ ਭੁਲੇਖਿਆਂ ਵਿਚ ਇਸ ਤਰ੍ਹਾਂ ਭੁਲੀ ਪਈ ਹੈ ਜਿਵੇਂ ਸੰਸਾਰੀ ਜੀਵ 'ਹਰਿ ਚੰਦਉਰੀ' ਵਸੀ ਹੋਈ ਨਗਰੀ ਅਤੇ ਮ੍ਰਿਗ ਤ੍ਰਿਸ਼ਨਾ ਵੇਖ ਕੇ ਭੁਲੇਖਾ ਖਾਂਦੇ ਹਨ। ਮਾਇਕੀ ਪਦਾਰਥਾਂ ਦੀ ਲਾਲਸਾ ਨੇ ਹੀ ਕਾਮ, ਕ੍ਰੋਧ, ਵਿਚ ਫਸਾ ਕੇ ਜੀਵ-ਇਸਤ੍ਰੀ ਦੀ ਹੋਸ਼ ਮਾਰੀ ਹੋਂਦੀ ਹੈ, ਜਿਸ ਕਰਕੇ ਉਹ ਨਾਮ-ਸਿਮਰਨ ਤੋਂ ਅਚੇਤ ਰਹਿੰਦੀ ਹੈ।

ਜੀਵ ਇਸਤਰੀ ਦਾ ਪਤੀ ਪਰਮਾਤਮਾ ਨਾਲੋਂ ਵਿਛੋੜੇ ਦਾ ਕਾਰਨ ਉਸ ਦੇ ਔਗੁਣ ਹੁੰਦੇ ਹਨ। ਭੁਲੇਖੇ ਦਾ ਪਛਤਾਵਾ ਹੋਣਾ ਕੁਦਰਤੀ ਗੱਲ ਹੈ ਪਰ ਜਿਹੜੀ ਜੀਵ ਇਸਤਰੀ, ਕਾਮ, ਕ੍ਰੋਧ, ਅਹੰਕਾਰ ਵਿਚ ਖਰਾਬ ਹੋ ਰਹੀ ਹੈ, ਉਸ ਦੇ ਮਨ ਅੰਦਰ ਈਰਖਾ ਦੇ ਭਾਂਬੜ ਮਚਦੇ ਹੀ ਰਹਿੰਦੇ ਹਨ।

ਦੂਜੇ ਪਹਿਰੇ ਵਿਚ ਪ੍ਰਭੂ ਪਤੀ ਅਗੇ ਬੇਨਤੀ ਕਰਦੀ ਹੈ ਕਿ ਹੇ ਪ੍ਰਭੂ! ਤੁਸੀਂ ਘਰ ਵਿਚ ਆ ਵਸੋ ਤਾਂ ਜੋ ਮੈਂ ਅੰਮ੍ਰਿਤ ਨਾਮ ਜੋ ਮਹਾਨ ਰਸ ਹੈ, ਗੁਰੂ ਦੇ ਸ਼ਬਦ ਦੁਆਰਾ ਪੀਂਦੀ ਰਹਾਂ। ਨਾਲ ਹੀ ਜੀਵਨ ਵਿਚ ਵਿਸ਼ੇਸ਼ ਤੌਰ ਤੇ ਯਾਦ ਰਖਣ ਵਾਲੀ ਇਹ ਗੱਲ ਹੈ ਕਿ ਨਾਮ ਤੋਂ ਬਿਨਾਂ ਕੋਈ ਸੰਗੀ ਸਾਥੀ ਨਹੀਂ ਹੈ।

ਜਿਵੇਂ ਕਿਸੇ ਇਸਤਰੀ ਦਾ ਪਤੀ ਪ੍ਰਦੇਸ ਗਿਆ ਹੋਵੇ ਤਾਂ ਉਹ ਸੁਨੇਹੇ ਘਲਦੀ ਹੈ, ਤਿਵੇਂ ਜੀਵ-ਇਸਤਰੀ ਪਤੀ-ਪਰਮੇਸ਼ਰ ਦੇ ਮਿਲਾਪ ਲਈ ਅਧਿਆਤਮਿਕ ਪਾਂਧੀਆਂ ਰਾਹੀਂ ਸੁਨੇਹੇ ਭੇਜਦੀ ਹੈ। ਪਰ ਇਹ ਮਿਲਾਪ ਕੇਵਲ ਅੱਖਾਂ ਵਿਚ ਹੰਝੂ ਭਰਨ ਨਾਲ ਨਹੀਂ ਹੁੰਦਾ ਵਿਛੜੀ ਹੋਈ ਜੀਵ ਇਸਤਰੀ ਗੁਰੂ ਦੇ ਸ਼ਬਦ ਦੁਆਰਾ ਪਤੀ ਪਰਮੇਸ਼ਰ ਨੂੰ ਮਿਲ ਸਕਦੀ ਹੈ ਪਰ ਉਹ ਵੀ ਤਾਂ ਜਦੋਂ ਆਪਣਾ ਤਨ ਮਨ ਪ੍ਰਭੂ ਅਗੇ ਅਰਪਨ ਕਰਦੀ ਹੈ। ਫਿਰ ਨਾਮ ਅੰਮ੍ਰਿਤ ਦਾ ਬਿਰਖ ਜੋ ਪ੍ਰਫੁਲਤ ਹੈ, ਉਸ ਦਾ ਰਸ ਪ੍ਰੀਤਮ ਨਾਲ ਮਿਲ ਕੇ ਮਾਣ ਸਕਦੀ ਹੈ।

ਅੰਤਲੇ ਪਦੇ ਰਾਹੀਂ ਪ੍ਰੇਮ ਵਿਚ ਰਤੀ ਰਹਿਣ ਵਾਲੀ ਇਸਤਰੀ ਨੂੰ ਸਿਖਿਆ ਦਿਤੀ ਹੈ ਕਿ ਪਤੀ ਦਾ ਮਿਲਾਪ ਰੋਸ ਕਰਨ ਨਾਲ ਨਹੀਂ ਹੁੰਦਾ, ਹੰਕਾਰ ਨੂੰ ਤਿਆਗ ਕੇ ਹਰੀ ਦੇ ਪਿਆਰ ਵਿਚ ਰਤੇ ਰਹਿਣ ਨਾਲ ਹੁੰਦਾ ਹੈ।

ਸਿਧਾਂਤ ਇਹ ਹੈ ਕਿ ਪਰਮਾਤਮਾ ਨਾਲ ਸੰਬੰਧ ਜੋੜਿਆਂ ਲੋਕ ਲਾਜ ਦੀ ਮਟਕੀ ਭੰਨ ਕੇ ਨਿਰਲੇਪ ਹੋਣਾ ਪੈਂਦਾ ਹੈ। ਗੁਰੂ ਦੀ ਰਾਹੀਂ ਆਪੇ ਦੀ ਪਛਾਣ ਹੁੰਦੀ ਹੈ, ਫਿਰ ਹਰੀ ਦੇ ਮਹਿਲ ਵਿਚ ਪਹੁੰਚਦਿਆਂ ਦੇਰ ਨਹੀਂ ਲਗਦੀ। ਗੁਰਮਤਿ ਦਾ ਇਹ ਤੱਤ ਵੀਚਾਰ ਹੈ:-

**ਸੁਣਿ ਸਖੀਏ ਪ੍ਰਭ ਮਿਲਣ ਨੀਸਾਨੀ ॥**

ਮਨੁ ਤਨੁ ਅਰਪਿ ਤਜਿ ਲਾਜ ਲੋਕਾਨੀ ॥ [ਪੰਨਾ ੭੩੭

ਤੁਖਾਰੀ ਮਹਲਾ ੧ ॥ ਮੇਰੇ ਲਾਲ ਰੰਗੀਲੇ, ਹਮ ਲਾਲਨ ਕੇ ਲਾਲੇ ॥ ਗੁਰਿ ਅਲਖੁ ਲਖਾਇਆ, ਅਵਰੁ ਨ ਦੂਜਾ ਭਾਲੇ ॥ ਗੁਰਿ ਅਲਖੁ ਲਖਾਇਆ ਜਾ ਤਿਸੁ ਭਾਇਆ, ਜਾ ਪ੍ਰਭਿ ਕਿਰਪਾ ਧਾਰੀ ॥ ਜਗ ਜੀਵਨੁ ਦਾਤਾ ਪੁਰਖੁ ਬਿਧਾਤਾ ਸਹਜਿ ਮਿਲੇ ਬਨਵਾਰੀ ॥ ਨਦਰਿ ਕਰਹਿ ਤੂ ਤਾਰਹਿ ਤਰੀਐ, ਸਚੁ ਦੇਵਹੁ ਦੀਨ ਦਇਆਲਾ ॥ ਪ੍ਰਣਵਤਿ ਨਾਨਕ ਦਾਸਨਿ ਦਾਸਾ, ਤੂ ਸਰਬ ਜੀਆ ਪ੍ਰਤਿਪਾਲਾ ॥੧॥

ਭਰਿਪੁਰਿ ਧਾਰਿ ਰਹੇ, ਅਤਿ ਪਿਆਰੇ ॥ ਸਬਦੇ ਰਵਿ ਰਹਿਆ, ਗੁਰ ਰੂਪਿ ਮੁਰਾਰੇ ॥ ਗੁਰ ਰੂਪ ਮੁਰਾਰੇ ਤ੍ਰਿਭਵਣ ਧਾਰੇ, ਤਾ ਕਾ ਅੰਤੁ ਨ ਪਾਇਆ ॥ ਰੰਗੀ ਜਿਨਸੀ ਜੰਤ ਉਪਾਏ, ਨਿਤ ਦੇਵੈ ਚੜੈ ਸਵਾਇਆ ॥ ਅਪਰੰਪਰੁ ਆਪੇ ਥਾਪਿ ਉਥਾਪੇ, ਤਿਸੁ ਭਾਵੈ ਸੋ ਹੋਵੈ ॥ ਨਾਨਕ, ਹੀਰਾ ਹੀਰੈ ਬੇਧਿਆ, ਗੁਣ ਕੈ ਹਾਰਿ ਪਰੋਵੈ ॥੨॥

## ਉਚਾਰਨ ਸੇਧ

**ਬਿੰਦੀ ਸਹਿਤ:** ਜਾਂ, ਕਰਹਿਂ, ਤਾਰਹਿਂ। **ਬਿੰਦੀ ਰਹਿਤ:** ਤਾ ਕਾ।

**ਪਦ ਅਰਥ :** ਲਾਲ=ਹੇ ਸੋਹਣੇ ਪ੍ਰਭੂ!। ਰੰਗੀਲੇ=ਰੰਗਾਂ, ਮੌਜਾਂ, ਚੋਜਾਂ ਵਾਲੇ। ਲਾਲਨ=ਪਿਆਰੇ ਪ੍ਰਭੂ ਦੇ। ਲਾਲੇ=ਗੋਲੇ, ਗੁਲਾਮ। ਗੁਰਿ=ਗੁਰੂ ਨੇ। ਅਲਖੁ ਲਖਾਇਆ=ਲਖਤਾ ਤੋਂ ਰਹਿਤ (ਪ੍ਰਭੂ ਨੂੰ)। ਜਣਾਇਆ=ਜਾਣ-ਪਛਾਣ ਕਰਾਈ। ਅਵਰੁ=ਹੋਰ। ਭਾਲੇ=ਲੱਭੇ। ਜਾ=ਜਦੋਂ। ਤਿਸੁ ਭਾਇਆ=ਉਸ (ਪ੍ਰਭੂ) ਨੂੰ ਚੰਗਾ ਲੱਗਾ। ਪ੍ਰਭਿ=ਪਰਮਾਤਮਾ ਨੇ। ਧਾਰੀ=ਕੀਤੀ। ਜਗ ਜੀਵਨੁ=ਜਗਤ ਨੂੰ ਜੀਵਨ ਦੇਣ ਵਾਲਾ ਪੁਰਖੁ ਬਿਧਾਤਾ=ਸਰਬ ਵਿਆਪਕ ਪੁਰਖ, ਸਿਰਜਣਹਾਰ ਪ੍ਰਭੂ। ਸਹਜਿ=ਅਡੋਲ ਅਵਸਥਾ ਵਿਚ। ਬਨਵਾਰੀ=ਸੰਸਾਰ ਬਨ ਦੇ ਮਾਲਕ, ਪਰਮਾਤਮਾ। ਨਦਰਿ=ਮਿਹਰ ਦੀ ਕਿਰਪਾ। ਕਰਹਿ=ਤੂੰ ਕਰੇਂ। ਤਾਰਹਿ=ਤਾਰਦਾ ਹੈਂ। ਸਚੁ=ਸਦਾ ਥਿਰ ਨਾਮ। ਦੀਨ ਦਇਆਲਾ=ਹੇ ਦੀਨਾਂ ਤੇ ਦਇਆ ਕਰਨ ਵਾਲੇ!। ਪ੍ਰਣਵਤਿ=ਬੇਨਤੀ ਕਰਦਾ ਹੈ। ਦਾਸਨਿ ਦਾਸਾ=ਦਾਸਾਂ ਦਾ ਦਾਸ। ਸਰਬ ਜੀਆ=ਸਾਰੇ ਜੀਆਂ ਨੂੰ। ਪ੍ਰਤਿਪਾਲਾ=ਪਾਲਨਾ ਕਰਨ ਵਾਲਾ ਹੈ।੧।

ਭਰਿਪੁਰਿ=ਭਰਪੂਰ ਹੈ। ਧਾਰਿ ਰਹੇ=ਆਸਰਾ ਦੇ ਰਹੇ ਹਨ। ਅਤਿ ਪਿਆਰੇ=ਬਹੁਤ ਹੀ ਪਿਆਰੇ। ਸਬਦੇ=ਸ਼ਬਦ ਦੁਆਰਾ। ਰਵਿ ਰਹਿਆ=ਸਭ ਜੀਵਾਂ ਵਿਚ ਵਿਆਪਕ ਹੈ। ਗੁਰ ਰੂਪਿ=ਵੱਡੀ ਹਸਤੀ ਵਾਲਾ ਪ੍ਰਭੂ। ਮੁਰਾਰੇ=ਮੁਰ ਰਾਖਸ਼ ਨੂੰ ਮਾਰਨ ਵਾਲਾ ਪਰਮਾਤਮਾ। ਤ੍ਰਿਭਵਣ ਸਾਰੇ=ਤਿੰਨਾਂ ਭਵਣਾਂ (ਲੋਕਾਂ) ਨੂੰ ਆਸਰਾ ਦੇ ਰਿਹਾ ਹੈ। ਤਾ ਕਾ=ਉਸ (ਪ੍ਰਭੂ) ਦਾ। ਰੰਗੀ=ਕਈ ਰੰਗਾਂ ਦੇ। ਜਿਨਸੀ=ਕਈ ਜਿਨਸਾਂ ਦੇ। ਚੜੈ ਸਵਾਇਆ=ਦਿਨੋ ਦਿਨ ਵਧਦਾ ਰਹਿੰਦਾ ਹੈ। ਅਪਰੰਪਰੁ=ਪਰੇ ਤੋਂ ਪਰੇ ਪ੍ਰਭੂ। ਥਾਪਿ=ਬਣਾ ਕੇ, ਪੈਦਾ ਕਰਕੇ। ਉਥਾਪੇ=ਨਾਸ਼ ਕਰਦਾ ਹੈ। ਹੀਰਾ=(ਮਨ ਰੂਪ) ਹੀਰਾ। ਹੀਰੈ=(ਵਾਹਿਗੁਰੂ) ਹੀਰੇ ਨਾਲ। ਬੇਧਿਆ=ਵਿੰਨ੍ਹਿਆ। ਗੁਣ ਕੈ ਹਾਰਿ=ਗੁਣਾਂ ਦੇ ਹਾਰ ਵਿਚ।੨।

ਅਰਥ: ਮੇਰੇ ਪਿਆਰੇ, ਮੌਜਾਂ ਚੋਜਾਂ ਵਾਲੇ (ਜੋ) ਪ੍ਰਭੂ ਹਨ, ਅਸੀਂ ਉਸ ਪਿਆਰੇ ਦੇ ਗੋਲੇ ਸੇਵਕ ਹਾਂ। ਗੁਰੂ ਨੇ (ਜਿਸ ਮਨੁੱਖ ਨੂੰ) ਅਲੱਖ ਪ੍ਰਭੂ ਜਣਾ ਦਿੱਤਾ ਹੈ, (ਉਹ) ਹੋਰ ਕਿਸੇ ਦੂਜੇ ਦਾ (ਆਸਰਾ) ਨਹੀਂ ਲਭਦਾ। ਗੁਰੂ ਨੇ ਅਲੱਖ ਪ੍ਰਭੂ ਨੂੰ (ਉਦੋਂ) ਜਣਾ ਦਿੱਤਾ ਜਦੋਂ ਉਸ (ਪ੍ਰਭੂ) ਨੂੰ ਚੰਗਾ ਲਗਾ (ਅਤੇ) ਜਦੋਂ ਪ੍ਰਭੂ ਨੇ (ਆਪਣੇ ਸੇਵਕ ਉਤੇ) ਕਿਰਪਾ ਕੀਤੀ। (ਜੋ) ਜਗਤ ਨੂੰ ਜੀਵਨ ਦੇਣ ਵਾਲਾ ਦਾਤਾ ਹੈ (ਉਹ) ਵਿਆਪਕ ਪੁਰਖ (ਸਭ ਦਾ) ਸਿਰਜਨਹਾਰ ਹੈ, ਉਹ (ਸੰਸਾਰ) ਬਨ ਦਾ ਮਾਲਕ ਅਡੋਲ ਅਵਸਥਾ ਵਿਚ ਮਿਲਦਾ ਹੈ। ਹੇ ਪ੍ਰਭੂ! ਜੇ ਤੂੰ ਮਿਹਰ ਦੀ ਨਜ਼ਰ ਕਰੇਂ, (ਸੰਸਾਰ ਸਾਗਰ ਤੋਂ) ਸਾਨੂੰ ਤਾਰ ਦੇਵੇਂ ਤਾਂ ਅਸੀਂ ਤਰ ਸਕਦੇ ਹਾਂ, ਹੇ ਦੀਨਾਂ ਉਤੇ ਦਇਆ ਕਰਨ ਵਾਲੇ! ਸਾਨੂੰ ਸੱਚ (ਰੂਪ ਨਾਮ ਦੀ ਦਾਤਿ) ਬਖਸ਼ੋ (ਜਿਸ ਨਾਲ ਤਰਿਆ ਜਾਂਦਾ ਹੈ)। ਦਾਸਾਂ ਦਾ ਦਾਸ ਨਾਨਕ ਤੇਰੇ ਅਗੇ ਬੇਨਤੀ ਕਰਦਾ ਹੈ (ਕਿਉਂਕਿ) ਤੂੰ ਸਾਰੇ ਜੀਆਂ ਦਾ ਪ੍ਰਤਿਪਾਲਕ ਹੈਂ।੧।

(ਹੇ ਭਾਈ!) ਅਤੀ ਪਿਆਰੇ ਪ੍ਰਭੂ (ਜਗਤ) ਰਚਨਾ ਵਿਚ ਭਰਪੂਰ ਹੋਕੇ (ਇਸ ਰਚਨਾ ਨੂੰ) ਸਹਾਰਾ ਦੇ ਰਹੇ ਹਨ। (ਉਹ) ਮੁਰਾਰੀ ਪ੍ਰਭੂ ਗੁਰੂ ਦੇ ਰੂਪ ਵਿਚ ਆਪਣੇ ਸ਼ਬਦ ਦੁਆਰਾ (ਸਮਝਾ ਦਿੰਦਾ ਹੈ ਕਿ ਉਹ ਸਰਬ) ਵਿਆਪਕ ਹੋ ਰਿਹਾ ਹੈ। ਗੁਰੂ ਦੇ ਰੂਪ ਵਿਚ ਮੁਰਾਰੀ (ਪਰਮੇਸ਼ਰ) ਤੋਂ ਪਤਾ ਲਗਦਾ ਹੈ ਕਿ ਪ੍ਰਭੂ ਤਿੰਨ ਲੋਕਾਂ ਦਾ ਸਹਾਰਾ ਹੈ, ਉਸ ਦਾ ਅੰਤ ਨਹੀਂ ਪਾਇਆ ਜਾ ਸਕਦਾ। ਉਸ ਨੇ ਕਈ ਰੰਗਾਂ ਤੇ ਕਿਸਮਾਂ ਦੇ ਜੀਵ ਪੈਦਾ ਕੀਤੇ ਹਨ (ਅਤੇ ਸਭ ਨੂੰ) ਹਰ ਰੋਜ਼ ਵਧ ਤੋਂ ਵੱਧ ਸਵਾਇਆ ਦਾਨ ਦੇਂਦਾ ਰਹਿੰਦਾ ਹੈ। (ਉਹ) ਪਰੇ ਤੋਂ ਪਰੇ, ਹਰੀ ਆਪ ਹੀ ਸ੍ਰਿਸ਼ਟੀ ਬਣਾ ਕੇ ਢਾਹੁੰਦਾ ਹੈ, ਜੋ ਉਸ ਨੂੰ ਭਾਉਂਦਾ ਹੈ, ਓਹੀ ਵਾਪਰਦਾ ਹੈ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਜਿਹੜਾ ਜੀਵ ਉਸ ਪਰਮਾਤਮਾ ਦੇ) ਗੁਣਾ ਦੇ ਹਾਰ ਵਿਚ (ਆਪਣੇ ਆਪ ਨੂੰ) ਪ੍ਰੋ ਲੈਂਦਾ ਹੈ, (ਉਹ) ਹੀਰਾ ਹੋ ਕੇ ਹੀਰੇ ਪ੍ਰਭੂ ਵਿਚ ਇਕਮਿਕ ਹੋ ਜਾਂਦਾ ਹੈ।੨।

**ਗੁਣ ਗੁਣਹਿ ਸਮਾਣੇ, ਮਸਤਕਿ ਨਾਮ ਨੀਸਾਣੋ ॥ ਸਚੁ ਸਾਚਿ ਸਮਾਇਆ, ਚੂਕਾ ਆਵਣ ਜਾਣੋ ॥ ਸਚੁ ਸਾਚਿ ਪਛਾਤਾ ਸਾਚੈ ਰਾਤਾ, ਸਾਚੁ ਮਿਲੈ ਮਨਿ ਭਾਵੈ ॥ ਸਾਚੇ ਊਪਰਿ ਅਵਰੁ ਨ ਦੀਸੈ, ਸਾਚੇ ਸਾਚਿ ਸਮਾਵੈ ॥ ਮੋਹਨਿ ਮੋਹਿ ਲੀਆ ਮਨੁ ਮੇਰਾ, ਬੰਧਨ ਖੋਲਿ ਨਿਰਾਰੇ ॥ ਨਾਨਕ, ਜੋਤੀ ਜੋਤਿ ਸਮਾਣੀ, ਜਾ ਮਿਲਿਆ ਅਤਿ ਪਿਆਰੇ ॥੩॥**

**ਸਚੁ ਘਰੁ ਖੋਜਿ ਲਹੇ, ਸਾਚਾ ਗੁਰ ਥਾਨੋ ॥ ਮਨਮੁਖਿ ਨਹ ਪਾਈਐ, ਗੁਰਮੁਖਿ ਗਿਆਨੋ ॥ ਦੇਵੈ ਸਚੁ ਦਾਨੋ ਸੋ ਪਰਵਾਨੋ, ਸਦ ਦਾਤਾ ਵਡ ਦਾਣਾ ॥ ਅਮਰੁ ਅਜੋਨੀ ਅਸਥਿਰੁ ਜਾਪੈ, ਸਾਚਾ ਮਹਲੁ ਚਿਰਾਣਾ ॥ ਦੋਤਿ ਉਚਾਪਤਿ ਲੇਖੁ ਨ ਲਿਖੀਐ, ਪ੍ਰਗਟੀ ਜੋਤਿ ਮੁਰਾਰੀ ॥ ਨਾਨਕ, ਸਾਚਾ ਸਾਚੈ ਰਾਚਾ, ਗੁਰਮੁਖਿ ਤਰੀਐ ਤਾਰੀ ॥੪॥੫॥**

## ਉਚਾਰਨ ਸੇਧ

**ਬਿੰਦੀ ਸਹਿਤ:** ਗੁਣਹਿੰ, ਜਾਂ, ਨਹਂ।

**ਪਦ ਅਰਥ:** ਗੁਣਹਿ=(ਪ੍ਰਭੂ ਦੇ) ਗੁਣਾਂ ਵਿਚ। ਸਮਾਣੇ=ਲੀਨ ਹੋ ਗਏ। ਇਕਮਿਕ ਹੋ ਗਏ। ਮਸਤਕਿ=(ਜਿਨ੍ਹਾਂ ਦੇ) ਮੱਥੇ ਉਤੇ। ਨਾਮ ਨੀਸਾਣੋ=(ਪ੍ਰਭੂ ਦੇ) ਨਾਮ ਦਾ ਨਿਸ਼ਾਨ (ਚਿੰਨ੍ਹ)। ਸਚੁ=ਸਦਾ ਥਿਰ ਰਹਿਣ ਵਾਲਾ। ਸਾਚਿ=ਸਚ (ਪਰਮਾਤਮਾ) ਵਿਚ। ਚੂਕਾ=ਮੁੱਕ ਗਿਆ। ਆਵਣ ਜਾਣੋ=ਜਨਮ ਮਰਨ ਦਾ ਗੇੜ। ਸਚੁ ਪਛਾਤਾ=ਸਚ ਨੂੰ ਪਛਾਣਿਆ, ਸਚੇ ਪ੍ਰਭੂ ਨਾਲ ਵਾਕਫੀਅਤ ਹੋ ਗਈ। ਮਨਿ ਭਾਵੈ=(ਉਸ ਦੇ) ਮਨ ਵਿਚ ਪਿਆਰਾ ਲਗਦਾ ਹੈ। ਸਚੇ ਊਪਰਿ=ਸਦਾ ਥਿਰ ਪ੍ਰਭੂ ਤੋਂ ਉਪਰ (ਵੱਡਾ)। ਸਾਚੇ ਸਾਚਿ=ਨਿਰੋਲ ਸਚੇ ਪ੍ਰਭੂ ਵਿਚ। ਮੋਹਨਿ=ਮੋਹਣ ਵਾਲੇ ਪ੍ਰਭੂ ਨੇ। ਖੋਲਿ=ਖੋਲ੍ਹ ਕੇ। ਨਿਰਾਰੇ=ਨਿਰਲੇਪ। ਜੋਤੀ ਜੋਤਿ=ਜੀਵ ਜੋਤੀ (ਪ੍ਰਭੂ ਦੀ) ਜੋਤਿ ਵਿਚ। ਜਾ=ਜਦੋਂ।੩।

ਸਚੁ ਘਰੁ=ਸਦਾ ਥਿਰ ਰਹਿਣ ਵਾਲਾ ਘਰ। ਖੋਜਿ=ਖੋਜ, ਲਭ ਕੇ। ਗੁਰ ਥਾਨੋ=ਗੁਰੂ ਦਾ ਅਸਥਾਨ, ਟਿਕਾਣਾ। ਮਨਮੁਖਿ=ਮਨ ਦੇ ਮਗਰ ਚਲਣ ਵਾਲਾ ਮਨੁੱਖ। ਗੁਰਮੁਖਿ=ਗੁਰੂ ਅਨੁਸਾਰੀ ਜੀਵ। ਦੇਵੈ=(ਗੁਰੂ) ਦਿੰਦਾ ਹੈ। ਸਚੁ ਦਾਨੋ=ਸਚ (ਨਾਮ ਰੂਪੀ) ਦਾਨ। ਸੋ=ਉਹ (ਮਨੁੱਖ)। ਦਾਨਾ=ਸਿਆਣਾ। ਅਮਰ=ਮੌਤ ਤੋਂ ਰਹਿਤ। ਜਾਪੈ=ਜਪਦਾ ਹੈ। ਅਸਥਿਰੁ=ਸਦਾ ਕਾਇਮ ਰਹਿਣ ਵਾਲਾ। ਚਿਰਾਣਾ=ਚਰੋਕਣਾ, ਕਦੀਮੀ। ਮਹਲੁ= ਟਿਕਾਣਾ। ਜੋਤਿ=ਪ੍ਰਕਾਸ਼। ਉਚਾਪਤਿ ਲੇਖੁ=ਕਰਮਾਂ ਦੇ ਕਰਜ਼ੇ ਦਾ ਲੇਖਾ। ਤਰੀਐ=ਤਰ ਸਕੀਦਾ ਹੈ।੪।

**ਅਰਥ:** (ਹੇ ਭਾਈ!) ਜਿਨ੍ਹਾਂ ਦੇ ਮੱਥੇ ਤੇ ਨਾਮ ਦਾ ਨਿਸ਼ਾਨ ਪਿਆ ਹੈ (ਭਾਵ ਜਿਨ੍ਹਾਂ ਦੇ ਭਾਗਾਂ ਵਿਚ ਪਰਮੇਸ਼ਰ ਦਾ ਨਾਮ ਜਪਣਾ ਲਿਖਿਆ ਹੋਇਆ ਹੈ, ਉਹ) ਗੁਣਾਂ ਵਾਲੇ ਹੋ ਕੇ ਗੁਣੀ ਪ੍ਰਭੂ ਵਿਚ ਮਿਲ ਜਾਂਦੇ ਹਨ। ਜੋ (ਨਾਮ ਜਪਦਾ ਹੈ, ਉਹ) ਸੱਚਾ ਹੋ ਜਾਂਦਾ ਹੈ ਉਹ ਸੱਚ ਰੂਪ ਪ੍ਰਭੂ ਵਿਚ ਲੀਨ ਹੋ ਜਾਂਦਾ ਹੈ ਉਸ ਦਾ ਆਵਾਗਵਣ ਮੁੱਕ ਜਾਂਦਾ ਹੈ। ਜੋ (ਜਗਿਆਸੂ) ਸੱਚੇ ਹਰੀ ਵਿਚ ਰੱਤਾ ਹੈ ਉਸ ਨੇ ਸਚੇ (ਗੁਰੂ) ਤੋਂ ਸਚ ਨੂੰ ਪਛਾਣਿਆ ਹੈ। (ਇਸ ਤਰ੍ਹਾਂ ਉਹ) ਸਚ ਨੂੰ ਮਿਲ ਜਾਂਦਾ ਹੈ। ਸੱਚ ਹੀ ਉਸ ਦੇ ਮਨ ਵਿਚ ਚੰਗਾ ਲਗਦਾ ਹੈ। ਉਸ ਨੂੰ ਸੱਚੇ ਪ੍ਰਭੂ ਤੋਂ ਉਪਰ (ਵੱਡਾ) ਹੋਰ ਕੋਈ ਨਹੀਂ ਦਿਸਦਾ ਉਹ ਨਿਰੋਲ ਸੱਚੇ ਪ੍ਰਭੂ ਵਿਚ ਸਮਾਇਆ ਰਹਿੰਦਾ ਹੈ।

(ਹੇ ਭਾਈ!) ਮੋਹਨ-ਪ੍ਰਭੂ ਨੇ ਮੇਰਾ ਮਨ ਮੋਹ ਲਿਆ ਹੈ, ਉਸ ਨੇ (ਮੇਰੇ ਸਾਰੇ) ਬੰਧਨ ਖੋਲ੍ਹ ਕੇ ਮੈਨੂੰ ਆਜ਼ਾਦ ਕਰ ਦਿਤਾ ਹੈ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਜਦੋਂ ਮੈਂ ਅਤੀ ਪਿਆਰੇ ਪ੍ਰਭੂ ਨੂੰ ਮਿਲਿਆ (ਓਦੋਂ ਮੇਰੀ) ਜੋਤਿ ਪ੍ਰਭੂ ਜੋਤ ਵਿਚ ਸਮਾਅ ਗਈ ੩।

(ਹੇ ਭਾਈ! ਗੁਰੂ ਦਾ) ਸੱਚਾ ਘਰ (ਸਤਿਸੰਗਤ ਹੈ) ਜਿਹੜਾ ਇਸ ਸਚੇ ਘਰ ਨੂੰ ਖੋਜ ਕੇ ਲਭ ਲੈਂਦਾ ਹੈ, (ਉਹ ਸਭ ਕੁਝ ਪ੍ਰਾਪਤ ਕਰ ਲੈਂਦਾ ਹੈ)। ਆਪਹੁਦਰਾ ਮਨੁੱਖ ਇਹ ਟਿਕਾਣਾ (ਭਾਵ ਸੱਚਾ ਘਰ, ਸਤਿਸੰਗਤ) ਨਹੀਂ ਪਾ ਸਕਦਾ, ਕਿਉਂਕਿ ਉਸ ਨੂੰ ਪਛਾਣ ਨਹੀਂ ਹੁੰਦੀ, ਇਸ ਗਿਆਨ ਨੂੰ ਗੁਰਮੁਖਿ (ਜੀਉੜਾ ਹੀ ਮਾਣਦਾ ਹੈ)।

ਜਿਸ (ਮਨੁੱਖ ਨੂੰ ਗੁਰੂ) ਸਚ ਨਾਮ ਦਾਨ ਦੇਂਦਾ ਹੈ, ਉਹ ਪਰਵਾਨ ਹੁੰਦਾ ਹੈ। (ਉਹ ਗੁਰੂ) ਸਦਾ ਮਹਾਨ ਦਾਨ ਦੇਣ ਵਾਲਾ ਦਾਤਾ ਹੈ। (ਉਹ ਮਨੁੱਖ ਉਸ) ਅਮਰ ਅਜੋਨੀ, ਅਸਥਿਰ ਪ੍ਰਭੂ ਨੂੰ ਜਪਦਾ ਹੈ, ਜਿਸ ਦਾ ਮਹਲ ਸਦਾ ਥਿਰ ਰਹਿਣ ਵਾਲਾ ਹੈ (ਉਹ ਆਦਿ ਤੋਂ ਹੀ ਸਚੁ ਹੈ)। (ਹੇ ਭਾਈ!) ਜਿਸ ਦੇ ਹਿਰਦੇ ਵਿਚ) ਪ੍ਰਭੂ ਜੋਤਿ ਦਾ ਪ੍ਰਗਟਾ ਹੋ ਜਾਂਦਾ ਹੈ ਉਸ ਦੇ ਰੋਜ਼ਾਨਾ ਕਰਮਾਂ ਦਾ ਲੇਖਾ ਨਹੀਂ ਲਿਖਿਆ ਜਾਂਦਾ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਉਹ ਜੀਵ) ਸਚੇ ਵਿਚ ਰਚ ਕੇ ਸੱਚ ਹੋ ਜਾਂਦਾ ਹੈ (ਭਾਵ ਸੱਚੇ ਪ੍ਰਭੂ ਵਿਚ ਲੀਨ ਰਹਿੰਦਾ ਹੈ, ਹਾਂ, ਸੰਸਾਰ ਤੋਂ ਤਰਨ ਵਾਲੀ) ਇਹ ਤਾਰੀ ਗੁਰੂ ਦੁਆਰਾ ਹੀ ਤਰੀ ਜਾਂਦੀ ਹੈ।੪।੫।

## ਸਾਰੰਸ਼ ਅਤੇ ਸਿਧਾਂਤ

ਲਾਲ ਰੰਗੀਲੇ ਪ੍ਰੀਤਮ ਮਨਮੋਹਨ ਦਾ ਸੇਵਕ ਬਣ ਕੇ ਹੀ ਸੇਵਕੀ-ਭਾਵਨਾ ਦਾ ਹਿਰਦੇ ਵਿਚ ਪਰਵੇਸ਼ ਹੁੰਦਾ ਹੈ। ਉਹ ਪਿਆਰਾ ਪ੍ਰੀਤਮ ਚੋਜੀ ਹੈ, ਜਗਤ ਨੂੰ ਜੀਵਨ ਦੇਣ ਵਾਲਾ ਹੈ। ਅਜਿਹੇ ਪਰਮੇਸ਼ਰ ਦੀ ਲਖਤਾ ਉਸ ਜਗਿਆਸੂ ਨੂੰ ਹੁੰਦੀ ਹੈ ਜਿਸ ਉਤੇ ਗੁਰੂ ਆਪਣੀ ਕਿਰਪਾ ਕਰਦਾ ਹੈ। ਫਿਰ ਉਹ ਦੀਨ ਹੋ ਕੇ ਬੇਨਤੀ ਕਰਦਾ ਹੈ:-

**ਨਦਰਿ ਕਰਹਿ ਤੂ ਤਾਰਹਿ ਤਰੀਐ, ਸਚੁ ਦੇਵਹੁ ਦੀਨ ਦਇਆਲਾ॥**

ਉਹ ਪਿਆਰਾ ਪਰਮੇਸ਼ਰ ਗੁਰੂ ਵਿਚ ਟਿਕਿਆ ਹੋਇਆ ਹੈ ਅਤੇ ਗੁਰੂ ਹਰੀ ਦਾ ਰੂਪ ਹੈ। ਉਹ ਪਰਮੇਸ਼ਰ ਜੋ ਰੰਗਾਂ ਰੰਗਾਂ ਦੇ ਜੀਵ ਪੈਦਾ ਕਰਦਾ ਹੈ, ਹਰੇਕ ਜੀਵ ਨੂੰ ਹਰ ਰੋਜ਼ ਵੱਧ ਤੋਂ ਵੱਧ ਅਖੁੱਟ ਦਾਨ ਦੇਂਦਾ ਹੈ, ਉਸ ਪੂਰਨ ਪ੍ਰਭੂ ਨੂੰ ਮਨ ਵਿਚ ਵਸਾਉਣਾ ਚਾਹੀਦਾ ਹੈ:-

**ਜਾ ਕਾ ਦਾਨੁ ਨਿਖੁਟੈ ਨਾਹੀ॥ ਭਲੀ ਭਾਤਿ ਸਭ ਸਹਜਿ ਸਮਾਹੀ॥**
**ਜਾ ਕੀ ਬਖਸ ਨ ਮੇਟੈ ਕੋਈ ॥ ਮਨਿ ਵਾਸਾਈਐ ਸਾਚਾ ਸੋਈ ॥** [ਪੰਨਾ ੩੯੫

ਗੁਰੂ ਦਾ ਅਸਥਾਨ ਸਦਾ ਥਿਰ ਰਹਿਣ ਵਾਲਾ ਹੈ ਅਤੇ ਗੁਰਮੁਖ ਹੀ ਇਸ ਅਸਥਾਨ ਨੂੰ ਲਭ ਸਕਦਾ ਹੈ। ਮਨਮੁਖ ਜੀਵ ਗੁਰੂ ਦਾ ਗਿਆਨ ਪ੍ਰਾਪਤ ਨਹੀਂ ਕਰ ਸਕਦਾ। ਅੰਤ ਵਿਚ ਸਿੱਟਾ ਇਹ ਕਢਿਆ ਹੈ ਕਿ ਗੁਰਮੁਖ ਜੀਉੜਾ ਜੂਨਾਂ ਵਿਚ ਨਹੀਂ ਆਉਂਦਾ, ਉਸਦੇ ਕਰਮਾਂ ਦਾ ਹਿਸਾਬ ਨਹੀਂ ਲਿਖਿਆ ਜਾਂਦਾ ਹੈ ਕਿਉਂਕਿ ਉਸਦੇ ਹਿਰਦੇ ਵਿਚ ਪਰਮੇਸ਼ਰ ਦੀ ਜੋਤਿ ਪ੍ਰਗਟ ਹੋ ਜਾਂਦੀ ਹੈ ਅਤੇ ਉਹ ਨਿਰੋਲ ਸਚ ਵਿਚ ਇਕਮਿਕ ਹੋਇਆ ਰਹਿੰਦਾ ਹੈ।

**ਤੁਖਾਰੀ ਮਹਲਾ ੧ ॥ ਏ ਮਨ ਮੇਰਿਆ, ਤੂ ਸਮਝੁ ਅਚੇਤ ਇਆਣਿਆ ਰਾਮ ॥ ਏ ਮਨ ਮੇਰਿਆ, ਛਡਿ ਅਵਗਣ ਗੁਣੀ ਸਮਾਣਿਆ ਰਾਮ ॥ ਬਹੁ ਸਾਦ ਲੁਭਾਣੇ ਕਿਰਤ ਕਮਾਣੇ, ਵਿਛੁੜਿਆ ਨਹੀ ਮੇਲਾ ॥ ਕਿਉ ਦੁਤਰੁ ਤਰੀਐ ਜਮ ਡਰਿ ਮਰੀਐ, ਜਮ ਕਾ ਪੰਥੁ ਦੁਹੇਲਾ ॥ ਮਨਿ ਰਾਮੁ ਨਹੀ ਜਾਤਾ ਸਾਝ ਪ੍ਰਭਾਤਾ, ਅਵਘਟਿ ਰੁਧਾ ਕਿਆ ਕਰੇ॥ ਬੰਧਨਿ ਬਾਧਿਆ ਇਨ ਬਿਧਿ ਛੂਟੈ, ਗੁਰਮੁਖਿ ਸੇਵੈ ਨਰਹਰੇ ॥੧॥**

**ਏ ਮਨ ਮੇਰਿਆ, ਤੂ ਛੋਡਿ ਆਲ ਜੰਜਾਲਾ ਰਾਮ ॥ ਏ ਮਨ ਮੇਰਿਆ, ਹਰਿ ਸੇਵਹੁ ਪੁਰਖੁ ਨਿਰਾਲਾ ਰਾਮ ॥ ਹਰਿ ਸਿਮਰਿ ਏਕੰਕਾਰੁ ਸਾਚਾ, ਸਭੁ ਜਗਤੁ ਜਿੰਨਿ ਉਪਾਇਆ ॥ ਪਉਣੁ ਪਾਣੀ ਅਗਨਿ ਬਾਧੇ, ਗੁਰਿ ਖੇਲੁ ਜਗਤਿ ਦਿਖਾਇਆ ॥ ਆਚਾਰਿ ਤੂ ਵੀਚਾਰਿ ਆਪੇ, ਹਰਿਨਾਮੁ ਸੰਜਮ ਜਪ ਤਪੋ ॥ ਸਖਾ ਸੈਨੁ ਪਿਆਰ ਪ੍ਰੀਤਮੁ, ਨਾਮੁ ਹਰਿ ਕਾ ਜਪੁ ਜਪੋ ॥੨॥**

## ਉਚਾਰਨ ਸੇਧ

**ਬਿੰਦੀ ਸਹਿਤ:** ਇਆਣਿਆਂ, ਸਮਾਣਿਆਂ, ਵਿਛੁੜਿਆਂ, ਨਹੀਂ, ਕਿਉਂ, ਸਾਂਝ, ਬਾਂਧਿਆ।

**ਪਦ ਅਰਥ:** ਅਚੇਤ=ਬੇਖ਼ਬਰ, ਲਾ-ਪਰਵਾਹ। ਸਮਾਣਿਆ=ਗੁਣਾਂ ਵਿਚ ਲੀਨ ਹੋਇਆ। ਛਡਿ=ਛੱਡ ਦੇ। ਅਵਗਣ=ਮੰਦੇ ਕੰਮ। ਕਿਰਤ ਕਮਾਣੇ=ਕੀਤੇ ਕੰਮ ਦਾ ਫਲ। ਵਿਛੁੜਿਆ=(ਨਾਮ ਨਾਲੋਂ) ਵਿਛੁੜਿਆਂ ਹੋਇਆਂ ਦਾ ਨਹੀ ਮੇਲਾ=ਮਿਲਾਪ ਨਹੀਂ ਹੁੰਦਾ। ਕਿਉ=ਕਿਸ ਤਰ੍ਹਾਂ?। ਦੁਤਰ=ਔਖਾ ਤਰਿਆ ਜਾਣ ਵਾਲਾ। ਡਰਿ=ਡਰ ਨਾਲ। ਤਰੀਐ=ਪਾਰ ਹੋਈਏ। ਪੰਥੁ=ਰਸਤਾ। ਦੁਹੇਲਾ=ਦੁਖਦਾਈ। ਮਨਿ=ਮਨ ਵਿਚ। ਰਾਮੁ=ਪਰਮੇਸੁਰ। ਨਹੀ ਜਾਤਾ=ਨਹੀ ਜਾਣਿਆ, ਸਾਂਝ ਨਹੀਂ ਪਾਈ। ਸਾਝ=ਸ਼ਾਮ ਵੇਲੇ। ਅਵਘਟਿ=ਔਖੇ ਰਸਤੇ ਵਿਚ। ਰੁਧਾ=ਰੁੜਿਆ ਹੋਇਆ, ਫਸਿਆ ਹੋਇਆ। ਕਿਆ ਕਰੇ=ਕੀ ਕਰੇ? ਭਾਵ ਬੇਬਸ ਹੋ ਜਾਂਦਾ ਹੈ। ਬੰਧਨਿ=ਬੰਧਨਾਂ ਨਾਲ। ਬਾਧਿਆ=ਬੱਧਾ ਹੋਇਆ। ਇਨ ਬਿਧਿ=ਇਸ ਤਰੀਕੇ ਨਾਲ। ਸੇਵੈ ਨਰਹਰੇ=ਪਰਮਾਤਮਾ ਨੂੰ ਸਿਮਰੇ।੧।

ਆਲ ਜੰਜਾਲ=ਘਰ ਦੇ ਜੰਜਾਲ। ਸੇਵਹੁ=ਸਿਮਰੋ। ਪੁਰਖੁ=ਸਰਬ ਵਿਆਪਕ ਪੁਰਖ। ਨਿਰਾਲਾ=ਨਿਰਲੇਪ। ਏਕੰਕਾਰੁ=ਇਕ ਰਸ ਸਰਬ ਵਿਆਪਕ ਵਾਹਿਗੁਰੂ। ਜਿਨਿ=ਜਿਸ (ਵਾਹਿਗੁਰੂ) ਨੇ। ਉਪਾਇਆ=ਪੈਦਾ ਕੀਤਾ। ਪਉਣੁ=ਹਵਾ। ਅਗਨਿ=ਅੱਗ। ਬਾਧੇ=(ਮਰਯਾਦਾ ਵਿਚ) ਬੰਨ੍ਹ ਕੇ ਰਖੇ ਹਨ। ਗੁਰਿ=ਗੁਰੂ ਨੇ। ਖੇਲੁ=ਤਮਾਸ਼ਾ। ਜਗਤਿ=ਜਗਤ ਵਿਚ। ਆਚਾਰਿ=ਧਾਰਮਿਕ ਮਰਯਾਦਾ ਵਿਚ ਚਲਣ ਵਾਲਾ। ਸੰਜਮੁ=ਤਰੀਕਾ। ਤਪੋ=ਤਪ। ਸਖਾ=ਮਿੱਤਰ। ਸੈਨੁ=ਸੱਜਣ। ਜਪੁ ਜਪੋ=ਜਪ ਜਪਦਾ ਰਹੁ।੨।

**ਅਰਥ:** ਹੇ ਮੇਰੇ ਬੇਖ਼ਬਰ ਤੇ ਇਆਣੇ ਮਨ! ਤੂੰ ਸਮਝ ਜਾ, ਹੇ ਮੇਰੇ ਮਨ! ਅਵਗੁਣ (ਮੰਦੇ ਕਰਮ) ਛੱਡ ਦੇ ਅਤੇ ਗੁਣਾਂ ਵਿਚ ਲੀਨ ਹੋ ਜਾ। ਜੋ ਜੀਵ ਬਹੁਤੇ ਸੁਆਦਾਂ ਵਿਚ ਲੁਭਾਇਮਾਨ ਹਨ, ਓਹ ਪਿਛਲੇ ਸੰਸਕਾਰਾਂ ਦੀ ਕਿਰਤ ਕਮਾਈ ਅਨੁਸਾਰ ਚਲ ਰਹੇ ਹਨ (ਪਰ ਉਨ੍ਹਾਂ ਪ੍ਰਭੂ ਤੋਂ) ਵਿਛੁੜਿਆਂ ਹੋਇਆਂ ਨੂੰ (ਪ੍ਰਭੂ ਦਾ)ਮਿਲਾਪ ਪ੍ਰਾਪਤ ਨਹੀਂ ਹੁੰਦਾ। (ਹੇ ਮਨ!) ਸੰਸਾਰ ਸਾਗਰ ਜੋ ਤਰਨਾ ਔਖਾ ਹੈ, ਇਸ ਤੋਂ ਕਿਵੇਂ ਪਾਰ ਹੋਈਏ? ਜਮਾਂ ਦੇ ਡਰ ਨਾਲ ਮਰ ਕੇ ਰਹੀਦਾ ਹੈ (ਕਿਉਂਕਿ) ਜਮਾਂ ਦਾ ਰਸਤਾ ਦੁਖਦਾਈ ਹੈ। ਜਿਸਨੇ ਆਪਣੇ ਮਨ ਵਿਚ ਸ਼ਾਮ ਸਵੇਰੇ ਅਰਥਾਤ ਕਿਸੇ ਸਮੇਂ ਵੀ ਪਰਮੇਸੁਰ ਨੂੰ ਨਹੀਂ ਸਿਮਰਿਆ, ਉਹ (ਮਾਇਆ ਮੋਹ ਦੇ) ਔਖੇ ਰਸਤੇ ਪਿਆ ਹੋਇਆ ਹੈ, (ਅਜਿਹਾ ਜੀਵ ਛੁਟਣ ਲਈ) ਕੀ ਕਰੇ?।

(ਹੇ ਭਾਈ!) ਬੰਧਨਾ ਵਿਚ ਬਧਾ ਹੋਇਆ (ਮਨੁੱਖ) ਇਸ ਤਰੀਕੇ ਨਾਲ ਛੁੱਟ ਸਕਦਾ ਹੈ ਕਿ ਉਹ

ਗੁਰੂ ਦੁਆਰਾ ਪਰਮੇਸ਼ੁਰ ਦੀ ਸੇਵਾ ਕਰੋ।੧।

ਹੇ ਮੇਰੇ ਮਨ! ਤੂੰ ਘਰ ਦੇ ਜੰਜਾਲ ਛੱਡ ਦੇ। ਹੇ ਮੇਰੇ ਮਨ! ਉਸ ਪ੍ਰਭੂ ਨੂੰ ਸਿਮਰ ਜੋ ਸਰਬ ਵਿਆਪਕ ਅਤੇ ਨਿਰਲੇਪ ਹੈ। (ਹੇ ਮਨ!) ਉਸ ਸੱਚੇ ਏਕੰਕਾਰ ਨੂੰ ਸਿਮਰ ਜਿਸ ਨੇ ਸਾਰਾ ਸੰਸਾਰ ਪੈਦਾ ਕੀਤਾ ਹੈ। ਜਿਸ ਨੇ ਹਵਾ, ਪਾਣੀ ਅਤੇ ਅਗਨੀ ਨੂੰ (ਆਪਣੀ ਮਰਜਾਦਾ ਵਿਚ) ਬੰਨ੍ਹ ਕੇ ਰੱਖਿਆ ਹੋਇਆ ਹੈ। ਗੁਰੂ ਨੇ ਸੰਸਾਰ ਵਿਚ ਵਰਤ ਰਹੇ ਪ੍ਰਭੂ ਦਾ ਇਹ ਅਸਚਰਜ ਕੌਤਕ ਵਿਖਾ ਦਿੱਤਾ ਹੈ। ਹੇ ਮੇਰੇ ਮਨ! ਜੇ ਹਰੀ ਨਾਮ ਨੂੰ ਤੂ ਜਪ, ਤਪ ਤੇ ਸੰਜਮ (ਜੀਵਨ ਜੁਗਤੀ) ਬਣਾਵੇ ਤਾਂ ਤੂੰ ਅਸਲ ਆਚਾਰ ਤੇ ਵੀਚਾਰ ਵਾਲਾ ਹੈਂ। ਨਾਮ ਹੀ ਤੇਰਾ ਸਾਥ ਹੈ, ਸੰਬੰਧੀ ਹੈ, ਪਿਆਰਾ ਪ੍ਰੀਤਮ ਹੈ, (ਇਸ ਲਈ) ਤੂੰ ਹਰਿ ਨਾਮ ਰੂਪੀ ਜਾਪੁ ਜਪਦਾ ਰਹੁ।੨।

**ਏ ਮਨ ਮੇਰਿਆ, ਤੂ ਥਿਰੁ ਰਹੁ, ਚੋਟ ਨ ਖਾਵਹੀ ਰਾਮ ॥ ਏ ਮਨ ਮੇਰਿਆ, ਗੁਣ ਗਾਵਹਿ ਸਹਜਿ ਸਮਾਵਹੀ ਰਾਮ ॥ ਗੁਣ ਗਾਇ ਰਾਮ ਰਸਾਇ ਰਸੀਅਹਿ, ਗੁਰ ਗਿਆਨ ਅੰਜਨੁ ਸਾਰਹੇ ॥ ਤ੍ਰੈ ਲੋਕ ਦੀਪਕੁ ਸਬਦਿ ਚਾਨਣੁ, ਪੰਚ ਦੂਤ ਸੰਘਾਰਹੇ ॥ ਭੈ ਕਾਟਿ ਨਿਰਭਉ ਤਰਹਿ ਦੁਤਰੁ, ਗੁਰਿ ਮਿਲਿਐ ਕਾਰਜ ਸਾਰਏ ॥ ਰੂਪੁ ਰੰਗੁ ਪਿਆਰੁ ਹਰਿ ਸਿਉ, ਹਰਿ ਆਪਿ ਕਿਰਪਾ ਧਾਰਏ ॥੩॥**

**ਏ ਮਨ ਮੇਰਿਆ, ਤੂ ਕਿਆ ਲੈ ਆਇਆ ਕਿਆ ਲੈ ਜਾਇਸੀ ਰਾਮ ॥ ਏ ਮਨ ਮੇਰਿਆ, ਤਾ ਛੁਟਸੀ ਜਾ ਭਰਮੁ ਚੁਕਾਇਸੀ ਰਾਮ ॥ ਧਨੁ ਸੰਚਿ ਹਰਿ ਹਰਿ ਨਾਮ ਵਖਰੁ, ਗੁਰ ਸਬਦਿ ਭਾਉ ਪਛਾਣਹੇ ॥ ਮੈਲੁ ਪਰਹਰਿ ਸਬਦਿ ਨਿਰਮਲੁ, ਮਹਲੁ ਘਰੁ ਸਚੁ ਜਾਣਹੇ ॥ ਪਤਿ ਨਾਮੁ ਪਾਵਹਿ ਘਰਿ ਸਿਧਾਵਹਿ, ਝੋਲਿ ਅੰਮ੍ਰਿਤ ਪੀ ਰਸੋ ॥ ਹਰਿਨਾਮੁ ਧਿਆਈਐ ਸਬਦਿ ਰਸੁ ਪਾਈਐ, ਵਡ ਭਾਗਿ ਜਪੀਐ ਹਰਿ ਜਸੋ ॥੪॥**

## ਉਚਾਰਨ ਸੇਧ

**ਬਿੰਦੀ ਸਹਿਤ:-** ਖਾਵਹੀਂ, ਗਾਵਹੀਂ, ਸਮਾਵਹੀਂ, ਰਸੀਅਹਿਂ, ਸਾਰਹੇਂ, ਸੰਘਾਰਹੇਂ, ਤਰਹਿਂ, ਸਿਉਂ, ਤਾਂ, ਜਾਂ, ਪਾਵਹਿਂ, ਪਛਾਣਹ,, ਜਾਣਹੇਂ, ਸਿਧਾਵਹਿਂ।

**ਪਦ ਅਰਥ:-** ਥਿਰੁ=ਪੱਕਾ, ਅਡੋਲ। ਚੋਟ=ਸੱਟ। ਨ ਖਾਵਹੀ=ਨਹੀਂ ਖਾਹਿੰਗਾ। ਗੁਣ ਗਾਵਹਿ=(ਜੇ ਤੂੰ ਪ੍ਰਭੂ ਦੇ) ਗੁਣ ਗਾਂਦਾ ਰਹੇਂ। ਸਹਜਿ=ਆਤਮਿਕ ਅਡੋਲਤਾ ਵਾਲੀ ਅਵਸਥਾ ਵਿਚ। ਸਮਾਵਹੀ=ਤੂੰ ਸਮਾ ਜਾਇੰਗਾ। ਗਾਇ=ਗਾ ਕੇ। ਰਸਾਇ=ਰਸ ਕੇ, ਸੁਆਦ ਨਾਲ। ਰਸੀਅਹਿ=ਤੂੰ ਰੱਸ ਜਾਇੰਗਾ। ਅੰਜਨੁ=ਸੁਰਮਾ। ਸਾਰਹੇ=ਜੇ ਪਾ ਲਏਂ। ਦੀਪਕੁ=ਦੀਵਾ। ਤ੍ਰੈ ਲੋਕ=ਤਿੰਨ ਲੋਕ (ਧਰਤੀ, ਅਕਾਸ਼, ਪਤਾਲ)। ਤ੍ਰੈ ਲੋਕ ਦੀਪਕੁ=ਤਿੰਨਾ ਲੋਕਾਂ ਦਾ ਦੀਵਾ, ਭਾਵ ਸਾਰੇ ਜਗਤ ਨੂੰ ਚਾਨਣ ਦੇਣ ਵਾਲਾ ਸ਼ਬਦ। ਸਬਦਿ=ਗੁਰੂ ਦੇ ਸ਼ਬਦ ਦੀ ਰਾਹੀਂ। ਦੂਤ=ਵੈਰੀ। ਪੰਚ ਦੂਤ=ਕਾਮ, ਕ੍ਰੋਧ ਆਦਿ ਪੰਜ ਵੈਰੀ। ਸੰਘਾਰਹਿ=ਤੂੰ ਮਾਰ ਲਏਂਗਾ। ਭੈ=ਡਰ। ਕਾਟਿ=ਕੱਟ ਕੇ। ਤਰਹਿ=ਤੂੰ (ਸੰਸਾਰ ਸਾਗਰ ਤੋਂ) ਤਰ

ਜਾਏਂਗਾ। ਦੁਤਰ=(ਉਹ ਸੰਸਾਰ ਸਮੁੰਦਰ ਜਿਸ ਤੋਂ) ਤਰਨਾ ਔਖਾ ਹੈ। ਗੁਰਿ ਮਿਲਿਐ=ਜੇ ਗੁਰੂ ਮਿਲ ਪਏ। ਸਾਰਏ=ਸਾਰ ਦੇਂਦਾ ਹੈ, ਸੋਝੀ ਦੇਂਦਾ ਹੈ। ਕਾਰਜ=ਕੰਮ। ਸਿਉ=ਨਾਲ। ਧਾਰਏ=ਧਾਰਦਾ ਹੈ।੩। ਲੈ ਜਾਇਸੀ=(ਤੂੰ ਕੀ) ਲੈ ਜਾਏਂਗਾ। ਤਾ=ਤਦੋਂ। ਛੁਟਸੀ=ਛੁਟੇਗਾ, ਖ਼ਲਾਸੀ ਹਾਸਲ ਕਰੇਗਾ। ਜਾ=ਜਦੋਂ। ਭਰਮ=(ਮਾਇਆ ਦੀ) ਭਟਕਣਾ। ਚੁਕਾਇਸੀ=ਦੂਰ ਕਰੇਗਾ। ਧਨ=ਦੌਲਤ। ਸੰਚਿ=ਇਕੱਠਾ ਕਰ। ਵਖਰੁ=ਸੌਦਾ। ਗੁਰ ਸਬਦਿ=ਗੁਰੂ ਦੇ ਸ਼ਬਦ ਦੀ ਰਾਹੀਂ । ਭਉ=ਪ੍ਰੇਮ। ਪਛਾਣਹੇ=ਜੇ ਤੂੰ ਪਛਾਣ ਲਏਂ। ਮੈਲੁ=ਵਿਸ਼ੇ ਵਿਕਾਰਾਂ ਦੀ ਮੈਲ। ਪਰਹਰਿ=ਦੂਰ ਕਰਕੇ। ਸਬਦਿ=(ਗੁਰੂ ਦੇ) ਸ਼ਬਦ ਦੀ ਰਾਹੀਂ। ਸਚ ਮਹਲੁ=ਸਦਾ ਥਿਰ ਰਹਿਣ ਵਾਲਾ ਟਿਕਾਣਾ। ਸਚੁ ਘਰੁ=ਸਦਾ ਥਿਰ ਰਹਿਣ ਵਾਲਾ ਘਰ, ਸਚ ਖੰਡ। ਜਾਣਹਿ=ਤੂੰ ਜਾਣ ਲਏਂਗਾ। ਪਤਿ=ਇੱਜ਼ਤ। ਘਰਿ=(ਨਿਜ) ਘਰ ਵਿਚ। ਸਿਧਾਵਹਿ=ਤੂੰ ਪਹੁੰਚ ਜਾਇੰਗਾ। ਝੋਲਿ=ਹਿਲਾ ਕੇ, ਨਿਤਾਰ ਕੇ। ਅੰਮ੍ਰਿਤ ਰਸੋ=ਅੰਮ੍ਰਿਤ (ਨਾਮ) ਰੱਸ। ਧਿਆਈਐ=ਧਿਆਉਣਾ ਚਾਹੀਦਾ ਹੈ। ਰਸੁ=ਸੁਆਦ। ਵਡਭਾਗਿ=ਵੱਡੀ ਕਿਸਮਤ ਨਾਲ। ਜਪੀਐ=ਜਪਿਆ ਜਾ ਸਕਦਾ ਹੈ। ਹਰਿ ਜਸੋ=ਹਰੀ ਜਸ ।੪।

**ਅਰਥ** :- ਹੇ ਮੇਰੇ ਮਨ! (ਨਾਮ ਵਿਚ) ਟਿਕਿਆ ਰਹੁ, ਫਿਰ ਤੈਨੂੰ (ਵਿਕਾਰਾਂ ਦੀ) ਚੋਟ ਨਹੀਂ ਲਗੇਗੀ! ਹੇ ਮੇਰੇ ਮਨ! ਜੇ ਤੂੰ ਗੁਣ ਗਾਂਦਾ ਰਹੇਂ, ਤਾਂ ਤੂੰ ਅਡੋਲ ਅਵਸਥਾ ਵਿਚ ਸਮਾਅ ਜਾਵੇਂਗਾ। ਜੇ ਤੂੰ ਪ੍ਰੇਮ ਨਾਲ ਪਰਮੇਸ਼ਰ ਦੇ ਗੁਣ ਗਾ ਕੇ ਰੱਸ ਵਾਲਾ ਹੋ ਜਾਏਂ ਅਤੇ ਗੁਰੂ ਦੇ ਗਿਆਨ ਦਾ ਸੁਰਮਾ ਪਾ ਲਏਂ, ਤਾਂ ਗੁਰੂ ਦੇ ਸ਼ਬਦ ਦੁਆਰਾ ਜੋ ਜਗਤ ਦਾ ਦੀਪਕ (ਸ਼ਬਦ) ਹੈ, ਉਸ ਦਾ ਤੈਨੂੰ ਚਾਨਣ ਮਿਲ ਜਾਏਗਾ (ਅਤੇ ਤੂੰ) ਕਾਮਾਦਿਕ ਪੰਜ ਦੂਤਾਂ ਨੂੰ ਮਾਰ ਲਵੇਂਗਾ। (ਹੇ ਮਨ!) ਤੂੰ ਸਾਰੇ ਡਰ ਮੁਕਾ ਕੇ ਨਿਰਭਉ ਹੋ ਜਾਵੇਂਗਾ। ਇਸ ਔਖੇ ਤਰਨ ਵਾਲੇ ਸੰਸਾਰ ਤੋਂ ਤਰ ਜਾਏਂਗਾ, ਗੁਰੂ ਦੁਆਰਾ ਪ੍ਰਭੂ ਨੂੰ ਮਿਲਣ ਨਾਲ ਤੂੰ ਜੀਵਨ-ਕਾਰਜ ਪੂਰਾ ਕਰ ਲਏਂਗਾ।

(ਹੇ ਮਨ!) ਜਿਸ ਉਤੇ ਪ੍ਰਭੂ ਕਿਰਪਾ ਕਰਦਾ ਹੈ, ਉਸਦਾ ਰੂਪ ਸੁੰਦਰ, ਰੰਗ ਸੁੰਦਰ ਹੋ ਜਾਂਦਾ ਹੈ (ਕਿਉਂਕਿ ਉਸ ਦਾ ਨਾਮ ਨਾਲ) ਪਿਆਰ ਬਣ ਜਾਂਦਾ ਹੈ।੩।

ਹੇ ਮੇਰੇ ਮਨ! ਤੂੰ ਜੰਮਣ ਵੇਲੇ (ਆਪਣੇ ਨਾਲ) ਕੀ ਲੈ ਕੇ ਆਇਆ ਸੀ ਅਤੇ ਮਰਨ ਸਮੇਂ (ਆਪਣੇ ਨਾਲ) ਕੀ ਲੈ ਜਾਏਂਗਾ? (ਜ਼ਰਾ ਸੋਚ) । ਹੇ ਮੇਰੇ ਮਨ! ਤੂੰ (ਆਵਾਗਵਨ ਵਿਚੋਂ) ਤਾਂ ਮੁਕਤ ਹੋਵੇਂਗਾ ਜਦੋਂ (ਤੂੰ ਆਪਣਾ) ਭਰਮ ਦੂਰ ਕਰੇਂਗਾ।

ਹੇ ਮੇਰੇ ਮਨ! ਹਰਿ ਨਾਮ ਧਨ ਤੇ ਹਰਿਨਾਮ ਰੂਪੀ ਸੌਦਾ ਇਕੱਠਾ ਕਰ, ਗੁਰੂ ਸ਼ਬਦ ਦੁਆਰਾ (ਰਬੀ) ਪ੍ਰੇਮ ਨੂੰ ਪਛਾਣ ਲਏਂਗਾ (ਮੇਰੇ ਨਾਮ ਧਨ ਵਿਹਾਝਣ ਲਈ ਤੂੰ) ਹਰੀ ਦੇ ਸ਼ਬਦ ਦੁਆਰਾ ਹਉਮੈ ਦੀ ਮੈਲ ਦੂਰ ਕਰਕੇ (ਗੁਰੂ ਦੇ) ਤੂੰ ਪ੍ਰਭੂ ਦਾ ਸੱਚ ਰੂਪ ਮਹਲ ਘਰ (ਭਾਵ ਸਚ ਖੰਡ) ਜਾਣ-ਪਛਾਣ ਲਏਂਗਾ। ਜੇ ਤੂੰ ਨਾਮ ਰੂਪ ਸ਼ੋਭਾ ਲੈ ਕੇ ਸੰਸਾਰ ਤੋਂ ਜਾਵੇਂਗਾ ਤਾਂ ਤੂੰ ਪ੍ਰਭੂ ਦੇ ਘਰ ਪਹੁੰਚ ਜਾਵੇਂਗਾ, ਇਸ ਲਈ ਤੂੰ ਨਾਮ-ਅੰਮ੍ਰਿਤ ਨਿਤਾਰ ਕੇ (ਪ੍ਰੇਮ ਨਾਲ) ਪੀਂਦਾ ਰਹੁ। ਹੇ ਮੇਰੇ ਮਨ! ਪਰਮੇਸ਼ਰ ਦਾ ਨਾਮ (ਸਦਾ) ਸਿਮਰਨ ਚਾਹੀਦਾ ਹੈ, ਸ਼ਬਦ ਦੁਆਰਾ (ਸਚਾ ਨਾਮ) ਰਸ ਪ੍ਰਾਪਤ ਹੁੰਦਾ ਹੈ (ਅਤੇ) ਵੱਡੇਭਾਗਾਂ ਨਾਲ

ਹਰੀ ਦਾ ਜਸ ਜਪਣਾ ਨਸੀਬ ਹੁੰਦਾ ਹੈ।੪।

**ਏ ਮਨ ਮੇਰਿਆ, ਬਿਨੁ ਪਉੜੀਆ ਮੰਦਰਿ ਕਿਉ ਚੜੈ ਰਾਮ ॥ ਏ ਮਨ ਮੇਰਿਆ, ਬਿਨੁ ਬੇੜੀ ਪਾਰਿ ਨ ਅੰਬੜੈ ਰਾਮ ॥ ਪਾਰਿ ਸਾਜਨੁ ਅਪਾਰੁ ਪ੍ਰੀਤਮੁ, ਗੁਰ ਸਬਦ ਸੁਰਤਿ ਲੰਘਾਵਏ ॥ ਮਿਲਿ ਸਾਧ ਸੰਗਤਿ ਕਰਹਿ ਰਲੀਆ, ਫਿਰਿ ਨ ਪਛੋਤਾਵਏ ॥ ਕਰਿ ਦਇਆ ਦਾਨੁ ਦਇਆਲ ਸਾਚਾ, ਹਰਿਨਾਮ ਸੰਗਤਿ ਪਾਵਓ ॥ ਨਾਨਕੁ ਪਇਅੰਪੈ ਸੁਣਹੁ ਪ੍ਰੀਤਮ, ਗੁਰ ਸਬਦਿ ਮਨੁ ਸਮਝਾਵਓ ॥੫॥੬॥**

**ਪਦ ਅਰਥ**- ਬਿਨੁ ਪਉੜੀਐ=ਪਉੜੀਆਂ ਤੋਂ ਬਿਨਾਂ। ਮੰਦਰਿ=ਮੰਦਰ ਉਤੇ। ਕਿਉ ਚੜੈ=ਕਿਵੇਂ ਕੋਈ ਚੜ੍ਹ ਸਕਦਾ ਹੈ?। ਬਿਨੁ ਬੇੜੀ=ਬੇੜੀ ਤੋਂ ਬਿਨਾ। ਪਾਰਿ=ਪਰਲੇ ਪਾਸੇ। ਨ ਅੰਬੜੈ=ਨਹੀਂ ਅਪੜ ਸਕਦਾ। ਅਪਾਰੁ=ਬੇਅੰਤ। ਗੁਰ ਸਬਦ ਸੁਰਤਿ=ਗੁਰੂ ਦੇ ਸਬਦ ਦੀ ਸੂਝ ਬੂਝ। ਲੰਘਾਵਏ=ਪਾਰ ਲੰਘਾਦੀ ਹੈ। ਮਿਲਿ=ਮਿਲ ਕੇ। ਕਰਹਿ ਰਲੀਆ=ਆਤਮਿਕ ਅਨੰਦ ਮਾਣਦੇ ਹਨ। ਫਿਰਿ=ਮੁੜ ਕੇ। ਪਾਵਓ=ਮੈਂ ਪ੍ਰਾਪਤ ਕਰਾਂ। ਪਇਅੰਪੈ=ਬੇਨਤੀ ਕਰਦਾ ਹੈ। ਪ੍ਰੀਤਮ=ਹੇ ਪਿਆਰੇ! । ਸਮਝਾਵਓ=ਮੈਂ ਸਮਝਾਵਾਂ।੩।

**ਅਰਥ:**- ਹੇ ਮੇਰੇ ਮਨ! ਪਉੜੀਆਂ ਤੋਂ ਬਿਨਾਂ ਮੰਦਰ (ਕੋਠੇ) ਉਤੇ ਕਿਵੇਂ ਕੋਈ ਚੜ੍ਹ ਸਕਦਾ ਹੈ? (ਇਸੇ ਤਰ੍ਹਾਂ ਨਾਮ ਤੋਂ ਬਿਨਾਂ ਕਿਵੇਂ ਕੋਈ ਪ੍ਰਭੂ ਤਕ ਅਪੜ ਸਕਦਾ ਹੈ?)। ਹੇ ਮੇਰੇ ਮਨ! ਬਿਨਾ ਬੇੜੀ ਦੇ ਕੋਈ (ਜੀਵ ਦਰਿਆ ਤੋਂ) ਪਾਰ ਨਹੀਂ ਪਹੁੰਚ ਸਕਦਾ। ਪਿਆਰਾ ਸਜਣ ਪ੍ਰਭੂ ਜੋ ਬੇਅੰਤ ਹੈ, ਸੰਸਾਰ ਸਾਗਰ ਦੀਆਂ ਲਹਿਰਾਂ ਤੋਂ ਪਾਰਲੇ ਪਾਸੇ (ਅਦਿਸ ਹੈ), ਗੁਰ-ਸ਼ਬਦ ਦੀ ਸੋਝੀ ਹੀ ਪਾਰ ਲੰਘਾ ਸਕਦੀ ਹੈ। ਹੇ ਮਨ! ਜੇ ਤੂੰ ਸਾਧ ਸੰਗਤ ਵਿਚ ਮਿਲ ਕੇ (ਨਾਮ ਰੰਗ ਦੀਆਂ) ਮੌਜਾਂ ਮਾਣੇ ਤਾਂ ਫਿਰ (ਤੈਨੂੰ) ਪਛੇਤਾਵਾ ਨਹੀਂ ਹੋਵੇਗਾ।

ਹੇ ਦਇਆਲੂ ਪ੍ਰਭੂ! ਮੇਰੇ ਤੇ ਦਇਆ ਕਰ, ਮੈਨੂੰ ਸਚਾ ਨਾਮ ਦਾਨ ਦੇ (ਤਾਂ ਜੋ) ਮੈ ਹਰਿ ਨਾਮ ਦੀ ਸੰਗਤ ਪ੍ਰਾਪਤ ਕਰ ਲਵਾਂ। ਨਾਨਕ (ਦਾਸ) ਬੇਨਤੀ ਕਰਦਾ ਹੈ, ਹੇ ਮੇਰੇ ਪ੍ਰੀਤਮ! (ਤੂੰ) ਸੁਣ (ਮੇਰੀ ਬੇਨਤੀ ਇਹ ਹੈ ਕਿ) ਮੈਂ ਗੁਰ-ਸ਼ਬਦ ਦੁਆਰਾ ਆਪਣੇ ਮਨ ਨੂੰ (ਸਦਾ) ਸਮਝਾਂਦਾ ਰਹਾਂ।੫।੬।

## ਸਾਰੰਸ਼ ਅਤੇ ਸਿਧਾਂਤ

ਇਸ ਛੰਤ ਵਿਚ ਮਨ ਨੂੰ ਸੰਬੋਧਨ ਕਰਕੇ ਸਮਝਾਇਆ ਹੈ ਕਿ ਤੂੰ ਅਵਗਣ ਛੱਡ ਕੇ ਪਰਮੇਸ਼ਰ ਦੇ ਗੁਣ ਯਾਦ ਕਰ, ਉਨ੍ਹਾਂ ਵਿਚ ਲੀਨ ਹੋ, ਤਾਂ ਜੋ ਸੰਸਾਰ ਦੇ ਬੰਧਨ ਛੁਟ ਜਾਣ ਇਸ ਦੇ ਫਲਸਰੂਪ ਪ੍ਰਭੂ ਨਾਲੋਂ ਤੇਰਾ ਵਿਛੋੜਾ ਦੂਰ ਹੋ ਜਾਏ ਅਤੇ ਸਚੇ ਮਹਿਲ ਵਿਚ ਤੇਰਾ ਵਾਸਾ ਹੋ ਜਾਵੇ।

ਜਿਵੇਂ ਕੋਠੇ ਤੇ ਚੜ੍ਹਨ ਲਈ ਪਉੜੀ ਦੀ ਲੋੜ ਹੁੰਦੀ ਹੈ ਤਿਵੇਂ ਪਰਮੇਸ਼ੁਰ ਦੇ ਮਹਿਲ ਤਕ ਪਹੁੰਚਣ ਲਈ ਗੁਰੂ ਹੀ ਪਉੜੀ ਹੈ। ਗੁਰੂ ਦੀ ਸੰਗਤ ਕਰਕੇ ਗੁਰੂ ਦੇ ਪਾਵਨ ਉਪਦੇਸ਼ਾਂ ਨੂੰ ਸੁਣੋ, ਪਰਮੇਸ਼ੁਰ ਦਾ ਜਸ ਕਰਦੇ ਹੋਏ ਰਸ ਵਾਲੇ ਬਣ ਜਾਓਗੇ।

ਗੁਰੂ ਪਾਤਿਸ਼ਾਹ ਬੜੇ ਪਿਆਰ ਨਾਲ ਸਮਝਾਉਂਦੇ ਹਨ ਕਿ ਹੇ ਮਨ! ਤੂੰ ਜਦੋਂ ਸੰਸਾਰ ਵਿਚ ਆਇਆ ਸੀ, ਕੀ ਲੈ ਕੇ ਆਇਆ ਸੈਂ? ਹੁਣ ਜਾਣ ਵੇਲੇ ਕੀ ਨਾਲ ਲੈ ਕੇ ਜਾਵੇਂਗਾ? ਭਾਵ ਨਾਮ ਤੋਂ ਬਿਨਾਂ ਕੁਝ ਵੀ ਨਾਲ ਨਹੀਂ ਜਾਣਾ। ਇਸ ਲਈ ਨਾਮ ਸਿਮਰ ਤੇ ਹਰੀ ਦਾ ਜਸ ਕਰ। ਜੇ ਇਸ ਮਨੁੱਖਾ ਜਨਮ ਵਿਚ ਸਾਈਂ ਨਾਲ ਸਾਂਝ ਨਹੀਂ ਪਾਏਂਗਾ ਤਾਂ ਫਿਰ ਜੀਵਨ ਭਰ ਪਛਤਾਂਦਾ ਹੀ ਰਹੇਂਗਾ। ਇਸ ਲਈ ਸਭ ਤੋਂ ਉਤਮ ਉਪਦੇਸ਼ ਜੀਵ ਨੂੰ ਇਹ ਦਿੱਤਾ ਹੈ ਕਿ ਇਹ ਗੁਰੂ ਦੇ ਸ਼ਬਦ ਦੁਆਰਾ ਆਪਣੇ ਮਨ ਨੂੰ ਸਮਝਾਏ ਅਤੇ ਪ੍ਰਭੂ ਨਾਲ ਪਿਆਰ ਪਾਏ, ਇਸ ਨਿਰਮਲ ਕਰਣੀ ਨਾਲ ਪ੍ਰਭੂ ਦੇ ਦਰਬਾਰ ਵਿਚ ਪਤਿ ਨਾਲ ਪਹੁੰਚ ਜਾਏਗਾ।

## ਤੁਖਾਰੀ ਛੰਤ ਮਹਲਾ ੪

**ੴ ਸਤਿਗੁਰ ਪ੍ਰਸਾਦਿ ॥ ਅੰਤਰਿ ਪਿਰੀ ਪਿਆਰੁ, ਕਿਉ ਪਿਰ ਬਿਨੁ ਜੀਵੀਐ ਰਾਮ ॥ ਜਬ ਲਗੁ ਦਰਸੁ ਨ ਹੋਇ, ਕਿਉ ਅੰਮ੍ਰਿਤੁ ਪੀਵੀਐ ਰਾਮ ॥ ਕਿਉ ਅੰਮ੍ਰਿਤੁ ਪੀਵੀਐ, ਹਰਿ ਬਿਨੁ ਜੀਵੀਐ, ਤਿਸੁ ਬਿਨੁ ਰਹਨੁ ਨ ਜਾਏ ॥ ਅਨਦਿਨੁ ਪ੍ਰਿਉ ਪ੍ਰਿਉ ਕਰੇ ਦਿਨੁ ਰਾਤੀ, ਪਿਰ ਬਿਨੁ ਪਿਆਸ ਨ ਜਾਏ ॥ ਅਪਣੀ ਕ੍ਰਿਪਾ ਕਰਹੁ ਹਰਿ ਪਿਆਰੇ, ਹਰਿ ਹਰਿ ਨਾਮੁ ਸਦ ਸਾਰਿਆ ॥ ਗੁਰ ਕੈ ਸਬਦਿ ਮਿਲਿਆ ਮੈ ਪ੍ਰੀਤਮੁ, ਹਉ ਸਤਿਗੁਰ ਵਿਟਹੁ ਵਾਰਿਆ ॥੧॥**

**ਜਬ ਦੇਖਾਂ ਪਿਰੁ ਪਿਆਰਾ, ਹਰਿ ਗੁਣ ਰਸਿ ਰਵਾ ਰਾਮ ॥ ਮੇਰੈ ਅੰਤਰਿ ਹੋਇ ਵਿਗਾਸੁ, ਪ੍ਰਿਉ ਪ੍ਰਿਉ ਸਚੁ ਨਿਤ ਚਵਾ ਰਾਮ ॥ ਪ੍ਰਿਉ ਚਵਾ ਪਿਆਰੇ ਸਬਦਿ ਨਿਸਤਾਰੇ, ਬਿਨੁ ਦੇਖੇ ਤ੍ਰਿਪਤਿ ਨ ਆਵਏ॥ ਸਬਦਿ ਸੀਗਾਰੁ ਹੋਵੈ ਨਿਤ ਕਾਮਣਿ, ਹਰਿ ਹਰਿ ਨਾਮੁ ਧਿਆਵਏ॥ ਦਇਆ ਦਾਨੁ ਮੰਗਤ ਜਨ ਦੀਜੈ, ਮੈ ਪ੍ਰੀਤਮੁ ਦੇਹੁ ਮਿਲਾਏ ॥ ਅਨਦਿਨੁ ਗੁਰੁ ਗੋਪਾਲੁ ਧਿਆਈ, ਹਮ ਸਤਿਗੁਰ ਵਿਟਹੁ ਘੁਮਾਏ ॥੨॥**

### ਉਚਾਰਨ ਸੇਧ

**ਬਿੰਦੀ ਸਹਿਤ:** ਕਿਉਂ? ਮੈਂ, ਹਉਂ, ਵਿਟਹੁੰ, ਰਵਾਂ, ਚਵਾਂ, ਸੀਗਾਰੁ, ਧਿਆਈਂ।੨।

**ਪਦ ਅਰਥ:** ਅੰਤਰਿ=(ਹਿਰਦੇ) ਅੰਦਰ। ਪਿਰੀ ਪਿਆਰੁ=ਪ੍ਰਭੂ-ਪਤੀ ਦਾ ਪ੍ਰੇਮ। ਕਿਉਂ=ਕਿਵੇਂ। ਜਬ ਲਗੁ=ਜਦੋਂ ਤਕ। ਅੰਮ੍ਰਿਤ=ਆਤਮਿਕ ਜੀਵਨ ਦੇਣ ਵਾਲਾ ਨਾਮ ਜਲ। ਰਹਨੁ ਨ ਜਾਇ=ਰਹਿਆ ਨਹੀਂ ਜਾ ਸਕਦਾ। ਅਨਦਿਨੁ=ਹਰ ਰੋਜ਼। ਪ੍ਰਿਉ ਪ੍ਰਿਉ ਕਰੇ=ਪਿਆਰੇ (ਪ੍ਰਭੂ ਨੂੰ) ਯਾਦ ਕਰਨ ਵਾਲੀ ਅਵਾਜ਼। ਪਿਆਸ=ਤ੍ਰੇਹ (ਜਿਵੇਂ ਸਵਾਂਤੀ ਬੂੰਦ ਤੋਂ ਬਿਨਾਂ ਪਪੀਹੇ ਦੀ ਪਿਆਸ ਨਹੀਂ ਬੁਝਦੀ ਤਿਵੇਂ ਜਗਿਆਸੂ ਦੀ ਨਾਮ ਤੋਂ ਬਿਨਾਂ ਪਿਆਸ ਨਹੀਂ ਬੁਝਦੀ)। ਕਰਹੁ=ਕਰਦੇ ਰਹੋ। ਹਰਿ ਪਿਆਰੇ=ਹੇ ਪਿਆਰੇ ਹਰੀ!। ਸਦ=ਸਦਾ। ਸਾਰਿਆ=ਸੰਭਾਲਿਆ, ਸਿਮਰਿਆ? ਯਾਦ ਕੀਤਾ। ਗੁਰ ਕੈ ਸਬਦਿ=ਗੁਰੂ ਦੇ

ਸਬਦ ਦੀ ਰਾਹੀਂ। ਮਿਲਿਆ ਮੈ=ਮੈਨੂੰ ਮਿਲਿਆ। ਪ੍ਰੀਤਮੁ=ਪਆਰਾ ਪ੍ਰਭੂ। ਹਉ=ਮੈਂ। ਵਿਟਹੁ=ਤੋਂ। ਵਾਰਿਆ=ਸਦਕੇ ਕੁਰਬਾਨ।। ਜਬ=ਜਦ। ਦੇਖਾਂ=ਮੈਂ ਵੇਖਦੀ ਹਾਂ। ਪਿਰੁ ਪਿਆਰਾ=ਪਿਆਰਾ ਪਤੀ। ਹਰਿ ਗੁਣ=ਹਰੀ ਦੇ ਗੁਣ। ਰਸਿ=ਰਸ ਨਾਲ, ਸੁਆਦ ਨਾਲ। ਰਵਾ=ਮੈਂ ਉਚਾਰਦੀ (ਯਾਦ ਕਰਦੀ) ਰਹਾਂ। ਮੇਰੇ ਅੰਤਰਿ=ਮੇਰੇ (ਹਿਰਦੇ ਅੰਦਰ)। ਹੋਇ ਵਿਗਾਸੁ=ਖੇੜਾ ਆਉਂਦਾ ਹੈ। ਪ੍ਰਿਉ ਪ੍ਰਿਉ=ਪਿਆਰਾ ਪਤੀ। ਨਿਤ ਚਵਾ=ਹਰ ਰੋਜ਼ ਉਚਾਰਦੀ ਰਹਾਂ। ਪ੍ਰਿਉ ਚਵਾ=ਪਿਆਰੇ ਪਤੀ ਨੂੰ ਯਾਦ ਕਰਦੀ ਰਹਾਂ। ਸਬਦਿ=ਸ਼ਬਦ ਦੁਆਰਾ। ਨਿਸਤਾਰੇ=ਪਾਰ ਲੰਘਾ ਦੇਂਦਾ ਹੈ। ਤ੍ਰਿਪਤਿ=ਰਜੇਵਾਂ। ਨਾ ਆਵਏ=ਨਹੀਂ ਆਉਂਦਾ। ਕਾਮਣਿ=(ਜੀਵ) ਇਸਤ੍ਰੀ। ਧਿਆਵਏ=ਧਿਆਉਂਦੀ ਹੈ। ਮੰਗਤ ਜਨ ਦੀਜੈ=ਮੰਗਤੇ ਦਾਸ ਨੂੰ ਦਿਉ। ਅਨਦਿਨੁ=ਹਰ ਰੋਜ਼। ਗੋਪਾਲੁ=ਪ੍ਰਿਥਵੀ ਨੂੰ ਪਾਲਣ ਵਾਲਾ। ਧਿਆਈ=ਮੈਂ ਧਿਆਉਂਦਾ ਹਾਂ। ਘੁਮਾਈ ਸਦਕੇ, ਕੁਰਬਾਨ।੨।

**ਅਰਥ:** (ਹੇ ਸਖੀਏ!) ਮੇਰੇ (ਹਿਰਦੇ) ਅੰਦਰ ਪ੍ਰਭੂ-ਪਤੀ ਦਾ ਪ੍ਰੇਮ ਵਸ ਰਿਹਾ ਹੈ, ਪਤੀ ਦੇ ਮਿਲਾਪ ਤੋਂ ਬਿਨਾਂ (ਮੈਥੋਂ) ਕਿਵੇਂ ਜੀਵਿਆ ਜਾ ਸਕਦਾ ਹੈ? (ਭਾਵ ਨਹੀਂ ਜੀਵਿਆ ਜਾ ਸਕਦਾ)। ਜਦੋਂ ਤਕ ਪ੍ਰਭੂ ਪਤੀ ਦਾ ਦਰਸ਼ਨ ਨਹੀਂ ਹੁੰਦਾ, ਆਤਮਿਕ ਜੀਵਨ ਦੇਣ ਵਾਲਾ ਨਾਮ-ਜਲ ਕਿਵੇਂ ਪੀਤਾ ਜਾ ਸਕਦਾ ਹੈ? (ਭਾਵ ਨਹੀਂ ਪੀਤਾ ਜਾ ਸਕਦਾ)।

(ਹੇ ਸਖੀ! ਕਿਵੇਂ ਜੀਵੀਏ ਉਸ ਹਰੀ ਤੋਂ ਬਿਨਾਂ (ਮੈਥੋਂ) ਰਹਿਆ ਨਹੀਂ ਜਾ ਸਕਦਾ ਪ੍ਰਭੂ ਦੇ ਦਰਸ਼ਨ ਤੋਂ ਬਿਨਾ) ਆਤਮਿਕ ਜੀਵਨ ਦੇਣ ਵਾਲਾ ਨਾਮ ਜਲ ਕਿਵੇਂ ਪੀਵੀਏ? (ਅਤੇ) ਹਰੀ ਤੋਂ ਬਿਨਾਂ (ਭਾਵ ਪ੍ਰਭੂ-ਪਤੀ ਦੀ ਯਾਦ ਤੋਂ ਬਿਨਾਂ ਆਤਮਿਕ ਸ਼ਾਂਤੀ ਨਹੀਂ ਮਿਲ ਸਕਦੀ)। (ਜਿਸ ਇਸਤ੍ਰੀ ਦੇ ਹਿਰਦੇ ਵਿਚ ਪਤੀ ਦੀ ਯਾਦ ਹੈ ਉਹ) ਹਰ ਵੇਲੇ ਦਿਨ ਰਾਤ (ਪਪੀਹੇ ਵਾਂਗ) ਪ੍ਰਿਉ ਪ੍ਰਿਉ ਕਰਦੀ ਹੈ, ਭਾਵ ਪ੍ਰਭੂ-ਪਤੀ ਨੂੰ ਮੁੜ ਮੁੜ ਯਾਦ ਕਰਦੀ ਹੈ। (ਕਿਉਂਕਿ) ਪ੍ਰਭੂ-ਪਤੀ ਦੇ ਮਿਲਾਪ ਤੋਂ ਬਿਨਾਂ (ਉਸ ਦੀ) ਪਿਆਸ ਦੂਰ ਨਹੀਂ ਹੁੰਦੀ। ਹੇ ਪਿਆਰੇ ਹਰੀ! (ਜਿਸ ਜੀਵ ਉਤੇ) ਤੂੰ ਆਪਣੀ ਮਿਹਰ ਕਰਦੇ ਹੋ, ਉਹ ਹਰ ਵੇਲੇ ਹਰਿ-ਨਾਮ ਨੂੰ (ਆਪਣੇ ਹਿਰਦੇ ਵਿਚ) ਸੰਭਾਲੀ ਰਖਦਾ ਹੈ। (ਹੇ ਸਖੀ!) ਮੈਂ ਆਪਣੇ ਗੁਰੂ ਤੋਂ ਸਦਾ ਸਦਕੇ ਹਾਂ (ਕਿਉਂਕਿ) ਗੁਰੂ ਦੇ ਸ਼ਬਦ ਦੁਆਰਾ ਮੈਨੂੰ ਪਿਆਰਾ (ਪ੍ਰਭੂ) ਮਿਲ ਗਿਆ ਹੈ।

(ਹੇ ਸਖੀ!) ਜਦੋਂ ਪਤੀ ਦਾ ਦਰਸ਼ਨ ਕਰਦੀ ਹੈ ਤਦੋਂ ਮੈਂ ਉਸ ਹਰੀ ਦੇ ਗੁਣ ਬੜੇ ਰਸ ਨਾਲ ਯਾਦ ਕਰਦੀ ਹਾਂ। (ਗੁਣ ਉਚਾਰਨ ਦਾ ਸਦਕਾ) ਮੇਰੇ ਹਿਰਦੇ ਵਿਚ ਖਿੜਾਉ ਪੈਦਾ ਹੋ ਜਾਂਦਾ ਹੈ (ਜਿਸ ਕਰਕੇ ਮੈਂ) ਸਦਾ ਥਿਰ ਰਹਿਣ ਵਾਲੇ ਪ੍ਰਭੂ ਦੇ (ਪਪੀਹੇ ਵਾਂਗ) ਨਾਮ ਦੀ ਰਟ ਲਾਈ ਰਖਦੀ ਹਾਂ। ਮੈਂ ਪਿਆਰੇ ਪ੍ਰੀਤਮ ਦਾ ਨਾਮ ਉਚਾਰਦੀ ਹਾਂ (ਕਿਉਂਕਿ ਉਹ) ਗੁਰੂ ਦੇ ਸ਼ਬਦ ਰਾਹੀਂ (ਜੀਵ-ਇਸਤ੍ਰੀ ਨੂੰ ਸੰਸਾਰ ਸਮੁੰਦਰ ਤੋਂ) ਪਾਰ ਲੰਘਾ ਦਿੰਦਾ ਹੈ। ਉਸ ਨੂੰ ਵੇਖੇ ਬਿਨਾ ਮੈਨੂੰ ਤ੍ਰਿਪਤੀ (ਸ਼ਾਂਤੀ) ਨਹੀਂ ਆਉਂਦੀ। ਗੁਰੂ ਦੇ ਸ਼ਬਦ ਦੁਆਰਾ ਜਿਸ ਜੀਵ-ਇਸਤ੍ਰੀ ਦਾ (ਆਤਮਿਕ) ਸ਼ਿੰਗਾਰ ਬਣਿਆ ਰਹਿੰਦਾ ਹੈ ਉਹ ਹਰ ਵੇਲੇ ਹਰਿ ਹਰਿ ਨਾਮ ਦਾ ਸਿਮਰਨ ਕਰਦੀ ਰਹਿੰਦੀ ਹੈ। (ਹੇ ਪ੍ਰਭੂ!) ਦਇਆ ਕਰੋ ਮੈਂ ਮੰਗਤ ਜਨ ਨੂੰ ਇਹ ਦਾਨ ਦਿਓ, ਮੈਨੂੰ ਪਿਆਰਾ ਪ੍ਰੀਤਮ ਮਿਲਾ ਦਿਓ (ਮੈਂ) ਦਿਨ ਰਾਤ (ਆਪਣੇ) ਗੁਰੂ-ਗੋਪਾਲ ਨੂੰ

ਧਿਆਉਂਦੀ ਰਹਾਂ (ਅਤੇ) ਸਤਿਗੁਰੂ ਤੋਂ ਸਦਕੇ ਜਾਂਦੀ ਰਹਾਂ।੨।

**ਹਮ ਪਾਥਰ ਗੁਰੁ ਨਾਵ, ਬਿਖੁ ਭਵਜਲ ਤਾਰੀਐ ਰਾਮ ॥ ਗੁਰ ਦੇਵਹੁ ਸਬਦੁ ਸੁਭਾਇ, ਮੈ ਮੂੜ ਨਿਸਤਾਰੀਐ ਰਾਮ ॥ ਹਮ ਮੂੜ ਮੁਗਧ ਕਿਛੁ ਮਿਤਿ ਨਹੀ ਪਾਈ, ਤੂ ਅਗੰਮੁ ਵਡ ਜਾਣਿਆ ॥ ਤੂ ਆਪਿ ਦਇਆਲੁ ਦਇਆ ਕਰਿ ਮੇਲਹਿ, ਹਮ ਨਿਰਗੁਣੀ ਨਿਮਾਣਿਆ ॥ ਅਨੇਕ ਜਨਮ ਪਾਪ ਕਰਿ ਭਰਮੇ, ਹੁਣਿ ਤਉ ਸਰਣਾਗਤਿ ਆਏ॥ ਦਇਆ ਕਰਹੁ ਰਖਿ ਲੇਵਹੁ ਹਰਿ ਜੀਉ, ਹਮ ਲਾਗਹ ਸਤਿਗੁਰ ਪਾਏ॥੩॥**

**ਗੁਰ ਪਾਰਸ ਹਮ ਲੋਹ, ਮਿਲਿ ਕੰਚਨੁ ਹੋਇਆ ਰਾਮ ॥ ਜੋਤੀ ਜੋਤਿ ਮਿਲਾਇ, ਕਾਇਆ ਗੜੁ ਸੋਹਿਆ ਰਾਮ ॥ ਕਾਇਆ ਗੜ ਸੋਹਿਆ ਮੇਰੈ ਪ੍ਰਭਿ ਮੋਹਿਆ, ਕਿਉ ਸਾਸਿ ਗਿਰਾਸਿ ਵਿਸਾਰੀਐ ॥ ਅਦ੍ਰਿਸਟੁ ਅਗੋਚਰੁ ਪਕੜਿਆ ਗੁਰ ਸਬਦੀ, ਹਉ ਸਤਿਗੁਰ ਕੈ ਬਲਿਹਾਰੀਐ ॥ ਸਤਿਗੁਰ ਆਗੈ ਸੀਸੁ ਭੇਟ ਦੇਉ, ਜੇ ਸਤਿਗੁਰ ਸਾਚੇ ਭਾਵੈ ॥ ਆਪੇ ਦਇਆ ਕਰਹੁ ਪ੍ਰਭ ਦਾਤੇ, ਨਾਨਕ ਅੰਕਿ ਸਮਾਵੈ ॥੪॥੧॥**

## ਉਚਾਰਨ ਸੇਧ

**ਬਿੰਦੀ ਸਹਿਤ:** ਮੈਂ, ਭਰਮੇਂ, ਲਾਗਹਂ, ਪਾਏਂ, ਕਾਂਇਆਂ, ਕਿਉਂ, ਹਉਂ, ਦੇਉਂ।

**ਪਦ ਅਰਥ:** ਹਮ=ਅਸੀਂ (ਜੀਵ)। ਪਾਥਰ=ਪੱਥਰ। ਨਾਵ=ਬੇੜੀ। ਬਿਖੁ ਭਵਜਲੁ=ਬਿਖਮ ਸੰਸਾਰ ਤੋਂ। ਗੁਰ=ਹੇ ਗੁਰੂ! ਸਬਦੁ=(ਗੁਰੂ ਦਾ) ਉਪਦੇਸ਼। ਸੁਭਾਇ=ਪਿਆਰ ਵਿਚ। ਮੈ=ਮੈਨੂੰ। ਮੂੜ=ਮੂਰਖ। ਨਿਸਤਾਰੀਐ=ਤਾਰ ਦਿਓ। ਮੁਗਧ=ਮੂਰਖ। ਮਿਤਿ=ਅੰਦਾਜ਼ਾ, ਗਿਣਤੀ। ਅਗੰਮੁ=ਅਪਹੁੰਚ ਵਡ=ਵੱਡਾ ਦਇਆਲੁ=ਦਇਆ ਦਾ ਘਰ। ਕਰਿ=ਕਰਕੇ। ਮੇਲਹਿ=ਮੇਲਦਾ ਹੈਂ। ਨਿਰਗੁਣੀ= ਗੁਣਹੀਣ। ਨਿਮਾਣਿਆ=ਨਿਆਸਰਿਆਂ ਨੂੰ। ਭਰਮੇ=ਭਟਕਦੇ ਰਹੇ। ਤਉ=ਤੇਰੀ। ਹਮ ਲਾਗਹ=ਅਸੀਂ ਲੱਗੇ ਰਹੀਏ। ਪਾਏ=ਪੈਰੀਂ, ਚਰਨਾ ਨਾਲ ।੩।

ਪਾਰਸ=ਉਹ ਧਾਤ ਜਿਸ ਨਾਲ ਛੋਹਿਆਂ ਹੋਰ ਧਾਤਾਂ ਸੋਨਾ ਬਣ ਜਾਂਦੀਆਂ ਹਨ। ਲੋਹ=ਲੋਹਾ ਮਿਲਿ=ਮਿਲ ਕੇ। ਕੰਚਨੁ=ਸੋਨਾ। ਮਿਲਾਇ=ਮਿਲਾ ਕੇ। ਕਾਇਆ ਗੜ=ਸਰੀਰ ਰੂਪੀ ਕਿਲ੍ਹਾ। ਸੋਹਿਆ=ਸੋਹਣਾ ਬਣ ਗਿਆ ਹੈ। ਮੇਰੈ ਪ੍ਰਭਿ=ਮੇਰੇ ਪ੍ਰਭੂ ਨੇ। ਮੋਹਿਆ=ਮੋਹ ਲਿਆ ਹੈ। ਸਾਸਿ ਗਿਰਾਸਿ=ਹਰੇਕ ਸੁਆਸ ਅੰਦਰ ਤੇ ਬਾਹਰ ਜਾਣ ਨਾਲ। ਕਿਉ ਵਿਸਾਰੀਐ=ਭਾਵ ਨਹੀਂ ਵਿਸਾਰਨਾ ਚਾਹੀਦਾ। ਅਦ੍ਰਿਸਟੁ=ਦਿਸਣ ਤੋਂ ਪਰੇ। ਅਗੋਚਰੁ=ਗਿਆਨ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ। ਗੁਰ ਸਬਦੀ=ਗੁਰੂ ਦੀ ਰਾਹੀਂ। ਹਉ=ਮੈਂ । ਸੀਸੁ ਭੇਟ ਦੇਉ=ਮੈਂ ਸਿਰ ਭੇਟਾ ਦੇ ਦਿਆਂ। ਭਾਵੈ=ਜੇ (ਉਸ ਨੂੰ) ਚੰਗਾ ਲੱਗੇ। ਦਾਤੇ=ਹੇ ਦਾਤਾਰ! ਅੰਕਿ=ਅੰਕ ਵਿਚ, ਗੋਦੀ ਵਿਚ। ਸਮਾਵੈ=ਲੀਨ ਹੋ ਜਾਵੇ।੪।

**ਅਰਥ:** ਹੇ ਰਾਮ! ਅਸੀਂ ਪਥਰ (ਪਾਪਾਂ ਕਰਕੇ ਭਾਰ ਕਠੋਰ ਚਿਤੇ) ਹਾਂ, ਗੁਰੂ ਬੇੜੀ ਸਮਾਨ ਹੈ, (ਹੇ ਹਰੀ! ਸਾਨੂੰ ਗੁਰੂ ਦੀ ਸ਼ਰਨ ਪਾ ਕੇ ਇਸ) ਜ਼ਹਰ ਰੂਪੀ ਸੰਸਾਰ ਸਾਗਰ ਤੋਂ ਤਾਰ ਦਿਓ। (ਹੇ ਪ੍ਰਭੂ,

ਆਪਣੇ) ਪਿਆਰ ਵਿਚ ਜੋੜ ਕੇ ਗੁਰੂ ਦਾ ਸ਼ਬਦ ਦਿਓ (ਅਤੇ) ਮੈਂ ਮੂਰਖ ਨੂੰ (ਇਸ ਬਿਖਮ ਸੰਸਾਰ ਸਮੁੰਦਰ ਤੋਂ) ਤਾਰ ਦਿਓ। (ਹੇ ਪ੍ਰਭੂ!) ਅਸੀਂ ਮੂਰਖ ਅਗਿਆਨੀ ਜੀਵ ਹਾਂ, ਸਾਥੋਂ ਰਤਾਂ ਭਰ ਭੀ ਤੇਰੀ ਮਿਤ ਨਹੀਂ ਪਾਈ ਜਾ ਸਕਦੀ (ਅਸਾਂ ਇਹ) ਜਾਣਿਆ ਹੈ ਕਿ ਤੂੰ ਸਭ ਤੋਂ ਵੱਡਾ ਹੈਂ, ਅਪਹੁੰਚ ਹੈਂ। (ਹੇ ਪ੍ਰਭੂ!) ਅਸੀਂ ਗੁਣਹੀਣ ਤੇ ਨਿਮਾਣੇ ਜੀਵ ਹਾਂ, ਤੂੰ ਆਪ ਦਇਆ ਦਾ ਘਰ ਹੈਂ, ਦਇਆ ਕਰਕੇ (ਆਪਣੇ ਨਾਲ) ਮਿਲਾਂਦਾ ਹੈਂ ।੨।

(ਹੇ ਪ੍ਰਭੂ! ਅਸੀਂ) ਪਾਪ ਕਰਮ ਕਰ ਕਰ ਕੇ ਅਨੇਕਾਂ ਜਨਮਾਂ ਵਿਚ ਭਟਕਦੇ ਰਹੇ, ਹੁਣ (ਤੇਰੀ ਨਦਰ ਨਾਲ ਹੀ) ਤੇਰੀ ਸ਼ਰਨ ਆਏ ਹਾਂ। (ਹੇ ਹਰੀ ਜੀਉ!) ਮਿਹਰ ਕਰੋ, ਰਖਿਆ ਕਰੋ, ਅਸੀਂ ਸਤਿਗੁਰੂ ਦੀ ਚਰਨੀ ਲੱਗੇ ਰਹੀਏ।੩।

(ਹੇ ਭਾਈ!) ਗੁਰੂ ਪਾਰਸ ਹੈ (ਅਤੇ) ਅਸੀਂ (ਜੀਵ) ਲੋਹੇ (ਸਮਾਨ) ਹਾਂ (ਜਿਵੇਂ ਲੋਹਾ ਪਾਰਸ ਨੂੰ) ਮਿਲ ਕੇ ਸੋਨਾ ਹੋ ਜਾਂਦਾ ਹੈ (ਤਿਵੇਂ ਗੁਰੂ ਦੀ ਰਾਹੀਂ) ਪਰਮਾਤਮਾ ਦੀ ਜੋਤਿ ਵਿਚ (ਆਪਣੀ ਜਿੰਦ ਮਿਲਾ ਕੇ (ਅਸਾਂ ਜੀਵਾਂ ਦਾ) ਸਰੀਰ ਰੂਪੀ ਕਿਲਾ ਸੁੰਦਰ ਬਣ ਗਿਆ ਹੈ।

ਮੇਰੇ ਪ੍ਰਭੂ ਨੇ (ਜਿਸ ਨੂੰ) ਆਪਣੇ ਪ੍ਰੇਮ ਵਿਚ ਜੋੜ ਲਿਆ ਹੈ ਉਸ ਦਾ ਸਰੀਰ ਕਿਲਾ ਸੋਹਣਾ ਹੋ ਗਿਆ (ਅਜਿਹੇ ਪ੍ਰਭੂ ਨੂੰ) ਸਾਹ ਲੈਂਦਿਆਂ ਅਤੇ ਖਾਂਦਿਆਂ ਪੀਂਦਿਆਂ (ਆਪਣੇ ਮਨ ਤੋਂ) ਕਿਉਂ ਭੁਲਾਈਏ? (ਭਾਵ ਸਦਾ ਚੇਤੇ ਰਖਣਾ ਚਾਹੀਦਾ ਹੈ, ਕਦੇ ਵੀ ਭੁਲਾਣਾ ਨਹੀਂ ਚਾਹੀਦਾ)।

(ਹੇ ਭਾਈ!) (ਜਿਸ) ਗੁਰੂ ਦੇ ਸ਼ਬਦ ਰਾਹੀਂ ਅਦ੍ਰਿਸ਼ਟ, ਅਪਹੁੰਚ (ਪ੍ਰਭੂ) ਨੂੰ ਪ੍ਰਾਪਤ ਕੀਤਾ ਹੈ, ਮੈਂ (ਉਸ) ਗੁਰੂ ਤੋ ਸਦਕੇ ਜਾਦਾ ਹਾਂ। (ਹੇ ਭਾਈ!) ਜੇ ਸਦਾ ਥਿਰ ਪ੍ਰਭੂ ਦਾ ਰੂਪ ਗੁਰੂ ਨੂੰ ਚੰਗਾ ਲੱਗੇ, ਤਾਂ ਮੈਂ ਆਪਣਾ ਸਿਰ ਗੁਰੂ ਦੇ ਅੱਗੇ ਭੇਟਾ ਵਜੋਂ ਅਰਪਨ ਕਰ ਦਿਆਂ। ਹੇ ਦਾਤੇ! ਹੇ ਪ੍ਰਭੂ! (ਤੁਸੀਂ) ਆਪ ਹੀ ਦਇਆ ਕਰੋ, (ਤਾਂ ਜੋ ਦਾਸ) ਨਾਨਕ ਆਪ ਦੀ ਗੋਦੀ ਵਿਚ ਸਮਾਅ ਜਾਵੇ। ।੪।

## ਸਾਰੰਸ਼ ਅਤੇ ਸਿਧਾਂਤ

ਇਸ ਛੰਤ ਤੋਂ ਗੁਰੂ ਰਾਮ ਦਾਸ ਜੀ ਦੇ ਪਿਆਰ ਭਰੇ ਛੰਤ ਅਰੰਭ ਹੁੰਦੇ ਹਨ। ਇਨ੍ਹਾਂ ਛੰਤਾਂ ਵਿਚ ਪ੍ਰੀਤਮ-ਮਿਲਾਪ ਦਾ ਨਿਸ਼ਾਨਾ ਹੈ।

ਗੁਰੂ ਜੀ ਨੇ ਪਪੀਹੇ ਵਤ ਹਰੀ ਪਿਆਰੇ ਦੇ ਮਿਲਣ ਦੀ ਤਾਂਘ ਨੂੰ ਦਰਸਾਇਆ ਹੈ। ਜਿਵੇਂ ਸ੍ਵਾਂਤੀ ਬੂੰਦ ਦੇ ਮਿਲੇ ਬਿਨਾ ਪਪੀਹਾ ਜੀਵਤ ਨਹੀਂ ਰਹਿ ਨਹੀਂ ਸਕਦਾ, ਤਿਵੇਂ ਹਰੀ ਪਿਆਰੇ ਦੇ ਮਿਲਾਪ ਰੂਪੀ ਦਰਸ਼ਨ ਬਿਨਾ ਜੀਵ-ਇਸਤ੍ਰੀ ਨੂੰ ਸ਼ਾਂਤੀ ਨਹੀਂ ਆ ਸਕਦੀ। ਗੁਰੂ ਸ਼ਬਦ ਰਾਹੀਂ ਹਰੀ ਦੇ ਗੁਣ ਗਾਵੀਏ, ਇਸ ਸਾਧਨਾ ਨਾਲ ਹਰੀ ਦੇ ਦਰਸ਼ਨ ਹੁੰਦੇ ਹਨ। ਜਗਿਆਸੂ ਵਿਚ ਗੁਰੂ ਦੇ ਚਰਨੀਂ ਲਗਣ ਦੀ ਤੀਬਰ ਇੱਛਾ ਹੋਣੀ ਚਾਹੀਦੀ ਹੈ। ਮਨੁੱਖ ਪਾਪਾਂ ਕਰਕੇ ਅਨੇਕ ਜਨਮਾਂ ਤੋਂ ਵਿਛੜਿਆ ਆ ਰਿਹਾ ਹੈ, ਪਰ ਇਸ ਦਾ ਨਿਸਤਾਰਾ ਗੁਰੂ ਦੇ ਸ਼ਬਦ ਦੁਆਰਾ ਹੁੰਦਾ ਹੈ। ਸਿਧਾਂਤ ਇਹ ਹੈ ਕਿ ਗੁਰੂ ਪਾਰਸ ਦੀ ਛੋਹ ਮਨੁਖ ਨੂੰ ਪਵਿੱਤਰ ਕਰ ਕੇ ਹਰੀ ਦੇ ਮਿਲਣ ਜੋਗ ਬਣਾ ਦਿੰਦੀ ਹੈ।

ਤੁਖਾਰੀ ਮਹਲਾ ੪ ॥ ਹਰਿ ਹਰਿ ਅਗਮ ਅਗਾਧਿ, ਅਪਰੰਪਰ ਅਪਰਪਰਾ ॥ ਜੋ ਤੁਮ ਧਿਆਵਹਿ ਜਗਦੀਸ, ਤੇ ਜਨ ਭਉ ਬਿਖਮੁ ਤਰਾ ॥ ਬਿਖਮ ਭਉ ਤਿਨ ਤਰਿਆ ਸੁਹੇਲਾ, ਜਿਨ ਹਰਿ ਹਰਿ ਨਾਮੁ ਧਿਆਇਆ ॥ ਗੁਰਵਾਕਿ ਸਤਿਗੁਰ ਜੋ ਭਾਇ ਚਲੇ, ਤਿਨ ਹਰਿ ਹਰਿ ਆਪਿ ਮਿਲਾਇਆ ॥ ਜੋਤੀ ਜੋਤਿ ਮਿਲਿ ਜੋਤਿ ਸਮਾਣੀ, ਹਰਿ ਕ੍ਰਿਪਾ ਕਰਿ ਧਰਣੀਧਰਾ ॥ ਹਰਿ ਹਰਿ ਅਗਮ ਅਗਾਧਿ, ਅਪਰੰਪਰ ਅਪਰਪਰਾ ॥੧॥

ਤੁਮ ਸੁਆਮੀ ਅਗਮ ਅਥਾਹ, ਤੂ ਘਟਿ ਘਟਿ ਪੂਰਿ ਰਹਿਆ ॥ ਤੂ ਅਲਖ ਅਭੇਉ ਅਗੰਮੁ, ਗੁਰ ਸਤਿਗੁਰ ਬਚਨਿ ਲਹਿਆ ॥ ਧਨੁ ਧੰਨੁ ਤੇ ਜਨ ਪੁਰਖ ਪੂਰੇ, ਜਿਨ ਗੁਰ ਸੰਤ ਸੰਗਤਿ ਮਿਲਿ ਗੁਣ ਰਵੇ ॥ ਬਿਬੇਕ ਬੁਧਿ ਬੀਚਾਰਿ ਗੁਰਮੁਖਿ, ਗੁਰ ਸਬਦਿ ਖਿਨੁ ਖਿਨੁ ਹਰਿ ਨਿਤ ਚਵੇ ॥ ਜਾ ਬਹਹਿ ਗੁਰਮੁਖਿ, ਹਰਿਨਾਮੁ ਬੋਲਹਿ, ਜਾ ਖੜੇ ਗੁਰਮੁਖਿ, ਹਰਿ ਹਰਿ ਕਹਿਆ ॥ ਤੁਮ ਸੁਆਮੀ ਅਗਮ ਅਥਾਹ, ਤੂ ਘਟਿ ਘਟਿ ਪੂਰਿ ਰਹਿਆ ॥੨॥

ਉਚਾਰਨ ਸੇਧ

**ਬਿੰਦੀ ਸਹਿਤ:** ਧਿਆਵਹਿੰ, ਜਾਂ, ਬਹਹਿੰ, ਬੋਲਹਿੰ.

**ਪਦ ਅਰਥ:** ਅਗਮ=ਹੇ ਅਪਹੁੰਚ (ਪ੍ਰਭੂ!)। ਅਗਾਧਿ=ਹੇ ਅਥਾਹ (ਹਰੀ!)। ਅਪਰੰਪਰ ਅਪਰ ਪਰਾ=ਹੇ ਪਰੇ ਤੋਂ ਪਰੇ ਬੇਅੰਤ (ਸੁਆਮੀ!)। ਧਿਆਵਹਿ=ਧਿਆਉਂਦੇ ਹਨ। ਜਗਦੀਸ=ਹੇ ਜਗਤ ਦੇ ਮਾਲਕ!। ਤੇ ਜਨ=ਓਹ (ਸੇਵਕ) ਜਨ। ਭਉ=ਭਉਜਲ ਸੰਸਾਰ। ਬਿਖਮੁ=ਔਖਾ। ਤਰਾ=ਤਰਿਆ। ਤਿਨ ਤਰਿਆ=ਉਹਨਾਂ ਨੇ ਤਰਿਆ। ਸੁਹੇਲਾ=ਸੌਖੇ ਹੀ। ਗੁਰ ਵਾਕਿ ਸਤਿਗੁਰ=ਗੁਰੂ ਸਤਿਗੁਰੂ ਦੇ ਬਚਨਾਂ ਅਨੁਸਾਰ। ਭਾਇ=ਪ੍ਰੇਮ ਵਿਚ। ਚਲੇ=ਚਲਦੇ ਰਹੇ, ਜੀਵਨ (ਬਿਤੀਤ ਕਰਦੇ ਰਹੇ)। ਜੋਤੀ ਜੋਤਿ ਮਿਲਿ=ਪ੍ਰਭੂ ਦੀ ਜੋਤਿ ਵਿਚ ਜੀਵ ਜੋਤ ਮਿਲ ਕੇ। ਸਮਾਣੀ=ਲੀਨ ਹੋ ਗਈ। ਕਰਿ=ਕਰੀ, ਕੀਤੀ। ਧਰਣੀ ਧਰਾ=ਧਰਤੀ ਦਾ ਆਸਰਾ, ਮਾਲਕ।੧।

ਸੁਆਮੀ=ਮਾਲਕ। ਅਗਮ=ਅਪਹੁੰਚ। ਅਥਾਹ=ਹੇ ਡੂੰਘੇ! ਘਟਿ ਘਟਿ=ਹਰੇਕ ਸਰੀਰ ਵਿਚ। ਪੂਰਿ ਰਹਿਆ=ਵਿਆਪਕ ਹੋ ਰਿਹਾ ਹੈ। ਅਲਖ=ਲਖਤਾ ਤੋਂ ਰਹਿਤ। ਅਭੇਉ=ਭੇਦ ਤੋਂ ਰਹਿਤ। ਅਗੰਮੁ=ਅਪਹੁੰਚ। ਬਚਨਿ=ਬਚਨ ਦੀ ਰਾਹੀਂ। ਲਹਿਆ=ਲਭਿਆ। ਧਨੁ ਧੰਨੁ=ਧੰਨਤਾ ਯੋਗ, ਵੱਡੇ ਭਾਗਾਂ ਵਾਲੇ। ਤੇ ਜਨ ਪੁਰਖੁ ਪੂਰੇ=ਉਹ ਸੇਵਕ ਜਨ ਪੂਰਨ ਪੁਰਸ਼ ਹਨ। ਮਿਲਿ=ਮਿਲ ਕੇ। ਗੁਣ ਰਵੇ=ਗੁਣ ਯਾਦ ਕੀਤੇ। ਬਿਬੇਕ ਬੁਧਿ=ਚੰਗੇ ਮੰਦੇ ਦੀ ਪਰਖ ਕਰਨ ਵਾਲੀ ਬੁੱਧੀ। ਗੁਰਸਬਦਿ=ਗੁਰੂ ਦੇ ਸ਼ਬਦ ਰਾਹੀਂ। ਖਿਨੁ ਖਿਨੁ=ਹਰ ਵੇਲੇ। ਚਵੇ=ਉਚਰੇ। ਜਾ=ਜਦੋਂ। ਬਹਹਿ=ਬਹਿੰਦੇ ਹਨ। ਖੜੇ=ਖਲੋਤੇ ਹੋਏ। ਕਹਿਆ=ਸਿਮਰਿਆ।੨।

ਅਰਥ: ਹੇ ਪਹੁੰਚ! ਹੇ ਅਥਾਹ ਹਰੀ! ਹੇ ਪਰੇ ਤੋਂ ਪਰੇ ਬੇਅੰਤ ਸੁਆਮੀ! ਹੇ ਜਗਤ ਦੇ ਮਾਲਕ ਹਰੀ! ਜਿਹੜੇ (ਮਨੁੱਖ) ਤੈਨੂੰ ਧਿਆਉਂਦੇ ਹਨ ਉਨ੍ਹਾਂ ਨੇ ਔਖਾ ਤਰਿਆ ਜਾਣ ਵਾਲਾ ਸੰਸਾਰ ਸਾਗਰ ਪਾਰ ਕਰ ਲਿਆ। ਔਖਾ ਤਰਆ ਜਾਣ ਵਾਲਾ ਸੰਸਾਰ ਸਾਗਰ ਉਹਨਾਂ ਨੇ ਸੌਖਾ ਹੀ ਤਰ ਲਿਆ, ਜਿਨ੍ਹਾਂ ਨੇ ਹਰੀ ਦਾ ਨਾਮ ਸਿਮਰਿਆ। (ਜਿਹੜੇ ਮਨੁੱਖ) ਗੁਰੂ ਸਤਿਗੁਰੂ ਦੇ ਸ਼ਬਦ ਰਾਹੀਂ ਪ੍ਰੇਮ ਦੇ ਆਸਰੇ ਚਲੇ ਭਾਵ ਜੀਵਨ ਬਤੀਤ ਕਰਦੇ ਰਹੇ, ਉਨ੍ਹਾਂ ਨੂੰ ਹਰੀ ਨੇ ਆਪ ਹੀ (ਆਪਣੇ ਨਾਲ) ਮਿਲਾ ਲਿਆ। ਹੇ ਹਰੀ! ਜਿਨ੍ਹਾਂ ਉਤੇ ਤੂੰ ਕਿਰਪਾ ਕੀਤੀ (ਉਨ੍ਹਾਂ ਜੀਵਾਂ ਦੀ ਜੋਤਿ) ਤੇਰੀ ਪਰਮ ਜੋਤਿ ਵਿਚ ਲੀਨ ਹੋ ਗਈ। ਹੇ ਹਰੀ! ਤੂੰ ਅਪਹੁੰਚ, ਡੂੰਘਾ, ਪਰੇ ਤੋਂ ਪਰੇ ਬਅੰਤ ਹੈਂ।੧।

ਹੇ ਅਪਹੁੰਚ ਪ੍ਰਭੂ! ਹੇ ਅਤਿ ਡੂੰਘੇ ਪ੍ਰਭੂ! ਤੂੰ (ਸਭ ਦਾ) ਮਾਲਕ ਹੈਂ (ਅਤੇ) ਤੂੰ ਹਰੇਕ ਸਰੀਰ ਵਿਚ ਵਿਆਪਕ ਹੋ ਰਿਹਾ ਹੈਂ। ਤੂੰ ਲਖਤਾ ਤੋਂ ਰਹਿਤ, ਭੇਦ ਤੋਂ ਰਹਿਤ, ਅਪਹੁੰਚ ਹੈਂ, (ਜਿਸ ਨੇ ਤੈਨੂੰ ਲੱਭਿਆ ਹੈ) ਗੁਰੂ ਸਤਿਗੁਰੂ ਦੇ ਬਚਨਾਂ ਰਾਹੀਂ ਹੀ ਹੀ ਲੱਭਿਆ ਹੈ। (ਹੇ ਭਾਈ!) ਉਹ ਸੇਵਕ ਜਨ ਧੰਨਤਾ ਯੋਗ ਅਤੇ ਪੂਰਨ ਪੁਰਖ ਹਨ, ਜਿਨ੍ਹਾਂ ਨੇ ਗੁਰੂ ਸਤ ਦੀ ਸੰਗਤ ਵਿਚ ਮਿਲ ਕੇ (ਹਰੀ ਦੇ) ਗੁਣ ਉਚਾਰਨ ਕੀਤੇ (ਓਹ) ਚੰਗੇ ਮੰਦੇ ਕੰਮਾਂ ਦੀ ਪਰਖ ਕਰਨ ਵਾਲੀ ਬੁੱਧੀ ਰਾਹੀਂ ਪਰਮਾਤਮਾਂ ਦੇ ਗੁਣਾ ਨੂੰ ਆਪਣੇ ਮਨ ਵਿਚ ਪਾ ਕੇ ਵੀਚਾਰ ਕੇ, ਗੁਰੂ ਦੇ ਸ਼ਬਦ ਦੁਆਰਾ ਹਰ ਵੇਲੇ, ਹਰ ਰੋਜ਼ 'ਹਰੀ ਹਰੀ' ਸਿਮਰਦੇ ਰਹੇ। ਜਦੋਂ ਗੁਰਮੁਖ (ਜੀਉੜੇ) ਬੈਠਦੇ ਹਨ ਹਨ (ਉਹ) ਪਰਮੇਸ਼ੁਰ ਦਾ ਨਾਮ ਉਚਾਰਦੇ ਹਨ, ਜਦੋਂ ਉਹ ਖਲੌਂਦੇ ਹਨ (ਤਾਂ ਵੀ) ਗੁਰੂ ਦੁਆਰਾ (ਉਨ੍ਹਾਂ ਕੇਵਲ) 'ਹਰੀ ਹਰੀ' ਨਾਮ ਹੀ ਸਿਮਰਨ ਕੀਤਾ। ਹੇ ਅਪਹੁੰਚ ਅਤਿ ਡੂੰਘੇ ਪ੍ਰਭੂ! ਤੁਸੀਂ ਸਭ ਦੇ ਮਾਲਕ ਹੋ (ਅਤੇ ਹੇ ਪ੍ਰਭੂ!) ਤੂੰ ਹਰੇਕ ਹਿਰਦੇ ਵਿਚ ਵਿਆਪਕ ਹੋ ਰਿਹਾ ਹੈਂ।੨।

**ਸੇਵਕ ਜਨ ਸੇਵਹਿ ਤੇ ਪਰਵਾਣੁ, ਜਿਨ ਸੇਵਿਆ ਗੁਰਮਤਿ ਹਰੇ ॥ ਤਿਨ ਕੇ ਕੋਟਿ ਸਭਿ ਪਾਪ, ਖਿਨੁ ਪਰਹਰਿ ਹਰਿ ਦੂਰ ਕਰੇ ॥ ਤਿਨ ਕੇ ਪਾਪ ਦੋਖ ਸਭਿ ਬਿਨਸੇ, ਜਿਨ ਮਨਿ ਚਿਤਿ ਇਕੁ ਅਰਾਧਿਆ ॥ ਤਿਨ ਕਾ ਜਨਮੁ ਸਫਲਿਓ ਸਭੁ ਕੀਆ ਕਰਤੈ, ਜਿਨ ਗੁਰ ਬਚਨੀ ਸਚੁ ਭਾਖਿਆ ॥ ਤੇ ਧੰਨ ਜਨ ਵਡਪੁਰਖ ਪੂਰੇ, ਜੋ ਗੁਰਮਤਿ ਹਰਿ ਜਪਿ ਭਉ ਬਿਖਮੁ ਤਰੇ ॥ ਸੇਵਕ ਜਨ ਸੇਵਹਿ ਤੇ ਪਰਵਾਣੁ, ਜਿਨ ਸੇਵਿਆ ਗੁਰਮਤਿ ਹਰੇ ॥੩॥**

**ਤੂ ਅੰਤਰਜਾਮੀ ਹਰਿ ਆਪਿ, ਜਿਉ ਤੂ ਚਲਾਵਹਿ ਪਿਆਰੇ, ਹਉ ਤਿਵੈ ਚਲਾ ॥ ਹਮਰੈ ਹਾਥਿ ਕਿਛੁ ਨਾਹਿ, ਜਾ ਤੂ ਮੇਲਹਿ, ਤਾ ਹਉ ਆਇਮਿਲਾ ॥ ਜਿਨ ਕਉ ਤੂ ਹਰਿ ਮੇਲਹਿ ਸੁਆਮੀ, ਸਭੁ ਤਿਨ ਕਾ ਲੇਖਾ ਛੁਟਕਿ ਗਇਆ ॥ ਤਿਨ ਕੀ ਗਣਤ ਨ ਕਰਿਅਹੁ ਕੋ ਭਾਈ, ਜੋ ਗੁਰ ਬਚਨੀ ਹਰਿ ਮੇਲਿ ਲਇਆ ॥ ਨਾਨਕ, ਦਇਆਲੁ ਹੋਆ ਤਿਨ ਊਪਰਿ, ਜਿਨ ਗੁਰ ਕਾ ਭਾਣਾ ਮੰਨਿਆ ਭਲਾ ॥ ਤੂ ਅੰਤਰਜਾਮੀ ਹਰਿ**

ਆਪਿ, ਜਿਉ ਤੂ ਚਲਾਵਹਿ ਪਿਆਰੇ ਹਉ ਤਿਵੈ ਚਲਾ ॥੪॥੨॥

## ਉਚਾਰਨ ਸੇਧ

**ਬਿੰਦੀ ਸਹਿਤ:** ਸੇਵਹਿੰ,ਜਿਉਂ,ਚਲਾਵਹਿੰ,ਹਉਂ, ਤਿਵੈਂ, ਚੱਲਾਂ, ਨਾਹਿੰ, ਜਾਂ, ਮੇਲਹਿੰ, ਤਾਂ, ਮਿਲਾਂ.

**ਪਦ ਅਰਥ:** ਸੇਵਹਿ=ਸੇਵਦੇ, ਸਿਮਰਦੇ ਹਨ। ਤੇ=ਉਹ (ਸੇਵਕ)। ਗੁਰਮਤਿ=ਗੁਰੂ ਦੀ ਮਤਿ ਦੁਆਰਾ। ਹਰੇ=ਹਰੀ। ਕੋਟਿ=ਕ੍ਰੋੜਾਂ। ਸਭਿ=ਸਾਰੇ। ਪਰਹਰਿ=ਦੂਰ ਕਰਕੇ। ਦੋਖ=ਦੋਸ਼। ਐਬ=ਔਗੁਣ। ਬਿਨਸੇ=ਨਾਸ਼ ਹੋ ਗਏ। ਮਨਿ=ਮਨ ਵਿਚ। ਚਿਤਿ=ਚਿੱਤ ਵਿਚ। ਇਕੁ=ਇਕ (ਪ੍ਰਭੂ ਨੂੰ)। ਅਰਾਧਿਆ=ਸਿਮਰਿਆ। ਸਫਲਿਓ=ਕਾਮਯਾਬ। ਕਰਤੈ=ਕਰਤਾਰ ਨੇ। ਬਚਨੀ=ਬਚਨਾਂ ਦੀ ਰਾਹੀਂ। ਸਚੁ=ਸਦਾ ਥਿਰ ਰਹਿਣ ਵਾਲਾ ਨਾਉਂ। ਭਾਖਿਆ=ਉਚਾਰਿਆ, ਬੋਲਿਆ। ਧੰਨੁ=ਭਾਗਾਂ ਵਾਲੇ। ਪੂਰੇ=(ਗੁਣਾਂ ਵਿਚ) ਸੰਪੂਰਨ। ਜਪਿ=ਜਪ ਕੇ। ਭਉ=ਭਵ ਸਾਗਰ, ਸੰਸਾਰ ਸਮੁੰਦਰ, ਬਿਖਮੁ=ਔਖਾ ਤਰਿਆ ਜਾਣ ਵਾਲਾ। ਤਰੇ=ਪਾਰ ਲੰਘ ਗਏ॥੩॥ ਅੰਤਰਜਾਮੀ=ਅੰਦਰ ਦੀਆਂ ਜਾਣਨ ਵਾਲਾ ਜਿਉ=ਜਿਸ ਤਰ੍ਹਾਂ। ਚਲਾਵਹਿ=ਚਲਾਉਂਦਾ, ਟੋਰਦਾ ਹੈ। ਹਉ=ਮੈਂ। ਚਲ=ਚੱਲਦਾ ਹਾਂ। ਹਾਥਿ=ਹੱਥ ਵਿਚ। ਜਾ=ਜਦੋਂ। ਆਇ=ਆ ਕੇ। ਮਿਲਾ=ਮੈਂ ਮਿਲਾਂ, ਮਿਲਦਾ ਹਾਂ ਕਉ=ਨੂੰ। ਹਰਿ ਸੁਆਮੀ=ਹੇ ਹਰੀ! ਹੇ ਮਾਲਕਾ!। ਸਭੁ=ਸਾਰਾ। ਛੂਟਕਿ ਗਇਆ=ਮੁੱਕ ਗਇਆ। ਗਣਤ=(ਕਰਮਾਂ ਦੀ) ਗਿਣਤੀ। ਕੋ=ਕੋਈ। ਭਾਈ=ਹੇ ਭਾਈ!। ਗੁਰ ਬਚਨੀ=ਗੁਰੂ ਦੇ ਬਚਨਾਂ ਦੀ ਰਾਹੀਂ। ਭਾਣਾ=ਰਜ਼ਾ, ਹੁਕਮ॥੪॥

**ਅਰਥ:** (ਹੇ ਭਾਈ! ਜੋ) ਸੇਵਕ ਜਨ (ਪ੍ਰਭੂ ਨੂੰ) ਸਿਮਰਦੇ ਹਨ ਉਹ ਪਰਵਾਣ ਹੋ ਗਏ, ਉਨ੍ਹਾਂ ਨੇ ਗੁਰੂ ਦੀ ਮਤਿ ਦੁਆਰਾ ਹਰੀ ਦੀ ਸੇਵਾ (ਭਗਤੀ) ਕੀਤੀ, (ਪਰਮਾਤਮਾ ਨੇ) ਉਨ੍ਹਾਂ ਦੇ ਕ੍ਰੋੜਾਂ ਸਾਰੇ ਪਾਪ ਇਕ ਖਿਨ ਵਿਚ ਦੂਰ ਕਰ ਦਿੱਤੇ।

(ਹੇ ਭਾਈ!)) ਜਿਨ੍ਹਾਂ ਨੇ ਆਪਣੇ ਮਨ ਵਿਚ, ਚਿਤ ਵਿਚ ਇਕ ਪਰਮਾਤਮਾ ਨੂੰ ਸਿਮਰਿਆ ਹੈ, ਉਹਨਾਂ ਦੇ ਸਾਰੇ ਪਾਪ ਸਾਰੇ ਔਗੁਣ ਨਾਸ਼ ਹੋ ਗਏ ਹਨ। ਜਿਨ੍ਹਾਂ ਨੇ ਗੁਰੂ ਦੇ ਬਚਨਾਂ ਦੁਆਰਾ ਸਚ ਬੋਲਿਆ (ਸਿਮਰਿਆ) ਉਹਨਾਂ ਦਾ ਸਾਰਾ ਜਨਮ ਕਰਤਾਰ ਨੇ ਸਫਲ ਕਰ ਦਿੱਤਾ ਹੈ। (ਹੇ ਭਾਈ!) ਉਹ (ਮਨੁੱਖ) ਧੰਨਤਾ ਯੋਗ ਹਨ, ਵੱਡੇ ਮਹਾਂ ਪੁਰਖ, (ਗੁਣਾਂ ਚੋਂ) ਪੂਰਨ ਹਨ ਜੋ ਗੁਰੂ ਦੀ ਮਤਿ ਉਤੇ ਟੁਰ ਕੇ (ਇਸ) ਔਖੇ ਸੰਸਾਰ ਸਾਗਰ ਤੋਂ ਤਰ ਗਏ ਹਨ। ਉਹ ਸੇਵਕ ਜਨ ਪਰਵਾਣ ਹਨ (ਜੋ ਪਰਮੇਸ਼ਰ ਦੀ) ਸੇਵਾ (ਭਗਤੀ, ਸਿਮਰਨ) ਕਰਦੇ ਹਨ ਗੁਰੂ ਦੀ ਮਤਿ ਉਤੇ ਚਲ ਕੇ ਜਿਨ੍ਹਾਂ ਨੇ ਹਰੀ ਨੂੰ ਸਿਮਰਿਆ ਹੈ॥੩॥

ਹੇ ਹਰੀ! ਤੂੰ ਸਭ ਦੇ ਅੰਦਰ ਦੀਆਂ ਜਾਣਨ ਵਾਲਾ ਹੈਂ, ਹੇ ਪਿਆਰੇ! ਜਿਸ ਤਰ੍ਹਾਂ ਤੂੰ (ਜੀਵਨ ਦੇ ਰਾਹ ਉਤੇ) ਟੋਰਦਾ ਹੈਂ, ਮੈਂ ਉਸੇ ਤਰ੍ਹਾਂ ਚਲਦਾ ਹਾਂ। (ਹੇ ਪ੍ਰਭੂ!) ਅਸਾਂ (ਜੀਵਾਂ) ਦੇ ਵਸ ਵਿਚ ਕੁਝ ਨਹੀਂ ਜਦੋਂ ਤੂੰ (ਮੈਨੂੰ ਆਪਣੇ ਨਾਲ) ਮਿਲਾਂਦਾ ਹੈ ਤਦੋਂ ਮੈਂ (ਤੈਨੂੰ) ਆ ਕੇ ਮਿਲਦਾ ਹਾਂ।

ਹੇ ਹਰੀ! ਹੇ ਸੁਆਮੀ! ਜਿਨ੍ਹਾਂ ਨੂੰ ਤੂੰ (ਆਪਣੇ ਨਾਲ) ਮੇਲਦਾ ਹੈਂ ਉਨ੍ਹਾਂ ਦੇ (ਕਰਮਾਂ ਦਾ) ਸਾਰਾ ਲੇਖਾ (ਜਾਣੋ) ਮੁੱਕ ਗਿਆ। ਜਿਨ੍ਹਾਂ ਨੂੰ ਗੁਰੂ ਦੇ ਬਚਨਾਂ ਦੁਆਰਾ ਹਰੀ ਨੇ (ਆਪਣੇ ਨਾਲ) ਮੇਲ ਲਿਆ

ਹੈ, ਹੇ ਭਾਈ! ਉਨ੍ਹਾਂ ਦੇ (ਕਰਮਾਂ ਦੀ) ਗਿਣਤੀ ਕਰਨ ਦੀ ਕੋਈ ਲੋੜ ਨਹੀਂ (ਉਹਨਾਂ ਦੇ ਸਭ ਕਰਮ ਮੁਆਫ਼ ਹੋ ਗਏ ਹਨ)। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਜਿਨ੍ਹਾਂ (ਜਗਿਆਸੂਆਂ) ਨੇ ਗੁਰੂ ਦਾ ਭਾਣਾ (ਹੁਕਮ ਰਜ਼ਾ ਨੂੰ) ਮਿੱਠਾ ਕਰਕੇ ਮੰਨਿਆ ਹੈ, ਉਨ੍ਹਾਂ ਉਤੇ (ਪ੍ਰਭੂ ਆਪ) ਦਇਆਵਾਨ ਹੋਇਆ ਹੈ।

ਹੇ ਹਰੀ! ਤੂੰ ਆਪ ਹੀ ਸਭ ਦੇ ਦਿਲਾਂ ਦੀਆਂ ਜਾਣਨ ਵਾਲਾ ਹੈਂ, ਹੇ ਪਿਆਰੇ! ਜਿਵੇਂ ਤੂੰ (ਜੀਵਨ ਰਾਹ ਉਤੇ) ਟੋਰਦਾ ਹੈਂ, ਮੈਂ ਉਸੇ ਤਰ੍ਹਾਂ ਹੀ ਚਲਦਾ ਹਾਂ॥੪॥੨॥

ਸਾਰੰਸ਼ ਅਤੇ ਸਿਧਾਂਤ

ਹਰੀ ਇਕ ਅਪਹੁੰਚ ਹਸਤੀ ਹੈ, ਪਰ ਗੁਰ-ਸ਼ਬਦ ਰਾਹੀਂ ਮਨੁੱਖ ਐਸੀ ਹਸਤੀ ਨੂੰ ਭੀ ਮਿਲ ਸਕਦਾ ਹੈ ਕਿਉਂਕਿ ਗੁਰਬਾਣੀ ਦੁਆਰਾ ਇਹ ਸਮਝ ਆ ਜਾਂਦੀ ਹੈ ਕਿ ਹਰੀ ਹਰ ਇਕ ਜੀਵ ਵਿਚ ਸਮਾ ਰਿਹਾ ਹੈ, ਖਾਸ ਕਰਕੇ ਗੁਰੂ ਦੀ ਸੰਗਤ ਵਿਚ ਬਿਬਕੇ-ਬੁਧੀ ਵਾਲੀ ਵਿਚਾਰ ਅਤੇ ਹਰੀ ਦਾ ਸਿਮਰਨ ਹੁੰਦਾ ਰਹਿੰਦਾ ਹੈ, ਜਿਥੋਂ ਹਰੀ ਹਰ ਪਾਸੇ ਪਸਰਿਆ ਦਿਸਦਾ ਹੈ। ਸੇਵਾ ਕਰਨ ਕਰਕੇ ਜੀਵ ਦੇ ਜਨਮਾਂ ਜਨਮਾਂਤਰਾਂ ਦੇ ਪਾਪ ਦੂਰ ਹੋ ਜਾਂਦੇ ਹਨ। ਗੁਰੂ ਦਾ ਭਾਣਾ ਮੰਨਣ ਨਾਲ ਹਰੀ ਪ੍ਰਸੰਨ ਹੋ ਕੇ ਕਰਮਾਂ ਦਾ ਲੇਖਾ ਮੇਟ ਦਿੰਦਾ ਹੈ ਅਤੇ ਜੀਵ ਨੂੰ ਆਪਣੇ ਭਾਣੇ ਅਨੁਸਾਰ ਚਲਾ ਕੇ ਆਪਣੇ ਨਾਲ ਮੇਲ ਲੈਂਦਾ ਹੈ ਪੋਥੀ ਦੇ ਵਧਦੇ ਆਕਾਰ ਨੂੰ ਮੁੱਖ ਰਖਦੇ ਹੋਏ ਵਿਸਥਾਰ ਸਹਿਤ ਹਰੇਕ ਪਦੇ ਦੀ ਵਿਆਖਿਆ ਕਰਨ ਤੋਂ ਸੰਕੋਚ ਕੀਤਾ ਹੈ।

**ਤੁਖਾਰੀ ਮਹਲਾ ੪ ॥ ਤੂ ਜਗਜੀਵਨੁ ਜਗਦੀਸੁ, ਸਭ ਕਰਤਾ ਸ੍ਰਿਸਟਿ ਨਾਥੁ ॥ ਤਿਨ ਤੂ ਧਿਆਇਆ ਮੇਰਾ ਰਾਮੁ, ਜਿਨ ਕੈ ਧੁਰਿ ਲੇਖੁ ਮਾਥੁ ॥ ਜਿਨ ਕਉ ਧੁਰਿ ਹਰਿ ਲਿਖਿਆ ਸੁਆਮੀ, ਤਿਨ ਹਰਿ ਹਰਿ ਨਾਮੁ ਅਰਾਧਿਆ ॥ ਤਿਨ ਕੇ ਪਾਪ ਇਕ ਨਿਮਖ ਸਭਿ ਲਾਥੇ, ਜਿਨ ਗੁਰ ਬਚਨੀ ਹਰਿ ਜਾਪਿਆ ॥ ਧਨੁ ਧੰਨੁ ਤੇ ਜਨ ਜਿਨ ਹਰਿਨਾਮੁ ਜਪਿਆ, ਤਿਨ ਦੇਖੇ ਹਉ ਭਇਆ ਸਨਾਥੁ ॥ ਤੂ ਜਗ ਜੀਵਨੁ ਜਗਦੀਸੁ, ਸਭ ਕਰਤਾ ਸ੍ਰਿਸਟਿ ਨਾਥੁ ॥੧॥**

**ਤੂ ਜਲਿ ਥਲਿ ਮਹੀਅਲਿ ਭਰਪੂਰਿ, ਸਭ ਊਪਰਿ ਸਾਚੁ ਧਣੀ ॥ ਜਿਨ ਜਪਿਆ ਹਰਿ ਮਨਿ ਚੀਤਿ, ਹਰਿ ਜਪਿ ਜਪਿ ਮੁਕਤੁ ਘਣੀ ॥ ਜਿਨ ਜਪਿਆ ਹਰਿ, ਤੇ ਮੁਕਤ ਪ੍ਰਾਣੀ ਤਿਨ ਕੇ ਊਜਲ ਮੁਖ ਹਰਿ ਦੁਆਰਿ ॥ ਓਇ ਹਲਤਿ ਪਲਤਿ ਜਨ ਭਏ ਸੁਹੇਲੇ, ਹਰਿ ਰਾਖਿ ਲੀਏ ਰਖਨਹਾਰਿ ॥ ਹਰਿ ਸੰਤ ਸੰਗਤਿ ਜਨ ਸੁਣਹੁ ਭਾਈ, ਗੁਰਮੁਖਿ ਹਰਿ ਸੇਵਾ ਸਫਲ ਬਣੀ ॥ ਤੂ ਜਲਿ ਥਲਿ ਮਹੀਅਲਿ ਭਰਪੂਰਿ, ਸਭ ਊਪਰਿ ਸਾਚੁ ਧਣੀ ॥੨॥**

**ਪਦ ਅਰਥ:** ਜਗ ਜੀਵਨੁ=ਜਗਤ ਨੂੰ ਜੀਵਨ (ਜ਼ਿੰਦਗੀ ਦੇਣ ਵਾਲਾ) ਹਰੀ। ਜਗਦੀਸੁ=ਜਗਤ ਦਾ ਮਾਲਕ। ਸਭ ਕਰਤਾ=ਸਾਰੀ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ। ਨਾਥੁ=ਮਾਲਕ।

ਧੁਰਿ=ਧੁਰੋਂ। ਲੇਖੁ=ਭਾਗ। ਮਾਥੁ=ਮੱਥੇ ਉੱਤੇ। ਜਿਨ ਕਉ=ਜਿਨ੍ਹਾਂ ਲਈ। ਧੁਰਿ=ਧੁਰ ਤੋਂ ਅਰਾਧਿਆ= ਸਿਮਰਿਆ। ਲਾਥੇ=ਉੱਤਰ ਗਏ। ਗੁਰਬਚਨੀ=ਗੁਰੂ ਦੇ ਬਚਨਾਂ ਦੁਆਰਾ। ਹਰਿ ਜਾਪਿਆ=ਹਰੀ ਨੂੰ ਜਪਿਆ, ਸਿਮਰਿਆ। ਤੇ ਜਨ=ਉਹ ਬੰਦੇ। ਤਿਨ ਦੇਖੇ=ਉਹਨਾਂ ਨੂੰ ਵੇਖ ਕੇ। ਹਉ=ਮੈਂ। ਭਇਆ= ਹੋਇਆ। ਸਨਾਥੁ=ਖਸਮ ਵਾਲਾ।। ਜਲਿ=ਜਲ ਵਿਚ। ਥਲਿ=ਧਰਤੀ ਵਿਚ। ਮਹੀਅਲਿ=ਪੁਲਾੜ ਵਿਚ। ਭਰਪੂਰ=ਵਿਆਪਕ। ਸਾਚੁ=ਸਦਾ ਕਾਇਮ ਰਹਿਣ ਵਾਲਾ। ਧਣੀ=ਮਾਲਕ। ਮਨਿ=ਮਨ ਵਿਚ, (ਚਿਤ ਵਿਚ)। ਜਪਿ ਜਪਿ=ਜਪ ਜਪ ਕੇ। ਘਣੀ=ਬਹੁਤ (ਲੋਕਾਈ)। ਮੁਕਤੁ=(ਮਾਇਕ ਬੰਧਨਾਂ ਤੋਂ, ਵਿਕਾਰਾਂ ਤੋਂ) ਅਜ਼ਾਦ। ਤਿਨ ਕੇ=ਉਨ੍ਹਾਂ ਦੇ। ਊਜਲ=ਉਜਲੇ, ਰੋਸ਼ਨ। ਮੁਖ=ਮੁਖੜੇ। ਹਰਿ ਦੁਆਰਿ=ਹਰੀ ਦੇ ਦੁਆਰੇ ਉਤੇ। ਓਇ=ਉਹ (ਮਨੁੱਖ)। ਹਲਤਿ=ਇਸ ਲੋਕ ਵਿਚ। ਪਲਤਿ=ਪਰਲੋਕ ਵਿਚ। ਸੁਹੇਲੇ=ਸੁਖੀ। ਰਖਨਹਾਰਿ=ਰਖਣ ਵਾਲੇ ਪ੍ਰਭੂ ਨੇ। ਗੁਰਮੁਖਿ=ਗੁਰੂ ਦੁਆਰਾ। ਸਫਲ=ਫਲ ਵਾਲੀ।੨।

**ਅਰਥ:** (ਹੇ ਪ੍ਰਭੂ!) ਤੂੰ ਜਗਤ ਨੂੰ ਜੀਵਨ (ਜ਼ਿੰਦਗੀ) ਦੇਣ ਵਾਲਾ ਜਗਤ ਦਾ ਮਾਲਕ, ਸਾਰੀ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ (ਅਤੇ ਸਭ ਦਾ) ਮਾਲਕ ਹੈਂ। ਤੂੰ ਮੇਰਾ ਰਾਮ ਹੈਂ, ਉਨ੍ਹਾਂ ਤੈਨੂੰ ਧਿਆਇਆ (ਸਿਮਰਿਆ) ਹੈ ਜਿਨ੍ਹਾਂ ਦੇ ਮੱਥੇ ਉੱਤੇ ਧੁਰ ਤੋਂ (ਨਾਮ ਸਿਮਰਨ ਦਾ) ਲੇਖ ਲਿਖਿਆ ਹੋਇਆ ਹੈ। ਹੇ! ਹਰੀ ਜਿਨ੍ਹਾਂ ਨੂੰ ਤੂੰ ਧੁਰ ਤੋਂ ਲਿਖਿਆ ਹੈ, ਹੇ ਮਾਲਕ! ਉਨ੍ਹਾਂ ਨੇ ਹਰੀ ਹਰੀ ਨਾਮ ਨੂੰ ਸਿਮਰਿਆ ਹੈ। ਜਿਨ੍ਹਾਂ ਨੇ ਗੁਰੂ ਦੇ ਬਚਨਾਂ ਦੁਆਰਾ ਹਰੀ ਨਾਮ ਜਪਿਆ ਹੈ, ਉਨ੍ਹਾਂ ਦੇ ਸਾਰੇ ਪਾਪ ਇਕ ਨਿਮਖ ਵਿਚ ਦੂਰ ਹੋ ਗਏ ਹਨ। ਉਹ (ਸੇਵਕ ਜਨ) ਧੰਨਤਾ ਯੋਗ ਹਨ ਜਿਨ੍ਹਾਂ ਨੇ ਹਰੀ ਦਾ ਨਾਮ ਜਪਿਆ ਹੈ, ਮੈਂ ਉਨ੍ਹਾਂ ਨੂੰ ਵੇਖ ਕੇ ਖਸਮ ਵਾਲਾ ਹੋ ਗਿਆ ਹਾਂ (ਹੇ ਪ੍ਰਭੂ!) ਤੂੰ ਜਗਤ ਨੂੰ ਜੀਵਨ ਦੇਣ ਵਾਲਾ ਸਾਰੀ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ (ਸਭ ਦਾ) ਮਾਲਕ ਹੈਂ।੧।

(ਹੇ ਪ੍ਰਭੂ!) ਤੂੰ ਜਲ ਵਿਚ ਧਰਤੀ ਵਿਰ, ਪੁਲਾੜ ਵਿਚ ਵਿਆਪਕ ਹੈਂ (ਅਤੇ) ਸਭ (ਜੀਆਂ ਦੇ ਸਿਰ) ਉੱਤੇ ਸਦਾ ਥਿਰ ਰਹਿਣ ਵਾਲਾ ਮਾਲਕ ਹੈਂ। (ਹੇ ਭਾਈ!) ਜਿਨ੍ਹਾਂ (ਜੀਵਾਂ) ਨੇ ਹਰੀ ਨੂੰ ਮਨ ਵਿਚ ਚਿੱਤ ਵਿਚ ਜਪਿਆ (ਉਸ) ਹਰੀ ਨੂੰ ਜਪ ਜਪ ਕੇ ਬਹੁਤ ਲੋਕਾਈ (ਬੰਧਨਾਂ ਤੋਂ) ਮੁਕਤ ਹੋ ਗਈ। ਜਿਨ੍ਹਾਂ ਨੇ ਹਰੀ ਪਰਮੇਸ਼ੁਰ ਨੂੰ ਜਪਿਆ ਉਹ ਪ੍ਰਾਣੀ (ਮਾਇਆ ਮੋਹ) ਤੋਂ ਮੁਕਤ ਹੋ ਗਏ (ਅਤੇ) ਉਨ੍ਹਾਂ ਦੇ ਪਰਮਾਤਮਾ ਦੇ ਦਰ ਉੱਤੇ ਮੂੰਹ ਉਜਲੇ ਹੋ ਗਏ। ਉਹ (ਸੇਵਕ) ਜਨ ਇਸ ਲੋਕ ਵਿਚ ਤੇ ਪਰਲੋਕ ਵਿਚ ਸੁਖਦਾਈ ਜੀਵਨ ਵਾਲੇ ਹੋ ਗਏ, ਰਖਣਹਾਰ ਹਰੀ ਨੇ (ਉਹ ਜਨ ਪਾਪਾਂ ਤੋਂ) ਬਚਾਅ ਲਏ।

ਹੇ ਹਰੀ ਦੇ ਸੰਤ ਜਨੋਂ! ਹੇ ਸਾਧ ਸੰਗਤ! ਹੇ ਭਾਈ! (ਸਾਰੇ) ਸੁਣੋ! ਗੁਰੂ ਰਾਹੀਂ ਹਰੀ ਪਰਮਾਤਮਾਂ ਦੀ ਕੀਤੀ ਹੋਈ ਸੇਵਾ ਸਫਲ (ਕਾਮਯਾਬ) ਹੋ ਆਉਂਦੀ ਹੈ। (ਹੇ ਪ੍ਰਭੂ) ਤੂੰ ਜਲ ਵਿਚ ਧਰਤੀ ਵਿਚ, ਪੁਲਾੜ ਵਿਚ (ਹਰ ਥਾਂ) ਵਿਆਪਕ ਹੈਂ, (ਤੂੰ) ਸਭ (ਸ੍ਰਿਸ਼ਟੀ ਦੇ ਸਿਰ) ਉੱਤੇ ਸਦਾ ਥਿਰ ਰਹਿਣ ਵਾਲਾ ਮਾਲਕ ਹੈਂ।੨।

**ਤੂ ਥਾਨ ਥਨੰਤਰਿ ਹਰਿ ਏਕੁ, ਹਰਿ ਏਕੋ ਏਕੁ ਰਵਿਆ ॥ ਵਣਿ ਤ੍ਰਿਣਿ ਤ੍ਰਿਭਵਣਿ ਸਭ ਸ੍ਰਿਸਟਿ, ਮੁਖਿ ਹਰਿ ਹਰਿ ਨਾਮੁ ਚਵਿਆ ॥ ਸਭਿ ਚਵਹਿ ਹਰਿ ਹਰਿ**

ਨਾਮੁ ਕਰਤੇ, ਅਸੰਖ ਅਗਣਤ ਹਰਿ ਧਿਆਵਏ ॥ ਸੋ ਧੰਨੁ ਧਨੁ ਹਰਿ ਸੰਤੁ ਸਾਧੂ, ਜੋ ਹਰਿਪ੍ਰਭ ਕਰਤੇ ਭਾਵਏ ॥ ਸੋ ਸਫਲੁ ਦਰਸਨੁ ਦੇਹੁ ਕਰਤੇ, ਜਿਸੁ ਹਰਿ ਹਿਰਦੈ ਨਾਮੁ ਸਦ ਚਵਿਆ ॥ ਤੂ ਥਾਨ ਥਨੰਤਰਿ ਹਰਿ ਏਕੁ, ਹਰਿ ਏਕੋ ਏਕੁ ਰਵਿਆ ॥੩॥

ਤੇਰੀ ਭਗਤਿ ਭੰਡਾਰ ਅਸੰਖ, ਜਿਸੁ ਤੂ ਦੇਵਹਿ ਮੇਰੇ ਸੁਆਮੀ ਤਿਸੁ ਮਿਲਹਿ ॥ ਜਿਸ ਕੈ ਮਸਤਕਿ ਗੁਰ ਹਾਥੁ, ਤਿਸੁ ਹਿਰਦੈ ਹਰਿ ਗੁਣ ਟਿਕਹਿ ॥ ਹਰਿ ਗੁਣ ਹਿਰਦੈ ਟਿਕਹਿ ਤਿਸ ਕੈ, ਜਿਸੁ ਅੰਤਰਿ ਭਉ ਭਾਵਨੀ ਹੋਈ ॥ ਬਿਨੁ ਭੈ ਕਿਨੈ ਨ ਪ੍ਰੇਮੁ ਪਾਇਆ, ਬਿਨੁ ਭੈ ਪਾਰਿ ਨ ਉਤਰਿਆ ਕੋਈ ॥ ਭਉ ਭਾਉ ਪ੍ਰੀਤਿ ਨਾਨਕ ਤਿਸਹਿ ਲਾਗੈ, ਜਿਸੁ ਤੂ ਆਪਣੀ ਕਿਰਪਾ ਕਰਹਿ ॥ ਤੇਰੀ ਭਗਤਿ ਭੰਡਾਰ ਅਸੰਖ, ਜਿਸੁ ਤੂ ਦੇਵਹਿ ਮੇਰੇ ਸੁਆਮੀ ਤਿਸੁ ਮਿਲਹਿ ॥੪॥੩॥

## ਉਚਾਰਨ ਸੇਧ

**ਬਿੰਦੀ ਸਹਿਤ:** ਚਵਹਿੰ, ਦੇਵਹਿੰ, ਮਿਲਹਿੰ, ਟਿਕਹਿੰ, ਕਰਹਿੰ.।

**ਪਦ ਅਰਥ:** ਥਾਨ=ਥਾਵਾਂ ਤੋਂ। ਥਨੰਤਰਿ=ਥਾਵਾਂ ਅੰਦਰ। ਰਵਿਆ=ਵਿਆਪਕ ਹੋ ਰਿਹਾ ਹੈ। ਵਣਿ=ਜੰਗਲ ਵਿਚ। ਤ੍ਰਿਣਿ=ਬਨਸਪਤੀ ਵਿਚ। ਤ੍ਰਿਭਵਣਿ=ਤਿਨ ਲੋਕਾਂ ਵਿਚ। ਸ੍ਰਿਸਟਿ=ਸ੍ਰਿਸ਼ਟੀ ਵਿਚ। ਮੁਖਿ=ਮੂੰਹ ਵਿਚ। ਰਵਿਆ=ਉਚਾਰਿਆ। ਚਵਹਿ=ਉਚਾਰਦੇ ਹਨ। ਅਸੰਖ=ਜਿਸ ਦੀ ਸੰਖਿਆ (ਗਿਣਤੀ) ਨਾ ਹੋ ਸਕੇ। ਅਗਣਤ=ਗਣਤੀ ਤੋਂ ਰਹਿਤ। ਧਿਆਵਏ=ਧਿਆਉਂਦੀ ਹੈ। ਕਰਤੇ ਭਾਵਏ=ਕਰਤਾਰ ਨੂੰ ਚੰਗਾ ਲਗਦਾ ਹੈ। ਸੋ=ਉਹ (ਭਾਵ ਉਸ ਮਨੁੱਖ ਦਾ)। ਸਫਲ ਦਰਸ਼ਨ=ਫਲ ਦੇਣ ਵਾਲਾ ਦਰਸ਼ਨ। ਜਿਸੁ ਹਰਿ ਹਿਰਦੈ=ਜਿਸ ਦੇ ਹਿਰਦੇ ਵਿਚ ਹਰੀ ਦਾ। ਸਦ=ਸਦੀਵ ਕਾਲ। ਚਵਿਆ=ਉਚਾਰਿਆ।੩।

ਭਗਤਿ=ਭਗਤੀ ਦੇ ਭੰਡਾਰ। ਤੂੰ ਦੇਵਹਿ=ਤੂੰ ਦੇਂਦਾ ਹੈਂ। ਤਿਸੁ ਮਿਲਹਿ=ਉਸ ਨੂੰ ਮਿਲਦੇ ਹਨ। ਮਸਤਿਕ=ਮੱਥੇ ਉਤੇ। ਗੁਰ ਹਾਥੁ=ਗੁਰੂ ਦਾ (ਪਾਵਨ) ਹੱਥ। ਟਿਕਹਿ=ਟਿਕ ਜਾਂਦੇ ਹਨ। ਅੰਦਰਿ=(ਹਿਰਦੇ) ਅੰਦਰ। ਭਉ=ਭੈ, ਡਰ। ਭਾਵਨੀ=ਸ਼ਰਧਾ, ਪਿਆਰ। ਬਿਨੁ ਭੈ=ਰੱਬੀ ਡਰ ਤੋਂ ਬਿਨਾਂ ਪਾਰਿ ਨ ਉਤਰੇ=(ਸੰਸਾਰ ਸਾਗਰ ਤੋਂ) ਪਾਰ ਨਹੀਂ ਹੋਇਆ। ਭਉ=ਡਰ। ਭਾਉ=ਪ੍ਰੇਮ। ਪ੍ਰੀਤਿ=ਪਿਆਰ। ਤਿਸਹਿ=ਉਸ ਨੂੰ। ਕਰਹਿ=ਕਰਦਾ ਹੈਂ।੪।

**ਅਰਥ:** ਹੇ ਹਰੀ! ਤੂੰ (ਸਭ) ਥਾਵਾਂ ਤੇ, (ਸਭ) ਥਾਵਾਂ ਅੰਦਰ ਕੇਵਲ ਇਕ ਤੂੰ ਹੀ ਵਿਆਪਕ ਹੋ ਰਿਹਾ ਹੈਂ। (ਹੇ ਪ੍ਰਭੂ!) ਵਣ (ਜੰਗਲ) ਵਿਚ, ਘਾਹ ਤੇ ਤੀਲਿਆਂ ਵਿਚ, ਤਿੰਨਾ ਭਵਣਾਂ ਵਿਚ, (ਅਥਵਾ) ਸਾਰੀ ਸ੍ਰਿਸ਼ਟੀ ਨੇ ਆਪਣੀ ਮੂੰਹ ਨਾਲ ਹਰੀ ਨਾਮ ਉਚਾਰਨ ਕੀਤਾ ਹੈ। ਹੇ ਕਰਤੇ! ਸਾਰੇ ਹਰਿ ਹਰਿ ਨਾਮੁ ਹੀ ਉਚਾਰਦੇ ਹਨ, ਅਸੰਖਾਂ, ਅਣਗਿਣਤ (ਜੀਵ ਕੇਵਲ ਤੈਂ) ਹਰੀ ਨੂੰ ਸਿਮਰ ਰਹੇ ਹਨ। ਹਰੀ ਦਾ ਉਹ ਸੰਤ ਉਹ ਸਾਧੂ ਧਨਤਾ ਯੋਗ ਹੈ, ਜਿਹੜਾ ਹਰੀ ਪ੍ਰਭੂ (ਕਰਤਾਰ) ਨੂੰ ਚੰਗਾ (ਪਿਆਰਾ) ਲਗਦਾ ਹੈ।

ਹੇ ਕਰਤਾਰ! ਜਿਸ ਦੇ ਹਿਰਦੇ ਵਿਚ ਸਦਾ (ਤੇਰਾ) ਨਾਮ ਉਚਾਰਿਆ ਜਾ ਰਿਹਾ (ਉਸ ਮਨੁੱਖ ਦਾ) ਸਫਲ ਦਰਸ਼ਨ ਮੈਨੂੰ ਬਖਸ਼ਿਸ਼ ਕਰੋ। ਹੇ ਹਰੀ! ਤੂੰ ਹਰੇਕ ਥਾਂ ਤੇ, ਹਰੇਕ ਥਾਂ ਅੰਦਰ ਇਕੋ ਇਕ (ਆਪ ਹੀ) ਵਿਆਪਕ ਹੋ ਰਿਹਾ ਹੈਂ।੩।

ਹੇ ਮੇਰੇ ਸੁਆਮੀ! ਤੇਰੀ ਭਗਤੀ ਦੇ ਅਨਗਿਣਤ ਭੰਡਾਰ ਭਏ ਪਏ ਹਨ (ਪਰ) ਜਿਸ (ਮਨੁੱਖ) ਨੂੰ ਤੂੰ ਦੇਵੇਂ ਉਸ ਨੂੰ ਮਿਲਦੇ ਹਨ। ਜਿਸ (ਮਨੁੱਖ) ਦੇ ਸਿਰ ਉਤੇ ਗੁਰੂ ਦਾ ਹੱਥ ਹੋਵੇ, ਉਸ ਦੇ ਹਿਰਦੇ ਵਿਚ ਪਰਮਾਤਮਾ ਦੇ ਗੁਣ ਟਿਕਦੇ ਹਨ।

(ਹੇ ਭਾਈ!) ਜਿਸ (ਮਨੁੱਖ ਦੇ ਹਿਰਦੇ) ਅੰਦਰ ਰੱਬੀ-ਭੈ ਤੇ ਸ਼ਰਧਾ ਹੁੰਦੀ ਹੈ, ਹਰੀ ਦੇ (ਅਮੋਲਕ) ਗੁਣ ਉਸ (ਮਨੁੱਖ ਦੇ) ਹਿਰਦੇ ਵਿਚ ਹੀ ਟਿਕਦੇ ਹਨ।

(ਹੇ ਭਾਈ!) ਪਰਮਾਤਮਾ ਦੇ ਡਰ ਤੋਂ ਬਿਨਾਂ ਕਿਸੇ (ਮਨੁੱਖ) ਨੇ ਭੀ ਪ੍ਰਭੂ-ਪ੍ਰੇਮ ਪ੍ਰਾਪਤ ਨਹੀਂ ਕੀਤਾ (ਅਤੇ ਰਬੀ) ਡਰ ਤੋਂ ਬਿਨਾਂ ਸੰਸਾਰ ਤੋਂ ਕੋਈ ਵੀ ਪਾਰ ਨਹੀ ਉਤਰਿਆ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਹੇ ਪ੍ਰਭੂ!) ਉਸ ਮਨੁੱਖ ਦੇ ਹਿਰਦੇ ਵਿਚ ਰੱਬੀ ਭੈ, ਤੇ ਪ੍ਰੀਤ (ਦਾ ਨਿਵਾਸ ਹੁੰਦਾ ਹੈ) ਜਿਸ ਉਤੇ ਤੂੰ ਆਪਣੀ ਮਿਹਰ ਕਰਦਾ ਹੈਂ। ਹੇ ਮੇਰੇ ਸੁਆਮੀ! ਤੇਰੇ (ਪਾਸ) ਤੇਰੀ ਭਗਤੀ ਦੇ ਬੇਅੰਤ ਭੰਡਾਰ ਭਰੇ ਪਏ ਹਨ (ਪਰ ਇਹ ਭੰਡਾਰ) ਉਸ (ਜੀਵ) ਨੂੰ ਮਿਲਦੇ ਹਨ ਜਿਸ ਨੂੰ ਤੂੰ ਆਪ (ਆਪਣੇ ਹੱਥੀਂ) ਦੇਂਦਾ ਹੈਂ।੪।੩।

## ਸਾਰੰਸ਼ ਅਤੇ ਸਿਧਾਂਤ

ਸ਼ਬਦਾਰਥੀ ਵਿਦਵਾਨਾਂ ਨੇ ਆਪਣੇ ਵੀਚਾਰ ਇਉਂ ਵਿਅਕਤ ਕੀਤੇ ਹਨ:-

ਸਾਰੀ ਸ੍ਰਿਸ਼ਟੀ ਦੇ ਮਾਲਕ ਹਰੀ ਨੂੰ ਕੋਈ ਕਰਮਾਂ ਵਾਲਾ ਹੀ ਧਿਆਉਂਦਾ ਹੈ। ਉਸ ਦੇ ਪਾਪ ਦੂਰ ਹੋ ਜਾਂਦੇ ਹਨ, ਅਤੇ ਉਸ ਦਾ ਦਰਸ਼ਨ ਕਰਨ ਨਾਲ ਹੋਰ ਭੀ ਬਚ ਨਿਕਲਦੇ ਹਨ। ਸਭ ਥਾਂ ਭਰਪੂਰ ਹਰੀ ਨੂੰ ਜਪਣ ਵਾਲਾ ਮਨੁੱਖ ਮੁਕਤ ਹੋ ਜਾਂਦਾ ਹੈ, ਇਹ ਜਪਣਾ ਗੁਰੂ ਦੀ ਸੰਗਤ ਤੋਂ ਮਿਲਦਾ ਹੈ। ਹਰ ਥਾਂ ਵਸਣ ਵਾਲਾ ਹਰੀ, ਗੁਰੂ-ਸੰਤ ਦੇ ਦਰਸ਼ਨਾਂ ਤੋਂ ਲਭਦਾ ਹੈ। ਹਰੀ ਦੀ ਭਗਤੀ ਉਸ ਨੂੰ ਮਿਲਦੀ ਹੈ, ਜਿਸ ਦੇ ਮੱਥੇ ਤੇ ਗੁਰੂ ਦਾ ਹਥ ਹੋਵੇ। ਉਹ ਭਾਗਾਂ ਵਾਲਾ ਪ੍ਰਾਣੀ ਭਉ ਦੇ ਰਾਹੀਂ ਪ੍ਰੇਮ ਸਿਖਦਾ ਹੈ ਅਤੇ ਗੁਣ ਗਾਉਂਦਾ ਹੋਇਆ ਹਰੀ ਨਾਲ ਜਾ ਮਿਲਦਾ ਹੈ।

**ਤੁਖਾਰੀ ਮਹਲਾ ੪ ॥ ਨਾਵਣੁ ਪੁਰਬੁ ਅਭੀਚੁ, ਗੁਰ ਸਤਿਗੁਰ ਦਰਸੁ ਭਇਆ ॥ ਦੁਰਮਤਿ ਮੈਲੁ ਹਰੀ, ਅਗਿਆਨੁ ਅੰਧੇਰੁ ਗਇਆ ॥ ਗੁਰ ਦਰਸੁ ਪਾਇਆ ਅਗਿਆਨੁ ਗਵਾਇਆ, ਅੰਤਰਿ ਜੋਤਿ ਪ੍ਰਗਾਸੀ ॥ ਜਨਮ ਮਰਣ ਦੁਖ ਖਿਨ ਮਹਿ ਬਿਨਸੇ, ਹਰਿ ਪਾਇਆ ਪ੍ਰਭੁ ਅਬਿਨਾਸੀ ॥ ਹਰਿ ਆਪਿ ਕਰਤੈ ਪੁਰਬੁ ਕੀਆ, ਸਤਿਗੁਰੂ ਕੁਲਖੇਤਿ ਨਾਵਣਿ ਗਇਆ ॥ ਨਾਵਣੁ ਪੁਰਬੁ ਅਭੀਚੁ, ਗੁਰ ਸਤਿਗੁਰ ਦਰਸੁ ਭਇਆ ॥੧॥**

**ਪਦ ਅਰਥ:** ਨਾਵਣੁ=ਇਸ਼ਨਾਨੁ। ਪੁਰਬੁ=ਪਵਿੱਤਰ ਦਿਹਾੜਾ ਚਾਨਣੇ ਪੱਖ ਦੀ ਪਹਿਲੀ ਪੂਰਨਮਾਸ਼ੀ। ਅਭੀਚੁ=ਅਭਿੱਜਤ ਨਛੱਤਰ, ਮਸਿਆ ਏਕਮ ਦਾ ਇਕੱਠਾ ਹੋਣਾ ਤੇ ਸੂਰਜ ਗ੍ਰਹਿਣ ਲਗਣਾ। ਗੁਰ ਸਤਿਗੁਰ ਦਰਸੁ=ਮਹਾਨ ਸਤਿਗੁਰੂ ਦਾ ਦਰਸ਼ਨ। ਭਇਆ=ਹੋਇਆ। ਦੁਰਮਤਿ ਮੈਲੁ=ਖੋਟੀ ਮਤਿ ਦੀ ਮੈਲ। ਹਰੀ=ਦੂਰ ਹੋ ਗਈ। ਅਗਿਆਨੁ ਅਧੇਰ=(ਆਤਮਿਕ) ਅਗਿਆਨ ਰੂਪੀ ਹਨੇਰਾ। ਗਇਆ=ਦੂਰ ਹੋ ਗਿਆ, ਨਾਸ਼ ਹੋ ਗਿਆ। ਅੰਤਰਿ=(ਹਿਰਦੇ) ਅੰਤਰ। ਜੋਤਿ ਪ੍ਰਗਾਸੀ=(ਪ੍ਰਭੂ) ਜੋਤ ਦਾ ਚਾਨਣ ਹੋਇਆ। ਬਿਨਸੇ=ਨਾਸ਼ ਹੋ ਗਏ। ਅਬਿਨਾਸੀ=ਨਾਸ਼ ਤੋਂ ਰਹਿਤ (ਪ੍ਰਭੂ)। ਆਪਿ ਕਰਤੈ=ਆਪ ਕਰਤਾਰ ਨੇ। ਪੁਰਬੁ=ਪਵਿੱਤਰ ਦਿਨ। ਕੀਆ=ਕੀਤਾ। ਕੁਲਖੇਤਿ=ਕੁਰਛੇਤਰ ਦੇ ਮੇਲੇ ਉਤੇ। ਨਾਵਣਿ=ਇਸ਼ਨਾਨ ਲਈ।੧।

**ਅਰਥ:** (ਹੇ ਭਾਈ! ਜਿਸ ਜਗਿਆਸੂ ਨੂੰ) ਮਹਾਨ ਸਤਿਗੁਰੂ ਦਾ ਦਰਸ਼ਨ ਹੋ ਗਿਆ (ਉਸ ਲਈ ਇਹ) ਇਸ਼ਨਾਨ ਅਭੀਚ (ਨਛੱਤਰ ਦਾ) ਪਵਿੱਤਰ ਦਿਨ ਹੈ। (ਦਰਸ਼ਨ ਦੇ ਫਲ ਸਰੂਪ) ਖੋਟੀ ਮਤਿ ਦੀ ਮੈਲ ਦੂਰ ਹੋ ਗਈ (ਅਤੇ ਉਸ ਦਾ) ਅਗਿਆਨ ਰੂਪੀ ਹਨੇਰਾ (ਨਾਸ਼) ਹੋ ਗਿਆ। (ਹੇ ਭਾਈ! ਜਿਸ ਜਗਿਆਸੂ ਨੇ) ਗੁਰੂ ਦਾ ਦਰਸ਼ਨ ਪ੍ਰਾਪਤ ਕਰ ਲਿਆ (ਉਸ ਨੇ) ਅਗਿਆਨ ਰੂਪੀ (ਹਨੇਰਾ) ਦੂਰ ਕਰ ਲਿਆ (ਕਿਉਂਕਿ ਉਸ ਦੇ ਹਿਰਦੇ) ਅੰਦਰ (ਪਰਮਾਤਮਾ ਦੀ) ਜੋਤਿ ਦਾ ਪ੍ਰਕਾਸ਼ ਹੋ ਗਿਆ। (ਉਸ ਨੇ) ਨਾਸ਼ ਰਹਿਤ ਹਰੀ ਪ੍ਰਭੂ ਨੂੰ ਪਾ ਲਿਆ (ਉਸ ਦੇ) ਜਨਮ ਮਰਣ ਦੇ ਦੁਖ (ਇਕ) ਖਿਨ ਵਿਚ ਨਾਸ਼ ਹੋ ਗਏ। ਹਰੀ ਕਰਤਾਰ ਨੇ ਆਪ ਹੀ ਪੁਰਬ (ਪਵਿੱਤਰ ਦਿਹਾੜਾ) ਬਣਾ ਦਿੱਤਾ, ਸਤਿਗੁਰੂ (ਅਮਰਦਾਸ ਜੀ, ਲੋਕਾਂ ਦੇ ਉਧਾਰ ਲਈ) ਤੀਰਥ-ਇਸ਼ਨਾਨ ਲਈ ਕੁਲਖੇਤਰ ਤੇ ਗਏ। (ਜਿਸ ਨੂੰ) ਮਹਾਨ ਸਤਿਗੁਰੂ ਦਾ ਦਰਸ਼ਨ ਹੋ ਗਿਆ (ਉਸ ਲਈ ਮਾਨੋ ਇਹ)ਅਭੀਚ (ਨਛੱਤਰ ਦਾ) ਪਾਵਨ ਦਿਹਾੜਾ (ਬਣ ਗਿਆ)।੧।

**ਮਾਰਗਿ ਪੰਥਿ ਚਲੇ, ਗੁਰ ਸਤਿਗੁਰ ਸੰਗਿ ਸਿਖਾ ॥ ਅਨਦਿਨੁ ਭਗਤਿ ਬਣੀ, ਖਿਨੁ ਖਿਨੁ ਨਿਮਖ ਵਿਖਾ ॥ ਹਰਿ ਹਰਿ ਭਗਤਿ ਬਣੀ ਪ੍ਰਭ ਕੇਰੀ, ਸਭ ਲੋਕੁ ਵੇਖਣਿ ਆਇਆ ॥ ਜਿਨ ਦਰਸੁ ਸਤਿਗੁਰ ਗੁਰੂ ਕੀਆ, ਤਿਨ ਆਪਿ ਹਰਿ ਮੇਲਾਇਆ ॥ ਤੀਰਥੁ ਉਦਮੁ ਸਤਿਗੁਰੂ ਕੀਆ, ਸਭ ਲੋਕ ਉਧਰਣ ਅਰਥਾ ॥ ਮਾਰਗਿ ਪੰਥਿ ਚਲੇ, ਗੁਰ ਸਤਿਗੁਰ ਸੰਗਿ ਸਿਖਾ ॥੨॥**

## ਉਚਾਰਨ ਸੇਧ

**ਫੁਟਕਲ:** 'ਉਧਰਣ' ਦਾ ਉਚਾਰਨ 'ਉ ਧਰਣ' ਕਰਨਾ ਹੈ।

**ਪਦ ਅਰਥ:** ਮਾਰਗਿ=ਰਸਤੇ ਉਤੇ। ਪੰਥਿ=(ਧਰਮ ਦੇ) ਰਸਤੇ। ਚਲੇ=ਟੁਰ ਪਏ। ਸਤਿਗੁਰ ਸੰਗਿ=ਪਰਮ ਸਤਿਗੁਰੂ ਦੇ ਨਾਲ। ਸਿਖਾ=(ਅਨੇਕਾਂ) ਸਿੱਖ। ਅਨਦਿਨੁ=ਹਰ ਰੋਜ਼। ਭਗਤਿ ਬਣੀ=ਭਗਤੀ (ਭਾਵਨਾ) ਬਣੀ ਰਹਿੰਦੀ ਹੈ। ਖਿਨੁ ਖਿਨੁ=ਹਰੇਕ ਖਿਨ। ਨਿਮਖ=ਅੱਖ ਝਮਕਣ ਜਿਤਨਾ ਸਮਾਂ। ਵਿਖਾ=ਕਦਮ। ਪ੍ਰਭ ਕੇਰੀ=ਪ੍ਰਭੂ ਦੀ। ਸਭੁ ਲੋਕੁ=ਸਾਰਾ ਲੋਕ। ਵੇਖਣਿ=ਵੇਖਣ ਲਈ।

ਕੀਆ=ਕੀਤਾ। ਤੀਰਥ ਉਦਮ=ਤੀਰਥਾਂ ਤੇ ਜਾਣ ਦਾ ਉਦਮ। ਸਤਿਗੁਰੂ=ਸਤਿਗੁਰੂ ਨੇ। ਸਭ ਲੋਕ=ਸਭ ਲੋਕਾਂ ਦੇ। ਉਧਰਣ ਅਰਥਾ=ਉਧਾਰ ਕਰਨ ਹਿਤ।੨।

**ਅਰਥ:** (ਹੇ ਭਾਈ!) ਅਨੇਕਾਂ ਸਿੱਖ ਮਹਾਨ ਸਤਿਗੁਰੂ ਅਮਰਦਾਸ) ਦੇ ਨਾਲ ਉਸ ਲੰਮੀ ਯਾਤਰਾ ਮਾਰਗ ਤੇ ਗਏ। (ਉਸ ਸਤਰ ਵਿਚ) ਹਰੇਕ ਖਿਨ, ਨਿਮਖ ਤੇ ਨਿਮਖ਼ (ਹਰ) ਕਦਮ ਤੇ ਪ੍ਰਭੂ ਦੀ ਭਗਤੀ ਦਾ (ਅਵਸਰ) ਬਣਿਆ ਰਹਿੰਦਾ ਸੀ।

(ਹੇ ਭਾਈ! ਸਾਰੀ ਯਾਤਰਾ ਵਿਚ) ਪਰਮੇਸ਼ਰ ਦੀ ਭਗਤੀ ਦੀ (ਘੜੀ) ਬਣੀ ਰਹਿੰਦੀ ਸੀ ਸਾਰਾ ਲੋਕ ਹੀ (ਸਤਿਗੁਰੂ ਦਾ) ਦਰਸ਼ਨ ਕਰਨ ਆਉਂਦਾ ਸੀ।

ਜਿਨ੍ਹਾਂ ਨੇ ਮਹਾਨ ਸਤਿਗੁਰੂ ਦਾ ਦਰਸ਼ਨ ਕਰ ਲਿਆ, ਉਨ੍ਹਾਂ ਨੂੰ ਹਰੀ ਨੇ ਆਪ (ਆਪਣੇ ਨਾਲ) ਮਿਲਾ ਲਿਆ (ਭਾਵ ਜੋੜ ਲਿਆ)। ਸਾਰੇ ਲੋਕਾਂ ਦਾ ਉਧਾਰ ਕਰਨ ਹਿੱਤ ਸਤਿਗੁਰੂ (ਅਮਰਦਾਸ ਜੀ ਨੇ ਤੀਰਥਾਂ ਤੇ ਜਾਣ ਦਾ) ਉਦਮ ਕੀਤਾ, (ਉਸ ਸਮੇਂ) ਸਤਿਗੁਰੂ ਦੇ ਨਾਲ ਅਨੇਕਾਂ ਸਿੱਖ (ਇਸ ਲੰਮੀ ਯਾਤਰਾ ਵਾਲੇ) ਮਾਰਗ ਤੇ ਗਏ।੨।

**ਪ੍ਰਥਮ ਆਏ ਕੁਲਖੇਤਿ, ਗੁਰ ਸਤਿਗੁਰ ਪੁਰਬੁ ਹੋਆ ॥ ਖਬਰਿ ਭਈ ਸੰਸਾਰਿ, ਆਏ ਤ੍ਰੈ ਲੋਆ। ਦੇਖਣਿ ਆਏ ਤੀਨਿ ਲੋਕ, ਸੁਰਿ ਨਰ ਮੁਨਿ ਜਨ ਸਭਿ ਆਇਆ। ਜਿਨ ਪਰਸਿਆ ਗੁਰ ਸਤਿਗੁਰੂ ਪੂਰਾ, ਤਿਨ ਕੇ ਕਿਲਵਿਖ ਨਾਸ ਗਵਾਇਆ। ਜੋਗੀ ਦਿਗੰਬਰ ਸੰਨਿਆਸੀ ਖਟੁ ਦਰਸਨੁ, ਕਰਿ ਗਏ ਗੋਸਟਿ ਢੋਆ। ਪ੍ਰਥਮ ਆਏ ਕੁਲੇਖਤਿ, ਗੁਰ ਸਤਿਗੁਰ ਪੁਰਬੁ ਹੋਆ ॥੩॥**

**ਪਦ ਅਰਥ:** ਪ੍ਰਥਮ=ਪਹਿਲਾ। ਕੁਲਖੇਤਿ=ਕੁਰੂਖੇਤਰ ਵਿਖੇ। ਗੁਰ ਸਤਿਗੁਰ ਪੁਰਬੁ=ਮਹਾਨ ਗੁਰੂ ਦਾ ਪਵਿੱਤਰ ਦਿਨ। ਹੋਆ=ਹੋਇਆ, ਬਣ ਗਿਆ। ਭਈ=ਹੋ ਗਈ। ਸੰਸਾਰਿ=ਸੰਸਾਰ ਵਿਚ। ਤ੍ਰੈ ਲੋਅ=(ਮਾਨੋ) ਤਿੰਨ ਲੋਕ ਭਾਵ ਬੇਅੰਤ ਜੀਵ। ਦੇਖਣਿ ਆਏ=ਵੇਖਣ ਲਈ (ਦਰਸ਼ਨ ਲਈ) ਆਏ। ਸੁਰਿ ਨਰ=ਦੈਵੀ ਸੁਭਾਵ ਵਾਲੇ ਮਨੁੱਖ। ਮੁਨਿ ਜਨਿ=ਮੁਨੀ, ਰਿਸ਼ੀ ਜਨ। ਜਿਨ ਪਰਸਿਆ=ਜਿਨ੍ਹਾਂ ਨੇ (ਗੁਰੂ ਨੂੰ) ਪਰਸਿਆ ਭਾਵ ਦਰਸ਼ਨ ਕੀਤਾ ਮੱਥਾ ਟੇਕਿਆ। ਕਿਲਵਿਖ=ਪਾਪ। ਦਿਗੰਬਰ=ਨਾਂਗੇ। ਸਨਿਆਸੀ=ਜੋਗੀਆਂ ਵਿੱਚ ਇਕ ਫਿਰਕੇ ਦਾ ਨਾਂ। ਖਟੁ ਦਰਸਨੁ=ਛੇ ਭੇਖ (ਜੋਗੀ, ਸੰਨਿਆਸੀ, ਜੰਗਮ, ਬੋਧੀ, ਸਰੇਵੜੇ, ਬੈਰਾਗੀ)। ਗੋਸਟਿ=ਗੋਸ਼ਟੀ, ਪਰਸਪਰ ਵੀਚਾਰ। ਢੋਆ=ਭੇਟਾ।੩।

**ਅਰਥ:** (ਹੇ ਭਾਈ!) ਸ੍ਰੀ ਗੁਰੂ (ਅਮਰਦਾਸ ਜੀ) ਪਹਿਲਾਂ ਕੁਰੂਖੇਤ੍ਰ ਵਿਖੇ ਪਹੁੰਚੇ (ਉਥੇ ਮਾਨੋ ਲੋਕਾਂ ਲਈ) ਗੁਰ ਸਤਿਗੁਰੂ ਦਾ ਪਵਿੱਤਰ ਪੁਰਬ (ਵਾਲਾ) ਦਿਨ ਬਣ ਗਿਆ। (ਸਾਰੇ) ਸੰਸਾਰ ਵਿਚ (ਗੁਰੂ ਸਾਹਿਬ ਦੇ ਆਉਣ ਦੀ) ਖ਼ਬਰ ਹੋ ਗਈ, (ਮਾਨੋ) ਤਿੰਨ ਲੋਕਾਂ ਦੇ (ਜੀਵ ਦਰਸ਼ਨ ਕਰਨ ਲਈ) ਆ ਪਹੁੰਚੇ। (ਸ੍ਰੀ ਗੁਰੂ ਅਮਰਦਾਸ ਜੀ ਦੇ) ਵੇਖਣ ਲਈ (ਭਾਵ ਦਰਸ਼ਨ ਕਰਨ ਲਈ) ਤਿੰਨ ਲੋਕਾਂ ਦੇ (ਜੀਵ ਆਏ) ਦੈਵੀ-ਸੁਭਾਵ ਵਾਲੇ ਮਨੁੱਖ, ਮੁਨੀ ਜਨ (ਰਿਸ਼ੀ ਅਤੇ ਹੋਰ) ਸਾਰਾ ਲੋਕ ਆਇਆ। ਜਿਨ੍ਹਾਂ ਨੇ

ਪੂਰੇ ਮਹਾਨ ਸਤਿਗੁਰੂ ਨੂੰ ਪਰਸਿਆ(ਭਾਵ ਦਰਸ਼ਨ ਕੀਤੇ. ਗੁਰੂ ਸਾਹਿਬ ਨੇ) ਉਨ੍ਹਾਂ ਦੇ (ਸਾਰੇ) ਪਾਪਾਂ ਦਾ ਨਾਸ਼ ਕਰ ਦਿੱਤਾ ਜੋਗੀ. ਨਾਂਗੇ. ਸਨਿਆਸੀ, ਛੇ ਭੇਖਾਂ ਦੇ ਸਾਧੂ (ਸਾਰੇ ਹੀ) ਦਰਸ਼ਨ ਕਰਕੇ ਗਏ, ਗੋਸ਼ਟੀ ਕੀਤੀ (ਅਤੇ ਸਤਿਗੁਰਾਂ ਨੂੰ) ਢੋਆ ਪੇਸ਼ ਕੀਤਾ (ਭਾਵ ਭੇਟਾਵਾਂ ਅਰਪਨ ਕੀਤੀਆਂ)। (ਇਸ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ) ਪਹਿਲਾਂ ਕੁਰਖੇਤਰ ਆਏ (ਮਾਨੋ ਇਹ ਦਿਨ) ਮਹਾਨ ਸਤਿਗੁਰੂ ਜੀ ਦਾ ਪਵਿੱਤਰ ਪੁਰਬ (ਵਾਲਾ ਦਿਨ ਪ੍ਰਗਟ) ਹੋ ਗਿਆ।੩।

**ਦੁਤੀਆ ਜਮੁਨ ਗਏ, ਗੁਰਿ ਹਰਿ ਹਰਿ ਜਪਨੁ ਕੀਆ ॥ ਜਾਗਾਤੀ ਮਿਲੇ ਦੇ ਭੇਟ, ਗੁਰ ਪਿਛੈ ਲੰਘਾਇ ਦੀਆ ॥ ਸਭ ਛੁਟੀ ਸਤਿਗੁਰੂ ਪਿਛੈ, ਜਿਨਿ ਹਰਿ ਹਰਿ ਨਾਮੁ ਧਿਆਇਆ ॥ ਗੁਰ ਬਚਨਿ ਮਾਰਗਿ ਜੋ ਪੰਥਿ ਚਾਲੇ, ਤਿਨ ਜਮੁ ਜਾਗਾਤੀ ਨੇੜਿ ਨ ਆਇਆ ॥ ਸਭ ਗੁਰੂ ਗੁਰੂ ਜਗਤੁ ਬੋਲੈ, ਗੁਰ ਕੈ ਨਾਇ ਲਇਐ, ਸਭ ਛੁਟਕਿ ਗਇਆ ॥ ਦੁਤੀਆ ਜਮੁਨ ਗਏ, ਗੁਰਿ ਹਰਿ ਹਰਿ ਜਪਨੁ ਕੀਆ ॥੪॥**

**ਪਦ ਅਰਥ:** ਦੁਤੀਆ=ਦੂਜੇ (ਦਿਨ)। ਜਮੁਨ=ਜਮਨਾ (ਨਦੀ) ਤੇ। ਗੁਰਿ=ਗੁਰੂ (ਅਮਰਦਾਸ ਜੀ) ਨੇ। ਜਪਨੁ ਕੀਆ=ਜਾਪ ਕੀਤਾ। ਜਾਗਾਤੀ=ਮਸੂਲੀਏ, ਚੁੰਗੀ ਲੈਣ ਵਾਲੇ। ਦੇ=ਦੇ ਕੇ। ਗੁਰ ਪਿਛੈ=ਗੁਰੂ ਦੇ ਪਿਛੇ ਤੁਰਨ ਵਾਲਿਆਂ ਨੂੰ। ਲੰਘਾਇ ਦੀਆ=ਪਾਰ ਕਰ ਦਿੱਤਾ। ਸਭ=ਸਾਰੀ ਲੋਕਾਈ। ਛੁਟੀ=ਮਸੂਲ (ਚੁੰਗੀ) ਦੇਣ ਤੋਂ ਛੁਟ ਗਈ। ਜਿਨਿ=ਜਿਸ (ਜਿਸ ਨੇ)। ਧਿਆਇਆ=ਸਿਮਰਿਆ। ਗੁਰਿ ਬਚਨਿ=ਗੁਰੂ ਬਚਨ ਦੁਆਰਾ। ਮਾਰਗ=ਰਸਤੇ ਉਤੇ। ਜੋ ਪੰਥਿ ਚਾਲੇ=ਜੋ (ਧਰਮ ਦੇ) ਰਸਤੇ ਤੇ ਚਲੇ। ਤਿਨ=ਉਨ੍ਹਾਂ ਦੇ। ਜਮੁ ਜਾਗਾਤੀ=ਮਸੂਲੀਆ, ਜਮਰਾਜ। ਨੇੜਿ=ਨੇੜੇ। ਜਗਤੁ=ਸਾਰਾ ਸੰਸਾਰ ਹੀ। ਬੋਲੈ=ਉਚਾਰਦਾ ਹੈ। ਨਾਇ ਲਇਐ=ਨਾਮ ਲੈਣ ਨਾਲ। ਛੁਟਕਿ ਗਇਆ=ਛੁਟਕਾਰਾ ਹੋ ਗਿਆ।੪।

**ਅਰਥ:** ਦੂਜੇ (ਦਿਨ ਗੁਰੂ ਅਮਰਦਾਸ ਜੀ) ਜਮਨਾ ਨਦੀ ਤੇ ਪਹੁੰਚ ਗਏ (ਉਥੇ ਵੀ) ਗੁਰੂ ਜੀ ਨੇ ਪਰਮਾਤਮਾ ਦੇ ਨਾਮ ਦਾ ਹੀ ਜਾਪ ਕੀਤਾ। (ਜਾਤ੍ਰੀਆਂ ਪਾਸੋਂ) ਮਸੂਲ ਲੈਣ ਵਾਲੇ ਭੀ(ਸਤਿਗੁਰੂ ਅੱਗੇ) ਭੇਟਾ ਰਖ ਕੇ ਮਿਲੇ (ਅਤੇ ਗੁਰੂ ਦੇ ਸਿੱਖ ਆਖਣ ਲੱਗੇ ਕਿ ਮਸੂਲੀਆਂ ਨੇ) ਜਾਤ੍ਰੀਆਂ ਨੂੰ ਗੁਰੂ ਸਤਿਗੁਰੂ ਦੇ ਪਿਛੇ (ਭਾਵ ਸਤਿਗੁਰੂ ਜੀ ਦਾ ਸਤਿਕਾਰ ਕਰਕੇ ਉਥੋਂ ਬਿਨਾਂ ਮਸੂਲ ਲਏ) ਪਾਰ ਲੰਘਾ ਦਿੱਤਾ।

(ਹੇ ਭਾਈ!) ਜਿਸ (ਜਿਸ) ਨੇ ਪਰਮਾਤਮਾ ਦਾ ਨਾਮ ਸਿਮਰਿਆ (ਸਾਰੀ ਲੁਕਾਈ) ਸਤਿਗੁਰੂ ਦੇ ਪਿਛੇ (ਮਸੂਲ ਦੇਣ ਤੋਂ) ਛੁਟ ਗਈ। ਜੋ ਗੁਰੂ ਦੇ ਬਚਨਾਂ ਦੁਆਰਾ ਗੁਰੂ ਦੇ ਦੱਸੇ) ਮਾਰਗ ਅਥਵਾ ਪੰਥ ਤੇ ਚਲੇ, ਜਮ ਰਾਜ ਮਸੂਲੀਆ ਉਨ੍ਹਾਂ ਦੇ ਨੇੜੇ ਨਹੀਂ ਆਇਆ। ਸਾਰਾ ਜਗਤ ਹੀ ਗੁਰੂ (ਭਾਵ ਗੁਰੂ ਦਾ ਜੈਕਾਰ) ਬੋਲਦਾ ਹੈ, ਗੁਰੂ ਦਾ ਨਾਮ ਲੈਣ ਨਾਲ ਸਾਰਿਆਂ ਦਾ (ਮਸੂਲ) ਛੁੱਟ ਗਿਆ।

ਦੂਜੇ (ਦਿਨ) ਜਮਨਾ ਨਦੀ ਤੇ ਪਹੁੰਚੇ, ਸਤਿਗੁਰੂ ਜੀ ਨੇ (ਉਥੇ ਭੀ) ਪਰਮਾਤਮਾ ਦੇ ਨਾਮ ਦਾ ਹੀ ਜਾਪ ਕੀਤਾ।੪।

**ਤ੍ਰਿਤੀਆ ਆਏ ਸੁਰਸਰੀ, ਤਹ ਕਉਤਕੁ ਚਲਤੁ ਭਇਆ ॥ ਸਭ ਮੋਹੀ ਦੇਖਿ**

**ਦਰਸਨੁ ਗੁਰ ਸੰਤ, ਕਿਨੈ ਆਢੁ ਨ ਦਾਮੁ ਲਇਆ ॥ ਆਢੁ ਦਾਮੁ ਕਿਛੁ ਪਇਆ ਨ ਬੋਲਕ, ਜਾਗਾਤੀਆ ਮੋਹਣ ਮੁੰਦਣਿ ਪਈ ॥ ਭਾਈ ਹਮ ਕਰਹ ਕਿਆ, ਕਿਸੁ ਪਾਸਿ ਮਾਂਗਹ, ਸਭ ਭਾਗਿ ਸਤਿਗੁਰ ਪਿਛੈ ਪਈ ॥ ਜਾਗਾਤੀਆ ਉਪਾਵ ਸਿਆਣਪ ਕਰਿ ਵੀਚਾਰੁ ਡਿਠਾ, ਭੰਨਿ ਬੋਲਕਾ ਸਭਿ ਉਠਿ ਗਇਆ ॥ ਤ੍ਰਿਤੀਆ ਆਏ ਸੁਰਸਰੀ, ਤਹ ਕਉਤਕੁ ਚਲਤੁ ਭਇਆ॥੫॥**

**ਪਦ ਅਰਥ:** ਤ੍ਰਿਤੀਆ=ਤੀਜੇ (ਦਿਨ)। ਸੁਰਸਰੀ=ਗੰਗਾ ਤੇ। ਤਹ=ਉਥੇ (ਗੰਗਾ ਤੇ)। ਕਉਤਕੁ=ਤਮਾਸ਼ਾ ਚਲਤੁ=ਅਜੀਬ, ਅਸਚਰਜ। ਸਭ=ਸਾਰੀ ਲੋਕਾਈ। ਮੋਹੀ=ਮਸਤ ਹੋ ਗਈ। ਦੇਖਿ=ਵੇਖ ਕੇ। ਦਰਸਨੁ ਗੁਰ ਸੰਤ=ਗੁਰੂ ਸੰਤ ਦਾ ਦਰਸ਼ਨ। ਕਿਨੈ=ਕਿਸੇ (ਮਸੂਲੀਏ) ਨੇ। ਆਢੁ ਨ ਦਾਮੁ ਲਇਆ=ਅੱਧੀ ਕੌਡੀ, ਅੱਧਾ ਪੈਸਾ ਵੀ ਨਾ ਲਿਆ। ਬੋਲਕ=(ਮਸੂਲੀਆਂ ਦੀ) ਗੋਲਕ ਵਿਚ। ਜਾਗਾਤੀਆ=ਮਸੂਲ ਲੈਣ ਵਾਲਿਆਂ ਨੂੰ। ਮੋਹਣ ਮੁੰਦਣਿ ਪਈ=ਦੰਦਣ ਵਾਂਗ ਜ਼ੁਬਾਨ ਬੰਦ ਹੋ ਗਈ, ਮੂੰਹੋਂ ਬੋਲਣ ਜੋਗੇ ਨ ਰਹੇ। ਭਾਈ=ਹੇ ਭਾਈ!। ਹਮ ਕਰਹ ਕਿਆ=ਅਸੀਂ ਕੀ ਕਰੀਏ? ਕਿਸੁ ਪਾਸਿ ਮਾਂਗਹ=ਕਿਸ ਤੋਂ (ਚੁੰਗੀ) ਮੰਗੀਏ?। ਸਭ=ਸਾਰੀ ਲੋਕਾਈ। ਭਾਗਿ=ਭੱਜ ਕੇ। ਸਤਿਗੁਰ ਪਿਛੈ ਪਈ। ਸਤਿਗੁਰੂ ਦੇ ਪਿਛੇ ਚਲ ਪਈ। ਜਾਗਾਤੀਆਂ=ਮਸੂਲੀਆ ਨੇ। ਉਪਾਵ=ਹੀਲੇ, ਵਸੀਲੇ। ਕਰਿ ਵੀਚਾਰ ਡਿਠਾ=ਵੀਚਾਰ ਕਰਕੇ ਵੇਖ ਲਿਆ। ਭੰਨਿ=ਭੰਨ ਤੋੜ ਕੇ। ਬੋਲਕਾ=ਗੋਲਕਾਂ। ਸਭਿ ਉਠਿ ਗਇਆ=ਸਾਰੇ ਚਲੇ ਗਏ। ਕਉਤਕ ਚਲਤ ਭਇਆ=ਅਸਚਰਜ ਤਮਾਸ਼ਾ ਹੋਇਆ।੫।

**ਅਰਥ:** ਤੀਜੇ (ਦਿਨ ਗੁਰੂ ਜੀ) ਗੰਗਾ ਤੇ ਪਹੁੰਚੇ, ਉਸ ਥਾਂ ਤੇ ਇਕ ਅਜੀਬ ਤਮਾਸ਼ਾ ਹੋਇਆ। ਸੰਤ ਗੁਰੂ (ਅਮਰਦਾਸ ਜੀ) ਦਾ ਦਰਸ਼ਨ ਕਰਕੇ ਸਾਰੀ ਲੋਕਾਈ ਮਸਤ ਹੋ ਗਈ। ਕਿਸੇ (ਮਸੂਲੀਏ) ਨੇ (ਕਿਸੇ ਯਾਤ੍ਰੀ ਪਾਸੋਂ) ਅੱਧੀ ਕੌਡੀ (ਮਸੂਲ ਭੀ) ਨਾ ਲਿਆ। ਮਸੂਲੀਆਂ ਦੀ ਗੋਲਕ ਵਿਚ ਅੱਧੀ ਕੌਡੀ ਭੀ ਮਸੂਲ ਨਾ ਪਿਆ, ਮਸੂਲੀਆਂ ਦੇ ਮੂੰਹਾਂ ਨੂੰ ਮੁੰਦਣ ਪੈ ਗਈ (ਭਾਵ ਮੂੰਹ ਬੰਦ ਹੋ ਗਏ, ਖਾਮੋਸ਼ੀ ਛਾ ਗਈ)! (ਉਹ ਕਹਿਣ ਲੱਗੇ) ਅਸੀ (ਹੁਣ) ਕੀ ਕਰੀਏ? ਕਿਸ ਪਾਸੋਂ (ਮਸੂਲ) ਮੰਗੀਏ? (ਕਿਉਂਕਿ) ਸਾਰੀ ਲੋਕਾਈ ਭੱਜ ਕੇ ਗੁਰੂ ਦੀ ਸ਼ਰਨ ਜਾ ਪਈ ਹੈ (ਜਿਹੜੇ ਆਪ ਨੂੰ ਗੁਰੂ ਨਾਲ ਆਏ ਦਸਦੇ ਹਨ, ਉਨ੍ਹਾਂ ਪਾਸੋਂ ਅਸੀਂ ਮਸੂਲ ਨਹੀਂ ਲੈ ਸਕਦੇ)। ਹੇ ਭਾਈ!) ਮਸੂਲੀਆਂ ਨੇ ਕਈ ਤਰੀਕੇ ਤੇ ਸਿਆਣਪਾਂ ਵੀਚਾਰ ਕਰਕੇ ਵੇਖ ਲਿਆ (ਕਿ ਮਸੂਲ ਲੈਣ ਲਈ ਇਥੇ ਸਾਡੀ ਕੋਈ ਪੇਸ਼ ਨਹੀਂ ਚਲਦੀ, ਓਹ ਆਪਣੀਆਂ) ਗੋਲਕਾਂ ਬੰਦ ਕਰਕੇ, ਸਾਰਾ (ਟੋਲਾ) ਉਠ ਕੇ ਉਥੋਂ ਚਲਾ ਗਿਆ (ਇਸ ਤਰ੍ਹਾਂ) ਤੀਜੇ (ਦਿਨ) ਗੰਗਾ ਪਹੁੰਚੇ, ਉਥੇ ਇਹ ਅਜੀਬ ਤਮਾਸ਼ਾ ਹੋਇਆ।੫।

**ਮਿਲਿ ਆਏ ਨਗਰ ਮਹਾ ਜਨਾ, ਗੁਰ ਸਤਿਗੁਰ ਓਟ ਗਹੀ ॥ ਗੁਰੁ ਸਤਿਗੁਰੁ ਗੁਰੁ ਗੋਵਿਦੁ ਪੁਛਿ, ਸਿਮ੍ਰਿਤਿ ਕੀਤਾ ਸਹੀ ॥ ਸਿਮ੍ਰਿਤਿ ਸਾਸਤ੍ਰ ਸਭਨੀ ਸਹੀ ਕੀਤਾ, ਸੁਕਿ ਪ੍ਰਹਿਲਾਦਿ ਸ੍ਰੀ ਰਾਮਿ, ਕਰਿ ਗੁਰ ਗੋਵਿਦੁ ਧਿਆਇਆ ॥ ਦੇਹੀ**

**ਨਗਰਿ ਕੋਟਿ, ਪੰਚ ਚੋਰ ਵਟਵਾਰੇ, ਤਿਨ ਕਾ ਥਾਉ ਥੇਹੁ ਗਵਾਇਆ ॥ ਕੀਰਤਨ ਪੁਰਾਣ ਨਿਤ ਪੁੰਨ ਹੋਵਹਿ, ਗੁਰ ਬਚਨਿ ਨਾਨਕਿ ਹਰਿ ਭਗਤਿ ਲਹੀ ॥ ਮਿਲਿ ਆਏ ਨਗਰ ਮਹਾਜਨਾ, ਗੁਰ ਸਤਿਗੁਰ ਓਟ ਗਹੀ ॥੬॥੪॥੧੦॥**

**ਪਦ ਅਰਥ:** ਮਿਲਿ=ਮਿਲ ਕੇ, ਇਕੱਠੇ ਹੋ ਕੇ। ਨਗਰ ਮਹਾ ਜਨਾ=ਨਗਰ ਦੇ ਵੱਡੇ ਮਨੁੱਖ। ਓਟ ਗਹੀ=ਸ਼ਰਨ ਪਕੜੀ। ਪੁਛਿ=ਪੁੱਛ ਕੇ। ਕੀਤਾ ਸਹੀ=ਅਸਲ ਨਿਰਣਾ ਕੀਤਾ। ਸਿਮ੍ਰਿਤਿ= ਸਿਮ੍ਰਤੀਆਂ। ਸਭਨੀ=ਸਭ ਸਿਰ ਕਢ ਮਨੁੱਖਾਂ ਨੇ। ਸਭਿ=ਸਭਨਾ ਨੇ। ਪ੍ਰਹਿਲਾਦਿ=ਪ੍ਰਹਿਲਾਦ ਨੇ। ਸ੍ਰੀ ਰਾਮਿ=ਸ੍ਰੀ ਰਾਮ (ਚੰਦਰ) ਨੇ। ਕਰਿ=ਕਰਕੇ, ਆਖ ਕੇ। ਕਰਿ ਗੁਰ ਗੋਬਿੰਦੁ=ਗੁਰ ਗੋਵਿੰਦ ਉਚਾਰ ਕੇ। ਦੇਹਿ ਨਗਰਿ=ਸਰੀਰ ਨਗਰੀ ਵਿਚ। ਕੋਟਿ=(ਸਰੀਰ ਰੂਪੀ) ਕਿਲ੍ਹੇ ਵਿਚ ਵਟਵਾਰੇ=ਡਾਕੂ, ਰਾਹ-ਮਾਰ। ਥਾਉ ਥੇਹ=ਸਰੀਰ ਨਗਰੀ ਵਿਚ। ਕੋਟਿ=(ਸਰੀਰ ਰੂਪੀ)ਕਿਲ੍ਹੇ ਵਿਚ। ਵਟਵਾਰੇ=ਡਾਕੂ, ਰਾਹ-ਮਾਰ। ਥਾਉ ਥੇਹੁ=ਖੋਜ, ਨਿਸ਼ਾਨ। ਹੋਵਹਿ=ਹੁੰਦੇ ਹਨ। ਨਾਨਕਿ=(ਗੁਰੂ) ਨਾਨਕ ਦੀ ਰਾਹੀਂ। ਲਹੀ=ਲੱਭ ਲਈ ਹੈ।੬।

**ਅਰਥ:** (ਹੇ ਭਾਈ!) ਨਗਰ ਦੇ ਵੱਡੇ ਸਿਰ ਕੱਢ ਮਨੁੱਖ ਮਿਲ ਕੇ (ਗੁਰੂ ਅਮਰਦਾਸ ਜੀ ਪਾਸ) ਆਏ, ਉਨ੍ਹਾਂ ਵੀ ਗੁਰੂ ਸਿਤਗੁਰੂ ਦੀ ਓਟ ਫੜੀ। (ਓਹਨਾਂ ਗੁਰੂ ਪਾਸੋਂ) ਪੁੱਛ ਕੇ ਉਹਨਾਂ ਪੰਚਾਂ ਨੇ ਇਹ ਸਹੀ ਨਿਰਣਾ ਕੀਤਾ ਕਿ ਗੁਰੂ ਸਤਿਗੁਰੂ ਗੁਰੂ ਗੋਵਿੰਦ ਨੂੰ (ਆਪਣੇ ਹਿਰਦੇ ਵਿਚ ਵਸਾਣਾ ਹੀ ਅਸਲ) ਸਿਮ੍ਰਤੀਆਂ ਹਨ।

(ਹੇ ਭਾਈ!) ਉਹਨਾਂ ਸਾਰੇ ਮਹਾਂਜਨਾਂ (ਪੰਚਾਂ) ਨੇ (ਗੁਰੂ ਪਾਸੋਂ ਪੁੱਛ ਕੇ) ਇਹ ਨਿਰਣਾ ਕਰ ਲਿਆ (ਜਿਵੇਂ ਕਿ) ਸੁਕਦੇਵ ਨੇ, ਪ੍ਰਹਿਲਾਦ ਨੇ, ਸ੍ਰੀ ਰਾਮ ਚੰਦਰ ਨੇ 'ਗੋਵਿੰਦ' ਗੋਵਿੰਦ 'ਆਖ ਕੇ' ਗੁਰੂ-ਗੋਵਿੰਦ ਦਾ ਨਾਮ ਸਿਮਰਿਆ (ਇਸ ਤਰ੍ਹਾਂ ਗੁਰ ਗੋਵਿੰਦ ਨੂੰ ਸਿਮਰਨਾ ਹੀ ਅਸਲ) ਸਿਮ੍ਰਤੀਆਂ ਦੇ ਸ਼ਾਸ਼ਤਰ ਹਨ, ਸਰੀਰ ਨਗਰ ਵਿਚ ਵੱਸਣ ਵਾਲੇ, ਸਰੀਰ ਰੂਪੀ ਕਿਲੇ ਵਿਚ ਰਹਿਣ ਵਾਲੇ (ਕਾਮਾਦਿਕ) ਪੰਜ ਚੋਰਾਂ ਅਰਥਾਤ ਪੰਜ ਡਾਕੂਆਂ ਨੂੰ( ਮਾਰ ਕੇ) ਉਹਨਾਂ ਦਾ ਆਪਣੇ ਅੰਦਰੋਂ ਨਾਮੋ-ਨਿਸ਼ਾਨ ਮਿਟਾਅ ਦਿੱਤਾ।

(ਹੇ ਭਾਈ!) ਨਗਰ ਦੇ ਪੰਚ ਜਨਾਂ ਨੇ) ਗੁਰੂ ਨਾਨਕ ਜੀ ਦੀ ਰਾਹੀਂ, ਗੁਰੂ ਉਪਦੇਸ਼ ਦੀ ਰਾਹੀਂ ਪਰਮੇਸ਼ੁਰ ਦੀ ਭਗਤੀ ਕਰਨ ਦੀ ਦਾਤ ਪ੍ਰਾਪਤ ਕਰ ਲਈ। (ਨਗਰ ਵਿਚ) ਕੀਰਤਨ ਹੋਣ ਲੱਗ ਪਏ (ਇਹ ਉਹਨਾਂ ਪੰਚ ਜਨਾਂ ਲਈ ਮਾਨੋਂ) ਪੁਰਾਣਾ ਦੇ ਪਾਠ ਅਤੇ ਪੁੰਨ ਦਾਨ (ਆਦਿ) ਹੋ ਗਏ।

(ਹੇ ਭਾਈ!) ਨਗਰ ਦੇ ਸਿਰ ਕੱਢ ਮਨੁੱਖ ਮਿਲ ਕੇ (ਗੁਰੂ ਅਮਰਦਾਸ ਜੀ ਕੋਲ) ਆਏ, (ਉਹਨਾਂ) ਗੁਰੂ ਦੀ ਓਟ ਫੜੀ, (ਇਸ ਤਰ੍ਹਾਂ ਗੁਰੂ ਜੀ ਨੇ ਤੀਰਥ ਯਾਤਰਾ ਦੇ ਬਹਾਨੇ ਆਏ ਲੋਕਾਂ ਨੂੰ ਰੱਬੀ-ਨਾਮ ਨਾਲ ਜੋੜਿਆ ਤੇ ਸਭ ਦਾ ਉਧਾਰ ਕੀਤਾ)।੬।੪।੧੦।

## ਅਰਥ ਭੇਦ ਅਤੇ ਨਿਰਣੈ

**ਗੁਰੁ ਸਤਿਗੁਰੁ ਗੁਰੁ ਗੋਵਿਦੁ ਪੁਛਿ ਸਿਮ੍ਰਿਤਿ ਕੀਤਾ ਸਹੀ ॥**

**ਸਿਮ੍ਰਿਤਿ ਸਾਸਤ੍ਰ ਸਭਨੀ ਸਹੀ ਕੀਤਾ,**
**ਸੁਕਿ ਪ੍ਰਹਿਲਾਦਿ ਸ੍ਰੀ ਰਾਮਿ, ਕਰਿ ਗੁਰ ਗੋਵਿਦੁ ਧਿਆਇਆ ॥**

ਵਖ ਵਖ ਅਰਥ:

੧- (ਗੁਰੂ) ਪੂਜਣੇ ਜੋਗ ਜੋ ਸਤਿਗੁਰੂ ਹੈਂ ਸੋ ਗੁਰੂ ਗੋਵਿੰਦ ਜੀ ਕਾ ਸਰੂਪ ਹੀ ਹੈਂ ਐਸੇ ਸਿਮ੍ਰਿਤੀਓਂ ਦ੍ਵਾਰੇ (ਸਹੀ) ਨਿਸ਼ਚੈ ਕੀਆ ਹੈ। ਸਭੀ ਸਿੰਮ੍ਰਤੀਆਂ ਸ਼ਾਸ਼ਤ੍ਰੋਂ ਨੇ ਗੁਰੋਂ ਕੋ ਗੋਵਿੰਦ ਰੂਪ ਸਹੀ ਕੀਆ ਹੈ ਕੋਈ ਪੂਰਨ ਜੋਤਿਸੀ ਓਸ ਨੇ ਕਹਾ ਏਹੁ ਈਸ੍ਵਰ ਅਵਤਾਰ ਹੈਂ ਸੁਕਦੇਵ ਪ੍ਰਹਿਲਾਦ ਆਦਿਕੋਂ ਨੇ ਸ੍ਰੀ ਰਾਮ ਗੋਬਿੰਦ ਰੂਪ ਜਾਣ ਕਰ ਗੁਰੋਂ ਕੋ ਧਯਾਯਾ ਹੈ। [ਫ.ਸ.

੨- ਪੈਂਚਾਂ ਨੇ ਗੁਰੂ ਪਾਸੋਂ ਪੁੱਛ ਕੀਤੀ ਤੇ ਉਨ੍ਹਾਂ ਸਿੰਮ੍ਰਿਤੀ ਵਿਚੋਂ ਹੀ ਸਭ ਕੁਝ ਸਹੀ ਕਰ ਦਸਿਆ ਕਿ ਜਿਵੇਂ ਸੁਕਦੇਵ ਪ੍ਰਹਿਲਾਦ ਰਾਮ ਚੰਦਰ ਜੀ ਨੇ ਗੁਰੂ ਗੋਬਿੰਦ ਕਰਕੇ ਧਿਆਇਆ। [ਸ਼ਬਦਾਰਥ

੩- (ਜਿਵੇਂ) ਸੁਕਦੇਵ ਨੇ ਪ੍ਰਹਿਲਾਦ ਨੇ ਸ੍ਰੀ ਰਾਮ ਚੰਦਰ ਨੇ 'ਗੋਵਿੰਦੁ ਗੋਵਿੰਦ' ਆਖ ਆਖ ਕੇ 'ਗੁਰੂ ਗੋਵਿੰਦ ਨਾਮ ਸਿਮਰਿਆ ਸੀ (ਤਿਵੇਂ ਗੁਰ ਗੋਬਿੰਦ ਨੂੰ ਸਿਮਰਨਾ ਹੀ ਅਸਲ) ਸਿਮ੍ਰਤੀਆਂ ਤੇ ਸ਼ਾਸ਼ਤਰ ਹਨ। [ਦਰਪਣ

੪- ਸਭਨਾ ਨੂੰ ਸਹੀ ਹੋ ਗਿਆ ਕਿ ਸਚਾ ਸਿਮ੍ਰਿਤ ਸਾਸਤ੍ਰ ਕਿਹੜਾ ਹੈ ਅਤੇ ਸਭਨਾ ਨੇ ਇਹ ਭੀ ਸਹੀ ਕਰ ਲਿਆ, ਸੁਕ ਨੇ, ਪ੍ਰਹਿਲਾਦ ਨੇ ਸਿਰੀ ਰਾਮ ਚੰਦਰ ਨੇ ਓੜਕ ਗੁਰੂ ਧਾਰਨ ਕਰਕੇ ਗੋਵਿੰਦ ਵਾਹਿਗੁਰੂ ਹਰਿ ਧਿਆਇਆ। [ਗੁਰਬਾਣੀ ਵਿਲਖਣਤਾ-ਭਾ. ਸ. ਰਣਧੀਰ ਸਿੰਘ ਜੀ

**ਨਿਰਣੈ:** ਸ੍ਰੀ ਗੁਰੂ ਅਮਰਦਾਸ ਜੀ ਪਾਸ 'ਨਾਨਕ-ਬਾਣੀ' ਮੌਜੂਦ ਸੀ, ਉਨ੍ਹਾ ਨੂੰ ਸਿਮ੍ਰਿਤੀਆਂ ਵਿਚੋਂ ਸਭ ਕੁਝ ਸਹੀ ਕਰਨ ਵਾਲੀ ਗਲ ਕਿਵੇਂ ਸਹੀ ਮੰਨੀ ਜਾ ਸਕਦੀ ਹੈ? ਫਰੀਦਕੋਟ ਵਾਲੇ ਸਟੀਕ, ਸ਼ਬਦਾਰਥ ਤੇ ਹੋਰ ਟੀਕਾਕਾਰਾਂ ਨੇ ਵਿਆਖਿਆ ਕੀਤੀ ਹੈ, ਉਹ ਠੀਕ ਨਹੀਂ ਹੈ। ਦਰਪਣ ਵਾਲੇ ਅਰਥ ਗੁਰਮਤਿ ਅਨੁਕੂਲ ਹਨ।

## ਸਾਰੰਸ਼ ਅਤੇ ਸਿਧਾਂਤ

ਗੁਰੂ ਅਮਰਦਾਸ ਜੀ ਸਿਖ ਬਣਨ ਤੋਂ ਪਹਿਲਾਂ ੧੯ ਵਾਰੀ ਤੀਰਥਾਂ ਦੀ ਯਾਤਰਾ ਕਰਨ ਗਏ ਸਨ, ਪਰ ਜਦ ਗੁਰ ਅੰਗਦ ਸਾਹਿਬ ਜੀ ਦਾ ਮਿਲਾਪ ਹੋਇਆ ਤਾਂ ਤੀਰਥ-ਯਾਤਰਾ ਦਾ ਖ਼ਿਆਲ ਮਿਟ ਗਿਆ। "ਸਚਾ ਤੀਰਥੁ ਜਿਤੁ ਸਤਸਰਿ ਨਾਵਣੁ, ਗੁਰਮੁਖਿ ਆਪਿ ਬੁਝਾਏ॥ ਅਠਸਠਿ ਤੀਰਥ ਗੁਰ ਸ਼ਬਦਿ ਦਿਖਾਏ ਤਿਤੁ ਨਾਤੈ ਮਲੁ ਜਾਏ" (ਸੂਹੀ ਮ: ੩, ਪੰਨਾ ੭੫੩)। ਗੁਰੂ ਜੀ ਫੇਰ ਉਨ੍ਹਾਂ ਹੀ ਤੀਰਥ-ਅਸਥਾਨਾਂ ਤੇ ਫੇਰੀ ਪਾਂਦੇ ਰਹੇ, ਪਰ ਹੁਣ ਮੰਤਵ ਕੁਝ ਹੋਰ ਹੋ ਗਿਆ। ਮੈਕਾਲਿਫ ਆਦਿ ਨੇ ਗਲਤ ਲਿਖਿਆ ਹੈ ਕਿ ਗੁਰੂ ਜੀ ਬਾਦਸ਼ਾਹ ਦੇ ਆਖੇ ਲੱਗ ਕੇ ਹਿੰਦੂ ਸ਼ਿਕਾਇਤੀਆ ਨੂੰ ਖੁਸ਼ ਕਰਨ ਲਈ ਤੀਰਥ ਯਾਤਰਾ ਲਈ ਗਏ। ਗੁਰੂ ਜੀ ਦਾ ਮੰਤਵ ਇਸੇ ਬਾਣੀ ਅੰਦਰ ਸਪਸ਼ਟ ਦਰਜ ਹੈ ਕਿ 'ਤੀਰਥੁ ਉਦਮੁ ਸਤਿਗੁਰੂ ਕੀਆ, ਸਭ ਲੋਕ ਉਧਰਣ ਅਰਥਾ' ਭਾਵ ਗੁਰੂ ਜੀ ਨੇ ਤੀਰਥਾਂ ਉਤੇ ਜਾਣ ਦਾ ਉਦਮ ਲੋਕਾਂ ਦੇ ਉਧਾਰ ਲਈ ਕੀਤਾ; ਕਿਉਂਕਿ ਲੋਕਾਂ ਦੇ ਉਧਾਰ ਹਿੱਤ ਕੇਵਲ ਧਰਮ ਪ੍ਰਚਾਰ ਕਰਨਾ ਸੀ।

ਉਨ੍ਹਾਂ ਦਿਨਾਂ ਵਿੱਚ ਸਰਕਾਰ ਵਲੋਂ ਹਿੰਦੂ ਯਾਤਰੂਆਂ ਪਾਸੋਂ ਮਸੂਲ ਲਿਆ ਜਾਂਦਾ ਸੀ, ਪਰ ਇਸ ਮੌਕੇ ਤੇ ਬਾਦਸ਼ਾਹ ਨੇ ਗੁਰੂ ਦੀਆਂ ਸੰਗਤਾਂ ਨੂੰ ਮਸੂਲ ਮੁਆਫ਼ ਕਰ ਦਿੱਤਾ ਸੀ, ਜਿਵੇਂ ਕਿ ਹੋਰ ਗ਼ੈਰ-ਹਿੰਦੂਆਂ ਨੂੰ ਛੋਟ ਦਿੱਤੀ ਹੋਈ ਸੀ। ਇਸ ਰਿਆਇਤ ਤੋਂ ਫ਼ਾਇਦਾ ਉਠਾ ਕੇ ਹੋਰ ਲੋਕ ਭੀ ਸਿੱਖ ਹੋਣ ਦਾ ਦਾਹਵਾ ਕਰ ਕੇ ਬਿਨਾ ਮਸੂਲ ਦਿੱਤੇ ਸਿੱਖਾਂ ਨਾਲ ਪਾਰ ਲੰਘ ਗਏ। ਸਿੱਟਾ ਇਹ ਨਿਕਲਿਆ ਕਿ ਮਸੂਲੀਆਂ ਨੂੰ ਇਕ ਕੌਡੀ ਭੀ ਗੋਲਕ ਵਿਚ ਨਾ ਪਈ। ਗੱਲ ਕੀ, ਇਹ ਸਾਰੀ ਬਰਕਤ ਨਾਮ ਦੀ ਸੀ ਜਿਸ ਨੇ ਐਨਾ ਅਸਚਰਜ ਨਜ਼ਾਰਾ ਵਿਖਾ ਦਿੱਤਾ।

## ਤੁਖਾਰੀ ਛੰਤ ਮਹਲਾ ੫

**ੴ ਸਤਿਗੁਰ ਪ੍ਰਸਾਦਿ ॥ ਘੋਲਿ ਘੁਮਾਈ ਲਾਲਨਾ, ਗੁਰਿ ਮਨੁ ਦੀਨਾ ॥ ਸੁਣਿ ਸਬਦੁ ਤੁਮਾਰਾ, ਮੇਰਾ ਮਨੁ ਭੀਨਾ ॥ ਇਹੁ ਮਨੁ ਭੀਨਾ ਜਿਉ ਜਲ ਮੀਨਾ, ਲਾਗਾ ਰੰਗੁ ਮੁਰਾਰਾ ॥ ਕੀਮਤਿ ਕਹੀ ਨ ਜਾਈ ਠਾਕੁਰ, ਤੇਰਾ ਮਹਲੁ ਅਪਾਰਾ ॥ ਸਗਲ ਗੁਣਾ ਕੇ ਦਾਤੇ ਸੁਆਮੀ, ਬਿਨਉ ਸੁਨਹੁ ਇਕ ਦੀਨਾ ॥ ਦੇਹੁ ਦਰਸੁ ਨਾਨਕ ਬਲਿਹਾਰੀ, ਜੀਅੜਾ ਬਲਿ ਬਲਿ ਕੀਨਾ ॥੧॥**

**ਇਹੁ ਤਨੁ ਮਨੁ ਤੇਰਾ, ਸਭਿ ਗੁਣ ਤੇਰੇ ॥ ਖੰਨੀਐ ਵੰਞਾ, ਦਰਸਨ ਤੇਰੇ ॥ ਦਰਸਨ ਤੇਰੇ ਸੁਣਿ ਪ੍ਰਭ ਮੇਰੇ, ਨਿਮਖ ਦ੍ਰਿਸਟਿ ਪੇਖਿ ਜੀਵਾ ॥ ਅੰਮ੍ਰਿਤ ਨਾਮੁ ਸੁਨੀਜੈ ਤੇਰਾ, ਕਿਰਪਾ ਕਰਹਿ ਤ ਪੀਵਾ ॥ ਆਸ ਪਿਆਸੀ ਪਿਰ ਕੈ ਤਾਈ, ਜਿਉ ਚਾਤ੍ਰਿਕੁ ਬੂੰਦੇਰੇ ॥ ਕਹੁ ਨਾਨਕ ਜੀਅੜਾ ਬਲਿਹਾਰੀ, ਦੇਹੁ ਦਰਸੁ ਪ੍ਰਭ ਮੇਰੇ ॥੨॥**

### ਉਚਾਰਨ ਸੇਧ

**ਬਿੰਦੀ ਸਹਿਤ:** ਜਿਉਂ, ਬਿਨਉਂ, ਸੁਨਹੁਂ, ਜੀਵਾਂ, ਕਰਹਿਂ, ਪੀਵਾਂ ਤਾਈਂ।

**ਪਦ ਅਰਥ:** ਘੋਲਿ ਘੁਮਾਈ=ਘੋਲੀ, ਵਾਰਨੇ, ਬਲਿਹਾਰਨੇ, ਸਦਕੇ, ਲਾਲਨਾ, ਹੇ ਸੋਹਣੇ ਲਾਲ ਪ੍ਰਭੂ!। ਗੁਰਿ=ਗੁਰੂ ਦੁਆਰਾ। ਦੀਨਾ=ਦਿੱਤਾ। ਸੁਣਿ=ਸੁਣ ਕੇ। ਭੀਨਾ=ਭਿੱਜ ਗਿਆ ਹੈ। ਜਿਉ=ਜਿਵੇਂ। ਜਲ ਮੀਨਾ=ਪਾਣੀ ਦੀ ਮੱਛੀ। ਲਾਗਾ=ਲੱਗ ਗਿਆ। ਰੰਗੁ=ਪਿਆਰ। ਮੁਰਾਰਾ=ਹੇ ਮੁਰ ਦੈਂਤ ਨੂੰ ਮਾਰਨ ਵਾਲੇ ਪ੍ਰਭੂ!। ਕਹੀ ਨ ਜਾਈ=ਆਖੀ ਨਹੀ ਜਾ ਸਕਦੀ। ਠਾਕੁਰ=ਹੇ ਮਾਲਕ!। ਮਹਲੁ=ਟਿਕਾਣਾ। ਅਪਾਰਾ=ਪਾਰ ਤੋਂ ਰਹਿਤ, ਬੇਅੰਤ। ਬਿਨਉ=ਬੇਨਤੀ। ਦੀਨਾ=ਦੀਨ, ਨਿਮਾਣੇ ਦੀ। ਜੀਅੜਾ=ਜਿੰਦ। ਬਲਿ =ਕੁਰਬਾਨ।੧। ਸਭਿ ਗੁਣ=ਸਾਰੇ ਗੁਣ। ਖੰਨੀਐ ਵੰਞਾ=ਕੁਰਬਾਨ ਜਾਵਾਂ। ਨਿਮਖ=ਅੱਖ ਝਮਕਣ ਜਿਤਨਾ ਸਮਾਂ। ਦ੍ਰਿਸਟਿ=ਨਿਗਾਹ। ਪੇਖਿ=ਵੇਖ ਕੇ। ਜੀਵਾ=ਮੈਂ ਜੀਉਂਦਾ ਹਾਂ। ਅੰਮ੍ਰਿਤ ਨਾਮੁ=ਅੰਮ੍ਰਿਤ ਜੀਵਨ ਦੇਣ ਵਾਲਾ ਨਾਮ। ਸੁਨੀਜੈ=ਸੁਣਿਆ ਜਾਂਦਾ ਹੈ। ਕਿਰਪਾ ਕਰਹਿ=ਮਿਹਰ ਕਰੇਂ। ਤ ਪੀਵਾ=ਤਾਂ ਪੀ ਸਕਦਾ ਹਾਂ ਆਸ ਪਿਆਸੀ=(ਮੈਨੂੰ ਦਰਸਨ ਦੀ) ਆਸ ਤੇ ਪਿਆਸ ਲੱਗੀ ਹੋਈ ਹੈ। ਪਿਰ ਕੈ ਤਾਈ=ਪਤੀ-ਪਰਮੇਸ਼ਰ ਦੇ ਮਿਲਣ ਵਾਸਤੇ। ਜਿਉ=ਜਿਵੇਂ। ਚਾਤ੍ਰਿਕੁ=ਪਪੀਹਾ। ਬੂੰਦੇਰੇ=(ਸ੍ਵਾਂਤੀ) ਬੂੰਦ ਵਾਸਤੇ ।੨।

ਅਰਥ: ਹੇ ਸੋਹਣੇ ਲਾਲ (ਪ੍ਰਭੂ!) ਗੁਰੂ ਦੁਆਰਾ (ਮੈਂ ਆਪਣਾ) ਮਨ (ਤੈਨੂੰ) ਦੇ ਦਿੱਤਾ ਹੈ। (ਮੈਂ ਤੈਥੋਂ) ਘੋਲੀ ਤੇ ਸਦਕੇ ਜਾਂਦਾ ਹਾਂ ਤੇਰਾ (ਅੰਮ੍ਰਿਤ) ਸ਼ਬਦ ਸੁਣ ਕੇ ਮੇਰਾ ਮਨ (ਨਾਮ-ਰੱਸ ਵਿਚ) ਭਿੱਜ ਗਿਆ ਹੈ।

ਹੇ ਮੁਰਾਰੀ! (ਮੈਨੂੰ ਤੇਰਾ) ਪਿਆਰ ਲੱਗ ਗਿਆ ਹੈ (ਅਤੇ ਮੇਰਾ) ਇਹ ਮਨ (ਇਸ ਤਰ੍ਹਾਂ ਤੇਰੇ ਨਾਮ ਰਸ ਵਿਚ) ਭਿੱਜ ਗਿਆ ਹੈ ਜਿਵੇਂ ਮੱਛੀ ਦਾ (ਸਰੀਰ) ਪਾਣੀ ਵਿਚ (ਭਿੱਜਦਾ ਹੈ)। ਹੇ ਮਾਲਕ! ਤੇਰੀ ਕੀਮਤਿ (ਮੈਥੋਂ) ਕਹੀ ਨਹੀਂ ਜਾ ਸਕਦੀ (ਕਿਉਂਕਿ) ਤੇਰਾ ਟਿਕਾਣਾ ਬੇਅੰਤ ਹੈ (ਜਿਸ ਦਾ) ਪਾਰ ਕੋਈ ਨਹੀਂ ਪਾ ਸਕਦਾ।

ਹੇ ਸਾਰੇ ਗੁਣਾਂ ਦੇ ਮਾਲਕ! ਮੈਂ ਗਰੀਬ (ਨਿਮਾਣੇ) ਦੀ ਇਕ ਬੇਨਤੀ ਸੁਣ। ਨਾਨਕ (ਦਾਸ ਤੈਥੋਂ) ਸਦਕੇ ਹੈ, (ਤੁਸੀਂ) ਮੈਨੂੰ ਆਪਣਾ ਨੂਰੀ ਦਰਸ਼ਨ ਬਖਸ਼ੋ (ਮੈਂ ਆਪਣਾ) ਦਿਲ (ਤੇਰੇ ਦਰਸ਼ਨਾਂ ਤੋਂ) ਕੁਰਬਾਨ ਕੀਤਾ ਹੈ।੧।

(ਹੇ ਮੇਰੇ ਸੋਹਣੇ ਲਾਲ!) ਇਹ ਸਰੀਰ ਤੇ ਮਨ ਤੇਰਾ (ਬਖਸ਼ਿਆ ਹੋਇਆ ਹੈ ਅਤੇ) ਸਾਰੇ ਗੁਣ ਵੀ ਤੇਰੇ ਹੀ (ਬਖਸ਼ੇ ਹੋਏ ਹਨ)। ਮੈਂ ਤੇਰੇ ਦਰਸਨ ਤੋਂ ਟੋਟੇ ਟੋਟੇ ਹੁੰਦਾ ਹਾਂ (ਭਾਵ ਕੁਰਬਾਨ ਜਾਂਦਾ ਹਾਂ)।

ਹੇ ਮੇਰੇ ਪ੍ਰਭੂ! (ਮੇਰੀ ਬੇਨਤੀ) ਸੁਣ (ਮੈਂ ਤੇਰੇ) ਦਰਸ਼ਨ ਤੋਂ ਸਦਕੇ ਜਾਦਾ ਹਾਂ (ਤੂੰ) ਅੱਖ ਝਮਕਣ ਜਿਤਨੇ ਸਮੇਂ ਲਈ ਹੀ (ਮੇਰੇ ਵਲ) ਨਿਗਾਹ ਕਰ, (ਤੈਨੂੰ) ਵੇਖ ਕੇ ਮੈਂ ਜੀਉਂਦਾ ਹਾਂ। ਤੇਰਾ ਨਾਮ ਆਤਮਿਕ ਜੀਵਨ ਦੇਣ ਵਾਲਾ ਸੁਣੀਦਾ ਹੈ, ਜੇ ਤੂੰ (ਮੇਰੇ ਤੇ) ਮਿਹਰ ਕਰੇਂ ਤਾਂ ਹੀ (ਮੈਂ ਤੇਰਾ ਅੰਮ੍ਰਿਤ ਨਾਮ) ਪੀ ਸਕਦਾ ਹਾਂ।

(ਹੇ ਪ੍ਰਭੂ!) ਤੇਰੇ ਦਰਸ਼ਨ ਵੇਖਣ ਵਾਸਤੇ ਮੇਰੇ ਅੰਦਰ (ਇਹੋ ਜਿਹੀ) ਆਸ ਤੇ ਪਿਆਸ ਪੈਦਾ ਹੋਈ ਹੈ ਜਿਵੇਂ ਪਪੀਹਾ (ਸ੍ਵਾਂਤੀ) ਬੂੰਦ ਨੂੰ ਤਰਸਦਾ ਰਹਿੰਦਾ ਹੈ। ਨਾਨਕ (ਤੂੰ) ਆਖ (ਕਿ ਹੇ ਪ੍ਰਭੂ! ਤੂੰ ਮੈਨੂੰ ਆਪਣਾ) ਦਰਸ਼ਨ ਦੇ, ਮੈਂ (ਆਪਣੀ) ਜਿੰਦ ਤੈਥੋਂ ਕੁਰਬਾਨ ਕਰਦਾ ਹਾਂ।੨।

**ਤੂ ਸਾਚਾ ਸਾਹਿਬੁ, ਸਾਹੁ ਅਮਿਤਾ ॥ ਤੂ ਪ੍ਰੀਤਮੁ ਪਿਆਰਾ, ਪ੍ਰਾਨ ਹਿਤ ਚਿਤਾ ॥ ਪ੍ਰਾਨ ਸੁਖਦਾਤਾ ਗੁਰਮੁਖਿ ਜਾਤਾ, ਸਗਲ ਰੰਗ ਬਨਿ ਆਏ ॥ ਸੋਈ ਕਰਮੁ ਕਮਾਵੈ ਪ੍ਰਾਣੀ, ਜੇਹਾ ਤੂ ਫੁਰਮਾਏ ॥ ਜਾ ਕਉ ਕ੍ਰਿਪਾ ਕਰੀ ਜਗਦੀਸੁਰਿ, ਤਿਨਿ ਸਾਧ ਸੰਗਿ ਮਨੁ ਜਿਤਾ ॥ ਕਹੁ ਨਾਨਕ ਜੀਅੜਾ ਬਲਿਹਾਰੀ, ਜੀਉ ਪਿੰਡੁ ਤਉ ਦਿਤਾ ॥੩॥**

**ਨਿਰਗੁਣ ਰਾਖਿ ਲੀਆ, ਸੰਤਨ ਕਾ ਸਦਕਾ ॥ ਸਤਿਗੁਰਿ ਢਾਕਿ ਲੀਆ, ਮੋਹਿ ਪਾਪੀ ਪੜਦਾ ॥ ਢਾਕਨਹਾਰੇ ਪ੍ਰਭੂ ਹਮਾਰੇ, ਜੀਅ ਪ੍ਰਾਨ ਸੁਖਦਾਤੇ ॥ ਅਬਿਨਾਸੀ ਅਬਿਗਤ ਸੁਆਮੀ, ਪੂਰਨ ਪੁਰਖ ਬਿਧਾਤੇ ॥ ਉਸਤਤਿ ਕਹਨੁ ਨ ਜਾਇ ਤੁਮਾਰੀ, ਕਉਣੁ ਕਹੈ ਤੂ ਕਦ ਕਾ ॥ ਨਾਨਕ ਦਾਸੁ ਤਾ ਕੈ ਬਲਿਹਾਰੀ, ਮਿਲੈ ਨਾਮੁ ਹਰਿ ਨਿਮਕਾ ॥੪॥੧॥੧੧॥**

## ਉਚਾਰਨ ਸੇਧ

**ਬਿੰਦੀ ਸਹਿਤ:** ਫੁਰਮਾਏਂ। **ਬਿੰਦੀ ਰਹਿਤ:** ਜਾ ਕਉ, ਤਾ ਕੈ,

**ਪਦ ਅਰਥ:** ਸਾਚਾ ਸਾਹਿਬੁ=ਸਦਾ ਥਿਰ ਰਹਿਣ ਵਾਲਾ ਮਾਲਕ। ਸਾਹੁ=ਸ਼ਾਹ, ਮਾਲਕ। ਅਮਿਤਾ=ਮਿਤ (ਹਦ ਬੰਨੇ) ਤੋਂ ਪਰੇ। ਪ੍ਰਾਨ=ਪ੍ਰਾਣਾ ਤੋਂ, ਪਿਆਰਾ ਚਿਤਾ=ਚਿਤ ਦਾ (ਪਿਆਰਾ)। ਪ੍ਰਾਣ= ਜਿੰਦ। ਸੁਖਦਾਤਾ=ਸੁਖ ਦੇਣ ਵਾਲਾ। ਗੁਰਮੁਖਿ=ਗੁਰੂ ਅਨੁਸਾਰੀ। ਜਾਤਾ=ਜਾਣਿਆ। ਸਗਲ ਰੰਗ=ਸਾਰੇ ਅਨੰਦ। ਕਰਮੁ=ਕੰਮ। ਫੁਰਮਾਏ=ਹੁਕਮ ਕਰੇਂ। ਜਾ ਕਉ=ਜਿਸ (ਜੀਵ) ਉਤੇ। ਕਰੀ=ਕੀਤੀ। ਜਗਦੀਸੁਰਿ=ਜਗਤ ਦੇ ਮਾਲਕ ਨੇ। ਤਿਨਿ=ਉਸ (ਜੀਵ) ਨੇ। ਸਾਧ ਸੰਗਿ=ਸਾਧ ਗੁਰੂ ਦੀ ਸੰਗਤ ਵਿਚ। ਮਨੁ ਜਿਤਾ =ਮਨ ਜਿਤ ਲਿਆ। ਜੀਅੜਾ=ਹਿਰਦਾ। ਜੀਉ=ਜਿੰਦ। ਪਿੰਡੁ=ਸਰੀਰ। ਤਉ ਦਿਤਾ=ਤੇਰਾ ਦਿੱਤਾ।੩। ਨਿਰਗੁਣ=ਗੁਣ ਹੀਣ। ਸਦਕਾ=ਬਰਕਤ ਨਾਲ। ਸਤਿਗੁਰਿ=ਸਤਿਗੁਰੂ ਨੇ। ਢਾਕਿ ਲੀਆ=ਢਕ, (ਕੱਜ) ਲਿਆ। ਮੋਹਿ ਪਾਪੀ=ਮੇਰੇ ਪਾਪੀ ਦਾ। ਢਾਕਨਹਾਰੇ=ਹੇ (ਪੜਦਾ) ਢਕਣ ਵਾਲੇ!। ਜੀਅ ਪ੍ਰਾਨ ਸੁਖਦਾਤੇ= ਜਿੰਦ ਤੇ ਪ੍ਰਾਣਾਂ ਨੂੰ ਸੁਖ ਦੇਣ ਵਾਲੇ ਦਾਤੇ!। ਅਬਿਨਾਸੀ=ਨਾਸ਼ ਰਹਿਤ। ਅਬਿਗਤ=ਹੇ ਅਵਿਅਕਤ!। ਸੁਆਮੀ=ਹੇ ਮਾਲਕ!। ਪੂਰਨ=ਹੇ ਸਭ ਗੁਣਾ ਨਾਲ ਪੂਰਨ!। ਪੁਰਖ ਬਿਧਾਤੇ=ਹੇ ਵਿਆਪਕ ਪੁਰਖ ਤੇ ਸਿਰਜਣਹਾਰ ਪ੍ਰਭੂ!। ਉਸਤਤਿ=ਵਡਿਆਈ। ਕਉਣੁ ਕਹੈ=ਕੌਣ ਦਸ ਸਕਦਾ ਹੈ?। ਕਦ ਕਾ=(ਤੂੰ) ਕਦੋਂ ਦਾ ਹੈਂ?। ਤਾ ਕੈ=ਉਸ (ਗੁਰੂ) ਦੇ। ਨਿਮਕਾ=ਨਿਮਖ ਮਾਤ੍ਰ, ਅੱਖ ਝਮਕਣ ਜਿਤਨੇ ਸਮੇਂ ਲਈ।੪।

**ਅਰਥ:** (ਹੇ ਪ੍ਰਭੂ!) ਤੂੰ ਸਦਾ ਥਿਰ ਰਹਿਣ ਵਾਲਾ ਮਾਲਕ ਅਤੇ ਮਿਤ ਤੋਂ ਰਹਿਤ ਸ਼ਾਹ ਹੈਂ। ਤੂੰ ਪਿਆਰਾ ਪ੍ਰੀਤਮ ਹੈਂ, ਪ੍ਰਾਣਾ ਤੇ ਚਿਤ ਦਾ ਪਿਆਰਾ ਹੈਂ। (ਹੇ ਪ੍ਰਭੂ! ਤੂੰ) ਪ੍ਰਾਣ (ਜਿੰਦ ਦੇਣ ਵਾਲਾ) ਸਾਰੇ ਸੁਖ ਦੇਣ ਵਾਲਾ ਹੈਂ। (ਜਿਸ ਜੀਵ ਨੇ) ਗੁਰੂ ਦੀ ਰਾਹੀਂ (ਅਜਿਹੇ ਮਾਲਕ ਨੂੰ) ਜਾਣ ਲਿਆ ਹੈ (ਉਸ ਦੇ ਹਿਰਦੇ ਵਿਚ) ਸਾਰੇ ਆਤਮਿਕ ਅਨੰਦ ਪੈਦਾ ਹੋ ਗਏ ਹਨ। (ਹੇ ਪ੍ਰਭੂ! ਜੀਵ) ਓਹੀ ਕੰਮ ਕਰਦਾ ਹੈ ਜਿਹੋ ਜਿਹਾ ਤੂੰ ਹੁਕਮ ਕਰਦਾ ਹੈਂ। (ਹੇ ਭਾਈ!) ਜਗਤ ਦੇ ਮਾਲਕ ਨੇ ਜਿਸ (ਜੀਵ) ਉਤੇ ਕਿਰਪਾ ਕੀਤੀ ਹੈ, ਉਸ ਨੇ ਗੁਰੂ ਦੀ ਸੰਗਤ ਵਿਚ ਰਹਿ ਕੇ ਆਪਣਾ ਮਨ ਜਿੱਤ ਲਿਆ ਹੈ (ਭਾਵ ਵੱਸ ਵਿਚ ਕਰ ਲਿਆ ਹੈ)। ਨਾਨਕ ਆਖ (ਹੇ ਪ੍ਰਭੂ! ਮੇਰੀ) ਜਿੰਦ ਤੈਥੋਂ ਬਲਿਹਾਰ ਹੈ, ਇਹ ਜਿੰਦ ਤੇ ਸਰੀਰ ਤੇਰਾ ਹੀ ਦਿੱਤਾ ਹੋਇਆ ਹੈ।੩।

(ਹੇ ਭਾਈ!) ਸੰਤ (ਜਨਾ) ਦੀ ਬਰਕਤ ਕਰਕੇ ਮੈਂ ਗੁਣਹੀਣ ਨੂੰ (ਗੁਰੂ ਨੇ ਪਾਪਾਂ ਵਿਕਾਰਾਂ ਤੋਂ) ਬਚਾ ਲਿਆ ਹੈ। ਸਤਿਗੁਰੂ ਨੇ ਮੇਰੇ ਪਾਪੀ ਦਾ ਪੜ੍ਹਦਾ ਕਜ ਲਿਆ ਹੈ (ਭਾਵ ਪਾਪ ਜ਼ਾਹਰ ਨਹੀਂ ਹੋਣ ਦਿੱਤੇ)। ਹੇ ਅਸਾਂ (ਜੀਵਾਂ ਦੇ) ਮਾਲਕ! ਹੇ ਸਭ ਜੀਵਾਂ ਦਾ ਪੜ੍ਹਦਾ ਢਕਣ ਵਾਲੇ! ਹੇ ਜਿੰਦ ਦੇਣ ਵਾਲੇ! ਹੇ ਪ੍ਰਾਣ ਦੇਣ ਵਾਲੇ! ਹੇ ਸੁਖ ਦੇਣ ਵਾਲੇ! ਹੇ ਨਾਸ਼ ਰਹਿਤ ਸੁਆਮੀ! ਹੇ ਅਵਿਅਕਤ (ਅਦ੍ਰਿਸ਼ਟ)! ਹੇ ਸਭ ਗੁਣਾਂ ਨਾਲ ਭਰਪੂਰ ਪ੍ਰਭੂ! ਹੇ ਸਰਬ ਵਿਆਪਕ! ਹੇ ਸਿਰਜਣਹਾਰ! (ਤੇਰੀ) ਵਡਿਆਈ (ਸ਼ਬਦਾਂ) ਆਖੀ ਨਹੀਂ ਜਾ ਸਕਦੀ (ਕਿਉਂਕਿ ਤੂੰ ਬੇਅੰਤ ਹੈ, ਫਿਰ ਇਹ) ਕੌਣ ਕਹਿ ਸਕਦਾ ਹੈ ਕਿ ਤੂੰ ਕਦੋਂ ਦਾ (ਹੋਂਦ

ਵਿਚ ਆਇਆ) ਹੈਂ? (ਤੇਰੇ ਬਾਰੇ ਕੁਝ ਦਸਣ ਦੀ ਜੀਵ ਵਿਚ) ਰਤਾ ਭਰ ਭੀ (ਸਮਰਥਾ ਨਹੀਂ ਹੈ ਭਾਵ ਤੂੰ ਅਨਾਦੀ ਹੈਂ। ਨਾਨਕ ਦਾਸ ਉਸ ਬੇਅੰਤ ਪ੍ਰਭੂ) ਦੇ (ਰੰਗਾਂ ਤੋਂ) ਬਲਿਹਾਰ ਜਾਂਦਾ ਹੈ (ਅਤੇ ਬੇਨਤੀ ਕਰਦਾ ਹੈ ਕਿ ਹੇ ਪ੍ਰਭੂ! ਕਿਰਪਾ ਕਰੋ ਮੈਨੂੰ) ਅੱਖ ਝਮਕਣ ਜਿਤਨੇ ਸਮੇਂ ਹਰੀ ਦਾ ਨਾਮ ਮਿਲ ਜਾਵੇ।੪।੧।੧੧।

## ਅਰਥ ਭੇਦ ਅਤੇ ਨਿਰਣੈ

**ਨਾਨਕ ਦਾਸੁ ਤਾ ਕੈ ਬਲਿਹਾਰੀ, ਮਿਲੈ ਨਾਮੁ ਹਰਿ ਨਿਮਕਾ ॥**

ਵਖ ਵਖ ਅਰਥ:

੧- ਸ੍ਰੀ ਗੁਰੂ ਜੀ ਕਹਤੇ ਹੈਂ ਹੇ ਭਗਵਨ ਮੈਂ (ਤਾ ਕੈ) ਤਿਸ ਗੁਰ ਕੇ ਬਲਿਹਾਰਨੇ ਜਾਤਾ ਹੂੰ ਜਿਨੋਂ ਦ੍ਵਾਰੇ ਸਰਬ ਸਾਧਨੋ ਕਾ (ਨਿਮਕਾ) ਲੂਣ ਸਮ ਰਸ ਰੂਪ ਤੇਰਾ ਹਰਿ ਨਾਮ ਮਿਲਤਾ ਹੈ ਪਰ ਤੇਰਾ ਨਾਮ ਨਿਮਖ ਮਾਤ੍ਰ ਮੇਰੇ ਕੋ ਮਿਲਾ। [ਫ.ਸ.

੨- ਗੁਰੂ ਜੀ ਕਥਨ ਕਰਦੇ ਹਨ- ਮੈਂ ਦਾਸ ਤਿਸ ਆਪ ਜੀ ਦੇ ਉੱਤੋਂ ਬਲਿਹਾਰ ਜਾਂਦਾ ਹਾਂ, ਹੋਰ ਸਾਧਨ ਤਾਂ ਰਸੋਈ ਵਾਂਗ ਹਨ ਉਨ੍ਹਾਂ ਨੂੰ ਸੁਾਦਿਸ਼ਟ ਕਰਨ ਵਾਸਤੇ ਹੇ ਹਰੀ! ਆਪ ਜੀ ਦਾ ਨਾਮ ਨਿਮਕਾ ਲੂਣ ਦੇ ਸਮਾਨ ਹੈ, ਇਸ ਲਈ ਹੇ ਹਰੀ! ਨਾਮ ਰੂਪ ਲੂਣ ਮੈਨੂੰ ਮਿਲਣਾ ਚਾਹੀਦਾ ਹੈ। ਅਥਵਾ ਨਿਮਕਾ=ਨਿਮਖ ਸਮੇਂ ਵਿਚ। ਹੇ ਹਰੀ! ਆਪ ਜੀ ਦਾ ਨਾਮ ਜਪਣਾ ਮਿਲੇ। [ਸ਼.ਸ.

੩- ਨਿਮਖ ਮਾਤ੍ਰ, ਇਕ ਅੱਖ ਦੇ ਫੋਰ ਜਿਨੇ ਸਮੇਂ ਲਈ। [ਸ਼ਬਦਾਰਥ

੪- ਦਾਸ ਨਾਨਕ (ਗੁਰੂ) ਤੋਂ ਕੁਰਬਾਨ ਹੈ (ਜਿਸ ਦੀ ਕਿਰਪਾ ਨਾਲ) ਪਰਮਾਤਮਾ ਦਾ ਨਾਮ ਅੱਖ ਝਮਕਣ ਜਿਤਨੇ ਸਮੇਂ ਲਈ ਭੀ ਮਿਲ ਜਾਂਦਾ ਹੈ। [ਦਰਪਣ

**ਨਿਰਣੈ:** ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਵਿਚ ਭਾ. ਕਾਨ੍ਹ ਸਿੰਘ ਜੀ ਨਾਭਾ ਨੇ 'ਨਿਮਕਾ' ਪਦ ਦੇ ਅਰਥ 'ਨਿਮਖ ਮਾਤਰ' ਦਿੱਤੇ ਹਨ ਅਤੇ ਉਪਰੋਕਤ ਪੰਕਤੀ ਹੀ ਅੰਕਿਤ ਕੀਤੀ ਹੈ।

ਸੋ 'ਨਿਮਕਾ' ਦੇ ਅਰਥ 'ਨਿਮਕ' ਕਰਨੇ ਮਨੋਕਲਪਿਤ ਜਿਹੇ ਜਾਪਦੇ ਹਨ ਜੋ ਸ਼ਬਦ ਦੀ ਅਰਥ ਕਸਵਟੀ ਤੇ ਪੂਰੇ ਨਹੀ ਉਤਰਦੇ।

## ਸਾਰੰਸ਼ ਅਤੇ ਸਿਧਾਂਤ

ਇਸ ਛੰਤ ਦੇ ਚਾਰ ਅੰਕ ਹਨ। ਪਹਿਲੇ ਅੰਕ ਵਿਚ ਦਰਸ਼ਨ-ਇਛਾ ਨੂੰ ਇਉਂ ਬੇਨਤੀ ਰੂਪ ਵਿਚ ਵਿਅਕਤ ਕੀਤਾ ਹੈ:-

**ਸਗਲ ਗੁਣਾ ਕੇ ਦਾਤੇ ਸੁਆਮੀ, ਬਿਨਉ ਸੁਨਹੁ ਇਕ ਦੀਨਾ॥**
**ਦੇਹੁ ਦਰਸੁ ਨਾਨਕ ਬਲਿਹਾਰੀ, ਜੀਅੜਾ ਬਲਿ ਬਲਿ ਕੀਨਾ ॥**

ਦੂਜੇ ਅੰਕ ਵਿਚ ਵੀ ਦਰਸ਼ਨ ਪਿਆਸ ਵਾਲੀ ਮੰਗ ਨੂੰ ਦੁਹਰਾਇਆ ਹੈ:-

**ਆਸ ਪਿਆਸੀ ਪਿਰ ਕੈ ਤਾਈ ਜਿਉ ਚਾਤ੍ਰਿਕ ਬੂੰਦੇਰੇ ॥**
**ਕਹੁ ਨਾਨਕ ਜੀਅੜਾ ਬਲਿਹਾਰੀ, ਦੇਹੁ ਦਰਸੁ ਪ੍ਰਭ ਮੇਰੇ ॥**

ਤੀਜੇ ਅੰਕ ਵਿਚ ਪ੍ਰਭੂ ਵਲੋਂ ਪ੍ਰਾਪਤ ਦਾਤਾਂ ਦਾ ਸ਼ੁਕਰਾਨਾ ਕੀਤਾ ਹੈ:-

**ਕਹੁ ਨਾਨਕ ਜੀਅੜਾ ਬਲਿਹਾਰੀ, ਜੀਉ ਪਿੰਡ ਤਉ ਦਿਤਾ ॥**

ਚੌਥੇ ਅੰਕ ਵਿਚ "ਸਤਿਗੁਰਿ ਢਾਕਿ ਲੀਆ ਮੋਹਿ ਪਾਪੀ ਪੜਦਾ" ਆਖ ਕੇ ਕਰਤਾ ਪੁਰਖ ਜੀ ਦੀ ਵਡਿਆਈ ਕੀਤੀ ਹੈ। ਅੰਤ ਵਿਚ 'ਮਿਲੈ ਨਾਮੁ ਹਰਿ ਨਿਮਕਾ' ਦੀ ਚਾਹਨਾ ਪ੍ਰਗਟਾਈ ਹੈ। ਇਸ ਤਰ੍ਹਾਂ ਦੇ ਵੀਚਾਰਾਂ ਨਾਲ ਤੁਖਾਰੀ ਰਾਗ ਨੂੰ ਸਮਾਪਤ ਕੀਤਾ ਹੈ। ਸੰਸਾਰ ਵਿਚ ਕੋਈ ਦੁਖੀ ਹੈ, ਕੋਈ ਸੁਖੀ ਹੈ, ਇਹ ਸਭ ਪ੍ਰਭੂ ਦੀ ਲੀਲਾ ਹੈ। ਸਿਧਾਂਤ ਇਹ ਹੈ ਕਿ ਜਿਸ ਦੇ ਹਿਰਦੇ ਵਿਚ 'ਖੁਨਕ ਨਾਮ ਖੁਦਾਇਆ' ਪ੍ਰਵੇਸ਼ ਕਰ ਜਾਂਦਾ ਹੈ ਉਥੇ ਸਦੀਵੀ ਅਨੰਦ ਬਣਿਆ ਰਹਿੰਦਾ ਹੈ।

# ਰਾਗ ਕੇਦਾਰਾ

ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ (ਖਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ) ਵਿਚ ਕੇਦਾਰਾ ਰਾਗ ਬਾਰੇ 'ਖਲਾਸਾ ਭੇਦ ਪ੍ਰਭੇਦ' ਇਉਂ ਦਿੱਤਾ ਹੈ:

"ਗੁਰਮਤ ਸੰਗੀਤ ਵਿਚ ਮੇਘ ਰਾਗ ਦਾ ਪੁਤ੍ਰ ਹਚੈ, ਜੇਹਾ ਕੁ "ਬੈਰਾਧਰ ਗਜਧਰ ਕੇਦਾਰਾ'। ਪਾਵਸ ਅਤੇ ਮਲਾਰ ਮਿਲ ਕੇ ਕੇਦਾਰਾ ਬਣਦਾ ਹੈ, ਪਰੰਤੂ ਹੋਰਨਾਂ ਮਤਾਂ ਵਿਚ ਜੇਹਾ ਕੁ ਰਾਗਾਰਣਵ ਵਿਚ ਨਾਟ ਰਾਗਣੀ ਮੰਨੀ ਹੈ, ਭਰਤ ਮਤ ਵਿਚ ਦੀਪਕ ਦੀ ਰਾਗਣੀ। ਏਹੋ ਸ਼ਿਵ ਮਤ ਵਿਚ ਕੇਦਾਰਾ ਗੌੜ ਸਿਰੀ ਰਾਗ ਦੀ ਰਾਗਣੀ ਮੰਨੀ ਹੈ।"

ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਮਹਾਨ ਕੋਸ਼ ਵਿਚ ਅੰਕਿਤ ਕੀਤਾ ਹੈ ਕਲਯਾਣ ਠਾਟ ਦਾ ਇਕ ਸੰਪੂਰਣ ਰਾਗ ਹੈ। ਇਸ ਵਿਚ ਮੱਧਮ ਸ਼ੁੱਧ ਅਤੇ ਤੀਵਰ ਦੋਵੇਂ ਲਗਦੇ ਹਨ। ਨਿਸ਼ਾਦ ਭੀ ਦੋਵੇਂ ਹਨ।

ਸ਼ੁੱਧ ਮੱਧਮ ਵਾਦੀ ਅਤੇ ਖੜਜ ਸੰਵਾਦੀ ਹੈ। ਤੀਵ੍ਰ ਮੱਧਮ ਅਤੇ ਗਾਂਧਾਰ ਦੁਰਬਲ ਹਨ। ਗਾਉਣ ਦਾ ਵੇਲਾ ਰਾਤ ਦਾ ਦੂਜਾ ਪਹਿਰ ਹੈ:-

ਸਰਗਮ- ਨ ਸ ਮ, ਗ ਪ, ਮੀ ਪ ਧ ਨਾ ਧ ਪ, ਸ ਨਾ ਧ ਪ, ਮੀ ਪ ਧ ਪ ਮ, ਰ ਸ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੇਦਾਰਾ ਦਾ ਤੇਈਵਾਂ ਨੰਬਰ ਹੈ।

ਮਾਰੂ ਰਾਗ ਦੀ ਵਾਰ ਮ: ੩ ਵਿਚ ਕੇਦਾਰਾ ਰਾਗ ਦੀ ਵਡਿਆਈ ਨੂੰ ਇਉਂ ਨਿਰੂਪਣ ਕੀਤਾ ਗਿਆ ਹੈ:ਸ਼

**ਕੇਦਾਰਾ ਰਾਗਾ ਵਿਚ ਜਾਣੀਐ ਭਾਈ, ਸਬਦੇ ਕਰੇ ਪਿਆਰੁ ॥**
**ਸਤ ਸੰਗਤਿ ਸਿਉ ਮਿਲਦੋ ਰਹੈ, ਸਚੇ ਧਰੇ ਪਿਆਰੁ ॥**
**ਗੁਣਾ ਕੀ ਰਾਸਿ ਸੰਗ੍ਰਹੈ, ਅਵਗਣ ਕਢੈ ਵਿਡਾਰਿ ॥**
**ਨਾਨਕ ਮਿਲਿਆ ਸੋ ਜਾਣੀਐ, ਗੁਰੂ ਨ ਛੋਡੈ ਆਪਣਾ,**
**ਦੂਜੈ ਨ ਧਰੇ ਪਿਆਰੁ ॥** [ਪੰਨਾ ੧੦੮੭

ਕੇਦਾਰਾ ਪੁਰਾਤਨ ਰਾਗ ਹੈ। ਇਸ ਦਾ ਜ਼ਿਕਰ ਹਰੇਕ ਸੰਗੀਤ ਗ੍ਰੰਥ ਵਿਚ ਉਪਲਬਧ ਹੈ। ਪੁਰਾਤਨ ਰਾਗ ਹੋਣ ਕਾਰਨ ਇਸ ਦੇ ਸੁਰ ਵਿਚ ਕਈ ਮਤ ਭੇਦ ਹਨ।

# ਕੇਦਾਰਾ ਮਹਲਾ ੪ ਘਰੁ ੧

ੴ ਸਤਿਗੁਰ ਪ੍ਰਸਾਦਿ ॥ ਮੇਰੇ ਮਨ, ਰਾਮਨਾਮ ਨਿਤ ਗਾਵੀਐ ਰੇ ॥ ਅਗਮ ਅਗੋਚਰੁ ਨ ਜਾਈ ਹਰਿ ਲਖਿਆ, ਗੁਰੁ ਪੂਰਾ ਮਿਲੈ, ਲਖਾਵੀਐ ਰੇ ॥ ਰਹਾਉ ॥ ਜਿਸੁ ਆਪੇ ਕਿਰਪਾ ਕਰੇ ਮੇਰਾ ਸੁਆਮੀ, ਤਿਸੁ ਜਨ ਕਉ ਹਰਿ ਲਿਵ ਲਾਵੀਐ ਰੇ ॥ ਸਭੁ ਕੋ ਭਗਤਿ ਕਰੇ ਹਰਿ ਕੇਰੀ, ਹਰਿ ਭਾਵੈ ਸੋ ਥਾਇ ਪਾਵੀਐ ਰੇ ॥੧॥ ਹਰਿ ਹਰਿ ਨਾਮੁ ਅਮੋਲਕ ਹਰਿ ਪਹਿ, ਹਰਿ ਦੇਵੈ ਤ ਨਾਮੁ ਧਿਆਵੀਐ ਰੇ ॥ ਜਿਸ ਨੋ ਨਾਮੁ ਦੇਇ ਮੇਰਾ ਸੁਆਮੀ, ਤਿਸੁ ਲੇਖਾ ਸਭੁ ਛਡਾਵੀਐ ਰੇ ॥੨॥ ਹਰਿਨਾਮੁ ਅਰਾਧਹਿ ਸੇ ਧੰਨੁ ਜਨ ਕਹੀਅਹਿ, ਤਿਨ ਮਸਤਕਿ ਭਾਗੁ ਧੁਰਿ ਲਿਖਿ ਪਾਵੀਐ ਰੇ ॥ ਤਿਨ ਦੇਖੇ ਮੇਰਾ ਮਨੁ ਬਿਗਸੈ, ਜਿਉ ਸੁਤੁ ਮਿਲਿ ਮਾਤ ਗਲਿ ਲਾਵੀਐ ਰੇ ॥੩॥ ਹਮ ਬਾਰਿਕ ਹਰਿ ਪਿਤਾ ਪ੍ਰਭ ਮੇਰੇ, ਮੋਕਉ ਦੇਹੁ ਮਤੀ ਜਿਤੁ ਹਰਿ ਪਾਵੀਐ ਰੇ ॥ ਜਿਉ ਬਛੁਰਾ ਦੇਖਿ ਗਊ ਸੁਖੁ ਮਾਨੈ, ਤਿਉ ਨਾਨਕ ਹਰਿ ਗਲਿ ਲਾਵੀਐ ਰੇ ॥੪॥੧॥

## ਉਚਾਰਨ ਸੇਧ

**ਬਿੰਦੀ ਸਹਿਤ:** ਥਾਇਂ, ਤਾਂ, ਅਰਾਧਹਿਂ, ਕਹੀਅਹਿਂ, ਜਿਉਂ, ਮੋਕਉਂ, ਤਿਉਂ।

**ਪਦ ਅਰਥ:** ਮੇਰੇ ਮਨ-ਹੇ ਮੇਰੇ ਮਨ!। ਰਾਮ ਨਾਮ-ਪਰਮੇਸ਼ੁਰ ਦੇ ਨਾਮ ਦਾ (ਜੱਸ)। ਨਿਤ-ਹਰ ਰੋਜ਼, ਸਦਾ ਹੀ। ਗਾਵੀਐ-ਗਾਉਣਾ ਚਾਹੀਦਾ ਹੈ। ਅਗਮ-ਅਪਹੁੰਚ। ਅਗੋਚਰੁ-ਗਿਆਨ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ, ਅਦ੍ਰਿਸ਼ਟ। ਨਾ ਜਾਈ ਹਰਿ ਲਖਿਆ-ਹਰੀ ਨਹੀਂ ਸਮਝਿਆ ਜਾ ਸਕਦਾ। ਲਖਾਵੀਐ-(ਗੁਰੂ) ਸਮਝਾਉਂਦਾ ਹੈ, (ਤਾਂ ਸਮਝਿਆ ਜਾ ਸਕਦਾ ਹੈ)।ਰਹਾਉ।

ਜਿਸੁ-ਜਿਸ (ਮਨੁੱਖ ਉੱਤੇ)। ਸੁਆਮੀ-ਮਾਲਕ। ਲਿਵ-ਲਗਨ। ਲਾਵੀਐ-ਲਾਉਂਦਾ ਹੈ। ਸਭਕੋ-ਹਰ ਕੋਈ। ਭਗਤਿ-ਭਗਤੀ। ਹਰਿ ਕੇਰੀ-ਹਰੀ (ਪਰਮਾਤਮਾ) ਦੀ। ਹਰਿ ਭਾਵੈ-ਹਰੀ ਨੂੰ ਭਾਉਂਦਾ ਹੈ। ਸੋ-ਓਹ (ਭਗਤੀ)। ਥਾਇ ਪਾਵੀਐ ਰੇ-ਥਾਇ ਪਾਉਂਦਾ ਹੈ, ਕਬੂਲ ਕਰਦਾ ਹੈ।੧।

ਅਮੋਲਕੁ-ਜਿਸ ਦਾ ਮੁਲ ਨਹੀਂ ਪੈ ਸਕਦਾ, ਬਹੁਤ ਹੀ ਕੀਮਤੀ। ਹਰਿ ਪਹਿ-ਹਰੀ ਪਾਸ, ਕੋਲ। ਤਾ-ਤਦੋਂ, ਤਾਂ ਹੀ। ਧਿਆਵੀਐ ਰੇ-ਧਿਆਇਆ, ਸਿਮਰਿਆ ਜਾ ਸਕਦਾ ਹੈ। ਲੇਖਾ-(ਕਰਮਾਂ ਦਾ) ਹਿਸਾਬ, (ਪੈਸੇ ਦਾ) ਲੈਣ ਦੇਣ। ਸਭੁ-ਸਾਰਾ। ਛਡਾਵੀਐ ਰੇ-ਛਡਾਇਆ ਜਾਂਦਾ ਹੈ, ਮੁਕਾਇਆ ਜਾਂਦਾ ਹੈ।੨।

ਅਰਾਧਹਿ-ਅਰਾਧਦੇ, (ਸਿਮਰਦੇ) ਹਨ। ਸੇ-ਓਹ। ਧੰਨ-ਧੰਨਤਾ ਯੋਗ, ਭਾਗਾਂ ਵਾਲੇ। ਕਹੀਅਹਿ-ਕਹੇ (ਆਖੇ) ਜਾਂਦੇ ਹਨ। ਮਸਤਕਿ-ਮੱਥੇ ਉਤੇ। ਧੁਰਿ-ਧੁਰ ਤੋਂ, ਰਬੀ ਦਰਗਾਹ ਤੋਂ। ਲਿਖਿ-ਲਿਖ ਕੇ। ਬਿਗਸੈ-ਖਿੜਦਾ, ਖੁਸ਼ ਹੁੰਦਾ ਹੈ। ਜਿਉ-ਜਿਵੇਂ। ਸੁਤੁ-ਪੁੱਤਰ। ਮਿਲਿ-ਮਿਲ ਕੇ। ਗਲ ਲਾਵੀਐ-(ਪੁੱਤਰ ਨੂੰ) ਗਲ ਨਾਲ ਲਾਉਂਦੀ ਹੈ।੩।

ਹਮ ਬਾਰਿਕ-ਅਸੀਂ ਬਚੇ ਹਾਂ। ਮੋਕਉ-ਮੈਨੂੰ। ਦੇਹੁ ਮਤੀ-ਸਿਖਿਆ ਦਿਉ। ਬਛਰਾ-ਵੱਛਾ ਦੇਖਿ-ਵੇਖ ਕੇ। ਗਊ ਸੁਖੁ ਮਾਨੈ-ਗਾਂ ਸੁਖ ਮੰਨਦੀ ਹੈ, ਖੁਸ਼ੀ ਹੁੰਦੀ ਹੈ। ਤਿਉ-ਉਸੇ ਤਰ੍ਹਾਂ ਹਰਿ-ਹਰੀ। ਗਲਿ ਲਾਵੀਐ-(ਆਪਣੇ) ਗਲ ਨਾਲ ਲਾ ਲਵੋ ਜੀ।੪।

**ਅਰਥ:** ਹੇ ਮੇਰੇ ਮਨ! ਪਰਮੇਸ਼ੁਰ ਦੇ ਨਾਮ ਦਾ (ਜਸ) ਸਦਾ ਹੀ ਗਾਉਣਾ ਚਾਹੀਦਾ ਹੈ। (ਉਹ ਪਰਮਾਤਮਾ ਜੋ) ਅਪਹੁੰਚ ਤੇ ਅਦ੍ਰਿਸ਼ਟ ਹੈ, (ਕਿਸੇ ਪਾਸੋਂ ਆਪਣੇ ਆਪ) ਨਹੀਂ ਜਾਣਿਆ ਜਾ ਸਕਦਾ (ਹਾਂ,) ਜਦੋਂ ਪੂਰਾ ਗੁਰੂ ਮਿਲਦਾ ਹੈ ਤਦੋਂ (ਉਸ ਪਰਮਾਤਮਾ ਨੂੰ) ਜਾਣ ਸਕੀਦਾ ਹੈ।ਰਹਾਉ।

(ਹੇ ਮੇਰੇ ਮਨ!) ਜਿਸ (ਮਨੁੱਖ) ਉਤੇ ਮੇਰਾ ਮਾਲਕ (ਆਪਣੀ) ਨਿਗਾਹ ਕਰਦਾ ਹੈ, ਉਸ ਮਨੁੱਖ ਦੀ ਲਿਵ ਹਰੀ (ਆਪਣੇ) ਨਾਲ ਜੋੜ ਦਿੰਦਾ ਹੈ। ਹਰ ਕੋਈ ਪਰਮੇਸ਼ੁਰ ਦੀ ਭਗਤੀ ਕਰਦਾ ਹੈ ਪਰ ਜਿਸ ਦੀ ਭਗਤੀ ਹਰੀ ਨੂੰ ਚੰਗੀ ਲਗਦੀ ਹੈ, ਉਸ ਨੂੰ ਪਰਵਾਨ ਕਰਦਾ ਹੈ।੧।

(ਹੇ ਮੇਰੇ ਮਨ!) ਹਰੀ ਦਾ ਨਾਮ ਅਮੋਲਕ (ਬੇਸ਼ੁਮਾਰ ਕੀਮਤੀ) ਹਰੀ ਦੇ ਪਾਸ ਹੈ, ਹਰੀ (ਜਦੋਂ) ਹਰੀ ਨਾਮ ਦੀ ਦਾਤਿ ਦੇਂਦਾ ਹੈ ਤਾਂ ਹਰੀ ਦਾ ਨਾਮ ਸਿਮਰਿਆ ਜਾ ਸਕਦਾ ਹੈ। ਮੇਰਾ ਮਾਲਕ ਜਿਸ (ਮਨੁੱਖ ਨੂੰ) ਨਾਮ ਬਖਸ਼ ਦੇਵੇ ਉਸ(ਮਨੁੱਖ ਦੇ ਕੀਤੇ ਕਰਮਾਂ ਦਾ)ਸਾਰਾ ਹਿਸਾਬ ਖਤਮ ਕਰਾ ਦਿੰਦਾ ਹੈ।੨।

(ਹੇ ਮੇਰੇ ਮਨ!) ਜਿਹੜੇ ਜੀਵ ਹਰੀ ਦਾ ਨਾਮ ਸਿਮਰਦੇ ਹਨ, ਉਹ ਸੇਵਕ ਜਨ ਧੰਨਤਾ ਯੋਗ ਆਖੇ ਜਾਂਦੇ ਹਨ, ਉਹਨਾਂ ਦੇ ਮੱਥੇ ਉਤੇ ਰਬ ਦੀ ਦਰਗਾਹ ਤੋਂ ਹੀ ਚੰਗੇ ਭਾਗ (ਕਿਸਮਤ) ਲਿਖ ਕੇ ਪਾਏ ਜਾਂਦੇ ਹਨ। ਉਨ੍ਹਾਂ ਦਾ ਦਰਸ਼ਨ ਕੀਤਿਆਂ ਮੇਰਾ ਮਨ (ਇਸ ਤਰ੍ਹਾਂ) ਖਿੜ ਜਾਂਦਾ ਹੈ ਜਿਵੇਂ ਪੁੱਤਰ (ਆਪਣੀ) ਮਾਂ ਦੇ ਗਲ ਨਾਲ ਮਿਲ ਕੇ ਖ਼ੁਸ਼ ਹੁੰਦਾ ਹੈ।੩।

ਹੇ ਮੇਰੇ ਪਿਤਾ! ਅਸੀਂ (ਸਾਰੇ ਜੀਵ) ਤੇਰੇ ਬਾਲਕ (ਬੱਚੇ) ਹਾਂ, ਮੈਨੂੰ (ਸਾਨੂੰ) ਅਜਿਹੀ ਸਿਖਿਆ ਦਿਓ ਜਿਸ ਨਾਲ ਤੇਰਾ ਨਾਮ ਪ੍ਰਾਪਤ ਕਰ ਲਈਏ। (ਗੁਰੂ ਜੀ ਬੇਨਤੀ ਕਰਦੇ ਹਨ) ਜਿਵੇਂ ਗਾਂ (ਆਪਣੇ ਪੁੱਤਰ) ਵੱਛੇ ਨੂੰ ਵੇਖ ਕੇ ਸੁਖ ਅਨੁਭਵ ਕਰਦੀ ਹੈ, ਤਿਵੇਂ ਹੇ ਹਰੀ! (ਤੁਸੀਂ ਆਪਣੇ ਸੇਵਕ ਨੂੰ ਆਪਣੇ) ਗਲ ਨਾਲ ਲਾ ਲਵੋ ਜੀ।੪।੧।

## ਸਾਰੰਸ਼ ਅਤੇ ਸਿਧਾਂਤ

ਅਗਮ ਅਗੋਚਰ ਪਰਮੇਸ਼ੁਰ ਨੂੰ ਧਿਆਉਣ ਦੀ ਬੜੀ ਲੋੜ ਹੈ ਪਰ ਇਸ ਦੀ ਜੁਗਤੀ ਪੂਰੇ ਗੁਰੂ ਪਾਸ ਹੈ। ਇਸ ਲਈ ਗੁਰੂ ਦੀ ਕਿਰਪਾ ਦਾ ਪਾਤਰ ਬਣਨਾ ਬੜਾ ਜ਼ਰੂਰੀ ਹੈ।

ਪ੍ਰਭੂ ਨਾਲ ਮਿਲਾਪ ਕਰਾਉਣ ਦਾ ਵਸੀਲਾ ਗੁਰੂ ਹੈ, ਜਿਸ ਰਾਹੀਂ ਪਰਮੇਸ਼ੁਰ ਦੇ ਨਾਮ ਦੀ ਸੋਝੀ ਆਉਂਦੀ ਹੈ। ਨਾਮ ਦੀ ਪ੍ਰਾਪਤੀ ਤੋਂ ਬਿਨਾਂ ਕਰਮਾਂ ਦੇ ਲੇਖੇ ਅਤੇ ਆਵਾਗਵਣ ਤੋਂ ਛੁਟਕਾਰਾ ਨਹੀਂ ਹੋ ਸਕਦਾ। ਨਾਮ ਜਪਣ ਵਾਲੇ ਸੰਤ ਵਡਭਾਗੀ ਹਨ। ਉਨ੍ਹਾਂ ਦਾ ਦਰਸ਼ਨ ਕਰਕੇ ਮਨ ਵਿਚ ਵਿਗਾਸ ਪੈਦਾ ਹੁੰਦਾ ਹੈ:-

**ਜਿਨ ਕੈ ਹੀਅਰੈ ਬਸਿਓ ਮੇਰਾ ਸਤਿਗੁਰੁ, ਤੇ ਸੰਤ ਭਲੇ ਭਲ ਭਾਂਤਿ॥**
**ਤਿਨ ਦੇਖੇ ਮੇਰਾ ਮਨ ਬਿਗਸੈ, ਹਉ ਤਿਨ ਕੈ ਸਦ ਬਲਿ ਜਾਂਤ॥੫॥ [ਪੰਨਾ ੧੨੬੪**

ਅੰਤਲੇ ਪਦੇ ਵਿਚ ਹਰੀ ਪਿਤਾ ਜੀ ਅਗੇ ਬਾਰਿਕ ਰੂਪ ਵਿਚ ਬੇਨਤੀ ਕੀਤੀ ਹੈ "...ਮੋ ਕਉ ਦੇਹੁ ਮਤੀ, ਜਿਤੁ ਹਰਿ ਪਾਵੀਐ ਰੇ"। ਸਿਧਾਂਤ ਇਹ ਹੈ ਕਿ ਜਿਵੇਂ ਗਾਂ ਆਪਣੇ ਪੁਤਰ (ਵੱਛੇ) ਨੂੰ ਵੇਖ ਕੇ ਖੁਸ਼ ਹੁੰਦੀ ਹੈ, ਉਸ ਨੂੰ ਚੁੰਮਦੀ ਚਟਦੀ ਹੈ, ਲਾਡ ਕਰਦੀ ਹੈ, ਤਿਵੇਂ ਪਰਮੇਸ਼ੁਰ ਵੀ ਆਪਣੇ ਸੇਵਕ ਨੂੰ ਆਪਣੇ ਗਲ ਨਾਲ ਲਾ ਕੇ ਪ੍ਰਸੰਨ ਹੁੰਦਾ ਹੈ।

## ਕੇਦਾਰਾ ਮਹਲਾ ੪ ਘਰੁ ੧

**ੴ ਸਤਿਗੁਰ ਪ੍ਰਸਾਦਿ ॥ ਮੇਰੇ ਮਨ, ਹਰਿ ਹਰਿ ਗੁਨ ਕਹੁ ਰੇ ॥ ਸਤਿਗੁਰੂ ਕੇ ਚਰਨ ਧੋਇ ਧੋਇ ਪੂਜਹੁ, ਇਨ ਬਿਧਿ ਮੇਰਾ ਹਰਿ ਪ੍ਰਭੁ ਲਹੁ ਰੇ ॥ਰਹਾਉ॥ ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਬਿਖੈ ਰਸ, ਇਨ ਸੰਗਤਿ ਤੇ ਤੂ ਰਹੁ ਰੇ ॥ ਮਿਲਿ ਸਤਸੰਗਤਿ ਕੀਜੈ ਹਰਿ ਗੋਸਟਿ, ਸਾਧੂ ਸਿਉ ਗੋਸਟਿ, ਹਰਿ ਪ੍ਰੇਮ ਰਸਾਇਣੁ ਰਾਮਨਾਮੁ ਰਸਾਇਣੁ, ਹਰਿ ਰਾਮ ਨਾਮ ਰਾਮ ਰਮਹੁ ਰੇ ॥੧॥**

**ਅੰਤਰ ਕਾ ਅਭਿਮਾਨੁ ਜੋਰੁ, ਤੂ ਕਿਛੁ ਕਿਛੁ ਕਿਛੁ ਜਾਨਤਾ, ਇਹੁ ਦੂਰਿ ਕਰਹੁ, ਆਪਨ ਗਹੁ ਰੇ ॥ ਜਨ ਨਾਨਕ ਕਉ ਹਰਿ ਦਇਆਲ ਹੋਹੁ ਸੁਆਮੀ, ਹਰਿ ਸੰਤਨ ਕੀ ਧੂਰਿ ਕਰਿ ਹਰੇ ॥੨॥੧॥੨॥**

**ਪਦ ਅਰਥ:** ਕਹੁ-ਆਖ, ਉਚਾਰਨ ਕਰ। ਧੋਇ ਧੋਇ-ਧੋ ਧੋ ਕੇ। ਪੂਜਹੁ-ਪੂਜੋ। ਇਨ ਬਿਧਿ-ਇਸ ਤਰ੍ਹਾਂ। ਲਹੁ ਰੇ-ਲੱਭ ਲੈ। ਅਭਿਮਾਨੁ-ਅਹੰਕਾਰ। ਬਿਖੈ ਰਸ-ਵਿਸ਼ਿਆਂ ਦੇ ਸੁਆਦ। ਇਨ ਸੰਗਤਿ ਤੇ-ਇਨ੍ਹਾਂ ਦੀ ਸੰਗਤ ਤੋਂ। ਰਹੁ-(ਬਚ ਕੇ) ਰਹੁ, ਭਾਵ ਪਰੇ ਹਟਿਆ ਰਹੁ। ਮਿਲਿ ਸਤ ਸੰਗਤਿ-ਸਤ ਸੰਗਤ ਰਾਹੀਂ ਮਿਲ ਕੇ। ਕੀਜੈ ਹਰਿ ਗੋਸਟਿ-ਪਰਮੇਸ਼ੁਰ ਦੇ (ਗੁਣਾਂ ਦੀ) ਗੋਸ਼ਟੀ (ਵੀਚਾਰ) ਕਰ। ਸਾਧੂ ਸਿਉ-ਸੰਤਾਂ (ਗੁਰਸਿੱਖਾਂ) ਨਾਲ। ਗੋਸਟਿ-ਵੀਚਾਰਾਂ ਦੀ ਪਰਸਪਰ ਲੇਵਾ-ਦੇਵੀ, ਵਟਾਂਦਰਾ। ਰਸਾਇਣੁ-ਰੱਸਾਂ ਦਾ ਘਰ। ਰਾਮ ਰਮਹੁ ਰੇ-ਪਰਮਾਤਮਾ ਸਿਮਰੋ।੧। ਅੰਤਰ ਕਾ-ਅੰਦਰ ਦਾ। ਅਭਿਮਾਨੁ ਜੋਰੁ-ਅਹੰਕਾਰ ਤੇ(ਸਰੀਰਕ) ਬਲ। ਕਿਛੁ ਕਿਛੁ ਜਾਨਤਾ-ਭਾਵ ਤੂੰ ਜੋ ਕੁਝ ਜਾਣਦਾ ਹੈਂ। ਆਪਨ ਗਹੁ ਰੇ-ਆਪਣੇ ਆਪ ਨੂੰ ਕਾਬੂ ਵਿਚ ਰਖ। ਸੁਆਮੀ-ਹੇ ਮਾਲਕ!। ਸੰਤਨ ਕੀ ਧੂਰਿ-ਸੰਤਾਂ ਦੇ(ਚਰਨਾਂ ਦੀ)ਧੂੜ। ਕਰਿ ਹਰੇ-ਹੇ ਹਰੀ!ਕਰ ਦੇ।੨।੧।

**ਅਰਥ:** ਹੇ ਮੇਰੇ ਮਨ! (ਤੂੰ) ਹਰੀ-ਪਰਮਾਤਮਾ ਦੇ ਗੁਣ ਉਚਾਰਨ ਕਰ। ਸਤਿਗੁਰੂ ਦੇ (ਪਾਵਨ) ਚਰਨ ਧੋ ਧੋ ਕੇ ਪੂਜਿਆ ਕਰ ਇਸ ਤਰ੍ਹਾਂ ਮੇਰਾ ਹਰੀ ਪ੍ਰਭੂ ਲੱਭ ਲੈ।ਰਹਾਉ।

(ਹੇ ਮੇਰੇ ਮਨ!) ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ (ਆਦਿ) ਵਿਸ਼ਿਆਂ ਦੇ ਸੁਆਦਾਂ ਤੋਂ (ਬਚ ਕੇ) ਰਹੁ। (ਹੇ ਮਨ!) ਤੈਨੂੰ ਸਤਿ ਸੰਗਤ ਨਾਲ ਮਿਲ ਕੇ ਪਰਮੇਸ਼ੁਰ ਦੇ (ਗੁਣਾਂ ਦੀ) ਗੋਸ਼ਟੀ ਕਰਨੀ ਚਾਹੀਦੀ ਹੈ, ਸੰਤਾਂ ਨਾਲ ਗੋਸ਼ਟੀ (ਵਿਚਾਰਾਂ ਦੀ ਲੇਵਾ ਦੇਵੀ), ਪਰਮਾਤਮਾ ਦਾ (ਸਮੂਹਕ) ਪ੍ਰੇਮ ਰਸਾਂ ਦਾ ਘਰ ਹੈ, (ਇਹ) ਪਰਮਾਤਮਾ ਦਾ ਨਾਮ (ਜੋ) ਰਸਾਂ ਦਾ ਘਰ ਹੈ, (ਤੂੰ ਉਸ) ਪਰਮਾਤਮਾ ਦਾ ਨਾਮ ਸਿਮਰਿਆ ਕਰ।੧।

(ਹੇ ਮਨ! ਆਪਣੇ) ਅੰਦਰ ਦਾ ਹੰਕਾਰ ਤੇ (ਸਰੀਰਕ) ਬਲ ਤੂੰ ਜੋ ਕੁਝ ਵੀ ਜਾਣਦਾ ਹੈਂ (ਆਪਣੇ ਆਪ ਨੂੰ ਸਿਆਣਾ ਸਮਝਦਾ ਹੈਂ ਇਹ ਵਿਕਾਰ ਰੂਪੀ) ਹੰਕਾਰ ਦੂਰ ਕਰ (ਅਤੇ) ਆਪਣੇ ਆਪ ਨੂੰ ਕਾਬੂ ਰਖ। ਹੇ ਮਾਲਕ! ਦਾਸ ਨਾਨਕ ਉਤੇ ਦਇਆ ਕਰੋ, ਹੇ ਹਰੀ! (ਮੈਨੂੰ ਆਪਣੇ) ਸੰਤ ਜਨਾਂ ਦੇ ਚਰਨਾਂ ਦੀ ਧੂੜ ਬਣਾ ਦੇ।੨।੧।੨।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਮਨੁੱਖ ਨੂੰ ਪਰਮੇਸ਼ਰ ਲਭਣ ਦੀ ਬਿਧੀ ਦਸੀ ਹੈ। ਆਪਣੇ ਜ਼ੋਰ ਤੇ ਅਹੰਕਾਰ ਨਾਲ ਕੁਝ ਵੀ ਪ੍ਰਾਪਤ ਨਹੀਂ ਕਰ ਸਕੀਦਾ। ਅੰਦਰ ਦੇ ਔਗੁਣ, ਕਾਮ, ਕ੍ਰੋਧ, ਲੋਭ, ਮੋਹ, ਅਭਿਮਾਨ ਵਿਸ਼ੇ ਰੱਸਾਂ ਦੀ ਸੰਗਤ ਤੋਂ ਪਰੇ ਹਟਿਆਂ ਹੀ ਕੁਝ ਬਣਦਾ ਹੈ। ਸੰਤਾਂ ਦੀ ਸੰਗਤ, ਪ੍ਰੇਮ ਨਾਲ ਨਾਮ-ਸਿਮਰਨ ਅਤੇ ਪਰਮੇਸ਼ਰ ਦੀ ਸਿਫਤਿ ਸਾਲਾਹ ਕਰਨ ਨਾਲ ਹੀ ਗੁਰੂ ਦੀ ਕਿਰਪਾ ਦਾ ਪਾਤਰ ਬਣ ਸਕੀਦਾ ਹੈ। ਇਸ ਮਾਰਗ ਵਿਚ ਆਪਣੇ ਆਪ ਉੱਤੇ ਕਾਬੂ ਪਾਉਣਾ ਅਤਿ ਜ਼ਰੂਰੀ ਹੈ। ਪਰਮੇਸ਼ਰ ਅਗੇ ਬੇਨਤੀ ਕਰਨੀ ਹੈ ਕਿ ਹੇ ਪ੍ਰਭੂ! ਦਇਆ ਕਰੋ, ਆਪਣੇ ਸੰਤ ਜਨਾਂ ਦੀ ਚਰਨ ਧੂੜ ਬਖਸ਼ੋ। ਇਸ ਤਰ੍ਹਾਂ ਪ੍ਰਭੂ ਦੀ ਕਿਰਪਾ ਹੁੰਦੀ ਹੈ ਤਾਂ ਨਾਮ ਦੀ ਦਾਤਿ ਪ੍ਰਾਪਤ ਹੁੰਦੀ ਹੈ।

## ਕੇਦਾਰਾ ਮਹਲਾ ੫ ਘਰੁ ੨

**ੴ ਸਤਿਗੁਰ ਪ੍ਰਸਾਦਿ॥ ਮਾਈ, ਸੰਤ ਸੰਗਿ ਜਾਗੀ॥ ਪ੍ਰਿਅ ਰੰਗ ਦੇਖੈ, ਜਪਤੀ ਨਾਮੁ ਨਿਧਾਨੀ॥ਰਹਾਉ॥ ਦਰਸਨ ਪਿਆਸ, ਲੋਚਨ ਤਾਰ ਲਾਗੀ॥ ਬਿਸਰੀ ਤਿਆਸ ਬਿਡਾਨੀ॥੧॥ ਅਬ ਗੁਰੁ ਪਾਇਓ ਹੈ ਸਹਜ ਸੁਖਦਾਇਕ, ਦਰਸਨੁ ਪੇਖਤ ਮਨੁ ਲਪਟਾਨੀ॥ ਦੇਖਿ ਦਮੋਦਰ ਰਹਸੁ ਮਨਿ ਉਪਜਿਓ, ਨਾਨਕ ਪ੍ਰਿਅ ਅੰਮ੍ਰਿਤ ਬਾਨੀ॥੨॥੧॥**

**ਪਦ ਅਰਥ:** ਮਾਈ-ਹੇ ਮਾਈ!। ਸੰਤ ਸੰਗਿ-ਸੰਤ (ਗੁਰੂ) ਦੀ ਸੰਗਤ ਕਰਕੇ। ਜਾਗੀ-ਮੇਰੀ ਸੁਰਤਿ ਜਾਗ ਪਈ ਹੈ। ਜਪਤੀ ਨਾਮੁ-ਨਾਮ ਨੂੰ ਜਪਦੀ ਹੈ। ਨਿਧਾਨੀ-ਖਜ਼ਾਨੇ ਵਾਲੀ।ਰਹਾਉ। ਦਰਸਨ ਪਿਆਸ-ਦਰਸ਼ਨਾਂ ਦੀ ਤਾਂਘ, ਖਿੱਚ। ਲੋਚਨ ਤਾਰ-ਅੱਖਾਂ ਦੀ ਤਾਰ, ਤਾੜੀ। ਬਿਸਰੀ-ਵਿਸਰ ਗਈ ਹੈ। ਪਿਆਸ-ਤ੍ਰੇਹ, ਪਿਆਸ। ਬਿਡਾਨੀ-ਬਿਗਾਨੀ, ਹੋਰ ਪਾਸੇ ਦੀ।੧। ਅਬ-ਹੁਣ। ਸਹਜ ਸੁਖਦਾਇਕ-ਸਹਜ ਤੇ ਸੁਖ ਦੇਣ ਵਾਲਾ। ਦੇਖਿ-ਵੇਖ ਕੇ। ਦਮੋਦਰ-ਜਿਸ ਦੇ ਪੇਟ ਨਾਲ ਰਸੀ ਹੈ, ਕ੍ਰਿਸ਼ਨ, ਭਾਵ ਵਾਹਿਗੁਰੂ। ਰਹਸੁ-ਰਹੱਸ, ਅਨੰਦ, ਖੁਸ਼ੀ। ਮਨਿ-ਮਨ ਵਿਚ। ਉਪਜਿਓ-ਪੈਦਾ ਹੋਇਆ ਹੈ। ਪ੍ਰਿਅ-ਪਿਆਰੇ ਪ੍ਰਭੂ ਦੀ। ਅੰਮ੍ਰਿਤ ਬਾਨੀ-ਅਮਰ-ਜੀਵਨ ਦੇਣ ਵਾਲੀ ਬਾਣੀ।੨।

**ਅਰਥ:** ਹੇ ਮਨ! (ਮੇਰੀ ਸੁਰਤਿ) ਸੰਤ (ਗੁਰੂ) ਦੀ ਸੰਗਤ ਕਰਕੇ (ਮਾਇਆ ਮੋਹ ਦੀ ਨੀਂਦ ਵਿਚੋਂ) ਜਾਗ ਪਈ ਹੈ (ਭਾਵ ਸਾਵਧਾਨ) ਹੋ ਗਈ ਹੈ। (ਮੇਰੀ ਸੁਰਤਿ ਹਰ ਪਾਸੇ) ਪਿਆਰੇ (ਪ੍ਰਭੂ) ਦੇ ਅਸਚਰਜ ਰੰਗ ਵੇਖਦੀ ਹੈ ਅਤੇ (ਸੁੱਖਾਂ ਵਾਲੇ ਨਾਮ) ਨੂੰ ਜਪਦੀ ਹੋਈ ਨਾਮ ਦੇ ਖਜ਼ਾਨੇ ਵਾਲੀ ਬਣ

ਗਈ ਹੈ।ਰਹਾਉ।

(ਹੇ ਮਾਂ! ਪਿਆਰੇ ਦੀ) ਦਰਸ਼ਨ ਦੀ ਪਿਆਸ ਕਰਕੇ (ਮੇਰੀਆਂ) ਅੱਖਾਂ ਦੀ ਤਾਰ ਲੱਗ ਗਈ ਹੈ (ਭਾਵ ਸਮਾਧੀ ਵਾਲੀ ਅਵਸਥਾ ਬਣ ਗਈ ਹੈ)। (ਅੱਖਾਂ ਨੂੰ) ਹੋਰ ਪਾਸੇ ਦੇ (ਪਦਾਰਥਾਂ ਦੀ) ਪਿਆਸ ਭੁਲ ਗਈ ਹੈ।੧।

(ਹੇ ਮਾਂ!) ਹੁਣ ਮੈਂ ਸਹਜ ਦਾ (ਦਾਤਾ) ਅਤੇ (ਆਤਮਿਕ) ਸੁਖ ਦੇਣ ਵਾਲਾ ਗੁਰੂ ਪਾ ਲਿਆ ਹੈ। (ਉਸ ਗੁਰੂ ਦਾ) ਦਰਸ਼ਨ ਕਰਕੇ (ਮੇਰਾ) ਮਨ (ਉਸ ਦੇ ਚਰਨਾਂ ਨਾਲ) ਲਪਟ ਗਿਆ ਹੈ (ਭਾਵ ਜੁੜ ਗਿਆ ਹੈ)। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਉਸ) ਪਿਆਰੇ (ਪ੍ਰਭੂ ਦੀ) ਅੰਮ੍ਰਿਤ ਬਾਣੀ ਦੁਆਰਾ ਪਰਮੇਸ਼ਰ ਦਾ ਦਰਸ਼ਨ ਕਰਕੇ (ਮੇਰੇ) ਮਨ ਵਿਚ ਅਨੰਦ ਪੈਦਾ ਹੋ ਗਿਆ ਹੈ।੨।੧।

## ਸਾਰੰਸ਼ ਅਤੇ ਸਿਧਾਂਤ

ਆਮ ਮਨੁੱਖਾਂ ਦੀ ਸੁਰਤਿ ਦੁਨਿਆਵੀ ਪਦਾਰਥਾਂ ਦੇ ਭੋਗਾਂ ਵਿਚ ਖਚਿਤ ਹੋ ਕੇ ਸੁਤੀ ਪਈ ਹੈ। ਸੁਤੀ ਹੋਈ ਜਿੰਦ ਦੇ ਪਲੇ ਕੀ ਪੈਂਦਾ ਹੈ? ਸੁਪਨਾ ਨਾਸ਼ਵੰਤ ਹੈ, ਪਰ ਜਦੋਂ ਤਕ ਜਗਿਆਸੂ ਦੀ ਬ੍ਰਿਤੀ ਨਹੀਂ ਜਾਗਦੀ ਉਹ ਨਾਮ-ਰਸ ਦਾ ਗਾਹਕ ਤੇ ਚਾਹਕ ਨਹੀਂ ਬਣ ਸਕਦਾ।

ਇਸ ਸ਼ਬਦ ਵਿਚ ਸਿਧਾਂਤਕ ਗੱਲ ਇਹ ਕੀਤੀ ਹੈ ਕਿ ਜੀਵ ਦੀ ਆਤਮ-ਬ੍ਰਿਤੀ ਨਾਮ-ਰੱਸੀਏ ਸੰਤਾਂ ਦੀ ਸੰਗਤ ਵਿਚ ਨਾਮ ਜਪਿਆਂ ਜਾਗਦੀ ਹੈ ਅਤੇ ਉਹ ਪਰਮਾਤਮਾ ਦੇ ਬਿਸਮਾਦੀ ਰੰਗ ਵੇਖ ਕੇ ਆਤਮਿਕ ਸੁਖ ਮਾਣਦੀ ਹੈ । ਨਾਮੀ ਦੇ ਅੰਦਰ ਦਰਸ਼ਨ ਦੀ ਪਿਆਸ, ਉਸ ਦੀ 'ਲੋਚਨ ਤਾਰ' ਭਾਵ ਨੈਣਾਂ ਦੀ ਸਮਾਧੀ ਤੋਂ ਉਸ ਦੇ ਪ੍ਰੇਮ ਦਾ ਪਤਾ ਲਗ ਜਾਂਦਾ ਹੈ । ਨਾਮੀ ਪੁਰਸ਼ ਅੰਦਰ ਹੋਰ ਪਦਾਰਥਾਂ, ਹੋਰ ਪਾਸੇ ਜਾਣ ਦੀ ਕੋਈ ਤਾਂਘ ਨਹੀਂ ਰਹਿੰਦੀ। ਅਜਿਹੇ ਦਰਸ਼ਨ ਪਿਆਸੇ ਜਗਿਆਸੂ ਨੂੰ ਪ੍ਰੀਤਮ ਦਾ ਮੇਲ ਅੰਮ੍ਰਿਤ ਬਾਣੀ ਦੁਆਰਾ ਹੀ ਹੁੰਦਾ ਹੈ, ਹੋਰ ਕੋਈ ਸਾਧਨ, ਹੀਲਾ ਵਸੀਲਾ ਕਾਰਗਰ ਸਾਬਤ ਨਹੀਂ ਹੁੰਦਾ।

## ਕੇਦਾਰਾ ਮਹਲਾ ੫ ਘਰੁ ੩

**ੴ ਸਤਿਗੁਰ ਪ੍ਰਸਾਦਿ ॥ ਦੀਨ ਬਿਨਉ, ਸੁਨੁ ਦਇਆਲ ॥ ਪੰਚ ਦਾਸ ਤੀਨਿ ਦੋਖੀ, ਏਕੁ ਮਨੁ ਅਨਾਥ ਨਾਥ ॥ ਰਾਖੁ ਹੋ ਕਿਰਪਾਲ ॥ ਰਹਾਉ ॥ ਅਨਿਕ ਜਤਨ ਗਵਨੁ ਕਰਉ॥ ਖਟੁ ਕਰਮ, ਜੁਗਤਿ ਧਿਆਨੁ ਧਰਉ॥ ਉਪਾਵ ਸਗਲ ਕਰਿ ਹਾਰਿਓ, ਨਹ ਨਹ ਹੁਟਹਿ ਬਿਕਰਾਲ ॥੧॥ ਸਰਣਿ ਬੰਦਨ ਕਰੁਣਾ ਪਤੇ ॥ ਭਵ ਹਰਣ, ਹਰਿ ਹਰਿ ਹਰਿ ਹਰੇ ॥ ਏਕ ਤੂ ਹੀ ਦੀਨ ਦਇਆਲ ॥ ਪ੍ਰਭ ਚਰਨ ਨਾਨਕ ਆਸਰੋ ॥ ਉਧਰੇ ਭ੍ਰਮ ਮੋਹ ਸਾਗਰ ॥ ਲਗਿ ਸੰਤਨਾ ਪਗ ਪਾਲ ॥੨॥੧॥੨॥**

## ਉਚਾਰਨ ਸੇਧ

**ਬਿੰਦੀ ਸਹਿਤ:** ਬਿਨਉਂ, ਕਰਉਂ, ਧਰਉਂ, ਨਹੰ ਨਹੰ, ਹੁਟਹਿੰ।

**ਪਦ ਅਰਥ :** ਦੀਨ ਬਿਨਉ-ਗਰੀਬ (ਨਿਮਾਣੇ) ਦੀ ਬੇਨਤੀ। ਸੁਨੁ-ਸੁਣ। ਦਇਆਲ-ਹੇ

ਦਇਆਲੂ ! ਪੰਚ ਦਾਸ-ਪੰਜਾਂ (ਕਾਮਾਦਿਕ ਦਾ) ਗੁਲਾਮ । ਤੀਨਿ-ਤਿੰਨ (ਰਜੋ, ਤਮੋ, ਸਤੋ) । ਦੋਖੀ-ਵੈਰੀ। ਅਨਾਥ ਨਾਥ-ਹੇ ਅਨਾਥਾਂ ਦੇ ਮਾਲਕ !।ਰਹਾਉ। ਅਨਿਕ ਜਤਨ-ਮੈਂ ਅਨੇਕ ਜਤਨ (ਕਰਦਾ ਹਾਂ)। ਗਵਨੁ ਕਰਉ-ਜਾਂਦਾ ਹਾਂ (ਤੀਰਥਾਂ ਤੇ)। ਖਟੁ ਕਰਮ-(ਬ੍ਰਾਹਮਣਾ ਦੇ ਦਸੇ) ਛੇ ਕਰਮ । (ਵੇਦ ਪੜ੍ਹਨਾ, ਪੜਾਉਣਾ, ਯੱਗ ਕਰਨਾ,ਕਰਾਉਣਾ,ਦਾਨ ਦੇਣਾ,ਦਾਨ ਲੈਣਾ)। ਜੁਗਤਿ-ਜੁਗਤੀ,ਮਰਯਾਦਾ। ਧਿਆਨੁ ਧਰਉ-ਧਿਆਨ ਧਰਦਾ ਹਾਂ, ਸਮਾਧੀ ਲਾਂਦਾ ਹਾਂ। ਉਪਾਵ ਸਗਲ-ਸਾਰੇ ਜਤਨ। ਕਰਿ ਹਾਰਿਓ-ਕਰ ਕੇ ਹਾਰ ਗਿਆ ਹਾਂ। ਨਹ ਹੁਟਹਿ-ਥੱਕਦੇ ਭਾਵ ਮੁੱਕਦੇ ਨਹੀਂ ਹਨ। ਬਿਕਰਾਲ-ਡਰਾਉਣੇ(ਵਿਕਾਰ)।੧। ਬੰਦਨ-ਨਮਸਕਾਰ ਕਰਨੀ। ਸਿਰ ਨਿਵਾਉਣਾ ਕਰੁਣਾਪਤੇ-ਹੇ ਦਇਆ ਦੇ ਮਾਲਕ ਹਰੀ!। ਭਵ ਹਰਣ-ਹੇ ਜਨਮ ਮਰਣ ਨੂੰ ਨਾਸ ਕਰਨ ਵਾਲੇ!। ਉਧਰੇ-ਬਚ ਗਏ । ਸਾਗਰ-ਸਮੁੰਦਰ। ਲਗਿ-ਲਗ ਕੇ। ਪਗ-ਪੈਰੀਂ। ਪਾਲ-ਪੱਲੇ।੨।

**ਅਰਥ :** ਹੇ ਦਇਆਲੂ ! (ਮੈਂ) ਗਰੀਬ ਨਿਮਾਣੇ ਦੀ (ਇਕ) ਬੇਨਤੀ ਸੁਣ । ਹੇ ਅਨਾਥਾਂ ਦੇ ਮਾਲਕ ਪ੍ਰਭੂ ! (ਮੇਰਾ) ਮਨ ਪੰਜਾਂ (ਕਾਮਾਦਿਕਾਂ ਦਾ ਗੁਲਾਮ) ਬਣਿਆ ਹੋਇਆ ਹੈ। ਤਿੰਨੇ (ਰਜੋ, ਤਮੋ, ਸਤੋ ਗੁਣ ਇਸ ਦੇ) ਵੈਰੀ ਹਨ, ਹੇ ਕਿਰਪਾਲੂ ! (ਇਹਨਾਂ ਤੋਂ ਮੈਨੂੰ ਬਚਾ ਕੇ) ਰਖ ਲੈ । ਰਹਾਉ।

(ਹੇ ਦਇਆਲੂ ਜੀਉ । ਇਹਨਾਂ ਤੋਂ ਬਚਾਣ ਦੇ ਮੈਂ) ਅਨੇਕ ਜਤਨ ਕਰਦਾ ਹਾਂ, (ਤੀਰਥਾਂ ਤੇ) ਜਾਂਦਾ ਹਾਂ, ਛੇ ਦਸੇ ਹੋਏ ਕਰਮ (ਮੈਂ) ਕਮਾਂਦਾ ਹਾਂ, ਦੱਸੀ ਜੁਗਤੀ ਦੁਆਰਾ ਧਿਆਨ (ਸਮਾਧੀ) ਲਾਂਦਾ ਹਾਂ । (ਮੈਂ) ਸਾਰੇ ਜਤਨ ਕਰ ਕਰ ਕੇ ਹਾਰ ਗਿਆ ਹਾਂ, (ਪਰ ਇਹ) ਡਰਾਉਣੇ-ਵਿਕਾਰ ਥਕਦੇ ਨਹੀਂ ਹਨ (ਭਾਵ ਮੁਕਦੇ ਨਹੀਂ) ।੧।

ਹੇ ਦਇਆਲੂ ਮਾਲਕ! ਮੈਂ ਤੇਰੀ ਸ਼ਰਨ ਆਇਆ ਹਾਂ, (ਤੈਨੂੰ ਮੇਰੀ) ਬੰਦਨਾ (ਨਮਸਕਾਰ) ਹੈ। ਹੇ ਹਰੀ! ਹੇ ਜਨਮ ਮਰਣ ਦਾ ਗੇੜ ਦੂਰ ਕਰਨ ਵਾਲੇ! ਇਕ ਤੂੰ ਹੀ ਸੰਸਾਰ ਉਤੇ ਦਇਆ ਕਰਨ ਵਾਲਾ ਹੈਂ । ਹੇ ਪ੍ਰਭੂ! ਨਾਨਕ ਦਾ ਆਸਰਾ (ਤੇਰੇ) ਚਰਨ ਹਨ । ਤੇਰੇ ਸੰਤ ਜਨਾਂ ਦੀ ਚਰਨੀ (ਤੇਰੇ ਸੰਤਾਂ ਦੇ) ਪਲੇ (ਲੜ) ਲਗ ਕੇ (ਅਸੀਂ) ਭਰਮ ਤੇ ਮੋਹ ਦੇ ਸਮੁੰਦਰ (ਭਾਵ ਇਸ ਸੰਸਾਰ ਤੋਂ) ਤਰੇ ਹਾਂ ।੨।੧।੨।

## ਸਾਰੰਸ਼ ਅਤੇ ਸਿਧਾਂਤ

ਅਸੀਂ ਅਲਪਗ ਸੰਸਾਰੀ ਜੀਵ ਜੋ ਬੇਨਤੀਆਂ ਕਰਦੇ ਹਾਂ, ਉਹ ਕਾਮਨਾ ਨਾਲ ਭਰੀਆਂ ਹੁੰਦੀਆਂ ਹਨ, ਉਨ੍ਹਾਂ ਨਾਲ ਜੀਵਨ-ਪ੍ਰਗਤੀ ਨਹੀਂ ਹੁੰਦੀ ਸਗੋਂ ਰਸਾਤਲ ਵਿਚ ਜਾਣ ਵਾਲੀ ਗਲ ਹੁੰਦੀ ਹੈ। ਇਸ ਸ਼ਬਦ ਵਿਚ ਦਇਆਲੂ ਪਿਤਾ ਪਾਸ ਜੋ ਬੇਨਤੀ ਕੀਤੀ ਗਈ ਹੈ, ਸਾਨੂੰ ਨਿਰਮਲ ਸੋਧ ਦਿੰਦੀ ਹੈ।

ਮਨ ਇਕ ਹੈ ਪਰ ਅਨੇਕਾਂ ਵੈਰੀਆਂ ਨਾਲ ਘਿਰਿਆ ਪਿਆ ਹੈ । ਇਨ੍ਹਾਂ ਤੋਂ ਆਪਣੀ ਕਰਣੀ ਨਾਲ ਬਚਾਓ ਨਹੀਂ ਹੁੰਦਾ, ਪ੍ਰਭੂ ਕਿਰਪਾ ਦੀ ਲੋੜ ਹੈ। ਸ਼ਾਸ਼ਤਰੀਆਂ ਤੇ ਆਚਾਰੀਆਂ ਜਿਨ੍ਹਾਂ ਵੇਦਾਂ ਤੇ ਸ਼ਾਸਤਰਾਂ ਦਾ ਅਧਿਐਨ ਕੀਤਾ ਹੈ, ਉਨ੍ਹਾਂ ਦੇ ਦਸੇ ਹੋਏ ਤਰੀਕੇ ਪੰਜ ਵੈਰੀਆਂ ਤੇ ਤਿੰਨ ਦੋਖੀਆਂ ਭਾਵ ਰਜੋ, ਤਮੋ, ਸਤੋ ਦੇ ਪ੍ਰਭਾਵ ਤੋਂ ਬਚਾਣ ਵਿਚ ਅਸਮਰਥ ਰਹਿੰਦੇ ਹਨ ।

ਇਸ ਲਈ ਬੇਨਤੀ ਕੀਤੀ ਹੈ ਕਿ ਹੇ ਪ੍ਰਭੂ ! ਤੈਨੂੰ ਨਮਸਕਾਰ ਹੈ, ਸਾਨੂੰ ਤੇਰੇ ਚਰਨਾ ਦਾ ਆਸਰਾ ਹੈ ਜਾਂ ਅਠੇ ਪਹਿਰ ਨਾਮ ਜਪਣੇ ਵਾਲੇ ਤੇਰੇ ਸੰਤਾ ਦਾ ਜਿਨ੍ਹਾਂ ਦੇ ਲੜ ਲਗ ਕੇ ਸੰਸਾਰ ਸਾਗਰ ਤੋਂ ਤਰ

ਜਾਈਦਾ ਹੈ। ਸਿਧਾਂਤ ਇਹ ਹੈ ਕਿ ਤਿੰਨਾਂ ਗੁਣਾਂ ਵਿਚ ਦੁਖ ਸੁਖ ਵਿਆਪਦੇ ਹਨ, ਚੌਥਾ ਪਦ ਸਹਜ ਅਵਸਥਾ ਦਾ ਪ੍ਰਤੀਕ ਹੈ। ਇਸ ਪਦ ਦੀ ਪ੍ਰਾਪਤੀ ਲਈ ਸੰਤਾਂ ਦਾ ਸੰਗ ਕਰਕੇ ਜਦੋਂ ਆਤਮਿਕ ਬ੍ਰਿਤੀ ਜਾਗਦੀ ਹੈ ਤਦੋਂ ਨਾਮ ਅਭਿਆਸ ਕੀਤਿਆਂ ਸਫਲਤਾ ਪ੍ਰਾਪਤ ਹੁੰਦੀ ਹੈ।

## ਕੇਦਾਰਾ ਮਹਲਾ ੫ ਘਰੁ ੪

**ੴ ਸਤਿਗੁਰ ਪ੍ਰਸਾਦਿ ॥ ਸਰਨੀ ਆਇਓ, ਨਾਥ ਨਿਧਾਨ ॥ ਨਾਮ ਪ੍ਰੀਤਿ ਲਾਗੀ ਮਨ ਭੀਤਰਿ, ਮਾਗਨ ਕਉ ਹਰਿ ਦਾਨ ॥੧॥ ਰਹਾਉ ॥ ਸੁਖਦਾਈ ਪੂਰਨ ਪਰਮੇਸੁਰ, ਕਰਿ ਕਿਰਪਾ ਰਾਖਹੁ ਮਾਨ ॥ ਦੇਹੁ ਪ੍ਰੀਤਿ ਸਾਧੂ ਸੰਗਿ ਸੁਆਮੀ, ਹਰਿ ਗੁਨ ਰਸਨ ਬਖਾਨ ॥੧॥ ਗੋਪਾਲ ਦਇਆਲ ਗੋਬਿੰਦ ਦਮੋਦਰ, ਨਿਰਮਲ ਕਥਾ ਗਿਆਨ ॥ ਨਾਨਕ ਕਉ ਹਰਿ ਕੈ ਰੰਗਿ ਰਾਗਹੁ, ਚਰਨ ਕਮਲ ਸੰਗਿ ਧਿਆਨ ॥੨॥੧॥੩॥**

### ਉਚਾਰਨ ਸੇਧ

**ਬਿੰਦੀ ਸਹਿਤ :** ਆਇਓਂ, ਮਾਂਗਨ, ਕਉਂ, ਰਾਂਗਹੁ।

**ਪਦ ਅਰਥ :** ਨਾਥ-ਹੇ ਮਾਲਕ !। ਨਿਧਾਨ-ਹੇ (ਸੁੱਖਾਂ ਦੇ) ਖ਼ਜ਼ਾਨੇ !। ਆਇਓ-(ਮੈਂ) ਆਇਆ ਹਾਂ। ਮਨ ਭੀਤਰਿ-ਮਨ ਦੇ ਅੰਦਰ। ਮਾਂਗਨ ਕਉ-ਮੰਗਣ ਲਈ।੧। ਰਹਾਉ। ਸੁਖਦਾਈ-ਹੇ ਸੁਖਾਂ ਦੇ ਦਾਤੇ। ਪੂਰਨ-ਭਰੇ ਹੋਏ। ਮਾਨ-ਮਾਣ, ਆਦਰ, ਲਾਜ। ਸਾਧੂ ਸੰਗਿ-ਸਾਧੂ (ਗੁਰੂ ਦੇ) ਨਾਲ। ਸੁਆਮੀ-ਹੇ ਮਾਲਕ ! ਰਸਨ-ਰਸਨਾ ਨਾਲ। ਬਖਾਨ-ਉਚਾਰੇ।੧। ਗੋਪਾਲ-ਹੇ ਪ੍ਰਿਥਵੀ ਦੇ ਪਾਲਕ ! ਦਮੋਦਰ-ਹੇ ਵਾਹਿਗੁਰੂ !। ਕਥਾ-(ਪ੍ਰਭੂ ਦੇ ਗੁਣਾਂ) ਦੀ ਵਿਆਖਿਆ। ਗਿਆਨ-ਸੂਝ ਬੂਝ। ਰੰਗਿ-ਰੰਗ (ਪ੍ਰੇਮ) ਵਿਚ। ਰਾਗਹੁ-ਰੰਗ ਦਿਓ। ਸੰਗਿ-ਨਾਲ। ਧਿਆਨ-ਸੁਰਤਿ ਦਾ ਟਿਕਾਉ।੨।

**ਅਰਥ :** ਹੇ ਮਾਲਕ ! ਹੇ (ਸੁੱਖਾਂ ਦੇ) ਖਜ਼ਾਨੇ। ਮੇਰੇ ਮਨ ਅੰਦਰ ਤੇਰੇ ਨਾਮ ਦੀ ਪ੍ਰੀਤਿ ਲੱਗ ਗਈ ਹੈ (ਨਾਮ ਰੂਪੀ) ਦਾਨ ਮੰਗਣ ਲਈ ਮੈਂ ਤੇਰੀ ਸ਼ਰਨੀ ਆਇਆ ਹਾਂ।੧। ਰਹਾਉ।

ਹੇ ਸੁੱਖਾਂ ਦੇ ਦਾਤੇ ! ਹੇ (ਗੁਣਾਂ ਨਾਲ) ਭਰੇ ਹੋਏ, ਹੇ ਪਰਮੇਸ਼ਰ ! ਕਿਰਪਾ ਕਰਕੇ (ਆਪ ਹੀ ਸ਼ਰਣ ਪਏ ਦੀ) ਲਾਜ ਰਖੋ।੧। ਹੇ ਮਾਲਕ ! ਮੈਨੂੰ ਸਾਧੂ (ਗੁਰੂ) ਦਾ ਸੰਗ ਤੇ ਪ੍ਰੀਤਿ ਬਖਸ਼ੋ (ਤਾਂ ਜੋ ਮੇਰੀ) ਰਸਨਾ (ਤੌਂ) ਹਰੀ ਦੇ ਗੁਣ ਉਚਾਰਨ ਕਰਦੀ ਰਹੇ।੧।

ਹੇ ਗੋਪਾਲ ! ਹੇ ਦਇਆਲ ! ਹੇ ਪ੍ਰਿਥਵੀ ਦੇ ਪਾਲਕ ! ਹੇ ਦਮੋਦਰ ! ਮੈਨੂੰ (ਆਪਣੀ) ਨਿਰਮਲ ਕਥਾ ਦਾ ਗਿਆਨ (ਇਹ ਦਾਨ ਬਖਸ਼ੋ)। ਹੇ ਹਰੀ! ਨਾਨਕ ਨੂੰ (ਆਪਣੇ ਨਾਮ ਦੇ)ਰੰਗ ਵਿਚ ਰੰਗ ਦਿਉ (ਤਾਂ ਜੋ)ਤੇਰੇ ਸੋਹਣੇ ਪਵਿੱਤਰ ਚਰਨਾਂ ਨਾਲ ਜੁੜ ਕੇ(ਮੇਰੀ ਸੁਰਤਿ ਦਾ) ਟਿਕਾਉ ਬਣਿਆ ਰਹੇ।੨।੧।੩।

### ਸਾਰੰਸ਼ ਅਤੇ ਸਿਧਾਂਤ

ਆਤਮ ਮਾਰਗ ਵਿਚ ਸਭ ਤੋਂ ਵੱਡੀ ਜਗਿਆਸਾ ਪ੍ਰਭੂ ਦੀ ਸ਼ਰਨ ਹੈ। ਸ਼ਰਨ ਵਿਚ ਪਇਆਂ ਹੀ

ਸਤਿਨਾਮ ਦੀ ਪ੍ਰੀਤਿ ਲਗਦੀ ਹੈ ਅਤੇ ਸ਼ਾਂਤੀ ਪ੍ਰਾਪਤ ਹੁੰਦੀ ਹੈ। ਇਸ ਲਈ ਪਰਮੇਸ਼ਰ ਦੇ ਚਰਨਾਂ ਵਿਚ ਬੇਨਤੀ ਕੀਤੀ ਹੈ ਕਿ ਹੇ ਪ੍ਰਭੂ! ਸਾਧ ਸੰਗਤ ਰਾਹੀਂ ਆਪਣੀ ਪ੍ਰੀਤ ਵਿਚ ਰੰਗ ਦਿਓ। ਮੇਰੀ ਰਸਨਾ ਤੇਰੇ ਅੰਮ੍ਰਿਤ ਗੁਣ ਗਾਉਂਦੀ ਰਹੇ ਅਤੇ ਸ੍ਰਵਣ ਨਿਰਮਲ ਕਥਾ ਦਾ ਗਿਆਨ ਸੁਣਦੇ ਰਹਿਣ।

ਸਿਧਾਂਤ ਇਹ ਹੈ ਕਿ ਜਿਸ ਜਗਿਆਸੂ ਦੇ ਅੰਦਰ ਚਾਉ ਪੈਦਾ ਹੁੰਦਾ ਹੈ, ਉਸ ਦੀ ਸੁਰਤਿ ਪ੍ਰਭੂ ਦੇ ਸੋਹਣੇ ਚਰਨਾ ਦੇ ਧਿਆਨ ਵਿਚ ਲੀਨ ਹੋ ਜਾਂਦੀ ਹੈ ਅਤੇ ਉਸ ਦਾ ਹਿਰਦਾ ਗਿਆਨ ਨਾਲ ਜਗਮਗਾ ਉਠਦਾ ਹੈ।

**ਕੇਦਾਰਾ ਮਹਲਾ ੫ ॥ ਹਰਿ ਕੇ ਦਰਸਨ ਕੋ ਮਨਿ ਚਾਉ ॥ ਕਰਿ ਕਿਰਪਾ ਸਤਸੰਗਿ ਮਿਲਾਵਹੁ, ਤੁਮ ਦੇਵਹੁ ਅਪਨੋ ਨਾਉ ॥ਰਹਾਉ॥ ਕਰਉ ਸੇਵਾ ਸਤ ਪੁਰਖ ਪਿਆਰੇ, ਜਤ ਸੁਨੀਐ ਤਤ ਮਨਿ ਰਹਸਾਉ ॥ ਵਾਰੀ ਫੇਰੀ ਸਦਾ ਘੁਮਾਈ, ਕਵਨੁ ਅਨੂਪੁ ਤੇਰੋ ਠਾਉ ॥੧॥ ਸਰਬ ਪ੍ਰਤਿਪਾਲਹਿ ਸਗਲ ਸਮਾਲਹਿ, ਸਗਲਿਆ ਤੇਰੀ ਛਾਉ ॥ ਨਾਨਕ ਕੇ ਪ੍ਰਭ ਪੁਰਖ ਬਿਧਾਤੇ, ਘਟਿ ਘਟਿ ਤੁਝਹਿ ਦਿਖਾਉ ॥੨॥੨॥੪॥**

## ਉਚਾਰਨ ਸੇਧ

**ਬਿੰਦੀ ਸਹਿਤ :** ਨਾਉਂ, ਕਰਉਂ, ਪ੍ਰਤਿਪਾਲਹਿਂ, ਸਮਾਲਹਿਂ, ਸਗਲਿਆਂ, ਛਾਉਂ, ਦਿਖਾਉਂ।

**ਪਦ ਅਰਥ :** ਕੋ-ਲਈ, ਵਾਸਤੇ। ਮਨਿ-ਮਨ ਵਿਚ। ਚਾਉ-ਉਤਸ਼ਾਹ। ਕਰਉ-ਮੈਂ ਕਰਾਂ। ਸਤ ਪੁਰਖ-ਸਤ ਪੁਰਸ਼ਾਂ ਦੀ। ਪਿਆਰੇ-ਹੇ ਪਿਆਰੇ ਵਾਹਿਗੁਰੂ!। ਜਤ-ਜਿਥੇ। ਸੁਨੀਐ-ਸੁਣਿਆ ਜਾਂਦਾ ਹੈ। ਤਤ-ਉਥੇ। ਮਨਿ ਰਹਸਾਉ-ਮਨ ਵਿਚ ਖੇੜਾ ਅਨੰਦ ਆ ਜਾਂਦਾ ਹੈ। ਵਾਰੀ ਫੇਰੀ, ਘੁਮਾਈ-ਮੈਂ ਵਾਰਨੇ, ਸਦਕੇ ਤੇ ਕੁਰਬਾਨ ਜਾਂਦਾ ਹਾਂ। ਕਵਨੁ-ਕਿਹੜਾ ?। ਅਨੂਪੁ-ਜਿਸ ਦੀ ਉਪਮਾ ਨਾ ਹੋ ਸਕੇ, ਬਹੁਤ ਹੀ ਸੁੰਦਰ। ਠਾਉ-ਥਾਂ, ਅਸਥਾਨ ।੧। ਸਰਬ-ਸਾਰਿਆਂ ਨੂੰ ਪ੍ਰਤਿਪਾਲਹਿ-ਤੂੰ ਪਾਲਦਾ ਹੈਂ। ਸਮਾਲਹਿ-ਤੂੰ ਸੰਭਾਲਦਾ ਹੈਂ, ਦੇਖ ਭਾਲ ਕਰਦਾ ਹੈਂ। ਸਗਲਿਆ-ਸਾਰਿਆਂ ਨੂੰ। ਤੇਰੀ ਛਾਉ-ਤੇਰੀ ਛਾਂ ਭਾਵ ਓਟ ਆਸਰਾ। ਬਿਧਾਤੇ-ਹੇ ਸਿਰਜਣਹਾਰ! ਹੇ ਫਲ ਪਰਦਾਤੇ!। ਘਟਿ ਘਟਿ-ਹਰੇਕ ਸਰੀਰ ਵਿਚ। ਤੁਝਹਿ ਦਿਖਾਉ-ਮੈਂ ਤੈਨੂੰ ਵੇਖਦਾ ਰਹਾਂ (ਭਾਵ ਤੇਰਾ ਦਰਸ਼ਨ ਕਰਦਾ ਰਹਾਂ) ।੨।

**ਅਰਥ :** (ਹੇ ਭਾਈ!) ਮੇਰੇ ਮਨ ਵਿਚ ਹਰੀ ਪਰਮਾਤਮਾ ਦਾ ਦਰਸ਼ਨ ਕਰਨ ਲਈ ਉਤਸ਼ਾਹ ਹੈ (ਇਸ ਲਈ ਮੈਂ ਪ੍ਰਭੂ ਪਾਸ ਬੇਨਤੀ ਕਰਦਾ ਹਾਂ, ਹੇ ਹਰੀ! ਆਪਣੀ) ਕਿਰਪਾ ਕਰਕੇ (ਮੈਨੂੰ) ਸਤਿ ਸੰਗ ਵਿਚ ਮਿਲਾਓ (ਬਿਠਾਓ ਅਤੇ) ਤੁਸੀਂ (ਮੈਨੂੰ) (ਆਪਣੇ) ਨਾਮ ਦੀ (ਦਾਤਿ) ਬਖਸ਼ੋ ਜੀ। ਰਹਾਉ।

ਹੇ ਪਿਆਰੇ ਵਾਹਿਗੁਰੂ! (ਮੇਰੇ ਤੇ ਕਿਰਪਾ ਕਰੋ ਕਿ ਮੈਂ) ਸਤ ਪੁਰਸ਼ਾਂ (ਗੁਰਮੁੱਖਾਂ) ਦੀ ਸੇਵਾ ਕਰਾਂ, ਜਿਥੇ (ਵੀ ਤੇਰਾ ਨਾਮ) ਸੁਣਿਆ ਜਾਂਦਾ ਹੈ, ਉਥੇ ਹੀ ਮਨ ਵਿਚ ਰਹੱਸ (ਅਨੰਦ) ਪੈਦਾ ਹੁੰਦਾ ਹੈ। (ਹੇ ਵਾਹਿਗੁਰੂ! ਮੈਂ ਤੇਰੇ ਤੋਂ) ਵਾਰਨੇ ਜਾਂਦਾ ਹਾਂ, ਸਦਕੇ ਤੇ ਕੁਰਬਾਨ ਜਾਂਦਾ ਹਾਂ (ਉਹ) ਤੇਰਾ ਸੁੰਦਰ ਅਸਥਾਨ ਕਿਹੜਾ ਹੈ (ਜਿਥੇ ਤੂੰ) ਵਸਦਾ ਹੈਂ? ।੧।

(ਹੇ ਪਿਆਰੇ ਪ੍ਰਭੂ ! ਤੂੰ) ਸਾਰਿਆਂ ਜੀਆਂ ਦੀ ਪਾਲਨਾ ਕਰਦਾ ਹੈਂ, ਸਾਰਿਆਂ ਦੀ ਸੰਭਾਲ ਕਰਦਾ ਹੈਂ, ਸਾਰੇ ਜੀਆਂ ਨੂੰ ਤੇਰੀ ਓਟ (ਆਸਰਾ) ਹੈ । ਹੇ ਨਾਨਕ ਦੇ ਸਰਬ ਵਿਆਪਕ ਸਿਰਜਣਹਾਰ! (ਕਿਰਪਾ ਕਰ ਕਿ ਮੈਂ) ਹਰੇਕ ਸਰੀਰ ਵਿਚ ਤੈਨੂੰ ਵੇਖਦਾ ਰਹਾਂ (ਭਾਵ ਤੇਰੇ ਦਰਸ਼ਨ ਕਰਦਾ ਰਹਾਂ) ।੨।੨।੪।

## ਸਾਰੰਸ਼ ਅਤੇ ਸਿਧਾਂਤ

ਹਰੀ ਦੇ ਦਰਸ਼ਨਾ ਲਈ ਮਨ ਵਿਚ ਚਾਉ ਪੈਦਾ ਹੋਣਾ ਵਡੇ ਭਾਗਾਂ ਦੀ ਨਿਸ਼ਾਨੀ ਹੈ । ਇਸ ਚਾਉ ਦੀ ਪੂਰਤੀ ਦਾ ਅਸਥਾਨ ਸਤਿਸੰਗਤ ਹੈ । ਇਸ ਲਈ ਹਰੀ ਪਾਸ ਬੇਨਤੀ ਕੀਤੀ ਹੈ :

**ਕਰਿ ਕਿਰਪਾ ਸਤਸੰਗਿ ਮਿਲਾਵਹੁ, ਤੁਮ ਦੇਵਹੁ ਅਪਨੋ ਨਾਉ ॥**

ਅੰਤ ਵਿਚ ਪਰਮੇਸ਼ਰ ਦੀ ਵਡਿਆਈ ਕੀਤੀ ਹੈ ਕਿ ਹੇ ਪ੍ਰਭੂ ! ਤੂੰ ਸਾਰਿਆਂ ਦੀ ਪ੍ਰਤਿਪਾਲਨਾ ਕਰਦਾ ਹੈਂ, ਸਾਰਿਆਂ ਰੁਲਦਿਆਂ ਖੁਲਦਿਆਂ ਦੀ ਸੰਭਾਲ ਕਰਦਾ ਹੈਂ, ਇਸ ਲਈ ਸਾਰੇ ਜੀਵ ਤੇਰੀ ਛਾਂ ਹੇਠਾਂ ਅਨੰਦ ਮਾਣਨਾ ਲੋਚਦੇ ਹਨ । ਫਿਰ ਗੁਰਦੇਵ ਪਿਤਾ ਪ੍ਰਭੂ ਪੁਰਖ ਬਿਧਾਤੇ ਪਾਸੋਂ "ਘਟਿ ਘਟਿ ਤੁਝਹਿ ਦਿਖਾਉ" ਦਾ ਸੁੰਦਰ ਦਾਨ ਮੰਗਿਆ ਹੈ । ਸਾਈਆਂ ਜੀਓ ਮਿਹਰ ਕਰਨ, ਸਾਡੇ ਹਿਰਦੇ ਵਿਚ ਵੀ ਇਹੋ ਜਿਹੀ ਦਰਸ਼ਨ ਲਾਲਸਾ ਪੈਦਾ ਹੋਵੇ ਜਿਵੇਂ ਕਿ ਗੁਰਦੇਵ ਫੁਰਮਾਂਦੇ ਹਨ :--

**ਪਿਰ ਭਾਵੈ ਪ੍ਰੇਮੁ ਸਖਾਈ ॥**

**ਤਿਸੁ ਬਿਨੁ ਘੜੀ ਨਹੀ ਜਗਿ ਜੀਵਾ, ਐਸੀ ਪਿਆਸ ਤਿਸਾਈ ॥** [ਪੰਨਾ ੧੨੭੩

**ਕੇਦਾਰਾ ਮਹਲਾ ੫ ॥ ਪ੍ਰਿਅ ਕੀ ਪ੍ਰੀਤਿ ਪਿਆਰੀ ॥ ਮਗਨ ਮਨੈ ਮਹਿ ਚਿਤਵਉ ਆਸਾ, ਨੈਨਹੁ ਤਾਰ ਤੁਹਾਰੀ ॥ ਰਹਾਉ ॥ ਓਇ ਦਿਨ ਪਹਰ ਮੂਰਤ ਪਲ ਕੈਸੇ, ਓਇ ਪਲ ਘਰੀ ਕਿਹਾਰੀ ॥ ਖੂਲੇ ਕਪਟ ਧਪਟ ਬੁਝਿ ਤ੍ਰਿਸਨਾ, ਜੀਵਉ ਪੇਖਿ ਦਰਸਾਰੀ ॥੧॥ ਕਉਨੁ ਸੁ ਜਤਨੁ ਉਪਾਉ ਕਿਨੇਹਾ, ਸੇਵਾ ਕਉਨ ਬੀਚਾਰੀ ॥ ਮਾਨੁ ਅਭਿਮਾਨੁ ਮੋਹੁ ਤਜਿ ਨਾਨਕ, ਸੰਤਹ ਸੰਗਿ ਉਧਾਰੀ ॥੨॥੩॥੫॥**

## ਉਚਾਰਨ ਸੇਧ

**ਬਿੰਦੀ ਸਹਿਤ :** ਮਨੈਂ, ਮਹਿਂ, ਚਿਤਵਉਂ, ਨੈਨਹੁਂ ਜੀਵਉਂ, ਬੀਚਾਰੀਂ, ਸੰਤਹਂ, ਉਧਾਰੀਂ ।

**ਪਦ ਅਰਥ :** ਪ੍ਰਿਅ ਕੀ-ਪਿਆਰੇ (ਪ੍ਰਭੂ) ਦੀ। ਪਿਆਰੀ-ਚੰਗੀ । ਮਗਨ-ਮਸਤ। ਮਨੈ ਮਹਿ-ਮਨ ਵਿਚ ਹੀ। ਚਿਤਵਉ-ਚਿਤਵਦਾ, ਚੇਤੇ ਕਰਦਾ ਹਾਂ। ਨੈਨਹੁ-ਅੱਖਾਂ ਤੋਂ । ਤਾਰ-ਤਾੜੀ, ਖਿੱਚ। ਤੁਹਾਰੀ-ਤੁਹਾਡੀ । ਰਹਾਉ। ਓਇ-ਉਹ। ਮੂਰਤ-ਮਹੂਰਤ। ਪਲ-ਘੜੀ । ਕੈਸੇ-ਕਿਹੋ ਜਿਹੇ। ਘਰੀ-ਘੜੀ । ਕਿਹਾਰੀ-ਕਿਹੋ ਜਿਹੀ? ਭਾਵ ਕਿਤਨੀ ਸੋਹਣੀ। ਖੂਲੇ-ਖੁਲ੍ਹ ਗਏ। ਕਪਟ-ਕਿਵਾੜ, ਦਰਵਾਜ਼ੇ। ਧਪਟ-ਝਟਪਟ, ਫੌਰਨ। ਬੁਝਿ ਤ੍ਰਿਸ਼ਨਾ-ਤ੍ਰਿਸ਼ਨਾ ਦੇ ਬੁਝਣ ਕਰਕੇ। ਜੀਵਉ-ਜੀਉਂਦਾ ਹਾਂ। ਪੇਖਿ-ਵੇਖ ਕੇ। ਦਰਸਾਰੀ-ਦਰਸ਼ਨ।੧। ਕਉਨੁ-ਕਿਹੜਾ? । ਸੁ-ਉਹ । ਜਤਨੁ-ਹੀਲਾ । ਉਪਾਉ-ਤਰੀਕਾ, ਜਤਨ। ਕਿਨੇਹਾ-ਕਿਹੋ ਜਿਹਾ?। ਬੀਚਾਰੀ-ਮੈਂ ਵਿਚਾਰਾਂ । ਤਜਿ-ਤਿਆਗ ਕੇ । ਸੰਤਹ ਸੰਗਿ-ਸਮੂਹ ਸੰਤਾਂ ਦੀ ਸੰਗਤ ਵਿਚ ।

ਉਧਾਰੀ-ਉਧਾਰ ਹੋ ਸਕਦਾ ਹੈ।

**ਅਰਥ:** (ਹੇ ਭਾਈ ! ਮੈਨੂੰ) ਪਿਆਰੇ (ਪ੍ਰਭੂ) ਦੀ ਪ੍ਰੀਤਿ ਚੰਗੀ ਲਗਦੀ ਹੈ। (ਹੇ ਪ੍ਰਭੂ! ਮੈਂ ਆਪਣੇ) ਮਨ ਵਿਚ ਮਸਤ ਰਹਿ ਕੇ ( ਤੇਰੇ) ਦਰਸ਼ਨ ਦੀ ਆਸਾ ਚਿਤਵਦਾ ਰਹਿੰਦਾ ਹਾਂ (ਅਤੇ) ਮੇਰੀਆਂ ਅਖਾਂ ਵਿਚ ਵੀ (ਤੇਰੀ ਪ੍ਰੀਤ ਦੀ) ਤਾਰ (ਤਾੜੀ) ਲੱਗੀ ਰਹਿੰਦੀ ਹੈ। ਰਹਾਉ।

(ਹੇ ਪ੍ਰਭੂ!) ਓਹ ਦਿਹਾੜੇ, (ਓਹ) ਪਹਿਰ, ਮੂਹੂਰਤ, ਪਲ, ਕਿਹੋ ਜਿਹੇ ਭਾਗਾਂ ਵਾਲੇ ਹੋਣਗੇ, ਘੜੀ ਕਿਤਨੀ ਸੋਹਣੀ ਹੋਵੇਗੀ (ਜਿਸ ਵੇਲੇ) ਤ੍ਰਿਸ਼ਨਾ ਦੇ ਬੁਝਣ ਕਰਕੇ (ਮਨ ਨੂੰ ਲੱਗੇ ਹੋਏ ਮੋਹ ਤੇ ਭਰਮ ਦੇ) ਕਿਵਾੜ ਝਟ ਪਟ ਖੁਲ੍ਹ ਜਾਣਗੇ। (ਜਿਸ ਦੇ ਫਲਸਰੂਪ ਮੈਂ ਆਪ ਜੀ ਦਾ) ਦਰਸ਼ਨ ਵੇਖ ਕੇ ਸਦੀਵੀ ਜੀਵਾਂਗਾ।੧।

(ਹੁਣ ਹੋਰ) ਕਿਹੜਾ ਜਤਨ ਤੇ ਉਪਾਉ ਕਰਾਂ ਅਤੇ ਕਿਹੜੀ ਸੇਵਾ ਵਿਚਾਰਾਂ ? ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਅੰਤਰ ਆਤਮੇ ਚੋਂ ਇਹ ਉਤਰ ਮਿਲਿਆ ਕਿ) ਸੰਤ ਜਨਾਂ ਦੀ ਸੰਗਤ ਵਿਚ ਮਾਣ, ਅਹੰਕਾਰ ਤੇ ਮੋਹ ਤਿਆਗ ਕੇ ਜੀਵਨ ਦਾ ਉਧਾਰ (ਪਾਰ-ਉਤਾਰਾ) ਹੁੰਦਾ ਹੈ, (ਸੋ, ਪ੍ਰਭੂ ਮਿਲਾਪ ਦੀ ਇਹ ਨਿਰਮਲ ਜੁਗਤੀ ਹੈ)।੨।੩।੫।

## ਸਾਰੰਸ਼ ਅਤੇ ਸਿਧਾਂਤ

ਜਿਸ 'ਪਿਆਰੀ ਪ੍ਰੀਤਿ' ਦਾ ਜ਼ਿਕਰ ਧੰਨ ਗੁਰੂ ਅਰਜਨ ਦੇਵ ਜੀ ਕਰ ਰਹੇ ਹਨ, ਇਸ ਦੇ ਰਹੱਸ ਨੂੰ ਉਹ ਆਪ ਹੀ ਜਾਣਦੇ ਹਨ। ਆਪ ਜੀ ਦੇ ਮਨ ਦੀ ਮਗਨਤਾ ਨੂੰ ਅਲਪਗ ਜੀਵ ਕੀ ਸਮਝ ਸਕਦਾ ਹੈ। ਆਪ ਜੀ ਦੇ ਅੰਦਰ ਤਾਂ ਦਰਸ਼ਨਾਂ ਦੀ ਐਨੀ ਵੱਡੀ ਤਾਂਘ ਹੈ ਜਿਸ ਨੂੰ ਆਪ ਇਲਾਹੀ ਰੰਗਾਂ ਵਿਚ ਇਉਂ ਪ੍ਰਤਿਪਾਦਨ ਕਰਦੇ ਹਨ:

**ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ ॥**
**ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥**
**ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ, ਬਿਨੁ ਦੇਖੇ ਗੁਰ ਦਰਬਾਰੇ ਜੀਉ॥** [ਪੰ. ੯੬

ਦਰਸ਼ਨ-ਪਿਆਸੇ ਰੂਪ ਵਿਚ ਆਪ ਜੀ ਪੁਛਦੇ ਹਨ ਕਿ ਉਹ ਜਤਨ ਕਿਹੜਾ ਹੈ, ਸੇਵਾ ਕਿਹੜੀ ਹੈ ਜਿਸ ਰਾਹੀਂ ਮਨ ਦੇ ਤਾਕ ਖੁਲ੍ਹ ਜਾਣ ਤੇ ਹੋਰ ਪਦਾਰਥਾਂ ਦੀ ਤ੍ਰਿਸ਼ਨਾ ਮੁਕ ਜਾਏ, ਕੇਵਲ ਹਰੀ ਦੀ ਲਗਨ ਲਗ ਜਾਵੇ? ਅੰਤ ਵਿਚ ਉਸ ਦਾ ਉਪਾਉ ਵੀ ਆਪ ਹੀ ਦਸ ਦਿਤਾ ਹੈ:

**ਮਾਨੁ ਅਭਿਮਾਨੁ ਮੋਹੁ ਤਜਿ ਨਾਨਕ, ਸੰਤਹ ਸੰਗਿ ਉਧਾਰੀ॥**

ਗੁਰਮਤਿ ਦਾ ਇਹ ਸਿਧਾਂਤ ਹੈ:-

**ਸੰਤ ਸੰਗਿ ਪਾਵੈ ਜੋ ਨਾਨਕ, ਤਿਸੁ ਬਹੁਰਿ ਨ ਹੋਈ ਹੈ ਫੇਰਾ॥** [ਪੰਨਾ ੭੦੦

**ਕੇਦਾਰਾ ਮਹਲਾ ੫॥ ਹਰਿ ਹਰਿ ਹਰਿ ਗੁਨ ਗਾਵਹੁ ॥ ਕਰਹੁ ਕ੍ਰਿਪਾ ਗੋਪਾਲ ਗੋਬਿੰਦੇ, ਅਪਨਾ ਨਾਮੁ ਜਪਾਵਹੁ ॥ਰਹਾਉ॥ ਕਾਢਿ ਲੀਏ ਪ੍ਰਭ ਆਨ ਬਿਖੈ ਤੇ, ਸਾਧ**

**ਸੰਗਿ ਮਨੁ ਲਾਵਹੁ ॥ ਭ੍ਰਮੁ ਭਉ ਮੋਹੁ ਕਟਿਓ ਗੁਰ ਬਚਨੀ, ਅਪਨਾ ਦਰਸ ਦਿਖਾਵਹੁ ॥੧॥ ਸਭ ਕੀ ਰੇਨ ਹੋਇ ਮਨੁ ਮੇਰਾ, ਅਹੰਬੁਧਿ ਤਜਾਵਹੁ॥ ਅਪਨੀ ਭਗਤਿ ਦੇਹਿ ਦਈਆਲਾ, ਵਡ ਭਾਗੀ ਨਾਨਕ ਹਰਿ ਪਾਵਹੁ ॥੨॥੪॥੬॥**

**ਪਦ ਅਰਥ:** ਗਾਵਹੁ-(ਤੁਸੀਂ) ਗਾਵੋ । ਗੋਪਾਲ ਗੋਬਿੰਦੇ-ਹੇ ਪ੍ਰਿਥਵੀ ਦੇ ਪਾਲਕ ! ਹੇ ਗੋਬਿੰਦ । ਆਨ ਬਿਖੈ ਤੇ-ਹੋਰ ਵਿਸ਼ਿਆਂ ਤੋਂ । ਭਉ-ਡਰ । ਕਟਿਓ-ਕਟਿਆ, ਖ਼ਤਮ ਕਰ ਦਿੱਤਾ ਹੈ। ਗੁਰ ਬਚਨੀ-ਗੁਰੂ ਦੇ ਬਚਨਾ ਦੁਆਰਾ ।੧। ਰੇਨ-ਚਰਨ ਧੂੜ। ਅਹੰਬੁਧਿ-ਹੰਕਾਰ ਵਾਲੀ ਬੁੱਧੀ। ਤਜਾਵਹੁ-ਛਡਾ ਦਿਓ, ਛੁਟਕਾਰਾ ਕਰਾ ਦਿਓ। ਦਇਆਲਾ-ਹੇ ਦਇਆ ਦੇ ਘਰ ! ਵਡਭਾਗੀ-ਵੱਡੇ ਭਾਗਾਂ ਨਾਲ।੨।

**ਅਰਥ:** (ਹੇ ਮੇਰੇ ਮਨ !) ਤੂੰ ਸਦਾ ਪਰਮਾਤਮਾ ਦੇ ਗੁਣ ਗਾਇਨ ਕਰ । ਹੇ ਪ੍ਰਿਥਵੀ ਦੇ ਪਾਲਕ ! ਹੇ ਗੋਬਿੰਦ ! (ਮੇਰੇ ਤੇ) ਕਿਰਪਾ ਕਰੋ (ਮੈਨੂੰ) ਆਪਣਾ ਨਾਮ ਜਪਾਓ ।ਰਹਾਉ।

(ਹੇ ਪ੍ਰਭੂ ! ਤੁਸਾਂ ਹੋਰ (ਅਨੇਕਾਂ ਜੀਵ) ਵਿਸ਼ੇ-ਵਿਕਾਰਾਂ ਤੋਂ ਕੱਢ ਲਏ ਹਨ (ਮੇਰੀ ਵੀ ਬੇਨਤੀ ਸੁਣੋ,) ਹੇ ਪ੍ਰਭੂ ! (ਮੇਰਾ) ਮਨ ਸਾਧ ਸੰਗਤ ਵਿਚ ਜੋੜੋ । (ਹੇ ਪ੍ਰਭੂ !) ਗੁਰੂ ਦੇ ਬਚਨਾਂ ਦੁਆਰਾ (ਮੇਰਾ) ਭਰਮ, ਡਰ, ਤੇ ਮੋਹ (ਤੁਸਾਂ) ਕੱਟ ਦਿੱਤਾ ਹੈ (ਹੁਣ ਤਾਂ) ਆਪਣਾ ਦਰਸ਼ਨ ਦਿਖਾਓ ।੧।

(ਹੇ ਪ੍ਰਭੂ ! ਮਿਹਰ ਕਰੋ) ਮੇਰਾ ਮਨ ਸਾਰਿਆਂ ਦੀ ਚਰਨ ਧੂੜ ਬਣਿਆ ਰਹੇ (ਅਤੇ) ਅਹੰਕਾਰ ਵਾਲੀ ਬੁਧੀ ਦਾ (ਮੇਰੇ ਤੋਂ) ਤਿਆਗ ਕਰਾ ਦਿਓ । ਨਾਨਕ (ਗੁਰੂ ਜੀ ਬੇਨਤੀ ਕਰਦੇ ਹਨ ਕਿ) ਹੇ ਦਇਆਲੂ ! ਆਪਣੀ ਭਗਤੀ ਦੀ (ਪ੍ਰੀਤਿ) ਬਖਸ਼ਿਸ਼ ਕਰੋ (ਤਾਂ ਜੋ ਮੇਰਾ ਮਨ) ਵੱਡੇ ਭਾਗਾਂ ਨਾਲ (ਤੈਂ) ਹਰੀ ਨੂੰ ਪ੍ਰਾਪਤ ਕਰ ਲਵੇ ।੨।੪।੬।

## ਸਾਰੰਸ਼ ਅਤੇ ਸਿਧਾਂਤ

ਗੋਬਿੰਦ ਜੀ ਪਾਸੋਂ ਜਗਿਆਸੂ ਨੂੰ ਸਦਾ ਹਰੀ ਦੇ ਗੁਣ ਗਾਉਣ ਦੀ ਮੰਗ ਕਰਨੀ ਚਾਹੀਦੀ ਹੈ। ਗੁਣ ਗਾਉਣ ਵਾਲਾ ਮਨੁੱਖ ਹੀ ਪ੍ਰਭੂ ਦਾ ਨਾਮ ਸਿਮਰ ਸਕਦਾ ਹੈ । ਨਾਮ ਜਪਣ ਵਾਲਾ ਹੋਰ ਵਿਸ਼ੇ ਵਿਕਾਰਾਂ ਤੋਂ ਬਚਿਆ ਰਹਿੰਦਾ ਹੈ ਕਿਉਂਕਿ ਉਹ ਸਦਾ ਹੀ ਆਪਣੇ ਪ੍ਰਭੂ ਤੋਂ 'ਸਾਧਸੰਗਿ ਮਨੁ ਲਾਵਹੁ' ਦੀ ਮੰਗ ਕਰਦਾ ਰਹਿੰਦਾ ਹੈ।

ਗੁਰੂ ਜੀ ਦੇ ਪਾਵਨ ਵਾਕ ਵੱਡੀ ਸ਼ਕਤੀ ਵਾਲੇ ਹਨ ਜੋ ਭ੍ਰਮ, ਭੈ ਤੇ ਮੋਹ ਨੂੰ ਕਟ ਦਿੰਦੇ ਹਨ । ਗੁਰਸਿਖ ਮੰਗਤੇ ਨੂੰ ਗੁਰੂ ਦੇ ਸਚਖੰਡ ਦਰਬਾਰ ਚੋਂ 'ਅਹੰ ਬੁਧਿ ਤਜਾਵਹੁ' ਅਤੇ 'ਅਪਨੀ ਭਗਤਿ ਦੇਹਿ ਦਇਆਲਾ' ਦਾ ਦਾਨ ਮੰਗਣਾ ਚਾਹੀਦਾ ਹੈ। ਸਤਿਸੰਗ ਰਾਹੀਂ ਹੀ ਹਰੀ ਦੀ ਭਗਤੀ ਮਿਲਦੀ ਹੈ, ਜਿਸ ਦੇ ਫਲਸਰੂਪ ਹਉਮੈ, ਭਰਮ ਆਦਿ ਔਗੁਣ ਦੂਰ ਹੁੰਦੇ ਹਨ । ਸਿਧਾਂਤ ਇਹ ਹੈ ਕਿ ਹਰੀ ਦੇ ਗੁਣ ਗਾ ਕੇ ਹੀ ਹਰੀ ਨੂੰ ਮਿਲਣ ਦਾ ਮਾਰਗ ਪਤਾ ਲਗਦਾ ਹੈ।

**ਕੇਦਾਰਾ ਮਹਲਾ ੫॥ ਹਰਿ ਬਿਨੁ, ਜਨਮੁ ਅਕਾਰਥ ਜਾਤ ॥ ਤਜਿ ਗੋਪਾਲ ਆਨ ਰੰਗਿ ਰਾਚਤ, ਮਿਥਿਆ ਪਹਿਰਤ ਖਾਤ॥ ਰਹਾਉ॥ ਧਨੁ ਜੋਬਨੁ ਸੰਪੈ ਸੁਖ**

ਭੂੋਗਵੈ, ਸੰਗਿ ਨ ਨਿਹਬਤ ਮਾਤ ॥ ਮ੍ਰਿਗ ਤ੍ਰਿਸਨਾ ਦੇਖਿ ਰਚਿਓ ਬਾਵਰ, ਦ੍ਰੁਮ ਛਾਇਆ ਰੰਗਿ ਰਾਤ ॥੧॥ ਮਾਨ ਮੋਹ ਮਹਾ ਮਦ ਮੋਹਤ, ਕਾਮ ਕ੍ਰੋਧ ਕੈ ਖਾਤ ॥ ਕਰੁ ਗਹਿ ਲੇਹੁ ਦਾਸ ਨਾਨਕ ਕਉ, ਪ੍ਰਭ ਜੀਉ ਹੋਇ ਸਹਾਤ ॥੨॥੫॥੭॥

## ਉਚਾਰਨ ਸੇਧ

**ਫੁਟਕਲ:** 'ਭੂੋਗਵੈ' ਦੇ ਪਹਿਲੇ ਅਖਰ ਨੂੰ ਦੋ ਮਾਤ੍ਰਾਂ ਲਗੀਆਂ ਹੋਈਆਂ ਹਨ, ਉਚਾਰਨ ਵੇਲੇ 'ਭੁਗਵੈ' ਪਾਠ ਕਰਨਾ ਹੈ। 'ਮ੍ਰਿਗ' ਦਾ ਉਚਾਰਨ 'ਮਿਰਗ' ਕਰਨਾ ਅਸ਼ੁੱਧ ਹੈ।

**ਪਦ ਅਰਥ :** ਅਕਾਰਥ ਜਾਤ-ਵਿਅਰਥ ਜਾਂਦਾ ਹੈ। ਤਜਿ-ਤਿਆਗ ਕੇ, ਛਡ ਕੇ । ਗੋਪਾਲ-ਪ੍ਰਿਥਵੀ ਦਾ ਪਾਲਕ ਵਾਹਿਗੁਰੂ । ਆਨ ਰੰਗਿ-ਹੋਰ (ਪਦਾਰਥਾਂ ਦੇ) ਪਿਆਰ ਵਿਚ । ਰਾਚਤ-ਰਚਦਾ ਹੈ। ਮਿਥਿਆ-ਵਿਅਰਥ । ਪਹਿਰਤ-(ਜੋ ਬਸਤਰ ਆਦਿ) ਪਹਿਨਦਾ ਹੈ। ਖਾਤ-(ਜੋ ਭੋਜਨ ਆਦਿ) ਖਾਂਦਾ ਹੈ। ਰਹਾਉ। ਧਨੁ-ਦੌਲਤ। ਜੋਬਨੁ-ਜੁਆਨੀ। ਸੰਪੈ-ਸੰਪਦਾ,ਐਸ਼ਵਰਜ ਪਦਾਰਥ । ਭੂੋਗਵੈ-ਭੋਗਦਾ ਹੈ। ਸੰਗਿ-ਨਾਲ। ਨ ਨਿਬਹਤ-ਨਹੀਂ ਨਿਭਦੇ। ਮਾਤ-ਨਾਂ ਮਾਤਰ, ਰੱਤਾ ਭਰ ਵੀ । ਮ੍ਰਿਗ ਤ੍ਰਿਸ਼ਨਾ-ਠਗਨੀਰਾ ਰੇਤਲੇ ਮੈਦਾਨਾਂ ਵਿਚ ਜਦ ਸੂਰਜ ਦੀਆਂ ਸਿੱਧੀਆਂ ਕਿਰਨਾਂ ਪੈਂਦੀਆਂ ਹਨ, ਤਦ ਰੇਤ ਦੀ ਚਮਕ ਨੇਤਰਾਂ ਨੂੰ ਜਲ ਭਰੀ ਝੀਲ ਭਾਸਣ ਲਗ ਜਾਂਦੀ ਹੈ। ਜਿਉਂ ਜਿਉਂ ਪਿਆਸੇ ਆਦਮੀ ਅਥਵਾ ਮ੍ਰਿਗ ਆਦਿਕ ਜੀਵ ਉਸ ਵਲ ਜਾਂਦੇ ਹਨ, ਤਿਉਂ ਤਿਉਂ ਜਲ ਦੂਰ ਪ੍ਰਤੀਤ ਹੁੰਦਾ ਹੈ। ਅੰਤ ਨੂੰ ਸੂਰਜ ਦੀਆਂ ਕਿਰਨਾਂ ਢਲ ਕੇ ਤਿਰਛੀਆਂ ਹੋ ਜਾਂਦੀਆਂ ਹਨ ਪਰ ਜਲ ਦੀ ਥਾਂ ਸਾਫ਼ ਥਲ ਪ੍ਰਤੀਤ ਹੁਣ ਲਗਦਾ ਹੈ। ਗੁਰਬਾਣੀ ਵਿਚ ਸੰਸਾਰ ਦੇ ਛਿਨ ਭੰਗਰ ਮਾਇਆ ਦੇ ਵਿਲਾਸਾਂ ਨੂੰ ਮ੍ਰਿਗ ਤ੍ਰਿਸ਼ਨਾ ਦਾ ਦ੍ਰਿਸ਼ਟਾਂਤ ਦਿੱਤਾ ਹੈ। 'ਮ੍ਰਿਗ ਤ੍ਰਿਸ਼ਨਾ ਜਿਉ ਝੂਠੋ ਇਹੁ ਜਗੁ (ਮ. ਕੋ.) ਦਖਿ-ਵੇਖ ਕੇ । ਰਚਿਓ-(ਉਸ ਵਿਚ) ਰਚਿਆ ਮਿਚਿਆ ਪਿਆ ਹੈ। ਬਾਵਰ-ਬਉਰਾ, ਕਮਲਾ । ਦ੍ਰੁਮ-ਦਰਖ਼ਤ । ਰਾਤ-ਰੱਤਾ ਹੋਇਆ ਹੈ ।੧। ਮਹਾ ਮਦ-ਵੱਡਾ ਨਸ਼ਾ । ਮੋਹਤ-ਮੋਹਿਆ ਰਹਿੰਦਾ ਹੈ। ਖਾਤ-ਟੋਆ। ਕਰੁ-ਹਥ। ਗਹਿ ਲੇਹੁ-ਫੜ ਕੇ। ਲੇਹੁ-(ਕਢ) ਲਵੋ । ਹੋਇ ਸਹਾਤ-ਸਹਾਈ (ਮਦਦਗਾਰ) ਹੋ ਕੇ, ਬਣ ਕੇ।

**ਅਰਥ:** (ਹੇ ਭਾਈ !) ਹਰੀ ਨੂੰ ਮਿਲੇ ਬਿਨਾਂ (ਮਨੁੱਖਾ) ਜਨਮ ਵਿਅਰਥ ਚਲਾ ਜਾਦਾ ਹੈ । ਵਾਹਿਗੁਰੂ ਨੂੰ ਛੱਡ ਕੇ (ਜਿਹੜਾ ਮਨੁੱਖ) ਹੋਰ (ਮਾਇਕੀ ਪਦਾਰਥਾਂ ਦੇ) ਰੰਗਾਂ ਵਿਚ ਰਚਦਾ ਹੈ (ਉਹ ਜੋ ਕੁਝ) ਖਾਂਦਾ, ਪਹਿਨਦਾ ਹੈ (ਸਭ) ਵਿਅਰਥ (ਫਜ਼ੂਲ) ਹੈ।

(ਹੇ ਭਾਈ! ਮਨੁੱਖ ਜੋ) ਧਨ-ਦੌਲਤ, ਜੁਆਨੀ ਅਤੇ(ਹੋਰ)ਸੁੱਖਾਂ ਦੀ ਸੰਪਤੀ (ਇਕੱਠੀ ਕਰਦਾ ਤੇ) ਭੋਗਦਾ (ਖਾਂਦਾ ਹੈ, ਇਹਨਾਂ ਵਿਚੋਂ) ਰਤਾ ਭਰ (ਵਸਤੂ ਵੀ ਜਗਤ ਤੋਂ ਜਾਣ ਵੇਲੇ) ਨਾਲ ਨਹੀਂ ਜਾਂਦੀ। (ਇਹ) ਕਮਲਾ ਮਨੁੱਖ (ਮਾਇਆ ਦੇ) ਠੱਗ-ਨੀਰੇ ਨੂੰ ਵੇਖ ਕੇ ਇਸ ਵਿਚ ਰਚਿਆ ਮਿਚਿਆ ਰਹਿੰਦਾ ਹੈ। (ਇਉਂ ਜਾਣੋ ਕਿ ਜੀਵ) ਦਰਖ਼ਤ ਦੀ ਛਾਂ ਵਾਂਗ (ਨਾਸ਼ਮਾਨ ਸੰਸਾਰ ਵਿਚ) ਰੱਤਾ ਹੋਇਆ ਹੈ।੧।

(ਹੇ ਭਾਈ ! ਜੀਵ ਦਾ ਮਨ) ਮਾਣ ਮੋਹ ਅਤੇ ਹੋਰ ਵੱਡੇ ਨਸ਼ਿਆਂ ਵਿਚ ਮੋਹਿਆ ਰਹਿੰਦਾ ਹੈ

(ਜਿਸ ਕਾਰਨ ਇਹ) ਕਾਮ ਕ੍ਰੋਧ ਦੇ ਟੋਏ ਵਿਚ (ਡਿਗਿਆ ਰਹਿੰਦਾ ਹੈ)। (ਹੇ ਪ੍ਰਭੂ ਜੀ ! ਬੇਨਤੀ ਹੈ ਕਿ) ਦਾਸ ਨਾਨਕ ਦੇ ਸਹਾਈ ਬਣ ਕੇ, ਹੱਥ ਫੜ ਕੇ (ਮਾਣ, ਮੋਹ, ਕਾਮ ਕ੍ਰੋਧ ਦੇ ਟੋਏ ਵਿਚ) ਡਿੱਗਣ ਤੋਂ ਬਚਾ ਲਵੋ ਜੀ ।੨।੫।੭।

## ਸਾਰੰਸ਼ ਅਤੇ ਸਿਧਾਂਤ

ਗੁਰੂ ਪਾਤਿਸ਼ਾਹ ਜੀ ਦੇ ਅੰਮ੍ਰਿਤ ਬਚਨ ਹਨ:

**ਖਾਣਾ ਪੀਣਾ ਹਸਣਾ ਬਾਦਿ ॥ ਜਬਲਗੁ ਰਿਦੈ ਨ ਆਵਹਿ ਯਾਦਿ ॥ [ਪੰਨਾ ੩੫੧**

ਜਿਹੜੇ ਮਨੁੱਖ ਨਾਮ ਵਿਚ ਰੱਤੇ ਹੋਏ ਹਨ, ਉਨ੍ਹਾਂ ਦਾ ਖਾਣਾ, ਪੀਣਾ, ਪਹਿਨਣਾ ਆਦਿ ਸਭ ਕੁਝ ਪਵਿਤਰ ਤੇ ਪਰਵਾਨ ਹੈ ਪਰ ਪਰਮੇਸ਼ਰ ਨੂੰ ਛਡ ਕੇ ਕਿਸੇ ਹੋਰ ਪ੍ਰੇਮ ਵਿਚ ਮਗਨ ਹੋਣ ਨਾਲ ਜੋ ਸੁਆਦਲੇ ਭੋਜਨਾਂ ਦਾ ਛਕਣਾ ਅਤੇ ਸੁੰਦਰ ਬਸਤ੍ਰਾਂ ਦਾ ਪਹਿਨਣਾ ਪ੍ਰਾਪਤ ਹੋਣਾ ਹੈ, ਇਹ ਸਭ ਜਨਮ ਅਕਾਰਥ ਜਾਣ ਦੀ ਨਿਸ਼ਾਨੀ ਹੈ।

ਮਨੁੱਖ ਨੂੰ ਭਾਵੇਂ ਕਿਤਨਾ ਧਨ, ਸੰਪਦਾ ਤੇ ਸੁਖ ਉਪਲਬਧ ਹੋਵੇ, ਪਰ ਅੰਤ ਸਮੇਂ ਇਹ ਰਤਾ ਭਰ ਵੀ ਨਾਲ ਨਹੀਂ ਨਿਭਦੇ, ਸਭ ਦਰਖਤ ਦੀ ਛਾਂ ਵਾਂਗੂੰ ਨਾਸ਼ਵੰਤ ਹਨ। ਸਿਧਾਂਤ ਇਹ ਹੈ ਕਿ ਸੰਸਾਰੀ ਮਨੁੱਖ ਮਾਇਕੀ ਪ੍ਰਭਾਵਾਂ ਤੋਂ ਤਾਂ ਹੀ ਮੁਕਤ ਹੋ ਸਕਦਾ ਹੈ ਜੇ ਪ੍ਰਭੂ ਜੀ ਆਪ ਇਸਨੂੰ ਸਹਾਈ ਹੋਣ ਪਰ ਇਹ ਆਪ ਵੀ ਹੁਕਮੀ ਬੰਦਾ ਬਣਨ ਦਾ ਉਦਮ ਕਰੇ।

**ਕੇਦਾਰਾ ਮਹਲਾ ੫॥ ਹਰਿ ਬਿਨੁ, ਕੋਇ ਨ ਚਾਲਸਿ ਸਾਥ ॥ ਦੀਨਾ ਨਾਥ ਕਰੁਣਪਤਿ ਸੁਆਮੀ, ਅਨਾਥਾ ਕੇ ਨਾਥ ॥ ਰਹਾਉ ॥ ਸੁਤ ਸੰਪਤਿ ਬਿਖਿਆ ਰਸ ਭੋੁਗਵਤ, ਨਹ ਨਿਬਹਤ ਜਮ ਕੈ ਪਾਥ ॥ ਨਾਮੁ ਨਿਧਾਨੁ ਗਾਉ ਗੁਨ ਗੋਬਿਦ, ਉਧਰੁ ਸਾਗਰ ਕੇ ਖਾਤ ॥ ੧ ॥ ਸਰਨਿ ਸਮਰਥ ਅਕਥ ਅਗੋਚਰ, ਹਰਿ ਸਿਮਰਤ ਦੁਖ ਲਾਥ ॥ ਨਾਨਕ ਦੀਨ ਧੂਰਿ ਜਨ ਬਾਂਛਤ, ਮਿਲੈ ਲਿਖਤ ਧੁਰਿ ਮਾਥ ॥੨॥੬॥੮॥**

## ਉਚਾਰਨ ਸੇਧ

**ਛੁਟਕਲ:**'ਭੋੁਗਵਤ' ਪਦ ਦਾ ਉਚਾਰਨ 'ਭੁਗਵਤ' ਕਰਨਾ ਹੈ। 'ਉਧਰ' ਦਾ ਉਚਾਰਨ 'ਉ-ਧਰ' ਹੈ।

**ਪਦ ਅਰਥ :** ਨ ਚਾਲਸਿ-ਨਹੀਂ ਚਲਦਾ ਹੈ। ਸਾਥ-ਨਾਲ। ਦੀਨਾ ਨਾਥ-ਗਰੀਬਾਂ ਦੇ ਮਾਲਕ। ਕਰੁਣ ਪਤਿ-ਦਇਆ ਦੇ ਪਤੀ । ਸੁਆਮੀ-ਮਾਲਕ । ਅਨਾਥਾਂ ਦੇ ਨਾਥ-ਨਿਆਸਰਿਆਂ ਦੇ ਆਸਰੇ । ਰਹਾਉ । ਸੁਤ-ਪੁੱਤਰ । ਸੰਪਤਿ-ਸੰਪਤੀ, ਐਸ਼ਵਰਜ, ਧਨ ਪਦਾਰਥ ਆਦਿ। ਬਿਖਿਆ-ਮਾਇਆ । ਭੋੁਗਵਤ-ਭੋਗਦਾ ਹੈ। ਨਹ ਨਿਬਹਤ-ਨਹੀਂ ਨਿਭਦਾ। ਜਮ ਕੇ ਪਾਥ-ਜਮ ਦੇ ਰਸਤੇ ! ਨਿਧਾਨੁ-ਖਜਾਨਾ । ਉਧਰੁ-ਬਚਾਅ ਲੈ । ਸਾਗਰ-ਸਮੁੰਦਰ। ਖਾਤ-ਟੋਆ । ਅਕਥ-ਹੇ ਕਥਨ ਤੋਂ ਰਹਿਤ । ਅਗੋਚਰ-ਹੇ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ । ਸਿਮਰਤ-ਸਿਮਰਦਿਆਂ। ਦੀਨ-ਨਿਮਾਣਾ । ਧੂਰਿ ਜਨ-(ਸੰਤ) ਜਨਾ ਦੀ

ਚਰਨ ਧੂੜੀ । ਬਾਂਛਤ-ਮੰਗਦਾ ਹੈ। ਮਿਲੈ-ਮਿਲਦੀ ਹੈ । ਲਿਖਤ ਧੁਰਿ ਮਾਥ-(ਜਿਸਦੇ) ਮੱਥੇ ਉਤੇ ਧੁਰ ਦਰਗਾਹੋਂ ਲਿਖਤ (ਲਿਖੀ ਹੋਵੇ)।

**ਅਰਥ** : (ਹੇ ਭਾਈ ! ਉਸ) ਗਰੀਬਾਂ ਦੇ ਮਾਲਕ, ਮਿਹਰਾਂ ਦੇ ਸਾਈ, ਮਾਲਕ ! ਅਨਾਥਾਂ ਦੇ ਨਾਥ! ਹਰੀ ਤੋਂ ਬਿਨ੍ਹਾਂ (ਜਗਤ ਤੋਂ ਚਲਣ ਵੇਲੇ ਹੋਰ) ਕੋਈ ਨਾਲ ਨਹੀਂ ਚਲਦਾ। ਰਹਾਉ ।

(ਅਲਪਗ ਜੀਵ) ਪੁੱਤਰ ਧਨ, ਮਾਇਆ ਦੇ ਰਸ ਮਾਣਦਾ ਹੈ, (ਪਰ ਅੰਤ ਸਮੇਂ ਇਹਨਾਂ ਚੋਂ) ਜਮ ਰਾਜ ਦੇ ਰਸਤੇ ਤੇ (ਚਲਣ ਵੇਲੇ ਕੋਈ ਸੰਗ ਸਾਥ ਨਾਲ) ਨਹੀਂ ਨਿਭਦਾ । (ਹੇ ਭਾਈ!) ਪਰਮਾਤਮਾ ਦਾ ਨਾਮ ਹੀ (ਨਾਲ ਚੱਲਣ ਵਾਲਾ) ਖਜ਼ਾਨਾ ਹੈ (ਉਸ) ਗੋਬਿੰਦ ਦੇ ਗੁਣ ਗਾਉ। (ਇਸ ਤਰ੍ਹਾਂ ਬੇਨਤੀ ਕਰ ਕਿ ਹੇ ਪ੍ਰਭੂ!) ਸੰਸਾਰ ਸਾਗਰ ਦੇ (ਵਿਕਾਰਾਂ ਵਾਲੇ) ਟੋਏ ਵਿਚ (ਡਿੱਗਣ ਤੋਂ) ਬਚਾਅ ਲੈ।੧।

ਹੇ ਸਰਬ ਸ਼ਕਤੀਮਾਨ! ਹੇ ਦੁੱਖਾਂ ਤੋਂ ਰਹਿਤ ਪ੍ਰਭੂ! ਹੇ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਹਰੀ! (ਤੇਰਾ ਨਾਮ)ਸਿਮਰਦਿਆਂ(ਸਾਰੇ) ਦੁਖ ਲਹਿ ਜਾਂਦੇ ਹਨ। ਨਾਨਕ ਗਰੀਬ (ਤੈਥੋਂ ਤੇਰੇ)ਸੰਤ ਜਨਾਂ ਦੀ ਚਰਨ ਧੂੜੀ ਮੰਗਦਾ ਹੈ (ਕਿਉਂਕਿ ਉਹ ਵੀ ਜਿਸ ਦੇ ਮੱਥੇ) ਧੁਰੋਂ ਲਿਖਤ ਲਿਖੀ ਹੋਵੇ ਉਸੇ ਨੂੰ ਮਿਲਦੀ ਹੈ ।੨।੬।੮।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਦਾ ਭਾਵ ਪਿਛਲੇ ਸ਼ਬਦ ਨਾਲ ਮਿਲਦਾ ਜੁਲਦਾ ਹੈ। ਗੁਰੂ ਪਾਤਿਸ਼ਾਹ ਜਗਿਆਸੂ ਨੂੰ ਇਹੀ ਉਪਦੇਸ਼ ਦਿੰਦੇ ਹਨ ਕਿ ਹਰੀ ਦੇ ਨਾਮ ਤੋਂ ਬਿਨਾ ਸਾਕ ਸਬੰਧੀ, ਧਨ ਦੌਲਤ, ਆਦਿ ਕਿਸੇ ਦੇ ਨਾਲ ਨਹੀਂ ਨਿਭਦੇ। ਇਸ ਲਈ ਸਭ ਤੋਂ ਸ੍ਰੇਸ਼ਟ ਕਰਮ ਇਹ ਹੈ ਕਿ ਸੰਸਾਰ ਸਾਗਰ ਤੋਂ ਪਾਰ ਹੋਣ ਲਈ ਗੋਬਿੰਦ ਦੇ ਗੁਣ ਗਾਏ ਜਾਣ।

ਪੁੱਤਰ, ਸੰਪਦਾ ਅਤੇ ਹੋਰ ਵਿਸ਼ੇ ਰੱਸਾਂ ਦਾ ਭੋਗਣਾ ਜਮ ਦੇ ਰਸਤੇ ਉਤੇ ਪੈਣ ਵਾਲੀ ਗਲ ਹੈ। ਮਨੁਖਾ ਜਨਮ ਦੀ ਸਫਲਤਾ ਲਈ ਪਰਮੇਸ਼ਰ ਦੀ ਸ਼ਰਨ ਦੇ ਨਾਮ-ਸਿਮਰਨ ਹੀ ਲਾਹੇਵੰਦਾ ਸੌਦਾ ਹੈ। ਜੇ ਨਾਮ ਜਪਣ ਵਾਲੇ ਪ੍ਰਭੂ ਸੇਵਕ ਦੀ ਚਰਨ-ਧੂੜੀ ਮਿਲ ਜਾਏ ਤਾਂ ਸਾਰੇ ਦੁੱਖ ਉਤਰ ਜਾਂਦੇ ਹਨ ਪਰ ਇਹ ਮਿਲਦੀ ਉਸ ਨੂੰ ਹੈ ਜਿਸ ਨੂੰ ਧੁਰੋਂ ਭਾਗਾਂ ਵਿਚ ਮਿਲਣੀ ਲਿਖੀ ਹੋਵੇ।

## ਕੇਦਾਰਾ ਮਹਲਾ ੫ ਘਰੁ ੫

**੧ੴ ਸਤਿਗੁਰ ਪ੍ਰਸਾਦ ॥ ਬਿਸਰਤ ਨਾਹਿ, ਮਨ ਤੇ ਹਰੀ ॥ ਅਬ ਇਹ ਪ੍ਰੀਤਿ ਮਹਾ ਪ੍ਰਬਲ ਭਈ, ਆਨ ਬਿਖੈ ਜਰੀ ॥ਰਹਾਉ॥ ਬੂੰਦ ਕਹਾ ਤਿਆਗਿ ਚਾਤ੍ਰਿਕ, ਮੀਨ ਰਹਤ ਨ ਘਰੀ ॥ ਗੁਨ ਗੋਪਾਲ ਉਚਾਰੁ ਰਸਨਾ, ਟੇਵ ਏਹ ਪਰੀ ॥੧॥ ਮਹਾ ਨਾਦ ਕੁਰੰਕ ਮੋਹਿਓ, ਬੇਧਿ ਤੀਖਨ ਸਰੀ ॥ ਪ੍ਰਭ ਚਰਨ ਕਮਲ ਰਸਾਲ ਨਾਨਕ, ਗਾਠਿ ਬਾਧਿ ਧਰੀ ॥੨॥੧॥੯॥**

## ਉਚਾਰਨ ਸੇਧ

**ਬਿੰਦੀ ਸਹਿਤ** : ਨਾਹਿੰ, ਮਹਾਂ,ਕਹਾਂ, ਗਾਂਠਿ, ਬਾਂਧਿ ।

**ਪਦ ਅਰਥ:** ਤੇ-ਤੋਂ । ਅਬ-ਹੁਣ । ਮਹਾ ਪ੍ਰਬਲ-ਬਹੁਤ ਬਲ ਵਾਲੀ । ਆਨ-ਹੋਰ । ਬਿਖੈ-ਵਿਸ਼ੇ । ਜਰੀ-ਸੜ ਗਈ ਹੈ। ਰਹਾਉ । ਬੂੰਦ-(ਸ੍ਵਾਂਤੀ) ਬੂੰਦ । ਕਹਾ ਤਿਆਗ ਚਾਤ੍ਰਿਕ-ਪਪੀਹਾ ਕਿਥੇ ਤਿਆਗ ਸਕਦਾ ਹੈ । ਮੀਨ-ਮੱਛੀ। ਰਹਤ ਨ ਘਰੀ-(ਪਾਣੀ ਤੋਂ ਬਿਨਾਂ ਇਕ) ਘੜੀ (ਜੀਊਂਦੀ) ਨਹੀਂ ਰਹਿ ਸਕਦੀ। ਰਸਨਾ-ਜੀਭ ਨਾਲ। ਟੇਵ-ਆਦਤ, ਵਾਦੀ । ਪਰੀ-ਪੈ ਗਈ ਹੈ ।੧। ਮਹਾ ਨਾਦ-(ਘੰਡੇ ਹੇੜੇ ਦੀ) ਵਡੀ ਆਵਾਜ਼। ਕੁਰੰਕ-ਹਰਨ। ਮੋਹਿਓ-ਮੋਹਿਆ ਗਿਆ ਹੈ। ਬੇਧਿ-ਵਿੰਨ੍ਹਿਆਂ ਜਾ ਕੇ। ਤੀਖਨ-ਤੇਜ਼। ਸਰੀ-ਤੀਰ ਦੇ ਨਾਲ। ਰਸਾਲ-ਰਸਾਂ ਦਾ ਘਰ ਭਾਵ ਰਸਦਾਇਕ । ਗਾਠਿ-ਗੰਢ । ਬਾਧਿ ਧਰੀ-ਬੰਨ੍ਹ ਕੇ ਰਖ ਲਈ ਹੈ ।੨।

**ਅਰਥ :** ਹੇ ਭਾਈ ! (ਜਿਸ ਮਨੁੱਖ ਦੇ) ਮਨ ਤੋਂ ਪਰਮਾਤਮਾ ਵਿਸਰਦਾ ਨਹੀ ਹੈ, ਹੁਣ (ਉਸ ਦੇ ਅੰਦਰ ਇਹ) ਪ੍ਰੀਤ ਇਤਨਾ ਬਲ ਧਾਰਨ ਕਰ ਗਈ ਹੈ ਕਿ ਹੋਰ ਵਿਸ਼ਿਆਂ ਵਾਲੀ (ਪ੍ਰੀਤ ਉਸ ਦੇ ਅੰਦਰੋਂ) ਸੜ ਗਈ ਹੈ । ਰਹਾਉ।

ਪਪੀਹਾ ਸਵਾਂਤੀ ਬੂੰਦ ਨੂੰ ਕਿਥੇ ਤਿਆਗ ਸਕਦਾ ਹੈ ? (ਅਤੇ) ਮੱਛੀ (ਪਾਣੀ ਤੋਂ ਬਿਨਾਂ ਇਕ) ਘੜੀ ਵੀ (ਜੀਊਂਦੀ) ਨਹੀਂ ਰਹਿ ਸਕਦੀ । (ਹੇ ਭਾਈ ! ਤੂੰ ਵੀ ਇਸੇ ਤਰ੍ਹਾਂ) ਆਪਣੀ ਜੀਭ ਨਾਲ ਪਰਮਾਤਮਾ ਦੇ ਗੁਣ ਗਾਇਆ ਕਰ । (ਜਿਸ ਨੂੰ) ਇਹ ਆਦਤ ਪੈ ਗਈ ਹੈ (ਉਹ ਹਰੀ ਦਾ ਜਸ ਉਚਾਰਨ ਬਿਨਾਂ ਜੀਊਂਦਾ ਨਹੀਂ ਰਹਿ ਸਕਦਾ) ।੧।

(ਹੇ ਭਾਈ ! ਘੰਡੇ ਹੇੜੇ ਦੀ) ਵਡੀ ਆਵਾਜ਼ ਨਾਲ ਹਰਨ ਮੋਹਿਆ ਜਾਂਦਾ ਹੈ ਉਹ (ਮਾਨੋ ਸ਼ਿਕਾਰੀ ਦੇ) ਤਿਖੇ ਤੀਰਾਂ ਨਾਲ ਵਿੰਨ੍ਹਿਆਂ ਜਾਂਦਾ ਹੈ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਪ੍ਰਭੂ ਦੇ ਸੋਹਣੇ ਚਰਨ ਰਸਦਾਇਕ ਹਨ (ਉਨ੍ਹਾਂ ਦੀ) ਗੰਢ ਬੰਨ੍ਹ ਕੇ (ਹਿਰਦੇ ਵਿਚ) ਟਿਕਾਈ ਹੈ (ਭਾਵ ਪ੍ਰੀਤਿ ਦ੍ਰਿੜ ਕਰ ਲਈ ਹੈ)।੨।੧੯।

## ਸਾਰੰਸ਼ ਅਤੇ ਸਿਧਾਂਤ

ਮਨ ਤੋਂ ਕਿਸੇ ਵੇਲੇ ਭੀ ਹਰੀ ਦਾ ਨਾ ਵਿਸਰਣਾ ਇਕ ਬਹੁਤ ਉਚੀ ਆਤਮਿਕ ਅਵਸਥਾ ਹੈ। ਇਹ ਅਵਸਥਾ ਓਦੋਂ ਪ੍ਰਾਪਤ ਹੁੰਦੀ ਹੈ ਜਦੋਂ ਹੋਰ ਪਦਾਰਥਾਂ, ਵਿਸ਼ੇ ਵਿਕਾਰਾਂ ਦੀ ਪ੍ਰੀਤਿ ਦਾ ਅਭਾਵ ਹੋ ਜਾਂਦਾ ਹੈ।

ਇਹ ਅਤਿ ਸਿਖਰ ਦੀ ਅਵਸਥਾ ਹੈ। ਜਿਵੇਂ ਪਾਣੀ ਦੀ ਬੂੰਦ ਨੂੰ ਪਪੀਹਾ ਨਹੀਂ ਛਡ ਸਕਦਾ, ਮੱਛੀ ਪਾਣੀ ਤੋਂ ਬਿਨਾਂ ਮਰਦੀ ਹੈ, ਇਸੇ ਤਰ੍ਹਾਂ ਜਿਸ ਨੂੰ ਪ੍ਰੇਮ-ਬਾਣੀ ਦੇ ਅਣਿਆਲੇ ਤੀਰ ਲਗ ਜਾਂਦੇ ਹਨ, ਉਨ੍ਹਾਂ ਦਾ ਸੀਨਾ ਵਿੰਨ੍ਹਿਆ ਜਾਂਦਾ ਹੈ। ਜਦੋਂ ਜਗਿਆਸੂ ਅੰਦਰ ਪ੍ਰੀਤਿ ਦੀ ਜ਼ੋਰਦਾਰ ਲਹਿਰ ਚਲ ਪੈਂਦੀ ਹੈ ਤਾਂ ਉਹ ਪ੍ਰਭੂ ਦੇ ਚਰਨਾਂ ਨਾਲ ਐਸੀ ਗੰਢ ਪਾ ਲੈਂਦਾ ਹੈ ਜਿਸ ਨੂੰ ਉਹ ਜੀਵਨ ਭਰ ਛਡ ਨਹੀਂ ਸਕਦਾ। ਇਸੇ ਤਰ੍ਹਾਂ ਦੀ ਭਾਵਨਾ ਗੁਰੂ ਪਾਤਿਸ਼ਾਹ ਜੀ ਨੇ ਬਿਲਾਵਲ ਰਾਗ ਵਿਚ ਦਰਸਾਈ ਹੈ:—

**ਪ੍ਰਭ ਲਾਲਨ ਸਿਉ ਪ੍ਰੀਤਿ ਬਨੀ ॥**
**ਤੋਰੀ ਨ ਤੂਟੈ ਛੋਰੀ ਨ ਛੂਟੈ, ਐਸੀ ਮਾਧੋ ਖਿੰਚ ਤਨੀ ॥** [ਪੰਨਾ ੮੨੭

**ਕੇਦਾਰਾ ਮਹਲਾ ੫ ॥ ਪ੍ਰੀਤਮੁ ਬਸਤ ਰਿਦ ਮਹਿ ਖੋਰ ॥ ਭਰਮ ਭੀਤਿ ਨਿਵਾਰਿ ਠਾਕੁਰ, ਗਹਿ ਲੇਹੁ ਅਪਨੀ ਓਰ ॥੧॥ਰਹਾਉ॥ ਅਧਿਕ ਗਰਤ ਸੰਸਾਰ ਸਾਗਰ, ਕਰਿ ਦਇਆ ਚਾਰਹੁ ਧੋਰ ॥ ਸੰਤ ਸੰਗਿ ਹਰਿ ਚਰਨ ਬੋਹਿਥ, ਉਧਰਤੇ ਲੈ ਮੋਰ ॥੧॥ ਗਰਭ ਕੁੰਟ ਮਹਿ ਜਿਨਹਿ ਧਾਰਿਓ, ਨਹੀ ਬਿਖੈ ਬਨ ਮਹਿ ਹੋਰ ॥ ਹਰਿ ਸਕਤ ਸਰਨ ਸਮਰਥ ਨਾਨਕ, ਆਨ ਨਹੀ ਨਿਹੋਰ ॥੨॥੨॥੧੦॥**

## ਉਚਾਰਨ ਸੇਧ

**ਬਿੰਦੀ ਸਹਿਤ** : ਮਹਿਂ, ਨਹੀਂ।

**ਪਦ-ਅਰਥ** : ਪ੍ਰੀਤਮੁ-ਪਿਆਰਾ। ਬਸਤ-ਵਸਦਾ ਹੈ। ਰਿਦ ਮਹਿ ਖੋਰ-ਹਿਰਦੇ ਰੂਪੀ ਖੁੱਡ ਵਿਚ, ਖਾਲੀ ਥਾਂ ਵਿਚ, ਭਾਵ ਗੁਫਾ ਵਿਚ। ਭਰਮ ਭੀਤਿ-ਭਰਮ ਦੀ ਕੰਧ। ਨਿਵਾਰਿ-ਦੂਰ ਕਰਕੇ। ਠਾਕੁਰ-ਹੇ ਮਾਲਕ!। ਗਹਿ-ਫੜ ਕੇ। ਓਰ-ਵਲ, ਤਰਫ।੧।ਰਹਾਉ। ਅਧਿਕ-ਬਹੁਤ। ਗਰਤ-ਟੋਏ। ਸਾਗਰ-ਸਮੁੰਦਰ। ਚਾਰਹੁ-ਚਾੜ੍ਹ ਲਵੋ। ਧੋਰ-ਕੰਢੇ ਤੇ ।ਸੰਤ ਸੰਗਿ-ਸੰਤਾਂ ਦੇ ਸੰਗ ਵਿਚ। ਬੋਹਿਥ-ਜਹਾਜ਼। ਉਧਰਤੇ-ਬਚਾ ਲੈਂਦੇ ਹਨ। ਮੋਰ-ਮੈਨੂੰ ।੧। ਗਰਭ ਕੁੰਟ ਮਹਿ-ਮਾਂ ਦੇ ਪੇਟ ਵਿਚ। ਜਿਨਹਿ-ਜਿਸ (ਹਰੀ) ਨੇ। ਧਾਰਿਓ-ਆਸਰਾ ਦੇ ਕੇ ਬਚਾਈ ਰੱਖਿਆ ਹੈ ।੧। ਬਿਖੈ ਬਨ-ਵਿਸ਼ਿਆਂ ਦੇ ਸਮੁੰਦਰ ਵਿਚ। ਹਰਿ ਸਕਤ ਸਰਨ-ਹਰੀ ਦੀ ਸਰਨ ਸਮਰਥ ਸ਼ਕਤੀਵਾਨ ਹੈ। ਆਨ-ਹੋਰ। ਨਿਹੋਰ-ਮੁਥਾਜੀ, ਅਹਿਸਾਨ ।੨।

**ਅਰਥ:** (ਮੇਰਾ) ਪਿਆਰਾ 'ਹਿਰਦੇ ਰੂਪੀ ਗੁਫਾ' ਵਿਚ ਵਸਦਾ ਹੈ। (ਇਸ ਲਈ ਮੈਂ ਉਸ ਅਗੇ ਬੇਨਤੀ ਕਰਦਾ ਹਾਂ ਕਿ) ਹੇ ਠਾਕੁਰ! ਭਰਮ ਦੀ ਕੰਧ ਜੋ ਪਰਦਾ ਹੈ, ਇਸਨੂੰ ਦੂਰ ਕਰਕੇ (ਮੈਨੂੰ) ਫੜ ਕੇ ਆਪਣੀ ਤਰਫ ਕਰ ਲਵੋ ਜੀ ।੧।ਰਹਾਉ।

(ਹੇ ਪਿਆਰੇ!) ਸੰਸਾਰ ਸਮੁੰਦਰ ਵਿਚ (ਮੋਹ ਰੂਪੀ) ਟੋਏ ਹਨ ਕਿਰਪਾ ਕਰਕੇ (ਇਹਨਾਂ ਚੋਂ ਬਚਾਅ ਕੇ) ਮੈਨੂੰ ਕੰਢੇ ਤੇ ਚਾੜ੍ਹ ਲਵੋ। ਹੇ ਹਰੀ! ਸੰਤਾਂ ਦੇ ਸੰਗ ਵਿਚ (ਰੱਖ ਕੇ ਆਪਣੇ) ਚਰਨਾਂ ਰੂਪੀ ਜਹਾਜ਼ (ਵਿਚ ਚਾੜ੍ਹ ਕੇ) ਮੈਨੂੰ ਉਧਾਰ ਲਵੋ ।੧।

(ਹੇ ਭਾਈ!) ਜਿਸ ਪਰਮੇਸ਼ਰ ਨੇ ਮਾਤਾ ਦੇ ਗਰਭ ਵਿਚ ਆਸਰਾ ਦੇ ਕੇ ਬਚਾਇਆ (ਹੁਣ) ਵਿਸ਼ੇ ਵਿਕਾਰਾਂ ਦੇ ਸਮੁੰਦਰ ਵਿਚੋਂ (ਉਸ ਤੋਂ ਬਿਨਾਂ) ਹੋਰ (ਬਚਾਣ ਵਾਲਾ) ਕੋਈ ਨਹੀਂ ਹੈ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਉਹ) ਪਰਮੇਸ਼ਰ ਸਰਬ ਸ਼ਕਤੀਵਾਨ ਹੈ, ਸ਼ਰਣ (ਪਇਆਂ ਦੀ ਪੈਜ ਰੱਖਣ ਨੂੰ) ਸਮਰਥ ਹੈ, (ਇਸ ਲਈ ਹੇ ਭਾਈ! ਉਸ ਤੋਂ ਬਿਨਾਂ) ਹੋਰ (ਕਿਸੇ ਦੀ) ਮੁਥਾਜੀ ਨਾ ਕਰ ।੨।

## ਅਰਥ ਭੇਦ ਅਤੇ ਨਿਰਣੈ

**ਪ੍ਰੀਤਮੁ ਬਸਤ ਰਿਦ ਮਹਿ ਖੋਰ ॥**

**ਭਰਮ ਭੀਤਿ ਨਿਵਾਰਿ ਠਾਕੁਰ, ਗਹਿ ਲੇਹੁ ਅਪਨੀ ਓਰ ॥**

ਪਹਿਲੀ ਪੰਗਤੀ ਦੇ ਵਖ ਵਖ ਅਰਥ ਇਉਂ ਉਪਲਬਧ ਹਨ:

੧. ਹੇ ਪਯਾਰੇ ਤੂੰ ਮੇਰੇ ਰਿਦੇ ਰੂਪੀ (ਖੋਰ) ਗੁਫਾ ਮੈਂ ਬਸ ਰਹਾ ਹੈਂ।

[ਫ਼.ਸ., ਗਿ. ਬਿਸ਼ਨ ਸਿੰਘ, ਸੋਢੀ ਤੇਜਾ ਸਿੰਘ

੨. ਖੋੜ, ਖੁੱਡ, ਸਖਣਾਪਨ (ਭਰਮਾਂ ਦੇ ਕਾਰਣ)। ਹੇ ਪ੍ਰੀਤਮ! ਰਿਦੇ ਵਿਚ ਸਖਣਾਪਨ ਵਧ ਰਿਹਾ ਹੈ। [ਸ਼ਬਦਾਰਥ

੩. ਹੇ ਪ੍ਰੀਤਮ ਮਨ! (ਮੇਰੇ) ਹਿਰਦੇ ਵਿਚ ਕੋਰਾਪਨ ਵੱਸ ਰਿਹਾ ਹੈ (ਜੋ ਤੇਰੇ ਚਰਨਾਂ ਨਾਲ ਪਿਆਰ ਬਣਨ ਨਹੀਂ ਦੇਂਦਾ)। [ਦਰਪਣ

੪. ਪ੍ਰੀਤਮੁ ਬਸਦਾ ਹੈ ਹਿਰਦੇ ਅੰਦਰਿ ਨਿਰਾ ਪ੍ਰੇਮ ਰੂਪ ਹੋ ਕੇ। ਮੁਜੱਸਮ ਪ੍ਰੇਮ ਦਾ ਰੂਪ ਹੋ ਕੇ। ਅਕਸਰ ਗਿਆਨੀ ਲੋਕ ਇਉਂ ਅਰਥ ਕਰਦੇ ਹਨ ਇਸ ਪੰਗਤੀ ਦਾ -

ਹੇ ਪ੍ਰੀਤਮ! ਮੇਰੇ ਹਿਰਦੇ ਅੰਦਰਿ ਸਿਆਣਪ ਵਸਦੀ ਹੈ ਪਰ ਇਹ ਅਰਥ ਤਦ ਠੀਕ ਹਨ ਜੇ 'ਪ੍ਰੀਤਮ' ਪਦ ਦੇ ਮਮੇ ਅਖਰ ਨੂੰ ਔਂਕੜ ਨਾ ਹੋਵੇ। ਪਰ ਏਥੇ ਔਂਕੜ ਲਗਾ ਹੋਇਆ ਹੈ।

[ਭਾ. ਸ. ਰਣਧੀਰ ਸਿੰਘ ਜੀ

**ਨਿਰਣੈ** : ਭਾ. ਸ. ਰਣਧੀਰ ਸਿੰਘ ਜੀ ਦਾ ਇਕ ਏਤਰਾਜ਼ ਕਿ 'ਪ੍ਰੀਤਮੁ' ਦੇ ਮਮੇ ਨੂੰ ਔਂਕੁੜ ਲੱਗਾ ਹੋਇਆ ਹੈ, ਇਸ ਲਈ ਇਸ ਦੇ 'ਹੇ ਪ੍ਰੀਤਮੁ! ਅਰਥ ਨਹੀਂ ਹੋ ਸਕਦੇ, 'ਦਰਪਣ' ਵਿਚ ਇਹ ਔਂਕੁੜ ਨਹੀਂ ਲੱਗਾ ਹੋਇਆ। ਫਰੀਦ ਕੋਟ ਸਟੀਕ ਤੇ ਸ਼ਬਦਾਰਥ ਆਦਿ ਵਿਚ 'ਪ੍ਰੀਤਮੁ' ਸਰੂਪ ਹੀ ਅੰਕਿਤ ਹੈ ਜੋ ਬਿਲਕੁਲ ਠੀਕ ਹੈ।

ਜਿਥੋਂ ਤਕ 'ਖੋਰ' ਦੇ ਅਰਥਾਂ ਦਾ ਸਬੰਧ ਹੈ ਖੋਰ, ਜਾਂ ਖੋੜ ਖੁੱਡ, ਅਰਥ ਠੀਕ ਹਨ। 'ਸ਼ਬਦਾਰਥ' ਤੇ 'ਦਰਪਣ' ਦੇ ਕਰਤਾ ਨੇ ਜੋ 'ਸਖਣਾਪਨ' ਅਰਥ ਕੀਤੇ ਹਨ ਉਹ ਭਾਵਕ ਅਰਥ ਹਨ।

ਇਸੇ ਤਰ੍ਹਾਂ ਭਾ. ਸ. ਰਣਧੀਰ ਸਿੰਘ ਜੀ ਨੇ ਜੋ 'ਖੋਰ' ਪਦ ਦੇ 'ਪ੍ਰੇਮ ਰੂਪ ਹੋ ਕੇ' ਅਰਥ ਕੀਤੇ ਹਨ, ਉਹ ਲਗ ਮਾਤ੍ਰੀ ਨੇਮਾਂ ਦੇ ਅਨੁਕੂਲ ਨਹੀਂ ਹਨ। ਜੇ 'ਖੋਰ' ਦੀ ਥਾਂ 'ਖੋਰਿ' ਰੂਪ ਹੁੰਦਾ ਜਿਵੇਂ ਆਪ ਜੀ ਨੇ ਅਰਥ ਕੀਤੇ ਹਨ, ਠੀਕ ਮੰਨੇ ਜਾ ਸਕਦੇ ਸਨ।

ਇਥੇ 'ਖੋਰ' ਦੇ ਅਰਥ 'ਪ੍ਰੇਮ' ਨਹੀਂ ਹੋ ਸਕਦੇ। ਜਿਥੇ 'ਪ੍ਰੇਮ' ਹੋਵੇ ਉਥੇ 'ਭਰਮ ਭੀਤਿ' ਦਾ ਕੀ ਕੰਮ ? ਇਸ ਲਈ ਪ੍ਰਚਲਤ ਅਰਥ ਠੀਕ ਹਨ ਕੇਵਲ ਫਰਕ ਇਤਨਾ ਹੈ ਕਿ ਉਨ੍ਹਾਂ ਨੇ 'ਪ੍ਰੀਤਮੁ' ਦੇ ਅਰਥ 'ਹੇ ਪ੍ਰੀਤਮ! ਕੀਤੇ ਹਨ' ਜਦੋਂ ਕਿ ਅਗਲੀ ਪੰਕਤੀ ਵਿਚ 'ਠਾਕੁਰ' ਪਦ ਸੰਬੋਧਨ ਰੂਪ ਵਿਚ ਅਰਥਾਇਆ ਜਾ ਸਕਦਾ ਹੈ। ਸੋ ਇਥੋਂ 'ਖੋਰ' ਦੇ ਅਰਥ ਖੁੱਡ ਭਾਵ 'ਹਿਰਦਾ ਰੂਪੀ ਗੁਫਾ' ਹੀ ਠੀਕ ਹਨ। ਭਾਈ ਸਾਹਿਬ ਅਨੁਸਾਰ ਅਕਸਰ ਗਿਆਨੀ ਲੋਕ ਇਉਂ ਅਰਥ ਕਰਦੇ ਹਨ - 'ਹੇ ਪ੍ਰੀਤਮ! ਮੇਰੇ ਹਿਰਦੇ ਅੰਦਰਿ ਸਿਆਣਪ ਵਸਦੀ ਹੈ'। ਹੋ ਸਕਦਾ ਹੈ ਭਾਈ ਸਾਹਿਬ ਨੇ ਕਿਸੇ ਕਥਾਵਾਚਕ ਪਾਸੋਂ ਸੁਣੇ ਹੋਣ ਪਰ ਕਿਸੇ ਟੀਕਾਕਾਰ ਦੇ ਕੀਤੇ ਹੋਏ ਅਜਿਹੇ ਅਰਥ ਲਿਖਤੀ ਰੂਪ ਵਿਚ ਦ੍ਰਿਸ਼ਟੀ ਨਹੀਂ ਆਏ।

## ਸਾਰੰਸ਼ ਅਤੇ ਸਿਧਾਂਤ

ਪਿਆਰਾ ਪ੍ਰੀਤਮ ਹਿਰਦੇ ਰੂਪੀ ਗੁਫਾ ਵਿਚ ਵਸਦਾ ਹੈ ਅਤੇ ਹਰੀ ਪ੍ਰੇਮ ਤੋਂ ਬਿਨਾਂ ਹਿਰਦੇ ਦਾ

ਸਖਣਾ-ਪਨ ਇਕ ਖਾਲੀ ਖੁੱਡ ਦੀ ਨਿਆਈਂ ਹੈ। ਨਾਮ ਤੋਂ ਬਿਨਾਂ ਸਖਣੇ ਹਿਰਦੇ ਵਿਚ ਭਰਮ ਆਪਣਾ ਡੇਰਾ ਲਾ ਲੈਂਦਾ ਹੈ। ਜੀਭ ਤੇ ਪਰਮੇਸ਼ਰ ਵਿਚ ਵਖਰੇਂਵਾ ਪਾਉਣ ਵਾਲੀ ਭਰਮ-ਭੀਤ ਜਦੋਂ ਤਕ ਤੁਟਦੀ ਨਹੀਂ, ਭਰਮ ਦੂਰ ਨਹੀਂ ਹੁੰਦਾ। ਗੁਰਵਾਕ ਹਨ :-

**ਜਬਲਗੁ ਤੂਟੈ ਨਾਹੀ ਮਨ ਭਰਮਾ, ਤਬਲਗੁ ਮੁਕਤਿ ਨ ਕੋਈ ॥ [ਪੰਨਾ ੬੭੦**

ਭਰਮ ਇਕ ਹਨੇਰਾ ਹੈ। ਇਸ ਹਨੇਰੇ ਚੋਂ ਨਿਕਲਣ ਲਈ ਪਰਮੇਸ਼ਰ ਅਗੇ ਬੇਨਤੀ ਕਰਨੀ ਹੈ -

**ਭਰਮ ਭੀਤਿ ਨਿਵਾਰਿ ਠਾਕੁਰ, ਗਹਿ ਲੇਹੁ ਅਪਨੀ ਓਰ ॥**

ਮਾਂ ਦੇ ਗਰਭ ਵਿਚ ਵੀ ਘੁਪ ਹਨੇਰਾ ਸੀ, ਉਥੇ ਵੀ ਪਰਮੇਸ਼ਰ ਨੇ ਹੀ ਜੀਵ ਦੀ ਰਖਿਆ ਕੀਤੀ ਸੀ। ਇਹ ਸੰਸਾਰ ਵੀ'ਅੰਧ ਗਹੇਰਾ'ਹੈ, ਸੋ ਇਥੇ ਉਥੇ ਰਖਿਆ ਕਰਨ ਵਾਲਾ ਹਰੀ ਆਪ ਹੀ ਸਮਰਥ ਹੈ।

ਸਿਧਾਂਤ ਇਹ ਹੈ ਕਿ ਜੀਵ ਨਿਮਾਣਾ ਹੋ ਕੇ ਸਮਰਥ ਪ੍ਰਭੂ ਦੇ ਚਰਨਾਂ ਵਿਚ ਆਪਣਾ ਆਪ ਸਮਰਪਿਤ ਕਰ ਦੇਵੇ, ਬਸ, ਇਹੋ ਗੁਰਮਤਿ ਮਾਰਗ ਹੈ ਜਿਸ ਤੇ ਚਲਿਆਂ ਲੋਕ-ਪ੍ਰਲੋਕ ਸੁਹੇਲਾ ਹੋ ਜਾਂਦਾ ਹੈ। ਕਈ ਕਥਾਵਾਚਕ 'ਖੋਰ' ਦਾ ਅਰਥ 'ਮਸਤੀ' ਭੀ ਕਰਦੇ ਹਨ ਪਰ ਜਿਸ ਸ਼ਬਦ ਦੇ ਅਰਥ ਪ੍ਰੇਮ ਜਾਂ ਮਸਤੀ ਹਨ ਉਹ ਸ਼ਬਦ ਜੋੜ 'ਖੋਰਿ' ਤੇ 'ਖੋਰੀ' ਹੈ -

**੧. ਮਾਈ ਰੀ, ਅਰਿਓ ਪ੍ਰੇਮ ਕੀ ਖੋਰਿ ॥ [ਪੰਨਾ ੧੨੨੮**

**੨. ਮਨੁ ਬੀਧੋ ਪ੍ਰੇਮ ਕੀ ਖੋਰੀ ॥ [ਪੰਨਾ ੬੧੮**

'ਮੋਟੀ ਲਾਗੀ ਖੋਰਿ' ਵਿਚ 'ਖੋਰਿ' ਦੇ ਅਰਥ ਬੁਰਾਈ, ਬਦੀ ਹਨ। ਸੋ, ਪ੍ਰਕਰਣ ਅਨੁਸਾਰ ਅਰਥ ਕਰਨੇ ਹੀ ਠੀਕ ਹੁੰਦੇ ਹਨ।

**ਕੇਦਾਰਾ ਮਹਲਾ ੫ ॥ ਰਸਨਾ ਰਾਮ ਰਾਮ ਬਖਾਨੁ ॥ ਗੁਨ ਗੋੁਪਾਲ ਉਚਾਰੁ ਦਿਨੁ ਰੈਨਿ, ਭਏ ਕਲਮਲ ਹਾਨ ॥ ਰਹਾਉ ॥ ਤਿਆਗਿ ਚਲਨਾ ਸਗਲ ਸੰਪਤ, ਕਾਲੁ ਸਿਰ ਪਰਿ ਜਾਨੁ ॥ ਮਿਥਨ ਮੋਹ ਦੁਰੰਤ ਆਸਾ, ਝੂਠੁ ਸਰਪਰ ਮਾਨੁ ॥੧॥ ਸਤਿ ਪੁਰਖ ਅਕਾਲ ਮੂਰਤਿ, ਰਿਦੈ ਧਾਰਹੁ ਧਿਆਨੁ ॥ ਨਾਮੁ ਨਿਧਾਨੁ ਲਾਭੁ ਨਾਨਕ, ਬਸਤੁ ਇਹ ਪਰਵਾਨੁ ॥੨॥੩॥੧੧॥**

**ਪਦ ਅਰਥ :** ਰਸਨਾ-ਜੀਭ ਨਾਲ। ਬਖਾਨੁ-ਉਚਾਰਨ ਕਰ। ਦਿਨੁ ਰੈਨਿ-ਦਿਨ ਰਾਤ, ਹਰ ਵੇਲੇ। ਭਏ-ਹੋਏ ਹਨ। ਕਲਮਲ-ਪਾਪ। ਹਾਨ-ਨਾਸ਼। ਰਹਾਉ। ਤਿਆਗਿ-ਛੱਡ ਕੇ। ਚਲਨਾ-ਚਲੇ ਜਾਣਾ ਹੈ। ਸਗਲ ਸੰਪਤ-ਸਭ ਧਨ ਪਦਾਰਥ। ਕਾਲੁ-ਮੌਤ। ਸਿਰ ਪਰਿ-ਸਿਰ ਉਤੇ। ਜਾਨੁ-ਸਮਝ। ਮਿਥਨ ਮੋਹ-ਝੂਠੇ (ਪਦਾਰਥਾਂ ਦਾ) ਮੋਹ। ਦੁਰੰਤ-ਜਿਸ ਦਾ ਅੰਤ ਪਾਣਾ ਔਖਾ ਹੋਵੇ। ਸਰਪਰ-ਹਰ ਹਾਲਤ, ਜ਼ਰੂਰ। ਮਾਨੁ-ਮੰਨ।੧। ਸਤਿ ਪੁਰਖ-ਸਦਾ ਕਾਇਮ ਰਹਿਣ ਵਾਲਾ ਵਿਆਪਕ ਪੁਰਸ਼, ਪਰਮਾਤਮਾ। ਅਕਾਲ-ਕਾਲ (ਮੌਤ) ਤੋਂ ਰਹਿਤ। ਮੂਰਤਿ-ਹਸਤੀ, ਸਰੂਪ। ਧਾਰਹੁ ਧਿਆਨੁ-ਧਿਆਨ ਧਰੋ। ਨਾਮੁ ਨਿਧਾਨੁ-ਨਾਮ ਰੂਪੀ ਖਜ਼ਾਨਾ। ਲਾਭੁ-ਨੱਫਾ। ਬਸਤੁ-ਵਸਤੂ। ਪਰਵਾਨੁ-ਕਬੂਲ ਹੁੰਦੀ ਹੈ।੨।

**ਅਰਥ :** (ਹੇ ਭਾਈ ! ਆਪਣੀ) ਜੀਭ ਨਾਲ ਦਿਨ ਰਾਤ (ਹਰ ਵੇਲੇ) ਪਰਮਾਤਮਾ ਦਾ ਨਾਮ ਉਚਾਰਨ ਕਰ। ਪ੍ਰਿਥਵੀ ਦੇ ਮਾਲਕ ਪ੍ਰਭੂ ਦੇ ਗੁਣ ਦਿਨ ਰਾਤ (ਹਰ ਵੇਲੇ) ਗਾਇਆ ਕਰ (ਜਿਨ੍ਹਾਂ ਨੇ ਉਸਦੇ ਗੁਣ ਗਾਇਨ ਕੀਤੇ, ਉਨ੍ਹਾਂ ਦੇ ਸਾਰੇ) ਪਾਪ ਨਾਸ਼ ਹੋ ਗਏ। ਰਹਾਉ।

(ਹੇ ਭਾਈ !) ਸਾਰਾ ਧਨ ਪਦਰਥ (ਇਥੇ ਹੀ) ਛਡ ਕੇ (ਪਰਲੋਕ) ਚਲੇ ਜਾਣਾ ਹੈ, ਮੌਤ ਨੂੰ (ਹਰ ਵੇਲੇ ਸਦਾ) ਸਿਰ ਉਤੇ ਖਲੋਤੀ ਸਮਝ। (ਹੇ ਭਾਈ !) ਝੂਠੇ ਪਦਾਰਥਾਂ ਦਾ ਮੋਹ ਅਤੇ ਕਦੇ ਨਾਹ ਮੁਕਣ ਵਾਲੀਆਂ ਆਸਾਂ ਨੂੰ ਹਰ ਹਾਲਤ ਝੂਠ (ਨਾਸ਼ਵੰਤ) ਮੰਨ।੧।

(ਹੇ ਭਾਈ ! ਜੋ ਪਰਮੇਸ਼ਰ) ਸਦਾ ਥਿਰ ਰਹਿਣ ਵਾਲਾ ਸਰਬ ਵਿਆਪਕ ਪੁਰਖ, ਕਾਲ ਤੋਂ ਰਹਿਤ ਹਸਤੀ ਵਾਲਾ ਹੈ, (ਉਸ ਦਾ ਆਪਣੇ) ਹਿਰਦੇ ਵਿਚ ਧਿਆਨ ਧਰੋ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਪਰਮਾਤਮਾ ਦਾ ਨਾਮ ਜ਼ਿੰਦਗੀ ਦਾ ਅਸਲੀ) ਨੱਫ਼ਾ ਹੈ (ਅਤੇ) ਇਹ (ਨਾਮ) ਵਸਤੂ ਹੀ (ਪਰਮੇਸ਼ਰ ਦੀ ਦਰਗਾਹ ਵਿਚ) ਪਰਵਾਨ (ਕਬੂਲ ਹੁੰਦੀ) ਹੈ।੨।੩।੧੧।

## ਅਰਥ ਭੇਦ ਅਤੇ ਨਿਰਣੈ

**ਮਿਥਨ ਮੋਹ ਦੂਰੰਤ ਆਸਾ, ਝੂਠੁ ਸਰਪਰ ਮਾਨੁ ॥**

ਵਖ ਵਖ ਅਰਥ :

੧. ਜਿਸ ਮਿਥਯਾ ਪਦਾਰਥੋਂ के ਮੋਹ ਕਰ (ਦੂਰੰਤ) ਦੂਰ ਹੈ ਅੰਤ ਜਿਸ ਕਾ ਐਸੀ ਆਸਾ ਕਰ ਰਿਹਾ ਹੈ ਤਿਨ ਕੋ (ਸਰਪਰ) ਜਰੂਰ ਹੀ ਝੂਠ ਕਰਕੇ ਮਾਨ ਲੈ। [ਫ.ਸ.

੨. ਦੂਰੰਤ-ਜਿਸ ਦਾ ਅੰਤ (ਨਤੀਜਾ) ਮਾੜਾ ਹੋਵੇ।
ਝੂਠੇ ਮੋਹ ਅਤੇ ਮਾੜੇ ਅੰਤ ਵਾਲੀ ਆਸਾ ਜਰੂਰ ਹੀ ਝੂਠ ਮਨ। [ਸ਼ਬਦਾਰਥ

੩. ਹੇ ਭਾਈ ! ਨਾਸ਼ਵੰਤ ਪਦਾਰਥਾਂ ਦਾ ਮੋਹ, ਕਦੇ ਨਾਹ ਮੁੱਕਣ ਵਾਲੀਆਂ ਆਸਾਂ ਇਹਨਾਂ ਨੂੰ ਨਿਸਚੇ ਕਰਕੇ ਨਾਸ਼ਵੰਤ ਮਨ। [ਦਰਪਣ

**ਨਿਰਣੈ :** ਮਹਾਨ ਕੋਸ਼ ਵਚ 'ਦੂਰੰਤ' ਪਦ ਦੇ ਹੇਠ ਲਿਖੇ ਅਰਥ ਦਰਜ ਹਨ ਸੰ. ਵਿ-ਜਿਸ ਦਾ ਅੰਤ ਪਾਉਣਾ ਔਖਾ ਹੋਵੇ, ਅਪਾਰ 'ਦੂਰੰਤ ਆਸਾ' (ਗੂਜ ਅ. ਮ. ੫.) ੨. ਘੋਰ ਪ੍ਰਚੰਡ 'ਜਿਸ ਜੇਠ ਸੂਰ ਕਿਰਣੇ ਦੂਰੰਤ-(ਰਾਮਾਵ) ੩. ਅਪਵਿਤ੍ਰ-ਮੈਲਾ "ਉਪਰ ਡਾਰਯੋ ਵਸਤ੍ਰ ਦੂਰੰਤ" (ਗੁਪ੍ਰਸੂ) ੪. ਕਠਿਨ, ਮੁਸ਼ਕਿਲ "ਦੂਰੰਤ ਕਰਮ ਕੋ ਕਰੈ" (ਸੂਰਜਾਵ) ੫. ਬੁਰਾ ਹੈ ਅਤ (ਨਤੀਜਾ) ਜਿਸ ਦਾ। ੬ ਦੁਸ਼ਟ, ਖਲ,

ਇਥੇ 'ਦੂਰੰਤ ਤੋਂ ਭਾਵ ਮਾੜੇ ਅੰਤ ਵਾਲੀ ਆਸਾ' ਨਹੀਂ ਜਿਵੇਂ ਕਿ ਸ਼ਬਦਾਰਥ ਵਿਚ ਨੰ. ੨ ਦੇ ਸਾਹਮਣੇ ਦਿਤੇ ਹਨ। ਇਸਦੇ ਸਹੀ ਅਰਥ ਹਨ "ਕਦੇ ਨਾ ਮੁਕਣ ਵਾਲੀਆਂ ਆਸਾਂ" ਹਰ ਹਾਲਤ ਨਾਸ਼ਵੰਤ ਮੰਨ, ਇਹ ਅਰਥ ਅਪਨਾਉਣੇ ਹੀ ਯੋਗ ਹਨ।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਰਸਨਾਂ ਨਾਲ ਗੋਪਾਲ ਦੇ ਗੁਣ ਉਚਾਰਨ ਦੀ ਸੇਧ ਦਿਤੀ ਹੈ ਜਿਸ। ਮਨੁੱਖ

ਨੂੰ ਇਹ ਗਿਆਨ ਹੈ ਕਿ ਮੌਤ ਹਰ ਵੇਲੇ ਸਿਰ ਤੇ ਹੈ ਅਤੇ ਸਭ ਕੁਝ ਇਸ ਸੰਸਾਰ ਵਿਚ ਹੀ ਛਡ ਕੇ ਚਲਾ ਜਾਣਾ ਹੈ, ਉਹ ਝੂਠੇ ਮੋਹ ਵਿਚ ਖਚਿਤ ਨਹੀਂ ਹੁੰਦਾ। ਗੁਰਦੇਵ ਪਿਤਾ ਜੀ ਅਸਮਾਦਿਕ ਜੀਆਂ ਨੂੰ ਇਹ ਉਪਦੇਸ਼ ਦਿੰਦੇ ਹਨ :-

**ਸਤਿਪੁਰਖ ਅਕਾਲ ਮੂਰਤਿ, ਰਿਦੈ ਧਾਰਹੁ ਧਿਆਨੁ ॥**

ਧਿਆਨ ਕਿਸੇ ਵਿਅਕਤੀ ਦਾ ਨਹੀਂ, ਕਿਸੇ ਸਰੀਰ ਦਾ ਨਹੀਂ ਧਰਨਾ, 'ਸਤਿਪੁਰਖ ਅਕਾਲ ਮੂਰਤਿ' ਦਾ ਧਿਆਨ ਧਰਨਾ ਹੈ। ਜਿਸ ਜਗਿਆਸੂ ਨੇ ਸਤਿਗੁਰੂ ਦਾ ਇਹ ਬਚਨ ਪਲੇ ਬੰਨ੍ਹ ਲਿਆ, ਉਹ ਜਾਣੋ ਗਾਡੀ-ਰਾਹ ਤੇ ਚਲ ਪਿਆ।

ਸਿਧਾਂਤ ਇਹ ਹੈ ਕਿ ਮਨ ਵਿਚ ਝੂਠੀ ਆਸਾ ਤੇ ਝੂਠੇ ਪਦਾਰਥਾਂ ਦਾ ਧਿਆਨ ਨਹੀਂ ਧਰਨਾ ਚਾਹੀਦਾ। ਕੇਵਲ ਨਾਮ ਵਸਤੂ ਨੂੰ ਹੀ ਮਨ ਵਿਚ ਵਸਾਉਣ ਦੀ ਲੋੜ ਹੈ ਕਿਉਂਕਿ ਇਹ ਵਸਤੂ ਹੀ ਪਰਮੇਸ਼ਰ ਦੇ ਦਰਬਾਰ ਵਿਚ ਪਰਵਾਨ ਹੁੰਦੀ ਹੈ।

**ਕੇਦਾਰਾ ਮਹਲਾ ੫ ॥ ਹਰਿ ਕੇ ਨਾਮ ਕੋ ਆਧਾਰੁ ॥ ਕਲਿ ਕਲੇਸ ਨ ਕਛੁ ਬਿਆਪੈ, ਸੰਤ ਸੰਗਿ ਬਿਉਹਾਰੁ ॥ ਰਹਾਉ ॥ ਕਰਿ ਅਨੁਗ੍ਰਹੁ ਆਪਿ ਰਾਖਿਓ, ਨਹ ਉਪਜਤਉ ਬੇਕਾਰੁ ॥ ਜਿਸੁ ਪਰਾਪਤਿ ਹੋਇ ਸਿਮਰੈ, ਤਿਸੁ ਦਹਤ ਨਹ ਸੰਸਾਰੁ ॥੧॥ ਸੁਖ ਮੰਗਲ ਆਨੰਦ ਹਰਿ ਹਰਿ, ਪ੍ਰਭ ਚਰਨ ਅੰਮ੍ਰਿਤ ਸਾਰੁ ॥ ਨਾਨਕ ਦਾਸ ਸਰਨਾਗਤੀ, ਤੇਰੇ ਸੰਤਨਾ ਕੀ ਛਾਰੁ ॥੨॥੪॥੧੨॥**

**ਪਦ ਅਰਥ :** ਆਧਾਰੁ-ਆਸਰਾ। ਕਲਿ ਕਲੇਸ਼-ਕਲਜੁਗ ਦੇ ਝਗੜੇ। ਨ ਬਿਆਪੈ-ਨਹੀਂ ਵਿਆਪ ਸਕਦਾ। ਸੰਗਿ-ਨਾਲ। ਬਿਉਹਾਰੁ-ਵਣਜ ਵਪਾਰ। ਰਹਾਉ। ਕਰਿ-ਕਰਕੇ। ਅਨੁਗ੍ਰਹੁ-ਕਿਰਪਾ। ਰਾਖਿਓ-ਰਖਿਆ। ਨਹ ਉਪਜਤਉ-ਪੈਦਾ ਨਹੀਂ ਹੁੰਦਾ। ਬੇਕਾਰੁ-ਵਿਕਾਰ। ਦਹਤ ਨਹ-ਸੜਦਾ ਨਹੀਂ ਹੈ। ਮੰਗਲ-ਖੁਸ਼ੀਆਂ। ਆਨੰਦ-(ਆਤਮਿਕ) ਅਨੰਦ। ਅੰਮ੍ਰਿਤ ਸਾਰੁ-ਅੰਮ੍ਰਿਤ ਦਾ ਸਾਰ, ਤੱਤ। ਸਰਨਾਗਤੀ-ਸ਼ਰਣ ਆਇਆ ਹਾਂ। ਛਾਰੁ-(ਚਰਨਾਂ ਦੀ) ਧੂੜ ।੨।

**ਅਰਥ :** ਹੇ ਹਰੀ ! (ਮੈਨੂੰ ਤੇਰੇ) ਨਾਮ ਦਾ ਹੀ ਆਸਰਾ ਹੈ। ਕਲਜੁਗ ਦੇ ਝਗੜਿਆਂ ਦਾ ਰਤਾ ਭਰ ਵੀ ਦੁਖ ਨਹੀਂ ਲਗਦਾ (ਕਿਉਂਕਿ) ਤੇਰੇ ਸੰਤਾਂ ਨਾਲ (ਰਹਿ ਕੇ ਨਾਮ ਦਾ) ਵਣਜ ਵਪਾਰ (ਕੀਤਾ ਹੈ) ।ਰਹਾਉ।

(ਹੇ ਹਰੀ ! ਤੁਸੀ) ਕਿਰਪਾ ਕਰਕੇ ਆਪ (ਕਲਿ ਕਲੇਸ਼ ਤੋਂ) ਬਚਾਇਆ ਹੈ (ਅਤੇ ਹੁਣ ਮਨ ਵਿਚ) ਕੋਈ ਵਿਕਾਰ ਪੈਦਾ ਨਹੀਂ ਹੁੰਦਾ। (ਹੇ ਪ੍ਰਭੂ !) ਜਿਸ (ਮਨੁੱਖ) ਨੂੰ ਤੇਰਾ ਨਾਮ ਪ੍ਰਾਪਤ ਹੋਵੇ (ਓਹੀ ਨਾਮ) ਸਿਮਰਦਾ ਹੈ (ਪਰ) ਉਸ ਨੂੰ ਸੰਸਾਰ ਰੂਪੀ ਅਗਨੀ ਸਾੜ ਨਹੀਂ ਸਕਦੀ।

ਹੇ ਹਰੀ ! (ਤੇਰਾ) ਹਰਿ ਹਰਿ ਨਾਮ ਸੁੱਖਾਂ, ਖੁੱਸ਼ੀਆਂ ਤੇ ਅਨੰਦ ਦਾ (ਸੋਮਾ) ਹੈ (ਅਤੇ ਤੇਰੇ) ਚਰਨਾਂ ਦਾ ਧਿਆਨ ਅੰਮ੍ਰਿਤ ਦਾ (ਸਾਰੁ) ਤੱਤ ਹੈ। ਨਾਨਕ ਦਾਸ (ਆਪ ਦੀ) ਸ਼ਰਣ ਆਇਆ ਹੈ (ਮੈਨੂੰ) ਤੇਰੇ ਸੰਤ ਜਨਾਂ ਦੀ ਚਰਨ ਧੂੜੀ (ਪ੍ਰਾਪਤ ਹੋਵੇ) ।੨।੪।੧੨।

## ਸਾਰੰਸ਼ ਅਤੇ ਸਿਧਾਂਤ

ਜਿਸ ਜਗਿਆਸੂ ਨੂੰ ਹਰੀ ਦੇ ਨਾਮ ਦਾ ਅਧਾਰ (ਆਸਰਾ) ਹੋ ਜਾਂਦਾ ਹੈ, ਸੰਸਾਰ ਦਾ ਕੋਈ ਦੁੱਖ ਕਲੇਸ਼ ਉਸ ਦੇ ਨੇੜੇ ਨਹੀਂ ਆ ਸਕਦਾ। ਜਿਸ ਨੂੰ ਪਰਮੇਸ਼ਰ ਨਾਮ ਦਾ ਬੰਨਾ ਬਖਸ਼ ਦੇਵੇ, ਉਥੋਂ ਦੁਖਾਂ ਰੋਗਾਂ ਦਾ ਡੇਰਾ ਭਜ ਜਾਂਦਾ ਹੈ।

ਜਿਸ ਮਨੁੱਖ ਉਤੇ ਪ੍ਰਭੂ ਦੀ ਕਿਰਪਾ ਹੋ ਜਾਂਦੀ ਹੈ ਉਸ ਦੇ ਹਿਰਦੇ ਵਿਚ ਕਿਸੇ ਪ੍ਰਕਾਰ ਦਾ ਵਿਕਾਰ ਪੈਦਾ ਨਹੀਂ ਹੁੰਦਾ। ਉਸ ਦੇ ਹਿਰਦੇ ਵਿਚ ਸਦਾ ਅਨੰਦ ਮੰਗਲ ਬਣਿਆ ਰਹਿੰਦਾ ਹੈ।

ਸਿਧਾਂਤ ਇਹ ਹੈ ਕਿ ਨਾਮ ਦਾ ਸਰਧਾਲੂ ਸਦਾ ਹੀ "ਸੰਤਨਾ ਕੀ ਛਾਰੁ" ਬਣਿਆ ਰਹਿੰਦਾ ਹੈ।

**ਕੇਦਾਰਾ ਮਹਲਾ ੫ ॥ ਹਰਿ ਕੇ ਨਾਮ ਬਿਨੁ, ਧ੍ਰਿਗੁ ਸ੍ਰੋਤ ॥ ਜੀਵਨ ਰੂਪ ਬਿਸਾਰਿ ਜੀਵਹਿ, ਤਿਹ ਕਤ ਜੀਵਨ ਹੋਤ ॥ ਰਹਾਉ ॥ ਖਾਤ ਪੀਤ ਅਨੇਕ ਬਿੰਜਨ, ਜੈਸੇ ਭਾਰ ਬਾਹਕ ਖੋਤ ॥ ਆਠ ਪਹਰ ਮਹਾ ਸ੍ਰਮੁ ਪਾਇਆ, ਜੈਸੇ ਬਿਰਖ ਜੰਤੀ ਜੋਤ ॥੧॥ ਤਜਿ ਗੋੁਪਾਲ ਜਿ ਆਨ ਲਾਗੇ, ਸੇ ਬਹੁ ਪ੍ਰਕਾਰੀ ਰੋਤ ॥ ਕਰ ਜੋਰਿ ਨਾਨਕ ਦਾਨੁ ਮਾਗੈ, ਹਰਿ ਰਖਉ ਕੰਠਿ ਪਰੋਤ ॥੨॥੫॥੧੩॥**

## ਉਚਾਰਨ ਸੇਧ

**ਬਿੰਦੀ ਸਹਿਤ** : ਜੀਵਹਿਂ, ਤਿਹਂ, ਮਾਂਗੈ, ਰਖਉਂ।

**ਫੁਟਕਲ:** 'ਗੋੁਪਾਲ' ਦਾ ਉਚਾਰਨ 'ਗੁਪਾਲ' ਕਰਨਾ ਹੈ।

**ਪਦ ਅਰਥ** : ਧ੍ਰਿਗੁ-ਫਿਟਕਾਰ ਯੋਗ। ਸ੍ਰੋਤ-ਕੰਨ। ਜੀਵਨ ਰੂਪ-(ਸਭ ਦਾ) ਜੀਵਨ ਦਾਤਾ। ਬਿਸਾਰਿ-ਵਿਸਾਰ ਕੇ। ਜੀਵਹਿ-(ਜੋ) ਜੀਉਂਦੇ ਹਨ। ਤਿਹ-ਉਹਨਾਂ ਦਾ। ਕਹ-ਕਾਹਦਾ ? । ਰਹਾਉ। ਅਨੇਕ-(ਕਈ ਪ੍ਰਕਾਰ ਦੇ। ਬਿੰਜਨ-ਭੋਜਨ। ਭਾਰ-ਬੋਝ। ਬਾਹਕ-ਢੋਣ ਵਾਲੇ। ਖੋਤ-ਖੋਤੇ। ਮਹਾ ਸ੍ਰਮੁ-ਬਹੁਤ ਥਕੇਵਾਂ। ਜੈਸੇ-ਜਿਵੇਂ। ਬਿਰਖ-ਬਲਦ। ਜੰਤੀ-ਯੰਤਰ ਵਿਚ, ਕੋਹਲੂ ਵਿਚ। ਜੋਤ-ਜੋਤਿਆ ਹੋਇਆ।੧। ਤਜਿ ਗੋੁਪਾਲ-ਪ੍ਰਿਥਵੀ ਦੇ ਮਾਲਕ ਵਾਹਿਗੁਰੂ ਨੂੰ ਤਿਆਗ ਕੇ। ਜਿ-ਜਿਹੜੇ। ਆਨ ਲਾਗੇ-ਹੋਰ ਕੰਮਾਂ ਵਿਚ ਲੱਗੇ। ਸੇ-ਓਹ। ਬਹੁ ਪ੍ਰਕਾਰੀ-ਬਹੁਤ ਤਰ੍ਹਾਂ ਨਾਲ। ਰੋਤ-ਰੋਂਦੇ (ਦੁੱਖੀ ਹੁੰਦੇ) ਹਨ। ਕਰ ਜੋਰਿ-ਹਥ ਜੋੜ ਕੇ। ਮਾਗੈ-ਮੰਗਦਾ ਹੈ। ਰਖਉ-(ਮੈਂ ਰੱਖਾਂ)। ਰਖਉ-ਰੱਖਾਂ। ਕੰਠਿ ਪਰੋਤ-ਗਲ ਵਿਚ ਪਰੋਈ ਰੱਖਾਂ।੨।

**ਅਰਥ** : (ਹੇ ਭਾਈ !) ਹਰੀ ਦਾ ਨਾਮ (ਸੁਨਣ ਤੋਂ) ਬਿਨਾਂ (ਮਨੁੱਖ ਦੇ) ਕੰਨ ਫਿਟਕਾਰ ਯੋਗ ਹਨ। ਜਿਹੜੇ ਮਨੁੱਖ ਜਗਤ ਦੇ ਜੀਵਨ ਦਾਤੇ ਨੂੰ ਵਿਸਾਰ ਕੇ ਜੀਉਂਦੇ ਹਨ, ਉਹਨਾਂ ਦਾ ਜੀਊਣਾ ਕਾਹਦਾ ਹੋਇਆ ? (ਭਾਵ ਅਜਿਹਾ ਜੀਵਨ) ਨਿਸ਼ਫਲ ਹੈ। ਰਹਾਉ।

(ਹੇ ਭਾਈ !) ਪ੍ਰਭੂ ਨੂੰ ਵਿਸਾਰ ਕੇ (ਜਿਹੜੇ ਮਨੁੱਖ) ਕਈ ਪ੍ਰਕਾਰ ਦੇ (ਸੁਆਦਲੇ) ਭੋਜਨ ਖਾਂਦੇ ਹਨ (ਗੁਰੂ ਸਾਹਿਬ ਦੀ ਦ੍ਰਿਸ਼ਟੀ ਵਿਚ) ਉਹ (ਮਨੁੱਖ ਇਉਂ ਜਾਣੋ) ਜਿਵੇਂ ਭਾਰ ਢੋਣ ਵਾਲੇ ਖੋਤੇ ਹੁੰਦੇ ਹਨ

। ਜਿਵੇਂ ਕੋਈ ਬਲਦ ਕੋਹਲੂ ਅੱਗੇ ਜੋੜਿਆਂ ਹੋਇਆ (ਦੁੱਖ ਪਾਂਦਾ ਹੈ ਤਿਵੇਂ ਨਾਮ ਨੂੰ ਵਿਸਾਰਨ ਵਾਲਿਆਂ ਨੇ) ਅੱਠੋ ਪਹਿਰ ਭਾਵ ਬਹੁਤ ਥਕੇਵਾਂ ਹੀ (ਪਲੇ) ਪਾਇਆ ਹੈ ।੧।

(ਹੇ ਭਾਈ !) ਪ੍ਰਿਥਵੀ ਦੇ ਮਾਲਕ ਨੂੰ ਤਿਆਗ ਕੇ ਜਿਹੜੇ ਮਨੁੱਖ ਹੋਰ ਕੰਮਾਂ ਵਿਚ ਲਗੇ ਰਹੇ (ਉਹ) ਬਹੁਤ ਤਰ੍ਹਾਂ ਨਾਲ ਰੌਂਦੇ ਹਨ । ਹੇ ਹਰੀ ! (ਤੇਰਾ) ਦਾਸ ਨਾਨਕ ਹੱਥ ਜੋੜ ਕੇ (ਤੈਥੋਂ) ਦਾਨ ਮੰਗਦਾ ਹੈ (ਕਿ ਮੈਂ ਤੇਰਾ ਨਾਮ) ਆਪਣੇ ਗਲ ਵਿਚ ਪਰੋਈ ਰੱਖਾਂ (ਭਾਵ ਤੇਰਾ ਨਾਮ ਸਦਾ ਸਿਮਰਦਾ ਰਹਾਂ ਕਦੇ ਨਾ ਵਿਸਾਰਾਂ) ।੨।੫।੧੩।

(ਨੋਟ : ਸ਼ਬਦਾਰਥ ਵਿਚ 'ਰਖਉ' ਦੇ ਅਰਥ 'ਰਖੋ' ਕਰਨੇ ਠੀਕ ਨਹੀਂ ਜਾਪਦੇ) ।

## ਸਾਰੰਸ਼ ਅਤੇ ਸਿਧਾਂਤ

ਹਰੀ ਨੂੰ ਵਿਸਾਰ ਕੇ ਜੀਉਣਾ ਵੀ ਕੋਈ ਜੀਵਨ ਹੈ । ਸਫਲ ਜੀਵਨ ਦੀ ਨਿਸ਼ਾਨੀ ਇਹ ਹੈ :

**ਜੀਵਨਾ ਸਫਲ ਜੀਵਨ, ਸੁਨਿ ਹਰਿ ਜਪਿ ਜਪਿ ਸਦ ਜੀਵਨਾ॥ [ਪੰਨਾ ੧੦੧੯**

ਨਾਮ ਨੂੰ ਵੀਸਾਰ ਕੇ ਅਨੇਕ ਪ੍ਰਕਾਰ ਦੇ ਪਦਾਰਥਾਂ ਦਾ ਖਾਣਾ ਪੀਣਾ ਇਸ ਤਰ੍ਹਾਂ ਹੈ - "ਜੈਸੇ ਭਾਰ ਬਾਹਕ ਖੋਤ" ਭਾਵ ਜਿਸ ਤਰ੍ਹਾਂ ਭਾਰ ਢੋਣ ਵਾਲੇ ਖੋਤੇ ਜਾਂ ਬਲਦ ਮਿਹਨਤ ਕਰਕੇ ਮਰਦੇ ਰਹਿੰਦੇ ਹਨ । ਗੁਰਬਾਣੀ ਵਿਚ ਇਸ ਬਾਰੇ ਹੋਰ ਵਾਕ ਵੀ ਹਨ :

੧. **ਪੇਟੁ ਭਰਿਓ ਪਸੂਆ ਜਿਉ ਸੋਇਓ, ਮਾਨਖੁ ਜਨਮੁ ਹੈ ਹਾਰਿਓ॥[ਪੰਨਾ ੧੨੦੫**

੨. **ਬਾਟ ਪਾਰਿ ਘਰੁ ਮੂਸਿ ਬਿਰਾਨੋ, ਪੇਟ ਭਰੈ ਅਪ੍ਰਾਧੀ ॥**
**ਜਿਹਿ ਪਰਲੋਕ ਜਾਇ ਅਪਕੀਰਤਿ, ਸੋਈ ਅਬਿਦਿਆ ਸਾਧੀ॥ [ਪੰਨਾ ੧੨੫੬**

ਸਿਧਾਂਤ ਇਹ ਹੈ ਕਿ ਹਰੀ ਨੂੰ ਛਡ ਕੇ ਹੋਰ ਕੰਮਾਂ ਵਿਚ ਲਗੇ ਰਹਿਣ ਨਾਲ ਸਿਵਾਇ ਰੋਣ ਦੇ ਹੋਰ ਕੁਝ ਵੀ ਪਲੇ ਨਹੀਂ ਪੈਂਦਾ । ਇਸ ਲਈ ਗੁਰੂ ਪਾਤਿਸ਼ਾਹ ਜੀ ਨੇ ਜੀਵ ਨੂੰ ਪਰਮੇਸ਼ਰ ਪਾਸੋਂ ਦਾਨ ਮੰਗਣ ਦੀ ਇਉਂ ਜਾਚ ਸਿਖਾਈ ਹੈ

**ਕਰ ਜੋਰਿ ਨਾਨਕ ਦਾਨੁ ਮਾਗੈ, ਹਰਿ ਰਖਉ ਕੰਠਿ ਪਰੋਤ ॥**

**ਕੇਦਾਰਾ ਮਹਲਾ ੫ ॥ ਸੰਤਹ ਧੂਰਿ ਲੇ, ਮੁਖਿ ਮਲੀ ॥ ਗੁਣਾ ਅਚੁਤ ਸਦਾ ਪੂਰਨ, ਨਹ ਦੋਖ ਬਿਆਪਹਿ ਕਲੀ ॥ ਰਹਾਉ ॥ ਗੁਰ ਬਚਨਿ ਕਾਰਜ ਸਰਬ ਪੂਰਨ, ਈਤ ਊਤ ਨ ਹਲੀ ॥ ਪ੍ਰਭ ਏਕ ਅਨਿਕ ਸਰਬਤ ਪੂਰਨ, ਬਿਖੈ ਅਗਨਿ ਨ ਜਲੀ ॥੧॥ ਗਹਿ ਭੁਜਾ ਲੀਨੋ ਦਾਸੁ ਅਪਨੋ, ਜੋਤਿ ਜੋਤੀ ਰਲੀ ॥ ਪ੍ਰਭ ਚਰਨ ਸਰਨ ਅਨਾਥੁ ਆਇਓ, ਨਾਨਕ ਹਰਿ ਸੰਗਿ ਚਲੀ ॥੨॥੬॥੧੪॥**

## ਉਚਾਰਨ ਸੇਧ

**ਬਿੰਦੀ ਸਹਿਤ :** ਸੰਤਹਂ, ਨਹਂ, ਬਿਆਪਹਿਂ ।

**ਪਦ ਅਰਥ :** ਸੰਤਹ-ਸੰਤ (ਜਨਾ) ਦੀ । ਧੂਰਿ-(ਚਰਨ) ਧੂੜ । ਲੈ-ਲੈ ਕੇ । ਮੁਖਿ ਮਲੀ-(ਜਿਸ

ਜੀਵ ਨ ਆਪਣੇ ਮੱਥੇ ਤੇ) ਮਲ ਲਈ ਹੈ। ਗੁਣਾਂ ਅਚੁਤ-ਪਰਮੇਸ਼ਰ ਦੇ ਗੁਣ (ਹਿਰਦੇ ਵਿਚ ਵਸਾ ਕੇ)। ਸਦਾ ਪੂਰਨ-ਸਦਾ ਲਈ ਪੂਰਨਤਾ ਵਾਲਾ ਹੋ ਗਿਆ ਹੈ। ਨਾਹ-ਨਹੀਂ। ਦੋਖ-(ਕਈ ਪ੍ਰਕਾਰ ਦੇ) ਦੋਸ਼। ਬਿਆਪਹਿ-ਲਗਦੇ ਹਨ। ਕਲੀ-ਕਲਜੁਗ ਦੇ। ਰਹਾਉ। ਗੁਰ ਬਚਨਿ-ਗੁਰੂ ਦੇ ਬਚਨਾਂ ਰਾਹੀਂ। ਕਾਰਜ ਸਰਬ-ਸਾਰੇ ਕੰਮ। ਪੂਰਨ-ਪੂਰੇ ਹੋ ਜਾਂਦੇ ਹਨ। ਈਤ ਊਤ-ਇਧਰ ਉਧਰ। ਨ ਹਲੀ-ਨਹੀਂ ਹਲਦਾ, ਭਾਵ ਮਨ ਅਡੋਲ ਰਹਿੰਦਾ ਹੈ। ਬਿਖੈ ਅਗਨਿ-ਵਿਸ਼ਿਆਂ ਦੀ ਅੱਗ ਵਿਚ। ਨ ਜਲੀ-ਨਹੀਂ ਸੜਦਾ।੧। ਗਹਿ-ਫੜ ਕੇ। ਭੁਜਾ-ਬਾਂਹ ਤੋਂ। ਜੋਤਿ ਜੋਤੀ ਰਲੀ-(ਪ੍ਰਭੂ ਦੀ) ਜੋਤਿ ਵਿਚ (ਜੀਵ ਦੀ) ਜੋਤੀ ਰਲ ਗਈ ਭਾਵ ਅਭੇਦ ਹੋ ਗਈ। ਅਨਾਥੁ-ਨਿਮਾਣਾ।੨।

**ਅਰਥ :** (ਹੇ ਭਾਈ ! ਜਿਸ ਜੀਵ ਨੇ) ਸੰਤ ਜਨਾਂ ਦੇ ਚਰਨਾਂ ਦੀ ਧੂੜ ਲੈ ਕੇ (ਆਪਣੇ) ਮੱਥੇ ਉਤੇ ਮਲ ਲਈ ਹੈ (ਉਹ ਜੀਵ) ਪਰਮਾਤਮਾ ਦੇ ਗੁਣ (ਵਸਾਣ ਕਾਰਣ) ਸਦਾ ਪੂਰਨ ਹੈ। (ਉਸ ਉਤੇ) ਕਲਜੁਗ ਦੇ ਦੋਸ਼ ਕਦੇ ਵੀ ਨਹੀਂ ਲਗ ਸਕਦੇ। ਰਹਾਉ।

(ਹੇ ਭਾਈ !) ਗੁਰੂ ਦੇ ਬਚਨਾਂ ਕਰਕੇ (ਉਸ ਦੇ) ਸਾਰੇ ਕੰਮ ਕਾਜ ਪੂਰੇ ਹੁੰਦੇ ਹਨ (ਉਸ ਦਾ ਮਨ) ਇਧਰ ਉਧਰ ਨਹੀਂ ਹਿਲਦਾ ਭਾਵ ਅਡੋਲ ਰਹਿੰਦਾ ਹੈ। (ਉਹ) ਪ੍ਰਭੂ (ਜੋ) ਇਕ ਹੈ (ਅਤੇ) ਅਨੇਕ ਤਰ੍ਹਾਂ ਸਾਰਿਆਂ ਵਿਚ ਵਿਆਪਕ ਹੋ ਰਿਹਾ ਹੈ, ਜਿਹੜਾ ਮਨੁੱਖ ਅਜਿਹੇ (ਪ੍ਰਭੂ ਦੇ ਗੁਣ ਗਾਉਂਦਾ ਹੈ ਉਹ) ਵਿਸ਼ਿਆਂ ਦੀ ਅੱਗ ਵਿਚ ਨਹੀਂ ਸੜਦਾ।੧।

(ਹੇ ਭਾਈ !) ਆਪਣੇ ਦਾਸ ਨੂੰ (ਵਾਹਿਗੁਰੂ ਜੀ ਨੇ) ਬਾਂਹ ਤੋਂ ਫੜ ਕੇ (ਆਪਣੇ ਕੰਠ ਨਾਲ) ਲਾ ਲਿਆ ਹੈ (ਅਤੇ ਜੀਵ) ਜੋਤੀ (ਪਰਮ) ਜੋਤਿ ਪਰਮਾਤਮਾ ਵਿਚ ਅਭੇਦ ਹੋ ਗਈ ਹੈ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਜਿਹੜਾ) ਅਨਾਥ (ਨਿਮਾਣਾ ਸੇਵਕ ਪ੍ਰਭੂ ਦੀ) ਚਰਨ ਸ਼ਰਨ ਵਿਚ ਆਇਆ (ਉਸਦੀ ਸੱਚੀ ਪ੍ਰੀਤੀ ਓੜਕ) ਹਰੀ ਦੇ ਨਾਲ ਚਲਦੀ ਹੈ (ਭਾਵ ਤੋੜ ਨਿੱਭਦੀ ਹੈ)।੨।੬।੧੪।

## ਸਾਰੰਸ਼ ਅਤੇ ਸਿਧਾਂਤ

ਸੰਤ ਧੂੜੀ ਨੂੰ ਮੱਥੇ ਤੇ ਮਲਣ ਦੀ ਇਹ ਬਰਕਤ ਹੈ ਕਿ ਜੀਵ ਪਰਮੇਸ਼ਰ ਦੇ ਗੁਣ ਗਾਉਂਦਾ ਹੈ। ਗੁਰੂ ਦੇ ਸ਼ਬਦ ਰਾਹੀਂ ਹਰੀ ਦੇ ਗੁਣ ਗਾਇਆਂ ਸਾਰੇ ਕੰਮ ਪੂਰੇ ਹੋ ਜਾਂਦੇ ਹਨ ਅਤੇ ਹਰ ਥਾਂ ਹਰੀ ਦਾ ਪ੍ਰਤੱਖ ਦੀਦਾਰ ਹੋਣ ਲਗ ਪੈਂਦਾ ਹੈ। ਮਨੁੱਖੀ ਮਨ ਇਧਰ ਉਧਰ ਨਹੀਂ ਡੋਲਦਾ, ਪਾਪ ਨੇੜੇ ਨਹੀਂ ਆਉਂਦੇ, ਹਰੀ ਨਾਲ ਸਦੀਵੀ ਮੇਲ-ਮਿਲਾਪ ਬਣਿਆ ਰਹਿੰਦਾ ਹੈ।

ਅੰਤਲੀ ਪੰਕਤੀ ਵਿਚ ਇਹ ਸਿਧਾਂਤ ਨਿਰੂਪਣ ਕੀਤਾ ਹੈ ਕਿ ਜਿਹੜਾ ਦਾਸ ਪ੍ਰਭੂ ਦੀ ਚਰਨ ਸ਼ਰਨ ਵਿਚ ਆ ਜਾਂਦਾ ਹੈ, ਨਾਮ-ਸਿਮਰਨ ਦਾ ਸਦਕਾ ਉਸਦੀ ਜੋਤਿ ਪਰਮ ਜੋਤਿ ਪਰਮੇਸ਼ਰ ਵਿਚ ਇਕ-ਮਿਕ ਹੋ ਜਾਦੀ ਹੈ :

**ਜਿਉ ਜਲ ਮਹਿ ਜਲੁ ਆਇ ਖਟਾਨਾ ॥**
**ਤਿਉ ਜੋਤੀ ਸੰਗਿ ਜੋਤਿ ਸਮਾਨਾ ॥** [ਪੰਨਾ ੨੭੮

**ਕੇਦਾਰਾ ਮਹਲਾ ੫ ॥ ਹਰਿ ਕੇ ਨਾਮ ਕੀ ਮਨ ਰੁਚੈ ॥ ਕੋਟਿ ਸਾਂਤਿ ਅਨੰਦ ਪੂਰਨ, ਜਲਤ ਛਾਤੀ ਬੁਝੈ ॥ ਰਹਾਉ ॥ ਸੰਤ ਮਾਰਗਿ ਚਲਤ ਪ੍ਰਾਨੀ, ਪਤਿਤ ਉਧਰੇ ਮੁਚੈ ॥ ਰੇਨੁ ਜਨ ਕੀ ਲਗੀ ਮਸਤਕਿ, ਅਨਿਕ ਤੀਰਥ ਸੁਚੈ ॥੧॥ ਚਰਨ ਕਮਲ ਧਿਆਨ ਭੀਤਰਿ, ਘਟਿ ਘਟਹਿ ਸੁਆਮੀ ਸੁਝੈ ॥ ਸਰਨਿ ਦੇਵ ਅਪਾਰ ਨਾਨਕ, ਬਹੁਰਿ ਜਮੁ ਨਹੀ ਲੁਝੈ ॥੨॥੭॥੧੫॥**

## ਉਚਾਰਨ ਸੇਧ

**ਬਿੰਦੀ ਸਹਿਤ :** ਘਟਹਿਂ, ਨਹੀਂ।

**ਫੁਟਕਲ :** ਇਸ ਸ਼ਬਦ ਦੇ ਹਰੇਕ ਅੰਤਲੇ ਪਦ ਦਾ ਉਚਾਰਨ ਅੱਧਕ ਸਹਿਤ ਕਰਨਾ ਹੈ। ਰੁੱਚੈ, ਬੁੱਝੈ, ਮੁੱਚੈ, ਸੁੱਚੈ, ਸੁੱਝੈ, ਲੁੱਝੈ।

**ਪਦ ਅਰਥ :** ਮਨ-ਹੇ ਮਨ ! । ਰੁੱਚੈ-ਰੁੱਚੀ, ਝੁਕਾਅ, ਲਗਨ । ਕੋਟਿ ਸਾਂਤਿ-ਅਨੇਕ ਪ੍ਰਕਾਰ ਦੀ ਸ਼ਾਂਤੀ । ਪੂਰਨ-ਪੂਰਿਆ ਭਰਿਆ, ਤ੍ਰਿਪਤ ਹੋਇਆ । ਜਲਤ ਛਾਤੀ-(ਜਿਹੜੀ) ਛਾਤੀ (ਤ੍ਰਿਸ਼ਨਾ ਤੇ ਵਿਕਾਰਾਂ ਨਾਲ) ਸੜਦੀ ਸੀ । ਬੁਝੈ-(ਓਹ) ਸ਼ਾਂਤ (ਠੰਡੀ) ਹੋ ਜਾਂਦੀ ਹੈ । ਰਹਾਉ । ਸੰਤ ਮਾਰਗਿ-ਸੰਤਾ ਦੇ ਦਸੇ ਰਸਤੇ ਉਤੇ । ਚਲਤ ਪ੍ਰਾਨੀ-(ਜੋ) ਪ੍ਰਾਣੀ ਚਲਦਾ ਹੈ । ਪਤਿਤ-ਆਚਰਨ ਤੋਂ ਗਿਰੇ ਹੋਏ । ਉਧਰੇ-(ਵਿਕਾਰਾਂ ਤੋਂ) ਬਚ ਗਏ, (ਸੰਸਾਰ ਸਾਗਰ ਤੋਂ) ਤਰ ਗਏ । ਮੁਚੈ-ਬਹੁਤ ਹੀ । ਰੇਨੁ-(ਚਰਨ) ਧੂੜ । ਮਸਤਕਿ-ਮੱਥੇ ਉਤੇ । ਅਨਿਕ ਤੀਰਥ ਸੁਚੈ-ਅਨੇਕਾਂ ਤੀਰਥਾਂ ਦੀ ਪਵਿਤ੍ਰਤਾ (ਪ੍ਰਾਪਤ ਹੋ ਜਾਂਦੀ ਹੈ) ।੧। ਭੀਤਰ-ਅੰਦਰ, ਮਨ ਵਿਚ । ਘਟਿ ਘਟਹਿ-ਘਟਾਂ ਘਟਾਂ ਵਿਚ, ਹਰੇਕ ਹਿਰਦੇ ਵਿਚ । ਸੁਆਮੀ ਮਾਲਕ, ਪਰਮੇਸ਼ਰ । ਸੁੱਝੈ-ਦਿੱਸਦਾ ਹੈ, ਦਰਸ਼ਨ ਹੁੰਦੇ ਹਨ । ਦੇਵ-ਪ੍ਰਕਾਸ਼ ਰੂਪ (ਪ੍ਰਭੂ) । ਅਪਾਰ-ਪਾਰ ਤੋਂ ਰਹਿਤ, ਬੇਅੰਤ । ਬਹੁਰਿ-ਮੁੜ ਕੇ, ਫਿਰ । ਜਮ ਨਹੀਂ ਲੁੱਝੈ-ਜਮ ਨਹੀਂ ਲੜਦਾ-ਝਗੜਦਾ ।੨।

**ਅਰਥ :** (ਹੇ ਮੇਰੇ ਮਨ !) (ਜਿਸ ਮਨੁੱਖ ਦੇ) ਹਿਰਦੇ ਵਿਚ ਹਰੀ ਦੇ ਨਾਮ (ਸਿਮਰਨ ਦੀ ਰੁੱਚੀ ਲਗਨ) ਹੈ। (ਉਸ) ਹਿਰਦੇ ਵਿਚ ਅਨੇਕਾਂ ਪ੍ਰਕਾਰ ਦੀ ਸ਼ਾਂਤੀ ਤੇ ਅਨੰਦ ਭਰਿਆ ਰਹਿੰਦਾ ਹੈ (ਅਤੇ ਤ੍ਰਿਸ਼ਨਾ ਤੇ ਵਿਕਾਰਾਂ ਨਾਲ) ਸੜਦੀ ਹੋਈ ਛਾਤੀ ਸ਼ਾਂਤ ਹੋ ਜਾਂਦੀ ਹੈ। ਰਹਾਉ।

(ਹੇ ਮਨ !) ਆਚਰਨ ਤੋਂ ਡਿੱਗੇ ਹੋਏ ਅਨੇਕਾਂ (ਜੀਵ ਜੋ) ਸੰਤਾਂ ਦੇ ਦਸੇ ਰਸਤੇ ਉਤੇ ਚਲਦੇ ਹਨ, (ਉਹ ਪਾਪ ਕਰਨ ਤੋਂ)ਬਚ ਜਾਂਦੇ ਹਨ ਅਥਵਾ ਸੰਸਾਰ ਸਾਗਰ ਤੋਂ (ਅਨੇਕਾਂ ਪਾਪੀ ਤਰ ਜਾਂਦੇ ਹਨ)।

(ਹੇ ਮਨ !) ਜਿਨ੍ਹਾਂ (ਮਨੁੱਖਾਂ) ਦੇ (ਮੱਥੇ ਉਹ) ਸੰਤ ਜਨਾਂ ਦੀ ਚਰਨ ਧੂੜੀ ਲੱਗੀ ਹੈ, (ਉਨ੍ਹਾਂ ਨੇ ਮਾਨੋ) ਅਨੇਕ ਤੀਰਥਾਂ (ਦੇ ਇਸ਼ਨਾਨ ਦੀ) ਪਵਿਤ੍ਰਤਾ (ਪ੍ਰਾਪਤ ਕਰ ਲਈ ਹੈ) ।੧।

(ਹੇ ਮਨ !) ਜਿਨ੍ਹਾਂ ਮਨੁੱਖਾਂ ਦੀ ਸੁਰਤਿ (ਪ੍ਰਭੂ ਦੇ) ਸੋਹਣੇ ਚਰਨਾਂ ਕਮਲਾਂ ਵਿਚ (ਜੁੜੀ ਰਹਿੰਦੀ ਹੈ, ਉਹਨਾਂ ਨੂੰ) ਹਰੇਕ ਸਰੀਰ ਵਿਚ (ਵਸਦਾ) ਪ੍ਰਭੂ ਦਿਸ ਪੈਂਦਾ ਹੈ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਜਿਹੜੇ ਮਨੁੱਖ) ਬੇਅੰਤ ਪ੍ਰਕਾਸ਼ ਰੂਪੀ ਪ੍ਰਭੂ ਦੀ ਸ਼ਰਣ ਆ ਜਾਂਦੇ ਹਨ ਉਨ੍ਹਾਂ ਨਾਲ ਜਮ ਲੜਦਾ-ਝਗੜਦਾ

ਨਹੀ ਹੈ (ਭਾਵ ਉਨ੍ਹਾਂ ਨੂੰ ਤੰਗ ਨਹੀਂ ਕਰਦਾ ਹੈ) ।੨।੮।੧੫।

## ਸਾਰੰਸ਼ ਅਤੇ ਸਿਧਾਂਤ

ਮਨ ਦੀ ਰੁੱਚੀ ਜੇ ਹਰਿ ਨਾਮ ਜਪਣ ਵਿਚ ਲੱਗ ਜਾਏ ਤਾਂ ਮਨੁੱਖੀ ਹਿਰਦੇ ਵਿਚੋਂ ਹੀ ਕ੍ਰੋੜਾਂ ਸ਼ਾਂਤੀਆਂ ਤੇ ਅਨੰਦ ਪ੍ਰਾਪਤ ਕਰ ਸਕਦਾ ਹੈ, ਜਿਨ੍ਹਾਂ ਨਾਲ ਸੜਦੀ ਹੋਈ ਛਾਤੀ ਠੰਢੀ ਹੋ ਜਾਂਦੀ ਹੈ ਕਿਉਂਕਿ ਤ੍ਰਿਸ਼ਨਾ ਦੀ ਅੱਗ ਬੁਝ ਜਾਂਦੀ ਹੈ। ਨਾਮ ਸਿਮਰਨ ਦੀ ਬਰਕਤ ਨਾਲ ਪਤਿਤ ਮਨੁੱਖਾਂ ਦਾ ਵੀ ਉਧਾਰ ਹੋ ਜਾਂਦਾ ਹੈ। ਹਰੀ ਦੇ ਸੇਵਕਾਂ ਦੀ ਚਰਨ ਧੂੜ ਜੇ ਮੱਥੇ ਤੇ ਲਗ ਜਾਏ ਤਾਂ ਸਮਝੋ ਕਿ ਉਸ ਨੂੰ 'ਕੋਟਿ ਤੀਰਥ ਇਸਨਾਨੁ ਕਰੀਜਾ' ਵਾਲਾ ਫਲ ਪ੍ਰਾਪਤ ਹੋ ਗਿਆ।

ਨਾਮ-ਸਿਮਰਨ ਵਿਚ ਲਗੀ ਹੋਈ ਰੁੱਚੀ ਨੂੰ 'ਘਟਿ ਘਟਿ ਸੁਆਮੀ ਸੁਝੈ' ਵਾਲੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਸਿਧਾਂਤ ਇਹ ਹੈ ਕਿ ਨਾਮ ਨੂੰ ਪਿਆਰਨ ਵਾਲਾ ਜੀਵ ਹਰੀ ਦੀ ਸ਼ਰਨ ਵਿਚ ਪੈ ਜਾਂਦਾ ਹੈ, ਅਤੇ ਅੰਤ ਸਮੇਂ ਉਸ ਨੂੰ ਜਮਦੂਤਾਂ ਦਾ ਮੂੰਹ ਨਹੀਂ ਵੇਖਣਾ ਪੈਂਦਾ।

## ਕੇਦਾਰਾ ਛੰਤ ਮਹਲਾ ੫

**੧ੴ ਸਤਿਗੁਰ ਪ੍ਰਸਾਦਿ ॥ ਮਿਲੁ ਮੇਰੇ ਪ੍ਰੀਤਮ ਪਿਆਰਿਆ ॥ ਰਹਾਉ ॥ ਪੂਰਿ ਰਹਿਆ ਸਰਬਤ੍ਰ ਮੈ, ਸੋ ਪੁਰਖੁ ਬਿਧਾਤਾ ॥ ਮਾਰਗੁ ਪ੍ਰਭ ਕਾ ਹਰਿ ਕੀਆ, ਸੰਤਨ ਸੰਗਿ ਜਾਤਾ ॥ ਸੰਤਨ ਸੰਗਿ ਜਾਤਾ ਪੁਰਖੁ ਬਿਧਾਤਾ, ਘਟਿ ਘਟਿ ਨਦਰਿ ਨਿਹਾਲਿਆ ॥ ਜੋ ਸਰਨੀ ਆਵੈ ਸਰਬ ਸੁਖ ਪਾਵੈ, ਤਿਲੁ ਨਹੀ ਭੰਨੈ ਘਾਲਿਆ ॥ ਹਰਿ ਗੁਣ ਨਿਧਿ ਗਾਏ ਸਹਜ ਸੁਭਾਏ, ਪ੍ਰੇਮ ਮਹਾ ਰਸ ਮਾਤਾ ॥ ਨਾਨਕ ਦਾਸ ਤੇਰੀ ਸਰਣਾਈ, ਤੂੰ ਪੂਰਨ ਪੁਰਖੁ ਬਿਧਾਤਾ ॥੧॥**

### ਉਚਾਰਨ ਸੇਧ

**ਬਿੰਦੀ ਸਹਿਤ :** ਜਾਹੀਂ, ਪਾਹੀਂ, ਕਿਉਂ, ਰਾਹੀਂ, ਟਿਕਾਹੀਂ।

**ਨੋਟ :** ਜਾਹੀ, ਪਾਹੀ, ਗਾਹੀ, ਟਿਕਾਹੀ, ਸ਼ਬਦ ਬਹੁ ਵਚਨੀ ਕ੍ਰਿਆ ਦੇ ਸੂਚਕ ਹਨ।

**ਪਦ ਅਰਥ :** ਪੂਰਿ ਰਹਿਆ-ਵਿਆਪਕ ਹੋ ਰਿਹਾ ਹੈ। ਸਰਬਤ ਮੈਂ-ਸਾਰਿਆਂ ਵਿਚ। ਸੋ-ਉਹ। ਪੁਰਖੁ-(ਅਕਾਲ) ਪੁਰਖ। ਬਿਧਾਤਾ-ਫਲ ਪਰਦਾਤਾ, ਸਿਰਜਣਹਾਰ। ਮਾਰਗੁ-ਰਸਤਾ। ਹਰਿ ਕੀਆ-ਹਰੀ ਨੇ ਹੀ ਬਣਾਇਆ ਹੈ। ਸੰਤਨ ਸੰਗਿ-ਸੰਤਾਂ ਦੀ ਸੰਗਤ ਵਿਚ। ਜਾਤਾ-ਜਾਣਿਆ ਜਾਂਦਾ ਹੈ। ਘਟਿ ਘਟਿ-ਹਰੇਕ ਸਰੀਰ ਵਿਚ। ਨਦਰਿ ਨਿਹਾਲਿਆ-(ਆਤਮਿਕ) ਦ੍ਰਿਸ਼ਟੀ ਨਾਲ ਵੇਖਿਆ ਹੈ। ਸਰਨੀ-ਸ਼ਰਨ ਵਿਚ। ਸਰਬ ਸੁਖ-ਸਾਰੇ ਸੁੱਖ। ਪਾਵੈ-ਪ੍ਰਾਪਤ ਕਰ ਲੈਂਦਾ ਹੈ। ਤਿਲੁ-ਤਲ ਮਾਤਰ, ਰਤਾ ਭਰ। ਨਹੀ ਭੰਨੈ ਘਾਲਿਆ-ਘਾਲਿਆ ਹੋਇਆ, ਵਿਅਰਥ ਨਹੀਂ ਜਾਣ ਦਿੰਦਾ, ਕੀਤੀ ਹੋਈ ਘਾਲ-ਮਿਹਨਤ ਨਹੀਂ ਗਵਾਂਦਾ, । ਨਿਧਿ-ਨਿਧੀ, ਖ਼ਜ਼ਾਨਾ। ਸਹਜ ਸੁਭਾਏ-ਸਹਜ ਸੁਭਾਵਿਕ, ਅਡੋਲ ਅਵਸਥਾ ਵਿਚ। ਮਹਾ ਰਸ ਮਾਤਾ-ਮਹਾਨ ਰੱਸ ਵਿਚ ਮਸਤ ਰਹਿੰਦਾ ਹੈ।੧।

**ਅਰਥ :** ਇਕ ਰੱਸ ਵਿਆਪਕ ਪਰਮੇਸ਼ਰ, ਸੱਚੇ ਗੁਰੂ ਦੀ ਕਿਰਪਾ ਦੁਆਰਾ (ਮਿਲਦਾ ਹੈ)। (ਹੇ ਮੇਰੇ ਪਿਆਰੇ ਪ੍ਰੀਤਮ !) (ਮੈਨੂੰ, ਆ) ਮਿਲ। ਰਹਾਉ।

(ਹੇ ਭਾਈ !) ਉਹ ਸਿਰਜਣਹਾਰ (ਅਕਾਲ) ਪੁਰਖ ਸਾਰਿਆਂ ਵਿਚ ਵਿਆਪਕ ਹੋ ਰਿਹਾ ਹੈ। ਪ੍ਰਭੂ ਦਾ ਮਿਲਾਪ-ਮਾਰਗ (ਰਸਤਾ) ਪ੍ਰਭੂ ਨੇ ਆਪ ਹੀ ਬਣਾਇਆ ਹੈ, ਜਿਸ ਦਾ ਭੇਦ, ਸੰਤਾਂ ਦੀ ਸੰਗਤ ਵਿਚ ਜਾਣਿਆ ਜਾਂਦਾ ਹੈ।

(ਹੇ ਭਾਈ !) ਸੰਤਾਂ ਦੀ ਸੰਗਤ ਵਿਚ ਹੀ ਸਿਰਜਣਹਾਰ ਪੁਰਖ ਜਾਣਿਆ ਜਾਂਦਾ ਹੈ (ਉਹ ਪ੍ਰਭੂ) ਹਰੇਕ ਹਿਰਦੇ ਵਿਚ (ਵਸਦਾ ਹੈ, ਪਰ ਆਤਮਿਕ) ਦ੍ਰਿਸ਼ਟੀ ਨਾਲ ਹੀ ਵੇਖਿਆ ਜਾਂਦਾ ਹੈ। ਜਿਹੜਾ ਮਨੁੱਖ (ਪਰਮੇਸ਼ਰ ਦੀ) ਸ਼ਰਨ ਆਉਂਦਾ ਹੈ ਉਹ ਸਾਰੇ ਸੁੱਖ ਪ੍ਰਾਪਤ ਕਰ ਲੈਂਦਾ ਹੈ, (ਉਹ ਪਰਮੇਸ਼ਰ) ਇਕ ਤਿਲ ਮਾਤਰ ਵੀ (ਕਿਸੇ ਦੀ ਕੀਤੀ) ਮਿਹਨਤ ਨੂੰ ਵਿਅਰਥ ਨਹੀਂ ਜਾਣ ਦਿੰਦਾ।

(ਹੇ ਭਾਈ !) (ਜਿਹੜਾ ਮਨੁੱਖ) ਗੁਣਾਂ ਦੇ ਖਜ਼ਾਨੇ ਹਰੀ ਦੇ ਗੁਣਾਂ ਨੂੰ ਸਹਜ ਸੁਭਾਵਿਕ ਭਾਵ ਅਡੋਲ ਅਵਸਥਾ ਵਿਚ ਗਾਉਂਦਾ ਹੈ, ਉਹ (ਪ੍ਰਭੂ ਦੇ) ਮਹਾਨ ਪ੍ਰੇਮ ਦੇ ਰਸ ਵਿਚ ਮਸਤ ਹੋ ਜਾਂਦਾ ਹੈ। (ਹੇ ਪ੍ਰਭੂ!) ਤੂੰ ਸਰਬ ਵਿਆਪਕ ਸਿਰਜਣਹਾਰ ਪੁਰਖ ਹੈਂ (ਅਤੇ ਤੇਰੇ)ਦਾਸ ਤੇਰੀ ਸ਼ਰਣ ਵਿਚ ਰਹਿੰਦੇ ਹਨ।੧।

**ਹਰਿ ਪ੍ਰੇਮ ਭਗਤਿ ਜਨ ਬੇਧਿਆ, ਸੇ ਆਨ ਕਤ ਜਾਹੀ ॥ ਮੀਨੁ ਬਿਛੋਹਾ ਨਾ ਸਹੈ, ਜਲ ਬਿਨੁ ਮਰਿ ਪਾਹੀ ॥ ਹਰਿ ਬਿਨੁ ਕਿਉ ਰਹੀਐ ਦੂਖ ਕਿਨਿ ਸਹੀਐ, ਚਾਤ੍ਰਿਕ ਬੂੰਦ ਪਿਆਸਿਆ ॥ ਕਬ ਰੈਨਿ ਬਿਹਾਵੈ ਚਕਵੀ ਸੁਖੁ ਪਾਵੈ, ਸੂਰਜ ਕਿਰਣਿ ਪ੍ਰਗਾਸਿਆ ॥ ਹਰਿ ਦਰਸਿ ਮਨੁ ਲਾਗਾ ਦਿਨਸੁ ਸਭਾਗਾ, ਅਨਦਿਨੁ ਹਰਿ ਗੁਣ ਗਾਹੀ ॥ ਨਾਨਕ ਦਾਸੁ ਕਹੈ ਬੇਨੰਤੀ, ਕਤ ਹਰਿ ਬਿਨੁ ਪ੍ਰਾਣ ਟਿਕਾਹੀ ॥੨॥**

**ਪਦ ਅਰਥ :** ਹਰਿ ਪ੍ਰੇਮ ਭਗਤਿ-ਪਰਮਾਤਮਾ ਦੀ ਪ੍ਰੇਮਾ ਭਗਤੀ ਵਿਚ। ਜਨ -(ਸੇਵਕ) ਜਨ। ਬੇਧਿਆ-ਵਿੰਨ੍ਹਿਆਂ ਗਿਆ ਹੈ। ਸੇ-ਓਹ (ਸੇਵਕ ਜਨ)। ਆਨ-ਹੋਰ। ਕਤ-ਕਿਥੇ। ਜਾਹੀ-ਜਾਂਦੇ ਹਨ। ਮੀਨੁ-ਮੱਛੀ। ਬਿਛੋਹਾ-ਵਿਛੋੜਾ। ਨਾ ਸਹੈ-ਨਹੀਂ ਸਹਿੰਦੀ, ਨਹੀਂ ਸਹਾਰ ਸਕਦੀ। ਜਲ ਬਿਨੁ-ਬਿਨ੍ਹਾਂ ਪਾਣੀ ਦੇ। ਕਿਨਿ ਸਹੀਐ-ਕਿਸ ਪਾਸੋਂ ਸਹਾਰਿਆ ਜਾ ਸਕਦਾ ਹੈ ? ਚਾਤ੍ਰਿਕ-ਪਪੀਹਾ। ਬੂੰਦ-(ਸ੍ਵਾਂਤੀ) ਬੂੰਦ। ਪਿਆਸਿਆ-ਤਿਹਾਇਆ। ਕਬ-ਕਦੋਂ ? ਪ੍ਰਗਾਸਿਆ-(ਸੂਰਜ ਦੀਆਂ ਕਿਰਨਾ ਨਿਕਲਣ ਨਾਲ) ਚਾਨਣ ਹੋਵੇ, ਭਾਵ ਦਿਨ ਚੜੇ। ਹਰਿ ਦਰਸਿ-ਹਰੀ ਦੇ ਦਰਸ਼ਨ ਵਿਚ। ਦਿਨਸੁ-ਦਿਨ। ਸਭਾਗਾ-ਭਾਗਾਂ ਵਾਲਾ। ਅਨਦਿਨੁ-ਰਾਤ ਦਿਨ ਭਾਵ ਹਰ ਵੇਲੇ। ਗਾਹੀ-(ਗਾਹਿ) ਗਾਂਦੇ ਹਨ। ਕਤ-ਕਿਥੇ ?। ਪ੍ਰਾਣ ਟਿਕਾਹੀ-ਪ੍ਰਾਣ ਟਿੱਕ ਸਕਦੇ ਹਨ।੨।

**ਅਰਥ :** (ਹੇ ਭਾਈ ! ਜਿਨ੍ਹਾਂ) ਸੇਵਕਾਂ ਦਾ (ਮਨ) ਹਰੀ ਦੀ ਪ੍ਰੇਮਾ-ਭਗਤੀ ਵਿਚ ਵਿੰਨ੍ਹਿਆ ਗਿਆ ਹੈ (ਲੀਨ ਹੋ ਗਿਆ ਹੈ) ਉਹ (ਹਰੀ ਨੂੰ ਛੱਡ ਕੇ) ਕਿਥੇ ਜਾ ਸਕਦੇ ਹਨ ? (ਜਿਵੇਂ) ਮੱਛੀ (ਪਾਣੀ ਦਾ) ਵਿਛੋੜਾ ਨਹੀਂ ਸਹਾਰ ਸਕਦੀ ਪਾਣੀ ਤੋਂ ਬਿਨਾਂ (ਮੱਛੀਆਂ) ਮਰ ਜਾਂਦੀਆਂ ਹਨ। ਹਰੀ ਤੋਂ ਬਿਨਾਂ ਕਿਵੇਂ ਰਿਹਾ ਜਾ ਸਕਦਾ ਹੈ ? (ਭਾਵ ਨਹੀਂ ਰਹਿਆ ਜਾ ਸਕਦਾ) ਅਤੇ (ਵਿਛੋੜੇ ਦਾ) ਦੁੱਖ ਕਿਵੇਂ

ਸਹਾਰਿਆ ਜਾ ਸਕਦਾ ਹੈ ? (ਭਾਵ ਨਹੀਂ ਜਰਿਆ ਜਾ ਸਕਦਾ, ਅਜਿਹੀ ਹਾਲਤ ਬਣ ਜਾਂਦੀ ਹੈ) ਜਿਵੇਂ ਸ੍ਵਾਂਤੀ ਬੂੰਦ ਲਈ ਤਰਸਦਾ ਪਪੀਹਾ (ਵਿਲਕਦਾ ਰਹਿੰਦਾ ਹੈ) । ਕਦੋਂ ਰਾਤ ਮੁਕੇ ਤੇ ਚਕਵੀ ਨੂੰ ਸੁਖ ਪ੍ਰਾਪਤ ਹੋਵੇ (ਇਸ ਲਈ ਚਕਵੀ ਦੇਖਦੀ ਰਹਿੰਦੀ ਹੈ ਕਿ ਕਦੋਂ) ਸੂਰਜ ਦੀਆਂ ਕਿਰਣਾਂ ਨਿਕਲਣ ਤੇ ਚਾਨਣ ਹੋਵੇ ।

(ਇਸੇ ਤਰ੍ਹਾਂ ਹੇ ਭਾਈ ! ਜਿਨ੍ਹਾਂ ਪ੍ਰੇਮੀਆਂ ਦਾ) ਮਨ ਹਰੀ ਦੇ ਦਰਸ਼ਨ ਵਿਚ ਜੁੜਿਆ ਹੁੰਦਾ ਹੈ (ਉਨ੍ਹਾਂ ਲਈ) ਉਹ ਦਿਨ ਭਾਗਾਂ ਵਾਲਾ ਹੁੰਦਾ ਹੈ ਜਦੋਂ ਕਿ ਉਹ ਦਿਨ ਰਾਤ ਭਾਵ ਹਰ ਵੇਲੇ (ਦਰਸ਼ਨ ਦੀ ਮਗਨਤਾ ਵਿਚ) ਹਰੀ ਦੇ ਗੁਣ ਗਾਉਂਦੇ ਹਨ ।

ਦਾਸ ਨਾਨਕ ਬੇਨਤੀ ਕਰਦਾ ਹੈ ਕਿ ਹਰੀ ਦੇ (ਦਰਸ਼ਨ ਤੋਂ) ਬਿਨ੍ਹਾਂ ਪ੍ਰਾਣ ਕਿਵੇਂ ਟਿੱਕ ਸਕਦੇ ਹਨ ? (ਭਾਵ ਨਹੀਂ ਟਿਕ ਸਕਦੇ, ਮਨ ਨੂੰ ਧੀਰਜ ਨਹੀਂ ਆ ਸਕਦਾ) ।੨।

**ਸਾਸ ਬਿਨਾ ਜਿਉ ਦੇਹੁਰੀ, ਕਤ ਸੋਭਾ ਪਾਵੈ । ਦਰਸ ਬਿਹੂਨਾ ਸਾਧ ਜਨੁ, ਖਿਨੁ ਟਿਕਣੁ ਨ ਆਵੈ ॥ ਹਰਿ ਬਿਨੁ ਜੋ ਰਹਣਾ ਨਰਕੁ ਸੋ ਸਹਣਾ, ਚਰਨ ਕਮਲ ਮਨੁ ਬੇਧਿਆ ॥ ਹਰਿ ਰਸਿਕ ਬੈਰਾਗੀ ਨਾਮਿ ਲਿਵ ਲਾਗੀ, ਕਤਹੂ ਨ ਜਾਇ ਨਿਖੇਧਿਆ ॥ ਹਰਿ ਸਿਉ ਜਾਇ ਮਿਲਣਾ ਸਾਧ ਸੰਗਿ ਰਹਣਾ, ਸੋ ਸੁਖੁ ਅੰਕਿ ਨ ਮਾਵੈ ॥ ਹੋਹੁ ਕ੍ਰਿਪਾਲ ਨਾਨਕ ਕੇ ਸੁਆਮੀ, ਹਰਿ ਚਰਨਹ ਸੰਗਿ ਸਮਾਵੈ ॥੩॥**

## ਉਚਾਰਨ ਸੇਧ

**ਬਿੰਦੀ ਸਹਿਤ** : ਜਿਉਂ, ਸਿਉਂ, ਚਰਨਹਾਂ ।

**ਪਦ ਅਰਥ** : ਸਾਸ ਬਿਨਾਂ-ਸੁਆਸਾਂ ਤੋਂ ਬਿਨਾਂ । ਜਿਉ-ਜਿਵੇਂ । ਦੇਹੁਰੀ-ਦੇਹੀ, ਕਾਇਆ । ਕਤ-ਕਿਥੇ ? ਸੋਭਾ-ਵਡਿਆਈ । ਦਰਸ ਬਿਹੂਨਾ-(ਪ੍ਰਭੂ ਦੇ) ਦਰਸ਼ਨ ਤੋਂ ਸਖਣਾ । ਖਿਨੁ-ਛਿਨ ਮਾਤਰ । ਟਿਕਣੁ-ਟਿਕਾਉ । ਰਹਣਾ-ਜੀਉਣਾ । ਸਹਣਾ-ਸਹਾਰਨਾ । ਬੇਧਿਆ-ਵਿੰਨ੍ਹਿਆ ਗਿਆ ਹੈ । ਰਸਿਕ-ਰਸੀਆ । ਬੈਰਾਗੀ-ਬੈਰਾਗਵਾਨ । ਨਾਮਿ-ਨਾਮ ਵਿਚ । ਲਿਵ ਲਾਗੀ-ਸੁਰਤਿ ਜੁੜ ਗਈ ਹੈ । ਕਤਹੂ-ਕਿਤੋਂ ਭੀ । ਨ ਜਾਇ ਨਿਖੇਧਿਆ-(ਉਹ) ਨਿਰਾਦਰਿਆ ਨਹੀਂ ਜਾਂਦਾ । ਅੰਕਿ ਨ ਮਾਵੈ-ਸਰੀਰ ਵਿਚ ਸਮਾਉਂਦਾ ਨਹੀਂ, ਖ਼ੁੱਸ਼ੀ ਨਾਲ ਉਛਲ ਉਛਲ ਪੈਂਦਾ ਹੈ । ਹੋਹੁ-ਹੋਵੋ । ਸੁਆਮੀ-ਹੇ ਪ੍ਰਭੂ ! ਚਰਨਹ ਸੰਗਿ-ਚਰਨਾਂ ਨਾਲ । ਸਮਾਵੈ-ਲੀਨ ਰਹਿੰਦਾ ਹੈ ।੩।

**ਅਰਥ** : (ਹੇ ਭਾਈ !) ਜਿਵੇਂ ਸੁਆਸਾਂ ਤੋਂ ਬਿਨਾ (ਮਨੁੱਖ ਦੀ) ਦੇਹੀ ਕਿਵੇਂ ਸੋਭਾ (ਵਡਿਆਈ) ਪਾ ਸਕਦੀ ਹੈ ? (ਭਾਵ ਨਹੀਂ ਪਾ ਸਕਦੀ, ਮੁਰਦਾ ਹੋ ਜਾਂਦੀ ਹੈ) । (ਤਿਵੇਂ ਪ੍ਰਭੂ ਦੇ) ਦਰਸ਼ਨ ਤੋਂ ਬਿਨਾਂ ਸਾਧੂ ਜਨ ਨੂੰ ਇਕ ਖਿਨ ਲਈ ਵੀ ਟਿਕਾਉ ਨਹੀਂ ਆ ਸਕਦਾ । (ਹੇ ਭਾਈ !) ਪਰਮਾਤਮਾ ਤੋਂ ਬਿਨਾਂ ਜੋ ਰਹਿਣਾ ਹੈ ਉਹ (ਦੁਖ) ਨਰਕ (ਸਮਾਨ) ਸਹਿਣ ਦੇ ਬਰਾਬਰ ਹੈ (ਕਿਉਂਕਿ ਉਸ ਪ੍ਰੇਮੀ ਦਾ ਮਨ ਪ੍ਰਭੂ ਦੇ) ਚਰਨ ਕਮਲਾਂ ਨਾਲ ਵਿੰਨ੍ਹਿਆ ਹੁੰਦਾ ਹੈ । (ਜਿਹੜਾ ਜਗਿਆਸੂ) ਰਸੀਆ ਤੇ ਬੈਰਾਗਵਾਨ ਹੈ (ਉਸ ਦੀ)

ਲਿਵ ਨਾਮ ਵਿਚ ਲੱਗੀ ਰਹਿੰਦੀ ਹੈ (ਇਸ ਲਈ ਉਸ ਦਾ) ਕਿਤੇ ਭੀ ਨਿਰਾਦਰ ਨਹੀਂ ਹੁੰਦਾ।

(ਹੇ ਭਾਈ !) ਸਾਧ ਸੰਗਤ ਵਿਚ (ਜੋ) ਰਹਿਣਾ ਹੈ (ਉਹ ਮਾਨੋ) ਹਰੀ ਨਾਲ ਮਿਲਾਪ ਹੋ ਜਾਣਾ ਹੈ, (ਉਸ ਮਿਲਾਪ ਦਾ) ਸੁੱਖ ਅੰਗ ਅੰਗ, ਵਿਚ ਸਮਾਉਂਦਾ ਨਹੀਂ, ਭਾਵ ਆਪ ਮੁਹਾਰੇ ਪ੍ਰਗਟ ਹੁੰਦਾ ਹੈ। ਹੇ ਨਾਨਕ ਦੇ ਮਾਲਕ ! (ਜਿਸ ਤੇ ਤੁਸੀਂ) ਕਿਰਪਾ ਕਰਦੇ ਹੋ, ਉਹ (ਆਪ) ਹਰੀ ਦੇ ਚਰਨਾਂ ਨਾਲ ਇੱਕ-ਮਿੱਕ ਹੋ ਜਾਂਦਾ ਹੈ ।੩।

**ਖੋਜਤ ਖੋਜਤ ਪ੍ਰਭ ਮਿਲੇ, ਹਰਿ ਕਰੁਣਾ ਧਾਰੇ ॥ ਨਿਰਗੁਣੁ ਨੀਚੁ ਅਨਾਥੁ ਮੈ, ਨਹੀ ਦੋਖ ਬੀਚਾਰੇ ॥ ਨਹੀ ਦੋਖ ਬੀਚਾਰੇ ਪੂਰਨ ਸੁਖ ਸਾਰੇ, ਪਾਵਨ ਬਿਰਦੁ ਬਖਾਨਿਆ ॥ ਭਗਤਿ ਵਛਲੁ ਸੁਨਿ ਅੰਚਲੋੁ ਗਹਿਆ, ਘਟਿ ਘਟਿ ਪੂਰ ਸਮਾਨਿਆ ॥ ਸੁਖ ਸਾਗਰੋੁ ਪਾਇਆ ਸਹਜ ਸੁਭਾਇਆ, ਜਨਮ ਮਰਨ ਦੁਖ ਹਾਰੇ ॥ ਕਰੁ ਗਹਿ ਲੀਨੇ ਨਾਨਕ ਦਾਸ ਅਪਨੇ, ਰਾਮਨਾਮ ਉਰਿ ਹਾਰੇ ॥੪॥੧॥**

## ਉਚਾਰਨ ਸੇਧ

**ਬਿੰਦੀ ਸਹਿਤ :** ਮੈਂ, ਨਹੀਂ।

**ਫੁਟਕਲ :** ਅਸਲੀ ਲਫਜ਼ 'ਅੰਚਲੁ' ਅਤੇ 'ਸੁਖ ਸਾਗਰੁ' ਹੈ ਪਰ ਇਥੇ ਕਾਵਿਕ ਰੂਪ ਦੇ ਤੋਲ ਤੇ ਸੁਮੇਲ ਲਈ 'ਅੰਚਲੋੁ' ਅਤੇ 'ਸੁਖ ਸਾਗਰੋੁ' ਉਚਾਰਨ ਕਰਨਾ ਹੈ।

**ਪਦ ਅਰਥ :** ਖੋਜਤ ਖੋਜਤ-ਖੋਜਦਿਆਂ ਖੋਜਦਿਆਂ, ਲਭਦਿਆਂ ਲਭਦਿਆਂ। ਪ੍ਰਭ ਮਿਲੇ-ਪ੍ਰਭੂ ਜੀ ਮਿਲ ਪਏ। ਕਰੁਣਾ ਧਾਰੇ-ਦਇਆ ਕਰਕੇ। ਨਿਰਗੁਣ-ਗੁਣਾਂ ਤੋਂ ਸੱਖਣੇ। ਨੀਚੁ-ਘਟੀਆ ਜੀਵਨ ਵਾਲਾ। ਅਨਾਥ-ਨਿਮਾਣਾ। ਮੈ-ਮੈਂ। ਦੋਖ-ਐਬ, ਦੋਸ਼। ਪਾਵਨ-ਪਵਿੱਤਰ। ਬਿਰਦੁ-ਸੁਭਾਉ। ਬਖਾਨਿਆ-ਆਖਿਆ ਜਾਂਦਾ ਹੈ। ਭਗਤਿ ਵਛਲ-ਭਗਤੀ ਨੂੰ ਪਿਆਰ ਕਰਨ ਵਾਲਾ। ਸੁਨਿ-ਸੁਣ ਕੇ। ਅੰਚਲੁ-ਪੱਲਾ ਗਹਿਆ-ਪਕੜਿਆ। ਘਟਿ ਘਟਿ-ਹਰੇਕ ਹਿਰਦੇ ਵਿਚ। ਪੂਰ ਸਮਾਨਿਆ-ਪੂਰੀ ਤਰ੍ਹਾਂ ਸਮਾਇਆ ਹੋਇਆ, ਭਾਵ ਵਿਆਪਕ ਹੋ ਰਿਹਾ ਹੈ। ਸੁਖ ਸਾਗਰੋੁ-ਸੁੱਖਾਂ ਦੇ ਸਮੁੰਦਰ। ਸਹਜ ਸੁਭਾਇਆ-ਸਹਜ ਸੁਭਾਵਿਕ, ਬਿਨਾਂ ਕਿਸੇ ਤਰੱਦਦ ਦੇ। ਹਾਰੇ-ਥੱਕ ਗਏ। ਕਰੁ-ਹੱਥ। ਗਹਿ ਲੀਨੇ-ਫੜ ਲਏ ਹਨ। ਉਰਿ ਹਾਰੇ-ਹਿਰਦੇ ਵਿਚ ਧਾਰ ਲਏ ਹਨ।

**ਅਰਥ :** (ਹੇ ਭਾਈ ! ਅਸੀਂ ਪ੍ਰਭੂ ਨੂੰ) ਲੱਭਦੇ ਰਹੇ (ਪਰ) ਹਰੀ ਪ੍ਰਭੂ ਜੀ ਦਇਆ ਕਰਕੇ (ਆਪ ਹੀ ਮੈਨੂੰ) ਮਿਲ ਪਏ। ਮੈਂ ਗੁਣਾਂ ਤੋਂ ਖਾਲੀ ਸਾਂ, ਨੀਚ ਸਾਂ, ਨਿਮਾਣਾ ਸਾਂ, (ਪਰ ਪ੍ਰਭੂ ਨੇ ਮੇਰੇ) ਦੋਸ਼ ਨਹੀਂ ਵੀਚਾਰੇ (ਭਾਵ ਮੇਰੇ ਐਗੁਣਾਂ ਨੂੰ ਨਹੀਂ ਚਿਤਾਰਿਆ)। (ਹੇ ਭਾਈ ! ਪ੍ਰਭੂ ਨੇ ਮੇਰੇ) ਦੋਸ਼ ਨਹੀਂ ਵੀਚਾਰੇ, (ਮੈਨੂੰ) ਪੂਰਨ ਤੌਰ ਤੇ ਸਾਰੇ ਸੁੱਖ (ਬਖਸ਼ਿਸ਼ ਕਰ ਦਿੱਤੇ, ਪਤਿਤ ਜੀਆਂ ਨੂੰ) ਪਵਿੱਤਰ ਕਰਨਾ (ਇਹ ਪ੍ਰਭੂ ਦਾ) ਸੁਭਾਉ ਆਖਿਆ ਜਾਂਦਾ ਹੈ। (ਮੈਂ ਵੀ ਇਹ) ਸੁਣਕੇ (ਕਿ ਪ੍ਰਭੂ) ਭਗਤੀ ਨੂੰ ਪਿਆਰ ਕਰਨ ਵਾਲਾ ਹੈ (ਉਸ ਦਾ ਪੱਲਾ ਜਾ ਪਕੜਿਆ ਅਤੇ ਮੈਨੂੰ ਨਿਸ਼ਚਾ ਹੋ ਗਿਆ ਹੈ, ਉਹ) ਹਰੇਕ ਸਰੀਰ ਵਿਚ ਪੂਰਨ

ਤੌਰ ਤੇ ਸਮਾਇਆ ਹੋਇਆ ਹੈ (ਭਾਵ ਵਿਆਪਕ ਹੈ)।

(ਹੇ ਭਾਈ !) ਸੁੱਖਾਂ ਦਾ ਸਮੁੰਦਰ (ਪ੍ਰਭੂ ਮੈਂ ਆਪਣੀ ਕਰਕੇ ਨਹੀਂ) ਪਾਇਆ (ਉਹ) ਸਹਜ ਸੁਭਾਵਿਕ ਹੀ (ਮੈਨੂੰ ਮਿਲ ਪਿਆ, ਮੇਰੇ) ਜਨਮ ਤੋਂ ਮਰਨ ਤਕ ਦੇ ਸਾਰੇ ਦੁੱਖ ਮੁਕ ਗਏ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਪ੍ਰਭੂ ਨੇ ਆਪਣੇ ਦਾਸਾਂ ਦਾ ਹੱਥ ਫੜ ਲਿਆ। (ਇਸ ਤਰ੍ਹਾਂ) ਪਰਮੇਸ਼ਰ ਦਾ ਨਾਮ (ਉਨ੍ਹਾਂ ਨੇ) ਹਿਰਦੇ ਵਿਚ ਸਮਾਇਆ (ਧਾਰਿਆ) ਹੋਇਆ ਹੈ।੪।੧।

## ਸਾਰੰਸ਼ ਅਤੇ ਸਿਧਾਂਤ

ਜਿਸ ਸੇਵਕ-ਜਨ ਦਾ ਮਨ ਹਰੀ ਦੀ ਪ੍ਰੇਮਾ ਭਗਤੀ ਨਾਲ ਵਿੰਨ੍ਹਿਆ ਜਾਏ ਉਸ ਦੇ ਅੰਦਰੋਂ ਆਪ ਮੁਹਾਰੇ ਇਹ ਹੇਕ ਉਠਦੀ ਹੈ :

**ਮਿਲੁ ਮੇਰੇ ਪ੍ਰੀਤਮ ਪਿਆਰਿਆ ॥**

ਭਾਵ ਹੇ ਮੇਰੇ ਪਿਆਰੇ ਪ੍ਰੀਤਮ ! ਤੂੰ ਮੈਨੂੰ ਆ ਕੇ ਮਿਲ। ਇਹ ਨਾਮ ਵਿਚ ਰਤੇ ਹੋਏ ਹਿਰਦੇ ਦੀ ਉਚੀ ਸੁਚੀ ਜਗਿਆਸਾ ਹੈ। ਇਹ ਰਹਾਉ ਵਾਲੀ ਪੰਕਤੀ ਹੈ, ਬਾਕੀ ਛੰਤ ਵਿਚ ਵਿਆਖਿਆ ਹੈ ਕਿ ਹਰੀ ਹਰ ਥਾਂ ਵਸ ਰਿਹਾ ਹੈ ਪਰ ਇਹ ਸੋਝੀ ਵੀ ਸੰਤਾਂ ਦੀ ਸੰਗਤ ਨਾਲ ਆਉਂਦੀ ਹੈ ਅਤੇ ਪ੍ਰਭੂ ਦਾ ਵਿਸ਼ੇਸ਼-ਗੁਣ ਹੈ "ਤਿਲੁ ਨਹੀ ਭੰਨੈ ਘਾਲਿਆ"।

ਛੰਦ ਦੇ ਦੂਜੇ ਅੰਕ ਵਿਚ ਇਹ ਪ੍ਰਗਟ ਕੀਤਾ ਹੈ ਕਿ ਸੇਵਕ ਬ੍ਰਿਤੀ ਇਕ ਵਾਰੀ ਪ੍ਰੇਮਾ-ਭਗਤੀ ਵਿਚ ਤਦਾਕਾਰ ਹੋ ਜਾਏ ਤਾਂ ਉਸ ਨੂੰ ਹੋਰ ਸਾਰੇ ਰਸ ਭੁੱਲ ਜਾਂਦੇ ਹਨ। ਫਿਰ ਤਾਂ ਹਰੀ ਤੋਂ ਬਿਨਾਂ ਉਸ ਦਾ ਜੀਉਣਾ ਵੀ ਔਖਾ ਹੋ ਜਾਂਦਾ ਹੈ।

ਅੰਤਲੇ ਅੰਕ ਵਿਚ ਹਰੀ ਨਾਲ ਮੇਲ ਦੀ ਹਾਲਤ ਬਿਆਨ ਕੀਤੀ ਹੈ ਕਿ ਉਸ ਪ੍ਰਭੂ ਨੇ ਸਾਡੇ ਦੋਸ਼ ਨਹੀਂ ਵੀਚਾਰੇ। ਉਹ ਹਰੀ ਭਗਤਿ ਵਛਲ ਹੈ, ਉਸ ਨੇ ਆਪਣੀ ਕਿਰਪਾ ਕਰਕੇ ਸਾਨੂੰ ਆਪਣੇ ਨਾਲ ਮੇਲ ਲਿਆ, ਇਹ ਉਸਦਾ ਬਿਰਦ ਹੈ:–

**ਜੋ ਸਰਣਿ ਆਵੈ ਤਿਸੁ ਕੰਠਿ ਲਾਵੈ, ਇਹੁ ਬਿਰਦੁ ਸੁਆਮੀ ਸੰਦਾ ॥**

## ਰਾਗੁ ਕੇਦਾਰਾ ਬਾਣੀ ਕਬੀਰ ਜੀਉ ਕੀ

**ੴ ਸਤਿਗੁਰ ਪ੍ਰਸਾਦਿ ॥ ਉਸਤਤਿ ਨਿੰਦਾ ਦੋਊ ਬਿਬਰਜਿਤ, ਤਜਹੁ ਮਾਨੁ ਅਭਿਮਾਨਾ ॥ ਲੋਹਾ ਕੰਚਨੁ ਸਮ ਕਰਿ ਜਾਨਹਿ, ਤੇ ਮੂਰਤਿ ਭਗਵਾਨਾ ॥੧॥ ਤੇਰਾ ਜਨੁ, ਏਕੁ ਆਧੁ ਕੋਈ ॥ ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ, ਹਰਿ ਪਦੁ ਚੀਨੈ ਸੋਈ ॥੧॥ ਰਹਾਉ ॥ ਰਜ ਗੁਣ ਤਮ ਗੁਣ ਸਤ ਗੁਣ ਕਹੀਐ, ਇਹ ਤੇਰੀ ਸਭ ਮਾਇਆ ॥ ਚਉਥੇ ਪਦ ਕਉ ਜੋ ਨਰੁ ਚੀਨੈ, ਤਿਨ ਹੀ ਪਰਮਪਦੁ ਪਾਇਆ ॥੨॥ ਤੀਰਥ ਬਰਤ ਨੇਮ ਸੁਚਿ ਸੰਜਮ, ਸਦਾ ਰਹੈ ਨਿਹਕਾਮਾ ॥ ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ, ਚਿਤਵਤ ਆਤਮਰਾਮਾ ॥ ੩ ॥ ਜਿਹ ਮੰਦਰਿ ਦੀਪਕੁ ਪਰਗਾਸਿਆ, ਅੰਧਕਾਰੁ ਤਹ**

ਨਾਸਾ ॥ ਨਿਰਭਉ ਪੂਰਿ ਰਹੇ ਭ੍ਰਮੁ ਭਾਗਾ, ਕਹਿ ਕਬੀਰ ਜਨ ਦਾਸਾ ॥੪॥੧॥

## ਉਚਾਰਨ ਸੇਧ

**ਬਿੰਦੀ ਸਹਿਤ :** ਜਾਨਹਿੰ, ਤਹਾਂ,

**ਪਦ ਅਰਥ :** ਉਸਤਤਿ-ਵਡਿਆਈ । ਨਿੰਦਾ-ਸਚਾਈ ਤੇ ਚੰਗਿਆਈ ਨੂੰ ਤੋੜ ਮਰੋੜ ਕੇ ਬਿਆਨਣਾ ਬਿਬਰਜਿਤ-ਮੰਨ੍ਹਾਂ, ਨਾਹ ਕਰੋ। ਤਜਹੁ-ਤਿਆਗੋ, ਛਡੋ। ਮਾਨੁ-ਮਾਣ, ਅਹੰਕਾਰ । ਅਭਿਮਾਨਾ-ਅਪਮਾਨ, ਨਿਰਾਦਰ। ਕੰਚਨੁ-ਸੋਨਾ। ਸਮ-ਬਰਾਬਰ, ਇਕੋ ਜਿਹਾ। ਕਰਿ-ਕਰ ਕੇ । ਜਾਨਹਿ-ਜਾਣਦੇ ਹਨ । ਤੇ-ਉਹ (ਮਨੁੱਖ) । ਮੂਰਤਿ-ਸਰੂਪ, ਹਸਤੀ । ਭਗਵਾਨਾ-ਪਰਮੇਸ਼ਰ ।੧।

ਜਨੁ-ਸੇਵਕ । ਏਕੁ ਆਧੁ-ਇਕ ਅੱਧਾ ਭਾਵ ਵਿਰਲਾ । ਬਿਬਰਜਿਤ-ਮੰਨ੍ਹਾਂ ਹਨ । ਹਰਿ ਪਦੁ-ਈਸ਼ਵਰ ਮਿਲਾਪ ਦਾ ਦਰਜਾ । ਚੀਨੈ-ਪਛਾਣਦਾ ਹੈ ।੧। ਰਹਾਉ ।

ਰਜ ਗੁਣ-ਰਾਜਸੀ ਗੁਣ ਜਿਨ੍ਹਾਂ ਦਾ ਮੂਲ ਮਾਇਆ ਹੈ । ਤਮ ਗੁਣ-ਕ੍ਰੋਧੀ ਭਾਵ ਲੜਾਈ ਝਗੜਿਆਂ ਵਾਲੀ ਬ੍ਰਿਤੀ ਦੇ ਗੁਣ । ਸਤ ਗੁਣ-ਸਤੋ ਗੁਣੀ ਸੁਭਾਅ ਜਿਸ ਵਿਚ ਸ਼ਾਂਤੀ, ਦਇਆ, ਖਿਮਾ ਆਦਿ ਗੁਣਾ ਵਾਲੇ ਅੰਸ਼ ਹੁੰਦੇ ਹਨ । ਚਉਥੇ ਪਦ ਕਉ-(ਰਜੋ, ਤਮੋ, ਸਤੋ ਇਨ੍ਹਾਂ ਤੋਂ ਉਪਰ) ਚੌਥਾ ਪਦ ਹੈ, ਜੋ ਤੁਰੀਆਂ ਅਵਸਥਾ ਦਾ ਪ੍ਰਤੀਕ ਹੈ । ਭਾਵ ਪ੍ਰਭੂ ਮਿਲਾਪ ਵਾਲੀ ਅਵਸਥਾ। ਤਿਨ ਹੀ-ਉਸ ਨੇ ਹੀ। ਪਰਮਪਦੁ-ਮਹਾਨ ਪਦ, ਉਚੀ ਆਤਮਿਕ ਅਵਸਥਾ ਵਾਲਾ ਦਰਜਾ।੨।

ਤੀਰਥ-ਤੀਰਥ (ਇਸ਼ਨਾਨ) । ਵਰਤ-ਭੁੱਖੇ ਰਹਿਣਾ । ਸੁਚ-ਸਰੀਰਕ ਸੁਚਤਾ, ਪਵਿੱਤਰਤਾ ਸੰਜਮ-ਇੰਦ੍ਰਿਆਂ ਨੂੰ ਕਾਬੂ ਕਰਨ ਦੇ ਤਰੀਕੇ । ਨੇਮ-ਅਭਿਆਸ । ਨਿਹਕਾਮਾ-ਕਾਮਨਾ ਤੋਂ ਰਹਿਤ। ਤ੍ਰਿਸਨ-(ਪਦਾਰਥਾ ਦੀ) ਤ੍ਰਿਸ਼ਨਾ, ਭੁੱਖ । ਮਾਇਆ ਭ੍ਰਮੁ-ਮਾਇਆ ਦੀ ਭਟਕਣਾ (ਵਾਲਾ ਸੁਭਾਉ)। ਚੂਕਾ-ਦੂਰ ਹੋ ਗਿਆ । ਚਿਤਵਤ-ਸਿਮਰਦਾ ਹੈ । ਆਤਮਰਾਮਾ-ਵਿਆਪਕ ਪ੍ਰਭੂ ।੩।

ਜਿਹ ਮੰਦਰਿ-ਜਿਸ ਮੰਦਰ (ਘਰ) ਵਿਚ । ਦੀਪਕੁ-ਗਿਆਨ ਰੂਪੀ ਦੀਵਾ । ਪਰਗਾਸਿਆ-ਜੱਗ ਪਿਆ। ਅੰਧਕਾਰੁ-(ਅਗਿਆਨਤਾ ਦਾ)ਹਨੇਰਾ। ਤਹ ਨਾਸਾ-ਉਥੋਂ ਨੱਸ ਗਿਆ,ਨਾਸ਼ ਹੋ ਗਿਆ। ਨਿਰਭਉ-ਭੈ ਤੋਂ ਰਹਿਤ ਵਾਹਿਗੁਰੂ । ਪੂਰਿ ਰਹੇ-ਵਿਆਪਕ ਹੋ ਰਹੇ ਹਨ । ਭ੍ਰਮੁ ਭਾਗਾ-ਭਰਮ ਭੱਜ ਗਿਆ ।੪।੧।

**ਅਰਥ :** (ਹੇ ਭਾਈ ! ਕਿਸੇ ਦੀ) ਵਡਿਆਈ (ਤੇ ਕਿਸੇ ਦੀ) ਨਿੰਦਾ (ਬੁਰਿਆਈ) ਦੋਵੇਂ ਕੰਮ ਹੀ ਧਾਰਮਿਕ ਖੇਤਰ ਵਿਚ ਮੰਨ੍ਹਾ ਹਨ, ਕਿਸੇ ਦਾ ਮਾਨ (ਆਦਰ) ਅਤੇ ਕਿਸੇ ਦਾ ਅਪਮਾਨ (ਨਿਰਾਦਰ ਕਰਨਾ, ਇਹ ਖਿਆਲ) ਛੱਡ ਦਿਓ । (ਜਿਹੜੇ ਮਨੁੱਖ) ਲੋਹਾ ਤੇ ਸੋਨਾ ਬਰਾਬਰ (ਇਕੋ ਜਿਹਾ) ਜਾਣਦੇ ਹਨ (ਅਸਲ ਵਿਚ) ਉਹ (ਮਨੁੱਖ ਹੀ) ਭਗਵਾਨ ਦਾ ਰੂਪ ਹਨ ।੧।

(ਹੇ ਪ੍ਰਭੂ ! ਅਜਿਹਾ) ਇਕ ਅੱਧਾ ਮਨੁੱਖ (ਭਾਵ ਕੋਈ ਵਿਰਲਾ ਹੀ) ਤੇਰਾ ਸੇਵਕ (ਹੋਵੇਗਾ) । ਕਾਮ, ਕ੍ਰੋਧ, ਲੋਭ, ਮੋਹ (ਆਦਿ ਵਿਕਾਰ ਜੋ) ਬਿਬਰਜਿਤ (ਮੰਨ੍ਹਾਂ ਹਨ, ਇਨ੍ਹਾਂ ਨੂੰ ਤਿਆਗ ਕੇ ਤੈਂ) ਹਰੀ ਨਾਲ (ਮਿਲਾਪ ਵਾਲੇ) ਪਦ ਨੂੰ ਪਛਾਣਦਾ ਹੈ ।੧। ਰਹਾਉ ।

(ਹੇ ਪ੍ਰਭੂ ! ਇਸ ਸੰਸਾਰ ਵਿਚ ਜੋ) ਰਜੋ, ਗੁਣ, ਤਮੋ ਗੁਣ, ਸਤੋ ਗੁਣ (ਬਾਰੇ) ਆਖਿਆ ਜਾਂਦਾ

ਹੈ (ਇਹ) ਸਭ ਤੇਰੀ ਮਾਇਆ (ਦੀ ਹੀ ਵਿਆਖਿਆ ਹੈ)। ਜਿਹੜਾ ਮਨੁੱਖ (ਤਿੰਨ੍ਹਾਂ ਗੁਣਾਂ ਦਾ ਤਿਆਗ ਕਰਕੇ) ਚਉਥੇ ਪਦ ਨੂੰ ਪਛਾਣਦਾ ਹੈ, ਉਸ ਨੇ ਪਰਮ ਪਦ ਨੂੰ ਪ੍ਰਾਪਤ ਕੀਤਾ ਹੈ (ਭਾਵ ਉਸਨੇ ਤੇਰਾ ਦਰਸ਼ਨ) ਪਾਇਆ ਹੈ ।੨।

(ਹੇ ਭਾਈ ! ਜੋ ਮਨੁੱਖ) ਆਤਮ ਰਾਮ (ਭਾਵ ਪਰਮੇਸ਼ਰ ਨੂੰ) ਸਿਮਰਦਾ ਹੈ (ਉਸ ਦੀ) ਪਦਾਰਥਾਂ ਵਾਲੀ) ਤ੍ਰਿਸ਼ਨਾ ਅਤੇ ਮਾਇਆ ਦਾ ਭਰਮ (ਭੇਦ) ਦੂਰ ਹੋ ਜਾਂਦਾ ਹੈ, (ਉਹ) ਤੀਰਥ (ਇਸ਼ਨਾਨ ਵਰਤ) ਸੁੱਚ ਸੰਜਮ ਆਦਿ (ਕਰਮਾਂ ਤੋਂ) ਨਿਸ਼ਕਾਮ (ਹੋ ਜਾਂਦਾ ਹੈ, ਭਾਵ ਉਸ ਦੇ ਹਿਰਦੇ ਵਿਚ ਅਜਿਹੇ ਕਰਮ ਕਰਨ ਦੀ ਕੋਈ ਚਾਹਨਾ ਨਹੀਂ ਰਹਿੰਦੀ) ।੩।

(ਹੇ ਭਾਈ !) ਜਿਸ (ਆਤਮਿਕ) ਮੰਦਰ ਵਿਚ (ਗਿਆਨ ਰੂਪੀ) ਦੀਵਾ ਜਗ ਪਿਆ ਹੈ ਉਥੋਂ (ਅਗਿਆਨਤਾ ਦਾ) ਹਨੇਰਾ ਦੂਰ ਹੋ ਗਿਆ ਹੈ। (ਹਰੀ ਦਾ ਸੇਵਕ) ਜਨ, ਦਾਸ ਕਬੀਰ ਕਹਿੰਦਾ ਹੈ ਕਿ (ਜਿਸਦੇ ਹਿਰਦੇ ਵਿਚ) ਨਿਰਭਉ ਪ੍ਰਭੂ ਵਿਆਪਕ ਹੋ ਰਹੇ ਹਨ, (ਉਥੋਂ ਹਰ ਪ੍ਰਕਾਰ ਦਾ) ਭਰਮ ਭੱਜ ਜਾਂਦਾ ਹੈ ।੪।੧।

## ਸਾਰੰਸ਼ ਅਤੇ ਸਿਧਾਂਤ

ਭਗਤ ਕਬੀਰ ਜੀ ਇਸ ਸ਼ਬਦ ਰਾਹੀਂ ਜਗਿਆਸੂ ਨੂੰ ਜੀਵਨ ਮੁਕਤੀ ਦੇ ਮਾਰਗ ਤੋਂ ਜਾਣੂੰ ਕਰਾਉਂਦੇ ਹਨ।

ਇਸ ਮਾਰਗ ਵਿਚ ਆਪਣੀ ਜਾਂ ਪਰਾਈ ਕਿਸੇ ਦੀ ਵੀ ਵਡਿਆਈ ਜਾਂ ਨਿੰਦਾ ਕਰਨਾ ਬਿਬਰਜਿਤ ਹੈ ਭਾਵ ਮਾਨ-ਅਪਮਾਨ, ਸਤਿਕਾਰ ਤੇ ਤ੍ਰਿਸਕਾਰ ਤੋਂ ਉਪਰ ਉਠਣਾ ਹੈ।

ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਵੀ ਇਸ ਵਿਸ਼ੇ ਤੇ ਪਾਵਨ ਬਚਨ ਇਉਂ ਹਨ :-

**੧. ਉਸਤਤਿ ਨਿੰਦਾ ਦੋਊ ਪਰਹਰ, ਹਰਿ ਕੀਰਤਿ ਉਰ ਆਨੇ ॥ [ਪੰਨਾ ੧੧੮੬**

**੨. ਲੋਹਾ ਕੰਚਨੁ ਸਮ ਕਰਿ ਜਾਨਹਿ, ਤੇ ਮੂਰਤਿ ਭਗਵਾਨਾ ॥ [ਪੰਨਾ ੧੧੨੬**

**੩. ਮਾਨ ਮੋਹ ਦੋਨੋ ਕੋ ਪਰਹਰਿ, ਗੋਬਿੰਦ ਕੇ ਗੁਨ ਗਾਵੈ ॥**
**ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ, ਜੀਵਨ ਮੁਕਤਿ ਕਹਾਵੈ ॥ [ਪੰਨਾ ੮੩੧**

ਵਾਸਤਵ ਵਿਚ ਕਾਮ, ਕ੍ਰੋਧ, ਲੋਭ ਆਦਿ ਦੇ ਫੁਰਨਿਆਂ ਤੋਂ ਰਹਿਤ ਅਜਿਹੀ ਅਵਸਥਾ ਵਾਲਾ ਕੋਈ ਇਕ ਅੱਧਾ ਜਨ ਹੀ ਹੁੰਦਾ ਹੈ ਜੋ ਭਗਤੀ ਮਾਰਗ ਵਾਲਿਆਂ ਲਈ ਉਤਮ ਜੀਵਨ ਦਾ ਨਮੂਨਾ ਬਣਦਾ ਹੈ।

ਦੁਖ-ਸੁਖ ਨੂੰ ਸਮ ਕਰਕੇ ਜਾਣਨ ਵਾਲਾ ਵਿਰਲਾ ਜਨ ਹੀ ਮਾਇਆ ਨੂੰ ਮਿਥਿਆ ਜਾਣ ਕੇ ਮਾਇਆ ਦੇ ਤਿੰਨਾ ਗੁਣਾ (ਰਜੋ, ਤਮੋ, ਸਤੋ) ਤੋਂ ਮੁਕਤ ਹੁੰਦਾ ਹੈ। ਜਿਹੜਾ ਜਗਿਆਸੂ ਤੁਰੀਆ ਪਦ ਭਾਵ ਚਉਥਾ ਪਦ ਪ੍ਰਾਪਤ ਕਰ ਲੈਂਦਾ ਹੈ ਉਹੀ ਪਾਰਬ੍ਰਹਮ ਦੇ ਸਰੂਪ ਨੂੰ ਪਛਾਣਦਾ ਹੈ। ਜਿਸ ਹਿਰਦੇ ਵਿਚ ਬ੍ਰਹਮ ਗਿਆਨ ਦਾ ਦੀਵਾ ਜਗ ਪਿਆ ਉਥੋਂ ਦੇਹ ਅਧਿਆਸ ਮੁਕ ਗਿਆ, ਉਹ ਸਾਈਂ ਦੇ ਗਿਆਨ ਵਿਚ ਲਿਵ ਲੀਨ ਹੋ ਕੇ ਜੀਵਨ-ਮੁਕਤੀ ਦਾ ਅਨੰਦ ਮਾਣਨ ਲਗ ਪਿਆ

ਕਿਨ ਹੀ ਬਿਨਜਿਆ ਕਾਂਸੀ ਤਾਂਬਾ, ਕਿਨ ਹੀ ਲਉਗ ਸੁਪਾਰੀ ॥ ਸੰਤਹੁ ਬਨਜਿਆ ਨਾਮੁ ਗੋਬਿੰਦ ਕਾ, ਐਸੀ ਖੇਪ ਹਮਾਰੀ ॥੧॥ ਹਰਿ ਕੇ ਨਾਮ ਕੇ ਬਿਆਪਾਰੀ ॥ ਹੀਰਾ ਹਾਥਿ ਚੜਿਆ ਨਿਰਮੋਲਕੁ, ਛੂਟਿ ਗਈ ਸੰਸਾਰੀ ॥੧॥ ਰਹਾਉ ॥ ਸਾਚੇ ਲਾਏ ਤਉ ਸਚ ਲਾਗੇ, ਸਾਚੇ ਕੇ ਬਿਉਹਾਰੀ ॥ ਸਾਚੀ ਬਸਤੁ ਕੇ ਭਾਰ ਚਲਾਏ, ਪਹੁਚੇ ਜਾਇ ਭੰਡਾਰੀ ॥੨॥ ਆਪਹਿ ਰਤਨ ਜਵਾਹਰ ਮਾਨਿਕ, ਆਪੈ ਹੈ ਪਾਸਾਰੀ ॥ ਆਪੈ ਦਹਦਿਸ ਆਪਿ ਚਲਾਵੈ, ਨਿਹਚਲੁ ਹੈ ਬਿਆਪਾਰੀ ॥੩॥ ਮਨੁ ਕਰਿ ਬੈਲੁ ਸੁਰਤਿ ਕਰਿ ਪੈਡਾ, ਗਿਆਨ ਗੋਨਿ ਭਰਿ ਡਾਰੀ ॥ ਕਹਤੁ ਕਬੀਰੁ ਸੁਨਹੁ ਰੇ ਸੰਤਹੁ, ਨਿਬਹੀ ਖੇਪ ਹਮਾਰੀ ॥੪॥੨॥

## ਉਚਾਰਨ ਸੇਧ

**ਬਿੰਦੀ ਸਹਿਤ :** ਲਉਂਗ, ਪਹੁੰਚੇ, ਪੈਂਡਾ।

**ਪਦ ਅਰਥ :** ਕਿਨਹੀ-ਕਿਸੇ ਨੇ। ਬਨਜਿਆ-ਖ਼ਰੀਦਿਆ, ਵਪਾਰ ਕੀਤਾ। ਲਉਗ-ਲੌਂਗ ਇਕ ਦਰਖ਼ਤ ਜਿਸਦੀਆਂ ਕਲੀਆਂ ਮੂੰਹ ਅਤੇ ਪੇਟ ਦੇ ਰੋਗਾਂ ਨੂੰ ਦੂਰ ਕਰਦੀਆਂ ਹਨ। ਸੁਪਾਰੀ-ਪੂਗ ਫਲ, ਛਾਲੀ, ਇਹ ਪਾਨ ਨਾਲ ਮਿਲਾ ਕੇ ਖਾਧੀ ਜਾਂਦੀ ਹੈ। ਮੂੰਹ ਦੇ ਵਿਕਾਰਾਂ ਨੂੰ ਹਟਾਉਂਦੀ ਹੈ ਅਤੇ ਦੰਦਾਂ ਨੂੰ ਮਜ਼ਬੂਤ ਕਰਦੀ ਹੈ। ਖੇਪ-ਸੌਦਾ।੧।

ਬਿਆਪਾਰੀ-ਵਪਾਰੀ। ਹੀਰਾ-(ਨਿਰਮਲ) ਨਾਮ। ਹਾਥਿ ਚੜਿਆ-ਲੱਭ ਪਿਆ। ਨਿਰਮੋਲਕੁ-ਜਿਸ ਦਾ ਕੋਈ ਮੁਲ ਨਾ ਪੈ ਸਕੇ। ਛੂਟਿ ਗਈ-ਛੁਟ ਗਈ ਭਾਵ ਮੁੱਕ ਗਈ। ਸੰਸਾਰੀ-ਸੰਸਾਰਕ ਬ੍ਰਿਤੀ।੧। ਰਹਾਉ।

ਬਿਉਪਾਰੀ-ਵਪਾਰੀ। ਵਸਤੁ-(ਨਾਮ) ਵਸਤੂ। ਭਾਰ-ਬੋਝ। ਚਲਾਏ-(ਲਦ ਕੇ) ਟੁਰ ਪਏ। ਭੰਡਾਰੀ-ਭੰਡਾਰੇ ਦੇ ਮਾਲਕ (ਪਰਮੇਸ਼ੁਰ)। ਆਪਹਿ-(ਪ੍ਰਭੂ) ਆਪ ਹੀ। ਪਾਸਾਰੀ-ਹਰ ਪ੍ਰਕਾਰ ਦਾ ਪਰਚੂਨ ਸੌਦਾ ਵੇਚਣ ਵਾਲਾ। ਦਹਦਿਸੁ-ਦੱਸਾਂ ਪਾਸੇ, ਭਾਵ ਹਰ ਪਾਸੇ। ਆਪਿ ਚਲਾਵੈ-(ਇਹ ਹਟ) ਆਪ ਹੀ ਚਲਾਂਦਾ ਹੈ। ਨਿਹਚਲੁ-ਸਦਾ ਥਿਰ ਰਹਿਣ ਵਾਲਾ। ਬਿਆਪਾਰੀ-ਵਪਾਰੀ।੩।

ਮਨੁ ਕਰਿ ਬੈਲੁ-ਮਨ ਨੂੰ ਬੈਲ (ਬਲਦ) ਬਣਾ ਕੇ। ਸੁਰਤਿ ਕਰਿ ਪੈਡਾ-ਸੁਰਤ ਰਾਹੀਂ ਜੀਵ ਪੰਧ ਨੂੰ (ਤੈਅ) ਕਰ ਕੇ। ਗਿਆਨ ਗੋਨਿ-ਗਿਆਨ ਦੀ ਗੂਣ (ਛਟ)। ਭਰਿ ਡਾਰੀ-ਭਰ ਲਈ ਹੈ। ਨਿਬਹੀ-ਤੋੜ ਪਹੁੰਚ ਗਈ ਹੈ।੪।

**ਅਰਥ :** (ਸੰਸਾਰ ਦੇ ਵਪਾਰੀਆਂ ਚੋਂ) ਕਿਸੇ ਨੇ ਕਾਸੀ, ਤਾਂਬੇ (ਆਦਿਕ ਧਾਤਾਂ ਦੀ ਵਸਤਾਂ) ਖਰੀਦੀਆਂ, ਕਿਸੇ ਨੇ ਲੌਂਗ ਸੁਪਾਰੀ (ਆਦਿ ਔਸ਼ਧੀਆਂ ਵਿਚ ਵਰਤਣ ਵਾਲੀਆਂ ਵਸਤਾਂ) ਖਰੀਦੀਆਂ (ਪਰ ਅਸਾਂ)ਸੰਤਾਂ ਤੋਂ ਪਰਮੇਸ਼ਰ ਨਾਮ ਖ਼ਰੀਦਿਆ, ਇਹੋ ਜਿਹੀ ਸਾਡੀ ਖੇਪ(ਭਾਵ ਨਾਮ ਰੂਪ ਸੌਦਾ ਹੈ)।੧।

(ਹੇ ਭਾਈ! ਅਸੀ) ਹਰੀ ਦੇ ਨਾਮ (ਧਨ ਦੇ) ਵਪਾਰੀ ਹਾਂ। (ਨਾਮ ਰੂਪੀ) ਕੀਮਤੀ ਹੀਰਾ

(ਸਾਡੇ) ਹੱਥ ਚੜ੍ਹਿਆ (ਭਾਵ ਪ੍ਰਾਪਤ ਹੋਇਆ ਹੈ) ਅਤੇ ਇਸ ਦੇ ਮਿਲਣ ਨਾਲ ਸੰਸਾਰ ਦੇ ਕੰਮਾਂ ਵਾਲੀ ਬ੍ਰਿਤੀ ਮੁੱਕ ਗਈ ਹੈ ।੧। ਰਹਾਉ ।

(ਹੇ ਭਾਈ !) ਸੱਚੇ (ਪਰਮੇਸ਼ਰ ਨੇ ਸਚੇ ਵਪਾਰ ਵਿਚ) ਲਾਇ ਤਾਂ ਹੀ (ਅਸੀਂ ਇਸ) ਸੱਚ (ਵਪਾਰ) ਵਿਚ ਲੱਗੇ ਹਾਂ, ਸੱਚੇ (ਨਾਮ) ਦੇ ਵਪਾਰੀ (ਬਣੇ ਹਾਂ) । (ਜਦੋਂ ਵਪਾਰੀ ਬਣ ਗਏ ਤਾਂ ਹੀ) ਸੱਚੀ ਵਸਤੂ (ਦੈਵੀ ਗੁਣਾਂ ਦੇ) ਭਾਰ (ਲਦ ਕੇ ਸੰਸਾਰ ਤੋਂ) ਚਲ ਪਏ (ਅਤੇ) ਭੰਡਾਰ ਦੇ ਮਾਲਕ (ਪਰਮੇਸ਼ਰ) ਪਾਸ ਜਾ ਪਹੁੰਚੇ ।੨।

(ਉਥੇ ਦਰਸ਼ਨ ਕਰਨ ਤੇ ਪ੍ਰਗਟ ਹੋਇਆ ਕਿ ਪਰਮੇਸ਼ਰ) ਆਪ ਹੀ ਰਤਨ, ਜਵਾਹਰ, ਮਾਣਿਕ (ਆਦਿ ਪਦਾਰਥਾਂ ਦਾ ਵਪਾਰ ਕਰਨ ਵਾਲਾ ਵੱਡਾ) ਪਸਾਰੀ ਹੈ, (ਅਤੇ) ਆਪ ਹੀ (ਕਾਂਸ਼ੀ, ਤਾਂਬਾ ਤੇ ਲੌਂਗ ਆਦਿ ਛੋਟੀਆਂ ਵਸਤਾਂ ਦਾ ਵਪਾਰ ਕਰਨਾ ਵਾਲਾ) ਵਪਾਰੀ ਹੈ । ਪ੍ਰਭੂ ਆਪ ਹੀ ਦਸਾਂ ਪਾਸੇ (ਭਾਵ ਸਭ ਵਿਚ ਵਿਆਪਕ) ਹੈ, (ਅਤੇ) ਆਪ ਹੀ (ਸਭ ਨੂੰ) ਚਲਾਉਂਦਾ ਹੈ (ਇਸ ਤਰ੍ਹਾਂ ਦਾ) ਪੱਕਾ ਵਿਹਾਰ ਕਰਨ ਵਾਲਾ ਹੈ ।੩।

(ਹੇ ਭਾਈ! ਅਜਿਹੇ ਵਿਆਪਕ ਪਰਮਾਤਮਾ ਨੂੰ ਮਿਲਣ ਲਈ) ਮਨ ਨੂੰ ਬੈਲ ਕਰਕੇ, ਅਤੇ ਆਪਣੀ ਸੁਰਤਿ ਰਾਹੀਂ ਪੈਂਡਾ ਕਰਕੇ (ਯਥਾਰਥ) ਗਿਆਨ ਦੀ ਗੁਣ (ਛੱਟ) ਭਰ ਲਈ ਹੈ । ਕਬੀਰ ਜੀ ਆਖਦੇ ਹਨ - ਸੰਤ ਜਨੋ ! ਸੁਣੋ (ਇਸ ਤਰ੍ਹਾਂ ਦੀ ਨਾਮ ਸਾਧਨਾ ਨਾਲ ਸਾਡੀ ਵਣਜ ਰੂਪੀ) ਖੇਪ ਪੂਰੀ ਨਿਭ ਗਈ ਹੈ (ਭਾਵ ਜੀਵਨ ਲਾਭ ਪ੍ਰਾਪਤ ਹੋ ਗਿਆ ਹੈ) ।੪।੨।

## ਸਾਰੰਸ਼ ਅਤੇ ਸਿਧਾਂਤ

ਸੰਸਾਰੀ ਲੋਕਾਂ ਦੇ ਵਪਾਰ ਅਤੇ ਸੰਤਾਂ ਦੇ ਵਪਾਰ ਵਿਚ ਅੰਤਰ ਹੈ । ਸੰਸਾਰੀ ਲੋਕਾਂ ਨੇ ਉਹ ਵਸਤਾਂ ਖਰੀਦਣੀਆਂ ਹਨ ਜਿਨ੍ਹਾਂ ਵਿਚ ਮਾਇਆ ਦਾ ਬਹੁਤ ਲਾਭ ਹੋਵੇ ਜਦੋਂ ਕਿ ਭਗਤ ਜਨ ਮਾਇਆ ਨੂੰ ਮਨ ਤੋਂ ਪਰੇ ਕਰਕੇ ਨਾਮ-ਧਨ ਸੰਚਣ ਲਈ ਜਤਨਸ਼ੀਲ ਹੁੰਦੇ ਹਨ। ਇਸ ਲਈ ਸੰਤਾਂ ਦਾ ਵਪਾਰ, ਗੋਵਿੰਦ-ਨਾਮ ਉਤੇ ਆਧਾਰਤ ਹੁੰਦਾ ਹੈ ।

ਭਗਤ ਕਬੀਰ ਜੀ ਦੇ ਅੰਮ੍ਰਿਤ ਬਚਨ "ਹੀਰਾ ਹਾਥਿ ਚੜਿਆ ਨਿਰਮੋਲਕੁ, ਛੂਟਿ ਗਈ ਸੰਸਾਰੀ" ਤੋਂ ਬਹੁਤ ਵੱਡੀ ਸੇਧ ਮਿਲਦੀ ਹੈ। ਜਿਸ ਦੇ ਹਥ ਹਰੀ-ਹੀਰਾ ਆ ਜਾਏ ਉਸ ਨੂੰ ਕਾਂਸੀ ਤਾਂਬੇ ਜਾਂ ਲਉਂਗ ਸਪਾਰੀਆਂ ਦੇ ਵਪਾਰ ਕਰਨ ਦੀ ਕੀ ਲੋੜ ਪਈ ਹੈ ? ਜਿਸ ਨੂੰ ਹਰੀ ਦਾ ਮਿਲਾਪ ਹੋ ਜਾਏ ਉਹ ਵੇਦਾਂ, ਸ਼ਾਸਤਰਾਂ ਦੇ ਪਾਠਾਂ ਅਤੇ ਹੋਰ ਕਰਮ ਕਾਂਡਾਂ ਤੋਂ ਛੁੱਟ ਜਾਂਦਾ ਹੈ। ਏਦਾਂ ਦੇ ਕਰਮ ਕਰਕੇ ਸਿਵਾਏ ਖਜਲ ਖੁਆਰੀ ਦੇ ਹੋਰ ਲਭਦਾ ਵੀ ਕੀ ਹੈ ?

ਕੂੜੇ ਵਪਾਰ ਦੀ ਰਾਸਿ ਵੀ ਕੂੜੀ ਹੁੰਦੀ ਹੈ ਅਤੇ ਸਚੇ ਵਾਪਾਰ ਵਿਚ ਸੱਚ ਰੂਪ ਸੌਦਾ ਪਾਣਾ ਪੈਂਦਾ ਹੈ, ਕਿਉਂਕਿ ਇਸ ਕਾਰ ਵਿਚ ਸਚ ਦੀ ਲੇਵਾ-ਦੇਵੀ ਕਰਨੀ ਪੈਂਦੀ ਹੈ । ਤਿੰਨ ਗੁਣਾਂ ਦਾ ਬੋਝ ਉਤਾਰ ਕੇ ਨਾਮ ਰਤਨ ਦਾ ਸੱਚਾ ਵਪਾਰੀ ਬਣਨਾ ਹੁੰਦਾ ਹੈ । ਗੁਰਵਾਕ ਹਨ :-

**ਹਰਿ ਰਤਨੈ ਕਾ ਵਾਪਾਰੀਆ, ਹਰਿ ਰਤਨ ਧਨੁ ਵਿਹਾਝੇ,**

**ਕਰੈ ਕੋ ਵਾਪਾਰੀਏ, ਵਾਕਿ ਹਰਿ ਧਨੁ ਲਇਆ ਨ ਜਾਈ ॥** [ਪੰਨਾ ੭੩੪

ਸੋ, ਸੱਚੀ ਵਸਤੂ ਦੇ ਭਾਰ ਲਦ ਕੇ ਸਚ ਦੇ ਭੰਡਾਰੀ ਨਿਰੰਕਾਰ ਜੀ, ਪਾਸ ਜਾ ਪਹੁੰਚਣਾ ਹੈ ਜਿਸ ਦਾ ਨਿਹਚਲ ਹਟ ਸਾਰੇ ਪਾਸੇ ਚਲ ਰਿਹਾ ਹੈ।

ਪਰਮਾਤਮਾ ਆਪ ਗੁਰੂ ਰੂਪੀ ਜੌਹਰੀ ਬਣ ਕੇ, ਆਪ ਹੀ ਸਾਰੇ ਜੀਆਂ ਦੇ ਹਿਰਦਿਆਂ ਵਿਚ ਬੈਠ ਕੇ ਆਪਣਾ ਹੱਟ ਚਲਾ ਰਿਹਾ ਹੈ। ਇਹ ਮਾਰਗ ਸੁਰਤਿਆਂ (ਗਿਆਨੀਆਂ) ਦਾ ਹੈ, ਬੈਲਾਂ (ਮੋਟੀ ਬੁਧੀ ਵਾਲਿਆਂ) ਦਾ ਨਹੀਂ। ਹਾਂ, ਮਨ ਨੂੰ ਬੈਲ ਬਣਾ ਕੇ ਇਸ ਉਤੇ ਸਤਿਨਾਮ ਦੀ ਛੱਟ ਲਦ ਕੇ ਪਰਮੇਸ਼ਰ ਦੇ ਦਰਬਾਰ ਵਿਚ ਜਾ ਪਹੁੰਚਣਾ ਹੈ। ਇਹ ਪ੍ਰੇਮ ਦਾ ਸੌਦਾ ਹੈ, ਇਸ ਨੂੰ ਸਮਝਣ ਵਾਲਾ ਤੇ ਲੈਣ ਵਾਲਾ ਕੋਈ ਵਿਰਲਾ ਜਨ ਹੈ ਜੋ ਪੰਜਾਂ ਨਾਲ ਯੁੱਧ ਕਰਨ ਲਈ ਇਸ ਰਣ ਖੇਤਰ ਵਿਚ ਨਿਤਰਦਾ ਹੈ, ਬਾਕੀ ਸਾਰੇ ਸੰਸਾਰਕ ਵਾਪਾਰੀ ਪੰਜਾਂ ਕਾਮਾਦਿਕਾਂ ਪਾਸੋਂ ਲੁਟੇ ਜਾਂਦੇ ਹਨ।

**ਰੀ ਕਲਵਾਰਿ ਗਵਾਰਿ ਮੂਢ ਮਤਿ, ਉਲਟੋ ਪਵਨੁ ਫਿਰਾਵਉ ॥ ਮਨੁ ਮਤਵਾਰ ਮੇਰ ਸਰ ਭਾਠੀ, ਅੰਮ੍ਰਿਤਧਾਰ ਚੁਆਵਉ ॥੧॥ ਬੋਲਹੁ ਭਈਆ ਰਾਮ ਕੀ ਦੁਹਾਈ ॥ ਪੀਵਹੁ ਸੰਤ ਸਦਾ ਮਤਿ ਦੁਰਲਭ, ਸਹਜੇ ਪਿਆਸ ਬੁਝਾਈ ॥੧॥ਰਹਾਉ॥ ਭੈ ਬਿਚਿ ਭਾਉ ਭਾਇ ਕੋਊ ਬੂਝਹਿ, ਹਰਿ ਰਸੁ ਪਾਵੈ ਭਾਈ ॥ ਜੇਤੇ ਘਟ ਅੰਮ੍ਰਿਤੁ ਸਭ ਹੀ ਮਹਿ, ਭਾਵੈ ਤਿਸਹਿ ਪੀਆਈ ॥੨॥ ਨਗਰੀ ਏਕੈ ਨਉ ਦਰਵਾਜੇ, ਧਾਵਤੁ ਬਰਜਿ ਰਹਾਈ ॥ ਤ੍ਰਿਕੁਟੀ ਛੂਟੈ ਦਸਵਾ ਦਰੁ ਖੂਲ੍ਹੈ, ਤਾ ਮਨੁ ਖੀਵਾ ਭਾਈ॥੩॥ ਅਭੈ ਪਦ ਪੂਰਿ ਤਾਪ ਤਹ ਨਾਸੇ, ਕਹਿ ਕਬੀਰ ਬੀਚਾਰੀ॥ ਉਬਟ ਚਲੰਤੇ ਇਹੁ ਮਦੁ ਪਾਇਆ, ਜੈਸੇ ਖੋਂਦ ਖੁਮਾਰੀ ॥੪॥੩॥**

## ਉਚਾਰਨ ਸੇਧ

**ਬਿੰਦੀ ਸਹਿਤ :** ਬੂਝਹਿੰ, ਮਹਿੰ, ਤਿਸਹਿੰ, ਨਉਂ, ਦਸਵਾਂ, ਤਾਂ।

**ਪਦ ਅਰਥ :** ਰੀ-ਇਸਤ੍ਰੀ ਲਿੰਗ ਹੈ। ਰੀ ਕਲਵਾਰਿ-ਹੇ ਕਲਾਲਣ!। ਗਵਾਰਿ-ਹੇ ਗੰਵਾਰਨ !। ਮੂਢ ਮਤਿ-ਮੂੜ ਮਤ ਵਾਲੀ,ਮੂਰਖ। ਉਲਟੋ ਪਵਨੁ-ਉਲਟਿਆ ਚੰਚਲ ਮਨ। ਉਲਟੋ ਪਵਨੁ-ਅਪਾਨ ਵਾਯੂ, ਪ੍ਰਾਣਾਂ ਨੂੰ ਉਲਟਾ ਕੇ। ਫਿਰਾਵਉ-ਉਲਟਾਵੋ। ਮਨੁ ਮਤਵਾਰ-ਮਤਵਾਲਾ, ਮਸਤ ਹੋਇਆ ਮਨ। ਮੇਰ-ਪਰਬਤ ਵਾਂਗ, ਭਾਵ ਦਸਮ ਦੁਆਰ। ਸਰ-ਬਰਾਬਰ, ਵਰਗਾ। ਭਾਠੀ-ਭੱਠੀ ਜਿਸ ਵਿਚ ਸਰਾਬ ਕੱਢਦੇ ਹਨ। ਅੰਮ੍ਰਿਤ ਧਾਰ-(ਨਾਮ ਦੀ) ਧਾਰਾ। ਚੁਆਵਉ-ਚੁਆਉਂਦੀ ਰਹੁ।੧।

ਭੈ ਬਿਚਿ-(ਪ੍ਰਭੂ ਦੇ) ਡਰ ਵਿਚ। ਭਾਉ-ਪਿਆਰ। ਭਾਇ-ਪਿਆਰ ਦੁਆਰਾ। ਕੋਊ-ਕੋਈ ਵਿਰਲੇ। ਭਾਈ-ਹੇ ਭਾਈ !। ਘਰ-ਸਰੀਰ। ਭਾਵੈ-ਜੋ (ਪ੍ਰਭੂ ਨੂੰ) ਭਾਉਂਦਾ, ਚੰਗਾ ਲਗਦਾ ਹੈ। ਤਿਸਹਿ-ਉਸ ਨੂੰ। ਪੀਆਈ-ਪਿਲਾਉਂਦਾ ਹੈ।੨।

ਏਕੈ-ਇਕ ਸਰੀਰ ਰੂਪੀ ਨਗਰੀ ਹੈ। ਨੌ ਦਰਵਾਜੇ-ਨੌ ਇੰਦ੍ਰੇ। ਧਾਵਤੁ-ਭਟਕਦੇ (ਮਨ ਨੂੰ)

ਬਰਜਿ ਰਹਾਈ-ਰੋਕ ਕੇ ਰੱਖਦਾ ਹੈ। ਤ੍ਰਿਕੁਟੀ-ਰਜੋ, ਤਮੋ, ਸਤੋ ਵਾਲੀ ਗੰਢ। ਦਸਵਾਂ ਦਰੁ-ਦਸਮ ਦੁਆਰ। ਖੂਲੇ-ਖੁਲ੍ਹਦਾ ਹੈ,(ਜਿਥੇ ਪ੍ਰਭੂ ਦੇ ਪ੍ਰਤੱਖ ਦਰਸ਼ਨ ਕਰਦਾ ਹੈ)। ਖੀਵਾ-ਮਸਤ। ਭਾਈ-ਹੇ ਭਾਈ!।੩।

ਅਭੈ ਪਦ-ਨਿਰਭੈਤਾ ਵਾਲੀ ਆਤਮਿਕ ਪਦਵੀ, ਅਵਸਥਾ। ਤਹ-ਉਥੇ, (ਉਸ ਅਵਸਥਾ ਵਿਚ)। ਨਾਸੇ-ਨਾਸ਼ ਹੋ ਜਾਂਦੇ ਹਨ। ਉਬਟ-ਬਿਖੜਾ ਰਸਤਾ, ਔਖੀ ਘਾਟੀ। ਮਦੁ-(ਨਾਮ ਰੂਪੀ) ਸ਼ਰਾਬ। ਖੋਂਦ ਖੁਮਾਰੀ-ਸ਼ਰਾਬ ਦਾ ਨਸ਼ਾ।

**ਅਰਥ** : ਹੇ ਕਲਾਲਣ !(ਮਾਇਆ ਦੀ ਸ਼ਰਾਬ ਪਿਲਾਉਣ ਵਾਲੀ) ਹੇ ਗੰਵਾਰਨ ! ਹੇ ਮੂਰਖ ਬੁੱਧੀ ! ਵਾਲੀ (ਜੀਵ ਇਸਤ੍ਰੀ! ਤੂੰ ਵਾਸ਼ਨਾ ਰੂਪੀ) ਪਵਨ ਨੂੰ (ਸੰਸਾਰ ਵਲੋਂ) ਉਲਟਾਅ ਕੇ (ਪਰਮੇਸ਼ਰ ਵਲ) ਫਿਰਾ (ਭਾਵ ਮਤ ਮਾਰਨ ਵਾਲਿਆਂ ਨਸ਼ਿਆ ਤੋਂ ਉਪਰ ਉਠ ਅਤੇ ਸੁਆਸਾਂ ਨੂੰ ਨਵਾਂ ਸਿਮਰਨ ਰੂਪੀ ਮੋੜ ਦੇ)। ਦਸਮ ਦੁਆਰ ਉਚੀ ਮਤਿ ਨੂੰ ਭੱਠੀ ਬਣਾ (ਫਿਰ ਦਸਮ ਦੁਆਰ ਵਿਚ) ਅੰਮ੍ਰਿਤ ਦੀ ਧਾਰ ਚੁਆਂਦੀ ਰਹੁ ।੧।

(ਹੇ ਭਾਈ !) ਰਾਮ (ਨਾਮ) ਦੀ ਦੁਹਾਈ ਬੋਲੋ (ਭਾਵ ਪਰਮੇਸ਼ਰ ਦੇ ਨਾਮ ਦਾ ਨਿਰੰਤਰ ਜਾਪ ਜਪੋ)। ਹੇ ਸੰਤ ਜਨੋ ! (ਪ੍ਰਭੂ ਦਾ ਨਾਮ) ਅੰਮ੍ਰਿਤ ਰਸ (ਜੋ ਪ੍ਰਾਪਤ ਹੋਣਾ ਦੁਰਲੱਭ ਹੈ ਉਸ ਨੂੰ) ਸਦਾ ਪੀਂਦੇ ਰਹੁ। (ਉਹ) ਸਹਿਜੇ (ਸੁੱਤੇ ਹੀ ਮਾਇਕੀ ਪਦਾਰਥਾਂ ਦੀ ਤ੍ਰਿਸ਼ਨਾ ਰੂਪ) ਪਿਆਸ ਬੁਝਾ ਦਿੰਦਾ ਹੈ ।ਰਹਾਉ।

(ਹੇ ਭਾਈ ! ਪ੍ਰਭੂ ਦੇ) ਡਰ ਵਿਚ (ਰਹਿ ਕੇ) ਪ੍ਰੇਮ (ਪ੍ਰਾਪਤ ਹੁੰਦਾ ਹੈ ਅਤੇ ਉਸ) ਪ੍ਰੇਮ ਦੀ ਸਹਾਇਤ ਨਾਲ ਕੋਈ (ਵਿਰਲੇ ਹੀ ਨਾਮ ਅਭਿਆਸੀ ਇਸ ਖੇਡ ਨੂੰ) ਸਮਝਦੇ ਹਨ (ਜਿਹੜਾ ਇਸ ਭੇਦ ਨੂੰ ਸਮਝ ਲੈਂਦਾ ਹੈ, ਉਹ) ਹਰੀ ਦੇ (ਨਾਮ) ਰਸ ਨੂੰ ਪਾ ਲੈਂਦਾ ਹੈ। ਜਿਤਨੇ ਵੀ (ਮਨੁੱਖਾ) ਸਰੀਰ ਹਨ (ਸਾਰਿਆਂ ਵਿਚ ਹੀ ਅੰਮ੍ਰਿਤ ਭਰਪੂਰ ਹੈ, ਪਰ ਜਿਹੜਾ ਸਰੀਰ ਉਸ ਨੂੰ) ਚੰਗਾ ਲਗਦਾ ਹੈ, ਉਸ ਨੂੰ ਹੀ (ਉਹ ਪ੍ਰਭੂ ਅੰਮ੍ਰਿਤ) ਪਿਲਾਂਦਾ ਹੈ ।੨।

ਸਰੀਰ ਰੂਪੀ ਨਗਰੀ ਇਕੋ ਹੀ ਹੈ (ਅਤੇ) ਨੌਂ (ਗੋਲਕਾਂ ਸਰੀਰ ਦੇ) ਦਰਵਾਜ਼ੇ (ਲੱਗੇ ਹੋਏ ਹਨ)। (ਇਸ ਵਿਚ ਜਿਹੜੀ ਪਵਣ ਰੂਪੀ ਬ੍ਰਿਤੀ ਦੌੜਦੀ ਸੀ, ਉਹ) ਰੋਕ ਕੇ (ਇਕ ਥਾਂ) ਠਹਿਰ ਗਈ ਹੈ (ਜਦੋਂ) ਤਿੰਨਾਂ ਗੁਣਾਂ ਦੀ ਗੰਢ ਖਤਮ ਹੁੰਦੀ ਹੈ, ਦਸਮ ਦੁਆਰ ਖੁਲ੍ਹਦਾ ਹੈ (ਜਿਸ ਵਿਚ ਅੰਮ੍ਰਿਤ ਹੈ) ਹੇ ਭਾਈ ! ਤਾਂ ਮਨ (ਅੰਮ੍ਰਿਤ ਪੀ ਕੇ) ਮਸਤ ਹੁੰਦਾ ਹੈ ।੩।

ਕਬੀਰ ਜੀ ਆਖਦੇ ਹਨ (ਕਿ ਅਸਾਂ ਇਹ ਗੱਲ) ਵੀਚਾਰ ਕੇ ਆਖੀ ਹੈ ਕਿ (ਰਾਮ ਦੀ ਦੁਹਾਈ ਨਾਲ ਜਿਥੋਂ) ਅਭੈ ਪਦ ਦੀ ਪੂਰਨ (ਪ੍ਰਾਪਤੀ ਹੋ ਗਈ ਹੈ) ਉਥੋਂ ਤਿੰਨੇ ਤਾਪ (ਆਧੀ, ਬਿਆਧੀ, ਉਪਾਧੀ ਭਾਵ ਸਾਰੇ ਕਲੇਸ਼) ਨਾਸ਼ ਹੋ ਗਏ ਹਨ। (ਜਿਹੜੇ ਮਨੁੱਖ ਇਸ) ਔਖੇ ਰਸਤੇ ਤੇ ਚਲਦੇ ਹਨ (ਉਨ੍ਹਾਂ ਨੇ ਅੰਮ੍ਰਿਤ ਰੂਪੀ ਨਾਮ) ਮਦੁ (ਰਸ) ਪਾਇਆ ਹੈ (ਜਿਸ ਦੀ ਮਸਤੀ ਇਸ ਤਰ੍ਹਾਂ ਹੈ) ਜਿਸ ਤਰ੍ਹਾਂ ਖੋਂਦ ਖੁਮਾਰੀ ਵਾਲਾ ਨਸ਼ਾ ਹੁੰਦਾ ਹੈ ।੪।੩।

## ਅਰਥ ਭੇਦ ਅਤੇ ਨਿਰਣੈ

**ਉਬਟ ਚਲੰਤੇ ਇਹੁ ਮਦੁ ਪਾਇਆ, ਜੈਸੇ ਖੋਂਦ ਖੁਮਾਰੀ ॥**

ਇਸ ਪੰਕਤੀ ਦੇ ਪਹਿਲੇ ਅੱਧੇ ਹਿੱਸੇ ਦੇ ਅਰਥਾਂ ਵਿਚ ਟੀਕਾਕਾਰਾਂ ਦੀ ਪਰਸਪਰ ਸੰਪਤੀ ਹੈ ਪਰ "ਜੈਸੇ ਖੌਂਦ ਖੁਮਾਰੀ" ਦੇ ਵੱਖ ਵੱਖ ਕਈ ਅਰਥ ਪ੍ਰਚਲਤ ਹਨ। ਜਿਵੇਂ:-

੧- ਖੋਂਦ=ਪਿਆਲਾ। ਜੈਸੇ ਧਰਤੀ ਖੋਦ ਕੇ ਧਨ ਪਾਵੈ ਤਾਂ ਖੁਮਾਰੀ। [ਪ੍ਰਿਯਾਇ ਕ੍ਰਿਤ ਸੰਤ ਸੁਤੇ ਪ੍ਰਕਾਸ਼ ਜੀ

੨- ਖੋਂਦ ਨਾਮ ਪਯਾਲੇ ਕਾ ਐਸੇ ਅਮਲ ਆਯਾ ਜੈਸੇ ਪਯਾਲੇ ਕੀ ਖੁਮਾਰੀ ਹੋਤੀ ਹੈ। [ਪ੍ਰਿਯਾਇ-ਕ੍ਰਿਤ ਭਾ. ਸ਼ਾਮ ਸਿੰਘ ਜੀ

੩- ਖੌਂਦ ਪੰਜਾਬੀ ਦਾ ਪਦ ਹੈ, ਇਸ ਨੂੰ ਵਰਤਿਆ ਕਬੀਰ ਜੀ ਨੇ ਹੈ ਜੋ ਪੂਰਬ ਦੇ ਰਹਿਣ ਵਾਲੇ ਥੇ,, ਤਾਂ ਤੇ ਵਧੇਰੇ ਮੁਮਕਿਨ ਹੈ ਕਿ ਇਹ ਪਦ ਹਿੰਦੀ ਦਾ- ਖੂੰਦ-ਪਦ ਹੋਵੇ। ਖੂੰਦ ਦੇ ਅਰਥ ਹਨ- ਕਿਸੇ ਤ੍ਰਿੱਖੇ ਤੇ ਮਸਤ ਘੋੜੇ ਨੂੰ ਸਵਾਰ ਕੇ ਖੜਾ ਕਰਨਾ ਤੇ ਉਸ ਨੇ ਮੂਲੋਂ ਖੜੇ ਨਾ ਹੋਣਾ ਪਰ ਥੋੜੀ ਜਿਹੀ ਥਾਂ ਵਿਚ ਪੈਰ ਚੁਕਦੇ ਰਖਦੇ, ਵਧਦੇ ਹਟਦੇ, ਘੁੰਮਦੇ ਸਿਧੇ ਹੁੰਦੇ ਰਹਿਣਾ, ਇਸ ਨੂੰ ਖੂੰਦ ਕਹਿੰਦੇ ਹਨ। ਇਹ ਖੂੰਦ- ਉਸ ਘੋੜੇ ਦੀ ਮਸਤੀ ਚੰਚਲਤਾਈ ਤੇ ਭਰੇ ਬਲ ਵਾਲੇ ਹੋਣ ਦਾ ਚਿੰਨ੍ਹ ਹੁੰਦਾ ਹੈ। [ਕੋਸ਼ - ਖ਼ਾ. ਟ੍ਰੈ. ਸੁ., ਅੰਮ੍ਰਿਤਸਰ

੪- ਖੌਂਦ- ਦਾਖ ਦਾ ਰਸ ਦਾ ਅੰਗੂਰੀ ਸ਼ਰਾਬ। [ਮਹਾਨ ਕੋਸ਼

੫- ਖੋਂਦ ਹਿੰਦੀ ਕੋਸ਼ ਮੈ ਔਝੜ ਕਾ ਨਾਮ ਹੈ ਸੰਸਕ੍ਰਿਤ ਮੈ ਚੂਰਣ ਕਾ ... ਜੈਸੇ ਖੋਂਦ, ਔਕੜ ਮੈ ਫਿਰ ਹੈਂ ਪੁਰਖ ਖੁਮਾਰੀ, ਬਾਹਰ ਕੀ ਮਦਰਾ ਕੇ ਅਮਲ ਸੈ। ਜੈਸੇ ਅਪਨੇ ਅਮਲ ਕੀ ਖੁਮਾਰੀ, ਬਾਹਰ ਕੀ ਮਦਰਾ ਕੇ ਅਮਲ ਸੈ। ਜੈਸੇ ਅਪਨੇ ਅਮਲ ਕੀ ਖੁਮਾਰੀ ਸੈ ਖੋਂਦ, ਅਮਲ ਵਾਲੀ ਧਰੇ ਆਦਿਕ ਵਸਤੂਯੋਂ ਕਾ ਚੂਰਣ ਮਸਤ ਕਰ ਦੇਵੈ ਹੈ, ਉਪਰ ਦਸਮ ਦ੍ਵਾਰ ਮੈਂ ਚਲਨ ਸੰਮੈਂ ਐਸਾ ਮਸਤ ਕਰਨੇ ਵਾਲਾ ਬ੍ਰਹਮ ਨੰਦ ਮਦ ਰੂਪ ਪਦ ਪਾਯਾ ਹੈ। [ਨਰੋਤਮ

੬- ਜੈਸੇ ਮਦ ਕਾ (ਖੋਂਦ) ਪਯਾਲਾ ਪੀਣੇ ਤੇ ਪੁਰਸ਼ ਕੋ ਖੁਮਾਰੀ ਚੜ੍ਹਤੀ ਹੈ ਵਾ ਜੈਸੇ (ਖੋਂਦ) ਸੂੰਘੇ ਕੋ ਧਰਤੀ ਸੂੰਘਨੇ ਸੇ ਖੁਮਾਰੀ ਚੜਤੀ ਹੈ ਭਾਵ ਖਾਰਾ ਮੀਠਾ ਜਲ ਪ੍ਰਤੀਤ ਹੋ ਜਾਤਾ ਹੈ। [ਫ਼. ਸ.

੭- ਜੈਸੇ ਖੋਂਦ ਨਾਮ ਪਿਆਲੇ ਕੀ ਮਸਤੀ ਹੋਤੀ ਹੈ। ਕਿੰਬਾ - ਕੁਲੂ ਤੁਟੰਤ ਮੈਂ ਜਾ ਕੇ ਲੋਕ ਜ਼ਮੀਨ ਲੈ ਕੇ ਪਟਾਤੇ ਹੈ ਵਿਚੋਂ ਹੀਰਾ ਨਿਕਸਤਾ ਹੈ ਜਬ ਐਸੇ ਹੀ ਖੋਦ ਜਮੀਨ ਕੋ ਖੋਦਦੇ ਹੈਂ ਹੀਰੇ ਵਾਸਤੇ ਫੇਰ ਖੁਮਾਰੀ ਚੜ੍ਹ ਜਾਤੀ ਹੈ। [ਭਗਤ ਬਾਣੀ ਸਟੀਕ ਗਿ. ਭਗਵਾਨ ਸਿੰਘ ਜੀ

੮- ਪਸ਼ੂ ਨੂੰ ਕੰਮੋ ਹਟਾ ਕੇ ਕਿਲੇ ਬੰਨ੍ਹ ਕੇ ਛੋਲੀਆ ਆਦਿ ਤਾਕਤ ਵਾਲੇ ਭੋਜਨ ਖਿਲਾਣ ਨੂੰ ਖੋਦੇ ਬੰਨ੍ਹਣਾ ਕਹਿੰਦੇ ਹਨ। ਖੋਦੋਂ ਕਢਿਆ ਪਸ਼ੂ ਬੜਾ ਤਕੜਾ ਤੇ ਮਸਤ ਹੁੰਦਾ ਹੈ। ਕਹਿੰਦੇ ਹਨ ਏਹ ਨਸ਼ਾ ਪੀ ਕੇ ਖੌਂਦ ਖੁਮਾਰੀ ਵਾਂਗ ਪ੍ਰਤੀਤ ਹੁੰਦਾ ਹੈ।

[ਸ਼ਬਦਾਰਥ, ਭਗਤ ਬਾਣੀ ਸਟੀਕ- ਪੰਡਿਤ ਨਰੈਣ ਸਿੰਘ ਗਿਆਨੀ

੯- ਪਿਆਲੇ (ਸ਼ਰਾਬ ਦੇ) ਦੀ। [ਕੋਸ਼- ਸੋਢੀ ਤੇਜਾ ਸਿੰਘ ਜੀ

**ਨਿਰਣੈ:** 'ਦਰਪਣ' ਦੇ ਕਰਤਾ ਨੇ ਵੀ 'ਖੌਂਦ' ਪਦ ਦੇ ਅਰਥ ਮਹਾਨ ਕੋਸ਼ ਵਾਲੇ 'ਅੰਗੂਰੀ ਸ਼ਰਾਬ' ਹੀ ਕੀਤੇ ਹਨ। 'ਗੁਰਬਾਣੀ ਪਾਠ ਦਰਸ਼ਨ' ਦਮਦਮੀ ਟਕਸਾਲ ਨੇ ਇਸ ਪੰਕਤੀ ਦੇ ਪਦ ਅਰਥ

ਕੀਤੇ ਹੀ ਨਹੀਂ।

'ਖੁਮਾਰ' ਪਦ ਅਰਬੀ ਭਾਸ਼ਾ ਦੇ 'ਖ਼ਮਰ' ਪਦ ਤੋਂ ਹੋਂਦ ਵਿਚ ਆਇਆ ਹੈ ਜਿਸ ਦੇ ਅਰਥ ਹਨ ਸ਼ਰਾਬ (ਮਦਿਰਾ), ਜੋ ਖ਼ਮੀਰ (ਸਾੜੇ) ਤੋਂ ਬਣਾਈ ਗਈ ਹੈ।

ਇਸ ਵਿਚ ਸੰਦੇਹ ਨਹੀਂ ਕਿ "ਨਾਮ ਖੁਮਾਰੀ ਨਾਨਕਾ, ਚੜੀ ਰਹੈ ਦਿਨੁ ਰਾਤਿ" (ਕਚੀ ਬਾਣੀ) ਭਾਈ ਬਾਲੇ ਵਾਲੀ ਜਨਮਸਾਖੀ ਵਿਚ ਦਰਜ ਹੈ ਪਰ ਖੁਮਾਰੀ ਨਸ਼ੇ ਦੀ ਹੁੰਦੀ ਹੈ, ਨਾਮ ਦੀ 'ਮਸਤੀ' ਹੁੰਦੀ ਹੈ। ਭਾਵ 'ਖੁਮਾਰੀ' ਪਦ ਪਸ਼ੂਆਂ ਉਤੇ ਘਟਾਇਆ ਜਾਂਦਾ ਹੈ ਜਿਵੇਂ ਖੋਦੇ ਚੋਂ ਕਢਿਆ ਪਸ਼ੂ ਬਲ ਦੇ ਨਸ਼ੇ ਵਿਚ ਹੁੰਦਾ ਹੈ, ਜਾਂ ਜਿਵੇਂ ਸ਼ਰਾਬੀ ਨੂੰ ਸ਼ਰਾਬ ਦਾ ਪਿਆਲਾ ਪੀ ਕੇ ਖੁਮਾਰੀ ਚੜ੍ਹੀ ਹੁੰਦੀ ਹੈ। ਇਸੇ ਤਰ੍ਹਾਂ "ਉਧਟ ਚਲੰਤੇ ਇਹੁ ਮਦੁ ਪਾਇਆ, ਜੈਸੇ ਖੋਂਦ ਖੁਮਾਰੀ" ਵਾਲੀ ਪੰਕਤੀ ਦਾ ਭਾਵ ਹੈ। ਜਿਹੜੇ ਜੀਵ ਵਿਕਾਰਾਂ ਵਾਲਾ ਮਾਰਗ ਛੱਡ ਕੇ ਇਸ ਔਖੀ ਘਾਟੀ ਤੇ ਚਲਦੇ ਹਨ (ਉਨ੍ਹਾਂ ਨੇ ਅੰਮ੍ਰਿਤ ਨਾਮ ਰੂਪੀ) ਇਹ ਸ਼ਰਾਬ ਪੀ ਕੇ (ਇਹੋ ਜਿਹੀ ਮਸਤੀ ਵਾਲੀ ਹਾਲਤ ਪਾ ਲਈ ਹੈ)। ਜਿਸ ਤਰ੍ਹਾਂ 'ਖੋਂਦ ਦੀ ਖੁਮਾਰੀ ਹੁੰਦੀ ਹੈ। ਇਸ ਪੰਕਤੀ ਦੇ ਵੱਖ ਵੱਖ ਵੰਨਗੀਆਂ ਵਾਲੇ ਅਰਥਾਂ ਦੇ ਦਰਸ਼ਨ ਪਾਠਕਾਂ ਨੇ ਕਰ ਲਏ ਹਨ ਪਰ ਤੱਤ ਵੀਚਾਰ 'ਨਾਮ ਦੀ ਮਸਤੀ' ਵਾਲੀ ਹਾਲਤ ਨੂੰ ਨਿਰੂਪਣ ਕਰਦਾ ਹੈ:—

**ਮਾਈ ਰੀ, ਮਨੁ ਮੇਰੋ ਮਤਵਾਰੋ॥ ਪੇਖਿ ਦਇਆਲ ਅਨਦ ਸੁਖ ਪੂਰਨ,**
**ਹਰਿ ਰਸਿ ਰਪਿਓ ਖੁਮਾਰੋ ॥੧॥ਰਹਾਉ॥** [ਪੰਨਾ ੧੨੨੫

ਗੱਲ ਕੀ, 'ਇਹ ਮਦੁ' ਨੂੰ 'ਖੋਂਦ ਖੁਮਾਰੀ' ਨਾਲ ਤੁਲਨਾ ਦੇ ਕੇ ਜਗਿਆਸੂਆਂ ਨੂੰ ਇਕ ਪ੍ਰਕਾਰ ਨਾਮ-ਮਦ ਪੀਣ ਦੀ ਪ੍ਰੇਰਨਾ ਹੀ ਹੈ।

(ਨੋਟ- ਗੁਰਬਾਣੀ ਵਿਆਕਰਣ ਅਨੁਸਾਰ 'ਖੋਂਦ' ਪਦ ਦੇ ਅਰਥ 'ਖੋਦ ਕੇ' ਨਹੀਂ ਬਣ ਸਕਦੇ। ਇਕ ਤਾਂ ਸ਼ਬਦ 'ਖੋਂਦ' ਹੈ 'ਖੋਦ' ਨਹੀਂ। ਦੂਜੀ 'ਖੋਦ' ਦਾ 'ਦ' ਸਿਹਾਰੀ ਸਹਿਤ ਹੁੰਦਾ ਤਾਂ 'ਖੋਦ ਕੇ' ਅਰਥ ਬਣ ਸਕਦੇ ਸਨ।)

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਦੇ ਤੱਥਾਂ ਤੋਂ ਇਉਂ ਜਾਪਦਾ ਹੈ ਕਿ ਜੋਗੀ ਲੋਕ ਅੰਮ੍ਰਿਤ-ਰਸ ਪ੍ਰਾਪਤ ਕਰਨ ਦੇ ਵਿਸ਼ੇ ਤੇ ਭਗਤ ਕਬੀਰ ਜੀ ਨਾਲ ਵੀਚਾਰ ਸਾਂਝੇ ਕਰ ਰਹੇ ਹਨ। ਜੋਗੀ ਲੋਕ ਆਪ ਸ਼ਰਾਬ ਕਢਕੇ ਪੀਂਦੇ ਸਨ, ਮਨ ਨੂੰ ਮਸਤ ਕਰਦੇ ਸਨ ਅਤੇ ਫਿਰ ਪ੍ਰਾਣਾ-ਯਾਮ ਦਾ ਅਭਿਆਸ ਕਰਦੇ ਸਨ ਉਹ ਇਸੇ ਨੂੰ ਅੰਮ੍ਰਿਤ ਰਸ ਪੀਣਾ ਸਮਝਦੇ ਸਨ। ਪਰ ਭਗਤ ਕਬੀਰ ਜੀ ਇਸ ਕ੍ਰਿਆ ਨੂੰ ਪਸੰਦ ਨਹੀਂ ਕਰਦੇ। ਇਸ ਲਈ ਜੋਗੀ ਨੂੰ ਸੰਬੋਧਨ ਕਰਦੇ ਹੋਏ ਆਖਦੇ ਹਨ :

**ਰੀ ਕਲਵਾਰਿ ਗਵਾਰਿ ਮੂਢਮਤਿ, ਉਲਟੋ ਪਵਨੁ ਫਿਰਾਵਉ ॥**
**ਮਨੁ ਮਤਵਾਰ ਮੇਰ ਸਰ ਭਾਠੀ, ਅੰਮ੍ਰਿਤ ਧਾਰ ਚੁਆਵਉ ॥**

ਨਾਮ ਦੀ ਅੰਮ੍ਰਿਤ ਧਾਰਾ ਪੀਣ ਲਈ ਰਾਮ ਦੀ ਦੁਹਾਈ ਦੇਣੀ ਪੈਂਦੀ ਹੈ। ਸ਼ਰਾਬੀ ਮੂੰਹੋਂ ਕਈ ਪ੍ਰਕਾਰ ਦਾ ਬਕਬਾਦ ਕਰਦੇ ਹਨ ਜਿਸ ਨਾਲ ਅਨਹਦ-ਰਸ ਪੀਣਾ ਤਾਂ ਕਿਤੇ ਰਿਹਾ, ਉਨ੍ਹਾਂ ਦਾ ਜਨਮ

ਹੀ ਵਿਅਰਥ ਜਾਂਦਾ ਹੈ। ਜਿਤਨੀ ਸ਼ਕਤੀ ਸ਼ਰਾਬ ਪੀਣ ਤੇ ਬਰਬਾਦ ਕੀਤੀ ਜਾਂਦੀ ਹੈ ਜੇ 'ਰਾਮ ਦੀ ਦੁਹਾਈ' ਵਲ ਲੱਗ ਜਾਏ ਤਾਂ ਮਤਿ ਨਿਹਚਲ ਹੋ ਜਾਂਦੀ ਹੈ, ਪਦਾਰਥਾਂ ਦੀ ਤ੍ਰਿਸ਼ਨਾ ਬੁਝ ਜਾਂਦੀ ਹੈ। ਭਗਤ ਜੀ ਨੇ ਇਕ ਬਹੁਤ ਸੁੰਦਰ ਗਲ ਕਹੀ ਹੈ ਕਿ ਇਹ ਅੰਮ੍ਰਿਤ ਸਾਰੇ ਹਿਰਦਿਆਂ ਵਿਚ ਹੈ ਪਰ ਇਸ ਅੰਮ੍ਰਿਤ ਦਾ ਮਾਲਕ ਅਕਾਲ ਪੁਰਖ ਆਪ ਹੈ, ਜਿਹੜਾ ਉਸ ਨੂੰ ਚੰਗਾ ਲਗਦਾ ਹੈ, ਉਸ ਨੂੰ ਪਿਲਾ ਦਿੰਦਾ ਹੈ, ਹਰੇਕ ਮਨੁੱਖ ਅੰਮ੍ਰਿਤ-ਰਸ ਪ੍ਰਾਪਤ ਨਹੀਂ ਕਰ ਸਕਦਾ।

ਸਰੀਰ ਇਕ ਨਗਰੀ ਦੀ ਨਿਆਈਂ ਹੈ, ਇਸ ਦੇ ਨਊਂ ਦਰਵਾਜਿਆਂ ਨੂੰ ਰੋਕ ਕੇ ਰਖਣ ਦੀ ਲੋੜ ਹੈ ਕਿਉਂਕਿ ਇਨ੍ਹਾਂ ਦਰਵਾਜਿਆਂ ਰਾਹੀਂ ਹੀ ਵਿਖਾਧੀ ਮਨੁੱਖ ਮਨ ਵਿਚ ਫਤੂਰ ਪਾਂਦੇ ਹਨ। ਜਿਹੜੇ ਨੌ ਇੰਦ੍ਰਿਆਂ ਉਤੇ ਕਾਬੂ ਪਾ ਲੈਂਦੇ ਹਨ ਉਨ੍ਹਾਂ ਵਾਸਤੇ ਦਸਮ ਦੁਆਰ ਖੁਲ੍ਹ ਜਾਂਦਾ ਹੈ। ਇਸ ਬਾਰੇ ਸ੍ਰੀ ਗੁਰੂ ਰਾਮਦਾਸ ਜੀ ਦੇ ਪਾਵਨ ਬਚਨ ਹਨ:-

**ਨਉ ਦਰਵਾਜ ਨਵੇ ਦਰ ਫੀਕੇ ਰਸੁ ਅੰਮ੍ਰਿਤੁ ਦਸਵੇ ਚੁਈਜੈ ॥**
**ਕ੍ਰਿਪਾ ਕ੍ਰਿਪਾ ਕਿਰਪਾ ਕਰਿ ਪਿਆਰੇ, ਗੁਰਸਬਦੀ ਹਰਿ ਰਸੁ ਪੀਜੈ॥**[ਪੰਨਾ ੧੩੨੩

ਭਗਤ ਜੀ ਕਹਿੰਦੇ ਹਨ ਕਿ ਮਾਇਆ ਵਲ ਝੁਕੇ ਹੋਏ ਮਨ ਨੂੰ ਉਲਟਾਇਆਂ ਹੀ ਨਾਮ ਰੂਪੀ ਸ਼ਰਾਬ ਮਿਲਦੀ ਹੈ ਅਤੇ ਇਸਦਾ ਨਸ਼ਾ 'ਖੋਂਦ ਖੁਮਾਰੀ' ਵਾਂਗ ਪ੍ਰਤੀਤ ਹੁੰਦਾ ਹੈ। ਸਿਧਾਂਤ ਇਹ ਹੈ ਕਿ ਪਰਮੇਸ਼ਰ ਕਿਰਪਾ ਕਰਕੇ ਗੁਰੂ ਨਾਲ ਮੇਲ ਕਰਾ ਦੇਵੇ, ਤਾਂ ਹੀ ਮਨੁੱਖ ਨੂੰ ਅਸਲੀ ਜੀਵਨ-ਮਾਰਗ ਦੀ ਸੋਝੀ ਆਉਂਦੀ ਹੈ।

**ਕਾਮ, ਕ੍ਰੋਧ ਤ੍ਰਿਸਨਾ ਕੇ ਲੀਨੇ, ਗਤਿ ਨਹੀ ਏਕੈ ਜਾਨੀ॥ ਫੂਟੀ ਆਖੈ ਕਛੂ ਨ ਸੂਝੈ, ਬੂਡਿ ਮੂਏ ਬਿਨੁ ਪਾਨੀ॥੧॥ ਚਲਤ ਕਤ ਟੇਢੇ ਟੇਢੇ ਟੇਢੇ॥ ਅਸਤਿ ਚਰਮ ਬਿਸਟਾ ਕੇ ਮੂੰਦੇ, ਦੁਰਗੰਧ ਹੀ ਕੇ ਬੇਢੇ॥੧॥ਰਹਾਉ॥ ਰਾਮ ਨ ਜਪਹੁ ਕਵਨ ਭ੍ਰਮ ਭੂਲੇ, ਤੁਮ ਤੇ ਕਾਲੁ ਨ ਦੂਰੇ॥ ਅਨਿਕ ਜਤਨ ਕਰਿ ਇਹੁ ਤਨੁ ਰਾਖਹੁ, ਰਹੈ ਅਵਸਥਾ ਪੂਰੇ॥੨॥ ਆਪਨ ਕੀਆ ਕਛੂ ਨ ਹੋਵੈ, ਕਿਆ ਕੋ ਕਰੈ ਪਰਾਨੀ॥ ਜਾ ਤਿਸੁ ਭਾਵੈ ਸਤਿਗੁਰੁ ਭੇਟੈ, ਏਕੋ ਨਾਮੁ ਬਖਾਨੀ॥੩॥ ਬਲੂਆ ਕੇ ਘਰੂਆ ਮਹਿ ਬਸਤੇ, ਫੁਲਵਤ ਦੇਹ ਅਇਆਨੇ॥ ਕਹੁ ਕਬੀਰ ਜਿਹ ਰਾਮੁ ਨ ਚੇਤਿਓ, ਬੂਡੇ ਬਹੁਤੁ ਸਿਆਨੇ॥੪॥੪॥**

## ਉਚਾਰਨ ਸੇਧ

**ਬਿੰਦੀ ਸਹਿਤ** : ਫੂਟੀਂ, ਆਖੈਂ, ਜਾਂ, ਜਿਹਂ।

**ਪਦ ਅਰਥ** : ਲੀਨੇ-ਡੁੱਬੇ ਹੋਏ ਭਾਵ ਮਾਰੇ ਹੋਏ। ਗਤਿ-(ਪਰਮੇਸ਼ਰ ਪ੍ਰਾਪਤੀ ਦੀ) ਗਤੀ। ਫੂਟੀ ਆਖੈ-ਅੱਖਾਂ ਫੁਟ ਜਾਣ ਕਰਕੇ ਭਾਵ ਅੰਨੇ ਹੋ ਜਾਣ ਦੇ ਕਾਰਨ। ਕਛੂ ਨ ਸੂਝੈ-ਕੁਝ ਨਹੀਂ ਦਿਸਦਾ। ਬੂਡਿ ਮੂਏ-ਡੁੱਬ ਮੁਏ। ਬਿਨੁ ਪਾਨੀ-ਪਾਨੀ ਤੋਂ ਬਿਨਾਂ।੧। ਚਲਤ-ਚਲਦੇ ਹੋ। ਕਤ-ਕਾਹਦੇ ਲਈ ? ਕਿਉਂ?। ਅਸਤਿ-ਅਸਥੀਆਂ, ਹੱਡੀਆਂ। ਚਰਮ-ਚੰਮ। ਬਿਸਟਾ ਕੇ ਮੂੰਦੇ-ਵਿਸ਼ਟਾ ਦੇ ਭਰੇ ਹੋਏ। ਦੁਰਗੰਧ

ਹੀ ਕੇ ਬੇਢੇ-ਦੁਰਗੰਧੀ ਨਾਲ ਹੀ ਲਪੇਟੇ ਹੋਏ।੧।ਰਹਾਉ। ਕਵਨ ਭ੍ਰਮ ਭੂਲੇ-ਕਿਹੜੇ ਭਰਮ ਵਿਚ ਭੁੱਲ ਰਹੇ ਹੋ?। ਤੁਮ ਤੇ-ਤੁਹਾਡੇ ਤੋਂ। ਕਾਲੁ ਮੌਤ। ਨ ਦੂਰੇ-ਦੂਰ ਨਹੀਂ ਹੈ। ਅਨਿਕ ਜਤਨ ਕਰਿ-ਅਨੇਕ ਜਤਨ ਕਰਕੇ, ਕਈ ਹੀਲੇ ਵਸੀਲੇ ਵਰਤ ਕੇ। ਇਹੁ ਤਨੁ ਰਾਖਹੁ-ਇਸ ਸਰੀਰ ਨੂੰ ਰੱਖਣਾ ਚਾਹੁੰਦੇ ਹੋ। ਰਹੇ ਅਵਸਥਾ ਪੂਰੇ-(ਪ੍ਰੰਤੂ ਇਹ) ਉਮਰ ਦੇ ਵਰ੍ਹੇ ਪੂਰੇ ਹੋਣ ਤਕ ਰਹੇਗਾ (ਉਸ ਤੋਂ ਬਾਅਦ ਕੋਈ ਨਹੀਂ ਰਖ ਸਕਦਾ)।੨। ਕਿਆ ਕੋ ਕਰੈ-ਕੋਈ ਕੀ ਕਰ ਸਕਦਾ ਹੈ?। ਪਰਾਨੀ-ਜੀਵ। ਤਿਸੁ-ਉਸ (ਵਾਹਿਗੁਰੂ ਨੂੰ)। ਭੇਟੈ-ਮਿਲਦਾ ਹੈ। ਬਖਾਨੀ-ਉਚਾਰਦਾ ਹੈ।੩। ਬਲੂਆ ਕੇ ਘਰੂਆ ਮਹਿ-ਰੇਤ ਦੇ ਘਰ ਵਿਚ। ਬਸਤੇ-ਵਸਦੇ ਹੋਏ। ਫੂਲਵਤ-(ਅਹੰਕਾਰ ਨਾਲ) ਫੂਲਦਾ ਫਿਰਦਾ ਹੈਂ, ਖ਼ੁਸ਼ ਹੋ ਰਿਹਾ ਹੈਂ। ਅਇਆਨੇ-ਹੇ ਇਆਣੇ! ਨ ਚੇਤਿਓ-ਯਾਦ ਨਹੀਂ ਕੀਤਾ। ਬੂਡੇ-ਡੁੱਬੇ ਹਨ। ਬਹੁਤ ਸਿਆਨੇ-ਵੱਡੇ ਵੱਡੇ, ਅਨਗਿਣਤ ਸਿਆਣੇ(ਲੋਕ)।੪।

**ਅਰਥ** : ਹੇ ਭਾਈ ! ਕਾਮ, ਕ੍ਰੋਧ (ਅਤੇ) ਤ੍ਰਿਸ਼ਨਾ ਦੇ ਮਾਰੇ ਹੋਏ (ਜੀਆਂ ਨੇ) ਇਕ ਪਰਮੇਸ਼ਰ ਦੀ (ਪ੍ਰਾਪਤੀ ਵਾਲੀ) ਗਤੀ (ਚਾਲ) ਨਹੀਂ ਸਮਝੀ । (ਜਿਨ੍ਹਾਂ ਦੀਆਂ) ਬੈਰਾਗ ਤੇ ਬਿਬੇਕ ਰੂਪੀ ਅੱਖਾਂ ਫੁਟ ਗਈਆਂ ਹਨ (ਉਨ੍ਹਾਂ ਨੂੰ) ਕੁਝ ਨਹੀਂ ਦਿਸਦਾ (ਉਹ ਤਾਂ ਇਉਂ ਜਾਣੋ) ਬਿਨਾਂ ਪਾਣੀ ਤੋਂ ਹੀ ਡੁੱਬ ਕੇ ਮਰ ਗਏ ਹਨ (ਭਾਵ ਪਦਾਰਥਾਂ ਤੇ ਵਿਸ਼ੇ ਰੂਪ ਬਾਣ ਜੋ ਮਿਥਿਆ ਹਨ, ਉਨ੍ਹਾਂ ਨਾਲ ਲਿਪਟ ਕੇ ਅਣਿਆਈ ਮੌਤ ਮਰ ਰਹੇ ਹਨ) ।

(ਹੇ ਮੂਰਖੋ !) ਕਾਹਦੇ ਲਈ ਮਨ, ਤਨ ਬਾਣੀ ਕਰਕੇ ਵਿੰਗੇ ਟੇਢੇ (ਆਕੜ ਕੇ) ਫੁਰਦੇ ਹੋ? (ਤੁਸੀਂ) ਹੱਡੀਆਂ, ਚੰਮ ਤੇ ਵਿਸ਼ਟੇ ਦੇ ਭਰੇ ਹੋਏ, ਦੁਰਗੰਧ ਨਾਲ ਵੇੜੇ ਹੋਏ ਭਾਵ ਢੱਕੇ ਹੋਏ ਹੋ । ਰਹਾਉ ।

(ਹੇ ਭਾਈ ! ਤੁਸੀਂ) ਪਰਮੇਸ਼ਰ ਦਾ ਨਾਮ ਨਹੀਂ ਜਪਦੇ, ਕਿਹੜੇ ਭਰਮ ਭੁਲੇਖਿਆ ਵਿਚ ਭੁਲੇ (ਕੁਰਾਹੇ ਪਏ ਹੋ) ਤੁਹਾਥੋਂ ਮੌਤ ਦੂਰ ਨਹੀਂ ਹੈ (ਭਾਵ 'ਮਿਰਤੁ ਹਸੈ ਸਿਰ ਊਪਰੇ') । ਇਹ ਸਰੀਰ (ਜੋ ਤੁਸੀਂ) ਅਨੇਕ ਜਤਨਾਂ ਨਾਲ (ਪਾਲ ਕੇ ਇਸ ਨੂੰ ਜ਼ਿੰਦਾ) ਰੱਖਣਾ ਲੋਚਦੇ ਹੋ (ਪਰ ਇਹ ਆਪਣੀ) ਉਮਰ ਪੂਰੀ ਹੋਣ ਤਕ (ਕਾਇਮ) ਰਹੇਗਾ (ਉਸ ਤੋਂ ਮਗਰੋਂ ਇਸ ਨੂੰ ਕੋਈ ਨਹੀਂ ਰੱਖ ਸਕਦਾ) ।੨।

(ਹੇ ਭਾਈ !) ਆਪਣਾ ਕੀਤਾ ਕੁਝ ਨਹੀਂ ਹੋ ਸਕਦਾ, ਕੋਈ ਪ੍ਰਾਣੀ (ਕਿਸੇ ਨੂੰ ਬਚਾਉਣ ਵਿਚ ਆਪ) ਕੀ ਕਰ ਲਵੇਗਾ ? ਹਾਂ, ਜਦੋਂ ਉਸ (ਪਰਮੇਸ਼ਰ) ਨੂੰ ਚੰਗਾ ਲਗਦਾ ਹੈ ਤਾਂ (ਜੀਵ ਨੂੰ) ਸਤਿਗੁਰੂ ਮਿਲਦਾ ਹੈ (ਜਿਸ ਦੀ ਕਿਰਪਾ ਸਦਕਾ ਜੀਵ ਪਰਮੇਸ਼ਰ ਦਾ) ਇਕੋ ਨਾਮ ਉਚਾਰਦਾ ਹੈ ।੩।

ਹੇ ਇਆਣੇ ਜੀਵ ! ਰੇਤ ਦੇ ਘਰ ਵਿਚ ਵਸਦੇ ਹੋਏ (ਐਵੇਂ) ਫੂਲਦਾ ਫਿਰਦਾ ਹੈਂ (ਤੇਰਾ ਸਰੀਰ ਤਾਂ (ਛਿਨ ਭੰਗਰ ਹੈ) । ਕਬੀਰ! ਆਖ ਕਿ ਜਿਨ੍ਹਾਂ (ਪੁਰਸ਼ਾਂ ਨੇ) ਪਰਮੇਸ਼ਰ ਨੂੰ ਯਾਦ ਨਹੀਂ ਕੀਤਾ, ਸਿਮਰਿਆ ਨਹੀਂ, (ਉਹ)ਵੱਡੇ ਵੱਡੇ ਅਨੇਕਾਂ ਸਿਆਣੇ ਲੋਕ(ਸੰਸਾਰ ਸਮੁੰਦਰ ਵਿਚ ਹੀ) ਡੁੱਬ ਗਏ ।੪।੪।

## ਅਰਥ ਭੇਦ ਅਤੇ ਨਿਰਣੈ

**ਬਲੂਆ ਕੇ ਘਰੂਆ ਮਹਿ ਬਸਤੇ, ਫੁਲਵਤ ਦੇਹ ਅਇਆਨੇ ॥**
**ਕਹੁ ਕਬੀਰ ਜਿਹ ਰਾਮੁ ਨ ਚੇਤਿਓ, ਬੂਡੇ ਬਹੁਤੁ ਸਿਆਨੇ ॥**

ਪਹਿਲੀ ਪੰਕਤੀ ਵਿਚ 'ਫੁਲਵਤ ਦੇਹ ਅਇਆਨੇ' ਅਤੇ 'ਫੂਲ ਵਤ ਦੇਹ ਅਇਆਨੇ' ਦੋ ਤਰ੍ਹਾਂ

ਪਾਠ ਪਦ ਛੇਦ ਕਰਕੇ ਇਸ ਤਰ੍ਹਾਂ ਅਰਥ ਕੀਤੇ ਜਾਂਦੇ ਹਨ :

੧. ਜੈਸੇ ਕੋਈ ਮੋਟੇ ਰੇਤੇ ਕਾ ਘਰ ਬੰਧਵਾ ਕਰ ਬਸੈ ਤੇ ਸੀਘ੍ਰ ਹੀ ਨਸ਼ਟ ਹੋ ਜਾਤਾ ਹੈ ਪੁਨ ਜੈਸੇ ਫੂਲ ਥੋੜੇ ਦਿਨ ਮੈਂ ਮੁਰਝਾਇ ਜਾਤਾ ਹੈ ਹੇ ਇਯਾਨੇ ਜੀਵ ਇਸ ਪ੍ਰਕਾਰ ਯਿਹ ਦੇਹੀ ਨਾਸ਼ਵੰਤ ਹੈ। (ਨੋਟ : ਇਸ ਸਟੀਕ ਵਿਚ ਫੂਲਵਤ ਸ਼ਬਦ ਜੁੜਤ ਰੂਪ ਵਿਚ ਹੀ ਅੰਕਿਤ ਹੈ)। [ਫ.ਸ.

੨. ਜੈਸੇ ਕੋਈ ਮੂਰਖ ਬਲ੍ਹਆ, ਰੇਤੇ ਕੇ ਘਰ ਮੈਂ ਬਾਸ ਕਰ ਤਿਸ ਕੋ ਦੇਖ ਕੇ ਫੂਲੇ ਜੋ ਹਮਾਰੇ ਮੰਦਰ ਬਡੇ ਸੁੰਦਰ ਹੈਂ। ਬਹੁਤ ਕਾਲ ਰਹੇ। ਤੈਸੇ ਤੁਮ ਹੀ ਇਆਨੇ ਜਿਸ ਦੇਹ ਕੋ ਦੇਖ ਕੇ ਫੂਲਵਤ, ਫੂਲਤੇ ਹੋ। ਸੋ ਭੀ ਬਿਚਾਰ ਕੇ ਦੇਖੋ, ਬਾਲੂ ਕੇ ਘਰ ਜੈਸੀ ਹੈ। [ਨਿਰੋਤਮ

੩. ਇਹ ਇਆਣਾ ਇਸ ਦੇਹ ਦਾ ਮਾਨ ਕਰ ਰਿਹਾ ਹੈ। [ਸ਼ਬਦਾਰਥ

੪. ਹੇ ਅੰਵਾਣ ! (ਇਹ ਤੇਰਾ ਸ਼ਰੀਰ ਰੇਤ ਦੇ ਘਰ ਸਮਾਨ ਹੈ) ਤੂੰ ਰੇਤ ਦੇ ਘਰ ਵਿਚ ਵੱਸਦਾ ਹੈਂ ਤੇ ਇਸ ਸਰੀਰ ਉਤੇ ਮਾਣ ਕਰਦਾ ਹੈਂ। [ਦਰਪਣ

੫. ਸੰਪ੍ਰਦਾਈ ਸਟੀਕ ਵਿਚ ਪਾਠ 'ਫੂਲ ਵਤ' ਪਦ ਛੇਦ ਰੂਪ ਵਿਚ ਦਰਜ ਹੈ ਅਤੇ ਅਰਥ ਫਰੀਦ ਕੋਟ ਸਟੀਕ ਵਾਲੇ ਹੀ ਹਨ।

ਦੂਜੀ ਪੰਕਤੀ ਦੇ ਅਰਥ ਸਰਲ ਹਨ। ਪਰ ਸੰਤ ਸੰਪੂਰਨ ਸਿੰਘ ਜੀ ਨੇ ਭਗਤਾਂ ਦੀ ਬਾਣੀ ਮਰਮ ਬੋਧਨੀ ਸਟੀਕ ਵਿਚ ਇਸ ਪੰਕਤੀ ਦੇ ਅਰਥ ਅਣ ਸੰਬੋਧਨ ਰੂਪ ਵਿਚ ਕੀਤੇ ਹਨ।

**ਨਿਰਣੈ :** ਮਹਾਨ ਕੋਸ਼' ਵਿਚ 'ਫੂਲਵਤ' ਜੁੜਤ ਪਦ ਹੈ ਅਤੇ ਅਰਥ ਇਸ ਤਰ੍ਹਾਂ ਕੀਤੇ ਹਨ : ਫੂਲਦਾ, ਅਹੰਕਾਰ ਨਾਲ ਆਫਰਦਾ, ਦੇਖੋ, ਫੂਲਣਾ

੧. ਫੂਲਵਤ ਦੇਹ ਅਇਆਨੇ ॥

੨. ਫੁੱਲ ਵਤ, ਫੁੱਲ ਵਾਂਗ, ਫੁੱਲ ਤੁੱਲ।

ਜੇ ਵਿਆਕਰਣ ਪਖ ਤੋਂ ਨਿਰਣਾ ਕਰੀਏ ਤਾਂ ਇਥੇ 'ਫੂਲਵਤ' ਕਿਰਿਆ ਵਾਚੀ ਪਦ ਹੈ ॥ ਇਸੇ ਤਰ੍ਹਾਂ 'ਆਇਆਨੇ' ਪਦ ਦੇ ਅਰੰਭ ਵਿਚ ਲਗਾ 'ਅ' ਕਾਵਿ ਮਾਤ੍ਰਾ ਦੀ ਪੂਰਤੀ ਦਾ ਲਖਾਇਕ ਹੈ, ਉਂਜ ਇਸ ਦਾ ਰੂਪ 'ਇਆਨੇ' ਹੈ। ਇਹ ਪਦ 'ਸਿਆਨੇ' ਪਦ ਵਾਂਗ ਅਣ-ਸੰਬੋਧਨ ਰੂਪ ਵਿਚ ਨਹੀਂ ਹੈ ਜਿਵੇਂ ਕਿ ਸੰਤ ਸੰਪੂਰਨ ਸਿੰਘ ਜੀ ਨੇ ਕੀਤੇ ਹਨ। ਗੁਰਬਾਣੀ ਵਿਚ 'ਇਆਨੇ' ਪਦ ਦੀ ਕਈ ਥਾਵਾਂ ਤੇ ਵਰਤੋਂ ਕੀਤੀ ਹੋਈ ਮਿਲਦੀ ਹੈ। ਜਿਵੇਂ : ਗੁਰ ਕੀ ਮਤਿ ਤੂ ਲੇਹਿ ਇਆਨੇ ॥ ਆਦਿ ਆਦਿ। ਹੇ ਇਆਣੇ (ਜੀਵ !) ਰੇਤ ਦੇ ਘਰ ਵਾਂਗ ਦੇਹੀ ਵਿਚ ਵਸਦੇ ਹੋਇਆਂ (ਤੂੰ ਕਿਉਂ) ਫੂਲਦਾ (ਖ਼ੁੱਸ਼ ਹੋਇਆ ਫਿਰਦਾ ਹੈਂ, ਇਹ ਛਿਨ ਭੰਗਰ ਹੈ)। ਭਗਤ ਕਬੀਰ ਜੀ ਦੇ ਸੋਰਠਿ ਰਾਗ ਵਿਚ ਬਚਨ ਹਨ:

**੧- ਜਬ ਜਰੀਐ ਤਬ ਹੋਇ ਭਸਮ ਤਨੁ, ਰਹੈ ਕਿਰਮ ਦਲ ਖਾਈ ॥**
**ਕਾਚੀ ਗਾਗਰ ਨੀਰੁ ਪਰਤੁ ਹੈ, ਇਆ ਤਨ ਕੀ ਇਹੈ ਬਡਾਈ ॥੧॥**
**ਕਾਹੇ, ਭਈਆ ਫਿਰਤੌ ਫੂਲਿਆ ਫੂਲਿਆ ॥**
**ਜਬ ਦਸ ਮਾਸ ਉਰਧ ਮੁਖ ਰਹਤਾ, ਸੋ ਦਿਨੁ ਕੈਸੇ ਭੂਲਿਆ ॥** [ਪੰਨਾ ੬੫੪

**੨- ਤ੍ਰਿਣ ਕੋ ਮੰਦਰੁ ਸਾਜਿ ਸਵਾਰਿਓ, ਪਾਵਕੁ ਤਲੈ ਜਰਾਵਤ ਹੇ ॥**
**ਐਸੇ ਗੜ ਮਹਿ ਐਠਿ ਹਠੀਲੋ, ਫੂਲਿ ਫੂਲਿ ਕਿਆ ਪਾਵਤ ਹੇ ॥[ਪੰਨਾ ੬੨੧**

ਇਸ ਵਿਚ ਸੰਦੇਹ ਨਹੀਂ ਕਿ ਨਾਸ਼ਵੰਤ ਦੇਹੀ ਨੂੰ ਫੂਲ ਨਾਲ ਤੁਲਨਾ ਦਿਤੀ ਜਾ ਸਕਦੀ ਹੈ ਜਿਵੇਂ ਕਿ ਸੰਸਾਰ ਨੂੰ 'ਬਿਖੁ ਵੜ' ਕਹਿ ਕੇ ਜ਼ਹਿਰ ਨਾਲ ਤੁਲਨਾ ਦਿਤੀ ਹੈ ਪਰ ਇਥੇ ਦਿਤੇ ਪ੍ਰਮਾਣ ਦਾ ਰੂਪ ਵਖਰਾ ਹੈ। ਸਾਰਾ ਸ਼ਬਦ ਪੜ੍ਹਿਆ ਤੇ ਵੀਚਾਰਿਆਂ ਅਸਲੀਅਤ ਦਾ ਪਤਾ ਚਲ ਜਾਂਦਾ ਹੈ।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਭਗਤ ਜੀ ਉਨ੍ਹਾਂ ਮਨੁੱਖਾਂ ਨੂੰ ਡਾਂਟ ਕੇ ਉਪਦੇਸ਼ ਕਰ ਰਹੇ ਹਨ ਜਿਹੜੇ ਕਾਮ, ਕ੍ਰੋਧ, ਆਦਿਕ ਅਵਗੁਣਾ ਵਿਚ ਫਸੇ ਹੋਏ ਹਨ ਪਰ 'ਇਕ ਵਸਤੂ' ਪ੍ਰਾਪਤ ਕਰਨ ਲਈ ਕੋਈ ਸਾਧਨ ਨਹੀਂ ਅਪਨਾਅ ਰਹੇ। ਬਿਬੇਕ ਤੇ ਬੈਰਾਗ ਦੋ ਅਜਿਹੇ ਨੇਤ੍ਰ ਹਨ ਜਿਨ੍ਹਾਂ ਤੋਂ ਬਿਨਾਂ ਪਰਮਾਰਥ ਵਿਚ ਲਗੇ ਹੋਏ ਜਗਿਆਸੂਆਂ ਦੇ ਪਲੇ ਕੁਝ ਨਹੀਂ ਪੈਂਦਾ। ਨਿਤ ਤੇ ਅਨਿਤ ਵਸਤੂ ਦਾ ਗਿਆਨ, ਬਿਨਾ ਬਿਬੇਕ ਤੇ ਬੈਰਾਗ ਦੇ, ਸਮਝ ਵਿਚ ਨਹੀਂ ਆਉਂਦਾ।

ਜਿਨ੍ਹਾਂ ਮਨੁੱਖਾਂ ਨੂੰ ਗੁਰੂ-ਗਿਆਨ ਦੀ ਸੋਝੀ ਨਹੀਂ ਓਹੀ ਮਨੁੱਖ ਹਡ, ਮਾਸ ਤੇ ਦੁਰਗੰਧ ਵਾਲੀ ਦੇਹੀ ਨਾਲ ਪਿਆਰ ਕਰਦੇ ਹਨ। ਇਹ ਪਰਮਾਤਮਾ ਦੀ ਮਿਹਰਬਾਨੀ ਹੈ ਉਸ ਨੇ ਇਹ ਸਭ ਗੰਦ ਮੰਦ ਢੱਕ ਕੇ ਰਖਿਆ ਹੋਇਆ ਹੈ, ਜੇ ਢਕਿਆ ਹੋਇਆ ਨਾ ਹੋਵੈ ਤਾਂ ਕੁਤੇ ਬਿਲੇ ਮਨੁੱਖ ਦਾ ਕੁਝ ਨ ਛਡਣ।

ਹੇ ਪਰਮਾਤਮਾ ਤੋਂ ਭੁਲੇ ਹੋਏ, ਆਕੜ ਕੇ ਚਲਣ ਵਾਲਿਓ ! ਜਿਤਨਾ ਚਾਹੋ ਤੁਸੀਂ ਆਪਣੀ ਉਮਰ ਵਧਾਉਣ ਹਿਤ ਤਾਕਤ ਦੇ ਕੈਪਸੂਲ ਖਾ ਕੇ ਬਲਵਾਨ ਬਣਨ ਦਾ ਯਤਨ ਕਰ ਲਉ, ਪਰ 'ਰਹੇ ਅਵਸਥਾ ਪੂਰੇ' ਤੋਂ ਕਿਸੇ ਨੂੰ ਛੋਟ ਨਹੀਂ ਮਿਲ ਸਕਦੀ।

ਅੰਤ ਵਿਚ ਇਹ ਉਪਦੇਸ਼ ਦਿਤਾ ਹੈ ਕਿ ਰੇਤ ਦੇ ਘਰ ਵਾਂਗ ਇਸ ਕਚੀ ਦੇਹੀ ਵਿਚ ਵਸਣ ਵਾਲੇ ਮਨੁੱਖ ਐਵੇਂ ਫੂਲਦੇ ਫਿਰਦੇ ਹਨ ਜਦੋਂ ਕਿ ਇਹ ਸਰੀਰ ਛਿਨ ਭੰਗਰ ਹੈ। ਇਸ ਮਨੁੱਖਾ ਦੇਹੀ ਵਿਚ ਜੋ ਪਰਮੇਸ਼ਰ ਦਾ ਨਾਮ ਸਿਮਰਦੇ ਹਨ, ਉਹ ਜੀਵ ਸੰਸਾਰ ਸਾਗਰ ਤੋਂ ਪਾਰ ਹੋ ਜਾਂਦੇ ਹਨ, ਬਾਕੀ ਦੇ ਚਤੁਰ ਲੋਕ ਸੰਸਾਰ ਸਮੁੰਦਰ ਵਿਚ ਗੋਤੇ ਖਾ ਖਾ ਕੇ ਡੁਬ ਜਾਂਦੇ ਹਨ।

**ਟੇਢੀ ਪਾਗ ਟੇਢੇ ਚਲੇ, ਲਾਗੇ ਬੀਰੇ ਖਾਨ ॥ ਭਾਉ ਭਗਤਿ ਸਿਉ ਕਾਜ ਨ ਕਛੂਐ, ਮੇਰੋ ਕਾਮੁ ਦੀਵਾਨ ॥੧॥ ਰਾਮੁ ਬਿਸਾਰਿਓ ਹੈ ਅਭਿਮਾਨਿ॥ ਕਨਿਕ ਕਾਮਨੀ ਮਹਾ ਸੁੰਦਰੀ, ਪੇਖਿ ਪੇਖਿ ਸਚੁ ਮਾਨਿ ॥੧॥ਰਹਾਉ॥ ਲਾਲਚ ਝੂਠ ਬਿਕਾਰ ਮਹਾ ਮਦ, ਇਹ ਬਿਧਿ ਅਉਧ ਬਿਹਾਨਿ ॥ ਕਹਿ ਕਬੀਰ ਅੰਤ ਕੀ ਬੇਰ, ਆਇ ਲਾਗੋ ਕਾਲੁ ਨਿਦਾਨਿ ॥੨॥੫॥**

## ਉਚਾਰਨ ਸੇਧ

**ਬਿੰਦੀ ਸਹਿਤ :** ਸਿਉਂ, ਮਹਾਂ।

**ਪਦ ਅਰਥ** : ਟੇਢੀ- ਡਿੰਗੀ, ਵਿੰਗੀ। ਪਾਗ-ਪੱਗ। ਚਲੇ-ਚਲ ਕੇ। ਲਾਗੇ ਬੀਰੇ ਖਾਨ-(ਪਾਨ) ਬੀੜੇ ਖਾਣ ਲਗ ਪਏ। ਭਾਉ ਭਗਤਿ-ਪ੍ਰੇਮਾ ਭਗਤੀ। ਸਿਉ-ਨਾਲ। ਕਾਜੁ ਨ ਕਛੂਐ-ਕੋਈ ਵਾਸਤਾ ਨਹੀਂ ਹੈ। ਮੇਰੋ ਕਾਮ-ਮੇਰਾ ਕੰਮ। ਦੀਵਾਨ-ਕਚਿਹਰੀ, ਹਕੂਮਤ ਕਰਨੀ।੧। ਅਭਿਮਾਨਿ-ਹੰਕਾਰ ਵਿਚ। ਕਨਿਕ-ਸੋਨਾ। ਕਾਮਨੀ-ਇਸਤ੍ਰੀ। ਮਹਾ ਸੁੰਦਰੀ-ਬੜੀ ਸੁੰਦਰ ਇਸਤ੍ਰੀ। ਪੇਖਿ ਪੇਖਿ-ਵੇਖ ਵੇਖ ਕੇ। ਸਚੁ ਮਾਨਿ-ਸਚ ਮੰਨਦਾ ਹੈ।੧। ਰਹਾਉ। ਲਾਲਚ-ਲੋਭ। ਬਿਕਾਰ-ਵਿਕਾਰ। ਮਹਾ ਮਦ-ਬਹੁਤ ਅਹੰਕਾਰ। ਇਹ ਬਿਧਿ-ਇਸ ਤਰੀਕੇ ਨਾਲ। ਅਉਧ-ਉਮਰ। ਬਿਹਾਨਿ-ਬੀਤਦੀ, ਗੁਜ਼ਰ ਜਾਂਦੀ ਹੈ। ਅੰਤ ਕੀ ਬੇਰ-ਆਖਰੀ ਵਾਰ, ਅੰਤ ਸਮੇਂ। ਆਇ ਲਾਗੋ-ਆ ਲਗਦਾ ਹੈ। ਕਾਲੁ-ਮੌਤ। ਨਿਦਾਨਿ-ਓੜਕ ਨੂੰ।੨।

**ਅਰਥ** : (ਜਿਹੜੇ ਜੀਵ) ਵਿੰਗੀ ਪੱਗ (ਬੰਨ੍ਹ ਕੇ) ਟੇਢੇ (ਆਕੜ ਕੇ) ਚਲੇ (ਟੁਰੇ, ਅਤੇ ਪਾਨ ਦੇ) ਬੀੜੇ ਖਾਣ ਲਗ ਪਏ, (ਉਨ੍ਹਾਂ ਦਾ ਪ੍ਰਭੂ ਦੀ) ਪ੍ਰੇਮਾ ਭਗਤੀ ਕਰਨ ਨਾਲ ਕੀ ਵਾਸਤਾ ਹੈ? । ਅਜਿਹੀ ਬਿਰਤੀ ਵਾਲਾ ਮਨੁੱਖ ਇਹ ਆਖਦਾ ਹੈ ਕਿ ਮੇਰਾ ਕੰਮ ਤਾਂ (ਦੂਜਿਆਂ ਤੇ) ਹਕੂਮਤ ਕਰਨੀ ਹੈ।੧।

ਅਹੰਕਾਰ ਵਿਚ (ਆ ਕੇ ਅਜਿਹੇ ਮਨੁੱਖ ਨੇ) ਪਰਮੇਸ਼ਰ ਨੂੰ ਭੁਲਾ ਦਿੱਤਾ ਹੈ। ਸੋਨਾ, ਬਹੁਤ ਸੋਹਣੀ ਇਸਤ੍ਰੀ ਨੂੰ ਵੇਖ ਵੇਖ ਕੇ (ਇਨ੍ਹਾਂ ਨੂੰ) ਸਚ ਮੰਨਦਾ ਹੈ (ਜਿਵੇਂ ਕਿ ਇਹ ਸਭ ਕੁਝ ਸਦਾ ਹੀ ਰਹਿਣ ਵਾਲਾ ਹੋਵੇ)।੧ਰਹਾਉ।

(ਮਾਇਆ ਤੇ ਪਦਾਰਥਾਂ ਦਾ) ਲੋਭ, ਝੂਠ, ਵਿਕਾਰ, ਬਹੁਤ ਅਹੰਕਾਰ (ਆਦਿ ਵਿਚ ਰੱਚੇ ਹੋਇਆਂ ਮਨੁਖਾਂ ਦੀ ਸਾਰੀ) ਉਮਰ ਬਤੀਤ ਹੋ ਜਾਂਦੀ ਹੈ। ਕਬੀਰ (ਜੀ ਇਹ) ਕਥਨ ਕਰਦੇ ਹਨ ਕਿ ਉਮਰ ਮੁਕਣ ਤੇ ਓੜਕ ਨੂੰ ਕਾਲ ! ਤੇਰੇ ਨੇੜੇ) ਆ ਲਗੇ ਗਾ (ਇਸ ਲਈ ਨਾਮ ਸਿਮਰਨ ਕਰ ਲੈ, ਤਾਂ ਜੋ ਅੰਤ ਸਮੇਂ ਤੇਰੀ ਸਹਾਇਤਾ ਕਰਨ ਲਈ ਤੇਰੇ ਨਾਲ ਹੋਵੇ)।੨।੫।

## ਸਾਰੰਸ਼ ਅਤੇ ਸਿਧਾਂਤ

ਮਾਇਆਧਾਰੀ ਵਿਕਾਰੀ ਤੇ ਅਹੰਕਾਰੀ ਮਨੁੱਖ ਦੀ ਚਾਲ ਹਮੇਸ਼ਾਂ ਟੇਢੀ ਹੁੰਦੀ ਹੈ, ਪਗ ਨੂੰ ਮਾਇਆ ਲਾ ਕੇ ਸ਼ਮਲਾ ਰਖ ਕੇ ਬੜਾ ਆਕੜ ਆਕੜ ਕੇ ਟੁਰਦਾ ਹੈ। ਜੇ ਕੋਈ ਉਸ ਨੂੰ ਕਹੇ ਭਾਈ ਪਰਮੇਸ਼ਰ ਦਾ ਭਜਨ ਕਰ ਲੈ, ਮਨੁੱਖਾ ਜਨਮ ਫਿਰ ਨਹੀਂ ਹਥ ਆਉਣਾ ਤਾਂ ਉਹ ਅਗੋਂ ਇਹ ਉਤਰ ਦਿੰਦਾ ਹੈ, ਸਾਡਾ ਪ੍ਰੇਮਾ ਭਗਤੀ ਤੇ ਨਾਮ ਜਪਣ ਨਾਲ ਕੋਈ ਵਾਸਤਾ ਨਹੀਂ ਇਹ ਭਗਤਾਂ ਤੇ ਗਿਆਨੀਆਂ ਦਾ ਕੰਮ ਹੈ, ਅਸਾਂ ਤਾਂ ਉਹ ਕੰਮ ਕਰਨਾ ਹੈ ਜਿਸ ਨਾਲ ਸੰਸਾਰਕ ਲਾਭ ਪ੍ਰਾਪਤ ਹੋਵੇ?

ਭਗਤ ਜੀ ਕਹਿੰਦੇ ਹਨ ਕਿ ਮੂਰਖ ਮਨੁੱਖ ਨੇ ਲਾਲਚ ਝੂਠ ਵਿਕਾਰਾਂ ਵਿਚ ਹੀ ਆਪਣੀ ਉਮਰ ਗੁਜ਼ਾਰ ਦਿੱਤੀ ਪਰ ਇਸ ਨੂੰ ਓਦੋਂ ਪਤਾ ਲਗੇਗਾ ਜਦੋਂ ਅੰਤ ਸਮੇਂ ਇਸ ਦੇ ਸਿਰ ਉਤੇ ਜਮ ਦਾ ਠੋਂਗਾ ਵਜੇਗਾ ਅਤੇ ਜਮ ਇਸ ਨੂੰ ਨਰਕਾਂ ਵਲ ਧਕ ਕੇ ਲੈ ਜਾਵੇਗਾ:--

੧. ਦੂਜਾ ਆਇਓਹਿ ਜਮਹਿ ਤਣਾ ॥ [ਪੰਨਾ ੯੨

੨. ਜਮ ਕਾ ਡੰਡੁ, ਮੂੰਡ ਮਹਿ ਲਾਗੈ, ਖਿਨ ਮਹਿ ਕਰੈ ਨਿਬੇਰਾ॥ [ਪੰਨਾ ੪੮੦

ਸਿਧਾਂਤ ਇਹ ਹੈ ਕਿ ਜੀਵਨ ਕਾਲ ਵਿਚ ਪ੍ਰਭੂ ਦਾ ਨਾਮ ਸਿਮਰਨ ਕਰਕੇ ਆਪਣਾ ਜੀਵਨ

ਸਫਲ ਕਰਨਾ ਚਾਹੀਦਾ ਹੈ। ਸਾਦਾ ਖਾਓ, ਸਾਦਾ ਪਹਿਨੋ, ਸਤਿਵਾਦੀ ਜੀਵਨ ਬਿਤਾਓ, ਇਸ ਤਰ੍ਹਾਂ ਸੁਖ ਸਹਿਜ ਅਤੇ ਪਤ ਸੇਤੀ ਨਿਜ ਘਰ ਵਿਚ ਪਹੁੰਚ ਜਾਓਗੇ। ਮੌਤ ਵਾਲੇ ਫਾਰਮੂਲੇ ਤੋਂ ਤੁਸੀਂ ਬਚ ਨਹੀਂ ਸਕਦੇ ਕਿਉਂਕਿ ਮਾਰਨਾ ਤੇ ਰਖਣਾ ਪਰਮਾਤਮਾ ਦੇ ਆਪਣੇ ਵੱਸ ਵਿਚ ਹੈ। ਹੇ ਭਾਈ! ਇਸ ਦੇਹੀ ਦਾ ਕੀ ਮਾਣ ਕਰਦੇ ਹੋ? ਕਿਉਂ ਸੁੰਦਰ ਕਪੜੇ ਪਾ ਪਾ ਕੇ ਫੂਲੀ ਫਿਰਦੇ ਹੋ? ਤੁਹਾਡੇ ਵਰਗੇ ਅਨੇਕਾਂ ਜੀਵ ਹੰਕਾਰ ਰੂਪੀ ਅਗਿਆਨਤਾ ਵਿਚ ਫਸ ਕੇ ਪਰਮੇਸ਼ਰ ਦਾ ਨਾਮ ਭੁਲਾ ਕੇ ਸੰਸਾਰ ਸਾਗਰ ਵਿਚ ਡੁਬ ਕੇ ਮਰ ਗਏ। ਸੋ ਸਦਾ ਨਾਮ ਜਪੋ ਅਤੇ ਮੌਤ ਨੂੰ ਦੂਰ ਨਾ ਸਮਝੋ, ਕਾਲ ਹਰ ਵੇਲੇ ਤੁਹਾਡੇ ਸਿਰ ਤੇ ਖੜ੍ਹਾ ਵਾਜਾਂ ਮਾਰ ਰਿਹਾ ਹੈ। ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਹੰਕਾਰੀਆਂ ਨੂੰ ਬੜੀ ਤਾੜਨਾ ਕੀਤੀ ਹੈ: **ਜਿਨੈ ਪਾਤਸਾਹੀ ਕਰੀ ਕੋਟਿ ਜੁਗਯੰ ॥ ਰਸੰ ਆਨ ਰੰਗੰ ਭਲੀ ਭਾਤ ਭੁਗਯੰ॥**

**ਵਹੈ ਅੰਤ ਕੋ ਪਾਵ ਨਾਗੇ ਪਧਾਰੇ ॥ ਗਿਰੇ ਦੀਨ ਦੇਖੇ ਹਠੀ ਕਾਲ ਮਾਰੇ॥**

[ਬਚਿਤ੍ਰ ਨਾਟਕ ਪਾ. ੧੦

**ਚਾਰਿ ਦਿਨ, ਅਪਨੀ ਨਉਬਤਿ ਚਲੇ ਬਜਾਇ ॥ ਇਤਨਕੁ ਖਟੀਆ ਗਠੀਆ ਮਟੀਆ, ਸੰਗਿ ਨ ਕਛੁ ਲੈ ਜਾਇ ॥੧॥ਰਹਾਉ॥ ਦਿਹਰੀ ਬੈਠੀ ਮਿਹਰੀ ਰੋਵੈ, ਦੁਆਰੈ ਲਉ ਸੰਗਿ ਮਾਇ ॥ ਮਰਹਟ ਲਗਿ, ਸਭੁ ਲੋਗੁ ਕੁਟੰਬੁ ਮਿਲਿ, ਹੰਸੁ ਇਕੇਲਾ ਜਾਇ ॥੧॥ ਵੈ ਸੁਤ ਵੈ ਬਿਤ ਵੈ ਪੁਰ ਪਾਟਨ, ਬਹੁਰਿ ਨ ਦੇਖੈ ਆਇ ॥ ਕਹਤੁ ਕਬੀਰੁ ਰਾਮੁ ਕੀ ਨ ਸਿਮਰਹੁ, ਜਨਮੁ ਅਕਾਰਥੁ ਜਾਇ ॥੨॥੬॥**

**ਪਦ ਅਰਥ :** ਨਉਬਤਿ-ਵੱਡਾ ਨਗਾਰਾ । ਚਲੇ ਬਜਾਇ-ਵਜਾ ਕੇ ਟੁਰ ਪਏ । ਇਤਨਕੁ ਖਟੀਆ-(ਮਾਇਆ) ਇਤਨੀ ਖਟੀ । ਗਠੀਆ-ਗੰਢ ਬੰਨ੍ਹ ਲਈ । ਮਟੀਆ-ਮਿੱਟੀ ਵਿਚ (ਦਬਾ ਦਿੱਤੀ) । ਸੰਗਿ-ਨਾਲ ।੧। ਰਹਾਉ । ਦੇਹੁਰੀ-(ਘਰ ਦੀ) ਦਲੀਜ, ਮੁਹਾਠ। ਮਿਹਰੀ-ਵਹੁਟੀ । ਦੁਆਰੈ ਲਉ-ਦਰਵਾਜੇ ਤਕ । ਮਾਇ-ਮਾਂ । ਮਰਹਟ ਲਉ-ਮਰਘਟ, ਮਸਾਣਾਂ ਤੱਕ । ਹੰਸੁ-ਜੀਵਾਤਮਾ ।੧। ਵੈ ਸੁਤ-ਉਹ ਪੁਤਰ । ਵੈ ਬਿਤ-ਉਹ ਧਨ । ਵੈ ਪੁਰ ਪਾਟਨ-ਉਹ ਨਗਰ, ਸ਼ਹਿਰ । ਬਹੁਰਿ-ਮੁੜ ਕੇ । ਆਇ-ਆ ਕੇ । ਕੀ ਨ ਸਿਮਰਹੁ-ਕਿਉਂ ਨਹੀਂ ਸਿਮਰਦੇ ? ਅਕਾਰਥੁ-ਬਿਰਥਾ, ਵਿਅਰਥ ।੨।੬।

**ਅਰਥ :** (ਹੇ ਭਾਈ ! ਮਨੁੱਖ) ਆਪਣੀ ਚਾਰ ਦਿਨ ਦੀ (ਜ਼ਿੰਦਗੀ) ਨਗਾਰੇ ਵਜਾ ਕੇ (ਭਾਵ ਸ਼ਾਹੀ ਠਾਠ-ਬਾਠ ਨਾਲ ਲੋਕਾਂ ਤੇ ਹੁਕਮ ਚਲਾ ਕੇ, ਪਰਲੋਕ ਨੂੰ) ਟੁਰ ਪੈਂਦਾ ਹੈ। (ਇਸ ਨੇ ਜੋ ਮਾਇਆ) ਖਟੀ (ਕੁਝ) ਗੰਢ ਬੰਨ੍ਹ ਲਈ, (ਕੁਝ) ਮਿੱਟੀ ਵਿਚ ਦਬਾ ਦਿੱਤਾ (ਪਰ ਅੰਤ ਸਮੇਂ ਮਨੁੱਖ ਆਪਣੇ) ਨਾਲ ਕੁਝ ਵੀ ਨਹੀਂ ਲੈ ਜਾਂਦਾ (ਸਭ ਕੁਝ ਇਥੇ ਹੀ ਛੱਡ ਜਾਂਦਾ ਹੈ) ।੧।ਰਹਾਉ।

(ਹੇ ਭਾਈ ! ਜਦੋਂ ਜੀਵ ਮਰ ਜਾਂਦਾ ਹੈ ਤਾਂ) ਘਰ ਦੀ ਦਲੀਜ ਉਤੇ ਬੈਠੀ (ਘਰ ਵਾਲੀ) ਵਹੁਟੀ ਰੋਂਦੀ ਹੈ (ਕੀਰਨੇ ਪਾ ਕੇ ਵਿਰਲਾਪ ਕਰਦੀ ਹੈ ਅਤੇ ਬਾਹਰਲੇ) ਦਰਵਾਜੇ ਤਕ (ਉਸ ਦੀ) ਮਾਂ (ਉਸ ਦੀ ਅਰਥੀ) ਨਾਲ (ਜਾਂਦੀ ਹੈ)। ਮਰਘਟ (ਸ਼ਮਸ਼ਾਨ ਭੂਮੀ) ਤੱਕ ਸਾਰਾ ਲੋਕ ਤੇ ਪਰਿਵਾਰ ਮਿਲ ਕੇ (ਉਸ

ਦੀ ਅਰਥੀ ਨਾਲ ਜਾਂਦੇ ਹਨ, ਪਰ ਇਸ ਤੋਂ ਅੱਗੇ) ਜੀਵਾਤਮਾ ਇਕੱਲਾ ਹੀ ਜਾਂਦਾ ਹੈ ।੧।

(ਹੇ ਭਾਈ ! ਮਰਿਆ ਮਨੁੱਖ) ਪੁੱਤਰ, (ਜਿਨ੍ਹਾਂ ਲਈ) ਧਨ (ਇਕੱਠਾ ਕਰਦਾ ਰਿਹਾ) ਉਹ ਨਗਰ ਤੇ ਸ਼ਹਿਰ (ਜੋ ਸੰਸਾਰ ਵਿੱਚ ਛੱਡ ਜਾਂਦਾ ਹੈ) ਮੁੜ ਕੇ ਆ ਕੇ (ਫਿਰ) ਨਹੀਂ ਵੇਖਦਾ । (ਭਗਤ) ਕਬੀਰ ਜੀ ਇਹ ਕਥਨ ਕਰਦੇ ਹਨ (ਕਿ ਹੇ ਜੀਵ ! ਤੂੰ) ਪਰਮਾਤਮਾ ਦਾ ਸਿਮਰਨ ਕਿਉਂ) ਨਹੀਂ ਕਰਦਾ? (ਨਾਮ ਸਿਮਰਨ ਤੋਂ ਬਿਨਾ ਤੇਰਾ ਮਨੁੱਖਾ) ਜੀਵਨ ਵਿਅਰਥ ਹੀ ਗੁਜ਼ਰ ਜਾਂਦਾ ਹੈ ।੨।੬।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਭਗਤ ਜੀ ਪਿਛਲੇ ਸ਼ਬਦ ਵਰਗਾ ਉਪਦੇਸ਼ ਦੇ ਕੇ ਮਨੁਖ ਨੂੰ ਚੇਤੰਨ ਕਰ ਰਹੇ ਹਨ ਕਿ ਜਿਸ ਪਾਸ ਮਾਇਆ ਹੈ ਉਹ ਸੰਕਲਪਾਂ ਦੀ ਪੂਰਤੀ ਲਈ ਚਾਰ ਦਿਨ ਆਪਣਾ ਹੁਕਮ ਤੇ ਨਗਾਰਾ ਵਜਾ ਕੇ ਸੰਸਾਰ ਚੋਂ ਚਾਲੇ ਪਾ ਜਾਂਦਾ ਹੈ। ਸਾਰਾ ਰਾਜ ਮਾਲ ਇਥੇ ਹੀ ਛੱਡ ਜਾਂਦਾ ਹੈ। ਜਿਤਨੀ ਮਾਇਆ ਕਮਾਉਗੇ, ਸਭ ਇਥੇ ਹੀ ਛਡ ਜਾਉਗੇ । ਕੁਝ ਬੈਂਕਾਂ ਵਿਚ ਫਿਕਸ ਡਿਪਾਜ਼ਟ, ਕੁਝ ਧੀਆਂ ਪੁੱਤਰਾਂ ਨੂੰ ਦੇ ਜਾਉਗੇ, ਦਸੋ ! ਤੁਸੀਂ ਆਪਣੇ ਨਾਲ ਕੀ ਲੈ ਜਾਉਗੇ ?

ਜਿਸ ਕੁਟੰਬ ਲਈ ਤੁਸੀਂ ਹੇਰਾ ਫੇਰੀ ਕਰਦੇ ਹੋ, ਉਹ ਵਡੀ ਹਦ ਹੋਈ ਤਾਂ ਸ਼ਮਸ਼ਾਨ ਭੂਮੀ ਤਕ ਤੁਹਾਡੇ ਨੜੋਏ ਨਾਲ ਜਾਣਗੇ, ਉਸ ਤੋਂ ਅਗੇ 'ਹੰਸ ਇਕੇਲਾ ਜਾਇ' ਵਾਲੀ ਗਲ ਹੀ ਵਾਪਰਨੀ ਹੈ।

ਹੇ ਭਾਈ ! ਇਕ ਗਲ ਯਾਦ ਰਖੋ ਕਿ ਜੇ ਤੁਸੀਂ ਸੰਗਮਰਮਰੀ ਕੋਠੀਆਂ ਮਹਿਲ ਮਾੜੀਆਂ ਜਾਂ ਪਰਵਾਰ ਤੇ ਮਾਇਆ ਖਰਚ ਕਰ ਜਾਉਗੇ, ਸਰੀਰ ਛਡਣ ਮਗਰੋਂ ਤੁਸੀਂ ਮੁੜ ਕੇ ਕੁਝ ਵੀ ਨਹੀਂ ਵੇਖ ਸਕੋਗੇ, ਇਸ ਦਾ ਕੀ ਲਾਭ ਹੋਇਆ? ਨਾਮ-ਸਿਮਰਨ ਤੋਂ ਬਿਨਾਂ ਅਜਿਹੀ ਜੀਵਨ ਕਿਰਿਆ ਕਰਕੇ ਤੁਸੀਂ ਆਪਣਾ ਜਨਮ ਅਕਾਰਥ ਗਵਾ ਜਾਉਗੇ।

ਸਿਧਾਂਤ ਇਹ ਹੈ ਕਿ ਇਹ ਝੂਠੇ ਸੰਸਾਰ ਤੇ ਪਰਵਾਰ ਵਿਚ ਰਹਿੰਦਿਆਂ ਨਿਰਲੇਪ ਰਹੋ, ਇਹਨਾਂ ਵਿਚ ਖਚਿਤ ਨਾ ਹੋਵੋ। ਮਾਲ ਧਨ ਜੋ ਕਮਾਉਂਦੇ ਹੋ ਉਸ ਦੀ ਯੋਗ ਵਰਤੋਂ ਕਰੋ। ਨਿਰਾ ਪਰਵਾਰ ਤੇ ਹੀ ਸਭ ਕੁਝ ਨਾ ਖਰਚੋ ਆਪਣੀ ਵਿਤ ਅਨੁਸਾਰ ਸਰਬਤ ਦੇ ਭਲੇ ਹਿਤ ਹੋ ਰਹੇ ਕੰਮਾਂ ਵਿਚ ਆਪਣਾ ਯੋਗਦਾਨ ਪਾ ਕੇ ਆਪਣਾ ਜਨਮ ਸੁਹੇਲਾ ਕਰ ਜਾਉ । ਭਗਤ ਪਰਮਾਨੰਦ ਜੀ ਦੇ ਸਾਰੰਗ ਰਾਗ ਵਿਚ ਪਾਵਨ ਬਚਨ ਯਾਦ ਰਖੋ -

**ਤੈ ਨਰ ਕਿਆ ਪੁਰਾਨੁ ਸੁਨਿ ਕੀਨਾ ॥**
**ਅਨਪਾਵਨੀ ਭਗਤਿ ਨਹੀ ਉਪਜੀ, ਭੂਖੈ ਦਾਨੁ ਨ ਦੀਨਾ ॥** [ਪੰਨਾ ੧੨੫੩

## ਰਾਗੁ ਕੇਦਾਰਾ ਬਾਣੀ ਰਵਿਦਾਸ ਜੀਉ ਕੀ

**੧ੴ ਸਤਿਗੁਰ ਪ੍ਰਸਾਦਿ ॥ ਖਟੁ ਕਰਮ ਕੁਲ ਸੰਜੁਗਤੁ ਹੈ, ਹਰਿ ਭਗਤਿ ਹਿਰਦੈ ਨਾਹਿ ॥ ਚਰਨਾਰਬਿੰਦ ਨ ਕਥਾ ਭਾਵੈ, ਸੁਪਚ ਤੁਲਿ ਸਮਾਨਿ ॥੧॥ ਰੇ ਚਿਤ, ਚੇਤਿ ਚੇਤ ਅਚੇਤ ॥ ਕਾਹੇ ਨ ਬਾਲਮੀਕਹਿ ਦੇਖ ॥ ਕਿਸੁ ਜਾਤਿ ਤੇ ਕਿਹ ਪਦਹਿ**

**ਅਮਰਿਓ, ਰਾਮ ਭਗਤਿ ਬਿਸੇਖ ॥੧॥ਰਹਾਉ॥ ਸੁਆਨ ਸਤ੍ਰੁ ਅਜਾਤੁ ਸਭ ਤੇ ਕ੍ਰਿਸ੍ਨ ਲਾਵੈ ਹੇਤੁ ॥ ਲੋਗੁ ਬਪੁਰਾ ਕਿਆ ਸਰਾਹੈ, ਤੀਨਿ ਲੋਕ ਪ੍ਰਵੇਸ ॥੨॥ ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ, ਗਏ ਹਰਿ ਕੈ ਪਾਸਿ ॥ ਐਸੇ ਦੁਰਮਤਿ ਨਿਸਤਰੇ, ਤੂ ਕਿਉ ਨ ਤਰਹਿ ਰਵਿਦਾਸ ॥੩॥੧॥**

## ਉਚਾਰਨ ਸੇਧ

**ਬਿੰਦੀ ਸਹਿਤ** : ਨਾਹਿੰ, ਬਾਲਮੀਕਹਿੰ, ਕਿਉਂ, ਤਰਹਿੰ ।

**ਫੁਟਕਲ:** 'ਸਮਾਨਿ' ਨੂੰ 'ਸ ਮਾਨਿ' ਪਦ ਛੇਦ ਕਰਕੇ ਪਾਠ ਕਰਨਾ ਠੀਕ ਨਹੀਂ ਹੈ। 'ਤੁਲਿ' ਅਤੇ 'ਸਮਾਨਿ' ਦੋਵੇਂ ਪਦ ਸਮਾਰਥਕ ਹਨ। ਗੁਰਬਾਣੀ ਵਿਚ ਅਜਿਹੀ ਸ਼ਬਦਾਵਲੀ ਦੇ ਹੋਰ ਥਾਵਾਂ ਤੇ ਵੀ ਦਰਸ਼ਨ ਹੁੰਦੇ ਹਨ। ਜਿਵੇਂ:-**ਜੈਸੇ ਪਾਹਨੁ ਜਲ ਮਹਿ ਰਾਖਿਓ, ਭੇਦੈ ਨਾਹਿ ਤਿਹ ਪਾਨੀ॥[ਪੰਨਾ ੮੩੧]**

**ਪਦ-ਅਰਥ** : ਖਟੁ ਕਰਮ-ਛੇ ਕਰਮ (ਵਿੱਦਿਆ ਪੜ੍ਹਨੀ ਪੜ੍ਹਾਣੀ, ਯੱਗ ਕਰਨਾ ਕਰਾਣਾ, ਦਾਨ ਦੇਣਾ ਤੇ ਲੈਣਾ ਇਹ ਬ੍ਰਾਹਮਣ ਲਈ ਨਿਸ਼ਚਿਤ ਕਰਮ ਹਨ)। ਕੁਲ ਸੰਜੁਗਤ-(ਉਚੀ) ਕੁੱਲ ਸਹਿਤ । ਚਰਨਾਰ ਬਿੰਦ-ਚਰਨ ਕਮਲ । ਸੁਪਚ-ਚੰਡਾਲ । ਤੁਲਿ-ਬਰਾਬਰ । ਸਮਾਨਿ-ਬਰਾਬਰ, ਵਰਗਾ ।੧।

ਰੇ ਚਿਤ-ਹੇ ਚਿੱਤ ! ਚੇਤਿ-ਸਿਮਰ । ਅਚੇਤ-ਹੇ ਗ਼ਾਫ਼ਲ ਮਨ ! ਕਾਹੇ ਨ-ਕਿਉਂ ਨਹੀਂ? ਬਾਲਮੀਕਹਿ-ਬਾਲਮੀਕ ਵਲ, (ਬਾਲਮੀਕ ਇਕ ਚੰਡਾਲ ਸੀ ਜੋ ਭਗਤੀ ਦੇ ਪ੍ਰਭਾਵ ਕਾਰਨ ਰਿਖੀਆਂ ਵਿਚ ਗਿਣਿਆ ਗਿਆ) । ਤੇ-ਤੋਂ । ਕਿਹ ਪਦਹਿ ਅਮਰਿਓ-ਕਿਸ ਪਦਵੀ ਨੂੰ ਅਪੜਿਆ ? (ਪਹੁੰਚਿਆ)। ਬਿਸੇਖ-ਵਿਸ਼ੇਸ਼ਤਾ ।੧।ਰਹਾਉ।

ਸੁਆਨ ਸਤ੍ਰੁ-ਕੁਤਿਆਂ ਦਾ ਵੈਰੀ, ਕੁੱਤੇ ਮਾਰ ਕੇ ਖਾ ਜਾਣ ਵਾਲਾ। ਅਜਾਤ-ਨੀਚ, ਚੰਡਾਲ। ਕ੍ਰਿਸ੍ਨ ਲਾਵੈ ਹੇਤੁ-ਕ੍ਰਿਸ਼ਨ ਜੀ ਦਾ ਹਿਤੂ ਸੀ। ਬਪੁਰਾ-ਵਿਚਾਰਾ। ਕਿਆ ਸਰਾਹੈ-ਕੀ ਸਿਫਤ ਕਰੇ? ਤੀਨਿ ਲੋਕ ਪਰਵੇਸਿ-ਤਿੰਨਾਂ (ਧਰਤੀ, ਆਕਾਸ ਤੇ ਪਾਤਾਲ ਦੇ) ਲੋਕਾਂ ਵਿਚ (ਉਸ ਦੀ ਮਹਿਮਾ) ਫੈਲ ਗਈ ।੨।

ਅਜਾਮਲੁ-(ਕਨੌਜ ਦੇਸ਼ ਦਾ ਇਕ ਦੁਰਾਚਾਰੀ ਬ੍ਰਾਹਮਣ ਜਿਸ ਨੇ ਵੇਸ਼ਵਾ ਨਾਲ ਵਿਆਹ ਕੀਤਾ ਸੀ, ਜਿਸ ਦੇ ਉਦਰ ਤੋਂ ਦਸ ਪੁਤ ਹੋਏ । ਛੋਟੇ ਪੁਤ੍ਰ ਦਾ ਨਾਉ ਨਰਾਇਣ ਹੋਣ ਕਰਕੇ ਅਜਾਮਲ 'ਨਰਾਇਣ' ਦਾ ਭਗਤ ਹੋਇਆ) । ਪਿੰਗਲਾ-ਜਨਕਪੁਰੀ ਦੀ ਰਹਿਣ ਵਾਲੀ ਇਕ ਵੇਸ਼ਵਾ । ਲੁਭਤੁ-ਸ਼ਿਕਾਰੀ । ਕੁੰਚਰੁ-ਹਾਥੀ । ਦੁਰਮਤਿ-ਖੋਟੀ ਮਤ ਵਾਲੇ । ਨਿਸਤਰੇ-(ਸੰਸਾਰ ਸਾਗਰ ਤੋਂ) ਤਰ ਗਏ । ਤੂ ਕਿਉ ਨ ਤਰਹਿ-ਤੂੰ ਕਿਉਂ ਨਹੀਂ ਤਰੇਂਗਾ ? (ਭਾਵ ਅਵੱਸ਼ ਤਰੇਂਗਾ) ।੩।੧।

**ਅਰਥ** : (ਜੇ ਕੋਈ ਮਨੁੱਖ ਉਚੀ) ਕੁਲ ਸਹਿਤ ਹੈ (ਅਤੇ ਉਹ ਮਨੂ ਸਿਮ੍ਰਤੀ ਦੇ ਦਸੇ ਹੋਏ) ਛੇ ਕਰਮ (ਜਪ, ਹੋਮ, ਪੂਜਾ, ਅਰਚਾ ਆਦਿ) ਕਰਦਾ ਹੈ, (ਜੇ ਉਸ ਦੇ) ਹਿਰਦੇ ਵਿਚ ਪਰਮਾਤਮਾ ਦੀ ਭਗਤੀ ਨਹੀਂ ਹੈ (ਜੇ ਉਸ ਨੂੰ ਪਰਮੇਸ਼ਰ ਦੇ) ਚਰਨਾਂ ਕਮਲਾਂ ਦਾ ਸਾਥ ਚੰਗਾ ਨਹੀਂ ਲਗਦਾ, (ਤਾਂ ਉਹ) ਚੰਡਾਲ ਵਰਗਾ ਹੈ।

ਹੇ ਗਾਫਲ ਚਿੱਤ ! (ਤੂੰ ਪਰਮੇਸ਼ਰ ਨੂੰ) ਚੇਤੇ ਕਰ । (ਤੂੰ) ਬਾਲਮੀਕ ਵੱਲ ਕਿਉਂ ਨਹੀਂ ਵੇਖਦਾ ? (ਉਹ) ਕਿਤਨੀ (ਨੀਵੀਂ) ਜਾਤ ਤੋਂ ਕਿਸ (ਪਰਮ) ਪਦ ਦੇ ਅਪੜਿਆ (ਇਹ) ਪਰਮਾਤਮਾ ਦੀ ਭਗਤੀ ਦੀ ਵਿਸ਼ੇਸ਼ਤਾ ਹੈ ।੧।ਰਹਾਉ।

(ਹੇ ਚਿਤ!) ਕੁੱਤਿਆਂ ਦਾ ਵੈਰੀ (ਬਾਲਮੀਕ) ਘਟੀਆ ਜਾਤ ਵਾਲਾ ਸੀ (ਪਰ ਭਗਤੀ ਸਦਕਾ) ਕ੍ਰਿਸ਼ਨ ਜੀ ਦਾ ਹਿਤਕਾਰੀ ਸੀ । ਲੋਕ ਵਿਚਾਰਾ (ਉਸ ਦੀ) ਕੀ ਸ਼ਲਾਘਾ (ਵਡਿਆਈ) ਕਰੇਗਾ, (ਉਸ ਦੀ ਸ਼ੋਭਾ ਤਾਂ) ਤਿੰਨਾਂ ਲੋਕਾਂ ਵਿਚ ਖਿਲਰ ਗਈ ਹੈ।

(ਹੇ ਚਿਤ!) ਅਜਾਮਲ, ਪਿੰਗਲਾ, ਸ਼ਿਕਾਰੀ, ਕੁੰਚਰ, ਹਾਥੀ (ਇਹ ਸਾਰੇ) ਪਰਮਾਤਮਾ ਕੋਲ (ਪਹੁੰਚ) ਗਏ (ਭਾਵ ਮੁਕਤ ਹੋ ਗਏ । (ਜੇ) ਇਹੋ ਜਿਹੀ ਭੈੜੀ ਮਤ ਵਾਲੇ (ਲੋਕ ਸੰਸਾਰ ਸਾਗਰ ਤੋਂ) ਤਰ ਗਏ ਹਨ (ਤਾਂ) ਹੇ ਰਵਿਦਾਸ ! ਤੂੰ ਕਿਉਂ ਨਹੀ ਤਰੇਂਗਾ (ਭਾਵ ਅਵੱਸ਼ ਹੀ ਸੰਸਾਰ ਸਾਗਰ ਤੋਂ ਪਾਰ ਹੋ ਜਾਵੇਂਗਾ) ।੩।

## ਸਾਰੰਸ਼ ਅਤੇ ਸਿਧਾਂਤ

ਭਗਤ ਰਵਿਦਾਸ ਜੀ ਆਪਣੇ ਮਨ ਨੂੰ ਸਮਝਾਉਂਦੇ ਹਨ ਕਿ ਜੀਵਨ ਵਿਚ ਸਾਰੀ ਵਿਸ਼ੇਸ਼ਤਾ ਪ੍ਰੇਮਾ-ਭਗਤੀ ਦੀ ਹੈ, ਜਿਨ੍ਹਾਂ ਦੇ ਪਲੇ ਭਗਤੀ ਨਹੀਂ, ਜੋ ਉਹ ਪਰਮੇਸ਼ਰ ਦਾ ਜਸ ਕਥਾ ਆਦਿ ਸੁਣਨ ਦੀ ਰੁਚੀ ਨਹੀਂ ਰਖਦੇ, ਉਹ ਭਾਵੇਂ ਕਿਤਨੇ ਵੀ ਉਚੀ ਕੁਲ ਵਾਲੇ ਅਤੇ ਖਟ-ਕਰਮੀ ਕਿਉਂ ਨ ਹੋਣ, ਚੰਡਾਲ ਸਮਾਨ ਹੀ ਹਨ।

ਹੇ ਮਨ ! ਤੂੰ ਆਪਣੀ ਚਮਾਰ ਜਾਤੀ ਵਲ ਨਾ ਦੇਖ । ਪਰਮੇਸ਼ਰ ਦੇ ਨਾਮ ਦਾ ਚਿੰਤਨ ਕਰ। ਨੀਵੀਂ ਜਾਤ ਵਿਚ ਭਗਤੀ ਕਰਕੇ ਉਚੀ ਪਦਵੀ ਪ੍ਰਾਪਤ ਕਰਨ ਵਾਲਿਆਂ ਵਿਚ ਬਾਲਮੀਕ ਨੂੰ ਸਾਹਮਣੇ ਰਖਿਆ ਹੈ ਕੁਤਿਆਂ ਦਾ ਵੈਰੀ, ਉਨ੍ਹਾਂ ਨੂੰ ਮਾਰਨ ਵਾਲਾ ਚੰਡਾਲ ਸਭ ਜਾਤਾਂ ਤੋਂ ਨੀਵਾਂ ਸੀ; ਇਸ ਬਾਲਮੀਕ ਦੀ ਭਗਤੀ ਨੂੰ ਵੇਖ ਕੇ ਸ੍ਰੀ ਕ੍ਰਿਸ਼ਨ ਜੀ ਨੇ ਇਸ ਨਾਲ ਪ੍ਰੇਮ ਕੀਤਾ ਅਤੇ ਪਾਂਡਵਾਂ ਦੇ ਯੱਗ ਵਿਚ ਇਸ ਨੂੰ ਬੁਲਾਇਆ, ਇਸ ਦੇ ਭੋਜਨ ਕਰਨ ਨਾਲ ਯੱਗ ਦੀ ਸੰਪੂਰਨਤਾ ਦਾ ਘੰਟਾ ਵਜਿਆ ਸੀ। ਇਸ ਧਰਤੀ ਤੇ ਹੀ ਨਹੀਂ ਤਿੰਨਾਂ ਲੋਕਾਂ ਵਿਚ ਇਸ ਦਾ ਜਸ ਫੈਲਿਆ।

ਫਿਰ ਅਜ਼ਾਮਲ ਵਲ ਵੇਖੋ ਜੋ ਮਹਾਂ ਪਾਪੀ ਬ੍ਰਾਹਮਣ ਸੀ। ਜਨਕ ਪੁਰੀ ਵਿਚ ਰਹਿਣ ਵਾਲੀ ਇਕ ਪਿੰਗਲਾ (ਵੇਸਵਾ) ਨਾਲ ਉਸ ਦੇ ਦੁਰਾਚਾਰੀ ਸਬੰਧ ਸਨ, ਇਸੇ ਤਰ੍ਹਾਂ ਫੰਧਕ,ਗਜਿੰਦ (ਹਾਥੀ) ਸਾਰੇ ਨੀਚ ਕਰਮੀ ਹਰੀ ਦੇ ਚਰਨਾ ਵਿਚ ਪਹੁੰਚ ਗਏ । ਗਲ ਕੀ ਖੋਟੀ ਤੋਂ ਖੋਟੀ ਬੁਧੀ ਵਾਲੇ ਵੀ ਪਰਮੇਸ਼ਰ ਦੀ ਭਗਤੀ ਸਦਕਾ ਸੰਸਾਰ ਸਾਗਰ ਤੋਂ ਤਰ ਗਏ । ਇਸ ਲਈ ਨਿਰਾਸ਼ ਤੇ ਉਦਾਸ ਹੋਣ ਦੀ ਲੋੜ ਨਹੀਂ, ਪਰਮਾਤਮਾ ਦਾ ਨਾਮ ਜਪਣਾ ਚਾਹੀਦਾ ਹੈ।

ਜਿਵੇਂ ਇਕ ਅੱਗ ਦੀ ਚਿੰਗਾਰੀ ਮਣਾਂ ਮੂੰਹ ਰੂੰ ਨੂੰ ਸਾੜ ਕੇ ਸੁਆਹ ਕਰ ਦਿੰਦੀ ਹੈ, ਤਿਵੇਂ ਇਕ ਨਾਮ ਦੀ ਕਣੀ ਕ੍ਰੋੜਾਂ ਪਾਪਾਂ ਦਾ ਨਾਸ਼ ਕਰ ਦੇਂਦੀ ਹੈ। ਸਿਧਾਂਤ ਇਹ ਹੈ ਕਿ ਨਾਮ ਜਪਣ ਵਾਲੀ ਪ੍ਰੇਰਨਾ ਨੂੰ ਅਪਨਾਇਆਂ ਮਨੁੱਖਾ ਜੀਵਨ ਸਫਲ ਹੁੰਦਾ ਹੈ, ਜਾਤਿ ਅਜਾਤਿ ਦਾ ਕੋਈ ਕਿੱਸਾ ਨਹੀਂ।

# ਰਾਗ ਭੈਰਉ

"ਸ੍ਰੀ ਗੁਰੂ ਅਮਰਦਾਸ ਰਾਗ ਰਤਨਾਵਲੀ" ਦੇ ਲੇਖਕ ਪ੍ਰੋ. ਤਾਰਾ ਸਿੰਘ ਨੇ ਰਾਗ ਭੈਰਉ ਦੀ ਸੰਖੇਪ ਜਿਹੀ ਵਿਆਖਿਆ ਇਸ ਪ੍ਰਕਾਰ ਕੀਤੀ ਹੈ:

ਭੈਰਉ, ਭਾਰਤੀ ਸੰਗੀਤ ਦਾ ਇਕ ਪੁਰਾਤਨ, ਪ੍ਰਮੁੱਖ ਅਤੇ ਬੜਾ ਮਧੁਰ ਰਾਗ ਹੈ। ਥਾਟ ਪਧਤੀ ਮੰਨਣ ਵਾਲੇ ਸੰਗੀਤਕਾਰਾਂ ਨੇ ਇਸ ਨੂੰ ਭੈਰਵ ਥਾਟ ਦਾ ਜਨਕ ਰਾਗ ਸਵੀਕਾਰਿਆ ਹੈ।

ਇਸ ਰਾਗ ਵਿੱਚ ਰਿਸ਼ਭ ਧੈਵਤ ਅਤਿ ਕੋਮਲ ਅਤੇ ਹੋਰ ਸਭ ਸੁਰ ਸ਼ੁੱਧ ਲਗਦੇ ਹਨ। ਇਸਦਾ ਵਾਦੀ ਸੁਰ ਧੈਵਤ ਅਤੇ ਸੰਵਾਦੀ ਰਿਸਭ ਹੈ। ਇਸ ਦੇ ਆਰੋਹ ਵਿਚ ਸੱਤ ਸੁਰ ਵਰਤਣ ਦੀ ਪ੍ਰਥਾ ਹੈ ਇਸ ਕਾਰਨ ਜਾਤੀ ਸੰਪੂਰਣ ਮੰਨੀ ਜਾਂਦੀ ਹੈ। ਕੁਝ ਵਿਦਵਾਨ ਇਸਦੇ ਆਰੋਹ ਵਿਚ ਰਿਸ਼ਭ ਅਤੇ ਪੰਚਮ ਦੀ ਅਣਹੋਂਦ ਮੰਨਦੇ ਹਨ ਜਾਤੀ ਔਡਵ-ਸੰਪੂਰਣ ਮੰਨਦੇ ਹਨ ਪਰੰਤੂ ਪਹਿਲਾਂ ਮਤ ਪ੍ਰਚਾਰ ਵਿੱਚ ਵਧੇਰੇ ਹੈ। ਇਸ ਰਾਗ ਦੇ ਗਾਉਣ ਵਜਾਉਣ ਦਾ ਵੇਲਾ ਪ੍ਰਭਾਤ ਦਾ ਹੈ। ਅਰਥਾਤ ਅੰਮ੍ਰਿਤ ਵੇਲੇ ਚਾਰ ਵਜੇ ਤੋਂ ਸੱਤ ਵਜੇ ਤੱਕ ਗਾਇਆ ਵਜਾਇਆ ਜਾਂਦਾ ਹੈ। ਭੈਰਵ ਵਿਚ ਕਦੇ ਕਦੇ ਕੋਮਲ ਨਿਸ਼ਾਦ ਦੀ ਵਰਤੋਂ ਵਿਵਾਦੀ ਸੁਰ ਦੇ ਤੌਰ ਤੇ ਕਰਨ ਦੀ ਖੁਲ੍ਹ ਹੈ। ਇਸ ਰਾਗ ਦੀ ਸਾਰੀ ਸੁੰਦਰਤਾ ਦੋ ਸੁਰਾਂ (ਰਿਸ਼ਭ ਅਤੇ ਧੈਵਤ) ਤੇ ਨਿਰਭਰ ਹੈ। ਰਿਸ਼ਭ ਤੇ ਆਉਣ ਵੇਲੇ ਮੱਧਿਅਮ ਤੇ ਮੀਂਡ ਦੁਆਰਾ ਗੰਧਾਰ ਦਾ ਸਪਰਸ਼ ਕਰਕੇ ਰਿਸ਼ਭ ਨੂੰ ਅੰਦੋਲਿਤ ਕੀਤਾ ਜਾਂਦਾ ਹੈ। ਇਨ੍ਹਾਂ ਦੋਹਾਂ ਕ੍ਰਿਆਵਾਂ (ਰੁ ਧੁ ਅੰਦੋਲਿਤ) ਵਿੱਚ ਇਸ ਰਾਗ ਦੀ ਸੁੰਦਰਤਾ ਦਾ ਕੁੱਲ ਰਹੱਸ ਛੁਪਿਆ ਹੋਇਆ ਹੈ। ਇਸ ਰਾਗ ਵਿਚ ਠਹਿਰਾਓ ਦੇ ਸੁਰ ਸੜਜ, ਰਿਸ਼ਭ, ਮੱਧਿਅਮ ਅਤੇ ਧੈਵਤ ਹਨ। ਇਸ ਦੇ ਆਰੋਹ ਵਿੱਚ ਰਿਸ਼ਭ ਸੁਰ ਦਾ ਅਕਸਰ ਤਿਆਗ ਕੀਤਾ ਜਾਂਦਾ ਹੈ। ਇਹ ਇਕ ਉਤਰਾਂਗ ਵਾਦੀ ਰਾਗ ਹੈ। ਇਸਦਾ ਵਿਸਥਾਰ ਤਿੰਨ ਸਪਤਕਾਂ ਵਿੱਚ ਹੁੰਦਾ ਹੈ।

ਆਰੋਹੀ : ਸਾ ਰੁ ਗ ਮ ਪ ਧੁਨੀ ਸਾਂ ਜਾਂ ਨੀ ਸਾ ਗ ਮ ਧੁ ਨੀ ਸਾਂ।

ਅਵਰੋਹੀ: ਸਾਂ ਨੀ ਧੁ, ਪ ਮ ਗ ਰੁ, ਸਾ।

ਮੁੱਖ ਅੰਗ : ਗ ਮ ਧੁ ਧੁ ਪ, ਗ ਮ ਰੁ, ਰੁ ਸਾ।"

ਉਪਰੋਕਤ ਵੀਚਾਰਾਂ ਤੋਂ ਅਤ੍ਰਿਕਤ ਸੰਸਾਰ ਦੇ ਸੰਗੀਤਕਾਰ ਹੇਠ ਲਿਖੇ ਛੇ ਪ੍ਰਸਿਧ ਰਾਗਾਂ ਦੀ ਹੋਂਦ ਨੂੰ ਸਵੀਕਾਰਦੇ ਹਨ:

(੧) ਭੈਰਉ (੨) ਮਾਲਕੋਸ (੩) ਹਿੰਡੋਲ (੪) ਦੀਪਕ (੫) ਸਿਰੀ ਅਤੇ (੬) ਮੇਘ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤ ਵਿਚ 'ਰਾਗ ਮਾਲਾ' ਅੰਦਰ ਜੋ ਰਾਗ ਰਾਗਣੀਆਂ ਤੇ ਉਨ੍ਹਾਂ ਦੇ ਪਰਵਾਰਾਂ ਦੀ ਗਿਣਤੀ ਦਰਜ ਹੈ, ਉਨ੍ਹਾਂ ਵਿਚ ਪ੍ਰਥਮ ਅਸਥਾਨ 'ਭੈਰਉ' ਰਾਗ ਨੂੰ ਪ੍ਰਾਪਤ ਹੈ:-

**"ਪ੍ਰਥਮ ਰਾਗ ਭੈਰਉ ਵੈ ਕਰਹੀ "॥**

ਜਦੋਂ ਪਾਠਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦੇ ਆਰੰਭ ਵਿਚ ਨਿਤਨੇਮ ਦੀਆਂ ਬਾਣੀਆਂ ਤੋਂ ਉਪਰੰਤ ਪਹਿਲੇ ਰਾਗ ਦਾ ਦਰਸ਼ਨ ਕਰਦੇ ਹਨ ਤਾਂ ਉਥੇ 'ਸਿਰੀ ਰਾਗੁ' ਨੂੰ ਪ੍ਰਮੁੱਖ ਅਸਥਾਨ ਪ੍ਰਾਪਤ ਹੈ । ਇਸ ਸ੍ਵੈ-ਵਿਰੋਧੀ ਵੀਚਾਰ ਨੂੰ ਵੇਖ ਕੇ 'ਰਾਗ ਮਾਲਾ' ਪ੍ਰਤੀ ਬੇਰੁਖੀ ਵਿਖਾਣ ਵਾਲਿਆਂ ਲਈ ਜੋ ਸਮਾਧਾਨ ਗਿ. ਹਜ਼ਾਰਾ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ (ਛਾਪਕ-ਖਾਲਸ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰੀ ਵਿਚ ਕੀਤਾ ਹੈ, ਉਹ ਪਾਠਕਾਂ ਦੀ ਗਿਆਤ ਲਈ ਭੇਟਾ ਹੈ -

੫. ਸੰਕਾ-ਕਈ ਰਾਗ ਰਾਗ-ਮਾਲਾ ਵਿਚ ਹਨ, ਜਿਨ੍ਹਾਂ ਵਿਚ ਬਾਣੀ ਨਹੀਂ ਰਚੀ ਗਈ । ਕਈ ਰਾਗ ਰਾਗਮਾਲਾ ਵਿਚ ਪ੍ਰਗਟ ਨਹੀਂ ਆਏ।

ਉਤਰ - ਇਸ ਦਾ ਕਾਰਣ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਗੀਤਕ ਕਾਇਦੇ ਬੰਦੀ (ਵਯਾਕਰਣ) ਦਾ ਗ੍ਰੰਥ ਨਹੀਂ । ਇਸ ਦੀ ਰਚਨਾ ਰਾਗਾਂ ਦੀ ਖਾਤਰ ਨਹੀਂ, ਪਰ ਜੋ ਜੋ ਬਾਣੀ ਸ਼ਬਦ ਆਦਿ ਰਚੇ ਗਏ ਈਸ਼੍ਰਰੀਜ ਅਨੁਭਵ ਉਤਰਨ ਤੇ ਰਚੀਂਦੇ ਗਏ। ਗੁਰੂ ਜੀ ਅਰਸ਼ੀ ਸੰਗੀਤਕ ਤੇ ਅਰਸ਼ੀ ਕਵੀ ਹੋਣ ਕਰਕੇ ਉਸ ਨੂੰ ਛੰਦਾਂ ਵਿਚ ਰਚਦੇ ਤੇ ਗਾਇਨ ਕਰਦੇ ਤੇ ਗਾਇਨ ਵਿਚ ਸੁਣਦੇ ਸੇ । ਜਿਨ੍ਹਾਂ ਰਾਗਾਂ ਵਿਚ ਜੋ ਕੁਝ ਗਾਵਿਆ ਗਿਆ, ਸੋ ਅੰਕਿਤ ਹੋ ਗਿਆ ਤੇ ਸਿਰਲੇਖ ਲਿਖ ਦਿਤੇ ਗਏ । ਜੋ ਕੋਈ ਰਾਗ ਦੇ ਮਤ ਦਾ ਪੁਸਤਕ ਲਿਖੇ, ਪਹਿਲਾਂ ਕਿਸਮਾਂ ਦੇਵੇ ਫੇਰ ਹਰ ਰਾਗ ਦੇ ਹੇਠਾਂ ਉਦਾਹਰਨਾਂ ਦੇਵੇ, ਤਾਂ ਸਾਰਾ ਕੁਝ ਦੇਣਾ ਪੈਂਦਾ ਹੈ। ਇਹ ਤ੍ਰੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਦਾ ਨਹੀਂ ਸੀ।

ਦੇਖੋ ਛੇਆਂ ਰਾਗਾਂ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦੋ ਰਾਗ ਆਏ ਹਨ। ਛੀਏ ਰਾਗ ਕ੍ਰਮ ਅਨੁਸਾਰ ਨਹੀਂ ਵਰਣਨ ਕੀਤੇ, ਤਦ ਭੈਰੋਂ ਤੇ ਉਸ ਦਾ ਪਰਵਾਰ ਕੀਕੂੰ ਵਿਧਿ ਸੰਯੁਕਤ ਪਹਿਲੇ ਆਉਂਦੇ? ਫੇਰ ਸਿਰੀ ਰਾਗ ਦਾ ਪਰਵਾਰ ਭੀ ਕ੍ਰਮ ਅਨੁਸਾਰ ਨਹੀਂ ਰਖਿਆ। ਬਾਕੀ ਦੇ ਚਾਰਾਂ ਵਿਚ ਬਾਣੀ ਨਹੀਂ ਰਚੀ ਗਈ, ਉਨ੍ਹਾਂ ਦੇ ਪਰਵਾਰਾਂ ਵਿਚੋਂ ਕਈਆਂ ਵਿਚ ਰਚੀ ਗਈ ਹੈ, ਇਸ ਕਰਕੇ ਸਿਰੀ ਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ੁਰੂ ਵਿਚ ਤੇ ਭੈਰਉ ਰਾਗਮਾਲਾ ਦੇ ਸ਼ੁਰੂ ਵਿਚ ਆਏ ਹਨ। ਆਦਿ ਬਾਣੀ ਦਾ ਉਚਾਰਨ ਸਤਿਗੁਰੂ ਨਾਨਕ ਦੇਵ ਜੀ ਨੇ ਸਿਰੀ ਰਾਗ ਤੋਂ ਕੀਤਾ। ਗੁਰਬਾਣੀ ਵਿਚ 'ਰਾਗਾਂ ਵਿਚ ਸ੍ਰੀ ਰਾਗੁ ਹੈ' ਦਾ ਪਵਿਤ੍ਰ ਵਾਕ ਵਿਦਤ ਹੈ, ਕਿਉਂਕਿ ਇਹੋ ਸ਼ਾਂਤਿ ਰਸ ਰਾਗ ਹੈ, ਉਦਾਸੀ, ਨਿਰਵੇਦਤਾ, ਉਪ੍ਰਾਮਤਾ ਦਾ ਪੂਰਨ ਅਸਰ ਰਖਦਾ ਹੈ। ਸ਼ਾਂਤਿ ਰਸ ਦਾ 'ਸਥਾਈ ਭਾਵ' ਨਿਰਵੇਦ ਹੈ। ਸਾਂਤਿ ਰਸੀ ਸੰਗੀਤ ਦੀ ਸਥਾਈ, ਨਿਰਵੇਦ ਤਾਸੀਰ ਵਾਲੇ ਰਾਗ ਤੋਂ ਰਖੀ ਹੈ। ਇਹ ਗੱਲ ਯਾਦ ਰੱਖਣ ਵਾਲੀ ਹੈ, ਕਿ ਰਾਗ ਮਾਲਾ ਵਿਚ ਕ੍ਰਮ ਬੰਦੀ ਕੇਵਲ ਸੰਗੀਤਕ ਮਤ (ਗੁਰਮਤ ਸੰਗੀਤ) ਦੀ ਦਿਖਾਈ ਹੈ, ਨਾਂ ਕਿ ਰਾਗਾਂ ਦੀ ਰੂਪਾਵਲੀ।

ਭੈਰਉ ਰਾਗ ਰਾਗਮਾਲਾ ਵਿਚ ਇਸ ਲਈ ਪਹਿਲਾ ਹੈ, ਕਿ ਕ੍ਰਮ ਬੰਦੀ ਵੇਲੇ ਅੰਮ੍ਰਿਤ ਵੇਲੇ ਦਾ ਪਹਿਲਾ ਰਾਗ ਹੈ। ਸਿਰੀ ਰਾਗ ਆਪਣੀ ਤਾਸੀਰ ਕਰ ਕੇ ਸ਼ਾਂਤਿ ਰਸੀ ਰਚਨਾਂ ਦੇ ਆਰੰਭ ਵਿਚ ਸ਼ਾਂਤ ਰਸ ਦਾ ਰਾਗ ਹੈ ਸਿਰੀ ਰਾਗ ਦੇ ਪਹਿਲੇ ਸ਼ਬਦ ਭਾਰੀ ਉਪ੍ਰਾਮਤਾ ਦੇ ਭਾਵ ਵਾਲੇ ਰੱਖੇ ਹਨ। ਇਹ ਭੀ ਰਵਾਇਤ ਹੈ, ਕਿ ਪੰਜਵੇਂ ਸਤਗੁਰਾਂ ਨੇ ਜਿਸ ਵੇਲੇ ਭਾਈ ਗੁਰਦਾਸ ਜੀ ਨੇ ਜਪੁਜੀ, ਰਹਿਰਾਸ, ਸੋਹਿਲਾ

ਲਿਖ ਲਿਆ ਤੇ ਰਾਗਾਂ ਦੀ ਵੰਡ ਵਿਚ ਬਾਣੀ ਲਿਖਣ ਲੱਗੇ, ਤਾਂ ਸਮਾਂ ਸਿਰੀ ਰਾਗ ਦਾ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾਂ ਦੇ ਆਰੰਭ ਵੇਲੇ 'ਰਾਗਾਂ ਵਿਚਿ ਸ੍ਰੀ ਰਾਗੁ ਹੈ' ਦੇ ਵਾਕ ਮੂਜਬ ਸਿਰੀ ਰਾਗ ਦੀ ਬਾਣੀ ਪਹਿਲੇ ਲਿਖੀ ਜਾ ਚੁਕੀ ਸੀ, ਸਮਾਪਤੀ ਪਰ ਜਦ ਰਾਗ ਰਾਗਣੀਆਂ 'ਰਾਗ ਰਤਨ ਪਰਵਾਰ ਪਰੀਆ' ਦੇ ਰੂਪ ਵਿਚ ਸ਼ਬਦ ਗਾਵਣ ਆਏ ਤਾਂ ਉਨ੍ਹਾਂ ਨੇ ਪਹਿਲੋਂ ਭੈਰਉ ਅਲਾਪਿਆ, ਜਿਸ ਕ੍ਰਮ ਵਿਚ ਅਲਾਪ ਹੋਇਆ, ਉਸ ਵਿਚ ਰਾਗ ਮਾਲਾ ਲਿਖੀ ਗਈ।

ਸ਼ਾਂਤਿ ਰਸ ਦੇ ਅਰਥ ਅਰ ਭਾਵ ਦਾ ਖਿਆਲ ਕਰ ਕੇ ਸ਼ਾਂਤਿ ਰਸੀ ਤਾਸੀਰ ਵਾਲਾ ਰਾਗ ਰਚਨਾ ਦੇ ਆਰੰਭ ਵਿਚ ਹੈ ਤੇ ਸੰਗੀਤਕ ਕ੍ਰਮ ਬੰਦੀ ਦੇ ਲਿਹਾਜ਼ ਕਰ ਕੇ ਤੇ ਰਾਗ ਰਤਨ ਪਰਵਾਰ ਦਾ ਪਹਿਲਾ ਅਲਾਪ ਭੈਰਉ ਤੋਂ ਹੋਣ ਕਰ ਕੇ ਭੈਰਉ ਰਾਗ ਮਾਲਾ ਵਿਚ ਪਹਿਲਾ ਰਾਗ ਹੈ।

ਪੁਰਾਤਨ ਰਾਗੀ ਪਰਭਾਤ ਸਮੇਂ ਭੈਰਉ ਰਾਗ ਦਾ ਅਲਾਪ ਅਤੇ ਗੁਰਬਾਣੀ ਦੇ ਸ਼ਬਦਾਂ ਦਾ ਕੀਰਤਨ ਬੜੇ ਪ੍ਰੇਮ ਨਾਲ ਕਰਦੇ ਹੁੰਦੇ ਸਨ ਪਰ ਵਰਤਮਾਨ ਸਮੇਂ ਦੇ ਨਵੀਨ ਕੀਰਤਨੀਏ ਰਾਗ ਨਾਲੋਂ ਫਿਲਮੀ ਸਟਾਈਲ ਤੇ ਆਪਣੀਆਂ ਨਵੀਆਂ ਰੀਤਾਂ ਅਨੁਸਾਰ ਸ਼ਬਦ ਗਾਇਨ ਕਰਨ ਵਿਚ ਬੜਾ ਫਖਰ ਸਮਝਦੇ ਹਨ ਕਿਉਂਕਿ ਨਵੀਆਂ ਰੀਤਾਂ ਵਿਚ ਰੌਚਕਤਾ ਦਾ ਅੰਸ਼ ਵਧੇਰੇ ਹੈ। ਜੇ ਰਾਗ ਦੇ ਅਧੀਨ ਰਸੀਲੀਆਂ ਰੀਤਾਂ ਨੂੰ ਜਨਮ ਦਿਤਾ ਜਾਵੇ ਤਾਂ ਉਹ ਸ੍ਰੋਤਿਆਂ ਲਈ ਵਧੇਰੇ ਉਪਯੋਗੀ ਹੋ ਸਕਦੀਆਂ ਹਨ ਅਤੇ ਰਾਗ ਦੀ ਮਹੱਤਤਾ ਵੀ ਕਾਇਮ ਰਹਿ ਸਕਦੀ। ਜੇ ਕੀਰਤਨੀਆਂ ਦਾ ਝੁਕਾਉ ਰਾਗ ਵਲੋਂ ਘਟਦਾ ਗਿਆ ਤਾਂ ਇਹ ਗੁਰਮਤਿ ਸੰਗੀਤ ਨੂੰ ਵਡੀ ਢਾਹ ਲਾਉਣ ਦਾ ਕਾਰਨ ਬਣ ਸਕਦਾ ਹੈ।

## ਰਾਗੁ ਭੈਰਉ ਮਹਲਾ ੧ ਘਰੁ ੧ ਚਉਪਦੇ

**ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਤੁਝ ਤੇ ਬਾਹਰਿ, ਕਿਛੂ ਨ ਹੋਇ ॥ ਤੂ ਕਰਿ ਕਰਿ ਦੇਖਹਿ, ਜਾਣਹਿ ਸੋਇ ॥੧॥ ਕਿਆ ਕਹੀਐ, ਕਿਛੁ ਕਹੀ ਨ ਜਾਇ ॥ ਜੋ ਕਿਛੁ ਅਹੈ, ਸਭ ਤੇਰੀ ਰਜਾਇ ॥੧॥ਰਹਾਉ॥ ਜੋ ਕਿਛੁ ਕਰਣਾ, ਸੁ ਤੇਰੈ ਪਾਸਿ ॥ ਕਿਸੁ ਆਗੈ ਕੀਚੈ ਅਰਦਾਸਿ ॥੨॥ ਆਖਣੁ ਸੁਨਣਾ, ਤੇਰੀ ਬਾਣੀ ॥ ਤੂ ਆਪੇ ਜਾਣਹਿ, ਸਰਬ ਵਿਡਾਣੀ ॥੩॥ ਕਰੇ ਕਰਾਏ ਜਾਣੈ ਆਪਿ ॥ ਨਾਨਕ, ਦੇਖੈ ਥਾਪਿ ਉਥਾਪਿ ॥੪॥੧॥**

### ਉਚਾਰਨ ਸੇਧ

**ਬਿੰਦੀ ਸਹਿਤ :** ਦੇਖਹਿੰ, ਜਾਣਹਿੰ ।

**ਪਦ-ਅਰਥ:** ਤੁਝ ਤੇ ਬਾਹਰਿ-ਤੇਰੀ ਮਰਜ਼ੀ ਤੋਂ ਉਲਟ । ਕਰਿ ਕਰਿ-ਕਰ ਕਰ ਕੇ । ਦੇਖਹਿ-ਵੇਖਦਾ ਹੈਂ । ਜਾਣਹਿ ਸੋਇ-(ਉਸ ਦੀ) ਖ਼ਬਰ ਜਾਣਦਾ ਹੈਂ । ਅਹੈ-ਹੈ । ਰਜਾਇ-ਰਜ਼ਾ, ਮਰਜ਼ੀ ਅਨੁਸਾਰ ।੧ਰਹਾਉ । ਪਾਸਿ-ਕੋਲ, ਹਜੂਰੀ ਵਿਚ । ਕੀਚੈ-ਕਰੀਏ । ੨। ਬਾਣੀ-(ਸਿਫਤਿ ਸਲਾਹ ਭਰੀ) ਬਾਣੀ । ਸਰਬ-ਸਾਰੇ । ਵਿਡਾਣੀ-ਅਸਚਰਜ ਕੌਤਕਾਂ ਵਾਲਾ।੩। ਦੇਖੈ-ਵੇਖਦਾ ਹੈ । ਥਾਪਿ-ਬਣਾ ਕੇ । ਉਥਾਪਿ-ਢਾਹ ਕੇ ।੪।

**ਅਰਥ :** (ਹੇ ਪ੍ਰਭੂ !) ਤੇਰੀ ਮਰਜ਼ੀ ਤੋਂ ਉਲਟ (ਸੰਸਾਰ ਵਿਚ) ਕੁਝ ਨਹੀਂ ਹੋ ਸਕਦਾ। ਤੂੰ (ਆਪ) ਸਭ ਕੁਝ (ਪੈਦਾ) ਕਰ ਕਰ ਕੇ (ਉਸ ਨੂੰ) ਵੇਖਦਾ ਹੈਂ (ਭਾਵ ਸਭ ਦੀ ਸੰਭਾਲ ਕਰਦਾ ਹੈਂ ਅਤੇ ਸਭ ਦੇ ਦਿਲ ਦੀ) ਖਬਰ ਜਾਣਦਾ ਹੈਂ । (ਹੇ ਪ੍ਰਭੂ !) ਕੀ ਆਖੀਏ? (ਸਾਥੋਂ) ਕੁਝ ਆਖਿਆ ਨਹੀਂ ਜਾ ਸਕਦਾ। ਜੋ ਕੁਝ ਹੋ ਰਿਹਾ ਹੈ, ਸਭ ਤੇਰੀ ਰਜ਼ਾ ਅਨੁਸਾਰ ਹੋ ਰਿਹਾ ਹੈ ।੧ਰਹਾਉ।

(ਹੇ ਪ੍ਰਭੂ ! ਅੱਸਾਂ) ਜੋ ਕੁਝ ਕਰਨਾ ਹੋਵੇ, (ਉਸ ਦਾ ਭੇਦ) ਤੇਰੇ ਪਾਸ ਹੁੰਦਾ ਹੈ। (ਅਸੀ ਤੈਨੂੰ ਛੋੜ ਕੇ ਹੋਰ) ਕਿਸ ਅੱਗੇ ਅਰਦਾਸਿ ਕਰੀਏ? (ਭਾਵ ਤੇਰੇ ਅਗੇ ਹੀ ਦੁਖ ਸੁਖ ਰਖਣਾ ਹੈ) ।੨।

(ਹੇ ਭਾਈ ! ਪ੍ਰਭੂ ਆਪ ਹੀ ਸਭ ਕੁਝ) ਕਰ ਰਿਹਾ ਹੈ ਤੇ (ਜੀਆਂ ਤੋਂ) ਕਰਾ ਰਿਹਾ ਹੈ । ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਪਰਮੇਸ਼ਰ ਆਪ ਹੀ ਸਭ ਕੁਝ) ਬਣਾ ਕੇ ਢਾਹ ਕੇ (ਫਿਰ ਆਪ ਹੀ ਉਸ ਦੀ ਦੇਖ ਭਾਲ ਕਰ ਰਿਹਾ ਹੈ) ॥੪॥੧।

### ਸਾਰੰਸ਼ ਅਤੇ ਸਿਧਾਂਤ

ਸਾਰੇ ਸੰਸਾਰ ਦੀ ਉਤਪਤੀ ਪਰਮਾਤਮਾ ਤੋਂ ਹੋਈ ਹੈ ਅਤੇ ਜੋ ਕੁਝ ਹੋ ਰਿਹਾ ਹੈ, ਇਹ ਕਹਿਣਾ ਤੇ ਲਿਖਣਾ ਸੌਖਾ ਹੈ ਪਰ 'ਹੁਕਮ-ਰਜਾਈ' ਵਿਚ ਆਪਣੇ ਆਪ ਨੂੰ ਢਾਲਣਾ ਬਹੁਤ ਹੀ ਔਖਾ ਹੈ । ਕੋਈ ਵਿਰਲਾ ਮਰਜੀਵੜਾ ਹੀ ਇਸ ਕਸਵਟੀ ਤੇ ਪੂਰਾ ਉਤਰਦਾ ਹੈ।

ਗੁਰੂ ਨਾਨਕ ਦੇਵ ਜੀ ਕਰਤਾ ਪੁਰਖ ਜੀ ਦੀ ਹਜੂਰੀ ਵਿਚ ਭਾਵ ਨਿਰੰਕਾਰ ਦੇ ਸਨਮੁਖ ਹੋ ਕੇ

ਉਸ ਦੀ ਉਸਤਤਿ ਕਰ ਰਹੇ ਹਨ:

**ਕਿਆ ਕਹੀਐ, ਕਿਛੁ ਕਹੀ ਨ ਜਾਇ ॥ ਜੋ ਕਿਛੁ ਅਹੈ ਸਭ ਤੇਰੀ ਰਜਾਇ ॥**

'ਤੇਰਾ ਕੀਆ ਮੀਠਾ ਲਾਗੈ' ਵਾਲੀ ਆਦਰਸ਼ਕ ਅਵਸਥਾ ਨੂੰ ਰੂਪਮਾਨ ਕਰਨ ਵਾਲੇ ਗੁਰਦੇਵ ਜਾਂ ਭਾਈ ਭਿਖਾਰੀ ਵਰਗੇ ਗੁਰਸਿਖ ਹੀ ਰਬੀ-ਰਜ਼ਾ ਨੂੰ ਮੰਨਣ ਵਾਲੇ ਹੋ ਸਕਦੇ ਹਨ । ਇਸ ਸਬਦ ਦੇ ਪੂਰਨੇ ਪਾਉਣ ਵਾਲੇ ਗੁਰੂ ਬਾਬਾਜੀ ਆਪ ਹਨ ਤੇ ਇਸ ਮਾਰਗ ਤੇ ਚਲਾਉਣ ਵਾਲੇ ਵੀ ਆਪ ਹੀ ਹਨ।

ਸਿਧਾਂਤ ਇਹ ਹੈ ਕਿ ਸਰਬ ਵਿਡਾਣੀ ਪਰਮੇਸ਼ਰ ਤੋਂ ਬਿਨਾ ਕੋਈ ਅਖਣ ਵਾਲਾ, ਸੁਣਨ ਵਾਲਾ ਕਰਣ ਵਾਲਾ, ਬਣਾਣ ਤੇ ਢਾਹੁਣ ਵਾਲਾ ਨਹੀਂ ਹੈ, 'ਸਭ ਕਿਛੁ ਆਪੇ ਆਪਿ' ਹੀ ਹੈ :

**ਨਾਨਕ ਏਕੀ ਬਾਹਰੀ ਹੋਰ ਦੂਜੀ ਨਾਹੀ ਜਾਇ ॥**
**ਸੋ ਕਰੇ ਜਿ ਤਿਸੈ ਰਜਾਇ ॥** [ਪੰਨਾ ੪੭੫

ੴ ਸਤਿਗੁਰ ਪ੍ਰਸਾਦਿ ॥

**ਰਾਗੁ ਭੈਰਉ ਮਹਲਾ ੧ ਘਰੁ ੨॥ਗੁਰ ਕੈ ਸਬਦਿ ਤਰੇ ਮੁਨਿ ਕੇਤੇ, ਇੰਦ੍ਰਾਦਿਕ ਬ੍ਰਹਮਾਦਿ ਤਰੇ ॥ ਸਨਕ ਸਨੰਦਨ ਤਪਸੀ ਜਨ ਕੇਤੇ, ਗੁਰ ਪਰਸਾਦੀ ਪਾਰਿ ਪਰੇ ॥੧॥ ਭਵਜਲੁ, ਬਿਨੁ ਸਬਦੈ ਕਿਉ ਤਰੀਐ ॥ ਨਾਮ ਬਿਨਾ ਜਗੁ ਰੋਗਿ ਬਿਆਪਿਆ, ਦੁਬਿਧਾ ਡੁਬਿ ਡੁਬਿ ਮਰੀਐ ॥੧॥ਰਹਾਉ॥ ਗੁਰੁ ਦੇਵਾ ਗੁਰੁ ਅਲਖ ਅਭੇਵਾ, ਤ੍ਰਿਭਵਣ ਸੋਝੀ ਗੁਰ ਕੀ ਸੇਵਾ ॥ ਆਪੇ ਦਾਤਿ ਕਰੀ ਗੁਰਿ ਦਾਤੈ, ਪਾਇਆ ਅਲਖ ਅਭੇਵਾ ॥੨॥ ਮਨੁ ਰਾਜਾ ਮਨੁ ਮਨ ਤੇ ਮਾਨਿਆ, ਮਨਸਾ ਮਨਹਿ ਸਮਾਈ ॥ ਮਨੁ ਜੋਗੀ ਮਨੁ ਬਿਨਸਿ ਬਿਓਗੀ, ਮਨੁ ਸਮਝੈ ਗੁਣ ਗਾਈ ॥੩॥ ਗੁਰ ਤੇ ਮਨੁ ਮਾਰਿਆ ਸਬਦੁ ਵੀਚਾਰਿਆ, ਤੇ ਵਿਰਲੇ ਸੰਸਾਰਾ ॥ ਨਾਨਕ, ਸਾਹਿਬੁ ਭਰਿਪੁਰਿ ਲੀਣਾ, ਸਾਚ ਸਬਦਿ ਨਿਸਤਾਰਾ ॥੪॥੧॥੨॥**

## ਉਚਾਰਨ ਸੇਧ

**ਬਿੰਦੀ ਸਹਿਤ** : ਕਿਉਂ? ਮਾਨਿਆਂ, ਮਨਹਿੰ ।

**ਪਦ-ਅਰਥ** : ਸਬਦਿ-ਸ਼ਬਦ ਦੁਆਰਾ। ਮੁਨਿ-ਮੋਨੀ, ਚੁਪ ਸਾਧਣ ਵਾਲੇ । ਕੇਤੇ-ਕਿਤਨੇ ਹੀ ਭਾਵ ਅਨਗਿਣਤ। ਇੰਦ੍ਰਾਦਿਕ-ਇੰਦ੍ਰ ਤੇ ਇੰਦ੍ਰ ਵਰਗੇ ਹੋਰ । ਬ੍ਰਹਮਾਦਿਕ-ਬ੍ਰਹਮ ਤੇ ਉਸ ਵਰਗੇ ਹੋਰ । ਸਨਕ ਸਨੰਦਨ-ਬ੍ਰਹਮਾ ਦੇ ਪੁਤਰ (ਸਨਕ ਸਨੰਦਨ ਆਦਿ) । ਤਪਸੀ-ਤਪੱਸਿਆ ਕਰਨ ਵਾਲੇ । ਗੁਰ ਪਰਸਾਦੀ-ਗੁਰੂ ਦੀ ਕਿਰਪਾ ਨਾਲ । ਪਾਰਿ ਪਏ-(ਸੰਸਾਰ ਸਮੁੰਦਰ ਤੋਂ) ਪਾਰ ਲੰਘ ਗਏ ।੧।

ਭਵਜਲੁ-ਸੰਸਾਰ ਸਮੁੰਦਰ । ਕਿਉ ਤਰੀਐ-ਕਿਵੇਂ ਤਰਿਆ ਜਾ ਸਕਦਾ ਹੈ? ਰੋਗਿ-ਰੋਗ ਵਿਚ । ਬਿਆਪਿਆ-ਪਿਆ ਹੋਇਆ, ਫਸਿਆ ਹੋਇਆ ਹੈ। ਦੁਬਿਧਾ-ਦ੍ਵੈਤ ਵਿਚ। ਡੁਬਿ ਡੁਬਿ-ਡੁੱਬ ਡੁੱਬਕੇ । ਮਰੀਐ-ਮਰੀਦਾ ਹੈ ।੧। ਰਹਾਉ।

ਦੇਵਾ-ਪ੍ਰਕਾਸ਼ ਰੂਪ ।ਅਲਖ-ਲਖਤਾ ਤੋਂ ਰਹਿਤ। ਅਭੇਵਾ-ਭੇਦ ਤੋਂ ਰਹਿਤ । ਤ੍ਰਿਭਵਣ ਸੋਝੀ-ਤਿੰਨਾ ਭਵਨਾਂ (ਲੋਕਾਂ) ਦੀ ਸੋਝੀ। ਗੁਰ ਕੀ ਸੇਵਾ-ਗੁਰੂ ਦੀ ਸੇਵਾ(ਕੀਤਿਆਂ)। ਗੁਰੂ-ਗੁਰੂ ਨੇ। ਦਾਤੈ-ਦਾਤੇ ਨੇ ।੨।

ਮਨੁ ਰਾਜਾ-ਮਨ (ਸਰੀਰ ਦੇ ਸਮੂਹ ਇੰਦ੍ਰਿਆਂ ਤੇ ਹੁਕਮ ਚਲਾਉਣ ਵਾਲਾ) ਰਾਜ ਕਰਨ ਵਾਲਾ ਮਨ ਤੇ-ਮਨ ਤੋਂ । ਮਾਨਿਆ-ਮੰਨ ਗਿਆਂ, ਪ੍ਰਸੰਨ ਹੋ ਗਿਆ । ਮਨ ਦੀ ਵਾਸ਼ਨਾ। ਮਨਹਿ-ਮਨ ਵਿਚ ਹੀ । ਸਮਾਈ-ਲੀਨ ਹੋ ਗਈ ਭਾਵ ਮੁਕ ਗਈ । ਮਨ ਜੋਗੀ-ਮਨ (ਪ੍ਰਭੂ ਦੇ ਚਰਨਾਂ ਨਾਲ) ਜੁੜਿਆ ਹੋਇਆ ਹੈ । ਬਿਨਸਿ-ਮਰ ਕੇ, ਆਪਾ-ਪਨ ਖ਼ਤਮ ਕਰਕੇ । ਬਿਓਗੀ-ਵਿਜੋਗਪੁਣਾ। ਗਾਈ-ਗਾ ਕੇ ।੩।

ਗੁਰੂ ਤੇ-ਗੁਰੂ ਤੋਂ (ਸਿੱਖਿਆ ਲੈ ਕੇ)। ਤੇ-ਉਹ (ਮਨੁੱਖ)। ਭਰਿਪੁਰਿ-ਵਿਆਪਕ। ਲੀਣਾ-(ਸਾਰਿਆਂ) ਵਿਚ ਸਮਾਇਆ ਹੋਇਆ ਹੈ। ਸਾਚ ਸਬਦਿ-ਸਦਾ ਥਿਰ ਰਹਿਣ ਵਾਲੇ ਸ਼ਬਦ ਵਿਚ (ਜੁੜਿਆਂ)। ਨਿਸਤਾਰਾ-ਪਾਰ ਉਤਾਰ ਹੁੰਦਾ ਹੈ ।੪।

**ਅਰਥ** : (ਹੇ ਭਾਈ !) ਗੁਰੂ ਦੇ ਸ਼ਬਦ ਦੁਆਰਾ ਕਿਤਨੇ ਹੀ (ਭਾਵ ਅਣਗਿਣਤ) ਮੁਨੀ, ਇੰਦ੍ਰ, ਬ੍ਰਹਮੇ ਆਦਿਕ (ਉਸਦੇ ਪੁੱਤਰ) ਸਨਕ ਸਨੰਦਨ ਆਦਿ ਹੋਰ ਅਨੇਕਾਂ ਤਪੱਸਵੀ ਜਨ ਗੁਰੂ ਦੀ ਕਿਰਪਾ ਨਾਲ (ਸੰਸਾਰ ਸਮੁੰਦਰ ਤੋਂ) ਪਾਰ ਹੋ ਗਏ ।੧।

(ਹੇ ਭਾਈ ! ਗੁਰੂ ਦੇ) ਸ਼ਬਦ ਤੋਂ ਬਿਨ੍ਹਾਂ (ਇਹ ਸੰਸਾਰ ਸਾਗਰ) ਕਿਵੇਂ ਤਰਿਆ ਜਾ ਸਕਦਾ ਹੈ? (ਪਰਮਾਤਮਾ ਦੇ) ਨਾਮ ਤੋਂ ਬਿਨ੍ਹਾਂ (ਸਾਰਾ) ਸੰਸਾਰ (ਹਉਮੈ ਦੇ) ਰੋਗ ਵਿਚ ਫਸਿਆ ਹੋਇਆ ਹੈ (ਅਤੇ) ਦੁਬਿਧਾ (ਮੇਰ-ਤੇਰ ਵਿਚ) ਡੁੱਬ ਡੁੱਬ ਕੇ (ਆਤਮਿਕ ਮੌਤ) ਮਰ ਰਿਹਾ ਹੈ ।੧। ਰਹਾਉ।

(ਹੇ ਭਾਈ !) ਗੁਰੂ (ਆਤਮਿਕ)ਪ੍ਰਕਾਸ਼ ਦੇਣ ਵਾਲਾ, ਲਖਤਾ ਤੋਂ ਰਹਿਤ, ਭੇਦ ਤੋਂ ਰਹਿਤ (ਪ੍ਰਭੂ ਦਾ)ਰੂਪ ਹੈ। ਗੁਰੂ ਦੀ ਸੇਵਾ ਦੇ ਫਲ ਸਰੂਪ ਤਿੰਨ ਭਵਨਾਂ ਦੀ ਸੋਝੀ ਹੋ ਜਾਂਦੀ ਹੈ। (ਜਿਸ ਨੂੰ ਦਾਤਿ ਕਰਨ ਵਾਲੇ) ਦਾਤੇ ਨੇ ਆਪ ਹੀ (ਨਾਮ) ਦਾਤਿ ਬਖਸ਼ੀ ਹੈ (ਉਸ ਨੇ) ਅਲੱਖ-ਅਭੇਵ ਪ੍ਰਭੂ ਨੂੰ ਪਾ ਲਿਆ ਹੈ ।੨।

(ਹੇ ਭਾਈ ! ਜਿਹੜਾ) ਮਨ (ਸਾਰੇ ਸਰੀਰ ਦਾ) ਰਾਜਾ ਹੈ (ਉਹ) ਮਨ ਤੋਂ ਹੀ ਮੰਨ ਗਿਆ ਹੈ (ਭਾਵ ਉਸ ਨੂੰ ਪ੍ਰਤੀਤ ਆ ਗਈ ਹੈ ਅਤੇ) ਮਨ ਦੀ ਵਾਸ਼ਨਾ ਮਨ ਵਿਚ ਹੀ ਲੀਨ ਹੋ ਗਈ ਹੈ, ਭਾਵ ਮੁੱਕ ਗਈ ਹੈ। ਮਨ(ਪ੍ਰਭੂ ਚਰਨਾਂ ਨਾਲ ਜੁੜਿਆ ਹੋਇਆ)ਜੋਗੀ(ਬਣ ਗਿਆ ਹੈ)ਜਿਸ ਕਰਕੇ ਇਸ ਦਾ) ਵਿਯੋਗਪੁਣਾ ਖਤਮ ਹੋ ਗਿਆ ਹੈ, (ਅਤੇ ਇਹ ਪ੍ਰਭੂਦੇ)ਗੁਣ ਗਾ ਕੇ (ਸ਼ਬਦ-ਸਾਰ ਨੂੰ) ਸਮਝਦਾ ਹੈ ।੩।

(ਹੇ ਭਾਈ ! ਜਿਨ੍ਹਾਂ ਨੇ) ਗੁਰੂ ਤੋਂ ਸ਼ਬਦ (ਲੈ ਕੇ ਉਸ ਨੂੰ ਮਨ ਵਿਚ) ਵੀਚਾਰਿਆ ਹੈ (ਉਨ੍ਹਾਂ ਨੇ ਗੁਰੂ ਦੀ ਕਿਰਪਾ ਨਾਲ) ਮਨ ਉੱਤੇ ਕਾਬੂ ਪਾਇਆ ਹੈ (ਪਰ) ਸੰਸਾਰ ਵਿਚ ਉਹ ਵਿਰਲੇ ਜਨ ਹਨ । ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਉਹ ਸੱਚਾ) ਸਾਹਿਬ ਸਭ ਵਿਚ ਵਿਆਪਕ ਹੋ ਰਿਹਾ ਹੈ (ਅਤੇ ਜੀਵ ਦਾ) ਸਦਾ ਥਿਰ ਰਹਿਣ ਵਾਲੇ ਸ਼ਬਦ ਵਿਚ ਜੁੜ ਕੇ (ਸੰਸਾਰ ਸਾਗਰ ਤੋਂ) ਪਾਰ ਉਤਾਰਾ ਹੋ ਜਾਂਦਾ ਹੈ ।੪।੧।੨।

## ਸਾਰੰਸ਼ ਅਤੇ ਸਿਧਾਂਤ

ਜੇ ਕੋਈ ਮਨੁੱਖ ਸੰਸਾਰ ਸਾਗਰ ਤੋਂ ਤਰਨ ਵਾਲਿਆਂ ਦੀ ਗਿਣਤੀ ਕਰਨਾ ਚਾਹੇ ਤਾਂ ਨਹੀਂ ਕਰ

ਸਕੇਗਾ ਕਿਉਂਕਿ ਜਗਤ ਵਿਚ ਬੇਅੰਤ ਬ੍ਰਹਮਾਦਿਕ, ਸਨਕਾਦਿਕ, ਮੁਨੀਸਰ, ਜੋਗੀਸਰ, ਤਪੀਸਰ ਅਤੇ ਹੋਰ ਅਨੇਕ ਸ਼੍ਰੇਣੀਆਂ ਦੇ ਜੀਵ ਹੋ ਚੁਕੇ ਹਨ ਜਿਨ੍ਹਾਂ ਦਾ ਸ਼ਬਦ ਬਿਨਾ ਜੀਵਨ-ਬੇੜਾ ਪਾਰ ਨਹੀਂ ਲਗ ਸਕਿਆ।

"ਭਵਜਲੁ ਬਿਨੁ ਸਬਦੇ ਕਿਉ ਤਰੀਐ" ਵਾਲਾ ਸਿਧਾਂਤ ਸਰਬ ਵਿਆਪੀ ਹੈ।

ਗੁਰੂ ਦੇ ਸ਼ਬਦ (ਉਪਦੇਸ਼) ਤੋਂ ਬਿਨਾਂ ਕੋਈ ਜੀਵ ਚਾਹੇ ਉਹ ਛੋਟਾ ਹੈ, ਚਾਹੇ ਵੱਡਾ ਹੈ, ਆਪਣੇ ਆਪ ਸੰਸਾਰ ਸਾਗਰ ਤੋਂ ਪਾਰ ਨਹੀਂ ਹੋ ਸਕਦਾ। ਗੁਰੂ ਸਮਰਥ ਹੈ :

**ਗੁਰੁ ਸਮਰਥੁ ਅਪਾਰੁ ਗੁਰੁ, ਵਡਭਾਗੀ ਦਰਸਨੁ ਹੋਇ ॥**
**ਗੁਰੁ ਅਗੋਚਰੁ ਨਿਰਮਲਾ, ਗੁਰ ਜੇਵਡੁ ਅਵਰੁ ਨ ਕੋਇ ॥**
**ਗੁਰੁ ਕਰਤਾ ਗੁਰੁ ਕਰਣਹਾਰੁ, ਗੁਰਮੁਖਿ ਸਚੀ ਸੋਇ ॥**
**ਗੁਰ ਤੇ ਬਾਹਰਿ ਕਿਛੁ ਨਹੀ, ਗੁਰੁ ਕੀਤਾ ਲੋੜੇ ਸੁ ਹੋਇ ॥੨॥** [ਪੰਨਾ ੫੨

ਗੁਰੂ ਨਾਮ ਦਾ ਦਾਤਾ, ਅਲਖ ਤੇ ਅਭੇਦ ਹੈ। ਇਸ ਲਈ ਗੁਰੂ ਹੀ ਅਲਖ ਤੇ ਅਭੇਦ ਹਰੀ ਦੀ ਸੋਝੀ ਕਰਾਉਣ ਦੇ ਸਮਰਥ ਹੈ। ਮਨ ਦੀਆਂ ਹਰ ਹਾਲਤਾਂ ਵਿਚ ਜਗਿਆਸੂ ਦੀ ਨਿਸ਼ਾ ਕਰਵਾ ਸਕਦਾ ਹੈ। ਮਨ ਤੋਂ ਹੀ ਮਨ ਨੂੰ ਸ਼ਾਂਤੀ ਮਿਲਣ ਵਾਲੀ ਸੁਬਿਧਾ ਸਤਿਗੁਰੂ ਹੀ ਸਮਝਾ ਸਕਦਾ ਹੈ।

ਨਾਮ ਤੋਂ ਸਖਣਾ ਸੰਸਾਰ ਹਉਮੈ ਤੇ ਦੁਬਿਧਾ ਦੇ ਰੋਗ ਵਿਚ ਡੂਬ ਡੂਬ ਕੇ ਮਰ ਰਿਹਾ ਹੈ। ਜੇ ਜੀਵ ਸਤਿਗੁਰੂ ਦੀ ਸੇਵਾ ਵਿਚ ਜੁਟ ਜਾਏ ਅਤੇ ਗੁਰੂ ਦੇ ਦਸੇ ਉਪਦੇਸ਼ ਦੁਆਰਾ ਮਨ ਨੂੰ ਮਾਰ ਲਏ ਤਾਂ ਸਭ ਥਾਵਾਂ ਤੇ ਭਰਪੂਰ ਹਰੀ ਦਾ ਦੀਦਾਰ ਕਰ ਸਕਦਾ ਹੈ। ਇਸ ਤਰ੍ਹਾਂ ਸਚੇ ਉਪਦੇਸ਼ ਦੁਆਰਾ ਇਸ ਜਗਤ ਤੋਂ ਉਸ ਦਾ ਨਿਸਤਾਰਾ ਹੋ ਸਕਦਾ ਹੈ। ਗੁਰਮਤਿ ਦਾ ਪ੍ਰਮਾਣੀਕ ਸਿਧਾਂਤ ਇਹ ਹੈ :

**ਗੁਰੁ ਜਹਾਜੁ ਖੇਵਟੁ ਗੁਰੂ, ਗੁਰ ਬਿਨੁ ਤਰਿਆ ਨ ਕੋਇ ॥**
**ਗੁਰ ਪ੍ਰਸਾਦਿ ਪ੍ਰਭੁ ਪਾਈਐ, ਗੁਰ ਬਿਨੁ ਮੁਕਤਿ ਨ ਹੋਇ ॥** [ਪੰਨਾ ੧੪੦੧

**ਭੈਰਉ ਮਹਲਾ ੧ ॥ ਨੈਨੀ ਦ੍ਰਿਸਟਿ ਨਹੀ, ਤਨੁ ਹੀਨਾ, ਜਰਿ ਜੀਤਿਆ ਸਿਰਿ ਕਾਲੋ ॥ ਰੂਪੁ ਰੰਗੁ ਰਹਸੁ ਨਹੀ ਸਾਚਾ, ਕਿਉ ਛੋਡੈ ਜਮ ਜਾਲੋ ॥੧॥ ਪ੍ਰਾਣੀ, ਹਰਿ ਜਪਿ ਜਨਮੁ ਗਇਓ ॥ ਸਾਚ ਸਬਦ ਬਿਨੁ ਕਬਹੁ ਨ ਛੂਟਸਿ, ਬਿਰਥਾ ਜਨਮੁ ਭਇਓ ॥੧॥ ਰਹਾਉ ॥ ਤਨ ਮਹਿ ਕਾਮੁ ਕ੍ਰੋਧੁ ਹਉ ਮਮਤਾ, ਕਠਿਨ ਪੀਰ ਅਤਿ ਭਾਰੀ ॥ ਗੁਰਮੁਖਿ ਰਾਮ ਜਪਹੁ ਰਸੁ ਰਸਨਾ, ਇਨ ਬਿਧਿ ਤਰੁ ਤੂ ਤਾਰੀ ॥੨॥ ਬਹਰੇ ਕਰਨ, ਅਕਲਿ ਭਈ ਹੋਛੀ, ਸਬਦ ਸਹਜੁ ਨਹੀ ਬੂਝਿਆ ॥ ਜਨਮੁ ਪਦਾਰਥੁ ਮਨਮੁਖਿ ਹਾਰਿਆ, ਬਿਨੁ ਗੁਰ ਅੰਧੁ ਨ ਸੂਝਿਆ ॥੩॥ ਰਹੈ ਉਦਾਸੁ ਆਸ ਨਿਰਾਸਾ, ਸਹਜ ਧਿਆਨਿ ਬੈਰਾਗੀ ॥ ਪ੍ਰਣਵਤਿ ਨਾਨਕ ਗੁਰਮੁਖਿ ਛੂਟਸਿ, ਰਾਮਨਾਮਿ ਲਿਵ ਲਾਗੀ ॥੪॥੨॥੩॥**

## ਉਚਾਰਨ ਸੇਧ

**ਬਿੰਦੀ ਸਹਿਤ :** ਨੈਨੀਂ, ਨਹੀਂ, ਕਿਉਂ, ਮਹਿਂ, ਹਉਂ।

**ਪਦ ਅਰਥ :** ਨੈਨੀ-ਨੈਣਾਂ (ਅੱਖਾਂ ਵਿਚ)। ਦ੍ਰਿਸ਼ਟਿ-ਵੇਖਣ ਦੀ ਸ਼ਕਤੀ। ਤਨੁ ਹੀਨਾ-ਸਰੀਰ ਕਮਜ਼ੋਰ ਹੋ ਗਿਆ ਹੈ। ਜਰਿ-ਬੁਢੇਪੇ ਨੇ। ਸਿਰਿ-ਸਿਰ ਉਤੇ। ਕਾਲੋ-ਕਾਲ, ਮੌਤ। ਰੂਪ-ਸੁੰਦਰਤਾ। ਰਹਸੁ-ਖੇੜਾ। ਜਮ ਜਾਲੋ-ਜਮ ਦਾ ਜਾਲੁ (ਫਾਹੀ)।੧। ਪ੍ਰਾਣੀ-ਹੇ ਮਨੁੱਖ !। ਹਰਿ ਜਪਿ-ਹਰੀ (ਨਾਮ ਦਾ) ਜਾਪ ਕਰ। ਜਨਮੁ ਗਇਓ-(ਮਨੁੱਖਾ ਜਨਮ ਵਿਅਰਥ) ਜਾ ਰਿਹਾ ਹੈ। ਸਾਚ ਸਬਦ ਬਿਨੁ-ਸੱਚੇ ਸ਼ਬਦ ਬਿਨਾਂ। ਕਬਹੂ ਨ ਛੂਟਸਿ-ਕਦੇ ਵੀ ਛੁਟਕਾਰਾ ਨਹੀਂ ਪਾ ਸਕੇਂਗਾ। ਬਿਰਥਾ-ਵਿਅਰਥ।੧। ਰਹਾਉ। ਤਨ ਮਹਿ-ਸਰੀਰ ਵਿਚ। ਕਾਮੁ-ਕਾਮ ਵਾਸਨਾ। ਕ੍ਰੋਧ-ਗੁੱਸਾ। ਹਉ-ਹਉਮੈ। ਮਮਤਾ-ਮੈਂ ਮੇਰੀ ਦੀ ਪਕੜ। ਕਠਿਨ ਪੀਰ-ਔਖੀ ਪੀੜ। ਅਤਿ ਭਾਰੀ-ਬਹੁਤ ਹੀ ਵੱਡੀ। ਗੁਰਮੁਖਿ-ਗੁਰੂ ਦੀ ਰਾਹੀਂ। ਰਸੁ-(ਨਾਮ ਦਾ) ਸੁਆਦ। ਰਸਨਾ-ਜੀਭ ਨਾਲ। ਇਨ ਬਿਧਿ-ਇਨ੍ਹਾਂ ਤਰੀਕਿਆਂ ਨਾਲ। ਤਰ ਤੂ ਤਾਰੀ-ਤੂੰ ਤਾਰੀ ਤਰ ਜਾ (ਭਾਵ ਪਾਰ ਲੰਘ ਜਾ)।੨। ਬਹਰੇ-ਬੋਲੇ, ਡੋਰੇ। ਕਰਨ-ਕੰਨ। ਅਕਲਿ-ਮਤਿ, ਸਮਝ। ਹੋਛੀ-ਕਮੀਨੀ, ਘਟੀਆ। ਸਬਦ ਸਹਜੁ-ਸ਼ਬਦ ਦਾ ਸਾਤ ਰੱਸ। ਮਨਮੁਖਿ-ਆਪ ਹੁਦਰੇ। ਨਹੀਂ ਬੂਝਿਆ-ਨਹੀਂ ਸਮਝਿਆ। ਅੰਧੁ-ਅੰਨ੍ਹਾਂ। ਨ ਸੂਝਿਆ-ਸਮਝ ਨਾ ਪਈ।੩। ਉਦਾਸੁ-ਉਪਰਾਮ, ਨਿਰਲੇਪ। ਆਸ ਨਿਰਾਸਾ-ਆਸਾ ਵਿਚ ਰਹਿੰਦਿਆਂ ਨਿਰਲੇਪ ਰਹੇ। ਸਹਜ ਧਿਆਨਿ-ਅਡੋਲ ਅਵਸਥਾ ਦੇ ਧਿਆਨ ਵਿਚ। ਬੈਰਾਗੀ-ਬੈਰਾਗਵਾਨ। ਪ੍ਰਣਵਤਿ-ਬੇਨਤੀ ਕਰਦਾ ਹੈ। ਰਾਮ ਨਾਮਿ-ਪਰਮਾਤਮਾ ਦੇ ਨਾਮ ਵਿਚ।੪।

**ਅਰਥ :** (ਹੇ ਪ੍ਰਾਣੀ ! ਤੇਰੀਆਂ) ਅੱਖਾਂ ਵਿਚ ਵੇਖਣ ਦੀ (ਪੂਰੀ) ਸ਼ਕਤੀ ਨਹੀਂ ਰਹੀ, ਤੇਰਾ ਸਰੀਰ ਵੀ ਕਮਜ਼ੋਰ ਹੋ ਗਿਆ ਹੈ, ਬੁਢੇਪੇ ਨੇ (ਤੈਨੂੰ) ਜਿੱਤ ਲਿਆ ਹੈ (ਤੇਰੇ) ਸਿਰ ਉਤੇ (ਹੁਣ ਵੀ) ਕਾਲ (ਖੜਾ ਹੈ)। (ਪਰ ਤੇਰੇ ਉਤੇ ਹੁਣ ਤਕ) ਰੱਬੀ ਰੂਪ ਰੰਗ ਨਹੀਂ ਚੜ੍ਹਿਆ (ਨਾ ਆਤਮਿਕ) ਖੇੜਾ ਆਇਆ ਹੈ, (ਤੂੰ ਦਸ!) ਜਮ ਦਾ ਜਾਲ ਤੈਨੂੰ ਕਿਵੇਂ ਛਡੇਗਾ?

ਹੇ ਪ੍ਰਾਣੀ ! (ਤੂੰ) ਹਰੀ (ਨਾਮ ਦਾ) ਜਾਪ ਜਪ (ਸਿਮਰਨ ਕਰ, ਤੇਰਾ ਮਨੁੱਖਾ) ਜਨਮ (ਅਜਾਈਂ) ਜਾ ਰਿਹਾ ਹੈ। (ਤੂੰ) ਸੱਚੇ ਸ਼ਬਦ ਤੋਂ ਬਿਨਾ ਕਦੇ ਵੀ (ਜਮ ਦੇ ਜਾਲ ਤੋਂ) ਨਹੀਂ ਛੁਟ ਸਕੇਂਗਾ (ਇਉਂ ਸਮਝ ਕਿ ਤੇਰਾ) ਜਨਮ ਵਿਅਰਥ ਚਲਾ ਜਾਏਗਾ।੧। ਰਹਾਉ।

(ਹੇ ਪ੍ਰਾਣੀ ! ਤੇਰੇ) ਸਰੀਰ ਵਿਚ ਕਾਮ (ਵਾਸ਼ਨਾ ਦਾ ਜ਼ੋਰ ਹੈ), ਕ੍ਰੋਧ ਵੀ (ਪ੍ਰਬਲ) ਹੈ, ਹਉਮੈ ਤੇ ਮੇਰਾ-ਪਨ ਦੀ ਅਪਣਤ (ਆਦਿ ਦੀ) ਵੱਡੀ ਔਖੀ ਪੀੜ (ਉਠ ਰਹੀ ਹੈ)। (ਤੂੰ) ਗੁਰੂ ਰਾਹੀਂ ਪਰਮਤਾਮਾ ਦਾ ਨਾਮ (ਆਪਣੀ) ਜੀਭ ਨਾਲ ਜਪ ਤੇ ਰੱਸ (ਪ੍ਰਾਪਤ ਕਰ) ਲੈ, ਇਹਨਾਂ ਤਰੀਕਿਆਂ ਨਾਲ ਤੂੰ ਇਸ ਵਿਸ਼ੇ ਬਨ ਤੋਂ ਤਾਰੀ ਤਰ ਕੇ ਪਾਰ ਹੋ ਜਾ।੨।

(ਹੇ ਭਾਈ ! ਤੇਰੇ) ਕੰਨ ਬੋਲੇ ਹੋ ਗਏ ਹਨ, ਅਕਲ ਵੀ ਹੋਛੀ (ਘਟੀਆ) ਬਣ ਗਈ ਹੈ, ਜਿਸ ਕਰਕੇ (ਤੂੰ) ਸਬਦ ਦਾ ਸਹਜ, ਰੱਬੀ-ਸਿਫਤ ਸਲਾਹ ਦਾ ਰੱਸ ਨਹੀਂ ਸਮਝ ਸਕਿਆ। (ਹੇ ਭਾਈ! ਇਸ ਤਰ੍ਹਾਂ) ਆਪ-ਹੁਦਰੇ ਮਨੁੱਖ ਨੇ ਜਨਮ (ਜੂਐ ਵਿਚ) ਹਾਰ ਦਿੱਤਾ। ਗੁਰੂ ਦੇ ਉਪਦੇਸ਼ ਤੋਂ ਬਿਨ੍ਹਾਂ ਇਹ ਅੰਨ੍ਹਾ

ਹੀ ਰਿਹਾ (ਜੀਵਨ ਤੇ ਤੱਤ ਨੂੰ) ਨਹੀਂ ਸਮਝ ਸਕਿਆ ।੩।

(ਜਿਹੜਾ ਮਨੁੱਖ ਦੁਨੀਆਂ ਵਿਚ ਵਿਚਰਦਾ ਹੋਇਆ ਦੁਨੀਆਂ ਵਲੋਂ)ਉਦਾਸ (ਉਪਰਾਮ) ਰਹਿੰਦਾ ਹੈ, ਆਸਾਂ ਤੋਂ ਨਿਰਲੇਪ ਰਹਿੰਦਾ ਹੈ (ਅਤੇ)ਸਹਜ ਸਮਾਧੀ ਵਿਚ ਧਿਆਨ ਜੋੜੀ ਰਖਦਾ ਹੈ (ਉਹ ਅਸਲੀ) ਬੈਰਾਗਵਾਨ (ਪੁਰਸ਼) ਹੈ । ਨਾਨਕ ਬੇਨਤੀ ਕਰਦਾ ਹੈ (ਅਤੇ ਉਪਦੇਸ਼ ਵੀ ਦੇਂਦਾ ਹੈ ਕਿ ਹੇ ਪ੍ਰਾਣੀ!) ਜਿਸ ਮਨੁੱਖ ਦੀ ਬ੍ਰਿਤੀ ਗੁਰੂ ਦੁਆਰੇ ਪਰਮਾਤਮਾ ਦਾ ਨਾਮ ਵਿਚ ਲਗ ਜਾਂਦੀ ਹੈ, (ਉਹ ਆਵਾਗਉਣ ਤੋਂ) ਛੁਟ ਜਾਂਦਾ ਹੈ (ਬਾਕੀ ਸਭ ਜੀਵ ਜਨਮ ਮਰਨ ਦੇ ਚਕਰ ਵਿਚ ਪਏ ਰਹਿੰਦੇ ਹਨ) ।੪।੧।

## ਸਾਰੰਸ਼ ਅਤੇ ਸਿਧਾਂਤ

ਬਾਲ, ਜੁਆਨੀ ਤੇ ਬ੍ਰਿਧ ਜੀਵ ਦੀਆਂ ਇਹ ਤਿੰਨ ਅਵਸਥਾਵਾਂ ਪ੍ਰਸਿਧ ਹਨ । ਇਸ ਸ਼ਬਦ ਵਿਚ ਬਿਰਧ ਅਵਸਥਾ ਨੂੰ ਸਾਹਮਣੇ ਰਖ ਕੇ ਗੁਰੂ ਬਾਬਾ ਜੀ ਜੀਵ ਨੂੰ ਇਸ ਉਪਦੇਸ਼ ਰਾਹੀਂ ਚੇਤੰਨ ਕਰ ਰਹੇ ਹਨ :--

**ਪ੍ਰਾਣੀ ਹਰਿ ਜਪਿ ਜਨਮੁ ਗਇਓ ॥**

**ਸਾਚ ਸਬਦ ਬਿਨੁ ਕਬਹੂ ਨ ਛੂਟਸਿ, ਬਿਰਥਾ ਜਨਮੁ ਭਇਓ ॥**

ਪ੍ਰਾਣੀ ਜਦੋਂ ਜੁਆਨ ਹੁੰਦਾ ਹੈ ਸਰੀਰ ਦੇ ਸਾਰੇ ਇੰਦ੍ਰੇ ਨਰੋਏ ਹੁੰਦੇ ਹਨ, ਓਦੋਂ ਇਹ ਸਿਰਜਣਹਾਰ ਪਰਮੇਸ਼ਰ ਦਾ ਨਾਮ ਨਹੀਂ ਜਪਦਾ । ਜਦੋਂ ਬੁਢੇਪਾ ਆ ਜਾਂਦਾ ਹੈ ਫਿਰ ਸਰੀਰ ਵਿਚ ਕਾਮ, ਕ੍ਰੋਧ, ਹੰਗਤਾ, ਮਮਤਾ ਦੀ ਪੀੜ ਉਠਦੀ ਹੀ ਰਹਿੰਦੀ ਹੈ । ਇਸ ਦੇ ਨਾਲ ਹੀ ਬ੍ਰਿਧ ਅਵਸਥਾ ਵਿਚ ਕੰਨ ਬੋਲੇ ਹੋ ਜਾਂਦੇ ਹਨ, ਸਤਰਿਆਂ ਬਹਤਰਿਆਂ ਮਨੁੱਖ ਦੀ ਅਕਲ ਵੀ ਥੋੜੀ ਰਹਿ ਜਾਂਦੀ ਹੈ, ਸਾਰੇ ਦੁੱਖਾਂ ਨੂੰ ਸਹਾਰਨਾ ਬੜ ਕਠਿਨ ਹੁੰਦਾ ਹੈ । ਇਸ ਤਰਸਯੋਗ ਅਵਸਥਾ ਤੋਂ ਛੁਟਕਾਰਾ ਪਾਣ ਦਾ ਇਕੋ ਇਕ ਰਾਹ ਹੈ ਕਿ ਜੀਵ ਗੁਰੂ ਦੁਆਰਾ ਪਰਮੇਸ਼ਰ ਦੇ ਨਾਮ ਵਿਚ ਆਪਣੀ ਸੁਰਤਿ ਜੋੜੇ ।

ਸਿਧਾਂਤ ਇਹ ਹੈ ਕਿ ਗੁਰੂ ਦੇ ਦਸੇ ਹੋਏ ਸਚੇ ਸ਼ਬਦ ਨੂੰ ਕਮਾਏ ਬਿਨਾ ਮਨੁੱਖਾ ਜਨਮ ਵਿਅਰਥ ਹੀ ਚਲਾ ਜਾਂਦਾ ਹੈ । ਗੁਰੂ ਦੇ ਸ਼ਬਦ ਵਿਚ ਪਾਪ ਕਟਣ ਦੀ ਸ਼ਕਤੀ ਹੈ, ਇਸ ਲਈ ਸ਼ਬਦ ਅਭਿਆਸ ਵਿਚ ਜੁੱਟਣ ਤੇ ਹੀ ਦੁੱਖਾਂ ਤੋਂ ਛੁਟਕਾਰਾ ਹੋਣਾ ਹੈ:-

**ਰਾਮਾ ਨੰਦ ਸੁਆਮੀ ਰਮਤ ਬ੍ਰਹਮ॥ ਗੁਰ ਕਾ ਸਬਦੁ ਕਾਟੈ ਕੋਟਿ ਕਰਮ॥**[ਪੰ. ੧੧੯੫

**ਭੈਰਉ ਮਹਲਾ ੧ ॥ ਕੂੰਡੀ ਚਾਲ ਚਰਣ ਕਰ ਖਿਸਰੇ, ਤੁਚਾ ਦੇਹ ਕੁਮਲਾਨੀ ॥ ਨੇਤ੍ਰੀ ਧੁੰਧਿ, ਕਰਨ ਭਏ ਬਹਰੇ, ਮਨਮੁਖਿ ਨਾਮੁ ਨ ਜਾਨੀ ॥੧॥ ਅੰਧੁਲੇ, ਕਿਆ ਪਾਇਆ ਜਗਿ ਆਇ॥ ਰਾਮੁ ਰਿਦੈ ਨਹੀ ਗੁਰ ਕੀ ਸੇਵਾ, ਚਾਲੇ ਮੂਲੁ ਗਵਾਇ ॥੧॥ ਰਹਾਉ॥ ਜਿਹਵਾ, ਰੰਗਿ ਨਹੀ ਹਰਿ ਰਾਤੀ, ਜਬ ਬੋਲੈ ਤਬ ਫੀਕੇ॥ ਸੰਤ ਜਨਾ ਕੀ ਨਿੰਦਾ ਵਿਆਪਸਿ, ਪਸੂ ਭਏ ਕਦੇ ਹੋਹਿ ਨ ਨੀਕੇ॥੨॥ ਅੰਮ੍ਰਿਤ ਕਾ ਰਸੁ ਵਿਰਲੀ**

**ਪਾਇਆ, ਸਤਿਗੁਰ ਮੇਲਿ ਮਿਲਾਏ॥ ਜਬ ਲਗੁ ਸਬਦ ਭੇਦੁ ਨਹੀ ਆਇਆ, ਤਬ ਲਗੁ ਕਾਲੁ ਸੰਤਾਏ॥੩॥ ਅਨ ਕੋ ਦਰੁ ਘਰੁ ਕਬਹੂ ਨ ਜਾਨਸਿ, ਏਕੋ ਦਰੁ ਸਚਿਆਰਾ ॥ ਗੁਰ ਪ੍ਰਸਾਦਿ ਪਰਮ ਪਦੁ ਪਾਇਆ, ਨਾਨਕੁ ਕਹੈ ਵਿਚਾਰਾ ॥੪॥੩॥੪॥**

## ਉਚਾਰਨ ਸੇਧ

**ਬਿੰਦੀ ਸਹਿਤ** : ਨਹੀਂ, ਹੋਹਿੰ, ਵਿਰਲੀਂ। **ਛੁਟਕਲ** : ਤੁੱਚਾ।

**ਪਦ ਅਰਥ** : ਡੂੰਡੀ-ਭੱਦੀ, ਕੁਹਜੀ। ਚਾਲ-ਟੋਰ। ਚਰਣ-ਪੈਰ। ਕਰ-ਹੱਥ। ਖਿਸਰੇ-ਢਿੱਲੇ ਹੋ ਗਏ। ਤੁਚਾ ਦੇਹ-ਸਰੀਰ ਦੀ ਚਮੜੀ। ਕੁਮਲਾਨੀ-ਕੁਮਲਾ ਗਈ, ਝੁਰੜੀਆਂ ਪੈ ਗਈਆਂ, ਮਾਸ ਢਿੱਲਾ ਹੋ ਗਿਆ। ਨੇਤ੍ਰੀ-ਅੱਖਾਂ ਵਿਚ। ਧੁੰਧਿ-ਧੁੰਧਲਾਪਨ, ਹਨੇਰਾ ਜਿਹਾ। ਕਰਨ-ਕੰਨ। ਭਏ ਬਹਰੇ-ਬੋਲੇ (ਡੋਰੇ) ਹੋ ਗਏ। ਮਨਮੁਖਿ-ਮਨ ਪਿਛੇ ਲਗਣ ਵਾਲੇ (ਮਨੁੱਖ ਨੇ)। ਨ ਜਾਨੀ-(ਕਦਰ) ਨਹੀਂ ਜਾਣੀ।੧।

ਅੰਧਲੇ-ਹੇ ਅੰਨ੍ਹੇ! (ਅਗਿਆਨੀ ਜੀਵ)। ਕਿਆ ਪਾਇਆ-(ਤੂੰ) ਕੀ ਪ੍ਰਾਪਤ ਕੀਤਾ ਹੈ ? ਜਗਿ ਆਇ-ਜਗਤ ਵਿਚ ਆ ਕੇ। ਰਿਦੈ-ਹਿਰਦੇ ਵਿਚ। ਮੂਲੁ-ਅਸਲ, ਮੂੜੀ।੧।ਰਹਾਉ। ਜਿਹਬਾ-ਜੀਭ। ਰੰਗਿ ਨਹੀ ਹਰਿ ਰਾਤੀ-ਹਰੀ ਦੇ ਪ੍ਰੇਮ ਵਿਚ ਰੰਗੀ ਨਹੀਂ ਗਈ। ਫੀਕੇ-ਫਿੱਕੇ, ਖਰ੍ਹਵੇ। ਵਿਆਪਸਿ-ਰੁਝਿਆ ਰਹਿੰਦਾ ਹੈ, ਲੱਗਾ ਰਹਿੰਦਾ ਹੈ। ਪਸ਼ੂ ਭਏ-ਪਸ਼ੂ ਹੋ ਗਏ ਹੋਣ। ਕਦੇ-ਕਦੇ ਵੀ। ਹੋਹਿ ਨ ਨੀਕੇ-ਚੰਗੇ ਨਹੀਂ ਹੋ ਸਕਦੇ।੨।

ਵਿਰਲੀ-ਵਿਰਲਿਆਂ ਨੇ। ਸਤਿਗੁਰ ਮੇਲਿ-ਗੁਰੂ ਦੀ ਸੰਗਤ ਵਿਚ। ਮੇਲਿ-ਮੇਲ ਕੇ। ਮਿਲਾਏ-(ਪ੍ਰਭੂ ਨੇ ਆਪਣੇ ਨਾਲ) ਮਿਲਾਏ। ਜਬ ਲਗੁ-ਜਦੋਂ ਤਕ। ਸਬਦ ਭੇਦੁ-ਸ਼ਬਦ ਦਾ ਰਾਜ਼। ਤਬ ਲਗੁ-ਓਦੋਂ ਤਕ। ਕਾਲੁ-ਮੌਤ। ਸੰਤਾਏ-ਦੁੱਖ ਦਿੰਦਾ ਹੈ।੩।

ਅਨ ਕੋ-(ਪ੍ਰਭੂ ਤੋਂ ਬਿਨਾਂ) ਕਿਸੇ ਹੋਰ ਦਾ। ਸਚਿਆਰਾ-ਸਦਾ ਕਾਇਮ ਰਹਿਣ ਵਾਲਾ। ਗੁਰ ਪ੍ਰਸਾਦਿ-ਗੁਰੂ ਦੀ ਕਿਰਪਾ ਨਾਲ। ਪਰਮਪਦੁ-ਸਭ ਤੋਂ ਉਚਾ ਆਤਮਿਕ ਦਰਜਾ।੪।

**ਅਰਥ** : (ਬੁਢੇਪੇ ਕਾਰਨ ਮਨੁੱਖ ਦੀ) ਚਾਲ ਭੱਦੀ ਹੋ ਚੁੱਕੀ ਹੈ, ਪੈਰ ਤੇ ਹੱਥ ਢਿੱਲਕ ਪਏ ਹਨ, ਸਰੀਰ ਦੀ ਚਮੜੀ ਮੁਰਝਾ ਗਈ ਹੈ (ਭਾਵ ਝੁਰੜੀਆਂ ਪੈ ਗਈਆਂ ਹਨ)। ਨੇਤਰਾਂ ਵਿਚ ਧੁੰਧ ਪੈ ਗਈ ਹੈ ਭਾਵ (ਅੰਧਰਾਤਾ ਹੋ ਗਿਆ ਹੈ), ਕੰਨ ਬੋਲੇ ਹੋ ਗਏ ਹਨ, (ਫਿਰ ਭੀ) ਮਨ ਦੇ ਮਗਰ ਚਲਣ ਵਾਲੇ ਮਨੁੱਖ ਨੇ ਨਾਮ ਰੂਪ (ਰਤਨ ਦੀ ਕਦਰ) ਨਹੀਂ ਜਾਤੀ (ਭਾਵ ਨਾਮ ਨਾਲ ਪ੍ਰੀਤਿ ਕਰਨੀ ਨਹੀ ਸਿੱਖੀ)।੧।

ਹੇ ਅੰਨ੍ਹੇ (ਜੀਵ! ਤੂੰ ਇਸ) ਜਗਤ ਵਿਚ ਆ ਕੇ ਕਿਹੜਾ (ਜੀਵਨ ਲਾਭ) ਖਟਿਆ ਹੈ ? (ਤੂੰ) ਹਿਰਦੇ ਵਿਚ ਪਰਮਾਤਮਾ ਨੂੰ ਨਹੀਂ ਵਸਾਇਆ (ਅਤੇ ਨਾ ਹੀ ਤੂੰ) ਗੁਰੂ ਦੀ ਸੇਵਾ ਕੀਤੀ ਹੈ (ਤੂੰ ਤਾਂ ਸਗੋਂ) ਆਪਣਾ ਮੂਲ (ਸੁਆਸਾਂ ਰੂਪੀ ਮੂੜੀ) ਵੀ ਗਵਾ ਕੇ (ਇਥੋਂ) ਜਾ ਰਿਹਾ ਹੈਂ।੧। ਰਹਾਉ।

(ਹੇ ਅੰਨ੍ਹੇ! ਤੇਰੀ) ਜੀਭ ਪ੍ਰਭੂ ਦੇ (ਨਾਮ) ਵਿਚ ਰੰਗੀ ਨਹੀਂ ਗਈ, ਜਦੋਂ ਵੀ ਬੋਲਦੀ ਹੈ ਤਦੋਂ ਫਿੱਕੇ (ਬੋਲ ਹੀ ਬੋਲਦੀ ਹੈ)। ਸੰਤ ਜਨਾਂ ਦੀ ਨਿੰਦਿਆਂ ਵਿਚ ਹੀ ਲੱਗੀ ਰਹਿੰਦੀ ਹੈ, (ਜਿਹੜੇ) ਪਸ਼ੂਆਂ

ਵਾਂਗ ਬੇਸਮਝ ਸੁਭਾਅ ਵਾਲੇ ਹੋ ਗਏ ਹਨ (ਉਹ) ਕਦੇ ਚੰਗੇ ਨਹੀਂ ਬਣ ਸਕਦੇ ।੨।

(ਹੇ ਭਾਈ !) ਅਮ੍ਰਿਤ (ਨਾਮ) ਦਾ ਰਸ (ਉਨ੍ਹਾਂ) ਵਿਰਲਿਆ ਨੂੰ ਪ੍ਰਾਪਤ ਹੋਇਆ ਹੈ, (ਜਿਨ੍ਹਾਂ ਨੂੰ ਪਰਮਾਤਮਾ ਨੇ) ਸਤਿਗੁਰੂ ਦੀ ਸੰਗਤ ਵਿਚ ਮੇਲ ਕੇ (ਆਪਣੇ ਨਾਲ) ਮਿਲਾਇਆ ਹੈ । ਜਦੋਂ ਤਕ ਸ਼ਬਦ ਦੇ (ਉਪਦੇਸ਼ ਦਾ ਗੂਹੜ) ਭੇਦ (ਹਿਰਦੇ ਵਿਚ) ਨਹੀਂ ਆਇਆ, ਉਦੋਂ ਤਕ ਮੌਤ ਰੂਪੀ (ਡਰ) ਸਤਾਉਂਦਾ, ਦੁਖੀ ਕਰਦਾ ਰਹਿੰਦਾ ਹੈ ।੩।

ਜੋ (ਜੀਵ) ਹੋਰ ਕਿਸੇ ਦਰ ਘਰ ਨੂੰ ਨਹੀਂ ਜਾਣਦਾ, (ਕੇਵਲ) ਇਕ ਸਦਾ ਥਿਰ ਰਹਿਣ ਵਾਲੇ ਪ੍ਰਭੂ ਦਾ ਦਰ ਮੱਲੀ ਰੱਖਦਾ ਹੈ, ਨਾਨਕ (ਇਹ) ਵੀਚਾਰ ਆਖਦਾ ਹੈ, (ਉਸ ਮਨੁੱਖ ਨੇ) ਗੁਰੂ ਦੀ ਕਿਰਪਾ ਨਾਲ ਉਚਾ ਆਤਮਿਕ ਦਰਜਾ ਪ੍ਰਾਪਤ ਕਰ ਲਿਆ ਹੈ ।੪।੩।੪।

## ਸਾਰੰਸ਼ ਅਤੇ ਸਿਧਾਂਤ

ਬੁਢੇਪਾ ਆਉਣ ਨਾਲ ਮਨੁੱਖ ਦੀ ਚਾਲ ਭੱਦੀ ਹੋ ਜਾਂਦੀ ਹੈ, ਪੈਰ ਤੇ ਹਥ ਢਿਲਕ ਜਾਂਦੇ ਹਨ, ਸਰੀਰ ਦੀ ਚਮੜੀ ਕੁਮਲਾ ਜਾਂਦੀ ਹੈ, ਚਿਹਰੇ ਤੇ ਜੁਆਨੀ ਵਾਲਾ ਨੂਰ ਨਹੀਂ ਰਹਿੰਦਾ । ਮਨੁੱਖ ਹਰੇਕ ਦਾ ਮੁਥਾਜ਼ ਹੋ ਜਾਂਦਾ ਹੈ । ਅੱਖਾਂ ਤੋਂ ਦਿਸਦਾ ਨਹੀਂ, ਕੰਨ ਬੋਲੇ ਹੋ ਜਾਂਦੇ ਹਨ । ਪਰ ਆਪ-ਹੁਦਰਾ ਮਨੁੱਖ ਫਿਰ ਵੀ ਪਰਮੇਸ਼ਰ ਦੇ ਨਾਮ ਨੂੰ ਆਪਣੇ ਜੀਵਨ ਦਾ ਅਧਾਰ ਨਹੀਂ ਬਣਾਉਂਦਾ । ਦਸੋ, ਇਸ ਅੰਨ੍ਹੇ ਅਗਿਆਨੀ ਮਨੁੱਖ ਨੇ ਮਨੁੱਖਾ ਜਨਮ ਪਾ ਕੇ ਕੀ ਪ੍ਰਾਪਤ ਕੀਤਾ ? ਨਾ ਰਸਨਾ ਦੁਆਰਾ ਸਤਿਨਾਮ-ਵਾਹਿਗੁਰੂ ਜਪਿਆ, ਨਾ ਗੁਰੂ ਦੀ ਸੇਵਾ ਕੀਤੀ, ਆਪਣਾ ਮੂਲ (ਮੂੜੀ) ਜੋ ਸੁਆਸਾਂ ਦੀ ਪੂੰਜੀ ਮਿਲੀ ਸੋ ਉਹ ਵੀ ਵਿਅਰਥ ਗਵਾ ਕੇ ਸੰਸਾਰ ਤੋਂ ਚਲਦਾ ਬਣਿਆ ।

ਮਨਮੁੱਖ ਦੀ ਫਿਤਰਤ ਹੈ ਕਿ ਉਹ ਆਪ ਤਾਂ ਨਾਮ-ਰਸ ਤੋਂ ਸਖਣਾ ਹੁੰਦਾ ਹੈ ਪਰ ਨਾਮ-ਰਸੀਆਂ ਦੀ ਨਿੰਦਾ ਕਰਨਾ ਆਪਣੇ ਜੀਵਨ ਦਾ ਮਨੋਰਥ ਹੀ ਬਣਾ ਲੈਂਦਾ ਹੈ। ਅਸਲ ਵਿਚ ਜਦੋਂ ਪਸ਼ੂ-ਬਿਰਤੀ ਬਣ ਗਈ, ਫਿਰ ਉਸ ਤੋਂ ਚੰਗਾ ਕੰਮ ਹੋ ਹੀ ਨਹੀਂ ਸਕਦਾ। ਗੁਰੂ ਪਾਤਿਸ਼ਾਹ ਜੀ ਨੇ ਸਿਰੇ ਦੀ ਗਲ ਕੀਤੀ ਹੈ:

**ਜਬ ਲਗੁ ਸਬਦ ਭੇਦੁ ਨਹੀ ਆਇਆ, ਤਬ ਲਗੁ ਕਾਲੁ ਸੰਤਾਏ ॥**

ਸ਼ਬਦ-ਭੇਦ ਦੀ ਸੋਝੀ ਗੁਰੂ ਪਾਸੋਂ ਪ੍ਰਾਪਤ ਹੁੰਦੀ ਹੈ ਪਰ ਵੇਮੁਖ, ਨਿਗੁਰੇ ਜੀਵ ਨੂੰ ਮੌਤ ਦਾ ਡਰ ਹਰ ਵੇਲੇ ਸਤਾਉਂਦਾ ਰਹਿੰਦਾ ਹੈ । ਗੁਰੂ ਨੂੰ ਪਰਸੇ ਬਿਨਾਂ 'ਏਕੋ ਦਰੁ' ਦੀ ਸੋਝੀ ਨਹੀਂ ਆ ਸਕਦੀ ।

ਸਿਧਾਂਤ ਇਹ ਹੈ ਕਿ ਗੁਰੂ ਦੀ ਕਿਰਪਾ ਨਾਲ ਸ਼ਬਦ ਦੀ ਸੋਝੀ ਆਉਂਦੀ ਹੈ ਤਾਂ ਜੀਵ ਨਾਮ ਦੀ ਕਮਾਈ ਕਰ ਕੇ ਪਰਮਪਦ ਪ੍ਰਾਪਤ ਕਰਨ ਦੇ ਯੋਗ ਬਣ ਸਕਦਾ ਹੈ, ਵਰਨਾ ਨਹੀਂ ।

**ਭੈਰਉ ਮਹਲਾ ੧ ॥ ਸਗਲੀ ਰੈਣਿ ਸੋਵਤ ਗਲਿ ਫਾਹੀ, ਦਿਨਸੁ ਜੰਜਾਲਿ ਗਵਾਇਆ॥ ਖਿਨੁ ਪਲੁ ਘੜੀ ਨਹੀ ਪ੍ਰਭੁ ਜਾਨਿਆ, ਜਿਨਿ ਇਹੁ ਜਗਤੁ ਉਪਾਇਆ ॥੧॥ ਮਨ ਰੇ, ਕਿਉ ਛੂਟਸਿ ਦੁਖ ਭਾਰੀ ॥ ਕਿਆ ਲੇ ਆਵਸਿ ਕਿਆ ਲੇ ਜਾਵਸਿ, ਰਾਮੁ ਜਪਹੁ ਗੁਣਕਾਰੀ॥੧॥ਰਹਾਉ॥ ਊਂਧਉ ਕਵਲੁ ਮਨਮੁਖ ਮਤਿ ਹੋਛੀ, ਮਨਿ ਅੰਧੈ**

**ਸਿਰਿ ਧੰਧਾ॥ ਕਾਲੁ ਬਿਕਾਲੁ ਸਦਾ ਸਿਰਿ ਤੇਰੈ, ਬਿਨੁ ਨਾਵੈ ਗਲਿ ਫੰਧਾ॥੨॥ ਡਗਰੀ ਚਾਲ ਨੇਤ੍ਰ ਫੁਨਿ ਅੰਧੁਲੇ, ਸਬਦ ਸੁਰਤਿ ਨਹੀ ਭਾਈ॥ ਸਾਸਤ੍ਰ ਬੇਦ ਤ੍ਰੈਗੁਣ ਹੈ ਮਾਇਆ, ਅੰਧਲਉ ਧੰਧੁ ਕਮਾਈ॥੩॥ ਖੋਇਓਂ ਮੂਲੁ ਲਾਭੁ ਕਹ ਪਾਵਸਿ, ਦੁਰਮਤਿ ਗਿਆਨ ਵਿਹੂਣੇ॥ ਸਬਦੁ ਬੀਚਾਰਿ ਰਾਮ ਰਸੁ ਚਾਖਿਆ, ਨਾਨਕ ਸਾਚਿ ਪਤੀਣੇ ॥੪॥੪॥੫॥**

**ਪਦ ਅਰਥ :** ਸਗਲੀ ਰੈਣਿ-ਸਾਰੀ ਰਾਤ। ਸੋਵਤ-ਸੌਂਦਾ ਹੈ। ਗਲਿ-ਗਲ ਵਿਚ। ਫਾਹੀ-ਫਾਂਸੀ। ਜੰਜਾਲਿ-ਮਾਇਆ ਦੇ ਧੰਧਿਆਂ ਵਿਚ। ਗਵਾਇਆ-ਜ਼ਾਇਆ ਕਰ ਦਿਤਾ। ਜਿਨਿ ਉਪਾਇਆ-ਜਿਸ (ਪ੍ਰਭੂ ਨੇ) ਪੈਦਾ ਕੀਤਾ।੧।

ਮਨ ਰੇ-ਹੇ ਮਨ!। ਕਿਉ ਛੂਟਸਿ-ਕਿਵੇਂ ਖੁਲਾਸੀ ਪਾਏਂਗਾ ?। ਦੁਖੁ ਭਾਰੀ-(ਮਾਇਆ ਮੋਹ ਦੇ ਜੰਜਾਲ ਵਾਲੇ) ਵੱਡੇ ਦੁਖ ਤੋਂ। ਗੁਣਕਾਰੀ-ਲਾਭਦਾਇਕ ਹੈ।੧। ਰਹਾਉ।

ਊਂਧਉ-ਉਲਟਾ। ਹੋਛੀ-ਭੌਂਦੀ। ਮਨਿ ਅੰਧੈ-ਅੰਧੇ ਮਨ ਵਾਲਾ ਹੋਣ ਕਰਕੇ। ਸਿਰਿ ਧੰਧਾ-ਸਿਰ ਉਤੇ ਮਾਇਆ ਦਾ ਰਗੜਾ ਝਗੜਾ (ਪਿਆ ਰਹਿੰਦਾ ਹੈ)। ਕਾਲੁ-ਮੌਤ। ਬਿਕਾਲੁ-ਜਨਮ। ਫੰਧਾ-ਫਾਹਾ।੩।

ਖੋਇਓ-ਗਵਾ ਦਿੱਤਾ। ਮੂਲੁ-ਆਤਮਿਕ ਅਸਲ ਜੀਵਨ। ਕਹਾ-ਕਿਥੇ?। ਦੁਰਮਤਿ-ਖੋਟੀ ਮਤਿ। ਗਿਆਨ ਵਿਹੂਣੇ-ਗਿਆਨ ਤੋਂ ਖਾਲੀ ਹੋਣ ਕਰਕੇ। ਬੀਚਾਰਿ-ਵੀਚਾਰ ਕੇ। ਚਾਖਿਆ-ਚੱਖਿਆ। ਸਾਚਿ-ਸਦਾ ਥਿਰ (ਪ੍ਰਭੂ) ਵਿਚ। ਪਤੀਣੇ-ਪਤੀਜ ਗਏ, ਪ੍ਰਸੰਨ ਹੋ ਗਏ।੪।

**ਅਰਥ :** (ਹੇ ਭਾਈ !) ਗਾਫਲ ਮਨੁੱਖ ਨੇ (ਉਮਰ ਰੂਪੀ) ਸਾਰੀ ਰਾਤ (ਬਿਨਾ ਸਿਮਰਨ ਦੇ ਭਾਵ) ਸੁਤਿਆਂ ਹੀ (ਗੁਜ਼ਾਰ ਦਿਤੀ ਅਤੇ) ਦਿਨ ਕੰਮ ਧੰਧਿਆਂ ਵਿਚ (ਲੱਗ ਕੇ) ਗਵਾ ਦਿੱਤਾ, (ਇਹ ਮਾਨੋ ਇਸ ਦੇ) ਗਲ ਵਿਚ (ਜਮਾਂ ਦੀ) ਫਾਹੀ (ਪੈ ਗਈ ਹੈ)। ਜਿਸ (ਪ੍ਰਭੂ) ਨੇ ਇਹ ਜਗਤ ਪੈਦਾ ਕੀਤਾ ਹੈ (ਉਸ) ਪ੍ਰਭੂ ਨੂੰ (ਇਸ ਗਾਫਲ ਮਨੁੱਖ ਨੇ ਇਕ) ਘੜੀ, ਪਲ, ਖਿਨ ਮਾਤਰ ਭੀ ਨਹੀਂ ਜਾਣਿਆ (ਭਾਵ ਉਸ ਪ੍ਰਭੂ ਦੇ ਕੀਤੇ ਪਰਉਪਕਾਰਾਂ ਨੂੰ ਚੇਤੇ ਨਹੀਂ ਕੀਤਾ)।੧।

ਹੇ ਮਨ! (ਬਿਨਾਂ ਨਾਮ ਸਿਮਰਨ ਤੋਂ ਜਨਮ ਮਰਣ ਦੇ) ਭਾਰੀ ਦੁਖ ਤੋਂ ਕਿਵੇਂ ਛੁਟੇਂਗਾ ? (ਭਾਵ ਖੁਲਾਸੀ ਪਾਏਂਗਾ)? (ਤੂੰ ਇਥੇ) ਕੀ ਲੈ ਕੇ ਆਇਆ ਸੀ, (ਤੇ)ਇਥੋਂ (ਆਪਣੇ ਨਾਲ)ਕੀ ਲੈ ਕੇ ਜਾਵੇਂਗਾ? (ਭਾਵ ਕੁਝ ਨਹੀਂ ਲੈ ਜਾਵੇਂਗਾ) ਇਸ ਲਈ, ਤੂੰ ਲਾਭ ਦੇਣ ਵਾਲਾ ਪਰਮੇਸ਼ਰ ਦਾ (ਨਾਮ)ਜਪ।੧।ਰਹਾਉ।

ਹੇ ਮਨ ਦੇ ਮਗਰ ਤੁਰਨ ਵਾਲੇ (ਮਨੁੱਖ) ! ਤੇਰਾ (ਹਿਰਦਾ) ਕਮਲ (ਪਰਮੇਸ਼ਰ ਦੀ ਯਾਦ ਵਲੋਂ) ਉਲਟਿਆ ਪਿਆ ਹੈ (ਕਿਉਂਕਿ ਤੇਰੀ) ਮਤ ਤੁੱਛ ਜਿਹੀ ਹੈ, ਅੰਧੇ ਮਨ ਵਾਲਾ ਹੋਣ ਕਰਕੇ (ਤੇਰੇ) ਸਿਰ ਉਤੇ ਧੰਧਿਆਂ ਦਾ (ਬੋਝ ਪਿਆ ਰਹਿੰਦਾ ਹੈ)। ਜਨਮ ਮਰਨ ਸਦਾ ਤੇਰੇ ਸਿਰ ਉਤੇ (ਰਹਿੰਦੇ ਹਨ ਯਾਦ ਰਖ) ਨਾਮ ਤੋਂ ਬਿਨਾਂ (ਤੇਰੇ) ਗਲ ਵਿਚ (ਜਮ ਦਾ) ਫਾਹਾ (ਪਵੇਗਾ)।੨।

ਹੇ ਭਾਈ ! ਤੇਰੀ ਚਾਲ ਟੇਢੀ ਹੈ, ਮਾਇਆ ਦੀ ਧੁੰਧ ਹੋਣ ਕਾਰਨ ਤੇਰੇ ਨੇਤਰ ਵੀ ਅੰਨ੍ਹੇ ਹਨ,

(ਗੁਰੂ ਦੇ) ਸ਼ਬਦ ਦੀ ਸੋਝੀ (ਪ੍ਰਾਪਤ ਕਰਨੀ ਤੈਨੂੰ) ਚੰਗੀ ਨਹੀਂ ਲੱਗਦੀ। (ਤੂੰ) ਸਾਸਤਰ, ਵੇਦ (ਪੜ੍ਹਦਾ ਹੈਂ, ਪਰ ਤੇਰੇ ਉਤੇ) ਤ੍ਰੈ ਗੁਣੀ ਮਾਇਆ (ਹਰ ਵੇਲੇ ਸਵਾਰ ਰਹਿੰਦੀ ਹੈ)। ਮਾਇਆ ਦੇ ਪ੍ਰਭਾਵ ਕਰਕੇ ਅਗਿਆਨੀ ਮਨੁੱਖ ਧੰਧਾ ਹੀ ਕਮਾਂਦਾ ਹੈ (ਭਾਵ) ਸੰਸੇ ਵਿਚ ਫਸਿਆ ਰਹਿੰਦਾ ਹੈ।੩।

ਹੇ ਖੋਟੀ ਮਤ ਵਾਲੇ ! ਗਿਆਨ ਤੋਂ ਖ਼ਾਲੀ ਜੀਵ ! ਤੂੰ (ਅਗਿਆਨਤਾ ਕਰਕੇ ਸੁਆਸਾਂ ਰੂਪੀ) ਮੂਲ ਨੂੰ ਗਵਾਇਆ ਹੈ (ਤੈਨੂੰ) ਲਾਭ ਕਿਥੋਂ ਪ੍ਰਾਪਤ ਹੋਵੇਗਾ ? ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਜਿਨ੍ਹਾਂ ਨੇ ਗੁਰ) ਸ਼ਬਦ ਨੂੰ ਵੀਚਾਰ ਕੇ ਰਾਮ (ਨਾਮ) ਦਾ ਰੱਸ ਚੱਖਿਆ ਹੈ, (ਉਹ) ਸਚ ਵਿਚ ਪਤੀਜਦੇ (ਪ੍ਰਸੰਨ ਹੁੰਦੇ) ਹਨ।੪।੪।੫।

## ਸਾਰੰਸ਼ ਅਤੇ ਸਿਧਾਂਤ

ਗੁਰ-ਸ਼ਬਦ ਵਿਹੂਣੇ ਮਨੁੱਖ ਦੀ ਹਾਲਤ ਨੂੰ ਸਾਹਮਣੇ ਰਖ ਕੇ ਗੁਰੂ ਬਾਬਾ ਜੀ ਸਮਝਾ ਰਹੇ ਹਨ, ਹੇ ਮਨ ! ਜਨਮ ਮਰਨ ਦੇ ਵਡੇ ਦੁਖਾਂ ਤੋਂ ਕਿਵੇਂ ਛੁਟਕਾਰਾ ਪਾਵੇਂਗਾ ? ਤੂੰ ਸੰਸਾਰ ਵਿਚ ਆਪਣੇ ਨਾਲ ਕੀ ਲੈ ਆਇਆ ਸੀ ਅਤੇ ਜਾਣ ਵੇਲੇ ਆਪਣੇ ਨਾਲ ਕੀ ਲੈ ਜਾਵੇਂਗਾ ?

'ਨਾਗੇ ਆਵਨ ਨਾਗੇ ਜਾਨਾ' ਵਾਲਾ ਬਚਨ ਮਨੁੱਖ ਨੇ ਸੁਣਿਆ ਹੀ ਨਹੀਂ, ਇਸ ਲਈ ਇਸ ਦਾ ਮਨ ਅੰਨ੍ਹਾਂ ਹੋਣ ਕਾਰਨ ਇਸਦੇ ਸਿਰ ਉਤੇ ਸੰਸਾਰ ਦੇ ਧੰਧੇ ਹਰ ਵੇਲੇ ਸਵਾਰ ਰਹਿੰਦੇ ਹਨ।

ਮਨਮੁਖ ਦਾ ਹਿਰਦਾ ਮੂਧੇ ਪਏ ਕੰਵਲ ਵਾਂਗੂੰ ਮੁਰਝਾਇਆ ਰਹਿੰਦਾ ਹੈ, ਜਿਸ ਵਿਚ ਨਾਮ ਅੰਮ੍ਰਿਤ ਪੈ ਹੀ ਨਹੀਂ ਸਕਦਾ। ਸ਼ਾਸਤਰਾਂ, ਵੇਦਾਂ ਨੇ ਸਾਰੇ ਸੰਸਾਰ ਨੂੰ ਤਿੰਨਾਂ ਗੁਣਾਂ ਦੇ ਭਰਮਾਂ ਵਿਚ ਬੰਧਾ ਹੋਇਆ ਹੈ, ਜੀਵ ਗੁਰ ਸ਼ਬਦ ਵਲ ਰੁਚੀ ਕਰਨੋਂ ਕਤਰਾਂਦਾ ਹੈ। ਆਖ਼ਰ ਸਿੱਟਾ ਇਹ ਨਿਕਲਦਾ ਹੈ ਕਿ 'ਨਾਮ ਵਿਹੂਣੇ ਉਣੇ ਝੂਣੇ' ਮਨੁੱਖ ਦਾ ਜੀਵਨ ਅਗਿਆਨਤਾ ਵਿਚ ਨਿਸਫਲ ਚਲਾ ਜਾਂਦਾ ਹੈ।

ਸਿਧਾਂਤ ਇਹ ਹੈ ਕਿ ਨਾਮ-ਰਸ ਦੀ ਪ੍ਰਾਪਤੀ ਗੁਰੂ ਦੇ ਸ਼ਬਦ ਰਾਹੀਂ ਹੁੰਦੀ ਹੈ, ਇਸ ਲਈ ਸ਼ਬਦ ਨੂੰ ਵੀਚਾਰਨ, ਪਿਆਰਨ ਤੇ ਹਿਰਦੇ ਵਿਚ ਧਾਰਨ ਦੀ ਲੋੜ ਹੈ।

**ਭੈਰਉ ਮਹਲਾ ੧ ॥ ਗੁਰ ਕੈ ਸੰਗਿ ਰਹੈ ਦਿਨੁ ਰਾਤੀ, ਰਾਮੁ ਰਸਨਿ ਰੰਗਿ ਰਾਤਾ ॥ ਅਵਰੁ ਨ ਜਾਣਸਿ ਸਬਦੁ ਪਛਾਣਸਿ, ਅੰਤਰਿ ਜਾਣਿ ਪਛਾਤਾ ॥੧॥ ਸੋ ਜਨੁ ਐਸਾ, ਮੈ ਮਨਿ ਭਾਵੈ ॥ ਆਪੁ ਮਾਰਿ ਅਪਰੰਪਰਿ ਰਾਤਾ, ਗੁਰ ਕੀ ਕਾਰ ਕਮਾਵੈ ॥੧॥ ਰਹਾਉ ॥ ਅੰਤਰਿ ਬਾਹਰਿ ਪੁਰਖੁ ਨਿਰੰਜਨੁ, ਆਦਿ ਪੁਰਖ ਆਦੇਸੋ ॥ ਘਟ ਘਟ ਅੰਤਰਿ ਸਰਬ ਨਿਰੰਤਰਿ, ਰਵਿ ਰਹਿਆ ਸਚੁ ਵੇਸੋ ॥੨॥ ਸਾਚਿ ਰਤੇ ਸਚੁ ਅੰਮ੍ਰਿਤੁ ਜਿਹਵਾ, ਮਿਥਿਆ ਮੈਲੁ ਨ ਰਾਈ ॥ ਨਿਰਮਲ ਨਾਮੁ ਅੰਮ੍ਰਿਤ ਰਸੁ ਚਾਖਿਆ, ਸਬਦਿ ਰਤੇ ਪਤਿ ਪਾਈ ॥੩॥ ਗੁਣੀ ਗੁਣੀ ਮਿਲਿ ਲਾਹਾ ਪਾਵਸਿ, ਗੁਰਮੁਖਿ ਨਾਮਿ ਵਡਾਈ ॥ ਸਗਲੇ ਦੂਖ ਮਿਟਹਿ ਗੁਰ ਸੇਵਾ, ਨਾਨਕ ਨਾਮੁ ਸਖਾਈ ॥੪॥੫॥੬॥**

## ਉਚਾਰਨ ਸੇਧ

**ਬਿੰਦੀ ਸਹਿਤ :** ਮੈਂ, ਮਿਟਹਿਂ।

**ਫੁਟਕਲ :** (ਨਿਰੰਜਨ) ਨੂੰ 'ਨਰਿੰਜਨ' ਪੜ੍ਹਨਾ ਅਸ਼ੁੱਧ ਹੈ।

**ਪਦ ਅਰਥ :** ਸੰਗਿ-ਨਾਲ, ਸੰਗਤ ਵਿਚ। ਦਿਨੁ ਰਾਤੀ-ਹਰ ਵੇਲੇ। ਰਸਨਿ-ਰਸਨਾ (ਜੀਭ) ਨਾਲ, ਜੀਭ ਤੇ। ਰੰਗਿ-ਪ੍ਰੇਮ ਵਿਚ। ਰਾਤਾ-ਰੱਤਾ, ਰੰਗਿਆ ਹੋਇਆ। ਅਵਰੁ-ਹੋਰ ਨੂੰ। ਨ ਜਾਣਸਿ-ਨਹੀਂ ਜਾਣਦਾ ਹੈ। ਸਬਦਿ ਪਛਾਣਸਿ-(ਕੇਵਲ) ਸ਼ਬਦ ਨੂੰ ਹੀ ਪਛਾਣਦਾ ਹੈ। ਅੰਤਰਿ ਜਾਣਿ-ਅੰਦਰ ਵਸਦਾ ਜਾਣ ਕੇ। ਪਛਾਤਾ-ਪਛਾਣ ਲਿਆ ਹੈ। ਐਸਾ-ਇਹੋ ਜਿਹਾ। ਮਨਿ-ਮਨ ਵਿਚ। ਭਾਵੈ-ਪਿਆਰਾ (ਚੰਗਾ) ਲਗਦਾ ਹੈ। ਆਪੁ ਮਾਰਿ-ਆਪਾ-ਭਾਵ ਹੰਕਾਰ ਮਾਰ ਕੇ। ਅਪਰੰਪਰਿ-ਬੇਅੰਤ ਪਰਮੇਸ਼ਰ ਵਿਚ। ਰਾਤਾ-ਰੱਤਾ ਹੋਇਆ, ਲੀਨ ਹੋਇਆ ਹੈ। ਗੁਰ ਕੀ ਕਾਰ-ਗੁਰੂ ਦੀ (ਦੱਸੀ ਹੋਈ) ਕਾਰ-ਸੇਵਾ। ਕਮਾਵੈ-ਕਰਦਾ ਹੈ।੧। ਰਹਾਉ।

ਪੁਰਖੁ-ਵਿਆਪਕ (ਪ੍ਰਭੂ)। ਨਿਰੰਜਨ-ਮਾਇਆ ਤੋਂ ਰਹਿਤ (ਪ੍ਰਭੂ)। ਆਦਿ ਪੁਰਖੁ-ਪਰਮਾਤਮਾ। ਆਦੇਸੋ-ਨਮਸਕਾਰ। ਘਟ ਘਟ ਅੰਤਰਿ-ਸਾਰੇ ਹਿਰਦਿਆਂ ਅੰਦਰ। ਸਰਬ ਨਿਰੰਤਰਿ-ਸਾਰਿਆਂ ਵਿਚ ਇਕ ਰੱਸ। ਰਵਿ ਰਹਿਆ-ਵਿਆਪਕ ਹੋ ਰਿਹਾ ਹੈ। ਸਚੁ ਵੇਸੋ-(ਜੁਗੁ ਜੁਗੁ ਏਕੋ) ਵੇਸ ਵਾਲਾ ਹਰੀ।੨।

ਸਾਚਿ-ਸਦਾ ਥਿਰ ਪ੍ਰਭੂ ਵਿਚ। ਜਿਹਵਾ-ਜੀਭ। ਮਿਥਿਆ-ਝੂਠ। ਨ ਰਾਈ-ਰਾਈ ਮਾਤਰ, ਰਤਾ ਭਰ ਵੀ ਨਹੀਂ। ਪਤਿ ਪਾਈ-ਇੱਜ਼ਤ ਪ੍ਰਾਪਤ ਕੀਤੀ।੩।

ਗੁਣੀ-(ਇਕ) ਗੁਣਵਾਨ। ਗੁਣੀ ਮਿਲਿ-(ਦੂਜੇ ਵਡੇ) ਗੁਣਵਾਨ ਨੂੰ ਮਿਲ ਕੇ। ਲਾਹਾ-ਲਾਭ। ਪਾਵਸਿ-ਪਾਉਂਦਾ ਹੈ। ਗੁਰਮੁਖਿ-ਗੁਰੂ ਰਾਹੀਂ। ਮਿਟਹਿ-ਮਿੱਟ ਜਾਂਦੇ ਹਨ। ਸਖਾਈ-ਮਿੱਤਰ।੪।

**ਅਰਥ :** (ਹੇ ਭਾਈ! ਅਸਲੀ ਸੇਵਕ ਉਹ ਹੈ ਜਿਹੜਾ) ਦਿਨ ਰਾਤ ਗੁਰੂ ਦੀ ਸੰਗਤ ਵਿਚ ਰਹਿੰਦਾ ਹੈ (ਅਤੇ ਆਪਣੀ) ਰਸਨਾ ਨਾਲ (ਨਾਮ ਜਪ ਕੇ) ਪ੍ਰਭੂ ਪ੍ਰੇਮ ਵਿਚ ਰੰਗਿਆ ਰਹਿੰਦਾ ਹੈ। (ਉਹ) ਹੋਰ (ਕਿਸੇ ਨੂੰ ਸਮਰਥ) ਨਹੀਂ ਸਮਝਦਾ (ਕੇਵਲ ਗੁਰੂ ਦੇ) ਸ਼ਬਦ ਨੂੰ ਪਛਾਣਦਾ ਹੈ (ਭਾਵ ਸ਼ਬਦ ਨਾਲ ਜੀਵਨ ਸਾਂਝ ਪਾਂਦਾ ਹੈ, ਅਤੇ ਪ੍ਰਭੂ ਨੂੰ ਸ਼ਬਦ ਦੁਆਰਾ) ਅੰਦਰ (ਵਸਦਾ) ਜਾਣ ਕੇ ਪਛਾਣ ਲੈਂਦਾ ਹੈ।੧।

ਉਹ (ਸੇਵਕ) ਜਨ ਇਹੋ ਜਿਹਾ ਹੈ, (ਭਾਵ ਜੋ ਸ਼ਬਦ ਨੂੰ ਪਛਾਣਦਾ ਹੈ) ਮੇਰੇ ਮਨ ਵਿਚ ਬਹੁਤ ਚੰਗਾ ਲਗਦਾ ਹੈ। (ਉਹ) ਆਪਾ (ਹੰਕਾਰ) ਮਾਰ ਕੇ ਬੇਅੰਤ ਪ੍ਰਭੂ ਦੇ ਪ੍ਰੇਮ ਵਿਚ ਰਹਿੰਦਾ ਹੈ (ਅਤੇ) ਗੁਰੂ ਦੀ (ਦੱਸੀ ਹੋਈ) ਕਾਰ-ਸੇਵਾ (ਹਿਤ ਚਿਤ ਨਾਲ) ਕਰਦਾ ਹੈ।੧। ਰਹਾਉ।

(ਐਸਾ ਜਨ ਸਰਬ ਵਿਆਪਕ ਕਰਤਾ ਪੁਰਖ, ਜੋ) ਮਾਇਆ ਦੇ ਪ੍ਰਭਾਵ ਤੋਂ ਰਹਿਤ ਹੈ, ਅੰਦਰ ਤੇ ਬਾਹਰ (ਸਭ ਪਾਸੇ ਵਿਆਪਕ ਹੈ, ਉਸ) ਆਦਿ ਪੁਰਖ ਨੂੰ ਨਮਸਕਾਰ ਕਰਦਾ ਹੈ। (ਉਹ ਵਾਹਿਗੁਰੂ) ਹਰ ਹਿਰਦੇ ਅੰਦਰ ਹੈ, ਸਾਰਿਆਂ ਦੇ ਅੰਦਰ ਇਕ ਰਸ ਹੋ ਕੇ ਵਿਆਪਕ ਹੋ ਰਿਹਾ ਹੈ (ਅਤੇ ਉਸ ਦਾ ਜੁਗੁ ਜੁਗ ਏਕੋ) ਵੇਸ ਸਦਾ ਰਹਿਣ ਵਾਲਾ ਹੈ।੨।

(ਹੇ ਭਾਈ! ਜਿਹੜੇ ਸੇਵਕ) ਸੱਚੇ (ਪ੍ਰਭੂ) ਵਿਚ ਰੰਗੇ ਗਏ ਹਨ, (ਜਿਨ੍ਹਾਂ ਦੀ) ਰਸਨਾ ਤੇ ਸੱਚਾ

ਅੰਮ੍ਰਿਤ ਨਾਮ ਹੈ, (ਉਨ੍ਹਾਂ ਨੂੰ) ਰਤਾ ਭਰ ਭੀ ਝੂਠ ਦੀ ਮੈਲ ਨਹੀਂ ਲਗਦੀ। (ਜਿਨ੍ਹਾਂ ਨੇ ਪਰਮੇਸ਼ਰ ਦਾ ਪਵਿੱਤਰ) ਨਾਮ ਰੂਪੀ ਅੰਮ੍ਰਿਤ ਰਸ ਚੱਖਿਆ ਹੈ (ਉਹ) ਸ਼ਬਦ ਵਿਚ ਰੰਗੇ ਗਏ ਹਨ (ਉਨ੍ਹਾਂ ਨੇ ਰੱਬੀ) ਦਰਗਾਹ ਵਿਚ (ਸਦਾ ਸੱਚੀ) ਪਤਿ (ਇੱਜ਼ਤ) ਪ੍ਰਾਪਤ ਕੀਤੀ ਹੈ ।੩।

(ਹੇ ਭਾਈ! ਇਕ) ਗੁਣਵਾਨ (ਦੂਜੇ ਵੱਡੇ) ਗੁਣਵਾਨ ਨੂੰ ਮਿਲ ਕੇ (ਨਾਮ ਦਾ) ਲਾਹਾ ਖੱਟਦਾ ਹੈ ਅਤੇ ਗੁਰੂ ਦੁਆਰਾ ਨਾਮ ਵਿਚ (ਜੁੜ ਕੇ ਸੱਚੀ ਵਡਿਆਈ ਪਾਉਂਦਾ ਹੈ)। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਗੁਰੂ ਦੀ ਸੇਵਾ ਕਰਨ ਨਾਲ ਸਾਰੇ ਦੁੱਖ ਮਿੱਟ ਜਾਂਦੇ ਹਨ (ਅਤੇ ਪਰਮਾਤਮਾ ਦਾ ਨਾਮ ਸਦਾ ਲਈ ਉਸਦਾ) ਮਿੱਤਰ ਬਣ ਜਾਂਦਾ ਹੈ ।੪।੫।੬।

## ਸਾਰੰਸ਼ ਅਤੇ ਸਿਧਾਂਤ

ਗੁਰੂ ਬਾਬਾ ਜੀ ਫੁਰਮਾਉਂਦੇ ਹਨ ਕਿ ਮੈਨੂੰ ਤਾਂ ਉਹ ਪੁਰਸ਼ ਚੰਗਾ ਲਗਦਾ ਹੈ ਜੋ ਦਿਨ ਰਾਤ ਹਰ ਵੇਲੇ ਗੁਰੂ ਦੀ ਸੰਗਤ ਵਿਚ ਜੁੜਿਆ ਰਹਿੰਦਾ ਹੋਵੇ, ਗੁਰੂ ਦੀ ਦਸੀ ਕਾਰ, ਗੁਰੂ ਸ਼ਬਦ ਦੀ ਵੀਚਾਰ ਕਰਕੇ ਹਰੀ ਰਸ ਵਿਚ ਰੱਤਾ ਹੋਇਆ ਗੁਰੂ ਦੀ ਸੇਵਾ ਕਰਦਾ ਹੋਵੇ। ਐਸਾ ਵਿਅਕਤੀ ਹਰ ਵਕਤ ਹਰ ਥਾਂ ਪਵਿੱਤਰ ਹਰੀ ਨੂੰ ਹਾਜ਼ਰ ਨਾਜ਼ਰ ਵੇਖਦਾ ਹੈ। ਇਸ ਲਈ ਉਸ ਦੇ ਨੇੜੇ ਅਪਵਿਤ੍ਰਤਾ ਨਹੀਂ ਆਉਂਦੀ। ਉਹ ਆਪਣੇ ਜੀਵਨ ਦਾ ਇਹ ਲਕਸ਼ ਬਣ ਲੈਂਦਾ ਹੈ ਕਿ ਗੁਣੀਆਂ ਨੂੰ ਮਿਲ ਕੇ ਗੁਣ ਗ੍ਰਹਿਣ ਕਰਨਾ ਹੀ ਕਰਨਾ ਹੈ।

ਅਜਿਹੇ ਵਿਅਕਤੀ ਨੂੰ ਗੁਰੂ ਦੇ ਸ਼ਬਦ ਤੋਂ ਸਿਵਾ ਹੋਰ ਕੁਝ ਸੁਖਾਂਦਾ ਹੀ ਨਹੀਂ। ਅੰਤਲੀ ਪੰਕਤੀ ਵਿਚ ਜੋ ਸਿਧਾਂਤ ਦਿੱਤਾ ਹੈ ਉਹ ਵੀ ਕਮਾਲ ਦਾ ਹੈ :-

**ਸਗਲੇ ਦੂਖ ਮਿਟਹਿ ਗੁਰ ਸੇਵਾ ਨਾਨਕ ਨਾਮੁ ਸਖਾਈ ॥**

ਸੋ, ਗੁਰੂ ਦੀ ਸੇਵਾ ਤੇ ਨਾਮ-ਸਿਮਰਨ ਦੋਵੇਂ ਗੁਣ ਜੀਵ ਦੀ ਕਲਿਆਨ ਕਰਨ ਵਾਲੇ ਸੁਖਦਾਈ ਹਨ।

**ਭੈਰਉ ਮਹਲਾ ੧ ॥ ਹਿਰਦੈ ਨਾਮੁ ਸਰਬ ਧਨੁ ਧਾਰਣੁ, ਗੁਰ ਪਰਸਾਦੀ ਪਾਈਐ। ਅਮਰ ਪਦਾਰਥ ਤੇ ਕਿਰਤਾਰਥ, ਸਹਜ ਧਿਆਨਿ ਲਿਵ ਲਾਈਐ ॥੧॥ ਮਨ ਰੇ, ਰਾਮ ਭਗਤਿ ਚਿਤੁ ਲਾਈਐ ॥ ਗੁਰਮੁਖਿ ਰਾਮਨਾਮੁ ਜਪਿ ਹਿਰਦੈ, ਸਹਜ ਸੇਤੀ ਘਰਿ ਜਾਈਐ ॥੧॥ ਰਹਾਉ ॥ ਭਰਮੁ ਭੇਦੁ ਭਉ ਕਬਹੁ ਨ ਛੂਟਸਿ, ਆਵਤ ਜਾਤ ਨ ਜਾਨੀ ॥ ਬਿਨੁ ਹਰਿ ਨਾਮ ਕੋ ਮੁਕਤਿ ਨ ਪਾਵਸਿ, ਡੂਬਿ ਮੁਏ ਬਿਨੁ ਪਾਨੀ ॥੨॥ ਧੰਧਾ ਕਰਤ ਸਗਲੀ ਪਤਿ ਖੋਵਸਿ, ਭਰਮੁ ਨ ਮਿਟਸਿ ਗਵਾਰਾ ॥ ਬਿਨੁ ਗੁਰ ਸਬਦ ਮੁਕਤਿ ਨਹੀ ਕਬਹੀ, ਅੰਧੁਲੇ ਧੰਧੁ ਪਸਾਰਾ ॥੩॥ ਅਕੁਲ ਨਿਰੰਜਨ ਸਿਉ ਮਨੁ ਮਾਨਿਆ, ਮਨ ਹੀ ਤੇ ਮਨੁ ਮੂਆ ॥ ਅੰਤਰਿ ਬਾਹਰਿ ਏਕੋ ਜਾਨਿਆ, ਨਾਨਕ ਅਵਰੁ ਨ ਦੂਆ ॥੪॥੬॥੭॥**

**ਪਦ ਅਰਥ :** ਸਰਬ-ਸਭ (ਜੀਆਂ) ਲਈ। ਧਨੁ-ਦੌਲਤ। ਧਾਰਣੁ-ਆਸਰਾ। ਗੁਰਪ੍ਰਸਾਦੀ-

ਗੁਰੂ ਦੀ ਕਿਰਪਾ ਨਾਲ। ਪਾਈਐ-ਪਾਈਦਾ ਹੈ। ਅਮਰ ਪਦਾਰਥ-ਆਤਮਿਕ ਅਡੋਲਤਾ ਦੇ ਧਿਆਨ ਵਿਚ। ਲਿਵ ਲਾਈਐ-ਸੁਰਤਿ ਨੂੰ ਜੋੜਨਾ ਚਾਹੀਦਾ ਹੈ। ਮਨ ਰੇ-ਹੇ ਮਨ ! । ਰਾਮ ਭਗਤਿ-ਪਰਮਾਤਮਾ ਦੀ ਭਗਤੀ ਵਿਚ। ਚਿਤੁ-ਚਿੱਤ ਨੂੰ। ਲਾਈਐ-ਜੋੜਨਾ ਚਾਹੀਦਾ ਹੈ। ਗੁਰਮੁਖਿ-ਗੁਰੂ ਦੀ ਰਾਹੀਂ। ਜਪਿ ਜਪ ਕੇ। ਹਿਰਦੈ-ਹਿਰਦੇ ਵਿਚ। ਸਹਜ ਸੇਤੀ-ਸ਼ਾਂਤੀ ਨਾਲ। ਘਰਿ ਜਾਈਐ-(ਨਿੱਜ) ਘਰ ਵਿਚ ਪਹੁੰਚ ਜਾਈਦਾ ਹੈ।੧। ਰਹਾਉ।

ਭਰਮੁ-ਸੰਸਾ, ਭਟਕਣਾ। ਭੇਦੁ-ਵਿਥ। ਭਉ-ਡਰ। ਕਬਹੂ-ਕਦੇ ਵੀ। ਆਵਤ ਜਾਤ-ਆਉਣ ਜਾਣ, ਜੰਮਣ ਮਰਨ ਵਾਲੀ ਹਾਲਤ। ਨ ਜਾਨੀ-ਨਹੀਂ ਸਮਝੀ। ਮੁਕਤਿ-ਮਾਇਕ ਬੰਧਨਾਂ ਤੋਂ ਛੁਟਕਾਰਾ। ਡੂਬਿ ਮੁਏ-ਡੁੱਬ ਕੇ ਮਰ ਗਏ। ਬਿਨੁ ਪਾਨੀ-ਪਾਣੀ ਤੋਂ ਬਿਨਾ (ਭਾਵ ਵਿਸ਼ੇ ਵਿਕਾਰਾਂ ਵਿਚ ਹੀ ਡੁਬ ਕੇ ਗਰਕ ਹੋ ਜਾਂਦਾ ਹੈ, ਤ੍ਰਿਪਤੀ ਨਹੀਂ ਹੋਂਦੀ)।੨।

ਧੰਧਾ-ਮਾਇਆ ਲਈ ਦੌੜ ਭੱਜ। ਸਗਲੀ ਪਤਿ-ਸਾਰੀ ਇਜ਼ਤ। ਭਰਮ-ਭਟਕਣਾ। ਨ ਮਿਟਸਿ-ਨਹੀਂ ਮਿਟਦਾ, ਦੂਰ ਨਹੀਂ ਹੁੰਦੀ। ਗਵਾਰਾ-ਹੇ ਮੂਰਖ ! ਅੰਧੁਲੇ-ਹੇ ਅੰਨ੍ਹੇ ! ਧੰਧ ਪਸਾਰਾ-ਧੰਧਿਆ ਦਾ ਖਿਲਾਰਾ, ਭਾਵ ਸੁਰਤਿ ਦਾ ਖਿੰਡਾਉ।੩।

ਅਕੁਲ-ਕੁਲ ਤੋਂ ਰਹਿਤ ਵਾਹਿਗੁਰੂ। ਨਿਰੰਜਨ ਸਿਉ-ਮਾਇਆ ਦੇ ਪ੍ਰਭਾਵ ਤੋਂ ਰਹਿਤ ਪ੍ਰਭੂ ਨਾਲ। ਮਨ ਤੇ-ਮਨ ਤੋਂ। ਮਨੁ ਮੂਆ-(ਜੀਵਤ ਭਾਵ ਤੋਂ) ਮਨ ਮਰ ਗਿਆ।੪।

**ਅਰਥ** : (ਹੇ ਭਾਈ !) ਹਿਰਦੇ ਵਿਚ ਨਾਮ (ਹੋਣਾ) ਸਾਰਿਆਂ (ਧਨਾਂ ਤੋਂ ਸ੍ਰੇਸ਼ਟ) ਧਨ (ਅਤੇ) ਆਸਰਾ ਹੈ (ਪਰ ਇਹ) ਗੁਰੂ ਦੀ ਕਿਰਪਾ ਨਾਲ ਹੀ ਪਾਇਆ ਜਾ ਸਕਦਾ ਹੈ। (ਇਸ) ਅਮਰ ਪਦਾਰਥ ਤੋਂ (ਮਨੁੱਖਾ ਜੀਵਨ) ਸਫਲ ਹੋ ਜਾਂਦਾ ਹੈ (ਪਰ) ਅਡੋਲਤਾ ਵਾਲੇ ਧਿਆਨ ਦੁਆਰਾ ਬ੍ਰਿਤੀ ਜੋੜੀਏ।੧।

ਹੇ ਮਨ ! ਪਰਮਾਤਮਾ ਦੀ ਭਗਤੀ ਵਿਚ (ਆਪਣਾ) ਚਿੱਤ ਲਾਉਣਾ ਚਾਹੀਦਾ ਹੈ।ਗੁਰੂ ਦੁਆਰਾ ਹਿਰਦੇ ਵਿਚ ਰਾਮ ਨਾਮ ਦਾ (ਜਾਪ) ਜਪੀਏ ਤਾਂ ਸਹਿਜੇ ਹੀ ਆਪਣੇ ਘਰ (ਨਿਜ ਸਰੂਪ) ਵਿਚ ਪਹੁੰਚ ਜਾਈਦਾ ਹੈ।੧। ਰਹਾਉ।

(ਹੇ ਭਾਈ ! ਨਾਮ ਤੋਂ ਬਿਨਾਂ) ਭਰਮ (ਅਤੇ) ਹਰੀ ਨਾਲੋਂ ਵਿਛੋੜਾ, ਡਰ ਆਦਿ ਕਦੇ ਨਾਸ਼ ਨਹੀਂ ਹੁੰਦੇ (ਅਤੇ) ਨਾ ਹੀ ਜਨਮ ਮਰਨ ਮੁਕਦੇ ਹਨ। ਨਾਮ ਬਿਨਾਂ ਕੋਈ (ਮਨੁੱਖ ਵੀ) ਮੁਕਤੀ ਪ੍ਰਾਪਤ ਨਹੀਂ ਕਰ ਸਕਦਾ, ਨਾਮ ਤੋਂ ਬਿਨਾ ਜੀਵ ਪਾਣੀ ਤੋਂ ਬਿਨਾਂ ਹੀ (ਵਿਕਾਰਾਂ ਵਿਚ) ਡੁੱਬ ਕੇ ਮਰ ਜਾਂਦਾ ਹੈ।੨।

(ਹੇ ਭਾਈ !) ਮੂਰਖ (ਮਨੁੱਖ ਮਾਇਕ) ਧੰਧਿਆ ਵਿਚ ਸਾਰੀ ਇੱਜ਼ਤ ਗਵਾ ਲੈਂਦਾ ਹੈ (ਫਿਰ ਵੀ ਇਸ ਦੀ) ਭਟਕਣਾ ਨਹੀਂ ਮੁਕਦੀ। ਗੁਰੂ ਸ਼ਬਦ ਤੋਂ ਬਿਨਾਂ (ਜੀਵ ਨੂੰ) ਕਦੇ ਮੁਕਤੀ ਨਹੀਂ ਮਿਲਦੀ, ਅਗਿਆਨੀ ਲਈ ਸੰਸਾਰ ਧੰਧਿਆਂ ਦਾ ਖਿਲਾਰਾ ਬਣਿਆ ਰਹਿੰਦਾ ਹੈ।੩।

(ਹੇ ਭਾਈ !) ਜਦੋਂ ਕੁਲ ਰਹਿਤ, ਮਾਇਆ ਰਹਿਤ (ਪ੍ਰਭੂ ਵਿਚ) ਮਨ ਪਤੀਜ ਜਾਏ ਤਾਂ ਮਨ ਦੀ ਸਹਾਇਤਾ ਨਾਲ ਹੀ ਮਨ ਦੇ ਵਿਕਾਰ ਦੂਰ ਹੋ ਜਾਂਦੇ ਹਨ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਫਿਰ ਅੰਦਰ ਬਾਹਰ ਭਾਵ ਹਰ ਥਾਂ ਤੇ ਇਕੋ ਪ੍ਰਭੂ ਵਿਆਪਕ ਪਰਮਾਤਮਾ ਦਿੱਸ ਪੈਂਦਾ ਹੈ, ਉਸ ਤੋਂ ਬਿਨਾਂ

ਹੋਰ ਕੋਈ ਦੂਜਾ ਨਹੀਂ ਦਿਸਦਾ ।੪।੬।੭।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਸੁਖ ਸਹਿਜ ਨਾਲ ਨਿਜ ਘਰ ਵਿਚ ਜਾਣ ਦੀ ਜਾਚ ਸਿਖਾਈ ਹੈ।

ਪਰਮਾਤਮਾ ਦੀ ਭਗਤੀ ਵਿਚ ਆਪਣਾ ਚਿਤ ਲਾਉਣ ਅਤੇ ਨਾਮ ਰੂਪੀ ਅਮਰ ਪਦਾਰਥ ਮਿਲਣ ਨਾਲ ਕਿਰਤਾਰਥ ਹੋ ਜਾਈਦਾ ਹੈ । ਪਰ ਸ਼ਰਤ ਇਹ ਹੈ ਕਿ ਜਗਿਆਸੂ ਪੂਰਨ ਸ਼ਾਂਤੀ ਤੇ ਅਡੋਲਤਾ ਵਾਲੇ ਧਿਆਨ ਦੁਆਰਾ ਆਪਣੀ ਬ੍ਰਿਤੀ ਪਰਮਾਤਮਾ ਦੇ ਨਾਮ ਵਿਚ ਜੋੜੇ । ਨਾਮ ਵਿੱਚ ਰਤਿਆਂ ਹੀ ਜੀਵਨ ਸਫਲ ਹੋਣਾ ਹੈ।

ਜਿਸ ਮਨੁੱਖ ਦਾ ਜੀਵਨ ਧੰਧੇ ਕਰਦਿਆਂ ਬਿਤੀਤ ਹੋ ਜਾਂਦਾ ਹੈ, ਉਸ ਦੇ ਅੰਦਰੋਂ ਭਰਮ ਕਦੇ ਨਹੀਂ ਮਿਟਦਾ ਜਿਸ ਕਰਕੇ ਉਹ ਮੁਕਤਿ ਪਦਾਰਥ ਤੋਂ ਵਿਹੂਣਾ ਰਹਿੰਦਾ ਹੈ ।

ਸਿਧਾਂਤ ਇਹ ਹੈ ਕਿ ਪਰਮਾਤਮਾ ਦੇ ਨਾਮ ਦੁਆਰਾ ਹੀ ਮਨ ਦੇ ਭਰਮ ਦੂਰ ਹੋ ਕੇ ਪੂਰਨ ਸ਼ਾਂਤੀ ਮਿਲਦੀ ਹੈ ਅਤੇ ਪਰੀਪੂਰਨ ਪਰਮਾਤਮਾ ਦੇ ਦਰਸ਼ਨ ਹੁੰਦੇ ਹਨ ।

ਪਿਛੇ ਜੋ ਸ਼ਬਦਾ ਦੀ ਲੜੀ ਚਲੀ ਆ ਰਹੀ ਹੈ, ਸਭ ਵਿਚ ਗੁਰ-ਸ਼ਬਦ ਦੀ ਵਿਸ਼ੇਸ਼ਤਾ ਨੂੰ ਹੀ ਉਤਮ ਸਥਾਨ ਦਿਤਾ ਹੈ । ਇਸੇ ਤਰ੍ਹਾਂ, ਇਸ ਸ਼ਬਦ ਵਿਚੋਂ ਵੀ ਇਹ ਸੰਕੇਤ ਮਿਲਦਾ ਹੈ :

**ਬਿਨੁ ਗੁਰ ਸਬਦ ਮੁਕਤਿ ਨਹੀ ਕਬਹੀ, ਅੰਧੁਲੇ ਧੰਧੁ ਪਸਾਰਾ ॥**

**ਭੈਰਉ ਮਹਲਾ ੧ ॥ ਜਗਨ ਹੋਮ ਪੁੰਨ ਤਪ ਪੂਜਾ, ਦੇਹ ਦੁਖੀ ਨਿਤ ਦੂਖ ਸਹੈ ॥ ਰਾਮਨਾਮ ਬਿਨੁ ਮੁਕਤਿ ਨ ਪਾਵਸਿ, ਮੁਕਤਿ ਨਾਮਿ ਗੁਰਮੁਖਿ ਲਹੈ ॥੧॥ ਰਾਮਨਾਮ ਬਿਨੁ, ਬਿਰਥੇ ਜਗਿ ਜਨਮਾ ॥ ਬਿਖੁ ਖਾਵੈ ਬਿਖੁ ਬੋਲੀ ਬੋਲੈ, ਬਿਨੁ ਨਾਵੈ ਨਿਹਫਲੁ ਮਰਿ ਭ੍ਰਮਨਾ ॥੧॥ ਰਹਾਉ ॥ ਪੁਸਤਕ ਪਾਠ ਬਿਆਕਰਣ ਵਖਾਣੈ, ਸੰਧਿਆ ਕਰਮ ਤਿਕਾਲ ਕਰੈ ॥ ਬਿਨੁ ਗੁਰ ਸਬਦ ਮੁਕਤਿ ਕਹਾ ਪ੍ਰਾਣੀ, ਰਾਮਨਾਮ ਬਿਨੁ ਉਰਝਿ ਮਰੈ ॥੨॥ ਡੰਡ ਕਮੰਡਲ ਸਿਖਾ ਸੂਤੁ ਧੋਤੀ, ਤੀਰਥਿ ਗਵਨੁ ਅਤਿ ਭ੍ਰਮਨੁ ਕਰੈ ॥ ਰਾਮਨਾਮ ਬਿਨੁ ਸਾਂਤਿ ਨ ਆਵੈ, ਜਪਿ ਹਰਿ ਹਰਿ ਨਾਮੁ ਸੁ ਪਾਰਿ ਪਰੈ ॥੩॥ ਜਟਾ ਮੁਕਟੁ ਤਨਿ ਭਸਮ ਲਗਾਈ, ਬਸਤ੍ਰ ਛੋਡਿ ਤਨਿ ਨਗਨੁ ਭਇਆ ॥ ਰਾਮਨਾਮ ਬਿਨੁ ਤ੍ਰਿਪਤਿ ਨ ਆਵੈ, ਕਿਰਤ ਕੈ ਬਾਂਧੈ ਭੇਖੁ ਭਇਆ ॥੪॥ ਜੇਤੇ ਜੀਅ ਜੰਤ ਜਲਿ ਥਲਿ ਮਹੀਅਲਿ, ਜਤ੍ਰ ਕਤ੍ਰ ਤੂ ਸਰਬ ਜੀਆ ॥ ਗੁਰ ਪਰਸਾਦਿ ਰਾਖਿ ਲੇ ਜਨ ਕਉ, ਹਰਿ ਰਸੁ ਨਾਨਕ ਝੋਲਿ ਪੀਆ ॥੫॥੭॥੮॥**

## ਉਚਾਰਨ ਸੇਧ

**ਬਿੰਦੀ ਸਹਿਤ** : ਜਨਮਾਂ, ਨਾਵੈਂ, ਕਹਾਂ, ਸ਼ਾਂਤਿ ।

**ਨੋਟ :** ਸਿਖਾ, ਜਟਾ ਅਤੇ ਜੀਆ ਦਾ ਕੰਨਾਂ ਬਿੰਦੀ ਸਹਿਤ ਨਹੀਂ ਉਚਾਰਨਾ।

**ਪਦ ਅਰਥ :** ਜਗਨ-ਯੱਗ। ਹੋਮ-ਹਵਨ। ਪੁੰਨ-ਪੁੰਨ (ਦਾਨ)। ਤਪ-ਤਪੱਸਿਆ, ਧੂਣੀ ਤਾਉਣੀ। ਪੂਜਾ-(ਦੇਵ) ਪੂਜਾ। ਦੇਹ-ਦੇਹੀ, ਸਰੀਰ। ਸਹੈ-ਸਹਾਰਦਾ ਹੈ। ਮੁਕਤਿ-ਖਲਾਸੀ, ਛੁਟਕਾਰਾ। ਨਾਮਿ-ਨਾਮ ਵਿਚ (ਜੁੜ ਕੇ)। ਗੁਰਮੁਖਿ-ਗੁਰੂ ਦੁਆਰਾ ।੧।

ਬਿਰਥੇ-ਵਿਅਰਥ । ਜਗਿ-ਜਗਤ ਵਿਚ। ਬਿਖੁ-ਜ਼ਹਿਰ। ਬਿਖੁ ਬੋਲੀ-ਜ਼ਹਿਰ ਵਰਗੀ ਕੌੜੀ ਬੋਲੀ। ਨਿਹਫਲੁ-ਵਿਅਰਥ। ਮਰਿ-ਮਰ ਮਰ ਕੇ। ਭ੍ਰਮਨਾ-ਭਟਕਣਾ ।੧। ਰਹਾਉ।

ਵਖਾਣੈ-ਦੂਜਿਆਂ ਨੂੰ ਸਮਝਾਂਦਾ ਹੈ। ਨਾਮ ਬਿਨੁ-ਨਾਮ ਤੋਂ ਬਿਨਾਂ (ਹੋਰ ਕੰਮਾਂ ਵਿਚ)। ਤ੍ਰਿਕਾਲ-ਤਿੰਨ ਵੇਲੇ (ਸਵੇਰ, ਦੁਪਹਿਰ, ਸੂਰਜ ਡੁਬਣ ਸਮੇਂ)। ਕਹ-ਕਿਥੋਂ ? ਪ੍ਰਾਣੀ-ਹੇ ਪ੍ਰਾਣੀ !। ਉਰਝਿ-ਉਲਝ ਕੇ, ਫਸ ਕੇ ।੨।

ਡੰਡ-(ਜੋਗੀਆਂ ਦਾ) ਡੰਡਾ। ਕਮੰਡਲ-ਕਰਮੰਡਲ, ਖੱਪਰਾ, ਚਿੱਪੀ। ਸਿਖਾ-ਬੋਦੀ, ਚੋਟੀ। ਸੂਤੁ-ਜਨੇਊ। ਤੀਰਥਿ ਗਵਨ-ਤੀਰਥ ਯਾਤਰਾ। ਭ੍ਰਮਨੁ-ਭੌਣਾ, ਸਫ਼ਰ ਕਰਨਾ। ਸਾਂਤਿ-ਸ਼ਾਂਤੀ ।੩।

ਜਟਾ ਮੁਕਟ-ਜਟਾਂ ਦਾ ਜੂੜਾ। ਤਨਿ-ਸਰੀਰ ਉਤੇ। ਭਸਮ ਲਗਾਈ-ਸੁਆਹ ਮਲੀ।, ਨਗਨੁ-ਨੰਗਾ। ਕਿਰਤ-ਕੀਤੇ ਹੋਏ ਕਰਮਾਂ ਦੇ ਸੰਸਕਾਰ। ਬਾਧੇ-ਬੱਧੇ ਹੋਏ (ਮਨੁੱਖ) ਨੂੰ। ਭੇਖੁ-(ਫਿਰਕਿਆਂ ਦਾ ਆਪੋ ਆਪਣਾ) ਪਹਿਰਾਵਾ-ਵੇਸ ।੪।

ਜੀਅ-ਜੀਵ, (ਬਹੁ ਵਚਨ)। ਜਲਿ-ਪਾਣੀ ਵਿਚ। ਥਲਿ-ਧਰਤੀ ਵਿਚ। ਮਹੀਅਲਿ-ਪੁਲਾੜ ਵਿਚ। ਜਤ੍ਰ ਕਤ੍ਰ-ਜਿਥੇ ਕਿਥੇ ਹਰ ਥਾਂ। ਰਾਖਿ ਲੈ-ਰਖ ਲੈਂਦਾ ਹੈ। ਝੋਲਿ-ਝੋਲ ਕੇ, ਹਿਲਾ ਕੇ ।੫।

**ਅਰਥ :** (ਹੇ ਭਾਈ ! ਜਿਵੇਂ ਜੀਵ) ਯੱਗ, ਹਵਨ, ਪੁੰਨ, ਤਪ, ਪੂਜਾ ਆਦਿਕ ਕਰਮ ਕਰਦਾ ਰਹੇ (ਫਿਰ ਵੀ ਉਸਦਾ) ਸਰੀਰ ਦੁਖੀ ਹੀ ਰਹਿੰਦਾ ਹੈ ਅਤੇ ਨਿਤ ਨਿਤ (ਕੋਈ ਨ ਕੋਈ) ਦੁੱਖ ਸਹਿੰਦਾ ਰਹਿੰਦਾ ਹੈ। (ਤੱਤ ਇਹ ਹੈ ਕਿ) ਰਾਮ ਨਾਮ ਤੋਂ ਬਿਨਾਂ (ਕੋਈ ਜੀਵ ਵੀ) ਮੁਕਤੀ ਨਹੀਂ ਪਾ ਸਕਦਾ, ਗੁਰੂ ਦੁਆਰਾ ਨਾਮ (ਅਭਿਆਸ) ਕਰ ਕੇ ਹੀ ਮੁਕਤੀ ਦੀ (ਦਾਤਿ) ਪ੍ਰਾਪਤ ਕਰ ਸਕਦਾ ਹੈ ।੧।

(ਹੇ ਭਾਈ !) ਰਾਮ ਨਾਮ ਦੇ (ਸਿਮਰਨ ਤੋਂ) ਬਿਨਾਂ ਜਗਤ ਵਿਚ ਜਨਮ ਵਿਅਰਥ ਹੀ ਜਾਂਦਾ ਹੈ। (ਨਾਮ ਤੋਂ ਬਿਨਾਂ ਜੀਵ) ਵਿਸ਼ੇ ਭੋਗਦਾ ਹੈ, ਵਿਸ਼ਿਆਂ ਵਾਲੀ ਜ਼ਹਿਰੀਲੀ ਬੋਲੀ ਬੋਲਦਾ ਹੈ, (ਅਤੇ) ਨਾਮ ਤੋਂ ਬਿਨਾਂ ਨਿਸਫਲ ਹੀ ਰਹਿੰਦਾ ਹੈ, ਮਰ ਕੇ (ਫਿਰ ਜੂਨਾਂ ਵਿਚ) ਭ੍ਰਮਨਾ (ਭਟਕਣਾ ਹੀ ਪਲੇ ਪੈਂਦੀ ਹੈ) ।੧।ਰਹਾਉ।

ਕੋਈ ਪ੍ਰਾਣੀ ਧਾਰਮਿਕ ਪੁਸਤਕਾਂ ਦੇ ਪਾਠ ਕਰੇ, ਵਿਆਕਰਣ ਵਿਚਾਰੇ, ਤਿੰਨ ਵੇਲੇ ਸੰਧਿਆ ਕਰਮ ਭੀ ਕਰੇ। (ਪਰ) ਹੇ ਪ੍ਰਾਣੀ ! ਗੁਰੂ ਦੇ ਸ਼ਬਦ ਤੋਂ ਬਿਨ੍ਹਾਂ ਮੁਕਤ ਕਿਥੋਂ ? (ਉਹ) ਰਾਮ ਨਾਮ ਤੋਂ ਬਿਨ੍ਹਾਂ (ਵਿਸ਼ੇ ਵਿਕਾਰਾਂ ਵਿਚ) ਫਸ ਕੇ ਮਰ ਜਾਂਦਾ ਹੈ ।੨।

ਜੇ ਕੋਈ ਡੰਡਾ, ਕਰਮੰਡਲ, ਬੋਦੀ, ਜਨੇਊ, ਧੋਤੀ (ਆਦਿ ਚਿੰਨ੍ਹ ਰਖ ਕੇ) ਤੀਰਥਾਂ ਦਾ ਗਮਨ ਕਰੇ (ਅਤੇ) (ਸ੍ਰਿਸ਼ਟੀ ਦਾ) ਭ੍ਰਮਣ (ਰਟਨ) ਕਰੇ, ਰਾਮ ਨਾਮ ਤੋਂ ਬਿਨਾਂ (ਉਸ ਦੇ ਹਿਰਦੇ ਵਿਚ) ਸ਼ਾਂਤੀ

ਨਹੀਂ ਆਉਂਦੀ। (ਇਸ ਲਈ ਉਹ ਕੇਵਲ) ਹਰੀ ਹਰੀ ਨਾਮ ਜਪ ਕੇ ਸੰਸਾਰ ਸਾਗਰ ਤੋਂ ਪਾਰ ਹੋ ਸਕਦਾ ਹੈ।੩।

(ਜੇ ਕੋਈ) ਜਟਾਵਾਂ ਦਾ ਜੂੜਾ ਬਣਾਵੇ, ਸਰੀਰ ਤੇ ਸੁਆਸ ਮਲ ਲਵੇ, ਸਰੀਰ ਤੋਂ ਕੱਪੜੇ ਲਾਹ ਕੇ ਨੰਗਾ ਫਿਰਦਾ ਰਹੇ, ਤਾਂ ਵੀ ਰਾਮ ਨਾਮ ਤੋਂ ਬਿਨ੍ਹਾਂ ਉਸ ਨੂੰ ਸ਼ਾਂਤੀ ਨਹੀਂ ਮਿਲੇਗੀ। (ਉਹ ਪਿਛਲੇ ਕੀਤੇ ਕਰਮਾਂ ਦੀ ਕਮਾਈ ਦਾ) ਬੱਧਾ ਹੋਇਆ ਹੈ, (ਭਾਵੇਂ ਉਸ ਨੇ) ਭੇਖ ਬਣਾ ਲਿਆ ਹੈ (ਪਰ ਅਜਿਹੇ ਭੇਖ ਉਸ ਨੂੰ ਕਰਮਾਂ ਦਾ ਫਲ ਭੋਗਣ ਤੋਂ ਬਚਾਅ ਨਹੀਂ ਸਕਦੇ)।੪।

(ਹੇ ਪ੍ਰਭੂ !) ਜਿਤਨੇ ਵੀ ਜੀਵ ਪਾਣੀ ਵਿਚ, ਧਰਤੀ ਵਿਚ, ਪੁਲਾੜ ਵਿਚ ਹਨ, ਜਿਥੇ ਕਿਥੇ ਵੀ ਜੀਵ ਹਨ, ਤੂੰ ਸਾਰਿਆਂ (ਜੀਆਂ ਵਿਚ ਸਮਾਇਆ ਹੋਇਆ) ਹੈਂ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਗੁਰੂ ਦੀ ਕਿਰਪਾ ਰਾਹੀਂ (ਜਿਸ) ਜਨ ਨੂੰ ਪ੍ਰਭੂ (ਨੇ) ਰੱਖਿਆ ਹੈ (ਉਸ ਨੇ) ਹਰੀ ਦਾ (ਨਾਮ) ਰਸ ਘੋਲ ਕੇ ਪੀਤਾ ਹੈ (ਭਾਵ ਆਪਣਾ ਜੀਵਨ ਪਵਿਤ੍ਰ ਕਰ ਲਿਆ ਹੈ)।੫।੭।੧੮।

## ਸਾਰੰਸ਼ ਅਤੇ ਸਿਧਾਂਤ

ਕਰਮਕਾਂਡੀ ਲੋਕਾਂ ਨੇ ਯੱਗ ਅਤੇ ਹੋਮ ਨੂੰ ਮੁਕਤੀ ਦਾ ਮਧਿਅਮ ਬਣਾਇਆ ਹੋਇਆ; ਸੀ। ਇਸ ਦਸ਼ਾ ਨੂੰ ਵੇਖ ਕੇ ਗੁਰੂ ਬਾਬਾ ਜੀ ਨੇ 'ਰਮਾਨਾਮ ਬਿਨੁ ਮੁਕਤਿ ਨ ਪਾਵਸਿ, ਮੁਕਤਿ ਨਾਮਿ ਗੁਰਮੁਖਿ ਲਹੈ' ਵਾਲਾ ਸਪਸ਼ਟੀਕਰਨ ਦੇ ਕੇ ਲੋਕਾਂ ਵਿਚ ਜਾਗ੍ਰਤੀ ਲਿਆਂਦੀ ਅਤੇ ਸਮਝਾਇਆ ਹੈ ਕਿ ਜਗ ਹੋਮ, ਪੁੰਨ, ਤਪ, ਪੂਜਾ ਆਦਿ ਕਰਮ ਸਭ ਦੇਹੀ ਨੂੰ ਦੁਖ ਦੇਣ ਵਾਲੇ ਸੌਦੇ ਹਨ।

ਧਾਰਮਿਕ ਪੁਸਤਕਾਂ ਵੇਦ, ਵਿਆਕਰਣ, ਤੀਰਥ-ਯਾਤਰਾ, ਜਟਾ-ਮੁਕਟ, ਨੰਗੇ ਰਹਿ ਕੇ ਤਨ ਤੇ ਸੁਆਹ ਮਲਣ ਵਾਲੇ ਸੰਸਕਾਰਾਂ ਨੂੰ 'ਕਿਰਤ ਕੈ ਬਾਂਧੇ ਭੇਖੁ ਭਇਆ' ਹੀ ਦਸਿਆ ਹੈ। ਨਾਮ ਦੇ ਮੁਕਾਬਲੇ ਤੇ ਇਸ ਸ਼ਬਦ ਵਿਚ ਵਰਣਨ ਕੀਤੇ ਭੇਖ ਉਕੇ ਹੀ ਵਿਅਰਥ ਹਨ।

ਸਿਧਾਂਤ ਇਹ ਹੈ ਕਿ ਪਰਮਾਤਮਾ ਸਭ ਥਾਵਾਂ ਤੇ ਵਿਆਪਕ ਹੈ। ਗੁਰ-ਸ਼ਬਦ ਦੀ ਪ੍ਰਾਪਤੀ ਤੋਂ ਬਿਨਾਂ ਮਨੁੱਖ ਧੰਧਿਆਂ ਵਿਚ ਫਸ ਕੇ ਮਰਦਾ ਰਹਿੰਦਾ ਹੈ। ਗੁਰੂ ਦੀ ਕ੍ਰਿਪਾ ਨਾਲ ਹੀ ਜੀਵ ਹੰਗਤਾ ਮਮਤਾ ਰੂਪੀ ਬੂਰ ਨੂੰ ਝੋਲ ਕੇ ਭਾਵ ਪਰੇ ਹਟਾ ਕੇ ਨਾਮ ਦੇ ਰਸ ਤੇ ਰਹੱਸ ਮਾਣਨ ਦੇ ਸਮਰਥ ਹੋ ਸਕਦਾ ਹੈ। ਸੋ, ਨਾਮ ਸਿਮਰਨ ਤੋਂ ਬਿਨਾ ਸਾਰੇ ਸਾਧਨ ਹੀ ਨਿਸਫਲ ਹਨ। ਨਾਮ ਦੀ ਕਮਾਈ ਤੋਂ ਬਿਨਾਂ ਸੱਚੀ ਸ਼ਾਂਤੀ ਨਹੀਂ ਮਿਲਦੀ, ਕਥਨੀ ਵਾਲੀ ਖੁਸ਼ਕ ਸ਼ਾਂਤੀ ਜੀਵ ਦਾ ਕੋਈ ਕੰਮ ਨਹੀਂ ਸਵਾਰ ਸਕਦੀ। ਇਸ ਲਈ ਗੁਰ-ਸ਼ਬਦ ਦਾ ਰਸੀਆ ਬਣਨਾ ਚਾਹੀਦਾ ਹੈ।

## ਰਾਗੁ ਭੈਰਉ ਮਹਲਾ ੩ ਚਉਪਦੇ ਘਰੁ ੧

**ੴ ਸਤਿਗੁਰ ਪ੍ਰਸਾਦਿ ॥ ਜਾਤਿ ਕਾ ਗਰਬੁ, ਨ ਕਰੀਅਹੁ ਕੋਈ ॥ ਬ੍ਰਹਮੁ ਬਿੰਦੇ, ਸੋ ਬ੍ਰਾਹਮਣੁ ਹੋਈ ॥ ੧ ॥ ਜਾਤਿ ਕਾ ਗਰਬੁ ਨ ਕਰਿ, ਮੂਰਖ ਗਵਾਰਾ ॥ ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥ ੧ ॥ ਰਹਾਉ ॥ ਚਾਰੇ ਵਰਨ ਆਖੈ ਸਭੁ**

**ਕੋਈ ॥ ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ ॥ ੨ ॥ ਮਾਟੀ ਏਕ, ਸਗਲ ਸੰਸਾਰਾ ॥ ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ ॥ ੩ ॥ ਪੰਚ ਤਤੁ ਮਿਲਿ ਦੇਹੀ ਕਾ ਆਕਾਰਾ ॥ ਘਟਿ ਵਧਿ ਕੋ ਕਰੈ ਬੀਚਾਰਾ ॥ ੪ ॥ ਕਹਤੁ ਨਾਨਕ, ਇਹੁ ਜੀਉ ਕਰਮ ਬੰਧੁ ਹੋਈ ॥ ਬਿਨੁ ਸਤਿਗੁਰ ਭੇਟੇ, ਮੁਕਤਿ ਨ ਹੋਈ ॥੫॥੧॥**

## ਉਚਾਰਨ ਸੇਧ

**ਬਿੰਦੀ ਸਹਿਤ :** ਚਲਹਿਂ।

**ਫੁਟਕਲ :** 'ਕਰੀਅਹੁ' ਦਾ ਉਚਾਰਨ 'ਕਰੀਓ' ਕਰਨਾ ਠੀਕ ਨਹੀ ਹੈ।

**ਪਦ ਅਰਥ :** ਜਾਤਿ ਕਾ-ਉਚੀ ਜਾਤ (ਗੋਤ) ਦਾ। ਗਰਬੁ-ਹੰਕਾਰ, ਮਾਣ। ਬ੍ਰਹਮ ਬਿੰਦੇ-(ਜਿਹੜੇ) ਬ੍ਰਹਮ (ਪਰਮਾਤਮਾ) ਨੂੰ ਪਛਾਣੇ। ਸੋ-ਉਹ ।੧। ਗਵਾਰਾ-ਹੇ ਮੂਰਖ ! । ਤੇ-ਤੋਂ। ਚਲਹਿ-ਪੈਦਾ ਹੁੰਦੇ ਹਨ। ਬਹੁਤ ਵਿਕਾਰ, ਵਿਗਾੜ ।੧। ਰਹਾਉ।

ਚਾਰੇ-ਚਾਰ ਹੀ। ਵਰਨ-ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ। ਸਭੁ ਕੋਈ-ਹਰ ਕੋਈ (ਮਨੁੱਖ)। ਬਿੰਦ ਤੇ-ਬਿੰਦ ਤੋਂ। ਸਭ ਓਪਤਿ ਹੋਈ-ਸਾਰੀ ਸ੍ਰਿਸਟੀ ਦੀ ਉਤਪਤੀ (ਪੈਦਾਇਸ਼) ਹੋਈ ਹੈ ।੨।

ਮਾਟੀ ਏਕ-ਇਕੋ ਮਿਟੀ। ਸਗਲ ਸੰਸਾਰਾ-ਸਾਰੇ ਸੰਸਾਰ ਦੇ (ਸਰੀਰ ਰੂਪੀ ਭਾਂਡਿਆਂ ਨੂੰ ਇਕੋ ਮਿਟੀ ਲਗੀ ਹੈ। ਬਹੁ ਬਿਧਿ-ਕਈ ਕਿਸਮਾਂ ਦੇ। ਭਾਂਡੇ-(ਸਰੀਰ ਰੂਪੀ) ਭਾਂਡੇ। ਘੜੈ ਕੁਮਾਰਾ-ਕੁਮ੍ਹਾਰ ਘੜ੍ਹਦਾ ਹੈ, ਬਣਾਂਦਾ ਹੈ ।੩।

ਪੰਜ ਤਤੁ-ਪ੍ਰਿਥਵੀ, ਜਲ, ਪਵਨ, ਅਗਨਿ ਅਤੇ ਅਕਾਸ਼। ਮਿਲਿ-ਮਿਲ ਕੇ। ਦੇਹੀ ਕਾ ਆਕਾਰਾ-ਸਰੀਰ ਦੀ ਸਕਲ, ਬਣਾਵਟ। ਘਟਿ-ਥੋੜੇ। ਵਧਿ-ਵਧੀਕ, ਬਹੁਤ। ਕੋ ਕਰੈ ਵੀਚਾਰਾ-ਕੌਣ ਵਿਚਾਰ ਕਰ ਸਕਦਾ ਹੈ ? ਜੀਉ-ਜੀਵਾਤਮਾ। ਕਰਮ ਬੰਧੁ-ਕਰਮਾਂ ਦਾ ਬੱਧਾ ਹੋਇਆ। ਭੇਟੇ-ਮਿਲੇ। ਮੁਕਤਿ-ਮੁਕਤੀ, ਖ਼ਲਾਸੀ ।੪।੧।

**ਅਰਥ :** (ਹੇ ਭਾਈ !) ਜਾਤਿ ਦਾ ਗਰਬ (ਮਾਣ) ਕੋਈ ਨਾ ਕਰੋ (ਕਿਉਂਕਿ ਜੋ ਜੀਵ) ਪਰਮਾਤਮਾ ਨੂੰ ਜਾਣ ਪਛਾਣ ਲਵੇ, (ਸਹੀ ਅਰਥਾਂ ਵਿਚ) ਉਹ ਬ੍ਰਾਹਮਣ ਹੁੰਦਾ ਹੈ :-

**ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ॥**[ਪੰਨਾ ੩੨੪

ਹੇ ਮੂਰਖ ਤੇ ਗਵਾਰ ! (ਤੂੰ ਬ੍ਰਾਹਮਣ) ਜਾਤੀ ਦਾ ਗਰਬ ਨਾ ਕਰ (ਕਿਉਂਕਿ) ਇਸ ਗਰਬ (ਹੰਕਾਰ) ਤੋਂ ਬਹੁਤ ਵਿਕਾਰ ਪੈਦਾ ਹੁੰਦੇ ਹਨ ।੧।

(ਹੇ ਭਾਈ ! ਭਾਵੇਂ) ਹਰ ਕੋਈ ਆਖਦਾ ਹੈ ਕਿ ਚਾਰ ਵਰਨ (ਖਤਰੀ, ਬ੍ਰਾਹਮਣ, ਵੈਸ਼, ਸ਼ੂਦਰ ਜਗਤ ਵਿਚ ਪ੍ਰਸਿੱਧ ਹਨ, ਪਰ) ਸਭ(ਜਗਤ ਦੀ) ਉਤਪਤੀ (ਇਕ) ਬ੍ਰਹਮ ਬੀਰਜ ਤੋਂ ਹੀ ਹੋਈ ਹੈ ।੨।

(ਹੇ ਭਾਈ !) ਸਾਰੇ ਸੰਸਾਰ ਵਿਚ ਮਿਟੀ ਇਕ ਹੈ (ਜਿਸ ਤੋਂ) ਘੁਮਿਆਰ ਕਈ ਪ੍ਰਕਾਰ ਦੇ ਭਾਂਡੇ ਤਿਆਰ ਕਰਦਾ ਹੈ ।੩।

(ਇਸੇ ਤਰ੍ਹਾਂ ਪ੍ਰਿਥਵੀ, ਜਲ, ਪਵਨ, ਅਗਨਿ ਅਤੇ ਆਕਾਸ਼ ਸਾਰੇ) ਪੰਜ ਤੱਤ ਮਿਲ ਕੇ ਸਰੀਰ ਦੀ ਸ਼ਕਲ ਬਣਦੀ ਹੈ। (ਇਸ ਬਾਰੇ ਕੋਈ ਇਹ) ਵੀਚਾਰ ਨਹੀਂ ਕਰ ਸਕਦਾ ਕਿ ਕਿਸੇ ਵਰਨ ਵਾਲੇ ਦੀ ਦੇਹੀ ਨੂੰ ਘਟ (ਜਾਂ) ਵੱਧ ਤੱਤ ਲਗੇ ਹਨ (ਭਾਵ ਰਚਨਾ ਬਿਧੀ ਵਿਚ ਇਕਸਾਰਤਾ ਹੈ)।੪।

ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਇਹ ਜੀਵ (ਆਪੋ ਆਪਣੇ ਕੀਤੇ) ਕਰਮਾਂ (ਦੇ ਸੰਸਕਾਰਾਂ ਦਾ) ਬੱਝਾ ਹੋਇਆ ਹੈ (ਪਰ) ਸਤਿਗੁਰ ਦੇ ਮਿਲੇ ਬਿਨਾਂ (ਕਿਸੇ ਦੀ ਇਹਨਾਂ ਬੰਧਨਾਂ ਤੋਂ) ਮੁਕਤੀ (ਖ਼ਲਾਸੀ) ਨਹੀਂ ਹੁੰਦੀ।੫।੧।

## ਸਾਰੰਸ਼ ਅਤੇ ਸਿਧਾਂਤ

ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਜਦੋਂ ਸਾਰੀ ਸ੍ਰਿਸ਼ਟੀ ਦੀ ਉਤਪਤੀ ਬ੍ਰਹਮ-ਬਿੰਦ (ਬ੍ਰਹਮ ਦੇ ਬੀਰਜ) ਤੋਂ ਹੋਈ ਹੈ, ਫਿਰ ਤਾਂ ਸਾਰੇ ਇਕ ਪਿਤਾ ਦੇ ਪੁੱਤਰ ਹੋ ਗਏ। ਇਸ ਲਈ ਕਿਸੇ ਜੀਵ ਨੂੰ ਵੀ ਉਚੀ ਨੀਵੀ ਕੁਲ ਅਥਵਾ ਜਾਤ ਪਾਤ ਦਾ ਅਹੰਕਾਰ ਕਰਨਾ ਸੋਭਾ ਨਹੀਂ ਦਿੰਦਾ।

ਹੰਕਾਰ ਇਕ ਵੱਡਾ ਵਿਕਾਰ ਹੈ। ਜਿਸ ਮਨੁੱਖ ਦੇ ਅੰਦਰ ਹੰਕਾਰ ਰੂਪੀ ਵਿਕਾਰ ਹੈ, ਉਸ ਨੂੰ ਗੁਰੂ ਸਾਹਿਬ ਗਵਾਰ (ਮੂਰਖ) ਆਖਦੇ ਹਨ।

ਜਦੋਂ ਸਾਰੇ ਜੀਵ ਰੂਪੀ ਭਾਂਡਿਆਂ ਨੂੰ ਇਕੋ ਜਿਹੀ ਮਿਟੀ ਲੱਗੀ ਹੈ, ਸਭ ਦੀ ਕਾਇਆ ਪੰਜ ਤੱਤਾਂ ਤੋਂ ਬਣੀ ਹੈ, ਕਿਸੇ ਨੂੰ ਘਟ ਵਧ ਤੱਤ ਨਹੀਂ ਲਗੇ ਤਾਂ ਜ਼ਾਤ ਦਾ ਕੀ ਗਰਬ ਕਰਨਾ ਹੋਇਆ ? ਭਾਵ ਵਿਅਰਥ ਹੈ। ਸਿਧਾਂਤ ਇਹ ਹੈ ਕਿ ਸਤਿਗੁਰੂ ਨੂੰ ਮਿਲਿਆਂ ਹੀ ਸਾਰੀ ਅਸਲੀਅਤ ਦਾ ਪਤਾ ਲਗਦਾ ਹੈ ਅਤੇ ਮਨੁੱਖ ਜੀਵਨ ਦੀ ਸਹੀ ਸੋਧ ਨੂੰ ਅਪਨਾਉਂਦਾ ਹੈ, ਵਰਨਾ ਸਮਾਜ ਵਿਚ ਅਜਿਹੀਆਂ ਬੁਰਿਆਈਆਂ ਦਾ ਕੋਈ ਅੰਤ ਨਹੀਂ ਹੈ।

**ਭੈਰਉ ਮਹਲਾ ੩ ॥ ਜੋਗੀ ਗ੍ਰਿਹੀ ਪੰਡਿਤ ਭੇਖਧਾਰੀ ॥ ਏ ਸੂਤੇ, ਅਪਣੈ ਅਹੰਕਾਰੀ ॥੧॥ ਮਾਇਆ ਮਦਿ ਮਾਤਾ ਰਹਿਆ ਸੋਇ ॥ ਜਾਗਤੁ ਰਹੈ, ਨ ਮੂਸੈ ਕੋਇ ॥੧॥ ਰਹਾਉ ॥ ਸੋ ਜਾਗੈ, ਜਿਸੁ ਸਤਿਗੁਰੁ ਮਿਲੈ ॥ ਪੰਚ ਦੂਤ, ਓਹੁ ਵਸਗਤਿ ਕਰੈ ॥੨॥ ਸੋ ਜਾਗੈ, ਜੋ ਤਤੁ ਬੀਚਾਰੈ ॥ ਆਪਿ ਮਰੈ, ਅਵਰਾ ਨਹ ਮਾਰੈ ॥੩॥ ਸੋ ਜਾਗੈ, ਜੋ ਏਕੋ ਜਾਣੈ ॥ ਪਰਕਿਰਤਿ ਛੋਡੈ, ਤਤੁ ਪਛਾਣੈ ॥੪॥ ਚਹੁ ਵਰਨਾ ਵਿਚਿ, ਜਾਗੈ ਕੋਇ ॥ ਜਮੈ ਕਾਲੈ ਤੇ, ਛੂਟੈ ਸੋਇ ॥੫॥ ਕਹਤ ਨਾਨਕ, ਜਨੁ ਜਾਗੈ ਸੋਇ ॥ ਗਿਆਨ ਅੰਜਨੁ, ਜਾ ਕੀ ਨੇਤ੍ਰੀ ਹੋਇ ॥੬॥੨॥**

## ਉਚਾਰਨ ਸੇਧ

**ਬਿੰਦੀ ਸਹਿਤ :** ਅਵਰਾਂ, ਨਹਂ, ਨੇਤ੍ਰੀਂ

**ਫੁਟਕਲ :** (੧) 'ਗ੍ਰਿਹੀ' ਨੂੰ 'ਗਿਰਹੀ' ਪੜ੍ਹਨਾ ਅਸ਼ੁੱਧ ਹੈ।

(੨) 'ਏ' ਨੂੰ 'ਇਹ' ਪੜ੍ਹਨਾ ਠੀਕ ਨਹੀਂ ਹੈ।

(੩) 'ਜਾ ਕੀ' ਨੂੰ 'ਜਾਂ ਕੀ' ਪੜ੍ਹਨਾ ਅਸ਼ੁੱਧ ਹੈ।

**ਪਦ ਅਰਥ :** ਗ੍ਰਿਹੀ-ਗ੍ਰਿਹਸਤੀ। ਪੰਡਿਤ-ਗਿਆਨਵਾਨ। ਭੇਖਧਾਰੀ-(ਛੇ ਭੇਖਾਂ ਦੇ ਵਖ ਵਖ) ਵੇਸ ਕਰਨ ਵਾਲੇ। ਏ-ਇਹ (ਬਹੁ ਵਚਨ)। ਸੂਤੇ-ਸੁੱਤੇ ਹੋਏ ਹਨ। ਅਪਣੇ ਅਹੰਕਾਰੀ-ਆਪਣੇ ਹੰਕਾਰ ਵਿਚ।੧। ਮਾਇਆ ਮਦਿ-ਮਾਇਆ ਦੇ ਨਸ਼ੇ ਵਿਚ। ਮਾਤਾ-ਮਸਤ। ਰਹਿਆ ਸੋਇ-ਸੌਂ ਰਿਹਾ ਹੈ। ਜਾਗਤੁ-(ਜਿਹੜਾ) ਜਾਗਦਾ ਰਹਿੰਦਾ ਹੈ। ਨ ਮੂਸੈ ਕੋਇ-ਕੋਈ ਠੱਗਿਆ ਨਹੀਂ ਜਾਂਦਾ।੧ਰਹਾਉ।

ਜਿਸੁ-ਜਿਸ (ਜੀਵ) ਨੂੰ। ਦੂਤ-ਵੈਰੀ। ਓਹੁ-ਉਹ ਮਨੁੱਖ। ਵਸਗਤਿ ਕਰੈ-ਵੱਸ ਵਿਚ ਕਰਦਾ ਹੈ।੨। ਤਤੁ-ਮੂਲ, ਪਰਮਾਤਮਾ ਨੂੰ। ਮਰੈ-ਮਰਦਾ ਹੈ। ਅਵਰਾ-ਹੋਰਨਾਂ ਨੂੰ।੩।

ਏਕੋ ਜਾਣੈ-(ਕੇਵਲ) ਇਕ (ਪਰਮੇਸ਼ਰ) ਨੂੰ ਜਾਣਦਾ ਹੈ। ਪਰਕਿਰਤਿ ਛੋਡੈ-ਪਰਕਿਰਤੀ (ਭਾਵ ਮਾਇਆ ਦਾ ਮੋਹ) ਛੋੜਦਾ ਹੈ। ਤਤੁ ਪਛਾਣੈ-ਮੂਲ, (ਅਸਲ ਪਰਮਾਤਮਾ) ਨੂੰ ਪਛਾਣਦਾ ਹੈ।੪।

ਚਹੁ ਵਰਨਾ ਮਹਿ-ਚੋਹਾਂ ਵਰਨਾਂ ਵਿਚ। ਜਾਗੈ ਕੋਇ-ਕੋਈ ਵਿਰਲਾ ਜਾਗਦਾ ਹੈ। ਜਮੈ ਕਾਲੇ ਤੇ-ਜਮ ਅਤੇ ਮੌਤ ਤੋਂ।੫।

ਜਨੁ ਸੋਇ-ਉਹ ਮਨੁੱਖ। ਗਿਆਨ ਅੰਜਨੁ-(ਗੁਰੂ) ਗਿਆਨ ਦਾ ਸੁਰਮਾ। ਜਾ ਕੀ-ਜਿਸ ਦੀ। ਨੇਤ੍ਰੀ-ਅੱਖਾਂ ਵਿਚ। ਹੋਇ-(ਪਿਆ) ਹੁੰਦਾ ਹੈ।੬।

**ਅਰਥ :** (ਹੇ ਭਾਈ !) ਜੋਗ (ਮਤ ਵਾਲੇ) ਗ੍ਰਿਹਸਤ (ਆਸ਼ਰਮ ਵਾਲੇ) ਪੰਡਿਤ (ਆਦਿ ਕਈ) ਭੇਖਾਂ ਦੇ ਧਾਰਨ ਵਾਲੇ, ਇਹ ਸਾਰੇ ਹੀ ਆਪਣੇ (ਭੇਖ ਦੇ) ਹੰਕਾਰ ਵਿਚ (ਅਗਿਆਨਤਾ ਦੀ ਨੀਂਦ) ਵਿਚ ਸੁਤੇ ਪਏ ਹਨ।੧।

(ਜੋ ਜੀਵ) ਮਾਇਆ ਦੇ ਨੱਸ਼ੇ ਵਿਚ ਹੈ (ਉਹ ਅਗਿਆਨਤਾ ਕਰਕੇ) ਸੌਂ ਰਿਹਾ ਹੈ ਅਤੇ ਪੰਜਾਂ ਚੋਰਾਂ ਤੋਂ ਲੁਟਿਆ ਜਾ ਰਿਹਾ ਹੈ, (ਪਰ ਜਿਹੜਾ) ਜਾਗਦਾ ਰਹਿੰਦਾ ਹੈ, (ਉਸ ਨੂੰ ਕਾਮ, ਕ੍ਰੋਧ ਆਦਿ ਚੋਰ) ਕੋਈ ਵੀ ਨਹੀਂ ਲੁਟਦਾ।੧। ਰਹਾਉ।

(ਹੇ ਭਾਈ! ਸਹੀ ਅਰਥਾਂ ਵਿੱਚ) ਉਹ (ਮਨੁੱਖ) ਜਾਗਦਾ ਹੈ ਜਿਸ ਨੂੰ ਸਤਿਗੁਰੂ ਮਿਲਦਾ ਹੈ। ਉਹ (ਮਨੁੱਖ ਗੁਰੂ ਦੀ ਕਿਰਪਾ ਨਾਲ ਕਾਮਾਦਿਕ) ਪੰਜ ਦੂਤਾਂ ਨੂੰ ਆਪਣੇ ਵੱਸ ਵਿਚ ਭਾਵ ਅਧੀਨ ਕਰ ਲੈਂਦਾ ਹੈ।੨।

(ਹੇ ਭਾਈ !) ਉਹ (ਮਨੁੱਖ ਸਦਾ) ਜਾਗਦਾ ਹੈ ਜੋ ਤਤ (ਪਰਮੇਸ਼ਰ ਦੇ ਸਰੂਪ) ਨੂੰ ਵੀਚਾਰਦਾ ਹੈ। (ਉਹ ਪਰਉਪਕਾਰ ਲਈ ਦੁੱਖ ਸਹਾਰ ਕੇ) ਆਪ ਮਰ ਜਾਂਦਾ ਹੈ (ਪਰ) ਹੋਰਨਾਂ ਨੂੰ (ਦੁਖ ਦੇ ਕੇ) ਨਹੀਂ ਮਾਰਦਾ।੩।

(ਹੇ ਭਾਈ !) ਉਹ ਮਨੁੱਖ ਜਾਗਦਾ ਹੈ (ਜੋ ਕੇਵਲ) ਇਕ (ਪਰਮਾਤਮਾ) ਨੂੰ ਜਾਣਦਾ ਹੈ। (ਉਹ) ਪਰਕਿਰਤੀ (ਮਾਇਆ ਦਾ ਮੋਹ) ਛੋੜ ਦਿੰਦਾ ਹੈ ਅਤੇ ਤਤ (ਸਰੂਪ) ਨੂੰ ਪਛਾਣਦਾ ਹੈ।੪।

(ਹੇ ਭਾਈ !) ਚੌਹਾਂ ਵਰਨਾ (ਖਤ੍ਰੀ, ਬ੍ਰਾਹਮਣ, ਵੈਸ਼, ਸੂਦਰ) ਵਿਚੋਂ ਕੋਈ (ਵਿਰਲਾ ਹੀ) ਜਾਗਦਾ ਹੈ, (ਜੋ ਜਾਗਦਾ ਹੈ) ਓਹ ਜਨਮ ਮਰਣ ਤੋਂ ਰਹਿਤ ਹੋ ਜਾਂਦਾ ਹੈ।੫।

ਨਾਨਕ (ਗੁਰੂ ਜੀ) ਆਖਦੇ ਹਨ ਕਿ (ਪਰਮੇਸ਼ਰ ਦਾ) ਉਹ ਦਾਸ ਜਾਗਦਾ ਹੈ ਜਿਸ ਦੀ ਅੱਖਾਂ ਵਿਚ (ਗੁਰੂ ਦੇ) ਗਿਆਨ ਦਾ ਸੁਰਮਾ (ਪੈਂਦਾ) ਹੈ ।੬।੨।

## ਸਾਰੰਸ਼ ਅਤੇ ਸਿਧਾਂਤ

ਇਸ ਸੰਸਾਰ ਵਿਚ ਭਾਵੇਂ ਕੋਈ ਜੋਗੀ ਹੈ, ਗ੍ਰਿਹਸਥੀ ਹੈ, ਵਿਦਵਾਨ ਹੈ, ਭੇਖਧਾਰੀ ਹੈ, ਗਲ ਕੀ ਹਰੇਕ ਜੀਵ ਹੀ ਮਾਇਆ ਅਤੇ ਜਾਤ ਪਾਤ ਦੇ ਨਸ਼ੇ ਵਿਚ ਸੁੱਤਾ ਪਿਆ ਹੈ । ਗੁਰਵਾਕ ਹਨ :—

**ਸਭ ਮਦ ਮਾਤੇ ਕੋਊ ਨ ਜਾਗ॥ ਸੰਗ ਹੀ ਚੋਰ ਘਰੁ ਮੁਸਨ ਲਾਗ॥ [ਪੰਨਾ ੧੧੯੩**

ਪੰਚ ਚੋਰਾਂ ਨੂੰ ਉਹ ਜੀਵ ਹੀ ਕਾਬੂ ਕਰ ਸਕਦਾ ਹੈ ਜੋ ਜਾਗਦਾ ਹੋਵੇ, ਜਿਸ ਨੂੰ ਸਤਿਗੁਰੂ ਦਾ ਮਿਲਾਪ ਨਸੀਬ ਹੋ ਗਿਆ ਹੋਵੇ ।

ਜਾਗਣਾ ਵੀ ਕਈ ਕਿਸਮ ਦਾ ਹੈ । ਕੇਵਲ ਅੱਖਾਂ ਦਾ ਖੁਲ੍ਹੇ ਰਹਿਣਾ ਹੀ ਜਾਗਣਾ ਨਹੀਂ । ਜਾਗਣਾ ਇਕ ਅਵਸਥਾ ਹੈ ਜਿਸ ਦਾ ਸਬੰਧ ਮਨ ਨਾਲ ਹੈ । ਮਨ ਡੰਡੇ ਨਾਲ ਨਹੀਂ ਜਾਗਦਾ, ਗੁਰੂ ਦੇ ਗਿਆਨ ਰੂਪੀ ਅੰਜਨ ਨਾਲ ਜਾਗਦਾ ਹੈ । ਗੁਰੂ ਦਾ ਗਿਆਨ ਹੀ ਤੱਤ ਵਸਤੂ ਹੈ ਜਿਸ ਦੀ ਪ੍ਰਾਪਤੀ ਨਾਲ ਜੀਵ ਦਾ ਕਲਿਆਣ ਹੁੰਦਾ ਹੈ ।

ਸਿਧਾਂਤ ਇਹ ਹੈ ਕਿ ਆਪਣੇ ਕਰਮ ਇੰਦ੍ਰਿਆਂ ਤੇ ਗਿਆਨ ਇੰਦ੍ਰਿਆਂ ਨੂੰ ਗੁਰੂ ਦੇ ਗਿਆਨ ਰਾਹੀਂ ਜਗਾਈਏ ਤਾਂ ਅਗਿਆਨਤਾ ਦੀ ਨੀਂਦ ਉਤੇ ਕਾਬੂ ਪਾਇਆ ਜਾ ਸਕਦਾ ਹੈ । ਜਾਗਿਆ ਮਨ ਹੀ ਬ੍ਰਾਮਣ-ਵਾਦੀ ਕਰਮ ਕਾਂਡਾਂ ਨੂੰ ਛੱਡ ਕੇ ਅਸਲੀ ਬ੍ਰਹਮ-ਗਿਆਨ, ਅਸਲੀ ਬੀਰਤਾ ਤੇ ਅਸਲੀ ਸੇਵਾ ਦਾ ਭੇਤ ਸਮਝ ਤੇ ਸਮਝਾਅ ਸਕਦਾ ਹੈ ।

**ਭੈਰਉ ਮਹਲਾ ੩ ॥ ਜਾ ਕਉ ਰਾਖੈ, ਅਪਣੀ ਸਰਣਾਈ ॥ ਸਾਚੇ ਲਾਗੈ, ਸਾਚਾ ਫਲੁ ਪਾਈ ॥੧॥ ਰੇ ਜਨ, ਕੈ ਸਿਉ ਕਰਹੁ ਪੁਕਾਰਾ ॥ ਹੁਕਮੇ ਹੋਆ, ਹੁਕਮੇ ਵਰਤਾਰਾ ॥੧॥ ਰਹਾਉ ॥ ਏਹੁ ਆਕਾਰੁ, ਤੇਰਾ ਹੈ ਧਾਰਾ ॥ ਖਿਨ ਮਹਿ ਬਿਨਸੈ, ਕਰਤ ਨ ਲਾਗੈ ਬਾਰਾ ॥੨॥ ਕਰਿ ਪ੍ਰਸਾਦੁ, ਇਕੁ ਖੇਲੁ ਦਿਖਾਇਆ ॥ ਗੁਰ ਕਿਰਪਾ ਤੇ, ਪਰਮ ਪਦੁ ਪਾਇਆ ॥੩॥ ਕਹਤੁ ਨਾਨਕੁ, ਮਾਰਿ ਜੀਵਾਲੇ ਸੋਇ ॥ ਐਸਾ ਬੂਝਹੁ, ਭਰਮਿ ਨ ਭੂਲਹੁ ਕੋਇ॥੪॥੩॥**

## ਉਚਾਰਨ ਸੇਧ

**ਬਿੰਦੀ ਸਹਿਤ** : ਸਿਉਂ, ਮਹਿਂ । **ਨੋਟ** : 'ਜਾ ਕਉ' ਨੂੰ 'ਜਾਂ ਕਉਂ' ਨਹੀਂ ਪੜ੍ਹਨਾ ।

**ਪਦ ਅਰਥ** : ਜਾ ਕਉ-ਜਿਸ (ਜੀਵ) ਨੂੰ । ਸਰਣਾਈ-ਸ਼ਰਣ ਵਿਚ । ਸਾਚੇ-ਸਚ ਵਿਚ ।੧। ਰੇ ਜਨ-ਹੇ ਭਾਈ ! । ਕੈ ਸਿਉ-ਕਿਸ ਪਾਸ । ਪੁਕਾਰਾ-ਪੁਕਾਰ, ਦੁਖੀ ਦਿਲ ਦੀ ਆਵਾਜ਼ । ਹੁਕਮੇ ਹੋਆ-(ਰਬੀ) ਹੁਕਮ ਵਿਚ ਹੀ (ਜਗਤ) ਹੋਂਦ ਵਿਚ ਆਇਆ । ਵਰਤਾਰਾ-(ਪਰਸਪਰ) ਵਰਤਾਓ, ਕਾਰ-ਵਿਹਾਰ ।੧। ਰਹਾਉ । ਆਕਾਰੁ-ਦਿਸਦਾ ਜਗਤ । ਧਾਰਾ-ਰਚਿਆ ਹੋਇਆ । ਬਿਨਸੈ-ਨਾਸ਼ ਹੋ ਜਾਂਦਾ ਹੈ

ਕਰਤ-(ਪੈਦਾ) ਕਰਦਿਆਂ। ਬਾਰਾ-ਦੇਰੀ, ਚਿਰ ।੨। ਕਰਿ ਪ੍ਰਸਾਦੁ-ਕਿਰਪਾ ਕਰਕੇ। ਖੇਲੁ-(ਰਚਨਾ ਦਾ) ਤਮਾਸ਼ਾ। ਪਰਮਪਦੁ-ਸਭ ਤੋਂ ਉਚਾ ਆਤਮਿਕ ਦਰਜਾ ।੩। ਮਾਰਿ ਜੀਵਾਲੇ-ਮਾਰ ਕੇ ਜੀਵਾਲਦਾ ਹੈ। ਸੋਇ-ਉਹ (ਪ੍ਰਭੂ ਆਪ)। ਭਰਮਿ-ਧੰਧਿ ਵਿਚ, ਭਟਕਣਾ ਵਿਚ। ਨ ਭੂਲਹੁ-ਭੁਲੋ ਨਾਹ ।੪।

**ਅਰਥ :** (ਹੇ ਭਾਈ !) ਜਿਸ (ਮਨੁੱਖ) ਨੂੰ (ਪਰਮੇਸ਼ਰ) ਆਪਣੀ ਸ਼ਰਣ ਵਿਚ ਰਖਦਾ ਹੈ (ਉਹ ਮਨੁੱਖ) ਸਚ ਵਿਚ ਲਗਦਾ ਹੈ (ਅਤੇ) ਸੱਚਾ ਫਲ (ਨਾਮ) ਪ੍ਰਾਪਤ ਕਰ ਲੈਂਦਾ ਹੈ ।੧।

ਹੇ ਭਾਈ!(ਪ੍ਰਭੂ ਨੂੰ ਛੋੜ ਕੇ, ਹੋਰ)ਕਿਸ ਪਾਸ ਪੁਕਾਰ ਕਰਦੇ ਹੋ। (ਪਰਮੇਸ਼ਰ ਦੇ) ਹੁਕਮ ਵਿਚ ਹੀ (ਜਗਤ)ਹੋਂਦ ਵਿਚ ਆਇਆ ਹੈ,(ਅਤੇ ਸਭ ਥਾਵਾਂ ਤੇ ਉਸ ਦਾ ਹੀ)ਹੁਕਮ ਵਰਤਾ ਰਿਹਾ ਹੈ।੧। ਰਹਾਉ।

(ਹੇ ਪ੍ਰਭੂ !) ਇਹ ਸਾਰਾ ਦਿਸਦਾ ਜਗਤ ਤੇਰਾ ਹੀ ਧਾਰਿਆ (ਰਚਿਆ) ਹੋਇਆ ਹੈ। (ਜੇ ਤੇਰੀ ਇਛਾ ਹੋਵੇ ਤਾਂ ਇਹ ਜਗਤ) ਇਕ ਖਿਨ ਵਿਚ ਨਾਸ਼ ਹੋ ਜਾਂਦਾ ਹੈ (ਜੇ ਤੂੰ ਚਾਹੇ ਤਾਂ ਇਸ ਨੂੰ ਦੁਬਾਰਾ ਪੈਦਾ) ਕਰਦਿਆਂ ਦੇਰੀ ਨਹੀਂ ਲਗਦੀ ।੨।

(ਹੇ ਭਾਈ ! ਪਰਮੇਸ਼ਰ) ਨੇ ਕਿਰਪਾ ਕਰਕੇ (ਜੀਆਂ ਨੂੰ ਇਹ ਜਗਤ ਰੂਪੀ) ਇਕ ਤਮਾਸ਼ਾ ਵਿਖਾ ਦਿੱਤਾ ਹੈ। ਗੁਰੂ ਦੀ ਕਿਰਪਾ ਤੇ ਹੀ ਪਰਮ ਪਦ (ਉਚਾ ਆਤਮਿਕ ਦਰਜਾ) ਪਾਇਆ ਜਾਂਦਾ ਹੈ। ਨਾਨਕ (ਗੁਰੂ ਜੀ) ਕਹਿੰਦੇ ਹਨ ਕਿ ਉਹ (ਪਰਮੇਸ਼ਰ ਹੀ) ਜੀਆਂ ਨੂੰ ਮਾਰ ਕੇ ਜੀਵਾਲਣ ਦੀ (ਸਮਰਥਾ ਰਖਦਾ ਹੈ)। (ਵਾਹਿਗੁਰੂ ਜੀ ਨੂੰ) ਇਹੋ ਜਿਹਾ (ਸਰਬ ਕਲਾ ਸਮਰਥ) ਸਮਝੋ (ਹੋਰ ਕਿਸੇ) ਭਰਮ ਵਿਚ (ਪੈ ਕੇ) ਕੋਈ ਨਾ ਭੁਲੋ ।੪।੩।

## ਸਾਰੰਸ਼ ਅਤੇ ਸਿਧਾਂਤ

ਨਿਮਾਣਿਆਂ ਦੇ ਮਾਣ ਸਤਿਗੁਰੂ ਅਮਰਦਾਸ ਜੀ ਭੁਲੜ ਜੀਵ ਨੂੰ ਸਭ ਤੋਂ ਉਚੀ ਗਿਆਨ ਦੀ ਦਾਤਿ ਤੋਂ ਇਉਂ ਜਾਣੂੰ ਕਰਾਉਂਦੇ ਹਨ ਕਿ ਜਗਤ ਵਿਚ ਜੋ ਕੁਝ ਵੀ ਵਰਤ ਰਿਹਾ ਹੈ, ਉਹ ਸਭ ਹਰੀ ਦੇ ਹੁਕਮ ਵਿਚ ਹੀ ਹੋ ਰਿਹਾ ਹੈ, ਇਸ ਲਈ ਬੇ-ਸਬਰੇ ਹੋਕੇ ਹਾਲ-ਦੁਹਾਈ ਪਾਉਣ ਦਾ ਕੋਈ ਲਾਭ ਨਹੀਂ।

ਜਿਸ ਨੂੰ ਪਰਮੇਸ਼ਰ ਆਪਦੀ ਸ਼ਰਣ ਵਿਚ ਰਖਦਾ ਹੈ, ਉਹੀ ਸਚ ਨਾਲ ਜੁੜਦਾ ਹੈ ਅਤੇ ਸੱਚਾ ਫਲ ਪ੍ਰਾਪਤ ਕਰਦਾ ਹੈ। ਅੰਤਲੇ ਪਦੇ ਵਿਚ ਯਥਾਰਥ ਗਿਆਨ ਦੀ ਗਲ ਆਖੀ ਹੈ ਕਿ ਉਹ ਪ੍ਰਭੂ ਹੀ ਸਭ ਨੂੰ ਮਾਰਨ ਤੇ ਜੀਵਾਲਣ ਵਾਲਾ ਹੈ। ਜੇ ਇਸ ਧਾਰਨਾ ਦੀ ਦ੍ਰਿੜਤਾ ਹੋ ਜਾਵੇ ਤਾਂ ਸਾਰਾ ਭਰਮ ਅੰਧੇਰਾ ਦੂਰ ਹੋ ਜਾਂਦਾ ਹੈ।

ਸ਼ਬਦ ਦਾ ਸਿਧਾਂਤ ਇਹ ਹੈ ਕਿ ਸਭ ਕੁਝ ਹਰੀ ਦੇ ਹੁਕਮ ਵਿਚ ਹੁੰਦਾ ਹੈ। ਜਿਸ ਨੂੰ ਹਰੀ ਕਿਰਪਾ ਕਰਕੇ ਆਪਣਾ ਬਣਾ ਲਵੇ, ਉਹੀ ਉਸ ਦਾ ਬਣ ਸਕਦਾ ਹੈ ਅਤੇ ਉਸ ਉਤੇ ਕਿਸੇ ਦਾ ਜ਼ੋਰ ਨਹੀਂ ਚਲ ਸਕਦਾ।

**ਭੈਰਉ ਮਹਲਾ ੩ ॥ ਮੈ ਕਾਮਣਿ, ਮੇਰਾ ਕੰਤੁ ਕਰਤਾਰੁ ॥ ਜੇਹਾ ਕਰਾਏ, ਤੇਹਾ ਕਰੀ ਸੀਗਾਰੁ ॥੧॥ ਜਾਂ ਤਿਸੁ ਭਾਵੈ, ਤਾਂ ਕਰੇ ਭੋਗੁ ॥ ਤਨੁ ਮਨੁ, ਸਾਚੇ ਸਾਹਿਬ**

**ਜੋਗੁ॥੧॥ਰਹਾਉ॥ ਉਸਤਤਿ ਨਿੰਦਾ ਕਰੇ ਕਿਆ ਕੋਈ॥ ਜਾਂ ਆਪੇ ਵਰਤੈ, ਏਕੋ ਸੋਈ ॥੨॥ ਗੁਰ ਪਰਸਾਦੀ ਪਿਰਮ ਕਸਾਈ॥ ਮਿਲਉਗੀ ਦਇਆਲ, ਪੰਚ ਸਬਦ ਵਜਾਈ ॥੩॥ ਭਨਤਿ ਨਾਨਕੁ, ਕਰੇ ਕਿਆ ਕੋਇ॥ ਜਿਸ ਨੋ ਆਪਿ ਮਿਲਾਵੈ ਸੋਇ ॥੪॥੪॥**

## ਉਚਾਰਨ ਸੇਧ

**ਬਿੰਦੀ ਸਹਿਤ :** ਕਰੀਂ, ਸ਼ੀਂਗਾਰ, ਮਿਲਉਂਗੀ।

**ਪਦ ਅਰਥ :** ਕਾਮਣਿ-(ਜੀਵ) ਇਸਤ੍ਰੀ। ਕੰਤੁ-ਖਸਮ, ਪਤੀ। ਕਰਤਾਰੁ-(ਸ੍ਰਿਸ਼ਟੀ ਨੂੰ) ਪੈਦਾ ਕਰਨ ਵਾਲਾ। ਜੇਹਾ-ਜਿਹੋ ਜਿਹਾ, ਜੈਸਾ। ਕਰੀ-ਮੈਂ ਕਰਦੀ ਹਾਂ। ਸੀਗਾਰੁ-(ਜੀਵਨ) ਸ਼ਿੰਗਾਰ।੧। ਜਾਂ-ਜਦੋਂ। ਤਿਸੁ-ਉਸ (ਪਤੀ ਨੂੰ)। ਭਾਵੈ-ਚੰਗਾ ਲਗਦਾ ਹੈ। ਤਾਂ-ਤਦੋਂ। ਭੋਗੁ-ਅਨੰਦ। ਜੋਗੁ-ਜੋਗਾ, ਕਾਬਿਲ।੧। ਰਹਾਉ। ਉਸਤਤਿ-ਵਡਿਆਈ। ਨਿੰਦਾ-ਵਡਿਆਈ ਦੇ ਉਲਟ। ਵਰਤੈ-ਵਰਤ ਰਿਹਾ ਹੈ। ਏਕੋ ਸੋਈ-ਉਹੀ ਇਕੋ।੨। ਗੁਰ ਪਰਸਾਦੀ-ਗੁਰੂ ਦੀ ਕਿਰਪਾ ਨਾਲ। ਪਿਰਮ ਕਸਾਈ-ਪਿਆਰ ਦੀ ਖਿੱਚ। ਮਿਲਉਗੀ-ਮੈਂ ਮਿਲਾਂਗੀ। ਦਇਆਲ-ਦਇਆ ਦੇ ਸੋਮੇਂ ਨੂੰ। ਪੰਚ ਸਬਦ-ਆਤਮਿਕ ਸੰਗੀਤ ਦੇ ਪੰਜ ਸ਼ਬਦ।੩। ਭਨਤਿ-ਆਖਦਾ ਹਾਂ। ਨਾਨਕੁ-(ਮੈਂ) ਨਾਨਕ। ਕਰੇ ਕਿਆ ਕੋਇ-ਕੋਈ (ਉਸਦਾ) ਕੀ ਵਿਗਾੜ ਸਕਦਾ ਹੈ ?। ਜਿਸਨੋ-(ਜੀਵ ਇਸਤ੍ਰੀ) ਨੂੰ। ਸੋਇ-ਉਹ (ਪ੍ਰਭੂ ਪਤੀ)।੪।

**ਅਰਥ :** ਮੈਂ (ਜੀਵ) ਇਸਤ੍ਰੀ ਹਾਂ (ਅਤੇ) ਮੇਰਾ ਪਤੀ ਕਰਤਾ (ਪੁਰਖ) ਹੈ। ਜਿਹੋ ਜਿਹਾ (ਸਾਧਨ ਰੂਪੀ) ਸ਼ਿੰਗਾਰ (ਮੇਰੇ ਪਾਸੋਂ ਉਹ) ਕਰਾਂਦਾ ਹੈ, ਮੈਂ ਓਹੋ ਜਿਹਾ (ਆਤਮਿਕ) ਸ਼ਿੰਗਾਰ ਕਰਦੀ ਹਾਂ।੧।

ਜਦੋਂ ਉਸ (ਪ੍ਰਭੂ ਪਤੀ) ਨੂੰ ਚੰਗਾ ਲਗਦਾ ਹੈ (ਭਾਵ ਉਸ ਦੀ ਇੱਛਾ ਹੁੰਦੀ ਹੈ) ਤਾਂ (ਉਹ) ਅਨੰਦ ਮਾਣਦਾ ਹੈ। (ਮੇਰਾ) ਮਨ ਤੇ ਸਰੀਰ ਸਦਾ ਥਿਰ ਰਹਿਣ ਵਾਲੇ ਸਾਹਿਬ ਲਈ (ਅਰਪਿਤ) ਹੈ।੧। ਰਹਾਉ।

(ਹੇ ਸਖੀਓ !) ਕੀ ਕੋਈ ਕਿਸੇ ਦੀ ਵਡਿਆਈ ਜਾਂ ਨਿੰਦਾ ਕਰੇਗਾ ਜਦੋਂ ਕਿ ਓਹ ਇਕੋ ਵਾਹਿਗੁਰੂ ਆਪ ਹੀ (ਸਾਰਿਆਂ ਵਿਚ) ਵਰਤ ਰਿਹਾ ਹੈ (ਭਾਵ ਮੌਜੂਦ ਹੈ)।੨।

(ਹੇ ਸਖ਼ੀਓ !) ਗੁਰੂ ਦੀ ਕਿਰਪਾ ਨਾਲ (ਮੇਰੇ ਹਿਰਦੇ ਵਿਚ ਪ੍ਰਭੂ ਪਤੀ ਦੇ ਮਿਲਾਪ ਲਈ) ਖਿੱਚ ਬਣ ਗਈ ਹੈ। (ਹੁਣ ਮੈਂ) ਦਇਆ ਦੇ ਸੋਮੇਂ ਵਾਹਿਗੁਰੂ ਨੂੰ (ਆਤਮਿਕ ਸੰਗੀਤ ਦੇ) ਪੰਜ ਸ਼ਬਦਾਂ ਦੇ (ਵਾਜੇ) ਵਜਾ ਕੇ ਮਿਲਾਂਗੀ।੩।

ਨਾਨਕ ਆਖਦਾ ਹੈ ਕਿ ਜਿਸ (ਜੀਵ-ਇਸਤ੍ਰੀ) ਨੂੰ ਓਹ (ਪ੍ਰਭੂ-ਪਤੀ) ਆਪ (ਆਪਣੇ ਨਾਲ) ਮਿਲਾ ਲੈਂਦਾ ਹੈ, (ਉਸ ਦਾ) ਕੋਈ (ਹੋਰ ਜੀਵ) ਕੀ ਕਰ ਸਕਦਾ ਹੈ ? (ਭਾਵ ਕੁਝ ਨਹੀਂ ਵਿਗਾੜ ਸਕਦਾ)।੪।੪।

## ਸਾਰੰਸ਼ ਅਤੇ ਸਿਧਾਂਤ

ਅਧਿਆਤਮਕ ਖੇਤਰ ਵਿਚ ਕਾਮਣਿ ਤੇ ਕੰਤ ਦਾ ਜੋ ਮੇਲ-ਮਿਲਾਪ ਹੈ, ਉਹ ਵਿਲੱਖਣ ਹੈ।

ਦੁਨਿਆਵੀ ਸੰਦਰਭ ਵਿਚ ਇਸਤ੍ਰੀ ਤੇ ਪਤੀ ਦਾ ਜੋ ਸਨਬੰਧ ਹੈ, ਉਹ 'ਜੇਹਾ ਕਰਾਏ ਤੇਹਾ ਕਰੀ ਸੀਗਾਰੁ' ਵਾਲਾ ਕਿਤੇ ਨਹੀਂ ਨਜ਼ਰੀ ਪੈਂਦਾ। ਦੁਨੀਆਂ ਵਿਚ ਇਸਤ੍ਰੀ ਆਪਣੀ ਮਨਮਰਜ਼ੀ ਦਾ ਸ਼ਿੰਗਾਰ ਕਰਦੀ ਹੈ। ਸੁੰਦਰ ਕਪੜੇ, ਗਹਿਣੇ ਹੋਰ ਮੇਕ-ਅਪ ਆਦਿ ਕਰਦੀ ਹੈ, ਪਰ ਧਾਰਮਿਕ ਵਾਤਾਵਰਨ ਵਿਚ ਸ਼ਿੰਗਾਰ ਦਾ ਇਹ ਰੂਪ ਨਹੀਂ, ਉਥੇ ਗੁਣਾ ਰੂਪੀ ਸ਼ਿੰਗਾਰ ਹੈ :

**ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ ॥**

**ਸਫਲ ਸੁਹਾਗਣਿ ਨਾਨਕਾ, ਅਪੁਨੇ ਪ੍ਰਭ ਭਾਵਉ ॥** [ਪੰਨਾ ੮੧੨

ਜਿਥੇ 'ਤਨੁ ਮਨੁ ਸਾਚੇ ਸਾਹਿਬ ਜੋਗੁ' ਦੀ ਭਾਵਨਾ ਹੈ, ਉਥੇ ਉਸਤਤਿ ਤੇ ਨਿੰਦਾ ਦੀ ਕੋਈ ਪਰਵਾਹ ਨਹੀਂ ਕੀਤੀ ਜਾਂਦੀ। ਜਿਸ ਜੀਵ ਇਸਤ੍ਰੀ ਨੇ ਉਸ ਕਰਤਾਰ ਨੂੰ ਆਪਣਾ ਕੰਤ ਬਣਾ ਲਿਆ ਹੈ, ਉਹ ਪਿਆਰੇ ਦੀ ਖਿਚੀ ਹੋਈ ਪੰਚ ਸ਼ਬਦਾਂ ਦੀ ਘਨ-ਘੋਰ ਨਾਲ ਆਪਣੇ ਦਇਆਲੂ ਪਤੀ ਨੂੰ ਜਾ ਮਿਲਦੀ ਹੈ।

ਇਸ ਸ਼ਬਦ ਦਾ ਸਾਰੰਸ਼ ਇਹ ਹੈ ਕਿ ਜਿਸ ਨੂੰ ਪਰਮੇਸ਼ਰ ਆਪਣੇ ਨਾਲ ਮੇਲਣਾ ਚਾਹੇ ਉਹੀ ਉਸ ਨੂੰ ਮਿਲ ਸਕਦਾ ਹੈ। ਉਸ ਰੋਜ਼ੀ ਪ੍ਰਭੂ ਦੇ ਹੁਕਮ ਵਿਚ ਕੋਈ ਹਸਤਾਖੇਪ ਨਹੀਂ ਕਰ ਸਕਦਾ।

**ਭੈਰਉ ਮਹਲਾ ੩ ॥ ਸੋ ਮੁਨਿ, ਜਿ ਮਨ ਕੀ ਦੁਬਿਧਾ ਮਾਰੇ ॥ ਦੁਬਿਧਾ ਮਾਰਿ, ਬ੍ਰਹਮੁ ਬੀਚਾਰੇ ॥੧॥ ਇਸੁ ਮਨ ਕਉ ਕੋਈ ਖੋਜਹੁ ਭਾਈ ॥ ਮਨੁ ਖੋਜਤ ਨਾਮੁ ਨਉ ਨਿਧਿ ਪਾਈ ॥੧॥ ਰਹਾਉ ॥ ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ ॥ ਮਮਤਾ ਲਾਇ ਭਰਮਿ ਭੋੁਲਾਇਆ ॥੨॥ ਇਸੁ ਮਨ ਤੇ, ਸਭ ਪਿੰਡ ਪਰਾਣਾ ॥ ਮਨ ਕੈ ਵੀਚਾਰਿ ਹੁਕਮੁ ਬੁਝਿ ਸਮਾਣਾ ॥੩॥ ਕਰਮੁ ਹੋਵੈ, ਗੁਰੁ ਕਿਰਪਾ ਕਰੈ ॥ ਇਹੁ ਮਨੁ ਜਾਗੈ, ਇਸੁ ਮਨ ਕੀ ਦੁਬਿਧਾ ਮਰੈ ॥੪॥ ਮਨ ਕਾ ਸੁਭਾਉ, ਸਦਾ ਬੈਰਾਗੀ ॥ ਸਭ ਮਹਿ ਵਸੈ, ਅਤੀਤੁ ਅਨਰਾਗੀ ॥੫॥ ਕਹਤ ਨਾਨਕੁ, ਜੋ ਜਾਣੈ ਭੇਉ ॥ ਆਦਿ ਪੁਰਖੁ ਨਿਰੰਜਨ ਦੇਉ ॥੬॥੫॥**

## ਉਚਾਰਨ ਸੇਧ

**ਫੁਟਕਲ:**'ਭੋੁਲਾਇਆ ਦਾ ਉਚਾਰਨ ਔਂਕੜ ਨਾਲ ਨਹੀਂ, ਹੋੜੇ ਨਾਲ-'ਭੋਲਾਇਆ' ਕਰਨਾ ਹੈ।

**ਪਦ ਅਰਥ :** ਮੁਨਿ-ਮੁਨੀਸ਼ਵਰ, ਚੁਪ ਧਾਰਨ ਵਾਲਾ ਸਾਧੂ। ਜਿ-ਜਿਹੜਾ। ਦੁਬਿਧਾ-ਦੁਚਿਤਾਪਨ। ਮਾਰਿ-ਮਾਰ ਕੇ। ਬ੍ਰਹਮੁ ਬੀਚਾਰੇ-ਬ੍ਰਹਮ (ਪਰਮੇਸ਼ਰ) ਨੂੰ ਵੀਚਾਰੇ ।੧। ਕਉ-ਨੂੰ। ਖੋਜਹੁ-ਖੋਜ ਕਰ; ਲਭ। ਖੋਜਤ-ਖੋਜਦਿਆਂ, ਲਭਦਿਆਂ। ਨਾਮ ਨਉਨਿਧਿ ਪਾਈ-ਨਾਮ ਰੂਪੀ ਨੌਂ ਖਜ਼ਾਨਿਆਂ ਦੀ (ਵਸਤੂ) ਪਾ ਲਈ ।੧। ਰਹਾਉ। ਮੂਲੁ-ਮੁੱਢ। ਮੋਹ ਕਰਿ-ਮੋਹ ਪੈਦਾ ਕਰਕੇ। ਕਰਤੈ-ਕਰਤਾਰ ਨੇ। ਉਪਾਇਆ-ਪੈਦਾ ਕੀਤਾ ਹੈ। ਮਮਤਾ ਲਾਇ-ਮੇਰ-ਤੇਰ ਲਾ ਕੇ। ਭਰਮਿ-ਭਰਮ ਵਿਚ। ਭੁਲਾਇਆ-ਭੁਲਾ ਦਿਤਾ ਹੈ ।੨। ਮਨ ਤੇ-ਮਨ ਤੋਂ। ਸਭ ਪਿੰਡ ਪ੍ਰਾਣਾ-ਸਾਰਾ ਸਰੀਰ ਤੇ ਪ੍ਰਾਣ। ਵੀਚਾਰਿ-ਵੀਚਾਰ ਦੁਆਰਾ

। ਬੁਝਿ-ਬੁਝ ਕੇ, ਸਮਝ ਕੇ । ਸਮਾਣਾ-(ਪਰਮੇਸ਼ਰ ਵਿਚ) ਲੀਨ ਹੋ ਸਕਦਾ ਹੈ ।੩। ਕਰਮੁ-ਬਖਸ਼ਿਸ਼, ਮਿਹਰ ।੪। ਸੁਭਾਉ-ਆਦਤ । ਬੈਰਾਗੀ-ਵੈਰਾਗਵਾਨ । ਅਤੀਤੁ-ਵਿਰੱਕਤ । ਅਨਰਾਗੀ-ਰਾਗ ਰਹਿਤ, ਨਿਰਮੋਹ ।੫। ਭੇਉ-ਭੇਦ । ਨਿਰੰਜਨ ਦੇਉ-ਮਾਇਆ ਮੋਹ ਦੇ ਪ੍ਰਭਾਵ ਤੋਂ ਨਿਰਲੇਪ, ਪ੍ਰਕਾਸ਼ ਰੂਪ ਪ੍ਰਭੂ ।੬।

**ਅਰਥ** : (ਹੇ ਭਾਈ !) ਜਿਹੜਾ (ਮਨੁੱਖ ਆਪਣੇ) ਮਨ ਦੀ ਦੁਬਿਧਾ (ਦੁਚਿਤਾਪਨ, ਮੇਰ-ਤੇਰ) ਮੁਕਾ ਦੇਵੇ (ਅਤੇ) ਦੁਬਿਧਾ ਮਾਰ ਕੇ (ਕੇਵਲ) ਬ੍ਰਹਮ ਨੂੰ ਵੀਚਾਰੇ, ਓਹ (ਅਸਲੀ) ਮੁਨੀਸ਼ਵਰ ਹੈ ।੧।

ਹੇ ਭਾਈ ! ਇਸ ਮਨ ਨੂੰ (ਜੋ ਜੋਤਿ ਸਰੂਪ ਹੈ) ਕੋਈ ਖੋਜੇ । ਮਨ ਨੂੰ ਖੋਜਦਿਆਂ ਨਾਮ ਰੂਪ ਨੌ-ਨਿਧ (ਮਾਨੋ ਸਾਰੇ ਸੁੱਖਾਂ ਦੇ) ਖਜ਼ਾਨਿਆਂ ਦੀ ਪ੍ਰਾਪਤੀ ਹੋ ਜਾਂਦੀ ਹੈ ।੧। ਰਹਾਉ ।

(ਹੇ ਭਾਈ !) ਮੋਹ ਨੂੰ ਮੂਲ (ਮੁੱਢ) ਬਣਾ ਕੇ ਕਰਤਾ (ਪੁਰਖ) ਨੇ ਜਗਤ ਪੈਦਾ ਕੀਤਾ ਹੈ । (ਨਾਲ ਹੀ) ਅਪਣੱਤ ਲਾ ਕੇ ਭਰਮ ਵਿਚ ਪਾ ਕੇ (ਨਿਜ ਸਰੂਪ ਨੂੰ ਪਛਾਣਨ ਤੋਂ) ਭੁਲਾ ਦਿਤਾ ਹੈ ।੨।

(ਹੇ ਭਾਈ !) ਇਸ ਮਨ ਦੇ (ਸੰਸਕਾਰਾਂ) ਤੋਂ ਹੀ ਸਰੀਰ ਤੇ ਪ੍ਰਾਣ ਕਲਾ (ਹੋਂਦ ਵਿਚ ਆਈ ਭਾਵ ਆਵਾਗਵਨ ਦਾ ਚਕਰ ਚਲਦਾ ਆ ਰਿਹਾ ਹੈ)। ਮਨ ਦੇ ਵੀਚਾਰਾਂ ਰਾਹੀਂ (ਪਰਮਾਤਮਾ ਦਾ) ਹੁਕਮ ਸਮਝ ਕੇ ਹੀ (ਜੀਵ ਪਰਮਸ਼ਰ ਵਿਚ) ਲੀਨ ਹੋ ਸਕਦਾ ਹੈ ।੩।

(ਹੇ ਭਾਈ ! ਜਿਸ ਜੀਵ ਉਤੇ ਵਾਹਿਗੁਰੂ ਜੀ ਦੀ) ਮਿਹਰ ਹੁੰਦੀ ਹੈ (ਉਸ ਉਤੇ ਹੀ) ਗੁਰੂ ਕਿਰਪਾ ਕਰਦਾ ਹੈ । (ਕਿਰਪਾ ਦੇ ਫਲ ਸਰੂਪ) ਇਹ ਮਨ ਜਾਗ ਪੈਂਦਾ ਹੈ (ਅਤੇ) ਇਸ ਮਨ ਦੀ ਮੇਰ-ਤੇਰ ਮਰ ਜਾਂਦੀ ਹੈ ।੪।

(ਹੇ ਭਾਈ !) ਮਨ ਦਾ (ਜੋ ਅਸਲੀ) ਸੁਭਾਉ ਹੈ (ਉਹ ਮੇਰ-ਤੇਰ ਤੋਂ ਨਿਰਲੇਪ ਤੇ) ਸਦਾ ਵੈਰਾਗ-ਬ੍ਰਿਤੀ ਵਾਲਾ ਹੈ । (ਇਸੇ ਸੁਭਾਉ ਨਾਲ ਹੀ ਇਹ) ਸਾਰਿਆਂ ਵਿਚ ਵਸਦਾ ਹੈ, (ਅੰਦਰੋਂ) ਅਤੀਤ ਤੇ ਪ੍ਰਭੂ-ਪ੍ਰੀਤੀਵਾਲਾ ਹੁੰਦਾ ਹੈ ।੫।

ਨਾਨਕ (ਗੁਰੂ ਜੀ) ਆਖਦੇ ਹਨ ਕਿ ਜਿਹੜਾ ਮੁਨੀ (ਮਨ ਦੇ) ਭੇਦ ਨੂੰ ਜਾਣ ਲੈਂਦਾ ਹੈ (ਉਹ ਮਾਨੋ) (ਪ੍ਰਭੂ ਦਾ) ਪ੍ਰਕਾਸ਼ ਰੂਪ ਹੁੰਦਾ ਹੈ। ਮਾਇਆ ਦੇ ਪ੍ਰਭਾਵ ਤੋਂ ਰਹਿਤ (ਪ੍ਰਭੂ ਦਾ ਹੀ ਰੂਪ ਬਣ ਜਾਂਦਾ) ਹੈ ।੬।੫।

## ਅਰਥ ਭੇਦ ਅਤੇ ਨਿਰਣੈ

**ਇਸੁ ਮਨ ਤੇ ਸਭ ਪਿੰਡੁ ਪਰਾਣਾ ॥ ਮਨ ਕੈ ਵੀਚਾਰਿ ਹੁਕਮੁ ਬੁਝਿ ਸਮਾਣਾ ॥**

ਪਹਿਲੀ ਪੰਕਤ ਦੇ ਵਖ ਵਖ ਅਰਥ ਦਰਜ ਹਨ, ਦੂਜੀ ਪੰਕਤੀ ਸਰਲ ਹੈ ।

੧. ਇਸ ਮਨ ਤੋਂ ਹੀ ਸੰਪੂਰਨ (ਪਿੰਡਿ) ਦੇਹ ਔ ਪ੍ਰਾਣ ਹੈਂ ਭਾਵ ਸਭੀ ਸਰੀਰ ਔਰ ਪ੍ਰਾਣ ਕਲਾ ਇਸੀ ਕੀ ਸਤਾ ਕਰ ਸਫੁਰਤਾ ਹੋ ਰਹੀ ਹੈ । [ਫ. ਸ.

੨. ਮਨ ਦੇ ਸੰਸਕਾਰ ਕਰਕੇ ਜਨਮ ਮਰਨ ਹੁੰਦਾ ਹੈ । ਇਸ ਅਰਥ ਵਿਚ ਮਨ ਨੂੰ ਪਿੰਡ ਪਰਾਣ ਦਾ ਕਾਰਨ ਕਿਹਾ ਹੈ । [ਸ਼ਬਦਾਰਥ

੩. ਹੇ ਭਾਈ ! ਇਸ ਮਨ (ਦੇ ਮੇਰ-ਤੇਰ ਅਪੱਨਤ ਆਦਿਕ ਦੇ ਸੰਸਕਾਰਾਂ) ਤੋਂ ਹੀ ਸਾਰਾ ਜਨਮ ਮਰਨ ਦਾ ਸਿਲਸਿਲਾ ਬਣਦਾ ਹੈ।

**ਨਿਰਣੈ** : ਗੁਰਬਾਣੀ ਵਿਚ ਅੰਕਿਤ ਹੈ :

**ਇਹੁ ਮਨੁ ਸਕਤੀ, ਇਹੁ ਮਨ ਸੀਉ॥ ਇਹੁ ਮਨੁ ਪੰਚ ਤਤ ਕੋ ਜੀਉ ॥** [ਪੰਨਾ ੩੪੨

ਭਾਵ ਇਹ ਮਨ ਮਾਇਆ ਰੂਪ ਵੀ ਹੈ ਅਤੇ ਕਲਿਆਣ ਰੂਪ ਵਾਹਿਗੁਰੂ ਦਾ ਰੂਪ ਵੀ ਹੈ। ਇਹ ਮਨ ਪੰਜਾ ਤੱਤਾਂ ਦਾ ਜ਼ੀਵ ਭਾਵ ਸਰੀਰ ਵੀ ਹੈ। ਇਸ ਦੀ ਸੱਤਾ ਦਾ ਪ੍ਰਗਟਾਅ ਇਸ ਦੀ ਕ੍ਰਿਆ ਤੋਂ ਹੁੰਦਾ ਹੈ। ਜਿਹੋ ਜਿਹੀ ਇਹ ਕ੍ਰਿਆ ਕਰਦਾ ਹੈ, ਉਹੋ ਜਿਹਾ ਇਸ ਦਾ ਰੂਪ ਪ੍ਰਗਟ ਹੋ ਜਾਂਦਾ ਹੈ। ਮਨ ਤੇ ਵੀਚਾਰਾਂ ਰਾਹੀਂ ਜੀਵ (ਪਰਮੇਸ਼ਰ ਦਾ) ਹੁਕਮ ਸਮਝ ਕੇ (ਪਰਮੇਸ਼ਰ ਵਿਚ) ਲੀਨ ਹੋ ਜਾਂਦਾ ਹੈ।

ਸੋ, ਇਥੇ ਕੇਵਲ ਜਨਮ ਮਰਨ ਦੇ ਸਿਲਸਿਲੇ ਦੀ ਗਲ ਨਹੀਂ, ਰਬੀ ਹੁਕਮ ਨੂੰ ਬੁਝ ਕੇ ਪ੍ਰਾਣ ਕਲਾ ਤੇ ਮਨ ਦੀ ਸੱਤਾ ਦੋਹਾਂ ਦੇ ਚੜ੍ਹਾਉ ਨਾਲ ਪ੍ਰਭੂ ਵਿਚ ਇਕ-ਮਿਕ ਹੋਣ ਦਾ ਪ੍ਰਸੰਗ ਹੈ।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ 'ਮੋਨੀ' ਪੁਰਸ਼ ਦੇ ਜੀਵਨ ਉਤੇ ਚਾਨਣ ਪਾਇਆ ਹੈ। ਮੋਨੀ ਦਾ ਭਾਵ ਕੇਵਲ ਚੁੱਪ ਸਾਧਣੀ ਨਹੀਂ, ਮਨ ਦੀ ਦੁਬਿਧਾ ਨੂੰ ਮਾਰਨਾ ਹੈ। ਦੁਬਿਧਾ ਮਾਰ ਕੇ ਮਾਣ ਨਹੀਂ ਕਰਨਾ, ਮਨ ਨੂੰ ਬ੍ਰਹਮ ਵੀਚਾਰ ਵਿਚ ਲੀਨ ਕਰਨਾ ਹੈ।

ਕਰਤਾ ਪੁਰਖ ਨੇ ਜੋ ਜਗਤ ਪੈਦਾ ਕੀਤਾ ਹੈ ਇਸ ਵਿਚ 'ਮੋਹ' ਦੀ ਮੂਲਿਕ ਕ੍ਰਿਆ ਹੈ। ਮੋਹ ਤੋਂ ਹੀ ਮਮਤਾ ਹੋਂਦ ਵਿਚ ਆਈ ਹੈ ਜਿਸ ਨੇ ਸਾਰੇ ਜੀਆਂ ਨੂੰ ਭਰਮ ਵਿਚ ਪਾਇਆ ਹੋਇਆ ਹੈ। ਮਨ ਖੋਜਣਾ ਸਭ ਤੋਂ ਔਖਾ ਕੰਮ ਹੈ। ਮਨ ਦੇ ਸੰਸਕਾਰ ਹੀ ਮਨ ਨੂੰ ਆਵਾਗਵਣ ਵਿਚ ਪਾਣ ਵਾਲੇ ਹਨ।

ਜਿਥੋਂ ਤਕ "ਇਸ ਮਨ ਕਉ ਕੋਈ ਖੁਜਹੁ ਭਾਈ ॥ ਮਨੁ ਖੋਜਤ ਨਾਮੁ ਨਉ ਨਿਧਿ ਪਾਈ॥" ਵਾਲੀ ਬੁਝਾਰਤ ਹੈ, ਇਹਦੀ ਸੋਝੀ ਤਾਂ ਹੀ ਹੋ ਸਕਦੀ ਹੈ ਜੇ ਗੁਰੂ ਆਪਣੀ ਕਿਰਪਾ ਕਰੇ, ਇਹ ਮੋਹ ਮਾਇਆ ਦੀ ਨੀਂਦ ਚੋਂ ਜਾਗ ਪਏ, ਅਤੇ ਇਸ ਦੀ ਦੁਬਿਧਾ ਨਾਸ਼ ਹੋ ਜਾਏ। ਇਸ ਮਨ ਦਾ ਜੇ ਕੋਈ ਭੇਦ ਜਾਣ ਲਵੇ ਤਾਂ ਉਹ ਵਾਹਿਗੁਰੂ ਦਾ ਹੀ ਰੂਪ ਬਣ ਜਾਂਦਾ ਹੈ।

ਗਉੜੀ ਰਾਗ ਵਿਚ ਭਗਤ ਕਬੀਰ ਜੀ ਨੇ 'ਮਨ' ਬਾਰੇ ਇਉਂ ਨਿਰਣਾ ਕੀਤਾ ਹੈ :-

**ਇਸੁ ਮਨ ਕਉ ਰੂਪ ਨੇ ਰੇਖਿਆ ਕਾਈ॥ ਹੁਕਮੇ ਹੋਇਆ ਹੁਕਮੁ ਬੂਝਿ ਸਮਾਈ ॥੭॥**

**ਇਸ ਮਨ ਕਾ ਕੋਈ ਜਾਨੈ ਭੇਉ॥ ਇਹ ਮਨਿ ਲੀਣ ਭਏ ਸੁਖ ਦੇਉ ॥** [ਪੰਨਾ ੩੩੦

ਸਾਰੀ ਗੱਲ ਲੀਨਤਾ ਤੇ ਮੁਕਦੀ ਹੈ। ਜਿਹੜਾ ਮਨ ਨਾਮ-ਸਿਮਰਨ ਵਿਚ ਲੀਨ ਹੁੰਦਾ ਹੈ, ਉਹ ਮਨ ਪਰਤੱਖ ਪਰਮਾਤਮਾ ਦਾ ਰੂਪ ਬਣ ਜਾਂਦਾ ਹੈ।

**ਭੈਰਉ ਮਹਲਾ ੩ ॥ ਰਾਮ ਨਾਮੁ, ਜਗਤ ਨਿਸਤਾਰਾ ॥ ਭਵਜਲੁ ਪਾਰਿ ਉਤਾਰਣਹਾਰਾ ॥੧॥ ਗੁਰ ਪਰਸਾਦੀ, ਹਰਿਨਾਮੁ ਸਮਾਲਿ ॥ ਸਦਹੀ ਨਿਬਹੈ, ਤੇਰੈ**

**ਨਾਲਿ ॥੧॥ ਰਹਾਉ ॥ ਨਾਮੁ ਨ ਚੇਤਹਿ, ਮਨਮੁਖ ਗਾਵਾਰਾ ॥ ਬਿਨੁ ਨਾਵੈ, ਕੈਸੇ ਪਾਵਹਿ ਪਾਰਾ ॥੨॥ ਆਪੇ ਦਾਤਿ ਕਰੇ ਦਾਤਾਰੁ ॥ ਦੇਵਣਹਾਰੇ ਕਉ ਜੈਕਾਰੁ ॥੩॥ ਨਦਰਿ ਕਰੇ, ਸਤਿਗੁਰੂ ਮਿਲਾਏ ॥ ਨਾਨਕ, ਹਿਰਦੈ ਨਾਮੁ ਵਸਾਏ ॥੪॥੬॥**

## ਉਚਾਰਨ ਸੇਧ

**ਬਿੰਦੀ ਸਹਿਤ :** ਚੇਤਹਿੰ, ਨਾਵੈਂ, ਪਾਵਹਿੰ।

**ਪਦ ਅਰਥ :** ਜਗਤ ਨਿਸਤਾਰਾ-ਸੰਸਾਰ ਦਾ ਪਾਰ ਉਤਾਰਾ ਕਰਨ ਵਾਲਾ। ਭਵਜਲੁ-ਸੰਸਾਰ ਸਮੁੰਦਰ। ਪਾਰਿ ਉਤਾਰਨਹਾਰਾ-ਪਾਰ ਲੰਘਾਉਣ ਵਾਲਾ।੧। ਗੁਰਪ੍ਰਸਾਦਿ-ਗੁਰੂ ਦੀ ਕਿਰਪਾ ਨਾਲ। ਸਮਾਲਿ-ਸੰਭਾਲ, ਯਾਦ ਕਰ। ਨਿਬਹੈ-ਸਾਥ ਦਿੰਦਾ ਹੈ।੧। ਰਹਾਉ। ਨ ਚੇਤਹਿ-ਯਾਦ ਨਹੀਂ ਕਰਦੇ। ਗਾਵਾਰਾ-ਮੂਰਖ। ਬਿਨੁ ਨਾਵੈ-ਨਾਮ ਤੋਂ ਬਿਨਾ। ਕੈਸੇ ਪਾਵਹਿ ਪਾਰਾ-ਕਿਸ ਤਰ੍ਹਾਂ ਪਾਰਲਾ ਬੰਨਾ ਲਭ ਸਕਦੇ ਹਨ ? ।੨। ਦਾਤਿ-ਬਖਸ਼ਸ਼। ਦਾਤਾਰੁ-ਦਾਤਾ ਦੇਣ ਵਾਲਾ। ਜੈਕਾਰੁ-ਜੈ ਸ਼ਬਦ ਉਚੀ ਧੁਨੀ ਨਾਲ ਉਚਾਰਨਾ।੩। ਨਦਰਿ-(ਮਿਹਰ ਦੀ) ਨਜ਼ਰ। ਹਿਰਦੈ-ਹਿਰਦੇ ਵਿਚ।੪।

**ਅਰਥ :** (ਹੇ ਭਾਈ !) ਪਰਮੇਸ਼ਰ ਦਾ ਨਾਮ (ਸਾਰੇ) ਵਿਸ਼ਵ ਦਾ ਪਾਰ-ਉਤਾਰਾ ਕਰਨ ਵਾਲਾ ਹੈ (ਅਤੇ) ਸੰਸਾਰ ਸਾਗਰ ਤੋਂ ਪਾਰ ਲੰਘਾਉਣ ਵਾਲਾ ਹੈ।੧।

(ਹੇ ਭਾਈ ! ਜੋ) ਮਨਮੁਖ (ਜੀਵ) ਹਨ (ਓਹ) ਮੂਰਖ ਹਨ (ਕਿਉਂਕਿ ਉਹ) ਪਰਮੇਸ਼ਰ ਦਾ ਨਾਮ ਨਹੀਂ ਸਿਮਰਦੇ ਹਨ। (ਓਹ ਮੂਰਖ) ਨਾਮ ਤੋਂ ਬਿਨਾ (ਸੰਸਾਰ ਸਾਗਰ ਤੋਂ) ਕਿਸ ਤਰ੍ਹਾਂ ਪਾਰ ਹੋ ਸਕਦੇ ਹਨ ? (ਭਾਵ ਨਹੀਂ ਹੋ ਸਕਦੇ)।੨।

(ਹੇ ਭਾਈ ! ਉਹ) ਦਾਤਾਰ ਆਪ ਹੀ (ਨਾਮ ਸਿਮਰਨ ਦੀ) ਦਾਤਿ ਬਖਸ਼ਦਾ ਹੈ। (ਨਾਮ) ਦੇਣ ਵਾਲੇ (ਦਾਤੇ ਸਤਿਗੁਰੂ) ਨੂੰ (ਸਦਾ ਹੀ) ਜੈਕਾਰ (ਨਮਸਕਾਰ ਕਰਨੀ ਚਾਹੀਦੀ) ਹੈ।੩।

ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਜਿਸ ਉਤੇ ਪਰਮੇਸ਼ਰ ਮਿਹਰ ਦੀ) ਨਜ਼ਰ ਕਰਦਾ ਹੈ (ਉਸਨੂੰ)ਸਤਿਗੁਰੂ ਮਿਲਾ ਦਿੰਦਾ ਹੈ। (ਫਿਰ ਉਹ ਮਨੁੱਖ ਆਪਣੇ)ਹਿਰਦੇ ਵਿਚ ਨਾਮ ਵਸਾਂਦਾ ਹੈ।੪।੬।

## ਅਰਥ ਭੇਦ ਅਤੇ ਨਿਰਣੈ

**ਨਦਰਿ ਕਰੇ ਸਤਿਗੁਰੂ ਮਿਲਾਏ ॥ ਨਾਨਕ ਹਿਰਦੈ ਨਾਮੁ ਵਸਾਏ ॥**

ਵਖ ਵਖ ਅਰਥ :

੧. ਜਿਸ ਦਾਸ ਪਰ ਹਰੀ ਕ੍ਰਿਪਾ ਦ੍ਰਿਸ਼ਟੀ ਕਰਤਾ ਹੈ ਤਿਸ ਕੋ ਸਤਿਗੁਰੋਂ ਕੇ ਸਾਥ ਮਿਲਾਵਤਾ ਹੈ। ਸ੍ਰੀ ਗੁਰੂ ਜੀ ਕਹਤੇ ਹੈ ਫਿਰ ਸਤਿਗੁਰੂ ਸਿਖ ਦੇ ਹਿਰਦੇ ਮੈਂ ਨਾਮ ਵਸਾਵਤਾ ਹੈ।

[ਫ. ਸ. ਤੇ ਬਾਕੀ ਸਟੀਕ

੨. ਹੇ ਨਾਨਕ ! ਜਿਸ ਮਨੁੱਖ ਉਤੇ ਪ੍ਰਭੂ ਮਿਹਰ ਦੀ ਨਿਗਾਹ ਕਰਦਾ ਹੈ, ਉਸ ਨੂੰ ਗੁਰੂ ਮਿਲਾਂਦਾ ਹੈ, ਤੇ ਉਹ ਮਨੁੱਖ ਆਪਣੇ ਹਿਰਦੇ ਵਿਚ ਪ੍ਰਭੂ ਦਾ ਨਾਮ ਵਸਾਂਦਾ ਹੈ। [ਦਰਪਣ

**ਨਿਰਣੈ** : ਇਥੇ ਪੁਰਾਤਨ ਟੀਕਾਕਾਰਾਂ ਤੇ ਅਰਥ ਠੀਕ ਨਹੀਂ ਜਾਪਦੇ। ਇਸ ਵਿਚ ਸੰਦੇਹ ਨਹੀਂ ਕਿ ਸਤਿਗੁਰੂ ਕਰਣ ਕਾਰਣ ਸਮਰਥ, ਸਰਬ ਸ਼ਕਤੀਮਾਨ ਹਨ ਪਰ ਜਦੋਂ ਪਰਮੇਸ਼ਰ ਨੇ ਮਨੁੱਖ ਦਾ ਗੁਰੂ ਨਾਲ ਮੇਲ ਕਰਾ ਦਿੱਤਾ, ਮੇਲ ਤੋਂ ਬਾਅਦ ਸਤਿਗੁਰੂ ਨੇ ਨਾਮ ਦੀ ਦਾਤਿ ਬਖਸ਼ਿਸ਼ ਕਰ ਦਿਤੀ, ਉਸ ਨਾਮ ਨੂੰ ਗੁਰੂ ਦੀ ਕਿਰਪਾ ਨਾਲ ਸਿਖ ਆਪਣੇ ਹਿਰਦੇ ਵਿਚ ਵਸਾਂਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਦੇ ਮਲਾਰ ਰਾਗ ਵਿਚ ਅਜਿਹੇ ਬਚਨ ਅੰਕਿਤ ਹਨ :-

**੧. ਅਪਨੀ ਕਿਰਪਾ ਕਰੇ, ਸੋਈ ਜਨੁ ਪਾਏ ॥ ਗੁਰ ਕਾ ਸਬਦੁ ਮੰਨਿ ਵਸਾਏ ॥**
**ਅਨਦਿਨੁ ਸਦਾ ਰਹੈ ਭੈ ਅੰਦਰਿ, ਭੈ ਮਾਰਿ ਭਰਮੁ ਚੁਕਾਵਣਿਆ॥**[ਪੰਨਾ੧੧੩-੧੪

**੨. ਹਰਿ ਹਰਿ ਕ੍ਰਿਪਾ ਕਰੇ ਗੁਰ ਕੀ ਕਾਰੈ ਲਾਏ ॥**
**ਦੁਖੁ ਪਲਰਿ ਹਰਿਨਾਮੁ ਵਸਾਏ ॥** [ਪੰਨਾ ੧੨੭੭

ਫਰੀਦਕੋਟੀ ਵਿਦਵਾਨਾਂ ਨੇ ਇਸ ਪੰਕਤੀ ਦੇ ਇਉਂ ਅਰਥ ਕੀਤੇ ਹਨ, 'ਜਬ ਹਰਿ ਹਰਿ ਕਿਰਪਾ ਕਰਤਾ ਹੈ ਤਬ ਜਗਿਆਸੂ ਕੋ ਗੁਰੋਂ ਕੀ ਕਾਰ ਮੈਂ ਲਾਵਤਾ ਹੈ। ਦੁਖ ਕੋ (ਪਲਰਿ) ਤਿਆਗ ਕਰ ਹਰੀ ਨਾਮ ਮਨ ਮੈਂ ਵਸਾਵਤਾ ਹੈ। ਸੋ ਇਥੇ 'ਦਰਪਣ' ਵਾਲੇ ਅਰਥ ਹੀ ਠੀਕ ਜਚਦੇ ਹਨ। ਵਾਹਿਗੁਰੂ ਦੀ ਮਿਹਰ ਦੀ ਨਦਰ ਨਾਲ ਸਤਿਗੁਰੂ ਦਾ ਮਿਲਾਪ ਹੋਣਾ ਹੈ। ਗੁਰੂ ਨੇ ਸਿਖ ਨੂੰ ਨਾਮ ਦੀ ਦਾਤਿ ਬਖਸ਼ਣੀ ਹੈ ਅਤੇ ਅਗੋਂ ਸਿਖ ਨੇ ਗੁਰੂ ਦੇ ਉਪਦੇਸ਼ ਉਤੇ ਅਮਲ ਕਰਕੇ ਨਾਮ ਨੂੰ ਆਪਣੇ ਮਨ ਵਿਚ ਵਸਾਉਣਾ ਹੈ।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਜੀਵ ਨੂੰ ਇਹ ਉਪਦੇਸ਼ ਦਿਤਾ ਹੈ ਕਿ ਗੁਰੂ ਦੀ ਕਿਰਪਾ ਨਾਲ ਤੂੰ ਹਰੀ ਦਾ ਨਾਮ ਚੇਤੇ ਕਰ ਕਿਉਂਕਿ ਇਸ ਨਾਮ ਨੇ ਹੀ ਅੰਤ ਸਮੇਂ ਤੇਰੇ ਨਾਲ ਜਾਣਾ ਹੈ।

ਨਾਮ ਜਣੀ ਖਣੀ ਨੂੰ ਪ੍ਰਾਪਤ ਨਹੀਂ ਹੁੰਦਾ। ਜਿਸ ਜੀਵ ਉਤੇ ਪਰਮੇਸ਼ਰ ਦੀ ਮਿਹਰ ਹੁੰਦੀ ਹੈ, ਉਸ ਨੂੰ ਪਹਿਲਾਂ ਸਤਿਗੁਰੂ ਦਾ ਮਿਲਾਪ ਹੁੰਦਾ ਹੈ। ਜਦੋਂ ਜੀਵ ਗੁਰੂ ਦੀ ਕਿਰਪਾ ਦਾ ਪਾਤਰ ਬਣਦਾ ਹੈ, ਤਾਂ ਉਸ ਦੇ ਹਿਰਦੇ ਵਿਚ ਨਾਮ ਦਾ ਵਾਸਾ ਹੁੰਦਾ ਹੈ।

ਸਾਰੇ ਸ਼ਬਦ ਦੀ ਵੀਚਾਰ ਦਾ ਸਾਰ ਇਹ ਹੈ ਕਿ ਇਸ ਸੰਸਾਰ ਸਾਗਰ ਤੋਂ ਪਾਰ ਉਤਾਰਨ ਵਾਲੀ ਜੇ ਕੋਈ ਪਰਵਾਣਿਤ ਸ਼ਕਤੀ ਹੈ ਤਾਂ ਉਹ ਕੇਵਲ ਪਰਮੇਸ਼ਰ ਦਾ ਨਾਮ ਹੈ। ਇਸ ਲਈ ਹਰੇਕ ਜੀਵ ਦਾ ਫਰਜ਼ ਬਣਦਾ ਹੈ ਕਿ ਉਹ ਆਪਣੇ ਮਨ ਨੂੰ ਇਉਂ ਸਮਝਾਏ :

ੳ. **ਭਜੁ ਮਨ ਮੇਰੇ, ਏਕੋ ਨਾਮ ॥ ਜੀਅ ਤੇਰੇ ਕੈ ਆਵੈ ਕਾਮ ॥** [ਪੰਨਾ ੧੯੩

ਅ. **ਮਨ ਮੇਰੇ! ਖਿਨੁ ਖਿਨੁ ਨਾਮੁ ਸਮਾਲਿ ॥**
**ਗੁਰ ਕੀ ਦਾਤਿ ਸਬਦ ਸੁਖੁ ਅੰਤਰਿ, ਸਦਾ ਨਿਬਹੈ ਤੇਰੈ ਨਾਲਿ ॥** [ਪੰਨਾ ੧੨੫੯

**ਭੈਰਉ ਮਹਲਾ ੩ ॥ ਨਾਮੇ ਉਧਰੇ, ਸਭਿ ਜਿਤਨੇ ਲੋਅ॥ ਗੁਰਮੁਖਿ ਜਿਨਾ ਪਰਾਪਤਿ ਹੋਇ॥੧॥ ਹਰਿ ਜੀਉ, ਆਪਣੀ ਕ੍ਰਿਪਾ ਕਰੇਇ॥ ਗੁਰਮੁਖਿ ਨਾਮੁ ਵਡਿਆਈ ਦੇਇ॥੧॥ਰਹਾਉ॥ਰਾਮਨਾਮਿ ਜਿਨ ਪ੍ਰੀਤਿ ਪਿਆਰੁ॥ ਆਪਿ ਉਧਰੇ, ਸਭਿ**

**ਕੁਲ ਉਧਾਰਣਹਾਰੁ ॥ ੨ ॥ ਬਿਨੁ ਨਾਵੈ, ਮਨਮੁਖ ਜਮਪੁਰਿ ਜਾਹਿ ॥ ਅਉਖੇ ਹੋਵਹਿ, ਚੋਟਾ ਖਾਹਿ ॥ ੩ ॥ ਆਪੇ ਕਰਤਾ ਦੇਵੈ ਸੋਇ ॥ ਨਾਨਕ, ਨਾਮੁ ਪਰਾਪਤਿ ਹੋਇ ॥੪॥੭॥**

## ਉਚਾਰਨ ਸੇਧ

**ਬਿੰਦੀ ਸਹਿਤ :** ਜਿਨ੍ਹਾਂ, ਨਾਵੈਂ, ਜਾਹਿਂ, ਹੋਵਹਿਂ, ਚੋਟਾਂ, ਖਾਹਿਂ।

**ਪਦ ਅਰਥ :** ਨਾਮੇ-ਨਾਮ ਦੁਆਰਾ। ਉਧਰੇ-(ਸੰਸਾਰ ਸਾਗਰ ਤੋਂ) ਤਰ ਗਏ। ਸਭਿ-ਸਾਰੇ। ਜਿਤਨੇ ਲੋਅ-ਜਿਤਨੇ ਲੋਕ (ਭਾਵ ਸਮੂਹ ਲੋਕਾਂ ਦੇ ਜੀਵ)। ਗੁਰਮੁਖਿ-ਗੁਰੂ ਦੁਆਰਾ। ਕਰੇਇ-ਕਰਦਾ ਹੈ। ਦੇਇ-ਦਿੰਦਾ ਹੈ।੧। ਰਹਾਉ। ਨਾਮਿ-ਨਾਮ ਵਿਚ। ਸਭਿ ਕੁਲ-ਸਾਰੀਆਂ ਕੁਲਾਂ।੨। ਜਮਪੁਰਿ-ਜਾਹਿ-ਜਮਪੁਰੀ ਵਿਚ ਜਾਂਦੇ ਹਨ। ਅਉਖੇ ਹੋਵਹਿ-ਦੁਖੀ ਹੁੰਦੇ ਹਨ। ਚੋਟਾ ਖਾਹਿ-ਸੱਟਾਂ ਖਾਂਦੇ ਹਨ।੩। ਸੋਇ-ਉਹ (ਦਾਤਾਰ)।੪।

**ਅਰਥ :** (ਹੇ ਭਾਈ !) ਜਿਤਨੇ ਲੋਕਾਂ ਦੇ (ਜੀਵ ਹਨ) ਸਭ ਨਾਮ ਦੁਆਰਾ ਹੀ (ਸੰਸਾਰ ਸਾਗਰ ਤੋਂ) ਤਰੇ ਹਨ। (ਇਹ ਗੁਰਮਤਿ ਵਿਧਾਨ ਹੈ ਕਿ) ਜਿਨ੍ਹਾਂ ਨੂੰ ਗੁਰੂ ਦੁਆਰਾ (ਨਾਮ) ਪ੍ਰਾਪਤ ਹੋਵੇ (ਓਹੀ ਨਾਮ ਜਪ ਕੇ ਤਰਦੇ ਹਨ)।੧।

(ਹੇ ਭਾਈ !) ਹਰਿ ਜੀਉ ਜਿਸ (ਮਨੁੱਖ ਉਤੇ) ਆਪਣੀ ਕਿਰਪਾ ਕਰਦਾ ਹੈ, ਗੁਰੂ ਦੀ ਰਾਹੀਂ (ਉਸ ਨੂੰ) ਨਾਮ ਰੂਪ ਵਡਿਆਈ ਬਖਸ਼ਦਾ ਹੈ।੧। ਰਹਾਉ।

(ਹੇ ਭਾਈ !) ਜਿਨ੍ਹਾਂ (ਮਨੁੱਖਾਂ) ਦੀ ਪਰਮਾਤਮਾ ਦੇ ਨਾਮ ਵਿਚ ਪ੍ਰੀਤ ਪਿਆਰ ਹੈ (ਓਹ) ਆਪ ਤਰ ਗਏ (ਅਤੇ ਆਪਣੀਆਂ) ਸਾਰੀਆਂ ਕੁਲਾਂ ਦਾ ਭੀ ਉਧਾਰ ਕਨ ਵਾਲੇ ਬਣ ਗਏ।੨।

(ਹੇ ਭਾਈ !) ਨਾਮ ਤੋਂ ਬਿਨਾਂ ਮਨਮੁਖ (ਜੀਵ) ਜਮਪੁਰੀ ਵਿਚ ਜਾਂਦੇ ਹਨ। (ਉਥੇ) ਦੁਖੀ ਹੁੰਦੇ ਹਨ (ਅਤੇ ਜਮਾਂ ਦੀਆਂ) ਸੱਟਾਂ ਖਾਂਦੇ ਹਨ।੩।

ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਨਾਮ ਦੀ ਦਾਤ ਕਿਸੇ ਮਨੁੱਖ ਦੇ ਵਸ ਨਹੀਂ) ਉਹ ਕਰਤਾ (ਪੁਰਖ) ਆਪ ਹੀ (ਜਿਸ ਮਨੁੱਖ ਨੂੰ ਇਹ ਦਾਤਿ) ਦਿੰਦਾ ਹੈ, (ਉਸ ਮਨੁੱਖ ਨੂੰ ਹੀ ਪਰਮੇਸ਼ਰ ਦਾ) ਨਾਮ ਪ੍ਰਾਪਤ ਹੁੰਦਾ ਹੈ।੪।੭।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਵੀ ਸਚੇ ਪਾਤਿਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੇ ਪਰਮਾਤਮਾ ਦੇ ਨਾਮ ਦੀ ਵਡਿਆਈ ਨੂੰ ਹੀ ਨਿਰੂਪਣ ਕੀਤਾ ਹੈ। ਸੰਸਾਰ ਦੇ ਜਿਤਨੇ ਲੋਕ ਹਨ ਸਭਨਾ ਦਾ ਨਾਮ ਦੁਆਰਾ ਹੀ ਉਧਾਰ ਹੋਇਆ ਹੈ। ਜਿਨ੍ਹਾਂ ਦੀ ਨਾਮ ਵਿਚ ਪ੍ਰੀਤ ਹੈ, ਉਹ ਕੇਵਲ ਆਪ ਹੀ ਨਹੀਂ ਤਰੇ ਆਪਣੀਆਂ ਸਾਰੀਆਂ ਕੁਲਾਂ ਨੂੰ ਤਰਾਉਣ ਵਾਲੇ ਵੀ ਬਣੇ ਹਨ :–

**ਸੰਤ ਜਨਾ ਕੇ ਹਰਿ ਜੀਉ ਕਾਰਜ ਸਵਾਰੇ ॥**

ਪ੍ਰਹਲਾਦ ਜਨ ਕੇ ਇਕੀਹ ਕੁਲ ਉਧਾਰੇ ॥ [ਪੰਨਾ ੧੧੩੩

ਨਾਮ ਸਿਮਰਨ ਤੋਂ ਵਿਹੂਣੇ ਜਿਤਨੇ ਮਨਮੁਖ ਜੀਵ ਹਨ, ਉਨ੍ਹਾਂ ਦਾ ਅੰਤ ਦੁਖਦਾਇਕ ਹੀ ਹੁੰਦਾ ਹੈ। ਉਹ ਜਮ ਦੀਆਂ ਚੋਟਾਂ ਖਾਂਦੇ ਹਨ ਅਤੇ ਔਖੇ ਹੁੰਦੇ ਹਨ। ਇਸ ਲਈ ਗਉੜੀ ਕੀ ਵਾਰ ਮਹਲਾ ੪ ਵਿਚ ਗੁਰੂ ਰਾਮਦਾਸ ਜੀ ਨੇ ਇਹ ਆਦੇਸ਼ ਦਿਤਾ ਹੈ :

ਜਨ ਨਾਨਕ ਨਾਮੁ ਅਰਾਧਿ ਤੂ, ਤਿਸੁ ਅਪੜਿ ਕੋ ਨ ਸਕਾਹੀ ॥
ਨਾਵੈ ਕੀ ਵਡਿਆਈ ਵਡੀ ਹੈ, ਨਿਤ ਸਵਾਈ ਚੜੈ ਚੜਾਹੀ ॥ [ਪੰਨਾ ੩੦੯

**ਭੈਰਉ ਮਹਲਾ ੩ ॥ ਗੋਵਿੰਦ ਪ੍ਰੀਤਿ, ਸਨਕਾਦਿਕ ਉਧਾਰੇ ॥ ਰਾਮਨਾਮ ਸਬਦਿ ਬੀਚਾਰੇ ॥੧॥ ਹਰਿ ਜੀਉ, ਅਪਣੀ ਕਿਰਪਾ ਧਾਰੁ ॥ ਗੁਰਮੁਖਿ, ਨਾਮੇ ਲਗੈ ਪਿਆਰੁ ॥੧॥ ਰਹਾਉ ॥ ਅੰਤਰਿ ਪ੍ਰੀਤਿ, ਭਗਤਿ ਸਾਚੀ ਹੋਇ ॥ ਪੂਰੈ ਗੁਰਿ ਮੇਲਾਵਾ ਹੋਇ ॥੨॥ ਨਿਜਘਰਿ ਵਸੈ, ਸਹਜਿ ਸੁਭਾਇ ॥ ਗੁਰਮੁਖਿ, ਨਾਮੁ ਵਸੈ ਮਨਿ ਆਇ ॥੩॥ ਆਪੇ ਵੇਖੈ ਵੇਖਣਹਾਰੁ ॥ ਨਾਨਕ, ਨਾਮੁ ਰਖਹੁ ਉਰਧਾਰਿ ॥੪॥੮॥**

**ਪਦ ਅਰਥ :** ਸਨਕਾਦਿਕ-ਸਨਕ, ਸਨੰਦਨ, ਸਨਤ ਕੁਮਾਰ, ਸਨਾਤਨ (ਇਹ ਬ੍ਰਹਮਾ ਦੇ ਚਾਰ ਪੁਤਰਾਂ ਦੇ ਨਾਮ ਹਨ)। ਉਧਾਰੇ-ਤਾਰੇ ।੧। ਸਬਦਿ-ਸਬਦ ਦੀ ਰਾਹੀਂ। ਬੀਚਾਰੇ-ਵਿਚਾਰ ਕੀਤੀ ।੧। ਕਿਰਪਾ ਧਾਰੁ-ਮਿਹਰ ਕਰ। ਗੁਰਮੁਖਿ-ਗੁਰੂ ਦੇ ਰਾਹੀਂ। ਨਾਮੇ-ਨਾਮ ਵਿਚ ।੩। ਰਹਾਉ। ਅੰਤਰਿ-(ਜਿਸ ਦੇ ਮਨੁੱਖ ਦੇ ਹਿਰਦੇ) ਵਿਚ। ਮੇਲਾਵਾ-ਮਿਲਾਪ। ਨਿਜ ਘਰਿ-ਆਪਣੇ (ਅਸਲ) ਘਰ ਵਿਚ। ਸਹਜਿ ਸੁਭਾਇ-ਸਹਜ ਸੁਭਾਵਿਕ ਹੀ। ਉਰਧਾਰਿ-ਹਿਰਦੇ ਵਿਚ ਟਿਕਾ ਕੇ।

**ਅਰਥ :** (ਹੇ ਭਾਈ !) ਗੋਬਿੰਦ ਦੀ ਪ੍ਰੀਤ ਨੇ ਸਨਕ, ਸਨੰਦਨ, ਸਨਤ ਕੁਮਾਰ ਅਤੇ ਸਨਾਤਨ ਉਧਾਰ ਦਿਤੇ, (ਕਿਉਂਕਿ ਉਨ੍ਹਾਂ ਨੇ) ਪਰਮਾਤਮਾ ਦਾ ਨਾਮ ਸ਼ਬਦ ਦੁਆਰਾ ਵੀਚਾਰ ਕੇ (ਆਪਣੇ ਮਨ ਵਿਚ ਵਸਾ ਲਿਆ ਸੀ) ।੧।

ਹੇ ਹਰੀ ਜੀਉ ! (ਮੇਰੇ ਉਤੇ ਵੀ) ਆਪਣੀ ਕਿਰਪਾ ਕਰੋ (ਤਾਂ ਜੋ) ਗੁਰੂ ਦੁਆਰਾ ਨਾਮ ਵਿਚ (ਮੇਰਾ) ਪਿਆਰ ਬਣਿਆ ਰਹੇ ।੧। ਰਹਾਉ।

(ਹੇ ਭਾਈ ! ਜਿਸ ਨੂੰ) ਪੂਰੇ ਗੁਰੂ ਦੁਆਰਾ (ਪ੍ਰਭੂ) ਦਾ ਮਿਲਾਪ ਹੋ ਜਾਂਦਾ ਹੈ (ਉਸ ਦੇ ਹਿਰਦੇ) ਅੰਦਰ (ਨਾਮ ਦੀ) ਪ੍ਰੀਤ ਤੇ ਸਚੀ ਭਗਤੀ (ਵਸ ਜਾਂਦੀ ਹੈ) ।੨।

(ਹੇ ਭਾਈ!) ਗੁਰੂ ਦੁਆਰਾ (ਜਿਸ ਮਨੁੱਖ ਦੇ) ਮਨ ਵਿਚ ਨਾਮ ਆ ਕੇ ਵਸ ਜਾਂਦਾ ਹੈ, (ਉਹ ਮਨੁੱਖ) ਸਹਿਜ ਸੁਭਾਵਕ ਹੀ ਨਿਜ ਸਰੂਪ (ਭਾਵ ਵਾਹਿਗੁਰੂ ਜੀ ਦੀ ਹਜ਼ੂਰੀ) ਵਿਚ ਵਸਦਾ ਹੈ ।੩।

(ਹੇ ਭਾਈ ! ਉਹ) ਵੇਖਣ ਵਾਲਾ (ਪ੍ਰਭੂ) ਆਪ ਹੀ (ਸਭ ਵਲ) ਵੇਖ ਰਿਹਾ ਹੈ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਹੇ ਜਗਿਆਸੂ ਜਨੋਂ ! ਤੁਸੀਂ ਸਤਿਗੁਰੂ ਦਾ ਉਹ) ਨਾਮ ਹਿਰਦੇ ਵਿਚ ਧਾਰਨ ਕਰਕੇ ਰਖੋ (ਜੋ ਸੰਸਾਰ ਸਾਗਰ ਤੋਂ ਪਾਰ ਕਰਨ ਵਾਲਾ ਹੈ) ।੪।੮।

## ਅਰਥ ਭੇਦ ਅਤੇ ਨਿਰਨੈ

**ਹਰਿ ਜੀਉ ਅਪਣੀ ਕਿਰਪਾ ਧਾਰੁ ॥**
**ਗੁਰਮੁਖਿ ਨਾਮੇ ਲਗੈ ਪਿਆਰੁ ॥**

ਵਖ ਵਖ ਅਰਥ :

੧. ਜਬ ਹਰਿ ਜੀ ਆਪਣੀ ਕ੍ਰਿਪਾ ਦ੍ਰਿਸ਼ਟੀ ਧਾਰਨ ਕਰਤਾ ਹੈ ਤਬ ਗੁਰਾਂ ਦ੍ਵਾਰੇ ਨਾਮ ਵਿਖੇ ਪਿਆਰ ਲਗਤਾ ਹੈ। [ਫ. ਸ.

੨. ਹੇ ਪ੍ਰਭੂ ਜੀ ! (ਮੇਰੇ ਉਤੇ) ਆਪਣੀ ਕਿਰਪਾ ਕਰੀ ਰੱਖ, ਤਾਂ ਕਿ ਗੁਰੂ ਦੀ ਸ਼ਰਨ ਪੈ ਕੇ (ਮੇਰਾ) ਪਿਆਰ (ਤੇਰੇ) ਨਾਮ ਵਿਚ ਹੀ ਬਣਿਆ ਰਹੇ। [ਦਰਪਣ

**ਨਿਰਣੈ** : ਇਥੇ 'ਧਾਰੁ' ਪਦ ਦੇ ਅਰਥ 'ਧਾਰਨ ਕਰਤਾ ਹੈ' ਠੀਕ ਨਹੀਂ ਹਨ। ਇਥੇ 'ਕਿਰਪਾ ਧਾਰੁ' ਤੋਂ ਭਾਵ 'ਆਪਣੀ ਕਿਰਪਾ ਕਰ' ਬੇਨਤੀ ਰੂਪ ਵਿਚ ਹਨ, ਜਿਸ ਦੀ ਪੁਸ਼ਟੀ ਹੇਠ ਲਿਖੇ ਪ੍ਰਮਾਣ ਰਾਹੀਂ ਹੁੰਦੀ ਹੈ :–

੧. **ਪ੍ਰਭ ਦੀਨ ਦਇਆਲ ਸੁਨਹੁ ਬੇਨੰਤੀ, ਕਿਰਪਾ ਅਪਨੀ ਧਾਰੁ ॥**[ਪੰਨਾ ੧੨੨੨

੨. **ਨਾਮੁ ਸਾਰੁ ਹੀਏ ਧਾਰੁ, ਤਜੁ ਬਿਕਾਰੁ ਮਨ ਗਯੰਦ,**
**ਸਤਿਗੁਰੂ ਸਤਿਗੁਰੂ ਸਤਿਗੁਰ ਗੁਬਿੰਦ ਜੀਉ ॥** [ਪੰਨਾ ੧੪੦੩

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਨਾਮ ਨਾਲ ਪ੍ਰੀਤ ਕਰਨ ਲਈ ਪਰਮੇਸ਼ਰ ਦੇ ਚਰਨਾ ਵਿਚ ਜਾਚਨਾ ਕੀਤੀ ਹੈ। ਹੇ ਪ੍ਰਭੂ! ਆਪਣੀ ਕਿਰਪਾ ਕਰ, ਤੇਰੇ ਨਾਮ ਵਿਚ ਮੇਰਾ ਪਿਆਰ ਬਣਿਆ ਰਹੇ।

ਨਾਮ ਵਿਚ ਪ੍ਰੀਤ ਪਾਉਣ ਦਾ ਮਨੋਰਥ ਪ੍ਰਭੂ ਨਾਲ ਮਿਲਾਪ ਦੀ ਚਾਹਨਾ ਹੈ। ਸਨਕ, ਸਨੰਦਨ, ਸਨਾਤਨ, ਮਨਤ ਕੁਮਾਰ ਬ੍ਰਹਮਾ ਦੇ ਚਾਰ ਪੁਤਰਾਂ ਨੇ ਵੀ ਗੁਰੂ ਸ਼ਬਦ ਰਾਹੀਂ ਪ੍ਰਭੂ ਦੇ ਨਾਮ ਵਿਚ ਪ੍ਰੀਤ ਪਾਈ ਅਤੇ ਪ੍ਰੇਮਾ-ਭਗਤੀ ਦੁਆਰਾ ਹੀ ਸਭ ਭਗਤਾਂ ਦਾ ਪਰਮੇਸਰ ਨਾਲ ਮਿਲਾਪ ਹੋਇਆ।

ਸਿਧਾਂਤ ਇਹ ਹੈ ਕਿ ਜਿਹੜਾ ਜਗਿਆਸੂ ਹਿਰਦੇ ਦੀ ਸਚੀ ਪ੍ਰੀਤ ਨਾਲ ਪਰਮੇਸ਼ਰ ਦੀ ਨਿਰੰਤਰ ਭਗਤੀ ਕਰਦਾ ਹੈ ਉਸ ਦਾ ਅਡੋਲ ਅਵਸਥਾ ਵਿਚ ਵਾਸਾ ਹੋ ਜਾਂਦਾ ਹੈ। ਉਸ ਨੂੰ ਪਰਮੇਸ਼ਰ ਆਪਣੇ ਨਾਲ ਮੇਲ ਲੈਂਦਾ ਹੈ :-

**ਐਸੀ ਪ੍ਰੀਤਿ ਗੋਬਿੰਦ ਸਿਉ ਲਾਗੀ ॥**
**ਮੇਲਿ ਲਏ ਪੂਰਨ ਵਡਭਾਗੀ ॥** [ਪੰਨਾ ੧੯੮

**ਤੈਰਉ ਮਹਲਾ ੩ ॥ ਕਲਜੁਗ ਮਹਿ, ਰਾਮਨਾਮੁ ਉਰ ਧਾਰੁ॥ ਬਿਨੁ ਨਾਵੈ, ਮਾਥੈ ਪਾਵੈ ਛਾਰੁ॥੧॥ ਰਾਮਨਾਮੁ ਦੁਲਭੁ ਹੈ, ਭਾਈ॥ ਗੁਰ ਪਰਸਾਦਿ, ਵਸੈ ਮਨਿ ਆਈ ॥੧॥ਰਹਾਉ॥ ਰਾਮਨਾਮੁ ਜਨ ਭਾਲਹਿ ਸੋਇ॥ ਪੂਰੇ ਗੁਰ ਤੇ, ਪ੍ਰਾਪਤਿ ਹੋਇ ॥੨॥**

**ਹਰਿ ਕਾ ਭਾਣਾ ਮੰਨਹਿ, ਸੇ ਜਨ ਪਰਵਾਣੁ॥ ਗੁਰ ਕੈ ਸਬਦਿ, ਨਾਮ ਨੀਸਾਣੁ ॥੩॥**
**ਸੋ ਸੇਵਹੁ, ਜੋ ਕਲ ਰਹਿਆ ਧਾਰਿ ॥ ਨਾਨਕ, ਗੁਰਮੁਖਿ ਨਾਮੁ ਪਿਆਰਿ ॥੪॥੯॥**

## ਉਚਾਰਨ ਸੇਧ

**ਬਿੰਦੀ ਸਹਿਤ :** ਮਹਿਂ, ਨਾਵੈਂ, ਭਾਲਹਿਂ, ਮੰਨਹਿਂ।

**ਪਦ ਅਰਥ:** ਕਲਜੁਗ ਮਹਿ-(ਇਸ)ਕਲਜੁਗ ਵਿਚ। ਉਰਧਾਰੁ-ਹਿਰਦੇ ਵਿਚ ਧਾਰ, ਵਸਾ। ਮਾਥੈ-ਮੱਥੇ ਭਾਵ ਸਿਰ ਉਤੇ। ਪਾਵੈ ਛਾਰੁ-ਸੁਆਹ ਹੀ ਪਾਂਦਾ ਹੈ। ਦੁਲਭੁ-ਔਖਾ ਲਭਣ ਵਾਲਾ। ਭਾਈ-ਹੇ ਭਾਈ!। ਗੁਰਪਰਸਾਦਿ-ਗੁਰੂ ਦੀ ਕਿਰਪਾ ਨਾਲ। ਮਨਿ-ਮਨ ਵਿਚ।੧।ਰਹਾਉ। ਜਨ ਭਾਲਹਿ ਸੋਇ-ਓਹ ਜਨ ਭਾਲਦੇ ਹਨ। ਤੇ-ਤੋਂ।੨। ਮੰਨਹਿ-ਮੰਨਦੇ ਹਨ। ਪਰਵਾਣੁ-ਕਬੂਲ। ਨਾਮ ਨੀਸਾਣੁ-ਨਾਮ ਦਾ ਨਿਸ਼ਾਨ, ਪਰਵਾਨਾ।੩। ਸੇਵਹੁ-ਸਿਮਰੋ। ਕਲ-ਸ਼ਕਤੀ। ਰਹਿਆ ਧਾਰਿ-ਟਿਕਾ ਰਿਹਾ ਹੈ। ਪਿਆਰਿ-ਪਿਆਰ ਨਾਲ।੪।

**ਅਰਥ :** (ਹੇ ਭਾਈ !) ਕਲਜੁਗ ਵਿਚ (ਪਾਪਾਂ ਤੋਂ ਬਚਣ ਲਈ ਆਪਣੇ) ਹਿਰਦੇ ਵਿਚ ਪਰਮਾਤਮਾ ਦਾ ਨਾਮ ਧਾਰਨ ਕਰ। (ਪਰਮਾਤਮਾ ਦੇ) ਨਾਮ ਤੋਂ ਬਿਨਾਂ (ਜੀਵ ਜੋ ਕੰਮ ਕਰਦਾ ਹੈ, ਇਉਂ ਜਾਣੋ ਕਿ ਉਹ ਆਪਣੇ) ਸਿਰ ਉੱਤੇ ਸੁਆਹ ਪਾ ਰਿਹਾ ਹੈ, (ਭਾਵ ਬਦਨਾਮੀ ਖਟ ਰਿਹਾ ਹੈ) ।੧।

ਹੇ ਭਾਈ ! ਪਰਮਾਤਮਾ ਦਾ ਨਾਮ ਪ੍ਰਾਪਤ ਹੋਣਾ ਬਹੁਤ ਔਖਾ ਹੈ। (ਇਹ ਨਾਮ ਤਾਂ) ਗੁਰੂ ਦੀ ਕਿਰਪਾ ਨਾਲ (ਕਿਸੇ ਭਾਗਾਂ ਵਾਲੇ ਮਨੁੱਖ ਦੇ) ਮਨ ਵਿਚ ਆ ਕੇ ਵਸਦਾ ਹੈ।੧। ਰਹਾਉ।

ਪਰਮਾਤਮਾ ਦਾ ਨਾਮ ਓਹੀ ਜਨ ਲਭਦੇ ਹਨ, (ਜਿਨ੍ਹਾਂ ਨੂੰ) ਪੂਰੇ ਗੁਰੂ ਤੋਂ ਪ੍ਰਾਪਤ ਹੋਣਾ (ਲਿਖਿਆ) ਹੁੰਦਾ ਹੈ।੨।

(ਹੇ ਭਾਈ!) ਜੋ ਪਰਮੇਸ਼ਰ ਦਾ ਭਾਣਾ ਮੰਨਦੇ ਹਨ ਓਹ ਪੁਰਸ਼ (ਰਬੀ ਦਰਗਾਹ ਵਿਚ) ਪਰਵਾਣ (ਹੁੰਦੇ ਹਨ)। ਗੁਰੂ ਦੇ ਸ਼ਬਦ ਵਿਚ (ਲਗਿਆਂ ਨੂੰ) ਨਾਮ ਦਾ ਨੀਸ਼ਾਣ (ਪਰਵਾਨਾ) ਪ੍ਰਾਪਤ ਹੁੰਦਾ ਹੈ।੩।

ਹੇ ਭਾਈ ! (ਉਸ ਪਰਮਾਤਮਾ ਨੂੰ) ਸਿਮਰੋ ਜਿਹੜਾ (ਸਾਰਿਆਂ ਵਿਚ ਆਪਣੀ) ਕਲਾ (ਸ਼ਕਤੀ) ਧਾਰੀ ਬੈਠਾ ਹੈ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਗੁਰੂ ਦੁਆਰਾ (ਉਸ ਪਰਮਾਤਮਾ ਦਾ) ਨਾਮ ਪਿਆਰ ਨਾਲ (ਜਪੋ ਕਿਉਂਕਿ ਇਹ ਨਾਮ ਬੜਾ ਔਖਾ ਲਭਦਾ ਹੈ) ।੪।੯।

## ਸਾਰੰਸ਼ ਅਤੇ ਸਿਧਾਂਤ

ਕਲਿਜੁਗ ਵਿਚ ਖਾਣ ਪੀਣ ਵਾਲੇ ਦੁਨਿਆਵੀ ਪਦਾਰਥਾਂ ਦਾ ਪ੍ਰਾਪਤ ਹੋਣਾ ਕੋਈ ਵਡੀ ਗੱਲ ਨਹੀਂ, ਪਰ ਪਰਮਾਤਮਾ ਦਾ ਨਾਮ ਬਹੁਤ ਮੁਸ਼ਕਿਲ ਨਾਲ ਮਿਲਦਾ ਹੈ। ਉਹ ਵੀ ਗੁਰੂ ਦੀ ਕਿਰਪਾ ਹੋਵੇ, ਭਾਗਾਂ ਵਿਚ ਨਾਮ ਪ੍ਰਾਪਤੀ ਦਾ ਲੇਖ ਲਿਖਿਆ ਹੋਵੇ, ਤਾਂ ਹੀ ਨਾਮ ਮਨ ਵਿਚ ਆ ਕੇ ਵਸਦਾ ਹੈ। ਨਾਮ ਜਪਣ ਵਾਲਿਆਂ ਨੂੰ ਗੁਰੂ ਸ਼ਬਦ ਦੀ ਬਰਕਤ ਨਾਲ ਨਾਮ ਦਾ ਨੀਸਾਣ (ਪਰਵਾਨਾ) ਮਿਲ ਜਾਂਦਾ ਹੈ।

ਸੋ ਲੋੜ ਹੈ ਗੁਰੂ ਰਾਹੀਂ ਉਸ ਪਰਮੇਸ਼ਰ ਦੀ ਸੇਵਾ ਤੇ ਭਗਤੀ ਕਰਦਿਆਂ ਉਸ ਦੇ ਭਾਣੇ ਵਿਚ ਰਹਿਣ ਦੀ, ਜਿਹੜਾ ਸਾਰੀ ਸ੍ਰਿਸ਼ਟੀ ਨੂੰ ਆਪਣੀ ਮਰਯਾਦਾ ਵਿਚ ਚਲਾ ਰਿਹਾ ਹੈ।

**ਭੈਰਉ ਮਹਲਾ ੩ ॥ ਕਲਜੁਗ ਮਹਿ, ਬਹੁ ਕਰਮ ਕਮਾਹਿ ॥ ਨਾ ਰੁਤਿ, ਨ ਕਰਮ ਥਾਇ ਪਾਹਿ ॥੧॥ ਕਲਜੁਗ ਮਹਿ, ਰਾਮਨਾਮੁ ਹੈ ਸਾਰੁ ॥ ਗੁਰਮੁਖਿ, ਸਾਚਾ ਲਗੈ ਪਿਆਰੁ ॥੧॥ ਰਹਾਉ ॥ ਤਨੁ ਮਨੁ ਖੋਜਿ, ਘਰੈ ਮਹਿ ਪਾਇਆ ॥ ਗੁਰਮੁਖਿ, ਰਾਮਨਾਮਿ ਚਿਤੁ ਲਾਇਆ ॥੨॥ ਗਿਆਨ ਅੰਜਨੁ, ਸਤਿਗੁਰ ਤੇ ਹੋਇ ॥ ਰਾਮਨਾਮੁ ਰਵਿ ਰਹਿਆ, ਤਿਹੁ ਲੋਇ ॥੩॥ ਕਲਿਜੁਗ ਮਹਿ, ਹਰਿ ਜੀਉ ਏਕੁ, ਹੋਰ ਰੁਤਿ ਨ ਕਾਈ ॥ ਨਾਨਕ, ਗੁਰਮੁਖਿ ਹਿਰਦੈ ਰਾਮਨਾਮੁ ਲੇਹੁ ਜਮਾਈ ॥੪॥੧੦॥**

## ਉਚਾਰਨ ਸੇਧ

**ਬਿੰਦੀ ਸਹਿਤ :** ਮਹਿੰ, ਕਮਾਹਿੰ, ਥਾਇੰ, ਪਾਹਿੰ, ਤਿਹੁੰ।

**ਪਦ ਅਰਥ :** ਬਹੁ ਕਰਮ ਕਮਾਹਿ-ਬਹੁਤ (ਕਈ ਪ੍ਰਕਾਰ ਦੇ) ਕਰਮ ਕਮਾਉਂਦੇ ਹਨ। ਰੁਤਿ-ਮੌਸਮ। ਥਾਇ ਪਾਹਿ-ਕਬੂਲ ਹੁੰਦੇ ਹਨ ।੧। ਸਾਰੁ-ਸ੍ਰੇਸ਼ਟ। ਗੁਰਮੁਖਿ-ਗੁਰੂ ਦੁਆਰਾ। ਸਾਚਾ-ਸੱਚਾ, ਸਦਾ ਥਿਰ ਰਹਿਣਾ ਵਾਲਾ ।੧। ਰਹਾਉ। ਖੋਜਿ-ਖੋਜ (ਲਭ) ਕੇ। ਘਰੈ ਮਹਿ-ਹਿਰਦੇ ਰੂਪ ਘਰ ਵਿਚ। ਰਾਮ ਨਾਮਿ-ਪਰਮਾਤਮਾ ਦੇ ਨਾਮ ਵਿਚ ।੨। ਗਿਆਨ ਅੰਜਨੁ-(ਗੁਰੂ) ਗਿਆਨ ਦਾ ਸੁਰਮਾ। ਤੇ-ਤੋਂ। ਤਿਹੁ ਲੋਇ-ਤਿੰਨਾਂ ਲੋਕਾਂ ਵਿਚ ।੩। ਹਿਰਦੈ-ਹਿਰਦੇ ਵਿਚ। ਲੇਹੁ ਜਮਾਈ-ਜਮਾ ਲਵੋ ਭਾਵ 'ਨਾਮ ਖੇਤੀ ਬੀਜਹੁ ਭਾਈ ਮੀਤ'।੪।

**ਅਰਥ :** (ਹੇ ਭਾਈ!) ਕਲਜੁਗ ਵਿਚ(ਲੋਕ)ਕਈ ਪ੍ਰਕਾਰ ਦੇ ਕਰਮ ਕਮਾਉਂਦੇ ਹਨ, (ਪਰ) ਨਾ (ਉਹ ਕਰਮ ਕਰਨ ਦੀ) ਰੁਤ ਹੈ, ਨਾ ਹੀ (ਓਹ)ਕਰਮ(ਪ੍ਰਭੂ ਦੀ ਦਰਗਾਹ ਵਿਚ)ਪਰਵਾਨ ਹੁੰਦੇ ਹਨ।੧।

(ਹੇ ਭਾਈ !) ਕਲਜੁਗ ਵਿਚ (ਕੇਵਲ) ਪਰਮਾਤਮਾ ਦਾ ਨਾਮ (ਜਪਣਾ ਹੀ) ਸ੍ਰੇਸ਼ਟ (ਕਰਮ) ਹੈ। (ਪਰ) ਗੁਰੂ ਦੁਆਰਾ (ਹੀ ਪਰਮਾਤਮਾ ਦੇ ਨਾਮ ਵਿਚ) ਸੱਚਾ ਪਿਆਰ ਲਗਦਾ ਹੈ ।੧। ਰਹਾਉ।

(ਹੇ ਭਾਈ! ਜਿਸ ਮਨੁੱਖ ਨੇ)ਗੁਰੂ ਦੁਆਰਾ ਪਰਮਾਤਮਾ ਦੇ ਨਾਮ ਵਿਚ(ਆਪਣਾ) ਚਿਤ ਜੋੜਿਆ ਹੈ, (ਉਸ ਨੇ ਆਪਣਾ) ਤਨ ਮਨ ਖੋਜ ਕੇ (ਹਿਰਦੇ ਰੂਪੀ) ਘਰ ਵਿਚ (ਉਸ ਪ੍ਰਭੂ ਨੂੰ) ਪਾ ਲਿਆ ਹੈ ।੨।

(ਹੇ ਭਾਈ !) ਗਿਆਨ ਦਾ ਸੁਰਮਾਂ ਸਤਿਗੁਰੂ ਪਾਸੋਂ ਹੀ ਪ੍ਰਾਪਤ ਹੁੰਦਾ ਹੈ। ਪਰਮਾਤਮਾ ਦਾ ਨਾਮ ਤਿੰਨਾਂ ਲੋਕਾਂ ਵਿਚ ਵਿਆਪਕ ਹੋ ਰਿਹਾ ਹੈ (ਉਸ ਨਾਲ ਸਾਂਝ ਬਣਾਉ)।੩।

(ਹੇ ਭਾਈ !) ਕਲਜੁਗ ਵਿਚ (ਕੇਵਲ) ਇਕੋ ਹਰੀ ਦੇ (ਨਾਮ ਦੀ ਰੁਤਿ ਹੈ) ਹੋਰ (ਕਰਮ-ਕਾਂਡਾ ਦੀ) ਰੁਤ ਨਹੀਂ ਹੈ, ਤੁਸੀਂ ਗੁਰੂ ਦੁਆਰਾ (ਆਪਣੇ) ਹਿਰਦੇ ਵਿਚ ਪਰਮਾਤਮਾ ਦਾ ਨਾਮ ਜਮਾ ਲਵੋ (ਇਸ ਤਰ੍ਹਾਂ ਨਾਮ ਦਾ ਬੀਜ ਪ੍ਰਫੁਲਤ ਹੋ ਜਾਵਗਾ) ।੪।੧੦।

## ਸਾਰੰਸ਼ ਅਤੇ ਸਿਧਾਂਤ

ਕਲਜੁਗ ਵਿਚ ਕਰਮ-ਕਾਡਾਂ ਦੀ ਕੋਈ ਕੀਮਤ ਨਹੀਂ ਹੈ। ਇਸ ਜੁਗ ਵਿਚ ਤਾਂ ਕੇਵਲ ਰਾਮ ਨਾਮ ਹੀ ਸ੍ਰੇਸ਼ਟ ਹੈ।

ਗੁਰੂ ਨਾਨਕ ਦੇਵ ਜੀ ਦੇ ਧਨਾਸਰੀ ਰਾਗ ਅੰਦਰ ਪਾਵਨ ਬਚਨ ਹਨ :-

**ਕਲ ਮਹਿ ਰਾਮ ਨਾਮੁ ਸਾਰੁ ॥**

**ਅਖੀ ਤ ਮੀਟਹਿ ਨਾਕ ਪਕੜਹਿ, ਠਗਣ ਕਉ ਸੰਸਾਰੁ ॥** [ਪੰਨਾ ੬੬੨

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ 'ਏਕੁ ਨਾਮੁ' ਤੇ ਹੀ ਬਲ ਦਿਤਾ ਹੈ :

**ਕਲਿ ਮੈ ਏਕੁ ਨਾਮੁ ਕਿਰਪਾ ਨਿਧਿ, ਜਾਹਿ ਜਪੈ ਗਤਿ ਪਾਵੈ ॥**

**ਅਉਰ ਧਰਮ ਤਾਕੈ ਸਮ ਨਾਹਨਿ, ਇਹ ਬਿਧਿ ਬੇਦੁ ਬਤਾਵੈ ॥** [ਪੰਨਾ ੬੩੨

ਅਜਿਹੇ ਹੋਰ ਅਨੇਕਾਂ ਪ੍ਰਮਾਣ ਹਨ ਪਰ ਸਿਧਾਂਤ ਇਹ ਹੈ ਕਿ ਕਲਜੁਗਿ ਵਿਚ ਕੇਵਲ ਰਾਮ ਨਾਮ ਸਿਮਰਨ ਕਰਨ ਦੀ ਰੁੱਤ ਹੈ, ਹੋਰ ਕਿਸੇ ਕਰਮ ਕਾਂਡ ਦੀ ਰੁੱਤ ਨਹੀਂ ਹੈ । ਇਸ ਲਈ ਗੁਰੂ ਦੇ ਪਿਆਰਿਓ! ਆਪਣੇ ਹਿਰਦੇ ਵਿਚ ਵਾਹਿਗੁਰੂ ਨਾਮ ਜਪ ਲਵੋ, ਨਿਹਾਲ ਹੋ ਜਾਉਗੇ, ਫਿਰ ਅਜਿਹੀ ਰੁਤ ਨਹੀਂ ਜੇ ਲਭਣੀ :-

**ਸਾ ਰੁਤਿ ਸੁਹਾਵੀ ਜਿਤੁ ਹਰਿ ਚਿਤਿ ਆਵੈ ॥**

**ਬਿਨੁ ਸਤਿਗੁਰ ਦੀਸੈ ਬਿਲਲਾਂਤੀ, ਸਾਕਤੁ ਫਿਰਿ ਫਿਰਿ ਆਵੈ ਜਾਵੈ॥**[ਪੰਨਾ ੧੧੮੩

## ਭੈਰਉ ਮਹਲਾ ੩ ਘਰੁ ੨

**ੴ ਸਤਿਗੁਰ ਪ੍ਰਸਾਦਿ ॥ ਦੁਬਿਧਾ ਮਨਮੁਖ ਰੋਗਿ ਵਿਆਪੇ, ਤ੍ਰਿਸਨਾ ਜਲਹਿ ਅਧਿਕਾਈ॥ ਮਰਿ ਮਰਿ ਜੰਮਹਿ ਠਉਰ ਨ ਪਾਵਹਿ, ਬਿਰਥਾ ਜਨਮੁ ਗਵਾਈ ॥ ੧ ॥ ਮੇਰੇ ਪ੍ਰੀਤਮ! ਕਰਿ ਕ੍ਰਿਪਾ ਦੇਹੁ ਬੁਝਾਈ ॥ ਹਉਮੈ ਰੋਗੀ ਜਗਤੁ ਉਪਾਇਆ, ਬਿਨੁ ਸਬਦੈ ਰੋਗੁ ਨ ਜਾਈ॥੧॥ਰਹਾਉ॥ ਸਿੰਮ੍ਰਿਤਿ ਸਾਸਤ੍ਰ ਪੜਹਿ ਮੁਨਿ ਕੇਤੇ, ਬਿਨੁ ਸਬਦੈ ਸੁਰਤਿ ਨ ਪਾਈ॥ ਤ੍ਰੈ ਗੁਣ ਸਭੇ ਰੋਗਿ ਵਿਆਪੇ, ਮਮਤਾ ਸੁਰਤਿ ਗਵਾਈ ॥੨॥ ਇਕਿ ਆਪੇ ਕਾਢਿ ਲਏ ਪ੍ਰਭਿ ਆਪੇ, ਗੁਰ ਸੇਵਾ ਪ੍ਰਭਿ ਲਾਏ॥ ਹਰਿ ਕਾ ਨਾਮੁ ਨਿਧਾਨੋ ਪਾਇਆ, ਸੁਖੁ ਵਸਿਆ ਮਨਿ ਆਏ॥੩॥ ਚਉਥੀ ਪਦਵੀ ਗੁਰਮੁਖਿ ਵਰਤਹਿ, ਤਿਨ ਨਿਜਘਰਿ ਵਾਸਾ ਪਾਇਆ॥ ਪੂਰੈ ਸਤਿਗੁਰਿ ਕਿਰਪਾ ਕੀਨੀ, ਵਿਚਹੁ ਆਪੁ ਗਵਾਇਆ॥੪॥ ਏਕਸੁ ਕੀ ਸਿਰਿ ਕਾਰ ਏਕ, ਜਿਨਿ ਬ੍ਰਹਮਾ ਬਿਸਨੁ ਰੁਦ੍ਰੁ ਉਪਾਇਆ॥ ਨਾਨਕ, ਨਿਹਚਲੁ ਸਾਚਾ ਏਕੋ,ਨ ਓਹੁ ਮਰੈ ਨ ਜਾਇਆ॥੫॥੧॥੧੧॥**

### ਉਚਾਰਨ ਸੇਧ

**ਬਿੰਦੀ ਸਹਿਤ :** ਜਲਹਿੰ, ਜੰਮਹਿੰ, ਪਾਵਹਿੰ, ਪੜਹਿੰ, ਵਰਤਹਿੰ, ਵਿਚਹੁੰ ।

**ਪਦ ਅਰਥ :** ਦੁਬਿਧਾ-ਦੁਚਿਤਾਪਨ, ਮੇਰ-ਤੇਰ । ਰੋਗਿ-ਰੋਗ ਵਿਚ । ਵਿਆਪੇ-ਫਸੇ ਹੋਏ । ਜਲਹਿ-ਸੜਦੇ ਹਨ । ਅਧਿਕਾਈ-ਬਹੁਤ । ਮਰਿ-ਮਰ ਕੇ । ਜੰਮਹਿ-ਜੰਮਦੇ ਹਨ । ਠਉਰ-ਥਾਂ, ਟਿਕਾਣਾ । ਨ ਪਾਵਹਿ-ਨਹੀਂ ਪਾਂਦੇ । ਬਿਰਥਾ-ਵਿਅਰਥ । ਗਵਾਈ-ਗਵਾ ਕੇ ।੧। ਮੇਰੇ ਪ੍ਰੀਤਮ-ਹੇ ਮੇਰੇ ਪਿਆਰੇ ਪ੍ਰਭੂ !

ਕਰਿ ਕਿਰਪਾ-ਕਿਰਪਾ ਕਰਕੇ । ਦੇਹੁ ਬੁਝਾਈ-ਸਮਝਾ ਦਿਓ । ਹਉਮੈ-ਮੈਂ ਮੇਰੀ ਨੇ । ਰੋਗੀ ਜਗਤੁ ਉਪਾਇਆ-ਜਗਤ ਨੂੰ ਰੋਗੀ ਬਣਾ ਰਖਿਆ ਹੈ । ਬਿਨੁ ਸਬਦੈ-(ਗੁਰੂ ਦੇ) ਸ਼ਬਦ ਤੋਂ ਬਿਨਾਂ । ਨ ਜਾਈ-(ਰੋਗ) ਦੂਰ ਨਹੀਂ ਹੁੰਦਾ ।੧। ਰਹਾਉ ।

ਮੁਨਿ-ਮੋਨਧਾਰੀ ਸਾਧੂ । ਕੇਤੇ-ਕਿਤਨੇ ਹੀ, ਅਨਗਿਣਤ । ਸੁਰਤਿ-ਸੂਝ ਬੂਝ । ਤ੍ਰੈ ਗੁਣ ਸਭੇ-ਸਾਰੇ ਤ੍ਰੈਗੁਣੀ (ਜੀਵ) । ਮਮਤਾ-ਅਪਣਤ । ਸੁਰਤਿ ਗਵਾਈ-ਸੋਝੀ ਗਵਾ ਦਿਤੀ ।੨।

ਇਕਿ-ਕਈ (ਇਕ ਦਾ ਬਹੁਵਚਨ) । ਪ੍ਰਭਿ-ਪ੍ਰਭੂ ਨੇ । ਨਿਧਾਨੋ-ਨਿਧਾਨ, ਖਜ਼ਾਨਾ ।੩। ਚਉਥੀ ਪਦਵੀ-ਤੁਰੀਆ ਪਦ । ਗੁਰਮੁਖਿ-ਗੁਰੂ ਦੇ ਸਨਮੁਖਿ ਰਹਿਣ ਵਾਲੀ । ਵਰਤਹਿ-ਵਰਤਦੇ (ਵਸਦੇ) ਹਨ । ਨਿਜ ਘਰਿ-ਸ੍ਵੈ ਸਰੂਪ ਵਿਚ । ਵਿਚਹੁ-(ਦਿਲ) ਅੰਦਰੋਂ । ਆਪੁ-ਆਪਾ ਭਾਵ, ਅਹੰਕਾਰ ।੪।

ਸਿਰਿ-ਸਿਰ ਉਤੇ । ਕਾਰ ਏਕ-ਇਕ (ਪਰਮਾਤਮਾ) ਦੀ ਕਾਰ । ਜਿਨਿ-ਜਿਸ (ਪਰਮਾਤਮਾ) ਨੇ । ਬਿਸਨੁ-ਵਿਸ਼ਨੂੰ । ਰੁਦ੍ਰ-ਸ਼ਿਵ ਜੀ । ਉਪਾਇਆ-ਪੈਦਾ ਕੀਤਾ । ਨਿਹਚਲੁ-ਜੋ ਚਲਾਇਮਾਨ ਨਾ ਹੋਵੇ । ਸਾਚਾ-ਸਦਾ ਰਹਿਣ ਵਾਲਾ ਵਾਹਿਗੁਰੂ । ਨ ਜਾਇਆ- ਜੰਮਦਾ ਨਹੀਂ ਹੈ ।੫।

**ਅਰਥ :** ਮਨਮੁਖ (ਜੀਵ) ਦੁਬਿਧਾ ਦੇ ਰੋਗ ਵਿਚ ਫੱਸੇ ਹੋਏ ਹਨ (ਅਤੇ) ਤ੍ਰਿਸ਼ਨਾ ਦੀ (ਅਗਨੀ ਕਰਕੇ) ਬਹੁਤ ਸੜਦੇ ਹਨ । (ਇਸ ਤਰ੍ਹਾਂ ਆਪਣਾ) ਜਨਮ ਵਿਅਰਥ ਗਵਾ ਕੇ, (ਵਾਰ ਵਾਰ) ਮਰ ਮਰ ਕੇ ਜੰਮਦੇ ਹਨ (ਇਕ) ਟਿਕਾਣਾ ਪ੍ਰਾਪਤ ਨਹੀਂ ਕਰ ਸਕਦੇ ।੧।

ਹੇ ਮੇਰੇ ਪਿਆਰੇ ਵਾਹਿਗੁਰੂ ਜੀ ! ਕਿਰਪਾ ਕਰਕੇ (ਤੁਸੀਂ ਮੈਨੂੰ ਜੀਵਨ ਜੁਗਤਿ ਦੀ) ਸੂਝ ਬੂਝ ਬਖਸ਼ੋ ਜੀ । (ਇਸ) ਹਉਮੈ ਨੇ (ਹੀ ਸਾਰੇ) ਸੰਸਾਰ ਨੂੰ ਰੋਗੀ ਬਣਾਇਆ ਹੋਇਆ ਹੈ (ਅਤੇ ਗੁਰੂ ਦੇ) ਸ਼ਬਦ ਤੋਂ ਬਿਨਾਂ (ਇਹ ਰੋਗ ਮਨੁੱਖ ਦੇ ਹੱਡਾਂ ਚੋਂ ਬਾਹਰ ਨਹੀਂ) ਜਾਂਦਾ (ਭਾਵ ਹਉਮੈ ਦੇ ਰੋਗ ਨਾਲ ਜਗਤ ਗ੍ਰਸਿਆ ਰਹਿੰਦਾ ਹੈ ।੧। ਰਹਾਉ ।

(ਹੇ ਭਾਈ !) ਅਨਗਿਣਤ ਮੁਨੀ (ਆਦਿ) ਸਿਮ੍ਰਤੀਆਂ ਸਾਸ਼ਤ੍ਰਾਂ ਨੂੰ ਪੜ੍ਹਦੇ ਹਨ (ਪਰ ਗੁਰੂ ਦੇ) ਸ਼ਬਦ ਤੋਂ ਬਿਨਾ (ਕਿਸੇ ਨੇ ਆਤਮਿਕ) ਸੋਝੀ ਨਹੀਂ ਪਾਈ । ਸਾਰੇ ਤ੍ਰੈ-ਗੁਣੀ (ਜੀਵ ਹਉਮੈ ਦੇ) ਰੋਗ ਵਿਚ ਫਸੇ ਪਏ ਹਨ, ਮਮਤਾ ਨੇ (ਉਨ੍ਹਾਂ ਦੀ) ਹੋਸ਼ ਭੁਲਾ ਦਿਤੀ ਹੈ ।੨।

ਕਈ (ਐਸੇ ਵਡਭਾਗੀ ਜੀਵ ਹਨ ਜੋ) ਪ੍ਰਭੂ ਨੇ (ਮਮਤਾ ਜਾਲ ਵਿਚੋਂ) ਕਢ ਲਏ ਹਨ ਪ੍ਰਭੂ ਨੇ (ਆਪ ਹੀ ਓਹ) ਗੁਰੂ ਦੀ ਸੇਵਾ ਵਿਚ ਲਾ ਰਖੇ ਹਨ। (ਉਨ੍ਹਾਂ ਨੇ) ਹਰੀ ਦਾ ਨਾਮ ਰੂਪੀ ਖਜ਼ਾਨਾ ਪ੍ਰਾਪਤ ਕਰ ਲਿਆ ਹੈ (ਜਿਸ ਦੇ ਫਲ ਸਰੂਪ ਉਨ੍ਹਾਂ ਦੇ) ਮਨ ਵਿਚ (ਆਤਮਿਕ) ਸੁਖ ਆ ਵੱਸਿਆ ਹੈ ।੩।

(ਹੇ ਭਾਈ ! ਓਹ) ਗੁਰਮੁਖ (ਜੀਉੜੇ) ਚਉਥੀ ਪਦਵੀ (ਤੁਰੀਆ ਪਦ) ਵਿਚ ਵਰਤਦੇ ਹਨ (ਤੇ)ਉਨ੍ਹਾਂ ਨੇ ਨਿਜ ਘਰਿ (ਭਾਵ ਸ੍ਵੈ-ਸਰੂਪ) ਵਿਚ ਟਿਕਾਣਾ ਪਾ ਲਿਆ ਹੈ। ਪੂਰੇ ਸਤਿਗੁਰੂ ਨੇ (ਉਨ੍ਹਾਂ ਤੇ) ਕਿਰਪਾ ਕੀਤੀ ਹੈ(ਜਿਸ ਕਰਕੇ ਉਨ੍ਹਾਂ ਨੇ)ਆਪਾ-ਭਾਵ (ਅਹੰਕਾਰ ਆਪਣੇ)ਅੰਦਰੋਂ ਦੂਰ ਕਰ ਦਿਤਾ ਹੈ।੪।

ਜਿਸ (ਪਰਮੇਸ਼ਰ ਨੇ) ਬ੍ਰਹਮਾ, ਵਿਸ਼ਨੂੰ, ਸ਼ਿਵ ਨੂੰ ਪੈਦਾ ਕੀਤਾ (ਉਸ ਦੀ ਹੁਕਮ ਰੂਪੀ) ਕਾਰ (ਹਰੇਕ ਦੇ) ਸਿਰ ਉੱਤੇ ਹੈ । ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਉਹ ਇਕ ਸੱਚਾ (ਵਾਹਿਗੁਰੂ ਹੀ)

ਅਚੱਲ ਹੈ, ਨਾ ਉਹ (ਕਦੇ) ਮਰਦਾ ਹੈ, ਨਾ ਹੀ ਜੰਮਦਾ ਹੈ (ਭਾਵ ਉਹ ਅਮਰ ਤੇ ਅਜਨਮਾ ਹੈ)।੫।੧।੧੧।

## ਸਾਰੰਸ਼ ਅਤੇ ਸਿਧਾਂਤ

ਪ੍ਰਭੂ ਨੇ ਜਿਤਨਾ ਸੰਸਾਰ ਪੈਦਾ ਕੀਤਾ ਹੈ, ਹਉਮੈ ਵਿਚ ਗ੍ਰਸਿਆ ਹੋਣ ਕਰਕੇ ਰੋਗੀ ਹੈ, ਜਿਤਨੇ ਮਨੁੱਖ ਜੀਵ ਹਨ, ਓਹ ਸਾਰੇ ਹੀ ਤ੍ਰੈਗੁਣਾਂ ਅਤੇ ਦੁਬਿਧਾ ਵਿਚ ਫਸੇ ਹੋਏ ਹਨ। ਓਹ ਤ੍ਰਿਸ਼ਨਾ ਦੀ ਅੱਗ ਵਿਚ ਸੜਦੇ ਰਹਿੰਦੇ ਹਨ ਜਿਸ ਕਰਕੇ ਉਨ੍ਹਾਂ ਦਾ ਆਵਾਗਵਣ ਨਹੀਂ ਮੁਕਦਾ। ਜੇ ਗਹੁ ਨਾਲ ਵੇਖੀਏ ਤਾਂ ਮੋਹ ਮਮਤਾ ਨੇ ਹਰੇਕ ਜੀਵ ਦੀ ਮਤਿ ਮਾਰੀ ਹੋਈ ਹੈ, ਜੀਵ ਨੂੰ ਮੇਰ-ਤੇਰ ਤੋਂ ਬਿਨਾਂ ਕੁਝ ਵੀ ਨਹੀਂ ਸੁਝਦਾ। ਹਾਂ, ਪ੍ਰਭੂ ਨੇ ਜਿਹੜੇ ਜੀਵ ਸੇਵਾ ਵਿਚ ਲਾਏ ਹਨ ਓਹ ਹਉਮੈ ਦੇ ਰੋਗ ਚੋਂ ਨਿਕਲੇ ਹਨ :-

**ਮੇਰੇ ਰਾਮ ਹਰਿ ਜਨ ਆਰੋਗ ਭਏ ॥**
**ਗੁਰਬਚਨੀ ਜਿਨਾ ਜਪਿਆ ਮੇਰਾ ਹਰਿ ਹਰਿ,**
**ਤਿਨ ਕੇ ਹਉਮੈ ਰੋਗ ਗਏ ॥** [ਪੰਨਾ ੭੩੫

ਸਿਧਾਂਤ ਇਹ ਹੈ ਕਿ ਜਿਸ ਜੀਵ ਉਤੇ ਸਤਿਗੁਰੂ ਨੇ ਕਿਰਪਾ ਕੀਤੀ ਹੈ, ਓਹੀ ਹਉਮੈ ਦੇ ਰੋਗ ਤੋਂ ਮੁਕਤ ਹੋਇਆ ਹੈ। ਆਸਾ ਕੀ ਵਾਰ ਵਿਚ ਹਰ ਰੋਜ਼ ਗੁਰੂ ਜੀ ਦੇ ਪਾਵਨ ਬਚਨ ਸੁਣਦੇ ਹਾਂ :

**ਹਉਮੈ ਦੀਰਘ ਰੋਗੁ ਹੈ, ਦਾਰੂ ਭੀ ਇਸੁ ਮਾਹਿ ॥**
**ਕਿਰਪਾ ਕਰੇ ਜੇ ਆਪਣੀ, ਤਾ ਗੁਰ ਕਾ ਸਬਦੁ ਕਮਾਹਿ ॥** [ਪੰਨਾ ੪੬੬

**ਭੈਰਉ ਮਹਲਾ ੩ ॥ ਮਨਮੁਖਿ ਦੁਬਿਧਾ ਸਦਾ ਹੈ ਰੋਗੀ, ਰੋਗੀ ਸਗਲ ਸੰਸਾਰਾ ॥ ਗੁਰਮੁਖਿ ਬੂਝਹਿ ਰੋਗੁ ਗਵਾਵਹਿ, ਗੁਰ ਸਬਦੀ ਵੀਚਾਰਾ॥੧॥ ਹਰਿ ਜੀਉ, ਸਤ ਸੰਗਤਿ ਮੇਲਾਇ॥ ਨਾਨਕ, ਤਿਸ ਨੋ ਦੇਇ ਵਡਿਆਈ, ਜੋ ਰਾਮਨਾਮਿ ਚਿਤੁ ਲਾਇ ॥੧॥ਰਹਾਉ॥ ਮਮਤਾ ਕਾਲਿ ਸਭਿ ਰੋਗਿ ਵਿਆਪੇ, ਤਿਨ ਜਮ ਕੀ ਹੈ ਸਿਰਿ ਕਾਰਾ॥ ਗੁਰਮੁਖਿ ਪ੍ਰਾਣੀ ਜਮੁ ਨੇੜਿ ਨ ਆਵੈ, ਜਿਨ ਹਰਿ ਰਾਖਿਆ ਉਰਿ ਧਾਰਾ॥ ਜਿਨ ਹਰਿ ਕਾ ਨਾਮੁ ਨ ਗੁਰਮੁਖਿ ਜਾਤਾ, ਸੇ ਜਗ ਮਹਿ ਕਾਹੇ ਆਇਆ ॥ ਗੁਰ ਕੀ ਸੇਵਾ ਕਦੇ ਨ ਕੀਨੀ, ਬਿਰਥਾ ਜਨਮੁ ਗਵਾਇਆ ॥੩॥ ਨਾਨਕ, ਸੇ ਪੂਰੇ ਵਡਭਾਗੀ, ਸਤਿਗੁਰ ਸੇਵਾ ਲਾਏ ॥ ਜੋ ਇਛਹਿ ਸੋਈ ਫਲੁ ਪਾਵਹਿ, ਗੁਰਬਾਣੀ ਸੁਖੁ ਪਾਏ ॥੪॥੨॥੧੨॥**

**ਪਦ ਅਰਥ** : ਮਨਮੁਖਿ-ਆਪ ਹੁਦਰਾ ਮਨੁੱਖ। ਦੁਬਿਧਾ-ਦਵੈਤ ਵਿਚ (ਫਸਿਆ ਹੋਇਆ)। ਸਗਲ ਸੰਸਾਰਾ-ਸਾਰਾ ਸੰਸਾਰ ਹੀ। ਗੁਰਮੁਖਿ-ਗੁਰੂ ਦੇ ਸਨਮੁਖ ਰਹਿਣ ਵਾਲੇ। ਬੂਝਹਿ-ਸਮਝਦੇ ਹਨ। ਗਵਾਵਹਿ-ਦੂਰ ਕਰਦੇ ਹਨ। ਗੁਰ ਸਬਦੀ-ਗੁਰੂ ਦੇ ਸ਼ਬਦ ਰਾਹੀਂ। ਵੀਚਾਰਾ-ਵੀਚਾਰਿਆ ਹੈ। ਹਰਿ ਜੀਉ-ਹੇ ਪ੍ਰਭੂ ਜੀਉ!। ਸਤ ਸੰਗਤਿ ਮੇਲਾਇ-ਸਤ ਸੰਗਤ ਨਾਲ ਮਿਲਾ ਦਿੰਦਾ ਹੈ। ਰਾਮਨਾਮਿ-ਪਰਮੇਸ਼ਰ ਦੇ ਨਾਮ ਵਿਚ। ਚਿਤੁ ਲਾਇ-ਚਿਤ ਜੋੜਦਾ ਹੈ ।੧ਰਹਾਉ। ਮਮਤਾ-ਮੈਂ ਮੇਰੀ ਦੀ ਪਕੜ। ਕਾਲਿ-ਕਾਲ

(ਜਾਲ) ਵਿਚ । ਰੋਗਿ-ਰੋਗ ਵਿਚ । ਵਿਆਪੇ-ਫਸੇ ਹੋਏ ਹਨ । ਉਰਿ ਧਾਰਾ-ਹਿਰਦੇ ਵਿਚ ਟਿਕਾਇਆ ।੨। ਗੁਰਮੁਖਿ-ਗੁਰੂ ਦੁਆਰਾ । ਜਾਤਾ-ਜਾਣਿਆ । ਕਾਹੇ-ਕਿਸ ਲਈ ? ਬਿਰਥਾ-ਵਿਅਰਥ ।੩। ਸੇ-ਉਹ (ਮਨੁੱਖ) । ਪੂਰੇ-ਜੋ ਇਛਹਿ-ਜੋ ਕੁਝ ਚਾਹੁੰਦੇ ਹਨ । ਪਾਵਹਿ-ਪਾਉਂਦੇ ਹਨ । ਗੁਰਬਾਣੀ-ਗੁਰੂ ਦੀ ਬਾਣੀ (ਬਚਨਾ) ਰਾਹੀਂ । ਸੁਖੁ-(ਆਤਮਿਕ) ਸੁਖ ।੪।

**ਅਰਥ :** (ਹੇ ਭਾਈ !) ਮਨਮੁਖ (ਜੀਵ) ਦੁਬਿਧਾ (ਮੇਰ-ਤੇਰ) ਵਿਚ (ਫਸਿਆ ਹੋਣ ਕਾਰਨ) ਸਦਾ ਹੀ ਰੋਗੀ ਰਹਿੰਦਾ ਹੈ (ਅਤੇ ਉਸ ਨੂੰ) ਸਾਰਾ ਸੰਸਾਰ ਹੀ ਰੋਗੀ (ਭਾਸਦਾ) ਹੈ । (ਪਰ) ਗੁਰੂ ਦੇ ਸਨਮੁਖ ਰਹਿਣ ਵਾਲੇ (ਇਸ ਰੋਗ ਨੂੰ) ਗੁਰੂ ਦੁਆਰਾ ਸਮਝਦੇ ਹਨ (ਅਤੇ) ਗੁਰੂ ਦੇ ਸ਼ਬਦ ਦੁਆਰਾ (ਉਨ੍ਹਾਂ) ਵੀਚਾਰਿਆਂ ਹੈ(ਜਿਸ ਦੇ ਫਲਸਰੂਪ ਓਹ ਇਸ ਰੋਗ ਨੂੰ ਆਪਣੇ ਅੰਦਰੋਂ)ਦੂਰ ਕਰ ਲੈਂਦੇ ਹਨ।੧।

(ਹੇ ਭਾਈ ! ਉਹ) ਪਰਮੇਸ਼ਰ (ਜਿਸ ਨੂੰ) ਸਤਿ ਸੰਗਤ ਵਿਚ ਮਿਲਾ ਦਿੰਦਾ ਹੈ, (ਉਸ ਦੇ ਰੋਗ ਦੂਰ ਹੋ ਜਾਂਦੇ ਹਨ) । ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਜਿਹੜਾ (ਸਤਿ ਸੰਗਤ ਵਿਚ) ਪਰਮੇਸ਼ਰ ਦੇ ਨਾਮ ਵਿਚ ਚਿਤ ਜੋੜਦਾ ਹੈ, ਉਸ ਨੂੰ (ਪਰਮੇਸ਼ਰ) ਵਡਿਆਈ ਦੇਂਦਾ ਹੈ ।੧। ਰਹਾਉ ।

(ਹੇ ਭਾਈ ! ਜਿਹੜੇ) ਮਮਤਾ ਦੇ ਕਾਲ-ਜਾਲ ਵਿਚ ਪਏ ਹੋਏ ਹਨ (ਓਹ) ਸਾਰੇ ਹੀ ਰੋਗ ਵਿਚ ਫਸੇ ਹੋਏ ਹਨ, ਉਨ੍ਹਾਂ ਦੇ ਸਿਰ ਉੱਤੇ ਜਮ ਦਾ ਹੁਕਮ ਚਲ ਰਿਹਾ ਹੈ । ਜਿਨ੍ਹਾਂ ਨੇ ਪਰਮੇਸ਼ਰ ਦਾ (ਨਾਮ ਆਪਣੇ) ਹਿਰਦੇ ਵਿਚ ਟਿਕਾ ਰਖਿਆ ਹੈ (ਓਹ) ਗੁਰੂ ਦੇ ਸਨਮੁਖ ਰਹਿਣ ਵਾਲੇ (ਹਨ, ਇਸ ਕਰਕੇ) ਜਮ (ਉਹਨਾਂ ਦੇ ਨੇੜੇ ਨਹੀਂ ਆਉਂਦਾ) ।੨।

(ਹੇ ਭਾਈ !) ਜਿਨ੍ਹਾਂ (ਮਨੁੱਖਾਂ) ਨੇ ਗੁਰੂ ਦੁਆਰਾ ਪਰਮੇਸ਼ਰ ਦਾ ਨਾਮ ਨਹੀਂ ਜਾਣਿਆ (ਬੁਝਿਆ ਭਾਵ ਸਾਂਝ ਨਹੀਂ ਪਾਈ), ਓਹ ਜਗਤ ਵਿਚ ਕਾਹਦੇ ਲਈ ਆਏ ਹਨ? (ਭਾਵ ਉਨ੍ਹਾਂ ਦਾ ਆਇਆ ਵਿਅਰਥ ਹੈ) । (ਉਨ੍ਹਾਂ ਨੇ ਮਨੁੱਖਾਂ ਜਨਮ ਵਿਚ) ਗੁਰੂ ਦੀ ਸੇਵਾ ਕਦੇ ਨਹੀਂ ਕੀਤੀ (ਇਸ ਲਈ ਆਪਣਾ) ਜਨਮ ਵਿਅਰਥ ਗਵਾ ਲਿਆ ਹੈ ।੩।

ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਓਹ ਮਨੁੱਖ ਪੂਰਨ (ਪੁਰਖ) ਵਡੇ ਭਾਗਾਂ ਵਾਲੇ ਹਨ (ਜਿਹੜੇ ਪਰਮਾਤਮਾ ਨੇ) ਸਤਿਗੁਰੂ ਦੀ ਸੇਵਾ ਵਿਚ ਲਾ ਦਿਤੇ ਹਨ । (ਉਹ) ਜੋ ਇੱਛਾ ਕਰਦੇ ਹਨ, ਓਹੀ ਫਲ ਪ੍ਰਾਪਤ ਕਰ ਲੈਂਦੇ ਹਨ, (ਇਸ ਤਰ੍ਹਾਂ) ਗੁਰੂ ਦੀ ਬਾਣੀ ਦੁਆਰਾ (ਓਹ ਆਤਮਿਕ) ਸੁਖ ਪ੍ਰਾਪਤ ਕਰਨ ਵਾਲੇ ਬਣੇ ਹਨ ।੪।੨।੧੨।

## ਅਰਥ ਭੇਦ ਅਤੇ ਨਿਰਣੈ

**ਹਰਿ ਜੀਉ ਸਤਸੰਗਤਿ ਮੇਲਾਇ ॥**

**ਨਾਨਕ ਤਿਸਨੋ ਦੇਇ ਵਡਿਆਈ ਜੋ ਰਾਮਨਾਮਿ ਚਿਤੁ ਲਾਇ ॥**

ਫਰੀਦਕੋਟੀ ਵਿਦਵਾਨਾਂ ਨੇ ਪਹਿਲੀ ਪੰਕਤੀ ਦੇ ਅਰਥ ਇਉਂ ਕੀਤੇ ਹਨ :

੧. ਹੇ ਪੁਰਸ਼ ਹਰਿ ਜੀਉ ਕੀ ਸਤਿਸਗਤਿ ਵਿਖੈ ਮਨ ਕੋ ਲਗਾਵਣਾ ਕਰ । [ਫ . ਸ.

੨. ਹੇ ਪ੍ਰਭੂ ਜੀ ! ਮੈਨੂੰ ਸਾਧ ਸੰਗਤਿ ਦਾ ਮੇਲ ਮਿਲਾ । [ਦਰਪਣ

੨. ਹੇ ਪ੍ਰਭੂ ਜੀ ! ਮੈਨੂੰ ਸਾਧ ਸੰਗਤਿ ਦਾ ਮੇਲ ਮਿਲਾ। [ਦਰਪਣ

**ਨਿਰਣੈ :** ਪਹਿਲੀ ਪੰਕਤੀ 'ਹਰਿ ਜੀਉ' ਪਰਮਾਤਮਾ ਨੂੰ ਸੰਬੋਧਨ ਕੀਤੀ ਹੋਈ ਹੈ, ਪੁਰਸ਼ ਨੂੰ ਨਹੀਂ ਕੀਤੀ ਗਈ ਜਿਵੇਂ ਕਿ ਫਰੀਦਕੋਟ ਵਾਲੇ ਸਟੀਕ ਵਿਚ ਅੰਕਿਤ ਹੈ। ਇਸ ਪੰਕਤੀ ਵਿਚ ਹਰੀ ਦੀ ਵਡਿਆਈ ਕੀਤੀ ਹੈ ਕਿ ਹਰੀ (ਉਸਨੂੰ) ਸਤਿਸੰਗਤ ਵਿਚ ਮਿਲਾ ਦਿੰਦਾ ਹੈ ਉਸ ਨੂੰ ਵਡਿਆਈ ਬਖਸ਼ਦਾ ਹੈ, ਜਿਹੜਾ ਮਨੁੱਖ ਰਾਮ ਨਾਮ ਵਿਚ ਆਪਣਾ ਚਿਤ ਜੋੜਦਾ ਹੈ। ਸੋ, ਇਹ ਪੰਕਤੀ ਬੇਨਤੀ ਰੂਪ ਨਹੀਂ, ਪ੍ਰਭੂ ਦੀ ਵਡਿਆਈ ਨੂੰ ਨਿਰੂਪਣ ਕਰ ਰਹੀ ਹੈ।

## ਸਾਰੰਸ਼ ਅਤੇ ਸਿਧਾਂਤ

ਪਿਛਲੇ ਸ਼ਬਦ ਵਾਲੇ ਭਾਵ ਨੂੰ ਫਿਰ ਦ੍ਰਿੜ ਕਰਾਇਆ ਹੈ। ਗੁਰੂ ਤੋਂ ਵੇਮੁਖ ਲੋਕ ਸਦਾ ਦੁਬਿਧਾ ਵਿਚ ਪਏ ਰਹਿੰਦੇ ਹਨ। ਉਹ ਪਰਮੇਸ਼ਰ ਨੂੰ ਨਹੀਂ ਮੰਨਦੇ, ਇਸ ਕਰਕੇ ਸਦਾ ਰੋਗੀ ਰਹਿੰਦੇ ਹਨ। ਗੁਰਬਾਣੀ ਵਿਚ ਸਾਨੂੰ ਇਹ ਸੰਕੇਤ ਮਿਲਦਾ ਹੈ ਕਿ ਜਿਹੜਾ ਜੀਵ ਵੀ ਵੇਖਣ ਵਿਚ ਆਉਂਦਾ ਹੈ, ਉਹ ਰੋਗੀ ਹੀ ਦਿਸਦਾ ਹੈ :–

**ਹਉਮੈ ਰੋਗੁ ਮਾਨੁਖ ਕਉ ਦੀਨਾ ॥ ਕਾਮ ਰੋਗਿ ਮੈਗਲੁ ਬਸਿ ਲੀਨਾ ॥**
**ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ ॥ ਨਾਦ ਰੋਗਿ ਖਪਿ ਗਏ ਕੁਰੰਗਾ ॥**
**ਜੋ ਜੋ ਦੀਸੈ ਸੋ ਸੋ ਰੋਗੀ ॥ ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥** [ਪੰਨਾ ੧੧੪੦

ਇਹ ਰੋਗ ਨਾਮ ਦੀ ਅਉਖਧੀ ਨਾਲ ਹੀ ਨਾਸ਼ ਹੋ ਸਕਦਾ ਹੈ। ਇਸ ਸ਼ਬਦ ਦੀ ਰਹਾਉ ਵਾਲੀ ਪੰਗਤੀ ਤੋਂ ਸਤਿਸੰਗਤ ਦੀ ਵਡਿਆਈ ਪ੍ਰਗਟ ਹੁੰਦੀ ਹੈ। ਕਿਉਂਕਿ ਸੰਗਤ ਵਿਚ ਨਾਮ ਜਪਣ ਨਾਲ ਮਨ ਨੀਵਾਂ ਤੇ ਮਤਿ ਉਚੀ ਹੁੰਦੀ ਹੈ। ਇਸ ਦੇ ਨਾਲ ਹੀ ਸੇਵਾ ਕਰਨ ਦੀ ਸਿਖਿਆ ਮਿਲਦੀ ਹੈ। ਸੇਵਾ ਵਿਚ ਇਤਨੀ ਸ਼ਕਤੀ ਹੈ ਕਿ ਉਹ ਹੰਗਤਾ ਮਮਤਾ ਦੀ ਮੈਲ ਧੋ ਦੇਂਦੀ ਹੈ। ਸਤਿਸੰਗਤ ਵਿਚੋਂ ਹੀ 'ਗੁਰਬਾਣੀ ਸੁਖੁ ਪਾਏ' ਦੀ ਪ੍ਰੇਰਨਾ ਮਿਲਦੀ ਹੈ ਜਿਸ ਨਾਲ ਜੀਵਨ ਦੀ ਆਭਾ ਵਿਚ ਵਾਧਾ ਹੁੰਦਾ ਹੈ।

**ਭੈਰਉ ਮਹਲਾ ੩ ॥ ਦੁਖ ਵਿਚਿ ਜੰਮੈ ਦੁਖਿ ਮਰੈ, ਦੁਖ ਵਿਚਿ ਕਾਰ ਕਮਾਇ ॥ ਗਰਭ ਜੋਨੀ ਵਿਚਿ ਕਦੇ ਨ ਨਿਕਲੈ, ਬਿਸਟਾ ਮਾਹਿ ਸਮਾਇ ॥੧॥ ਧ੍ਰਿਗੁ ਧ੍ਰਿਗੁ ਮਨਮੁਖਿ ਜਨਮੁ ਗਵਾਇਆ ॥ ਪੂਰੇ ਗੁਰ ਕੀ ਸੇਵ ਨ ਕੀਨੀ, ਹਰਿ ਕਾ ਨਾਮੁ ਨ ਭਾਇਆ ॥੧॥ ਰਹਾਉ ॥ ਗੁਰ ਕਾ ਸਬਦੁ ਸਭਿ ਰੋਗ ਗਵਾਏ, ਜਿਸਨੋ ਹਰਿ ਜੀਉ ਲਾਏ ॥ ਨਾਮੇ ਨਾਮਿ ਮਿਲੈ ਵਡਿਆਈ, ਜਿਸ ਨੋ ਮੰਨਿ ਵਸਾਏ ॥੨॥ ਸਤਿਗੁਰੁ ਭੇਟੈ ਤਾ ਫਲੁ ਪਾਏ, ਸਚੁ ਕਰਣੀ ਸੁਖ ਸਾਰੁ ॥ ਸੇ ਜਨ ਨਿਰਮਲ ਜੋ ਹਰਿ ਲਾਗੇ, ਹਰਿਨਾਮੇ ਧਰਹਿ ਪਿਆਰੁ ॥੩॥ ਤਿਨ ਕੀ ਰੇਣੁ ਮਿਲੈ ਤਾਂ ਮਸਤਕਿ ਲਾਈ, ਜਿਨ ਸਤਿਗੁਰੁ ਪੂਰਾ ਧਿਆਇਆ ॥ ਨਾਨਕ ਤਿਨ ਕੀ ਰੇਣੁ ਪੂਰੈ ਭਾਗਿ ਪਾਈਐ, ਜਿਨੀ ਰਾਮਨਾਮਿ ਚਿਤੁ ਲਾਇਆ ॥੪॥੩॥੧੩॥**

## ਉਚਾਰਨ ਸੇਧ

**ਬਿੰਦੀ ਸਹਿਤ :** ਮਾਹਿੰ, ਤਾਂ, ਧਰਹਿੰ, ਲਾਈਂ।

**ਪਦ-ਅਰਥ :** ਜੰਮੈ-ਜੰਮਦਾ ਹੈ। ਦੁਖਿ-ਦੁਖ ਵਿਚ। ਕਾਰ ਕਮਾਇ-ਕੰਮ ਕਰਦਾ ਹੈ। ਗਰਭ ਜੋਨੀ ਵਿਚ-ਜਨਮ ਮਰਨ ਦੇ ਗੇੜ ਵਿਚ। ਬਿਸਟਾ-ਮਾਹਿ-(ਗੰਦਗੀ ਵਿਚ)। ਸਮਾਇ-ਪਿਆ ਰਹਿੰਦਾ ਹੈ ।੧। ਧ੍ਰਿਗੁ-ਫਿਟਕਾਰ ਜੋਗ। ਮਨਮੁਖਿ-ਮਨਮੁਖ ਨੇ। ਨ ਭਾਇਆ-ਚੰਗਾ ਨਾ ਲੱਗਾ ।੧। ਰਹਾਉ। ਸਭਿ-ਸਾਰੇ (ਬਹੁ ਵਚਨ)। ਨਾਮੇ ਨਾਮਿ-ਨਿਰੋਲ ਨਾਮ ਵਿਚ। ਮੰਨਿ-ਮਨ ਵਿਚ ।੨। ਭੇਟੈ-ਮਿਲਦਾ ਹੈ। ਫਲੁ-(ਜੀਵਨ ਦਾ) ਲਾਭ। ਸਚੁ ਕਰਣੀ-ਸਚ ਰੂਪ ਕਰਨੀ। ਸੁਖ ਸਾਰੁ-ਸੁਖਾਂ ਦਾ ਸ੍ਰੇਸ਼ਟ ਸੁਖ। ਨਾਮੇ-ਨਾਮ ਵਿਚ। ਧਰਹਿ-ਧਰਦੇ ਹਨ ।੩। ਰੇਣੁ-ਚਰਨ ਧੂੜ। ਮਸਤਕਿ-ਮੱਥੇ ਉੱਤੇ। ਲਾਈ-(ਮੈਂ) ਲਾਵਾਂ। ਪੂਰੈ ਭਾਗਿ-ਪੂਰੇ ਭਾਗਾਂ ਨਾਲ ।੪।

**ਅਰਥ :** (ਹੇ ਭਾਈ ! ਮਨਮੁਖ ਜੀਵ) ਦੁਖ ਵਿਚ ਜੰਮਦਾ ਹੈ ਤੇ ਦੁਖ ਵਿਚ ਹੀ ਮਰਦਾ ਹੈ (ਅਤੇ ਉਹ ਸਾਰੀ ਉਮਰ) ਦੁਖ ਵਿਚ ਹੀ ਕੰਮ ਕਰਦਾ ਰਹਿੰਦਾ ਹੈ। (ਉਹ ਮਾਂ ਦੇ) ਗਰਭ ਵਿਚ ਹੀ (ਪਿਆ ਰਹਿੰਦਾ ਹੈ, ਉੱਥੋਂ) ਕਦੇ (ਬਾਹਰ) ਨਹੀਂ ਨਿਕਲਦਾ, (ਉਹ) ਵਿਸਟਾ (ਗੰਦਗੀ) ਵਿਚ ਹੀ ਪਿਆ ਰਹਿੰਦਾ ਹੈ।੧।

(ਹੇ ਭਾਈ !) ਮਨਮੁਖ ਨੇ (ਆਪਣਾ ਮਨੁੱਖਾ) ਜਨਮ (ਵਿਅਰਥ) ਗਵਾ ਲਿਆ (ਇਸ ਲਈ ਉਸ ਨੂੰ ਲੋਕ ਪਰਲੋਕ ਵਿਚ) ਫਿਟਕਾਰਾਂ (ਹੀ ਪੈਂਦੀਆਂ ਹਨ ਕਿਉਂਕਿ ਉਸ ਨੇ) ਪੂਰੇ ਗੁਰੂ ਦੀ ਸੇਵਾ ਨਹੀਂ ਕੀਤੀ (ਅਤੇ) ਪਰਮੇਸ਼ਰ ਦਾ ਨਾਮ (ਉਸ ਨੂੰ) ਚੰਗਾ ਨਹੀਂ ਲੱਗਾ ।੧। ਰਹਾਉ।

(ਹੇ ਭਾਈ !) ਗੁਰੂ ਦਾ ਸ਼ਬਦ ਸਾਰੇ ਰੋਗ ਦੂਰ ਕਰ ਦਿੰਦਾ ਹੈ (ਸ਼ਬਦ ਵਿਚ ਉਹੀ ਜੀਵ ਲਗਦਾ ਹੈ) ਜਿਸ ਨੂੰ ਪਰਮੇਸ਼ਰ (ਆਪ ਸ਼ਬਦ ਵਿਚ) ਲਾਉਂਦਾ ਹੈ। ਜਿਸ ਦੇ ਮਨ ਵਿਚ (ਪਰਮੇਸ਼ਰ ਨਾਮ) ਵਸਾ ਦੇਵੇ (ਉਸ ਨੂੰ ਨਾਮ ਵਿਚ ਜੁੜਨ ਕਰਕੇ) ਨਿਰੋਲ ਨਾਮ ਵਾਲੀ ਵਡਿਆਈ ਮਿਲਦੀ ਹੈ ।੨।

(ਹੇ ਭਾਈ ! ਜਦੋਂ ਜੀਵ) ਸਤਿਗੁਰੂ ਨੂੰ ਮਿਲਦਾ ਹੈ ਤਾਂ (ਇਸ ਨੂੰ ਗਿਆਨ ਫਲ) ਪ੍ਰਾਪਤ ਹੁੰਦਾ ਹੈ, ਸਚ ਰੂਪ ਕਰਣੀ ਕਰਕੇ ਹੀ ਸ੍ਰੇਸ਼ਟ ਸੁਖਾਂ ਦਾ (ਭਾਗੀ ਬਣਦਾ ਹੈ)। ਓਹ ਜਨ ਪਵਿੱਤਰ ਹਨ ਜੋ ਹਰੀ ਦੇ ਨਾਮ ਵਿਚ ਲੱਗੇ (ਜੁੜੇ) ਹਨ (ਅਤੇ)ਹਰੀ (ਦੇ ਨਾਮ ਵਿਚ) ਪਿਆਰ ਧਰਦੇ(ਟਿਕਾਂਦੇ) ਹਨ ।੩।

(ਹੇ ਭਾਈ !) ਜਿਨ੍ਹਾਂ (ਪੁਰਸ਼ਾਂ) ਨੇ ਪੂਰਾ ਸਤਿਗੁਰੂ ਸਿਮਰਿਆ ਹੈ, (ਜੇ) ਉਨ੍ਹਾਂ ਦੇ ਚਰਨਾਂ ਦੀ ਧੂੜ ਮਿਲ ਜਾਏ ਤਾਂ (ਮੈਂ ਉਹ ਪਾਵਨ ਧੂੜੀ ਆਪਣੇ) ਮਥੇ ਤੇ ਲਾਵਾਂ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਜਿਨ੍ਹਾਂ ਨੇ ਪਰਮਾਤਮਾ ਦੇ ਨਾਮ ਵਿਚ (ਆਪਣਾ) ਚਿਤ ਜੋੜਿਆ ਹੈ, ਉਨ੍ਹਾਂ ਦੀ (ਚਰਨ) ਧੂੜ ਪੂਰੇ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ ।੪।੩।੧੩।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਮਨਮੁਖ ਦੀ ਦਸ਼ਾਂ ਦਾ ਵਰਣਨ ਹੈ। ਮਨਮੁਖ ਦੇ ਜਨਮ ਨੂੰ ਧਿਰਕਾਰਾਂ ਫਿਟਕਾਰਾਂ ਪੈਂਦੀਆਂ ਹਨ ਕਿਉਂਕਿ ਉਸ ਨੇ ਆਪਣੇ ਜੀਵਨ ਵਿਚ ਨਾ ਸਤਿਗੁਰੂ ਦੀ ਸੇਵਾ ਕੀਤੀ ਅਤੇ

ਨਾ ਹੀ ਉਸ ਨੂੰ ਪਰਮਾਤਮਾ ਦਾ ਨਾਮ ਚੰਗਾ ਲੱਗਾ। ਇਸ ਲਈ, ਉਹ ਸਦਾ ਗਰਭ ਜੋਨੀ ਵਿਚ ਪਿਆ ਦੁਖ ਹੀ ਪਾਂਦਾ ਰਹਿੰਦਾ ਹੈ।

ਇਸ ਦੇ ਮੁਕਾਬਲੇ ਤੇ ਉਹ ਜਨ ਨਿਰਮਲ ਹਨ ਜੋ ਗੁਰੂ ਨਾਲ ਸਚੇ ਦਿਲੋਂ ਪਿਆਰ ਕਰਦੇ ਹਨ, ਨਾਮ ਸਿਮਰਨ ਵਿਚ ਆਪਣੀ ਬ੍ਰਿਤੀ ਲਾਈ ਰਖਦੇ ਹਨ। ਅੰਤਲੀ ਪੰਕਤੀ ਵਿਚ ਗੁਰੂ ਪਾਤਿਸ਼ਾਹ ਫੁਰਮਾਉਂਦੇ ਹਨ ਕਿ ਅਜਿਹੇ ਪਿਆਰਿਆਂ ਦੀ ਚਰਨ-ਧੂੜ ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ। ਗੁਰਬਾਣੀ ਵਿਚ ਨਾਮ ਨਾਲ ਪਿਆਰ ਕਰਨ ਵਾਲਿਆਂ ਦੀ ਧੂੜ ਪ੍ਰਾਪਤ ਕਰਨ ਦੀ ਅਕਾਂਖਿਆਂ ਨੂੰ ਇਉਂ ਦਰਸਾਇਆ ਹੈ:-

੧. ਤਿਨ ਕੀ ਧੂਰਿ ਨਾਨਕੁ ਦਾਸੁ ਬਾਂਛੈ, ਜਿਨ ਹਰਿ ਨਾਮੁ ਰਿਦੈ ਪਰੋਈ॥ [ਪੰਨਾ ੬੧੮

੨. ਜਿਨ ਕੇ ਭਾਗ ਬਡੇ ਹੈ ਭਾਈ, ਤਿਨ ਸਾਧੂ ਸੰਗਿ ਮੁਖ ਜੁਰੇ ॥
ਤਿਨ ਕੀ ਧੂਰਿ ਬਾਂਛੈ ਨਿਤ ਨਾਨਕੁ, ਪ੍ਰਭੁ ਮੇਰਾ ਕਿਰਪਾ ਕਰੇ ॥ [ਪੰਨਾ ੧੨੦੮

੩. ਜਿਨ ਕੇ ਚੋਲੇ ਰਤੜੇ ਪਿਆਰੇ, ਕੰਤੁ ਤਿਨਾ ਕੈ ਪਾਸਿ ॥
ਧੂੜਿ ਤਿਨਾ ਕੀ ਜੇ ਮਿਲੈ ਜੀ, ਕਹੁ ਨਾਨਕ ਕੀ ਅਰਦਾਸਿ ॥

੪. ਤਿਨ ਕੀ ਪੰਕ ਮਿਲੈ ਤਾਂ ਜੀਵਾ, ਕਰਿ ਕਿਰਪਾ ਆਪਿ ਦਿਵਾਵੈਗੋ ॥[ਪੰਨਾ ੧੩੧੦

**ਭੈਰਉ ਮਹਲਾ ੩ ॥ ਸਬਦੁ ਬੀਚਾਰੇ ਸੋ ਜਨੁ ਸਾਚਾ, ਜਿਨ ਕੈ ਹਿਰਦੈ ਸਾਚਾ ਸੋਈ ॥ ਸਾਚੀ ਭਗਤਿ ਕਰਹਿ ਦਿਨੁ ਰਾਤੀ, ਤਾਂ ਤਨਿ ਦੂਖੁ ਨ ਹੋਈ ॥੧॥ ਭਗਤੁ ਭਗਤੁ ਕਹੈ ਸਭੁ ਕੋਈ ॥ ਬਿਨੁ ਸਤਿਗੁਰ ਸੇਵੇ ਭਗਤਿ ਨ ਪਾਈਐ, ਪੂਰੈ ਭਾਗਿ ਮਿਲੈ ਪ੍ਰਭੁ ਸੋਈ ॥੧॥ ਰਹਾਉ ॥ ਮਨਮੁਖ ਮੂਲੁ ਗਵਾਵਹਿ ਲਾਭੁ ਮਾਗਹਿ, ਲਾਹਾ ਲਾਭੁ ਕਿਦੂ ਹੋਈ ॥ ਜਮਕਾਲੁ ਸਦਾ ਹੈ ਸਿਰ ਊਪਰਿ, ਦੂਜੈ ਭਾਇ ਪਤਿ ਖੋਈ ॥੨॥ ਬਹਲੇ ਭੇਖ ਭਵਹਿ ਦਿਨੁ ਰਾਤੀ, ਹਉਮੈ ਰੋਗੁ ਨ ਜਾਈ ॥ ਪੜਿ ਪੜਿ ਲੂਝਹਿ ਬਾਦੁ ਵਖਾਣਹਿ, ਮਿਲਿ ਮਾਇਆ ਸੁਰਤਿ ਗਵਾਈ ॥੩॥ ਸਤਿਗੁਰੁ ਸੇਵਹਿ ਪਰਮ ਗਤਿ ਪਾਵਹਿ, ਨਾਮਿ ਮਿਲੈ ਵਡਿਆਈ ॥ ਨਾਨਕ ਨਾਮੁ ਜਿਨਾ ਮਨਿ ਵਸਿਆ, ਦਰਿ ਸਾਚੈ ਪਤਿ ਪਾਈ ॥੪॥੪॥੧੪॥**

## ਉਚਾਰਨ ਸੇਧ

**ਬਿੰਦੀ ਸਹਿਤ :** ਕਰਹਿੰ, ਰਾਤੀਂ, ਗਵਾਵਹਿੰ, ਮਾਂਗਹਿੰ, ਕਿਦੂੰ, ਭਵਹਿੰ, ਲੂਝਹਿੰ, ਵਖਾਣਹਿੰ, ਸੇਵਹਿੰ, ਪਾਵਹਿੰ, ਜਿਨ੍ਹਾਂ।

**ਪਦ ਅਰਥ :** ਕਰਹਿ-ਕਰਦੇ ਹਨ। ਤਨਿ-ਸਰੀਰ ਵਿਚ। ਭਗਤੁ-ਭਗਤੀ ਕਰਨ ਵਾਲਾ। ਕਹੈ-ਆਖਦਾ ਹੈ। ਸਭੁ ਕੋਈ-ਹਰੇਕ ਮਨੁੱਖ। ਭਗਤਿ-ਭਗਤੀ। ਪ੍ਰਭੁ ਸੋਈ-ਓਹ ਪ੍ਰਭੂ।੧। ਰਹਾਉ।

ਮੂਲੁ-ਮੁੜੀ, ਅਸਲੀ ਪੂੰਜੀ। ਗਵਾਵਹਿ-ਜਾਇਆ ਕਰ ਦਿੰਦੇ ਹਨ। ਲਾਭੁ-ਨੱਫਾ। ਮਾਗਹਿ-

ਮੰਗਦੇ ਹਨ। ਕਿਊ-ਕਿਵੇਂ ?। ਦੂਜੈ ਭਾਇ-(ਪਰਮੇਸ਼ਰ ਨੂੰ ਛੱਡ ਕੇ) ਭਾਵ ਮਾਇਆ ਵਿਚ (ਲਗ ਕੇ)। ਪਤਿ ਖੋਈ-ਇਜ਼ਤ ਗਵਾ ਲਈ ਹੈ ।੨।

ਬਹਲੇ-ਬਹੁਤੇ, ਕਈ। ਭੇਖ-(ਧਾਰਮਿਕ ਵਿਖਾਵੇ ਵਾਲੇ) ਵੇਸ। ਨ ਜਾਈ-ਨਹੀਂ ਜਾਂਦਾ, ਦੂਰ ਨਹੀਂ ਹੁੰਦਾ। ਪੜਿ ਪੜਿ-ਪੜ੍ਹ ਪੜ੍ਹ ਕੇ। ਲੂਝਹਿ-ਝਗੜਦੇ ਹਨ, ਬਹਿਸ ਮੁਬੈਸਾ ਕਰਦੇ ਹਨ। ਬਾਦੁ-ਝਗੜਾ, ਚਰਚਾਵਾਦ। ਵਖਾਣਹਿ-ਆਖਦੇ ਹਨ। ਮਿਲਿ-ਮਿਲ ਕੇ। ਸੁਰਤਿ-ਸੋਝੀ ।੩।

ਸੇਵਹਿ-ਸੇਵਦੇ, ਸਿਮਰਦੇ ਹਨ। ਪਰਮਗਤਿ ਪਾਵਹਿ-ਉਚੀ ਆਤਮਿਕ ਅਵਸਥਾ ਪਾਉਂਦੇ ਹਨ। ਨਾਮਿ-ਨਾਮ ਵਿਚ (ਲਗ ਕੇ)। ਜਿਨਾ-ਜਿਨ੍ਹਾਂ ਦੇ। ਮਨਿ-ਮਨ ਵਿਚ। ਦਰਿ ਸਾਚੇ-ਸਚੇ (ਪ੍ਰਭੂ) ਦੇ ਦਰ ਉਤੇ। ਪਤਿ-ਇਜ਼ਤ ।੪।

**ਅਰਥ** : (ਹੇ ਭਾਈ ! ਜਿਹੜਾ ਮਨੁੱਖ ਗੁਰੂ ਦੇ) ਸ਼ਬਦ ਨੂੰ (ਆਪਣੇ ਹਿਰਦੇ ਵਿਚ) ਵੀਚਾਰੇ, ਉਹ ਸੱਚਾ (ਸੇਵਕ) ਜਨ ਹੈ। ਜਿਨ੍ਹਾਂ ਦੇ ਹਿਰਦੇ ਅੰਦਰ ਉਹ ਸੱਚਾ (ਪਰਮੇਸ਼ਰ ਵਸ ਜਾਂਦਾ ਹੈ ਓਹ) ਦਿਨ ਰਾਤ ਸਚੀ ਭਗਤੀ ਕਰਦੇ ਹਨ ਜਿਸ ਕਰਕੇ (ਉਨ੍ਹਾਂ ਦੇ) ਸਰੀਰ ਵਿਚ (ਕਿਸੇ ਪ੍ਰਕਾਰ ਦਾ) ਦੁਖ ਨਹੀਂ (ਪੈਦਾ) ਹੁੰਦਾ ।੧।

(ਹੇ ਭਾਈ ! ਮੂੰਹ ਜ਼ਬਾਨੀ ਭਾਵ ਗੱਲਾਂ ਨਾਲ) ਹਰ ਕੋਈ (ਇਕ ਦੂਜੇ ਨੂੰ) ਭਗਤ ਭਗਤ ਆਖਦਾ ਹੈ। (ਪਰ) ਸਤਿਗੁਰੂ ਦੀ ਸੇਵਾ ਤੋਂ ਬਿਨਾ ਭਗਤੀ ਪ੍ਰਾਪਤ ਨਹੀਂ ਹੁੰਦੀ, ਪੂਰੇ ਭਾਗਾਂ ਨਾਲ ਓਹ ਪ੍ਰਭੂ (ਜਿਸ ਨੂੰ) ਮਿਲ ਪੈਂਦਾ ਹੈ ਉਹ ਭਗਤੀ ਕਰਦਾ ਹੈ ਅਤੇ ਸਹੀ ਅਰਥਾਂ ਵਿਚ ਉਹ ਪ੍ਰਭੂ ਦਾ ਭਗਤ ਹੈ ।੧। ਰਹਾਉ।

(ਹੇ ਭਾਈ !) ਮਨਮੁਖ (ਅਸਲ) ਪੂੰਜੀ ਗਵਾ ਦਿੰਦੇ ਹਨ (ਤੇ) ਨੱਫਾ ਮੰਗਦੇ ਹਨ (ਦਸੋ, ਬਿਨਾ ਨਾਮ-ਪੂੰਜੀ ਤੋਂ) ਇਸ ਲੋਕ ਤੇ ਪਰਲੋਕ ਦਾ ਲਾਭ ਕਿਵੇਂ (ਪ੍ਰਾਪਤ ਹੋ ਸਕਦਾ ਹੈ ?) ਜਮਕਾਲ ਸਦਾ ਹੀ (ਉਨ੍ਹਾਂ ਦੇ) ਸਿਰ ਉਤੇ (ਗਜਦਾ ਰਹਿੰਦਾ ਹੈ), ਦੂਜੇ ਭਾਵ ਮਾਇਆ ਦੇ ਪਿਆਰ ਵਿਚ ਫਸ ਕੇ (ਉਨ੍ਹਾਂ ਨੇ ਆਪਣੀ) ਇਜ਼ਤ ਗਵਾ ਲਈ ਹੈ ।੨।

(ਹੇ ਭਾਈ ! ਜਿਹੜੇ ਮਨੁੱਖ) ਬਹੁਤੇ ਭੇਖ ਕਰਕੇ ਦਿਨ ਰਾਤ ਭਾਉਂਦੇ ਫਿਰਦੇ ਹਨ, (ਉਨ੍ਹਾਂ ਦਾ) ਹਉਮੈ ਰੋਗ ਦੂਰ ਨਹੀਂ ਹੁੰਦਾ। (ਵਿਦਿਆ) ਪੜ੍ਹ ਪੜ੍ਹ ਕੇ ਵਾਦ-ਵਿਵਾਦ ਨੂੰ ਆਖਦੇ ਹਨ (ਇਸ ਤਰ੍ਹਾਂ) ਝਗੜਦੇ ਰਹਿੰਦੇ ਹਨ, ਮਾਇਆ ਨਾਲ ਮਿਲ ਕੇ(ਮਾਨੋ ਉਨ੍ਹਾਂ ਨੇ ਆਪਣੀ) ਸੋਝੀ ਹੀ ਗਵਾ ਲਈ ਹੈ ।੩।

(ਹੇ ਭਾਈ ! ਜੋ ਮਨੁੱਖ) ਸਤਿਗੁਰੂ ਨੂੰ ਸੇਂਵਦੇ (ਸਿਮਰਦੇ) ਹਨ, (ਓਹ) ਪਰਮਗਤੀ ਨੂੰ ਪ੍ਰਾਪਤ ਹੁੰਦੇ ਹਨ, ਨਾਮ (ਜਪਣ) ਕਰਕੇ ਹੀ ਵਡਿਆਈ ਮਿਲਦੀ ਹੈ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਜਿਨ੍ਹਾਂ (ਪੁਰਸ਼ਾਂ ਦੇ) ਮਨ ਵਿਚ (ਪਰਮੇਸ਼ਰ ਦਾ) ਨਾਮ ਵਸ ਗਿਆ ਹੈ, (ਉਨ੍ਹਾਂ ਨੇ ਹੀ) ਸਚੇ ਵਾਹਿਗੁਰੂ ਦੇ ਦਰ ਉਤੇ ਇਜ਼ਤ ਪਾਈ ਹੈ ।੪।੪।੧੪।

## ਸਾਰੰਸ਼ ਅਤੇ ਸਿਧਾਂਤ

ਆਪਣੇ ਆਪ ਨੂੰ ਭਗਤ ਕਹਾਉਣ ਵਾਲਿਆਂ ਦੀ ਗਿਣਤੀ ਕੋਈ ਘਟ ਨਹੀਂ ਹੈ ਪਰ ਜਿਵੇਂ

'ਗਲੀ ਜੋਗੁ ਨ ਹੋਈ' ਵਾਲੇ ਗੁਰ ਵਾਕ ਹਨ ਤਿਵੇਂ ਨਿਰੀਆਂ ਗਲਾਂ ਨਾਲ ਕੋਈ ਭਗਤ ਨਹੀਂ ਬਣ ਜਾਂਦਾ। ਭਗਤ ਬਣਨ ਲਈ ਵਡੀ ਘਾਲਨਾ ਦੀ ਲੋੜ ਹੈ। ਪਹਿਲਾਂ ਤਾਂ ਮਨੁੱਖ ਗੁਰੂ ਵਾਲਾ ਬਣੇ। ਫਿਰ ਗੁਰੂ ਦੇ ਸ਼ਬਦ ਨੂੰ ਵੀਚਾਰੇ, ਗੁਰੂ ਦੀ ਦਸੀ ਹੋਈ ਸੇਵਾ ਕਮਾਏ, ਭਾਣਾ ਮੰਨੇ ਤਾਂ ਪਰਮੇਸ਼ਰ ਦੇ ਦਰ ਉਤੇ ਸਿਫਤਿ ਸਲਾਹ ਕਰਨ ਜੋਗਾ ਬਣ ਸਕਦਾ ਹੈ।

ਸੰਸਾਰ ਦੇ ਚਤੁਰ ਲੋਕ, ਸੁਆਸਾਂ ਦੀ ਪੂੰਜੀ ਜੋ ਜੀਵਨ ਦਾ ਮੂਲ ਹੈ, ਉਸ ਨੂੰ ਗਵਾ ਕੇ ਲਾਭ ਪ੍ਰਾਪਤ ਕਰਨਾ ਚਾਹੁੰਦੇ ਹਨ, ਜੋ ਅਨਹੋਣੀ ਗਲ ਹੈ। ਗੁਰੂ ਦੀ ਸੇਵਾ ਵਿਚ ਆਏ ਬਿਨਾਂ ਜਿਤਨੇ ਪਾਠ ਕਰਨੇ ਤੇ ਭੇਖ ਧਾਰਨੇ ਹਨ, ਸਭ ਦ੍ਵੈਤ ਮਾਰਗ ਵਲ ਲੈ ਜਾਂਦੇ ਹਨ ਜਿਸ ਕਰਕੇ ਨਾ ਹਉਮੈ ਦਾ ਦੁੱਖ ਜਾਂਦਾ ਹੈ ਤੇ ਨਾ ਨਾਮ ਦੀ ਪ੍ਰਾਪਤੀ ਹੁੰਦੀ ਹੈ। ਵਿਖਾਵੇ ਦੀ ਭਗਤੀ ਕਰਨ ਵਾਲਿਆਂ ਨੂੰ ਲੋਕ ਬੋਲੀ ਮਾਰਦੇ ਹਨ - 'ਭਗਤ ਜਗਤ ਕੋ ਠਗਤ ਹੈਂ'; ਉਸ ਦੇ ਉਲਟ ਜਿਹੜੇ ਉਚੇ ਸੁਚੇ ਜੀਵਨ ਵਾਲੇ ਭਗਤ ਹਨ, ਸੰਸਾਰ ਉਨ੍ਹਾਂ ਨੂੰ ਨਮਸਕਾਰ ਕਰਦਾ ਹੈ।

ਸਿਧਾਂਤ ਇਹ ਹੈ ਕਿ ਨਾਮ ਦੇ ਮਨ ਵਿਚ ਵਸਣ ਨਾਲ ਹੀ ਸਚੀ-ਪਤਿ ਤੇ ਪਰਮਗਤੀ ਪ੍ਰਾਪਤ ਹੁੰਦੀ ਹੈ।

**ਭੈਰਉ ਮਹਲਾ ੩ ॥ ਮਨਮੁਖ ਆਸਾ ਨਹੀ ਉਤਰੈ, ਦੂਜੈ ਭਾਇ ਖੁਆਏ ॥ ਉਦਰੁ ਨੈ ਸਾਣੁ ਨ ਭਰੀਐ ਕਬਹੂ, ਤ੍ਰਿਸਨਾ ਅਗਨਿ ਪਚਾਏ ॥੧॥ ਸਦਾ ਅਨੰਦੁ ਰਾਮ ਰਸਿ ਰਾਤੇ ॥ ਹਿਰਦੈ ਨਾਮੁ ਦੁਬਿਧਾ ਮਨਿ ਭਾਗੀ, ਹਰਿ ਹਰਿ ਅੰਮ੍ਰਿਤੁ ਪੀ ਤ੍ਰਿਪਤਾਤੇ ॥੧॥ ਰਹਾਉ ॥ ਆਪੇ ਪਾਰਬ੍ਰਹਮੁ ਸ੍ਰਿਸਟਿ ਜਿਨਿ ਸਾਜੀ, ਸਿਰਿ ਸਿਰਿ ਧੰਧੈ ਲਾਏ ॥ ਮਾਇਆ ਮੋਹੁ ਕੀਆ ਜਿਨਿ ਆਪੇ, ਆਪੇ ਦੂਜੈ ਲਾਏ ॥੨॥ ਤਿਸ ਨੋ ਕਿਹੁ ਕਹੀਐ ਜੇ ਦੂਜਾ ਹੋਵੈ, ਸਭਿ ਤੁਧੈ ਮਾਹਿ ਸਮਾਏ ॥ ਗੁਰਮੁਖਿ ਗਿਆਨੁ ਤਤੁ ਬੀਚਾਰਾ, ਜੋਤੀ ਜੋਤਿ ਮਿਲਾਏ ॥੩॥ ਸੋ ਪ੍ਰਭੁ ਸਾਚਾ ਸਦ ਹੀ ਸਾਚਾ, ਸਾਚਾ ਸਭੁ ਆਕਾਰਾ ॥ ਨਾਨਕ ਸਤਿਗੁਰਿ ਸੋਝੀ ਪਾਈ, ਸਚਿ ਨਾਮਿ ਨਿਸਤਾਰਾ ॥੪॥੫॥੧੫॥**

## ਉਚਾਰਨ ਸੇਧ

**ਬਿੰਦੀ ਸਹਿਤ :** ਕਬਹੂੰ, ਮਾਹਿੰ। **ਨੋਟ :** 'ਕਿਹੁ' ਨੂੰ 'ਕਿਹੋ' ਪੜ੍ਹਨਾ ਅਸ਼ੁੱਧ ਹੈ।

**ਪਦ ਅਰਥ :** ਆਸਾ-(ਪਦਾਰਥਾਂ ਦੀ) ਤ੍ਰਿਸ਼ਨਾ। ਦੂਜੈ ਭਾਇ-ਮਾਇਆ ਦੇ ਪਿਆਰ ਵਿਚ। ਖੁਆਏ-(ਅਸਲੀ ਜੀਵਨ ਮਾਰਗ ਤੋਂ) ਖੁੰਝੇ ਹੋਏ ਹਨ। ਉਦਰੁ-ਪੇਟ। ਨੈ-ਨਦੀ। ਸਾਣੁ-ਵਾਂਗ। ਨ ਭਰੀਐ ਕਬਹੂ-ਕਦੇ ਵੀ ਨਹੀਂ ਭਰੀਦਾ, ਭਾਵ ਰਜਦਾ ਨਹੀ ਹੈ। ਤ੍ਰਿਸ਼ਨਾ ਅਗਨਿ-ਤ੍ਰਿਸ਼ਨਾ ਦੀ ਅੱਗ। ਪਚਾਏ-ਸਾੜਦੀ ਹੈ।੧।

ਰਸਿ-ਰਸ ਵਿਚ। ਰਾਤੇ-ਰੱਤੇ ਹੋਏ, ਮਸਤ ਹੋਏ। ਹਿਰਦੈ-ਹਿਰਦੇ ਵਿਚ। ਦੁਬਿਧਾ-ਦ੍ਵੈਤ ਭਾਵ। ਮਨਿ-ਮਨ ਵਿਚੋਂ। ਭਾਗੀ-ਦੂਰ ਹੋ ਜਾਂਦੀ ਹੈ। ਪੀ-ਪੀ ਕੇ। ਤ੍ਰਿਪਤਾਤੇ-ਰੱਜ ਜਾਂਦੇ ਹਨ।੧। ਰਹਾਉ।

ਸ੍ਰਿਸਟਿ-ਸ੍ਰਿਸ਼ਟੀ ! (ਰਚਨਾ) । ਜਿਨਿ-ਜਿਸ (ਪ੍ਰਭੂ) ਨੇ । ਸਾਜੀ-ਬਣਾਈ । ਸਿਰਿ ਸਿਰਿ-ਹਰੇਕ ਦੇ ਕੀਤੇ ਸੰਸਕਾਰਾਂ ਅਨੁਸਾਰ । ਧੰਧੈ-ਕੰਮ, ਧੰਧੇ ਵਿਚ । ਦੂਜੈ ਲਾਏ-ਭਾਵ ਮਾਇਆ ਮੋਹ ਵਿਚ ਲਾਏ ।੨।

ਤਿਸ ਨੋ-ਉਸ ਨੂੰ । ਕਿਹੁ-ਕੁਝ । ਜੇ ਦੂਜਾ ਹੋਵੈ-ਜੇ (ਉਸ ਤੋਂ ਬਿਨਾਂ ਹੋਰ) ਦੂਜਾ ਹੋਵੇ । ਸਭਿ-ਸਾਰੇ-(ਜੀਵ) । ਤੁਧੈ ਮਾਹਿ-ਤੇਰੇ ਵਿਚ ਹੀ । ਸਮਾਏ-ਸਮਾ ਜਾਂਦੇ ਹਨ । ਗੁਰਮੁਖਿ-ਗੁਰੂ ਦੁਆਰਾ । ਗਿਆਨੁ ਤਤੁ-ਗਿਆਨ ਰੂਪ ਅਸਲੀਅਤ । ਜੋਤਿ ਮਿਲਾਇ-(ਪ੍ਰਭੂ ਦੀ) ਜੋਤ ਵਿਚ ਮਿਲਾ ਦੇਵੇ ।੩।

ਸਾਚਾ-ਸਦਾ ਥਿਰ ਰਹਿਣ ਵਾਲਾ, ਸਦੀਵੀ ਹੋਂਦ ਵਾਲਾ । ਆਕਾਰਾ-ਜਗਤ । ਸਤਿਗੁਰਿ-ਸਤਿਗੁਰੂ ਨੇ । ਨਿਸਤਾਰਾ-ਪਾਰ ਉਤਾਰਾ ।੪।

**ਅਰਥ** : (ਹੇ ਭਾਈ !) ਮਨਮੁਖ (ਜੀਵ ਦੇ ਅੰਦਰੋਂ ਮਾਇਆ ਤੇ ਹੋਰ ਪਦਾਰਥਾਂ ਦੀ) ਆਸਾ ਦੂਰ ਨਹੀਂ ਹੁੰਦੀ (ਉਹ) ਦ੍ਵੈਤ ਭਾਵ ਵਿਚ ਖੁੰਝੇ ਰਹਿੰਦੇ ਹਨ । ਨਦੀ ਵਾਂਗ (ਉਹਨਾਂ ਦਾ) ਪੇਟ ਮਾਇਆ ਨਾਲ ਕਦੇ ਨਹੀਂ ਰਜਦਾ (ਓਹ) ਤ੍ਰਿਸ਼ਨਾ ਦੀ ਅੱਗ ਵਿਚ ਸੜਦੇ ਰਹਿੰਦੇ ਹਨ ।੧।

(ਜਿਹੜੇ ਮਨੁੱਖ) ਪਰਮਾਤਮਾ ਦੇ (ਨਾਮ) ਰਸ ਵਿਚ ਰੱਤੇ ਹੋਏ ਹਨ (ਉਨ੍ਹਾਂ ਨੂੰ) ਸਦਾ ਹੀ ਅਨੰਦ ਹੈ (ਕਿਉਂਕਿ ਉਨ੍ਹਾਂ) ਦੇ ਹਿਰਦੇ ਵਿਚ (ਪਰਮਾਤਮਾ ਦਾ)ਨਾਮ (ਵਸ ਜਾਂਦਾ ਹੈ; ਅਤੇ ਉਨ੍ਹਾਂ ਦੇ) ਮਨ ਵਿਚੋਂ ਦੁਬਿਧਾ ਭਜ ਜਾਂਦੀ ਹੈ,(ਮਾਨੋ ਓਹ) ਹਰੀ ਦਾ (ਨਾਮ) ਅੰਮ੍ਰਿਤ ਪੀ ਕੇ ਤ੍ਰਿਪਤ ਹੋ ਜਾਂਦੇ ਹਨ ।੧ਰਹਾਉ।

(ਹੇ ਭਾਈ!) ਜਿਸ (ਪਰਮਾਤਮਾ) ਨੇ ਸ੍ਰਿਸ਼ਟੀ ਬਣਾਈ ਹੈ, (ਓਹ) ਆਪ ਪਾਰਬ੍ਰਹਮ (ਪਰਮੇਸ਼ਰ) ਹੈ, (ਉਸਨੇ ਸਾਰੇ ਜੀਵ) ਪਿਛਲੇ ਕੀਤੇ ਕਰਮਾਂ ਅਨੁਸਾਰ (ਕਿਸੇ ਨ ਕਿਸੇ) ਧੰਧੇ ਵਿਚ ਲਾਏ ਹੋਏ ਹਨ । ਜਿਸ (ਵਾਹਿਗੁਰੂ) ਨੇ ਆਪ ਹੀ ਮਾਇਆ ਦਾ ਮੋਹ ਬਣਾਇਆ ਹੈ (ਉਸ ਨੇ) ਆਪ ਹੀ (ਜੀਵ) ਦੂਜੇ ਭਾਵ ਵਿਚ ਲਾਏ ਹਨ (ਕਿਸੇ ਦੇ ਵਸ ਵਿਚ ਕੁਝ ਨਹੀਂ ਹੈ) ।੨।

(ਹੇ ਪ੍ਰਭੂ !) ਜੇ (ਤੇਰੇ ਤੋਂ ਬਿਨਾ ਕੋਈ) ਦੂਜਾ ਹੋਵੇ (ਤਾਂ) ਉਸ ਨੂੰ ਕੁਝ ਆਖੀਏ (ਭਾਵ ਆਪਣਾ ਦੁਖ ਸੁਖ ਰਖੀਏ), ਸਾਰੇ (ਜੀਵ) ਤੇਰੇ ਵਿਚ ਹੀ ਸਮਾਏ ਹੋਏ ਹਨ । ਗੁਰਮੁਖਿ ਨੇ (ਜੀਵਨ ਦੇ) ਤਤ ਨੂੰ ਵਿਚਾਰਿਆ ਹੈ (ਉਸ ਨੂੰ ਰੱਬੀ) ਗਿਆਨ (ਮਿਲਿਆ ਹੈ ਕਿ ਉਹ) ਪ੍ਰਭੂ ਹੀ (ਜੀਵ ਦੀ) ਜੋਤਿ (ਆਪਣੀ ਪ੍ਰਗਟ) ਜੋਤਿ ਵਿਚ ਮਿਲਾਉਂਦਾ ਹੈ ।੩।

(ਹੇ ਭਾਈ !) ਓਹ ਪ੍ਰਭੂ ਸੱਚਾ ਹੈ, ਸਦੀਵ (ਕਾਲ ਹੀ) ਸੱਚਾ ਹੈ, (ਉਸ ਦਾ ਬਣਾਇਆ ਹੋਇਆ) ਸਾਰਾ ਆਕਾਰ (ਭਾਵ ਜਗਤ ਦਾ ਆਸਰਾ ਵੀ) ਸੱਚਾ ਹੈ । ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਜਿਸ) ਮਨੁੱਖ ਨੂੰ ਸਤਿਗੁਰੂ ਨੇ ਸੋਝੀ ਪਾਈ ਹੈ (ਉਹ ਜਾਣਦਾ ਹੈ ਕਿ) ਸਚ ਵਿਚ (ਜੁੜ ਕੇ) ਨਾਮ (ਸਿਮਰਨ) ਦੁਆਰਾ (ਹੀ ਜਗਤ ਤੋਂ) ਪਾਰ ਉਤਾਰਾ ਹੁੰਦਾ ਹੈ ।੪।੫।੧੫।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਦੀ ਰਹਾਉ ਵਾਲੀ ਪੰਗਤੀ ਵਿਚ ਕੇਂਦਰੀ ਭਾਵ ਇਹ ਹੈ ਕਿ ਪਰਮੇਸ਼ਰ ਦੇ ਪਿਆਰੇ ਭਗਤ ਜਿਹੜੇ ਸਦਾ ਰਾਮ-ਰੱਸ ਵਿਚ ਰੰਗੇ ਰਹਿੰਦੇ ਹਨ, ਉਨ੍ਹਾਂ ਦੇ ਹਿਰਦੇ ਚੋਂ ਦ੍ਵੈਤ ਦੌੜ ਜਾਂਦੀ ਹੈ ਜਿਸ ਦੇ ਫਲ ਸਰੂਪ ਉਹ ਸਦਾ ਨਾਮ-ਅੰਮ੍ਰਿਤ ਪੀ ਕੇ ਤ੍ਰਿਪਤ ਹੋਏ ਰਹਿੰਦੇ ਹਨ ।

ਦੂਜੇ ਪਾਸੇ ਮਨਮੁਖਾਂ ਦੀ ਇਹ ਹਾਲਤ ਹੈ ਕਿ ਉਨ੍ਹਾਂ ਦਾ ਪੇਟ ਨਦੀ ਵਾਂਗ ਕਦੇ ਭਰਦਾ ਹੀ ਨਹੀਂ, ਜਿਸ ਕਰਕੇ ਉਹ ਅਠੇ ਪਹਿਰ ਆਸਾ ਤੇ ਤ੍ਰਿਸ਼ਨਾਂ ਦੀ ਅੱਗ ਵਿਚ ਸੜਦੇ ਰਹਿੰਦੇ ਹਨ।

ਅੰਤਲੀ ਪੰਕਤੀ ਵਿਚ ਇਹ ਸਿਧਾਂਤ ਪ੍ਰਗਟ ਕੀਤਾ ਹੈ ਕਿ ਜਿਸ ਜਗਿਆਸੂ ਦੇ ਅੰਦਰ ਵਾਹਿਗੁਰੂ ਨੇ ਗੁਰਮਤਿ-ਸੋਝੀ ਪਾ ਦਿਤੀ ਹੈ, ਉਸ ਨੂੰ ਸਮਝ ਆ ਗਈ ਹੈ ਕਿ ਨਾਮ ਜਪ ਕੇ ਸਚ ਵਿਚ ਜੁੜ ਕੇ ਹੀ ਸੰਸਾਰ ਸਾਗਰ ਤੋਂ ਪਾਰ ਹੋ ਸਕੀਦਾ ਹੈ। ਗੁਰੂ ਦੇ ਰਾਹੀਂ ਤਤ-ਗਿਆਨ ਲੈ ਕੇ ਨਾਮ ਦੇ ਰਸ ਵਿਚ ਲੀਨ ਹੋਣ ਨਾਲ ਦ੍ਵੈਤ ਭਾਵ ਦੂਰ ਹੁੰਦਾ ਹੈ ਜਿਸਦਾ ਸਦਕਾ ਸਾਈਂ ਦੀ ਹਜ਼ੂਰੀ ਦਾ ਅਨੰਦ ਪ੍ਰਾਪਤ ਹੁੰਦਾ ਹੈ।

**ਭੈਰਉ ਮਹਲਾ ੩ ॥ ਕਲਿ ਮਹਿ ਪ੍ਰੇਤ ਜਿਨੀ ਰਾਮੁ ਨ ਪਛਾਤਾ, ਸਤਜੁਗਿ ਪਰਮਹੰਸ ਬੀਚਾਰੀ ॥ ਦੁਆਪੁਰਿ ਤ੍ਰੇਤੈ ਮਾਣਸ ਵਰਤਹਿ, ਵਿਰਲੈ ਹਉਮੈ ਮਾਰੀ ॥੧॥ ਕਲਿ ਮਹਿ ਰਾਮਨਾਮਿ ਵਡਿਆਈ ॥ ਜੁਗਿ ਜੁਗਿ ਗੁਰਮੁਖਿ ਏਕੋ ਜਾਤਾ, ਵਿਣੁ ਨਾਵੈ ਮੁਕਤਿ ਨ ਪਾਈ ॥੧॥ਰਹਾਉ॥ ਹਿਰਦੈ ਨਾਮੁ ਲਖੈ ਜਨੁ ਸਾਚਾ, ਗੁਰਮੁਖਿ ਮੰਨਿ ਵਸਾਈ ॥ ਆਪਿ ਤਰੇ ਸਗਲੇ ਕੁਲ ਤਾਰੇ, ਜਿਨੀ ਰਾਮਨਾਮਿ ਲਿਵ ਲਾਈ ॥੨॥ ਮੇਰਾ ਪ੍ਰਭੁ ਹੈ ਗੁਣ ਕਾ ਦਾਤਾ, ਅਵਗਣ ਸਬਦਿ ਜਲਾਏ ॥ ਜਿਨ ਮਨਿ ਵਸਿਆ ਸੇ ਜਨ ਸੋਹੇ, ਹਿਰਦੈ ਨਾਮੁ ਵਸਾਏ ॥੩॥ ਘਰੁ ਦਰੁ ਮਹਲੁ ਸਤਿਗੁਰੂ ਦਿਖਾਇਆ, ਰੰਗ ਸਿਉ ਰਲੀਆ ਮਾਣੈ ॥ ਜੋ ਕਿਛੁ ਕਹੈ ਸੁ ਭਲਾ ਕਰਿ ਮਾਨੈ, ਨਾਨਕ ਨਾਮੁ ਵਖਾਣੈ ॥੪॥੬॥੧੬॥**

## ਉਚਾਰਨ ਸੇਧ

**ਬਿੰਦੀ ਸਹਿਤ :** ਮਹਿੰ, ਜਿਨ੍ਹੀਂ, ਵਰਤਹਿੰ, ਨਾਵੈਂ, ਸਿਉਂ, ਰਲੀਆਂ।

**ਪਦ ਅਰਥ :** ਕਲਿ ਮਹਿ-ਕਲਜੁਗ ਵਿਚ। ਪ੍ਰੇਤ-ਬੇਗਤੀਆਂ ਰੂਹਾਂ, ਭੂਤ-ਪ੍ਰੇਤ। ਜਿਨੀ-ਜਿਨ੍ਹਾਂ ਨੇ। ਰਾਮੁ-ਪਰਮਾਤਮਾ ਨੂੰ। ਨ ਪਛਾਤਾ-ਨਹੀਂ ਜਾਣਿਆ-ਪਛਾਣਿਆ। ਸਤਜੁਗਿ-ਸਤਜੁਗ ਵਿਚ। ਪਰਮ ਹੰਸ-ਪਵਿਤ੍ਰ ਜੀਵਨ ਵਾਲੇ ਪੁਰਸ਼। ਬੀਚਾਰੀ-ਵਿਚਾਰਵਾਨ। ਦੁਆਪਰਿ-ਦੁਆਪਰ (ਜੁਗ) ਵਿਚ। ਮਾਣਸ-ਮਨੁੱਖ। ਵਰਤਹਿ-ਵਰਤੋਂ-ਵਿਹਾਰ ਕਰਦੇ ਹਨ। ਵਿਰਲੇ-(ਕਿਸੇ) ਵਿਰਲੇ ਨੇ। ਹਉਮੈ-ਹੰਗਤਾ, ਮੈਂ-ਮੇਰੀ। ਦੂਰ ਕਰੀ-ਦੂਰ ਕੀਤੀ ਹੈ।੧।

ਰਾਮ-ਨਾਮਿ-ਪਰਮਾਤਮਾ ਦੇ ਨਾਮ ਵਿਚ (ਜੁੜਿਆਂ ਹੀ)। ਵਡਿਆਈ-ਸ਼ੋਭਾ, ਇਜ਼ਤ। ਜੁਗਿ ਜੁਗਿ-ਹਰੇਕ ਜੁਗ ਵਿਚ। ਗੁਰਮੁਖਿ-ਗੁਰੂ ਅਨੁਸਾਰੀ ਸਿਖ ਨੇ। ਏਕੋ ਜਾਤਾ-ਇਕ ਨੂੰ ਜਾਣਿਆ ਹੈ। ਮੁਕਤਿ-(ਮਾਇਆ ਦੇ ਬੰਧਨਾਂ ਤੋਂ) ਖਲਾਸੀ।੧।ਰਹਾਉ।

ਲਖੈ-ਜਾਣ ਲੈਂਦਾ ਹੈ, ਸਮਝ ਲੈਂਦਾ ਹੈ। ਗੁਰਮੁਖਿ-ਗੁਰੂ ਰਾਹੀਂ। ਮੰਨਿ-ਮਨ ਵਿਚ। ਸਗਲ ਕੁਲ-ਸਾਰੇ ਖ਼ਾਨਦਾਨ।੨। ਜਲਾਏ-ਸਾੜਦਾ ਹੈ। ਮਨਿ-ਮਨ ਵਿਚ। ਸੇ-ਓਹ। ਸੋਹੇ-ਸੋਹਣੇ ਜੀਵਨ ਵਾਲੇ

ਬਣੇ। ਵਸਾਏ-ਵਸਾ ਕੇ ।੩। ਘਰੁ-(ਪ੍ਰਭੂ ਦਾ ਉਹ) ਘਰ । ਦਰੁ-(ਪ੍ਰਭੂ ਦਾ ਉਹ) ਦਰਵਾਜ਼ਾ । ਮਹਲੁ-(ਪ੍ਰਭੂ ਦਾ) ਟਿਕਾਣਾ । ਰੰਗ ਸਿਉ-ਪਿਆਰ ਨਾਲ । ਰਲੀਆਂ ਮਾਣੈ-ਅਨੰਦ ਮਾਣਦਾਹੈ । ਕਰਿ-ਕਰਕੇ । ਵਖਾਣੈ-ਉਚਾਰਦਾ ਹੈ ।੪।

**ਅਰਥ** : (ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ) ਕਲਿਜੁਗ ਵਿਚ ਜਿਨ੍ਹਾਂ (ਪੁਰਸ਼ਾਂ) ਨੇ ਪਰਮੇਸ਼ਰ ਨੂੰ ਨਹੀਂ ਪਛਾਣਿਆ (ਉਹ ਮਾਨੋ ਭੂਤ) ਪ੍ਰੇਤ ਹਨ (ਅਤੇ) ਸਤਿਜੁਗ ਵਿਚ (ਉਹ ਉਚੇ ਸੁਚੇ ਜੀਵਨ ਵਾਲੇ) ਪਰਮ-ਹੰਸ ਹਨ (ਜੋ ਧਰਮ ਅਧਰਮ ਦੀ) ਵੀਚਾਰ ਕਰਨ ਵਾਲੇ ਹਨ । ਦੁਆਪਰ ਵਿਚ, ਤ੍ਰੇਤੇ ਵਿਚ ਭੀ (ਸਤਿਜੁਗ ਤੇ ਕਲਿਜੁਗ ਵਰਗੇ) ਮਨੁੱਖ ਵਸਦੇ ਹਨ (ਪ੍ਰੰਤੂ) ਕਿਸੇ ਵਿਰਲੇ ਨੇ (ਆਪਣੇ ਅੰਦਰੋਂ) ਮੈਂ-ਮੇਰੀ ਦੂਰ ਕੀਤੀ ਹੈ।੧।

(ਹੇ ਭਾਈ !) ਕਲਜੁਗਿ ਵਿਚ ਪਰਮਾਤਮਾ ਦਾ ਨਾਮ ਸਿਮਰਨ ਕਰਕੇ ਹੀ ਵਡਿਆਈ ਮਿਲਦੀ ਹੈ । ਹਰੇਕ ਜੁਗ ਵਿਚ ਗੁਰੂ ਅਨੁਸਾਰੀ ਜੀਵ ਨੇ ਇਕੋ (ਪਰਮਾਤਮਾ ਨੂੰ) ਜਾਣਿਆ ਹੈ, ਨਾਮ ਤੋਂ ਬਿਨਾ (ਮਨੁੱਖ ਨੇ ਕਿਸੇ ਜੁਗ ਵਿੱਚ ਵੀ) ਮੁਕਤੀ ਪ੍ਰਾਪਤ ਨਹੀਂ ਕੀਤੀ ।੧।ਰਹਾਉ।

(ਹੇ ਭਾਈ ! ਜੋ) ਸੱਚਾ ਮਨੁੱਖ ਹੈ (ਉਹ ਆਪਣੇ) ਹਿਰਦੇ ਵਿਚ (ਪਰਮਾਤਮਾ ਦਾ ਨਾਮ) ਅਨੁਭਵ ਕਰ ਲੈਂਦਾ ਹੈ (ਕਿਉਂਕਿ ਉਸ ਨੇ) ਗੁਰੂ ਦੁਆਰਾ (ਨਾਮ-ਭਗਤੀ ਆਪਣੇ) ਮਨ ਵਿਚ ਵਸਾਈ ਹੈ। ਜਿਨ੍ਹਾਂ (ਪੁਰਸ਼ਾਂ) ਨੇ ਰਾਮ ਦੇ ਨਾਮ ਵਿਚ ਬ੍ਰਿਤੀ ਜੋੜੀ ਹੈ (ਓਹ) ਆਪ ਵੀ ਤਰ ਗਏ ਹਨ (ਅਤੇ ਉਨ੍ਹਾਂ ਨੇ ਆਪਣੇ) ਸਾਰੇ ਕੁਲ ਵੀ (ਸੰਸਾਰ ਸਾਗਰ ਤੋਂ) ਤਾਰ ਲਏ ਹਨ ।੨।

(ਹੇ ਭਾਈ !) ਮੇਰਾ ਪ੍ਰਭੂ ਗੁਣਾਂ ਦੀ ਦਾਤ ਬਖਸ਼ਣ ਵਾਲਾ ਹੈ (ਓਹ ਗੁਰੂ ਦੇ) ਸ਼ਬਦ ਵਿਚ ਜੋੜ ਕੇ (ਜੀਵ ਦੇ ਸਾਰੇ) ਅਵਗੁਣਾਂ ਨੂੰ ਸਾੜ ਦੇਂਦਾ ਹੈ। ਜਿਨ੍ਹਾਂ ਦੇ ਮਨ ਵਿਚ (ਪ੍ਰਭੂ ਦਾ ਨਾਮ) ਵਸ ਗਿਆ ਹੈ ਓਹ ਜਨ ਸੋਹਣੇ ਲਗਦੇ ਹਨ (ਕਿਉਂਕਿ ਉਨ੍ਹਾਂ ਨੇ ਆਪਣੇ) ਹਿਰਦੇ ਵਿਚ ਨਾਮ ਵਸਾਇਆ ਹੈ ।੩।

(ਹੇ ਭਾਈ ! ਜਿਸ ਨੂੰ) ਸਤਿਗੁਰੂ ਨੇ (ਪਰਮਾਤਮਾ ਦਾ ਸੋ) ਘਰੁ (ਅਤੇ ਸੋ) ਦਰੁ ਵਿਖਾ ਦਿਤਾ ਹੈ, ਓਹ ਪ੍ਰੇਮ ਨਾਲ ਆਤਮਿਕ ਅਨੰਦ ਮਾਣਦਾ ਹੈ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਉਸ ਮਨੁੱਖ ਨੂੰ ਪ੍ਰਭੂ) ਜੋ ਕੁਝ ਕਹਿੰਦਾ ਹੈ (ਓਹ) ਉਸ ਨੂੰ ਉਹ ਭਲਾ ਕਰਕੇ ਮੰਨਦਾ ਹੈ (ਅਤੇ ਹਰ ਵੇਲੇ) ਨਾਮ ਸਿਮਰਦਾ ਰਹਿੰਦਾ ਹੈ ।੪।੬।੧੬।

## ਸਾਰੰਸ਼ ਅਤੇ ਸਿਧਾਂਤ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੧੧੨੯ ਤੇ 'ਕਲਜੁਗ ਮਹਿ ਰਾਮਨਾਮੁ ਉਰਧਾਰੁ ॥ ਬਿਨੁ ਨਾਵੈ ਮਾਥੈ ਪਾਵੈ ਛਾਰੁ' ਵਾਲੇ ਪਾਵਨ ਬਚਨ ਵੀ ਪਿਤਾ ਗੁਰੂ ਅਮਰਦਾਸ ਜੀ ਦੇ ਬੜੇ ਪਿਆਰੇ ਹਨ । ਉਸੇ ਸੰਦਰਭ ਵਿਚ ਇਹ ਸ਼ਬਦ ਭੀ "ਕਲਿ ਮਹਿ ਰਾਮਨਾਮਿ ਵਡਿਆਈ" ਦੀ ਵਿਆਖਿਆ ਕਰਦਾ ਹੈ। ਇਸ ਸ਼ਬਦ ਵਿਚ ਸਾਰੇ ਜੁਗਾਂ ਦੇ ਵਸਨੀਕ ਜੋ ਕ੍ਰਿਆ ਕਰਦੇ ਸਨ, ਉਸ ਨੂੰ ਸਨਮੁਖ ਰਖਿਆਂ ਪਤਾ ਲਗਦਾ ਹੈ ਕਿ ਕਿਵੇਂ ਸਮੇਂ ਸਮੇਂ ਮਨੁੱਖਾਂ ਦੇ ਸੁਭਾਉ ਬਦਲਦੇ ਰਹਿੰਦੇ ਹਨ। ਸ਼ਬਦਾਰਥੀ ਵਿਦਵਾਨਾਂ ਨੇ ਸੰਖੇਪ ਰੂਪ ਵਿਚ ਉਸ ਦਾ ਵਿਸ਼ਲੇਸ਼ਣ ਇਉਂ ਕੀਤਾ ਹੈ :

ਸਤਿਯੁਗ ਵਿਚ ਤਿਆਗੀ ਤੇ ਵਿਚਾਰਨਵਾਨ ਲੋਕ ਸਨ, ਦੁਆਪਰ ਤੇ ਤ੍ਰੇਤੇ ਵਿਚ ਸਾਧਾਰਣ ਮਨੁੱਖ ਸਨ, ਕਲਯੁਗ ਵਿਚ ਮਨੁੱਖ ਭੂਤਨਿਆਂ ਵਰਗੇ ਹੋ ਗਏ। ਪਰ ਇਨ੍ਹਾਂ ਸਮਿਆਂ ਵਿਚ ਹਉਮੈ ਦਾ ਤਿਆਗ ਘਟ ਹੀ ਦਿਸਦਾ ਸੀ। ਇਹ ਤਾਂ ਨਾਮ ਦੀ ਕਮਾਈ ਨਾਲ ਹੀ ਹੋ ਸਕਦਾ ਹੈ। ਨਾਮ ਦੀ ਕਮਾਈ ਹਰ ਇਕ ਯੁਗ ਵਿਚ ਮੁਕਤ ਕਰਨ ਵਾਲੀ ਹੈ, ਕਲਯੁਗ ਵਿਚ ਇਸ ਦੀ ਖਾਸ ਵਿਸ਼ੇਸ਼ਤਾ ਹੈ। ਇਹ ਗੁਰੂ ਤੋਂ ਪ੍ਰਾਪਤ ਹੁੰਦੀ ਹੈ।'

**ਭੈਰਉ ਮਹਲਾ ੩ ॥ ਮਨਸਾ ਮਨਹਿ ਸਮਾਇ ਲੈ, ਗੁਰ ਸਬਦੀ ਵੀਚਾਰ ॥ ਗੁਰ ਪੂਰੇ ਤੇ ਸੋਝੀ ਪਵੈ, ਫਿਰਿ ਮਰੈ ਨ ਵਾਰੋ ਵਾਰ ॥੧॥ ਮਨ ਮੇਰੇ, ਰਾਮਨਾਮੁ ਆਧਾਰੁ ॥ ਗੁਰ ਪਰਸਾਦਿ ਪਰਮ ਪਦੁ ਪਾਇਆ, ਸਭ ਇਛ ਪੁਜਾਵਣਹਾਰੁ ॥੧॥ਰਹਾਉ॥ ਸਭ ਮਹਿ ਏਕੋ ਰਵਿ ਰਹਿਆ, ਗੁਰ ਬਿਨੁ ਬੂਝ ਨ ਪਾਇ ॥ ਗੁਰਮੁਖਿ ਪ੍ਰਗਟੁ ਹੋਆ ਮੇਰਾ ਹਰਿ ਪ੍ਰਭੁ, ਅਨਦਿਨੁ ਹਰਿ ਗੁਣ ਗਾਇ ॥੨॥ ਸੁਖ ਦਾਤਾ ਹਰਿ ਏਕੁ ਹੈ, ਹੋਰਥੈ ਸੁਖੁ ਨ ਪਾਹਿ ॥ ਸਤਿਗੁਰੁ ਜਿਨੀ ਨ ਸੇਵਿਆ ਦਾਤਾ, ਸੇ ਅੰਤਿ ਗਏ ਪਛੁਤਾਹਿ ॥੩॥ ਸਤਿਗੁਰੁ ਸੇਵਿ ਸਦਾ ਸੁਖੁ ਪਾਇਆ, ਫਿਰਿ ਦੁਖੁ ਨ ਲਾਗੈ ਧਾਇ ॥ ਨਾਨਕ, ਹਰਿ ਭਗਤਿ ਪਰਾਪਤਿ ਹੋਈ, ਜੋਤੀ ਜੋਤਿ ਸਮਾਇ ॥੪॥੭॥੧੭॥**

## ਉਚਾਰਨ ਸੇਧ

**ਬਿੰਦੀ ਸਹਿਤ :** ਮਨਹਿੰ, ਮਾਹਿੰ, ਪਾਹਿੰ, ਪਛੁਤਾਹਿੰ।

**ਪਦ-ਅਰਥ :** ਮਨਸਾ-ਖਾਹਿਸ਼, ਮਨ ਦਾ ਫੁਰਨਾ। ਮਨਹਿ-ਮਨ ਵਿਚ ਹੀ। ਸਮਾਇ-ਲੈ-ਲੀਨ ਕਰ ਲੈ। ਗੁਰਸਬਦੀ-ਗੁਰੂ ਦੇ ਸ਼ਬਦ ਰਾਹੀਂ। ਵੀਚਾਰ-(ਤੂੰ) ਵੀਚਾਰ ਕਰ। ਤੇ-ਤੋਂ, ਪਾਸੋਂ। ਪਵੈ-ਪੈਂਦੀ ਹੈ। ਵਾਰੋ ਵਾਰ-ਮੁੜ ਮੁੜ।੧। ਅਧਾਰ-ਆਸਰਾ। ਗੁਰ ਪਰਸਾਦਿ-ਗੁਰੂ ਦੀ ਕਿਰਪਾ ਨਾਲ। ਪਰਮਪਦੁ-ਉਚਾ ਆਤਿਮਿਕ ਦਰਜਾ। ਪੁਜਾਵਣਹਾਰੁ-ਪੂਰੀਆਂ ਕਰਨ ਵਾਲਾ।੧। ਰਹਾਉ। ਰਵਿ ਰਹਿਆ-ਵਿਆਪਕ ਹੋ ਰਿਹਾ ਹੈ। ਗੁਰਮੁਖਿ-ਗੁਰੂ ਦੀ ਰਾਹੀਂ। ਅਨਦਿਨੁ-ਹਰ ਰੋਜ਼।੨। ਹੋਰ ਥੈ-ਹੋਰ ਥਾਂ ਤੋਂ। ਸੁਖੁ-(ਆਤਮਿਕ) ਸੁਖ। ਨ ਪਾਹਿ-ਨਹੀਂ ਪਾ ਸਕਦੇ। ਪਛੁਤਾਹਿ-ਪਛਤਾਂਦੇ ਹਨ।੩। ਸੇਵਿ-ਸੇਵ ਕੇ। ਧਾਇ-ਧਾ ਕੇ, ਭਜ ਕੇ, ਜੋਤੀ। ਜੋਤਿ (ਜੀਵ) ਦੀ ਜੋਤ। ਜੋਤਿ ਸਮਾਇ-(ਪਰਮਾਤਮਾ ਦੀ) ਜੋਤਿ ਵਿਚ ਲੀਨ ਹੋ ਜਾਂਦੀ ਹੈ।੪।

**ਅਰਥ:** (ਹੇ ਮੇਰੇ ਮਨ ! ਤੂੰ ) ਗੁਰੂ ਦੇ ਸ਼ਬਦ ਦੁਆਰਾ ਵੀਚਾਰ (ਅਤੇ ਆਪਣੀ) ਵਾਸ਼ਨਾ ਨੂੰ ਮਨ ਵਿਚ ਹੀ ਲੀਨ ਕਰ ਲੈ। (ਜਿਸ ਮਨੁੱਖ ਨੂੰ) ਪੂਰੇ ਗੁਰੂ ਪਾਸੋਂ ਇਹ ਸੋਝੀ ਆ ਜਾਂਦੀ ਹੈ, ਫਿਰ (ਉਹ) ਵਾਰ ਵਾਰ (ਮੁੜ ਮੁੜ) ਮਰਦਾ ਨਹੀਂ ਹੈ (ਭਾਵ ਆਵਾਗਵਣ ਤੋਂ ਰਹਿਤ ਹੋ ਜਾਂਦਾ ਹੈ)।੧।

ਹੇ ਮੇਰੇ ਮਨ ! (ਤੂੰ) ਪਰਮਾਤਮਾ ਦੇ ਨਾਮ ਨੂੰ (ਆਪਣੇ ਜੀਵਨ ਦਾ ਆਸਰਾ) ਬਣਾ। ਗੁਰੂ ਦੀ ਕਿਰਪਾ ਨਾਲ ਪਰਮ ਪਦ ਪਾਇਆ ਜਾਂਦਾ ਹੈ (ਅਤੇ ਪਰਮੇਸ਼ਰ ਦਾ ਨਾਮ ਹੀ) ਸਭ ਇਛਾਂ ਪੂਰੀਆਂ ਕਰਨ ਵਾਲਾ ਹੈ।੧। ਰਹਾਉ।

(ਹੇ ਮੇਰੇ ਮਨ!) ਸਾਰਿਆਂ (ਜੀਆਂ)ਵਿਚ ਇਕ (ਪਰਮੇਸ਼ਰ) ਵਿਆਪਕ ਹੋ ਰਿਹਾ ਹੈ, (ਪਰ) ਗੁਰੂ ਤੋਂ ਬਿਨਾਂ ਸਮਝ ਨਹੀਂ ਪੈਂਦੀ । ਗੁਰੂ ਦੁਆਰਾ (ਜਿਸ ਦੇ ਹਿਰਦੇ ਵਿਚ) ਮੇਰਾ ਹਰੀ ਪ੍ਰਭੂ ਸਾਖਿਆਤਕਾਰ ਹੋਇਆ ਹੈ (ਉਹ) ਦਿਨ ਰਾਤ (ਹਰ ਵੇਲੇ ਹੀ ਪਰਮੇਸ਼ਰ ਦੇ) ਗੁਣ ਗਾਉਂਦਾ ਰਹਿੰਦਾ ਹੈ ।੨।

(ਹੇ ਭਾਈ ! ਜਿਸ ਨੇ) ਸਤਿਗੁਰੂ ਨੂੰ ਸੇਵਿਆ, (ਉਸ ਨੇ) ਸਦਾ ਹੀ (ਆਤਮਿਕ) ਸੁਖ ਪ੍ਰਾਪਤ ਕੀਤਾ, ਫਿਰ (ਉਸ ਨੂੰ) ਧਾ ਕੇ, (ਭਾਵ ਛੇਤੀ ਛੇਤੀ) ਕੋਈ ਦੁਖ ਨਹੀਂ ਲਗਦਾ । ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਉਸੇ ਨੂੰ ਹੀ) ਪਰਮਾਤਮਾ ਦੀ ਭਗਤੀ ਪ੍ਰਾਪਤ ਹੋਈ ਹੈ (ਅਤੇ ਉਸ ਦੀ) ਜੋਤਿ (ਪਰਮੇਸ਼ਰ ਦੀ) ਜੋਤਿ ਵਿਚ ਲੀਨ ਹੋਈ ਹੈ ।੪।੧।੧੭।

## ਸਾਰੰਸ਼ ਅਤੇ ਸਿਧਾਂਤ

ਮਨ ਦੀ ਵਾਸ਼ਨਾ (ਇੱਛਾ) ਨੂੰ ਮਨ ਵਿਚ ਜਜ਼ਬ ਕਰਨਾ ਹੈ ਭਾਵੇਂ ਮਨ ਕਰਕੇ ਇਸ ਦਾ ਅਭਾਵ ਹੋਣਾ ਬਹੁਤ ਕਠਨ ਹੈ । ਮਨ ਦਾ ਮਾਰਨਾ ਕੀ ਹੈ ! ਮਨ ਦੀਆਂ ਖਾਹਿਸ਼ਾਂ ਨੂੰ ਕਾਬੂ ਵਿਚ ਕਰਨਾ ਹੈ । ਗੁਰਬਾਣੀ ਵਿਚ ਅੰਕਿਤ ਹੈ :-

**ਜੋ ਮਨ ਮਾਰਹਿ ਆਪਣਾ, ਸੇ ਪੁਰਖ ਬੈਰਾਗੀ ਰਾਮ ॥** [ਪੰਨਾ ੫੬੯

ਮਨਸਾ ਮਾਰਿਆਂ ਹੀ ਦੁਬਿਧਾ ਮੁਕਦੀ ਹੈ । ਮਨਸਾ ਨੂੰ ਮਨ ਵਿਚ ਸਮਾਉਣ ਦੇ ਇਸ ਸ਼ਬਦ ਦੀ ਆਰੰਭਕ ਪੰਕਤੀ ਨਾਲ ਮਿਲਦੇ ਜੁਲਦੇ ਹੋਰ ਪਰਮਾਣ ਭੀ ਮਿਲਦੇ ਹਨ :-

**ਮਨਸਾ ਮਨਹਿ ਸਮਾਇਲੇ, ਭਉਜਲੁ ਸਚਿ ਤਰਣਾ ॥** [ਪੰਨਾ ੮੧੯

ਭਾਵ ਵਾਸ਼ਨਾ ਨੂੰ ਮਨ ਵਿਚ ਹੀ ਮਾਰ ਕੇ, ਸੰਸਾਰ ਸਮੁੰਦਰ ਤੋਂ ਸਚ ਰਾਹੀਂ ਤਰੀਦਾ ਹੈ । ਗੁਰੂ ਨਾਨਕ ਦੇਵ ਜੀ ਨੇ ਮਨਸਾ ਮਾਰਨ ਦੀ ਬਿਧਿ ਇਉਂ ਸਮਝਾਈ ਹੈ :-

**ਮਨਸਾ ਮਾਰਿ ਮਨੈ ਮਹਿ ਰਾਖੈ, ਸਤਿਗੁਰ ਸਬਦਿ ਵੀਚਾਰੀ ॥** [ਪੰਨਾ ੯੦੭

'ਸਿਧ ਗੋਸਟਿ' ਵਿਚ ਸਿਧਾਂ ਨੇ ਪ੍ਰਸ਼ਨ ਪੁਛਿਆ ਸੀ :-

**'ਕਿਤੁ ਬਿਧਿ ਆਸਾ ਮਨਸਾ ਖਾਈ'**

ਤਾਂ ਆਪ ਜੀ ਨੇ ਉੱਤਰ ਦਿੱਤਾ - 'ਮਨਸਾ ਆਸਾ ਸਬਦਿ ਜਲਾਈ '

ਸਿਧਾਂਤ ਇਹ ਹੈ ਕਿ ਸਤਿਗੁਰੂ ਹੀ ਸਾਰੇ ਸੁਖਾਂ ਦਾ ਦਾਤਾ ਹੈ, ਸਾਰੀਆਂ ਇਛਾਵਾਂ ਪੂਰਨ ਕਰਨ ਵਾਲਾ ਹੈ। ਸੋ ਗੁਰੂ ਦੀ ਸੇਵਾ ਕਰਕੇ ਗੁਰੂ ਦੇ ਸ਼ਬਦ ਦੁਆਰਾ ਹੀ ਭਗਤੀ ਪ੍ਰਾਪਤ ਹੋਂਦੀ ਹੈ ਅਤੇ ਅੰਤ ਨੂੰ ਪਰਮ ਜੋਤੀ ਨਾਲ ਇਕਮਿਕ ਹੋ ਜਾਈਦਾ ਹੈ ।

*(ਨੋਟ : ਇਸ ਵਿਸ਼ੇ ਤੇ ਵਿਸਥਾਰ ਲਈ ਪੜੋ ਇਸੇ ਸਟੀਕ ਦੀ ਪੋਥੀ ਪੰਜਵੀਂ ਵਿੱਚ 'ਆਦਿ ਕਥਨ' ਮਗਰੋਂ ਜੀਵਨ ਆਸਾ')*

**ਭੈਰਉ ਮਹਲਾ ੩ ॥ ਬਾਝੁ ਗੁਰੂ ਜਗਤੁ ਬਉਰਾਨਾ, ਭੂਲਾ ਚੋਟਾ ਖਾਈ॥ ਮਰਿ ਮਰਿ ਜੰਮੈ ਸਦਾ ਦੁਖੁ ਪਾਏ, ਦਰ ਕੀ ਖਬਰਿ ਨ ਪਾਈ॥੧॥ ਮੇਰੇ ਮਨ! ਸਦਾ ਰਹਹੁ**

ਸਤਿਗੁਰ ਕੀ ਸਰਣਾ॥ ਹਿਰਦੈ ਹਰਿਨਾਮੁ ਮੀਠਾ ਸਦ ਲਾਗਾ, ਗੁਰ ਸਬਦੇ ਭਵਜਲੁ ਤਰਣਾ॥੧॥ਰਹਾਉ॥ ਭੇਖ ਕਰੈ ਬਹੁਤੁ ਚਿਤੁ ਡੋਲੈ, ਅੰਤਰਿ ਕਾਮੁ ਕ੍ਰੋਧੁ ਅਹੰਕਾਰੁ॥ ਅੰਤਰਿ ਤਿਸਾ ਭੂਖ ਅਤਿ ਬਹੁਤੀ, ਭਉਕਤ ਫਿਰੈ ਦਰ ਬਾਰੁ॥੨॥ ਗੁਰ ਕੈ ਸਬਦਿ ਮਰਹਿ ਫਿਰਿ ਜੀਵਹਿ, ਤਿਨ ਕਉ ਮੁਕਤਿ ਦੁਆਰਿ॥ ਅੰਤਰਿ ਸਾਂਤਿ ਸਦਾ ਸੁਖੁ ਹੋਵੈ, ਹਰਿ ਰਾਖਿਆ ਉਰਧਾਰਿ॥੩॥ ਜਿਉ ਤਿਸੁ ਭਾਵੈ ਤਿਵੈ ਚਲਾਵੈ, ਕਰਣਾ ਕਿਛੂ ਨ ਜਾਈ ॥ ਨਾਨਕ, ਗੁਰਮੁਖਿ ਸਬਦੁ ਸਮ੍ਾਲੇ, ਰਾਮਨਾਮਿ ਵਡਿਆਈ ॥੪॥੮॥੧੮॥

## ਉਚਾਰਨ ਸੇਧ

**ਬਿੰਦੀ ਸਹਿਤ :** ਚੋਟਾਂ, ਭਉਂਕਹ, ਜਿਉਂ ਤਿਵੈਂ।

**ਨੋਟ :** (੧) 'ਸਦਾ ਰਹਹੁ' ਨੂੰ 'ਸਦਾ ਰਹੁ' ਪੜ੍ਹਨਾ ਠੀਕ ਨਹੀਂ ਹੋਵੇਗਾ।

(੨) 'ਦਰ ਬਾਰੁ' ਨੂੰ 'ਦਰਬਾਰੁ' ਪੜ੍ਹਨਾ ਅਸ਼ੁੱਧ ਹੈ।

(੩) 'ਸਰਣ' ਨੂੰ 'ਸ਼ਰਣ' ਸੋਭਾ ਨੂੰ 'ਸ਼ੋਭਾ' ਸਰਣਾਈ ਨੂੰ ਸ਼ਰਣਾਈ, ਗਲ ਕੀ ਹਰ ਥਾਂ 'ਸ' ਦੀ ਉਚਾਰਨ 'ਸ਼' ਕਰਨਾ ਚੰਗੀ ਗਲ ਨਹੀਂ। ਹਾਂ, ਜਿਥੇ ਅਰਥ-ਭੇਦ ਪੈਦਾ ਹੁੰਦਾ ਹੈ, ਉਥੇ 'ਸ਼' ਦਾ ਪ੍ਰਯੋਗ ਕਰਨਾ ਚੰਗੀ ਗਲ ਹੈ।

**ਪਦ ਅਰਥ :** ਬਉਰਾਨਾ-ਕਮਲਾ, ਪਾਗਲ। ਭੂਲਾ-ਭੂਲਾ, ਕੁਰਾਹੇ ਪਿਆ ਹੋਇਆ। ਚੋਟਾਂ ਖਾਈ-ਸੱਟਾਂ ਖਾਂਦਾ ਹੈ। ਮਰਿ ਮਰਿ-ਮਰ ਮਰ ਕੇ ਭਾਵ ਮੁੜ ਮੁੜ। ਜੰਮੈ-ਜੰਮਦਾ ਹੈ। ਦਰ ਕੀ-(ਪਰਮਾਤਮਾ ਦੇ) ਦਰ ਦੀ। ਖਬਰਿ ਨ ਪਾਈ-ਸੋਝੀ ਨਹੀਂ ਪਾਈ।੧।

ਸਰਣਾ-ਸ਼ਰਣ ਵਿਚ। ਹਿਰਦੈ-ਹਿਰਦੇ ਵਿਚ। ਗੁਰ ਸਬਦੇ-ਗੁਰੂ ਦੇ ਸ਼ਬਦ ਦੁਆਰਾ। ਭਵਜਲੁ-ਸੰਸਾਰ ਸਮੁੰਦਰ। ਤਰਣਾ-ਪਾਰ ਹੋਣਾ।੧। ਰਹਾਉ।

ਡੋਲੈ-ਡੋਲਦਾ ਹੈ। ਅੰਤਰਿ-ਅੰਦਰ। ਤਿਸਾ-ਤ੍ਰਿਹ (ਤ੍ਰਿਸ਼ਨਾ)। ਭਉਕਤ ਫਿਰੈ-ਭੌਂਕਦਾ ਫਿਰਦਾ ਹੈ। ਦਰ ਬਾਰੁ-ਦਰ ਦਰ, (ਹਰੇਕ ਘਰ) ਦੇ ਬੂਹੇ ਅਗੇ।੨।

ਸਬਦਿ-ਸ਼ਬਦ ਦੁਆਰਾ। ਮਰਹਿ-ਮਰਦੇ ਹਨ। ਜੀਵਹਿ-ਜੀਉਂਦੇ ਹਨ। ਤਿਨ ਕਉ-ਉਨ੍ਹਾਂ ਨੂੰ। ਮੁਕਤਿ-ਮੁਕਤੀ। ਦੁਆਰਿ-(ਪ੍ਰਭੂ ਦੇ) ਦੁਆਰੇ ਉਤੇ। ਉਰ-ਹਿਰਦਾ। ਧਾਰਿ-ਧਾਰ ਕੇ।੩।

ਜਿਉ-ਜਿਵੇਂ। ਤਿਸੁ-(ਉਸ ਵਾਹਿਗੁਰੂ) ਨੂੰ। ਭਾਵੈ-ਭਾਉਂਦਾ, ਚੰਗਾ ਲਗਦਾ ਹੈ। ਚਲਾਵੈ-(ਜੀਵਨ ਮਾਰਗ ਤੇ) ਟੋਰਦਾ ਹੈ। ਕਰਣਾ ਕਿਛੂ ਨ ਜਾਈ-ਕੁਝ ਵੀ ਕੀਤਾ ਨਹੀਂ ਜਾ ਸਕਦਾ, ਭਾਵ ਉਸ ਅੱਗੇ ਕੋਈ ਜ਼ੋਰ ਨਹੀਂ ਚਲ ਸਕਦਾ। ਗੁਰਮੁਖਿ-ਗੁਰੂ ਅਨੁਸਾਰੀ ਸਿਖ। ਸਬਦੁ ਸਮਾਲੇ-ਸ਼ਬਦ (ਉਪਦੇਸ਼) ਨੂੰ ਸੰਭਾਲਦਾ, ਹਿਰਦੇ ਵਿਚ ਵਸਾਂਦਾ ਹੈ। ਰਾਮ ਨਾਮਿ-ਪਰਮੇਸ਼ਰ ਦੇ ਨਾਮ ਰਾਹੀਂ।੪।

**ਅਰਥ :** (ਹੇ ਭਾਈ !) ਗੁਰੂ ਤੋਂ ਬਿਨਾਂ (ਸਾਰਾ ਸੰਸਾਰ ਕਮਲਾ ਹੋ ਰਿਹਾ ਹੈ (ਆਪਣੇ ਨਿਜ ਸਰੂਪ ਤੋਂ) ਭੁੱਲਾ ਹੋਇਆ (ਹੋਣ ਕਰਕੇ ਜਮ ਦੀਆਂ) ਚੋਟਾਂ ਖਾਂਦਾ ਹੈ। ਮਰ ਮਰ ਕੇ ਜੰਮਦਾ ਹੈ (ਭਾਵ

ਆਵਾਗਵਣ ਵਿਚ ਪਿਆ ਰਹਿੰਦਾ ਹੈ ਤੇ) ਸਦਾ ਦੁੱਖ ਪਾਂਦਾ ਹੈ (ਕਿਉਂਕਿ ਅਗਿਆਨੀ ਜਗਤ ਨੇ ਪਰਮੇਸ਼ਰ ਦੇ) ਦਰ ਦੀ ਸੋਝੀ ਨਹੀਂ ਪਾਈ ।੧।

ਹੇ ਮੇਰੇ ਮਨ ! (ਤੂੰ) ਸਦਾ ਸਤਿਗੁਰੂ ਦੀ ਸ਼ਰਣ ਵਿਚ ਰਹੁ । (ਜਿਸ ਦੇ) ਹਿਰਦੇ ਵਿਚ ਹਰੀ ਦਾ ਨਾਮ ਸਦਾ ਮਿੱਠਾ ਲੱਗਾ ਹੈ, ਓਹੀ ਗੁਰੂ ਦੇ ਸ਼ਬਦ ਦੁਆਰਾ ਸੰਸਾਰ ਤੋਂ ਤਰਿਆ ਹੈ ।੧। ਰਹਾਉ ।

(ਜਿਹੜਾ ਮਨੁੱਖ) ਭੇਖ ਧਾਰਨ ਕਰਦਾ ਹੈ, (ਉਸ ਦਾ) ਚਿਤ (ਮਾਇਆ ਤੇ ਮਾਣ ਦੀ ਖ਼ਾਤਰ) ਬਹੁਤ ਡੋਲਦਾ ਹੈ, (ਉਸ ਦੇ ਹਿਰਦੇ ਵਿਚ) ਕਾਮ, ਕ੍ਰੋਧ, ਅਹੰਕਾਰ (ਮਾਇਆ ਦੀ) ਤ੍ਰਿਸ਼ਨਾ ਤੇ ਭੁਖ ਬਹੁਤੀ ਹੀ ਲਗੀ ਰਹਿੰਦੀ ਹੈ, (ਇਸ ਦੀ ਪੂਰਤੀ ਲਈ ਉਹ ਹਰੇਕ) ਦਰ ਬਾਰੁ ਘਰ ਦੇ ਬੂਹੇ ਅੱਗੇ (ਕੁਤਿਆਂ ਵਾਂਗ) ਭੌਂਕਦਾ ਫਿਰਦਾ ਹੈ ।੨।

(ਹੇ ਭਾਈ ! ਜਿਹੜੇ ਜੀਵ) ਗੁਰੂ ਦੇ ਸ਼ਬਦ ਦੁਆਰਾ (ਦੁਨੀਆਂ ਵਲੋਂ) ਮਰਦੇ ਹਨ ਓਹ ਮੁੜ ਕੇ (ਪਰਮੇਸ਼ਰ ਵਲ) ਸਦਾ ਹੀ ਜੀਉਂਦੇ ਹਨ, ਉਨ੍ਹਾਂ ਨੂੰ ਮੁਕਤੀ (ਪ੍ਰਾਪਤ ਹੋ ਜਾਂਦੀ ਹੈ ਅਤੇ ਉਹ ਪਰਮੇਸ਼ਰ ਦੇ) ਦੁਆਰੇ ਉਤੇ (ਰਹਿੰਦੇ ਹਨ) । (ਉਨ੍ਹਾਂ ਦੇ ਹਿਰਦੇ) ਅੰਦਰ ਸ਼ਾਂਤੀ ਤੇ ਸਦਾ (ਆਤਮਿਕ) ਸੁਖ ਹੁੰਦਾ ਹੈ (ਕਿਉਂਕਿ ਉਨ੍ਹਾਂ ਨੇ) ਹਰੀ ਨੂੰ ਹਿਰਦੇ ਵਿਚ ਟਿਕਾ ਕੇ ਰਖਿਆ ਹੁੰਦਾ ਹੈ ।੩।

(ਹੇ ਭਾਈ !) ਜਿਵੇਂ ਉਸ (ਪਰਮੇਸ਼ਰ) ਨੂੰ ਚੰਗਾ ਲਗਦਾ ਹੈ, ਉਸੇ ਤਰ੍ਹਾਂ (ਉਹ ਸੰਸਾਰ ਦੇ ਜੀਆਂ ਨੂੰ) ਚਲਾਂਦਾ (ਭਾਵ ਸਹੀ ਮਾਰਗ ਤੇ ਟੋਰਦਾ) ਹੈ, (ਅਤੇ) ਉਸ ਪਰਮੇਸ਼ਰ ਦੇ ਅੱਗੇ (ਕਿਸੇ ਜੀਵ ਦਾ) ਕੋਈ ਜ਼ੋਰ ਨਹੀਂ ਚਲ ਸਕਦਾ । ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਗੁਰੂ ਦੁਆਰਾ (ਜਿਹੜਾ ਜੀਵ) ਸ਼ਬਦ ਨੂੰ ਸੰਭਾਲਦਾ ਹੈ (ਭਾਵ ਸ਼ਬਦ ਆਪਣੇ ਮਨ ਵਿਚ ਵਸਾਂਦਾ) ਹੈ, (ਉਸ ਨੂੰ) ਪਰਮਾਤਮਾ ਦੇ ਨਾਮ ਵਿਚ (ਜੁੜਨ ਦੀ) ਵਡਿਆਈ (ਪ੍ਰਾਪਤ ਹੁੰਦੀ ਹੈ) ।੪।੮।੧੮।

## ਅਰਥ ਭੇਦ ਅਤੇ ਨਿਰਣੈ

**ਅੰਤਰਿ ਤਿਸਾ ਭੂਖ ਅਤਿ ਬਹੁਤੀ, ਭਉਕਤ ਫਿਰੈ ਦਰ ਬਾਰੁ ॥**

ਵਖ ਵਖ ਅਰਥ :

੧. ਅੰਤਰਿ ਤ੍ਰਿਸ਼ਨਾ ਰੂਪ ਭੂਖ ਅਤੀ ਅਧਿਕ ਹੈ ਇਸ ਵਾਸਤੇ (ਦਰਬਾਰੁ) ਬਾਰ ਬਾਰ ਭਉਕਤਾ ਫਿਰਤਾ ਹੈ । [ਫ. ਸ.

੨. ਅੰਤਹਕਰਣ ਅੰਦਰ ਤਿਸ਼ਨਾ ਰੂਪੀ ਭੁੱਖ ਬਹੁਤ ਤੋਂ ਬਹੁਤ ਲਗ ਰਹੀ ਹੈ ਇਸ ਲਈ ਦਰ ਬਾਰੁ-ਦਰ ਦਰ ਉਤੇ ਭੌਂਕਦਾ ਫਿਰਦਾ ਹੈ । ਵਾ ਦਰਬਾਰੁ-ਕਚਹਿਰਹੀਆਂ ਵਿਚ ਭਟਕਦਾ ਫਿਰਦਾ ਹੈ । [ਸ਼੍ਰੀ. ਸ.

੩. ਉਸਦੇ ਅੰਦਰ ਬੜੀ ਤ੍ਰਿਸ਼ਨਾ ਹੈ, ਮਾਇਆ ਦੀ ਬੜੀ ਭੁੱਖ ਹੈ, ਉਹ (ਕੁੱਤੇ ਵਾਂਗ ਰੋਟੀ ਦੀ ਖਾਤਰ) ਭੌਂਕਦਾ ਫਿਰਦਾ ਹੈ, (ਹਰੇਕ ਘਰ ਦੇ)ਦਰ ਦਾ ਬੂਹਾ(ਖੜਕਾਂਦਾ ਫਿਰਦਾ ਹੈ)।[ਦਰਪਣ

**ਨਿਰਣੈ** : ਸਾਧਾਰਨ ਪਾਠਕ 'ਦਰਬਾਰੁ' ਤੇ 'ਦਰ ਬਾਰੁ' ਦੇ ਅਰਥਾਂ ਤੋਂ ਜਾਣੂੰ ਨਹੀਂ ਹਨ । ਕਈ ਭਉਕਤ (ਭਉਂਕਤ) ਨੂੰ 'ਭਉ ਕਤ' ਹੀ ਪਦ ਭੇਦ ਕਰਕੇ ਪਾਠ ਕਰ ਜਾਂਦੇ ਹਨ । ਇਸ ਲਈ ਸਹੀ ਪਾਠ

ਉਚਾਰਨ ਤੇ ਲੋੜੀਂਦੇ ਅਰਥਾਂ ਤੋਂ ਜਾਣੂੰ ਹੋਣਾ ਲਾਜ਼ਮੀ ਹੈ।

ਫਰੀਦਕੋਟੀ ਵਿਦਵਾਨਾਂ ਦੇ ਵਰਤੇ 'ਬਾਰ ਬਾਰ' ਤੋਂ 'ਵਾਰ ਵਾਰ ਘੜੀ ਮੁੜੀ' ਅਰਥ ਨਿਕਲਦੇ ਹਨ ਜੋ ਕਿ ਠੀਕ ਨਹੀਂ ਹਨ ਅਤੇ ਨਾ ਹੀ ਕਚਹਿਰੀਆਂ ਵਿਚ ਭਟਕਦਾ ਫਿਰਦਾ ਅਰਥ ਕਰਨੇ ਹੀ ਢੁੱਕਦੇ ਹਨ।

'ਦਰ' ਦੇ ਅਰਥ ਹਨ - ਬੂਹਾ ਅਤੇ 'ਬਾਰੁ' ਦੇ ਅਰਥ ਹਨ ਦਰਵਾਜ਼ਾ। ਹਰੇਕ ਬੂਹੇ ਤੇ ਦਰਵਾਜ਼ੇ ਅੱਗੇ ਕੁੱਤੇ ਵਾਂਗ ਭਉਂਕਦਾ ਫਿਰਦਾ ਹੈ ਕਿਉਂਕਿ ਉਸ ਦੇ ਅੰਦਰ ਪਦਾਰਥਾਂ ਦੀ ਤ੍ਰਿਸ਼ਨਾ ਤੇ ਮਾਇਆ ਦੀ ਭੁਖ ਬਹੁਤ ਹੀ ਜ਼ਿਆਦਾ ਹੈ।

## ਸਾਰੰਸ਼ ਅਤੇ ਸਿਧਾਂਤ

ਗੁਰੂ ਤੋਂ ਬਿਨਾਂ ਸਾਰਾ ਜਗਤ ਹੀ ਝੱਲਾ ਬਉਰਾ ਬਣਿਆ ਹੋਇਆ ਹੈ, ਮੂਰਖ ਮਨੁੱਖ ਦੀ ਅਕਲ ਟਿਕਾਣੇ ਨਹੀਂ, ਜਿਸ ਕਰਕੇ ਇਹ ਭੇਖੀਆਂ ਦੰਭੀਆਂ ਦੇ ਮਗਰ ਲਗਾ ਫਿਰਦਾ ਹੈ। ਜਿਸ ਹਿਰਦੇ ਅੰਦਰ ਕਾਮ, ਕ੍ਰੋਧ ਅਹੰਕਾਰ ਆਦਿ ਦੀ ਅੱਗ ਹੋਵੇ, ਉਸ ਨੂੰ ਸ਼ਾਂਤੀ ਕਿਥੇ ? ਗੁਰਬਾਣੀ ਵਿਚ ਨਾਮ-ਹੀਣ ਮਨੁੱਖ ਦੀ ਹਾਲਤ ਦਾ ਇਉਂ ਵਰਨਣ ਕੀਤਾ ਹੈ:-

੧. **ਕਾਮ ਕ੍ਰੋਧਿ ਮਨੁ ਹਿਰਿ ਲਇਆ, ਮਨਮੁਖ ਅੰਧਾ ਲੋਇ ॥** [ਪੰਨਾ ੧੪੧੪

੨. **ਹਰਿ ਕੇ ਨਾਮ ਹੀਨ ਬੇਤਾਲ ॥**
**ਜੇਤਾ ਕਰਨ ਕਰਾਵਨ ਤੇਤਾ, ਸਭਿ ਬੰਧਨ ਜੰਜਾਲ ॥** [ਪੰਨਾ ੧੨੨੩

ਗੁਰੂ ਦੇ ਸ਼ਬਦ ਵਿਚ ਅਜਿਹੀ ਸ਼ਕਤੀ ਹੈ ਜਿਸ ਨਾਲ ਮਨ ਅਡੋਲ ਹੋ ਜਾਂਦਾ ਹੈ, ਮਨੁੱਖ ਭਾਣੇ ਵਿਚ ਰਹਿੰਦਾ ਹੈ। ਇਸ ਸ਼ਬਦ ਦੇ ਆਰੰਭ ਵਿਚ 'ਦਰ ਕੀ ਖਬਰਿ ਨ ਪਾਈ' ਵਾਂਗ ਅਤੇ ੨੧ਵੇਂ ਸ਼ਬਦ ਵਿਚ 'ਹਰਣਾਖਸੁ ਨਖੀ ਬਿਦਾਰਿਆ, ਅੰਧੈ ਦਰ ਕੀ ਖਬਰਿ ਨ ਪਾਈ' ਵਾਲੀ ਪੰਕਤੀ ਤੋਂ ਪ੍ਰਤੀਤ ਹੁੰਦਾ ਹੈ ਕਿ ਰਾਜ ਮਦ ਵਿਚ ਅੰਨ੍ਹੇ ਅਹੰਕਾਰੀ ਅਤੇ ਨਿਗੁਰੇ ਲੋਕ, ਪ੍ਰਭੂ ਦੇ ਦਰ ਦਾ ਭੇਦ ਨਹੀਂ ਸਮਝ ਸਕਦੇ। ਇਸ ਸ਼ਬਦ ਦਾ ਸਿਧਾਂਤ ਇਹ ਹੈ ਕਿ ਗੁਰੂ ਦਾ ਹੁਕਮ ਗ੍ਰਹਿਣ ਕਰੀਏ ਤਾਂ ਮਨ ਨੂੰ ਸ਼ਾਂਤੀ ਆਉਂਦੀ ਹੈ ਅਤੇ ਹੁਕਮੀ ਬੰਦਾ ਬਣ ਕੇ ਹੀ ਸੱਚੇ ਸਾਹਿਬ ਜੀ ਹਜ਼ੂਰੀ ਦਾ ਅਨੰਦ ਮਾਣਿਆ ਜਾ ਸਕਦਾ ਹੈ।

**ਭੈਰਉ ਮਹਲਾ ੩ ॥ ਹਉਮੈ ਮਾਇਆ ਮੋਹਿ ਖੁਆਇਆ, ਦੁਖੁ ਖਟੇ ਦੁਖ ਖਾਇ ॥ ਅੰਤਰਿ ਲੋਭ ਹਲਕੁ ਦੁਖੁ ਭਾਰੀ, ਬਿਨੁ ਬਿਬੇਕ ਭਰਮਾਇ ॥੧॥ ਮਨਮੁਖਿ, ਧ੍ਰਿਗੁ ਜੀਵਣੁ ਸੈਸਾਰਿ ॥ ਰਾਮ ਨਾਮੁ ਸੁਪਨੈ ਨਹੀ ਚੇਤਿਆ, ਹਰਿ ਸਿਉ ਕਦੇ ਨ ਲਾਗੈ ਪਿਆਰੁ ॥੧॥ ਰਹਾਉ ॥ ਪਸੂਆ ਕਰਮ ਕਰੈ ਨਹੀ ਬੂਝੈ, ਕੂੜੁ ਕਮਾਵੈ ਕੂੜੋ ਹੋਇ ॥ ਸਤਿਗੁਰੁ ਮਿਲੈ ਤ ਉਲਟੀ ਹੋਵੈ, ਖੋਜਿ ਲਹੈ ਜਨੁ ਕੋਇ ॥੨॥ ਹਰਿ ਹਰਿ ਨਾਮੁ ਹਿਰਦੈ ਸਦ ਵਸਿਆ, ਪਾਇਆ ਗੁਣੀ ਨਿਧਾਨੁ ॥ ਗੁਰ ਪਰਸਾਦੀ ਪੂਰਾ ਪਾਇਆ, ਚੂਕਾ ਮਨ ਅਭਿਮਾਨੁ ॥ ੩ ॥ ਆਪੇ ਕਰਤਾ ਕਰੇ ਕਰਾਏ, ਆਪੇ ਮਾਰਗਿ**

**ਪਾਏ ॥ ਆਪੇ ਗੁਰਮੁਖਿ ਦੇ ਵਡਿਆਈ, ਨਾਨਕ, ਨਾਮਿ ਸਮਾਏ ॥੪॥੯॥੧੯॥**

## ਉਚਾਰਨ ਸੇਧ

**ਬਿੰਦੀ ਸਹਿਤ :** ਸੰਸਾਰਿ, ਪਸ਼ੂਆਂ, ਨਹੀਂ, ਸਿਉਂ ।

**ਪਦ ਅਰਥ :** ਹਉਮੈ-ਮੈਂ ਮੇਰੀ ਕਰਕੇ । ਮੋਹਿ-ਮੋਹ ਵਿਚ । ਖੁਆਇਆ-ਖੁੰਝਿਆ ਹੋਇਆ, ਭੁਲਿਆ ਹੋਇਆ । ਖਟੇ-ਕਮਾਉਂਦਾ ਹੈ । ਖਾਇ-ਭੋਗਦਾ ਹੈ । ਅੰਤਰਿ-(ਹਿਰਦੇ) ਅੰਦਰ । ਲੋਭ ਹਲਕੁ-ਲੋਭ ਦਾ ਹਲਕਾਉ । ਦੁਖੁ ਭਾਰੀ-ਬਹੁਤ ਦੁਖ ਹੈ । ਬਿਨੁ ਬਿਬੇਕ-ਗਿਆਨ, ਵੀਚਾਰ ਵਾਲੀ (ਬੁਧੀ ਤੋਂ) ਬਿਨਾ । ਭਰਮਾਇ-ਭਟਕਦਾ ਫਿਰਦਾ ਹੈ ।੧।

ਧ੍ਰਿਗੁ ਜੀਵਣੁ-ਫਿਟਕਾਰ ਜੋਗ ਜੀਵਨ । ਸੰਸਾਰਿ-ਸੰਸਾਰ ਵਿਚ । ਰਾਮ ਨਾਮੁ-ਪਰਮਾਤਮਾ ਦਾ ਨਾਮ । ਸੁਪਨੈ ਨਹੀ ਚੇਤਿਆ-ਸੁਪਨੇ ਵਿਚ ਵੀ ਯਾਦ ਨਹੀਂ ਕੀਤਾ, ਭਾਵ ਕਦੇ ਵੀ ਚੇਤੇ ਨਹੀਂ ਕੀਤਾ । ਸਿਉ-ਨਾਲ ।੧। ਰਹਾਉ ।

ਪਸੂਆ ਕਰਮ ਕਰੈ-ਪਸ਼ੂਆਂ ਵਰਗੇ ਕੰਮ ਕਰਦਾ ਹੈ । ਨਹੀ ਬੂਝੈ-(ਪਰ) ਸਮਝਦਾ ਨਹੀਂ ਹੈ । ਕੂੜੋ-ਕੂੜ ਹੀ । ਉਲਟੀ-(ਮਾਇਆ ਮੋਹ ਵਲੋਂ ਬ੍ਰਿਤੀ) ਉਲਟੀ ਹੋਈ ਹੈ । ਖੋਜਿ-ਖੋਜ ਕਰਕੇ । ਲਹੈ-ਲਭ ਲੈਂਦਾ ਹੈ ।੨।

ਗੁਣੀ ਨਿਧਾਨੁ-(ਆਤਮਿਕ) ਗੁਣਾਂ ਦਾ ਖਜ਼ਾਨਾ, ਵਾਹਿਗੁਰੂ । ਪੂਰਾ-ਪੂਰਾ (ਪ੍ਰਭੂ) । ਚੂਕਾ-ਮੁਕ ਗਿਆ ਹੈ । ਮਨ ਅਭਿਮਾਨ-ਮਨ ਦਾ ਅਹੰਕਾਰ ।੩।

ਮਾਰਗਿ ਪਾਏ-(ਸਿਧੇ) ਰਸਤੇ ਤੇ ਟੋਰਦਾ ਹੈ । ਗੁਰਮੁਖਿ-ਗੁਰੂ ਦੀ ਰਾਹੀਂ । ਨਾਮਿ-ਨਾਮ ਵਿਚ । ਸਮਾਏ-ਲੀਨ ਹੋ ਜਾਂਦਾ ਹੈ ।੪।

**ਅਰਥ :** (ਹੇ ਭਾਈ! ਜਿਹੜਾ ਮਨੁੱਖ) ਹਉਮੈ ਕਾਰਨ ਮਾਇਆ ਦੇ ਮੋਹ ਵਿਚ ਭੁਲ ਰਿਹਾ ਹੈ (ਉਹ) ਦੁਖ ਨੂੰ ਕਮਾਉਂਦਾ ਹੈ (ਅਤੇ) ਦੁਖਾਂ ਨੂੰ ਹੀ ਭੋਗਦਾ ਹੈ । (ਉਸ ਦੇ ਹਿਰਦੇ) ਅੰਦਰ (ਹਲਕਾਏ ਕੁਤੇ ਵਾਂਗ) ਲਾਲਚ ਦਾ ਭਾਰੀ ਹਲਕਾਉ ਹੁੰਦਾ ਹੈ (ਜਿਸ ਕਰਕੇ ਉਹ)ਵੱਡਾ ਦੁਖ (ਖਾਂਦਾ ਹੈ ਅਤੇ) ਬਿਬੇਕ (ਬੁਧੀ ਤੋਂ) ਬਿਨਾਂ ਭਟਕਦਾ ਫਿਰਦਾ ਹੈ ।੧। ਰਹਾਉ ।

(ਅਜਿਹਾ ਮਨੁੱਖ) ਪਸ਼ੂਆਂ (ਡੰਗਰਾਂ) ਤੁਲ ਕੰਮ ਕਰਦਾ ਹੈ, (ਅਸਲੀਅਤ ਨੂੰ) ਨਹੀਂ ਸਮਝਦਾ । ਕੂੜ ਕਮਾਉਂਦਾ ਹੈ (ਜਿਸ ਕਰਕੇ ਉਸ ਦਾ) ਫਲ ਵੀ ਕੂੜ ਰੂਪ ਹੀ ਹੁੰਦਾ ਹੈ । (ਜਿਹੜਾ) ਸਤਿਗੁਰੂ ਨੂੰ ਮਿਲਦਾ ਹੈ (ਉਸ ਦੀ ਬ੍ਰਿਤੀ ਮਾਇਆ ਵਲੋਂ) ਉਲਟੀ ਹੋ ਜਾਂਦੀ ਹੈ, ਕੋਈ (ਵਿਰਲਾ) ਜਨ ਹੀ (ਪ੍ਰਭੂ ਨੂੰ) ਖੋਜ ਕੇ ਲਭ ਲੈਂਦਾ ਹੈ ।੨।

(ਉਸ ਵਿਰਲੇ ਮਨੁੱਖ ਦੇ) ਹਿਰਦੇ ਵਿਚ ਪਰਮੇਸ਼ਰ ਦਾ ਨਾਮ ਸਦੀਵ (ਕਾਲ ਵਸਿਆ ਰਹਿੰਦਾ ਹੈ ਅਤੇ ਉਸਨੇ) ਗੁਣਾਂ ਦੇ ਖਜ਼ਾਨੇ (ਪਰਮੇਸ਼ਰ ਨੂੰ) ਪਾ ਲਿਆ ਹੈ । ਗੁਰੂ ਦੀ ਕਿਰਪਾ ਨਾਲ ਜਿਨ੍ਹਾਂ ਦੇ ਮਨ ਦਾ ਅਹੰਕਾਰ ਦੂਰ ਹੋ ਗਿਆ ਹੈ (ਉਨ੍ਹਾਂ ਨੇ) ਪੂਰਾ (ਪ੍ਰਭੂ) ਪਾ ਲਿਆ ਹੈ ।੩।

(ਸਭ ਕੁਝ) ਕਰਤਾ (ਪੁਰਖ) ਆਪ ਹੀ ਕਰਦਾ ਹੈ (ਅਤੇ) ਆਪ ਹੀ (ਸਭ ਨੂੰ) ਮਾਰਗ ਤੇ ਪਾਉਂਦਾ ਹੈ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) (ਪ੍ਰਭੂ ਆਪ ਹੀ) ਗੁਰੂ ਦੁਆਰਾ (ਉਸ ਨੂੰ) ਵਡਿਆਈ ਦਿੰਦਾ ਹੈ ਅਤੇ) ਨਾਮ ਵਿਚ ਲੀਨ ਕਰ ਲੈਂਦਾ ਹੈ।੪।੯।੧੯।

## ਸਾਰੰਸ਼ ਅਤੇ ਸਿਧਾਂਤ

ਆਪ-ਹੁਦਰੇ ਮਨੁੱਖ ਦਾ ਜੀਵਨ ਫਿਟਕਾਰ ਜੋਗ ਹੈ ਕਿਉਂਕਿ ਉਸ ਨੇ ਪਰਮਾਤਮਾ ਦਾ ਨਾਮ ਕਦੇ ਸੁਪਨੇ ਵਿਚ ਵੀ ਨਹੀਂ ਲਿਆ, ਨਾ ਪ੍ਰਭੂ-ਪਿਆਰ ਵਾਲੇ ਮਾਰਗ ਤੇ ਟੁਰਿਆ ਹੈ। ਅਜਿਹਾ ਮਨੁੱਖ ਪਸ਼ੂ ਵਾਂਗ ਅਬੁਝ ਹੁੰਦਾ ਹੈ। ਜੋ ਕਰਮ ਕਰਦਾ ਹੈ, ਉਸ ਦੇ ਨਤੀਜੇ ਤੋਂ ਅਗਿਆਤ ਹੁੰਦਾ ਹੈ ਉਹ ਕੂੜ ਵਿਚ ਹੀ ਫਸਿਆ ਰਹਿੰਦਾ ਹੈ। ਹਾਂ, ਉਸ ਦਾ ਇਲਾਜ ਹੋ ਸਕਦਾ ਹੈ ਜੇ ਉਹ ਗੁਰੂ ਵਾਲਾ ਬਣ ਜਾਵੇ ਤਾਂ ਸੁਚੇਤ ਹੋ ਕੇ ਕੂੜ ਤੇ ਅਹੰਕਾਰ ਤੋਂ ਛੁਟਕਾਰਾ ਪਾ ਸਕਦਾ ਹੈ।

ਸਿਧਾਂਤ ਇਹ ਹੈ ਕਿ ਜਦੋਂ ਵੀ ਜੀਵਨ ਵਿਚ ਤਬਦੀਲੀ ਆਉਣੀ ਹੈ ਤਾਂ ਗੁਰੂ ਦੀ ਕਿਰਪਾ ਨਾਲ ਨਾਮ ਨੇ ਲਿਆਉਣੀ ਹੈ। ਜਦੋਂ ਜੀਵ ਗੁਰੂ ਦਾ ਬਣ ਜਾਂਦਾ ਹੈ ਤਾਂ ਗੁਰਦੇਵ ਆਪ ਹੀ ਉਸ ਨੂੰ ਆਪਣੇ ਗਲ ਨਾਲ ਲਾ ਕੇ ਉਸ ਦੇ ਪਿਛਲੇ ਅਉਗਣ ਬਖਸ਼ ਕੇ ਸਤਿਸੰਗਤ ਨਾਲ ਮਿਲਾ ਦਿੰਦੇ ਹਨ।

**ਭੈਰਉ ਮਹਲਾ ੩ ॥ ਮੇਰੀ ਪਟੀਆ ਲਿਖਹੁ, ਹਰਿ ਗੋਵਿੰਦ ਗੋਪਾਲਾ ॥ ਦੂਜੈ ਭਾਇ, ਫਾਥੇ ਜਮਜਾਲਾ ॥ ਸਤਿਗੁਰੁ, ਕਰੇ ਮੇਰੀ ਪ੍ਰਤਿਪਾਲਾ ॥ ਹਰਿ ਸੁਖਦਾਤਾ, ਮੇਰੈ ਨਾਲਾ ॥੧॥ ਗੁਰ ਉਪਦੇਸਿ, ਪ੍ਰਹਿਲਾਦੁ ਹਰਿ ਉਚਰੈ ॥ ਸਾਸਨਾ ਤੇ ਬਾਲਕੁ ਗਮੁ ਨ ਕਰੈ ॥੧॥ ਰਹਾਉ ॥ ਮਾਤਾ ਉਪਦੇਸੈ, ਪ੍ਰਹਿਲਾਦ ਪਿਆਰੇ ॥ ਪੁਤ੍ਰ! ਰਾਮਨਾਮੁ ਛੋਡਹੁ, ਜੀਉ ਲੇਹੁ ਉਬਾਰੇ ॥ ਪ੍ਰਹਿਲਾਦੁ ਕਹੈ, ਸੁਨਹੁ ਮੇਰੀ ਮਾਇ ॥ ਰਾਮਨਾਮੁ ਨ ਛੋਡਾ, ਗੁਰਿ ਦੀਆ ਬੁਝਾਇ ॥੨॥ ਸੰਡਾ ਮਰਕਾ, ਸਭਿ ਜਾਇ ਪੁਕਾਰੇ ॥ ਪ੍ਰਹਿਲਾਦੁ ਆਪਿ ਵਿਗੜਿਆ, ਸਭਿ ਚਾਟੜੇ ਵਿਗਾੜੇ ॥ ਦੁਸਟ ਸਭਾ ਮਹਿ, ਮੰਤ੍ਰੁ ਪਕਾਇਆ ॥ ਪ੍ਰਹਲਾਦ ਕਾ ਰਾਖਾ ਹੋਇ ਰਘੁਰਾਇਆ ॥੩॥ ਹਾਥਿ ਖੜਗੁ ਕਰਿ ਧਾਇਆ, ਅਤਿ ਅਹੰਕਾਰਿ ॥ ਹਰਿ ਤੇਰਾ ਕਹਾ, ਤੁਝੁ ਲਏ ਉਬਾਰਿ ॥ ਖਿਨ ਮਹਿ ਭੈਆਨ ਰੂਪੁ ਨਿਕਸਿਆ ਥੰਮ੍ ਉਪਾੜਿ ॥ ਹਰਣਾਖਸੁ ਨਖੀ ਬਿਦਾਰਿਆ, ਪ੍ਰਹਲਾਦੁ ਲੀਆ ਉਬਾਰਿ ॥੪॥ ਸੰਤ ਜਨਾ ਕੇ, ਹਰਿ ਜੀਉ ਕਾਰਜ ਸਵਾਰੇ ॥ ਪ੍ਰਹਲਾਦ ਜਨ ਕੇ ਇਕੀਹ ਕੁਲ ਉਧਾਰੇ ॥ ਗੁਰ ਕੈ ਸਬਦਿ, ਹਉਮੈ ਬਿਖੁ ਮਾਰੇ ॥ ਨਾਨਕ ਰਾਮਨਾਮਿ, ਸੰਤ ਨਿਸਤਾਰੇ ॥੫॥੧੦॥੨੦॥**

## ਉਚਾਰਨ ਸੇਧ

**ਬਿੰਦੀ ਸਹਿਤ :** ਸੁਨਹੁੰ, ਛੋਡਾਂ, ਮਹਿਂ, ਕਹਾਂ, ਨਖੀਂ।

**ਪਦ ਅਰਥ :** ਮੇਰੀ ਪਟੀਆ-ਮੇਰੀ ਪੱਟੀ (ਤਖਤੀ) ਉਤੇ। ਲਿਖਹੁ-ਲਿਖ ਦਿਓ। ਗੋਵਿੰਦ ਗੋਪਾਲਾ-ਗੁਰੂ ਗੋਪਾਲ ਦਾ (ਨਾਮ)। ਦੂਜੈ ਭਾਇ-(ਪਰਮੇਸ਼ਰ ਤੋਂ ਬਿਨਾ) ਦੂਜੇ ਨਾਲ ਪ੍ਰੇਮ ਕਰਨ ਕਰਕੇ।

ਫਾਥੇ ਜਮ ਜਾਲਾ-ਜਮ (ਮੌਤ) ਦੇ ਜਾਲ ਵਿਚ ਫਸੇ ਹਨ। ਪ੍ਰਤਿਪਾਲਾ-ਪਾਲਨਾ। ਨਾਲਾ-ਨਾਲ।੧। ਗੁਰ ਉਪਦੇਸਿ-ਗੁਰੂ ਦੇ ਉਪਦੇਸ਼ ਅਨੁਸਾਰ। ਉਚਰੈ-ਉਚਾਰਦਾ ਹੈ। ਸਾਧਨਾ-ਤਾੜਨਾ, ਸਜ਼ਾ, ਦੰਡ। ਤੇ-ਤੋਂ। ਗਮੁ ਨ ਕਰੈ-ਗਮ (ਫ਼ਿਕਰ) ਨਹੀਂ ਕਰਦਾ।੧। ਰਹਾਉ।

ਉਪਦੇਸੈ-ਉਪਦੇਸ਼ ਕਰਦੀ ਹੈ, ਸਮਝਾਂਦੀ ਹੈ। ਪ੍ਰਹਿਲਾਦ-ਪਿਆਰੇ-ਹੇ ਪਿਆਰੇ ਪ੍ਰਹਿਲਾਦ!। ਪੂਤ੍-ਹੇ ਪੁੱਤਰ!, ਹੇ ਬੇਟੇ!। ਜੀਉ-ਜਿੰਦ। ਲੇਹੁ-ਉਬਾਰੇ-ਉਬਾਰ ਲਵੇ, ਬਚਾਅ ਲਵੇਂ। ਮੇਰੀ ਮਾਇ-ਹੇ ਮੇਰੀ ਮਾਤਾ!। ਨ ਛੋਡਾ-ਮੈਂ ਨਹੀਂ ਛੱਡ ਸਕਦਾ। ਗੁਰਿ-ਗੁਰੂ ਨੇ। ਦੀਆ ਬੁਝਾਇ-ਸਮਝਾ ਦਿੱਤਾ ਹੈ।੨।

ਸੰਡਾ ਮਰਕਾ-ਸੰਡਾ ਤੇ ਅਮਰਕਾ (ਪ੍ਰਹਿਲਾਦ ਨੂੰ ਪੜ੍ਹਾਉਣ ਵਾਲੇ ਦੋਵੇਂ ਪਾਂਧੇ)। ਸਭਿ-ਸਾਰੇ। ਜਾਇ-ਜਾ ਕੇ। ਪੁਕਾਰੇ-(ਹਰਨਾਖਸ਼ ਪਾ) ਪੁਕਾਰ ਕੀਤੀ। ਵਿਗੜਿਆ-ਵਿਗੜਿਆ ਹੋਇਆ। ਚਾਟੜੇ-ਪੜ੍ਹਨ ਵਾਲੇ ਮੁੰਡੇ, ਵਿਦਿਆਰਥੀ। ਦੁਸ਼ਟ ਸਭਾ ਮਹਿ-ਦੁਸ਼ਟ (ਹਰਨਾਖਸ਼) ਦੇ ਦਰਬਾਰ ਵਿਚ। ਮੰਤ੍ਰ ਪਕਾਇਆ-ਸਲਾਹ ਪੱਕੀ ਕੀਤੀ। ਰਘੁ ਰਾਇਆ-ਪਰਮਾਤਮਾ।੩।

ਹਾਥਿ-ਹੱਥ ਵਿਚ। ਖੜਗੁ ਕਰਿ-ਤਲਵਾਰ ਲੈ ਕੇ। ਧਾਇਆ-ਦੌੜਿਆ ਆਇਆ। ਅਤਿ ਅਹੰਕਾਰਿ-ਬਹੁਤ ਹੀ ਹੰਕਾਰ ਵਿਚ ਆ ਕੇ। ਕਹਾ-ਕਿਥੇ ?। ਤੁਧੁ ਲਏ ਉਬਾਰਿ-(ਜੋ ਹੁਣ) ਤੈਨੂੰ ਬਚਾ ਲਏ। ਖਿਨ ਮਾਹਿ-ਇਕ ਛਿਨ ਵਿਚ। ਭੈਆਨ-ਭਿਆਨਕ। ਥੰਮੁ ਉਪਾੜਿ-ਥੰਮ ਪਾੜ ਕੇ। ਨਖੀ-ਨੌਹਾਂ ਨਾਲ। ਬਿਦਾਰਿਆ-ਪਾੜਿਆ, ਚੀਰ ਦਿੱਤਾ। ਲੀਆ ਉਬਾਰਿ-ਬਚਾਅ ਲਿਆ।੪।

ਕਾਰਜ-ਕੰਮ। ਸਵਾਰੇ-ਸਵਾਰ ਦਿੱਤੇ, ਸਫਲ ਕਰ ਦਿੱਤੇ। ਇਕੀਹ ਕੁਲ-ਇਕੀ ਕੁਲਾਂ - ੭ ਨਾਨਕੀਆਂ ੭ ਦਾਦਕੀਆਂ, ੭ ਸਹੁਰੀਆਂ। ਗੁਰ ਕੇ ਸਬਦਿ-ਗੁਰੂ ਦੇ ਸ਼ਬਦ ਨੇ। ਹਉਮੈ ਬਿਖੁ-ਮਮਤਾ ਰੂਪੀ ਜ਼ਹਿਰ ਵਾਲੇ ਸੰਕਲਪ। ਮਾਰੇ-ਮੁਕਾ ਦਿੱਤੇ। ਰਾਮ ਨਾਮਿ-ਪਰਮਾਤਮਾ ਦੇ ਨਾਮ ਨੇ। ਸੰਤ ਨਿਸਤਾਰੇ-ਸੰਤ (ਪ੍ਰਹਿਲਾਦ ਆਦਿ) ਸੰਸਾਰ ਸਮੁੰਦਰ ਤੋਂ ਤਾਰ ਦਿੱਤੇ।੫।

**ਅਰਥ** : (ਹੇ ਪਾਂਧਾ ਜੀ!) ਮੇਰੀ ਪਟੀ (ਤਖਤੀ) ਉੱਤੇ ਹਰੀ, ਗੋਬਿੰਦ, ਗੋਪਾਲ (ਇਹ ਪਰਮੇਸ਼ਰ ਦਾ ਨਾਮ) ਲਿਖ ਦਿਓ (ਕਿਉਂਕਿ ਇਕ ਪਰਮੇਸ਼ਰ ਤੋਂ ਬਿਨਾਂ) ਦੂਜੇ ਨਾਲ ਪ੍ਰੇਮ ਕੀਤਿਆਂ (ਮਨੁੱਖ) ਜਮਾਂ ਦੇ ਜਾਲ ਵਿਚ ਫਸ ਜਾਂਦਾ ਹੈ।੧।

(ਹੇ ਪਾਂਧਾ ਜੀ!) ਮੇਰੀ ਪਾਲਨਾ ਸਤਿਗੁਰੂ ਕਰੇਗਾ (ਉਹ) ਹਰੀ (ਜੋ) ਸੁੱਖਾਂ ਦਾ ਦਾਤਾ ਹੈ (ਸਦਾ ਹੀ) ਮੇਰੇ ਨਾਲ (ਅੰਗ ਸੰਗ) ਹੈ।੧।ਰਹਾਉ।

(ਹੇ ਪਿਆਰਿਓ!) ਗੁਰੂ ਦੇ ਉਪਦੇਸ਼ ਕਰਕੇ ਹੀ ਪ੍ਰਹਿਲਾਦ ਹਰੀ ਦਾ (ਨਾਮ) ਉਚਾਰਨ ਕਰਦਾ ਹੈ। (ਹਰ ਪ੍ਰਕਾਰ ਦੀ ਤਾੜਨਾ ਦੇ ਬਾਵਜੂਦ ਵੀ) ਬਾਲਕ (ਪ੍ਰਹਿਲਾਦ) ਕਿਸੇ ਪ੍ਰਕਾਰ ਦਾ ਗ਼ਮ (ਫ਼ਿਕਰ) ਨਹੀਂ ਕਰਦਾ। (ਹੁਣ) ਮਾਤਾ ਉਪਦੇਸ਼ਦੀ ਹੈ (ਸਮਝਾਂਦੀ ਹੈ ਕਿ) ਹੇ ਪਿਆਰੇ ਪ੍ਰਹਿਲਾਦ ਪੁੱਤਰ! ਰਾਮ ਦਾ ਨਾਮ (ਜਪਣਾ) ਛਡ ਦਿਓ (ਅਤੇ ਆਪਣੀ) ਜਿੰਦ (ਮਾਰ ਤੋਂ) ਬਚਾਅ ਲਵੋ। ਪ੍ਰਹਿਲਾਦ ਆਖਦਾ ਹੈ (ਉਤਰ ਦਿੰਦਾ ਹੈ ਕਿ) ਹੇ ਮੇਰੀ ਮਾਤਾ! (ਤੂੰ) ਮੇਰੀ ਗਲ ਸੁਣ। (ਮੈਂ) ਰਾਮ ਦਾ ਨਾਮ (ਜਪਣਾ) ਨਹੀਂ ਛਡਾਂਗਾ (ਕਿਉਂਕਿ ਮੈਨੂੰ ਮੇਰੇ) ਗੁਰੂ ਨੇ (ਇਹ ਗਿਆਨ) ਸਮਝਾ ਦਿੱਤਾ ਹੈ।੨।

ਸੰਡਾਂ ਤੇ ਅਮਰਕਾ (ਦੋਹਾਂ ਪਾਂਧਿਆਂ ਨੇ ਪ੍ਰਹਿਲਾਦ ਦੇ ਪਿਤਾ) ਹਰਨਾਖਸ਼ ਕੋਲ ਜਾ ਕੇ (ਰਾਜ ਸਭਾ ਵਿਚ) ਪੁਕਾਰ (ਭਾਵ ਸ਼ਿਕਾਇਤ) ਕੀਤੀ ਕਿ (ਹੇ ਮਹਾਰਾਜ!) ਪ੍ਰਹਿਲਾਦੁ ਆਪ ਤਾਂ ਵਿਗੜਿਆਂ ਹੋਇਆ ਹੀ ਸੀ (ਪਰ ਹੁਣ ਇਸ ਨੇ ਹੋਰ) ਸਾਰੇ ਚਾਟੜੇ (ਵਿਦਿਆਰਥੀ) ਵੀ ਵਿਗਾੜ ਦਿੱਤੇ ਹਨ (ਕਿਉਂਕਿ ਸਾਰੇ ਜਲ ਹੈ ਰਾਮ, ਥਲ ਹੈ ਰਾਮ, ਦਾ ਜਾਪ ਕਰਦੇ ਹਨ)। (ਹਰਨਾਖਸ਼) ਦੁਸ਼ਟ ਦੀ (ਰਾਜ) ਸਭਾ ਵਿਚ (ਇਹ) ਮਤਾ ਪਕਾਇਆ ਗਿਆ (ਕਿ ਪ੍ਰਹਿਲਾਦ ਨੂੰ ਮਾਰ ਦਿਓ ਪਰ ਲੋਕਾਂ ਦਾ ਵਿਸ਼ਵਾਸ਼ ਸੀ ਕਿ) ਪ੍ਰਹਿਲਾਦ ਦਾ ਰਖਵਾਲਾ ਪਰਮੇਸ਼ਰ ਆਪ ਹੀ ਹੋਵੇਗਾ ।੩।

(ਦੈਂਤ ਆਪਣੇ) ਹੱਥ ਵਿਚ ਤਲਵਾਰ ਲੈ ਕੇ ਅਤਿ-ਅਹੰਕਾਰ ਵਿਚ ਆ ਕੇ (ਪ੍ਰਹਿਲਾਦ ਨੂੰ ਮਾਰਨ ਲਈ) ਦੌੜਿਆ (ਓਇ ਪ੍ਰਹਿਲਾਦ ਦਸ) ਤੇਰਾ ਹਰੀ ਕਿਥੇ ਹੈ ? (ਜੋ ਹੁਣ ਸਾਹਮਣੇ ਆਵੇ ਤੇ ਤੈਨੂੰ) ਬਚਾ ਲਵੇ ? (ਬਸ ਦੈਂਤ ਦੇ ਵੰਗਾਰਨ ਦੀ ਦੇਰ ਸੀ ਕਿ ਇਕ) ਖਿਨ ਵਿਚ (ਪ੍ਰਭੂ ਨਰ ਸਿੰਘ ਦਾ) ਭਿਆਨਕ ਰੂਪ ਧਾਰ ਕੇ ਥੰਮ ਨੂੰ ਪਾੜ ਕੇ ਵਿਚੋਂ ਨਿਕਲਿਆ। ਹਰਨਾਖਸ਼ (ਦੈਂਤ) ਨੂੰ (ਉਸਨੇ) ਆਪਣੇ) ਨਹੁੰਆਂ ਨਾਲ ਚੀਰ ਦਿਤਾ (ਅਤੇ ਆਪਣੇ ਭਗਤ) ਪ੍ਰਹਿਲਾਦ ਨੂੰ ਬਚਾ ਲਿਆ ।੪।

(ਹੇ ਪਿਆਰਿਓ !) ਪਰਮਾਤਮਾ ਨੇ (ਆਪਣੇ) ਸੰਤ ਜਨਾ ਦੇ (ਸਾਰੇ) ਕੰਮ ਸਵਾਰ ਦਿਤੇ। ਪ੍ਰਹਲਾਦ ਜਨ ਦੇ ਇਕੀ ਕੁਲ ਤਾਰ ਦਿਤੇ ਹਨ। ਗੁਰੂ ਦੇ ਉਪਦੇਸ਼ ਦੀ ਬਰਕਤ ਨਾਲ (ਉਨ੍ਹਾਂ ਦੇ ਅੰਦਰੋਂ) ਹੰਗਤਾ ਰੂਪੀ (ਮਾਇਆ ਰੂਪੀ) ਜ਼ਹਿਰ (ਵਰਗੇ ਰੋਮ) ਮਾਰ ਮੁਕਾਅ ਦਿਤੇ ਹਨ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਪਰਮਾਤਮਾ ਦੇ ਨਾਮ ਨੇ (ਅਨੇਕਾਂ) ਸੰਤ (ਸੰਸਾਰ ਸਾਗਰ ਤੋਂ) ਪਾਰ ਕਰ ਦਿੱਤੇ ਹਨ ।੫।੧੦।੨੦।

## ਅਰਥ ਭੇਦ ਅਤੇ ਨਿਰਣੈ

### ਦੁਸਟ ਸਭਾ ਮਹਿ ਮੰਤ੍ਰੁ ਪਕਾਇਆ ॥

ਵਖ ਵਖ ਅਰਥ :

੧. ਸਭਾ ਵਿਖੇ ਦੁਸ਼ਟਨ ਖੋਟਾ ਮੰਤ੍ਰ ਅਰਥਾਤ ਪ੍ਰਹਿਲਾਦ ਨੌ ਮਾਰਨੇ ਕਾ ਮਤਾ ਪਕਾਇ ਲੀਆ। [ਫ਼.ਸ.

੨. ਦੁਸ਼ਟ ਰਾਜੇ ਦੇ ਦਰਬਾਰ ਵਿਚ ਸਲਾਹ ਕੀਤੀ ਗਈ (ਪ੍ਰਹਿਲਾਦ ਦੇ ਵਿਰੁੱਧ)। [ਸ਼ਬਦਾਰਥ

**ਨਿਰਣੈ** : 'ਦੁਸਟ' ਪਦ ਨੂੰ ਮੰਤ੍ਰ ਦਾ ਵਿਸ਼ੇਸ਼ਣ ਬਣਾ ਕੇ 'ਖੋਟਾ ਮੰਤ੍ਰ' ਅਰਥ ਕਰਨੇ ਨਿਰਮੂਲ ਹਨ। ਜਿਵੇਂ 'ਰਾਜ ਸਭਾ' ਦੇ ਅਰਥ ਹਨ ਰਾਜਿਆਂ ਦੀ ਸਭਾ, ਰਾਜ ਦਰਬਾਰ, ਤਿਵੇਂ ਦੁਸ਼ਟ ਸਭਾ ਤੋਂ ਭਾਵ ਹੈ (ਹਰਨਾਖਸ਼) ਦੁਸ਼ਟ ਦੀ ਸਭਾ। ਸੋ ਨੰਬਰ ੨ ਵਾਲੇ ਅਰਥ ਠੀਕ ਹਨ।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਨਾਮ ਜਪਣ ਵਾਲੇ ਭਗਤ ਪ੍ਰਹਿਲਾਦ ਦੀ ਨਿਡਰਤਾ ਦਾ ਰੂਪ ਵੇਖ ਕੇ ਭਗਤੀ ਕਰਨ ਵਾਲਿਆਂ ਨੂੰ ਆਤਮਿਕ ਬਲ ਮਿਲਦਾ ਹੈ। ਗੁਰੂ ਦਾ ਦ੍ਰਿੜ ਕਰਾਇਆ ਉਪਦੇਸ਼ ਭਗਤਾਂ ਨੂੰ ਕਦੇ ਨਹੀ ਭੁਲਦਾ। ਓਹ ਲੋੜ ਪੈਣ ਤੇ ਪਰਮਾਤਮਾ ਤੋਂ ਬੇਮੁਖ ਤੇ ਜੁਲਮ ਕਰਨ ਵਾਲੇ ਰਾਜਿਆਂ ਅਗੇ

ਝੁਕਦੇ ਨਹੀਂ, ਜਾਨ ਦੀ ਬਾਜ਼ੀ ਲਾ ਦਿੰਦੇ ਹਨ ।

ਭਗਤ ਪ੍ਰਹਿਲਾਦ ਜੀ ਦਾ ਪ੍ਰਸੰਗ ਕਿਸੇ ਮਨੁੱਖ ਤੋਂ ਭੁਲਿਆ ਹੋਇਆ ਨਹੀਂ । ਭਾਈ ਸਾਹਿਬ ਗੁਰਦਾਸ ਜੀ ਅਨੁਸਾਰ ਕਲਰ ਵਿਚ ਕੰਵਲ ਫੁਲ ਉਗਿਆ ਭਾਵ ਦੈਂਤ ਦੇ ਘਰ ਭਗਤ ਪੈਦਾ ਹੋਇਆ। ਹਰਨਾਕਸ਼ ਚਾਹੁੰਦਾ ਸੀ ਕਿ ਕੋਈ ਜੀਵ ਵੀ ਭਗਵਾਨ ਦਾ ਨਾਮ ਨ ਜਪੇ, ਕੇਵਲ ਉਸ ਦੇ ਨਾਮ ਦਾ ਇਉਂ ਜਾਪ ਕੀਤਾ ਜਾਵੇ :-

**ਹਰੇ ਹਰਨਾਕਸ਼, ਜਲੇ ਹਰਨਾਕਸ਼, ਥਲੇ ਹਰਨਾਕਸ਼,**
**ਸਭ ਸ਼ਕਤੀਆਂ ਦਾ ਮਾਲਕ ਹਰਨਾਕਸ਼ ਹੀ ਹਰਨਾਕਸ਼ ।**

ਹਰਨਾਕਸ਼ ਦੇ ਪੁੱਤਰ ਪ੍ਰਹਿਲਾਦ ਦੇ ਹਿਰਦੇ ਵਿਚ 'ਰਾਮ ਨਾਮ' ਦਾ ਪ੍ਰਕਾਸ਼ ਹੋਇਆ। ਪਰਮਾਤਮਾ ਨੇ ਗਿਆਨ ਭਗਤੀ, ਸਚ ਤੇ ਨਿਰਭੈਤਾ ਵਾਲੇ ਦੈਵੀ ਗੁਣ ਭਗਤ ਜੀ ਦੇ ਹਿਰਦੇ ਵਿਚ ਪ੍ਰਗਟ ਕਰਕੇ ਕਲਾ ਵਰਤਾ ਦਿੱਤੀ।

ਭਗਤੀ ਮਾਰਗ ਵਿਚ ਇਹ ਸ਼ਬਦ ਭਗਤ ਜਨਾ ਨੂੰ ਇਕ ਪਰਮਾਤਮਾ ਦਾ ਨਾਮ ਜਪਣ ਲਈ ਅਤਿਅੰਤ ਨਿਰਭੈਤਾ ਤੇ ਦ੍ਰਿੜਤਾ ਵਾਲੀ ਭਾਵ-ਪੂਰਤ ਸੇਧ ਪਰਦਾਨ ਕਰਦਾ ਹੈ। ਗੁਰੂ ਦਾ ਦ੍ਰਿੜ ਕਰਵਾਇਆ ਉਪਦੇਸ਼ ਭਗਤਾਂ ਨੂੰ ਜੀਵਨ ਭਰ ਨਹੀਂ ਭੁਲਦਾ। ਓਹ ਆਪਣਾ ਜੀਵਨ ਦਾਅ ਤੇ ਲਾ ਸਕਦੇ ਹਨ, ਵੱਡੀ ਤੋਂ ਵੱਡੀ ਕੁਰਬਾਨੀ ਕਰਨ ਤੋਂ ਪਿਛੇ ਨਹੀਂ ਹਟਦੇ। ਭਗਤ ਪ੍ਰਹਿਲਾਦ ਵਾਲੀ ਇਤਿਹਾਸਕ ਘਟਨਾ ਸਾਰੇ ਸੰਸਾਰ ਵਿਚ ਪ੍ਰਸਿਧ ਹੈ। ਇਸ ਭਾਵ ਵਾਲੇ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੧੧੫੪ ਅਤੇ ਪੰਨਾ ੧੧੬੫ ਉਤੇ ਵੀ ਵੇਖੇ ਜਾ ਸਕਦੇ ਹਨ।

ਇਸ ਸ਼ਬਦ ਦੀ ਰਹਾਉ ਵਾਲੀ ਪੰਕਤੀ 'ਗੁਰ ਉਪਦੇਸਿ ਪ੍ਰਹਿਲਾਦੁ ਹਰਿ ਉਚਰੈ॥ ਸਾਸਨਾ ਤੇ ਬਾਲਕੁ ਗਮੁ ਨ ਕਰੈ' ਤੋਂ ਭਗਤ ਪ੍ਰਹਿਲਾਦ ਜੀ ਦੀ ਨਿਰਭੈਤਾ ਦਾ ਪਤਾ ਲਗ ਜਾਂਦਾ ਹੈ। ਹਰਨਾਕਸ਼ ਪਾਸ ਪਾਧਿਆਂ ਨੇ ਸ਼ਿਕਾਇਤ ਕੀਤੀ ਕਿ ਰਾਜ-ਪੁਤਰ ਸਿਵਾਏ 'ਰਾਮ ਨਾਮ' ਦੇ ਹੋਰ ਕੋਈ ਜਾਪ ਨਹੀਂ ਕਰਦਾ, ਉਹ ਹਰਨਾਕਸ਼ ਦੇ ਨਾਂ ਦੀ ਮਾਲਾ ਫੇਰਨ ਨੂੰ ਤਿਆਰ ਨਹੀਂ ਹੈ। ਰਾਜੇ ਨੇ ਕ੍ਰੋਧ ਵਿਚ ਆ ਕੇ ਹੁਕਮ ਦਿੱਤਾ ਕਿ ਪ੍ਰਹਿਲਾਦ ਨੂੰ ਦਰਿਆ ਵਿਚ ਡੋਬ ਕੇ ਮਾਰ ਦਿਓ । ਜਲਾਦਾਂ ਨੇ ਪ੍ਰਹਿਲਾਦ ਨੂੰ ਨਦੀ ਵਿਚ ਸੁਟ ਦਿੱਤਾ ਪਰ ਐਸਾ ਕਰਤਾਰੀ ਕੌਤਕ ਵਰਤਿਆ ਕਿ ਉਹ ਡੁਬਿਆ ਨਾ, ਤਰ ਪਿਆ। ਫਿਰ ਪਹਾੜ ਤੋਂ ਧਕਾ ਦੇ ਕੇ ਹੇਠਾਂ ਡੇਗਣ ਦਾ ਹੁਕਮ ਦਿੱਤਾ, ਪਰ ਭਗਤ ਜੀ ਨੂੰ ਰਤਾ ਭਰ ਚੋਟ ਨਾ ਲਗੀ। ਫਿਰ ਹੋਲਕਾਂ ਜੋ ਹਰਨਾਕਸ਼ ਦੀ ਭੈਣ ਸੀ, ਉਸ ਨੇ ਅੱਗ ਵਿਚ ਨਾ ਸੜਨ ਦਾ ਵਰ ਲਿਆ ਹੋਇਆ ਸੀ, ਪ੍ਰਹਿਲਾਦ ਨੂੰ ਗੋਦ ਵਿਚ ਲੈ ਕੇ ਚਿਖਾ ਉਤੇ ਬੈਠ ਗਈ, ਹੋਲਕਾ ਸੜ ਕੇ ਸੁਆਹ ਹੋ ਗਈ ਪਰ ਪ੍ਰਹਿਲਾਦ ਜੀ ਅੱਗ ਵਿਚੋਂ ਜੀਉਂਦੇ ਜਾਗਦੇ ਬਾਹਰ ਆ ਗਏ । ਜਦੋਂ ਹੰਕਾਰੀ, ਦੁਸ਼ਟ ਰਾਜੇ ਦਾ ਹੋਰ ਕੋਈ ਚਾਰਾ ਨਾ ਚਲਿਆ ਤਾਂ ਉਸ ਨੇ ਲੋਹੇ ਦੇ ਤਪਦੇ ਥੰਮ ਨਾਲ ਬੰਨ੍ਹ ਕੇ ਮਾਰਨ ਦਾ ਹੁਕਮ ਚੜ੍ਹਾ ਦਿੱਤਾ ਪਰ ਥੰਮ ਵੀ ਭਗਤ ਜੀ ਦਾ ਕੁਝ ਨਾ ਵਿਗਾੜ ਸਕਿਆ। ਆਖਰ ਗੁਸੇ ਵਿਚ ਆ ਕੇ ਹੰਕਾਰੀ ਦੈਂਤ ਨੇ ਆਪ ਤਲਵਾਰ ਕਢ ਕੇ ਮਾਰਨ ਦੀ ਧਮਕੀ ਦਿਤੀ ਤੇ ਪੁਛਿਆ ਕਿ ਤੇਰਾ ਕਿਹੜਾ ਉਸਤਾਦ ਹੈ? ਓਦੋਂ

ਜੋ ਕੁਝ ਵਾਪਰਿਆ, ਉਹ ਸਾਰੀ ਘਟਨਾ ਨੂੰ ਭਾਈ ਗੁਰਦਾਸ ਜੀ ਨੇ ੧੦ਵੀਂ ਵਾਰ ਦੀ ਦੂਜੀ ਪੌੜੀ ਵਿਚ ਇਉਂ ਨਿਰੂਪਣ ਕੀਤਾ ਹੈ:

੧. **ਘਰਿ ਹਰਣਾਖਸ ਦੈਤ ਦੇ ਕਲਰਿ ਕਵਲੁ ਭਗਤੁ ਪ੍ਰਹਿਲਾਦ ॥**

੨. **ਪੜ੍ਹਨ ਪਠਾਯਾ ਚਾਟਸਾਲ ਪਾਂਧੇ ਚਿਤਿ ਹੋਆ ਅਹਿਲਾਦ ॥**

੩. **ਸਿਮਰੇ ਮਨ ਵਿਚਿ ਰਾਮ ਨਾਮ ਗਾਵੈ ਸਬਦੁ ਅਨਾਹਦ ਨਾਦ ॥**

੪. **ਭਗਤਿ ਕਰਨਿ ਸਭ ਚਾਟੜੇ ਪਾਂਧੇ ਹੋਇ ਰਹੇ ਵਿਸਮਾਦੁ ॥**

੫. **ਰਾਜੇ ਪਾਸਿ ਰੂਆਇਆ ਦੋਖੀ ਦੈਤਿ ਵਧਾਇਆ ਵਾਦੁ ॥**

੬. **ਜਲ ਅਗਨੀ ਵਿਚਿ ਘਤਿਆ ਜਲੈ ਨ ਡੁਬੈ ਗੁਰ ਪਰਸਾਦਿ ॥**

੭. **ਕਢਿ ਖੜਗੁ ਸਦ ਪੁਛਿਆ ਕਉਣੁ ਸੁ ਤੇਰਾ ਹੈ ਉਸਤਾਦੁ ॥**

੮. **ਥੰਮ੍ਹ ਪਾੜ ਪਰਗਟਿਆ ਨਰਸਿੰਘ ਰੂਪ ਅਨੂਪ ਅਨਾਦਿ ॥**

੯. **ਬੇਮੁਖ ਪਕੜਿ ਪਛਾੜਿਅਨੁ ਸੰਤ ਸਹਾਈ ਆਦਿ ਜੁਗਾਦਿ ॥**

੧੦. **ਜੈ ਜੈ ਕਾਰ ਕਰਨਿ ਬ੍ਰਹਮਾਦਿ ॥੨॥**

**ਭੈਰਉ ਮਹਲਾ ੩ ॥ ਆਪੇ ਦੈਤ ਲਾਇ ਦਿਤੇ ਸੰਤ ਜਨਾ ਕਉ, ਆਪੇ ਰਾਖਾ ਸੋਈ ॥ ਜੋ ਤੇਰੀ ਸਦਾ ਸਰਣਾਈ, ਤਿਨ ਮਨਿ ਦੁਖੁ ਨ ਹੋਈ ॥੧॥ ਜੁਗਿ ਜੁਗਿ, ਭਗਤਾ ਕੀ ਰਖਦਾ ਆਇਆ ॥ ਦੈਤ ਪੁਤ੍ਰੁ ਪ੍ਰਹਲਾਦੁ, ਗਾਇਤ੍ਰੀ ਤਰਪਣੁ ਕਿਛੂ ਨ ਜਾਣੈ, ਸਬਦੇ ਮੇਲਿ ਮਿਲਾਇਆ ॥੧॥ ਰਹਾਉ ॥ ਅਨਦਿਨੁ ਭਗਤਿ ਕਰਹਿ ਦਿਨ ਰਾਤੀ, ਦੁਬਿਧਾ ਸਬਦੇ ਖੋਈ ॥ ਸਦਾ ਨਿਰਮਲ ਹੈ ਜੋ ਸਚਿ ਰਾਤੇ, ਸਚੁ ਵਸਿਆ ਮਨਿ ਸੋਈ ॥੨॥ ਮੂਰਖ ਦੁਬਿਧਾ ਪੜ੍ਹਹਿ, ਮੂਲੁ ਨ ਪਛਾਣਹਿ, ਬਿਰਥਾ ਜਨਮੁ ਗਵਾਇਆ ॥ ਸੰਤ ਜਨਾ ਕੀ ਨਿੰਦਾ ਕਰਹਿ, ਦੁਸਟੁ ਦੈਤੁ ਚਿੜਾਇਆ ॥੩॥ ਪ੍ਰਹਲਾਦੁ, ਦੁਬਿਧਾ ਨ ਪੜੈ ਹਰਿਨਾਮੁ ਨ ਛੋਡੈ, ਡਰੈ ਨ ਕਿਸੈ ਦਾ ਡਰਾਇਆ ॥ ਸੰਤ ਜਨਾ ਕਾ ਹਰਿ ਜੀਉ ਰਾਖਾ, ਦੈਤੈ ਕਾਲੁ ਨੇੜਾ ਆਇਆ ॥੪॥ ਅਪਣੀ ਪੈਜ ਆਪੇ ਰਾਖੈ, ਭਗਤਾਂ ਦੇਇ ਵਡਿਆਈ ॥ ਨਾਨਕ, ਹਰਣਾਖਸੁ ਨਖੀ ਬਿਦਾਰਿਆ,ਅੰਧੈ ਦਰ ਕੀ ਖਬਰਿ ਨ ਪਾਈ ॥੫॥੧੧॥੨੧॥**

## ਉਚਾਰਨ ਸੇਧ

**ਬਿੰਦੀ ਸਹਿਤ :** ਦੈਂਤ, ਜਨਾਂ, ਭਗਤਾਂ, ਕਰਹਿਂ,ਰਾਤੀਂ,ਹੈਂ, ਪੜ੍ਹਹਿਂ, ਪਛਾਣਹਿਂ, ਦੈਂਤੈ, ਨਖੀਂ ।

**ਬਿਸਰਾਮ-**ਦੈਂਤ ਪੁਤ੍ਰੁ ਪ੍ਰਹਲਾਦੁ ।

**ਪਦ ਅਰਥ :** ਆਪੇ-(ਪਰਮੇਸ਼ਰ ਨੇ) ਆਪ ਹੀ । ਦੈਤ-ਦੁਸ਼ਟ, ਧਰਮ ਦੇ ਵਿਰੋਧੀ ਪੁਰਸ਼ । ਲਾਇ ਦਿਤੇ-(ਦੁਖ ਦੇਣ ਲਈ) ਪਿਛੇ ਲਾ ਦਿਤੇ । ਰਾਖਾ-ਰਖਵਾਲਾ ਤਿਨ ਮਨਿ-ਉਨ੍ਹਾਂ ਦੇ ਮਨ ਵਿਚ ।੧।

ਜੁਗਿ ਜੁਗਿ-ਹਰੇਕ ਜੁਗ ਵਿਚ । ਰਖਦਾ ਆਇਆ-(ਪੈਜ, ਇਜ਼ਤ) ਰਖਦਾ ਆਇਆ। ਦੈਤ ਪੁਤ੍ਰ ਪ੍ਰਹਲਾਦ(ਹਰਨਾਕਸ਼) ਦੈਂਤ ਦਾ ਪੁੱਤਰ ਪ੍ਰਹਿਲਾਦ। ਗਾਇਤ੍ਰੀ-ਇਕ ਪੰਕਤੀ ਜਿਸ ਦਾ ਪਾਠ ਕਰਨਾ ਪੁੰਨ ਕਰਮ ਸਮਝਿਆ ਜਾਦਾ ਹੈ, ਜਿਸ ਨਾਲ ਵਡੇ ਵਡੇ ਪਾਪ ਨਾਸ਼ ਹੋ ਜਾਂਦੇ ਹਨ । ਸਬਦਿ-(ਗੁਰੂ ਦੇ) ਸ਼ਬਦ ਵਿਚ । ਮੇਲਿ-ਮੇਲ (ਜੋੜ) ਕੇ । ਮਿਲਾਇਆ-(ਪਰਮਾਤਮਾ ਨੇ ਆਪਣੇ ਨਾਲ) ਮਿਲਾਇਆ।੧।ਰਹਾਉ।

ਅਨਦਿਨੁ-ਹਰ ਰੋਜ਼। ਭਗਤਿ ਕਰਹਿ-ਭਗਤੀ ਕਰਦੇ ਹਨ । ਦੁਬਿਧਾ-ਮੇਰ ਤੇਰ, ਦ੍ਵੈਤ ਭਾਵ । ਖੋਈ-ਮੁਕਾ ਲਈ। ਨਿਰਮਲ ਹੈ-ਪਵਿੱਤਰ ਹਨ । ਸਚਿ-ਸਚ ਵਿਚ । ਰਾਤੇ-ਰੱਤੇ (ਰੰਗੇ) ਹੋਏ ਹਨ। ਸਚੁ-ਸਦਾ ਥਿਰ ਰਹਿਣ ਵਾਲਾ ਪਰਮੇਸ਼ਰ । ਮਨਿ-(ਉਨ੍ਹਾਂ ਦੇ) ਮਨ ਵਿਚ ।੨।

ਦੂਬਿਧਾ ਪੜਹਿ-ਦੁਬਿਧਾ ਦੀ (ਪੜ੍ਹਾਈ) ਪੜ੍ਹਦੇ ਹਨ । ਮੂਲੁ-ਅਕਾਲ ਪੁਰਖ ਨੂੰ । ਕਰਹਿ-ਕਰਦੇ ਹਨ । ਦੁਸਟੁ ਦੈਤ-ਹਰਨਾਖਸ਼ ਦੈਂਤ ਨੂੰ । ਚਿੜਾਇਆ-ਚੁਕਿਆ, ਗੁੱਸੇ ਵਿਚ ਲਿਆਂਦਾ । ਰਾਖਾ-ਰਖਵਾਲਾ । ਦੈਤ-ਦੈਂਤ ਦਾ । ਕਾਲੁ-ਮੌਤ ।੪।

ਪੈਜ-ਇਜ਼ਤ । ਦੇਇ-ਦੈਂਤ ਹੈ। ਨਖੀ-ਨੌਹਾਂ ਨਾਲ। ਬਿਦਾਰਿਆ-ਚੀਰ ਦਿੱਤਾ । ਅੰਧੈ-(ਅਹੰਕਾਰ ਵਿਚ) ਅੰਨ੍ਹੇ (ਦੈਂਤ) ਨੇ । ਦਰ ਕੀ ਖਬਰਿ-(ਪਰਮਾਤਮਾ ਦੇ) ਦਰ ਦੀ ਸੋਝੀ ।੫।

**ਅਰਥ** : (ਹੇ ਭਾਈ ! ਪਰਮਾਤਮਾ ਨੇ) ਆਪ ਹੀ (ਹਰਨਾਖਸ਼ ਵਰਗੇ) ਦੈਂਤ (ਪ੍ਰਹਿਲਾਦ ਵਰਗੇ) ਸੰਤ ਜਨਾ ਦੇ ਮਗਰ ਲਾ ਦਿਤੇ (ਅਤੇ) ਓਹ (ਪ੍ਰਭੂ) ਆਪ ਹੀ (ਉਨ੍ਹਾਂ ਦਾ) ਰਾਖਾ ਬਣਿਆ । (ਹੇ ਪ੍ਰਭੂ !) ਜਿਹੜੇ ਮਨੁੱਖ ਤੇਰੀ ਸ਼ਰਣ ਵਚ ਰਹਿੰਦੇ ਹਨ, ਉਨ੍ਹਾਂ ਦੇ ਮਨ ਵਿਚ (ਅਜਿਹੇ ਦੈਂਤਾਂ ਦਾ ਕੋਈ) ਦੁਖ ਨਹੀਂ ਹੁੰਦਾ ।੧।

(ਹੇ ਭਾਈ ! ਪਰਮਾਤਮਾ) ਹਰੇਕ ਜੁਗ ਵਿਚ (ਆਪਣੇ) ਭਗਤਾਂ ਦੀ (ਪੈਜ) ਰਖਦਾ ਆਇਆ । ਦੈਂਤ (ਹਰਨਾਖਸ਼ ਦਾ) ਪੁੱਤਰ ਪ੍ਰਹਿਲਾਦ ਗਾਇਤ੍ਰੀ (ਮੰਤ੍ਰ ਦਾ ਪਾਠ), ਪਿਤਰਾਂ ਅਤੇ ਦੇਵਤਿਆਂ ਨੂੰ 'ਤ੍ਰਿਪਤ' ਕਰਨ ਲਈ ਜਲ ਅਰਪਣ ਕਰਨਾ ਆਦਿ ਕੁਝ ਨਹੀਂ ਸੀ ਜਾਣਦਾ (ਉਸ ਨੂੰ ਪਰਮਾਤਮਾ ਨੇ) ਗੁਰੂ ਦੇ ਸ਼ਬਦ ਵਿਚ ਜੋੜ ਕੇ (ਆਪਣੇ ਨਾਲ) ਮਿਲਾ ਲਿਆ ।੧। ਰਹਾਉ ।

(ਹੇ ਭਾਈ ! ਜਿਹੜੇ ਮਨੁੱਖ) ਦਿਨ ਰਾਤ ਹਰ ਰੋਜ਼ ਪਰਮਾਤਮਾ ਦੀ ਭਗਤੀ ਕਰਦੇ ਹਨ, ਉਨ੍ਹਾਂ ਨੇ (ਗੁਰੂ) ਦੇ ਸ਼ਬਦ ਦੁਆਰਾ (ਆਪਣੇ ਅੰਦਰੋਂ) ਦੁਬਿਧਾ ਦੂਰ ਕਰ ਦਿਤੀ ਹੈ । ਜਿਹੜੇ (ਮਨੁੱਖ) ਸਚ ਵਿਚ ਰੱਤੇ ਗਏ ਹਨ, ਓਹ (ਮਨੁੱਖ) ਸਦਾ ਪਵਿੱਤਰ ਹਨ, (ਕਿਉਂਕਿ ਉਨ੍ਹਾਂ ਦੇ) ਮਨ ਵਿਚ ਓਹ ਸਚਾ ਵਾਹਿਗੁਰੂ ਵਸ ਗਿਆ ਹੈ ।੨।

(ਹੇ ਭਾਈ !) ਮੂਰਖ (ਲੋਕ) ਦੁਬਿਧਾ ਦੀ (ਪੜ੍ਹਾਈ) ਪੜ੍ਹਦੇ ਹਨ, ਮੂਲੁ (ਜੋ ਕਰਤਾਪੁਰਖ ਹੈ ਉਸ) ਨੂੰ ਨਹੀਂ ਪਛਾਣਦੇ (ਇਸ ਵਿੱਚ ਲਗ ਕੇ ਉਨ੍ਹਾਂ ਨੇ ਆਪਣਾ) ਜਨਮ ਵਿਅਰਥ ਹੀ ਗਵਾ ਦਿਤਾ ਹੈ। (ਪਾਂਧੇ ਜੋ)ਸੰਤ ਜਨਾਂ ਦੀ ਨਿੰਦਾ ਕਰਦੇ ਹਨ, (ਉਨ੍ਹਾਂ ਨੇ)ਦੁਸ਼ਟ ਦੈਂਤ(ਹਰਨਾਖਸ਼)ਨੂੰ ਖਿਝਾਅ ਦਿਤਾ ਹੈ।੩।

(ਹੇ ਭਾਈ!) ਪ੍ਰਹਿਲਾਦ ਦੁਬਿਧਾ ਵਾਲੀ (ਪੜ੍ਹਾਈ) ਨਹੀਂ ਪੜ੍ਹਦਾ (ਅਤੇ) ਹਰੀ ਦਾ ਨਾਮ ਜਪਣਾ ਵੀ ਨਹੀਂ ਛਡਦਾ, (ਉਹ) ਕਿਸੇ ਦਾ ਡਰਾਇਆ ਵੀ ਨਹੀਂ ਡਰਦਾ । ਸੰਤ ਜਨਾਂ ਦਾ ਹਰੀ ਜੀਉ (ਆਪੇ)

ਰਾਖਾ ਬਣਦਾ ਹੈ, (ਹਰਨਾਖਸ਼) ਦੈਂਤ ਨੂੰ (ਮਾਰਨ ਦਾ) ਸਮਾਂ ਨੇੜੇ ਆ ਗਿਆ ਸੀ (ਇਸ ਲਈ ਪਰਮੇਸ਼ਰ ਨੇ ਆਪ ਹੀ ਆਪਣਾ ਖੇਲ ਰਚਾਇਆ) ।੪।

(ਪਰਮੇਸ਼ਰ ਆਪਣੇ ਭਗਤ ਦੀ ਆਪ ਹੀ ਇਜ਼ਤ ਰਖਦਾ ਹੈ) ਕਿਉਂਕਿ ਉਹ ਭਗਤ ਵਛਲ ਹੈ, ਆਪਣੇ) ਭਗਤਾਂ ਨੂੰ ਵਡਿਆਈ ਦੇਂਦਾ ਹੈ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਨਰਸਿੰਘ ਰੂਪ ਹੋ ਕੇ ਪਰਮੇਸ਼ਰ ਨੇ) ਹਰਨਾਕਸ਼ (ਦੁਸ਼ਟ ਨੂੰ ਆਪਣੇ) ਨਹੁੰਆਂ ਨਾਲ ਪਾੜਿਆ-ਚੀਰਿਆ (ਭਾਵ ਮਾਰ ਦਿਤਾ ਕਿਉਂਕਿ ਉਸ) ਅੰਨ੍ਹੇ ਦੈਂਤ ਨੇ ਪਰਮੇਸ਼ਰ ਦੇ ਦਰ ਦੀ ਸੋਝੀ ਨਹੀਂ ਪਾਈ (ਜਿਸ ਦੇ ਦਰਬਾਰ ਵਿਚ ਅਨੇਕਾਂ ਹਰਨਾਖਸ਼ ਰੁਲਦੇ ਫਿਰਦੇ ਹਨ) ।੫।੧੧।੨੧।

## ਅਰਥ ਭੇਦ ਅਤੇ ਨਿਰਣੈ

**ਮੂਰਖ ਦੁਬਿਧਾ ਪੜ੍ਹਹਿ ਮੂਲੁ ਨ ਪਛਾਣਹਿ, ਬਿਰਥਾ ਜਨਮੁ ਗਵਾਇਆ ॥**

ਇਸ ਪੰਤੀ ਵਿਚ 'ਪੜਹਿ' ਪਦ ਦੇ ਅਰਥ ਜੋ ਟੀਕਾਕਾਰਾਂ ਨੇ ਕੀਤੇ ਹਨ, ਓਹ ਇਕ ਦੂਜੇ ਨਾਲ ਮੇਲ ਨਹੀਂ ਖਾਂਦੇ। ਵੇਰਵਾ ਇਸ ਤਰ੍ਹਾਂ ਹੈ :-

੧. ਮੂਰਖ ਲੋਗ ਦੁਬਿਧਾ ਵਿਚ ਪੜਤੇ ਹੈਂ ਔਰ ਮੂਲ ਰੂਪ ਅਕਾਲ ਪੁਰਖ ਕੋ ਨਹੀਂ ਪਛਾਣਤੇ ਇਸ ਵਾਸਤੇ ਤਿਨੋਂ ਨੇ ਅਮੋਲਕ ਜਨਮ ਬਿਰਥ ਹੀ ਗਵਾਇ ਲੀਆ ਹੈ। [ਫ ਸ.

੨. ਹੇ ਭਾਈ ! ਮੂਰਖ ਲੋਕ ਮੇਰ-ਤੇਰ (ਪੈਦਾ ਕਰਨ ਵਾਲੀ ਵਿਦਿਆ ਹੀ ਨਿੱਤ) ਪੜ੍ਹਦੇ ਹਨ, ਰਚਨਹਾਰ ਕਰਤਾਰ ਨਾਲ ਸਾਂਝ ਨਹੀਂ ਪਾਂਦੇ, ਸੰਤ ਜਨਾਂ ਦੀ ਨਿੰਦਾ (ਭੀ) ਕਰਦੇ ਹਨ। (ਇਸ ਤਰ੍ਹਾਂ ਆਪਣਾ) ਜੀਵਨ ਵਿਅਰਥ ਗਵਾ ਦੇਂਦੇ ਹਨ। [ਦਰਪਣ

**ਨਿਰਣੈ** : ਪ੍ਰਹਿਲਾਦ ਨੂੰ ਹਰਨਾਕਸ਼ ਪਿਤਾ ਨੇ ਸੰਡੇ ਮਰਕੇ ਪਾਸ ਪੜ੍ਹਨ ਲਈ ਸਕੂਲੇ ਪਾਇਆ ਸੀ। ਸੋ ਇਥੇ 'ਪੜ੍ਹਹਿ' ਬਹੁ ਵਚਨੀ ਕ੍ਰਿਆ ਦਾ ਸਬੰਧ ਸੰਡੇ ਮਰਕੇ ਅਤੇ ਹੋਰ ਵਿਦਿਆਰਥੀਆਂ ਨਾਲ ਹੈ। ਇਸ ਲਈ 'ਪੜਹਿ' ਪਦ ਦੇ ਅਰਥ 'ਪੜਤੇ' (ਪੈਂਦੇ) ਕਰਨੇ ਠੀਕ ਨਹੀਂ ਹਨ, ਇਸ ਦਾ ਸਬੰਧ ਪੜ੍ਹਨ ਨਾਲ ਹੈ ਜਿਵੇਂ 'ਮੂਰਖ ਪੜਹਿ ਸਬਦੁ ਨ ਬੂਝਹਿ, ਗੁਰਮੁਖਿ ਵਿਰਲੈ ਜਾਤਾ ਹੈ। ' (ਪੰਨਾ ੧੦੫੩)

## ਸਾਰੰਸ਼ ਅਤੇ ਸਿਧਾਂਤ

ਪਰਮਾਤਮਾ ਦੇ ਕੌਤਕ ਕਉਣ ਸਮਝ ਸਕਦਾ ਹੈ ? ਉਸ ਦਾ ਭੇਦ ਉਹ ਆਪ ਹੀ ਜਾਣਦਾ ਹੈ। ਆਪ ਹੀ ਆਪਣੇ ਭਗਤਾਂ ਦੇ ਮਗਰ ਵੈਰੀ ਲਾ ਦਿੰਦਾ ਹੈ ਅਤੇ ਆਪ ਹੀ ਵਿਚ ਪੈ ਕੇ ਆਪਣੀ ਅਸਚਰਜ ਕਲਾ ਵਰਤਾ ਕੇ ਉਨ੍ਹਾਂ ਦਾ ਰਾਖਾ ਬਣ ਜਾਂਦਾ ਹੈ। ਪਿਛਲੇ ਆਏ ਸ਼ਬਦ ਦੇ ਸਾਰੰਸ਼ ਅਤੇ ਸਿਧਾਂਤ ਵਿਚ ਇਸ ਅੰਸ਼ ਦੀ ਵਿਆਖਿਆ ਕਰ ਦਿਤੀ ਹੈ। ਇਸ ਸ਼ਬਦ ਦੀਆਂ ਅੰਤਲੀਆਂ ਪੰਕਤੀਆਂ ਇਸ ਸਿਧਾਂਤ ਤੇ ਮੋਹਰ ਲਾਂਦੀਆਂ ਹਨ :

**ਆਪਣੀ ਪੈਜ ਆਪੇ ਰਾਖੈ, ਭਗਤਾਂ ਦੇਇ ਵਡਿਆਈ ॥**
**ਨਾਨਕ, ਹਰਣਾਖਸੁ ਨਖੀ ਬਿਦਾਰਿਆ, ਅੰਧੈ ਦਰ ਕੀ ਖਬਰਿ ਨ ਪਾਈ ॥**

ਗੁਰਬਾਣੀ ਵਿਚ ਅਜਿਹੀਆਂ ਹੋਰ ਬਹੁਤ ਪੰਕਤੀਆਂ ਹਨ :

ਭਗਤ ਜਨਾ ਕੀ ਹਰਿ ਜੀਉ ਰਾਖੈ,
ਜੁਗ ਜੁਗਿ ਰਖਦਾ ਆਇਆ ਰਾਮ ॥ [ਪੰਨਾ ੭੩੮
ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ, ਧੁਰਿ ਤੂ ਰਖਦਾ ਆਇਆ ॥
ਪ੍ਰਹਿਲਾਦ ਜਨ ਤੁਧੁ ਰਾਖਿ ਲਏ ਹਰਿ ਜੀਉ,
ਹਰਣਾਖਸੁ ਮਾਰਿ ਪਚਾਇਆ॥ [ਪੰਨਾ ੬੩੭

ਅਸਲੀਅਤ ਇਹ ਹੈ ਕਿ ਭਗਤਾਂ ਤੇ ਸੰਸਾਰੀਆਂ ਦਾ ਸੁਭਅ ਤੇ ਕਰਮਾਂ ਦਾ ਆਪਸ ਵਿਚ ਕਦੇ ਜੋੜ ਨਹੀਂ ਬਣਦਾ :-

ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥ [ਪੰਨਾ ੧੪੫

## ਰਾਗੁ ਭੈਰਉ ਮਹਲਾ ੪ ਚਉਪਦੇ ਘਰੁ ੧

**੧ਓ ਸਤਿਗੁਰ ਪ੍ਰਸਾਦਿ ॥ ਹਰਿ ਜਨ ਸੰਤ, ਕਰਿ ਕਿਰਪਾ ਪਗਿ ਲਾਇਣੁ ॥ ਗੁਰ ਸਬਦੀ, ਹਰਿ ਭਜੁ ਸੁਰਤਿ ਸਮਾਇਣੁ ॥੧॥ ਮੇਰੇ ਮਨ, ਹਰਿ ਭਜੁ ਨਾਮੁ ਨਰਾਇਣੁ ॥ ਹਰਿ ਹਰਿ ਕ੍ਰਿਪਾ ਕਰੇ ਸੁਖਦਾਤਾ, ਗੁਰਮੁਖਿ ਭਵਜਲੁ ਹਰਿਨਾਮਿ ਤਰਾਇਣੁ ॥੧॥ ਰਹਾਉ ॥ ਸੰਗਤਿ ਸਾਧ ਮੇਲਿ ਹਰਿ ਗਾਇਣੁ ॥ ਗੁਰਮਤੀ, ਲੇ ਰਾਮ ਰਸਾਇਣੁ ॥੨॥ ਗੁਰ ਸਾਧੁ ਅੰਮ੍ਰਿਤ ਗਿਆਨ ਸਰਿ, ਨਾਇਣੁ ॥ ਸਭਿ ਕਿਲਵਿਖ ਪਾਪ ਗਏ ਗਾਵਾਇਣੁ ॥੩॥ ਤੂ ਆਪੇ ਕਰਤਾ ਸ੍ਰਿਸਟਿ ਧਰਾਇਣੁ ॥ ਜਨੁ ਨਾਨਕੁ ਮੇਲਿ, ਤੇਰਾ ਦਾਸ ਦਸਾਇਣੁ ॥੪॥੧॥**

**ਪਦ ਅਰਥ:**ਕਰਿ ਕਿਰਪਾ-ਕਿਰਪਾ ਕਰਕੇ। ਪਗਿ ਲਾਇ-ਚਰਨੀ ਲਾਂਦਾ ਹੈ। ਗੁਰ ਸਬਦੀ-ਗੁਰੂ ਦੇ ਸ਼ਬਦ ਦੀ ਰਾਹੀਂ। ਹਰਿ ਭਜੁ-ਹਰੀ ਨੂੰ ਸਿਮਰ। ਸੁਰਤਿ-ਸੁਰਤ ਵਿਚ। ਸਮਾਇਣੁ-ਜਾਗ ਲਗਾ ।੧।

ਗੁਰਮੁਖਿ-ਗੁਰੂ ਰਾਹੀਂ । ਭਵਜਲੁ-ਸੰਸਾਰ ਸਾਗਰ । ਹਰਿਨਾਮਿ-ਹਰਿ ਨਾਮ ਵਿਚ (ਜੋੜ ਕੇ)। ਤਰਾਇਣੁ-ਤਰ ਜਾ ।੧। ਰਹਾਉ ।

ਸੰਗਤਿ ਸਾਧ ਮੇਲਿ-ਸਾਧ ਸੰਗਤ ਦੇ ਮੇਲ ਵਿਚ । ਹਰਿ ਗਾਇਣੁ-ਪਰਮਾਤਮਾ ਦਾ ਜਸ ਗਾਇਨ ਕਰ, ਸਿਫਤਿ ਸਲਾਹ ਕਰ । ਗੁਰਮਤੀ-ਗੁਰੂ ਦੀ ਮਤ ਦੁਆਰਾ । ਰਾਮ ਰਸਾਇਣੁ-ਰਸਾਂ ਦਾ ਘਰ (ਵਾਹਿਗੁਰੂ) ।੨।

ਗੁਰ ਸਾਧੁ-ਗੁਰੂ ਸਾਧੂ ਦੇ । ਅੰਮ੍ਰਿਤ ਗਿਆਨ ਸਰਿ-ਅੰਮ੍ਰਿਤ (ਜੀਵਨ ਦੇਣ ਵਾਲੇ) ਗਿਆਨ ਸਰੋਵਰ ਵਿਚ । ਨਾਇਣੁ-ਇਸ਼ਨਾਨ ਕਰ । ਕਿਲਵਿਖ-ਪਾਪ । ਗਏ-ਚਲੇ ਗਏ । ਗਾਵਾਇਣੁ-ਤੂੰ (ਸਿਫਤ ਸਲਾਹ) ਗਾਵਿਆ ਕਰ ।੩।

ਸ੍ਰਿਸਟਿ ਧਰਾਇਣ-ਸ੍ਰਿਸ਼ਟੀ ਨੂੰ ਆਸਰਾ ਦੇਣ ਵਾਲਾ ਹੈ। ਦਾਸ ਦਸਾਇਣੁ-ਦਾਸਾਂ ਦਾ ਦਾਸ ।੪।

**ਅਰਥ** : (ਹੇ ਮੇਰੇ ਮਨ !) ਪਰਮਾਤਮਾ ਆਪ ਹੀ ਕਿਰਪਾ ਕਰਕੇ (ਆਪਣੇ) ਸੰਤ ਜਨਾਂ ਦੇ ਚਰਨਾ ਨਾਲ ਲਾਉਣ ਵਾਲਾ (ਭਾਵ ਜੋੜਨ ਵਾਲਾ) ਹੈ। (ਇਸ ਲਈ ਤੂੰ ਆਪਣੀ) ਸੁਰਤਿ ਵਿਚ (ਨਾਮ ਦੀ) ਜਾਗ ਲਾ (ਅਤੇ) ਗੁਰੂ ਦੇ ਸ਼ਬਦ ਦੁਆਰਾ ਪਰਮਾਤਮਾ ਦਾ ਸਿਮਰਨ ਕਰ ।੧।

ਹੇ ਮੇਰੇ ਮਨ ! ਤੂੰ (ਪਰਮਾਤਮਾ ਦਾ) ਨਾਮ 'ਹਰੀ ਨਾਰਾਇਣ' ਭਜ। (ਇਸ ਦੇ ਫਲਸਰੂਪ ਜੇ) ਸੁਖਾਂ ਦਾ ਦਾਤਾ ਹਰੀ (ਤੇਰੇ ਤੇ) ਕਿਰਪਾ ਕਰ ਦੇਵੇ (ਤਾਂ ਤੂੰ) ਗੁਰੂ ਦੁਆਰਾ ਹਰਿ ਨਾਮ ਵਿਚ ਜੁੜ, (ਉਸ ਨਾਮ ਰਾਹੀਂ ਤੂੰ) ਸੰਸਾਰ ਸਾਗਰ ਤੋਂ ਤਰ ਜਾ ।੧। ਰਹਾਉ ।

(ਹੇ ਮੇਰੇ ਮਨ ! ਤੂੰ ਆਪਣੇ ਆਪ ਨੂੰ) ਸਾਧ (ਗੁਰੂ ਦੀ) ਸੰਗਤ ਵਿਚ ਮੇਲ ਕੇ ਹਰੀ ਦਾ (ਜਸ) ਗਾਇਨ ਕਰ (ਸਿਫਤਿ ਸਾਲਾਹ ਕਰ) । ਗੁਰੂ ਦੀ ਮਤਿ ਲੈ ਕੇ ਤੂੰ ਪਰਮਾਤਮਾ ਦਾ (ਨਾਮ ਜਪੁ, ਜੋ ਸਮੂਹ) ਰੱਸਾਂ ਦਾ ਘਰ ਹੈ ।੨।

(ਹੇ ਮੇਰੇ ਮਨ ! ਤੂੰ) ਸਾਧੂ ਗੁਰੂ ਦੇ ਗਿਆਨ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰ । (ਜਿਨ੍ਹਾਂ ਨੇ ਗੁਰੂ ਗਿਆਨ ਸਰੋਵਰ ਵਿਚ ਇਸ਼ਨਾਨ ਕੀਤਾ, ਉਨ੍ਹਾਂ ਦੇ) ਸਾਰੇ ਛੋਟੇ ਵੱਡੇ ਪਾਪ ਦੂਰ ਹੋ ਗਏ ।੩।

(ਹੇ ਪ੍ਰਭੂ !) ਤੂੰ ਆਪ ਹੀ ਸ੍ਰਿਸ਼ਟੀ ਦਾ ਰਚਨਹਾਰ ਹੈਂ ਤੂੰ ਆਪ ਹੀ ਸਾਰੀ ਸ੍ਰਿਸ਼ਟੀ ਦਾ ਆਸਰਾ ਹੈਂ, (ਮੈਂ) ਦਾਸ ਨਾਨਕ ਨੂੰ (ਆਪਣੇ ਚਰਨਾਂ ਨਾਲ) ਮੇਲ ਲੈ, (ਮੈਂ ਤੇਰੇ) ਦਾਸਾਂ ਦਾ ਦਾਸ ਹਾਂ ।੪।੧।

## ਸਾਰੰਸ਼ ਅਤੇ ਸਿਧਾਂਤ

ਹਰੀ ਨਾਮ ਦੀ ਜਾਗ ਲਗਣੀ ਬੜੀ ਔਖੀ ਹੈ। ਪਰਮਾਤਮਾ ਆਪਣੀ ਕਿਰਪਾ ਕਰੇ, ਗੁਰੂ ਸੰਤ ਦੀ ਚਰਨੀ ਲਾ ਦੇਵੇ ਤਾਂ ਨਾਮ ਜਪਣ ਦੀ ਬਿਧਿ ਬਣ ਸਕਦੀ ਹੈ । ਅਸਲ ਵਿਚ ਗੁਰੂ ਸੰਗਤ ਨਾਲ ਮਿਲ ਕੇ ਹੀ ਹਰੀ ਦੇ ਗੁਣ ਗਾਏ ਜਾਂਦੇ ਹਨ ਅਤੇ ਗਾਉਣੇ ਚਾਹੀਦੇ ਹਨ।

ਗੁਰੂ ਪਾਤਿਸ਼ਾਹ ਦੇ ਬਖਸ਼ੇ ਹੋਏ ਆਤਮ ਗਿਆਨ ਦੇ ਸਰੋਵਰ ਵਿਚ ਇਸ਼ਨਾਨ ਕੀਤਿਆਂ ਹਰ ਪ੍ਰਕਾਰ ਦੇ ਪਾਪ ਦੂਰ ਹੋ ਜਾਂਦੇ ਹਨ । ਸੋ, ਕਰਤਾ-ਪੁਰਖ ਜੀ ਪਾਸ ਸੰਤ ਜਨਾਂ ਦੇ ਮਿਲਾਪ ਲਈ ਜੋਦੜੀ ਕਰਨੀ ਹੀ ਉਚਿਤ ਹੈ। ਕਿਉਂਕਿ ਇਹ ਮਾਰਗ ਨਿਮਣਪੁਣੇ ਦਾ ਹੈ :

**ਸੰਤਾ ਕੀ ਹੋਇ ਦਾਸਰੀ ਏਹੁ ਅਚਾਰਾ ਸਿਖੁ ਰੀ ॥**
**ਸਗਲ ਗੁਣਾ ਗੁਣ ਊਤਮੋ, ਭਰਤਾ ਦੂਰਿ ਨ ਪਿਖੁ ਰੀ ॥** [ਪੰਨਾ ੪੦੦

**ਭੈਰਉ ਮਹਲਾ ੪ ॥ ਬੋਲਿ ਹਰਿਨਾਮੁ, ਸਫਲ ਸਾ ਘਰੀ ॥ ਗੁਰ ਉਪਦੇਸਿ, ਸਭਿ ਦੁਖ ਪਰਹਰੀ ॥੧॥ ਮੇਰੇ ਮਨ, ਹਰਿ ਭਜੁ ਨਾਮੁ ਨਰਹਰੀ ॥ ਕਰਿ ਕਿਰਪਾ ਮੇਲਹੁ ਗੁਰੁ ਪੂਰਾ, ਸਤ ਸੰਗਤਿ ਸੰਗਿ ਸਿੰਧੁ ਭਉ ਤਰੀ ॥੧॥ਰਹਾਉ॥ ਜਗ ਜੀਵਨੁ ਧਿਆਇ ਮਨਿ ਹਰਿ ਸਿਮਰੀ ॥ ਕੋਟ ਕੋਟੰਤਰ, ਤੇਰੇ ਪਾਪ ਪਰਹਰੀ ॥੨॥ ਸਤ ਸੰਗਤਿ ਸਾਧ ਧੂਰਿ, ਮੁਖਿ ਪਰੀ ॥ ਇਸਨਾਨੁ ਕੀਓ, ਅਠਸਠਿ ਸੁਰਸਰੀ ॥੩॥ ਹਮ ਮੂਰਖ ਕਉ, ਹਰਿ ਕਿਰਪਾ ਕਰੀ ॥ ਜਨੁ ਨਾਨਕੁ ਤਾਰਿਓ, ਤਾਰਣ ਹਰੀ ॥੪॥੨॥**

**ਪਦ ਅਰਥ :** ਸਫਲ-ਫਲ ਸਹਿਤ । ਸਾ ਘਰੀ-ਉਹ ਘੜੀ । ਗੁਰ ਉਪਦੇਸਿ-ਗੁਰੂ ਉਪਦੇਸ਼ ਦੇ ਰਾਹੀਂ । ਪਰਹਰੀ-ਦੂਰ ਕਰ ਲੈ ।੧। ਨਾਮੁ ਨਰਹਰੀ-ਪਰਮਾਤਮਾ ਦਾ ਨਾਮ । ਸੰਗਿ-ਨਾਲ । ਸਿੰਧੁ ਭਵ-ਸਮੁੰਦ ਸਾਗਰ । ਤਰੀ-ਤਰਿਆ ਜਾਂਦਾ ਹੈ । ਜਗਜੀਵਨੁ-ਜਗਤ ਦਾ ਜੀਵਨ, ਆਸਰਾ ਦੇਣ ਵਾਲਾ । ਧਿਆਇ-ਧਿਆਨ ਕਰ । ਮਨਿ-ਮਨ ਵਿਚ । ਹਰਿ ਸਿਮਰੀ-ਹਰਿ ਸਿਮਰਿਆ ਕਰ । ਕੋਟ ਕੋਟੰਤਰ ਤੇਰੇ ਪਾਪ-ਤੇਰੇ ਕ੍ਰੋੜਾਂ ਪਾਪ । ਪਰਹਰੀ-ਦੂਰ ਕਰ ਦੇਵੇਗਾ ।੨। ਧੂਰਿ-ਧੂੜ । ਮੁਖਿ ਪਰੀ-ਮੱਥੇ ਤੇ ਪੈਂਦੀ (ਲਗਦੀ) ਹੈ । ਅਠਸਠਿ-ਅਠਾਹਠ (ਤੀਰਥ) । ਸੁਰਸਰੀ-ਗੰਗਾ ।੩। ਹਮ ਮੂਰਖ ਕਉ-ਮੈਂ ਮੂਰਖ ਉਤੇ । ਹਰਿ ਕਿਰਪਾ ਕਰੀ-ਪਰਮਾਤਮਾ ਨੇ ਕਿਰਪਾ (ਮਿਹਰ) ਕੀਤੀ । ਜਨੁ ਨਾਨਕ-ਦਾਸ ਨਾਨਕ ਨੂੰ । ਤਾਰਿਓ-ਤਾਰ ਲਿਆ । ਤਾਰਣਹਾਰੀ-ਤਾਰਣ ਵਾਲੇ ਹਰੀ ਨੇ ।੪।੨।

**ਅਰਥ:**(ਹੇ ਮੇਰੇ ਮਨ!) ਹਰੀ ਦਾ ਨਾਮ ਬੋਲ, (ਜਿਸ ਵੇਲੇ ਨਾਮ ਜਪਿਆ ਜਾਂਦਾ ਹੈ) ਓਹ ਘੜੀ ਸਫਲ ਹੋ ਜਾਂਦੀ ਹੈ। ਗੁਰੂ ਦੇ ਉਪਦੇਸ਼ ਦੁਆਰਾ (ਨਾਮ ਜਪ ਕੇ ਆਪਣੇ) ਸਾਰੇ ਦੁਖ ਦੂਰ ਕਰ ਲੈ ।੧।

ਹੇ ਮੇਰੇ ਮਨ ! ਤੂੰ ਪਰਮਾਤਮਾ ਦਾ ਨਾਮ 'ਨਰਹਰੀ' ਸਿਮਰ ਅਤੇ ਬੇਨਤੀ ਕਰ ਕਿ ਹੇ ਪ੍ਰਭੂ! ਜਿਸ ਨੂੰ ਤੁਸੀਂ ਕਿਰਪਾ ਕਰਕੇ ਪੂਰਾ ਗੁਰੂ ਮੇਲਦੇ ਹੋ (ਉਹ) ਸਤਸੰਗਤ ਨਾਲ (ਮਿਲ ਕੇ) ਸੰਸਾਰ ਸਮੁੰਦਰ ਤੋਂ ਪਾਰ ਹੋ ਜਾਂਦਾ ਹੈ ।੧। ਰਹਾਉ ।

(ਹੇ ਭਾਈ !) ਜਗਤ ਦੇ ਜੀਵਨ (ਪਰਮਾਤਮਾ) ਨੂੰ ਸਿਮਰ ਕੇ (ਆਪਣੇ) ਮਨ ਵਿਚ ਹਰੀ (ਨਾਮ ਨੂੰ) ਸਿਮਰਦਾ ਰਹੀਂ । (ਫਿਰ ਪਰਮਾਤਮਾ) ਤੇਰੇ ਕੋਟਾਨ ਕੋਟ ਪਾਪ ਦੂਰ ਕਰ ਦੇਵੇਗਾ ।

(ਹੇ ਮਨ !) ਸਤਸੰਗਤ ਵਿਚ (ਜਿਸ ਮਨੁੱਖ ਦੇ) ਮੱਥੇ ਉਤੇ ਸਾਧੂ ਜਨਾ ਦੀ ਚਰਨ ਧੂੜ (ਉਡ ਕੇ) ਪੈਂਦੀ ਹੈ(ਇਉਂ ਜਾਣ ਕਿ ਉਸ ਨੇ)ਗੰਗਾ ਆਦਿ ਅਠਾਹਠ ਤੀਰਥਾਂ ਦਾ ਇਸ਼ਨਾਨ) ਕਰ ਲਿਆ ।੩।

(ਹੇ ਭਾਈ !) ਮੈਂ ਮੂਰਖ ਉਤੇ ਹਰੀ ਨੇ (ਆਪਣੀ) ਕਿਰਪਾ ਕੀਤੀ । ਦਾਸ ਨਾਨਕ ਨੂੰ ਤਾਰਣ ਵਾਲੇ ਹਰੀ ਨੇ (ਸੰਸਾਰ ਸਮੁੰਦਰ ਤੋਂ) ਤਾਰ ਦਿਤਾ ।੪।੨।

## ਸਾਰੰਸ਼ ਅਤੇ ਸਿਧਾਂਤ

ਹਰੀ ਦਾ ਨਾਮ ਜਪ ਕੇ, ਹਰੀ ਦਾ ਕੀਰਤਨ ਕਰਕੇ ਸਮਾਂ ਸਫਲ ਹੁੰਦਾ ਹੈ । ਸਤਿਸੰਗਤ ਨਾਲ ਮਿਲ ਕੇ ਨਾਮ ਜਪਿਆਂ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਈਦਾ ਹੈ । ਨਾਮ ਸਿਮਰਨ ਦੀ ਬਰਕਤ ਨਾਲ ਅਨੇਕਾ ਜਨਮਾਂ ਦੇ ਪਾਪ ਦੁਖ ਕਲੇਸ਼ ਨਾਸ਼ ਹੋ ਜਾਂਦੇ ਹਨ ।ਜਿਸ ਜਗਿਆਸੂ ਨੂੰ ਸਾਧ ਸੰਗਤਿ ਦੀ ਚਰਨ ਧੂੜ ਪ੍ਰਾਪਤ ਹੋ ਜਾਂਦੀ ਹੈ, ਉਹ ਮਾਨੋ ਅਠਾਹਠ ਤੀਰਥਾਂ ਦਾ ਇਸ਼ਨਾਨੀ ਬਣ ਜਾਂਦਾ ਹੈ ।

ਗੁਰੂ ਰਾਮਦਾਸ ਪਾਤਿਸ਼ਾਹ ਨਿਮਰਤਾ ਭਰੇ ਸ਼ਬਦਾਂ ਨਾਲ ਦਸਦੇ ਹਨ ਕਿ ਮੈਂ ਮੂਰਖ ਉਤੇ ਵੀ ਹਰੀ ਨੇ ਆਪਣੀ ਕਿਰਪਾ ਕੀਤੀ, ਆਪਣੇ ਨਾਮ ਦੀ ਦਾਤਿ ਬਖਸ਼ ਕੇ ਸੰਸਾਰ-ਸਾਗਰ ਤੋਂ ਪਾਰ ਕਰ ਦਿਤਾ।

**ਭੈਰਉ ਮਹਲਾ ੪ ॥ ਸੁਕ੍ਰਿਤੁ ਕਰਣੀ, ਸਾਰੁ ਜਪਮਾਲੀ ॥ ਹਿਰਦੈ ਫੇਰਿ, ਚਲੈ ਤੁਧੁ ਨਾਲੀ ॥੧॥ ਹਰਿ ਹਰਿ ਨਾਮੁ ਜਪਹੁ ਬਨਵਾਲੀ ॥ ਕਰਿ ਕਿਰਪਾ ਮੇਲਹੁ ਸਤ**

**ਸੰਗਤਿ, ਤੂਟਿ ਗਈ ਮਾਇਆ ਜਮਜਾਲੀ ॥੧॥ ਰਹਾਉ ॥ ਗੁਰਮੁਖਿ, ਸੇਵਾ ਘਾਲ ਜਿਨਿ ਘਾਲੀ॥ ਤਿਸੁ ਘੜੀਐ ਸਬਦੁ, ਸਚੀ ਟਕਸਾਲੀ ॥੨॥ ਹਰਿ ਅਗਮ ਅਗੋਚਰੁ ਗੁਰਿ ਅਗਮ ਦਿਖਾਲੀ॥ ਵਿਚਿ ਕਾਇਆ ਨਗਰ ਲਧਾ, ਹਰਿ ਭਾਲੀ ॥੩॥ ਹਮ ਬਾਰਿਕ, ਹਰਿ ਪਿਤਾ ਪ੍ਰਤਿਪਾਲੀ॥ ਜਨ ਨਾਨਕ ਤਾਰਹੁ ਨਦਰਿ ਨਿਹਾਲੀ॥੪॥੩॥**

**ਪਦ ਅਰਥ :** ਸੁਕ੍ਰਿਤ ਕਰਣੀ-ਪੁੰਨ ਰੂਪ ਕਰਣੀ । ਸਾਰੁ-ਸ੍ਰੇਸ਼ਟ । ਜਪਮਾਲੀ-ਮਾਲਾ । ਹਿਰਦੈ-ਹਿਰਦੇ ਵਿਚ । ਫੇਰਿ-ਫੇਰਿਆ ਕਰ । ਨਾਲੀ-ਨਾਲਿ, ਸੰਗ ।੧।

ਜਪਹੁ-(ਤੁਸੀ) ਜਪੋ । ਬਨਵਾਲੀ-(ਸੰਸਾਰ) ਬਨ ਦੇ ਵਾਲੀ (ਮਾਲਕ) ਦਾ । ਕਰਿ-ਕਰਕੇ । ਜਮ ਜਾਲੀ-ਜਮ ਦੀ ਜਾਲੀ, ਮੌਤ ਦੀ ਫਾਹੀ ।੧। ਰਹਾਉ ।

ਗੁਰਮੁਖਿ-ਗੁਰੂ ਦੁਆਰਾ । ਘਾਲ-ਸੇਵਾ, ਮਿਹਨਤ । ਘਾਲ ਜਿਨਿ ਘਾਲੀ-ਜਿਸ (ਮਨੁੱਖ) ਨੇ ਘਾਲਣਾ ਘਾਲੀ ਹੈ । ਤਿਸੁ ਘੜੀਐ ਸਬਦੁ-ਉਸ ਦਾ ਸ਼ਬਦ (ਭਾਵ ਸਿਮਰਨ ਅਭਿਆਸ) ਘੜਿਆ ਜਾਂਦਾ ਹੈ । ਸਚੀ ਟਕਸਾਲੀ-ਸਚ ਰੂਪੀ ਟਕਸਾਲ ਵਿਚ ।੨।

ਅਗਮ-ਅਪਹੁੰਚ । ਅਗੋਚਰੁ-ਜਿਥੇ ਇੰਦ੍ਰੀਆਂ ਦੀ ਪਹੁੰਚ ਨਹੀਂ । ਗੁਰਿ-ਗੁਰੂ ਨੇ । ਦਿਖਾਲੀ-ਦਰਸ਼ਨ ਦਿਤਾ । ਨਗਰ-ਸ਼ਹਿਰ । ਭਾਲੀ-ਭਾਲ ਕੇ ।੩।

ਹਮ ਬਾਰਿਕ-ਅਸੀਂ (ਜੀਵ) ਬੱਚੇ ਹਾਂ । ਪ੍ਰਤਿਪਾਲੀ-ਪਾਲਣ ਵਾਲਾ । ਨਦਰਿ-(ਮਿਹਰ ਦੀ) ਨਜ਼ਰ । ਨਿਹਾਲੀ-ਤਕ ਕੇ ।੪।

**ਅਰਥ:**(ਹੇ ਭਾਈ! ਜੀਵਨ ਵਿਚ) ਪੁਨ ਰੂਪ ਕਰਣੀ (ਹੀ ਸਭ ਤੋਂ) ਸ੍ਰੇਸ਼ਟ ਮਾਲਾ ਹੈ। (ਹੇ ਭਾਈ! ਇਸ ਮਾਲਾ ਨੂੰ ਆਪਣੇ) ਹਿਰਦੇ ਵਿਚ ਫੇਰ (ਇਹ ਮਾਲਾ ਪਰਲੋਕ ਵਿਚ ਤੇਰੇ) ਨਾਲ ਚਲੇਗੀ ।੧।

ਹੇ ਭਾਈ ! ਸੰਸਰ ਬਨ ਦਾ ਮਾਲਕ (ਪਰਮਾਤਮਾ ਦਾ) ਹਰਿ ਹਰਿ ਨਾਮ (ਸਦਾ) ਜਪਦੇ ਰਹੁ । (ਹੇ ਪ੍ਰਭੂ! ਜਿਸ ਉਤੇ) ਕਿਰਪਾ ਕਰਕੇ (ਤੁਸੀ)ਸਤਸੰਗਤ ਨਾਲ ਮੇਲ ਦਿੰਦੇ ਹੋ, (ਉਸਦੀ ਮਾਨੋ) ਮਾਇਆ (ਮੋਹ) ਦੀ ਜਮਾ ਵਾਲੀ ਜਾਲੀ (ਫਾਹੀ)ਟੁਟ ਜਾਂਦੀ ਹੈ (ਭਾਵ ਉਹ ਜਮਾਂ ਦੇ ਵਸ ਨਹੀਂ ਪੈਂਦਾ)।੧ਰਹਾਉ।

(ਹੇ ਭਾਈ !) ਜਿਸ (ਮਨੁੱਖ) ਨੇ ਗੁਰੂ ਦੁਆਰਾ ਨਾਮ ਸਿਮਰਨ ਦੀ ਘਾਲ ਘਾਲੀ ਹੈ (ਭਾਵ ਨਾਮ ਅਭਿਆਸ ਕਮਾਈ ਕੀਤੀ ਹੈ), ਸਚੀ ਟਕਸਾਲ ਵਿਚ (ਉਸਦਾ) ਸ਼ਬਦ (ਨਾਮ-ਸਿਮਰਨ) ਘੜਿਆ ਜਾਂਦਾ ਹੈ ।੨।

ਹਰੀ ਜੋ ਅਪਹੁੰਚ ਹੈ (ਅਤੇ) ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਹੈ, ਗੁਰੂ ਨੇ (ਉਸ ਦੀ) ਅਗੰਮਤਾ (ਹਿਰਦੇ ਵਿਚ) ਵਿਖਾ ਦਿਤੀ ਹੈ। ਸਰੀਰ ਰੂਪੀ ਨਗਰ ਵਿਚ ਹਰੀ ਨੂੰ ਢੂੰਡ ਕੇ ਲਭ ਲਿਆ ਹੈ ।੩।

ਹੇ ਹਰੀ ! ਅਸੀਂ (ਤੇਰੇ) ਬੱਚੇ ਹਾਂ, (ਤੂੰ ਸਾਡੀ) ਪ੍ਰਤਿਪਾਲਨਾ ਕਰਨ ਵਾਲਾ ਪਿਤਾ ਹੈਂ । ਦਾਸ ਨਾਨਕ (ਬੇਨਤੀ ਕਰਦਾ ਹੈ ਕਿ ਹੇ ਪ੍ਰਭੂ! ਸਾਡੇ ਤੇ) ਮਿਹਰ ਦੀ ਨਜ਼ਰ ਕਰਕੇ (ਸਾਨੂੰ ਸੰਸਾਰ ਸਮੁੰਦਰ ਤੋਂ) ਪਾਰ ਕਰ ਦਿਓ ।੪।੩।

## ਅਰਥ ਭੇਦ ਅਤੇ ਨਿਰਣੈ

**ੳ) ਸੁਕ੍ਰਿਤੁ ਕਰਣੀ ਸਾਰੁ ਜਪਮਾਲੀ ॥ ਹਿਰਦੈ ਫੇਰਿ ਚਲੈ ਤੁਧੁ ਨਾਲੀ ॥**

ਵਖ ਵਖ ਅਰਥ :

੧. ਬੇਨਤੀ-(ਸੁਕ੍ਰਿਤ) ਪੁੰਨ ਰੂਪ ਕਰਣੀ ਜੋ ਹੈ ਏਹੀ ਸ੍ਰੇਸ਼ਟ ਮਾਲਾ ਹੈ। ਜੋ ਹਿਰਦੇ ਵਿਖੇ ਧਾਰਨੀ ਹੈ ਜਪ ਕਰਣੇ ਕੀ ਏਹੀ ਫੇਰਨ ਕੀਆ ਹੈ ਜੋ ਹਮਾਰੀ ਪ੍ਰਤੀਤ ਅੰਤ ਪ੍ਰਯੰਤ ਤੇਰੇ ਸਾਥ ਚਲੇ।[ਫ ਸ.

੨. ਸੁਕ੍ਰਿਤੁ-ਪੁਨ ਰੂਪ ਜੋ ਸਰੇਸ਼ਟ ਕਰਣੀ ਹੈ ਏਹੋ ਇਕ ਸਾਰੁ-ਸਰੇਸ਼ਟ ਮਾਲਾ ਪਰਲੋਕ ਵਿਚ ਤੇਰੇ ਨਾਲ ਚਲਣ ਵਾਲੀ ਹੈ। [ਸੰ. ਸ.

੩. ਹੇ ਭਾਈ ! (ਪਰਮਾਤਮਾ ਦਾ ਨਾਮ ਆਪਣੇ ਹਿਰਦੇ ਵਿਚ) ਸੰਭਾਲ ਰੱਖ, ਇਹੀ ਹੈ ਸਭ ਤੋਂ ਸ੍ਰੇਸ਼ਟ ਕਰਨ-ਜੋਗ ਕੰਮ, ਇਹੀ ਹੈ ਮਾਲਾ (ਇਸ ਹਰਿ ਨਾਮ ਸਿਮਰਨ ਦੀ ਮਾਲਾ ਨੂੰ ਆਪਣੇ) ਹਿਰਦੇ ਵਿਚ ਫੇਰਿਆ ਕਰੀਂ, ਇਹੀ ਹਰਿਨਾਮ ਤੇਰੇ ਨਾਲ ਸਾਥ ਕਰੇਗਾ। [ਦਰਪਣ

੪. ਜਪਮਾਲੀ ਹੀ ਸਾਰੁ ਅਤੇ ਸੁਕ੍ਰਿਤੀ ਕਰਨੀ ਹੈ। ਇਸ ਜਪਮਾਲਾ ਨੂੰ ਹਿਰਦੇ ਅੰਦਰਿ ਫੇਰਿ (ਸੁਆਸਿ ਅਭਿਆਸੀ ਨਾਮ ਦਾ ਖੰਡਾ ਖੜਕਾ ਕੇ) ਏਸ ਜਪ ਮਾਲੀ ਰੂਪੀ ਸ੍ਰੇਸ਼ਟ ਕਰਨੀ ਨੇ ਤੇਰੇ ਨਾਲ ਓੜਕ ਨਿਭਣਾ ਹੈ। ਜਿਹੜੇ ਪਹਿਲੀ ਪੰਕਤੀ ਦਾ ਇਉਂ ਅਰਥ ਕਰਦੇ ਹਨ ਕਿ ਚੰਗੀ ਕਰਨੀ ਹੀ ਸ੍ਰੇਸ਼ਟ ਘਾਲ ਹੈ, ਓਹ ਆਪਣੇ ਜਾਣੇ ਚੰਗੇ ਕਰਮਾਂ ਨੂੰ ਨਾਮ ਜਪ ਤੋਂ ਭਿੰਨ ਸਮਝਦੇ ਹਨ। ਗੁਰਮਤਿ ਅਨੁਸਾਰ ਨਾਮ ਅਭਿਆਸ ਤੋਂ ਉਪਰ ਹੋਰ ਕੋਈ ਕਰਮ ਨਹੀਂ। ਸ੍ਰੇਸ਼ਟ ਕਰਨੀ ਵਾਲਾ ਕਰਮ ਹੈ ਹੀ ਨਾਮ ਜਾਪ। ਉਨ੍ਹਾਂ ਦੇ ਉਕਤ ਅਰਥਾਂ ਨੂੰ ਦੂਜੀ ਪੰਗਤੀ ਖੰਡਤ ਕਰਦੀ ਹੈ। ਸੁਕ੍ਰਿਤ ਕਰਮਾਂ ਨੂੰ ਹਿਰਦੇ ਅੰਦਰਿ ਕਿਵੇਂ ਫੇਰੋਗੇ ? ਇਹ ਤਾਂ ਨਾਮ ਦਾ ਖੰਡਾ ਹੀ ਹੈ ਜਿਸ ਨੂੰ ਖੜਕਵੀ ਰੜਕਾਇ ਕੇ ਹਿਰਦੇ ਅੰਦਰਲੇ 'ਸੁਆਸਾਂ' ਸੇਤੀ ਫੇਰਿਆ ਜਾ ਸਕਦਾ ਹੈ।

[ਗੁਰਬਾਣੀ ਵਿਲਖਣਤਾ ਭਾ. ਸ. ਰਣਧੀਰ ਸਿੰਘ ਜੀ

**ਨਿਰਣੈ :** ਭਾ. ਕਾਨ੍ਹ ਸਿੰਘ ਜੀ ਨਾਭਾ ਅਨੁਸਾਰ ਸਿਖ ਧਰਮ ਵਿਚ ਗਿਣਤੀ ਨਾਲ ਨਾਮ-ਜਪ ਦਾ ਵਿਧਾਨ ਨਹੀਂ ਹੈ :-

**੧. ਹਰਿ ਮਾਲਾ ਉਰ ਅੰਤਰਿ ਧਾਰੈ॥ ਜਨਮ ਮਰਣ ਕਾ ਦੂਖੁ ਨਿਵਾਰੈ॥ [ਆਸਾ ਮ:੫**

**੨. ਹਿਰਦੈ ਜਪਨੀ ਜਪਉ ਗੁਣਤਾਸਾ ॥ [ਬਿਲ ਮ: ੩**

**੩. ... ਮਨਿ ਜਪੀਐ ਹਰਿ ਜਪਮਾਲਾ ॥ [ਮਾਲੀ ਮ: ੪**

ਭਗਤ ਕਬੀਰ ਜੀ ਨੇ 'ਮਾਲੀ ਮੇਲੀ ਚਾਰ' ਦਾ ਜੋ ਜ਼ਿਕਰ ਕੀਤਾ ਹੈ, ਚਾਰ ਮਤਾਂ ਦੀ ਮਾਲਾ ਇਸ ਪ੍ਰਕਾਰ ਹੈ :-

੧. ਵੈਸ਼ਨਵਾ ਦੀ ਮਾਲਾ ਤੁਲਸੀ, ਕਮਲਗੱਟਾ ਅਤੇ ਸਫੈਦ ਚੰਦਨ ਦੀ,

੨. ਸਾਕ੍ਤਾਂ ਦੀ ਮਾਲਾ-ਲਾਲ ਚੰਦਨ ਦੀ।

੩. ਸ਼ੈਵਾਂ ਦੀ ਮਾਲਾ-ਰੁਦ੍ਰਾਖ ਦੀ।

੪. ਸੌ (ਸੂਰਜ ਉਪਾਸ਼ਕਾਂ) ਦੀ ਮਾਲਾ-ਸਰਵਣ (ਸੋਨੇ) ਦੀ।

ਹਿੰਦੂ ਮਤ ਦੇ ਗ੍ਰੰਥਾਂ ਵਿਚ ਮਾਲਾ ਤਿੰਨ ਪ੍ਰਕਾਰ ਦੀ ਲਿਖੀ ਹੈ :

(੧) ਕਰ ਮਾਲਾ (੨) ਵਰਣਮਾਲਾ (੩) ਅਖਰਮਾਲਾ

ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਇਹ ਲਿਖਣਾ ਕਿ 'ਜਪਮਾਲੀ' ਹੀ ਸਾਰੁ ਅਤੇ ਸੁਕ੍ਰਿਤ ਕਰਨੀ ਹੈ, ਠੀਕ ਨਹੀਂ। ਹਾਂ, ਇਹ ਸੁਕ੍ਰਿਤ ਕਰਨੀ ਦੀ ਸੰਭਾਲ ਜਪਮਾਲੀ ਦੀ ਪ੍ਰਤੀਕ ਹੋ ਸਕਦੀ ਹੈ। ਫਿਰ ਇਥੇ ਹਥ ਨਾਲ ਫੇਰਨ ਦਾ ਉਕਾ ਸੰਕੇਤ ਨਹੀਂ, ਹਿਰਦੇ ਵਿਚ ਫੇਰਨ ਦੀ ਗਲ ਕੀਤੀ ਹੈ। ਹੇ ਜੀਵ, ਇਹੋ ਜਿਹੀ ਜਪਮਾਲੀ ਅੰਤ ਸਮੇਂ ਤੇਰੇ ਨਾਲ ਰਬੀ ਦਰਗਾਹ ਵਿਚ ਜਾ ਸਕਦੀ ਹੈ। ਕਾਠ ਦੀ ਜਪਮਾਲੀ ਤਾਂ ਸਰੀਰ ਦੇ ਨਾਲ ਹੀ ਸੜ ਜਾਂਦੀ ਹੈ।

ਬਾਹਰਲੀ ਵਿਖਾਵੇ ਦੀ ਮਾਲਾ ਨਾਲ ਮਨ ਦਾ ਟਿਕਾਓ ਨਹੀਂ ਹੁੰਦਾ, ਪਰ ਲੋਕਾਂ ਦੀ ਵਾਹ ਵਾਹ ਖੱਟਣ ਲਈ ਇਹ ਚੰਗਾ ਸਾਧਨ ਹੈ। ਭਗਤ ਕਬੀਰ ਜੀ ਵੇਲੇ ਜਪ-ਮਾਲੀਆਂ ਰਖਣ ਵਾਲੇ, ਪਖੰਡ ਕਰਮਾਂ ਕਰਕੇ ਸਮਾਜ ਵਿਚ ਬਦਨਾਮ ਹੋ ਚੁੱਕੇ ਸਨ ਜਿਸ ਦਾ ਸੰਕੇਤ ਭਗਤ ਬਾਣੀ ਵਿਚੋਂ ਵੀ ਉਪਲਬਧ ਹੈ :-

**ਗਜ ਸਾਢੇ ਤੈ ਤੈ ਧੋਤੀਆ, ਤਿਹਰੇ ਪਾਇਨਿ ਤਗ ॥**
**ਗਲੀ ਜਿਨਾ ਜਪਮਾਲੀਆ, ਲੋਟੇ ਹਥਿ ਨਿਬਗ ॥**
**ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥** [ਪੰਨਾ ੪੭੬

ਸੋ, ਇਸ ਪੰਕਤੀ ਵਿਚ 'ਸਾਰੁ' ਪਦ ਦੇ ਅਰਥ 'ਸੰਭਾਲ' ਨਾਲੋਂ 'ਸ਼੍ਰੇਸਟ' ਕਰਨੇ ਹੀ ਪ੍ਰਕਰਣ ਦੇ ਅਨੁਕੂਲ ਹੋਣਗੇ।

**ਅ) ਗੁਰਮੁਖਿ ਸੇਵਾ ਘਾਲ ਜਿਨਿ ਘਾਲੀ ॥**
**ਤਿਸੁ ਘੜੀਐ ਸਬਦੁ ਸਚੀ ਟਕਸਾਲੀ ॥**

ਵਖ ਵਖ ਅਰਥ :

੧. ਜਿਸ ਗੁਰਮੁਖ ਨੇ ਤੇਰੀ ਸੇਵਾ ਰੂਪੀ ਘਾਲ ਘਾਲੀ ਹੈ, ਤਿਸ ਕੀ ਬਾਣੀ ਸਤਿਸੰਗ ਵਿਖੇ ਸੁਧਰਤੀ ਭਈ ਹੈ। [ਫ. ਸ.

੨. ਗੁਰੂ ਦੁਆਰਾ ਸਚੀ ਟਕਸਾਲ ਵਿਚ ਉਸ ਦਾ ਸ਼ਬਦ (ਆਚਰਨ) ਘੜਿਆ ਜਾਂਦਾ ਹੈ। 'ਘੜੀਐ ਸਬਦੁ ਸਚੀ ਟਕਸਾਲ'। [ਸ਼ਬਦਾਰਥ

੩. ਹੇ ਭਾਈ! ਜਿਸ (ਮਨੁੱਖ) ਨੇ ਗੁਰੂ ਦੀ ਸ਼ਰਨ ਪੈ ਕੇ ਹਰਿਨਾਮ ਸਿਮਰਨ ਦੀ ਮਿਹਨਤ ਕੀਤੀ, (ਜਤ, ਧੀਰਜ, ਉਚੀ ਮਤਿ, ਆਤਮਕ ਜੀਵਨ ਦੀ ਸੂਝ, ਭਉ ਆਦਿਕ ਦੀ) ਸਦਾ ਥਿਰ ਰਹਿਣ ਵਾਲੀ ਟਕਸਾਲ ਵਿਚ ਉਸ ਮਨੁੱਖ ਦਾ ਹਰਿਨਾਮ ਸਿਮਰਨ ਦਾ ਉਦਮ ਸੋਹਣਾ ਰੂਪ ਧਾਰ ਲੈਂਦਾ ਹੈ। [ਦਰਪਣ

੪. ਗੁਰਮਤਿ ਨਾਮ (ਵਾਹਿਗੁਰੂ) ਦੇ ਸਿਮਰਨ ਰੂਪੀ ਸੇਵਾ ਮਈ ਘਾਲ ਜਿਸ ਨੇ ਘਾਲੀ ਹੈ ਉਸ ਨੂੰ ਸਮਝੋ ਕਿ ਗੁਰਮਤਿ ਰੂਪੀ ਸਚੀ ਟਕਸਾਲ ਤੋਂ ਗੁਰਦੀਖਿਆ ਰੂਪੀ ਸ਼ਬਦ (ਸਚੀ ਗੁਰਮਤਿ

ਜੁਗਤੀ ਦੁਆਰਾ ਪੰਜਾਂ ਪਿਆਰਿਆਂ ਤੋਂ) ਘੜਿਆਂ ਹੀ ਮਿਲਿਆ ਹੈ। ਸ਼ਬਦਾਰਥੀਆਂ ਦੇ ਇਹ ਅਰਥ ਕਰਨੇ (ਪਿਛਲੀ ਪੰਗਤੀ ਦੇ) ਓਹਨਾਂ ਦੀ ਗੁਰਮਤ ਦੀ ਤੱਤ ਗਿਆਤ ਤੋਂ ਅਗਿਆਤ ਹੋਣ ਦਾ ਸਬੂਤ ਹਨ ਸਚੀ ਟਕਸਾਲ ਵਿਚਿ ਉਸਦਾ ਸ਼ਬਦ (ਆਚਰਣ) ਘੜਿਆ ਜਾਂਦਾ ਹੈ। ਗੁਰਬਾਣੀ ਅੰਦਰਿ ਕਿਤੇ ਭੀ 'ਸ਼ਬਦ' ਦੇ ਅਰਥ ਆਚਰਨ ਦੇ ਨਹੀਂ ਆਉਂਦੇ। ਕੈਸੇ ਮਨ ਘੜਤ ਅਰਥ ਹਨ। [ਗੁਰਬਾਣੀ ਵਿਲਖਣਤਾ ਭਾ. ਸ. ਰਣਧੀਰ ਸਿੰਘ ਜੀ

**ਨਿਰਣੈ** : 'ਮਹਾਨ-ਕੋਸ਼' ਦੇ ਕਰਤਾ ਨੇ 'ਸ਼ਬਦੁ' ਪਦ ਦੇ ਅਰਥ 'ਧਰਮ ਜੀਵਨ' ਕੀਤੇ ਹਨ "ਘੜੀਐ ਸਬਦੁ ਸਚੀ ਟਕਸਾਲ" (ਜਪੁ) ਸੱਚੀ ਟਕਸਾਲ ਦਾ ਧਰਮਜੀਵਨ ਇਉਂ ਘੜਿਆ ਜਾਂਦਾ ਹੈ। ਇਸੇ ਅਧਾਰ ਤੇ ਪ੍ਰਿੰ: ਤੇਜਾ ਸਿੰਘ ਜੀ ਨੇ ਆਪਣੇ ਰਚਿਤ ਜਪੁਜੀ ਸਟੀਕ ਅਤੇ 'ਸ਼ਬਦਾਰਥ' ਵਿਚ ਅਰਥ ਕੀਤੇ ਹਨ, ਇਸ ਪੰਕਤੀ ਦੇ ਅਰਥ ਭੇਦਾਂ ਦਾ ਨਿਰਣਾਂ ਇਸ ਸਟੀਕ ਦੀ ਪਹਿਲੀ ਪੋਥੀ ਦੇ ਪੰਨਾ ੧੯੧ ਤੇ ਵੇਰਵੇ ਸਹਿਤ ਕੀਤਾ ਗਿਆ ਹੈ ਜੋ ਇਸ ਪ੍ਰਕਾਰ ਹੈ :-

'ਸ਼ਬਦ' ਦੇ ਪ੍ਰਸਿਧ ਤੇ ਪ੍ਰਮਾਣੀਕ ਅਰਥ, ਬਾਣੀ, ਵਾਕ, ਹੁਕਮ, ਮੰਤ੍ਰ, ਉਪਦੇਸ਼ ਆਦਿ ਹਨ, ਆਚਰਨ ਨਹੀਂ। ਇਹ ਠੀਕ ਹੈ ਕਿ ਗੁਰ ਸ਼ਬਦ ਦੀ ਪ੍ਰਾਪਤੀ ਤੋਂ ਉਪ੍ਰੰਤ ਮਨੁਖ ਨੂੰ ਜੀਵਨ-ਮਾਰਗ ਦੀ ਸਹੀ ਸੇਧ ਮਿਲਦੀ ਹੈ ਤੇ ਮਨੁੱਖ ਓਦਾਂ ਦੀ ਕਰਣੀ ਕਮਾਉਂਦਾ ਹੈ ਪਰ ਇਥੇ ਤਾਂ 'ਸ਼ਬਦ' ਦੀ ਘਾੜਤ ਦਾ ਵਰਨਣ ਹੋ ਰਿਹਾ ਹੈ। ਇਥੇ ਸ਼ਬਦ ਤੋਂ ਭਾਵ ਨਾਮ-ਅਭਿਆਸ ਵਾਲਾ ਸ਼ਬਦ (ਮੰਤ੍ਰ) ਹੈ। ਕਿਉਂਕਿ ਜਗਿਆਸੂ ਜਦੋਂ ਜਤ ਰੂਪ ਭਠੀ, ਧੀਰਜ ਰੂਪ ਸੁਨਿਆਰਾ, ਬੁਧੀ ਰੂਪ ਅਹਿਰਣ, ਗਿਆਨ ਰੂਪ ਹਥੋੜਾ, ਭਉ ਰੂਪ ਖਲਾ, ਤਪ ਰੂਪ ਅਗਨੀ ਪ੍ਰੇਮ ਰੂਪ ਭਾਂਡਾ ਬਣਾ ਕੇ ਉਸ ਵਿਚ ਅੰਮ੍ਰਿਤ ਨਾਮ ਰੂਪੀ ਢਾਲ ਕੇ ਟਿਕਾਂਦਾ ਹੈ ਤਾਂ ਅਜਿਹੀ ਸਚੀ ਟਕਸਾਲ ਅੰਦਰ ਸ਼ਬਦ - ਅਭਿਆਸ ਘੜਿਆ ਜਾਂਦਾ ਹੈ। ਅਰਥਾਤ ਜੀਵ ਨਾਮ ਦੀ ਸਚੀ ਕਾਰ ਵਿਚ ਲਗਦਾ ਹੈ। ਸੋ, ਸੋਨੇ ਦੇ ਘੜਨ ਦਾ ਪ੍ਰਮਾਣ ਦੇ ਕੇ ਸਾਨੂੰ ਸ਼ਬਦ ਘੜਨ ਦੀ ਜਾਚ ਸਿਖਾਈ ਹੈ:-

**ਜਿਉ ਕਨਿਕੋ ਕੋਠਾਰੀ ਚੜਿਓ; ਕਬਰੋ ਹੋਤ ਫਿਰੋ ॥**
**ਜਬ ਤੇ ਸੁਧ ਭਏ ਹੈ ਬਾਰਹਿ, ਤਬ ਤੇ ਥਾਨ ਥਿਰੋ ॥** [ਪੰਨਾ ੧੨੦੩

## ਸਾਰੰਸ਼ ਅਤੇ ਸਿਧਾਂਤ

ਲੋਕੀਂ ਐਵੇਂ ਹੱਥਾਂ ਵਿਚ ਮਾਲਾ, ਗਲ ਵਿਚ ਮਾਲਾ, ਦਸਤਾਰ ਉਤੇ ਮਾਲਾ ਸਜਾਉਂਦੇ ਰਹਿੰਦੇ ਹਨ। ਗੁਰੂ ਪਾਤਿਸ਼ਾਹ ਫੁਰਮਾਉਂਦੇ ਹਨ ਕਿ ਚੰਗੀ ਕਰਣੀ ਹੀ ਸ੍ਰੇਸ਼ਟ ਮਾਲਾ ਹੈ ਫਿਰ ਲੋਕ-ਵਿਖਾਵਾ ਛਡੋ, ਹਿਰਦੇ ਨਾਲ ਭਾਵ ਦਿਲ ਲਾ ਕੇ ਹਰੀ ਦਾ ਨਾਮ ਜਪੋ। ਪੰਚਮ ਗੁਰਦੇਵ ਜੀ ਫੁਰਮਾਉਂਦੇ ਹਨ :

**ਹਰਿ ਹਰਿ ਅਖਰ ਦੁਇ ਇਹ ਮਾਲਾ ॥**
**ਜਪਤ ਜਪਤ ਭਏ ਦੀਨ ਦਇਆਲਾ ॥** [ਪੰਨਾ ੩੮੮

ਭਾਵ 'ਹਰੀ ਹਰੀ' ਇਹ ਦੋ ਅਖਰ ਹੀ ਮਾਲਾ ਰੂਪ ਹਨ। ਇਹ ਦੋ ਅਰਥ ਸ਼ਬਦ ਨੂੰ ਜਪਦਿਆਂ ਜਪਦਿਆਂ ਨਿਮਾਣਿਆਂ ਉਤੇ ਮਾਣ ਕਰਨ ਵਾਲਾ ਵਾਹਿਗੁਰੂ ਦਇਆਲੂ ਹੋ ਜਾਂਦਾ ਹੈ।

ਹਰੀ ਦੀ ਕਿਰਪਾ ਨਾਲ ਜਦ ਗੁਰੂ ਦਾ ਮਿਲਾਪ ਹੁੰਦਾ ਹੈ ਤਾਂ ਉਸਦੀ ਸੰਗਤ ਤੇ ਸੇਵਾ ਕਰਕੇ ਮਨੁੱਖ ਦੇ ਧਾਰਮਿਕ ਜੀਵਨ ਦੀ ਆਭਾ ਚਮਕਦੀ ਹੈ ਕਿਉਂਕਿ ਉਸ ਟਕਸਾਲ ਵਿਚ ਸ਼ਬਦੁ (ਨਾਮ-ਸਿਮਰਨ) ਘੜਿਆ ਜਾਂਦਾ ਹੈ, ਜਿਸ ਨਾਲ ਉਸ ਨੂੰ ਆਪਣੇ ਅੰਦਰ ਵਸਦਾ ਪਰਮਾਤਮਾ ਦਿਸ ਪੈਂਦਾ ਹੈ ਅਤੇ ਉਸ ਸੁਕ੍ਰਿਤ ਕਰਮ ਨੂੰ 'ਜਪ ਮਾਲਾ' ਵਾਂਗ ਜਪਦਾ ਹੋਇਆ ਪਰਉਪਕਾਰ ਤੋਂ ਪਰੇ ਨਹੀਂ ਜਾਂਦਾ। ਅੰਤ ਵਿਚ ਬੇਨਤੀ ਕਰਨ ਦੀ ਜਾਚ ਜਿਵੇਂ ਪਿਤਾ ਪ੍ਰਤਿਪਾਲੀ ਨੇ ਸਿਖਾਈ ਹੈ, ਉਸ ਤੇ ਅਮਲ ਕਰਨਾ ਹੈ, ਭਾਵ ਪ੍ਰਭੂ ਅਗੇ ਇਉਂ ਅਰਦਾਸਿ ਕਰਨੀ ਹੈ -

**"ਨਾਨਕ ਤਾਰਹੁ ਨਦਰਿ ਨਿਹਾਲੀ"** ।

ਗੁਰਮਤਿ ਵਿਚ ਤਸਬੀ ਅਤੇ ਮਾਲਾ ਲਈ ਕੋਈ ਵਿਸ਼ੇਸ਼ ਥਾਂ ਨਹੀਂ। ਯਥਾ :

**"ਮਾਲਾ ਤਸਬੀ ਤੋੜਿ ਕੈ ਜਿਉਂ ਸਉ ਤਿਵੈਂ ਅਠੋਤਰੁ ਲਾਇਆ ॥**
**ਮੇਰੁ ਇਮਾਮ ਰਲਾਇ ਕੈ ਰਾਮੁ ਰਹੀਮੁ ਨ ਨਾਉਂ ਗਣਾਇਆ ॥**.....
**ਸਚ ਸਬਦੁ ਪ੍ਰਗਾਸ ਕਰਿ ਸਬਦ ਸੁਰਤਿ ਸਚੁ ਸਚੁ ਮਿਲਾਇਆ ॥**
**ਸਚਾ ਪਾਤਿਸਾਹ ਸਚੁ ਭਾਇਆ ॥** [ਵਾਰ ਭਾ. ਗੁਰਦਾਸ ੩੯/੧੧

ਅਜੋਕੇ ਮਾਲਾ ਪ੍ਰਚਾਰਕ ਉਨ ਦੀ ਮਾਲਾ, ਸਰਬ-ਲੋਹ ਦੇ ਸਿਮਰਨੇ (ਬਾਹਾਂ ਵਿਚ ਪਾਉਣ ਵਾਲੇ) ਲੋਕਾਂ ਵਿਚ ਵੰਡ ਕੇ ਬੜੇ ਦਾਨੀ ਤੇ ਨਾਮੀ ਅਖਵਾਉਂਦੇ ਹਨ ਪਰ ਇਹ ਧਾਰਨਾ ਗੁਰਮਤਿ ਅਨੁਕੂਲ ਨਹੀਂ ਹੈ। ਸ਼ਰਧਾ ਪੂਰਕ ਗ੍ਰੰਥ ਵਾਂਗੂ ਜਿਹੜੇ ਅਖਉਤੀ ਸਾਧ ਭੋਲੀਆਂ ਭਾਲੀਆਂ ਬੀਬੀਆਂ ਨੂੰ ਮਾਲਾ ਸਿਮਰਨ ਦੀ ਗਿਣਤੀ ਨਾਲ ਮਨ ਬਾਂਛਤ ਫਲ ਦੀ ਪੂਰਤੀ ਦਾ ਭਰੋਸਾ ਦੁਆਂਦੇ ਹਨ, ਇਹ ਸਭ ਉਨ੍ਹਾਂ ਦੇ ਮਨ ਘੜਤ ਨਿਜੀ ਵੀਚਾਰ ਹਨ। ਨਾਮ ਤਾਂ ਕੇਵਲ ਰਸਨਾ ਤੇ ਸੁਆਸਾਂ ਦੁਆਰਾ ਜਪਣਾ ਹੈ:-

**ਕਹੁ ਨਾਨਕ ਜੋ ਰਾਰੈ ਨਾਇ॥ ਹਰਿ ਮਾਲਾ ਤਾ ਕੈ ਸੰਗਿ ਜਾਇ॥** [ਪੰਨਾ ੩੮੮

**ਭੈਰਉ ਮਹਲਾ ੪ ॥ ਸਭਿ ਘਟ ਤੇਰੇ, ਤੂ ਸਭਨਾ ਮਾਹਿ ॥ ਤੁਝ ਤੇ ਬਾਹਰਿ ਕੋਈ ਨਾਹਿ ॥੧॥ ਹਰਿ ਸੁਖਦਾਤਾ, ਮੇਰੇ ਮਨ ਜਾਪੁ ॥ ਹਉ ਤੁਧੁ ਸਾਲਾਹੀ, ਤੂ ਮੇਰਾ ਹਰਿ ਪ੍ਰਭੁ ਬਾਪੁ ॥੧॥ ਰਹਾਉ ॥ ਜਹ ਜਹ ਦੇਖਾ, ਤਹ ਹਰਿ ਪ੍ਰਭੁ ਸੋਇ ॥ ਸਭ ਤੇਰੈ ਵਸਿ ਦੂਜਾ ਅਵਰੁ ਨ ਕੋਇ ॥੨॥ ਜਿਸ ਕਉ, ਤੁਮ ਹਰਿ ਰਾਖਿਆ ਭਾਵੈ ॥ ਤਿਸ ਕੈ ਨੇੜੈ ਕੋਇ ਨ ਜਾਵੈ ॥੩॥ ਤੂ ਜਲਿ ਥਲਿ ਮਹੀਅਲਿ, ਸਭ ਤੈ ਭਰਪੂਰਿ ॥ ਜਨ ਨਾਨਕ ਹਰਿ ਜਪਿ, ਹਾਜਰਾ ਹਜੂਰਿ ॥੪॥੪॥**

## ਉਚਾਰਨ ਸੇਧ

**ਬਿੰਦੀ ਸਹਿਤ** : ਮਾਹਿੰ, ਨਾਹਿੰ, ਹਉਂ, ਸਾਲਾਹੀਂ, ਦੇਖਾਂ।

**ਪਦ ਅਰਥ** : ਸਭਿ ਘਟਿ-ਸਾਰੇ ਸਰੀਰ । ਮਾਹਿ-ਵਿਚ । ਤੇ-ਤੋਂ ।੧। ਹਰਿ ਸੁਖਦਾਤਾ-ਪਰਮਾਤਮਾ ਸਾਰੇ ਸੁਖ ਦੇਣ ਵਾਲਾ ਹੈ । ਜਾਪੁ-(ਉਸ ਦਾਤੇ ਦਾ) ਜਾਪ ਕਰਿਆ ਕਰ । ਸਾਲਾਹੀ-

ਸਲਾਹੁੰਦਾ ਹਾਂ। ਬਾਪੁ-ਪਿਉ, ਪਿਤਾ ।੧। ਰਹਾਉ। ਜਹ ਜਹ ਦੇਖਾ-ਜਿਥੇ ਜਿਥੇ ਮੈਂ ਦੇਖਦਾ ਹਾਂ। ਤਹ-ਉਥੇ ਪ੍ਰਭੁ ਸੋਇ -ਉਹ ਪ੍ਰਭੂ (ਮੌਜੂਦ ਹੈ)। ਵਸਿ-ਵੱਸ ਵਿਚ। ਅਵਰੁ-ਹੋਰ ।੨। ਰਾਖਿਆ ਭਾਵੈ-ਰਖਣਾ ਭਾਉਂਦਾ ਹੋਵੇ। ਤਿਸ ਕੈ ਨੇੜੇ-ਉਸ ਦੇ ਨੇੜੇ। ਕੋਇ ਨ ਜਾਵੈ-ਕੋਈ ਨਹੀਂ ਜਾ ਸਕਦਾ (ਭਾਵ ਉਸ ਨੂੰ ਦੁਖ ਨਹੀਂ ਦੇ ਸਕਦਾ) ।੩। ਜਲਿ-ਜਲ ਵਿਚ। ਥਲਿ-ਧਰਤੀ ਵਿਚ। ਮਹੀਅਲਿ-ਪੁਲਾੜ ਵਿਚ। ਸਭ ਤੈ-ਹਰ ਥਾਂ ਤੇ। ਭਰਪੂਰਿ-ਵਿਆਪਕ ਹੈ। ਜਪਿ-(ਤੂੰ) ਜਪਿਆ ਕਰ। ਹਾਜਰਾ ਹਜੂਰਿ-ਹਾਜ਼ਰ-ਨਾਜ਼ਰ।

**ਅਰਥ** : (ਹੇ ਪ੍ਰਭੂ !) ਸਾਰੇ ਸਰੀਰ ਤੇਰੇ ਹਨ ਅਤੇ ਤੂੰ ਸਭ ਵਿਚ ਵਿਆਪਕ ਹੈਂ। ਤੇਰੇ (ਹੁਕਮ) ਤੋਂ ਬਾਹਰ ਕੋਈ ਵਿਕਅਤੀ ਨਹੀਂ ਹੈ ।੧।

ਹੇ ਮੇਰੇ ਮਨ ! ਹਰੀ ਹਰੀ (ਸਾਰੇ) ਸੁਖਾਂ ਦਾ ਦਾਤਾ ਹੈ (ਤੂੰ) ਉਸ ਨੂੰ ਜਪ। (ਹੇ ਹਰੀ ! ਕਿਰਪਾ ਕਰ) ਮੈਂ ਤੈਨੂੰ ਸਲਾਹੁੰਦਾ ਰਹਾਂ (ਕਿਉਂਕਿ ਤੂੰ) ਹਰੀ ਪ੍ਰਭੂ ਮੇਰਾ ਪਿਤਾ ਹੈਂ ।੧। ਰਹਾਉ।

(ਹੇ ਭਾਈ !) ਮੈਂ ਜਿਥੇ ਜਿਥੇ ਵੇਖਦਾ ਹਾਂ, ਉਥੇ ਹੀ ਪ੍ਰਭੂ ਮੌਜੂਦ ਹੈ। (ਹੇ ਪ੍ਰਭੂ !) ਸਭ ਕੁਝ ਤੇਰੇ ਵਸ ਵਿਚ ਹੈ, (ਤੇਰੇ ਬਿਨਾਂ) ਹੋਰ ਦੂਜਾ ਕੋਈ (ਸਦੀਵੀ ਹੋਂਦ ਵਾਲਾ) ਨਹੀਂ ਹੈ ।੨।

(ਹੇ ਪ੍ਰਭੂ !) ਜਿਸ ਨੂੰ ਤੂੰ ਰਖਣਾ (ਬਚਾਉਣਾ) ਚਾਹੇਂ, ਉਸ ਦੇ ਨੇੜੇ ਕੋਈ (ਦੁਸ਼ਮਨ) ਨਹੀਂ ਜਾਂਦਾ।੩।

(ਹੇ ਪ੍ਰਭੂ !) ਤੂੰ ਜਲ ਵਿਚ, ਧਰਤੀ ਵਿਚ, ਪੁਲਾੜ ਵਿਚ, ਸਭ ਥਾਵਾਂ ਤੇ ਵਿਆਪਕ ਹੈਂ। ਦਾਸ ਨਾਨਕ (ਆਖਦਾ ਹੈ ਕਿ ਹੇ ਭਾਈ ! ਤੂੰ ਉਸ) ਹਰੀ ਨੂੰ ਜਪ (ਜੋ ਹਰ ਥਾਂ) ਹਾਜ਼ਰ ਨਾਜ਼ਰ ਹੈ ।੪।੪।

## ਸਾਰੰਸ਼ ਅਤੇ ਸਿਧਾਂਤ

ਕੀਰਤਨ ਕਰਦਿਆਂ ਜਦੋਂ ਸ਼ਬਦ ਦੀ ਇਕ ਟੇਕ ਰਖੀ ਜਾਏ :-

**ਹਰਿ ਸੁਖ ਦਾਤਾ ਮੇਰੇ ਮਨ ਜਾਪੁ ॥**
**ਹਉ ਤੁਧੁ ਸਾਲਾਹੀ, ਤੂ ਮੇਰਾ ਹਰਿ ਪ੍ਰਭੁ ਬਾਪੁ॥**

ਸਚ ਜਾਣੋ ਹਿਰਦੇ ਵਿਚ ਅਲੌਕਿਕ ਰਸ ਭਰ ਜਾਂਦਾ ਹੈ। 'ਤੂ ਮੇਰਾ ਹਰਿ ਪ੍ਰਭੁ ਬਾਪੁ' ਕਹਿਣ ਵਿਚ ਬੜਾ ਸੁਆਦ ਆਉਂਦਾ ਹੈ ਕਿਉਂਕਿ 'ਪਿਤਾ ਮੇਰਾ ਬਡੋ ਧਨੀ ਅਗਮਾ ॥ ਉਸਤਤਿ ਕਵਨ ਕਰੀਜੈ ਕਰਤੇ, ਪੇਖਿ ਰਹੇ ਬਿਸਮਾ' ਵਿਸਮਾਦ ਹੀ ਵਿਸਮਾਦ ਹੈ। ਜਿਥੇ ਦੇਖੀਏ ਉਥੇ ਹੀ ਹਰਿ ਪ੍ਰਭੂ ਦੀ ਜੋਤਿ ਲਿਸ਼ਕਾਰੇ ਮਾਰ ਰਹੀ ਹੈ, ਜਿਸ ਮਨੁੱਖ ਨੂੰ ਇਸ ਜੋਤਿ ਦਾ ਅਨੁਭਵ ਹੋ ਜਾਵੇ ਉਸ ਦੇ ਨੇੜੇ ਦੁਖ ਪਾਪ ਕਦੇ ਨਹੀਂ ਆ ਸਕਦੇ। ਉਹ ਪਰਮ ਪਿਤਾ ਅਗੇ ਨਿਉਂ ਕੇ ਇਉਂ ਆਖਦਾ ਹੈ :-

੧. **ਹਉ ਮਾਣੁ ਤਾਣੁ ਕਰਉ ਤੇਰਾ, ਹਉ ਜਾਨਉ ਆਪਾ ॥**
**ਸਭ ਹੀ ਮਧਿ ਸਭਹਿ ਤੇ ਬਾਹਰਿ, ਬੇ ਮੁਹਤਾਜ ਬਾਪਾ ॥** [ਪੰਨਾ ੫੧

੨. **ਹਮ ਬਾਰਿਕ ਤੁਮ ਪਿਤਾ ਹਮਾਰੇ, ਤੁਮ ਮੁਖਿ ਦੇਵਹੁ ਖੀਰਾ ॥**
**ਹਮ ਖੇਲਹ ਸਭਿ ਲਾਡ ਲਡਾਵਹ, ਤੁਮ ਸਦ ਗੁਣੀ ਗਹੀਰਾ ॥** [ਪੰਨਾ ੮੨੪

ਭੈਰਉ ਮਹਲਾ ੪ ਘਰੁ ੨ ॥

ੴ ਸਤਿਗੁਰ ਪ੍ਰਸਾਦਿ ॥ ਹਰਿ ਕਾ ਸੰਤੁ ਹਰਿ ਕੀ ਹਰਿ ਮੂਰਤਿ, ਜਿਸੁ ਹਿਰਦੈ ਹਰਿ ਨਾਮੁ, ਮੁਰਾਰਿ ॥ ਮਸਤਕਿ ਭਾਗੁ ਹੋਵੈ ਜਿਸੁ ਲਿਖਿਆ, ਸੋ ਗੁਰਮਤਿ ਹਿਰਦੈ ਹਰਿਨਾਮੁ ਸਮਾਰਿ ॥੧॥ ਮਧੁਸੂਦਨੁ ਜਪੀਐ ਉਰ ਧਾਰਿ ॥ ਦੇਹੀ ਨਗਰਿ, ਤਸਕਰ ਪੰਚ ਧਾਤੂ, ਗੁਰ ਸਬਦੀ ਹਰਿ ਕਾਢੇ ਮਾਰਿ ॥੧॥ ਰਹਾਉ ॥ ਜਿਨ ਕਾ ਹਰਿ ਸੇਤੀ ਮਨੁ ਮਾਨਿਆ, ਤਿਨ ਕਾਰਜ ਹਰਿ ਆਪਿ ਸਵਾਰਿ ॥ ਤਿਨ ਚੂਕੀ ਮੁਹਤਾਜੀ ਲੋਕਨ ਕੀ ਹਰਿ ਅੰਗੀਕਾਰੁ ਕੀਆ ਕਰਤਾਰਿ ॥੨॥ ਮਤਾ ਮਸੂਰਤਿ ਤਾਂ ਕਿਛੁ ਕੀਜੈ, ਜੇ ਕਿਛੁ ਹੋਵੈ ਹਰਿ ਬਾਹਰਿ ॥ ਜੋ ਕਿਛੁ ਕਰੇ ਸੋਈ ਭਲ ਹੋਸੀ, ਹਰਿ ਧਿਆਵਹੁ ਅਨਦਿਨੁ ਨਾਮੁ ਮੁਰਾਰਿ ॥੩॥ ਹਰਿ ਜੋ ਕਿਛੁ ਕਰੇ ਸੁ ਆਪੇ ਆਪੇ, ਓਹੁ ਪੂਛਿ ਨ ਕਿਸੈ ਕਰੇ ਬੀਚਾਰਿ ॥ ਨਾਨਕ, ਸੋ ਪ੍ਰਭੁ ਸਦਾ ਧਿਆਈਐ, ਜਿਨਿ ਮੇਲਿਆ ਸਤਿਗੁਰੁ ਕਿਰਪਾ ਧਾਰਿ ॥੪॥੧॥੫॥

**ਪਦ ਅਰਥ :** ਮੂਰਤਿ-ਸਰੂਪ । ਹਿਰਦੈ-ਹਿਰਦੇ ਵਿਚ । ਮੁਰਾਰਿ-ਮੁਰ ਦੈਂਤ ਨੂੰ ਮਾਰਨ ਵਾਲਾ, ਪਰਮਾਤਮਾ । ਸੋ-ਓਹ । ਗੁਰਮਤਿ-ਗੁਰੂ ਦੀ ਮਤਿ ਰਾਹੀਂ । ਸਮਾਰਿ-ਸੰਭਾਲਦਾ ਯਾਦ ਕਰਦਾ ਹੈ ।੧।

ਮਧੁ ਸੂਦਨ-ਮਧੁ ਦੈਂਤ ਨੂੰ ਮਾਰਨ ਵਾਲਾ, ਪਰਮੇਸ਼ਰ । ਉਰਧਾਰਿ-ਹਿਰਦੇ ਵਿਚ ਧਾਰ (ਟਿਕਾ) ਕੇ । ਨਗਰਿ-ਨਗਰ (ਸ਼ਹਰਿ) ਵਿਚ । ਤਸਕਰ-ਚੋਰ । ਪੰਚ ਧਾਤੂ-ਪੰਜ ਧਾਉਣ ਵਾਲੇ-ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ, ਭਟਕਣਾ ਵਿਚ ਪਾਉਣ ਵਾਲੇ । ਗੁਰ ਸਬਦੀ-ਗੁਰੂ ਦੇ ਸ਼ਬਦ ਦੁਆਰਾ । ਕਾਢੇ-ਮਾਰਿ-ਮਾਰ ਕੇ ਕਢ ਦਿਤੇ ਹਨ ।੧। ਰਹਾਉ ।

ਸੇਤੀ-ਨਾਲ । ਮਨੁ ਮਾਨਿਆ-ਮਨ ਪਤੀਜਿਆ, ਪ੍ਰਸੰਨ ਹੋਇਆ । ਕਾਰਜ-ਕੰਮ । ਚੁਕੀ-ਮੁੱਕ ਗਈ । ਮੁਹਤਾਜੀ-ਮੁਥਾਜੀ, ਗਰਜ਼ । ਅੰਗੀਕਾਰੁ-ਪੱਖ । ਕਰਤਾਰਿ-ਕਰਤਾਰ ਨੇ ।੨।

ਮਤਾ-ਸਲਾਹ । ਮਸੂਰਤਿ-ਮਸ਼ਵਰਾ । ਹਰਿ ਬਾਹਰਿ-ਹਰੀ ਤੋਂ ਬਾਹਰ ਹੋਵੇ । ਭਲ ਹੋਸੀ-ਚੰਗਾ ਹੋਵੇਗਾ । ਅਨਦਿਨੁ-ਰਾਤ ਦਿਨ, ਹਰ ਰੋਜ਼ ।੩।

**ਅਰਥ ;** (ਹੇ ਭਾਈ !) ਜਿਸ (ਮਨੁੱਖ ਦੇ) ਹਿਰਦੇ ਵਿਚ ਪਰਮਾਤਮਾ ਦਾ ਨਾਮ ਵਸਦਾ ਹੈ, ਸਹੀ ਅਰਥਾਂ ਵਿਚ ਉਹ) ਹਰੀ ਦਾ ਸੰਤ ਹੈ, (ਉਹ ਸੰਤ) ਹਰੀ ਦੀ ਪਰਤੱਖ ਮੂਰਤਿ (ਹਸਤੀ) ਹੈ । ਜਿਸ (ਮਨੁੱਖ ਦੇ) ਮੱਥੇ ਉਤੇ ਚੰਗਾ ਭਾਗ ਲਿਖਿਆ ਹੁੰਦਾ ਹੈ, ਉਹ (ਮਨੁੱਖ) ਗੁਰੂ ਦੀ ਮਤਿ ਦੁਆਰਾ (ਆਪਣੇ) ਹਿਰਦੇ ਵਿਚ ਹਰੀ ਦਾ ਨਾਮ ਸੰਭਾਲ ਕੇ ਰਖਦਾ ਹੈ (ਭਾਵ ਯਾਦ ਕਰਦਾ ਹੈ) ।੧।

(ਹੇ ਭਾਈ !) ਮਧੂ ਦੈਂਤ ਨੂੰ ਮਾਰਨ ਵਾਲੇ ਪਰਮਾਤਮਾ ਨੂੰ ਹਿਰਦੇ ਵਿਚ ਟਿਕਾ ਕੇ ਜਪਣਾ ਚਾਹੀਦਾ ਹੈ । ਕਾਇਆ ਨਗਰੀ ਵਿਚ ਕਾਮ, ਕ੍ਰੋਧ ਆਦਿਕ (ਜੋ ਵਿਸ਼ਿਆ ਵਲ) ਧਉਣ ਵਾਲੇ ਪੰਜ ਧਾਤੂ (ਚੋਰ) ਹਨ, (ਓਹ) ਗੁਰ ਸ਼ਬਦ ਦੀ ਬਰਕਤ ਨਾਲ ਹਰੀ ਨੇ ਕਢ ਕੇ ਮਾਰ ਦਿਤੇ ਹਨ ।੧। ਰਹਾਉ ।

(ਹੇ ਭਾਈ !) ਜਿਨ੍ਹਾਂ (ਮਨੁੱਖਾਂ) ਦਾ ਪਰਮੇਸ਼ਰ ਨਾਲ ਮਨ ਮੰਨ ਗਿਆ (ਭਾਵ ਨਿਸ਼ਚਾ ਆ ਗਿਆ ਹੈ) ਉਨ੍ਹਾਂ ਦੇ ਸਾਰੇ ਕੰਮ ਹਰੀ ਨੇ ਆਪ ਸਵਾਰ ਦਿਤੇ ਹਨ। ਉਨ੍ਹਾਂ ਦੀ (ਹੋਰ) ਲੋਕਾਂ ਦੀ ਮੁਥਾਜੀ ਕਰਨੀ ਦੂਰ ਹੋ ਗਈ ਹੈ (ਅਤੇ) ਕਰਤਾਰ ਨੇ (ਆਪ ਉਨ੍ਹਾਂ ਦਾ) ਪੱਖ ਕੀਤਾ ਹੈ ।੨।

(ਕਿਸੇ ਨਾਲ) ਕੁਝ ਸਲਾਹ ਮਸ਼ਵਰਾ ਤਾਂ ਕਰੀਏ ਜੇ ਹਰੀ ਦੀ (ਮਰਜ਼ੀ) ਤੋਂ ਬਾਹਰ ਕੁਝ ਹੁੰਦਾ ਹੋਵੇ । ਜੋ ਕੁਝ (ਵਾਹਿਗੁਰੂ) ਕਰੇਗਾ, ਓਹੀ ਚੰਗਾ ਹੋਵੇਗਾ, (ਇਸ ਲਈ) ਦਿਨ ਰਾਤ ਹਰ ਰੋਜ਼ ਮੁਰਾਰੀ (ਪਰਮੇਸ਼ਰ) ਦਾ ਨਾਮ ਧਿਆਓ ।੩।

(ਹੇ ਭਾਈ !) ਪਰਮਾਤਮਾ ਜੋ ਕੁਝ ਕਰਦਾ ਹੈ ਓਹ ਆਪਣੇ ਆਪ ਹੀ ਕਰਦਾ ਹੈ, ਉਹ ਕਿਸੇ ਪਾਸੋਂ ਪੁਛ ਕੇ ਵਿਚਾਰ ਕੇ (ਕੁਝ) ਨਹੀਂ ਕਰਦਾ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਹੇ ਭਾਈ !) ਉਸ ਪ੍ਰਭੂ ਨੂੰ ਸਦਾ ਹੀ ਧਿਆਉਣਾ ਚਾਹੀਦਾ ਹੈ, ਜਿਸ (ਪ੍ਰਭੂ) ਨੇ ਕਿਰਪਾ ਧਾਰ ਕੇ ਸਤਿਗੁਰੂ ਨੂੰ ਮਿਲਾਇਆ ਹੈ ।੪।੧।੫।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਰਾਹੀਂ ਪਰਮੇਸ਼ਰ ਦਾ ਨਾਮ ਜਪਣ ਦੀ ਪ੍ਰੇਰਨਾ ਦਿਤੀ ਗਈ ਹੈ । ਜਿਹੜਾ ਮਨੁੱਖ ਨਾਮ ਜਪਦਾ ਹੈ ਉਹ ਗੁਰੂ-ਸ਼ਬਦ ਦੀ ਬਰਕਤ ਨਾਲ ਆਪਣੇ ਅੰਦਰੋਂ ਕਾਮਾਦਿਕ ਪੰਜ ਚੋਰ ਮਾਰ ਕੇ ਬਾਹਰ ਕਢ ਦਿੰਦਾ ਹੈ ਕਿਉਂਕਿ ਮਨੁੱਖ ਨੂੰ ਭਟਕਣਾ ਵਿਚ ਪਾਉਣ ਵਾਲੇ ਇਹੀ ਹਨ ।

ਜਿਹੜਾ ਮਨੁੱਖ ਨਾਮ-ਸਿਮਰਨ ਕਰਨ ਵਾਲਾ ਹੈ, ਉਸ ਦੇ ਸਾਰੇ ਕਾਰਜ ਪਰਮਾਤਮਾ ਆਪ ਸਵਾਰਦਾ ਹੈ ਅਸਲ ਵਿਚ ਸਾਰੀ ਸ੍ਰਿਸ਼ਟੀ ਦਾ ਪ੍ਰਬੰਧ ਪ੍ਰਭੂ ਆਪ ਕਰ ਰਿਹਾ ਹੈ ਅਤੇ ਉਸ ਨੂੰ ਸਲਾਹ ਦੇਣ ਵਾਲਾ ਹੋਰ ਕੋਈ ਪ੍ਰੇਮੀ ਨਹੀਂ ਹੈ ਅਤੇ ਨਾ ਹੀ ਉਹ ਕਿਸੇ ਤੋਂ ਪੁਛ ਕੇ ਕੋਈ ਕੰਮ ਕਰਦਾ ਹੈ ।

ਸਿਧਾਂਤ ਇਹ ਹੈ ਕਿ ਜਿਹੜਾ ਪਰਮੇਸ਼ਰ ਦਾ ਨਾਮ ਜਪਦਾ ਹੈ ਉਹ ਪਰਮੇਸ਼ਰ ਦਾ ਰੂਪ ਹੀ ਹੋ ਜਾਂਦਾ ਹੈ । ਹਰੀ ਤੋਂ ਬਿਨਾਂ ਹੋਰ ਕੋਈ ਸਹਾਈ ਨਹੀਂ ਹੋ ਸਕਦਾ । ਹਾਂ , ਪਰਮੇਸ਼ਰ ਆਪਣੀ ਮਿਹਰ ਕਰੇ ਤਾਂ ਗੁਰੂ ਮਿਲਦਾ ਹੈ, ਅਤੇ ਗੁਰੂ ਦੇ ਸ਼ਬਦ ਦੁਆਰਾ ਸਾਰੇ ਪਾਪ ਦੂਰ ਹੋ ਜਾਂਦੇ ਹਨ ।

**ਭੈਰਉ ਮਹਲਾ ੪ ॥ ਤੇ ਸਾਧੂ ਹਰਿ ਮੇਲਹੁ ਸੁਆਮੀ, ਜਿਨ ਜਪਿਆ ਗਤਿ ਹੋਇ ਹਮਾਰੀ ॥ ਤਿਨ ਕਾ ਦਰਸੁ ਦੇਖਿ ਮਨੁ ਬਿਗਸੈ, ਖਿਨੁ ਖਿਨੁ ਤਿਨ ਕਉ ਹਉ ਬਲਿਹਾਰੀ ॥੧॥ ਹਰਿ ਹਿਰਦੈ ਜਪਿ ਨਾਮੁ ਮੁਰਾਰੀ ॥ ਕ੍ਰਿਪਾ ਕ੍ਰਿਪਾ ਕਰਿ ਜਗਤ ਪਿਤ ਸੁਆਮੀ, ਹਮ ਦਾਸਨਿ ਦਾਸ ਕੀਜੈ ਪਨਿਹਾਰੀ ॥੧॥ ਰਹਾਉ ॥ ਤਿਨ ਮਤਿ ਊਤਮ ਤਿਨ ਪਤਿ ਊਤਮ, ਜਿਨ ਹਿਰਦੈ ਵਸਿਆ ਬਨਵਾਰੀ ॥ ਤਿਨ ਕੀ ਸੇਵਾ ਲਾਇ ਹਰਿ ਸੁਆਮੀ, ਤਿਨ ਸਿਮਰਤ ਗਤਿ ਹੋਇ ਹਮਾਰੀ ॥੨॥ ਜਿਨ ਐਸਾ ਸਤਿਗੁਰੁ ਸਾਧੁ ਨ ਪਾਇਆ, ਤੇ ਹਰਿ ਦਰਗਹ ਕਾਢੇ ਮਾਰੀ ॥ ਤੇ ਨਰ ਨਿੰਦਕ ਸੋਭ ਨ ਪਾਵਹਿ, ਤਿਨ ਨਕ ਕਾਟੇ ਸਿਰਜਨਹਾਰੀ ॥੩॥ ਹਰਿ ਆਪਿ ਬੁਲਾਵੈ ਆਪੇ ਬੋਲੈ,**

**ਹਰਿ ਆਪਿ ਨਿਰੰਜਨੁ ਨਿਰੰਕਾਰੁ ਨਿਰਹਾਰੀ ॥ ਹਰਿ ਜਿਸੁ ਤੂ ਮੇਲਹਿ ਸੋ ਤੁਧੁ ਮਿਲਸੀ, ਜਨ ਨਾਨਕ ਕਿਆ ਏਹਿ ਜੰਤ ਵਿਚਾਰੀ ॥੪॥੨॥੬॥**

## ਉਚਾਰਨ ਸੇਧ

**ਬਿੰਦੀ ਸਹਿਤ :** ਜਪਿਆਂ, ਹਉਂ, ਪਾਵਹਿੰ, ਮੇਲਹਿੰ।

**ਪਦ ਅਰਥ :**ਤੇ ਸਾਧੂ-ਓਹ ਸਾਧੂ। ਹਰਿ-ਹੇ ਹਰੀ!। ਸੁਆਮੀ-ਹੇ ਸੁਆਮੀ!। ਜਿਨ ਜਪਿਆ-ਜਿਨ੍ਹਾਂ ਦੀ (ਸੰਗਤ ਵਿਚ ਬੈਠ ਕੇ ਪਰਮੇਸ਼ਰ ਦਾ ਨਾਮ) ਸਿਮਰਿਆਂ। ਗਤਿ-ਗਤੀ, ਜੀਵਨ ਦੀ ਸਫਲਤਾ। ਦੇਖਿ-ਵੇਖ ਕੇ। ਬਿਗਸੈ-ਖਿੜਦਾ,ਖੁਸ਼ ਹੁੰਦਾ ਹੈ। ਖਿਨ ਖਿਨੁ-ਛਿਨੁ ਛਿਨ। ਹਉ ਬਲਿਹਾਰੀ-ਮੈਂ ਸਦਕੇ ਜਾਂਦਾ ਹਾਂ।੧।

ਪਤ-ਪਿਤਾ। ਦਾਸਨਿ-ਦਾਸ-ਦਾਸਾਂ ਦਾ ਦਾਸ । ਕੀਜੈ ਪਨਿਹਾਰੀ-ਪਾਣੀ ਢੋਣ ਵਾਲਾ ਬਣਾ ਦੇ।੧।ਰਹਾਉ। ਮਤਿ-ਬੁਧੀ । ਪਤਿ-ਇਜ਼ਤ । ਬਨਵਾਰੀ-ਸੰਸਾਰ ਬਨ ਦਾ ਮਾਲਕ, ਪਰਮਾਤਮਾ। ਸਿਮਰਤ-ਸਿਮਰਦਿਆਂ।੨।

ਕਾਢੇ ਮਾਰੀ-ਮਾਰ ਕੇ ਕਢ ਦਿਤੇ ਹਨ। ਸੋਭ ਨ ਪਾਵਹਿ-ਸ਼ੋਭਾ ਨਹੀਂ ਪਾਉਂਦੇ। ਤਿਨ ਨਕ ਕਾਟੇ-ਉਨ੍ਹਾਂ ਦੇ ਨਕ ਕੱਟ ਦਿੱਤੇ ਹਨ। ਸਿਰਜਨਹਾਰੀ-ਸਿਰਜਨਹਾਰ ਨੇ, ਜਗਤ ਦੇ ਰਚਨਹਾਰ ਨੇ ।੩।

ਨਿਰੰਜਨੁ-ਮਾਇਆ ਦੇ ਪ੍ਰਭਾਵ ਤੋਂ ਰਹਿਤ । ਨਿਰੰਕਾਰੁ-ਆਕਾਰ ਤੋਂ ਰਹਿਤ। ਨਿਰਾਹਾਰੀ-ਆਹਾਰ (ਭੋਜਨ ਛਕਣ ਤੋਂ) ਰਹਿਤ । ਮੇਲਹਿ-ਮੇਲਦਾ ਹੈਂ । ਮਿਲਸੀ-ਮਿਲੇਗਾ। ਜੰਤ ਵਿਚਾਰੀ-ਵਿਚਾਰੇ ਜੀਵ।੪।

**ਅਰਥ :** ਹੇ ਹਰੀ ਸੁਆਮੀ ਜੀ ! ਉਨ੍ਹਾਂ ਸਾਧੂਆਂ ਨੂੰ (ਸਾਡੇ ਨਾਲ) ਮੇਲੋ, ਜਿਨ੍ਹਾਂ ਦੇ ਮਿਲਿਆਂ (ਸਾਡੀ ਆਤਮਿਕ) ਗਤੀ ਹੋ ਜਾਏ । ਉਨ੍ਹਾਂ ਦਾ ਦਰਸ਼ਨ ਕੀਤਿਆਂ (ਸਾਡਾ) ਮਨ ਖਿੜਦਾ ਹੈ, ਖਿਨ ਖਿਨ (ਭਾਵ ਮੈਂ ਵਾਰ ਵਾਰ ਉਨ੍ਹਾਂ ਤੋਂ) ਬਲਿਹਾਰ ਜਾਂਦਾ ਹਾਂ ।੧।

ਹੇ ਹਰੀ ! ਹੇ ਮੁਰਾਰੀ ! (ਮੈਂ ਆਪਣੇ) ਹਿਰਦੇ ਵਿਚ (ਤੈਂ) ਮੁਰਾਰੀ ਦਾ ਨਾਮ ਜਪ ਕੇ (ਸੰਸਾਰ ਸਾਗਰ ਤੋਂ ਪਾਰ ਹੋ ਜਾਵਾਂਗਾ, ਇਸ ਲਈ ਬੇਨਤੀ ਹੈ) ਹੇ ਜਗਤ ਦੇ ਪਿਤਾ! ਸੁਆਮੀ! (ਮੇਰੇ ਤੇ) ਕਿਰਪਾ ਕਰ, (ਮੈਨੂੰ) ਆਪਣੇ (ਦਾਸਾਂ ਦਾ ਦਾਸ) ਪਾਣੀ ਢੋਣ ਵਾਲਾ (ਚਾਕਰ) ਬਣਾ ਲੈ ।੧। ਰਹਾਉ ।

(ਹੇ ਭਾਈ!) ਜਿਨ੍ਹਾਂ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ (ਸਦਾ ਲਈ) ਵਸ ਗਿਆ ਹੈ, ਉਨ੍ਹਾਂ ਦੀ ਬੁਧੀ ਸ੍ਰੇਸ਼ਟ ਹੁੰਦੀ ਹੈ, ਉਨ੍ਹਾਂ ਦੀ ਇਜ਼ਤ ਵੀ ਉਤਮ ਹੁੰਦੀ ਹੈ। ਹੇ ਹਰੀ ਸੁਆਮੀ! ਉਨ੍ਹਾਂ (ਪਿਆਰਿਆਂ ਦੀ) ਸੇਵਾ ਵਿਚ (ਮੈਨੂੰ) ਲਾਓ, ਉਨ੍ਹਾਂ ਦੇ ਸਿਮਰਦਿਆਂ ਸਾਡੀ (ਸਭ ਦੀ ਆਤਮਿਕ) ਗਤੀ ਹੁੰਦੀ ਹੈ ।੨।

(ਹੇ ਭਾਈ!) ਜਿਨ੍ਹਾਂ (ਜਗਿਆਸੂਆਂ) ਨੇ ਇਹੋ ਜਿਹਾ ਸਤਿਗੁਰੂ ਸਾਧ ਨਹੀਂ ਪਾਇਆ, ਓਹ ਹਰੀ ਦੀ ਦਰਗਾਹ ਵਿਚੋਂ ਮਾਰ ਕੇ (ਬਾਹਰ) ਕਢ ਦਿਤੇ ਗਏ ਹਨ, ਓਹ ਨਿੰਦਕ ਪੁਰਸ਼ ਸੋਭਾ ਨਹੀਂ ਪਾਉਂਦੇ, ਸਿਰਜਨਹਾਰ ਨੇ ਉਨ੍ਹਾਂ ਦੇ ਨੱਕ ਕੱਟ ਦਿਤੇ ਹਨ (ਭਾਵ ਉਹ ਬੇ-ਆਦਰੇ, ਬੇ-ਇੱਜ਼ਤੇ ਹੋ ਗਏ ਹਨ) ।੩।

(ਹੇ ਭਾਈ !) ਹਰੀ ਆਪ ਹੀ (ਜੀਆਂ ਨੂੰ) ਬੁਲਾਉਂਦਾ ਹੈ ਤੇ ਆਪ ਹੀ ਬੋਲਦਾ ਹੈ ਹਰੀ ਆਪ

ਹੀ ਮਾਇਆ ਤੋਂ ਰਹਿਤ, ਆਕਾਰ ਤੋਂ ਰਹਿਤ (ਅਤੇ) ਆਹਾਰ ਤੋਂ ਰਹਿਤ ਹੈ। ਦਾਸ ਨਾਨਕ-(ਆਖਦਾ ਹੈ ਕਿ) ਹੇ ਹਰੀ ! ਜਿਸ (ਜੀਵ ਨੂੰ ਤੂ) ਆਪਣੇ ਨਾਲ ਮੇਲੇਂਗਾ ਓਹੀ ਤੈਨੂੰ ਮਿਲੇਗਾ, ਇਹ (ਜੀਵ) ਜੰਤ ਵਿਚਾਰੇ ਕੀ ਹਨ ? (ਭਾਵ ਇਹਨਾਂ ਦੇ ਹੱਥ ਵਿਚ ਕੁਝ ਨਹੀਂ ਹੈ) ।੧।੪।੨।੬।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਰਾਹੀਂ ਪਰਮੇਸ਼ਰ ਦੇ ਚਰਨਾਂ ਵਿਚ ਸਨਿਮਰ ਬਿਨੇ ਕੀਤੀ ਗਈ ਹੈ ਕਿ ਹੇ ਹਰੀ ਮਾਲਕ ਜੀ ! ਸਾਨੂੰ ਓਹ ਗੁਰੂ ਸਾਧੂ ਮਿਲਾਓ ਜਿਸ ਦੀ ਸੰਗਤ ਵਿਚ ਬੈਠ ਕੇ ਨਾਮ ਸਿਮਰਦਿਆਂ ਸਾਡੀ ਆਤਮਗਤੀ ਹੋ ਜਾਵੇ। ਸਾਡੇ ਤੇ ਮਿਹਰ ਕਰੋ, ਅਸੀਂ ਆਪ ਜੀ ਦਾ ਨਾਮ ਜਪ ਜਪ ਕੇ ਜੀਉਂਦੇ ਰਹੀਏ।

ਇਸੇ ਪਿਆਰ ਵਿਚ ਗੁਰਮਤਿ ਨਾਮ ਜਪਣ ਵਾਲੇ ਗੁਰਸਿਖਾਂ ਦੀ ਚਰਨ ਧੂੜੀ ਪ੍ਰਾਪਤ ਕਰਨ ਲਈ ਤਰਲੇ ਕੀਤੇ ਗਏ ਹਨ। ਉਸ ਦੇ ਅਗੇ ਪਾਣੀ ਢੋਣਾ, ਉਸ ਨੂੰ ਪੱਖਾ ਝਲ ਕੇ ਸੇਵਾ ਕਰਨੀ, ਅਤੇ 'ਧੂੜੀ ਵਿਚਿ ਲੁਡੰਦੜੀ ਸੋਹਾਂ, ਨਾਨਕ ਤਹ ਸਹ ਨਾਲੋਂ (ਪੰ. ੧੪੨੪) ਵਾਲੀ ਭਾਵਨਾਂ ਨੂੰ ਪ੍ਰਗਟਾਇਆ ਗਿਆ ਹੈ। ਤੱਤ ਇਹ ਹੈ ਕਿ ਪਰਮਾਤਮਾ ਹਰ ਥਾਂ ਤੇ ਵਿਆਪਕ ਹੈ। ਉਹ ਪ੍ਰਭੂ ਮਾਇਆ ਦੇ ਪ੍ਰਭਾਵ ਤੋਂ ਰਹਿਤ ਨਿਰੰਕਾਰ ਹੈ ਅਤੇ ਆਹਾਰ ਤੋਂ ਰਹਿਤ ਹੈ :-

**ਨਿਰਾਹਾਰ ਨਿਰਵੈਰ ਸੁਖਦਾਈ ॥ ਤਾ ਕੀ ਕੀਮਤਿ ਕਿਨੈ ਨ ਪਾਈ॥** [ਸੁਖਮਨੀ

ਇਸ ਸ਼ਬਦ ਵਚ ਇਹ ਸੰਕੇਤ ਵਿਸ਼ੇਸ਼ ਧਿਆਨ ਯੋਗ ਹੈ ਕਿ ਨਾਮ ਤੋਂ ਹੀਣੇ ਮਨਮੁਖਾਂ ਨਿੰਦਕਾਂ ਦੇ ਨੱਕ ਕੱਟ ਜਾਂਦੇ ਹਨ। ਨੱਕ ਕੱਟਣਾ ਮੁਹਾਵਰਾ ਹੈ ਭਾਵ ਉਹ ਨਾਮਹੀਣ ਮਨੁੱਖ ਬਦਨਾਮ ਹੁੰਦੇ ਹਨ:-

**ਨਾਮ ਹੀਣ ਫਿਰਹਿ ਸੇ ਨਕਟੇ, ਤਿਨ ਘਸਿ ਘਸਿ ਨਕ ਵਢਾਇਆ ॥** [ਪੰਨਾ ੬੮੨

**ਭੈਰਉ ਮਹਲਾ ੪ ॥ ਸਤ ਸੰਗਤਿ ਸਾਈ ਹਰਿ ਤੇਰੀ, ਜਿਤੁ ਹਰਿ ਕੀਰਤਿ ਹਰਿ ਸੁਨਣੇ ॥ ਜਿਨ ਹਰਿ ਨਾਮੁ ਸੁਣਿਆ ਮਨੁ ਭੀਨਾ, ਤਿਨ ਹਮ ਸ੍ਰੇਵਹ ਨਿਤ ਚਰਣੇ ॥੧॥ ਜਗ ਜੀਵਨੁ ਹਰਿ ਧਿਆਇ ਤਰਣੇ ॥ ਅਨੇਕ ਅਸੰਖ ਨਾਮ ਹਰਿ ਤੇਰੇ, ਨ ਜਾਹੀ ਜਿਹਵਾ ਇਤੁ ਗਨਣੇ ॥੧॥ ਰਹਾਉ ॥ ਗੁਰਸਿਖ ਹਰਿ ਬੋਲਹੁ ਹਰਿ ਗਾਵਹੁ, ਲੇ ਗੁਰਮਤਿ ਹਰਿ ਜਪਣੇ ॥ ਜੋ ਉਪਦੇਸੁ ਸੁਣੇ ਗੁਰ ਕੇਰਾ, ਸੋ ਜਨੁ ਪਾਵੈ ਹਰਿ ਸੁਖ ਘਣੇ ॥੨॥ ਧੰਨੁ ਸੁ ਵੰਸੁ ਧੰਨੁ ਸੋ ਪਿਤਾ, ਧੰਨੁ ਸੁ ਮਾਤਾ ਜਿਨਿ ਜਨ ਜਣੇ ॥ ਜਿਨ ਸਾਸਿ ਗਿਰਾਸਿ ਧਿਆਇਆ ਮੇਰਾ ਹਰਿ ਹਰਿ, ਸੇ ਸਾਚੀ ਦਰਗਹ ਹਰਿ ਜਨ ਬਣੇ ॥੩॥ ਹਰਿ ਹਰਿ ਅਗਮ ਨਾਮ ਹਰਿ ਤੇਰੇ, ਵਿਚਿ ਭਗਤਾ ਹਰਿ ਧਰਣੇ ॥ ਨਾਨਕ ਜਨਿ ਪਾਇਆ ਮਤਿ ਗੁਰਮਤਿ, ਜਪਿ ਹਰਿ ਹਰਿ ਪਾਰਿ ਪਵਣੇ ॥੪॥੩॥੭॥**

## ਉਚਾਰਨ ਸੇਧ

**ਬਿੰਦੀ ਸਹਿਤ :** ਸੁਣਿਆਂ, ਸ੍ਰੇਵਹਂ, ਜਾਹੀਂ, ਭਗਤਾਂ।

**ਪਦ ਅਰਥ :** ਸਾਈ-ਉਹੀ। ਜਿਤੁ-ਜਿਸ ਵਿਚ। ਹਰਿ ਕੀਰਤਿ-ਹਰੀ ਦੀ ਕੀਰਤੀ, ਗੁਣ।

ਸੁਨਣੇ-ਸੁਣੇ ਜਾਣ। ਭੀਨਾ-ਭਿੱਜ ਗਿਆ। ਤਿਨ-ਉਨ੍ਹਾਂ ਦੇ। ਹਮ ਸੇ੍ਵਹ-ਅਸੀ ਸੇਵੀਏ। ਨਿਤ-ਹਰ ਰੋਜ਼। ਚਰਣੇ-ਚਰਨ ।੧।

ਜਗ ਜੀਵਨੁ-ਜਗਤ ਦਾ ਜੀਵਨ, ਜ਼ਿੰਦਗੀ ਦੇਣ ਵਾਲਾ। ਧਿਆਇ-ਸਿਮਰ ਕੇ। ਤਰਣੇ-ਤਰ ਜਾਈਏ। ਅਨੇਕ ਅਸੰਖ-ਭਾਵ ਅਨਗਿਣਤ। ਹਰਿ-ਹੇ ਹਰੀ!। ਜਿਹਵਾ ਇਕੁ-ਇਸ ਜੀਭ ਤੋਂ। ਨ ਜਾਹੀ ਗਨਣੇ-ਗਿਣੇ ਨਹੀਂ ਜਾ ਸਕਦੇ ।੧।ਰਹਾਉ।

ਗੁਰਸਿਖ-ਹੇ ਗੁਰਮੁਖਿ (ਮਿੱਤਰ!)। ਲੇ ਗੁਰਮਤਿ-ਗੁਰੂ ਦੀ ਮਤਿ ਲੈ ਕੇ। ਕੇਰਾ-ਦਾ। ਸੁਖ ਘਣੇ-ਬਹੁਤ ਸੁਖ ।੨।

ਵੰਸੁ-ਕੁਲ, ਖ਼ਾਨਦਾਨ। ਜਿਨਿ-ਜਿਸ ਨੇ। ਜਨ ਜਣੇ-(ਸੇਵਕ ਭਗਤ) ਜਨ ਜੰਮੇ ਹਨ। ਜਿਨ-ਜਿਨ੍ਹਾਂ ਨੇ। ਸਾਸਿ ਗਿਰਾਸਿ-ਸੁਆਸ ਦੇ ਅੰਦਰ ਬਾਹਰ ਜਾਣ ਸਮੇਂ। ਸੇ-ਓਹ (ਮਨੁੱਖ)। ਸਾਚੀ ਦਰਗਹ-ਰਬੀ ਦਰਗਾਹ ਵਿਚ। ਹਰਿ ਜਨ ਬਣੇ-(ਸੋਭਾ ਵਾਲੇ) ਹਰੀ ਦੇ ਸੇਵਕ ਬਣੇ ਹਨ ।੩।

ਅਗਮ-ਅਪਹੁੰਚ। ਵਿਚਿ ਭਗਤਾ-ਭਗਤਾਂ ਦੇ (ਹਿਰਦੇ) ਵਿਚ। ਹਰਿ-ਹੇ ਹਰੀ!। ਧਰਣੇ-(ਤੈਂ) ਧਰੇ, ਰੱਖੇ ਹਨ। ਜਨਿ-(ਜਿਸ ਸੇਵਕ) ਜਨ ਨੇ। ਮਤਿ-ਮਤ ਵਿਚ। ਪਾਰਿ ਪਵਣੇ-(ਸੰਸਾਰ ਸਾਗਰ ਤੋਂ) ਪਾਰ ਪਏ ਹਨ ।੪।

**ਅਰਥ** : ਹੇ ਹਰੀ ! ਤੇਰੀ ਸਤ ਸੰਗਤਿ ਓਹੀ ਹੈ ਜਿਸ ਵਿਚ ਹੇ ਹਰੀ ! ਤੇਰੀ ਕੀਰਤੀ (ਅਥਵਾ ਗੁਣ) ਸੁਣੇ ਜਾਂਦੇ ਹਨ। ਹੇ ਹਰੀ ! ਜਿਨ੍ਹਾਂ ਮਨੁੱਖਾਂ ਨੇ ਤੇਰਾ ਨਾਮ ਸੁਣਿਆ ਹੈ (ਉਨ੍ਹਾਂ ਦਾ) ਮਨ (ਪ੍ਰੇਮ ਵਿਚ) ਭਿੱਜ ਗਿਆ ਹੈ, (ਸਾਡਾ ਚਿਤ ਕਰਦਾ ਹੈ ਕਿ) ਅਸੀ ਨਿਤ ਉਨ੍ਹਾਂ ਦੇ ਚਰਨ ਸੇਵੀਏ ।੧।

(ਹੇ ਭਾਈ !) ਜਗਤ ਦੇ ਜੀਵਨ ਹਰੀ ਨੂੰ ਸਿਮਰ ਕੇ (ਸੰਸਾਰ ਸਾਗਰ ਤੋਂ) ਤਰ ਜਾਈਦਾ ਹੈ। ਹੇ ਹਰੀ ! ਤੇਰੇ ਅਨੇਕਾਂ ਅਸੰਖਾਂ ਨਾਮ ਹਨ (ਜਿਹੜੇ ਕਿ) ਇਸ ਜੀਭ ਤੋਂ ਗਿਣੇ ਨਹੀਂ ਜਾ ਸਕਦੇ ।੧।ਰਹਾਉ।

ਹੇ ਗੁਰਸਿਖੋ! ਹਰੀ ਬੋਲੋ ਤੇ ਹਰੀ ਗਾਵੋ, ਗੁਰੂ ਦੀ ਮਤਿ ਲੈ ਕੇ ਹਰੀ ਦਾ (ਨਾਮ)ਜਪੋ। (ਜਿਹੜਾ ਮਨੁੱਖ) ਗੁਰੂ ਦਾ ਉਪਦੇਸ਼ ਸੁਣ ਲਵੇ, ਉਹ ਸੇਵਕ ਜਨ ਹਰੀ ਪਾਸੋਂ ਬਹੁਤ ਸੁਖ ਪ੍ਰਾਪਤ ਕਰਦਾ ਹੈ ।੨।

(ਹੇ ਗੁਰਸਿਖੋ !) ਉਹ ਕੁਲ ਭਾਗਾਂ ਵਾਲੀ ਹੈ, ਉਹ ਪਿਤਾ ਧੰਨਤਾ ਯੋਗ ਹੈ, ਜਿਸ ਨੇ (ਹਰੀ) ਜਨਾਂ ਨੂੰ ਜਨਮ ਦਿੱਤਾ ਹੈ। ਜਿਨ੍ਹਾਂ (ਮਨੁੱਖਾਂ) ਨੇ ਸੁਆਸ ਅੰਦਰ ਤੇ ਬਾਹਰ ਜਾਣ ਦੇ ਨਾਲ ਮੇਰਾ ਪਿਆਰਾ ਸਿਮਰਿਆ ਹੈ, ਓਹ (ਪਰਮਾਤਮਾ ਦੀ) ਸਚੀ ਦਰਗਾਹ ਵਿਚ (ਸੋਭਾ ਵਾਲੇ) ਬਣੇ ਹਨ ।੩।

ਹੇ ਹਰੀ ! ਤੇਰੇ ਬੇਅੰਤ ਨਾਮ ਹਨ (ਜਿਹੜੇ ਕਿ) ਭਗਤਾਂ ਨੇ (ਆਪਣੇ) ਹਿਰਦੇ ਵਿਚ ਧਰੇ (ਟਿਕਾਏ ਹੋਏ) ਹਨ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਜਿਨ੍ਹਾਂ) ਸੇਵਕ ਜਨਾਂ ਨੇ ਗੁਰੂ ਮਤਿ ਦੁਆਰਾ ਪਰਮਾਤਮਾ ਦਾ (ਅੰਮ੍ਰਿਤ) ਨਾਮ ਪਾਇਆ ਹੈ, ਓਹ ਹਰੀ ਦਾ (ਪਾਵਨ) ਨਾਮ ਜਪ ਕੇ ਸੰਸਾਰ ਸਾਗਰ ਤੋਂ ਪਾਰ ਹੋ ਗਏ ਹਨ ।੪।੩।੭।੮।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਦੀ ਪਹਿਲੀ ਪੰਕਤੀ ਵਿਚ ਸਤਸੰਗਤਿ ਦੀ ਪਰਿਭਾਸ਼ਾ ਨੂੰ ਇਉਂ ਨਿਰੂਪਣ ਕੀਤਾ

ਗਿਆ ਹੈ:--

**ਸਤ ਸੰਗਤਿ ਸਾਈ ਹਰਿ ਤੇਰੀ, ਜਿਤੁ ਹਰਿ ਕੀਰਤਿ ਹਰਿ ਸੁਨਣੇ ॥**

ਗੁਰਬਾਣੀ ਦੇ ਹੋਰ ਸ਼ਬਦਾਂ ਵਿਚ ਵੀ 'ਸਤਿ ਸੰਗਤ' ਦੇ ਸਰੂਪ ਨੂੰ ਖੋਲ੍ਹ ਕੇ ਵਰਣਨ ਕੀਤਾ ਹੈ :

**ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥**

**ਏਕੋ ਨਾਮੁ ਹੁਕਮੁ ਹੈ, ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥** [ਪੰਨਾ ੭੨

ਪਰਮੇਸ਼ਰ ਦੇ ਅਨੇਕਾਂ ਨਾਮ ਹਨ ਜਿਨ੍ਹਾਂ ਦੀ ਗਿਣਤੀ ਸਾਡੀ ਜੀਭ ਨਹੀ ਕਰ ਸਕਦੀ । ਗੁਰਸਿਖ ਨੇ ਜੀਵਨ ਵਿਚ ਕੀ ਕੰਮ ਕਰਨਾ ਹੈ, ਉਸ ਨੂੰ ਇਉਂ ਉਪਦੇਸ਼ ਦਿੱਤਾ ਗਿਆ ਹੈ:-

**ਗੁਰਸਿਖ ਹਰਿ ਬੋਲਹੁ ਹਰਿ ਗਾਵਹੁ, ਲੇ ਗੁਰਮਤਿ ਹਰਿ ਜਪਣੇ ॥**

ਸਚ ਮੁਚ ਗੁਰੂ ਸਵਾਰਿਆਂ, ਗੁਰੂ ਪਿਆਰਿਆਂ, ਸਿਖਾਂ ਦਾ ਮਾਤਾ ਪਿਤਾ, ਵੰਸ਼ ਸਾਰੇ ਹੀ ਧੰਨਤਾ ਯੋਗ ਹਨ ਜਿਨ੍ਹਾਂ ਨੇ ਹਰੀ ਜਨਾ ਨੂੰ ਜਨਮ ਦਿਤਾ ਹੈ । ਗੁਰੂ ਪਾਤਿਸ਼ਾਹ ਤਾਂ ਅਜਿਹੀਆਂ ਸਾਰੀਆਂ ਆਤਮਾਵਾਂ ਪ੍ਰਤੀ ਇਉਂ ਆਖਦੇ ਹਨ :

**ਧਨ ਧੰਨੁ ਜਨਮੁ ਸਚਿਆਰੀਆ, ਮੁਖੁ ਉਜਲ ਸਚਿ ਕਰਿਜੈ ॥** [ਪੰਨਾ ੩੧੨

## ਭੈਰਉ ਮਹਲਾ ੫ ਘਰੁ ੧

**੧ੴ ਸਤਿਗੁਰ ਪ੍ਰਸਾਦਿ॥ ਸਗਲੀ ਥੀਤਿ, ਪਾਸਿ ਡਾਰਿ ਰਾਖੀ॥ ਅਸਟਮ ਥੀਤਿ, ਗੋਵਿੰਦ ਜਨਮਾ ਸੀ॥੧॥ ਭਰਮਿ ਭੂਲੇ ਨਰ ਕਰਤ ਕਚਰਾਇਣ॥ ਜਨਮ ਮਰਣ ਤੇ ਰਹਤ ਨਾਰਾਇਣ॥੧॥ਰਹਾਉ॥ ਕਰਿ ਪੰਜੀਰੁ, ਖਵਾਇਓ ਚੋਰ॥ ਓਹੁ ਜਨਮਿ ਨ ਮਰੈ, ਰੇ ਸਾਕਤ ਢੋਰ॥੨॥ ਸਗਲ ਪਰਾਧ, ਦੇਹਿ ਲੋਰੋਨੀ॥ ਸੋ ਮੁਖੁ ਜਲਉ, ਜਿਤੁ ਕਹਹਿ ਠਾਕੁਰ ਜੋਨੀ ॥੩॥ ਜਨਮਿ ਨ ਮਰੈ, ਨ ਆਵੈ ਨ ਜਾਇ ॥ ਨਾਨਕ ਕਾ ਪ੍ਰਭੁ, ਰਹਿਓ ਸਮਾਇ ॥੪॥੧॥**

### ਉਚਾਰਨ ਸੇਧ

**ਬਿੰਦੀ ਸਹਿਤ :** ਸਗਲੀਂ, ਰਾਖੀਂ, ਜਨਮਾਂ ਸੀ, ਦੇਹਿਂ, ਕਰਹਿਂ ।

**ਫੁਟਕਲ :** 'ਜਨਮਾ ਸੀ' ਨੂੰ 'ਜਨਮਾਸੀ' ਜੁੜਤ ਰੂਪ ਵਿਚ ਪੜ੍ਹਨਾ ਅਸ਼ੁੱਧ ਹੈ ।

**ਪਦ ਅਰਥ :** ਸਗਲੀ ਥੀਤਿ-ਸਾਰੀਆਂ ਥਿੱਤਾਂ । ਅਸਟਮ-ਅੱਠਵੀ ਥਿੱਤ, ਪੂਰਨਮਾਸੀ ਤੋਂ ਪਿਛੋਂ ਅਠਵਾਂ ਦਿਨ । ਗੋਵਿੰਦ ਜਨਮਾ ਸੀ-(ਕ੍ਰਿਸ਼ਨ ਰੂਪ ਵਿਚ) ਪਰਮਾਤਮਾ ਦਾ ਜਨਮ ਹੋਇਆ ਸੀ ।੧।

ਭਰਮ ਭੂਲੇ ਨਰ-ਭਰਮ ਭੁਲੇਖੇ ਵਿਚ ਪਏ ਹੋਏ ਮਨੁੱਖ । ਕਰਤ ਕਚਰਾਇਣ-(੧) ਕੱਚੀਆਂ ਗੱਲਾਂ ਕਰਦੇ ਹਨ । (੨) ਕਚਰੇ ਭਾਵ 'ਖੀਰੇ' ਵਿਚ ਸਾਲਗ੍ਰਾਮ ਰਖ ਕੇ ਜਨਮ ਕੇ ਸਮੇਂ ਬਾਹਰ ਨਿਕਾਲ ਕਰ ਕਹਿਤੇ ਹੈ ਕਿ ਨਾਰਿਾਇਣ ਜਨਮੇ ਹੈਂ ਭਾਵ ਅਸ਼ਟਮੀ ਕੋ ਏਕ ਖੀਰੇ ਕੇ ਆਵੰਤਰ ਸ੍ਰੀ ਠਾਕੁਰ ਜੀ ਕੋ ਰਖਤੇ ਹੈ-(ਫ.ਸ.)। ਨਾਰਾਇਣ-ਪਰਮਾਤਮਾ ।੧। ਰਹਾਉ ।

ਕਰਿ ਪੰਜੀਰੁ-ਪੰਜੀਰ ਬਣਾ ਕੇ । ਖਵਾਇਓ ਚੋਰ-ਲੁਕਾ ਕੇ, ਪੜਦਾ ਕਰਕੇ ਖਵਾਇਆ, ਭੋਗ ਲਵਾਇਆ । ਓਹੁ-ਉਹ (ਪਰਮਾਤਮਾ) । ਜਨਮਿ ਨ ਮਰੈ-ਨਾਹ ਜਨਮ ਵਿਚ (ਆਉਂਦਾ ਹੈ) ਨਾ ਮਰਦਾ ਹੈ। ਰੇ ਸਾਕਤ-ਹੇ ਮਾਇਆ ਦੇ ਉਪਾਸ਼ਕ!। ਢੋਰ-ਹੇ ਪਸ਼ੂ ਬ੍ਰਿਤੀ ਵਾਲੇ!।੨। ਸਗਲ ਪਰਾਧ-ਸਾਰੇ ਅਪਰਾਧ ਪਾਪ । ਦੇਹਿ-ਲੋਰੋਨੀ-(ਜੋ ਠਾਕਰ ਨੂੰ) ਲੋਰੀ ਦਿੰਦੇ ਹਨ । ਸੋ ਮੁਖੁ ਜਲਉ-ਉਹ ਮੂੰਹ ਸੜ ਜਾਏ । ਜਿਤੁ ਕਹਹਿ-ਜਿਸ (ਮੂੰਹ ਨਾਲ) ਕਹਿੰਦੇ ਹਨ । ਠਾਕੁਰ ਜੋਨੀ-ਠਾਕੁਰ ਜੋਨੀ ਵਿਚ (ਆਏ ਹਨ) ।੩।

ਜਨਮਿ ਨ ਮਰੈ-ਜਨਮ ਵਿਚ ਨਹੀਂ ਆਉਂਦਾ ਨਾ ਮਰਦਾ ਹੈ । ਨਾ ਆਵੈ ਨਾ ਜਾਇ-ਨਾ (ਉਹ ਕਿਤੋਂ) ਆਉਂਦਾ ਹੈ, ਨਾ ਉਹ (ਕਿਤੇ)ਜਾਂਦਾ ਹੈ । ਰਹਿਓ ਸਮਾਇ-(ਸਭ ਥਾਂ) ਵਿਆਪਕ ਹੋ ਰਿਹਾ ਹੈ ।੪।

**ਅਰਥ :** (ਹੇ ਭਾਈ ! ਕ੍ਰਿਸ਼ਨ ਜੀ ਦੇ ਉਪਾਸ਼ਕ ਨੇ) ਸਾਰੀਆਂ ਥਿੱਤਾਂ ਇਕ ਪਾਸੇ ਰਖ ਦਿਤੀਆਂ (ਅਤੇ) ਅਸ਼ਟਮੀ ਥਿੱਤ ਵਾਲੇ ਦਿਨ (ਇਹ ਕਹਿੰਦਾ ਹੈ ਕਿ) ਗੋਵਿੰਦ ਦਾ (ਕ੍ਰਿਸ਼ਨ ਰੂਪ ਵਿਚ) ਜਨਮ ਹੋਇਆ ਸੀ (ਇਹ ਸਭ ਵਿਅਰਥ ਕਥਨ ਹੈ) ।੧।

ਭਰਮ ਵਿਚ ਭੁੱਲੇ ਹੋਏ ਲੋਕ (ਅਜਿਹੀਆਂ) ਕੱਚੀਆਂ ਗੱਲਾਂ ਕਰਦੇ ਹਨ, (ਪਰ) ਨਾਰਾਇਣ (ਪਰਮਾਤਮਾ) ਜਨਮ ਮਰਣ (ਦੋਹਾਂ) ਤੋਂ ਰਹਿਤ ਹਨ ।੧ਰਹਾਉ ।

(ਹੇ ਭਾਈ ! ਪੰਡਤ ਨੇ) ਪੰਜੀਰ ਬਣਾ ਕੇ ਲੁਕਾ ਕੇ (ਪੜ੍ਹਦਾ ਕਰਕੇ ਠਾਕੁਰ ਨੂੰ) ਖਵਾਇਆ (ਭਾਵ ਭੋਗ ਲਵਾਇਆ, ਇਹ ਸਭ ਪਖੰਡ ਹੈ)। ਹੇ ਸਾਕਤ! ਹੇ ਪਸ਼ੂ ਬ੍ਰਿਤੀ ਵਾਲੇ ਪੁਰਸ਼! ਉਹ (ਪਰਮਾਤਮਾ ਕਿਸੇ) ਜਨਮ ਵਿਚ ਨਹੀਂ ਆਉਂਦਾ ਹੈ ਤੇ ਨਾ ਹੀ ਮਰਦਾ ਹੈ ।੨।

(ਓਇ ਮੂਰਖ ! ਜਿਹੜੇ) ਠਾਕਰ ਨੂੰ (ਪੰਘੂੜੇ ਵਿਚ ਪਾ ਕੇ) ਲੋਰੀ ਦਿੰਦੇ ਹਨ, ਓਹ ਸਾਰੇ ਅਪਰਾਧੀ (ਪਾਪੀ) ਹਨ । (ਉਨ੍ਹਾਂ ਦਾ ਮੂੰਹ) ਸੜ ਜਾਏ ਜਿਸ ਨਾਲ (ਉਹ ਇਹ) ਕਹਿੰਦੇ ਹਨ ਕਿ ਠਾਕੁਰ (ਮਨੁੱਖਾ-ਜੋਨੀ) ਵਿਚ ਆਏ ਹਨ ।੩।

(ਹੇ ਭਾਈ ! ਧਿਆਨ ਨਾਲ ਸੁਣੋ, ਉਹ ਠਾਕੁਰ) ਨ ਜੰਮਦਾ ਹੈ, ਨਾ ਮਰਦਾ ਹੈ, ਨਾ (ਉਹ ਕਿਤੋਂ) ਆਉਂਦਾ ਹੈ (ਅਤੇ) ਨਾ (ਕਿਤੇ) ਜਾਂਦਾ ਹੈ । ਨਾਨਕ ਦਾ ਠਾਕੁਰ ਸਭ ਥਾਵਾਂ ਤੇ ਵਿਆਪਕ ਹੋ ਰਿਹਾ ਹੈ ।੪।੧।

## ਸਾਰੰਸ਼ ਅਤੇ ਸਿਧਾਂਤ

ਸੰਪ੍ਰਦਾਈ ਸਟੀਕ ਦੇ ਕਰਤਾ ਨੇ ਫਰੀਦਕੋਟ ਵਾਲੇ ਸਟੀਕ ਤੋਂ ਸੇਧ ਲੈ ਕੇ ਸ਼ਬਦ ਦੀ ਉਥਾਨਕਾ ਇਸ ਪ੍ਰਕਾਰ ਦਿਤੀ ਹੈ :

ਭਾਦਰੋਂ ਵਦੀ ਸੱਤਵੀਂ ਨੂੰ ਇਕ ਪਖੰਡੀ ਬ੍ਰਾਹਮਣ ਨੇ ਗੁਰੂ ਜੀ ਨੂੰ ਆ ਕੇ ਕਿਹਾ - "ਕਲ੍ਹ ਜਨਮ ਅਸਟਮੀ ਹੈ, ਠਾਕੁਰ ਜੀ ਦਾ ਜਨਮ ਹੋਵੇਗਾ, ਇਸ ਭਾਰੀ ਉਤਸਵ ਸਮੇਂ ਹਿੰਡੋਲੇ ਪੈਣਗੇ, ਅਸਤਬਾਜ਼ੀ ਚਲੇਗੀ, ਵਾਜੇ ਵੱਜਣਗੇ, ਆਪ ਭੀ ਵਰਤ ਰਖਣਾ, ਸਿੱਖਾਂ ਪਾਸੋਂ ਭੀ ਵਰਤ ਰਖਾਉਣਾ ਅਤੇ ਮੰਦਰ ਵਿਚ ਆ ਕੇ ਠਾਕੁਰ ਜੀ ਦੇ ਦਰਸ਼ਨ ਕਰਨੇ ।" ਉਸ ਦੀਆਂ ਅਜੇਹੀਆਂ ਗੱਲਾਂ ਸੁਣ ਕੇ ਗੁਰੂ ਜੀ ਨੇ ਕਿਹਾ, "ਪੰਡਿਤ ਜੀ ! ਤਰਬੂਜ ਵਿਚ ਠਾਕੁਰ ਜੀ ਦੀ ਮੂਰਤੀ ਰੱਖ ਕੇ ਜਨਮ ਅਸ਼ਟਮੀ ਵਾਲੇ ਦਿਨ ਉਸ ਵਿਚੋਂ

ਠਾਕੁਰ ਦੀ ਮੂਰਤੀ ਕੱਢ ਕੇ ਆਖਦੇ ਹੋ ਕਿ ਅੱਜ ਠਾਕੁਰ ਜੀ ਜਨਮੇ ਹਨ, ਇਸ ਤਰ੍ਹਾਂ ਦੀਆਂ ਗੱਲਾਂ ਕਰਨੀਆਂ ਠੀਕ ਨਹੀਂ ਹਨ ਉਹ ਠਾਕੁਰ ਜੀ ਤਾਂ ਜਨਮ ਮਰਨ ਤੋਂ ਰਹਿਤ ਹਨ ਤੁਸੀਂ ਆਖਦੇ ਹੋ, 'ਠਾਕੁਰ ਜੀ ਜਨਮੇ ਹਨ'।

ਪੰਚਮ ਗੁਰਦੇਵ ਜੀ ਨੇ ਪਹਿਲੀ ਪੰਗਤੀ ਵਿਅੰਗਮਈ ਰੂਪ ਵਿਚ ਉਚਾਰਨ ਕੀਤੀ ਹੈ। ਹੇ ਪੰਡਤ ਜੀ ! ਤੁਸਾਂ ਹੋਰ ਸਾਰੀਆਂ ਥਿਤਾਂ ਇਕ ਪਾਸੇ ਰੱਖ ਛਡੀਆਂ ਹਨ, ਇਕ ਅਸ਼ਟਮੀ ਥਿਤ ਵਿਚ ਗੋਵਿੰਦ ਦੇ ਜਨਮ ਦੀ ਗਲ ਕਰਕੇ ਕਚਾਪਨ ਵਿਖਾਇਆ ਹੈ। ਅਜਿਹੀਆਂ ਕਚੀਆਂ ਪਿਲੀਆਂ ਗਲਾਂ ਭਰਮ ਵਿਚ ਭੁਲੇ ਹੋਏ ਲੋਕ ਕਰਦੇ ਹਨ। ਉਨ੍ਹਾਂ ਨੂੰ ਇਹ ਪਤਾ ਨਹੀਂ ਕਿ ਨਾਰਾਇਣ ਜਨਮ ਮਰਨ ਤੋਂ ਰਹਿਤ ਹੈ। ਜਿਹੜਾ ਮਨੁੱਖ ਠਾਕੁਰ ਨੂੰ ਜੋਨੀਆਂ ਵਿਚ ਆਇਆ ਦਸਦਾ ਹੈ, ਉਹ ਬਹੁਤ ਵੱਡੀ ਹੱਤਕ ਵਾਲੀ ਗਲ ਕਰਦਾ ਹੈ। ਅਜਿਹੀ ਗਲ ਕਰਨ ਵਾਲੇ ਦਾ ਮੂੰਹ ਹੀ ਸੜ ਜਾਏ। ਸਾਡਾ ਠਾਕੁਰ ਪਥਰ ਨਹੀਂ, ਨਾ ਉਸ ਨੂੰ ਝੂਲੇ ਵਿਚ ਪਾ ਕੇ ਲੋਰੀ ਦਿਤੀ ਜਾ ਸਕਦੀ ਹੈ ; ਉਹ ਨਿਰਗੁਣ ਸਰੂਪ ਹੈ, ਸਾਰਿਆਂ ਵਿਚ ਸਮਾਅ ਰਿਹਾ ਹੈ।

ਸਿਧਾਂਤ ਇਹ ਹੈ ਕਿ ਸਰਬ ਵਿਆਪੀ ਕਰਤਾਰ ਨੂੰ ਛੱਡ ਕੇ ਜੋ ਉਸ ਦੀ ਥਾਂ ਕ੍ਰਿਸ਼ਨ ਜੀ ਨੂੰ 'ਪਰਮਾਤਮਾ' ਮੰਨਦੇ ਹਨ, ਜਨਮ ਅਸ਼ਟਮੀ ਵਾਲਾ ਦਿਨ ਮੰਨਾਉਂਦੇ ਹਨ, ਓਹ ਕਚੇ ਲੋਕ ਹਨ।

**ਭੈਰਉ ਮਹਲਾ ੫ ॥ ਊਠਤ ਸੁਖੀਆ, ਬੈਠਤ ਸੁਖੀਆ ॥ ਭਉ ਨਹੀ ਲਾਗੈ, ਜਾਂ ਐਸੇ ਬੁਝੀਆ ॥੧॥ ਰਾਖਾ ਏਕੁ ਹਮਾਰਾ ਸੁਆਮੀ ॥ ਸਗਲ ਘਟਾ ਕਾ ਅੰਤਰਜਾਮੀ ॥੧॥ਰਹਾਉ॥ ਸੋਇ ਅਚਿੰਤਾ, ਜਾਗਿ ਅਚਿੰਤਾ ॥ ਜਹਾ ਕਹਾਂ ਪ੍ਰਭੁ ਤੂੰ ਵਰਤੰਤਾ ॥੨॥ ਘਰਿ ਸੁਖਿ ਵਸਿਆ, ਬਾਹਰਿ ਸੁਖੁ ਪਾਇਆ ॥ ਕਹੁ ਨਾਨਕ, ਗੁਰਿ ਮੰਤ੍ਰੁ ਦ੍ਰਿੜਾਇਆ ॥ ੩ ॥ ੨ ॥**

## ਉਚਾਰਨ ਸੇਧ

**ਬਿੰਦੀ ਸਹਿਤ** : ਨਹੀਂ, ਘਟਾਂ ਕਾ, ਜਹਾਂ।

**ਪਦ ਅਰਥ** : ਊਠਤ-ਉਠਦਿਆਂ। ਬੈਠਤ-ਬੈਠਦਿਆਂ। ਸੁਖੀਆ-ਸੁੱਖੀ ਹੈ। ਭਉ-ਡਰ। ਜਾ-ਜਦੋਂ। ਐਸੇ ਬੁਝੀਆ-ਇਸ ਤਰ੍ਹਾਂ ਬੁਝਿਆ, ਸਮਝ ਆਈ॥੧॥

ਰਾਖਾ-ਰਖਵਾਲਾ। ਹਮਾਰਾ-ਸਾਡਾ, ਅੱਸਾਂ (ਜੀਆਂ) ਦਾ। ਸੁਆਮੀ-ਮਾਲਕ। ਸਗਲ ਘਟਾ ਕਾ-ਸਾਰੇ ਸਰੀਰਾਂ ਦਾ। ਅੰਤਰਜਾਮੀ-ਅੰਦਰ, ਦਿਲ ਦੀਆਂ ਜਾਣਨ ਵਾਲਾ।੧। ਸੋਇ-ਸੌਂਦਾ ਹੈ। ਅਚਿੰਤਾ-ਚਿੰਤਾ ਰਹਿਤ (ਹੋ ਕੇ)। ਜਾਗਿ-ਜਾਗੇ, ਜਾਗਦਾ ਹੈ। ਜਹਾ ਕਹਾ-ਜਿੱਥੇ ਕਿੱਥੇ, ਹਰ ਥਾਂ। ਪ੍ਰਭੁ ਤੂੰ ਵਰਤੰਤਾ-ਤੂੰ ਪ੍ਰਭੂ ਹੀ ਵਰਤ ਰਿਹਾ ਹੈਂ, ਵਿਆਪਕ ਹੋ ਰਿਹਾ ਹੈਂ।੨।

ਘਰਿ-ਘਰ ਵਿਚ। ਬਾਹਰਿ-ਘਰੋਂ ਬਾਹਰ। ਸੁਖੁ-(ਆਤਮਿਕ) ਅਨੰਦ। ਗੁਰਿ-ਗੁਰੂ ਨੇ। ਮੰਤ੍ਰੁ-ਉਪਦੇਸ਼। ਦ੍ਰਿੜਾਇਆ-ਪੱਕਾ ਕਰਾਇਆ।੩।

**ਅਰਥ :** ਜਦੋਂ (ਜੀਵ ਨੇ) ਇਸ ਤਰ੍ਹਾਂ ਬੁਝ ਲਿਆ, (ਭਾਵ ਸਮਝ ਆ ਗਈ ਕਿ) ਪਰਮਾਤਮਾ ਹੀ ਸਭ ਦਾ ਰਖਵਾਲਾ ਹੈ, (ਉਹ ਆਪਣੇ ਆਪ ਹੀ) ਉਠਦਿਆਂ ਵੀ ਸੁਖੀ (ਅਨੁਭਵ ਕਰਦਾ ਹੈ), ਬੈਠਦਿਆਂ ਵੀ ਸੁਖੀ ਹੈ। ਉਸ ਨੂੰ ਫਿਰ ਕਿਸੇ ਪ੍ਰਕਾਰ ਦਾ) ਡਰ ਨਹੀਂ ਲਗਦਾ ।੧।

(ਹੇ ਭਾਈ !) ਅਸਾਂ (ਸਾਰੇ ਜੀਆਂ ਦਾ) ਰਾਖਾ, ਇਕੋ ਸੁਆਮੀ (ਮਾਲਕ) ਹੈ। (ਉਹ) ਸਭ ਦੇ ਦਿਲਾਂ ਦੀਆਂ ਜਾਣਨ ਵਾਲਾ ਅੰਤਰਜਾਮੀ (ਪ੍ਰਭੂ) ਹੈ।੧।ਰਹਾਉ ।

(ਅਜਿਹੀ ਬ੍ਰਿਤੀ ਵਾਲਾ ਮਨੁੱਖ) ਚਿੰਤਾ ਤੋਂ ਰਹਿਤ ਹੋ ਕੇ ਸੌਂਦਾ ਹੈ, (ਜਦੋਂ) ਜਾਗਦਾ ਹੈ, ਚਿੰਤਾ ਤੋਂ ਰਹਿਤ ਹੁੰਦਾ ਹੈ । (ਉਹ ਇਉਂ ਕਹਿੰਦਾ ਹੈ ਕਿ ਹੇ ਪ੍ਰਭੂ !) ਜਿਥੇ ਕਿਥੇ (ਵੇਖੀਏ) ਤੂੰ ਆਪ ਹੀ ਵਰਤ ਰਿਹਾ ਹੈਂ (ਭਾਵ ਸਭ ਥਾਵਾਂ ਤੇ ਤੂੰ ਮੌਜੂਦ ਹੈਂ) ।੨।

ਨਾਨਕ ! ਆਖ (ਜਿਸ ਨੂੰ ਗੁਰੂ ਨੇ ਇਹ) ਉਪਦੇਸ਼ ਦ੍ਰਿੜ ਕਰਾ ਦਿਤਾ ਹੈ (ਉਸ ਹਿਰਦੇ ਰੂਪੀ) ਘਰ ਵਿਚ ਸੁਖ ਵਸ ਗਿਆ ਹੈ (ਅਤੇ ਘਰ ਤੋਂ) ਬਾਹਰ (ਭਾਵ ਹਰ ਥਾਂ ਹੀ ਆਤਮਿਕ) ਸੁਖ ਪ੍ਰਾਪਤ ਕੀਤਾ ਹੈ।੩।੨।

## ਸਾਰੰਸ਼ ਅਤੇ ਸਿਧਾਂਤ

ਇਸ ਸਬਦ ਦੀ ਰਹਾਉ ਵਾਲੀ ਪੰਗਤੀ 'ਰਾਖਾ ਏਕ ਹਮਾਰਾ ਸੁਆਮੀ ॥ ਸਗਲ ਘਟਾ ਕਾ ਅੰਤਰਜਾਮੀ' ॥ ਜਗਿਆਸੂ ਦੇ ਹਿਰਦੇ ਵਿਚ ਪਰਮੇਸ਼ਰ ਦੀ ਹੋਂਦ ਅਤੇ ਹਰ ਵੇਲੇ ਅੰਗ ਸੰਗ ਹੋਣ ਦਾ ਵਿਸ਼ਵਾਸ਼ ਪੱਕਾ ਕਰਾਉਂਦੀ ਹੈ । ਜਿਸਨੂੰ ਗੁਰੂ ਦਾ ਉਪ੍ਰੋਕਤ ਉਪਦੇਸ਼ ਦ੍ਰਿੜ ਹੋ ਜਾਂਦਾ ਹੈ ਉਹ ਨਿਰਭਉ ਤੇ ਅਚਿੰਤ ਹੋ ਜਾਂਦਾ ਹੈ। ਉਹ ਹਰ ਵੇਲੇ ਉਠਦਿਆਂ ਬਹਿੰਦਿਆਂ, 'ਵਾਹਿਗੁਰੂ ਵਾਹਿਗੁਰੂ' ਜਪਦਾ ਹੋਇਆ ਆਤਮਿਕ ਸੁਖ ਮਾਣਦਾ ਹੈ ।

ਹਰੇਕ ਗੁਰਸਿਖ ਨੂੰ ਇਹ ਸ਼ਬਦ ਕੰਠ ਹੋਣਾ ਚਾਹੀਦਾ ਹੈ । ਜਦੋਂ ਅੰਮ੍ਰਿਤ ਵੇਲੇ ਜਾਗੇ ਤਾਂ ਉਸ ਦੀ ਰਸਨਾ ਤੇ 'ਊਠਤ ਸੁਖੀਆ, ਬੈਠਤ ਸੁਖੀਆ' ਹੋਵੇ । ਸਚ ਜਾਣੋ, ਭਾਵਨਾ ਨਾਲ ਪੜ੍ਹਿਆਂ ਪ੍ਰਭੂ ਦੀ ਹੋਂਦ ਹਰ ਵੇਲੇ ਹਿਰਦੇ ਵਿਚ ਟਿੱਕੀ ਰਹਿੰਦੀ ਹੈ, ਘਰ ਤੇ ਬਾਹਰ ਹਰ ਥਾਂ ਸੁਖ ਹੀ ਸੁਖ ਪ੍ਰਾਪਤ ਹੁੰਦਾ ਹੈ। ਸੰਤ ਗੁਰਮੁਖਿ ਸਿੰਘ ਜੀ ਪਟਿਆਲੇ ਵਾਲੇ ਸੰਗਤਾਂ ਵਿਚ ਇਹ ਬਚਨ ਆਖਦੇ ਹੁੰਦੇ ਸਨ - "ਸੰਗਤ ਜੀ! ਅੰਮ੍ਰਿਤ ਵੇਲੇ ਜਾਗ ਕੇ ਪੰਜ ਵਾਰ 'ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦਾ ਜਾਪ ਕਰਿਆ ਕਰੋ । ਸਤਿਗੁਰੂ ਜੀ ਨਾਲ ਆਪ ਜੁੜਨ ਤੇ ਹੋਰਨਾਂ ਨੂੰ ਜੋੜਨ ਦੀ ਇਹ ਸੁੰਦਰ ਜੁਗਤੀ ਹੈ, ਅਭਿਆਸ ਕਰਕੇ ਵੇਖੋ। ਇਸ ਲਈ, ਸਾਰੀ ਗੱਲ ਆਤਮਿਕ ਬਲ 'ਜਾਂ ਐਸੇ ਬੁਝੀਆ' ਭਾਵ ਨਿਸ਼ਚੇ ਦੀ ਹੈ।

**ਭੈਰਉ ਮਹਲਾ ੫ ॥ ਵਰਤ ਨ ਰਹਉ, ਨ ਮਹ ਰਮਦਾਨਾ ॥ ਤਿਸੁ ਸੇਵੀ, ਜੋ ਰਖੈ ਨਿਦਾਨਾ ॥੧॥ ਏਕੁ ਗੁਸਾਈ ਅਲਹੁ ਮੇਰਾ ॥ ਹਿੰਦੂ ਤੁਰਕ ਦੁਹਾਂ ਨੇਬੇਰਾ ॥੧॥ਰਹਾਉ॥ ਹਜ ਕਾਬੈ ਜਾਉ ਨ ਤੀਰਥ ਪੂਜਾ ॥ ਏਕੋ ਸੇਵੀ, ਅਵਰੁ ਨ ਦੂਜਾ ॥੨॥ ਪੂਜਾ ਕਰਉ ਨ ਨਿਵਾਜ ਗੁਜਾਰਉ ॥ ਏਕ ਨਿਰੰਕਾਰ ਲੇ ਰਿਦੈ ਨਮਸਕਾਰਉ**

॥੩॥ ਨਾ ਹਮ ਹਿੰਦੂ, ਨ ਮੁਸਲਮਾਨ ॥ ਅਲਹ ਰਾਮ ਕੇ ਪਿੰਡੁ ਪਰਾਨ ॥੪॥ ਕਹੁ ਕਬੀਰ, ਇਹੁ ਕੀਆ ਵਖਾਨਾ ॥ ਗੁਰ ਪੀਰ ਮਿਲਿ, ਖੁਦਿ ਖਸਮੁ ਪਛਾਨਾ ॥੫॥੩॥

## ਉਚਾਰਨ ਸੇਧ

**ਬਿੰਦੀ ਸਹਿਤ:** ਰਹਉਂ, ਸੇਵੀਂ, ਗੁਸਾਈਂ, ਜਾਉਂ, ਕਰਉਂ, ਗੁਜਾਰਉਂ, ਨਮਸਕਾਰਉਂ।

**ਫੁਟਕਲ:** ਅਲਹੁ ਜਾਂ ਅਲਹ ਕੋਈ ਉਚਾਰਨ ਨਹੀਂ, ਅਰਬੀ ਦਾ ਸ਼ਬਦ 'ਅੱਲਾ' ਹੈ। ਕਰੀਮੁਲ ਲੁਗਾਤ ਵਿਚ ਇਸ ਦੇ ਅਰਥ ਖੁਦਾਇ ਤਾਲਾ ਦਰਜ ਹਨ।

**ਪਦ ਅਰਥ:** 'ਪੂਜਾ ਕਰਉ ਨ ਨਿਵਾਜ ਗੁਜਾਰਉ' ਵਿਚ 'ਨ' ਦੇਹੁਰੀ ਦੀਪਕ ਹੈ। ਨ ਰਹਉ-ਮੈਂ ਨਹੀਂ ਰਖਦਾ। ਮਹ-ਮਾਹ ਮਹੀਨਾ। ਰਮਦਾਨਾ-ਰਮਜ਼ਾਨਾ (ਰਮਜ਼ਾਨ ਉਹ ਮਹੀਨਾ ਹੈ ਜਿਸ ਵਿਚ ਮੁਸਲਮਾਨ ਰੋਜ਼ੇ ਰਖਦੇ ਹਨ)। ਤਿਸੁ ਸੇਵੀ-ਮੈਂ ਉਸ (ਪਰਮਾਤਮਾ) ਨੂੰ ਸਿਮਰਦਾ ਹਾਂ। ਰਖੈ ਨਿਦਾਨਾ-(ਜੋ) ਅੰਤ ਸਮੇਂ ਰਖਿਆ ਕਰਦਾ ਹੈ।੧।

ਗੁਸਾਈ-ਪ੍ਰਿਥਵੀ ਦਾ ਮਾਲਕ। ਅਲਹੁ-ਅੱਲਾ, ਪਰਮਾਤਮਾ। ਦੁਹਾ ਨਿਬੇਰਾ-ਦੋਹਾਂ ਦਾ (ਝਗੜਾ ਹੀ) ਨਿਬੇੜ ਦਿੱਤਾ ਹੈ।੧।ਰਹਾਉ।

ਹਜ ਕਾਬੇ-ਕਾਬੇ ਦਾ ਹੱਜ। ਜਾਉ ਨ=ਨਹੀਂ ਜਾਂਦਾ ਹਾਂ। ਨ ਤੀਰਥ ਪੂਜਾ-ਨਾ ਤੀਰਥ ਇਸ਼ਨਾਨ, ਨਾ ਦੇਵ ਪੂਜਾ ਕਰਦਾ ਹਾਂ। ਏਕੋ ਸੇਵੀ-ਇਕ ਪਰਮਾਤਮਾ ਨੂੰ ਸਿਮਰਦਾ ਹਾਂ। ਅਵਰੁ-ਹੋਰ।੨।

ਨ ਨਿਵਾਜ ਗੁਜਾਰਉ-ਨਾ ਨਿਮਾਜ਼ ਅਦਾਅ ਕਰਦਾ ਹਾਂ। ਲੇ-ਲੈ ਕੇ। ਰਿਦੈ ਨਮਸਕਾਰਉ-ਹਿਰਦੇ ਵਿਚ ਨਮਸਕਾਰ ਕਰਦਾ ਹਾਂ।੩।

ਹਮ-ਮੈਂ। ਅਲਹ ਰਾਮ ਕੇ-(ਇਕ) ਅੱਲਾ ਰਾਮ ਦੇ। ਪਿੰਡ-ਸਰੀਰ। ਪਰਾਨ-ਪ੍ਰਾਣ (ਦਿੱਤੇ ਹੋਏ ਹਨ)। ਵਖਾਨਾ-ਵਖਿਆਨ। ਗੁਰ ਪੀਰ ਮਿਲਿ-ਗੁਰੂ ਪੀਰ ਨੂੰ ਮਿਲ ਕੇ। ਖੁਦਿ ਖਸਮੁ-ਆਪਣੇ ਮਾਲਕ ਨੂੰ। ਪਛਾਨਾ-ਪਛਾਣਿਆ ਹੈ।੪।

**ਅਰਥ:** (ਹੇ ਭਾਈ!) ਨਾ ਮੈਂ (ਹਿੰਦੂਆਂ ਦੇ) ਵਰਤ ਰਖਦਾ ਹਾਂ (ਅਤੇ) ਨਾ ਹੀ (ਮੁਸਲਮਾਨਾਂ ਦੇ ਮਾਹ ਰਮਜ਼ਾਨ ਵਿਚ) ਰੋਜ਼ੇ ਰਖਦਾ ਹਾਂ। ਮੈਂ ਉਸ (ਪਰਮਾਤਮਾ) ਨੂੰ ਸੇਵਦਾ (ਸਿਮਰਦਾ) ਹਾਂ, ਜੋ ਅੰਤ ਸਮੇਂ (ਹਰੇਕ ਦੀ) ਰਖਿਆ ਕਰਦਾ ਹੈ।੧।

(ਹੇ ਭਾਈ!) ਮੇਰਾ (ਤਾਂ ਉਹ) ਇਕੋ ਮਾਲਕ ਹੈ (ਜੋ ਹਿੰਦੂਆਂ ਦਾ ਗੁਸਾਈ ਅਤੇ ਮੁਸਲਮਾਨਾਂ ਦਾ) ਅੱਲ੍ਹਾ ਹੈ। (ਇਸ ਲਈ) ਹਿੰਦੂ ਅਤੇ ਤੁਰਕ ਹੋਣ ਦਾ ਝਗੜਾ ਹੀ ਮੁਕਾਅ ਦਿੱਤਾ ਹੈ (ਭਾਵ ਇਹਨਾਂ) ਦੋਹਾਂ ਤੋਂ (ਮੈਂ ਆਪਣਾ ਪਲਾ) ਛੁੜਾ ਲਿਆ ਹੈ।੧।ਰਹਾਉ। (ਹੇ ਭਾਈ!) ਨਾ ਮੈਂ (ਮੁਸਲਮਾਨਾਂ ਦੇ) ਕਾਬੇ ਦੀ ਯਾਤਰਾ ਕਰਨ ਜਾਂਦਾ ਹਾਂ (ਅਤੇ) ਨਾ (ਹਿੰਦੂਆਂ ਦੇ) ਤੀਰਥਾਂ ਤੇ ਪੂਜਾ (ਕਰਨ ਜਾਂਦਾ ਹਾਂ)। ਮੈਂ ਤਾਂ ਕੇਵਲ ਇਕ (ਪਰਮਾਤਮਾ ਨੂੰ) ਸਿਮਰਦਾ ਹਾਂ, ਕਿਸੇ ਹੋਰ ਦੂਜੇ ਨੂੰ ਨਹੀਂ (ਸਿਮਰਦਾ)।੨।

(ਹੇ ਭਾਈ!) ਨਾ ਮੈਂ (ਹਿੰਦੂਆਂ ਵਾਂਗ ਦੇਵ) ਪੂਜਾ ਕਰਦਾ ਹਾਂ, ਨਾ (ਮੁਸਲਮਾਨਾਂ ਵਾਂਗ) ਨਿਮਾਜ਼ ਪੜ੍ਹਦਾ ਹਾਂ। ਮੈਂ ਤਾਂ ਕੇਵਲ ਨਿਰੰਕਾਰ ਨੂੰ ਲੈ ਕੇ (ਭਾਵ ਆਪਣੇ ਹਿਰਦੇ ਵਿਚ ਵਸਾ ਕੇ ਉਸ ਅਗੇ) ਸਿਰ ਨਿਵਾਂਦਾ ਹਾਂ (ਨਮਸਕਾਰ ਕਰਦਾ ਹਾਂ)।੩।

(ਹੇ ਭਾਈ!) ਨਾ ਅਸੀ ਹਿੰਦੂ ਹਾਂ (ਅਤੇ) ਨਾ ਹੀ ਮੁਸਲਮਾਨ ਹਾਂ। (ਸਾਡਾ ਇਹ) ਸਰੀਰ ਤੇ ਪਰਾਣ (ਸਭ) ਅੱਲ੍ਹਾ ਰਾਮ ਦੇ (ਦਿੱਤੇ ਹੋਏ) ਹਨ।੪।

ਕਬੀਰ ! ਆਖ (ਕਿ ਹੇ ਭਾਈ! ਅਸਾਂ ਜੋ) ਇਹ ਵਖਿਆਨ ਕੀਤਾ ਹੈ (ਐਵੇਂ ਨਹੀਂ ਕੀਤਾ, ਅਸਾਂ ਆਪਣੇ) ਗੁਰੂ-ਪੀਰ ਨੂੰ ਮਿਲ ਕੇ ਆਪਣੇ ਮਾਲਕ ਨੂੰ ਪਛਾਣਿਆ ਹੈ (ਤਾਂ ਇਹ ਆਖਿਆ ਹੈ)।੫।੩।

## ਅਰਥ ਭੇਦ ਅਤੇ ਨਿਰਣੈ

**ਏਕੁ ਗੁਸਾਈ ਅਲਹੁ ਮੇਰਾ॥ ਹਿੰਦੂ ਤੁਰਕ ਦੁਹਾ ਨੇਬੇਰਾ ॥**

ਇਹਨਾਂ ਪੰਕਤੀਆਂ ਵਿਚ 'ਨੇਬੇਰਾ' ਸ਼ਬਦ ਦੇ ਅਰਥਾਂ ਬਾਰੇ ਟੀਕਾਕਾਰਾਂ ਵਿਚ ਮਤ ਭੇਦ ਹੈ ਜਿਸ ਕਰਕੇ ਹੇਠ ਲਿਖੇ ਅਰਥ ਵਿਦਮਾਨ ਹਨ:-

੧- ਅਲਾਹ ਔਰ ਗੁਸਾਈ ਮੇਰਾ ਵਹੁ ਏਕ ਵਾਹਿਗੁਰੂ ਹੀ ਹੈ ਜੋ ਹਿੰਦੂ ਅਰ ਮੁਸਲਮਾਨ ਦੋਨੋ ਕਾ (ਨੇਬੇਰਾ) ਨਿਯਾਉਂ ਕਰਨੇ ਵਾਲਾ ਹੈ। [ਫ਼.ਸ.

੨- ਮੇਰੇ ਲਈ ਓਹੀ ਗੁਸਾਈਂ ਹੈ (ਹਿੰਦੂਆਂ ਦਾ ਰੱਬ) ਜੋ (ਮੁਸਲਮਾਨਾਂ ਦਾ) ਅੱਲਾ ਹੈ। ਦੋਹਾਂ ਤੋਂ ਪੱਲਾ ਛੁੜਾ ਲਿਆ ਹੈ। [ਸ਼ਬਦਾਰਥ

੩- ਹੇ ਭਾਈ! (ਆਤਮਿਕ ਜੀਵਨ ਦੀ ਅਗਵਾਈ ਦੇ ਸੰਬੰਧ ਵਿਚ) ਮੈਂ ਹਿੰਦੂ ਅਤੇ ਤੁਰਕਾਂ ਨਾਲੋਂ ਸਾਂਝ ਹੀ ਮੁਕਾ ਲਈ ਹੈ। ਮੇਰਾ ਤਾਂ ਸਿਰਫ ਉਹ ਹੈ (ਜਿਸ ਨੂੰ ਹਿੰਦੂ) ਗੁਸਾਈਂ (ਆਖਦਾ ਹੈ ਅਤੇ ਜਿਸ ਨੂੰ ਮੁਸਲਮਾਨ) ਅੱਲਾ ਆਖਦਾ ਹੈ। [ਦਰਪਣ

**ਨਿਰਣੈ:** ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਮਹਾਨ ਕੋਸ਼ ਵਿਚ, 'ਨੇਬੇਰਾ' ਪਦ ਦੇ ਅਰਥ ਇਸ ਤਰ੍ਹਾਂ ਕੀਤੇ ਹਨ: ਫੈਸਲਾ, ਦੇਖੋ, ਨਿਬੇੜਾ-"ਹਿੰਦੂ ਤੁਰਕ ਦੁਹਾ ਨੇਬੇਰਾ" (ਭੈਰਉ ਮ: ੫) "ਹਾਥਿ ਤਿਸੈ ਕੇ ਨੇਬੇਰਾ" (ਮਾਰੂ ਸੋਲਹੇ ਮ: ੫)। ਆਪ ਜੀ ਨੇ ਨੇਬੇਰਾ, ਨਿਬੇਰਾ, ਨਿਬੇੜਾ ਅਤੇ ਨਿਬੇੜੁ ਪਦ ਦੇ ਵਖ ਵਖ ਅਰਥਾਂ ਨੂੰ ਇਉਂ ਰੂਪਮਾਨ ਕੀਤਾ ਹੈ:-

ਸੰ. ਨਿਵਿੱਕ੍ਰਤ ਕਰਨ ਦੀ ਕ੍ਰਿਯਾ, ਦੋ ਮਿਲੀ ਵਸਤਾਂ ਨੂੰ ਵੱਖ ਕਰਨ ਦਾ ਭਾਵ। ਨਯਾਯ, ਨਿਆ, ਇਨਸਾਫ਼। ੨ ਫੈਸਲਾ।

੧ "ਤਹਿ ਸਾਚ ਨਿਆਇ ਨਿਬੇਰਾ ॥ [ਸੋਰਠ ਮ: ੫

੨ ਅੰਤਿ ਸਚ ਨਿਬੇੜਾ ਰਾਮ ॥ [ਵਡਹੰਸ ਛੰਤ ਮ: ੫

ਸਤਿਗੁਰ ਹਥਿ ਨਿਬੇੜੁ ॥ [ਵਾਰ ਮ: ੧

੩. ਸਿਧਾਂਤ, ਨਿਚੋੜ "ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ" [ਸਿਧ ਗੋਸਟਿ

੪. ਸਮਾਪਤੀ, 'ਹਉਮੈ ਮਾਰਿ ਨਿਬੇਰੀ ॥' [ਸਾਰ ਮ: ੧

੫. ਹਿਸਾਬ ਭੁਗਤਾਉਣ ਦੀ ਕ੍ਰਿਆ 'ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ [ਸੋਰ ਕਬੀਰ

ਜੇ ਸਾਰੇ ਸ਼ਬਦ ਦਾ ਅਧਿਐਨ ਕੀਤਾ ਜਾਏ ਤਾਂ ਭਗਤ ਜੀ ਦੀ ਭਾਵਨਾ ਨਾ ਹਿੰਦੂ ਧਰਮ ਵਿਚ ਹੈ ਤੇ ਨਾ ਮੁਸਲਮਾਨੀ ਮਜ਼ਹਬ ਵਿਚ, ਆਪ ਦੋਹਾਂ ਤੋਂ ਸੁਤੰਤਰ ਹੋ ਕੇ ਇਉਂ ਆਖਦੇ ਹਨ:-

**ਨਾ ਹਮ ਹਿੰਦੂ ਨ ਮੁਸਲਮਾਨ ॥ ਅਲਹ ਰਾਮ ਕੇ ਪਿੰਡੁ ਪਰਾਨ ॥**

ਇਥੇ 'ਨਿਬੇਰਾ' ਪਦ ਦੇ ਅਰਥ 'ਨਿਆਉਂ ਕਰਨ ਵਾਲਾ' ਠੀਕ ਨਹੀ ਹਨ ਜਿਵੇਂ ਕਿ ਫਰੀਦਕੋਟ ਵਾਲੇ ਸਟੀਕ ਵਿਚ ਅੰਕਿਤ ਹੈ। ਕਬੀਰ ਜੀ ਨੇ ਓਹੀ ਤੱਤ ਵਾਲੀ ਗੱਲ ਆਖੀ ਹੈ ਜੋ ਗੁਰੂ ਨਾਨਕ ਦੇਵ ਜੀ ਨੇ ਵੇਈਂ ਨਦੀ ਚੋਂ ਬਾਹਰ ਨਿਕਲਣ ਤੇ ਕਹੀ ਸੀ:-

**ਨਾ ਕੋ ਹਿੰਦੂ ਨਾ ਮੁਸਲਮਾਨ ॥**

ਕਬੀਰ ਜੀ ਆਖਦੇ ਹਨ ਨਾ ਮੈਂ ਵਰਤ ਰਖਦਾ ਹਾਂ, ਨਾ ਰੋਜ਼ੇ ਰਖਦਾ ਹਾਂ, ਨਾ ਮੈ ਹਜ ਕਰਨ ਲਈ ਕਾਬੇ ਜਾਂਦਾ ਹਾਂ, ਨਾ ਪੂਜਾ ਲਈ ਹਿੰਦੂਆਂ ਦੇ ਤੀਰਥਾਂ ਤੇ ਜਾਂਦਾ ਹਾਂ, ਆਦਿ। ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਭਗਤ ਜੀ ਨੇ ਦੋਹਾਂ ਦੇ ਕਰਮ ਕਾਂਡਾਂ ਨਾਲੋਂ ਆਪਣੇ ਸੰਬੰਧ ਤੋੜ ਕੇ ਝਗੜਾ ਹੀ ਮੁਕਾ ਦਿੱਤਾ ਹੈ:-

**ਪੰਡਿਤ ਮੁਲਾ, ਜੋ ਲਿਖਿ ਦੀਆ, ਛਾਡਿ ਚਲੇ ਹਮ ਕਛੂ ਨ ਲੀਆ।।[ਪੰਨਾ ੧੧੫੯**

ਇਕ ਹੋਰ ਸ਼ਬਦ ਵਿਚ ਆਪ ਜੀ ਨੇ ਅਜਿਹੇ ਵੀਚਾਰ ਹੀ ਪ੍ਰਗਟ ਕੀਤੇ ਹਨ:-

**੧. ਜੋਗੀ ਗੋਰਖੁ ਗੋਰਖੁ ਕਰੈ ॥ ਹਿੰਦੂ ਰਾਮਨਾਮੁ ਉਚਰੈ ॥**
**ਮੁਸਲਮਾਨ ਕਾ ਏਕੁ ਖੁਦਾਇ ॥**
**ਕਬੀਰ ਕਾ ਸੁਆਮੀ ਰਹਿਆ ਸਮਾਇ।। [ਪੰਨਾ ੧੧੬੦**

**੨. ਹਿੰਦੂ ਤੁਰਕ ਕਾ ਸਾਹਿਬੁ ਏਕ।। ਕਹ ਕਰੈ ਮੁਲਾਂ ਕਹ ਕਰੈ ਸੇਖ।। [ਪੰਨਾ ੧੧੫੮**

ਆਪ ਜੀ ਨੇ ਇਥੇ ਹਿੰਦੂ ਤੇ ਤੁਰਕ ਦੋਹਾਂ ਤੋਂ ਪਲਾ ਛੁੜਾਇਆ ਹੈ ਅਤੇ ਇਕ ਵਿਆਪਕ ਸੁਆਮੀ ਤੇ ਟੇਕ ਰਖੀ ਹੈ। ਸੋ, ਇਥੇ 'ਨੇਬੇਰਾ' ਦਾ ਅਰਥ 'ਮੁਕਾਉਣਾ' ਹੀ ਠੀਕ ਹਨ।

## ਸਾਰੰਸ਼ ਅਤੇ ਸਿਧਾਂਤ

ਵਰਤ ਨੇਮ ਕਰਨ ਦੀ ਕ੍ਰਿਆ ਹਿੰਦੂ ਲੋਕ ਕਰਦੇ ਹਨ, ਨਿਮਾਜ਼ ਤੇ ਰੋਜੇ ਮੁਸਲਮਾਨ ਰਖਦੇ ਹਨ। 'ਨਾ ਹਮ ਹਿੰਦੂ ਨ ਮੁਸਲਮਾਨ' ਦੇ ਗੁਰਵਾਕਾਂ ਤੋਂ ਇਸ ਗੱਲ ਦਾ ਨਿਰਣਾ ਹੋ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਚਲਾਇਆ 'ਨਿਰਮਲ ਪੰਥ' ਸਭ ਨਾਲੋਂ ਨਿਆਰਾ ਹੈ। ਇਕ ਨਿਰੰਕਾਰ ਨੂੰ ਮੰਨਣ ਵਾਲਾ ਧਰਮ ਹੈ ਜੋ ਸਭ ਨੂੰ ਸਾਂਝੀਵਾਲਤਾ ਦਾ ਸੰਦੇਸ਼ ਦਿੰਦਾ ਹੈ, ਏਕੇ ਦਾ ਅਲੰਬਰਦਾਰ ਹੈ।

ਇਸ ਸ਼ਬਦ ਦੀਆਂ ਅੰਤਲੀਆਂ ਪੰਕਤੀਆਂ ਵਿਚ 'ਕਹੁ ਕਬੀਰ ਇਹੁ ਕੀਆ ਵਖਾਨਾ' ਕਬੀਰ ਨਾਂ ਦੀ ਮੁਹਰ ਛਾਪ ਵੇਖ ਕੇ ਇਸ ਸ਼ਬਦ ਦਾ ਰਚਿਤਾ ਕਬੀਰ ਜੀ ਨੂੰ ਦਸਿਆ ਜਾਂਦਾ ਹੈ, ਪਰ ਇਹ ਭੁਲੇਖਾ ਹੈ। 'ਭੈਰਉ ਮਹਲਾ ੫' ਸਿਰਲੇਖ ਪੜ੍ਹ ਕੇ ਕਿਸੇ ਭਰਮ ਭੁਲੇਖੇ ਦੀ ਗੁੰਜਾਇਸ਼ ਹੀ ਨਹੀ ਰਹਿੰਦੀ। ਇਸੇ ਰਾਗ ਵਿਚ ਭਗਤ ਕਬੀਰ ਜੀ ਦਾ ਸ਼ਬਦ ਨੰਬਰ ੬/੭ ਪੜ੍ਹ ਕੇ ਦੇਖੋ "ਪੰਡਿਤ ਮੁਲਾ ਜੋ ਲਿਖਿ

ਦੀਆ॥ ਛਾਡਿ ਚਲੇ ਹਮ ਕਛੂ ਨ ਲੀਆ" ਦੋਹਾਂ ਸ਼ਬਦਾਂ ਦੀ ਪਰਸਪਰ ਵਿਚਾਰ ਵਿਚ ਡੂੰਘੀ ਸਾਂਝ ਹੈ।

ਗੁਰੂ ਸਾਹਿਬ ਦਾ ਭਗਤਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਨ ਦਾ ਮੁਖ ਮੰਤਵ ਹੀ ਨਿਰਗੁਣ ਦੀ ਉਪਾਸ਼ਨਾ ਹੈ ਕਿਉਂਕਿ ਆਮ ਲੋਕਾਂ ਨੂੰ ਗ਼ਲਤ ਫਹਿਮੀ ਹੈ ਕਿ ਸਾਰੇ ਭਗਤ ਸਰਗੁਣ ਸਰੂਪ ਦੇ ਉਪਾਸ਼ਕ ਹਨ।

ਪ੍ਰੋ. ਸਾਹਿਬ ਸਿੰਘ ਜੀ ਦੇ ਕਥਨ ਅਨੁਸਾਰ "ਗੁਰੂ ਅਰਜਨ ਸਾਹਿਬ ਆਪਣੇ ਸ਼ਬਦ ਵਿਚ ਕਬੀਰ ਜੀ ਦੇ ਦਿੱਤੇ ਖ਼ਿਆਲ ਦੀ ਵਿਆਖਿਆ ਕਰ ਰਹੇ ਹਨ।"

ਪਾਠਕ ਜਨ ਇਕ ਗਲ ਦ੍ਰਿੜ ਕਰ ਲੈਣ ਕਿ ਜਿਸ ਸ਼ਬਦ ਦੇ ਆਰੰਭ ਹੋਣ ਤੋਂ ਪਹਿਲਾਂ 'ਮਹਲਾ' ਸ਼ਬਦ ਸਿਰਲੇਖ ਵਜੋਂ ਅੰਕਿਤ ਹੋਵੇ, ਉਹ ਅਵੱਸ਼ ਗੁਰੂ ਸਾਹਿਬ ਜੀ ਦਾ ਆਪਣਾ ਉਚਾਰਨ ਕੀਤਾ ਹੋਇਆ ਹੁੰਦਾ ਹੈ।

ਗੁਰੂ ਕਾਲ ਵਿਚ 'ਵਡਾ ਹਿੰਦੂ ਕਿ ਮੁਸਲਮਾਨੋਈ' ਵਾਲਾ ਝਗੜਾ ਜ਼ੋਰਾਂ ਤੇ ਸੀ, ਮਜ਼ਹਬੀ ਤੁਅੱਸਬ ਦਾ ਬੋਲ ਬਾਲਾ ਸੀ। ਅਜਿਹੇ ਝਗੜੇ ਦੇ ਨਿਪਟਾਰੇ ਲਈ ਗੁਰਬਾਣੀ ਤੇ ਭਗਤ ਬਾਣੀ ਦੀ ਸਾਂਝ ਇਕ ਮੀਲ ਪੱਥਰ ਸਮਾਨ ਹੈ। ਸਿਖ ਧਰਮ ਵਿਚ ਮਜ਼ਹਬ ਤੇ ਜਾਤੀਵਾਦ ਲਈ ਕੋਈ ਥਾਂ ਨਹੀਂ। ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਵਾਕ ਸਭ ਦੀ ਅਗਵਾਈ ਲਈ ਸਾਂਝੀਵਾਲਤਾ ਦੇ ਪ੍ਰਤੀਕ ਹਨ:-

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ,
ਕਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ ॥
ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ,
ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ ॥
ਕਰਤਾ ਕਰੀਮ ਸੋਈ ਰਾਜ਼ਿਕ ਰਹੀਮ ਓਈ,
ਦੂਸਰੋ ਨ ਭੇਦ ਕੋਈ ਭੂਲਿ ਭ੍ਰਮ ਮਾਨਬੋ ॥
ਏਕਹੀ ਸੇਵ ਸਭ ਹੀ ਕੋ ਗੁਰਦੇਵ ਏਕ,
ਏਕ ਹੀ ਸਰੂਪ ਸਬੈ, ਏਕੈ ਜੋਤਿ ਜਾਨਬੋ ॥ [ਅਕਾਲ ਉਸਤਤਿ ਪਾ. ੧੦

ਭੈਰਉ ਮਹਲਾ ੫ ॥ ਦਸ ਮਿਰਗੀ, ਸਹਜੇ ਬੰਧਿ ਆਨੀ॥ ਪਾਂਚ ਮਿਰਗ ਬੇਧੇ, ਸਿਵ ਕੀ ਬਾਨੀ॥੧॥ ਸੰਤ ਸੰਗਿ ਲੇ ਚੜਿਓ ਸਿਕਾਰ॥ ਮ੍ਰਿਗ ਪਕਰੇ, ਬਿਨੁ ਘੋਰ ਹਥੀਆਰ॥੧॥ਰਹਾਉ॥ ਆਖੇਰ ਬਿਰਤਿ ਬਾਹਰਿ ਆਇਓ ਧਾਇ॥ ਅਹੇਰਾ ਪਾਇਓ ਘਰ ਕੈ ਗਾਂਇ ॥੨॥ ਮ੍ਰਿਗ ਪਕਰੇ, ਘਰਿ ਆਣੇ ਹਾਟਿ ॥ ਚੁਖ ਚੁਖ ਲੇ ਗਏ, ਬਾਂਢੇ ਬਾਟਿ ॥੩॥ ਏਹੁ ਅਹੇਰਾ ਕੀਨੋ ਦਾਨੁ ॥ ਨਾਨਕ ਕੈ ਘਰਿ ਕੇਵਲ ਨਾਮੁ ॥੪॥੪॥

ਉਚਾਰਨ ਸੇਧ

ਬਿੰਦੀ ਸਹਿਤ: ਮਿਰਗੀਂ, ਗਾਂਇੰ। ਛੁਟਕਲ: ਸ਼ਿਕਾਰ।

**ਪਦ ਅਰਥ:** ਦਸ ਮਿਰਗੀ-ਦਸ ਹਿਰਨੀਆਂ ਭਾਵ ਦਸ ਇੰਦ੍ਰੀਆਂ। ਸਹਜੇ-ਅਡੋਲ, ਸੁਭਾਵਿਕ ਹੀ। ਬੰਧਿ ਆਨੀ-ਬੰਨ੍ਹ ਕੇ ਲੈ ਆਂਦੀਆਂ। ਪਾਂਚ ਮਿਰਗ-ਪੰਜ ਹਿਰਨ (ਕਾਮਾਦਿਕ)। ਬੇਧੇ-ਵਿੰਨ੍ਹ, ਲਏ। ਸਿਵ ਕੀ ਬਾਨੀ-ਪਰਮੇਸ਼ਰ ਦੀ ਬਾਣੀ ਰੂਪ (ਤੀਰਾਂ) ਨਾਲ।੧।

ਸੰਤ ਸੰਗਿ ਲੇ-ਸੰਤਾਂ ਨੂੰ ਨਾਲ ਲੈ ਕੇ। ਚੜਿਓ ਸਿਕਾਰ-ਸ਼ਿਕਾਰ ਖਡਣ ਲਈ ਚੜ੍ਹ ਪਿਆ। ਮ੍ਰਿਗ ਪਕਰੇ-(ਪੰਜ ਕਾਮਾਦਿਕ) ਹਿਰਨ ਪਕੜ ਲਏ। ਬਿਨੁ ਘੋਰ ਹਥੀਆਰ-ਘੋੜੇ ਤੇ ਹਥਿਆਰਾਂ (ਸ਼ਸਤਰਾਂ) ਤੋਂ ਬਿਨਾਂ ਹੀ।੧।ਰਹਾਉ।

ਆਖੇਰ-ਸ਼ਿਕਾਰ ਖੇਡਣਾ। ਬਿਰਤਿ-ਬ੍ਰਿਤੀ, ਸੁਭਾਉ। ਧਾਇ-ਦੌੜ ਕੇ। ਅਹੇਰਾ-ਸ਼ਿਕਾਰ (ਭਾਵ ਮਨ)। ਚੂਖ ਚੂਖ-ਰੱਤਾ ਰੱਤਾ, ਟੋਟੇ ਟੋਟੇ (ਕਰਕੇ)। ਲੈ ਗਏ-(ਸੰਤ) ਲੈ ਗਏ। ਬਾਂਢੇ ਬਾਟਿ-ਹਿੱਸੇ ਵੰਡ ਕੇ (ਸਤਿ-ਸੰਗੀਆਂ ਸਾਥੀਆਂ ਨੂੰ ਹਿੱਸੇ ਦਿੱਤੇ)।੩।

ਏਹੁ-ਇਹ। ਅਹੇਰਾ-ਸ਼ਿਕਾਰ (ਜੋ ਮਨ ਨੂੰ ਫੜਨਾ ਸੀ)। ਕੀਨੋ ਦਾਨੁ-ਦਾਨ ਕੀਤਾ। ਘਰਿ-ਹਿਰਦੇ ਵਿਚ। ਕੇਵਲ ਨਾਮੁ-ਕੇਵਲ ਇਕ ਨਾਮ ਹੀ।੪।

**ਅਰਥ:** (ਹੇ ਭਾਈ! ਅਸਾਂ) ਦਸ ਇੰਦਰੇ ਰੂਪ ਹਿਰਨੀਆਂ ਸਹਿਜੇ ਹੀ ਬੰਨ ਕੇ ਲੈ ਆਂਦੀਆਂ ਹਨ। ਪੰਜ ਹਰਣ (ਕਾਮ, ਕ੍ਰੋਧ, ਆਦਿਕ) ਕਲਿਆਣ ਰੂਪ ਪਰਮੇਸ਼ਰ ਦੀ ਬਾਣੀ (ਰੂਪ ਬਾਣਾਂ ਨਾਲ) ਵਿੰਨ੍ਹ ਲਏ ਹਨ।੧।

(ਹੇ ਭਾਈ! ਅਸੀ) ਸੰਤਾਂ ਦਾ ਸੰਗ ਲੈ ਕੇ (ਜਦ) ਸ਼ਿਕਾਰ (ਕਰਨ) ਚੜ੍ਹੇ ਤਦ ਬਿਨਾ ਘੋੜਿਆਂ ਤੇ ਹਥਿਆਰਾਂ ਦੇ (ਪੰਜ ਕਾਮ ਕ੍ਰੋਧ ਆਦਿ) ਹਰਨ ਪਕੜ ਲਏ।੧।ਰਹਾਉ।

(ਹੇ ਭਾਈ!) ਸ਼ਿਕਾਰ ਵਾਲੀ ਬਿਰਤੀ (ਜੋ) ਬਾਹਰ ਦੌੜਦੀ ਸੀ, (ਉਹ ਚੰਚਲ ਮਨ) ਦੌੜ ਕੇ (ਅੰਦਰ) ਆ ਗਿਆ ਹੈ (ਭਾਵ ਨਿਜ ਘਰ ਵਿਚ ਟਿੱਕ ਗਿਆ ਹੈ ਕਿਉਂਕਿ ਉਹ) ਸ਼ਿਕਾਰ (ਹੁਣ ਮੈਂ ਆਪਣੇ) ਪਿੰਡ ਭਾਵ ਸਰੀਰ ਰੂਪੀ ਘਰ ਵਿਚ ਹੀ ਪਾ ਲਿਆ ਹੈ।੨।

(ਹੇ ਭਾਈ! ਜੋ ਪੰਜ) ਹਰਨ (ਕਾਮਾਦਿਕ) ਫੜੇ ਸਨ, (ਉਹ) ਮੈਂ ਬੰਨ੍ਹ ਕੇ ਘਰ ਵਿਚ (ਭਾਵ ਸਰੀਰ ਰੂਪ) ਹੱਟੀ ਵਿਚ ਲੈ ਆਂਦੇ। (ਸਤਿਸੰਗੀ) ਉਸ ਸ਼ਿਕਾਰ ਨੂੰ ਵੱਢ ਕੇ ਟੋਟੇ ਟੋਟੇ ਕਰਕੇ ਵੰਡ ਕੇ (ਮੇਰੇ ਅੰਦਰੋਂ ਕੱਢ ਕੇ ਬਾਹਰ) ਲੈ ਗਏ।੩।

ਇਹ ਮਨ (ਜੋ ਵਸ ਵਿਚ ਕੀਤਾ ਸੀ, ਸੰਤਾਂ ਨੇ ਮੈਨੂੰ) ਦਾਨ ਦੇ ਦਿੱਤਾ। ਇਸ ਲਈ ਹੁਣ) ਨਾਨਕ ਦੇ ਘਰ (ਹਿਰਦੇ ਵਿਚ) ਕੇਵਲ (ਪਰਮਾਤਮਾ ਦਾ) ਨਾਮ ਹੀ ਹੈ। (ਬਾਕੀ ਕਾਮ ਕ੍ਰੋਧ ਆਦਿ ਵੈਰੀ ਸਭ ਦੌੜ ਗਏ ਹਨ)।੪।੪।

## ਅਰਥ ਭੇਦ ਅਤੇ ਨਿਰਣੈ

**ਮ੍ਰਿਗ ਪਕਰੇ ਘਰਿ ਆਣੇ ਹਾਟਿ ॥ ਚੂਖ ਚੂਖ ਲੇ ਗਏ ਬਾਂਢੇ ਬਾਟਿ।**

ਵਖ ਵਖ ਅਰਥ:

੧- ਜੋ ਇੰਦ੍ਰੇ ਰੂਪ ਮ੍ਰਿਗ ਪਕੜ ਕੇ ਔ ਮੋੜ ਕੇ ਘਰ ਵਿਖੇ ਆਣੇ ਥੇ ਸੋ ਸੁਭ ਗੁਣ ਜੋ ਪਹਿਲੇ

(ਬਾਂਢੇ) ਵਿਛੋੜੇ ਹੂਏ ਥੇ ਓਪਰੇ ਹੂਏ ਹੂਏ ਥੇ ਸੋ ਤਿਸ ਕੇ ਵਿਸਿਓਂ ਕੋ ਰੱਤੀ ਰੱਤੀ ਬਾਂਟ ਕਰ ਲੈ ਗਏ-ਯਥਾ ਕਾਮ ਕੋ ਵਸਤੂ ਵਿਚਾਰ, ਲੋਭ ਕੋ ਸੰਤੋਖ, ਮੋਹ ਕੋ ਵਿਵੇਕ, ਹੰਕਾਰ ਕੋ ਧੀਰਜ, ਕਰੋਧ ਕੋ ਨਿਮ੍ਰਿਤਾ। [ਫ.ਸ.

੨- ਹਾਟਿ ਕ੍ਰਿ. ਵਿ. ਹਟ ਕੇ, ਮੁੜ ਕੇ। 'ਮ੍ਰਿਗ ਪਕਰੇ ਘਰਿ ਆਣੇ ਹਾਟਿ'। [ਮ.ਕੋ.

੩- ਹਾਟਿ-ਹਟ ਕੇ, ਮੁੜ ਕੇ, ਚੁਖ ਚੁਖ-ਰਤਾ ਰਤਾ। ਬਾਂਢੇ-ਬਾਟਿ ਹਿੱਸੇ ਵੰਡ ਕੇ (ਸਤ ਸੰਗੀਆਂ ਸਾਥੀਆਂ ਨੂੰ ਹਿੱਸੇ ਵੰਡੇ)। [ਸ਼ਬਦਾਰਥ

੪- ਹੇ ਭਾਈ! (ਪੰਜਾਂ) ਹਿਰਨਾਂ ਨੂੰ ਫੜ ਕੇ ਮੈਂ ਆਪਣੇ ਘਰ ਵਿਚ ਲੈ ਆਂਦਾ, ਆਪਣੀ ਹੱਟੀ ਵਿਚ ਲੈ ਆਂਦਾ (ਸੰਤ ਜਨ ਉਹਨਾਂ ਨੂੰ ਰਤਾ ਰਤਾ ਕਰਕੇ (ਮੇਰੇ ਅੰਦਰੋਂ) ਦੂਰ-ਦੁਰਾਡੇ ਥਾਂ ਲੈ ਗਏ (ਮੇਰੇ ਅੰਦਰੋਂ ਸੰਤ ਜਨਾਂ ਨੇ ਪੰਜਾਂ ਕਾਮਾਦਿਕ ਹਿਰਨਾਂ ਨੂੰ ਉਕਾ ਹੀ ਕੱਢ ਦਿੱਤਾ। [ਦਰਪਣ

**ਨਿਰਣੈ:** ਇਹਨਾਂ ਪੰਕਤੀਆਂ ਵਿਚ 'ਹਾਟਿ' ਅਤੇ 'ਬਾਢੇ' ਪਦ ਦੇ ਅਰਥ ਟੀਕਾਕਾਰਾਂ ਨੇ ਵਖੋ ਵਖਰੇ ਕੀਤੇ ਹਨ। ਗੁਰਬਾਣੀ ਵਿਚ 'ਹਾਟਿ' ਪਦ ਦੀ ਵਰਤੋਂ ੯ ਵਾਰੀ ਕੀਤੀ ਹੋਈ ਮਿਲਦੀ ਹੈ:-

**੧. ਲਾਲਾ ਹਾਟਿ ਵਿਹਾਝਿਆ, ਕਿਆ ਤਿਸੁ ਚਤੁਰਾਈ ॥**
**੨. ਬਿਖੁ ਸੰਚੈ ਹਟਵਾਣੀਆ, ਬਹਿ ਹਾਟਿ ਕਮਾਇ ॥** [ਪੰਨਾ ੧੬੬
**੩. ਜਨ ਨਾਨਕੁ ਹਾਟਿ ਵਿਹਾਝਿਆ, ਹਰਿ ਗੁਲਮ ਗੁਲਾਮੀ॥** [ਪੰਨਾ ੧੫੭
**੪. ਹਰਿ ਰਸੁ ਸਾਧੂ ਹਾਟਿ ਸਮਾਇ ॥** [ਪੰਨਾ ੩੭੭
**੫. ਗੁਰ ਕੀ ਬਚਨੀ ਹਾਟਿ ਬਿਕਾਨਾ, ਜਿਤੁ ਲਾਇਆ ਤਿਤੁ ਲਾਗਾ ॥** [ਪੰਨਾ ੯੯੧
**੬. ਮੁੋਲਿ ਅਮੁੋਲੁ ਨ ਪਾਈਐ, ਵਣਜਿ ਨ ਲੀਜੈ ਹਾਟਿ ॥** [ਪੰਨਾ ੧੦੮੭
**੭. ਅਨਾਥ ਰਞਾਣਿ ਉਦਰੁ ਲੇ ਪੋਖਹਿ, ਮਾਇਆ ਗਈਆ ਹਾਟਿ ॥** [ਪੰਨਾ ੧੨੨੪
**੮. ਤਿਸੁ ਜਨ ਕੇ ਹਮ ਹਾਟਿ ਬਿਹਾਝੇ, ਜਿਸੁ ਹਰਿ ਹਰਿ ਕ੍ਰਿਪਾ ਕਰੈ॥** [ਪੰਨਾ ੧੨੬੩

ਉਪ੍ਰੋਕਤ ਪ੍ਰਮਾਣਾਂਤੋਂ 'ਹਾਟਿ' ਪਦ ਦੇ ਅਰਥ 'ਹਟੀ ਵਿਚ ਜਾਂ ਹਟੀ ਤੇ ਹੀ ਬਣਦੇ ਹਨ ਸਿਵਾਏ ਨੰਬਰ ੭ ਵਾਲੀ ਪੰਕਤੀ ਦੇ, ਜਿਸ ਵਿਚ 'ਹਾਟਿ' ਪਦ ਦੇ ਅਰਥ ਹਨ ਹਟ ਜਾਂਦੀ ਹੈ, ਸਾਥ ਛੱਡ ਜਾਂਦੀ ਹਨ। ਜੇ ਸਰੂਪ 'ਹਟਿ' ਹੁੰਦਾ ਤਾਂ 'ਹਟ ਕੇ, ਮੁੜ ਕੇ' ਅਰਥ ਹੋ ਸਕਦੇ ਸਨ ਪਰ ਇਥੇ ਪਦ 'ਹਾਟਿ' ਹੈ। ਇਸ ਲਈ 'ਹਟੀ ਵਿਚ' ਅਰਥ ਕਰਨੇ ਹੀ ਉਚਿਤ ਹਨ।

ਟੀਕਿਆਂ ਦਾ ਤੁਲਨਾਤਮਿਕ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਸੰਪਦ੍ਰਾਈ ਵਿਦਵਾਨਾਂ ਨੇ 'ਫਰੀਦਕੋਟੀ' ਟੀਕੇ ਵਾਲੇ ਅਰਥ ਹੀ ਬਦਲਾ ਕੇ ਸਰਲ ਪੰਜਾਬੀ ਵਿਚ ਕੀਤੇ ਹਨ। ਹਾਂ ਸ਼ਬਦਾਰਥੀ ਵਿਦਵਾਨਾਂ ਤੇ ਪ੍ਰੋ. ਸਾਹਿਬ ਸਿੰਘ ਨੇ ਲਗ ਮਾਤਰੀ ਨੇਮਾਂ ਦੇ ਅਧਾਰ ਤੇ ਅਰਥਾਂ ਵਿਚ ਨਵਾਂ ਮੋੜ ਲਿਆਂਦਾ ਹੈ।

'ਆਦਿ ਗ੍ਰੰਥ ਸ਼ਬਦ-ਅਨੁਕ੍ਰਮਣਿਕਾ' ਨੇ ਗੁਰਬਾਣੀ ਦੇ ਅਰਥ ਖੋਜ ਖੇਤਰ ਵਿਚ ਹੋਰ ਵਾਧਾ ਕੀਤਾ ਹੈ।

'ਬਾਂਢੇ' ਪਦ ਕੇਵਲ ਇਸੇ ਸ਼ਬਦ ਵਿਚ ਆਇਆ ਹੈ, ਪਰ ਇਥੇ 'ਵਿਛੋੜੇ ਵਾਲੇ' ਅਰਥ ਠੀਕ ਨਹੀਂ ਹਨ, 'ਵਢ ਕੇ' ਅਰਥ ਕਰਨੇ ਹੀ ਪ੍ਰਕਰਣ ਦੇ ਅਨੁਕੂਲ ਹਨ।

ਸੋ 'ਹਾਟਿ' ਪਦ ਦੇ ਅਰਥ 'ਹਟ ਕੇ' ਜਾਂ 'ਮੁੜ ਕੇ' ਕਰਨ ਨਾਲੋਂ ਹਟੀ ਵਿਚ' ਅਰਥ ਢੁਕਵੇਂ ਹਨ ਕਿਉਂਕਿ 'ਘਰਿ ਤੇ ਹਾਟਿ' ਦੋਹਾਂ ਸ਼ਬਦਾਂ ਦੀ ਪਰਸਪਰ ਸਾਂਝ ਹੈ। ਇਸੇ ਤਰ੍ਹਾਂ 'ਬਾਂਢੇ ਬਾਟਿ' ਦੇ ਅਰਥ 'ਵਢ ਕੇ ਅਤੇ ਵੰਡ ਕੇ' ਕਰਨੇ ਹੀ ਠੀਕ ਹਨ।

## ਸਾਰੰਸ਼ ਅਤੇ ਸਿਧਾਂਤ

ਜਦੋਂ ਪਾਠਕ ਰਹਾਉ ਵਾਲੀ ਪੰਗਤੀ ਪੜ੍ਹਦਾ ਹੈ " ਸੰਤ ਸੰਗਿ ਲੇ ਚੜਿਓ ਸਿਕਾਰ॥ ਮ੍ਰਿਗ ਪਕਰੇ ਬਿਨ ਘੋਰ ਹਥਿਆਰ"ਤਾਂ ਆਪਣੇ ਦਿਲ ਵਿਚ ਸੋਚਦਾ ਹੈ ਕਿ ਇਹ ਸ਼ਿਕਾਰ ਕਿਹੋ ਜਿਹਾ ਹੈ ਜੋ ਬਿਨਾ ਘੋੜੇ ਅਤੇ ਹਥਿਆਰਾਂ ਤੋਂ ਹੀ ਕੀਤਾ ਜਾਂਦਾ ਹੈ ? ਉਸ ਦਾ ਉਤਰ ਸ਼ਬਦ ਦੀ ਵਿਆਖਿਆ ਚੋਂ ਸੁਤੇ ਹੀ ਮਿਲ ਜਾਂਦਾ ਹੈ।

ਗੁਰੂ ਅਰਜਨ ਸਾਹਿਬ ਕਿਹੜਾ ਸ਼ਿਕਾਰ ਖੇਡਣ ਜਾਂਦੇ ਸਨ ਅਤੇ ਆਪ ਪਾਸ ਕਿਹੜੇ ਹਥਿਆਰ ਸਨ? ਇਹ ਹੈਰਾਨ ਕਰਨ ਵਾਲੀ ਗਲ ਹੈ।

ਸ਼ਿਕਾਰੀ ਤਾਂ ਸ਼ਿਕਾਰ ਸਮੇਂ ਆਪਣੇ ਨਾਲ ਬਾਜ਼ ਅਤੇ ਕੁਤੇ ਆਦਿ ਵੀ ਨਾਲ ਲਿਜਾਂਦੇ ਹਨ ਪਰ ਇਥੇ ਕਿਹੜੇ ਸ਼ਿਕਾਰੀ ਜਾਨਵਰ ਹਨ?

ਇਸ਼ ਸ਼ਬਦ ਵਿਚ ਸ਼ਿਕਾਰ ਨੂੰ ਅਲੰਕਾਰ ਵਜੋਂ ਪੇਸ਼ ਕੀਤਾ ਹੈ। ਅਸਲ ਵਿਚ ਆਪ ਜੀ ਸਤਿਸੰਗੀਆਂ ਨੂੰ ਨਾਲ ਲੈ ਕੇ ਪਾਪਾਂ ਦਾ ਪ੍ਰਹਾਰ ਕਰਨ ਲਈ ਸ਼ਿਕਾਰ ਤੇ ਚੜ੍ਹੇ। ਗੁਰਬਾਣੀ ਦੇ ਅਣਿਅਲੇ ਤੀਰਾਂ ਨਾਲ ਜਦੋ ਕਾਮਦਾਇਕ ਮਿਰਗ ਮਾਰੇ, ਤਾਂ ਆਪਣੇ ਅੰਦਰੋਂ ਹੀ ਨਾਮ ਦਾ ਸ਼ਿਕਾਰ ਮਿਲ ਗਿਆ, ਜੋ ਸਾਰੇ ਸਤਸੰਗੀਆਂ ਨਾਲ ਮਿਲਕੇ ਖਾਧਾ।

ਦਸ ਮ੍ਰਿਗੀਆਂ (ਹਿਰਨੀਆਂ) ਤੋਂ ਭਾਵ ਦਸ ਇੰਦ੍ਰੀਆਂ ਹਨ, ਕੰਨ ਜੋ ਗੰਦੇ ਗੀਤ ਸੁਣ ਰਹੇ ਸਨ, ਜੀਭ ਜੋ ਸੁਆਦਿਸ਼ਟ ਪਦਾਰਥ ਖਾ ਰਹੀ ਸੀ, ਨੱਕ ਜੋ ਸੁਗੰਧੀ ਦਾ ਰਸ ਮਾਣਦਾ ਸੀ, ਹਥ ਜੋ ਪਰਾਏ ਧਨ ਨੂੰ ਚੁਰਾਂਦੇ ਸਨ, ਅੱਖਾਂ ਜੋ ਪਰਾਇਆ ਰੂਪ ਚੁਰਾਂਦੀਆਂ ਸਨ, ਸਭ ਨੂੰ ਕਾਬੂ ਕਰ ਕੇ ਪਰਮੇਸ਼ਰ ਵਲ ਮੋੜਿਆ, ਪੰਜ ਮਿਰਗਾਂ (ਹਿਰਨ) ਭਾਵ ਕਾਮ ਕ੍ਰੋਧ ਆਦਿਕ ਵੈਰੀਆਂ ਨੂੰ ਸਤਿਗੁਰੂ ਨੇ ਬਾਣੀ ਦੇ ਤੀਰਾਂ ਨਾਲ ਮਾਰ ਦਿੱਤਾ। ਇਹ ਸਾਰੀ ਬਰਕਤ ਸੰਤਾਂ ਦੇ ਸੰਗ ਦੀ ਹੈ। ਪੰਚਮ ਗੁਰਦੇਵ ਫੁਰਮਾਉਂਦੇ ਹਨ ਕਿ ਇਹ ਸ਼ਿਕਾਰ ਖੇਡਣਾ ਸਾਨੂੰ ਗੁਰੂ ਬਾਬਾ ਜੀ ਨੇ ਦਾਨ ਵਜੋਂ ਬਖਸ਼ਿਸ਼ ਕੀਤਾ ਹੈ।

ਸਿਧਾਂਤ ਇਹ ਹੈ, ਜੇ ਗੁਰੂ ਦੀ ਸੰਗਤ ਮਿਲ ਜਾਏ, ਹਿਰਦੇ ਵਿਚ ਨਾਮ ਦਾ ਵਾਸਾ ਹੋਵੇ ਤਾਂ ਪੰਜੇ ਵੈਰੀ ਤੇ ਇੰਦ੍ਰੇ ਆਦਿ ਸਾਰੇ ਹੀ ਕਾਬੂ ਆ ਜਾਂਦੇ ਹਨ। ਇਸ ਤੋਂ ਬਾਅਦ ਜਦੋਂ ਮਨ ਨਾਮ ਰੂਪੀ ਸ਼ਿਕਾਰ ਸਤਸੰਗ ਨਾਲ ਮਿਲ ਕੇ ਖਾਂਦਾ ਹੈ, ਤਾਂ ਉਸ ਦਾ ਸੁਆਦ ਹੀ ਅਲੌਕਿਕ ਹੁੰਦਾ ਹੈ।

**ਭੈਰਉ ਮਹਲਾ੫॥ ਜੋ ਸਉ ਲੋਚਿ ਲੋਚਿ ਖਾਵਾਇਆ॥ ਸਾਕਤ, ਹਰਿ ਹਰਿ ਚੀਤਿ ਨ ਆਇਆ॥੧॥ ਸੰਤ ਜਨਾ ਕੀ ਲੇਹੁ ਮਤੇ॥ ਸਾਧ ਸੰਗਿ ਪਾਵਹੁ ਪਰਮ ਗਤੇ**

**॥੧॥ ਰਹਾਉ॥ ਪਾਥਰ ਕਉ ਬਹੁ ਨੀਰੁ ਪਵਾਇਆ। ਨਹ ਭੀਗੈ, ਅਧਿਕ ਸੂਕਾਇਆ॥੨॥ ਖਟੁ ਸਾਸਤ੍ਰ ਮੂਰਖੈ ਸੁਨਾਇਆ। ਜੈਸੇ ਦਹਦਿਸ ਪਵਨੁ ਝੁਲਾਇਆ॥੩॥ ਬਿਨੁ ਕਣ ਖਲਹਾਨੁ, ਜੈਸੇ ਗਾਹਨ ਪਾਇਆ। ਤਿਉ ਸਾਕਤ ਤੇ, ਕੋ ਨ ਬਰਾਸਾਇਆ॥੪॥ ਤਿਤ ਹੀ ਲਾਗਾ, ਜਿਤੁ ਕੋ ਲਾਇਆ। ਕਹੁ ਨਾਨਕ, ਪ੍ਰਭਿ ਬਣਤ ਬਣਾਇਆ॥੫॥੫॥**

## ਉਚਾਰਨ ਸੇਧ

**ਬਿੰਦੀ ਸਹਿਤ:**-ਨਹਂ, ਤਿਉਂ । **ਫੁਟਕਲ:**- 'ਗਾਹਨ' ਨੂੰ 'ਗਾਹ ਨ' ਪਦ ਛੇਦ ਕਰਨਾ ਠੀਕ ਨਹੀਂ ਹੈ। ਪੜ੍ਹੋ ' ਅਰਥ ਭੇਦ ਅਤੇ ਨਿਰਣੈ'।

**ਪਦ ਅਰਥ:**- ਸਉ-ਸੌ ਵਾਰੀ । ਲੋਚਿ-ਚਾਹਨਾ ਕਰਕੇ। ਖਾਵਾਇਆ-(ਨਾਮ ਭੋਜਨ) ਛਕਾਇਆ, ਭਾਵ ਨਾਮ ਜਪਣ ਦਾ ਉਪਦੇਸ਼ ਦਿੱਤਾ। ਸਾਕਤ-ਮਾਇਆ ਸ਼ਕਤੀ ਦੇ ਉਪਾਸ਼ਕ। ਚੀਤਿ-ਚਿਤ ਵਿਚ ।੧। ਮਤੇ-ਮਤਿ, ਸਿਖਿਆ, ਉਪਦੇਸ਼। ਸਾਧ ਸੰਗਿ-ਸਾਧ ਸੰਗ ਵਿਚ (ਨਾਮ ਜਪ ਕੇ)। ਪਾਵਹੁ-ਪ੍ਰਾਪਤ ਹੋਵੋ। ਪਰਮ ਗਤੇ-ਪਰਮ ਗਤੀ, ਉਚੀ ਆਤਮਿਕ ਅਵਸਥਾ ।੧ਰਹਾਉ। ਪਾਥਰ ਕਉ-ਪੱਥਰ ਨੂੰ। ਨੀਰੁ-ਪਾਣੀ। ਨਹ ਭੀਗੈ-ਭਿੱਜਦਾ ਨਹੀਂ ਹੈ। ਅਧਿਕ-ਬਹੁਤ। ਸੂਕਾਇਆ-ਸੁੱਕਾ।੨। ਖਟੁ-ਛੇ। ਮੂਰਖੈ-ਮੂਰਖ (ਮਨੁੱਖ) ਨੂੰ। ਦਹਦਿਸ-ਦਸਾਂ ਦਿਸ਼ਾਂ ਵਿਚ। ਪਵਨੁ--ਹਵਾ।੩। ਬਿਨੁ ਕਣ-ਅੰਨ ਦੇ ਬਿਨਾ। ਖਲਹਾਨ--ਖਲਵਾੜਾ। ਗਾਹਣ-ਗਾਹਨ ਲਗੀਏ। ਤੇ-ਤੋਂ ਕੋ-ਕੋਈ ਭੀ! ਬਰਸਾਇਆ-ਵਰੋਸਾਇਆ, ਲਾਭ ਉਠਾਇਆ।੪। ਤਿਤ ਹੀ-ਉਸ ਪਾਸੇ ਹੀ । ਜਿਤੁ ਕੋ-ਜਿਸ ਪਾਸੇ ਕੋਈ। ਪ੍ਰਭਿ-ਪ੍ਰਭੂ ਨੇ। ਬਣਤ-ਵਿਉਂਤ ਮਰਯਾਦਾ।੫।

**ਅਰਥ:**- ( ਹੇ ਭਾਈ!) ਜੇ (ਕਿਸੇ ਨੇ ਸਾਕਤ ਪੁਰਸ਼ ਨੂੰ) ਸੌ ਵਾਰੀ ਚੰਗੀ ਚਾਹਨਾ ਕਰਕੇ (ਨਾਮ ਰੂਪੀ ਭੋਜਨ) ਖਵਾਇਆ(ਪ੍ਰੰਤੂ) ਸਾਕਤ ਦੇ ਚਿਤ ਵਿਚ ਹਰੀ ਦਾ (ਨਾਮ) ਨਹੀਂ ਆਇਆ (ਭਾਵ ਨਾ ਉਸ ਨੂੰ ਨਾਮ-ਭੋਜਨ ਭਾਇਆ, ਨਾ ਉਸ ਨੇ ਖਾਇਆ)।੧।

ਹੇ ਭਾਈ! ਸੰਤ ਜਨਾ ਦੀ ਸਿਖਿਆ (ਆਪਣੇ ਮਨ ਵਿਚ) ਧਾਰਨ ਕਰੋ। (ਅਤੇ) ਸਾਧ ਸੰਗ ਵਿਚ (ਟਿਕ ਕੇ) ਪਰਮਗਤੀ ਨੂੰ ਪ੍ਰਾਪਤ ਹੋਵੋ।੧। ਰਹਾਉ।

(ਹੇ ਭਾਈ ! ਜੇ) ਪੱਥਰ ਉਤੇ ਬਹੁਤ ਪਾਣੀ ਪਵਾਇਆ ਜਾਵੇ (ਤਾਂ ਵੀ ਉਹ ਪਥਰ ਅੰਦਰੋਂ) ਭਿੱਜਦਾ ਨਹੀਂ, ਬਿਲਕੁਲ ਸੁੱਕਾ ਹੀ ਰਹਿੰਦਾ ਹੈ। (ਇਹੋ ਜਿਹੀ ਦਸ਼ਾ ਸਾਕਤ ਦੀ ਹੈ, ਭਾਵੇਂ ਉਹ ਸਤਸੰਗਤ ਵਿਚ ਬੈਠਾ ਰਹੇ ਪਰ ਉਹ ਗੁਰਬਾਣੀ ਦਾ ਅਸਰ ਨਹੀਂ ਕਬੂਲਦਾ, ਕੋਰੇ ਦਾ ਕੋਰਾ ਹੀ ਰਹਿੰਦਾ ਹੈ) ।੨।

( ਹੇ ਭਾਈ! ਜੇ ) ਮੂਰਖ ਨੂੰ ਛੇ ਸ਼ਾਸਤ੍ਰਾਂ ਦਾ ਉਪਦੇਸ਼ ਸੁਣਾਇਆ ਜਾਏ ( ਤਾਂ ਉਹ ਇਸ ਤਰ੍ਹਾਂ ਬੇ-ਅਸਰ ਰਹਿੰਦਾ ਹੈ) ਜਿਵੇਂ ਦਸਾਂ ਪਾਸਿਓਂ ਹਵਾ ਆ ਕੇ ਕੋਲੋਂ ਲੰਘ ਜਾਂਦੀ ਹੈ (ਪਤਾ ਨਹੀਂ ਲਗਦਾ, ਭਾਵ ਉਹ ਉਪਦੇਸ਼ ਵੱਲ ਧਿਆਨ ਹੀ ਨਹੀਂ ਦਿੰਦਾ)।੩।

ਜਿਵੇਂ ਦਾਨਿਆਂ ਤੋਂ ਬਿਨਾ ਖਾਲੀ ਖਲਵਾੜਾ ਗਾਹਣ ਲਗੀਏ ( ਤਾਂ ਕੁਝ ਨਹੀਂ ਲਭਦਾ) ਤਿਵੇਂ ਸਾਕਤ (ਭਾਵ ਮਾਇਆ ਦੇ ਉਪਾਸ਼ਕ ਦੀ ਸੰਗਤ) ਤੇ ਕੋਈ ਲਾਭ ਨਹੀਂ ਉਠਾ ਸਕਦਾ (ਭਾਵ ਉਹ ਖਾਲੀ ਖਲਵਾੜੇ ਦੀ ਨਿਆਈ ਹੁੰਦਾ ਹੈ)।੩।

(ਹੇ ਭਾਈ! ਕਿਸੇ ਜੀਵ ਦੇ ਵਸ ਵਿਚ ਕੁਝ ਨਹੀਂ) ਹਰ ਕੋਈ ਉਸ (ਕੰਮ ਵਿਚ ਹੀ) ਲੱਗਾ ਹੋਇਆ ਹੈ, ਜਿਸ ਕੰਮ ਵਿਚ (ਪਰਮਾਤਮਾ ਨੇ ਕਿਸੇ ਨੂੰ) ਲਾਇਆ ਹੋਇਆ ਹੈ। ਨਾਨਕ! ਆਖ ਕਿ ਪ੍ਰਭੂ ਨੇ (ਇਹ ਸੰਸਾਰ) ਇਕ ਖੇਲ ਹੀ ਰਚਾਇਆ ਹੈ। (ਭਾਵ ਇਹ ਸਭ ਵਾਹਿਗੁਰੂ ਦੇ ਆਪਣੇ ਭਾਣੇ ਦੀ ਖੇਡ ਹੈ)।੫।੫।

## ਅਰਥ ਭੇਦ ਅਤੇ ਨਿਰਣੈ

**੧) ਬਿਨੁ ਕਣ ਖਲਹਾਨੁ ਜੈਸੇ ਗਾਹਨ ਪਾਇਆ।।**

**੨) ਬਿਨੁ ਕਣ ਖਲਹਾਨੁ ਜੈਸੇ ਗਾਹ ਨ ਪਾਇਆ।।**

ਇਸ ਪੰਕਤੀ ਦਾ ਪਾਠ ਦੋ ਤਰ੍ਹਾਂ ਜਿਵੇਂ ਉਪਰ ਅੰਕਿਤ ਹੈ, ਟੀਕਾਕਾਰਾਂ ਨੇ ਪਦ ਛੇਦ ਕਰਕੇ ਇਉਂ ਅਰਥ ਕੀਤੇ ਹਨ:-

੧. ਜਿਸ ਪ੍ਰਕਾਰ ਬਿਨਾ (ਕਣ) ਅਨਾਜ ਦੇ( ਖਲਹਾਨ) ਖਲਵਾੜੇ ਕੋ ਗਾਹਿਆ ਹੋਇਆ ਅੰਨ ਨਹੀਂ ਪਾਈਤਾ [ਫ.ਸ.

੨. ਜਿਵੇਂ ਦਾਨਿਆ ਤੋਂ ਖ਼ਾਲੀ ਖਲਵਾੜੇ ਨੂੰ ਗਾਹਣ ਲਗੀਏ(ਤਾਂ ਕੁਝ ਨਹੀਂ ਲੱਭਦਾ)। [ਸ਼ਬਦਾਰਥ

੩. ਹੇ ਭਾਈ! ਜਿਵੇ ਅੰਨ ਦੇ ਦਾਨਿਆਂ ਤੋਂ ਬਿਨਾ ਕੋਈ ਖਲਵਾੜਾ ਗਾਹਿਆ ਜਾਏ। (ਉਸ ਵਿਚੋਂ ਦਾਨਿਆਂ ਦਾ ਬੋਹਲ ਨਹੀਂ ਬਣੇਗਾ)। [ਦਰਪਣ

**ਨਿਰਣੈ**:-ਭਾਵਕ ਅਰਥਾਂ ਵਿਚ ਭਾਵੇਂ ਕੋਈ ਅੰਤਰ ਨਾ ਹੋਵੇ ਪਰ ਇਸ ਪੰਕਤੀ ਦਾ ਪਾਠਾਂਤਰ ਕਿਉਂ ਰਹੇ? 'ਗਾਹਨ' ਪਾਠ ਠੀਕ ਹੈ। ਗੁਰਬਾਣੀ ਰਾਹੀਂ ਇਸ ਦੀ ਪ੍ਰੋੜਤਾ ਇਉਂ ਹੁੰਦੀ ਹੈ:

**ਕਣੁ ਨਾਹੀ ਤੂਹ ਗਾਹਣ ਲਾਗੇ, ਧਾਇ ਧਾਇ ਦੂਖ ਪਾਂਹੀ।।** [ਪੰਨਾ ੧੨੦੭

ਇਹ ਕ੍ਰਿਆ ਵਾਚੀ ਪਦ ਹੈ, ਜੇ ਸੰਗਿਆ ਰੂਪ ਹੁੰਦਾ ਤਾਂ 'ਗਾਹੁ' ਪਦ ਹੋਣਾ ਸੀ। ਫਰੀਦਕੋਟ, ਗੁਰਬਾਣੀ ਪਾਠ ਦਰਸ਼ਨ ਤੇ ਸੰਪ੍ਰਦਾਈ ਸਟੀਕ ਵਿਚ 'ਗਾਹ ਨ' ਪਾਠ ਪਦ ਛੇਦ ਕੀਤਾ ਗਿਆ ਹੈ ਜੋ ਕਿ ਠੀਕ ਨਹੀਂ ਹੈ।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਸਾਕਤ ਦਾ ਪਹਿਲਾ ਲਛਣ ਇਹ ਦਸਿਆ ਹੈ ਕਿ ਉਸ ਨੂੰ ਤੁਸੀਂ ਭਾਵੇਂ ਕਿਤਨੇ ਚਾਅ ਨਾਲ ਸੈਂਕੜੇ ਪਦਾਰਥ ਖਵਾਉ, ਉਸ ਨੂੰ ਸਮਝਾਓ ਪਏ, ਉਸ ਦੇ ਮੂੰਹ ਚੋਂ ਕਦੇ ਵੀ 'ਸਤਿਨਾਮ ਵਾਹਿਗੁਰ' ਨਹੀਂ' ਨਿਕਲੇਗਾ। ਇਸ ਲਈ ਸਾਕਤ ਪੁਰਸ਼ ਦੀ ਸੰਗਤ ਤੋਂ' ਸਦਾ ਹੀ ਪਰੇ ਰਹਿਣਾ ਚਾਹੀਦਾ ਹੈ ਅਤੇ ਸੰਤਾਂ ਦੀ ਸੰਗਤ ਕਰਕੇ ਪਰਮਗਤੀ ਪ੍ਰਾਪਤ ਕਰਨੀ ਚਾਹੀਦੀ ਹੈ।

ਸਾਕਤ ਪੁਰਸ਼ ਦਾ ਹਿਰਦਾ ਪਥਰ ਵਾਂਗ ਅਭਿੱਜ, ਕਠੋਰ ਹੁੰਦਾ ਹੈ, ਉਸ ਨੂੰ ਭਾਵੇਂ ਧਾਰਮਿਕ ਪੁਸਤਕਾਂ ਦਾ ਕਿਤਨਾ ਹੀ ਉਪਦੇਸ਼ ਸੁਣਾਉਣ ਦਾ ਯਤਨ ਕਰੋ, ਉਹ ਕਦੇ ਨਹੀਂ ਸੁਣਦਾ ਤੇ ਨਾ ਹੀ ਉਸ ਦਾ ਹਿਰਦਾ ਕੋਮਲ ਹੋ ਸਕਦਾ ਹੈ।

ਸਿਧਾਂਤ ਇਹ ਹੈ ਕਿ ਸਾਕਤ ਪੁਰਸ਼ ਪਾਸੋਂ ਕਿਸੇ ਨੂੰ ਕੋਈ ਚੰਗਾ ਫਲ ਪ੍ਰਾਪਤ ਹੋਣ ਦੀ ਆਸ ਨਹੀਂ ਰਖਣੀ ਚਾਹੀਦੀ। ਗੁਰਦੇਵ ਪਿਤਾ ਜੀ ਫੁਰਮਾਉਂਦੇ ਹਨ:-

**ਸਾਕਤ ਕੀ ਐਸੀ ਹੈ ਰੀਤਿ॥ ਜੋ ਕਿਛੁ ਕਰੈ ਸਗਲ ਬਿਪਰੀਤਿ॥** [ਪੰਨਾ ੧੯੫

ਭਾਵ ਸਾਕਤ ਪੁਰਸ਼ ਨੇ ਜੋ ਕੰਮ ਵੀ ਕਰਨਾ ਹੈ ਉਹ ਸਿਧਾਂਤ ਤੋਂ ਉਲਟਾ ਹੀ ਕਰਨਾ ਹੈ, ਉਸ ਉਤੇ ਕਿਸੇ ਉਪਦੇਸ਼ ਦਾ ਅਸਰ ਨਹੀਂ ਹੁੰਦਾ। ਅੰਤ ਵਿਚ ਪ੍ਰਭੂ ਨੂੰ ਸਰਬਕਲਾ ਸਮਰਥ ਮੰਨਦੇ ਹੋਏ ਹਾਰ ਕੇ ਇਹ ਆਖਦੇ ਹਨ:

**"ਤਿਤ ਹੀ ਲਾਗਾ ਜਿਤੁ ਕੋ ਲਾਇਆ॥ ਕਹੁ ਨਾਨਕ ਪ੍ਰਭਿ ਬਣਤ ਬਣਾਇਆ॥"**

ਸੋ, ਸਾਕਤ ਪੁਰਸ਼ ਕੀ ਕਰੇ ? ਪ੍ਰਭੂ ਨੇ ਉਸ ਦੀ ਬ੍ਰਿਤੀ ਹੀ ਐਸੀ ਬਣਾਈ ਹੈ। ਪ੍ਰਭੂ ਨੇ ਐਵੇਂ ਉਲਟੀ ਬ੍ਰਿਤੀ ਥੋੜੀ ਬਣਾਈ ਹੋਵੇਗੀ, ਸਾਕਤ ਪੁਰਸ਼ ਦੇ ਪੂਰਬਲੇ ਜਨਮਾਂ ਦੇ ਸੰਸਕਾਰ ਹੀ ਉਸ ਦੀ ਬ੍ਰਿਤੀ ਦਾ ਆਧਾਰ ਹੁੰਦੇ ਹਨ।

**ਭੈਰਉ ਮਹਲਾ ੫ ॥ ਜੀਉ ਪ੍ਰਾਣ, ਜਿਨਿ ਰਚਿਓ ਸਰੀਰ। ਜਿਨਹਿ ਉਪਾਏ, ਤਿਸ ਕਉ ਪੀਰ॥੧॥ ਗੁਰੁ ਗੋਬਿੰਦੁ ਜੀਅ ਕੈ ਕਾਮ॥ ਹਲਤਿ ਪਲਤਿ, ਜਾ ਕੀ ਸਦ ਛਾਮ॥੧॥ਰਹਾਉ॥ ਪ੍ਰਭ ਆਰਾਧਨ ਨਿਰਮਲ ਰੀਤਿ॥ ਸਾਧ ਸੰਗਿ ਬਿਨਸੀ ਬਿਪਰੀਤਿ ॥੨॥ ਮੀਤ ਹੀਤ ਧਨੁ, ਨਹ ਪਾਰਣਾ ॥ ਧੰਨਿ ਧੰਨਿ, ਮੇਰੇ ਨਾਰਾਇਣਾ ॥੩॥ ਨਾਨਕੁ ਬੋਲੈ ਅੰਮ੍ਰਿਤ ਬਾਣੀ॥ ਏਕ ਬਿਨਾ ਦੂਜਾ ਨਹੀ ਜਾਣੀ ॥੪॥੬॥**

## ਉਚਾਰਨ ਸੇਧ

**ਬਿੰਦੀ ਸਹਿਤ** :- ਜਿਨਹਿਂ, ਨਹਂ, ਨਹੀ।

**ਪਦ ਅਰਥ**:- ਜੀਉ-ਜਿੰਦ। ਜਿਨਿ-ਜਿਸ (ਸਿਰਜਨਹਾਰ) ਨੇ। ਰਚਿਓ-ਬਣਾਇਆ ਹੈ। ਜਿਨਹਿ-ਜਿਸ (ਵਾਹਿਗੁਰੂ) ਨੇ। ਉਪਾਏ-(ਜੀਵ) ਪੈਦਾ ਕੀਤੇ। ਪੀਰ-ਪੀੜ, ਦਰਦ ।੧।

ਜੀਅ ਕੈ ਕਾਮ-ਜਿੰਦ ਦੇ (ਸਾਰੇ) ਕੰਮ (ਕਰਨ ਦੇ ਸਮੱਰਥ ਹੈ)। ਹਲਤਿ ਪਲਤਿ-ਲੋਕ ਪਰਲੋਕ ਵਿਚ। ਜਾ ਕੀ-ਜਿਸ (ਵਾਹਿਗੁਰੂ) ਦੀ। ਛਾਮ -ਛਾਂ ਭਾਵ ਓਟ, ਆਸਰਾ ।੧।ਰਹਾਉ।

ਪ੍ਰਭੂ ਆਰਾਧਨ-ਪ੍ਰਭੂ ਨੂੰ ਸਿਮਰਦਾ ਹੈ। ਨਿਰਮਲ ਰੀਤਿ-ਪਵਿੱਤਰ ਮਰਯਾਦਾ। ਬਿਨਸੀ-ਨਾਸ਼ ਹੋ ਗਈ। ਬਿਪਰੀਤਿ-(ਸਿਮਰਨ ਤੋਂ) ਉਲਟੀ ਭਾਵਨਾ ।੨।

ਮੀਤ-ਮਿੱਤਰ। ਹੀਤ–ਹਿਤੂ, ਸਨੇਹੀ। ਨਹ ਪਾਰਣਾ-ਪਰਣਾ (ਆਸਰਾ) ਨਹੀਂ ਹੈ। ਧਨਿ-ਧੰਨੜਾ ਯੋਗ ਨਰਾਇਣਾ- ਹੇ ਪਰਮਾਤਮਾ!।੩।

ਨਾਨਕ ਬੋਲਦਾ ਹੈ। ਅੰਮ੍ਰਿਤ ਬਾਣੀ-ਅਮ੍ਰਿਤ ਜੀਵਨ ਦੇਣ ਵਾਲੀ ਬਾਣੀ।੪।

**ਅਰਥ:-** (ਹੇ ਭਾਈ!) ਜਿਸ (ਪਰਮਾਤਮਾ) ਨੇ ਜਿੰਦ ਤੇ ਪ੍ਰਾਣ ( ਪਾ ਕੇ ) ਸਰੀਰ ਬਣਾਏ ਹਨ, ਜਿਸ (ਪਰਮੇਸ਼ਰ ਨੇ ਜੀਵ) ਪੈਦਾ ਕੀਤੇ ਹਨ ਉਸ ਨੂੰ (ਜੀਵਾਂ ਦੇ ਦੁੱਖ-ਦਰਦਾਂ ਦੀ) ਪੀੜ ਹੈ।੧।

(ਹੇ ਭਾਈ!) ਜਿਸ (ਪਰਮੇਸ਼ਰ ਦੀ) ਲੋਕ ਪਰਲੋਕ ਵਿਚ ਛਾਂ ( ਭਾਵ ਆਸਰਾ ਹੈ, ਓਹ ) ਗੁਰੂ ਪਰਮੇਸ਼ਰ ਜੀਆਂ ਦੇ (ਸਾਰੇ) ਕੰਮ (ਕਰਨ ਦੇ ਸਮਰਥ ਹੈ) ।੧। ਰਹਾਉ।

(ਹੇ ਭਾਈ !) ਪਰਮੇਸ਼ਰ ਨੂੰ ਅਰਾਧਣਾ (ਸਿਮਰਨਾ, ਇਹ) ਪਵਿਤਰ ਜੁਗਤੀ (ਮਰਯਾਦਾ) ਹੈ। ਸਾਧ ਸੰਗ ਨਾਲ (ਜੁੜਿਆਂ ਗੁਰਮਤ ਤੋਂ) ਉਲਟੀ ਜੀਵਨ ਜੁਗਤੀ ਨਾਸ਼ ਹੋ ਜਾਂਦੀ ਹੈ।੨।

(ਹੇ ਭਾਈ !) ਮਿੱਤਰ, ਹਿੱਤੂ (ਤੇ) ਧਨੁ (ਦੌਲਤ) ਇਹ (ਮਨੁੱਖ ਦਾ ਕੋਈ) ਆਸਰਾ ਨਹੀਂ ਹੈ। (ਇਸ ਲਈ, ਮੈਂ ਇਹ ਆਖਦਾ ਹਾਂ) ਹੇ ਮੇਰੇ ਨਾਰਾਇਣ! ਤੂੰ ਧੰਨਤਾ ਯੋਗ ਹੈਂ, (ਤੂੰ) ਵਡਿਆਉਣ ਜੋਗ ਹੈਂ।੩।

ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਜੋ ਮਨੁੱਖ) ਅਮ੍ਰਿਤ (ਜੀਵਨ ਦੇਣ) ਵਾਲੀ ਨਿਰੰਕਾਰੀ ਬਾਣੀ ਬੋਲਦਾ ਹੈ, (ਉਹ) ਇਕ (ਪਰਮੇਸ਼ਰ ਤੋਂ) ਬਿਨਾ ਦੂਜਾ ( ਹੋਰ ਕਿਸੇ ਨੂੰ ਜੀਵਨ ਦਾ ਆਸਰਾ ਪਰਨਾ) ਨਹੀਂ ਸਮਝਦਾ ।੪।੬।

## ਅਰਥ ਭੇਦ ਅਤ ਨਿਰਣੈ

**ਨਾਨਕੁ ਬੋਲੈ ਅੰਮ੍ਰਿਤ ਬਾਣੀ ॥ ਏਕ ਬਿਨਾ ਦੂਜਾ ਨਹੀ ਜਾਣੀ॥**

ਵਖ ਵਖ ਅਰਥ:

੧. ਸ੍ਰੀ ਗੁਰੂ ਜੀ ਕਹਤੇ ਹੈਂ ਤਾਂ ਤੇ ਜੀਵ ਰਾਮ ਨਾਮ ਅੰਮ੍ਰਿਤ ਬਾਣੀ ਕੋ (ਬੋਲੈ) ਉਚਾਰਨ ਕਰੇ ਔਰ ਏਕ ਵਾਹਿਗੁਰੂ ਸੇ ਬਿਨਾਂ ਦੂਸਰੇ ਕੋ ਨਾ ਜਾਣ। [ਫ਼.ਸ.

੨. ਹੇ ਭਾਈ ! ਨਾਨਕ ਆਤਮ ਜੀਵਨ ਦੇਣ ਵਾਲਾ (ਇਹ) ਬਚਨ ਆਖਦਾ ਹੈ ਕਿ ਇਕ ਪਰਮਾਤਮਾ ਤੋਂ ਬਿਨਾ ਕਿਸੇ ਹੋਰ ਨੂੰ (ਜਿੰਦਗੀ ਦਾ ਸਹਾਰਾ) ਨਾਹ ਸਮਝੀਂ । [ਦਰਪਣ

**ਨਿਰਣੈ:-** ਇਥੇ 'ਨਾਨਕੁ' ਪਦ ਦਾ ਕਕਾ ਔਂਕੜ ਸਹਿਤ ਹੈ ਜੋ ਗੁਰੂ ਨਾਨਕ ਦੇਵ (ਅਥਵ ਗੁਰੂ ਜੋਤੀ ਲਈ) ਮਖ਼ਸੂਸ ਹੈ। ਗੁਰਬਾਣੀ ਲਗਮਾਤਰੀ ਨੇਮਾਂ ਅਨੁਸਾਰ ਉਪਰ ਨੰ. ੧ ਵਾਲੇ ਅਰਥ ਠੀਕ ਨਹੀਂ ਹਨ। ਨੰਬਰ ੨ ਵਾਲੇ ਅਰਥ ਠੀਕ ਹਨ। ਨਾਨਕ, (ਸੰਬੋਧਨ ਕਾਰਕ), ਨਾਨਕੁ (ਕਰਮ ਕਾਰਕ), ਨਾਨਕਿ (ਸੰਬਧਕ ਕਾਰਕ ਹੈ) ਇਹ ਸਰੂਪ ਅਤੇ ਇਹਨਾਂ ਦੇ ਅਰਥ ਭੇਦ ਸਦਾ ਯਾਦ ਰਖਣੇ ਚਾਹੀਦੇ ਹਨ, ਨਹੀਂ ਤਾਂ ਅਰਥਾਂ ਦਾ ਕੋਈ ਸਿਰ ਪੈਰ ਨਹੀਂ ਬਣੇਗਾ। ਸੋ, ਅਰਥ ਬੋਧ ਲਈ ਗੁਰਬਾਣੀ ਦੇ ਲਗਮਾਤ੍ਰੀ ਨੇਮਾਂ ਤੋਂ ਜਾਣੂ ਹੋਣਾ ਜ਼ਰੂਰੀ ਹੈ।

## ਸਾਰੰਸ਼ ਅਤੇ ਸਿਧਾਂਤ

ਜਿਸ ਗੋਵਿੰਦ ਨੇ ਜਗਤ ਨੂੰ ਪੈਦਾ ਕੀਤਾ ਹੈ, ਜੀਆਂ ਨੂੰ ਜਿੰਦ ਤੇ ਪ੍ਰਾਣ ਦਿਤੇ ਹਨ, ਉਹੀ ਲੋਕ

ਪਰਲੋਕ ਵਿਖੇ ਹਰੇਕ ਜੀਵ ਦੇ ਕੰਮ ਆਉਣ ਵਾਲਾ ਹੈ। ਜੇ ਦੁਨੀਆ ਦੇ ਜੀਵ ਅਉਖੇ ਜਾਂ ਦੁਖੀ ਹੋਣ ਤਾਂ ਮਾਲਕ ਨੂੰ ਹੀ ਦਰਦ ਹੁੰਦਾ ਹੈ ਕਿਉਂਕਿ ਉਹ ਆਪ ਖ਼ਲਕਤ ਵਿਚ ਵਸ ਰਿਹਾ ਹੈ। ਗੁਰੂ ਸਾਹਿਬ ਦਾ ਵੀਚਾਰ ਹੈ ਕਿ ਪਰਮਾਤਮਾ ਤੋਂ ਬਿਨਾ ਕਿਸੇ ਹੋਰ ਨੂੰ ਆਪਣੇ ਜੀਵਨ ਦਾ ਸਹਾਰਾ ਨਹੀ ਸਮਝਣਾ ਚਾਹੀਦਾ, ਕਿਉਂਕਿ ਉਸ ਇਕ ਤੋਂ ਬਿਨਾ ਸਾਰੇ ਨਾਸ਼ਵੰਤ ਹਨ।

ਸੋ, ਸਾਧ ਸੰਗਤ ਵਿਚ ਪਰਮੇਸੁਰ ਦਾ ਨਾਮ-ਸਿਮਰਨ ਕਰਨਾ ਹੀ ਇਕ ਐਸੀ ਨਿਰਮਲ ਰੀਤ ਹੈ ਜਿਸ ਨਾਲ ਉਲਟੀ ਜੀਵਨ-ਜੁਗਤੀ ਨਾਸ਼ ਹੋ ਜਾਂਦੀ ਹੈ ਅਤੇ ਗੁਰਮਤਿ ਜੁਗਤੀ ਦੁਆਰਾ ਜੀਵਨ ਵਿਚ ਖੇੜਾ ਲਿਆਉਣ ਦੀ ਜਾਚ ਆ ਜਾਂਦੀ ਹੈ ਜੋ ਅੰਤ ਨੂੰ ਸਫਲ ਜੀਵਨ ਦੀ ਨਿਸ਼ਾਨੀ ਹੋ ਨਿਬੜਦੀ ਹੈ।

**ਭੈਰਉ ਮਹਲਾ ੫॥ ਆਗੈ ਦਯੁ, ਪਾਛੈ ਨਾਰਾਇਣ॥ ਮਧਿ ਭਾਗਿ, ਹਰਿ ਪ੍ਰੇਮ ਰਸਾਇਣ॥੧॥ ਪ੍ਰਭੂ ਹਮਾਰੈ, ਸਾਸਤ੍ਰ ਸਉਣ॥ ਸੂਖ ਸਹਜ ਆਨੰਦ ਗ੍ਰਿਹ ਭਉਣ ॥੧॥ਰਹਾਉ॥ ਰਸਨਾ ਨਾਮੁ, ਕਰਨ ਸੁਣਿ ਜੀਵੇ ॥ ਪ੍ਰਭੁ ਸਿਮਰਿ ਸਿਮਰਿ, ਅਮਰ ਥਿਰੁ ਥੀਵੇ॥੨॥ ਜਨਮ ਜਨਮ ਕੇ ਦੂਖ ਨਿਵਾਰੇ॥ ਅਨਹਦ ਸਬਦ ਵਜੇ ਦਰਬਾਰੇ॥੩॥ ਕਰਿ ਕਿਰਪਾ ਪ੍ਰਭਿ, ਲੀਏ ਮਿਲਾਏ॥ ਨਾਨਕ, ਪ੍ਰਭ ਸਰਣਾਗਤਿ ਆਏ ॥੪॥੭॥**

## ਉਚਾਰਨ ਸੇਧ

**ਨੋਟ:-** ('ਦਯੁ' ਪਦ ਦਾ ਉਚਾਰਨ 'ਦਈਉ' ਕਰਨਾ ਠੀਕ ਨਹੀ ਹੈ, ਵੇਖੋ ਪੋਥੀ ਦੂਜੀ 'ਨਿਤ ਨਿਤ ਦਯੁ ਸਮਾਲੀਐ')। ਸ਼ਬਦਾਰਥ ਵਿਚ ਵੀ (ਦਈਵ) ਦਰਜ ਹੈ।

**ਪਦ ਅਰਥ:** ਆਗੈ-ਅਗੇ, ਭਵਿਖਤ ਕਾਲ ਵਿਚ। ਦਯੁ-ਦਇਆ ਕਰਨਾ ਵਾਲਾ ਪਰਮਾਤਮਾ। ਪਾਛੈ-ਭੂਤ ਕਾਲ ਵਿਚ। ਮਧਿ ਭਾਗਿ-ਵਿਚਕਾਰਲੇ ਕਾਲ ਵਿਚ। ਪ੍ਰੇਮ ਰਸਾਇਣ-ਪਿਆਰ ਕਰਨ ਵਾਲਾ ਤੇ ਰੱਸਾਂ ਦਾ ਘਰ ।੧। ਹਮਾਰੈ-ਸਾਡੇ ਲਈ। ਸਾਸਤ੍ਰ ਸਉਣ-ਸਗਣ ਦੱਸਣ ਵਾਲਾ ਸ਼ਾਸਤ੍ਰ। ਗ੍ਰਿਹ-ਘਰ। ਭਉਣ-ਭਵਨ, ਘਰ ।੧। ਰਹਾਉ। ਰਸਨਾ-ਜੀਭ। ਕਰਨ -ਕੰਨ। ਸੁਣਿ-ਸੁਣ ਕੇ । ਸਿਮਰਿ-ਸਿਮਰ ਕੇ। ਅਮਰ-ਮੌਤ ਤੋਂ ਰਹਿਤ। ਥਿਰ ਥੀਵੇ-ਅਸਿਥਰ (ਪੱਕੇ) ਹੁੰਦੇ ਹਨ ।੨। ਨਿਵਾਰੇ- ਦੂਰ ਕੀਤੇ। ਦਰਬਾਰ-ਦਰਬਾਰ ਵਿਚ। ਕਰਿ ਕਿਰਪਾ-ਕਿਰਪਾ ਕਰਕੇ। ਪ੍ਰਭਿ-ਪ੍ਰਭੂ ਨੇ। ਸਰਣਾਗਤਿ-ਸ਼ਰਣ ਵਿਚ ।੪।

**ਅਰਥ:-** ਹੇ ਭਾਈ! ਅੱਗੇ (ਭਾਵ ਭਵਿੱਖਤ ਕਾਲ ਵਿਚ ਪਰਮਾਤਮਾ ਹੀ ਜੀਆਂ ਉਤੇ) ਦਇਆ ਕਰਨ ਵਾਲਾ ਹੈ, ਪਿਛੇ (ਭੂਤ ਕਾਲ ਵਿਚ ਭੀ)ਨਾਰਾਇਣ(ਹੀ ਸਾਡਾ ਰਖਵਾਲਾ ਸੀ)। ਵਿਚਕਾਰਲੇ ਭਾਗ ਵਿਚ ਭਾਵ ਵਰਤਮਾਨ ਕਾਲ ਵਿਚ ਭੀ ਹਰੀ ਜੋ ਰੱਸਾ ਦਾ ਘਰ ਹੈ (ਸਾਡੇ ਨਾਲ) ਪਿਆਰ ਕਰਦਾ ਹੈ।੧।

(ਹੇ ਭਾਈ !) ਪ੍ਰਭੂ ਹੀ ਸਾਡੇ ਲਈ ਚੰਗੇ ਸਗਣਾ ਵਾਲਾ ਸ਼ਾਸਤ੍ਰ ਹੈ। (ਪ੍ਰਭੂ ਹੀ ਸਾਡੇ ਲਈ) ਸੁਖ, ਸਹਜ ਆਨੰਦ ਦਾ ਘਰ, (ਸੁੰਦਰ) ਭਵਨ ਹੈ।੨। ਰਹਾਉ।

(ਹੇ ਭਾਈ!) ਰਸਨਾ ਨਾਮ (ਜਪ ਕੇ) , ਕੰਨ (ਨਾਮ) ਸੁਣ ਕੇ (ਸਦੀਵੀ ਜੀਵਨ) ਜੀਉ ਰਹੇ ਹਨ। ਪ੍ਰਭੂ ਦਾ (ਨਾਮ) ਸਿਮਰ ਸਿਮਰ ਕੇ ਅਮਰ ਤੇ ਨਿਹਚਲ ਹੋ ਰਹੇ ਹਨ।੨।

(ਹੇ ਭਾਈ !ਜਿਨ੍ਹਾਂ ਨਾਮ ਜਪਿਆ ਤੇ ਸੁਣਿਆ, ਉਨ੍ਹਾਂ ਦੇ) ਜਨਮਾਂ ਜਨਮਾਂ ਦੇ ਦੁਖ (ਪ੍ਰਭੂ ਨੇ) ਦੂਰ ਕਰ ਦਿਤੇ। (ਨਾਮ ਦੀ ਬਰਕਤ ਨਾਲ ਉਨ੍ਹਾਂ ਦੇ ਹਿਰਦੇ ਰੂਪੀ) ਦਰਬਾਰ ਵਿਚ ਅਨਹਦ ਸ਼ਬਦ ਦੇ (ਵਾਜੇ) ਵਜ ਪਏ।੩।

ਨਾਨਕ (ਗੁਰੂ ਜੀ ਫਰਮਾਉਂਦੇ ਹਨ ਕਿ ਜੋ) ਪ੍ਰਭੂ ਦੀ ਸ਼ਰਨ ਵਿਚ ਆ ਗਏ। ਪ੍ਰਭੂ ਨੇ ਕਿਰਪਾ ਕਰਕੇ (ਉਹ ਨਾਮ-ਅਭਿਆਸੀ ਆਪਣੇ ਨਾਲ) ਮਿਲਾ ਲਏ ਭਾਵ ਇਕ-ਮਿਕ ਕਰ ਲਏ।੪।੭।

## ਸਾਰੰਸ਼ ਅਤੇ ਸਿਧਾਂਤ

ਭੂਤ ਕਾਲ ਵਿਚ ਹੀ ਨਹੀਂ ਵਰਤਮਾਨ ਤੇ ਭਵਿੱਖਤ ਕਾਲ ਵਿਚ ਵੀ ਪਰਮਾਤਮਾ ਹੀ ਜੀਆਂ ਦੀ ਸਹਾਇਤਾ ਕਰਨ ਦੇ ਸਮੱਰਥ ਹੈ। ਰਸਨਾ ਤੇ ਕੰਨ ਆਦਿ ਸਾਰੇ ਹੀ ਨਾਮ ਦੇ ਆਸਰੇ ਪਰਮੇਸ਼ਰ ਦੇ ਗੁਣ ਗਾ ਕੇ, ਸੁਣ ਕੇ ਜੀਉਂਦੇ ਹਨ।

ਇਸ ਸ਼ਬਦ ਦਾ ਸਾਰ ਇਹ ਹੈ ਕਿ ਜਿਨ੍ਹਾਂ ਜਗਿਆਸੂਆਂ ਨੇ ਨਾਮ ਨੂੰ ਹੀ ਸ਼ੁੱਭ ਮਹੂਰਤ ਦਸਣ ਵਾਲਾ ਸ਼ਾਸਤ੍ਰ ਸਮਝਿਆ ਹੈ, ਉਨ੍ਹਾਂ ਦਾ ਪਰਮੇਸ਼ਰ ਨਾਲ ਸਿੱਧਾ ਸੰਪਰਕ ਬਣ ਗਿਆ ਹੈ, ਉਨ੍ਹਾਂ ਦੇ ਜਨਮਾਂ ਜਨਮਾਂਤਰਾਂ ਦੇ ਦੁਖ ਦੂਰ ਹੋ ਗਏ ਹਨ, ਅਤੇ ਉਹ ਨਾਮ ਵਿਚ ਲੀਨ ਹੋ ਗਏ ਹਨ।

**ਭੈਰਉ ਮਹਲਾ ੫॥ ਕੋਟਿ ਮਨੋਰਥ ਆਵਹਿ ਹਾਥ॥ ਜਮ ਮਾਰਗ ਕੈ ਸੰਗੀ ਪਾਂਥ ॥੧॥ ਗੰਗਾ ਜਲੁ, ਗੁਰ ਗੋਬਿੰਦ ਨਾਮ॥ ਜੋ ਸਿਮਰੈ ਤਿਸ ਕੀ ਗਤਿ ਹੋਵੈ, ਪੀਵਤ ਬਹੁੜਿ ਨ ਜੋਨਿ ਭ੍ਰਮਾਮ ॥੧॥ਰਹਾਉ॥ ਪੂਜਾ ਜਾਪ ਤਾਪ ਇਸਨਾਨ॥ ਸਿਮਰਤ ਨਾਮ, ਭਏ ਨਿਹਕਾਮ॥੨॥ ਰਾਜ ਮਾਲ ਸਾਦਨ ਦਰਬਾਰ॥ ਸਿਮਰਤ ਨਾਮ, ਪੂਰਨ ਆਚਾਰ॥੩॥ ਨਾਨਕ, ਦਾਸ ਇਹੁ ਕੀਆ ਬੀਚਾਰੁ॥ ਬਿਨੁ ਹਰਿਨਾਮੁ, ਮਿਥਿਆ ਸਭ ਛਾਰੁ॥੪॥੮॥**

## ਉਚਾਰਨ ਸੇਧ

**ਬਿੰਦੀ ਸਹਿਤ:-** ਆਵਹਿ। ਇਸ ਦਾ ਉਚਾਰਨ 'ਆਵੈ' ਕਰਨਾ ਅਸ਼ੁੱਧ ਹੈ।

**ਪਦ ਅਰਥ:-** ਕੋਟਿ-ਕ੍ਰੋੜਾਂ । ਮਨੋਰਥ-ਮਨ ਦੇ ਅਰਥ । ਹਾਥ-ਹੱਥ ਆ ਜਾਂਦੇ ਹਨ, ਭਾਵ ਲਭ ਪੈਂਦੇ ਹਨ। ਸੰਗੀ-ਸਾਥੀ। ਪਾਂਥ-ਪਥ (ਮਾਰਗ ਤੇ) ਚਲਣ ਵਾਲਾ ਰਾਹੀ, ਮੁਸਾਫਿਰ। ਗੰਗਾ ਜਲੁ-ਗੰਗਾ ਦਾ (ਪਵਿੱਤ੍ਰ) ਜਲ। ਗਤਿ-ਗਤੀ, ਮੁਕਤੀ। ਪੀਵਤ-ਪੀਂਦਿਆਂ। ਬਹੁੜਿ-ਮੁੜ ਕੇ। ਨ ਜੋਨ ਭ੍ਰਮਾਮ-ਜੋਨੀਆਂ ਵਿੱਚ ਨਹੀਂ ਭਰਮਦਾ (ਭਉਂਦਾ) ।੧ਰਹਾਉ। ਭਏ ਨਿਹਕਾਮ-ਵਾਸ਼ਨਾ-ਰਹਿਤ ਹੋ ਗਏ।੨। ਸਾਦਨ-ਘਰ। ਪੂਰਨ ਆਚਾਰ-ਪੂਰਾ, ਮੁਕੰਮਲ।੩। ਦਾਸ-ਦਾਸਾਂ ਨੇ। ਛਾਰੁ-ਸੁਆਹ।੪।

**ਅਰਥ:-** (ਹੇ ਭਾਈ!ਨਾਮ ਜਪਣ ਨਾਲ ਮਨ ਦੇ) ਕ੍ਰੋੜਾਂ ਸੰਕਲਪ ਹੱਥ ਆ ਜਾਂਦੇ ਹਨ (ਭਾਵ ਪੂਰੇ ਹੋ ਜਾਂਦੇ ਹਨ)। (ਨਾਮ ਹੀ) ਜਮ ਦੇ ਮਾਰਗ ਉੱਤੇ ਸੰਗੀ (ਸਾਥੀ) ਬਣਦਾ ਹੈ।੧।

ਹੇ ਭਾਈ ! (ਸਹੀ ਅਰਥਾਂ ਵਿਚ) ਗੁਰੂ ਗੋਬਿੰਦ (ਪਰਮੇਸ਼ਰ) ਦਾ ਨਾਮ ਹੀ ਗੰਗਾ ਦਾ

(ਪਵਿੱਤਰ) ਜਲ ਹੈ! (ਜਿਹੜਾ ਮਨੁੱਖ ਗੋਬਿੰਦ ਦਾ ਨਾਮ) ਸਿਮਰਦਾ ਹੈ, ਉਸ ਦੀ ਆਤਮਿਕ ਗਤੀ ਹੋ ਜਾਂਦੀ ਹੈ (ਜਿਹੜਾ ਇਹ ਨਾਮ ਜਲ) ਪੀਂਦਾ ਹੈ (ਉਹ) ਮੁੜ ਕੇ ਜੂਨਾਂ ਵਿਚ ਨਹੀਂ ਭਰਮਦਾ।੧।ਰਹਾਉ।

(ਹੇ ਭਾਈ! ਨਾਮ ਹੀ) ਪੂਜਾ ਹੈ, ਜਪ ਤਪ ਹੈ, ਤੀਰਥ ਇਸ਼ਨਾਨ ਹੈ। ਨਾਮ ਸਿਮਰਦਿਆਂ (ਸਿਮਰਦਿਆਂ ਅਭਿਆਸੀ ਮਨੁੱਖ ਸੰਸਾਰਕ ਕਾਮਨਾ ਤੋਂ) ਮੁਕਤ ਹੋ ਜਾਂਦੇ ਹਨ।੨।

(ਹੇ ਭਾਈ !) ਨਾਮ ਸਿਮਰਦਿਆਂ ਰਾਜ, ਮਾਲ, ਘਰ, ਦਰਬਾਰ (ਵਿਚ ਦੁਨਿਆਵੀ ਅਤੇ ਰਬੀ ਦਰਬਾਰ ਵਿਚ ਪੂਰਨ ਆਚਾਰ ( ਤੇ ਸਤਿਕਾਰ ਮਿਲਦਾ ਹੈ)।੩।

ਨਾਨਕ (ਗੁਰੂ ਜੀ ਫਰਮਾਉਂਦੇ ਹਨ ਕਿ ਪਰਮੇਸ਼ਰ ਦੇ) ਦਾਸਾਂ ਨੇ ਇਹ ਵੀਚਾਰ ਕੀਤਾ ਹੈ ਕਿ ਪਰਮਾਤਮਾ ਦੇ ਨਾਮ ਤੋਂ ਬਿਨਾ (ਮਾਨ ਧਨ) ਸਭ ਸੁਆਹ ਰੂਪ ਹੈ।੪।੮।

## ਸਾਰੰਸ਼ ਅਤੇ ਸਿਧਾਂਤ

ਗੰਗਾ ਭਾਰਤ ਦੀ ਪ੍ਰਸਿੱਧ ਨਦੀ ਹੈ, ਜੋ ਹਿੰਦੂ ਮਤ ਵਿਚ ਪਵਿਤ੍ਰ ਮੰਨੀ ਜਾਂਦੀ ਹੈ।

ਪੰਜਾਬੀ ਮਹਾਨ ਕੋਸ਼ ਵਿਚ ਅੰਕਿਤ ਹੈ ਕਿ ਗੰਗਾ ਦੇ ਵਿਸ਼ੇ ਉਤੇ ਪੁਰਾਣਾ ਵਿਚ ਅਨੇਕਾਂ ਪ੍ਰਸੰਗ ਹਨ। ਇਕ ਥਾਂ ਇਸ ਨੂੰ ਵਾਮਨ ਭਗਵਾਨ ਦੇ ਪੈਰਾਂ ਦਾ ਜਲ ਲਿਖਿਆ ਹੈ ਕਿ ਜਦ ਵਾਮਨ ਦਾ ਪੈਰ ਬ੍ਰਹਮਲੋਕ ਤਕ ਪਹੁੰਚਿਆ ਤਦ ਬ੍ਰਹਮਾ ਨੇ ਧੋ ਕੇ ਜਲ ਕਮੰਡਲੁ ਵਿਚ ਪਾ ਲਿਆ ਅਤੇ ਭਗੀਰਥ ਦੀ ਪ੍ਰਾਰਥਨਾ ਪੁਰ ਬ੍ਰਹਮਲੋਕ ਤੋ ਛੱਡਿਆ, ਜੋ ਸ਼ਿਵ ਦੀ ਜਟਾਂ ਵਿਚ ਡਿਗ ਕੇ ਫੇਰ ਪ੍ਰਿਥਵੀ ਉਤੇ ਵਹਿਆ॥"

ਹੁਣ ਵੀ ਜਿਹੜੇ ਲੋਕ ਤੀਰਥ ਯਾਤਰਾ ਕਰਨ ਜਾਂਦੇ ਹਨ, ਗੰਗਾ ਤੇ ਹੋਰ ਨਦੀਆਂ ਤੋਂ ਜਲ ਦੀਆਂ ਬੋਤਲਾਂ ਭਰ ਕੇ ਲਿਆਂਦੇ ਹਨ ਅਤੇ ਇਸ ਨੂੰ ਅੰਮ੍ਰਿਤ ਜਲ ਸਮਝ ਕੇ ਲੋਕਾਂ ਨੂੰ ਪਿਲਾਂਦੇ ਹਨ। ਗੁਰਮਤਿ ਵਿਚ " ਗੰਗਾ ਜਲੁ ਗੁਰ ਗੋਬਿੰਦ ਨਾਮ" ਹੀ ਪ੍ਰਮਾਣੀਕ ਹੈ। ਸਤਿਗੁਰਾਂ ਨੇ ਗੁਰਬਾਣੀ ਵਿਚ "ਜਨ ਪਾਰਬ੍ਰਹਮ ਜਾ ਕੀ ਨਿਰਮਲ ਮਹਿਮਾ" ਅਤੇ 'ਜਨ ਕੇ ਚਰਨ ਤੀਰਥ ਕੋਟਿ ਗੰਗਾ' (ਪੰਨਾ ੮੨੮) ਵਾਲੀ ਸੇਧ ਹੀ ਸਿਖਾਂ ਨੂੰ ਬਖਸ਼ਿਸ਼ ਕੀਤੀ ਹੈ ਪਰ ਪੁਰਾਣੀਆਂ ਪਈਆਂ ਪਿਰਤਾਂ ਤੋਂ ਕੋਈ ਵਿਰਲਾ ਮਨੁੱਖ ਹੀ ਆਪਣਾ ਖਹਿੜਾ ਛਡਾਂਦਾ ਹੈ, ਆਮ ਲੋਕੀ ਹੁਣ ਤਕ ਲਕੀਰ ਦੇ ਫਕੀਰ ਬਣੇ ਹੋਏ ਹਨ। ਭਗਤ ਨਾਮ ਦੇਵ ਜੀ ਫੁਰਮਾਉਂਦੇ ਹਨ:-

ਗੰਗਾ ਗਇਆ ਗੋਦਾਵਰੀ, ਸੰਸਾਰ ਕੇ ਕਾਮਾ॥
ਨਾਰਾਇਣੁ ਸੁਪ੍ਰਸੰਨ ਹੋਇ ਤ ਸੇਵਕੁ ਨਾਮਾ॥ [ਪੰਨਾ ੧੧੯੬

ਗੁਰ-ਗੋਬਿੰਦ ਭਾਵ ਪਰਮੇਸ਼ਰ ਦਾ ਨਾਮ ਹੀ ਅਸਲੀ ਗੰਗਾ-ਜਲ ਹੈ। ਜਿਹੜਾ ਜੀਵ ਨਾਮ-ਅੰਮ੍ਰਿਤ ਜਲ ਨੂੰ ਪੀਂਦਾ ਹੈ ਉਹ ਮੁੜ ਕੇ ਜੂਨਾਂ ਵਿਚ ਨਹੀਂ ਭਟਕਦਾ। ਨਾਮ ਦੀ ਪ੍ਰਾਪਤੀ ਨਾਲ ਹਰ ਤਰ੍ਹਾਂ ਦੇ ਮਨੋਰਥ (ਅਧਿਆਤਮਕ ਸਮਾਜਕ, ਆਰਥਕ ਆਦਿ) ਪੂਰੇ ਹੋ ਜਾਂਦੇ ਹਨ। ਨਾਮ ਜਪਣ ਦੇ ਫਲ ਸਰੂਪ ਜਮਾਂ ਦਾ ਰਸਤਾ ਨਹੀ ਵੇਖਣਾ ਪੈਂਦਾ (ਪੜ੍ਹੋ ਅਰਥ ਭੇਦ ਅਤੇ ਨਿਰਣੈ 'ਹਮ ਗੁਰੁ ਕੀਨੀ ਗੰਗਾਤਾ'- ਇਸੇ ਸਟੀਕ ਦੀ ਪੋਥੀ ਤੀਜੀ)।

ਯਥਾਰਥ ਗਲ ਇਹ ਹੈ ਕਿ ਨਾਮ ਤੋਂ ਬਿਨਾ ਸਭ ਪਦਾਰਥ ਸੁਆਹ ਰੂਪ ਹਨ। ਨਾਮ ਜਪ ਕੇ ਹੀ

ਮਨੁੱਖ ਨਿਹਕਾਮ ਬਣਦਾ ਹੈ, ਰਾਜ ਮਾਲ ਤੇ ਪਦਾਰਥਾਂ ਨਾਲ ਮਨੁੱਖੀ ਮਨ ਦੀ ਤ੍ਰਿਪਤੀ ਨਹੀਂ ਹੁੰਦੀ। ਨਿਹਕਾਮੀ ਬਣਨ ਲਈ ਨਾਮ ਸਿਮਰਨ ਦੀ ਡਾਢੀ ਲੋੜ ਹੈ।

**ਭੈਰਉ ਮਹਲਾ ੫ ॥ ਲੇਪੁ ਨ ਲਾਗੋ, ਤਿਲ ਕਾ ਮੂਲਿ॥ ਦੁਸਟੁ ਬ੍ਰਾਹਮਣੁ, ਮੂਆ ਹੋਇ ਕੈ ਸੂਲ॥੧॥ ਹਰਿ ਜਨ ਰਾਖੇ ਪਾਰਬ੍ਰਹਮਿ ਆਪਿ॥ ਪਾਪੀ ਮੂਆ, ਗੁਰ ਪਰਤਾਪਿ॥੧॥ ਰਹਾਉ॥ ਅਪਣਾ ਖਸਮੁ, ਜਨਿ ਆਪਿ ਧਿਆਇਆ॥ ਇਆਣਾ ਪਾਪੀ, ਓਹੁ ਆਪਿ ਪਚਾਇਆ॥੨॥ ਪ੍ਰਭੁ ਮਾਤ, ਪਿਤਾ, ਅਪਣੇ ਦਾਸ ਕਾ ਰਖਵਾਲਾ॥ ਨਿੰਦਕ ਕਾ ਮਾਥਾ, ਈਹਾਂ ਊਹਾਂ ਕਾਲਾ॥੩॥ ਜਨ ਨਾਨਕ ਕੀ ਪਰਮੇਸਰਿ ਸੁਣੀ ਅਰਦਾਸਿ॥ ਮਲੇਛੁ ਪਾਪੀ ਪਚਿਆ, ਭਇਆ ਨਿਰਾਸੁ ॥੪॥੯॥**

**ਪਦ ਅਰਥ:-** ਲੇਪੁ-ਅਸਰ। ਤਿਲ ਕਾ-ਤਿਲ ਮਾਤ੍ਰ, ਰਤਾ ਭਰ। ਮੂਲਿ-ਮੂਲੋਂ ਹੀ, ਉਕਾ ਹੀ। ਦੁਸਟੁ ਬ੍ਰਾਹਮਣੁ-ਭੈੜਾ ਚੰਦਰਾ ਬ੍ਰਾਹਮਣ। ਮੂਆ-ਮੋਇਆ। ਹੋਇ ਕੈ ਸੂਲ-(ਪੇਟ ਵਿਚ) ਸਖਤ ਦਰਦ ਹੋਣ ਨਾਲ।੧। ਪਾਰਬ੍ਰਹਮਿ-ਪਰਮਾਤਮਾ ਨੇ। ਗੁਰ ਪਰਤਾਪਿ-ਗੁਰੂ ਦੇ ਪਰਤਾਪ ਨਾਲ ।੧। ਰਹਾਉ। ਜਨਿ-ਜਨ (ਸੇਵਕ ਨੇ) ਧਿਆਇਆ-ਸਿਮਰਿਆ। ਇਆਣਾ-ਪਾਪੀ-ਮੂਰਖ ਪਾਪੀ। ਪਚਾਇਆ-ਸਾੜਿਆ।੨। ਮਥਾ-ਮੂੰਹ। ਈਹਾਂ-ਇਥੇ, ਇਸ ਲੋਕ ਵਿਚ। ਊਹਾ-ਉਥੇ, ਪਰਲੋਕ ਵਿਚ।੩। ਪਰਮੇਸਰਿ-ਪਰਮੇਸ਼ਰ ਨੇ। ਮਲੇਛ-ਮੈਲੀ, ਇਛਾ ਵਾਲਾ,ਭੈੜੀ ਨੀਅਤ ਵਾਲਾ। ਪਚਿਆ-ਮਰਿਆ-ਖਪਿਆ। ਨਿਰਾਸੁ-ਆਸ ਪੂਰੀ ਨ ਹੋਈ ।੪।

**ਅਰਥ:-** (ਹੇ ਭਾਈ! ਬਾਲਕ ਹਰਿ ਗੋਬਿੰਦ ਜੀ ਨੂੰ ਬ੍ਰਾਹਮਣ ਵਲੋਂ ਦਿਤੀ ਗਈ ਜ਼ਹਿਰ ਦਾ) ਅਸਰ ਤਿਲ ਜਿਤਨਾ ਭਾਵ ਉਕਾ ਹੀ ਨਾ ਹੋਇਆ।(ਪਰ) ਦੁਸ਼ਟ ਬ੍ਰਾਹਮਣ, (ਮਾੜੀ ਕਰਤੂਤ ਦੇ ਫਲ ਸਰੂਪ ਪੇਟ ਵਿਚ) ਸੂਲ ਉਠਣ ਨਾਲ ਮਰ ਗਿਆ।੧।

( ਹੇ ਭਾਈ!) ਪਰਮਾਤਮਾ ਨੇ ਆਪ ਹੀ ਆਪਣੇ ਸੇਵਕ-ਜਨ ਬਚਾਅ ਲਏ। (ਅਤੇ) ਗੁਰੂ ਦੇ ਪਰਤਾਪ ਨਾਲ (ਦੁਸ਼ਟ) ਪਾਪੀ ਮਰ ਗਿਆ।੧। ਰਹਾਉ।

( ਹੇ ਭਾਈ ! ਸੇਵਕ) ਜਨ ਨੇ ਆਪਣੇ ਮਾਲਕ ਨੂੰ ( ਆਪਣੇ ਹਿਰਦੇ ਵਿਚ) ਸਿਮਰਿਆ (ਪਰ) ਉਸ ਬੇ-ਸਮਝ ਪਾਪੀ ਨੂੰ (ਪਰਮਾਤਮਾ ਨੇ) ਆਪ ਹੀ ਮਾਰ ਦਿੱਤਾ।੨।

(ਹੇ ਭਾਈ !) ਮਾਤਾ ਪਿਤਾ ( ਵਾਂਗੂ) ਪ੍ਰਭੂ ਆਪਣੇ ਸੇਵਕ ਦਾ ਆਪ ਹੀ ਰਖਵਾਲਾ ਬਣਿਆ ਨਿੰਦਕ (ਦੁਸਟ ਦੋਖੀ ਬ੍ਰਾਹਮਣ) ਦਾ ਮੂੰਹ ਇਥੇ ਉਥੇ (ਲੋਕ ਪਰਲੋਕ ਵਿਚ) ਕਾਲਾ ਹੋਇਆ।੩।

ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਪਰਮੇਸ਼ਰ ਨੇ (ਆਪ ਆਪਣੇ) ਸੇਵਕ ਦੀ ਅਰਦਾਸਿ ਸੁਣੀ। ਮਲੀਨ ਇਛਾ ਵਾਲਾ (ਬ੍ਰਾਹਮਣ) ਪਾਪੀ ਨਿਰਾਸ਼ ਹੋਇਆ (ਤੇ) ਮਰ ਗਿਆ ।੪।੯।

## ਸਾਰੰਸ਼ ਅਤੇ ਸਿਧਾਂਤ

ਇਹ ਸ਼ਬਦ ਇਤਿਹਾਸਕ ਪਿਛੋਕੜ ਵਾਲਾ ਹੈ। ਪ੍ਰਿਥੀ ਚੰਦ ਨੇ ਸਾਹਿਬਜ਼ਾਦਾ ਹਰਿਗੋਬਿੰਦ ਜੀ ਨੂੰ ਮਰਵਾਉਣ ਦੀਆਂ ਕਈ ਵਿਉਂਤਾਂ ਬਣਾਈਆਂ ਜਿਨ੍ਹਾਂ ਵਿਚੋਂ ਇਕ ਘਟਨਾ ਬ੍ਰਾਹਮਣ ਖਿਲਾਵੇ ਰਾਹੀਂ

ਹਰਿਗੋਬਿੰਦ ਜੀ ਨੂੰ ਜ਼ਹਿਰ ਦਿਵਾਉਣ ਵਾਲੀ ਸੀ। ਗਿ. ਗਿਆਨ ਸਿੰਘ ਜੀ ਨੇ ਤਵਾਰੀਖ ਗੁਰੂ ਖਾਲਸਾ ਵਿਚ ਇਸ ਬਾਰੇ ਇਉਂ ਜ਼ਿਕਰ ਕੀਤਾ ਹੈ:-

"....ਪ੍ਰਿਥੀਏ ਹੌਸਿਆਰੇ ਨੂੰ ਫੇਰ ਭੀ ਸਬਰ ਨਾ ਆਯਾ ਤੇ ਇਕ ਦੁਨੀ ਚੰਦ ਨਾਮ ਬਿਪਰ ਜੋ ਸਾਹਿਬਜ਼ਾਦੇ ਦਾ ਖਿਡਾਵਾ ਸੀ (ਤੇ ਜਿਸ ਦੀ ਪਾਲਣਾ ਗੁਰੂ ਸਾਹਿਬ ਕਰਦੇ ਸੀ) ਉਸ ਨੂੰ ਪੰਜ ਸੌ ਰੁਪਯਾ ਦੇਣਾ ਕਰਕੇ ਪਾਪੀ ਬਣਾਯਾ ਉਹ ਦੁਸ਼ਟ ਜਦ ਦਹੀਂ ਵਿਚ ਖੰਡ ਦੇ ਬਹਾਨੇ ਸੰਖੀਆਂ (ਜੋ ਪ੍ਰਿਥੀ ਚੰਦ ਨੇ ਲਿਆ ਦਿੱਤਾ ਸੀ) ਪਾ ਕੇ ਖੁਵਾਉਣ ਲੱਗਾ ਤਾਂ ਸਾਹਿਬਜ਼ਾਦੇ ਨੇ ਚੀਕ ਮਾਰੀ ਤੇ ਗੁਰੂ ਸਾਹਿਬ ਆ ਗਏ। ਜਾ ਗੁਰੂ ਜੀ ਆਪਣੇ ਕੁੱਛੜ ਚੁੱਕ ਕੇ ਖੁਆਉਣ ਲੱਗੇ ਤਾਂ ਭੀ ਸਹਿਬਜ਼ਾਦੇ ਨੇ ਨਾ ਛਕਿਆ। ਜਾਂ ਗੁਰੂ ਜੀ ਨੇ ਓਹ ਦਹੀ ਕੁੱਤੇ ਨੂੰ ਪਾਈ ਤਾਂ ਓਹ ਥੋੜੇ ਜੇਹੇ ਚਿਰ ਵਿਚ ਲੋਟ ਪੋਟ ਹੋ ਗਿਆ। ਫੇਰ ਦੂਜੇ ਕੁੱਤੇ ਨੂੰ ਪਾਈ ਤਾਂ ਓਹ ਭੀ ਮਰ ਗਿਆ ਤਾੜ ਕੇ ਪੁਛਯਾ ਤਾਂ ਓਸ ਨੇ ਸਭ ਹਾਲ ਕਹਿ ਸੁਨਾਯਾ, ਜਿਸ ਨੂੰ ਸੁਣ ਕੇ ਸਭ ਲੋਕ ਬੁਰੇ ਕਰਨ ਵਾਲਿਆਂ ਨੂੰ ਧ੍ਰਿਗ ਧ੍ਰਿਗ ਕਹਿਨ ਲੱਗੇ। ਓਸੇ ਦਿਨ ਤੋਂ ਓਸ ਬਿਪਰ ਨੂੰ ਅਜੇਹਾ ਗਮ ਦਾ ਸੂਲ ਉਠਿਆ ਜੋ ਤੜਫ ਤੜਫ ਕੇ ਮਰ ਹੀ ਗਿਆ। ਇਸ ਪਰ ਗੁਰੂ ਜੀ ਨੇ ਸ਼ਬਦ ਉਚਾਰਿਆ:-

**ਭੈਰਉ ਮਹਲਾ ੫**

**ਲੇਪ ਨ ਲਾਗੋ ਤਿਲ ਕਾ ਮੂਲਿ ॥ ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ ॥**

ਸ਼ਬਦ ਦਾ ਸਿਧਾਂਤ ਇਹ ਹੈ ਕਿ ਪਰਮੇਸ਼ਰ ਆਪਣੇ ਸੇਵਕਾਂ ਦਾ ਸਦਾ ਆਪ ਰਖਵਾਲਾ ਬਣਦਾ ਹੈ ਅਤੇ ਦੁਸ਼ਟਾਂ ਪਾਪੀਆਂ ਨੂੰ ਦੰਡ ਦੇਂਦਾ ਹੈ, ਜਿਸ ਨਾਲ ਉਨ੍ਹਾਂ ਦਾ ਮਥਾ ਲੋਕ ਪਰਲੋਕ ਵਿਚ ਕਾਲਾ ਹੁੰਦਾ ਹੈ।

ਭੈਰਉ ਮਹਲਾ ੫ ॥ **ਖੂਬੁ ਖੂਬੁ ਖੂਬੁ ਖੂਬੁ, ਖੂਬੁ ਤੇਰੋ ਨਾਮੁ॥ ਝੂਠੁ ਝੂਠੁ ਝੂਠੁ ਝੂਠੁ, ਦੁਨੀ ਗੁਮਾਨੁ॥੧॥ ਰਹਾਉ॥ ਨਗਜ ਤੇਰੇ ਬੰਦੇ, ਦੀਦਾਰੁ ਅਪਾਰੁ॥ ਨਾਮ ਬਿਨਾ, ਸਭ ਦੁਨੀਆ ਛਾਰੁ॥੧॥ ਅਚਰਜੁ ਤੇਰੀ ਕੁਦਰਤਿ, ਤੇਰੇ ਕਦਮ ਸਲਾਹ॥ ਗਨੀਵ ਤੇਰੀ ਸਿਫਤਿ, ਸਚੇ ਪਾਤਿਸਾਹ॥੨॥ ਨੀਧਰਿਆ ਧਰ, ਪਨਹ ਖੁਦਾਇ॥ ਗਰੀਬ ਨਿਵਾਜੁ, ਦਿਨੁ ਰੈਣਿ ਧਿਆਇ॥੩॥ ਨਾਨਕ ਕਉ, ਖੁਦਿ ਖਸਮ ਮਿਹਰਵਾਨ॥ ਅਲਹੁ ਨ ਵਿਸਰੈ, ਦਿਲ ਜੀਅ ਪਰਾਨ ॥੪॥੧੦॥**

## ਉਚਾਰਨ ਸੇਧ

**ਬਿੰਦੀ ਸਹਿਤ:-** ਬਿਨਾਂ, ਦੁਨੀਂ, ਦੁਨੀਆਂ, ਨੀਧਰਿਆਂ,

**ਫੁਟਕਲ:-** ਖ਼ੂਬ, ਨਗਜ਼, ਗ਼ਨੀਵ ਪਾਤਿਸ਼ਾਹ, ਖ਼ੁਦਾਇ, ਖ਼ੁਦਿ। 'ਪਨਹ ਅਲਹੁ' ਦਾ ਉਚਾਰਨ ਪਨਹ, ਅਲਹ, ਕਰਨਾ ਠੀਕ ਨਹੀਂ ਹੈ, ਪਨਾਹ ਤੇ ਅੱਲਾ ਫਾਰਸੀ ਅਰਬੀ ਦੇ ਸ਼ਬਦ ਹਨ।

**ਪਦ ਅਰਥ:-** ਖੂਬੁ-ਬਹੁਤ ਅੱਛਾ, ਚੰਗਾ। ਝੂਠੁ-ਨਾਸ਼ਵੰਤ। ਦੁਨੀ ਗੁਮਾਨ-ਦੁਨੀਆਂ ਦਾ ਮਾਣ

ਅਹੰਕਾਰ।੧। ਰਹਾਉ। ਨਗਜ-ਸੁੰਦਰ। ਦੀਦਾਰੁ-ਦਰਸ਼ਨ। ਅਪਾਰੁ-ਬੇਅੰਤ। ਛਾਰੁ-ਸੁਆਹ।੧। ਅਚਰਜੁ-ਹੈਰਾਨ ਕਰਨ ਵਾਲਾ। ਕਦਮ-ਚਰਨ। ਸਲਾਹ-ਸਲਾਹਣਯੋਗ। ਗਨੀਵ-ਗ਼ਨੀਮ। ਸਿਫਤਿ-ਉਸਤਤਿ, ਵਡਿਆਈ।੨। ਨੀਧਰਿਆ ਧਰ-ਨਿਆਸਰਿਆਂ ਦਾ ਆਸਰਾ। ਪਨਹ-ਪਨਾਹ, ਓਟ। ਖੁਦਾਇ-ਖੁਦਾ ਦੀ, ਅੱਲਾ ਦੀ। ਗਰੀਬ ਨਿਵਾਜ-ਗਰੀਬਾਂ ਉੱਤੇ ਮਿਹਰ ਕਰਨ ਵਾਲਾ। ਦਿਨੁ ਰੈਣਿ-ਦਿਨ ਰਾਤ, ਹਰ ਵੇਲੇ।੩। ਖੁਦਿ-ਆਪ। ਖਸਮ-ਖਾਵੰਦ, ਮਾਲਕ। ਅਲਹੁ-ਅੱਲਾ, ਪਰਮਾਤਮਾ। ਨ ਵਿਸਰੈ-ਨਹੀ ਵਿਸਰਦਾ ਹੈ। ਦਿਲ ਜੀਅ ਪਰਾਨ-ਦਿਲ, ਜਿੰਦ ਤੇ ਪਰਾਣਾਂ (ਦਾ ਆਸਰਾ ਹੈ)।੪।

**ਅਰਥ:-** (ਹੇ ਪ੍ਰਭੂ !) ਤੇਰਾ ਨਾਮ ਸੋਹਣਾ, ਮਿੱਠਾ, ਅਤੀ ਸੁਆਦਲਾ ਹੈ। (ਜਦੋਂ ਕਿ) ਦੁਨੀਆ ਦਾ ਮਾਣ-ਹੰਕਾਰ ਨਿਰਾ ਹੀ ਝੂਠਾ (ਨਾਸ਼ਵੰਤ) ਹੈ।੧। ਰਹਾਉ।

(ਹੇ ਪ੍ਰਭੂ !) ਤੇਰੇ ਬੰਦੇ ( ਜੋ ਤੇਰੀ ਭਗਤੀ ਕਰਦੇ ਹਨ, ਬਹੁਤ) ਸੋਹਣੇ ਹਨ, (ਉਨ੍ਹਾਂ ਦਾ) ਦਰਸ਼ਨ ਬੇਅੰਤ (ਵਡਮੁੱਲਾ ਹੈ)। ਨਾਮ ਤੋਂ ਬਿਨਾ ਸਾਰੀ ਦੁਨੀਆਂ ਹੀ ਸੁਆਹ (ਭਾਵ ਨਾਸ਼ਮਾਨ) ਹੈ।੧।

( ਹੇ ਪ੍ਰਭੂ !) ਤੇਰੀ ਕੁਦਰਤਿ (ਰਚਨਾ) ਅਸਚਰਜ ਹੈ (ਅਤੇ) ਤੇਰੇ ਚਰਨ ਸਲਾਹੁਣ ਜੋਗ ਹਨ। ਹੇ ਸਚੇ ਪਾਤਿਸਾਹ ! ਤੇਰੀ ਸਿਫਤਿ ਗ਼ਨੀਮ (ਦੁਰਲਭ ਤੇ ਅਮੋਲਕ) ਹੈ।੨।

(ਹੇ ਭਾਈ! ਓਹ ਅੱਲਾ) ਨਿਆਸਰਿਆਂ ਦਾ ਆਸਰਾ ਹੈ (ਅਸਾਂ ਉਸ) ਖ਼ੁਦਾ ਦੀ ਸ਼ਰਨ (ਓਟ) ਲਈ ਹੈ। (ਓਹ ਪ੍ਰਭੂ) ਗਰੀਬਾਂ ਨੂੰ ਨਿਵਾਜਣ ਵਾਲਾ ਹੈ (ਉਸ ਨੂੰ ਤੁਸੀ ਵੀ) ਦਿਨ ਰਾਤ (ਸਦਾ ਹੀ ਧਿਆਓ।੩।

(ਹੇ ਭਾਈ !) ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਜਿਸ ਦਾਸ) ਉਤੇ ਮਾਲਕ ਆਪ ਮਿਹਰਵਾਨ ਹੁੰਦਾ ਹੈ, ਉਸ ਦੇ ਦਿਲ, ਜਿੰਦ ਤੇ ਪ੍ਰਾਣਾ ਤੋਂ ਅੱਲਾ (ਕਦੇ ਵੀ) ਨਹੀਂ ਵਿਸਰਦਾ।੪।੧੦।

## ਅਰਥ ਭੇਦ ਅਤੇ ਨਿਰਣੈ

**ਗਰੀਬ ਨਿਵਾਜੁ ਦਿਨੁ ਰੈਣਿ ਧਿਆਇ।**

ਵਖ ਵਖ ਅਰਥ:

੧. ਹੇ ਪ੍ਰਮੇਸ਼ੁਰ ਗਰੀਬੋ ਕੋ (ਨਿਵਾਜ) ਬਡਾਈ ਦੇਨੇ ਵਾਲੇ ਮੈਂ ਰਾਤ ਦਿਨ ਤੇਰੇ ਕੋ ਧਿਆਵਤਾ ਹੂੰ।
[ਫ.ਸ.

੨. ਹੇ ਭਾਈ! ਉਸ ਪਰਮਾਤਮਾ ਦਾ ਨਾਮ ਸਿਮਰਿਆ ਕਰ ਉਹ ਗਰੀਬਾਂ ਉਤੇ ਮਿਹਰ ਕਰਨ ਵਾਲਾ ਹੈ।
[ਦਰਪਣ

**ਨਿਰਣੈ:-**'ਧਿਆਇ' ਪਦ ਦੇ ਅਰਥ 'ਤੂੰ ਧਿਆ, ਤੂ ਸਿਮਰ' ਠੀਕ ਹਨ। ਫਰੀਦਕੋਟ ਵਾਲੇ ਅਰਥ ਠੀਕ ਨਹੀਂ ਹਨ। ਜੇ 'ਮੈਂ ਧਿਆਉਂਦਾਂ ਹਾਂ' ਅਰਥ ਹੋਣ ਤਾਂ ਸਰੂਪ 'ਧਿਆਊਂ ਜਾ ਧਿਆਈ ਹੁੰਦਾ ਹੈ। ਜਿਵੇਂ:

**ਧਿਆਵਉ ਗਾਵਉ ਗੁਣ ਗੋਵਿੰਦਾ, ਅਤਿ ਪ੍ਰੀਤਮ ਮੋਹਿ ਲਾਗੀ ਨਾਉ॥[ਪੰਨਾ ੩੭੭**

## ਸਾਰੰਸ਼ ਅਤੇ ਸਿਧਾਂਤ

ਨਾਮ ਨੂੰ ਇਕ ਵਾਰ ਨਹੀਂ ਪੰਜ ਵਾਰੀ 'ਖੂਬ ਖੂਬ ਖੂਬ ਖੂਬ ਖੂਬ ਤੇਰੋ ਨਾਮੁ' ਕਿਉ ਲਿਖਿਆ ਹੈ?

ਇਸ ਦਾ ਉਤਰ ਤਾਂ ਗੁਰੂ ਅਰਜਨ ਦੇਵ ਜੀ ਦੀ ਆਤਮਾ ਹੀ ਦੇ ਸਕਦੀ ਹੈ ਪਰ ਗੁਰਬਾਣੀ ਵਿਚੋਂ ਸਾਨੂੰ ਜੋ ਤੱਥ ਮਿਲਦੇ ਹਨ, ਉਹ ਨਾਮ ਦੇ 'ਖੂਬ' ਹੋਣ ਤੇ ਮੁਹਰ ਲਾਉਂਦੇ ਹਨ:-

੧. ਨਾਮ ਮਿੱਠਾ ਹੈ:

**ਸਭੇ ਵਸਤੂ ਕਉੜੀਆਂ ਸਚੇ ਨਾਉ ਮਿਠਾ॥**
**ਸਾਦੁ ਆਇਆ ਤਿਨ ਹਰਿ ਜਨਾ, ਚਖਿ ਸਾਧੀ ਡਿਠਾ॥** [ਪੰਨਾ ੩੨੧

੨. ਨਾਮ ਨੂੰ ਸੁਰ ਨਰ ਤੇ ਭਗਤ ਜਨ ਵੀ ਤਰਸਦੇ ਫਿਰਦੇ ਹਨ:-

**ਜਿਸੁ ਨਾਮੈ ਕਉ ਤਰਸਹਿ ਬਹੁ ਦੇਵਾ॥ ਸਗਲ ਭਗਤ ਜਾ ਕੀ ਕਰਦੇ ਸੇਵਾ॥**
**ਅਨਾਥਾ ਨਾਥੁ ਦੀਨ ਦੁਖ ਭੰਜਨੁ, ਸੋ ਗੁਰ ਪੂਰੇ ਤੇ ਪਾਇਣਾ॥** [ਪੰਨਾ ੧੦੭੮

੩. ਸਾਰੀਆਂ ਵਡਿਆਈਆਂ ਨਾਮ ਵਿਚ ਹਨ-

**ਸਭਿ ਵਡਿਆਈਆ ਹਰਿ ਨਾਮਿ ਵਿਚ, ਹਰਿ ਗੁਰਮੁਖਿ ਧਿਆਈਐ॥**
**ਜਿ ਵਸਤੁ ਮੰਗੀਐ ਸਾਈ ਪਾਈਐ, ਜੇ ਨਾਮਿ ਚਿਤੁ ਲਾਈਐ॥** [ਪੰਨਾ ੮੫੦

੪. ਨਾਮ ਰਿਧੀਆਂ ਸਿਧੀਆਂ ਦਾ ਪੂਰਨ ਖਜਾਨਾ ਹੈ-

**ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥** [ਪੰਨਾ ੨੯੩

੫. ਹਰੀ ਦਾ ਨਾਮ ਕ੍ਰੋੜਾਂ ਪਾਪਾਂ ਨੂੰ ਨਾਸ਼ ਕਰ ਦੇਂਦਾ ਹੈ-

**ਹਰਿ ਕੋ ਨਾਮੁ ਕੋਟਿ ਪਾਪ ਪਰਹਰੈ॥....**
**ਹਰਿ ਕਾ ਨਾਮੁ ਕੋਟਿ ਪਾਪ ਖੋਵੈ॥** [ਪੰਨਾ ੨੬੪

੬. ਨਾਮ ਨੂੰ ਪਾਰਜਾਤ ਆਖਿਆ ਹੈ-

**ਪਾਰਜਾਤੁ ਇਹੁ ਹਰਿ ਕੋ ਨਾਮ॥** [ਪੰਨਾ ੨੬੫

ਜਦੋਂ ਗੁਰਦੇਵ ਫੁਰਮਾਉਂਦੇ ਹਨ ਕਿ 'ਨਾਮੁ ਤੁਲ ਕਛੁ ਅਵਰੁ ਨ ਹੋਇ' ਤਾਂ ਕਿਹੜੀ ਜਿਹਵਾ ਇਸ ਨਾਮ ਦੇ ਸੁਆਦ ਦਾ ਵਰਣਨ ਕਰ ਸਕਦੀ ਹੈ ਭਾਵ ਨਾਮ ਵਿਸਮਾਦ ਹੀ ਵਿਸਮਾਦ ਹੈ:-

**ਵਾਹੁ ਵਾਹੁ ਕਿਆ ਖੂਬੁ ਗਾਵਤਾ ਹੈ,**
**ਹਰਿ ਕਾ ਨਾਮੁ ਮੇਰੈ ਮਨਿ ਭਾਵਤਾ ਹੈ ॥** [ਪੰਨਾ ੪੭੮

ਸੋ, ਨਾਮ ਤੋਂ ਬਿਨਾ ਸਭ ਦੁਨੀਆ ਝੂਠੀ ਅਤੇ ਗੁਮਾਨ ਵੀ ਝੂਠਾ ਹੈ। ਜੇ ਨਾਮ ਰੰਗ ਦੀਆਂ ਵਿਸਮਾਦੀ ਝਲਕਾਂ ਨੂੰ ਗੁਰਬਾਣੀ ਰਾਹੀਂ ਬਿਆਨ ਕੀਤਾ ਜਾਏ ਤਾਂ ਓਹ ਬੇਅੰਤ ਹਨ। ਆਖਰ ਇਹੀ ਕਹਿਣਾ ਪੈਂਦਾ ਹੈ-

**ਬਿਸਮ ਭਈ ਪੇਖਿ ਬਿਸਮਾਦੀ, ਪੂਰਿ ਰਹੇ ਕਿਰਪਾਵਤ॥**
**ਪੀਓ ਅੰਮ੍ਰਿਤ ਨਾਮੁ ਅਮੋਲਕ, ਜਿਉ ਚਾਖਿ ਗੂੰਗਾ ਮੁਸਕਾਵਤ॥** [ਪੰਨਾ ੧੨੦੫

**ਭੈਰਉ ਮਹਲਾ ੫॥ ਸਾਚ ਪਦਾਰਥੁ, ਗੁਰਮੁਖਿ ਲਹਹੁ॥ ਪ੍ਰਭ ਕਾ ਭਾਣਾ, ਸਤਿ ਕਰਿ ਸਹਹੁ ॥੧॥ ਜੀਵਤ ਜੀਵਤ ਜੀਵਤ ਰਹਹੁ॥ ਰਾਮ ਰਸਾਇਣੁ, ਨਿਤ ਉਠਿ**

**ਪੀਵਹੁ॥ ਹਰਿ ਹਰਿ ਹਰਿ ਹਰਿ, ਰਸਨਾ ਕਹਹੁ॥੧॥ ਰਹਾਉ॥ ਕਲਿਜੁਗ ਮਹਿ, ਇਕ ਨਾਮਿ ਉਧਾਰੁ॥ ਨਾਨਕੁ ਬੋਲੈ ਬ੍ਰਹਮੁ ਬੀਚਾਰ ॥੨॥੧੧॥**

ਉਚਾਰਨ ਸੇਧ

**ਫੁਟਕਲ:** 'ਲਹੁ ਤੇ ਲਹਹੁ' ਦੇ ਉਚਾਰਨ ਵਿਚ ਫਰਕ ਰਖਣਾ ਚਾਹੀਦਾ ਹੈ ਇਸੇ ਤਰ੍ਹਾਂ 'ਸਹੁ ਤੇ ਸਹਹੁ' ਰਹੁ ਤੇ ਰਹਹੁ, ਕਹੁ ਤੇ ਕਹਹੁ, ਇਨ੍ਹਾਂ ਸਾਰਿਆਂ ਦੇ ਉਚਾਰਨ ਸਰੂਪ ਵੇਖ ਕੇ ਧਿਆਨ ਨਾਲ ਕਰਨੇ ਉਚਿਤ ਹਨ।

**ਪਦ ਅਰਥ:** ਸਾਚ ਪਦਾਰਥੁ-ਸਦਾ ਥਿਰ ਰਹਿਣ ਵਾਲਾ ਪਦਾਰਥ। ਗੁਰਮੁਖਿ-ਗੁਰੂ ਦੁਆਰਾ ਲਹਹੁ-ਲਭੋ। ਭਾਣਾ-ਰਜ਼ਾ, ਹੁਕਮ। ਸਤਿ ਕਰਿ-ਸਚ ਜਾਣ ਕੇ। ਸਹਹੁ-ਸਹਾਰੋ।੧। ਜੀਵਤ ਰਹਹੁ-(ਸਦਾ) ਜੀਉਂਦੇ ਰਹੁ। ਰਾਮ ਰਸਾਇਣ-ਪਰਮਾਤਮਾ (ਜੋ) ਰੱਸਾਂ ਦਾ ਘਰ ਹੈ। ਨਿਤ ਉਠਿ ਪੀਵਹੁ-ਹਰ ਰੋਜ਼ ਉਠ ਕੇ (ਭਾਵ ਅੰਮ੍ਰਿਤ ਵੇਲੇ ਜਾਗ ਕੇ) ਪੀਉ। ਰਸਨਾ-ਜੀਭ (ਜ਼ੁਬਾਨ) ਨਾਲ। ਕਹਹੁ-ਉਚਾਰੋ।੧। ਨਾਮਿ-ਨਾਮ ਦੁਆਰਾ। ਉਧਾਰੁ-(ਸੰਸਾਰ ਸਾਗਰ ਤੋਂ) ਪਾਰ-ਉਤਾਰਾ। ਬ੍ਰਹਮ ਬੀਚਾਰੁ-ਬ੍ਰਹਮ ਦਾ ਵੀਚਾਰ।੨।

**ਅਰਥ:** (ਹੇ ਭਾਈ!) ਸਦਾ ਥਿਰ ਰਹਿਣ ਵਾਲਾ (ਨਾਮ) ਪਦਾਰਥ ਗੁਰੂ ਦੁਆਰਾ ਪ੍ਰਾਪਤ ਕਰੋ। ਪਰਮੇਸ਼ਰ ਦਾ (ਜੋ) ਭਾਣਾ (ਹੁਕਮ) ਹੈ, (ਉਸ ਨੂੰ) ਸਚ ਜਾਣ ਕੇ ਸਹਾਰੋ।੧।

(ਹੇ ਭਾਈ!) ਆਪਣੀ ਰਸਨਾ ਨਾਲ ਹਰਿ ਹਰਿ (ਨਾਮ) ਉਚਾਰਦੇ ਰਹੋ। ਪਰਮਾਤਮਾ ਦਾ ਨਾਮ ਜੋ ਰਸਾਂ ਦਾ ਘਰ ਹੈ (ਭਾਵ ਸਭ ਤੋਂ ਸ੍ਰੇਸ਼ਟ ਰੱਸ ਹੈ ਉਸ ਨੂੰ) ਨਿਤ (ਅੰਮ੍ਰਿਤ ਵੇਲੇ) ਉਠ ਕੇ ਪੀਂਦੇ ਰਹੁ (ਇਸ ਤਰ੍ਹਾਂ, ਸਦਾ ਲਈ ਆਤਮਿਕ ਜੀਵਨ) ਜੀਊਂਦੇ ਰਹੁ।੧।ਰਹਾਉ।

ਨਾਨਕ, ਇਹ ਬ੍ਰਹਮ ਵੀਚਾਰ (ਧੁਰੋਂ ਆਇਆ ਵਾਕ) ਬੋਲਦਾ ਹੈ। ਹੇ ਭਾਈ! ਕਲਜੁਗ ਵਿਚ ਇਕ ਨਾਮ ਰਾਹੀਂ ਹੀ (ਜੀਵ ਦਾ) ਪਾਰ-ਉਤਾਰਾ ਹੋ ਸਕਦਾ ਹੈ, (ਹੋਰ ਕੋਈ ਉਕਤੀ ਜੁਗਤੀ ਕੰਮ ਨਹੀਂ ਆ ਸਕਦੀ)।੨।੧੧।

ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਦੀਆਂ ਰਹਾਉ ਵਾਲੀਆਂ ਪੰਕਤੀਆਂ ਬੜੀਆਂ ਮਨਮੋਹਣੀਆਂ ਹਨ:-

**ਜੀਵਤ ਜੀਵਤ ਜੀਵਤ ਰਹਹੁ॥ ਰਾਮ ਰਸਾਇਣੁ ਨਿਤ ਉਠਿ ਪੀਵਹੁ ॥**

**ਹਰਿ ਹਰਿ ਹਰਿ ਹਰਿ ਰਸਨਾ ਕਹਹੁ ॥**

ਇਹ ਸਰੀਰ 'ਕਰਮ-ਭੂਮੀ' ਹੈ ਇਸ ਵਿੱਚ ਨਾਮ ਬੀਜਣਾ ਹੈ। ਜਿਵੇਂ ਗੁਰੂ ਅਰਜਨ ਦੇਵ ਜੀ ਦੇ ਪਾਵਨ ਵਾਕ ਹਨ:-

**ਕਰਮ ਭੂਮਿ ਮਹਿ ਬੋਅਹੁ ਨਾਮੁ ॥ ਪੂਰਨ ਹੋਇ ਤੁਮਾਰਾ ਕਾਮੁ ॥** [ਪੰਨਾ ੧੭੬

ਸਰੀਰ ਨੂੰ ਕਰਮ ਭੂਮੀ ਇਸ ਲਈ ਆਖਿਆ ਹੈ ਕਿ ਇਹ ਸਰੀਰ ਕਰਮਾਂ ਦੀ ਧਰਤੀ ਹੈ ਇਹ 'ਕਰਮਾ ਸੰਦੜਾ ਖੇਤਿ' ਹੈ। ਜਿਹੜੇ ਮਨੁੱਖ ਕਾਰ-ਵਿਹਾਰ ਨਹੀਂ ਕਰਦੇ ਓਹ ਮੰਗਤੇ ਬਣ ਕੇ ਲੋਕਾਂ ਅੱਗੇ

ਹੱਥ ਅੱਡਦੇ ਰਹਿੰਦੇ ਹਨ ਪਰ ਸਿਵਾਏ ਰੋਟੀ ਦੇ ਉਨ੍ਹਾਂ ਦੇ ਪਲੇ ਹੋਰ ਕੁਝ ਨਹੀਂ ਪੈਂਦਾ। ਉਦਮ ਕਰਨਾ ਅਰਦਾਸ ਦੀ ਪਹਿਲੀ ਪਉੜੀ ਹੈ। ਜੇ ਉਦਮ ਨਹੀਂ ਤਾਂ ਆਦਰਸ਼ ਵੀ ਅਟਲ ਨਾ ਸਮਝੋ। 'ਨਿਤ ਉਠਿ ਗਾਵਹੁ ਪ੍ਰਭ ਕੀ ਬਾਣੀ' ਅਥਵਾ 'ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ, ਜਪਿਹੁ ਸਾਰਿੰਗਪਾਣੀ' ਦਾ ਅਭਿਆਸ ਕਰਨ ਸਦਕਾ ਹੀ ਸਤਿਗੁਰਾਂ ਦੀ ਅਸੀਸ ਮਿਲੇਗੀ:-

**ਜੀਵਤ ਜੀਵਤ ਜੀਵਤ ਰਹਹੁ ॥**

ਨਿਤ ਅੰਮ੍ਰਿਤ ਵੇਲੇ ਉਠ ਕੇ 'ਰਾਮ ਰਸਾਇਣ' ਦਾ ਪੀਵਣਾ ਹੀ 'ਜੀਵਤ ਜੀਵਤ ਜੀਵਤ ਰਹੁ' ਦਾ ਪ੍ਰਤੀਕ ਹੈ। ਜਿਹੜਾ ਸੇਵਕ ਜਨ ਰਾਮ-ਰਸਾਇਣ ਅਥਵਾ ਪ੍ਰੇਮ-ਰਸਾਇਣ ਪੀਣ ਵਾਲਾ ਹੈ, ਓਹ ਨਾਮ ਨੂੰ ਛੱਡ ਕੇ ਮਤ ਮਾਰਨ ਵਾਲੇ ਨਸ਼ਿਆਂ ਪਿੱਛੇ ਨਹੀ ਜਾਂਦਾ। 'ਤੇਰਾ ਜਨੁ ਰਾਮ ਰਸਾਇਣਿ ਮਾਤਾ॥ ਪ੍ਰੇਮ ਰਸਾ ਨਿਧਿ ਜਾ ਕਉ ਉਪਜੀ, ਛੋਡਿ ਨ ਕਤਹੂ ਜਾਤਾ॥(ਪੰ. ੫੩੨)ਅਤੇ ਇਸ ਸ਼ਬਦ ਦੀ ਅੰਤਲੀ ਪੰਕਤੀ ਜੋ 'ਕਲਜੁਗ ਮਹਿ ਇਕ ਨਾਮਿ ਉਧਾਰੁ' ਦਾ ਸੰਦੇਸ਼ ਦਿੰਦੀ ਹੈ, ਸਭ ਨੂੰ ਪਲੇ ਬੰਨ੍ਹਣੀ ਚਾਹੀਦੀ ਹੈ।

**ਭੈਰਉ ਮਹਲਾ੫॥ ਸਤਿਗੁਰੁ ਸੇਵਿ ਸਰਬ ਫਲ ਪਾਏ॥ ਜਨਮ ਜਨਮ ਕੀ ਮੈਲੁ ਮਿਟਾਏ॥੧॥ ਪਤਿਤ ਪਾਵਨ, ਪ੍ਰਭ ਤੇਰੋ ਨਾਉ॥ ਪੂਰਬਿ ਕਰਮ ਲਿਖੇ ਗੁਣ ਗਾਉ ॥੧॥ ਰਹਾਉ॥ ਸਾਧੂ ਸੰਗਿ ਹੋਵੈ ਉਧਾਰੁ॥ ਸੋਭਾ ਪਾਵੈ ਪ੍ਰਭ ਕੈ ਦੁਆਰ॥੨॥ ਸਰਬ ਕਲਿਆਣ, ਚਰਣ ਪ੍ਰਭ ਸੇਵਾ॥ ਧੂਰਿ ਬਾਛਹਿ ਸਭਿ ਸੁਰਿ ਨਰ ਦੇਵਾ॥੩॥ ਨਾਨਕ ਪਾਇਆ ਨਾਮ ਨਿਧਾਨੁ॥ ਹਰਿ ਜਪਿ ਜਪਿ ਉਧਰਿਆ ਸਗਲ ਜਹਾਨੁ ॥੪॥੧੨॥**

ਉਚਾਰਨ ਸੇਧ

**ਬਿੰਦੀ ਸਹਿਤ:-**ਨਾਉਂ, ਬਾਂਛਹਿਂ।

**ਪਦ ਅਰਥ:-** ਸੇਵਿ-ਸੇਵ ਕੇ, ਸਿਮਰ ਕੇ। ਸਰਬ ਫਲ-ਸਾਰੇ ਫਲ। ਪਾਏ-ਪ੍ਰਾਪਤ ਹੁੰਦੇ ਹਨ। ਮਿਟਾਏ-ਦੂਰ ਹੁੰਦੀ ਹੈ। ਪਤਿਤ ਪਾਵਨੁ-ਪਾਪੀਆਂ ਨੂੰ ਪਵਿੱਤਰ ਕਰਨ ਵਾਲਾ। ਨਾਉ-ਨਾਮ। ਪੂਰਬਿ ਕਰਮ-ਪੂਰਬਲੇ ਪਹਿਲੇ ਜਨਮਾਂ ਦੇ ਕੀਤੇ ਕਰਮ। ਗਾਉ-ਗਾਉਂਦਾ ਹੈ।੧। ਰਹਾਉ। ਉਧਾਰੁ-ਪਾਰ-ਉਤਾਰਾ। ਸੋਭਾ ਵਡਿਆਈ।੨। ਸਰਬ ਕਲਿਆਣ-ਹਰ ਤਰ੍ਹਾਂ ਦੀ ਕਲਿਆਣ, ਪ੍ਰਸੰਨਤਾ। ਧੂਰਿ-(ਚਰਨ) ਧੂੜੀ। ਬਾਛਹਿ-ਲੋਚਦੇ ਹਨ। ਸਭਿ-ਸਾਰੇ। ਸੁਰਿ ਦੇਵਾ-ਵਡੇ ਛੋਟੇ ਦੇਵਤੇ। ਨਾਮ ਨਿਧਾਨੁ-ਨਾਮ ਰੂਪੀ ਖਜਾਨਾ। ਜਪਿ ਜਪਿ -ਜਪ ਜਪ ਕੇ। ਸਗਲ ਜਹਾਨ-ਸਾਰਾ ਜਗਤ ।੪।

**ਅਰਥ:** (ਹੇ ਭਾਈ !) ਸਤਿਗੁਰੂ ਨੂੰ ਸੇਵ (ਸਿਮਰ) ਕੇ ਸਾਰੇ ਫਲ ਪ੍ਰਾਪਤ ਹੁੰਦੇ ਹਨ (ਅਤੇ ਕਈ) ਜਨਮਾਂ ਦੇ (ਵਿਕਾਰਾਂ ਦੀ ) ਮੈਲ ਦੂਰ ਹੋ ਜਾਂਦੀ ਹੈ।੧।

ਹੇ ਪ੍ਰਭੂ ! ਤੇਰਾ ਨਾਮ ਪਾਪੀਆਂ ਨੂੰ ਪਵਿਤਰ ਕਰਨ ਵਾਲਾ ਹੈ, (ਪਰ ਤੇਰੇ) ਗੁਣ ਗਾਉਣ ਦੀ (ਦਾਤਿ) ਪੂਰਬਲੇ (ਜਨਮਾਂ ਦੇ ਕੀਤੇ)ਕਰਮਾਂ ਦੇ (ਲਿਖੇ ਲੇਖਾਂ ਅਨੁਸਾਰ ਹੀ ਪ੍ਰਾਪਤ ਹੁੰਦੀ ਹੈ)।੧ਰਹਾਉ।

( ਹੇ ਭਾਈ !) ਸਾਧੂ ਦੀ ਸੰਗਤ, ਵਿਚ (ਜਿਸ ਜੀਵ ਦਾ) ਪਾਰ-ਉਤਾਰਾ ਹੋ ਜਾਂਦਾ ਹੈ, (ਉਹ

ਜੀਵ) ਪ੍ਰਭੂ ਦੇ ਦਰ ਉਤੇ ਸੋਭਾ (ਵਡਿਆਈ) ਪਾਉਂਦਾ ਹੈ।੨।

ਹੇ ਪ੍ਰਭੂ ! (ਤੇਰੇ) ਚਰਨਾ ਦੀ ਸੇਵਾ ਨਾਲ ਹਰ ਪ੍ਰਕਾਰ (ਜੀਵ ਦੀ) ਕਲਿਆਣ ਹੋ ਜਾਂਦੀ ਹੈ (ਭਾਵ ਉਸ ਨੂੰ ਮਨ ਬਾਂਛਤ ਸੁਖ, ਫਲ ਆਦਿ ਮਿਲ ਜਾਂਦੇ ਹਨ ਅਤੇ) ਸਾਰੇ ਵਡੇ ਛੋਟੇ ਦੇਵਤੇ ਤੇ ਮਨੁੱਖ (ਆਪਣੇ ਦਿਲੋਂ ਉਸ ਦੇ ਚਰਨਾ ਦੀ) ਧੂੜੀ ਲੋਚਦੇ ਹਨ ।੩।

ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਪੂਰਬਲੇ ਕਰਮਾਂ ਦੀ ਬਰਕਤ ਨਾਲ) ਨਾਮ ਰੂਪੀ ਖਜ਼ਾਨਾ ਪ੍ਰਾਪਤ ਕੀਤਾ ਜਾਂਦਾ ਹੈ। (ਤੱਤ ਇਹ ਹੈ ਕਿ) ਹਰੀ ਦਾ (ਨਾਮ) ਜਪ ਜਪ ਕੇ ਸਾਰਾ ਸੰਸਾਰ ਤਰ ਗਿਆ ਹੈ।੪।੧੨।

## ਸਾਰੰਸ਼ ਅਤੇ ਸਿਧਾਂਤ

ਜਿਸ ਨਾਮ ਦੀ ਮਹਿਮਾਂ ਪਿਛਲੇ ਸ਼ਬਦ ਵਿਚ ਕੀਤੀ ਗਈ ਸੀ, ਇਸ ਸ਼ਬਦ ਵਿਚ ਉਸ ਨਾਮ ਦੀ ਪ੍ਰਾਪਤੀ ਦਾ ਸਾਧਨ ਦੱਸਦੇ ਹਨ। ਨਾਮ ਦਾ ਦਾਤਾ ਸਤਿਗੁਰੂ ਹੈ-

**ਸਤਿਗੁਰੁ ਦਾਤਾ ਨਾਮ ਕਾ, ਪੂਰਾ ਜਿਸੁ ਭੰਡਾਰੁ॥** [ਪੰਨਾ ੪੯]

ਸੱਚਾ ਨਾਮ ਸਤਿਗੁਰੂ ਦੀ ਸੇਵਾ ਕੀਤਿਆਂ ਪ੍ਰਾਪਤ ਹੁੰਦਾ ਹੈ ਜੋ ਜਨਮਾਂ ਜਨਮਾਂ ਦੀ ਲਗੀ ਹੋਈ ਹਉਮੈ ਮੈਲ ਨੂੰ ਕੱਟ ਦਿੰਦਾ ਹੈ। ਗੁਰ-ਪਰਮੇਸ਼ਰ ਜੀ ਦੇ ਚਰਨਾ ਦੀ ਸੇਵਾ ਕਰਕੇ ਹਰ ਤਰ੍ਹਾਂ ਦੀ ਕਲਿਆਣ ਹੋ ਜਾਂਦੀ ਹੈ ਭਾਵ ਸੁਖ ਮਿਲਦਾ ਹੈ।

ਨਾਮ-ਨਿਧਾਨ ਦੀਆਂ ਬਰਕਤਾਂ ਦਾ ਓਦੋਂ ਹੀ ਪਤਾ ਲਗਦਾ ਹੈ ਜਦੋਂ ਮਨੁੱਖ ਨਾਮ-ਅਭਿਆਸੀ ਕਮਾਈ ਕਰਦਾ ਹੋਇਆ ਆਨੰਦ ਮਾਣਦਾ ਹੈ। ਹੱਠ-ਯੋਗ ਅਤੇ ਨਿਉਲੀ ਕਰਮਾਂ ਨਾਲ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ। ਸਿਮਰਨ ਨਾਲ, ਸੇਵਾ ਕੀਤਿਆਂ ਵਾਹਿਗੁਰੂ ਨਾਮ ਦਾ ਅਨੰਦ ਨਸੀਬ ਹੁੰਦਾ ਹੈ। ਨਾਮ ਜਪਣ ਨਾਲ ਕੇਵਲ ਆਪਣਾ ਹੀ ਉਧਾਰ ਨਹੀਂ ਹੁੰਦਾ, ਸਾਰਾ ਸੰਸਾਰ ਹੀ ਨਾਮ ਜਪ ਜਪ ਕੇ ਉਧਰ ਜਾਂਦਾ ਹੈ। ਸਿਧਾਂਤ ਇਹ ਹੈ ਕਿ ਨਾਮ ਤੇ ਸੇਵਾ ਦੋਹਾਂ ਨੇ ਹੀ ਜੀਵਨ ਵਿਚ ਪਲਟਾ ਲਿਆਉਣਾ ਹੈ। ਜੇ ਨਾਮ ਜਪ ਕੇ 'ਹਉਂ' ਦਾ ਅੰਸ਼ ਉਠੇ ਤਾਂ ਸੇਵਾ ਕਰਨ ਨਾਲ ਉਸ ਅੰਸ਼ ਦਾ ਅਭਾਵ ਹੋ ਜਾਂਦਾ ਹੈ।

**ਭੈਰਉ ਮਹਲਾ ੫ ॥ ਅਪਣੇ ਦਾਸ ਕਉ ਕੰਠਿ ਲਗਾਵੈ ॥ ਨਿੰਦਕ ਕਉ ਅਗਨਿ ਮਹਿ ਪਾਵੈ ॥੧॥ ਪਾਪੀ ਤੇ ਰਾਖੇ ਨਾਰਾਇਣ ॥ ਪਾਪੀ ਕੀ ਗਤਿ ਕਤਹੂ ਨਾਹੀ, ਪਾਪੀ ਪਚਿਆ ਆਪ ਕਮਾਇਣ ॥੧॥ਰਹਾਉ॥ ਦਾਸ ਰਾਮ ਜੀਉ ਲਾਗੀ ਪ੍ਰੀਤਿ ॥ ਨਿੰਦਕ ਕੀ ਹੋਈ ਬਿਪਰੀਤਿ ॥੨॥ ਪਾਰਬ੍ਰਹਮਿ ਅਪਣਾ ਬਿਰਦੁ ਪ੍ਰਗਟਾਇਆ ॥ ਦੋਖੀ, ਅਪਣਾ ਕੀਤਾ ਪਾਇਆ ॥੩॥ ਆਇ ਨ ਜਾਈ,ਰਹਿਆ ਸਮਾਈ ॥ ਨਾਨਕ ਦਾਸ ਹਰਿ ਕੀ ਸਰਣਾਈ ॥੪॥੧੩॥**

## ਉਚਾਰਨ ਸੇਧ

**ਬਿੰਦੀ ਸਹਿਤ:** ਮਹਿਂ, ਕਤਹੂੰ, ਨਾਹੀਂ।

**ਪਦ ਅਰਥ:** ਕੰਠਿ-ਗਲ ਨਾਲ। ਅਗਨਿ ਮਹਿ-ਅੱਗ ਵਿਚ।੧। ਤੇ-ਤੋਂ। ਗਤਿ-ਗਤੀ, ਮੁਕਤੀ। ਪਚਿਆ-ਸੜਿਆ, ਮਰ ਗਿਆ।੧।ਰਹਾਉ। ਦਾਸ-ਦਾਸ ਦੀ। ਰਾਮ ਜੀਉ-ਪਰਮਾਤਮਾ ਜੀ ਵਿਚ। ਬਿਪ੍ਰੀਤਿ-ਉਲਟੀ (ਮਾੜੀ) ਪ੍ਰੀਤਿ।੨। ਪਾਰਬ੍ਰਹਮਿ-ਪਰਮਾਤਮਾ ਨੇ। ਬਿਰਦੁ-ਸੁਭਾਉ। ਪ੍ਰਗਟਾਇਆ-ਪ੍ਰਗਟ ਕੀਤਾ। ਦੋਖੀ-ਦੋਸ਼ੀ, ਨਿੰਦਕ ਨੇ।੩। ਆਇ ਨ ਜਾਈ-(ਉਹ ਪ੍ਰਭੂ) ਨਾ ਆਉਂਦਾ ਹੈ ਨਾ ਜਾਂਦਾ ਹੈ ਭਾਵ ਨਾ ਜੰਮਦਾ ਹੈ ਨਾ ਮਰਦਾ ਹੈ। ਰਹਿਆ ਸਮਾਈ-(ਉਹ ਸਭ ਵਿਚ) ਵਿਆਪਕ ਹੋ ਰਿਹਾ ਹੈ।੪।

**ਅਰਥ:** (ਹੇ ਭਾਈ! ਪਰਮੇਸ਼ਰ) ਆਪਣੇ ਦਾਸ ਨੂੰ (ਆਪਣੇ) ਗਲੇ ਨਾਲ ਲਾਉਂਦਾ ਹੈ (ਦੁੱਖਾਂ ਤੋਂ ਬਚਾਅ ਕੇ ਰਖਦਾ ਹੈ ਅਤੇ ਸੇਵਕ ਦੇ) ਨਿੰਦਕ ਨੂੰ ਅੱਗ ਵਿਚ ਪਾਉਂਦਾ ਹੈ (ਭਾਵ ਤਪਾਉਂਦਾ ਤੇ ਦੁਖ ਦੇਂਦਾ ਹੈ)।੧।

(ਹੇ ਭਾਈ!) ਪਾਪੀ (ਨਿੰਦਕ ਪੁਰਸ਼) ਤੋਂ (ਪਰਮੇਸ਼ਰ ਆਪ ਬਚਾਅ ਕੇ) ਰਖਦਾ ਹੈ। ਪਾਪੀ ਪੁਰਸ਼ ਦੀ ਗਤੀ (ਮੁਕਤੀ) ਕਿਤੇ ਨਹੀਂ ਹੋਈ। ਪਾਪੀ (ਪੁਰਸ਼ ਮਾਨੋ) ਆਪਣੇ ਕਮਾਏ ਹੋਏ (ਕਰਮਾਂ ਦੀ ਅੱਗ ਵਿਚ ਆਪ ਹੀ) ਸੜ (ਮਰ) ਗਿਆ।੧।ਰਹਾਉ।

(ਹੇ ਭਾਈ! ਪਰਮਾਤਮਾ ਦੇ) ਸੇਵਕ ਦੀ (ਆਪਣੇ) ਰਾਮ ਜੀਉ ਨਾਲ ਪ੍ਰੀਤਿ ਬਣੀ ਰਹੀ। (ਅਤੇ) ਨਿੰਦਕ ਦੀ(ਇਸਤੋਂ)ਉਲਟੀ(ਦੁਰਮਤ ਵਿਚ)ਪ੍ਰੀਤਿ ਹੋਈ(ਜਿਸ ਕਰਕੇ ਉਹ ਅੱਗ ਵਿਚ ਸੜ ਗਿਆ)।੨।

(ਹੇ ਭਾਈ!) ਪਰਮੇਸ਼ਰ ਨੇ ਆਪਣਾ ਭਗਤਿ ਵਛਲ ਵਾਲਾ ਸੁਭਾਉ ਪ੍ਰਗਟ ਕੀਤਾ। ਦੋਖੀ (ਦੁਸ਼ਟ ਨਿੰਦਕ) ਨੇ ਆਪਣੇ (ਕੀਤੇ ਖੋਟੇ ਕਰਮ ਦਾ ਫਲ) ਪਾਇਆ।੩।

(ਹੇ ਭਾਈ! ਪਰਮੇਸ਼ਰ) ਨਾ (ਕਿਤੋਂ) ਆਉਂਦਾ ਹੈ, ਨਾ (ਕਿਤੇ) ਜਾਂਦਾ ਹੈ (ਉਹ) ਸਭ ਜੀਆਂ ਵਿਚ ਸਮਾਅ ਰਿਹਾ ਹੈ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਉਸ ਦੇ) ਦਾਸ ਉਸ ਹਰੀ ਦੀ ਸ਼ਰਣ ਵਿੱਚ (ਪਏ ਰਹਿੰਦੇ ਹਨ)।੪।੧੩।

## ਸਾਰੰਸ਼ ਅਤੇ ਸਿਧਾਂਤ

ਜਿਹੜਾ ਮਨੁੱਖ ਨਾਮ-ਸਿਮਰਨ ਤੇ ਸੇਵਾ ਵਿਚ ਲਗਦਾ ਹੈ, ਪਰਮੇਸ਼ਰ ਉਸ ਦੀ ਆਪ ਸਹਾਇਤਾ ਕਰਦਾ ਹੈ। ਨਿੰਦਕ ਤੇ ਪਾਪੀ ਪੁਰਸ਼ ਨੂੰ ਪਰਮੇਸ਼ਰ ਅੱਗ ਵਿਚ ਸਾੜਦਾ ਹੈ ਭਾਵ ਮੰਦੇ ਕਰਮ ਕਰਨ ਵਾਲੇ ਦਾ ਅੰਤ ਮਾੜਾ ਹੀ ਹਸ਼ਰ ਹੁੰਦਾ ਹੈ।

ਸੁਲਹੀ ਖਾਂ ਤੇ ਪ੍ਰਿਥੀਆ ਦੋਵੇਂ ਕਈ ਤਰ੍ਹਾਂ ਦੇ ਪਾਪ ਚਿਤਵਦੇ ਰਹਿੰਦੇ ਸਨ। ਜਿਸ ਵੇਲੇ ਸੁਲਹੀ ਖਾਂ ਦਿਲੀ ਤੋਂ ਚਲ ਕੇ ਪ੍ਰਿਥੀ ਚੰਦ ਪਾਸ ਆਇਆ ਤਾਂ ਇਸ ਦੀ ਪ੍ਰਿਥੀਏ ਨੇ ਬੜੀ ਆਓ-ਭਗਤਿ ਕੀਤੀ ਅਤੇ ਆਪਣੇ ਮਿੱਤਰ ਨੂੰ ਆਪਣੇ ਆਵੇ ਦਿਖਾਉਣ ਲਈ ਲੈ ਗਿਆ ਜੋ ਉਸ ਨੇ ਨਵੇਂ ਲਵਾਏ ਸਨ। ਜਦ ਸ਼ਿਕਾਰ ਖੇਡ ਕੇ ਆਉਂਦੇ ਹੋਏ ਆਵੇ (ਪਜਾਵੇ) ਵੇਖਣ ਲਈ ਭੱਠੇ ਤੇ ਪਹੁੰਚੇ ਤਾਂ ਸੁਲਹੀ ਖਾਂ ਦਾ ਘੋੜਾ ਐਸਾ ਤ੍ਰਬਕਿਆ ਕਿ ਪਹਿਲੀ ਛਾਲੇ ਹੀ ਪਜਾਵੇ ਉਤੇ ਜਾ ਚੜਿਆ ਤੇ ਦੂਜੀ ਛਾਲ ਨਾਲ ਘੜੰਮ ਕਰਦਾ ਆਵੇ ਵਿਚ ਜਾ ਡਿਗਿਆ ਤੇ ਸੜ ਗਿਆ। ਇਸ ਤਰ੍ਹਾਂ ਗੁਰੂ ਦਾ ਵਾਕ ਸੱਤ ਹੋਇਆ। ਸੁਲਹੀ ਖਾਂ ਨਾਪਾਕ, ਕਾਫ਼ਰ ਹੋ ਕੇ ਮਰਿਆ ਤੇ ਪ੍ਰਿਥੀਆ ਰੋ ਧੋ ਕੇ ਘਰ ਜਾ ਬੈਠਾ। ਗੁਰੂ ਜੀ ਨੇ ਇਹ ਖ਼ਬਰ ਸੁਣ ਕੇ

ਅਕਾਲ ਪੁਰਖ ਦਾ ਧੰਨਵਾਦ ਕੀਤਾ। ਇਸ ਸ਼ਬਦ ਦੀਆਂ ਪਾਵਨ ਪੰਕਤੀਆਂ:-

**ਪਾਰਬ੍ਰਹਮਿ ਅਪਣਾ ਬਿਰਦੁ ਪ੍ਰਗਟਾਇਆ ॥**

**ਦੋਖੀ ਆਪਨਾ ਕੀਤਾ ਪਾਇਆ॥**

ਇਸ ਇਤਿਹਾਸਕ ਘਟਨਾ ਦੀ ਪ੍ਰੋੜਤਾ ਕਰਦੀਆਂ ਹਨ।

## ਰਾਗੁ ਭੈਰਉ ਮਹਲਾ ੫ ਚਉਪਦੇ ਘਰੁ ੨

**ੴ ਸਤਿਗੁਰ ਪ੍ਰਸਾਦਿ ॥ ਸ੍ਰੀਧਰ ਮੋਹਨ ਸਗਲ ਉਪਾਵਨ, ਨਿਰੰਕਾਰ ਸੁਖ ਦਾਤਾ ॥ ਐਸਾ ਪ੍ਰਭੁ ਛੋਡਿ ਕਰਹਿ ਅਨ ਸੇਵਾ, ਕਵਨ ਬਿਖਿਆ ਰਸ ਮਾਤਾ ॥੧॥ ਰੇ ਮਨ ਮੇਰੇ, ਤੂ ਗੋਵਿਦ ਭਾਜੁ ॥ ਅਵਰੁ ਉਪਾਵ ਸਗਲ ਮੈ ਦੇਖੇ, ਜੋ ਚਿਤਵੀਐ ਤਿਤੁ ਬਿਗਰਸਿ ਕਾਜੁ ॥੧॥ਰਹਾਉ ॥ ਠਾਕੁਰੁ ਛੋਡਿ ਦਾਸੀ ਕਉ ਸਿਮਰਹਿ, ਮਨਮੁਖ ਅੰਧ ਅਗਿਆਨਾ ॥ ਹਰਿ ਕੀ ਭਗਤਿ ਕਰਹਿ ਤਿਨ ਨਿੰਦਹਿ, ਨਿਗੁਰੇ ਪਸੂ ਸਮਾਨਾ ॥ ੨ ॥ ਜੀਉ ਪਿੰਡੁ ਤਨੁ ਧਨੁ ਸਭੁ ਪ੍ਰਭ ਕਾ, ਸਾਕਤ ਕਹਤੇ ਮੇਰਾ ॥ ਅਹੰਬੁਧਿ ਦੁਰਮਤਿ ਹੈ ਮੈਲੀ, ਬਿਨੁ ਗੁਰ ਭਵਜਲਿ ਫੇਰਾ ॥੩॥ ਹੋਮ ਜਗ ਜਪ ਤਪ ਸਭਿ ਸੰਜਮ, ਤਟਿ ਤੀਰਥਿ ਨਹੀ ਪਾਇਆ ॥ ਮਿਟਿਆ ਆਪੁ ਪਏ ਸਰਣਾਈ, ਗੁਰਮੁਖਿ ਨਾਨਕ ਜਗਤੁ ਤਰਾਇਆ ॥੪॥੧॥੧੪॥**

### ਉਚਾਰਨ ਸੇਧ

**ਬਿੰਦੀ ਸਹਿਤ:** ਕਰਹਿਂ, ਸਿਮਰਹਿਂ, ਨਿੰਦਹਿਂ, ਨਹੀਂ ।

**ਪਦ ਅਰਥ:** ਸ੍ਰੀ ਧਰ-(ਲੱਛਮੀ ਨੂੰ ਧਾਰਨ ਵਾਲਾ ਵਿਸ਼ਨੂੰ) ਪਰਮਾਤਮਾ। ਸਗਲ ਉਪਾਵਨ-ਸਭ ਨੂੰ ਪੈਦਾ ਕਰਨ ਵਾਲਾ। ਨਿਰੰਕਾਰ-ਆਕਾਰ ਤੋਂ ਰਹਿਤ। ਛੋਡਿ-ਛੱਡ ਕੇ। ਕਰਹਿ-ਕਰਦੇ ਹਨ। ਅਨ ਸੇਵਾ-ਹੋਰ ਦੀ ਸੇਵਾ। ਕਵਨ ਬਿਖਿਆ ਰਸ ਮਾਤਾ-ਮਾਇਆ ਦੇ ਕਿਹੜੇ ਸੁਆਦਾਂ ਵਿਚ ਮਸਤ ਹੋ ਰਿਹਾ ਹੈਂ।੧।

ਭਾਜੁ-ਭਜ, ਸਿਮਰਨ ਕਰ। ਉਪਾਵ-ਸਾਧਨ, ਹੀਲੇ। ਜੋ ਚਿਤਵੀਐ-ਜੋ ਸੋਚਿਆ ਜਾਂਦਾ ਹੈ। ਤਿਤੁ-ਉਸ ਨਾਲ। ਬਿਗਸਿ ਕਾਜੁ-ਕੰਮ ਵਿਗੜਦਾ ਹੈ।੧।ਰਹਾਉ।

ਠਾਕੁਰੁ-ਮਾਲਕ। ਦਾਸੀ-ਮਾਇਆ। ਸਿਮਰਹਿ-ਸਿਮਰਦੇ ਹਨ, ਚਿੰਤਨ ਕਰਦੇ ਹਨ। ਮਨਮੁਖ-ਆਪ ਹੁਦਰੇ ਮਨੁੱਖ। ਅੰਧ-ਅੰਨ੍ਹੇ, ਮੂਰਖ। ਅਗਿਆਨਾ-ਗਿਆਨਹੀਣ। ਨਿੰਦਹਿ-(ਉਨ੍ਹਾਂ ਨੂੰ) ਨਿੰਦਦੇ ਹਨ। ਪਸੂ ਸਮਾਨਾ-ਪਸ਼ੂਆਂ (ਡੰਗਰਾਂ) ਵਾਂਗ ਹਨ।੨। ਜੀਉ-ਜਿੰਦ। ਪਿੰਡੁ-ਸਰੀਰ। ਅਹੰਬੁਧਿ-ਹੰਕਾਰ ਵਾਲੀ ਅਕਲ। ਦੁਰਮਤਿ-ਖੋਟੀ ਮਤਿ ਕਰਕੇ। ਭਵਜਲਿ-ਸੰਸਾਰ ਸਾਗਰ ਵਿਚ।੩।

ਸਭਿ-ਸਾਰੀ। ਸੰਜਮੁ-ਇੰਦ੍ਰਿਆਂ ਨੂੰ ਰੋਕਣ ਦੇ ਸਾਧਨਾ ਰਾਹੀਂ। ਤਟਿ-ਦਰਿਆਵਾਂ ਦੇ ਕੰਢਿਆਂ ਤੇ (ਭਾਵ ਧਾਰਕਿ ਅਸਥਾਨਾਂ ਦੇ ਸਰੋਵਰਾਂ ਦੇ ਕੰਢਿਆਂ ਤੇ)। ਆਪੁ-ਆਪਾ ਭਾਵ, ਹਉਮੈ। ਗੁਰਮੁਖਿ-ਗੁਰੂ ਦੇ ਰਾਹੀਂ।੪।

**ਅਰਥ:** (ਹੇ ਭਾਈ!) ਲਛਮੀ ਨੂੰ ਧਾਰਨ ਵਾਲਾ, (ਪਰਮਾਤਮਾ ਸਭ ਦੇ ਮਨ ਨੂੰ) ਮੋਹਣ ਵਾਲਾ, ਸਾਰੀ (ਸ੍ਰਿਸ਼ਟੀ ਨੂੰ) ਪੈਦਾ ਕਰਨ ਵਾਲਾ ਨਿਰੰਕਾਰ (ਜੋ ਸਾਰੇ)ਸੁੱਖਾਂ ਦਾ ਦਾਤਾ ਹੈ, ਅਜਿਹੇ ਪਰਮਾਤਮਾ ਨੂੰ ਛੱਡ ਕੇ ਤੂੰ ਹੋਰਨਾਂ ਦੀ ਸੇਵਾ ਕਰਦਾ ਹੈਂ (ਤੂੰ)ਕਿਹੜੇ(ਘਟੀਆਂ)ਰਸਾਂ ਵਿੱਚ ਮਸਤ ਹੋਇਆ ਪਿਆ ਹੈਂ।੧।

ਹੇ ਮੇਰੇ ਮਨ! ਤੂੰ ਪ੍ਰਿਥਵੀ ਦੇ ਮਾਲਕ ਨੂੰ ਸਿਮਰ। ਹੋਰ ਸਾਰੇ ਜਤਨ ਮੈਂ ਕਰਕੇ ਵੇਖ ਲਏ ਹਨ ਜਿਹੜਾ (ਜਤਨ ਵੀ) ਸੋਚਿਆ ਜਾਂਦਾ ਹੈ ਉਸ ਨਾਲ (ਜੀਵਨ ਮੁਕਤੀ ਦਾ)ਕੰਮ ਵਿਗੜਦਾ ਹੈ।੧।ਰਹਾਉ।

(ਹੇ ਭਾਈ!) ਮਾਲਕ ਛੱਡ ਕੇ (ਜੋ) ਮਾਇਆ (ਦਾਸੀ) ਨੂੰ ਸਿਮਰਦੇ ਹਨ (ਉਹ) ਮਨਮੁਖ (ਮਾਇਆ ਮੋਹ ਵਿਚ) ਅੰਨ੍ਹੇ ਹਨ ਤੇ ਅਗਿਆਨਤਾ ਵਿਚ (ਫਸੇ ਹੋਏ ਹਨ)। (ਜਿਹੜੇ ਮਨੁੱਖ) ਪਰਮੇਸ਼ਰ ਦੀ ਭਗਤੀ ਕਰਦੇ ਹਨ, (ਜੋ) ਉਨ੍ਹਾਂ ਦੀ ਨਿੰਦਾ ਕਰਦੇ ਹਨ, (ਓਹ ਅਗਿਆਨੀ) ਨਿਗੁਰੇ (ਮਨੁੱਖ) ਪਸ਼ੂ ਤੁਲ ਹਨ।੨।

(ਹੇ ਭਾਈ! ਇਹ) ਜਿੰਦ, ਸਰੀਰ, ਧਨ ਸਭ ਕੁਝ ਪ੍ਰਭੂ ਦਾ ਹੈ, (ਪਰ) ਮਾਇਆ ਦੇ ਉਪਾਸ਼ਕ ਮਨੁੱਖ ਕਹਿੰਦੇ ਹਨ (ਸਭ ਕੁਝ) ਸਾਡਾ ਹੈ। ਅਹੰਕਾਰ ਕਰਕੇ (ਜਿਨ੍ਹਾਂ) ਦੀ ਬੁਧੀ ਖੋਟੀ ਤੇ ਮੈਲੀ ਹੈ (ਉਨ੍ਹਾਂ) ਨਿਗੁਰਿਆਂ ਦਾ (ਸੰਸਾਰ ਸਮੁੰਦਰ ਵਿਚ) ਗੇੜਾ (ਬਣਿਆ ਰਹਿੰਦਾ ਹੈ, ਭਾਵ ਓਹ ਜੰਮਦੇ ਮਰਦੇ ਰਹਿੰਦੇ ਹਨ)।੩।

(ਹੇ ਭਾਈ!) ਹੋਮ, ਜੱਗ ਜਪ ਤਪ ਸੰਜਮ (ਆਦਿ ਸਾਧਨਾ ਨਾਲ) ਨਦੀਆਂ ਦੇ ਕੰਢਿਆਂ ਉਤੇ, ਤੀਰਥਾਂ ਉਤੇ ਇਸ਼ਨਾਨ ਕੀਤਿਆਂ (ਪਰਮਾਤਮਾ ਨੂੰ ਕਿਸੇ ਨੇ) ਨਹੀਂ ਪਾਇਆ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਜਿਹੜੇ) ਮਨੁੱਖ ਗੁਰੂ ਦੀ ਰਾਹੀਂ (ਪ੍ਰਭੂ ਦੀ) ਸ਼ਰਨ ਵਿਚ ਪੈ ਗਏ ਉਨ੍ਹਾਂ ਦਾ ਆਪਾ-ਭਾਵ ਹੰਕਾਰ ਦੂਰ ਹੋ ਗਿਆ (ਇਸ ਬਿਧੀ ਨਾਲ ਗੁਰੂ ਜੀ ਨੇ) ਸਾਰੇ ਜਗਤ ਨੂੰ ਪਾਰ ਕਰ ਦਿੱਤਾ।੪।੧।੧੪।

## ਸਾਰੰਸ਼ ਅਤੇ ਸਿਧਾਂਤ

ਸਾਰਿਆਂ ਨੂੰ ਪੈਦਾ ਕਰਨ ਵਾਲਾ ਨਿਰੰਕਾਰ ਜੋ ਸਾਰੇ ਸੁਖਾਂ ਦਾ ਦਾਤਾ ਹੈ ਉਸ ਨੂੰ ਛੱਡ ਕੇ ਉਸ ਦੀ ਦਾਸੀ ਮਾਇਆ ਦਾ ਸਿਮਰਨ ਕਰਨਾ ਮੂਰਖਤਾ ਹੈ।

ਹੋਮ, ਜਗ, ਜਪ, ਤਪ, ਸੰਜਮ ਤੀਰਥਾਂ ਤੇ ਜਾਣ ਨਾਲ ਕੁਝ ਨਹੀਂ ਬਣਦਾ। ਆਪਾ-ਭਾਵ ਛੱਡ ਕੇ ਸਭ ਕੁਝ ਗੁਰ-ਪਰਮੇਸ਼ਰ ਜੀ ਦੇ ਅਰਪਨ ਕਰਨਾ ਅਤੇ ਉਸੇ ਦਾ ਧਿਆਨ ਧਰਨਾ ਹੀ ਲਾਭਕਾਰੀ ਹੈ।

ਆਪਾ-ਭਾਵ ਮਿਟਾਉਣ ਦੀ ਇਕੋ ਇਕ ਜੁਗਤੀ ਹੈ ਕਿ ਜੀਵ ਗੁਰ-ਪਰਮੇਸ਼ਰ ਦੀ ਸ਼ਰਨੀ ਪੈ ਜਾਏ ਅਤੇ ਹਰ ਵੇਲੇ ਪ੍ਰਭੂ ਦਾ ਸਿਮਰਨ ਕਰਦਾ ਰਹੇ, ਕਿਉਂਕਿ ਜਿੰਦ, ਸਰੀਰ, ਧਨ ਆਦਿ ਸਭ ਕੁਝ ਉਸੇ ਦਾ ਹੀ ਦਿੱਤਾ ਹੋਇਆ ਹੈ:-

**ਇਕੁ ਤਿਲੁ ਪ੍ਰਭੂ ਨ ਵੀਸਰੈ, ਜਿਨ ਸਭੁ ਕਿਛੁ ਦੀਨਾ ਰਾਮ ॥**
**ਵਡਭਾਗੀ ਮੇਲਾਵੜਾ, ਗੁਰਮੁਖਿ ਪਿਰੁ ਚੀਨਾ ਰਾਮ ॥**
**ਬਾਹ ਪਕੜਿ ਤਮ ਤੇ ਕਾਢਿਆ, ਕਰਿ ਅਪੁਨਾ ਲੀਨਾ ਰਾਮ ॥**

ਨਾਮੁ ਜਪਤ ਨਾਨਕ ਜੀਵੈ, ਸੀਤਲੁ ਮਨੁ ਸੀਨਾ ਰਾਮ ॥ [ਪੰਨਾ ੮੪੮

ਭੈਰਉ ਮਹਲਾ ੫ ॥ ਬਨ ਮਹਿ ਪੇਖਿਓ ਤ੍ਰਿਣ ਮਹਿ ਪੇਖਿਓ, ਗ੍ਰਿਹਿ ਪੇਖਿਓ ਉਦਾਸਾਏ ॥ ਦੰਡਧਾਰ ਜਟਧਾਰੈ ਪੇਖਿਓ, ਵਰਤ ਨੇਮ ਤੀਰਥਾਏ ॥੧॥ ਸੰਤ ਸੰਗਿ, ਪੇਖਿਓ ਮਨ ਮਾਏ ॥ ਊਭ ਪਇਆਲ ਸਰਬ ਮਹਿ ਪੂਰਨ, ਰਸਿ ਮੰਗਲ ਗੁਣ ਗਾਏ ॥੧॥ਰਹਾਉ॥ ਜੋਗ ਭੇਖ ਸੰਨਿਆਸੈ ਪੇਖਿਓ, ਜਤਿ ਜੰਗਮ ਕਾਪੜਾਏ ॥ ਤਪੀ ਤਪੀਸੁਰ ਮੁਨਿ ਮਹਿ ਪੇਖਿਓ, ਨਟ ਨਾਟਿਕ ਨਿਰਤਾਏ ॥੨॥ ਚਹੁ ਮਹਿ ਪੇਖਿਓ, ਖਟ ਮਹਿ ਪੇਖਿਓ, ਦਸ ਅਸਟੀ ਸਿੰਮ੍ਰਿਤਾਏ ॥ ਸਭ ਮਿਲਿ ਏਕੋ ਏਕੁ ਵਖਾਨਹਿ, ਤਉ ਕਿਸ ਤੇ ਕਹਉ ਦੁਰਾਏ ॥੩॥ ਅਗਹ ਅਗਹ ਬੇਅੰਤ ਸੁਆਮੀ, ਨਹ ਕੀਮ ਕੀਮ ਕੀਮਾਏ ॥ ਜਨ ਨਾਨਕ ਤਿਨ ਕੈ ਬਲਿ ਬਲਿ ਜਾਈਐ, ਜਿਹ ਘਟਿ ਪਰਗਟੀ ਆਏ ॥੪॥੨॥੧੫॥

## ਉਚਾਰਨ ਸੇਧ

**ਬਿੰਦੀ ਸਹਿਤ:** ਮਹਿਂ, ਵਖਾਨਹਿਂ, ਕਹਉਂ, ਨਹਂ।

**ਪਦ ਅਰਥ:** ਬਨ ਮਹਿ-ਜੰਗਲ ਵਿਚ। ਪੇਖਿਓ-ਵੇਖਿਆ ਹੈ, ਭਾਲਿਆ ਹੈ। ਤ੍ਰਿਣਿ-ਘਾਹ ਭਾਵ ਬਨਾਸਪਤੀ। ਗ੍ਰਿਹਿ-ਘਰ ਵਿਚ, ਗ੍ਰਿਹਸਤੀ ਦੇ ਰੂਪ ਵਿਚ। ਉਦਾਸਾਏ-ਉਦਾਸੀਆਂ ਤਿਆਗੀਆਂ ਦੇ ਰੂਪ ਵਿਚ। ਦੰਡਧਾਰ-ਹੱਥ ਵਿਚ ਡੰਡਾ ਰੱਖਣ ਵਾਲੇ (ਜੋਗੀਆਂ ਦੇ ਰੂਪ ਵਿਚ)। ਤੀਰਥਾਏ-ਤੀਰਥਾਂ ਉਤੇ।੧।

ਸੰਤ ਸੰਗਿ-ਸੰਤਾਂ ਦੀ ਸੰਗਤ ਵਿਚ। ਮਨ ਮਾਏਂ-(ਆਪਣੇ) ਮਨ ਵਿਚ ਹੀ। ਊਭ-ਉਚਾ ਭਾਵ, ਆਕਾਸ਼ ਵਿਚ। ਪਇਆਲ-ਪਾਤਾਲਾਂ ਵਿਚ। ਪੂਰਨ-ਵਿਆਪਕ। ਰਸਿ-ਰਸ ਨਾਲ, ਸੁਆਦ ਨਾਲ। ਮੰਗਲ-ਗੁਣਾਂ ਦੇ ਗੀਤ।੧।ਰਹਾਉ।

ਸੰਨਿਆਸੈ-ਸੰਨਿਆਸੀਆਂ ਵਿਚ। ਜਤਿ-ਜਤੀਆਂ ਵਿਚ। ਜੰਗਮ-ਜੋਗੀਆਂ ਦਾ ਇਕ ਫ਼ਿਰਕਾ। ਕਾਪੜਾਏ-ਕਾਪੜੀਆਂ ਦਾ ਫ਼ਿਰਕਾ। ਤਪੀਸਰੁ-ਵੱਡੇ ਵੱਡੇ ਤੱਪੀ। ਮੁਨਿ-ਮੋਨੀ ਸਾਧੂਆਂ ਵਿੱਚ। ਚਹੁ ਮਹਿ-ਚਾਰ ਵੇਦਾਂ ਵਿਚ। ਖਟੁ-ਛੇ ਸ਼ਾਸਤਰਾਂ ਵਿਚ। ਦਸ ਅਸਟੀ-ਅਠਾਰਾਂ (ਪੁਰਾਣਾਂ) ਵਿਚ। ਸਿੰਮ੍ਰਿਤਾਏ-(੨੭) ਸਿਮ੍ਰਿਤੀਆਂ ਵਿਚ। ਸਭ ਮਿਲਿ-ਸਾਰੇ ਮਿਲ ਕੇ। ਵਖਾਨਹਿ-ਆਖਦੇ ਹਨ। ਤਉ-ਤਦੋਂ। ਕਹਉ-ਮੈਂ ਆਖਾਂ ਦੁਰਾਏ-ਲੁਕਿਆ ਹੋਇਆ।੩।

ਅਗਹ-ਅਥਾਹ। ਕੀਮ-ਕੀਮਤ। ਕੀਮਾਏ-ਕੀਮਤ ਪਾਉਣ ਵਾਲਾ, ਕਦਰਦਾਨ। ਜਿਹ ਘਟਿ-ਜਿਸ (ਜਿਸ) ਹਿਰਦੇ ਵਿਚ। ਪਰਗਟੀ ਆਏ-ਪ੍ਰਗਟ ਹੋ ਆਇਆ ਹੈ।੪।

**ਅਰਥ:** (ਹੇ ਭਾਈ! ਮੈਂ ਉਸ ਪ੍ਰਭੂ ਨੂੰ) ਜੰਗਲ ਵਿਚ, ਬਨਸਪਤੀ ਵਿਚ (ਵਸਦਾ) ਵੇਖਿਆ, ਗ੍ਰਿਹਸਤ ਵਿਚ ਅਤੇ ਤਿਆਗੀਆਂ ਵਿੱਚ ਵੀ (ਉਸ ਨੂੰ ਵਸਦਾ) ਵੇਖਿਆ। ਦੰਡਧਾਰੀਆਂ ਵਿਚ, ਜਟਾ-ਧਾਰੀਆਂ ਵਿਚ, ਵਰਤ ਨੇਮੀਆਂ ਅਤੇ ਤੀਰਥਾਂ ਵਿਚ ਵੀ (ਉਸ ਨੂੰ ਵਸਦਾ) ਵੇਖ ਲਿਆ ਹੈ।੧।

(ਹੇ ਭਾਈ!) ਸੰਤਾਂ ਦਾ ਸੰਗ ਕਰਕੇ (ਮੈਂ ਉਸ ਪਰਮਾਤਮਾ ਨੂੰ ਆਪਣੇ) ਮਨ ਵਿਚ ਵੇਖ ਲਿਆ ਹੈ। ਆਕਾਸ਼, ਪਾਤਾਲਾਂ, ਸਾਰਿਆਂ ਵਿਚ ਉਹ ਵਿਆਪਕ ਹੈ, (ਉਸਦੇ) ਮੰਗਲ (ਗੀਤ) ਰੱਸ ਰੱਸ ਕੇ ਗਾਇਨ ਕੀਤੇ ਹਨ।੧।ਰਹਾਉ।

(ਹੇ ਭਾਈ! ਉਸ ਦੀ ਵਿਆਪਕਤਾ ਨੂੰ ਮੈਂ) ਜੋਗੀਆਂ ਵਿਚ, ਭੇਖਾਂ ਵਿਚ, ਸੰਨਿਆਸੀਆਂ ਵਿਚ, ਜਤੀਆਂ ਵਿਚ, ਜੰਗਮਾਂ ਵਿਚ, ਕਾਪੜੀਏ ਸਾਧੂਆਂ ਵਿਚ ਵੇਖਿਆ। (ਫਿਰ) ਤਪੀਆਂ ਵਿਚ ਵੱਡੇ ਵੱਡੇ ਤਪੀਸਰਾਂ, ਮੁਨੀਆਂ ਵਿੱਚ, ਨਾਚ ਕਰਨ ਵਾਲੇ ਨੱਟਾਂ ਵਿਚ, ਰਾਸ-ਧਾਰੀਆਂ, (ਗਲ ਕੀ ਸਭ ਵਿਚ ਉਸ ਨੂੰ ਵਸਦਾ) ਵੇਖ ਲਿਆ ਹੈ।੨।

(ਹੇ ਭਾਈ!) ਚਾਰ (ਵੇਦਾਂ) ਵਿਚ, ਛੇ ਸ਼ਾਸਤਰਾਂ ਵਿਚ, ੧੮ ਪਰਾਣਾਂ ਅਤੇ ੨੭ ਸਿਮ੍ਰਤੀਆਂ ਵਿਚ ਵੀ (ਉਸ ਪਰਮਾਤਮਾ ਨੂੰ ਵਿਆਪਕ ਹੋਇਆ) ਵੇਖਿਆ ਹੈ। (ਜਦ) ਸਾਰੇ ਹੀ (ਆਪਸ ਵਿਚ) ਮਿਲ ਕੇ ਨਿਰੋਲ ਇਕੋ-ਇਕ ਵਾਹਿਗੁਰੂ ਦੀਆਂ ਗੱਲਾਂ ਕਰਦੇ ਹਨ ਤਾਂ ਕਿਸ ਪਾਸੋਂ ਲੁਕਾ ਕੇ ਆਖੀਏ (ਕਿ ਉਹ ਵਾਹਿਗੁਰੂ) ਦੂਰ ਬੈਠਾ ਹੈ।੩।

(ਹੇ ਭਾਈ! ਉਹ ਪਰਮਾਤਮਾ ਜੋ ਮਨ ਬਾਣੀ ਤੋਂ ਪਰੇ) ਅਥਾਹ ਬੇਅੰਤ ਹੈ, ਉਸ ਮਾਲਕ ਦੀ ਕੀਮਤ (ਕਿਸੇ ਪਾਸੋਂ) ਨਹੀਂ ਪੈ ਸਕਦੀ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਜਿਸ ਜਿਸ ਹਿਰਦੇ ਵਿਚ (ਸੁਆਮੀ ਜੀ) ਪ੍ਰਗਟ ਹੋ ਗਏ ਹਨ, ਉਨ੍ਹਾਂ ਤੋਂ ਬਲਿਹਾਰ ਸਦਕੇ ਜਾਣਾ ਚਾਹੀਦਾ ਹੈ।੪।੨।੧੫।

## ਸਾਰੰਸ਼ ਅਤੇ ਸਿਧਾਂਤ

ਇਸ ਵਿਚ ਸੰਦੇਹ ਨਹੀਂ ਕਿ ਪਰਮਾਤਮਾ ਜੰਗਲ ਵਿਚ, ਬਨਸਪਤੀ ਵਿਚ, ਦੰਡਧਾਰੀਆਂ, ਜਟਾਂ ਧਾਰੀਆਂ, ਜੋਗੀਆਂ, ਸੰਨਿਆਸੀਆਂ, ਤਪੀਆਂ ਤਪੀਸਰਾਂ ਸਾਰਿਆਂ ਵਿਚ ਵਸ ਰਿਹਾ ਹੈ ਪਰ ਉਸ ਦੇ ਦਰਸ਼ਨ ਸੰਤ ਜਨਾਂ ਦੀ ਸੰਗਤ ਵਿਚ ਪਰਵੇਸ਼ ਕੀਤਿਆਂ, ਗੁਰੂ ਦੀ ਆਗਿਆ ਅਨੁਸਾਰ ਨਾਮ ਸੇਵਾ ਕਮਾਈ ਕੀਤਿਆਂ ਹੀ ਹੁੰਦੇ ਹਨ।

ਭਾਵੇਂ ਪਰਮੇਸ਼ਰ ਚਾਰ ਵੇਦਾਂ, ਛੇ ਸ਼ਾਸਤਰਾਂ ੧੮ ਪੁਰਾਣਾਂ ਤੇ ੨੭ ਸਿਮ੍ਰਤੀਆਂ ਵਿਚ ਵੀ ਵਸਦਾ ਹੈ ਪਰ ਦਿਸਦਾ ਨਹੀਂ ਹੈ। ਗੁਰਦੇਵ ਪਿਤਾ ਅੰਤਲੀ ਪੰਗਤੀ ਵਿਚ 'ਜਨ ਨਾਨਕ ਤਿਨ ਕੈ ਬਲਿ ਬਲਿ ਜਾਈਐ, ਜਿਹ ਘਟਿ ਪਰਗਟੀ ਆਏ' ਦਾ ਉਲੇਖ ਕਰਕੇ ਉਹਨਾਂ ਆਤਮਾਵਾਂ ਤੋਂ ਸਦਕੇ ਕੁਰਬਾਨ ਜਾ ਰਹੇ ਹਨ ਜਿਹਨਾਂ ਨੂੰ ਆਪਣੇ ਹਿਰਦੇ ਵਿਚ ਉਸ ਪ੍ਰਭੂ ਦੇ ਪਰਤੱਖ ਦਰਸ਼ਨ ਹੋ ਗਏ ਹਨ। ਇਹ ਯਾਦ ਰਖੀਏ ਕਿ ਪਹਿਲਾਂ ਵਿਦਵਾਨਾਂ ਦੇ ਆਖਣ ਮਾਤਰ ਵਖਿਆਨ ਹੀ ਹੁੰਦੇ ਹਨ। ਸਹੀ ਅਰਥਾਂ ਵਿੱਚ ਜਦੋਂ ਪ੍ਰਭੂ ਹਿਰਦੇ ਵਿਚ ਪ੍ਰਗਟ ਹੁੰਦਾ ਹੈ ਤਾਂ ਹੀ ਹਰ ਪਾਸੇ ਉਸ ਦੀ ਵਿਆਪਕਤਾ ਦੇ ਦਰਸ਼ਨ ਹੁੰਦੇ ਹਨ।

**ਭੈਰਉ ਮਹਲਾ ੫ ॥ ਨਿਕਟਿ ਬੁਝੈ, ਸੋ ਬੁਰਾ ਕਿਉ ਕਰੈ ॥ ਬਿਖੁ ਸੰਚੈ, ਨਿਤ ਡਰਤਾ ਫਿਰੈ ॥ ਹੈ ਨਿਕਟੇ, ਅਰੁ ਭੇਦੁ ਨ ਪਾਇਆ ॥ ਬਿਨੁ ਸਤਿਗੁਰ, ਸਭ ਮੋਹੀ ਮਾਇਆ ॥੧॥ ਨੇੜੈ ਨੇੜੈ, ਸਭੁ ਕੋ ਕਹੈ ॥ ਗੁਰਮੁਖਿ, ਭੇਦੁ ਵਿਰਲਾ ਕੋ ਲਹੈ ॥੧॥**

ਰਹਾਉ ॥ ਨਿਕਟਿ ਨ ਦੇਖੈ, ਪਰਗ੍ਰਿਹਿ ਜਾਇ ॥ ਦਰਬੁ ਹਿਰੈ, ਮਿਥਿਆ ਕਰਿ ਖਾਇ ॥ ਪਈ ਠਗਉਰੀ, ਹਰਿ ਸੰਗਿ ਨ ਜਾਨਿਆ ॥ ਬਾਝੁ ਗੁਰੂ ਹੈ ਭਰਮਿ ਭੁਲਾਨਿਆ ॥੨॥ ਨਿਕਟਿ ਨ ਜਾਨੈ, ਬੋਲੈ ਕੂੜੁ ॥ ਮਾਇਆ ਮੋਹਿ ਮੂਠਾ ਹੈ ਮੂੜੁ ॥ ਅੰਤਰਿ ਵਸਤੁ, ਦਿਸੰਤਰਿ ਜਾਇ ॥ ਬਾਝੁ ਗੁਰੂ ਹੈ ਭਰਮਿ ਭੁਲਾਇ ॥੩॥ ਜਿਸੁ ਮਸਤਕਿ ਕਰਮੁ ਲਿਖਿਆ ਲਿਲਾਟ ॥ ਸਤਿਗੁਰੁ ਸੇਵੇ ਖੁਲੇ ਕਪਾਟ ॥ ਅੰਤਰਿ ਬਾਹਰਿ ਨਿਕਟੇ ਸੋਇ ॥ ਜਨ ਨਾਨਕ ਆਵੈ ਨ ਜਾਵੈ ਕੋਇ ॥੪॥੩॥੧੬॥

## ਉਚਾਰਨ ਸੇਧ

**ਬਿੰਦੀ ਸਹਿਤ:** ਕਿਉਂ, ਜਾਨਿਆਂ, ਭੁਲਾਨਿਆਂ।

**ਪਦ ਅਰਥ:** ਨਿਕਟਿ-ਨੇੜੇ। ਬੂਝੈ-ਸਮਝਦਾ ਹੋਵੇ। ਸੋ-ਉਹ (ਮਨੁੱਖ)। ਕਿਉ ਕਰੈ-ਕਿਸ ਵਾਸਤੇ ਕਰੇ? ਭਾਵ ਨਹੀਂ ਕਰਦਾ। ਬਿਖੁ-ਮਾਇਆ ਰੂਪ ਜ਼ਹਿਰ। ਸੰਚੈ-ਇਕੱਠੀ ਕਰਦਾ ਹੈ। ਡਰਤਾ ਫਿਰੈ-ਡਰਦਾ ਫਿਰਦਾ ਹੈ। ਅਰੁ-ਅਤੇ। ਮੋਹੀ ਮਾਇਆ-ਮਾਇਆ ਨੇ ਮੋਹ ਲਈ ਹੈ।੧।

ਗੁਰਮੁਖਿ-ਗੁਰੂ ਦੀ ਰਾਹੀਂ। ਭੇਦੁ-ਰਾਜ਼। ਲਹੈ-ਲਭਦਾ, ਲਖਦਾ ਹੈ।੧।ਰਹਾਉ। ਪਰਗ੍ਰਿਹਿ-ਪਰਾਏ ਘਰ ਵਿਚ ਭਾਵ ਪਰ-ਇਸਤਰੀ ਗਮਨ ਲਈ। ਦਰਬ-ਧਨ। ਹਿਰੈ-ਚੁਰਾਂਦਾ ਹੈ। ਮਿਥਿਆ ਕਰਿ-ਝੂਠ ਬੋਲ ਕੇ। ਖਾਇ-ਖਾਂਦਾ ਹੈ। ਪਈ ਠਗਉਰੀ-(ਮਾਇਆ ਦੀ) ਠਗਮੂਰੀ, (ਸਭ ਤੇ) ਪਈ ਹੋਈ ਹੈ। ਸੰਗਿ-ਨਾਲ। ਬਾਝੁ ਗੁਰੂ-ਗੁਰੂ ਤੋਂ ਬਿਨਾਂ। ਭਰਮਿ ਭੁਲਾਨਿਆ-ਭਰਮ ਵਿਚ ਭੁਲਾ ਪਿਆ ਹੈ।੨।

ਕੂੜੁ-ਝੂਠ। ਮੋਹਿ-ਮੋਹ ਵਿਚ। ਮੂਠਾ-ਠੱਗਿਆ ਜਾ ਰਿਹਾ। (ਨੋਟ- ਸ੍ਰੀ ਕਰਤਾਰਪੁਰ ਵਾਲੀ ਬੀੜ ਵਿਚ ਪਾਠ 'ਮੂਠਾ' ਹੈ - ਸ਼ਬਦਾਰਥ)। ਮੂੜੁ-ਮੂਰਖ। ਅੰਤਰਿ-(ਹਿਰਦੇ) ਅੰਦਰ। ਦਿਸੰਤਰ ਜਾਇ-ਬਾਹਰ ਹੋਰ ਦੇਸ਼ਾਂ ਵਿਚ ਜਾਂਦਾ ਹੈ।੩।

ਜਿਸੁ-(ਜਿਸ ਮਨੁੱਖ ਦੇ)। ਮਸਤਕਿ-ਮੱਥੇ ਉਤੇ। ਕਰਮੁ-ਬਖਸ਼ਿਸ਼। ਲਿਲਾਟ-ਮੱਥੇ ਉਤੇ। ਸੇਵੇ-ਸੇਵ ਕੇ। ਕਪਾਟ-ਕਿਵਾੜ, ਤਖ਼ਤੇ। ਖੁਲੇ-ਖੁਲ੍ਹ ਗਏ ਹਨ। ਸੋਇ-ਉਹ (ਪਰਮਾਤਮਾ)।੪।

**ਅਰਥ:** (ਹੇ ਭਾਈ! ਜਿਹੜਾ ਮਨੁੱਖ ਪਰਮੇਸ਼ਰ ਨੂੰ) ਨੇੜੇ (ਵਸਦਾ) ਸਮਝਦਾ ਹੈ ਉਹ ਕਿਸੇ ਦਾ ਬੁਰਾ ਕਿਵੇਂ ਕਰ ਸਕਦਾ ਹੈ? (ਭਾਵ ਨਹੀਂ ਕਰ ਸਕਦਾ)। (ਪਰ ਜਿਹੜਾ ਮਨੁੱਖ) ਮਾਇਆ ਰੂਪੀ ਜ਼ਹਰ ਹੀ ਜੋੜਦਾ ਰਹਿੰਦਾ ਹੈ (ਉਹ ਮਨੁੱਖ) ਹਰ ਰੋਜ (ਇਕ ਦੂਜੇ ਤੋਂ) ਡਰਦਾ ਹੋਇਆ ਫਿਰਦਾ ਰਹਿੰਦਾ ਹੈ। (ਹੇ ਭਾਈ! ਉਹ ਵਾਹਿਗੁਰੂ) ਨੇੜੇ ਹੈ ਪਰ (ਉਸ ਦਾ ਕਿਸੇ) ਭੇਦ ਨਹੀਂ ਪਾਇਆ। ਸਤਿਗੁਰੂ ਤੋਂ ਬਿਨਾ ਸਾਰੀ (ਸ੍ਰਿਸ਼ਟੀ) ਮਾਇਆ ਨੇ ਮੋਹੀ ਹੋਈ ਹੈ।੧।

(ਹੇ ਭਾਈ!) ਹਰ ਕੋਈ ਆਖਦਾ ਹੈ ਕਿ (ਪਰਮਾਤਮਾ) ਨੇੜੇ ਹੈ, (ਪਰ) ਗੁਰੂ ਰਾਹੀਂ ਕੋਈ ਵਿਰਲਾ (ਮਨੁੱਖ ਹੀ ਇਸ) ਭੇਦ ਨੂੰ ਲਖਦਾ ਹੈ।੧।ਰਹਾਉ।

(ਹੇ ਭਾਈ! ਜਿਹੜਾ ਮਨੁੱਖ ਪਰਮਾਤਮਾ ਨੂੰ) ਨੇੜੇ ਕਰਕੇ (ਵਸਦਾ) ਨਹੀਂ ਦੇਖਦਾ ਓਹ ਪਰਾਏ

ਘਰ (ਭਾਵ ਪਰ ਇਸਤਰੀ ਭੋਗਣ ਲਈ) ਜਾਂਦਾ ਹੈ। (ਉਹ ਪਰਾਇਆ) ਧਨ ਚੁਰਾਂਦਾ ਹੈ (ਅਤੇ) ਝੂਠ ਬੋਲ ਕੇ ਖਾਂਦਾ ਹੈ। ਮਾਇਆ ਦੀ ਨਸ਼ੀਲੀ-ਠਗਬੂਟੀ (ਸਭ ਤੇ) ਪਈ ਹੋਈ ਹੈ (ਜਿਸ ਦੇ ਪ੍ਰਭਾਵ ਕਰਕੇ ਜੀਵ ਨੇ) ਪਰਮਾਤਮਾ ਨੂੰ (ਆਪਣੇ) ਨਾਲ (ਵਸਦਾ) ਨਹੀਂ ਜਾਣਿਆ। (ਅਸਲੀਅਤ ਇਹ ਹੈ ਕਿ) ਸਤਿਗੁਰੂ ਤੋਂ ਬਿਨਾਂ (ਸਾਰਾ ਜਗਤ ਹੀ) ਭਰਮ ਵਿਚ ਭੁੱਲਾ ਪਿਆ ਹੈ।੨।

(ਹੇ ਭਾਈ! ਜੋ ਮਨੁੱਖ ਵਾਹਿਗੁਰੂ ਨੂੰ) ਨੇੜੇ ਨਹੀਂ ਜਾਣਦਾ (ਉਹ) ਝੂਠ ਬੋਲਦਾ ਹੈ, ਮੂਰਖ (ਜੀਵ) ਮਾਇਆ-ਮੋਹ ਵਿਚ ਫਸਿਆ ਪਿਆ ਹੈ। (ਨਾਮ ਰੂਪੀ ਵਸਤੂ ਜੀਵ ਦੇ ਹਿਰਦੇ) ਵਿਚ ਹੈ। (ਪਰ ਇਹ ਉਸ ਵਸਤੂ ਨੂੰ) ਬਾਹਰ ਢੂੰਢਦਾ ਫਿਰਦਾ ਹੈ। ਗੁਰੂ ਤੋਂ ਬਿਨਾ ਭਰਮ ਵਿਚ ਭੁਲਿਆ ਫਿਰਦਾ ਹੈ।੩।

(ਹੇ ਭਾਈ!) ਜਿਸ (ਮਨੁੱਖ ਦੇ) ਮੱਥੇ ਉਤੇ ਸ਼੍ਰੇਸ਼ਟ ਕਰਮ ਲਿਖਿਆ ਹੋਇਆ ਸੀ, ਸਤਿਗੁਰੂ ਨੂੰ ਸਿਮਰ ਕੇ ਉਸ ਦੇ ਕਿਵਾੜ ਖੁਲ੍ਹ ਗਏ ਹਨ। (ਉਸ ਨੂੰ ਆਪਣੇ) ਅੰਦਰ, ਬਾਹਰ ਤੇ ਨੇੜੇ ਉਹ (ਪਰਮਾਤਮਾ ਵਸਦਾ ਦਿਸ ਪਿਆ ਹੈ)। ਦਾਸ ਨਾਨਕ ਆਖਦਾ ਹੈ (ਕਿ ਉਸ ਨੂੰ ਗਿਆਨ ਹੋ ਗਿਆ ਹੈ ਕਿ) ਕੋਈ (ਜੀਵ) ਜੰਮਦਾ ਮਰਦਾ ਨਹੀ ਹੈ (ਆਣਾ-ਜਾਣਾ ਪਰਮਾਤਮਾ ਨੇ ਆਪਣਾ ਖੇਲ ਬਣਾਇਆ ਹੋਇਆ ਹੈ)।੪।੩।੧੬।

## ਅਰਥ ਭੇਦ ਅਤੇ ਨਿਰਣੈ

**ਦਰਬ ਹਿਰੈ, ਮਿਥਿਆ ਕਰਿ ਖਾਇ ॥**

ਵਖ ਵਖ ਅਰਥ:

੧- ਦਰਬ ਕੋ ਚੁਰਾਵਤਾ ਹੈ ਔਰ ਝੂਠ ਬੋਲ ਕਰ ਖਾਤਾ ਹੈ। [ਫ.ਸ.

੨- ਧਨ ਚੁਰਾਂਦਾ ਹੈ ਅਤੇ ਝੂਠ ਵਰਤ ਕੇ ਗੁਜਾਰਾ ਕਰਦਾ ਹੈ। [ਸ਼ਬਦਾਰਥ

੩- ਉਹ ਮਨੁੱਖ ਪਰਾਇਆ ਧਨ ਚੁਰਾਂਦਾ ਹੈ ਤੇ ਧਨ ਨੂੰ ਨਾਸ਼ਵੰਤ ਆਖ ਆਖ ਕੇ ਪਰਾਇਆ ਮਾਲ ਖਾਈ ਜਾਂਦਾ ਹੈ। [ਦਰਪਣ

**ਨਿਰਣੈ:** ਦਰਪਣ ਦੇ ਅਰਥਾਂ ਵਿਚ 'ਨਾਸ਼ਵੰਤ ਆਖ ਆਖ ਕੇ' ਵਾਧੂ ਜਿਹੀ ਸ਼ਬਦਾਵਲੀ ਵਰਤੀ ਹੋਈ ਹੈ। ਇਸ ਪੰਕਤੀ ਦੇ ਅਰਥ ਇਉਂ ਹਨ:-

(ਪਰਾਇਆ) ਧਨ ਚੁਰਾਂਦਾ ਹੈ ਅਤੇ ਝੂਠ ਬੋਲ ਕੇ (ਉਸ ਧਨ ਨਾਲ ਲਿਆਂਦੇ ਪਦਾਰਥ) ਖਾਂਦਾ ਹੈ।

## ਸਾਰੰਸ਼ ਅਤੇ ਸਿਧਾਂਤ

ਇਸ ਵੀਚਾਰ ਨਾਲ ਸਾਰੇ ਹੀ ਸਹਿਮਤ ਹੋਣਗੇ ਕਿ ਹਰ ਕੋਈ ਪਰਮੇਸ਼ਰ ਨੂੰ ਹਾਜ਼ਰ-ਨਾਜ਼ਰ, ਨੇੜੇ ਵਸਦਾ ਦਸਦਾ ਹੈ ਪਰ ਇਸ ਤੱਤ ਦਾ ਭੇਦ ਹਰੇਕ ਨੂੰ ਉਕਾ ਨਹੀਂ ਹੁੰਦਾ, ਓਹ ਕੇਵਲ ਗਲਾਂ ਨਾਲ ਹੀ ਅਜਿਹਾ ਵਖਿਆਨ ਕਰਦੇ ਰਹਿੰਦੇ ਹਨ। ਸਚਾਈ ਇਹ ਹੈ ਕਿ ਇਸ ਅਸਲੀਅਤ ਦਾ ਗਿਆਨ ਗੁਰੂ ਦੇ ਦਸੇ ਬਿਨਾ ਨਹੀ ਹੁੰਦਾ।

ਗੁਰੂ ਸਾਹਿਬ ਉਪਰੋਕਤ ਸਚਾਈ ਬਾਰੇ ਇਹ ਪ੍ਰਮਾਣ ਦਿੰਦੇ ਹਨ ਜੇ ਮਨੁੱਖ ਉਸ ਪ੍ਰਭੂ ਨੂੰ ਹਾਜ਼ਰ

ਵੇਖਦਾ ਹੋਵੇ ਤਾਂ ਦੂਜਿਆਂ ਦੇ ਘਰ ਵਿਚ ਚੋਰੀ ਕਰਨ ਕਿਉਂ ਜਾਏ? ਹਰੀ ਨੂੰ ਹਰ ਥਾਂ ਵਿਆਪ ਕੇ ਦੇਖਣ ਵਾਲਾ ਮਨੁੱਖ ਕਦੇ ਵੀ ਚੋਰੀ, ਝੂਠ ਤੇ ਹੋਰ ਪਾਪ ਕਰਮ ਨਹੀਂ ਕਰਦਾ।

ਅਸਲ ਵਿਚ ਸਾਰੀ ਸ੍ਰਿਸ਼ਟੀ ਗੁਰੂ ਤੋਂ ਬਿਨਾਂ ਮਾਇਆ ਦੇ ਮੋਹ ਵਿਚ ਠੱਗੀ ਗਈ ਹੈ। ਮਨੁੱਖ ਦੇ ਡਰਨ ਦਾ ਕਾਰਨ ਵੀ ਗੁਰੂ ਜੀ ਨੇ ਸਪਸ਼ਟ ਕਰ ਦਿੱਤਾ ਹੈ:-

**ਬਿਖੁ ਸੰਚੈ ਨਿਤ ਡਰਤਾ ਫਿਰੈ ॥**

ਡਰ ਵਾਲੀ ਵਸਤੂ ਮਾਇਆ ਹੈ। ਜਦੋਂ ਤੱਕ ਮਨੁੱਖ ਆਪਣੇ ਸਿਰ ਤੇ ਮਾਇਆ ਦੀ ਪੋਟਲੀ ਚੁੱਕੀ ਫਿਰਦਾ ਹੈ ਡਰ ਨੇ ਅਵੱਸ਼ ਵਿਆਪਣਾ ਹੀ ਹੈ। ਜੇ ਨਾਮ ਵਸਤੂ ਹਿਰਦੇ ਵਿਚ ਹੈ ਤਾਂ ਉਹ ਹਰੀ ਵੀ ਹਿਰਦੇ ਅੰਦਰ ਹੀ ਵਸਦਾ ਹੈ, ਪਰ ਮਾਇਆ ਦਾ ਮੁੱਠਾ ਹੋਇਆ ਜੀਵ ਉਸ ਨੂੰ ਲੱਭਣ ਲਈ ਬਾਹਰ ਧੱਕੇ ਖਾਂਦੇ ਰਹਿੰਦਾ ਹੈ।

ਸਿਧਾਂਤ ਇਹ ਹੈ ਕਿ ਜਦੋਂ ਗੁਰੂ ਦੀ ਸੇਵਾ ਕਰਕੇ ਦਿਲ ਦੇ ਦਰਵਾਜੇ ਖੁਲ੍ਹਦੇ ਹਨ ਤਾਂ ਚਾਨਣ ਹੋ ਜਾਂਦਾ ਹੈ, ਸੁਰਤਿ ਜਾਗ ਪੈਂਦੀ ਹੈ ਅੰਦਰ ਬਾਹਰ ਨੇੜੇ, ਹਰ ਥਾਂ ਤੇ ਉਸ ਹਰੀ ਦਾ ਦੀਦਾਰ ਹੁੰਦਾ ਹੈ। ਭਾਈ ਸਾਹਿਬ ਨੰਦ ਲਾਲ ਜੀ ਲਿਖਦੇ ਹਨ:-

**ਦਿਲ ਅਗਰ ਦਾਨਾ ਬਵਦ ਅੰਦਰਿ ਕਿਨਾਰਸ ਯਾਰ ਅਸਤ ॥**
**ਚਸ਼ਮ ਗਰ ਬੀਨਾ ਬਵਦ, ਦਰ ਹਰ ਤਰਫ ਦੀਦਾਰ ਅਸਤ ॥**

**ਭੈਰਉ ਮਹਲਾ ੫ ॥ ਜਿਸੁ ਤੂ ਰਾਖਹਿ, ਤਿਸੁ ਕਉਨੁ ਮਾਰੈ ॥ ਸਭ ਤੁਝ ਹੀ ਅੰਤਰਿ, ਸਗਲ ਸੰਸਾਰੈ ॥ ਕੋਟਿ ਉਪਾਵ ਚਿਤਵਤ ਹੈ ਪ੍ਰਾਣੀ ॥ ਸੋ ਹੋਵੈ, ਜਿ ਕਰੈ ਚੋਜ ਵਿਡਾਣੀ ॥੧॥ ਰਾਖਹੁ ਰਾਖਹੁ ਕਿਰਪਾ ਧਾਰਿ ॥ ਤੇਰੀ ਸਰਣਿ ਤੇਰੈ ਦਰਵਾਰਿ ॥੧॥ ਰਹਾਉ ॥ ਜਿਨਿ ਸੇਵਿਆ ਨਿਰਭਉ ਸੁਖਦਾਤਾ ॥ ਤਿਨਿ ਭਉ ਦੂਰਿ ਕੀਆ, ਏਕੁ ਪਰਾਤਾ ॥ ਜੋ ਤੂ ਕਰਹਿ, ਸੋਈ ਫੁਨਿ ਹੋਇ ॥ ਮਾਰੈ ਨ ਰਾਖੈ ਦੂਜਾ ਕੋਇ ॥੨॥ ਕਿਆ ਤੂ ਸੋਚਹਿ, ਮਾਣਸ ਬਾਣਿ ॥ ਅੰਤਰਜਾਮੀ ਪੁਰਖੁ ਸੁਜਾਣੁ ॥ ਏਕ ਟੇਕ ਏਕੋ ਆਧਾਰੁ ॥ ਸਭ ਕਿਛੁ ਜਾਣੈ ਸਿਰਜਣਹਾਰੁ ॥੩॥ ਜਿਸੁ ਊਪਰਿ ਨਦਰਿ ਕਰੇ ਕਰਤਾਰੁ ॥ ਤਿਸੁ ਜਨ ਕੇ ਸਭਿ ਕਾਜ ਸਵਾਰਿ ॥ ਤਿਸ ਕਾ ਰਾਖਾ ਏਕੋ ਸੋਇ ॥ ਜਨ ਨਾਨਕ, ਅਪੜਿ ਨ ਸਾਕੈ ਕੋਇ ॥੪॥੪॥੧੭॥**

ਉਚਾਰਨ ਸੇਧ

**ਬਿੰਦੀ ਸਹਿਤ:** ਰਾਖਹਿੰ, ਕਰਹਿੰ, ਸੋਚਹਿੰ।

**ਪਦ ਅਰਥ:** ਜਿਸੁ-ਜਿਸ (ਮਨੁੱਖ) ਨੂੰ। ਤੂ ਰਾਖਹਿ-ਤੂੰ ਰਖਿਆ ਕਰਦਾ ਹੈਂ। ਤਿਸੁ ਕਉਨੁ ਮਾਰੈ-ਉਸ ਨੂੰ ਕੌਣ ਮਾਰ ਸਕਦਾ ਹੈ?। ਤੁਝ ਹੀ ਅੰਤਰਿ-ਤੇਰੇ (ਹੁਕਮ) ਅੰਦਰ ਹੀ। ਸਗਲ ਸੰਸਾਰੈ-ਸਾਰੇ ਸੰਸਾਰ ਵਿਚ (ਜੋ ਕੁਝ ਹੁੰਦਾ ਹੈ)। ਕੋਟਿ ਉਪਾਵ-ਕ੍ਰੋੜਾਂ ਢੰਗ, ਸਾਧਨ। ਚਿਤਵਤ ਹੈ ਪ੍ਰਾਣੀ-ਮਨੁੱਖ ਸੋਚਦਾ

ਹੈ। ਚੋਜ ਵਿਡਾਣੀ-ਅਸਚਰਜ ਕੌਤਕਾਂ ਵਾਲਾ।੧।

ਧਾਰਿ-ਕਰਕੇ। ਦਰਵਾਰਿ-ਦਰ ਦੇ ਬੂਹੇ ਤੇ।੧।ਰਹਾਉ। ਜਿਨਿ-ਜਿਸ (ਮਨੁੱਖ) ਨੇ। ਤਿਨਿ-ਉਸ (ਮਨੁੱਖ) ਨੇ। ਭਉ-ਡਰ। ਏਕੁ ਪਰਾਤਾ-ਇਕ ਨੂੰ ਪਛਾਤਾ ਹੈ। ਫੁਨਿ-ਮੁੜ।੨।

ਕਿਆ ਤੂ ਸੋਚਹਿ-ਤੂੰ ਕੀ ਸੋਚਦਾ ਹੈਂ?। ਮਾਣਸ ਬਾਣਿ-ਮਨੁੱਖੀ ਸੁਭਾਉ ਅਨੁਸਾਰ। ਸੁਜਾਣੁ-ਸਿਆਣਾ। ਅਧਾਰੁ-ਆਸਰਾ।੩।

ਨਦਰਿ-ਮਿਹਰ ਦੀ ਨਿਗਾਹ, ਕਿਰਪਾ ਦ੍ਰਿਸ਼ਟੀ। ਕਾਜ ਸਵਾਰਿ-ਕੰਮ ਸਵਾਰ ਦਿੰਦਾ ਹੈ। ਅਪੜਿ ਨ ਸਾਕੈ ਕੋਇ-ਕੋਈ (ਉਥੋਂ ਤੱਕ) ਪਹੁੰਚ ਨਹੀਂ ਸਕਦਾ, ਬਰਾਬਰੀ ਨਹੀਂ ਕਰ ਸਕਦਾ।੪।

**ਅਰਥ:** (ਹੇ ਪ੍ਰਭੂ!) ਜਿਸ (ਮਨੁੱਖ) ਨੂੰ (ਤੂੰ ਬਚਾਅ ਕੇ) ਰਖਦਾ ਹੈਂ ਉਸ ਨੂੰ ਕੌਣ ਮਾਰ ਸਕਦਾ ਹੈ? (ਭਾਵ ਕੋਈ ਨਹੀਂ ਮਾਰ ਸਕਦਾ ਕਿਉਂਕਿ) ਸਾਰੇ ਸੰਸਾਰ ਵਿਚ (ਜਿਤਨੇ ਜੀਵ ਹਨ) ਸਾਰੇ ਤੇਰੇ (ਹੁਕਮ ਦੇ) ਅੰਦਰ (ਚਲਦੇ ਹਨ)। (ਹੇ ਭਾਈ!) ਪ੍ਰਾਣੀ (ਆਪਣੇ ਭਲੇ ਤੇ ਦੂਜੇ ਦਾ ਬੁਰਾ ਕਰਨ ਲਈ) ਕ੍ਰੋੜਾਂ ਉਪਾਵ ਸੋਚਦਾ ਹੈ (ਪਰ) ਹੁੰਦਾ ਉਹੀ ਹੈ ਜਿਹੜਾ ਅਸਚਰਜ ਕੌਤਕ ਕਰਨ ਵਾਲੇ ਪਰਮੇਸ਼ਰ ਨੂੰ ਭਾਉਂਦਾ (ਚੰਗਾ ਲਗਦਾ) ਹੈ।੧।

(ਹੇ ਪ੍ਰਭੂ! ਮੈਂ) ਤੇਰੀ ਸ਼ਰਨ ਲੈਣ ਤੇਰੇ ਦਰਬਾਰ ਵਿਚ (ਹਾਜ਼ਰ ਹੋਇਆ ਹਾਂ), ਕਿਰਪਾ ਕਰਕੇ (ਮੈਨੂੰ) ਰਖ ਲੈ, (ਭਾਵ ਮੇਰੀ ਰਖਿਆ ਕਰੋ)।੧।ਰਹਾਉ।

ਹੇ ਭਾਈ! ਜਿਸ (ਮਨੁੱਖ) ਨੇ ਭੈ ਤੋਂ ਰਹਿਤ ਅਤੇ ਸੁਖ ਦੇਣ ਵਾਲੇ ਦਾਤੇ ਦਾ ਸਿਮਰਨ ਕੀਤਾ ਹੈ, ਉਸ ਨੇ (ਹਰ ਪ੍ਰਕਾਰ ਦਾ) ਡਰ ਦੂਰ ਕਰ ਲਿਆ ਹੈ (ਅਤੇ) ਇਕ (ਪਰਮਾਤਮਾ) ਨੂੰ ਪਛਾਤਾ ਹੈ। (ਹੇ ਪ੍ਰਭੂ!) ਜੋ ਕੁਝ ਤੂੰ ਕਰਦਾ ਹੈਂ, ਉਹੀ ਹੁੰਦਾ ਹੈ (ਤੇਰੇ ਤੋਂ) ਬਿਨਾਂ ਦੂਜਾ (ਕੋਈ ਵੀ) ਨਾ (ਕਿਸੇ ਨੂੰ) ਮਾਰ ਸਕਦਾ ਹੈ, ਨਾ ਬਚਾਅ ਸਕਦਾ ਹੈ।੨।

(ਹੇ ਜੀਵ!) ਤੂੰ ਮਨੁੱਖੀ ਸੁਭਾਉ ਅਨੁਸਾਰ ਕੀ ਸੋਚਦਾ ਹੈਂ? (ਸੋਚ ਛੱਡ ਦੇ)। (ਉਹ ਅਕਾਲ) ਪੁਰਖ (ਹਰੇਕ ਦੇ) ਦਿਲ ਦੀ ਜਾਣਨ ਵਾਲਾ ਅਤੇ ਸਿਆਣਾ ਹੈ। (ਇਸ ਲਈ ਤੂੰ) ਇਕ (ਕਰਤਾ ਪੁਰਖ) ਦੀ ਟੇਕ ਤੇ ਇਕ ਦਾ ਹੀ ਆਸਰਾ ਬਣਾ। (ਉਹ) ਸ੍ਰਿਸ਼ਟੀ ਦਾ ਰਚਨਹਾਰ ਸਭ ਕੁਝ ਜਾਣਦਾ ਹੈ।੩।

(ਹੇ ਭਾਈ!) ਜਿਸ (ਮਨੁੱਖ) ਉਤੇ ਕਰਤਾਰ (ਆਪਣੀ) ਕਿਰਪਾ ਦ੍ਰਿਸ਼ਟੀ ਕਰਦਾ ਹੈ ਉਸ ਮਨੁੱਖ ਦੇ ਸਾਰੇ ਕੰਮ ਸਵਾਰ ਦਿੰਦਾ ਹੈ। ਉਸ (ਮਨੁੱਖ) ਦਾ ਰਾਖਾ, ਇਕੋ ਪਰਮਾਤਮਾ ਹੀ ਹੁੰਦਾ ਹੈ। ਦਾਸ ਨਾਨਕ (ਆਖਦਾ ਹੈ ਕਿ ਉਸ ਦਾਸ ਦੀ) ਕੋਈ ਬਰਾਬਰੀ ਨਹੀਂ ਕਰ ਸਕਦਾ (ਭਾਵ ਉਥੋਂ ਤੱਕ ਕਿਸੇ ਦੀ ਪਹੁੰਚ ਨਹੀਂ ਹੋ ਸਕਦੀ)।੪।੪।੧੭।

## ਸਾਰੰਸ਼ ਅਤੇ ਸਿਧਾਂਤ

ਮਨੁੱਖ ਆਪਣੀ ਅਕਲ ਦੇ ਆਸਰੇ ਕ੍ਰੋੜਾਂ ਉਪਾਵ (ਸਾਧਨ) ਆਪਣੀ ਭਲਾਈ ਤੇ ਦੂਜਿਆਂ ਦੀ ਬੁਰਾਈ ਲਈ ਸੋਚਦਾ ਰਹਿੰਦਾ ਹੈ ਪਰ ਹੁੰਦਾ ਉਹੀ ਕੁਝ ਹੈ ਜੋ ਉਸ ਕੌਤਕੀ ਕਰਤਾਰ ਨੇ ਕਰਨਾ ਹੁੰਦਾ ਹੈ।

ਜੇ ਇਕ ਸਰਬ ਸਮਰਥ ਤੇ ਘਟ ਘਟ ਦੀਆਂ ਜਾਨਣ ਵਾਲੇ ਹਰੀ ਦਾ ਆਸਰਾ ਫੜ ਲਈਏ ਤਾਂ ਕਿਸੇ ਪ੍ਰਕਾਰ ਦਾ ਫ਼ਿਕਰ ਕਰਨ ਦੀ ਲੋੜ ਨਹੀਂ ਰਹਿੰਦੀ ਅਤੇ ਨਾ ਹੀ ਕਿਸੇ ਹੋਰ ਦਾ ਆਸਰਾ ਤੱਕਣਾ ਪੈਂਦਾ ਹੈ।

ਜੀਵ ਨੂੰ ਸਾਰੀਆਂ ਸੋਚਾਂ ਛੱਡ ਕੇ ਸਾਈਂ ਦੇ ਚਰਨਾਂ ਵਿਚ ਅਰਦਾਸਿ ਕਰਨੀ ਚਾਹੀਦੀ ਹੈ:-

**ਰਾਖਹੁ ਰਾਖਹੁ ਕਿਰਪਾ ਧਾਰਿ ॥ ਤੇਰੀ ਸਰਣਿ ਤੇਰੈ ਦਰਵਾਰਿ ॥**

ਜਿਹੜਾ ਪ੍ਰਭੂ ਦੀ ਸ਼ਰਨ ਪੈਂਦਾ ਹੈ, ਜਦੋਂ ਉਸ ਉਤੇ ਪਰਮੇਸ਼ਰ ਦੀ ਕਿਰਪਾ ਦ੍ਰਿਸ਼ਟੀ ਹੋ ਜਾਂਦੀ ਹੈ ਤਾਂ ਉਸ ਦੇ ਸਾਰੇ ਕਾਰਜ ਸਵਰ ਜਾਂਦੇ ਹਨ। ਉਸ ਦਾ ਰਖਵਾਲਾ ਪਰਮੇਸ਼ਰ ਆਪ ਬਣਦਾ ਹੈ, ਜਗਤ ਦਾ ਕੋਈ ਜੀਵ ਉਸ ਦੀ ਬਰਾਬਰੀ ਨਹੀਂ ਕਰ ਸਕਦਾ।

**ਭੈਰਉ ਮਹਲਾ ੫॥ ਤਉ ਕੜੀਐ, ਜੇ ਹੋਵੈ ਬਾਹਰਿ। ਤਉ ਕੜੀਐ, ਜੇ ਵਿਸਰੈ ਨਰਹਰਿ॥ ਤਉ ਕੜੀਐ, ਜੇ ਦੂਜਾ ਭਾਏ॥ ਕਿਆ ਕੜੀਐ, ਜਾ ਰਹਿਆ ਸਮਾਏ॥੧॥ ਮਾਇਆ ਮੋਹਿ ਕੜੇ ਕੜਿ ਪਚਿਆ। ਬਿਨੁ ਨਾਵੈ, ਭ੍ਰਮਿ ਭ੍ਰਮਿ ਭ੍ਰਮਿ ਖਪਿਆ॥੧॥ ਰਹਾਉ॥ ਤਉ ਕੜੀਐ, ਜੇ ਦੂਜਾ ਕਰਤਾ। ਤਉ ਕੜੀਐ, ਜੇ ਅਨਿਆਇ ਕੋ ਮਰਤਾ ॥ ਤਉ ਕੜੀਐ, ਜੇ ਕਿਛੁ ਜਾਣੈ ਨਾਹੀ॥ ਕਿਆ ਕੜੀਐ, ਜਾਂ ਭਰਪੂਰਿ ਸਮਾਹੀ॥੨॥ ਤਉ ਕੜੀਐ, ਜੇ ਕਿਛੁ ਹੋਇ ਧਿਙਾਣੈ॥ ਤਉ ਕੜੀਐ,ਜੇ ਭੂਲਿ ਰੰਞਾਣੈ ॥ ਗੁਰਿ ਕਹਿਆ, ਜੋ ਹੋਇ ਸਭੁ ਪ੍ਰਭ ਤੇ ॥ ਤਬ ਕਾੜਾ ਛੋਡਿ, ਅਚਿੰਤ ਹਮ ਸੋਤੇ ॥੩॥ ਪ੍ਰਭ ਤੂ ਹੈ ਠਾਕੁਰੁ, ਸਭੁ ਕੋ ਤੇਰਾ। ਜਿਉ ਭਾਵੈ, ਤਿਉ ਕਰਹਿ ਨਿਬੇਰਾ। ਦੁਤੀਆ ਨਾਸਤਿ,ਇਕੁ ਰਹਿਆ ਸਮਾਇ। ਰਾਖਹੁ ਪੈਜ ਨਾਨਕ ਸਰਣਾਇ॥੪॥੫॥੧੮॥**

## ਉਚਾਰਨ ਸੇਧ

**ਬਿੰਦੀ ਸਹਿਤ:**-ਨਾਵੈਂ, ਨਾਹੀਂ, ਸਮਾਹੀਂ, ਜਿਉਂ, ਤਿਉਂ, ਕਰਹਿਂ।

**ਪਦ-ਅਰਥ:-** ਤਉ-ਤਦੋਂ। ਕੜੀਐ-ਝੂਰੀਏ। ਜੇ ਹੋਵੈ ਬਾਹਿਰ-ਜੇ (ਪ੍ਰਭੂ ਦੇ ਹੁਕਮ ਤੋਂ) ਬਾਹਰ ਹੁੰਦਾ ਹੋਵੇ। ਵਿਸਰੈ ਨਰਹਰਿ-ਪਰਮਾਤਮਾ ਵਿਸਰਦਾ ਹੈ। ਦੂਜਾ ਭਾਏ-ਦੂਜਾ ਰੰਗਾ ਲਗੇ। ਕਿਆ ਕੜੀਐ-ਕਿਸ ਲਈ ਚਿੰਤਾ ਕਰੀਏ। ਜਹ-ਜਦੋਂ।੧।

ਮਾਇਆ ਮੋਹਿ-ਮਾਇਆ ਦੇ ਮੋਹ ਵਿਚ। ਕੜਿ-ਕੜ ਕੜ ਕੇ, ਖਿਝ ਖਿਝ ਕੇ। ਪਚਿਆ-ਸੜਿਆ। ਭ੍ਰਮਿ-ਭਰਮ ਵਿਚ (ਭਟਕ ਕੇ) ਖਪਿਆ-ਦੁਖੀ ਹੋਇਆ।੧। ਰਹਾਉ।

ਅਨਿਆਇ-ਨਿਆਂ ਦੇ ਉਲਟ। ਕੋ-ਕੋਈ। ਭਰਪੂਰਿ-ਨੱਕਾ-ਨੱਕ ਭਰਿਆ ਹੋਇਆ। ਸਮਾਹੀ-(ਹੇ ਪ੍ਰਭੂ!) ਤੂੰ ਵਿਆਪਕ ਹੈਂ।੨।

ਧਿਙਾਣੈ-ਧਿੰਗੋ ਜ਼ੋਰੀ। ਭੂਲਿ-ਭੁੱਲ ਕੇ। ਰੰਞਾਣੈ-ਦੁਖੀ ਕਰਦਾ ਹੈ। ਗੁਰਿ-ਗੁਰੂ ਨੇ। ਪ੍ਰਭ ਤੇ-ਪ੍ਰਭੂ ਤੋਂ।

ਕਾੜਾ-ਫ਼ਿਕਰ,ਚਿੰਤਾ। ਅਚਿੰਤ-ਬੇ ਫ਼ਿਕਰ। ਹਮ ਸੋਤੇ-ਅਸੀਂ ਸੌਂਦੇ ਹਾਂ।੩।

ਠਾਕੁਰ-ਮਾਲਕ। ਸਭ ਕੋ-ਹਰ ਕੋਈ। ਕਰਹਿ-ਤੂੰ ਕਰਦਾ ਹੈਂ। ਨਿਬੇਰਾ ਫੈਸਲਾ। ਦੁਤੀਆ-ਦੂਜਾ। ਨਾਸਤਿ-ਨਹੀਂ ਹੈ, ਨਾਸ਼ਵੰਤ। ਪੈਜ-ਲਾਜ, ਇਜ਼ਤ।੪।

**ਅਰਥ:-** (ਹੇ ਭਾਈ !ਆਪਣੇ ਮਨ ਵਿਚ) ਤਾਂ ਝੂਰੀਏ ਜੇ (ਹਰੀ ਦੇ ਹੁਕਮ ਤੋਂ) ਬਾਹਰ (ਕੁਝ) ਹੁੰਦਾ ਹੋਵੇ। ਤਾਂ ਝੂਰੀਏ, ਜੇ ਨਰਹਰ (ਪਰਮਾਤਮਾ) ਵਿਸਰਦਾ ਹੋਵੇ। ਤਾਂ ਝੂਰੀਏ, ਜੇ ਪਰਮਾਤਮਾ ਤੋਂ ਬਿਨਾ ਕੋਈ ਦੂਜਾ (ਪਦਾਰਥ) ਚੰਗਾ ਲਗੇ। ਜਦੋਂ ਹਰ ਥਾਂ (ਪਰਮਾਤਮਾ)ਵਿਆਪਕ ਹੋ ਰਿਹਾ (ਦਿਸਦਾ ਹੈ ਫਿਰ) ਕਿਉਂ ਝੂਰੀਏ ? (ਕਾਹਦੇ ਲਈ ਚਿੰਤਾ, ਫ਼ਿਕਰ ਕਰੀਏ ਭਾਵ ਝੂਰਣ ਦੀ ਲੋੜ ਨਹੀਂ ਹੈ)੧।

(ਹੇ ਭਾਈ ! ਮਨੁੱਖ) ਮਾਇਆ ਦੇ ਮੋਹ ਵਿਚ ਝੂਰ ਝੂਰ ਕੇ ਸੜ ਰਿਹਾ ਹੈ। (ਪਰਮਾਤਮਾ ਦੇ)ਨਾਮ ਤੋਂ ਬਿਨਾ ਭਰਮ ਵਿਚ ਭਟਕ ਭਟਕ ਕੇ ਖੁਆਰ ਹੋ ਰਿਹਾ ਹੈ।੧। ਰਹਾਉ।

(ਹੇ ਭਾਈ !) ਤਾਂ ਝੂਰੀਏ, ਜੇ ਪਰਮੇਸ਼ਰ ਤੋਂ ਬਿਨਾ ਕੋਈ) ਦੂਜਾ ਕਰਨ ਵਾਲਾ ਹੋਵੇ। ਤਾਂ ਝੂਰੀਏ, ਜੇ ਕੋਈ ਬੇ-ਇਨਸਾਫ਼ੀ ਨਾਲ ਮਰਦਾ ਹੋਵੇ। ਤਾਂ ਝੂਰੀਏ, ਜੇ (ਵਾਹਿਗੁਰੂ) ਕੁਝ ਜਾਣਦਾ ਨਾ ਹੋਵੇ (ਉਹ ਤਾਂ ਅੰਤਰਜਾਮੀ ਹੈ) ਕਿਸ ਲਈ ਝੂਰੀਏ ਜਦੋਂ ਕਿ (ਉਹ) ਸਾਰਿਆਂ ਵਿਚ ਸਮਾਇਆ ਹੋਇਆ ਹੈ।੨।

( ਹੇ ਭਾਈ !) ਤਾਂ ਫ਼ਿਕਰ ਕਰੀਏ, ਜੇ ਕੁਝ ਧਿੰਗੋ ਜ਼ੋਰੀ (ਧੱਕੇ ਨਾਲ) ਹੁੰਦਾ ਹੋਵੇ। ਤਾਂ ਝੂਰੀਏ, ਜੇ ਭੁਲੇਖੇ ਨਾਲ ਕਿਸੇ ਨੂੰ ਕੋਈ ਦੁਖੀ ਕਰਦਾ ਹੋਵੇ। ਗੁਰੂ ਨੇ ਦਸਿਆ ਹੈ ਕਿ ਜੋ ਕੁਝ ਹੁੰਦਾ ਹੈ (ਉਹ) ਸਭ ਹਰੀ ਤੋਂ ਹੁੰਦਾ ਹੈ। ਇਸ ਲਈ ਕਾੜਾ (ਅੰਦੇਸ਼ਾ) ਛੋੜ ਕੇ ਚਿੰਤਾ ਤੋਂ ਰਹਿਤ ਹੋ ਕੇ ਸੌਂਦੇ ਹਾਂ।੩।

ਹੇ ਪ੍ਰਭ ! ਤੂੰ (ਸਭ ਦਾ) ਮਾਲਕ ਹੈਂ (ਅਤੇ) ਸਭ ਕੋਈ ਤੇਰਾ (ਦਾਸ) ਹੈ। ਜਿਵੇਂ ਤੈਨੂੰ ਭਾਉਂਦਾ ਹੈ (ਉਸੇ ਤਰ੍ਹਾਂ ਤੂੰ ਜੀਆਂ ਦੇ ਚੰਗੇ ਮੰਦੇ ਕਰਮਾਂ ਦਾ) ਨਿਬੇੜਾ (ਫੈਸਲਾ) ਕਰਦਾ ਹੈਂ। (ਤੇਰੇ ਤੋਂ ਬਿਨਾ) ਦੂਜਾ ਨਾਸ਼ਵੰਤ ਹੈ, ਇਕ ਤੂੰ ਹੀ (ਸਭ ਵਿਚ) ਲੀਨ ਹੋ ਰਿਹਾ ਹੈਂ। ਨਾਨਕ (ਗੁਰੂ ਜੀ ਬੇਨਤੀ ਕਰਦੇ ਹਨ ਕਿ ਹੇ ਪ੍ਰਭੂ !) ਮੈਂ ਤੇਰੀ ਸ਼ਰਣ ਆਇਆ ਹਾਂ।੪।੫।੧੮।

## ਅਰਥ ਭੇਦ ਅਤੇ ਨਿਰਣੈ

**ਤਉ ਕੜੀਐ, ਜੇ ਦੂਜਾ ਕਰਤਾ। ਤਉ ਕੜੀਐ, ਜੇ ਅਨਿਆਇ ਕੋ ਮਰਤਾ।**

ਵਖ ਵਖ ਅਰਥ:-

੧. ਤੋ ਝੂਰੀਏ ਜੇਕਰ ਔਰ ਕੋਈ ਦੂਸਰਾ ਕਰਤਾ ਹੋਵੇ ਪੁਨ: ਤੋ ਝੂਰੀਏ ਜੇਕਰ ਕੋਈ ਅਨਯਾਇ ਕਰ ਮਰਤਾ ਹੋਵੇ। [ਫ਼.ਸ.

੨ .....ਜੇ ਕੋਈ ਅਨਿਆਈ ਮੌਤ ਮਰੇ। [ਸ਼ਬਦਾਰਥ

੩. ਹੇ ਭਾਈ ! ਜੇ ( ਇਹ ਖਿਆਲ ਟਿਕਿਆ ਰਹੇ ਕਿ ਪਰਮਾਤਮਾ ਤੋਂ ਬਿਨਾ) ਕੋਈ ਹੋਰ ਕੁਝ ਕਰ ਸਕਣ ਵਾਲਾ ਹੈ, ਤਦੋਂ ਚਿੰਤਾ-ਫ਼ਿਕਰ ਵਿਚ ਫਸੇ ਰਹੀਦਾ ਹੈ। ਤਦੋਂ ਭੀ ਝੂਰੀਦਾ ਹੈ ਜੇ ਇਹ ਖ਼ਿਆਲ ਬਣੇ ਕਿ ਕੋਈ ਪ੍ਰਾਣੀ ਪਰਮਾਤਮਾ ਦੇ ਹੁਕਮ ਤੋਂ ਬਾਹਰ ਮਾਰ ਸਕਦਾ ਹੈ। [ਦਰਪਣ

੪. ਪ੍ਰਭੂ ਤੋਂ ਬਿਨਾ ਜੇ ਕੋਈ ਦੂਜਾ ਕਰਤਾ ਹੋਵੇ ਤਾਂ ਝੂਰਨਾ ਚਾਹੀਏ। ਜੇਕਰ ਪ੍ਰਭੂ ਅਨਿਆਇ। ਬੇ-

ਇਨਸਾਫੀ ਨਾਲ ਮਾਰਦਾ ਹੋਵੇ ਤਾਂ ਝੁਰਨਾ ਚਾਹੀਏ। [ਸ੍ਰੰ.ਸ.

**ਨਿਰਣੈ:-** ਪਹਿਲੀ ਪੰਕਤੀ ਦੇ ਅਰਥਾਂ ਬਾਰੇ ਕੋਈ ਮਤ ਭੇਦ ਨਹੀਂ ਹੈ, ਪਰ ਦੂਜੀ ਪੰਕਤੀ ਵਿਚ 'ਅਨਿਆਇ' ਪਦ ਦਾ ਅਰਥ ਵੀਚਾਰਨ ਦੀ ਲੋੜ ਹੈ। 'ਨਿਆਇ' ਪਦ ਦੇ ਅਰਥ ਹਨ 'ਇਨਸਾਫ ਅਤੇ 'ਅ' ਲਗਾਣ ਨਾਲ ਇਸਦੇ ਅਰਥ 'ਬੇਇਨਸਾਫ' ਬਣ ਜਾਂਦੇ ਹਨ। ਪਰ ਕਾਵਿ ਵਿਚ 'ਅਨਿਆਈ' ਦੀ ਥਾਂ 'ਅਨਿਆਇ' ਪਦ ਵਰਤਿਆ ਹੈ ਜਿਸ ਦੇ ਅਰਥ ਹਨ 'ਬੇਇੰਨਸਾਫੀ ਨਾਲ'। ਫਿਕਰ ਤਾਂ ਕਰੀਏ ਜੇ ਕੋਈ ਬੇ-ਇਨਸਾਫੀ ਨਾਲ ਮਰਦਾ ਹੋਵੇ। ਪਰਮਾਤਮਾ ਦੇ ਘਰ ਤਾਂ ਸਦਾ ਹੀ 'ਨਿਆਉ' ਵਰਤਦਾ ਹੈ, ਇਸ ਲਈ ਚਿੰਤਾ ਕਰਨ ਦੀ ਲੋੜ ਨਹੀਂ। ਗੁਰੂ ਅਰਜਨ ਦੇਵ ਜੀ ਆਸਾ ਰਾਗ ਵਿਚ ਅਕਾਲ ਪੁਰਖ ਨੂੰ ਸੰਬੋਧਨ ਰੂਪ ਵਿਚ ਆਖਦੇ ਹਨ:-

**ਤੇਰੈ ਘਰਿ ਸਦਾ ਸਦਾ ਹੈ ਨਿਆਉ॥** [ਪੰਨਾ ੩੭੬

ਜੀਵ ਨੂੰ ਹਮੇਸ਼ਾਂ ਫਿਕਰ ਚਿੰਤਾ ਉਸ ਹਾਲਤ ਵਿਚ ਹੁੰਦੀ ਹੈ ਜਦੋਂ ਇਸ ਨੂੰ ਪਤਾ ਲਗ ਜਾਏ ਕਿ ਬੇ-ਇਨਸਾਫੀ, ਹੇਰਾ ਫੇਰੀ ਹੋ ਰਹੀ ਹੈ। ਇਸ ਲਈ ਨਾਮੀ ਪੁਰਸ਼ ਜਿਸ ਦੀ ਸੁਰਤਿ ਹਰ ਵੇਲੇ ਪ੍ਰਭੂ ਚਰਨਾ ਨਾਲ ਜੁੜੀ ਹੋਈ ਹੈ, ਉਹ ਚਿੰਤਾ ਨਹੀਂ ਕਰਦਾ। ਸੋ 'ਅਨਿਆਇ' ਪਦ ਦੇ ਅਰਥ 'ਅਨਿਆਈ ਮੌਤ' ਨਹੀ, 'ਬੇ-ਇਨਸਾਫੀ ਨਾਲ' ਹਨ। ਇਸ ਦੀ ਪੁਸ਼ਟੀ ਲਈ 'ਕਾੜਾ ਅੰਦੇਸਾ ਕਿਉ ਕੀਜੈ, ਜਾ ਨਾਹੀ ਅਧਰਮਿ ਮਾਰਦਾ' ਵਾਲੀ ਪੰਕਤੀ ਅਕਟ ਸਬੂਤ ਹੈ।

## ਸਾਰੰਸ਼ ਅਤੇ ਸਿਧਾਂਤ

ਕੜ੍ਹਨ, ਫਿਕਰ ਕਰਨ ਅਥਵਾ ਝੁਰਨ ਦਾ ਕੋਈ ਨਾ ਕੋਈ ਕਾਰਨ ਹੁੰਦਾ ਹੈ। ਜਦੋਂ ਜੀਵ ਦਾ ਇਹ ਵਿਸ਼ਵਾਸ ਬਣ ਜਾਏ ਕਿ ਸਭ ਕੁਝ ਹਰੀ ਕਰਦਾ ਹੈ ਅਤੇ ਜੋ ਕੁਝ ਕਰਦਾ ਹੈ, ਸਭ ਕੁਝ ਠੀਕ ਕਰਦਾ ਹੈ, ਫਿਰ ਮਨੁੱਖੀ ਮਨ ਨੂੰ ਕਿਸੇ ਪ੍ਰਕਾਰ ਦਾ ਝੋਰਾ ਨਹੀਂ ਹੁੰਦਾ।

ਝੋਰਾ ਓਦੋਂ ਹੁੰਦਾ ਹੈ ਜਦੋਂ ਮਨੁੱਖ ਪਰਮਾਤਮਾ ਨੂੰ ਵਿਸਾਰ ਕੇ ਮਾਇਆ ਦੇ ਮੋਹ ਵਿਚ ਫਸ ਜਾਂਦਾ ਹੈ। ਪਰਮਾਤਮਾ ਦੇ ਨਾਮ ਤੋਂ ਬਿਨਾ ਮਨੁੱਖ ਭਰਮਦਾ ਭਟਕਦਾ ਹੀ ਰਹਿੰਦਾ ਹੈ। ਗੁਰਦੇਵ ਜੀ ਨੇ ਇਕ ਗੱਲ ਦ੍ਰਿੜ ਕਰਾ ਦਿਤੀ ਹੈ ਕਿ ਜੋ ਕੁਝ ਹੁੰਦਾ ਹੈ ਸਭ ਪ੍ਰਭੂ ਤੋਂ ਹੀ ਹੁੰਦਾ ਹੈ, ਇਸ ਲਈ ਹਰੀ ਦਾ ਭਗਤ ਕਾੜਾ ਛੋੜ ਕੇ ਬੇਫਿਕਰ ਹੋ ਕੇ ਸੁਖ ਦੀ ਨੀਂਦ ਸੌਂਦਾ ਹੈ। ਸਿਰੀ ਰਾਗੁ ਵਾਰ ਮਹਲਾ ੪ ਵਿਚੋਂ ਇਸ ਵਿਸ਼ੇ ਤੇ ਬੜੀ ਸੁੰਦਰ ਸਿਧਾਂਤਕ ਸੇਧ ਪ੍ਰਾਪਤ ਹੁੰਦੀ ਹੈ-

**ਹਰਿ ਕੀ ਭਗਤਾ ਪਰਤੀਤਿ ਹਰਿ ਸਭ ਕਿਛੁ ਜਾਣਦਾ॥**
**ਹਰਿ ਜੇਵਡੁ ਨਾਹੀ ਕੋਈ ਜਾਣੂ ਹਰਿ ਧਰਮੁ ਬੀਚਾਰਦਾ॥**
**ਕਾੜਾ ਅੰਦੇਸਾ ਕਿਉ ਕੀਜੈ, ਜਾ ਨਾਹੀ ਅਧਰਮਿ ਮਾਰਦਾ॥** [ਪੰਨਾ ੯੦

'ਝੋਰੇ' ਦੀ ਨਵਿਰਤੀ ਦਾ ਦਾਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗਉੜੀ ਬਾਵਨ ਅਖਰੀ ਵਿਚ ਇਉਂ ਦਰਸਾਇਆ ਹੈ--

**ਸਲੋਕੁ** **ਝਾਲਾਘੇ ਉਠਿ ਨਾਮੁ ਜਪਿ, ਨਿਸਿ ਬਾਸੁਰ ਆਰਾਧਿ॥**

ਕਾਰਾ ਤੁਝੈ ਨ ਬਿਆਪਈ, ਨਾਨਕ ਮਿਟੈ ਉਪਾਧਿ॥੧॥

ਝਝਾ ਝੂਰਨੁ ਮਿਟੈ ਤੁਮਾਰੋ॥ ਰਾਮਨਾਮ ਸਿਉ ਕਰਿ ਬਿਉਹਾਰੋ॥...... [ਪੰਨਾ ੨੫੫

ਭੈਰਉ ਮਹਲਾ੫॥ ਬਿਨੁ ਬਾਜੇ, ਕੈਸੋ ਨਿਰਤਕਾਰੀ॥ ਬਿਨੁ ਕੰਠੈ, ਕੈਸੇ ਗਾਵਨਹਾਰੀ॥ ਜੀਲ ਬਿਨਾ, ਕੈਸੇ ਬਜੈ ਰਬਾਬ॥ ਨਾਮ ਬਿਨਾ, ਬਿਰਥੇ ਸਭਿ ਕਾਜ॥੧॥ ਨਾਮ ਬਿਨਾ, ਕਹਹੁ ਕੋ ਤਰਿਆ॥ ਬਿਨੁ ਸਤਿਗੁਰ, ਕੈਸੇ ਪਾਰਿ ਪਰਿਆ॥੧॥ ਰਹਾਉ॥ ਬਿਨੁ ਜਿਹਵਾ, ਕਹਾ ਕੋ ਬਕਤਾ॥ ਬਿਨੁ ਸ੍ਰਵਨਾ, ਕਹਾ ਕੋ ਸੁਨਤਾ॥ ਬਿਨੁ ਨੇਤ੍ਰਾ, ਕਹਾ ਕੋ ਪੇਖੈ॥ ਨਾਮ ਬਿਨਾ, ਨਰੁ ਕਹੀ ਨ ਲੇਖੈ॥੨॥ ਬਿਨੁ ਬਿਦਿਆ, ਕਹਾ ਕੋਈ ਪੰਡਿਤ॥ ਬਿਨੁ ਅਮਰੈ, ਕੈਸੇ ਰਾਜ ਮੰਡਿਤ॥ ਬਿਨੁ ਬੂਝੇ, ਕਹਾ ਮਨੁ ਠਹਰਾਨਾ॥ ਨਾਮ ਬਿਨਾ ਸਭੁ ਜਗੁ ਬਉਰਾਨਾ ॥੩॥ ਬਿਨੁ ਬੈਰਾਗ, ਕਹਾ ਬੈਰਾਗੀ॥ ਬਿਨੁ ਹਉ ਤਿਆਗਿ, ਕਹਾ ਕੋਊ ਤਿਆਗੀ॥ ਬਿਨੁ ਬਸਿ ਪੰਚ, ਕਹਾ ਮਨ ਚੂਰੇ॥ ਨਾਮ ਬਿਨਾ, ਸਦ ਸਦ ਹੀ ਝੂਰੇ॥੪॥ ਬਿਨੁ ਗੁਰ ਦੀਖਿਆ, ਕੈਸੇ ਗਿਆਨੁ ॥ ਬਿਨੁ ਪੇਖੇ, ਕਹੁ ਕੈਸੋ ਧਿਆਨੁ ॥ ਬਿਨੁ ਭੈ ਕਥਨੀ, ਸਰਬ ਬਿਕਾਰ॥ ਕਹੁ ਨਾਨਕ, ਦਰ ਕਾ ਬੀਚਾਰ ॥੫॥੬॥੧੯॥

## ਉਚਾਰਨ ਸੇਧ

**ਬਿੰਦੀ ਸਹਿਤ:**-ਕਹਾਂ, ਨੇਤ੍ਰਾਂ, ਹਉਂ।

**ਪਦ ਅਰਥ:**-ਬਿਨ ਬਾਜੇ-ਬਿਨਾ (ਸਾਜ਼) ਵਜਾਏ। ਕੈਸੋ-ਕਿਸ ਤਰ੍ਹਾਂ ਦੀ ?। ਨਿਰਤਕਾਰੀ-ਨਾਚ। ਬਿਨੁ ਕੰਠੈ-(ਰਸੀਲੇ) ਗਲੇ ਤੋਂ ਬਿਨਾ। ਕੈਸੇ-ਕਿਵੇਂ, ਕਿਸ ਤਰ੍ਹਾਂ?। ਗਾਵਨਹਾਰੀ-ਗਾਉਣ ਵਾਲੀ। ਜੀਲ ਬਿਨਾ-ਤੰਦੀ ਤੋਂ ਬਿਨਾ। ਕਾਜ-ਕੰਮ।੧।

ਕਹਹੁ-ਦਸੋ?। ਕੋ-ਕੌਣ?।੧ਰਹਾਉ। ਜਿਹਵਾ-ਜੀਭ। ਬਕਤਾ-ਬੋਲਣ ਵਾਲਾ। ਬਿਨੁ ਸ੍ਰਵਨਾ-ਕੰਨਾ ਤੋਂ ਬਿਨਾਂ ਨੇਤ੍ਰਾ-ਅੱਖਾਂ। ਪੇਖੈ-ਵੇਖ ਸਕਦਾ ਹੈ। ਨਰੁ-ਮਨੁੱਖ। ਕਹੀ ਨ ਲੇਖੈ-ਕਿਸੇ ਗਿਣਤੀ ਵਿਚ ਨਹੀਂ ਭਾਵ ਇਜ਼ਤ ਨਹੀਂ ਪਾ ਸਕਦਾ।੨।

ਬਿਦਿਆ-ਵਿਦਿਆ। ਪੰਡਿਤ-ਵਿਦਵਾਨ। ਬਿਨੁ ਅਮਰੈ-ਹੁਕਮ ਤੋਂ ਬਿਨਾਂ। ਰਾਜ ਮੰਡਿਤ-ਰਾਜ ਦੀ ਸਜਾਵਟ। ਬਿਨੁ ਬੂਝੇ-(ਆਤਮਿਕ) ਸੂਝ ਤੋਂ ਬਿਨਾਂ। ਕਹਾ ਠਹਰਾਨਾ-ਕਿਥੇ ਟਿਕ ਸਕਦਾ ਹੈ?। ਬਉਰਾਨਾ-ਕਮਲਾ, ਪਾਗਲ।੩।

ਬੈਰਾਗੀ-ਉਦਾਸੀ। ਹਉ ਤਿਆਗਿ-ਹਉਮੈ ਤਿਆਗੇ। ਵਸਿ-ਵੱਸ ਵਿਚ। ਪੰਚ-ਕਾਮ ਕ੍ਰੋਧ ਆਦਿਕ। ਚੂਰੇ-ਮਾਰਿਆ ਜਾ ਸਕਦਾ ਹੈ। ਝੂਰੇ-ਝੂਰਦਾ ਰਹਿੰਦਾ ਹੈ।੪।

ਦੀਖਿਆ-ਸਿਖਿਆ, ਉਪਦੇਸ਼। ਬਿਨੁ ਪੇਖੇ-ਬਿਨਾ ਵੇਖਣ ਦੇ। ਬਿਨੁ ਭੈ-(ਰਬੀ) ਡਰ ਤੋਂ ਬਿਨਾਂ ਕਥਨੀ-ਕਹਿਣੀ। ਬਿਕਾਰ-ਫਜ਼ੂਲ, ਵਿਅਰਥ।੫।

**ਅਰਥ:** ਸਾਜ਼ (ਵਜਾਏ) ਬਿਨਾ ਕਿਸ ਤਰ੍ਹਾਂ (ਸੁੰਦਰ) ਨਿਰਤਕਾਰੀ ਹੋ ਸਕਦੀ ਹੈ?। ਗਲੇ ਤੋਂ ਬਿਨਾਂ (ਰਾਗਣੀ) ਗਾਉਣ ਵਾਲੀ (ਕਿਵੇਂ ਫਬ ਸਕਦੀ ਹੈ)?। ਜੀਲ (ਤੰਦੀ) ਤੋਂ ਬਿਨਾ ਰਬਾਬ ਕਿਵੇਂ ਵਜ ਸਕਦਾ ਹੈ? (ਭਾਵ ਨਹੀਂ ਵਜ ਸਕਦਾ, ਇਸੇ ਤਰ੍ਹਾਂ ਪਰਮਾਤਮਾ ਦੇ) ਨਾਮ (ਸਿਮਰਨ) ਤੋਂ ਬਿਨਾਂ ਸਾਰੇ ਕਾਜ ਵਿਅਰਥ ਹੀ ਗਏ (ਸਮਝੋ)।੧।

(ਹੇ ਭਾਈ!) ਦਸੋ ਕਿ ਨਾਮ ਤੋਂ ਬਿਨਾਂ ਕੋਈ (ਜੀਵ) ਸੰਸਾਰ ਸਾਗਰ ਤੋਂ ਤਰਿਆ ਹੈ? ਸਤਿਗੁਰੂ ਤੋਂ ਬਿਨਾ (ਸੰਸਾਰ ਸਮੁੰਦਰ) ਕਿਸ ਤਰ੍ਹਾਂ ਪਾਰ ਕੀਤਾ ਜਾ ਸਕਦਾ ਹੈ? (ਭਾਵ ਪਾਰ ਨਹੀਂ ਹੋ ਸਕੀਦਾ) ।੧।ਰਹਾਉ।

(ਹੇ ਭਾਈ!) ਜੀਭ ਤੋਂ ਬਿਨਾਂ ਕਿਵੇਂ ਕੋਈ ਬੋਲ ਸਕਦਾ ਹੈ? ਕੰਨਾਂ ਤੋਂ ਬਿਨਾ ਕਿਵੇਂ ਕੋਈ ਸੁਣ ਸਕਦਾ ਹੈ? ਅੱਖਾਂ ਤੋਂ ਬਿਨਾ ਕਿਵੇਂ ਕੋਈ ਵੇਖ ਸਕਦਾ ਹੈ? (ਇਸੇ ਤਰ੍ਹਾਂ) ਨਾਮ ਤੋਂ ਬਿਨਾ ਮਨੁੱਖ ਕਿਸੇ ਗਿਣਤੀ ਵਿਚ ਨਹੀਂ ਆ ਸਕਦਾ (ਭਾਵ ਹੋਂਦ ਹੀ ਖ਼ਤਮ ਹੋ ਜਾਂਦੀ ਹੈ)।੨।

(ਹੇ ਭਾਈ!) ਵਿਦਿਆ ਤੋਂ ਬਿਨਾ ਕਿਥੇ ਕੋਈ ਪੰਡਿਤ (ਵਿਦਵਾਨ) ਬਣਿਆ ਹੈ? (ਸ਼ਾਹੀ) ਹੁਕਮ ਤੋਂ ਬਿਨਾ ਕਿਵੇਂ ਕੋਈ ਰਾਜ ਦਾ ਭੂਸ਼ਨ ਬਣ ਸਕਦਾ ਹੈ? (ਜੀਵਨ) ਸੂਝ ਤੋਂ ਬਿਨਾ ਮਨ ਕਿਥੇ ਟਿਕ ਸਕਦਾ ਹੈ? (ਇਸੇ ਤਰ੍ਹਾਂ)ਨਾਮ ਤੋਂ ਬਿਨਾ ਸਾਰਾ ਸੰਸਾਰ ਜਗ ਹੀ ਕਮਲਾ (ਝੱਲਾ) ਹੋਇਆ ਪਿਆ ਹੈ।੩।

(ਹੇ ਭਾਈ!) ਵੈਰਾਗ ਤੋਂ ਬਿਨਾ ਕਿਵੇਂ ਕੋਈ ਉਦਾਸੀ (ਬਣ ਸਕਦਾ ਹੈ?)। ਹੰਗਤਾ (ਮੈਂ ਮੇਰੀ) ਤਿਆਗੇ ਬਿਨਾ ਕਿਵੇਂ ਕੋਈ ਤਿਆਗੀ ਹੋ ਸਕਦਾ ਹੈ? (ਭਾਵ ਨਹੀਂ)। ਪੰਜਾਂ (ਕਾਮਾਦਿਕਾਂ ਨੂੰ) ਵਸ ਕੀਤੇ ਬਿਨਾ ਮਨ ਕਿਥੇ ਚੂਰਾ (ਭਾਵ ਮਾਰਿਆ ਜਾ ਸਕਦਾ ਹੈ? ਭਾਵ ਕਾਬੂ ਵਿਚ ਨਹੀਂ ਆ ਸਕਦਾ, ਇਸੇ ਤਰ੍ਹਾਂ) ਨਾਮ ਤੋਂ ਬਿਨਾ (ਮਨੁੱਖ) ਸਦਾ ਹੀ ਝੂਰਦਾ ਰਹਿੰਦਾ ਹੈ।੪।

(ਹੇ ਭਾਈ!) ਗੁਰੂ ਦੀ ਸਿਖਿਆ ਤੋਂ ਬਿਨਾ ਗਿਆਨ ਕਿਸ ਤਰ੍ਹਾਂ ਪ੍ਰਾਪਤ ਹੋ ਸਕਦਾ ਹੈ? (ਕਿਸੇ ਵਸਤੂ ਨੂੰ) ਬਿਨਾ ਵੇਖੇ, ਕਿਸ ਤਰ੍ਹਾਂ ਧਿਆਨ ਲਗ ਸਕਦਾ ਹੈ?। (ਰਬੀ) ਡਰ ਤੋਂ ਬਿਨਾ (ਜਿਤਨੀ ਭੀ) ਕਥਨੀ ਹੈ ਸਭ ਵਿਕਾਰ ਰੂਪ ਹੈ (ਵਿਅਰਥ ਹੈ)। ਨਾਨਕ! ਆਖ (ਕਿ ਉਪ੍ਰੋਕਤ ਗੁਣਾਂ ਤੋਂ ਬਿਨਾਂ ਪਰਮਾਤਮਾ ਦੇ) ਦਰਬਾਰ ਦਾ ਵੀਚਾਰ (ਕਿਸੇ ਨੂੰ ਨਸੀਬ ਨਹੀਂ ਹੋ ਸਕਦਾ)।੫।੬।੧੯।

## ਅਰਥ ਭੇਦ ਅਤੇ ਨਿਰਣੈ

**ਬਿਨੁ ਭੈ ਕਥਨੀ ਸਰਬ ਬਿਕਾਰ ॥ ਕਹੁ ਨਾਨਕ ਦਰ ਕਾ ਬੀਚਾਰ॥**

ਪਹਿਲੀ ਪੰਕਤੀ ਦੇ ਅਰਥ ਸਭ ਟੀਕਾਕਾਰਾਂ ਦੇ ਮਿਲਦੇ ਹਨ ਪਰ ਦੂਜੀ ਪੰਕਤੀ ਦੇ ਵੱਖ ਵੱਖ ਅਰਥ ਇਸ ਪ੍ਰਕਾਰ ਹਨ:-

੧- ਸ੍ਰੀ ਗੁਰੂ ਜੀ ਕਹਤੇ ਹੈਂ ਪਰਮੇਸ਼ਵਰ ਕੇ ਦਰ ਕਾ ਬੀਚਾਰ ਕਹਾ ਹੈ? [ਫ.ਸ.

੨- ਹੇ ਨਾਨਕ! ਆਖ ਹੇ ਭਾਈ! ਪਰਮਾਤਮਾ ਦੇ ਦਰ ਤੇ ਪਹੁੰਚਾਉਣ ਵਾਲੀ ਇਹ ਵਿਚਾਰ ਹੈ। [ਦਰਪਣ

**ਨਿਰਣੈ :** ਸ਼ਬਦਾਰਥੀ ਵਿਦਵਾਨਾਂ ਨੇ ਇਸ ਪੰਕਤੀ ਦੇ ਅਰਥ ਹੀ ਨਹੀਂ ਕੀਤੇ। ਜੇ ਪੰਕਤੀ ਨੂੰ

ਪਿਆਰ ਨਾਲ ਵੇਖੀਏ, ਬਹੁਤੇ ਸ਼ਾਸਤ੍ਰੀ ਅਰਥਾਂ ਵਲ ਨਾ ਜਾਈਏ, ਤਾਂ ਸਰਲ ਅਰਥ ਇਉਂ ਹਨ:-

ਨਾਨਕ! (ਤੂੰ ਉਸ ਸੱਚੇ ਪ੍ਰਭੂ ਦੇ) ਦਰ ਦਾ ਵੀਚਾਰ (ਸਭ ਨੂੰ) ਆਖ (ਹੇ ਭਾਈ! ਇਥੇ ਜਿਤਨੀਆਂ ਵੀ) ਕਥਨੀਆਂ (ਪਰਮੇਸ਼ਰ ਦੇ) ਡਰ ਤੋਂ ਰਹਿਤ ਹੋ ਕੇ ਕਰਦੇ ਹੋ, ਸਭ ਵਿਕਾਰ ਰੂਪ ਅਥਵਾ ਬੇਕਾਰ ਹਨ। ਅਗੇ ਰਬੀ ਦਰਗਾਹ ਵਿਚ ਇਹ ਕਿਸੇ ਕੰਮ ਨਹੀਂ ਆਉਂਦੀਆਂ)।

'ਹਰਿ ਕੇ ਦਰਿ ਵਰਤਿਆ ਸੋ ਨਾਨਕ ਆਖਿ ਸੁਣਾਇਆ' ਵਾਲੀ ਪੰਕਤੀ ਤੋਂ ਅਜਿਹੇ ਅਰਥ ਕਰਨ ਦੀ ਸੇਧ ਮਿਲਦੀ ਹੈ।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਦੇ ਹਰੇਕ ਅੰਕ ਵਿਚ ਕੁਝ ਪਰਮਾਣਾਂ ਰਾਹੀਂ ਇਹ ਦਰਸਾਇਆ ਹੈ ਕਿ ਨਾਮ ਪ੍ਰਾਪਤ ਕੀਤੇ ਬਿਨਾ ਕੋਈ ਕੰਮ ਵੀ ਸਿਰੇ ਨਹੀਂ ਚੜ੍ਹਦਾ, ਸਭ ਵਿਅਰਥ ਜਾਂਦੇ ਹਨ। ਨਾਮ ਤੋਂ ਬਿਨਾ ਕੋਈ ਮਨੁੱਖ ਮੁਕਤਿ ਨਹੀਂ ਹੋ ਸਕਦਾ। ਨਾਮ ਤੋਂ ਬਿਨਾਂ ਸਾਰਾ ਜਗ ਕਮਲਾ ਹੋਇਆ ਫਿਰਦਾ ਹੈ:-

**ਬਿਨੁ ਨਾਵੈ ਜਗੁ ਕਮਲਾ ਫਿਰੈ, ਗੁਰਮੁਖਿ ਨਦਰੀ ਆਇਆ॥**
**ਧੰਧਾ ਕਰਤਿਆ ਨਿਹਫਲੁ ਜਨਮੁ ਗਵਾਇਆ,**
**ਸੁਖਦਾਤਾ ਮਨਿ ਨ ਵਸਾਇਆ॥** [ਪੰਨਾ ੬੪੪

ਰਹਾਉ ਦੀਆਂ ਪੰਕਤੀਆਂ "ਨਾਮ ਬਿਨਾ, ਕਹਹੁ ਕੋ ਤਰਿਆ। ਬਿਨੁ ਸਤਿਗੁਰ ਕੈਸੇ ਪਾਰਿ ਪਰਿਆ' ਤੋਂ ਸਪਸ਼ਟ ਨਿਰਣਾ ਹੋ ਜਾਂਦਾ ਹੈ ਕਿ ਸਾਰੀ ਕਦਰ ਨਾਮ ਦੀ ਹੈ। ਨਾਮ ਤੋਂ ਬਿਨਾ ਸਾਰੀਆਂ ਗੱਲਾਂ ਫੋਕੀਆਂ ਤੇ ਹੋਛੀਆਂ ਹਨ। ਜੇ ਹਿਰਦੇ ਵਿਚ ਰਬੀ-ਭੈ ਨਹੀਂ ਤਾਂ ਜਿਤਨੀ ਵੀ ਕਥਾ ਬਾਰਤਾ ਕੀਤੀ ਤੇ ਸੁਣੀ ਸਭ ਵਿਅਰਥ ਹੈ ਕਿਉਂਕਿ ਗੁਰ-ਉਪਦੇਸ਼ ਤੇ ਅਮਲ ਨਹੀਂ ਕੀਤਾ, ਨਾਮ ਨਹੀਂ ਜਪਿਆ। ਅਕਾਲ ਉਸਤਤਿ ਵਿਚ ਕਲਗੀਧਰ ਪਿਤਾ ਜੀ ਦੇ ਇਸ ਵਿਸ਼ੇ ਤੇ ਬਹੁਤ ਸੁੰਦਰ ਬਚਨ ਹਨ:-

**ਸਭ ਕਰਮ ਫੋਕਟ ਜਾਨ॥ ਸਭ ਧਰਮ ਨਿਹਫਲ ਮਾਨ॥**
**ਬਿਨ ਏਕ ਨਾਮ ਅਧਾਰ ॥ ਸਭ ਕਰਮ ਭਰਮ ਬਿਚਾਰ॥੨੦॥੫੦॥**

**ਭੈਰਉ ਮਹਲਾ ੫ ॥ ਹਉਮੈ ਰੋਗੁ, ਮਾਨੁਖ ਕਉ ਦੀਨਾ॥ ਕਾਮ ਰੋਗਿ ਮੈਗਲੁ ਬਸਿ ਲੀਨਾ ॥ ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ॥ ਨਾਦ ਰੋਗਿ, ਖਪਿ ਗਏ ਕੁਰੰਗਾ ॥੧॥ ਜੋ ਜੋ ਦੀਸੈ ਸੋ ਸੋ ਰੋਗੀ ॥ ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥੧॥ਰਹਾਉ॥ ਜਿਹਵਾ ਰੋਗਿ ਮੀਨੁ ਗ੍ਰਸਿਆਨੋ ॥ ਬਾਸਨ ਰੋਗਿ ਭਵਰੁ ਬਿਨਸਾਨੋ ॥ ਹੇਤ ਰੋਗ ਕਾ ਸਗਲ ਸੰਸਾਰਾ ॥ ਤ੍ਰਿਬਿਧਿ ਰੋਗ ਮਹਿ ਬਧੇ ਬਿਕਾਰਾ ॥੨॥ ਰੋਗੇ ਮਰਤਾ ਰੋਗੇ ਜਨਮੈ ॥ ਰੋਗੇ ਫਿਰਿ ਫਿਰਿ ਜੋਨੀ ਭਰਮੈ ॥ ਰੋਗ ਬੰਧ ਰਹਨੁ ਰਤੀ ਨ ਪਾਵੈ ॥ ਬਿਨੁ ਸਤਿਗੁਰ, ਰੋਗੁ ਕਤਹਿ ਨ ਜਾਵੈ ॥੩॥ ਪਾਰਬ੍ਰਹਮਿ, ਜਿਸੁ ਕੀਨੀ ਦਇਆ ॥ ਬਾਹ ਪਕੜਿ ਰੋਗਹੁ ਕਢਿ ਲਇਆ ॥ ਤੂਟੇ ਬੰਧਨ, ਸਾਧ ਸੰਗੁ ਪਾਇਆ ॥ ਕਹੁ ਨਾਨਕ,**

ਗੁਰਿ ਰੋਗੁ ਮਿਟਾਇਆ ॥੪॥੭॥੨੦॥

## ਉਚਾਰਨ ਸੇਧ

**ਬਿੰਦੀ ਸਹਿਤ:** ਹਉਮੈਂ, ਮਹਿੰ, ਬਾਂਹ, ਰੋਗਹੁੰ।

**ਪਦ ਅਰਥ :** ਹਉਮੈ ਰੋਗੁ-ਮੈਂ-ਮੇਰੀ ਦਾ ਰੋਗ (ਬੀਮਾਰੀ)। ਕਾਮ ਰੋਗਿ-ਕਾਮ-ਵਾਸ਼ਨਾ ਨੇ। ਮੈਗਲੁ-ਹਾਥੀ ਨੂੰ। ਬਸਿ ਲੀਨਾ-ਵੱਸ ਵਿਚ ਕੀਤਾ ਹੋਇਆ ਹੈ। ਦ੍ਰਿਸਟਿ ਰੋਗਿ-ਵੇਖਣ ਦੇ ਰੋਗ ਵਿਚ। ਪਚਿ ਮੁਏ-ਸੜ ਕੇ ਮਰ ਗਏ ਹਨ। ਨਾਦ ਰੋਗਿ-(ਘੰਡੇ ਹੇੜੇ ਦੀ) ਆਵਾਜ਼ ਦੇ ਰੋਗ ਵਿਚ। ਖਪਿ ਗਏ-ਨਾਸ਼ ਹੋ ਗਏ ਹਨ। ਕੁਰੰਗਾ-ਹਿਰਨ।੧। ਰੋਗ ਰਹਿਤ-ਬਿਨਾ ਰੋਗਾਂ ਤੋਂ। ਜੋਗੀ-(ਪਰਮੇਸ਼ਰ ਨਾਲ) ਜੁੜਿਆ ਹੋਇਆ।੧।ਰਹਾਉ।

ਜਿਹਵਾ ਰੋਗਿ-ਜੀਭ ਦੇ ਰੋਗ ਕਰਕੇ। ਮੀਨੁ-ਮੱਛੀ, ਮੱਛ। ਗ੍ਰਸਿ ਆਨੋ-ਪਕੜਿਆ ਜਾਂਦਾ ਹੈ। ਬਾਸਨ-ਸੁਗੰਧੀ। ਭਵਰ ਬਿਨਸਾਨੋ-ਭਉਰਾ ਨਾਸ਼ ਹੋ ਜਾਂਦਾ ਹੈ। ਹੇਤ-ਮੋਹ। ਤ੍ਰਿਬਿਧ ਰੋਗ ਮਹਿ-ਤ੍ਰਿਗੁਣੀ ਮਾਇਆ ਮੋਹ ਦੇ ਰੋਗ ਵਿਚ। ਬਧੇ-ਬੱਝੇ ਹੋਏ। ਬਿਕਾਰਾ-ਵਿਕਾਰ ।੨।

ਰੋਗੇ-ਰੋਗ ਵਿਚ। ਫਿਰਿ ਫਿਰਿ-ਮੁੜ ਮੁੜ ਕੇ। ਭਰਮੈ-ਭਟਕਦਾ ਹੈ। ਬੰਧੁ-ਬੰਧਨ। ਰਹਨੁ-ਟਿਕਾਉ। ਰਤੀ-ਰਤਾ ਭਰ। ਕਤਹਿ-ਕਿਸੇ ਤਰ੍ਹਾਂ ਭੀ।੩।

ਪਾਰਬ੍ਰਹਮਿ-ਪਰਮਾਤਮਾ ਨੇ। ਜਿਸੁ-ਜਿਸ (ਮਨੁੱਖ) ਉਤੇ। ਬਾਹ ਪਕੜਿ-ਬਾਂਹ ਫੜ ਕੇ। ਰੋਗਹੁ-ਰੋਗ ਤੋਂ। ਗੁਰਿ-ਗੁਰੂ ਨੇ।੪।

**ਅਰਥ:** (ਹੇ ਭਾਈ! ਪਰਮਾਤਮਾ ਨੇ) ਹਉਮੈ ਦਾ ਰੋਗ ਮਨੁੱਖ ਨੂੰ ਦਿੱਤਾ ਹੈ। ਕਾਮ-ਵਾਸ਼ਨਾ ਦੇ ਰੋਗ ਨੇ ਹਾਥੀ ਨੂੰ (ਆਪਣੇ) ਵਸ ਵਿਚ ਕਰ ਲਿਆ ਹੈ। ਵੇਖਣ ਦੇ ਰੋਗ ਵਿਚ ਪਤੰਗੇ (ਦੀਵੇ ਦੀ ਲਾਟ ਤੇ) ਮਰ ਗਏ ਹਨ। (ਘੰਡੇ ਹੇੜੇ ਦੀ) ਆਵਾਜ਼ (ਸੁਣਨ ਦੇ) ਰੋਗ ਵਿਚ ਹਿਰਨ ਖੱਪ ਗਏ ਹਨ (ਖਜਲ ਖ਼ੁਆਰ ਹੋਏ ਹਨ)।੧।

(ਹੇ ਭਾਈ!) ਜੋ ਜੋ (ਜੀਵ ਜੰਤੂ ਵੀ ਜਗਤ ਵਿਚ) ਦਿਸਦਾ ਹੈ, ਓਹ (ਸਭ ਕੋਈ) ਰੋਗੀ ਹੈ। ਰੋਗ ਤੋਂ ਰਹਿਤ (ਕੇਵਲ) ਮੇਰਾ ਸਤਿਗੁਰੂ ਜੋਗੀ ਹੈ (ਜੋ ਪਰਮੇਸ਼ਰ ਨਾਲ ਜੁੜਿਆ ਹੋਇਆ ਹੈ)।੧।ਰਹਾਉ।

(ਹੇ ਭਾਈ!) ਜੀਭ ਦੇ ਰੋਗ ਨੇ ਮੱਛੀ ਨੂੰ ਪਕੜਿਆ ਹੋਇਆ ਹੈ। ਵਾਸ਼ਨਾ (ਸੁਗੰਧੀ) ਦੇ ਰੋਗ ਨੇ ਭਵਰੇ ਨੂੰ ਨਾਸ਼ ਕਰ ਦਿੱਤਾ ਹੈ। ਸਾਰਾ ਸੰਸਾਰ ਮੋਹ ਦੇ ਰੋਗ ਦਾ (ਸ਼ਿਕਾਰ ਹੋਇਆ ਪਿਆ ਹੈ)। (ਸਾਰੇ ਲੋਕ) ਤਿੰਨ ਪ੍ਰਕਾਰ (ਰਜੋ, ਤਮੋ, ਸਤੋ) ਦੇ ਰੋਗ ਵਿਚ ਬੱਝੇ ਹੋਏ ਹਨ।੨।

(ਹੇ ਭਾਈ! ਜੀਵ ਹਉਮੈ) ਰੋਗ ਕਰਕੇ ਜੰਮਦਾ ਹੈ (ਅਤੇ ਇਸੇ) ਰੋਗ ਵਿਚ ਹੀ ਮਰਦਾ ਹੈ (ਭਾਵ ਆਵਾਗਵਣ ਵਿਚ ਪਿਆ ਰਹਿੰਦਾ ਹੈ)। (ਇਸ) ਰੋਗ ਕਰਕੇ ਹੀ (ਮਨੁੱਖ) ਮੁੜ ਮੁੜ (ਵੱਖ ਵੱਖ) ਜੂਨੀਆਂ ਵਿਚ ਭਟਕਦਾ ਰਹਿੰਦਾ ਹੈ। ਰੋਗ ਦੇ ਬੰਧਨ (ਇਤਨੇ ਹਨ ਜਿਨ੍ਹਾਂ ਕਰਕੇ ਜੀਵ) ਰਤਾ ਭਰ ਵੀ

ਨਹੀਂ ਟਿਕਦਾ (ਭਾਵ ਬੌਂਦਲਿਆ ਰਹਿੰਦਾ ਹੈ)। ਸਤਿਗੁਰੂ ਦੀ (ਕਿਰਪਾ) ਤੋਂ ਬਿਨਾਂ (ਇਹ ਰੋਗ) ਬਿਲਕੁਲ ਨਹੀ ਜਾਂਦਾ॥੩॥

(ਹੇ ਭਾਈ!) ਪਰਮੇਸ਼ਰ ਨੇ ਜਿਸ (ਮਨੁੱਖ) ਉਤੇ ਆਪਣੀ ਕਿਰਪਾ-ਦ੍ਰਿਸ਼ਟੀ ਕੀਤੀ, (ਉਸ ਨੂੰ) ਬਾਂਹ ਤੋਂ ਪਕੜ ਕੇ (ਸੰਸਾਰ ਦੇ ਸਮੂਹ) ਰੋਗਾਂ ਤੋਂ ਕੱਢ ਲਿਆ। (ਜਿਸ ਜੀਵ ਨੂੰ) ਸਾਧ ਸੰਗ ਪ੍ਰਾਪਤ ਹੋਇਆ (ਉਸ ਦੇ ਸਾਰੇ) ਬੰਧਨ ਕੱਟੇ ਗਏ। ਨਾਨਕ! ਆਖ ਕਿ ਗੁਰੂ ਨੇ (ਉਸ ਦਾ ਹਰ ਪ੍ਰਕਾਰ ਦਾ) ਰੋਗ ਦੂਰ ਕਰ ਦਿੱਤਾ॥੪॥੭॥੨੦॥

## ਅਰਥ ਭੇਦ ਅਤੇ ਨਿਰਣੈ

**ਤ੍ਰਿਬਿਧਿ ਰੋਗ ਮਹਿ ਬਧੇ ਬਿਕਾਰਾ ॥**

**ਵਖ ਵਖ ਅਰਥ:**

੧- ਤੀਨ ਪ੍ਰਕਾਰ ਕੇ ਰੋਗੋਂ ਮੈਂ ਹੀ ਸਭ ਵਿਕਾਰੋਂ ਕਾ ਸਮਦਾਉ ਬਧਤਾ ਹੈ ਭਾਵ ਸੇ ਰਜੋ ਤਮੋ ਸਤੋ ਗੁਣ ਰੂਪੋਂ ਮੇਂ ਹੀ ਵਿਕਾਰ ਬਧਤੇ ਹਨ। [ਫ.ਸ.

੨- ਤ੍ਰਿਗੁਣੀ ਮਾਇਆ ਦੇ ਮੋਹ ਦੇ ਰੋਗ ਵਿਚ ਬੱਝੇ ਹੋਏ ਜੀਵ ਅਨੇਕਾਂ ਵਿਕਾਰ ਕਰਦੇ ਹਨ। [ਦਰਪਣ

**ਨਿਰਣੈ:** ਇਸ ਪੰਕਤੀ ਵਿਚ 'ਬਧੇ' ਪਦ ਦੇ ਅਰਥ 'ਬਝੇ ਹੋਏ ਠੀਕ ਨਹੀ, 'ਵਧਦੇ' ਠੀਕ ਹਨ, "ਬਧੇ ਬਿਕਾਰ ਲਿਖੇ ਬਹੁ ਕਾਗਰ' (ਪੰਨਾ ੧੯੫) ਭਾਵ ਵਿਕਾਰਾਂ ਦੀ ਬ੍ਰਿਧੀ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੧੧੧੯ ਉਤੇ ਸ਼ਬਦਾਰਥੀ ਵਿਦਵਾਨਾਂ ਨੇ ਵੀ ਆਪਣੇ ਫੁੱਟ ਨੋਟ ਅੰਦਰ ਤਿੰਨਾਂ ਗੁਣਾਂ ਦੀ ਵਿਆਖਿਆ ਕਰਦੇ ਹੋਏ ਵਿਕਾਰਾਂ ਦਾ ਵਧਣਾ ਹੀ ਦਰਸਾਇਆ ਹੈ।

"ਮਨੁੱਖ ਆਮ ਤੌਰ ਤੇ ਤਿੰਨਾਂ ਹਾਲਤਾਂ ਵਿਚ ਰਹਿੰਦਾ ਹੈ। ਜਦ ਉਹ ਵੱਡਾ ਹੋਣ ਦੀ ਖਾਹਿਸ਼ ਕਰਦਾ ਇਧਰ ਉਧਰ ਦੌੜਦਾ ਹੈ, ਤਾਂ ਉਸ ਤੇ 'ਰਜ' ਗੁਣ ਦਾ ਜ਼ੋਰ ਹੁੰਦਾ ਹੈ। ਜਦ ਉਹ ਗੁੱਸੇ ਜਾਂ ਈਰਖਾ ਦੇ ਹਨੇਰੇ ਵਿਚ ਫਿਰਦਾ ਹੈ ਤਾਂ ਉਸ ਵਿਚ 'ਤਮ' ਗੁਣ ਬਹੁਤਾ ਹੁੰਦਾ ਹੈ। ਕਈ ਵੇਰ ਉਹ ਛੱਡ ਛਡਾ ਕੇ ਵੈਰਾਗਮਈ ਹੋ ਜਾਂਦਾ ਹੈ ਤੇ ਦੁਖ ਸੁਖ ਉਸ ਉਤੇ ਅਸਰ ਨਹੀਂ ਕਰਦੇ। ਤਦੋਂ ਉਸ ਦੀ ਬ੍ਰਿਤੀ 'ਸਤ' ਗੁਣ ਵਾਲੀ ਹੁੰਦੀ ਹੈ। ਗੁਰਮਤਿ ਵਿਚ ਇਨ੍ਹਾਂ ਤਿੰਨ੍ਹਾਂ ਤੋਂ ਉਤੇ 'ਸਹਜ' ਪਦ ਜਾਂ ਤੁਰੀਆ (ਚੌਥੀ) ਅਵਸਥਾ ਹੈ, ਜਿਥੇ ਗੁਰਮੁਖ ਪੁਜਦੇ ਹਨ। ਇਸ ਅਵਸਥਾ ਵਿਚ ਓਹ ਇਨ੍ਹਾਂ ਗੁਣਾਂ ਦੇ ਅਧੀਨ ਨਹੀਂ ਹੁੰਦੇ, ਸਗੋਂ ਇਨ੍ਹਾਂ ਤੇ ਕਾਬੂ ਪਾ ਕੇ ਲੋੜ ਅਨੁਸਾਰ ਆਪਣੇ ਫਰਜ਼ ਨੂੰ ਪੂਰਾ ਕਰਨ ਲਈ ਹਰ ਇਕ ਗੁਣ ਦਾ, ਯੋਗ ਵਰਤਾਉ ਕਰਦੇ ਹਨ।"

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਤੋਂ ਇਹ ਚਾਨਣ ਮਿਲਦਾ ਹੈ ਕਿ ਸੰਸਾਰ ਵਿਚ ਜੋ ਕੋਈ ਵੀ ਦਿਸਦਾ ਹੈ, ਸਭ ਤਿੰਨਾਂ ਗੁਣਾਂ ਦੇ ਰੋਗ ਵਿਚ ਹੀ ਫਸਿਆ ਹੋਇਆ ਹੈ। ਰੋਗ ਤੋਂ ਰਹਿਤ ਜੇ ਕੋਈ ਹੈ ਤਾਂ ਉਹ ਕੇਵਲ 'ਮੇਰਾ ਸਤਿਗੁਰ ਜੋਗੀ' ਹੀ ਹੈ।

ਹਾਥੀ, ਪਤੰਗੇ, ਹਿਰਨ, ਮੱਛੀ, ਭਵਰੇ, ਇਹ ਸਾਰੇ ਹੀ ਇਕ ਇਕ ਵਿਕਾਰ ਵਿਚ ਫਸੇ ਹੋਏ ਹਨ ਪਰ ਮਨੁੱਖ ਤਿੰਨ ਗੁਣਾਂ ਦੇ ਵਸ ਹੋਣ ਕਰਕੇ 'ਹਉਮੈ ਦੇ ਰੋਗ ਦੇ ਦੀਰਘ ਸ਼ਿਕਾਰ ਬਣੇ ਹੋਏ ਹਨ ਜਿਸ ਕਰਕੇ ਕਿਸੇ ਨੂੰ ਸੁਖ ਦਾ ਟਿਕਾਣਾ ਨਹੀਂ ਮਿਲਦਾ। ਜਿਹੜੇ ਹਰੀ ਤੋਂ ਵਿਛੜੇ ਹੋਏ ਹਨ, ਉਹ ਜਨਮ ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ।

ਹਰੇਕ ਜੀਵ ਰੋਗਾਂ ਵਿਚ ਜੰਮਦਾ ਹੈ ਤੇ ਰੋਗਾਂ ਵਿਚ ਹੀ ਮਰਦਾ ਹੈ। ਹਾਂ, ਪਾਰਬ੍ਰਹਮ ਨੇ ਜਿਸ ਉਤੇ ਆਪਣੀ ਕਿਰਪਾ ਕਰ ਦਿੱਤੀ, ਗੁਰੂ ਨੇ ਉਸ ਦੀ ਬਾਂਹ ਫੜ ਲਈ, ਉਸ ਨੂੰ ਰੋਗਾਂ ਤੋਂ ਬਚਾਅ ਲਿਆ।

**ਭੈਰਉ ਮਹਲਾ ੫ ॥ ਚੀਤਿ ਆਵੈ, ਤਾਂ ਮਹਾ ਅਨੰਦ ॥ ਚੀਤਿ ਆਵੈ, ਤਾਂ ਸਭਿ ਦੁਖ ਭੰਜ ॥ ਚੀਤਿ ਆਵੈ, ਤਾਂ ਸਰਧਾ ਪੂਰੀ ॥ ਚੀਤਿ ਆਵੈ, ਤਾਂ ਕਬਹਿ ਨ ਝੂਰੀ ॥੧॥ ਅੰਤਰਿ, ਰਾਮਰਾਇ ਪ੍ਰਗਟੇ ਆਇ ॥ ਗੁਰਿ ਪੂਰੈ, ਦੀਓ ਰੰਗੁ ਲਾਇ ॥੧॥ਰਹਾਉ॥ ਚੀਤਿ ਆਵੈ, ਤਾਂ ਸਰਬ ਕੋ ਰਾਜਾ ॥ ਚੀਤਿ ਆਵੈ, ਤਾਂ ਪੂਰੇ ਕਾਜਾ ॥ ਚੀਤਿ ਆਵੈ, ਤਾਂ ਰੰਗਿ ਗੁਲਾਲ ॥ ਚੀਤਿ ਆਵੈ, ਤਾਂ ਸਦਾ ਨਿਹਾਲ ॥੨॥ ਚੀਤਿ ਆਵੈ, ਤਾਂ ਸਦ ਧਨਵੰਤਾ ॥ ਚੀਤਿ ਆਵੈ, ਤਾਂ ਸਦ ਨਿਭਰੰਤਾ ॥ ਚੀਤਿ ਆਵੈ, ਤਾਂ ਸਭਿ ਰੰਗ ਮਾਣੇ ॥ ਚੀਤਿ ਆਵੈ, ਤਾਂ ਚੂਕੀ ਕਾਣੇ ॥੩॥ ਚੀਤਿ ਆਵੈ, ਤਾਂ ਸਹਜ ਘਰੁ ਪਾਇਆ ॥ ਚੀਤਿ ਆਵੈ, ਤਾਂ ਸੁੰਨਿ ਸਮਾਇਆ ॥ ਚੀਤਿ ਆਵੈ, ਸਦ ਕੀਰਤਨੁ ਕਰਤਾ ॥ ਮਨੁ ਮਾਨਿਆ, ਨਾਨਕ ਭਗਵੰਤਾ ॥੪॥੮॥੨੧॥**

## ਉਚਾਰਨ ਸੇਧ

**ਬਿੰਦੀ ਸਹਿਤ:** ਮਹਾਂ, ਮਾਨਿਆਂ।

**ਪਦ ਅਰਥ:** ਚੀਤਿ-ਚਿਤ ਵਿਚ। ਆਵੈ-ਆਉਂਦਾ ਹੈ (ਭਾਵ ਹਿਰਦੇ ਵਿਚ ਯਾਦ ਆਉਂਦਾ ਹੈ)। ਦੁਖ ਭੰਜ-ਦੁੱਖਾਂ ਦਾ ਨਾਸ਼ ਹੋ ਜਾਂਦਾ ਹੈ। ਕਬਹਿ-ਕਦੇ ਵੀ। ਨ ਝੂਰੀ-ਨਹੀਂ ਝੂਰਦਾ, ਫਿਕਰ ਨਹੀਂ ਕਰਦਾ।੧।

ਅੰਤਰਿ-(ਹਿਰਦੇ ਅੰਦਰ)। ਰਾਮ ਰਾਇ-ਵਿਆਪਕ ਪ੍ਰਭੂ ਪਾਤਿਸ਼ਾਹ। ਆਏ-ਆ ਕੇ। ਗੁਰਿ ਪੂਰੈ-ਪੂਰੇ ਗੁਰੂ ਨੇ। ਰੰਗੁ-ਪ੍ਰੇਮ, ਆਤਮਿਕ ਅਨੰਦ।੧।ਰਹਾਉ।

ਸਰਬ ਕੋ-ਸਾਰਿਆਂ ਦਾ। ਕਾਜਾ-ਕਾਜ, ਕੰਮ। ਰੰਗਿ ਗੁਲਾਲ-ਗੂੜ੍ਹੇ ਲਾਲ ਰੰਗ ਵਿਚ ਭਾਵ ਆਤਮਿਕ ਅਨੰਦ ਵਿਚ। ਨਿਹਾਲ-ਪ੍ਰਸੰਨ।੨।

ਸਦ-ਸਦਾ ਹੀ। ਧਨਵੰਤਾ-ਧਨ ਵਾਲਾ। ਨਿਭਰੰਤਾ-ਭ੍ਰਾਂਤੀ (ਭਟਕਣਾ) ਤੋਂ ਰਹਿਤ। ਚੂਕੀ-ਮੁੱਕ ਜਾਂਦੀ ਹੈ। ਕਾਣੇ-ਕਾਣਿ, ਮੁਥਾਜੀ ।੩।

ਸਹਜ ਘਰੁ-ਅਡੋਲ ਅਵਸਥਾ ਦਾ ਟਿਕਾਣਾ। ਸੁੰਨਿ-ਅਫੁਰ (ਅਵਸਥਾ) ਵਿਚ। ਸਮਾਇਆ-ਲੀਨ

ਹੋ ਗਿਆ। ਕੀਰਤਨੁ ਕਰਤਾ-ਰਬੀ ਸਿਫਤਿ ਸਲਾਹ ਕਰਦਾ ਹੈ। ਮਾਨਿਆ-ਮੰਨ ਗਿਆ, ਪਤੀਜ ਗਿਆ। ਭਗਵੰਤਾ-ਪਰਮਾਤਮਾ ਨਾਲ।੪।

**ਅਰਥ:** (ਹੇ ਭਾਈ! ਪਰਮਾਤਮਾ ਜਿਸ ਮਨੁੱਖ ਦੇ) ਚਿਤ ਵਿਚ (ਯਾਦ) ਆਉਂਦਾ ਹੈ, ਤਾਂ (ਉਸ ਲਈ) ਵੱਡਾ ਅਨੰਦ (ਬਣ ਜਾਂਦਾ ਹੈ)। (ਪਰਮਾਤਮਾ ਜਿਸ ਦੇ) ਚਿਤ ਵਿਚ (ਯਾਦ) ਆਉਂਦਾ ਹੈ, ਤਾਂ (ਉਸਦੇ) ਸਾਰੇ ਦੁੱਖਾਂ ਦਾ ਨਾਸ਼ ਹੋ ਜਾਂਦਾ ਹੈ। (ਪਰਮਾਤਮਾ ਜਿਸ ਦੇ) ਚਿਤ ਵਿਚ (ਯਾਦ) ਆਉਂਦਾ ਹੈ ਤਾਂ (ਉਸ ਦੀ ਹਰ ਪ੍ਰਕਾਰ ਦੀ) ਸ਼ਰਧਾ ਪੂਰੀ ਹੋ ਜਾਂਦੀ ਹੈ। (ਪ੍ਰਭੂ ਜਿਸ ਦੇ) ਚਿਤ ਵਿਚ (ਯਾਦ) ਆਉਂਦਾ ਹੈ ਤਾਂ (ਉਹ) ਕਦੇ ਵੀ ਨਹੀਂ ਝੂਰਦਾ।੧।

(ਹੇ ਭਾਈ! ਜਿਸ ਦੇ ਹਿਰਦੇ ਵਿਚ) ਪੂਰੇ ਗੁਰੂ ਨੇ (ਨਾਮ ਦਾ) ਰੰਗ ਲਾ ਦਿੱਤਾ ਹੈ। (ਉਸ ਦੇ) ਹਿਰਦੇ ਵਿਚ ਰਾਮ ਰਾਜਾ (ਪ੍ਰਭੂ ਜੀ) ਆ ਕੇ ਪ੍ਰਗਟ ਹੋ ਗਏ ਹਨ।੧।ਰਹਾਉ।

(ਹੇ ਭਾਈ! ਜਿਸ ਮਨੁੱਖ ਦੇ) ਚਿਤ ਵਿਚ (ਪ੍ਰਭੂ ਯਾਦ) ਆਉਂਦਾ ਹੈ, ਤਾਂ (ਉਹ) ਸਾਰਿਆਂ ਦਾ ਰਾਜਾ (ਬਣ ਜਾਂਦਾ ਹੈ)। (ਜਿਸ ਦੇ) ਚਿਤ ਵਿਚ (ਪ੍ਰਭੂ ਯਾਦ) ਆਉਂਦਾ ਹੈ, ਤਾਂ (ਉਸ ਦੇ ਸਾਰੇ) ਕੰਮ ਪੂਰੇ ਹੋ ਜਾਂਦੇ ਹਨ (ਭਾਵ ਸਿਰੇ ਚੜ੍ਹ ਜਾਂਦੇ ਹਨ)। (ਪ੍ਰਭੂ ਜਿਸ ਦੇ) ਚਿਤ ਵਿਚ (ਯਾਦ) ਆਉਂਦਾ ਹੈ, ਤਾਂ (ਉਹ ਮਨੁੱਖ ਨਾਮ ਦੇ) ਗੂੜ੍ਹੇ ਰੰਗ ਵਿਚ ਲਾਲ ਹੋ ਜਾਂਦਾ ਹੈ। (ਪ੍ਰਭੂ ਜਿਸ ਦੇ) ਚਿਤ ਵਿਚ (ਯਾਦ) ਆਉਂਦਾ ਹੈ ਤਾਂ (ਉਹ ਮਨੁੱਖ) ਸਦਾ ਨਿਹਾਲ (ਪ੍ਰਸੰਨ) ਹੋ ਜਾਂਦਾ ਹੈ।੨।

(ਜਿਸ ਦੇ) ਚਿਤ ਵਿਚ (ਪ੍ਰਭੂ ਯਾਦ) ਆਉਂਦਾ ਹੈ, ਤਾਂ (ਉਹ) ਸਦਾ ਲਈ ਧਨਵਾਨ ਬਣ ਜਾਂਦਾ ਹੈ। (ਜਿਸ ਦੇ) ਚਿਤ ਵਿਚ (ਪ੍ਰਭੂ ਦੀ ਯਾਦ) ਆ ਵਸਦੀ ਹੈ, ਤਾਂ (ਉਹ) ਭਟਕਣਾ ਤੋਂ ਰਹਿਤ ਹੋ ਜਾਂਦਾ ਹੈ। (ਜਿਸ ਦੇ) ਚਿਤ ਵਿਚ (ਪ੍ਰਭੂ) ਯਾਦ ਆਉਂਦਾ ਹੈ ਤਾਂ (ਉਹ ਮਨੁੱਖ) ਸਾਰੇ ਅਨੰਦ ਮਾਣਦਾ ਹੈ। (ਜਿਸ ਦੇ ਚਿਤ ਵਿਚ) ਪ੍ਰਭੂ ਯਾਦ) ਆਉਂਦਾ ਹੈ, ਤਾਂ (ਉਸ ਦੀ ਦੂਜਿਆਂ ਤੋਂ) ਮੁਥਾਜੀ ਮੁੱਕ ਜਾਂਦੀ ਹੈ।੩।

(ਜਿਸਦੇ) ਚਿਤ ਵਿਚ (ਪ੍ਰਭੂ ਯਾਦ) ਆਉਂਦਾ ਹੈ, ਤਾਂ (ਉਸ ਨੂੰ ਅਡੋਲ ਅਵਸਥਾ ਵਾਲਾ ਟਿਕਾਣਾ ਪ੍ਰਾਪਤ ਹੋ ਜਾਂਦਾ ਹੈ। (ਜਿਸ ਮਨੁੱਖ ਦੇ) ਚਿਤ ਵਿਚ (ਪ੍ਰਭੂ ਯਾਦ) ਆਉਂਦਾ ਹੈ, ਤਾਂ (ਉਹ ਮਨੁੱਖ) ਅਫੁਰ ਅਵਸਥਾ ਵਿਚ ਲੀਨ ਹੋ ਜਾਂਦਾ ਹੈ। (ਜਿਸ ਮਨੁੱਖ ਦੇ) ਚਿਤ ਵਿਚ (ਪਰਮਾਤਮਾ ਯਾਦ) ਆਉਂਦਾ ਹੈ, ਤਾਂ (ਉਹ) ਸਦਾ ਹੀ (ਪਰਮਾਤਮਾ ਦਾ ਕੀਰਤਨ) ਸਿਫਤਿ ਸਲਾਹ ਕਰਦਾ ਹੈ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਇਸ ਤਰ੍ਹਾਂ ਉਸ ਮਨੁੱਖ ਦਾ) ਮਨ ਭਗਵੰਤ ਨਾਲ ਮੰਨ ਜਾਂਦਾ ਹੈ ਭਾਵ ਇਕ-ਮਿਕ ਹੋ ਜਾਂਦਾ ਹੈ।੪।੮।੧੨।

## ਅਰਥ ਭੇਦ ਅਤੇ ਨਿਰਣੈ

**ਚੀਤਿ ਆਵੈ ਤਾ ਸਦ ਧਨਵੰਤਾ॥ ਚੀਤਿ ਆਵੈ ਤਾ ਸਦ ਨਿਭਰੰਤਾ॥**

ਪਹਿਲੀ ਪੰਕਤੀ ਦੇ ਅਰਥਾਂ ਬਾਰੇ ਕੋਈ ਮਤ ਭੇਦ ਨਹੀਂ ਪਰ ਦੂਜੀ ਪੰਕਤੀ ਵਿਚ 'ਸਦ ਨਿਭਰੰਤਾ ' ਅਤੇ 'ਸਦਨਿ ਭਰੰਤਾ' ਦੋ ਤਰ੍ਹਾਂ ਪਾਠ ਪਦ ਛੇਦ ਕੀਤਾ ਗਿਆ ਹੈ ਜਿਸ ਦੇ ਅਰਥ ਇਸ ਤਰ੍ਹਾਂ ਹਨ:-

੧. ਜੇ ਚਿਤ ਮੈਂ ਆਵੇ ਤੋਂ ਉਸ ਪੁਰਸ ਦਾ ਰਿਦੈ ਰੂਪੀ (ਸਦਨਿ) ਘਰ ਸੁਭ ਗੁਣ ਕਰਕੇ ਪੂਰਨ ਹੋਤਾ ਹੈ ਵਾ ਸਭ ਭ੍ਰਮ ਤੇ ਰਹਿਤ ਹੋਤਾ ਹੈ। [ਫ. ਸ.

੨. (ਨਿ-ਭਰਾਤਿ) ਭਰਮ ਰਹਿਤ [ਸ਼ਬਦਾਰਥ

੩. ਤਦੋਂ ਉਹ ਸਦਾ ਲਈ ਮਾਇਆ ਦੀ ਖ਼ਾਤਰ ਭਟਕਣਾ ਤੋਂ ਬਚ ਜਾਂਦਾ ਹੈ। [ਦਰਪਣ

੪. ਜਾਂ ਵਾਹਿਗੁਰੂ ਚਿਤ ਆਵੇ ਤਾਂ ਏਹ ਜੀਵ ਸਦਾ ਭਰਾਂਤੀ ਤੋਂ ਰਹਿਤ ਹੁੰਦਾ ਹੈ। [ ਸੰ. ਸ.

**ਨਿਰਣੈ:-** ਜਿਸ 'ਸਦਨ' ਸ਼ਬਦ ਦੇ ਅਰਥ ਘਰ ਹਨ ਉਸ ਦਾ 'ਨ' ਸਿਹਾਰੀ ਰਹਿਤ ਹੁੰਦਾ ਹੈ ਉਹ ਹਿੰਦੀ ਦਾ ਸ਼ਬਦ 'ਸਦਿਨ' ਹੈ। ਕਈ ਸਰੂਪਾਂ ਵਿਚ 'ਸਦਨਿ ਭਰੰਤਾ' ਪਾਠ ਪਦ-ਛੇਦ ਹੈ ਜੋ ਕਿ ਠੀਕ ਨਹੀਂ। 'ਸਦ ਨਿਭਰੰਤਾ' ਸ਼ੁੱਧ ਪਾਠ ਹੈ। ਮਹਾਨ ਕੋਸ਼ ਵਿਚ ਵੀ 'ਸਦ ਨਿਭਰੰਤਾ' ਪਾਠ ਹੀ ਅੰਕਿਤ ਹੈ। ਇਸ ਦੀ ਪੁਸ਼ਟੀ ਵਿਚ ਹੇਠ ਲਿਖੇ ਪ੍ਰਮਾਣ ਵੀ ਗੁਰਬਾਣੀ ਵਿਚੋਂ ਮਿਲਦੇ ਹਨ:-

**੧. ਦੋਵੈ ਸਿਰੈ ਸਤਿਗੁਰੂ ਨਿਬੇੜੇ, ਸੋ ਬੂਝੈ ਜਿਸੁ ਏਕ ਲਿਵ ਲਾਗੀ, ਜੀਅਹੁ ਰਹੈ ਨਿਭਰਾਤੀ॥** [ਪੰਨਾ ੯੯੨

**੨. ਅੰਤਹਿ ਬਿਖੁ ਬਾਹਰਿ ਨਿਭਰਾਤੀ, ਤਾ ਜਮੁ ਕਰੇ ਖੁਆਰੀ॥** [ਪੰਨਾ ੧੦੧੩

**੩. ਕਥਨੀ ਬਦਨੀ, ਰਹੈ ਨਿਭਰਾਂਤਿ ॥** [ਪੰਨਾ ੧੨੧੩

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਸਿਮਰਨ ਦੇ ਲਾਭ ਦਸੇ ਹਨ। ਜਿਸ ਦੇ ਚਿਤ ਵਿਚ ਪਰਮੇਸ਼ਰ ਯਾਦ ਆਂਦਾ ਹੈ ਉਸ ਦੀਆਂ ਨਿਸ਼ਾਨੀਆਂ ਕੀ ਹਨ ?

੧- ਉਹ ਸਦਾ ਅਨੰਦ ਵਿਚ ਰਹਿੰਦਾ ਹੈ। ੨- ਉਸ ਦੇ ਸਾਰੇ ਦੁੱਖ ਨਾਸ਼ ਹੋ ਜਾਂਦੇ ਹਨ।

੩- ਉਹ ਕਦੇ ਵੀ ਝੂਰਦਾ ਨਹੀਂ ਹੈ। ੪- ਉਹ ਕਿਸੇ ਦਾ ਮੁਹਤਾਜ ਨਹੀਂ ਹੁੰਦਾ।

੫- ਉਹ ਸਦਾ ਪਰਮੇਸ਼ਰ ਦੀ ਸਿਫਤਿ ਸਾਲਾਹ ਵਿਚ ਰੱਤਾ ਰਹਿੰਦਾ ਹੈ।

੬- ਉਹ ਧਨਵਾਨ ਰਹਿੰਦਾ ਹੈ, ਕਦੇ ਕੰਗਾਲ ਨਹੀਂ ਹੁੰਦਾ, ਅਤੇ ਸਦਾ ਲਈ ਨਿਹਾਲ ਹੋ ਜਾਂਦਾ ਹੈ। ਇਹ ਸਾਰੀਆਂ ਬਰਕਤਾਂ ਪਰਮੇਸ਼ਰ ਦੇ ਸਿਮਰਨ ਵਿਚ ਹਨ।

ਬਿਲਾਵਲ ਰਾਗ ਵਿਚ ਵੀ ਪ੍ਰਭੂ ਦੇ ਚਿਤ ਵਿਚ ਆਉਣ ਨਾਲ ਜੋ ਲਾਭ ਹੁੰਦਾ ਹੈ ਉਸ ਦਾ ਇਉਂ ਵਰਣਨ ਕੀਤਾ ਹੈ:-

**੧. ਪ੍ਰਭ ਚਿਤਿ ਆਏ, ਸਭੁ ਦੁਖੁ ਜਾਇ ॥** [ਪੰਨਾ ੧੮੪

**੨. ਪ੍ਰਭੁ ਚਿਤਿ ਆਵੈ ਤਾਂ ਕੈਸੀ ਭੀੜ ॥** [ਪੰਨਾ ੮੦੨

**੩. ਪ੍ਰਭ ਚਿਤਿ ਆਏ, ਪੂਰਨ ਸਭ ਕਾਜ ॥** [ਪੰਨਾ ੮੦੨

**ਭੈਰਉ ਮਹਲਾ ੫ ॥ ਬਾਪੁ ਹਮਾਰਾ, ਸਦ ਚਰੰਜੀਵੀ ॥ ਭਾਈ ਹਮਾਰੇ, ਸਦ ਹੀ ਜੀਵੀ ॥ ਮੀਤ ਹਮਾਰੇ, ਸਦਾ ਅਬਿਨਾਸੀ ॥ ਕੁਟੰਬੁ ਹਮਾਰਾ, ਨਿਜਘਰਿ ਵਾਸੀ**

॥੧॥ ਹਮ ਸੁਖੁ ਪਾਇਆ, ਤਾਂ ਸਭਹਿ ਸੁਹੇਲੇ ॥ ਗੁਰਿ ਪੂਰੈ, ਪਿਤਾ ਸੰਗਿ ਮੇਲੇ ॥੧॥ ਰਹਾਉ ॥ ਮੰਦਰ ਮੇਰੇ, ਸਭ ਤੇ ਊਚੇ ॥ ਦੇਸ ਮੇਰੇ, ਬੇਅੰਤ ਅਪੂਛੇ ॥ ਰਾਜੁ ਹਮਾਰਾ, ਸਦ ਹੀ ਨਿਹਚਲੁ ॥ ਮਾਲੁ ਹਮਾਰਾ, ਅਖੂਟੁ ਅਬੇਚਲੁ ॥੨॥ ਸੋਭਾ ਮੇਰੀ, ਸਭ ਜੁਗ ਅੰਤਰਿ ॥ ਬਾਜ ਹਮਾਰੀ, ਥਾਨ ਥਨੰਤਰਿ ॥ ਕੀਰਤਿ ਹਮਰੀ, ਘਰਿ ਘਰਿ ਹੋਈ ॥ ਭਗਤਿ ਹਮਾਰੀ, ਸਭਨੀ ਲੋਈ ॥੩॥ ਪਿਤਾ ਹਮਾਰੇ, ਪ੍ਰਗਟੇ ਮਾਝ ॥ ਪਿਤਾ ਪੂਤ ਰਲਿ ਕੀਨੀ ਸਾਂਝ ॥ ਕਹੁ ਨਾਨਕ, ਜਉ ਪਿਤਾ ਪਤੀਨੇ ॥ ਪਿਤਾ ਪੂਤ, ਏਕੈ ਰੰਗਿ ਲੀਨੇ ॥੪॥੯॥੨੨॥

**ਪਦ ਅਰਥ:** ਬਾਪੁ-ਪਿਤਾ (ਪ੍ਰਭੂ)। ਸਦ ਚਰੰਜੀਵੀ-ਸਦੀਵੀ ਜੀਵਨ ਵਾਲੇ ਹਨ। ਭਾਈ-ਭਰਾ, ਸਤਿਸੰਗੀ ਵੀਰ। ਜੀਵੀ-ਜੀਉਂਦੇ ਹਨ। ਅਬਿਨਾਸੀ-ਨਾਸ਼ ਤੋਂ ਰਹਿਤ। ਕੁਟੰਬੁ-ਪਰਵਾਰ (ਭਾਵ ਇੰਦ੍ਰੀਆਂ, ਬ੍ਰਿਤੀਆਂ)। ਨਿਜ ਘਰਿ-ਆਪਣੇ ਘਰ ਵਿਚ। ਵਾਸੀ-ਵਸਣ ਵਾਲਾ।੧।

ਸਭਹਿ-ਸਭ ਹੀ, ਸਾਰੇ ਹੀ (ਭਾਈ ਮਿੱਤਰ, ਕੁਟੰਬੀ)। ਸੁਹੇਲੇ-ਸੁਖੀ ਹੋ ਗਏ। ਗੁਰਿ ਪੂਰੈ-ਪੂਰੇ ਗੁਰੂ ਨੇ। ਪਿਤਾ ਸੰਗਿ-ਪ੍ਰਭੂ ਪਿਤਾ ਨਾਲ।੧।ਰਹਾਉ।

ਮੰਦਰ ਮੇਰੇ-ਮੇਰੇ ਰਹਿਣ ਵਾਲੇ ਮਹਿਲ। ਦੇਸ-ਵਤਨ। ਅਪੂਛੇ-ਪੁੱਛ ਤੋਂ ਪਰੇ। ਨਿਹਚਲੁ-ਪੱਕਾ, ਸਦਾ ਕਾਇਮ ਰਹਿਣ ਵਾਲਾ ਪਦਾਰਥ। ਅਖੂਟ-ਨਾ ਮੁਕਣ ਵਾਲਾ। ਅਬੇਚਲੁ-ਅਬਿਚਲ-ਨਾ ਚਲਾਇਮਾਨ।੨।

ਸੋਭਾ-ਵਡਿਆਈ। ਬਾਜ-ਪ੍ਰਸਿਧੀ। ਥਾਨ ਥਨੰਤਰਿ-(ਸਭ) ਥਾਵਾਂ ਤੇ, ਬਾਹਰ ਅਤੇ ਅੰਦਰ। ਕੀਰਤਿ-ਕੀਰਤੀ, ਵਡਿਆਈ। ਘਰਿ ਘਰਿ-ਹਰੇਕ ਘਰ (ਹਿਰਦੇ) ਵਿਚ। ਲੋਈ-(ਲੋਈ) ਲੋਕਾਂ ਵਿਚ।੩।

ਮਾਝ-(ਹਿਰਦੇ) ਵਿਚ। ਰਲਿ-ਰਲ ਕੇ। ਸਾਂਝ-ਅੰਦਰ। ਜਦੋ-ਜਦੋਂ। ਪਿਤਾ ਪਤੀਨੇ-ਪਿਤਾ ਪ੍ਰਸੰਨ ਹੋ ਗਏ। ਪੂਤ-ਪੁੱਤਰ। ਏਕੈ ਰੰਗਿ-ਇਕੋ (ਪ੍ਰਭੂ ਦੇ) ਪ੍ਰੇਮ ਵਿਚ। ਲੀਨੇ-ਲੀਨ ਹੋ ਗਏ, ਜੁੜ ਗਏ।੪।

**ਅਰਥ:** (ਹੇ ਭਾਈ!) ਸਾਡਾ (ਪ੍ਰਭੂ) ਪਿਤਾ ਸਦਾ ਜੀਉਂਦਾ ਰਹਿਣ ਵਾਲਾ ਹੈ, ਸਾਡੇ ਭਾਈ ਸਤਿਸੰਗੀ ਭਰਾ ਵੀ ਸਦੀਵੀ ਜੀਵਨ ਵਾਲੇ ਹਨ। ਸਾਡੇ ਮਿੱਤਰ ਨਾਸ਼ ਤੋਂ ਰਹਿਤ ਹਨ। ਸਾਡਾ (ਸਾਰਾ) ਪਰਵਾਰ ਨਿਜ ਘਰ ਦਾ ਵਾਸੀ ਹੈ।੧।

(ਹੇ ਭਾਈ! ਜਦੋਂ) ਪੂਰੇ ਗੁਰੂ ਨੇ ਪਿਤਾ (ਪ੍ਰਭੂ) ਨਾਲ ਮੇਲਿਆ, (ਆਤਮਿਕ) ਸੁਖ ਪ੍ਰਾਪਤ ਕੀਤਾ ਤਾਂ ਸਾਰੇ ਸਨਬੰਧੀ ਸੁਖੀ ਹੋ ਗਏ।੧।ਰਹਾਉ।

(ਹੇ ਭਾਈ! ਪਿਤਾ ਮਿਲਾਪ ਦੇ ਫਲਸਰੂਪ) ਮੇਰੇ ਅੰਦਰ ਰਿਹਾਇਸ਼ੀ-ਟਿਕਾਣੇ ਸਭ ਤੋਂ ਉਚੇ ਹੋ ਗਏ ਹਨ। ਮੇਰੇ ਦੇਸ਼ ਵੀ ਬੇਅੰਤ ਹੋ ਗਏ ਹਨ (ਜਿਹੜੇ ਕਿਸੇ ਦੀ) ਪੁੱਛ ਪਰਤੀਤ ਤੋਂ ਬਾਹਰ ਹਨ। ਸਾਡਾ ਰਾਜ ਸਦਾ ਹੀ ਅਚਲ ਤੇ ਅਟੱਲ ਹੈ। ਮਾਲ (ਖਜ਼ਾਨਾ) ਸਾਡਾ ਅਮੁੱਕ (ਅਤੇ) ਅਬੇਚਲੁ (ਭਾਵ ਚਲਾਇਮਾਨ ਨਹੀਂ) ਹੈ।੨।

(ਹੇ ਭਾਈ! ਪਿਤਾ ਨਾਲ ਪਈ ਸਾਂਝ ਦਾ ਸਦਕਾ) ਮੇਰੀ ਸ਼ੋਭਾ (ਵਡਿਆਈ) ਸਾਰੇ ਜੁਗਾਂ ਅੰਦਰ (ਫੈਲ ਗਈ ਹੈ)। ਸਾਡੀ ਪ੍ਰਸਿਧੀ ਸਭ ਥਾਵਾਂ ਤੇ ਬਾਹਰ ਤੇ ਅੰਦਰ (ਸੁਤੇ ਹੀ ਹੋ ਰਹੀ ਹੈ)। ਹਰੇਕ ਘਰ ਵਿੱਚ ਸਾਡੀ (ਪ੍ਰਭੂ ਰੂਪ ਅੰਦਰ) ਕੀਰਤੀ ਹੋ ਰਹੀ ਹੈ। (ਪ੍ਰਭੂ ਰੂਪ ਵਿਚ) ਸਾਡੀ ਭਗਤੀ ਸਾਰੇ ਲੋਕਾਂ ਵਿਚ (ਜਾਣੀ ਜਾ ਰਹੀ ਹੈ)।੩।

(ਹੇ ਭਾਈ!) ਸਾਡੇ ਪਿਤਾ (ਪਰਮੇਸ਼ੁਰ ਹਿਰਦੇ) ਵਿਚ ਪ੍ਰਗਟ ਹੋ ਗਏ ਹਨ। ਪਿਤਾ ਤੇ ਪੁੱਤਰ ਨੇ (ਆਪਸ ਵਿਚ) ਰਲ ਮਿਲ ਕੇ ਗੁਣਾਂ ਦੀ ਸਾਂਝ ਕੀਤੀ ਹੈ। ਨਾਨਕ! ਆਖ ਕਿ ਜਦੋਂ ਪਿਤਾ (ਪ੍ਰਭੂ ਆਪਣੇ) ਪੁੱਤਰ ਉਤੇ ਪਤੀਜ ਗਏ (ਤਾਂ) ਪਿਤਾ ਪੁੱਤਰ ਇਕੋ (ਹਰੀ ਨਾਮ ਦੇ) ਰੰਗ (ਪ੍ਰੇਮ) ਵਿਚ ਅਭੇਦ ਹੋ ਗਏ। ਇਸ ਤਰ੍ਹਾਂ ਜੀਵ ਪੁੱਤਰ ਤੇ ਪਿਤਾ ਪਰਮੇਸ਼ਰ ਦਾ ਪਰਸਪਰ ਸੁਮੇਲ ਹੋ ਗਿਆ।੪।੯।੨੨।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਸਾਰੀ ਅੰਤਰ ਆਤਮੇ ਦੀ ਖੇਡ ਦਾ ਵਰਣਨ ਹੈ। ਜਦੋਂ ਪਿਤਾ ਪਤੀਨੇ ਵਾਲੀ ਖੇਡ ਵਾਪਰਦੀ ਹੈ ਤਾਂ ਪੂਰਾ ਸਤਿਗੁਰੂ ਪਿਤਾ ਪਰਮੇਸ਼ਰ ਜੀ ਜੋ ਸਦਾ ਕਾਇਮ ਰਹਿਣ ਵਾਲੇ ਹਨ, ਨਾਲ ਮੇਲ ਕਰਾ ਦਿੰਦਾ ਹੈ, ਓਦੋਂ ਜਗਿਆਸੂ ਦੀ ਅਵਸਥਾ ਦਾ ਪੂਰਾ ਵਰਣਨ ਕਰਨਾ ਅਸੰਭਵ ਹੁੰਦਾ ਹੈ।

ਹਿਰਦੇ ਵਿਚ ਪਿਤਾ ਦਾ ਪ੍ਰਗਟ ਹੋਣਾ, ਪਿਤਾ ਤੇ ਪੁੱਤਰ ਦੀ ਪਰਸਪਰ ਸਾਂਝ ਹੋਣੀ, ਇਹ ਸ਼ੋਭਾ ਸਾਰੇ ਸੰਸਾਰ ਅੰਦਰ ਫੈਲਣੀ ਬਹੁਤ ਵੱਡੀ ਗੱਲ ਹੈ। ਜਿਵੇਂ ਗੁਰਬਾਣੀ ਵਿਚ ਫੁਰਮਾਨ ਹੈ:-

**ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ॥ ਬੁਲਾਇਆ ਬੋਲੈ ਗੁਰ ਕੈ ਭਾਣਿ॥**
**ਗੁਝੀ ਛੰਨੀ ਨਾਹੀ ਬਾਤ ॥ ਗੁਰੁ ਨਾਨਕੁ ਤੁਠਾ, ਕੀਨੀ ਦਾਤਿ ॥** [ਪੰਨਾ ੩੯੬

ਜਦੋਂ ਸਾਈਂ ਤ੍ਰੁੱਠ ਪੈਂਦਾ ਹੈ ਤਾਂ ਧ੍ਰੂ ਵਾਂਗੂੰ ਅਬਿਚਲ ਰਾਜ ਦਾ ਵਰ ਮਿਲ ਜਾਂਦਾ ਹੈ:-

**ਅਬਿਚਲ ਰਾਜ ਕਰਹੁ ਨਿਤ ਨੀਤਾ ॥** [ਭਾ. ਗੁਰਦਾਸ ਜੀ

ਸਿਧਾਂਤ ਇਹ ਹੈ ਕਿ ਜਿਸ ਨੂੰ ਪਰਮਾਤਮਾ ਹੀ ਵੱਡਾ ਪਿਤਾ ਮਿਲ ਜਾਵੇ, ਉਸ ਦੀ ਵਡਿਆਈ ਤੇ ਸੁੱਖਾਂ ਦਾ ਕੋਈ ਮਨੁੱਖ ਅੰਤ ਨਹੀਂ ਪਾ ਸਕਦਾ।

ਸੰਪ੍ਰਦਾਈ ਸਟੀਕ ਦੇ ਕਰਤਾ ਨੇ ਪਹਿਲੀਆਂ ਦੋ ਪੰਕਤੀਆਂ ਦੇ ਅਰਥ ਇਸ ਤਰ੍ਹਾਂ ਕੀਤੇ ਹਨ:-

"ਸਾਡੇ ਪਿਤਾ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਸਦਾ ਚਿਰੰਜੀਵੀ ਹਨ। ਸਾਡੇ ਭਰਾ ਮਹਾਦੇਵ ਜੀ ਜੋਗਾ ਅਭਿਆਸੀ ਕਰਕੇ ਸਦਾ ਹੀ ਜੀਵਨ ਅਵਸਥਾ ਵਾਲੇ ਹਨ।

ਸਾਡੇ ਮਿੱਤਰ ਬਾਬਾ ਬੁੱਢਾ ਸਾਹਿਬ ਜੀ ਸਦਾ ਨਾਸ਼ ਤੋਂ ਰਹਿਤ ਹਨ। ਸਾਡਾ ਪਰਤੱਖ ਕੁਟੰਬ, ਵਾ ਸਿੱਖੀ ਸੇਵਕੀ ਰੂਪ ਕੁਟੰਬ ਸਰੂਪ ਰੂਪੀ ਨਿਜ ਘਰ ਵਿਚ ਵਸ ਰਿਹਾ ਹੈ ਵਾ ਆਪੋ ਆਪਣੇ ਘਰ ਵਿਚ ਸੁਖੀ ਵਸ ਰਿਹਾ ਹੈ।"

ਅਜਿਹੇ ਅਰਥ ਸਧਾਰਨ ਪਾਠਕਾਂ ਲਈ ਭੁਲੇਖੇ ਦਾ ਕਾਰਨ ਬਣ ਸਕਦੇ ਹਨ। ਇਸ ਸ਼ਬਦ ਵਿਚ ਵਰਤੇ ਹੋਏ ਬਾਪ, ਭਾਈ, ਮੀਤ, ਕੁਟੰਬ ਆਦਿ ਸ਼ਬਦ ਅਲੰਕਾਰਕ ਰੂਪ ਵਿਚ ਵਰਤੇ ਹੋਏ ਹਨ। ਇਸ ਤੋਂ ਪਿਛਲੇ ਸ਼ਬਦ ਦੀ ਰਹਾਉ ਵਾਲੀ ਪੰਕਤੀ "ਅੰਤਰਿ ਰਾਮ ਰਾਇ ਪ੍ਰਗਟੇ ਆਇ॥ ਗੁਰਿ ਪੂਰੈ

ਦੀਓ ਰੰਗੁ ਲਾਇ' ਤੋਂ ਦੋਹਾਂ ਸ਼ਬਦਾਂ ਦੀ ਸਾਂਝ ਦਾ ਪਤਾ ਲਗਦਾ ਹੈ ਕਿ ਇਹ 'ਸਹਜ ਅਵਸਥਾ' ਦੇ ਵਾਸੀਆਂ ਦੀ ਸ਼ਬਦਾਵਲੀ ਹੈ।

**ਭੈਰਉ ਮਹਲਾ ੫ ॥ ਨਿਰਵੈਰ ਪੁਰਖ ਸਤਿਗੁਰ ਪ੍ਰਭ ਦਾਤੇ ॥ ਹਮ ਅਪਰਾਧੀ, ਤੁਮ ਬਖਸਾਤੇ ॥ ਜਿਸੁ ਪਾਪੀ ਕਉ ਮਿਲੈ ਨ ਢੋਈ ॥ ਸਰਣਿ ਆਵੈ, ਤਾਂ ਨਿਰਮਲੁ ਹੋਈ ॥੧॥ ਸੁਖੁ ਪਾਇਆ, ਸਤਿਗੁਰੂ ਮਨਾਇ ॥ ਸਭ ਫਲ ਪਾਏ ਗੁਰੂ ਧਿਆਇ ॥੧॥ਰਹਾਉ॥ ਪਾਰਬ੍ਰਹਮ ਸਤਿਗੁਰ ਆਦੇਸੁ ॥ ਮਨੁ ਤਨੁ ਤੇਰਾ, ਸਭੁ ਤੇਰਾ ਦੇਸੁ ॥ ਚੂਕਾ ਪੜਦਾ, ਤਾਂ ਨਦਰੀ ਆਇਆ ॥ ਖਸਮੁ ਤੂ ਹੈ, ਸਭਨਾ ਕੇ ਰਾਇਆ ॥੨॥ ਤਿਸੁ ਭਾਣਾ, ਸੂਕੇ ਕਾਸਟ ਹਰਿਆ ॥ ਤਿਸੁ ਭਾਣਾ, ਤਾਂ ਥਲ ਸਿਰਿ ਸਰਿਆ ॥ ਤਿਸੁ ਭਾਣਾ, ਤਾਂ ਸਭਿ ਫਲ ਪਾਏ ॥ ਚਿੰਤ ਗਈ, ਲਗਿ ਸਤਿਗੁਰ ਪਾਏ ॥੩॥ ਹਰਾਮਖੋਰ ਨਿਰਗੁਣ ਕਉ ਤੂਠਾ ॥ ਮਨੁ ਤਨੁ ਸੀਤਲੁ, ਮਨਿ ਅੰਮ੍ਰਿਤੁ ਵੂਠਾ ॥ ਪਾਰਬ੍ਰਹਮ ਗੁਰ ਭਏ ਦਇਆਲਾ ॥ ਨਾਨਕ ਦਾਸ ਦੇਖਿ ਭਏ ਨਿਹਾਲਾ ॥੪॥੧੦॥੨੩॥**

## ਉਚਾਰਨ ਸੇਧ

**ਬਿੰਦੀ ਸਹਿਤ :** ਹੈਂ, ਪਾਏਂ।

**ਜੁਟਕਲ :** ਬਖਸ਼ਾਤੇ, ਕਾਸਟ, ਹਰਾਮਖ਼ੋਰ।

**ਪਦ ਅਰਥ:** ਨਿਰਵੈਰ-ਵੈਰ ਤੋਂ ਰਹਿਤ। ਅਪਰਾਧੀ-ਪਾਪੀ। ਬਖਸਾਤੇ-ਬਖਸ਼ਣ ਵਾਲੇ। ਢੋਈ-ਆਸਰਾ। ਨਿਰਮਲੁ-ਪਵਿੱਤਰ।੧। ਮਨਾਇ-ਮਨਾ ਕੇ, ਪ੍ਰਸੰਨ ਕਰਕੇ। ਧਿਆਇ-ਸਿਮਰ ਕੇ।੧।ਰਹਾਉ।

ਪਾਰਬ੍ਰਹਮ-ਹੇ ਪਾਰਬ੍ਰਹਮ!। ਆਦੇਸੁ-ਨਮਸਕਾਰ। ਪੜਦਾ-(ਅਗਿਆਨਤਾ ਦਾ) ਪੜਦਾ, ਵਿਥ। ਨਦਰੀ ਆਇਆ-ਨਜ਼ਰ ਵਿਚ ਆਇਆ ਭਾਵ ਦਰਸ਼ਨ ਕੀਤੇ। ਖਸਮੁ-ਮਾਲਕ। ਰਾਇਆ-ਰਾਜਾ,ਹੇ ਪਾਤਿਸ਼ਾਹ!।੨।

ਤਿਸੁ ਭਾਣਾ-ਉਸ (ਪ੍ਰਭੂ ਨੂੰ) ਚੰਗਾ ਲਗਾ। ਸੂਕੇ ਹਰਿਆ-ਸੁੱਕੇ ਕਾਠ ਹਰੇ ਹੋ ਗਏ, ਭਾਵ ਉਨ੍ਹਾਂ ਨੂੰ ਫਲ ਲਗ ਗਏ। ਥਲ ਸਿਰਿ-ਸੁਕੀ ਧਰਤੀ ਦੇ ਸਿਰ ਉਤੇ। ਸਰਿਆ-ਸਰ, ਸਰੋਵਰ। ਲਗਿ-ਲਗ ਕੇ। ਪਾਏ-ਪੈਰਾਂ ਤੇ, ਚਰਨੀਂ।੩।

ਹਰਾਮ ਖੋਰ-ਬੇਗਾਨਾ ਹੱਕ ਮਾਰਨ ਵਾਲਾ। ਤੂਠਾ-ਤੁੱਠਾ, ਦਇਆਲੂ ਹੋਇਆ। ਸੀਤਲੁ-ਠੰਢਾ, ਸ਼ਾਂਤ। ਮਨਿ-ਮਨ ਵਿਚ। ਅੰਮ੍ਰਿਤੁ-(ਨਾਮ) ਅੰਮ੍ਰਿਤ। ਵੂਠਾ-ਵੱਸ ਪਿਆ।੪।

**ਅਰਥ:** ਹੇ ਵੈਰ ਤੋਂ ਰਹਿਤ ਸਤਿਗੁਰੂ ਪੁਰਖ ਜੀ! ਹੇ ਦਾਤਾਰ ਪ੍ਰਭੂ ਜੀ! ਅਸੀਂ ਪਾਪੀ ਹਾਂ, ਤੁਸੀਂ ਸਾਡੀਆਂ (ਭੁਲਾਂ) ਬਖਸ਼ਣ ਵਾਲੇ ਹੋ। ਜਿਸ ਪਾਪੀ ਨੂੰ (ਕਿਤੇ ਵੀ) ਆਸਰਾ ਨਹੀਂ ਮਿਲਦਾ (ਜਦੋਂ ਉਹ ਤੁਹਾਡੀ) ਸ਼ਰਨ ਵਿਚ ਆਉਂਦਾ ਹੈ ਤਾਂ (ਉਹ ਨਾਮ ਜਪ ਕੇ, ਸੇਵਾ ਕਰਕੇ) ਪਵਿੱਤਰ ਹੋ ਜਾਂਦਾ ਹੈ।੧।

(ਹੇ ਭਾਈ! ਅਸਾਂ) ਸਤਿਗੁਰੂ ਨੂੰ ਮਨਾ ਕੇ (ਸੱਚਾ) ਸੁਖ ਪ੍ਰਾਪਤ ਕਰ ਲਿਆ ਹੈ। ਗੁਰੂ ਨੂੰ ਸਿਮਰ

ਕੇ ਸਾਰੇ ਫਲ ਪਾ ਲਏ ਹਨ।੧।ਰਹਾਉ।

ਹੇ ਪਾਰਬ੍ਰਹਮ (ਰੂਪ) ਸਤਿਗੁਰੂ! (ਆਪ ਜੀ ਨੂੰ ਮੇਰੀ) ਨਮਸਕਾਰ ਹੈ। (ਇਹ) ਮਨ ਤਨ ਤੇਰਾ ਹੈ (ਅਤੇ) ਸਾਰਾ ਦੇਸ਼ ਹੀ ਤੇਰਾ (ਰਚਿਆ ਹੋਇਆ) ਹੈ। (ਜਦੋਂ ਭਰਮ ਤੇ ਮਾਇਆ ਮੋਹ ਦਾ) ਪੜਦਾ ਦੂਰ ਹੋਇਆ ਤਾਂ ਦਿਸ ਪਿਆ ਕਿ ਤੂੰ (ਸਭ ਦਾ) ਮਾਲਕ ਹੈਂ, (ਸਭ ਜੀਆਂ ਦਾ) ਰਾਜਾ (ਪਾਤਿਸ਼ਾਹ) ਹੈਂ।੨।

(ਹੇ ਭਾਈ! ਜਦੋਂ) ਉਸ (ਪ੍ਰਭੂ ਨੂੰ) ਚੰਗਾ ਲੱਗਾ, ਤਾਂ ਸੁੱਕੇ ਕਾਠ ਹਰੇ ਹੋ ਗਏ। (ਜਦੋਂ) ਉਸ ਨੂੰ ਭਾਇਆ, ਤਾਂ ਸੁੱਕੀ ਧਰਤੀ ਦੇ ਸਿਰ ਉਤੇ ਸਰੋਵਰ ਬਣ ਗਏ। (ਜਦ) ਉਸ ਪ੍ਰਭੂ ਨੂੰ ਚੰਗਾ ਲਗਾ, ਤਾਂ ਸਾਰੇ ਫਲ ਪ੍ਰਾਪਤ ਹੋ ਗਏ। ਸਤਿਗੁਰੂ ਦੀ ਚਰਨੀ ਲਗ ਕੇ (ਹਰ ਪ੍ਰਕਾਰ) ਦੀ ਚਿੰਤਾ ਦੂਰ ਹੋ ਗਈ।੩।

(ਹੇ ਭਾਈ! ਉਹ ਪ੍ਰਭੂ ਇਸ) ਹਰਾਮ ਖ਼ੋਰ, ਗੁਣਾਂ ਤੋਂ ਸਖਣੇ ਜੀਵ ਉਤੇ (ਆਪ) ਤ੍ਰੁੱਠਾ। (ਉਸ ਨੇ ਮਿਹਰ ਕੀਤੀ), ਮਨ, ਤਨ, ਠੰਢਾ ਹੋ ਗਿਆ, ਮਨ ਵਿਚ ਅੰਮ੍ਰਿਤ ਨਾਮ (ਵਸ ਗਿਆ)। (ਹੇ ਭਾਈ!) ਜਦੋਂ ਪਾਰਬ੍ਰਹਮ ਗੁਰੂ (ਆਪਣੇ ਦਾਸਾਂ ਤੇ) ਦਇਆਲੂ ਹੋਏ, ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਉਦੋਂ) ਦਾਸ (ਪ੍ਰਭੂ ਨੂੰ) ਵੇਖ ਕੇ ਨਿਹਾਲ ਹੋ ਗਏ।੪।੧੦।੨੩।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਸਤਿਗੁਰੂ ਸਚੇ ਪਾਤਿਸ਼ਾਹ ਜੀ ਦੀ ਮਹਾਨ ਵਡਿਆਈ ਨੂੰ ਵਿਅਕਤ ਕੀਤਾ ਗਿਆ ਹੈ।

ਸਤਿਗੁਰੂ ਦੀ ਆਗਿਆ ਮੰਨਣੀ ਹੀ ਸਤਿਗੁਰੂ ਨੂੰ ਮੰਨਾਉਣਾ ਹੈ। ਸਤਿਗੁਰੂ ਨੂੰ ਰੀਝਾਇਆਂ ਮੰਨਾਇਆਂ ਹੀ ਆਤਮਿਕ ਸੁਖ ਪ੍ਰਾਪਤ ਹੁੰਦਾ ਹੈ। ਇਸ ਦੇ ਨਾਲ ਹੀ ਮਨ ਬਾਂਛਤ ਫਲ ਪ੍ਰਾਪਤ ਹੋ ਜਾਂਦੇ ਹਨ। ਸਤਿਗੁਰੂ ਨਿਰਵੈਰ ਤੇ ਦਾਤਾਰ ਪੁਰਖ ਹਨ, ਅਸੀਂ ਸਾਰੇ ਅਲਪਗ ਜੀਵ ਸਦਾ ਭੁਲਣਹਾਰ ਤੇ ਪਾਪੀ ਹਾਂ। ਪਰ ਗੁਰੂ ਦਾ ਇਹ ਬਿਰਦ ਹੈ ਕਿ ਜਿਹੜਾ ਸਤਿਗੁਰੂ ਦੀ ਸ਼ਰਨ ਆ ਜਾਵੇ, ਉਹ ਭਾਵੇਂ ਕੋਈ ਵੀ ਹੋਵੇ, ਕਿਸੇ ਜਾਤ ਪਾਤ ਦਾ ਭਿੰਨ ਭੇਦ ਨਹੀਂ, ਸਤਿਗੁਰੂ ਦੀ ਸ਼ਰਨ ਆ ਜਾਵੇ, ਸਤਿਗੁਰੂ ਸਭ ਦੇ ਅਉਗਣ ਬਖਸ਼ ਕੇ ਆਪਣੇ ਗਲ ਨਾਲ ਲਾ ਲੈਂਦੇ ਹਨ।

'ਹਰਾਮਖੋਰ ਨਿਰਗੁਣ ਕਉ ਤੂਠਾ' ਵਾਲੇ ਅੰਮ੍ਰਿਤ ਬਚਨ ਕਿਤਨੀ ਨਿਮਰਤਾ ਤੇ ਸੀਤਲਤਾ ਵਾਲੇ ਹਨ। ਜਦੋਂ ਅਗਿਆਨਤਾ ਦਾ ਪੜਦਾ ਚੁਕਿਆ ਜਾਂਦਾ ਹੈ ਤਾਂ ਸੋਝੀ ਆਉਂਦੀ ਹੈ ਕਿ ਸਭ ਸਰੂਪ ਸਤਿਗੁਰੂ ਜੀ ਦੇ ਹਨ, ਸਤਿਗੁਰੂ ਸਾਰਿਆਂ ਦਾ ਖਸਮ ਹੈ, ਅਤੇ ਬ੍ਰਹਮੰਡਾਂ ਦਾ ਰਾਜਾ ਹੈ। ਗੁਰੂ ਤੇ ਪਰਮੇਸ਼ੁਰ ਅਭੇਦ ਹਨ, ਇਸ ਰੂਪ ਵਿਚ ਸਾਰੀ ਕੀਰਤ ਵਡਿਆਈ ਸਤਿਗੁਰੂ ਤੇ ਹੀ ਢੁਕਦੀ ਹੈ।

ਸ਼ਬਦਾਰਥੀ ਵਿਦਵਾਨਾਂ ਨੇ ਵੀ ਇਸ ਸ਼ਬਦ ਦਾ ਸਾਰੰਸ਼ ਇਹ ਕਢਿਆ ਹੈ ਕਿ ਸਰਬ ਨਿਧਾਨ ਵਾਹਿਗੁਰੂ, ਗੁਰੂ ਦੀ ਸੇਵਾ ਤੋਂ ਮਿਲਦਾ ਹੈ। ਮਨੁੱਖ ਭਾਵੇਂ ਕਿੰਨਾ ਹੀ ਧਾਰਮਿਕ ਭਾਵ ਤੋਂ ਖ਼ਾਲੀ ਹੋਵੇ, ਪਰ ਜਦ ਉਹ ਗੁਰੂ ਦੇ ਚਰਨੀ ਲਗੇ, ਤਾਂ ਉਸ ਦੇ ਦਿਲ ਅੰਦਰ ਭਗਤੀ ਭਾਵ ਪੈਦਾ ਹੋ ਜਾਂਦਾ ਹੈ, ਜੋ ਉਸ ਨੂੰ ਹਰੀ ਦੀ ਮਿਹਰ ਦਾ ਪਾਤਰ ਬਣਾਉਂਦਾ ਹੈ।

ਭੈਰਉ ਮਹਲਾ ੫ ॥ ਸਤਿਗੁਰੁ ਮੇਰਾ, ਬੇਮੁਹਤਾਜੁ ॥ ਸਤਿਗੁਰ ਮੇਰੇ, ਸਚਾ ਸਾਜੁ ॥ ਸਤਿਗੁਰੁ ਮੇਰਾ, ਸਭਸ ਕਾ ਦਾਤਾ ॥ ਸਤਿਗੁਰੁ ਮੇਰਾ, ਪੁਰਖੁ ਬਿਧਾਤਾ ॥੧॥ ਗੁਰ ਜੈਸਾ, ਨਾਹੀ ਕੋ ਦੇਵ ॥ ਜਿਸੁ ਮਸਤਕਿ ਭਾਗੁ, ਸੁ ਲਾਗਾ ਸੇਵ ॥੧॥ਰਹਾਉ॥ ਸਤਿਗੁਰੁ ਮੇਰਾ, ਸਰਬ ਪ੍ਰਤਿਪਾਲੈ ॥ ਸਤਿਗੁਰੁ ਮੇਰਾ, ਮਾਰਿ ਜੀਵਾਲੈ ॥ ਸਤਿਗੁਰ ਮੇਰੇ ਕੀ ਵਡਿਆਈ ॥ ਪ੍ਰਗਟੁ ਭਈ ਹੈ ਸਭਨੀ ਥਾਈ ॥ ਸਤਿਗੁਰੁ ਮੇਰਾ, ਤਾਣੁ ਨਿਤਾਣੁ ॥ ਸਤਿਗੁਰੁ ਮੇਰਾ, ਘਰਿ ਦੀਬਾਣੁ ॥ ਸਤਿਗੁਰ ਕੈ ਹਉ ਸਦ ਬਲਿ ਜਾਇਆ ॥ ਪ੍ਰਗਟੁ ਮਾਰਗੁ ਜਿਨਿ ਕਰਿ ਦਿਖਲਾਇਆ ॥੩॥ ਜਿਨਿ ਗੁਰੁ ਸੇਵਿਆ, ਤਿਸੁ ਭਉ ਨ ਬਿਆਪੈ ॥ ਜਿਨਿ ਗੁਰੁ ਸੇਵਿਆ, ਤਿਸੁ ਦੁਖੁ ਨ ਸੰਤਾਪੈ ॥ ਨਾਨਕ, ਸੋਧੇ ਸਿੰਮ੍ਰਿਤਿ ਬੇਦ ॥ ਪਾਰਬ੍ਰਹਮ ਗੁਰ ਨਾਹੀ ਭੇਦ ॥੪॥੧੧॥੨੪॥

## ਉਚਾਰਨ ਸੇਧ

**ਬਿੰਦੀ ਸਹਿਤ:** ਥਾਈਂ, ਹਉਂ, ਨਾਹੀਂ।

**ਪਦ ਅਰਥ:** ਬੇਮੁਹਤਾਜੁ-ਬੇਗਰਜ਼, ਜੋ ਕਿਸੇ ਦਾ ਮੁਥਾਜ ਨਹੀਂ ਹੈ। ਸਚਾ ਸਾਜੁ-ਸਦਾ ਕਾਇਮ, ਥਿਰ ਰਹਿਣ ਵਾਲਾ (ਰਾਜ) ਸਾਜ। ਸਭਸ ਕਾ-ਸਾਰਿਆਂ ਦਾ। ਬਿਧਾਤਾ-ਸਿਰਜਣਹਾਰ।੧।

ਕੋ-ਕੋਈ। ਦੇਵ-ਦੇਵਤਾ। ਜਿਸ ਮਸਤਕਿ ਭਾਗੁ-ਜਿਸ (ਮਨੁੱਖ) ਦੇ ਮੱਥੇ ਉਤੇ (ਚੰਗਾ) ਭਾਗ (ਲਿਖਿਆ ਹੋਇਆ ਹੈ)।੧ਰਹਾਉ।

ਸਰਬ ਪ੍ਰਤਿਪਾਲੈ-ਸਾਰਿਆਂ ਦੀ ਪਾਲਣਾ ਕਰਦਾ ਹੈ। ਮਾਰਿ-ਮਾਰ ਕੇ। ਜੀਵਾਲੈ-ਜ਼ਿੰਦਾ ਕਰ ਦੇਂਦਾ ਹੈ। ਵਡਿਆਈ-ਸੋਭਾ ਪ੍ਰਗਟੁ ਭਈ ਹੈ-ਉਜਾਗਰ ਹੋਈ ਹੈ। ਸਭਨੀ ਥਾਈ-ਸਭ ਥਾਵਾਂ ਉਤੇ।੨।

ਤਾਣੁ-ਬਲ, ਆਸਰਾ। ਨਿਤਾਣੁ-ਕਮਜ਼ੋਰ, ਨਿਆਸਰਾ। ਘਰਿ-ਘਰ (ਹਿਰਦੇ) ਵਿਚ। ਦੀਬਾਣੁ-ਆਸਰਾ। ਹਉ-ਮੈਂ। ਸਦ ਬਲਿ ਜਾਇਆ-ਸਦਾ ਸਦਕੇ ਬਲਿਹਾਰ ਜਾਂਦਾ ਹਾਂ। ਪ੍ਰਗਟੁ ਮਾਰਗੁ-ਸਿਧਾ ਰਸਤਾ। ਜਿਨਿ-ਜਿਸ (ਗੁਰੂ) ਨੇ। ਕਰਿ ਦਿਖਲਾਇਆ-ਕਰਕੇ ਵਿਖਾ ਦਿੱਤਾ ਹੈ।੩।

ਜਿਨਿ-ਜਿਸ (ਮਨੁੱਖ)ਨੇ। ਗੁਰੁ ਸੇਵਿਆ-ਗੁਰੂ ਨੂੰ ਸੇਵਿਆ(ਸਿਮਰਿਆ)ਹੈ। ਤਿਸੁ-ਉਸ(ਮਨੁੱਖ) ਨੂੰ। ਭਉ ਨ ਬਿਆਪੈ-ਡਰ ਨਹੀਂ ਲਗਦਾ। ਦੁਖੁ ਨ ਸੰਤਾਪੈ-ਦੁਖ ਨਹੀਂ ਲਗ ਸਕਦਾ। ਸੋਧੇ-ਸੋਧ ਕੇ,ਭਾਵ ਚੰਗੀ ਤਰ੍ਹਾਂ। ਪਾਰਬ੍ਰਹਮ ਗੁਰ-ਪਰਮੇਸਰ ਅਤੇ ਗੁਰੂ ਦੇ (ਸਰੂਪ ਵਿਚ)। ਨਾਹੀ ਭੇਦੁ-(ਕੋਈ) ਫਰਕ ਨਹੀਂ ਹੈ।੪।

**ਅਰਥ:** (ਹੇ ਭਾਈ!) ਮੇਰਾ ਸਤਿਗੁਰੂ (ਕਿਸੇ ਦਾ) ਮੁਥਾਜ ਨਹੀਂ ਹੈ। ਮੇਰੇ ਸਤਿਗੁਰੂ ਦਾ (ਰਾਜ) ਸਾਜ ਸਦਾ ਕਾਇਮ ਰਹਿਣ ਵਾਲਾ ਹੈ। (ਹੇ ਭਾਈ!) ਮੇਰਾ ਸਤਿਗੁਰੂ (ਸਭ ਜੀਆਂ ਨੂੰ) ਦਾਤਾਂ ਦੇਣ ਵਾਲਾ ਹੈ (ਅਤੇ) ਮੇਰਾ ਸਤਿਗੁਰੂ ਸਿਰਜਣਹਾਰ (ਅਕਾਲ) ਪੁਰਖ ਹੈ।੧।

(ਹੇ ਭਾਈ!) ਗੁਰੂ ਵਰਗਾ ਕੋਈ (ਹੋਰ) ਦੇਵਤਾ (ਜਗਤ ਵਿਚ) ਨਹੀਂ ਹੈ। ਜਿਸ (ਮਨੁੱਖ) ਦੇ ਮੱਥੇ ਉਤੇ (ਚੰਗਾ) ਭਾਗ (ਲਿਖਿਆ ਹੋਇਆ ਹੈ), ਉਹ (ਮਨੁੱਖ) ਸਤਿਗੁਰੂ ਦੀ ਸੇਵਾ (ਸਿਮਰਨ) ਵਿਚ

ਲੱਗਾ ਹੋਇਆ ਹੈ।੧।ਰਹਾਉ।

(ਹੇ ਭਾਈ!) ਮੇਰਾ ਸਤਿਗੁਰੂ ਸਾਰਿਆਂ ਦੀ ਪਾਲਣਾ ਕਰਦਾ ਹੈ। ਮੇਰਾ (ਸਤਿਗੁਰੂ ਜੀਵ ਨੂੰ ਮੋਹ ਮਾਇਆ ਦੇ ਵਿਕਾਰਾਂ ਵਲੋਂ) ਮਾਰ ਕੇ (ਸਦਾ ਲਈ ਆਤਮਿਕ ਜੀਵਨ ਬਖ਼ਸ਼ ਕੇ) ਜ਼ਿੰਦਾ ਕਰ ਦਿੰਦਾ ਹੈ। (ਹੇ ਭਾਈ!) ਮੇਰੇ ਸਤਿਗੁਰੂ ਦੀ ਵਡਿਆਈ (ਬੇਅੰਤ) ਹੈ। (ਉਹ ਵਡਿਆਈ) ਸਭ ਥਾਵਾਂ ਤੇ ਰੋਸ਼ਨ ਹੋ ਗਈ ਹੈ।੨।

(ਹੇ ਭਾਈ!) ਮੇਰਾ ਸਤਿਗੁਰੂ (ਉਨ੍ਹਾਂ ਕਮਜ਼ੋਰਾਂ ਦਾ) ਤਾਣ ਹੈ ਜੋ ਸ਼ਕਤੀ ਹੀਣ ਹਨ (ਭਾਵ ਵਾਹਿਗੁਰੂ ਕਮਜ਼ੋਰਾਂ) ਨੂੰ ਆਸਰਾ ਦੇਣ ਵਾਲਾ ਹੈ। ਮੇਰਾ ਸਤਿਗੁਰੂ ਘਰ ਵਿਚ ਤੇ ਕਚਹਿਰੀ ਵਿਚ (ਹਰ ਥਾਂ ਹੀ ਮੇਰੇ ਨਾਲ ਹੈ) ਜਿਸ (ਗੁਰੂ) ਨੇ (ਜੀਵਨ ਦਾ ਸਹੀ) ਰਸਤਾ ਬਣਾ ਕੇ ਵਿਖਾ ਦਿੱਤਾ ਹੈ, ਮੈਂ (ਉਸ) ਸਤਿਗੁਰੂ ਤੋਂ ਬਲਿਹਾਰ ਜਾਂਦਾ ਹਾਂ।੩।

(ਹੇ ਭਾਈ!) ਜਿਸ (ਮਨੁੱਖ) ਨੇ ਗੁਰੂ ਨੂੰ ਸੇਵਾ ਸਿਮਰਿਆ ਹੈ, ਉਸ ਨੂੰ ਕੋਈ ਡਰ ਦਬਾ ਨਹੀ ਸਕਦਾ। ਜਿਸ ਨੇ ਗੁਰੂ ਨੂੰ ਸੇਵਿਆ ਹੈ, ਉਸ ਨੂੰ ਕੋਈ ਦੁਖ ਦੁਖੀ ਨਹੀਂ ਕਰ ਸਕਦਾ, ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਅਸਾਂ) ਸਿੰਮ੍ਰਿਤੀਆਂ ਅਤੇ ਵੇਦ (ਆਦਿ ਸਾਰੇ ਧਰਮ ਗ੍ਰੰਥ) ਸੋਧ ਕੇ ਵੇਖ ਲਏ ਹਨ (ਉਹ ਇਹੀ ਕਹਿੰਦੇ ਹਨ ਕਿ) ਗੁਰੂ ਤੇ ਪਰਮੇਸ਼ਰ ਵਿਚ ਕੋਈ ਫਰਕ ਨਹੀਂ ਹੈ, (ਭਾਵ ਗੁਰੂ ਤੇ ਪਰਮੇਸ਼ਰ ਇਕੋ ਰੂਪ ਹਨ)।੪।੧੧।੨੪।

## ਅਰਥ ਭੇਦ ਅਤੇ ਨਿਰਣੈ

**੬- ਸਤਿਗੁਰ ਮੇਰੇ ਸਚਾ ਸਾਜੁ ॥**

ਵਖ ਵਖ ਅਰਥ:

੧- ਮੇਰੇ ਸਤਿਗੁਰੂ ਦਾ ਸਭ (ਸਾਜ) ਬਣਾਉ ਸਚਾ ਹੈ। [ਫ.ਸ. ਅਤੇ ਸੰ. ਸ.

੨- ਗੁਰੂ ਦੀ ਇਹ ਸਦਾ ਕਾਇਮ ਰਹਿਣ ਵਾਲੀ ਮਰਯਾਦਾ ਹੈ(ਕਿ ਉਹ ਸਦਾ ਬੇਗਰਜ਼ ਹੈ)।[ਦਰਪਣ

੩- ਮਹਾਨ ਕੋਸ਼ ਵਿਚ 'ਸਾਜ' ਵਿਸ਼ੇਸ਼ਣ ਰੂਪ ਵਿਚ ਫਾਰਸੀ ਦਾ ਪਦ ਦਸਿਆ ਹੈ ਜਿਸ ਦੇ ਅਰਥ ਕੀਤੇ ਹਨ ਬਣਾਉਣ ਵਾਲਾ, ਰਚਣਵਾਲਾ।

**ਨਿਰਣੈ:** ਸ਼ਬਦਾਰਥੀ ਵਿਦਵਾਨਾਂ ਨੇ ਇਸ ਪਦ ਦੇ ਅਰਥ ਹੀ ਨਹੀਂ ਕੀਤੇ। ਇਥੇ 'ਸਾਜ' ਦੇ ਅਰਥ 'ਬਣਾਓ' ਕਰਨਾ ਵੀ ਢੁਕਦੇ ਨਹੀ। ਜੇ ਅਸੀਂ ਕਲਗੀਧਰ ਪਿਤਾ ਜੀ ਨੇ ਜਿਵੇਂ ਬਚਿਤ੍ਰ ਨਾਟਕ ਅੰਦਰ ਆਪਣੀ 'ਜਨਮ-ਕਥਾ' ਵਿਚ ਇਸ ਸ਼ਬਦ ਦੀ ਵਰਤੋਂ ਕੀਤੀ ਹੈ, ਉਸ ਨੂੰ ਲਈਏ ਤਾਂ ਅਰਥ ਠੀਕ ਫਬਦੇ ਹਨ:-

**ਰਾਜ ਸਾਜ ਹਮ ਪਰ ਜਬ ਆਯੋ ॥ ਯਥਾ ਸਕਤਿ ਤਬ ਧਰਮ ਚਲਾਯੋ ॥**

ਇਥੇ ਭਾਵ ਹੈ ਮੇਰੇ ਸਤਿਗੁਰੂ ਦਾ ਰਾਜ-ਸਾਜ ਸਦਾ ਥਿਰ ਰਹਿਣ ਵਾਲਾ ਹੈ। ਇਸ ਨਾਲ ਵਿਆਕਰਣਕ ਪੱਖ ਵੀ ਕਾਇਮ ਰਹਿੰਦਾ ਹੈ ਅਤੇ ਅਰਥ ਵੀ ਠੀਕ ਬਣਦੇ ਹਨ। ਅਕਸਰ ਗੁਰਬਾਣੀ ਵਿਆਕਰਣ ਅਨੁਸਾਰ ਔਕੁੜ ਸਹਿਤ ਕੋਈ ਸ਼ਬਦ ਵਿਸ਼ੇਸ਼ਣ ਰੂਪ ਦਾ ਲਖਾਇਕ ਨਹੀਂ ਹੁੰਦਾ, ਸੰਗਿਆ ਜਾਂ ਕ੍ਰਿਆ

ਵਾਚਕ ਹੀ ਹੁੰਦਾ ਹੈ।

ਅ- **ਸਤਿਗੁਰੁ ਮੇਰਾ ਘਰਿ ਦੀਬਾਣੁ ॥**

**ਵਖ ਵਖ ਅਰਥ:**

੧- ਸਤਿਗੁਰੂ ਹੀ ਮੇਰਾ ਘਰ ਔਰ ਦੀਵਾਨ ਹੈ ਭਾਵ ਮੇਰਾ ਰਹਿਣੇ ਕਾ ਅਸਥਾਨ ਹੈ ਔਰ (ਦੀਬਾਣ) ਦਰਬਾਰ ਸਰਬ ਪ੍ਰਕਾਰ ਉਤਸਾਹ ਕੀ ਜਗਾ ਗੁਰੂ ਹੀ ਹੈ। [ਫ.ਸ.

੨- ਦੀਬਾਣੁ-ਆਸਰਾ। [ਸ਼ਬਦਾਰਥ

੩- ਹੇ ਭਾਈ! ਜਿਸ ਮਨੁੱਖ ਦਾ ਹੋਰ ਕੋਈ ਭੀ ਆਸਰਾ ਨਹੀਂ (ਜਦੋਂ ਉਹ ਗੁਰੂ ਦੀ ਸ਼ਰਨ ਆ ਪੈਂਦਾ ਹੈ) ਗੁਰੂ (ਉਸ ਦਾ) ਆਸਰਾ ਬਣ ਜਾਂਦਾ ਹੈ, ਗੁਰੂ ਉਸ ਦੇ ਹਿਰਦੇ ਘਰ ਵਿਚ ਸਹਾਰਾ ਦਿੰਦਾ ਹੈ। [ਦਰਪਣ

੪- ਸਤਿਗੁਰੂ ਹੀ ਮੇਰਾ ਘਰ ਤੇ ਦੀਬਾਣੁ-ਆਸਰਾ ਰੂਪ ਹੈ। [ਸੰ.ਸ.

**ਟਿਪਣੀ:** 'ਘਰਿ' ਪਦ ਦੇ ਰਾਰੇ ਨੂੰ ਸਿਹਾਰੀ ਲਗੀ ਹੋਈ ਹੈ ਜਿਸ ਕਰਕੇ ਇਸ ਦੇ ਅਰਥ 'ਘਰ' ਨਹੀਂ ਹੋ ਸਕਦੇ, 'ਘਰ ਵਿਚ' ਹੀ ਹੋ ਸਕਦੇ ਹਨ।

ਜੇ ਇਹ ਅਰਥ ਕਰੀਏ ਕਿ ਹਰੇਕ (ਪ੍ਰੇਮੀ ਸਿੱਖ ਦੇ) ਹਿਰਦੇ ਰੂਪ ਘਰ ਵਿਚ ਮੇਰੇ ਸਤਿਗੁਰੂ ਦਾ ਦਰਬਾਰ ਹੈ, ਤਾਂ ਵਧੇਰੇ ਢੁਕਵੇਂ ਹੋਣਗੇ। ਅਰਬੀ ਵਿਚ 'ਦੀਬਾਣ' ਦੇ ਅਰਥ ਦਰਬਾਰ ਹਨ। ਉਂਝ 'ਦੀਬਾਨੁ' ਦੇ ਅਰਥ 'ਆਸਰਾ' ਵੀ ਹਨ। ਜਿਵੇਂ:--

**ਦੀਬਾਨੁ ਹਮਾਰੋ ਤੁਹੀ ਏਕ ॥** [ਪੰਨਾ ੨੧੦

ਹਰੇਕ ਸਿੱਖ ਦੇ ਹਿਰਦੇ ਰੂਪੀ ਘਰ ਵਿਚ ਮੇਰਾ ਸਤਿਗੁਰੂ ਆਸਰਾ ਦੇ ਰਿਹਾ ਹੈ, ਇਹ ਅਰਥ ਵੀ ਠੀਕ ਹਨ। ਪਰ ਉਪਰੋਕਤ ਨੰਬਰ ੧ ਤੇ ੪ ਵਾਲੇ ਅਰਥ ਲਗਮਾਤਰੀ ਨੇਮਾਂ ਦੇ ਅਨੁਕੂਲ ਨਹੀਂ ਹਨ।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਦੀਆਂ ਰਹਾਉ ਵਾਲੀਆਂ ਪੰਗਤੀਆਂ ਤੋਂ ਹੀ ਸਾਰੰਸ਼ ਅਤੇ ਕੇਂਦਰੀ ਭਾਵ ਇਉਂ ਪ੍ਰਕਾਸ਼ਮਾਨ ਹੁੰਦਾ ਹੈ ਕਿ ਗੁਰੂ ਵਰਗਾ ਹੋਰ ਕੋਈ ਮਹਾਨ ਪ੍ਰਕਾਸ਼ਕ ਨਹੀਂ ਹੈ। ਇਥੇ ਦੇਵਤਾ ਤੋਂ ਭਾਵ ਦੇਵੀ ਦੇਵਤੇ ਵਾਲਾ ਨਹੀਂ ਕਿਉਂਕਿ ਦੇਵੀ ਦੇਵਤੇ ਨਾਸ਼ਵੰਤ ਹਨ, ਸਤਿਗੁਰੂ ਸਦਾ ਥਿਰ ਰਹਿਣ ਵਾਲੀ ਹਸਤੀ ਹੈ। 'ਦੇਵ' ਦੇ ਅਰਥ ਹਨ ਪ੍ਰਕਾਸ਼। ਸੰਸਾਰ ਉਤੇ ਗੁਰੂ ਜਿਤਨਾ ਪ੍ਰਕਾਸ਼ ਕਿਸੇ ਦਾ ਨਹੀਂ ਦਿਸਦਾ ਪਰ ਇਸ ਤੱਤ ਦਾ ਚਾਨਣ ਓਦੋਂ ਹੁੰਦਾ ਹੈ ਜਦੋਂ ਸਿੱਖ ਵਡੇਭਾਗਾਂ ਨਾਲ ਗੁਰੂ ਦੇ ਘਰ ਜਨਮ ਲੈਂਦਾ ਹੈ, ਸਤਿਗੁਰੂ ਦੀ ਸੇਵਾ ਕਰਦਾ ਹੈ।

ਸਤਿਗੁਰੂ ਦਾ ਸਰਬ ਪ੍ਰਤਿਪਾਲਕ ਹੋਣਾ, ਮਾਰਨ ਤੇ ਜੀਵਾਲਣ ਦਾ ਸਮਰਥ ਹੋਣਾ, ਅਜਿਹੀਆਂ ਸ਼ਕਤੀਆਂ ਪਰਮੇਸ਼ਰ ਨੇ ਗੁਰੂ ਨੂੰ ਬਖਸ਼ੀਆਂ ਹੋਈਆਂ ਹਨ ਜੋ ਹੋਰ ਕਿਸੇ ਇਨਸਾਨ ਵਿਚ ਨਹੀਂ ਹੁੰਦੀਆਂ ਗੁਰੂ ਦੀ ਵਡਿਆਈ ਸੀਮਤ ਨਹੀਂ, ਸਾਰੇ ਜਹਾਨ ਵਿਚ ਪਸਰੀ ਹੋਈ ਹੈ। ਗੁਰਬਾਣੀ ਅੰਦਰ ਅੰਕਿਤ ਹੈ:-

**ਸੁਣੀ ਅਰਦਾਸਿ ਸੁਆਮੀ ਮੇਰੈ, ਸਰਬ ਕਲਾ ਬਣਿ ਆਈ ॥**

**ਪ੍ਰਗਟ ਭਈ ਸਗਲੇ ਜੁਗ ਅੰਤਰਿ, ਗੁਰ ਨਾਨਕ ਕੀ ਵਡਿਆਈ॥** [ਪੰਨਾ ੬੧੧

ਗੁਰੂ ਨਾਨਕ ਪਾਤਿਸ਼ਾਹ ਆਸਾ ਕੀ ਵਾਰ ਵਿਚ ਫੁਰਮਾਉਂਦੇ ਹਨ:-

**ਸਤਿਗੁਰ ਜੇਵਡੁ ਦਾਤਾ ਕੋ ਨਹੀ, ਸਭਿ ਸੁਣਿਅਹੁ ਲੋਕ ਸਬਾਇਆ॥** [ਪੰਨਾ ੪੬੫

ਗੁਰੂ ਰਬੀ ਗੁਣਾਂ ਦਾ ਮਾਲਕ ਹੈ। ਉਸ ਦੀ ਸੇਵਾ ਕਰਨੀ ਬਹੁਤ ਚੰਗੀ ਹੈ ਕਿਉਂਕਿ ਗੁਰੂ ਹੀ ਪ੍ਰਭੂ ਦੇ ਮਿਲਣ ਦਾ ਮਾਰਗ ਦਸਦਾ ਹੈ। ਗੁਰੂ ਅਰਜਨ ਦੇਵ ਜੀ ਨੇ ਨਿਜੀ ਅਭਿਆਸ ਦੇ ਅਧਾਰ ਤੇ 'ਪਾਰਬ੍ਰਹਮ ਗੁਰ ਨਾਹੀ ਭੇਦ' ਦਾ ਸਿਧਾਂਤ ਸਾਡੇ ਸਾਹਮਣੇ ਰਖਿਆ ਹੈ। ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਗੁਰੂ ਦੇ ਬਚਨ ਸਤਿ ਸਤਿ ਕਰਕੇ ਮੰਨੀਏ, ਸਤਿਗੁਰੂ ਨਾਲ ਐਸੀ ਪ੍ਰੀਤਿ ਪਾਈਏ, ਜਿਸ ਨਾਲ ਸਤਿਗੁਰੂ ਦੇ ਹੀ ਬਣ ਜਾਈਏ।

## *ਇਕ ਭੁਲੇਖੇ ਦਾ ਸਪਸ਼ਟੀਕਰਨ*

ਅੰਮ੍ਰਿਤ ਛਕਾਉਣ ਤੋਂ ਪਹਿਲਾਂ ਪੰਜਾਂ ਪਿਆਰਿਆਂ ਦੇ ਸੀਸ ਭੇਟ ਦੀ ਥਾਂ 'ਬਕਰੇ ਝਟਕਾਉਣ' ਵਾਲੀ ਕਹਾਣੀ ਜੋ ਕਈ ਇਤਿਹਾਸਕਾਰਾਂ ਨੇ ਲਿਖੀ ਹੈ, ਓਹ ਗੁਰਮਤਿ ਸਿਧਾਂਤਾਂ ਦੇ ਉਲਟ ਅਤੇ ਹੇਠ ਲਿਖੀ ਸਮਕਾਲੀ ਗਵਾਹੀ ਦੀ ਹੋਂਦ ਵਿਚ ਉਕੀ ਹੀ ਨਿਰਮੂਲ ਹੈ:-

"ਅਬੂਉਲ ਤਰਾਨੀ" ਪਹਿਲਾਂ ਬ੍ਰਾਹਮਣ ਸੀ ਫੇਰ ਮੁਸਲਮਾਨ ਹੋ ਗਿਆ ਅਤੇ ਔਰੰਗਜ਼ੇਬ ਵਲੋਂ ਸ੍ਰੀ ਦਸਮੇਸ਼ ਜੀ ਦੇ ਦਰਬਾਰ ਵਿਚ ਬ੍ਰਾਹਮਣ ਦਾ ਰੂਪ ਧਾਰ, ਟਿੱਕਾ ਲਾ ਜਨੇਊ ਪਾ ਧੋਤੀ ਬੰਨ੍ਹ ਕੇ ਰਹਿੰਦਾ ਸੀ ਅਤੇ ਦਰਬਾਰ ਦੀ ਰਿਪੋਰਟ ਦਿੱਲੀ ਔਰੰਗਜ਼ੇਬ ਨੂੰ ਭੇਜਦਾ ਸੀ। ਇਹ ਦਸਮੇਸ਼ ਜੀ ਦੇ ਮਾਲੀ ਗੁਲਾਬੇ ਕੋਲ ਜਿਹੜਾ ਫੁੱਲਾਂ ਦੇ ਬੂਟੇ ਆਦਿ ਲਾਉਂਦਾ ਸੀ, ਪਾਸ ਰਹਿੰਦਾ ਸੀ। ਦਸਮੇਸ਼ ਜੀ ਦੇ ਦਰਬਾਰ ਵਿਚ ਜਾਂਦਾ ਅਤੇ ਉਹਨਾਂ ਦੇ ਚਰਨਾਂ ਤੇ ਡੰਡਵਤ ਪਰਨਾਮ ਕਰਦਾ ਸੀ ਅਤੇ ਅਗੋਂ ਦਸਮੇਸ਼ ਪਿਤਾ ਜਾਣੀ-ਜਾਣ ਹੱਸ ਛੱਡਦੇ ਸਨ ਸ਼ਾਇਦ ਉਹਨਾਂ ਨੂੰ ਇਸ ਦੇ ਪਖੰਡ ਦੰਭ ਤੇ ਜਸੂਸੀ ਦਾ ਇਲਮ ਹੋਵੇ। ਭਾਈ ਵੀਰ ਸਿੰਘ ਦਸਮੇਸ਼ ਚਮਤਕਾਰ ਵਿਚ ਅਬੂਉਲ ਤਰਾਨੀ ਦਾ ਜ਼ਿਕਰ ਕਰਦਾ ਹੈ ਕਿ ਅਬੂਉਲ ਤਰਾਨੀ ਡੇਢ ਦੋ ਸਾਲ ਇਸੇ ਤਰ੍ਹਾਂ ਸਤਿਗੁਰਾਂ ਦੇ ਦਰਬਾਰ ਦੀ ਜਸੂਸੀ ਕਰਦਾ ਰਿਹਾ ਇਹ ਅਬੂਉਲ ਤਰਾਨੀ ਉਸ ਕਿਤਾਬ ਵਿਚ ਇਸ ਤਰ੍ਹਾਂ ਲਿਖਦਾ ਹੈ ਕਿ :

"ਜਿਸ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਅੰਮ੍ਰਿਤ ਤਿਆਰ ਕੀਤਾ ਦੀਵਾਨ ਵਿਚ ਹਾਜ਼ਰੀ ੩੦-੪੦ ਹਜ਼ਾਰ ਸੀ ਮੁਗਲਾਂ ਦੇ ਚਾਰ ਤਖ਼ਤ ਸਨ, ਦਿੱਲੀ, ਆਗਰਾ, ਲਾਹੌਰ ਅਤੇ ਕਲਾਨੌਰ, ਪਰ ਗੁਰੂ ਦੇ ਤਖ਼ਤ ਦੀ ਸ਼ੋਭਾ ਨਿਰਾਲੀ ਸੀ। ਇਹ ਤਖ਼ਤ ਮੁਗਲ ਬਾਦਸ਼ਾਹ ਦੇ ਤਖ਼ਤ ਨੂੰ ਮਾਤ ਕਰਦਾ ਸੀ। ਉਸ ਦਿਨ ਲਿਬਾਸ ਚੜ੍ਹਤ ਜਲਾਲ ਅਤੇ ਤੇਜ ਅਡੋਲਵਾਂ ਸੀ। ਗੁਰੂ ਜੀ ਦਰਬਾਰ ਵਿਚ ਆਏ ਅਤੇ ਕਿਰਪਾਨ ਨੂੰ ਮਿਆਨ ਵਿਚੋਂ ਕੱਢ ਨੰਗੀ ਕਰਕੇ ਫੜ ਬਾ ਆਵਾਜ਼ ਬੁਲੰਦ ਕਿਹਾ, "ਮੈਨੂੰ ਇਕ ਸਿਰ ਦੀ ਲੋੜ ਹੈ" ਬਗ਼ੈਰ ਦੇਰੀ ਨਾਲ ਸੋਚ ਵਿਚਾਰ ਅਤੇ ਹੀਲ-ਹੁਜਤ ਦੇ ਦਯਾ ਸਿੰਘ ਆ ਹਾਜ਼ਰ ਹੋਇਆ ਗੁਰੂ ਨੇ ਭਰੇ ਦਰਬਾਰ ਵਿਚ ਜਿਥੇ ਓਹ ਖਲੋਤੇ ਸਨ ਸਭਨਾਂ ਦੇ ਸਾਹਮਣੇ ਇਕ ਵਾਰ ਕੀਤਾ ਅਤੇ ਸਿਰ ਧੜ ਦੇ ਨਾਲੋਂ ਜੁਦਾ ਹੋ ਗਿਆ ਦੀਵਾਨ ਵਿਚ ਸਨਸਨੀ ਫੈਲ ਗਈ ਅਤੇ ਬਹੁਤੇ

ਆਦਮੀ ਸਤੰਬ ਅਤੇ ਅਵਾਕ ਰਹਿ ਗਏ। ਗੁਰੂ ਜੀ ਨੇ ਫਿਰ ਗਰਜਵੀਂ ਤੇ ਕੜਕਵੀਂ ਆਵਾਜ਼ ਵਿਚ ਕਿਹਾ, "ਮੈਨੂੰ ਇਕ ਹੋਰ ਸਿਰ ਦੀ ਲੋੜ ਹੈ" ਝੱਟ ਧਰਮ ਸਿੰਘ ਉਠਿਆ ਜਾ ਗੁਰੂ ਜੀ ਨਿਮਸਕਾਰ ਕੀਤੀ ਅਤੇ ਗੁਰੂ ਨੇ ਇਕੋ ਵਾਰ ਨਾਲ ਇਸ ਦਾ ਸਿਰ ਵੀ ਧੜ ਤੋਂ ਵੱਖ ਕਰ ਦਿੱਤਾ ਦੀਵਾਨ ਨੂੰ ਹਲਚਲੀ ਮਚ ਗਈ, ਭਾਜੜ ਪੈ ਗਈ। ਗੁਰੂ ਨੇ ਫੇਰ ਆਵਾਜ਼ ਬੁਲੰਦ ਇਕ ਸਿਰ ਹੋਰ ਮੰਗਿਆ। ਅਤੇ ਯਕੇ ਬਾ ਦੀਗਰੇ ਹਿੰਮਤ, ਮੁਹਕਮ ਸਿੰਘ ਇਹਨਾਂ ਪੰਜਾਂ ਨੂੰ ਕਤਲ ਕਰ ਦਿੱਤਾ ਸਿਰ ਵੱਖਰੇ ਕਰ ਦਿੱਤੇ।" (ਹੋਰ ਵਿਸਥਾਰ ਲਈ ਪੜ੍ਹੋ 'ਅਰਦਾਸਿ ਪਰੰਪਰਾ ਤੇ ਸ਼ਕਤੀ' ਇਸੇ ਕਲਮ ਤੋਂ)

ਪੰਜ ਸਿਖਾਂ ਵਲੋਂ ਸੀਸ ਭੇਟ ਕਰਨ ਸਮੇਂ ਬਕਰਿਆਂ ਨੂੰ ਝਟਕਾਉਣ ਵਾਲੀ ਕਹਾਣੀ ਮਨ ਘੜਤ ਹੈ। ਇਸ ਸ਼ਬਦ ਵਿਚ ਅੰਕਿਤ ਪਾਵਨ ਪੰਕਤੀ "ਸਤਿਗੁਰ ਮੇਰਾ ਮਾਰਿ ਜੀਵਾਲੈ" ਇਸ ਸਚਾਈ ਤੇ ਮੁਹਰ ਲਾਉਂਦੀ ਹੈ ਕਿ ਸਾਹਿਬ-ਏ-ਕਮਾਲ ਗੁਰੂ ਗੋਬਿੰਦ ਜੀ ਸਰਬ ਕਲਾ ਸਮਰਥ ਸਨ ਆਪ ਕਥਨੀ ਤੇ ਕਰਨੀ ਦੇ ਪੂਰੇ ਤੇ ਸੂਰੇ ਸਨ। ਜਿਵੇਂ ਆਪ ਜੀ ਨੂੰ ਕਰਤਾਰੀ ਹੁਕਮ ਸੀ ਉਸ ਮੁਤਾਬਿਕ ਆਪ ਜੀ ਨੇ ਪੰਜ ਪਿਆਰਿਆਂ ਦੀ ਪਰਖ ਕੀਤੀ। ਇਸ ਲਈ ਸਾਨੂੰ ਹੋਰ ਗ੍ਰੰਥਾਂ ਦੇ ਹਵਾਲਿਆਂ ਨਾਲੋਂ ਚਸ਼ਮ ਦੀਦਾ ਗਵਾਹੀ ਤੇ ਯਕੀਨ ਕਰਨਾ ਹੀ ਉਚਿਤ ਹੈ।

**ਭੈਰਉ ਮਹਲਾ ੫ ॥ ਨਾਮੁ ਲੈਤ, ਮਨੁ ਪਰਗਟੁ ਭਇਆ ॥ ਨਾਮੁ ਲੈਤ, ਪਾਪੁ ਤਨ ਤੇ ਗਇਆ ॥ ਨਾਮੁ ਲੈਤ, ਸਗਲ ਪੁਰਬਾਇਆ ॥ ਨਾਮੁ ਲੈਤ, ਅਠਸਠਿ ਮਜਨਾਇਆ ॥੧॥ ਤੀਰਥੁ ਹਮਰਾ, ਹਰਿ ਕੋ ਨਾਮੁ ॥ ਗੁਰਿ ਉਪਦੇਸਿਆ, ਤਤੁ ਗਿਆਨੁ ॥੧॥ਰਹਾਉ॥ ਨਾਮੁ ਲੈਤ, ਦੁਖੁ ਦੂਰਿ ਪਰਾਨਾ ॥ ਨਾਮੁ ਲੈਤ, ਅਤਿ ਮੂੜ ਸੁਗਿਆਨਾ ॥ ਨਾਮੁ ਲੈਤ, ਪਰਗਟਿ ਉਜੀਆਰਾ ॥ ਨਾਮੁ ਲੈਤ, ਛੁਟੇ ਜੰਜਾਰਾ ॥੨॥ ਨਾਮੁ ਲੈਤ, ਜਮੁ ਨੇੜਿ ਨ ਆਵੈ ॥ ਨਾਮੁ ਲੈਤ, ਦਰਗਹ ਸੁਖੁ ਪਾਵੈ ॥ ਨਾਮੁ ਲੈਤ, ਪ੍ਰਭੁ ਕਹੈ ਸਾਬਾਸਿ ॥ ਨਾਮੁ ਹਮਾਰੀ ਸਾਚੀ ਰਾਸਿ ॥੩॥ ਗੁਰਿ ਉਪਦੇਸੁ ਕਹਿਓ ਇਹੁ ਸਾਰੁ ॥ ਹਰਿ ਕੀਰਤਿ ਮਨ ਨਾਮੁ ਅਧਾਰੁ ॥ ਨਾਨਕ ਉਧਰੇ ਨਾਮ ਪੁਨਹਚਾਰ ॥ ਅਵਰਿ ਕਰਮ, ਲੋਕਹ ਪਤੀਆਰ ॥੪॥੧੨॥੨੫॥**

## ਉਚਾਰਨ ਸੇਧ

**ਬਿੰਦੀ ਸਹਿਤ:** ਲੋਕਹਂ।

**ਪਦ ਅਰਥ:** ਲੈਤ-ਲੈਂਦਿਆਂ, ਜਪਦਿਆਂ। ਮਨੁ-ਮਨੁੱਖ। ਪ੍ਰਗਟ-ਰੋਸ਼ਨ, ਪ੍ਰਸਿਧ। ਤਨ ਤੇ-ਸਰੀਰ ਤੋਂ। ਗਇਆ-ਚਲਾ ਗਿਆ। ਸਗਲ ਪੁਰਬਾਇਆ-ਸਾਰੇ ਪੁਰਬ (ਪਵਿੱਤਰ ਦਿਹਾੜੇ ਮੰਨਾਏ ਗਏ)। ਅਠਸਠਿ-ਅਠਾਹਠ (ਤੀਰਥ)। ਮਜਨਾਇਆ-ਇਸ਼ਨਾਨ ਹੋ ਗਿਆ।੧। ਹਮਰਾ-ਸਾਡਾ। ਗੁਰਿ-ਗੁਰੂ ਨੇ। ਤਤੁ ਗਿਆਨ-ਗਿਆਨ ਦਾ ਤੱਤ।੧।ਰਹਾਉ। ਦੂਰਿ ਪਰਾਨਾ-ਦੂਰ ਹੋ ਜਾਂਦਾ ਹੈ। ਅਤਿ ਮੂੜ-ਵੱਡਾ ਮੂਰਖ। ਸੁਗਿਆਨਾ-ਸ੍ਰੇਸ਼ਟ ਗਿਆਨ ਵਾਲਾ। ਉਜੀਆਰਾ-ਉਜਾਲਾ, ਚਾਨਣ। ਜੰਜਾਰਾ-ਜੰਜਾਲ।੨। ਨੇੜਿ-ਨੇੜੇ।

ਕਹੈ ਸਾਬਾਸਿ-ਸ਼ਾਬਾਸ਼ ਆਖਦਾ ਹੈ। ਰਾਸਿ-ਪੂੰਜੀ।੩। ਸਾਰੁ-ਤੱਤ। ਅਧਾਰ-ਆਸਰਾ। ਉਧਰੇ-(ਸੰਸਾਰ ਸਾਗਰ ਤੋਂ) ਤਰ ਗਏ। ਪੁਨਹਚਰਨ-ਪ੍ਰਾਸ਼ਚਿਤ ਕਰਮ। ਅਵਰਿ-ਹੋਰ। ਲੋਕਹ-ਲੋਕਾਂ ਨੂੰ। ਪਤੀਆਰ-ਪਤਿਆਉਣ ਵਾਲੇ, ਤਸੱਲੀ ਦੇਣ ਵਾਲੇ।੪।

**ਅਰਥ:** (ਹੇ ਭਾਈ! ਪਰਮੇਸ਼ਰ ਦਾ) ਨਾਮ (ਲੈਂਦਿਆਂ ਜਪਦਿਆਂ) ਮਨੁੱਖ (ਜਗ ਤੇ) ਪ੍ਰਗਟ ਹੋ ਗਿਆ (ਭਾਵ ਉਸ ਦਾ ਨਾਮ ਰੋਸ਼ਨ ਹੋ ਗਿਆ)। ਨਾਮ ਲੈਂਦਿਆਂ (ਹਰ ਪ੍ਰਕਾਰ ਦਾ) ਪਾਪ ਸਰੀਰ ਤੋਂ ਚਲਾ ਗਿਆ। ਨਾਮ ਲੈਂਦਿਆਂ ਸਾਰੇ ਪੁਰਬ (ਸੁੱਤੇ ਹੀ ਮੰਨਾਏ ਗਏ)। ਨਾਮ ਸਿਮਰਦਿਆਂ ਅਠਾਹਠ ਤੀਰਥਾਂ ਦਾ ਇਸ਼ਨਾਨ ਹੋ ਗਿਆ।੧।

(ਹੇ ਭਾਈ!) ਸਾਡਾ ਤੀਰਥ, ਪਰਮਾਤਮਾ ਦਾ ਨਾਮ (ਸਿਮਰਨ) ਹੈ। ਗੁਰੂ ਨੇ (ਸਾਨੂੰ) ਇਹ ਤੱਤ ਗਿਆਨ ਦਾ ਉਪਦੇਸ਼ ਦਿੱਤਾ ਹੈ।੧।ਰਹਾਉ।

(ਹੇ ਭਾਈ! ਪਰਮੇਸ਼ਰ ਦਾ) ਨਾਮ ਸਿਮਰਦਿਆਂ (ਹਰ ਪ੍ਰਕਾਰ ਦਾ) ਦੁਖ ਦੂਰ ਹੋ ਜਾਂਦਾ ਹੈ। ਨਾਮ ਲੈਂਦਿਆਂ ਅਤੀ ਮੂਰਖ (ਮਨੁੱਖ ਵੀ) ਚੰਗਾ ਗਿਆਨਵਾਨ (ਪੁਰਸ਼ ਬਣ ਜਾਂਦਾ ਹੈ)। ਨਾਮ ਜਪਦਿਆਂ ਪਰਤੱਖ ਤੌਰ ਤੇ (ਅੰਤਰ ਆਤਮੇ) ਚਾਨਣ ਹੋ ਜਾਂਦਾ ਹੈ। ਨਾਮ ਲੈਂਦਿਆਂ (ਮਨੁੱਖ, ਮਾਇਆ ਦੇ) ਜੰਜਾਲਾਂ ਤੋਂ ਛੁੱਟ ਜਾਂਦਾ ਹੈ।੨।

(ਹੇ ਭਾਈ!) ਨਾਮ ਜਪਦਿਆਂ (ਪਰਲੋਕ ਵਿਚ) ਜਮ ਨੇੜੇ ਨਹੀਂ ਆਉਂਦਾ ਨਾਮ ਸਿਮਰਦਿਆਂ (ਜੀਵ ਹਰੀ ਦੀ) ਦਰਗਾਹ ਵਿਚ ਸੁਖ ਪਾਉਂਦਾ ਹੈ। ਨਾਮ ਜਪਦਿਆਂ ਪ੍ਰਭੂ ਕਹਿੰਦਾ ਹੈ ਸ਼ਾਬਾਸ਼ (ਬੇਟਾ! ਸ਼ਾਬਾਸ਼)। (ਸੋ) ਨਾਮ ਸਾਡੀ ਸਦਾ ਰਹਿਣ ਵਾਲੀ ਪੂੰਜੀ ਹੈ।੩।

(ਹੇ ਭਾਈ!) ਗੁਰੂ ਨੇ (ਜੋ) ਉਪਦੇਸ਼ ਆਖਿਆ ਹੈ (ਉਸ ਦਾ) ਨਿਚੋੜ ਇਹ ਹੈ (ਕਿ) ਹਰੀ ਦੀ ਕੀਰਤੀ ਤੇ ਨਾਮ ਹੀ (ਮਨੁੱਖੀ) ਮਨ ਦਾ ਆਸਰਾ ਹੈ (ਹੋਰ ਕੋਈ ਸਹਾਈ ਨਹੀਂ ਹੋ ਸਕਦਾ)। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਵਾਸਤਵ ਵਿਚ) ਨਾਮ ਦਾ (ਜਪਣਾ ਹੀ) ਪ੍ਰਾਸ਼ਚਿਤ (ਕਰਮਾਂ ਦਾ ਪ੍ਰਤੀਕ ਹੈ, ਜਿਨ੍ਹਾਂ ਨੂੰ ਨਾਮ-ਕਮਾਈ ਕਰਨੀ ਆਈ ਓਹ ਸੰਸਾਰ ਸਾਗਰ ਤੋਂ) ਤਰ ਗਏ। (ਨਾਮ ਤੋਂ ਸਿਵਾਏ) ਹੋਰ (ਸਾਰੇ) ਕਰਮ ਲੋਕਾਂ ਨੂੰ ਪਤਿਆਉਣ ਵਾਲੇ (ਨਿਰੇ ਲੋਕ ਦਿਖਾਵੇ ਵਾਲੇ ਹਨ)।੪।੧੨।੨੫।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਨਾਮ-ਸਿਮਰਨ ਦੀਆਂ ਬਰਕਤਾਂ ਤੇ ਮਹਿਮਾ ਦਾ ਵਰਣਨ ਹੈ। ਗੁਰੂ ਜੀ ਨੇ ਜੋ ਤੱਤ-ਗਿਆਨ ਦਾ ਉਪਦੇਸ਼ ਦਿੱਤਾ ਹੈ ਉਸ ਅਨੁਸਾਰ ਹਰੀ ਦਾ ਨਾਮ ਹੀ ਤੀਰਥ ਹੈ।

ਨਾਮ ਜਪਣ ਨਾਲ ਅਗਿਆਨਤਾ ਦਾ ਅੰਧੇਰਾ ਮਿਟ ਜਾਂਦਾ ਹੈ, ਮਨੁੱਖ ਜੰਜਾਲਾਂ ਤੋਂ ਛੁੱਟ ਜਾਂਦਾ ਹੈ। ਨਾਮ ਲੈਣ ਨਾਲ ਜਮ ਦੂਰੋਂ ਹੀ ਭਜ ਜਾਂਦਾ ਹੈ। ਨਾਮ ਨੂੰ ਛੱਡ ਕੇ ਜਿਤਨੇ ਵੀ ਕਰਮ ਕੀਤੇ ਜਾਂਦੇ ਹਨ ਉਹ ਲੋਕਾਂ ਨੂੰ ਪਤਿਆਉਣ ਦੇ ਪ੍ਰਤੀਕ ਹਨ।

ਆਤਮਿਕ ਗਗਨਾਂ ਵਿਚ ਉਡਾਰੀਆਂ ਮਾਰਨ ਲਈ ਨਾਮ ਰੂਪ ਖੰਭਾਂ ਦੀ ਲੋੜ ਹੈ। ਨਾਮ ਹਰੇਕ ਕੰਮ ਸਿਰੇ ਚਾੜ੍ਹਨ ਲਈ ਸਮਰਥ ਹੈ। ਨਾਮ, ਮਨ, ਬੁਧੀ ਤੇ ਇੰਦ੍ਰਿਆਂ ਦੀ ਪਕੜ ਤੋਂ ਪਰੇ ਹੈ ਕਿਉਂਕਿ

ਅਦ੍ਰਿਸ਼ਟ ਤੇ ਅਗੋਚਰ ਹੈ। ਸੰਸਾਰ ਦਾ ਕੋਈ ਕਰਮ ਧਰਮ ਨਾਮ ਦੀ ਬਰਾਬਰੀ ਨਹੀਂ ਕਰ ਸਕਦਾ। ਪੁੰਨ ਦਾਨ, ਜਪ-ਤਪ, ਤੀਰਥ-ਇਸ਼ਨਾਨ ਆਦਿ ਨਾਮ ਦੇ ਮੁਕਾਬਲੇ ਦੇ ਤੁੱਛ ਜਿਹੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅੰਮ੍ਰਿਤ ਬਚਨ ਹਨ:-

**ਤਨੁ ਬੈਸੰਤਰਿ ਹੋਮੀਐ, ਇਕ ਰਤੀ ਤੋਲ ਕਟਾਇ ॥**
**ਤਨੁ ਮਨੁ ਸਮਧਾ ਜੇ ਕਰੀ, ਅਨਦਿਨੁ ਅਗਨਿ ਜਲਾਇ ॥**
**ਹਰਿਨਾਮੈ ਤੁਲਿ ਨ ਪੁਜਈ, ਜੇ ਲਖ ਕੋਟੀ ਕਰਮ ਕਮਾਇ॥** [ਪੰਨਾ ੬੨

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਇਸੇ ਵੀਚਾਰ ਨੂੰ ਪ੍ਰਚਾਰਿਆਂ ਹੈ:-

**ਬਹੁ ਸਾਸਤ੍ਰ ਬਹੁ ਸਿਮ੍ਰਿਤੀ, ਪੇਖੇ ਸਰਬ ਢਢੋਲਿ ॥**
**ਪੂਜਸਿ ਨਾਹੀ ਹਰਿ ਹਰੇ, ਨਾਨਕ ਨਾਮ ਅਮੋਲ ॥** [ਪੰਨਾ ੨੬੫

**ਭੈਰਉ ਮਹਲਾ ੫ ॥ ਨਮਸਕਾਰ ਤਾ ਕਉ ਲਖ ਬਾਰ ॥ ਇਹੁ ਮਨੁ ਦੀਜੈ ਤਾ ਕਉ ਵਾਰਿ ॥ ਸਿਮਰਨਿ ਤਾ ਕੈ ਮਿਟਹਿ ਸੰਤਾਪ ॥ ਹੋਇ ਅਨੰਦੁ ਨ ਵਿਆਪਹਿ ਤਾਪ ॥੧॥ ਐਸੋ ਹੀਰਾ, ਨਿਰਮਲ ਨਾਮ ॥ ਜਾਸੁ ਜਪਤ, ਪੂਰਨ ਸਭਿ ਕਾਮ ॥੧॥ਰਹਾਉ॥ ਜਾ ਕੀ ਦ੍ਰਿਸਟਿ, ਦੂਖ ਡੇਰਾ ਢਹੈ ॥ ਅੰਮ੍ਰਿਤ ਨਾਮੁ ਸੀਤਲੁ ਮਨਿ ਗਹੈ ॥ ਅਨਿਕ ਭਗਤ ਜਾ ਕੇ ਚਰਨ ਪੂਜਾਰੀ ॥ ਸਗਲ ਮਨੋਰਥ ਪੂਰਨਹਾਰੀ ॥੨॥ ਖਿਨ ਮਹਿ, ਊਣੇ ਸੁਭਰ ਭਰਿਆ ॥ ਖਿਨ ਮਹਿ, ਸੂਕੇ ਕੀਨੇ ਹਰਿਆ ॥ ਖਿਨ ਮਹਿ, ਨਿਥਾਵੇ ਕਉ ਦੀਨੋ ਥਾਨੁ ॥ ਖਿਨ ਮਹਿ, ਨਿਮਾਣੇ ਕਉ ਦੀਨੋ ਮਾਨੁ ॥੩॥ ਸਭ ਮਹਿ ਏਕੁ ਰਹਿਆ ਭਰਪੂਰਾ ॥ ਸੋ ਜਾਪੈ, ਜਿਸੁ ਸਤਿਗੁਰੁ ਪੂਰਾ ॥ ਹਰਿ ਕੀਰਤਨੁ, ਤਾ ਕੋ ਅਧਾਰੁ ॥ ਕਹੁ ਨਾਨਕ, ਜਿਸੁ ਆਪਿ ਦਇਆਰੁ ॥੪॥੧੩॥੨੬॥**

## ਉਚਾਰਨ ਸੇਧ

**ਬਿੰਦੀ ਸਹਿਤ:** ਮਿਟਹਿੰ, ਮਹਿੰ, ਨਿਥਾਵੇਂ।

**ਨੋਟ-** 'ਤਾ ਕਉ' ਦਾ ਉਚਾਰਨ 'ਤਾਂ ਕਉ' ਕਰਨਾ ਅਸ਼ੁੱਧ ਹੈ।

**ਪਦ ਅਰਥ:** ਤਾ ਕਉ-ਉਸ (ਪਰਮਾਤਮਾ) ਨੂੰ। ਲਖ ਬਾਰ-ਲੱਖਾਂ ਵਾਰ। ਵਾਰਿ-ਵਾਰ ਕੇ ਭਾਵ ਸਦਕੇ ਕਰਕੇ। ਸਿਮਰਨਿ-ਸਿਮਰਨ ਨਾਲ। ਮਿਟਹਿ-ਮਿਟ ਜਾਂਦੇ ਹਨ, ਦੂਰ ਹੋ ਜਾਂਦੇ ਹਨ। ਨ ਵਿਆਪਹਿ-ਨਹੀਂ ਵਿਆਪਦੇ, ਬਲ ਨਹੀਂ ਪਾ ਸਕਦੇ। ਸੰਤਾਪ-ਦੁੱਖ, ਕਲੇਸ਼। ਤਾਪ-ਗਰਮੀ, ਤੇਜ਼ ਬੁਖਾਰ। ਐਸੋ-ਇਹੋ ਜਿਹਾ। ਹੀਰਾ-ਕੀਮਤੀ ਪੱਥਰ। ਨਿਰਮਲ-ਪਵਿੱਤਰ। ਜਾਸੁ ਜਪਤ-ਜਿਸ ਨੂੰ ਜਪਦਿਆਂ। ਪੂਰਨ-ਪੂਰੇ ।੧।ਰਹਾਉ।

ਜਾ ਕੀ ਦ੍ਰਿਸਟਿ-ਜਿਸ (ਵਾਹਿਗੁਰੂ ਦੀ) ਕਿਰਪਾ ਦ੍ਰਿਸ਼ਟੀ ਦੁਆਰਾ। ਦੂਖ ਡੇਰਾ-ਦੁੱਖਾਂ ਦਾ ਟਿਕਾਣਾ । ਢਹੈ-ਢਹਿ ਜਾਂਦਾ ਹੈ। ਸੀਤਲ-ਠੰਢਾ। ਮਨਿ-ਮਨ ਵਿਚ। ਪੂਜਾਰੀ-ਪੂਜਾ ਕਰਨ ਵਾਲੇ। ਮਨੋਰਥ-

ਮੰਗਾਂ, ਲੋੜਾਂ। ਪੂਰਨਹਾਰੀ-ਪੂਰੀਆਂ ਕਰਨ ਵਾਲੇ।੨।

ਊਣੇ-ਖ਼ਾਲੀ। ਸੁਭਰ ਭਇਆ-ਨੱਕਾ ਨੱਕ ਭਰ ਦਿੱਤੇ। ਸੂਕੇ-ਸੁੱਕੇ ਹੋਏ। ਹਰਿਆ-ਹਰੇ ਭਰੇ ਹੋ ਜਾਂਦੇ ਹਨ। ਮਾਨੁ-ਮਾਣ, ਆਦਰ।੩।

ਰਹਿਆ ਭਰਪੂਰਾ-ਵਸ ਰਿਹਾ ਹੈ। ਸੋ ਜਾਪੈ-ਉਹ (ਮਨੁੱਖ ਹੀ) ਜਪਦਾ ਹੈ। ਤਾਕੋ-ਉਸ ਲਈ। ਆਧਾਰੁ-ਆਸਰਾ। ਦਇਆਰੁ-ਦਇਆਲ, ਦਇਆ ਕਰਨ ਵਾਲਾ।੪।

**ਅਰਥ:** (ਹੇ ਭਾਈ!) ਉਸ (ਪਰਮਾਤਮਾ) ਨੂੰ ਲੱਖਾਂ ਵਾਰੀ ਨਮਸਕਾਰ ਕਰੀਏ। ਇਹ ਮਨ (ਉਸ ਤੋਂ) ਵਾਰ ਕੇ ਉਸ (ਪਰਮਾਤਮਾ) ਅਗੇ (ਭੇਟ ਕਰ ਦੇਈਏ)। ਉਸ (ਪਰਮਾਤਮਾ ਦੇ ਸਿਮਰਨ ਨਾਲ (ਸਾਰੇ) ਦੁਖ ਕਲੇਸ਼ ਮਿੱਟ ਜਾਂਦੇ ਹਨ। (ਤਿੰਨੇ) ਤਾਪ (ਆਪਣਾ) ਬਲ ਨਹੀਂ ਪਾ ਸਕਦੇ, (ਮਨ ਵਿਚ ਸਦਾ ਲਈ ਅਨੰਦ ਹੋ ਜਾਂਦਾ ਹੈ।੧।

(ਹੇ ਭਾਈ! ਪਰਮਾਤਮਾ ਦਾ) ਪਵਿੱਤਰ ਨਾਮ ਇਹੋ ਜਿਹਾ ਕੀਮਤੀ (ਪਦਾਰਥ ਹੈ ਕਿ) ਜਿਸ ਨੂੰ ਜਪਦਿਆਂ (ਸਿਮਰਦਿਆਂ) ਸਾਰੇ ਕਾਰਜ ਪੂਰੇ (ਹੋ ਜਾਂਦੇ ਹਨ)।੧।ਰਹਾਉ।

(ਹੇ ਭਾਈ!) ਜਿਸ (ਵਾਹਿਗੁਰੂ ਜੀ) ਦੀ ਕਿਰਪਾ ਦ੍ਰਿਸ਼ਟੀ ਨਾਲ ਦੁੱਖਾਂ ਦਾ ਡੇਰਾ ਢਹਿ ਜਾਂਦਾ ਹੈ। (ਜਿਹੜੇ ਜੀਵ) ਨਾਮ ਅੰਮ੍ਰਿਤ (ਨੂੰ ਆਪਣੇ) ਮਨ ਵਿਚ ਵਸਾਂਦਾ ਹੈ (ਉਸ ਨੂੰ ਠੰਢ ਪਾ ਦਿੰਦਾ ਹੈ)। ਅਨੇਕਾਂ ਭਗਤ ਜਿਸ (ਪਰਮਾਤਮਾ) ਦੇ ਚਰਨਾ ਦੀ ਪੂਜਾ ਕਰਨ ਵਾਲੇ ਹਨ, (ਉਸ ਦੀ ਪੂਜਾ ਸੇਵਾ) ਸਾਰੇ ਮਨੋਰਥ ਪੂਰਨ ਕਰਨ ਵਾਲੀ ਹੈ।੨।

(ਹੇ ਭਾਈ! ਨਾਮ ਐਸਾ ਹੈ ਜਿਸ ਨੇ) ਖਿਨ ਵਿਚ (ਗੁਣਾਂ ਤੋਂ) ਸਖਣੇ (ਹਿਰਦੇ ਗੁਣਾਂ ਨਾਲ) ਨਕੋ-ਨੱਕ ਭਰ ਦਿੱਤੇ, ਖਿਨ ਵਿਚ ਸਖਣੇ ਸੁੱਕੇ (ਹਿਰਦੇ) ਹਰੇ-ਭਰੇ ਕਰ ਦਿੱਤੇ। ਖਿਨ ਵਿਚ ਨਿਥਾਵੇਂ (ਜੀਵਾਂ ਨੂੰ) ਥਾਨ (ਟਿਕਾਣਾ) ਦੇ ਦਿੱਤਾ (ਅਤੇ) ਖਿਨ ਵਿਚ ਨਿਮਾਣੇ (ਜੀਵਾਂ) ਨੂੰ ਮਾਣ (ਆਦਰ) ਬਖਸ਼ ਦਿੱਤਾ।੩।

ਇਕ (ਪਰਮਾਤਮਾ) ਸਾਰਿਆਂ ਵਿਚ ਵਿਆਪਕ ਹੋ ਰਿਹਾ ਹੈ। (ਉਸ ਨੂੰ) ਉਹ (ਜੀਵ) ਜਪਦਾ ਹੈ, ਜਿਸ ਨੂੰ ਪੂਰਾ ਗੁਰੂ (ਮਿਲ ਪਿਆ ਹੈ)। ਨਾਨਕ (ਆਖ ਕਿ ਜਿਸ ਮਨੁੱਖ) ਉੱਤੇ (ਪਰਮਾਤਮਾ) ਆਪ ਦਇਆਲੂ ਹੁੰਦਾ ਹੈ, ਹਰੀ ਦਾ ਕੀਰਤਨ ਉਸ (ਮਨੁੱਖ ਦਾ ਜੀਵਨ) ਆਸਰਾ (ਬਣ ਜਾਂਦਾ ਹੈ)।੪।੧੩।੨੬।

## ਸਾਰੰਸ਼ ਅਤੇ ਸਿਧਾਂਤ

ਪਿਛਲੇ ਸ਼ਬਦ ਵਾਂਗ ਇਸ ਸ਼ਬਦ ਵਿਚ ਵੀ ਨਾਮ ਦੀ ਉਪਮਾ ਦਾ ਵਖਿਆਨ ਹੈ। ਰਹਾਉ ਵਾਲੀ ਪੰਕਤੀ ਇਹ ਦਸਦੀ ਹੈ; ਐਸੋ ਹੀਰਾ ਨਿਰਮਲ ਨਾਮ ॥ ਜਾਸੁ ਜਪਤੁ ਪੂਰਨ ਸਭਿ ਕਾਮ॥

ਜਿਸ ਪਰਮੇਸ਼ਰ ਦਾ ਐਨਾ ਕੀਮਤੀ ਨਾਮ ਹੈ, ਉਸ ਪਰਮੇਸ਼ਰ ਨੂੰ ਲੱਖਾਂ ਵਾਰ ਨਮਸਕਾਰ ਕਰਨੀ ਹੀ ਸੋਭਦੀ ਹੈ। ਗੁਰੂ ਨਾਨਕ ਦੇਵ ਜੀ ਦੇ ਅੰਮ੍ਰਿਤ ਬਚਨ ਹਨ:-

**ਨਾਮ ਤਤੁ ਸਭ ਹੀ ਸਿਰਿ ਜਾਪੈ॥ ਬਿਨੁ ਨਾਵੈ ਦੁਖੁ ਕਾਲੁ ਸੰਤਾਪੈ॥**

**ਤਤੈ ਤਤੁ ਮਿਲੈ ਮਨੁ ਮਾਨੈ॥ ਦੂਜਾ ਜਾਇ ਇਕਤੁ ਘਰਿ ਆਨੈ ॥** [ਪੰਨਾ ੯੪੩

ਸਭ ਕੁਝ ਨਾਮ ਦੇ ਵਸ ਹੈ, ਨਾਮ ਦੀ ਸਾਰੀ ਸ੍ਰਿਸ਼ਟੀ ਦਾ ਕਰਤਾ ਧਰਤਾ ਹੈ। ਨਾਮ ਹੀ ਸਾਡਾ ਸੁਆਮੀ ਹੈ, ਗੁਰੂ ਰਾਮਦਾਸ ਜੀ ਵੀ ਨਾਮ ਦੇ ਪਿਆਰ ਨੂੰ ਇਉਂ ਪ੍ਰਗਟਾਉਂਦੇ ਹਨ:-

**ਹਰਿਨਾਮੁ ਹਮਾਰਾ ਪ੍ਰਭੁ ਅਬਿਗਤੁ ਅਗੋਚਰੁ, ਅਬਿਨਾਸੀ ਪੁਰਖੁ ਬਿਧਾਤਾ॥**
**ਹਰਿਨਾਮੁ ਹਮ ਸ੍ਰੇਵਹ ਹਰਿਨਾਮੁ ਹਮ ਪੂਜਹ,**
**ਹਰਿ ਨਾਮੇ ਹੀ ਮਨੁ ਰਾਤਾ ॥** [ਪੰਨਾ ੫੯੨

ਨਾਮ ਨਿਥਾਵਿਆਂ ਨੂੰ ਥਾਨ, ਤੇ ਨਿਮਾਣਿਆਂ ਨੂੰ ਮਾਨ ਦੇਣ ਵਾਲਾ ਹੈ। ਪਰ ਉਹ ਮਨੁੱਖ ਹੀ ਨਾਮ ਜਪਦਾ ਹੈ ਜਿਸ ਦੇ ਸਿਰ ਉਤੇ ਪੂਰੇ ਗੁਰੂ ਦਾ ਹੱਥ ਹੈ। ਜਿਸ ਉਤੇ ਪਰਮੇਸ਼ਰ ਦਇਆਲੂ ਹੋਵੇ ਉਸੇ ਨੂੰ ਨਾਮ-ਕੀਰਤਨ ਦਾ ਆਧਾਰ ਪ੍ਰਾਪਤ ਹੁੰਦਾ ਹੈ।

**ਭੈਰਉ ਮਹਲਾ ੫ ॥ ਮੋਹਿ ਦੁਹਾਗਨਿ ਆਪਿ ਸੀਗਾਰੀ ॥ ਰੂਪ ਰੰਗ ਦੇ ਨਾਮਿ ਸਵਾਰੀ॥ ਮਿਟਿਓ ਦੁਖੁ ਅਰੁ ਸਗਲ ਸੰਤਾਪ॥ ਗੁਰ ਹੋਏ ਮੇਰੇ ਮਾਈ ਬਾਪ॥੧॥ ਸਖੀ ਸਹੇਰੀ, ਮੇਰੈ ਗ੍ਰਸਤਿ ਅਨੰਦ ॥ਕਰਿ ਕਿਰਪਾ, ਭੇਟੇ ਮੋਹਿ ਕੰਤ ॥੧॥ਰਹਾਉ॥ ਤਪਤਿ ਬੁਝੀ, ਪੂਰਨ ਸਭ ਆਸਾ॥ ਮਿਟੇ ਅੰਧੇਰ, ਭਏ ਪਰਗਾਸਾ॥ ਅਨਹਦ ਸਬਦ ਅਚਰਜ ਬਿਸਮਾਦ ॥ ਗੁਰੁ ਪੂਰਾ, ਪੂਰਾ ਪਰਸਾਦ॥੨॥ ਜਾ ਕਉ ਪ੍ਰਗਟ ਭਏ ਗੋਪਾਲ॥ ਤਾ ਕੈ ਦਰਸਨਿ ਸਦਾ ਨਿਹਾਲ॥ ਸਰਬ ਗੁਣਾ ਤਾ ਕੈ ਬਹੁਤੁ ਨਿਧਾਨ॥ ਜਾ ਕਉ ਸਤਿਗੁਰਿ ਦੀਓ ਨਾਮੁ॥੩॥ ਜਾ ਕਉ ਭੇਟਿਓ ਠਾਕੁਰੁ ਅਪਨਾ॥ ਮਨੁ ਤਨੁ ਸੀਤਲੁ ਹਰਿ ਹਰਿ ਜਪਨਾ॥ ਕਹੁ ਨਾਨਕ, ਜੋ ਜਨ ਪ੍ਰਭ ਭਾਏ ॥ ਤਾ ਕੀ ਰੇਨੁ ਬਿਰਲਾ ਕੋ ਪਾਏ ॥੪॥੧੪॥੨੭॥**

**ਪਦ ਅਰਥ:** ਮੋਹਿ-ਮੈਨੂੰ। ਦੋਹਾਗਨਿ-ਮੰਦੇ ਭਾਗਾਂ ਵਾਲੀ, ਖਸਮ ਤੋਂ ਘੁਥੀ ਹੋਈ। ਸੀਗਾਰੀ-ਸ਼ਿੰਗਾਰੀ, ਸਜਾਈ। ਨਾਮਿ-ਨਾਮ ਵਿਚ। ਸਵਾਰੀ-ਸੋਹਣੀ ਬਣਾ ਲਈ। ਸਗਲ-ਸਾਰਾ। ਸੰਤਾਪ-ਦੁਖ, ਕਲੇਸ਼। ਗੁਰ-ਗੁਰੂ। ਮਾਈ-ਮਾਤਾ।੧।

ਸਖੀ ਸਹੇਰੀ-ਹੇ ਸਖੀ ਸਹੇਲੀ!। ਗ੍ਰਸਤਿ-ਗ੍ਰਿਹਸਤੀ ਜੀਵਨ ਵਿਚ। ਕਰਿ ਕਿਰਪਾ-ਕਿਰਪਾ ਕਰਕੇ। ਭੇਟੇ-ਮਿਲੇ ਹਨ। ਕੰਤ-ਪਤੀ, ਖਸਮ, (ਪ੍ਰਭੂ ਜੀ)।੧ਰਹਾਉ।

ਤਪਤਿ-ਤਪਸ਼, ਭਾਵ ਤ੍ਰਿਸ਼ਨਾ ਦੀ ਅੱਗ। ਬੁਝੀ-ਬੁੱਝ ਗਈ, ਦੂਰ ਹੋ ਗਈ। ਪੂਰਨ-ਪੂਰੀ ਹੋ ਗਈ ਹੈ। ਅੰਧੇਰ-(ਅਗਿਆਨਤਾ ਦੇ) ਹਨੇਰੇ। ਪਰਗਾਸਾ-(ਗਿਆਨ ਰੂਪੀ) ਚਾਨਣ। ਅਨਹਦ ਸਬਦ-ਇਕ ਰਸ ਵਜਣ ਵਾਲੇ ਆਤਮਿਕ ਸੰਗੀਤ। ਅਚਰਜ ਬਿਸਮਾਦ-ਹੈਰਾਨ ਕਰਨ ਵਾਲੇ। ਪਰਸਾਦ-ਕਿਰਪਾ।੨।

ਪ੍ਰਗਟ-ਪ੍ਰਤੱਖ। ਨਿਹਾਲ-ਪ੍ਰਸੰਨ। ਸਰਬ-ਸਾਰੇ। ਨਿਧਾਨ-ਖਜ਼ਾਨੇ। ਸਤਿਗੁਰਿ-ਸਤਿਗੁਰੂ ਨੇ ।੩।

ਭੇਟਿਓ-ਮਿਲ ਪਿਆ। ਠਾਕੁਰ-ਮਾਲਕ। ਸੀਤਲ-ਠੰਢਾ। ਜਪਨਾ-ਜਪਣਾ (ਆਰੰਭ ਕੀਤਾ ਹੈ)। ਭਾਏ-ਚੰਗੇ ਲਗੇ। ਰੇਨੁ-ਚਰਨ ਧੂੜ। ਬਿਰਲਾ ਕੋ-ਕੋਈ ਵਿਰਲਾ (ਜਗਿਆਸੂ)।੪।

**ਅਰਥ:** (ਹੇ ਸਖੀਏ!) ਮੈਂ ਖਸਮ ਤੋਂ ਘੁੱਥੀ ਹੋਈ ਨੂੰ (ਪ੍ਰਭੂ-ਪਤੀ ਨੇ ਕਿਰਪਾ ਦ੍ਰਿਸ਼ਟੀ ਕਰਕੇ) ਆਪ ਹੀ ਸ਼ਿੰਗਾਰ ਲਿਆ। (ਸੁਹਾਗਣਾਂ ਵਾਲਾ ਸੋਹਣਾ) ਰੂਪ ਰੰਗ ਦੇ ਕੇ (ਆਪਣੇ) ਨਾਮ ਵਿਚ (ਜੋੜ ਕੇ ਮੈਨੂੰ)ਸਵਾਰ ਦਿੱਤਾ (ਮੇਰੇ) ਸਾਰੇ ਦੁਖ, ਸੰਤਾਪ ਦੂਰ ਹੋ ਗਏ। ਸਤਿਗੁਰੂ ਮੇਰੇ ਮਾਤਾ-ਪਿਤਾ ਬਣ ਗਏ।੧।

ਹੇ (ਪਿਆਰੀ) ਸਖੀ ਸਹੇਲੀ! ਮੇਰੇ ਗ੍ਰਿਹਸਤੀ (ਜੀਵਨ) ਵਿਚ ਅਨੰਦ ਹੀ ਅਨੰਦ ਹੋ ਗਿਆ ਹੈ (ਕਿਉਂਕਿ ਆਪਣੀ) ਕਿਰਪਾ ਕਰਕੇ ਮੈਨੂੰ ਪ੍ਰਭੂ ਪਤੀ ਜੀ ਮਿਲ ਗਏ ਹਨ।੧।ਰਹਾਉ।

(ਹੇ ਸਖੀਏ! ਮੇਰੇ ਅੰਦਰੋਂ ਤ੍ਰਿਸ਼ਨਾ ਦੀ) ਤਪਤ ਬੁਝ ਗਈ ਹੈ (ਅਤੇ) ਸਭ (ਤਰ੍ਹਾਂ ਦੀ) ਆਸ ਪੂਰੀ ਹੋ ਗਈ ਹੈ। (ਮਾਇਆ ਮੋਹ ਦੇ ਅਗਿਆਨਤਾ ਵਾਲੇ) ਹਨੇਰੇ ਦੂਰ ਹੋ ਗਏ ਹਨ, (ਹਿਰਦੇ ਅੰਦਰ ਗੁਰੂ ਦੇ) ਗਿਆਨ ਦਾ ਪ੍ਰਕਾਸ਼ ਹੋ ਗਿਆ ਹੈ। (ਹੁਣ ਮੇਰੇ ਅੰਦਰ) ਇਕ ਰਸ ਵਜਣ ਵਾਲਾ ਸ਼ਬਦ ਵਜ ਰਿਹਾ ਹੈ (ਜਿਸ ਦਾ ਰੱਸ) ਅਸਚਰਜ ਤੇ ਵਿਸਮਾਦ (ਭਾਵ ਅਦਭੁਤ ਰੂਪ ਹੈ)। (ਹੇ ਸਖੀ! ਮੇਰਾ) ਗੁਰੂ ਪੂਰਾ ਹੈ (ਅਤੇ ਉਸ ਦਾ) ਪਰਸਾਦ ਵੀ ਪੂਰਾ ਹੈ (ਭਾਵ ਜਿਸ ਤੇ ਕਿਰਪਾ ਕਰਦਾ ਹੈ ਉਸ ਨੂੰ ਨਿਹਾਲ ਕਰ ਦਿੰਦਾ ਹੈ)।੨।

(ਹੇ ਸਖੀ!) ਜਿਸ (ਜੀਵ ਦੇ ਹਿਰਦੇ ਵਿਚ) ਗੋਪਾਲ ਸਾਖਿਆਤਕਾਰ ਹੋਏ ਹਨ, ਉਸ ਦੇ ਦਰਸ਼ਨ ਕਰਨ ਨਾਲ (ਅਨੇਕਾਂ ਜੀਵ) ਸਦਾ ਲਈ ਨਿਹਾਲ ਹੋ ਜਾਂਦੇ ਹਨ। ਜਿਸ ਨੂੰ ਸਤਿਗੁਰੂ ਨੇ ਨਾਮ ਦੀ (ਦਾਤ ਬਖਸ਼) ਦਿਤੀ ਹੈ (ਉਸ ਦੇ ਹਿਰਦੇ ਵਿਚ) ਸਾਰੇ (ਸ੍ਰੇਸ਼ਟ ਗੁਣ ਪੈਦਾ ਹੋ ਜਾਂਦੇ ਹਨ, ਅਤੇ ਉਸ ਦੇ ਘਰ) ਬਹੁਤ ਖਜ਼ਾਨੇ (ਆ ਜਾਂਦੇ ਹਨ)।੩।

(ਹੇ ਸਖੀਏ!) ਜਿਸ (ਜਗਿਆਸੂ) ਨੂੰ ਆਪਣਾ ਮਾਲਕ ਮਿਲ ਪਿਆ ਉਸ ਨੇ ਹਰੀ (ਨਾਮ) ਜਪਣਾ (ਆਰੰਭ ਕਰ ਦਿੱਤਾ, ਜਿਸ ਦੇ ਫਲ ਸਰੂਪ ਉਸ ਦਾ) ਮਨ ਤਨ ਠੰਢਾ ਠਾਰ ਹੋ ਗਿਆ। ਨਾਨਕ! (ਤੂੰ) ਆਖ, ਜਿਹੜੇ ਸੇਵਕ-ਜਨ ਪ੍ਰਭੂ ਨੂੰ ਪਿਆਰੇ ਲਗੇ ਹਨ ਉਨ੍ਹਾਂ ਦੇ ਚਰਨਾ ਦੀ ਧੂੜ ਕੋਈ ਵਿਰਲਾ (ਮਨੁੱਖ ਹੀ) ਪ੍ਰਾਪਤ ਕਰਦਾ ਹੈ।੪।੧੪।੨੭।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਕੰਤ ਪ੍ਰਭੂ ਦੇ ਭੇਟਣ ਨਾਲ ਜੀਵ ਇਸਤਰੀ ਦੇ ਜੀਵਨ ਵਿਚ ਜੋ ਤਬਦੀਲੀ ਆਉਂਦੀ ਹੈ, ਉਸ ਦਾ ਵਰਣਨ ਹੈ। ਉਹ ਆਖਦੀ ਹੈ- 'ਹੇ ਸਖੀ ਸਹੇਲੀਓ! ਮੇਰੇ ਘਰ ਵਿਚ ਆਤਮਿਕ ਅਨੰਦ ਬਣ ਗਿਆ ਹੈ ਕਿਉਂਕਿ ਪਤੀ-ਪਰਮੇਸ਼ਰ ਆਪਣੀ ਮਿਹਰ ਕਰਕੇ ਮੈਨੂੰ ਮਿਲ ਪਏ ਹਨ ਅਤੇ ਪਤੀ-ਪਰਮੇਸ਼ਰ ਜੀ ਨੇ ਆਤਮਿਕ ਗੁਣ ਬਖਸ਼ ਕੇ ਮੇਰਾ ਜੀਵਨ ਸਵਾਰ ਦਿੱਤਾ ਹੈ।

ਮਾਲਕ ਦਾ ਮਿਲਾਪ ਸਤਿਗੁਰੂ ਦੇ ਬਖਸ਼ੇ ਨਾਮ ਸਦਕਾ ਹੀ ਹੁੰਦਾ ਹੈ। ਜੇ ਗੁਰੂ ਹੀ ਮਾਈ ਬਾਪ ਬਣ ਜਾਣ ਤਾਂ ਆਤਮਿਕ ਜੀਵਨ ਵਿਚ ਮੌਜਾਂ ਹੀ ਮੌਜਾਂ ਲਗ ਜਾਂਦੀਆਂ ਹਨ:-

**ਨਾਨਕ, ਸਤਿਗੁਰ ਭੇਟਿਐ ਪੂਰੀ ਹੋਵੈ ਜੁਗਤਿ ॥**

ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ, ਵਿਚੇ ਹੋਵੈ ਮੁਕਤਿ॥ [ਪੰਨਾ ੫੨੨

ਅੰਤ ਵਿਚ ਜੋ ਸ਼ਬਦ ਦਾ ਸਾਰ ਅੰਕਿਤ ਹੈ ਉਹ ਇਹ ਚਾਨਣ ਪਾਉਂਦਾ ਹੈ ਕਿ ਜਿਹੜੇ ਜਨ ਪ੍ਰਭੂ ਨੂੰ ਚੰਗੇ ਲਗ ਜਾਂਦੇ ਹਨ, ਉਹਨਾਂ ਦੀ ਚਰਨ ਧੂੜ ਕਿਸੇ ਵਿਰਲੇ ਮਨੁੱਖ ਨੂੰ ਹੀ ਨਸੀਬ ਹੁੰਦੀ ਹੈ।

**ਭੈਰਉ ਮਹਲਾ ੫ ॥ ਚਿਤਵਤ ਪਾਪ, ਨ ਆਲਕੁ ਆਵੈ ॥ ਬੇਸੁਆ ਭਜਤ, ਕਿਛੁ ਨਹ ਸਰਮਾਵੈ ॥ ਸਾਰੋ ਦਿਨਸੁ ਮਜੂਰੀ ਕਰੈ ॥ ਹਰਿ ਸਿਮਰਨ ਕੀ ਵੇਲਾ, ਬਜਰ ਸਿਰਿ ਪਰੈ ॥ ੧ ॥ ਮਾਇਆ ਲਗਿ ਭੂਲੋ ਸੰਸਾਰੁ ॥ ਆਪਿ ਭੁਲਾਇਆ ਭੁਲਾਵਣਹਾਰੈ, ਰਾਚਿ ਰਹਿਆ ਬਿਰਥਾ ਬਿਉਹਾਰ ॥ ੧ ॥ ਰਹਾਉ ॥ ਪੇਖਤ ਮਾਇਆ ਰੰਗ ਬਿਹਾਇ ॥ ਗੜ ਬੜ ਕਰੈ, ਕਉਡੀ ਰੰਗੁ ਲਾਇ ॥ ਅੰਧ ਬਿਉਹਾਰ ਬੰਧ, ਮਨੁ ਧਾਵੈ ॥ ਕਰਣੈਹਾਰੁ ਨ ਜੀਅ ਮਹਿ ਆਵੈ ॥ ੨ ॥ ਕਰਤ ਕਰਤ, ਇਵ ਹੀ ਦੁਖੁ ਪਾਇਆ ॥ ਪੂਰਨ ਹੋਤ ਨ ਕਾਰਜ ਮਾਇਆ ॥ ਕਾਮਿ ਕ੍ਰੋਧਿ ਲੋਭਿ ਮਨੁ ਲੀਨਾ ॥ ਤੜਫਿ ਮੂਆ ਜਿਉ ਜਲ ਬਿਨੁ ਮੀਨਾ ॥ ੩ ॥ ਜਿਸ ਕੇ ਰਾਖੇ ਹੋਏ ਹਰਿ ਆਪਿ ॥ ਹਰਿ ਹਰਿ ਨਾਮੁ ਸਦਾ ਜਪੁ ਜਾਪਿ ॥ ਸਾਧ ਸੰਗਿ, ਹਰਿ ਕੇ ਗੁਣ ਗਾਇਆ ॥ ਨਾਨਕ, ਸਤਿਗੁਰੁ ਪੂਰਾ ਪਾਇਆ ॥੪॥੧੫॥੨੮॥**

ਉਚਾਰਨ ਸੇਧ

**ਬਿੰਦੀ ਸਹਿਤ:** ਨਹਂ, ਮਹਿਂ, ਜਿਉਂ।

**ਪਦ ਅਰਥ:** ਚਿਤਵਤ ਪਾਪ-ਪਾਪਾਂ ਨੂੰ ਚਿਤਵਦਿਆਂ, ਸੋਚਦਿਆਂ। ਆਲਕੁ-ਆਲਸ। ਬੇਸੁਆ-ਵੇਸਵਾ, ਕੰਜਰੀ। ਭਜਤ-ਭੋਗਦਿਆਂ। ਨਹ ਸਰਮਾਵੈ-ਸ਼ਰਮਾਉਂਦਾ ਨਹੀਂ ਹੈ, ਲਜਿਆ ਨਹੀਂ ਆਉਂਦੀ। ਮਜੂਰੀ-ਮਜ਼ਦੂਰੀ। ਬਜਰ-ਪੱਥਰ, ਬਿਜ (ਭਾਵ ਮੌਤ)। ਲਗਿ-ਲਗ ਕੇ, ਫਸ ਕੇ। ਭੂਲੋ-ਭੁਲਿਆ ਪਿਆ ਹੈ। ਭੁਲਾਵਣਹਾਰੈ-ਭੁਲਾਉਣ ਵਾਲੇ (ਪਰਮਾਤਮਾ) ਨੇ। ਰਾਚਿ ਰਹਿਆ-ਰਚ (ਫਸ) ਰਿਹਾ ਹੈ। ਬਿਰਥਾ ਬਿਉਹਾਰ-ਵਿਅਰਥ ਵਿਹਾਰਾਂ ਵਿਚ।੧।ਰਹਾਉ।

ਪੇਖਤ-ਵੇਖਦਿਆਂ। ਮਾਇਆ ਰੰਗ-ਮਾਇਆ ਦੇ ਚੋਜ ਤਮਾਸ਼ੇ। ਬਿਹਾਇ-(ਉਮਰ) ਗੁਜ਼ਰ ਜਾਂਦੀ ਹੈ। ਗੜਬੜ-ਹੇਰਾ-ਫੇਰੀ। ਕਉਡੀ-ਤੁੱਛ ਮਾਇਆ ਵਿਚ। ਰੰਗੁ-ਝੂਠਾ ਪਿਆਰ। ਅੰਧ ਬਿਉਹਾਰ-ਅੰਨ੍ਹਾਂ (ਕਰ ਦੇਣ ਵਾਲੇ ਮਾਇਆ ਦੇ) ਵਪਾਰ ਵਿਚ। ਬੰਧ-ਬੰਧਨ। ਧਾਵੈ-ਦੌੜਦਾ ਹੈ। ਕਰਣੈਹਾਰੁ-ਕਰਤਾਰ। ਜੀਅ ਮਹਿ-ਹਿਰਦੇ ਵਿਚ।੨।

ਕਰਤ ਕਰਤ-ਕਰਦਿਆਂ ਕਰਦਿਆਂ। ਇਵ ਹੀ-ਇਸੇ ਤਰ੍ਹਾਂ ਹੀ। ਕਾਰਜ ਮਾਇਆ-ਮਾਇਆ ਦੇ ਕੰਮ। ਕਾਮਿ ਕ੍ਰੋਧਿ ਲੋਭਿ-ਕਾਮ ਵਾਸ਼ਨਾ, ਕ੍ਰੋਧ ਤੇ (ਮਾਇਆ ਦੇ) ਲੋਭ ਵਿਚ। ਮਨੁ ਲੀਨਾ-ਮਨ ਲੀਨ ਹੋਇਆ ਰਹਿੰਦਾ ਹੈ। ਤੜਫਿ ਮੂਆ-ਦੁਖੀ ਹੋ ਕੇ ਮਰ ਜਾਂਦਾ ਹੈ। ਜਿਉ-ਜਿਵੇਂ। ਜਲ ਬਿਨੁ ਮੀਨਾ-ਪਾਣੀ ਤੋਂ ਬਿਨਾ ਮੱਛੀ।੩। ਜਪੁ ਜਾਪਿ-ਜਪ, ਜਪਦਾ ਹੈ। ਸਾਧ ਸੰਗਿ-(ਗੁਰੂ) ਸਾਧੂ ਦਾ ਸੰਗ ਕਰਕੇ।੪।

**ਅਰਥ:** (ਹੇ ਭਾਈ! ਰਬ ਤੋਂ ਵੇਮੁਖ ਹੋਏ ਮਨੁੱਖ ਨੂੰ) ਪਾਪ (ਕਰਮ) ਚਿਤਵਦਿਆਂ ਰਤਾ ਪਰ ਆਲਸ ਨਹੀਂ ਆਉਂਦਾ। ਵੇਸਵਾ ਨਾਲ ਭੋਗ ਕਰਦਿਆਂ ਵੀ (ਉਕਾ) ਸ਼ਰਮਾਉਂਦਾ ਨਹੀਂ ਹੈ। ਸਾਰਾ ਦਿਨ (ਸਨਬੰਧੀਆਂ ਦੀ ਪੇਟ ਪੂਰਤੀ ਹਿਤ) ਮਜ਼ੂਰੀ ਕਰਦਿਆਂ (ਆਲਸ ਨਹੀਂ ਕਰਦਾ, ਪਰ ਜਦੋਂ) ਹਰੀ ਦੇ (ਨਾਮ) ਸਿਮਰਨ ਦੀ ਘੜੀ ਆਉਂਦੀ ਹੈ (ਓਦੋਂ ਇਸ ਨੂੰ ਮਹਿਸੂਸ ਹੁੰਦਾ ਹੈ ਜਿਵੇਂ ਇਸ ਦੇ) ਸਿਰ ਉਤੇ (ਕੋਈ) ਬਿਜ (ਪਹਾੜ) ਆ ਡਿੱਗਦਾ ਹੈ (ਭਾਵ ਮੁਸੀਬਤ ਪੈ ਜਾਂਦੀ ਹੈ)।੧।

(ਹੇ ਭਾਈ!) ਮਾਇਆ ਵਿਚ ਲਗ ਕੇ (ਸਾਰਾ) ਸੰਸਾਰ (ਪਰਮਾਤਮਾ ਦਾ ਨਾਮ ਜਪਣ ਵਲੋਂ) ਭੁਲਾ ਪਿਆ ਹੈ (ਹਾਂ, ਜਿਸ ਨੂੰ) ਭੁਲਾਉਣ ਵਾਲੇ (ਪਰਮੇਸ਼ਰ) ਨੇ (ਮਾਇਆ ਦਾ ਮੋਹ ਲਾ ਕੇ) ਭੁਲਾਇਆ ਹੈ, ਉਹ ਵਿਅਰਥ ਧੰਧਿਆਂ ਵਿਚ ਪਰਵਿਰਤ ਹੋ ਰਿਹਾ ਹੈ।੧।ਰਹਾਉ।

(ਹੇ ਭਾਈ!) ਮਾਇਆ ਦੇ ਰੰਗ-ਤਮਾਸ਼ੇ ਵੇਖਦਿਆਂ ਹੀ (ਜੀਵ ਦੀ ਉਮਰ) ਬੀਤ ਜਾਂਦੀ ਹੈ। (ਇਹ ਜੀਵ) ਹੇਰਾ-ਫੇਰੀ ਕਰਦਾ (ਅਤੇ) ਤੁੱਛ ਮਾਇਆ ਵਿਚ ਹੀ (ਆਪਣਾ) ਪਿਆਰ ਲਾਈ ਰਖਦਾ ਹੈ। ਮਾਇਆ ਮੋਹ ਦੇ ਅੰਧਾ-ਧੁੰਧ ਧੰਧਿਆਂ ਦਾ ਬੱਧਾ ਹੋਇਆ ਮਨ (ਵਿਕਾਰਾਂ ਵਲ ਹੀ) ਦੌੜਦਾ ਹੈ। ਪੈਦਾ ਕਰਨ ਵਾਲਾ ਕਰਤਾਰ (ਇਸ ਨੂੰ) ਹਿਰਦੇ ਵਿਚ ਯਾਦ ਹੀ ਨਹੀਂ ਆਉਂਦਾ੨।

(ਦੁਨਿਆਵੀ ਧੰਧੇ) ਕਰਦਿਆਂ ਕਰਦਿਆਂ ਹੀ (ਜੀਵ ਨੇ) ਇਸੇ ਤਰ੍ਹਾਂ ਹੀ ਦੁਖ ਭੋਗਿਆ (ਪ੍ਰੰਤੂ ਇਸ ਨੂੰ ਇਹ ਗਿਆਨ ਨਹੀਂ ਹੈ ਕਿ) ਮਾਇਆ ਦੇ ਕੰਮ ਕਾਜ ਕਦੇ ਵੀ ਪੂਰੇ ਨਹੀਂ ਹੁੰਦੇ। ਜਿਵੇਂ ਮੱਛੀ ਪਾਣੀ ਤੋਂ ਬਿਨਾਂ ਤੜਫ ਕੇ ਮਰਦੀ ਹੈ (ਤਿਵੇਂ ਜਿਹੜਾ) ਮਨ ਕਾਮ ਵਿਚ, ਕ੍ਰੋਧ ਵਿਚ, ਲੋਭ ਵਿਚ, ਜੁੜਿਆ ਰਹਿੰਦਾ ਹੈ, (ਉਹ ਮਨੁੱਖ ਵਿਕਾਰਾਂ ਵਿਚ ਤੜਫਦਾ ਮਰ ਜਾਂਦਾ ਹੈ)।੩।

(ਹੇ ਭਾਈ!) ਜਿਸ (ਜੀਵ) ਦੇ ਰਖਵਾਲੇ ਪਰਮੇਸ਼ਰ ਜੀ ਆਪ ਹੋ ਗਏ ਹਨ ਉਹ (ਜੀਵ) ਸਦਾ ਹੀ ਹਰਿ ਹਰਿ ਨਾਮ ਰੂਪੀ ਜਾਪ ਕਰਦਾ ਰਹਿੰਦਾ ਹੈ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਜਿਸ ਮਨੁੱਖ ਨੂੰ) ਪੂਰਾ ਸਤਿਗੁਰੂ ਮਿਲ ਗਿਆ ਹੈ (ਉਸ ਨੇ) ਸਾਧ (ਗੁਰੂ ਦਾ) ਸੰਗ ਕਰਕੇ ਹਰੀ ਦੇ ਗੁਣਾਂ ਦਾ ਗਾਇਨ ਕੀਤਾ ਹੈ।੪।੧੫।੨੮।

## ਅਰਥ ਭੇਦ ਅਤੇ ਨਿਰਣੈ

**ਹਰਿ ਸਿਮਰਨ ਕੀ ਵੇਲਾ, ਬਜਰ ਸਿਰਿ ਪਰੈ ॥**

ਇਸ ਪੰਕਤੀ ਵਿਚ 'ਬਜਰ' ਪਦ ਦੇ ਅਰਥਾਂ ਦੀ ਵੰਨਗੀ ਇਸ ਪ੍ਰਕਾਰ ਮਿਲਦੀ ਹੈ:-

੧- ਪਰੰਤੂ ਹਰੀ ਦੇ ਸਿਮਰਨ ਵੇਲੇ ਸਿਰ ਪਰ ਨਿੰਦ੍ਰਾ ਰੂਪ ਮਾਨੋ ਬਜਰ ਪੜਤਾ ਹੈ ਭਾਵ ਦੁਖੀ ਹੋਤਾ ਹੈ। [ਫ.ਸ.

੨- (ਸੰ. ਵਜ-ਇੰਦਰ ਦੀ ਗਦਾ ਜੋ ਬੜੀ ਕਰੜੀ ਮੰਨੀ ਗਈ ਹੈ)। ਬਿਜ ਮੌਤ ਪੈ ਜਾਂਦੀ ਸੁ ਸਿਮਰਨ ਵੇਲੇ। [ਸ਼ਬਦਾਰਥ

੩- ਪਰ ਜਦੋਂ ਸਿਮਰਨ ਦਾ ਵੇਲਾ ਹੁੰਦਾ ਹੈ (ਤਦੋਂ ਇਉਂ ਹੁੰਦਾ ਹੈ ਜਿਵੇਂ ਇਸ ਦੇ) ਸਿਰ ਉੱਤੇ ਬਿਜਲੀ ਪੈ ਜਾਂਦੀ ਹੈ। [ਦਰਪਣ

**ਨਿਰਣੈ:** ਹਿੰਦੀ ਵਿਚ ਭਾਵੇਂ 'ਬਜਰ' ਤੋਂ ਭਾਵ ਬਿਜਲੀ ਦਾ ਡਿਗਣਾ ਹੈ ਪਰ ਪੁਰਾਤਨ ਪੰਜਾਬੀ ਵਿਚ 'ਬਿੱਜ' ਤੋਂ ਭਾਵ ਬਜਰ ਵਾਂਗ ਕਰੜੇ ਪਥਰ ਤੋਂ ਲਿਆ ਜਾਂਦਾ ਸੀ। ਪੁਰਾਤਨ ਪੰਜਾਬੀ ਵਿਚ 'ਬਜਰ' ਦੇ ਅਰਥ 'ਪਥਰ' ਹੀ ਮੰਨੇ ਜਾਂਦੇ ਸਨ। ਕਹਿੰਦੇ ਹਨ ਕਿ ਦੁਰਜੋਧਨ ਦੀ ਦੇਹੀ ਬਜਰ ਦੀ ਬਣ ਗਈ ਸੀ ਜਿਸ ਨੂੰ ਗਿਰਝਾਂ ਵੀ ਨਹੀਂ ਖਾ ਸਕੀਆਂ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ (ਖ਼ਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ) ਵਿਚ 'ਬਿਜ' ਪਦ ਬਾਰੇ ਹੇਠ ਲਿਖਿਆ ਫੁੱਟ ਨੋਟ ਦਿੱਤਾ ਗਿਆ ਹੈ:-

"ਸਦਾ ਬਰਫਾਨੀ ਪਹਾੜਾਂ ਤੋਂ ਕਦੇ ਕਦੇ ਬੜੇ ਭਾਰੀ ਟੁਕੜੇ ਅਚਾਨਕ ਹੇਠਾਂ ਆ ਪੈਂਦੇ ਹਨ, ਉਨ੍ਹਾਂ ਨੂੰ ਬੀ ਬਿੱਜ (Avalanche) ਕਹਿੰਦੇ ਹਨ। ਪੰਜਾਬੀ ਦਾ ਇਕ ਮੁਹਾਵਰਾ ਬੋਲ ਚਾਲ ਵਿਚ ਆਮ ਹੈ-ਕਿਥੋਂ ਬਿੱਜ ਆ ਪਈ- ਇਸ ਦੀ ਮੁਰਾਦ ਉਸ ਮੁਸੀਬਤ ਤੋਂ ਹੁੰਦੀ ਹੈ ਜੋ ਪਹਾੜਾਂ ਦੀ ਬਿੱਜ ਵਾਂਙੂ ਅਚਾਨਕ ਆ ਪਵੇ। ਪ੍ਰਾਕ੍ਰਿਤ ਵਿਚ 'ਵਿਜ' ਨਾਮ ਬਿਜਲੀ ਦਾ ਹੈ।

'ਬਿਜ' ਦੇ ਅਰਥ ਪਥਰ, ਪਹਾੜ ਹਨ। ਇਸ ਲਈ ਉਸ ਨੂੰ ਹਰ ਸਿਮਰਨ ਵੇਲੇ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਸ ਦੇ ਸਿਰ ਉਤੇ ਪਹਾੜ ਡਿਗਦਾ ਹੈ। ਉਂਞ ਬਲਾ ਪੈਂਦੀ ਸੂ, ਕੁਝ ਵੀ ਅਖ ਲਵੋ ਭਾਵ ਤਾਂ ਉਸ ਦੇ ਆਲਸ ਤੋਂ, ਸਿਮਰਨ ਵੇਲੇ ਨਾ ਜਾਗਣ ਤੋਂ ਹੈ।"

'ਬਿਜ' ਪਦ ਦੇ ਅਰਥ 'ਬਿਜਲੀ' ਸਾਧਾਰਨ ਪਾਠਕਾਂ ਲਈ ਓਪਰੇ ਤੇ ਭਾਰੇ ਜਿਹੇ ਹਨ। ਇਸ ਲਈ ਉਪ੍ਰੋਕਤ ਕੋਸ਼ ਵਾਲੇ ਅਰਥ ਹੀ ਠੀਕ ਮੰਨਣੇ ਚਾਹੀਦੇ ਹਨ।

## ਸਾਰੰਸ਼ ਅਤੇ ਸਿਧਾਂਤ

ਪਰਮੇਸ਼ਰ ਤੋਂ ਬੇਮੁਖ ਜੀਵ ਪਾਪ- ਕਰਮ ਕਰਨ ਲੱਗਿਆਂ ਰਤਾ ਭਰ ਵੀ ਆਲਸ ਨਹੀਂ ਕਰਦਾ। ਇਥੋਂ ਤੱਕ ਕੇ ਵੇਸਵਾ ਦੇ ਦੁਆਰੇ ਜਾਣੋ ਭੀ ਰਤੀ ਭਰ ਨਹੀਂ ਸ਼ਰਮਾਉਂਦਾ ਮਾੜੇ ਕੰਮਾਂ ਲਈ ਮਾਇਆ ਇਕੱਠੀ ਕਰਨ ਲਈ ਸਾਰਾ ਦਿਨ ਜਾਨ ਮਾਰ ਕੇ ਮਜ਼ੂਰੀ ਕਰਨੋਂ ਵੀ ਪਿਛੇ ਨਹੀਂ ਹਟਦਾ। ਪਰ ਜਦੋਂ ਨਾਮ ਸਿਮਰਨ ਦਾ ਵੇਲਾ ਆਉਂਦਾ ਹੈ, ਇਸ ਨੂੰ ਬਿਜ ਪੈ ਜਾਂਦੀ ਹੈ, ਜਿਵੇਂ ਇਸ ਦੇ ਸਿਰ ਤੇ ਕੋਈ ਪਹਾੜ ਆ ਡਿਗਦਾ ਹੈ। ਗੁਰਵਾਕ ਹਨ:-

**ਬੁਰੇ ਕਾਮ ਕਉ ਊਠਿ ਖਲੋਇਆ ॥**
**ਨਾਮ ਕੀ ਬੇਲਾ ਪੈ ਪੈ ਸੋਇਆ ॥** [ਪੰਨਾ ੭੩੭

ਹਰੀ ਨੂੰ ਵਿਸਾਰ ਕੇ ਜਿਤਨਾ ਕਾਰ-ਵਿਹਾਰ ਕੀਤਾ ਜਾਂਦਾ ਹੈ, ਸਭ ਬੇਈਮਾਨੀ ਵਾਲਾ ਹੁੰਦਾ ਹੈ। ਜਦੋਂ ਕੰਮ ਵਿਚੋਂ ਸਫਲਤਾ ਨਹੀ ਮਿਲਦੀ ਤਾਂ ਮਨੁੱਖ ਦੁਖੀ ਹੁੰਦਾ ਹੈ।

ਮਾਇਆ ਦੇ ਕੰਮ ਧੰਧੇ ਕਿਸੇ ਮਨੁੱਖ ਨੇ ਪੂਰੇ ਨਹੀਂ ਕੀਤੇ, ਪਰ ਇਹ ਜਾਣਦਾ ਹੋਇਆ ਵੀ ਮਾਇਆ ਇਕਤਰ ਕਰਨ ਖ਼ਾਤਰ ਸਦਾ ਹੇਰਾ-ਫੇਰੀ ਵਿਚ ਹੀ ਰੁਝਿਆ ਰਹਿੰਦਾ ਹੈ।

ਅੰਤ ਵਿਚ ਗੁਰਦੇਵ ਪਿਤਾ ਸਮਝਾਉਂਦੇ ਹਨ ਕਿ ਜਿਸਦਾ ਰਖਵਾਲਾ ਹਰੀ ਆਪ ਬਣਿਆ ਹੈ, ਉਸਨੇ ਹੀ ਪਰਮਾਤਮਾ ਦੇ ਨਾਮ ਦਾ ਜਾਪੁ ਜਪਿਆ ਹੈ,ਜਿਸ ਨੂੰ ਪੂਰਾ ਸਤਿਗੁਰੂ ਮਿਲਿਆ ਹੈ ਉਸਨੇ ਸਾਧ ਸੰਗਤ ਵਿਚ ਰਹਿ ਕੇ ਪਰਮਾਤਮਾ ਦੇ ਗੁਣਾਂ ਨੂੰ ਗਾਇਨ ਕੀਤਾ ਅਤੇ ਆਤਮਿਕ-ਅਨੰਦ ਮਾਣਿਆ ਹੈ।

ਭੈਰਉ ਮਹਲਾ ੫ ॥ ਅਪਣੀ ਦਇਆ ਕਰੇ, ਸੋ ਪਾਏ ॥ ਹਰਿ ਕਾ ਨਾਮੁ, ਮੰਨਿ ਵਸਾਏ ॥ ਸਾਚ ਸਬਦੁ ਹਿਰਦੇ ਮਨ ਮਾਹਿ ॥ ਜਨਮ ਜਨਮ ਕੇ ਕਿਲਵਿਖ ਜਾਹਿ ॥੧॥ ਰਾਮ ਨਾਮੁ ਜੀਅ ਕੋ ਆਧਾਰੁ ॥ ਗੁਰ ਪਰਸਾਦਿ ਜਪਹੁ ਨਿਤ ਭਾਈ, ਤਾਰਿ ਲਏ ਸਾਗਰ ਸੰਸਾਰੁ ॥੧॥ਰਹਾਉ॥ ਜਿਨ ਕਉ ਲਿਖਿਆ ਹਰਿ ਏਹੁ ਨਿਧਾਨੁ ॥ ਸੇ ਜਨ, ਦਰਗਹ ਪਾਵਹਿ ਮਾਨੁ ॥ ਸੂਖ ਸਹਜ ਆਨੰਦ ਗੁਣ ਗਾਉ ॥ ਆਗੈ ਮਿਲੈ, ਨਿਥਾਵੇ ਥਾਉ ॥੨॥ ਜੁਗਹ ਜੁਗੰਤਰਿ ਇਹੁ ਤਤੁ ਸਾਰੁ ॥ ਹਰਿ ਸਿਮਰਣੁ, ਸਾਚਾ ਬੀਚਾਰੁ ॥ ਜਿਸੁ ਲੜਿ ਲਾਇ ਲਏ, ਸੋ ਲਾਗੈ ॥ ਜਨਮ ਜਨਮ ਕਾ ਸੋਇਆ ਜਾਗੈ ॥੩॥ ਤੇਰੇ ਭਗਤ, ਭਗਤਨ ਕਾ ਆਪਿ ॥ ਅਪਣੀ ਮਹਿਮਾ, ਆਪੇ ਜਾਪਿ ॥ ਜੀਅ ਜੰਤ ਸਭਿ ਤੇਰੈ ਹਾਥਿ ॥ ਨਾਨਕ ਕੇ ਪ੍ਰਭ, ਸਦ ਹੀ ਸਾਥਿ ॥੪॥੧੬॥੨੯॥

## ਉਚਾਰਨ ਸੇਧ

**ਬਿੰਦੀ ਸਹਿਤ:** ਮਾਹਿੰ, ਜਾਹਿੰ, ਪਾਵਹਿੰ, ਨਿਥਾਵੇਂ, ਥਾਉਂ, ਮਹਿਮਾਂ।

**ਪਦ ਅਰਥ:** ਦਇਆ-ਮਿਹਰ। ਪਾਏ-ਪਾਂਦਾ ਹੈ। ਮੰਨਿ-ਮਨ ਵਿਚ। ਵਸਾਏ-ਵਸਾਂਦਾ ਹੈ। ਕਿਲਵਿਖ-ਪਾਪ। ਜਾਹਿ-ਚਲੇ ਜਾਂਦੇ ਹਨ।੧।

ਜੀਅ ਕੋ-ਜਿੰਦ ਵਾਸਤੇ। ਆਧਾਰੁ-ਆਸਰਾ। ਗੁਰਪਰਸਾਦਿ-ਗੁਰੂ ਦੀ ਕਿਰਪਾ ਦੁਆਰਾ। ਭਾਈ-ਹੇ ਭਾਈ! ।੧। ਰਹਾਉ।

ਹਰਿ-ਹਰੀ ਨੇ। ਏਹੁ ਨਿਧਾਨੁ-ਇਹ (ਨਾਮ ਰੂਪੀ) ਖਜ਼ਾਨਾ। ਸੇ ਜਨ-ਓਹ (ਸੇਵਕ) ਜਨ। ਪਾਵਹਿ ਮਾਨੁ-ਆਦਰ ਸਤਿਕਾਰ ਪਾਉਂਦੇ ਹਨ। ਗੁਣ ਗਾਉ-ਗੁਣ ਗਾਉਣ ਨਾਲ। ਆਗੈ-ਅੱਗੇ (ਜਾ ਕੇ)। ਗੁਣ ਗਾਉ-ਗੁਣ ਗਾਉਣ ਨਾਲ। ਆਗੈ-ਅੱਗੇ (ਪਰਮਾਤਮਾ ਦੀ ਹਜ਼ੂਰੀ ਵਿਚ)। ਨਿਥਾਵੇ-ਬੇ-ਟਿਕਾਣੇ ਨੂੰ। ਥਾਉ-ਟਿਕਾਣਾ। ਮਿਲੈ-ਮਿਲ ਜਾਂਦਾ ਹੈ।੨।

ਜੁਗਹ ਜੁਗੰਤਰ-ਜੁਗਾਂ ਜੁਗਾਂ ਅੰਦਰ। ਤਤੁ ਸਾਰੁ-ਅਸਲ ਨਿਚੋੜ। ਸਾਚਾ-ਸਦਾ ਕਾਇਮ ਰਹਿਣ ਵਾਲਾ ਹਰੀ। ਲੜਿ-ਪਲੇ ਨਾਲ।੩। ਮਹਿਮਾ-ਵਡਿਆਈ। ਆਪੇ ਜਾਪਿ-ਆਪ ਹੀ ਜਪਦਾ ਹੈ। ਹਾਥਿ-ਹੱਥ ਵਿਚ ਭਾਵ ਵੱਸ ਵਿਚ। ਸਾਥਿ-ਨਾਲ, ਸੰਗ।੪।

**ਅਰਥ :** (ਹੇ ਭਾਈ! ਜਿਸ ਮਨੁੱਖ ਉਤੇ ਪਰਮੇਸ਼ਰ) ਆਪਣੀ ਮਿਹਰ ਕਰਦਾ ਹੈ ਉਹ (ਗੁਰੂ ਨੂੰ) ਪ੍ਰਾਪਤ ਕਰਦਾ ਹੈ। (ਉਹ ਗੁਰੂ ਦੀ ਕਿਰਪਾ ਨਾਲ) ਪਰਮੇਸ਼ਰ ਦਾ ਨਾਮ (ਆਪਣੇ) ਮਨ ਵਿਚ ਵਸਾਂਦਾ ਹੈ। (ਜਿਹੜਾ ਮਨੁੱਖ) ਸਦਾ ਥਿਰ ਰਹਿਣ ਵਾਲਾ ਸ਼ਬਦ (ਆਪਣੇ) ਹਿਰਦੇ ਅਤੇ ਮਨ ਵਿਚ (ਵਸਾਂਦਾ ਹੈ) (ਉਸ ਦੇ) ਜਨਮਾਂ ਜਨਮਾਂ ਦੇ ਪਾਪ ਤੇ ਦੁਖ (ਦੂਰ ਹੋ) ਜਾਂਦੇ ਹਨ।੧।

(ਹੇ ਭਾਈ!) ਪਰਮੇਸ਼ਰ ਦਾ ਨਾਮ ਹੀ ਜੀਵ ਦਾ ਆਸਰਾ ਹੈ। ਹੇ ਭਾਈ! ਗੁਰੂ ਦੀ ਕਿਰਪਾ ਨਾਲ ਹਰ ਰੋਜ਼ (ਪਰਮੇਸ਼ਰ ਦਾ ਨਾਮ) ਜਪੋ, (ਇਹ ਨਾਮ ਹੀ) ਸੰਸਾਰ ਸਾਗਰ ਤੋਂ ਪਾਰ ਕਰਦਾ ਹੈ।੧।ਰਹਾਉ।

(ਹੇ ਭਾਈ !) ਜਿਨ੍ਹਾਂ (ਮਨੁੱਖਾਂ ਦੇ ਮੱਥੇ ਉੱਤੇ) ਹਰੀ ਨੇ ਇਹ (ਨਾਮ ਦਾ) ਖਜ਼ਾਨਾ (ਪ੍ਰਾਪਤ ਕਰਨਾ) ਲਿਖਿਆ ਹੈ, ਓਹ ਮਨੁੱਖ (ਰਬੀ) ਦਰਗਾਹ ਵਿਚ ਆਦਰ ਪਾਉਂਦੇ ਹਨ । (ਹੇ ਭਾਈ ! ਪਰਮਾਤਮਾ ਦੇ) ਗੁਣ ਗਾਉਣ ਨਾਲ (ਆਤਮਿਕ) ਸੁਖ, ਅਡੋਲ ਅਵਸਥਾ ਅਨੰਦ (ਪ੍ਰਾਪਤ ਹੋ ਜਾਂਦੇ ਹਨ ਅਤੇ) (ਰਬੀ ਹਜ਼ੂਰੀ ਵਿਚ) ਨਿਥਾਵੇ ਜੀਵ ਨੂੰ (ਸ੍ਰੇਸ਼ਟ) ਸਥਾਨ ਪ੍ਰਾਪਤ ਹੋ ਜਾਂਦਾ ਹੈ ।੨।

ਜੁਗਾਂ ਜੁਗਾਂ ਅੰਦਰ (ਨਾਮ ਅਭਿਆਸੀਆਂ ਨੇ ਗੁਰਮਤਿ ਦੁਆਰਾ) ਇਹ ਤੱਤ ਸਾਰ (ਨਿਚੋੜ ਕਢਿਆ ਹੈ ਕਿ) ਪਰਮੇਸ਼ਰ ਦਾ (ਨਾਮ) ਸਿਮਰਨ ਹੀ ਸਾਚਾ (ਭਾਵ ਸਦਾ ਥਿਰ ਰਹਿਣ ਵਾਲਾ) ਵੀਚਾਰ ਹੈ । ਜਿਸ (ਮਨੁੱਖ) ਨੂੰ (ਪਰਮੇਸ਼ਰ ਆਪਣੇ) ਲੜ ਲਾ ਲਵੇ ਓਹੀ (ਲੜ) ਲਗਦਾ ਹੈ। (ਫਿਰ) ਜਨਮਾਂ ਜਨਮਾਂ ਦਾ ਸੋਇਆ (ਮਨੁੱਖ) ਜਾਗ ਪੈਂਦਾ ਹੈ ।੩।

(ਹੇ ਪ੍ਰਭੂ !) ਤੇਰੇ ਭਗਤ (ਤੇਰੇ ਆਸਰੇ ਹਨ ਅਤੇ) ਤੂੰ ਆਪ ਹੀ (ਆਪਣੇ) ਭਗਤਾਂ ਦਾ (ਰਖਵਾਲਾ) ਹੈਂ । (ਤੂੰ ਭਗਤਾਂ ਦੇ ਹਿਰਦੇ ਵਿਚ ਬੈਠ ਕੇ) ਆਪਣੀ ਵਡਿਆਈ ਦਾ ਜਾਪ ਆਪ ਹੀ ਕਰਦਾ ਹੈਂ । (ਹੇ ਪ੍ਰਭੂ !) ਜੀਵ ਜੰਤੂ ਸਭ ਤੇਰੇ ਵਸ ਵਿਚ ਹਨ । ਹੇ ਨਾਨਕ ਦੇ ਸੁਆਮੀ (ਤੂੰ) ਸਦਾ ਹੀ (ਸਭ ਦੇ) ਨਾਲ ਵਸਦਾ ਹੈਂ ।੪।੧੬।੨੯।

## ਸਾਰੰਸ਼ ਅਤੇ ਸਿਧਾਂਤ

ਨਾਮ ਮਹਿਮਾ ਦੀ ਲੜੀ ਵਿਚ ਇਸ ਸ਼ਬਦ ਰਾਹੀ ਵੀ ਇਹੋ ਆਦੇਸ਼ ਦਿਤਾ ਹੈ ਕਿ ਪਰਮਾਤਮਾ ਦਾ ਨਾਮ ਹੀ ਮਨੁੱਖ ਦੀ ਜਿੰਦ ਜਾਨ ਦਾ ਆਸਰਾ ਹੈ। ਇਸ ਲਈ ਚਾਹੀਦਾ ਹੈ ਕਿ ਸਾਰੇ ਜੀਵ ਗੁਰੂ ਦੀ ਕਿਰਪਾ ਨਾਲ ਪਰਮੇਸ਼ਰ ਦਾ ਨਾਮ ਜਪਣ ਜੋ ਸੰਸਾਰ ਸਾਗਰ ਤੋਂ ਪਾਰ ਕਰ ਦਿੰਦਾ ਹੈ। ਜਿਨ੍ਹਾਂ ਉਤੇ ਹਰੀ ਦੀ ਮਿਹਰ ਹੁੰਦੀ ਹੈ ਉਹ ਨਾਮ-ਦਾਨ ਪ੍ਰਾਪਤ ਕਰ ਕੇ ਸਦੀਵੀ ਸੁਖ ਦੇ ਭਾਗੀ ਬਣਦੇ ਹਨ । ਪ੍ਰਭੂ ਦਾ ਨਾਮ ਜਪਣ ਨਾਲ ਰਬੀ ਦਰਗਾਹ ਵਿਚ ਅਸਥਾਨ ਤੇ ਮਾਣ ਮਿਲਦਾ ਹੈ ।

ਤੀਜੇ ਪਦੇ ਵਿਚ ਸਾਰੇ ਸ਼ਬਦ ਦੇ ਸਾਰ ਰੂਪ ਵਿਚ ਜੋ ਕੁਝ ਆਖਿਆ ਹੈ ਉਹ ਸਭ ਨੂੰ ਚੰਗੀ ਤਰਾਂ ਸੁਣ ਕੇ ਹਿਰਦੇ ਵਿਚ ਧਾਰਨ ਕਰਨਾ ਚਾਹੀਦਾ ਹੈ :-

**ਜੁਗਹ ਜੁਗੰਤਰਿ ਇਹੁ ਤਤੁ ਸਾਰੁ ॥ ਹਰਿ ਸਿਮਰਣੁ ਸਾਚਾ ਬੀਚਾਰੁ ॥**

ਗੁਰੂ ਸਵਾਰਿਓ! ਤਤੁ ਸਾਰ ਵਸਤੂ ਪ੍ਰਭੂ ਦਾ ਨਾਮ-ਸਿਮਰਨ ਹੈ । ਜਗਤ ਦਾ ਪਸਾਰਾ ਨਾਮ-ਸ਼ਕਤੀ ਦਾ ਹੀ ਪ੍ਰਤਾਪ ਹੈ। ਇਹ ਦ੍ਰਿੜ ਕਰੋ ਕਿ ਉਹ ਪਰਮ ਸ਼ਕਤੀ ਹੀ ਸਾਡੇ ਨਾਲ ਹੈ । ਸਿਧਾਂਤ ਇਹ ਹੈ ਕਿ ਨਾਮ ਤੋਂ ਵੱਡੀ ਕੋਈ ਵਸਤੂ ਨਹੀ ਪਰ ਇਸ ਦੀ ਪ੍ਰਾਪਤੀ ਹਰੀ ਦੀ ਆਪਣੀ ਮਿਹਰ ਦੁਆਰਾ ਹੀ ਹੁੰਦੀ ਹੈ ।

**ਭੈਰਉ ਮਹਲਾ ੫ ॥ ਨਾਮੁ ਹਮਾਰੈ ਅੰਤਰਜਾਮੀ ॥ ਨਾਮੁ, ਹਮਾਰੈ ਆਵੈ ਕਾਮੀ ॥ ਰੋਮਿ ਰੋਮਿ ਰਵਿਆ ਹਰਿਨਾਮੁ ॥ ਸਤਿਗੁਰ ਪੂਰੈ ਕੀਨੋ ਦਾਨੁ ॥੧॥ ਨਾਮੁ ਰਤਨੁ ਮੇਰੈ ਭੰਡਾਰ ॥ ਅਗਮ ਅਮੋਲਾ ਅਪਰ ਅਪਾਰ ॥੧॥ ਰਹਾਉ ॥ ਨਾਮੁ ਹਮਾਰੈ,**

ਨਿਹਚਲ ਧਨੀ ॥ ਨਾਮ ਕੀ ਮਹਿਮਾ, ਸਭ ਮਹਿ ਬਨੀ ॥ ਨਾਮੁ, ਹਮਾਰੈ ਪੂਰਾ ਸਾਹੁ ॥ ਨਾਮੁ ਹਮਾਰੈ, ਬੇਪਰਵਾਹੁ ॥੨॥ ਨਾਮੁ ਹਮਾਰੈ, ਭੋਜਨ ਭਾਉ ॥ ਨਾਮ, ਹਮਾਰੈ ਮਨ ਕਾ ਸੁਆਉ ॥ ਨਾਮੁ ਨ ਵਿਸਰੈ, ਸੰਤ ਪ੍ਰਸਾਦਿ ॥ ਨਾਮੁ ਲੈਤ, ਅਨਹਦ ਪੂਰੇ ਨਾਦ ॥੩॥ ਪ੍ਰਭ ਕਿਰਪਾ ਤੇ, ਨਾਮੁ ਨਉਨਿਧਿ ਪਾਈ ॥ ਗੁਰ ਕਿਰਪਾ ਤੇ, ਨਾਮ ਸਿਉ ਬਨਿ ਆਈ ॥ ਧਨਵੰਤੇ ਸੋਈ ਪਰਧਾਨ ॥ ਨਾਨਕ ਜਾ ਕੈ, ਨਾਮੁ ਨਿਧਾਨ ॥੪॥੧੭॥੩੦॥

## ਉਚਾਰਨ ਸੇਧ

**ਬਿੰਦੀ ਸਹਿਤ :** ਮਹਿਮਾਂ, ਮਹਿਂ, ਨਉਂ, ਨਿਧਿ, ਸਿਉਂ, ਜਾਂ ਕੇ।

**ਫੁਟਕਲ :** (੧) ਸ਼ਾਹੁ (੨) 'ਪ੍ਰਸਾਦਿ' ਨੂੰ ਪ੍ਰਸ਼ਾਦਿ' ਪੜ੍ਹਨਾ ਅਸ਼ੁੱਧ ਹੈ।

**ਪਦ ਅਰਥ :** ਹਮਾਰੈ-ਸਾਡੇ ਲਈ। ਅੰਤਰਜਾਮੀ-ਅੰਦਰ ਦੀਆਂ ਗਲਾਂ ਜਾਨਣ ਵਾਲਾ। ਆਵੈ ਕਾਮੀ-ਕੰਮ ਵਿਚ ਆਉਂਦਾ ਹੈ, ਭਾਵ ਕੰਮ ਸਵਾਰਦਾ ਹੈ। ਰੋਮਿ ਰੋਮਿ-ਹਰੇਕ ਰੋਮ ਵਿਚ। ਰਵਿਆ-ਵਿਆਪਕ ਹੋ ਰਿਹਾ ਹੈ। ਹੈ ਕੀਨੋ-ਕੀਤਾ ਹੈ।੧।

ਮੇਰੈ-ਮੇਰੇ ਲਈ। ਰਤਨੁ-ਕੀਮਤੀ ਪਦਾਰਥ। ਭੰਡਾਰ-ਖਜ਼ਾਨੇ। ਅਗਮ-ਅਪਹੁੰਚ।੧। ਰਹਾਉ।

ਨਿਹਚਲ ਧਨੀ-ਪੱਕਾ, ਸਦਾ ਕਾਇਮ ਰਹਿਣ ਵਾਲਾ ਮਾਲਕ। ਅਪਰ ਅਪਾਰਾ-ਬੇਅੰਤ। ਬਨੀ-ਬਣੀ ਹੋਈ ਹੈ। ਪੂਰਾ ਸਾਹੁ-ਪੂਰਾ ਸ਼ਾਹੂਕਾਰ। ਬੇਪਰਵਾਹੁ-ਕਿਸੇ ਮਨੁੱਖ ਦੀ ਪਰਵਾਹ ਤੋਂ ਰਹਿਤ।੨।

ਭੋਜਨ ਭਾਉ-ਪ੍ਰੀਤੀ ਭੋਜਨ। ਸੁਆਉ-ਸੁਆਰਥ, ਮੰਗ। ਸੰਤ ਪ੍ਰਸਾਦਿ-ਸੰਤ (ਗੁਰੂ) ਦੀ ਕਿਰਪਾ ਕਰਕੇ। ਪੂਰੇ-ਪੂਰੇ ਜਾਂਦੇ, (ਵਜਦੇ) ਹਨ। ਅਨਹਦ ਨਾਦ-ਇਕ ਰਸ ਵਜਣ ਵਾਲੇ ਸ਼ਬਦ।੩।

ਤੇ-ਤੋਂ। ਨਉਨਿਧਿ ਪਾਈ-(ਨਾਮ ਰੂਪੀ) ਨੌਂ ਨਿਧੀਆਂ ਦੀ (ਦਾਤਿ) ਪਾ ਲਈ ਹੈ। ਸਿਉ-ਨਾਲ। ਬਨਿਆਈ-ਪ੍ਰੀਤ ਪੈ ਗਈ ਹੈ। ਧਨਵੰਤੇ-ਧਨਵਾਨ, ਧਨਾਢ। ਸੋਈ-ਓਹ ਲੋਕ। ਪਰਧਾਨ-ਮਹਾ ਪੁਰਸ਼ ਹਨ। ਜਾ ਕੈ-ਜਿਨ੍ਹਾਂ ਦੇ ਪਾਸ। ਨਿਧਾਨੁ-ਖਜ਼ਾਨਾ।੪।

**ਅਰਥ :** (ਹੇ ਭਾਈ !) ਨਾਮ ਸਾਡੇ ਲਈ ਅੰਦਰ ਦੀਆਂ ਗੱਲਾਂ ਜਾਨਣ ਵਾਲਾ ਹੈ। ਨਾਮ ਸਾਡੇ ਹਰੇਕ ਕੰਮ ਵਿਚ (ਆਪਣੀ ਕਲਾ ਵਰਤਾਉਂਦਾ ਹੈ)। ਹਰੀ ਦਾ ਨਾਮ ਸਾਡੇ ਲੂੰ ਲੂੰ ਵਿਚ ਸਮਾਇਆ ਹੋਇਆ ਹੈ ਪੂਰੇ ਸਤਿਗੁਰੂ ਨੇ (ਇਹ ਨਾਮ ਸਾਨੂੰ), ਦਾਨ (ਵਜੋਂ ਬਖਸ਼ਿਸ਼) ਕੀਤਾ ਹੈ।੧।

(ਹੇ ਭਾਈ !) ਨਾਮ ਰਤਨ ਸਾਡੇ ਲਈ (ਅਜਿਹੇ ਕੀਮਤੀ) ਭੰਡਾਰ ਹਨ ਜਿਹੜੇ ਅਪਹੁੰਚ, ਅਮੋਲਕ ਅਤੇ ਬੇਅੰਤ ਤੋਂ ਬੇਅੰਤ ਹਨ।੧। ਰਹਾਉ।

(ਹੇ ਭਾਈ !) ਨਾਮ ਸਾਡੇ ਲਈ (ਸਿਰ ਉਤੇ) ਸਦਾ ਕਾਇਮ ਰਹਿਣ ਵਾਲਾ ਮਾਲਕ ਹੈ। ਨਾਮ ਦੀ ਵਡਿਆਈ (ਸੰਸਾਰ ਦੇ) ਸਭ (ਜੀਆਂ ਦੇ) ਅੰਦਰ ਬਣੀ ਹੋਈ (ਸੋਭ ਰਹੀ ਹੈ)। (ਹੇ ਭਾਈ !) ਨਾਮ ਸਾਡੇ ਲਈ ਪੂਰਾ ਸ਼ਾਹ ਹੈ। ਨਾਮ ਹੀ ਸਾਡੇ ਲਈ ਪਰਵਾਹ ਤੋਂ ਰਹਿਤ (ਸ਼ਕਤੀ) ਹੈ।੨।

(ਹੇ ਭਾਈ !) ਨਾਮ ਹੀ ਸਾਡੇ ਲਈ ਪ੍ਰੀਤੀ-ਭੋਜਨ ਹੈ। ਨਾਮ ਹੀ ਸਾਡੇ ਲਈ ਮਨ ਦਾ ਸੁਆਰਥ

(ਪ੍ਰਯੋਜਨ) ਹੈ। (ਗੁਰੂ) ਸੰਤ ਦੀ ਕਿਰਪਾ ਕਰਕੇ (ਸਾਨੂੰ) ਨਾਮ ਕਦੇ ਨਹੀਂ ਵਿਸਰਦਾ। ਨਾਮ ਲੈਂਦਿਆਂ ਨਾਲ (ਸਾਡੇ ਹਿਰਦੇ ਵਿਚ) ਇਕ ਰਸ ਵਜਣ ਵਾਲੇ ਸ਼ਬਦ ਵਜ ਰਹੇ ਹਨ (ਜਿਨ੍ਹਾਂ ਚੋਂ ਆਤਮਿਕ ਅਨੰਦ ਦੀ ਧੁਨੀ ਉਠਦੀ ਹੈ) ।੩।

(ਹੇ ਭਾਈ !) ਪ੍ਰਭੂ ਦੀ ਕਿਰਪਾ ਨਾਲ (ਅਸਾਂ) ਨਾਮ ਰੂਪੀ ਨਉਨਿਧਿ ਪ੍ਰਾਪਤ ਕੀਤੀ ਹੈ। ਗੁਰੂ ਦੀ ਕਿਰਪਾ ਨਾਲ (ਸਾਡੀ ਪ੍ਰੀਤਿ) ਨਾਮ ਨਾਲ ਬਣ ਆਈ ਹੈ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਜਿਨ੍ਹਾਂ (ਗੁਰਮੁਖਾਂ ਪਾਸ) ਨਾਮ ਰੂਪੀ ਖਜ਼ਾਨੇ ਹਨ (ਸਹੀ ਅਰਥਾਂ ਵਿਚ) ਓਹੀ ਧਨਵਾਨ ਤੇ ਪਰਧਾਨ (ਪੁਰਸ਼) ਹਨ ।੪।੧੭।੩੦।

**ਭੈਰਉ ਮਹਲਾ ੫ ॥ ਤੂ ਮੇਰਾ ਪਿਤਾ, ਤੂ ਹੈ ਮੇਰਾ ਮਾਤਾ॥ ਤੂ ਮੇਰੇ ਜੀਅ ਪ੍ਰਾਨ ਸੁਖਦਾਤਾ॥ ਤੂ ਮੇਰਾ ਠਾਕੁਰੁ, ਹਉ ਦਾਸੁ ਤੇਰਾ ॥ ਤੁਝ ਬਿਨੁ, ਅਵਰੁ ਨਹੀ ਕੋ ਮੇਰਾ ॥੧॥ ਕਰਿ ਕਿਰਪਾ ਕਰਹੁ ਪ੍ਰਭ ਦਾਤਿ ॥ ਤੁਮਰੀ ਉਸਤਤਿ ਕਰਉ ਦਿਨ ਰਾਤਿ ॥੧॥ ਰਹਾਉ ॥ ਹਮ ਤੇਰੇ ਜੰਤ, ਤੂ ਬਜਾਵਨਹਾਰਾ ॥ ਹਮ ਤੇਰੇ ਭਿਖਾਰੀ, ਦਾਨ ਦੇਹਿ ਦਾਤਾਰਾ ॥ ਤਉ ਪਰਸਾਦਿ ਰੰਗ ਰਸ ਮਾਣੇ ॥ ਘਟ ਘਟ ਅੰਤਰਿ ਤੁਮਹਿ ਸਮਾਣੇ ॥੨॥ ਤੁਮਰੀ ਕ੍ਰਿਪਾ ਤੇ ਜਪੀਐ ਨਾਉ ॥ ਸਾਧ ਸੰਗਿ ਤੁਮਰੇ ਗੁਣ ਗਾਉ ॥ ਤੁਮਰੀ ਦਇਆ ਤੇ ਹੋਇ ਦਰਦ ਬਿਨਾਸੁ ॥ ਤੁਮਰੀ ਮਇਆ ਤੇ ਕਮਲ ਬਿਗਾਸੁ ॥੩॥ ਹਉ ਬਲਿਹਾਰਿ ਜਾਉ ਗੁਰਦੇਵ ॥ ਸਫਲ ਦਰਸਨੁ, ਜਾ ਕੀ ਨਿਰਮਲ ਸੇਵ ॥ ਦਇਆ ਕਰਹੁ ਠਾਕੁਰ ਪ੍ਰਭ ਮੇਰੇ ॥ ਗੁਣ ਗਾਵੈ ਨਾਨਕੁ ਨਿਤ ਤੇਰੇ ॥੪॥੧੮॥੩੧॥**

## ਉਚਾਰਨ ਸੇਧ

**ਬਿੰਦੀ ਸਹਿਤ :** ਹੈਂ,ਹਉਂ, ਨਹੀਂ, ਕਰਉਂ, ਨਾਉਂ, ਜਾਉਂ।

**ਸਾਵਧਾਨ :** 'ਦਾਨ ਦੇਹਿ ਦਾਤਾਰ' ਵਿਚ 'ਦੇਹਿ' ਪਦਾ ਉਚਾਰਨ ਬਿੰਦੀ ਸਹਿਤ 'ਦੇਹਿਂ', ਕਰਨਾ ਹੈ ਕਿਉਂਕਿ 'ਦਾਨ' ਪਦ ਬਹੁ ਬਚਨ ਹੈ।

**ਪਦ ਅਰਥ :** ਜੀਅ-ਜਿੰਦ। ਸੁਖ ਦਾਤਾ-ਸੁਖ ਦੇਣ ਵਾਲਾ। ਠਾਕੁਰ-ਮਾਲਕ। ਹਉ-ਮੈਂ। ਦਾਸੁ-ਨੌਕਰ, ਸੇਵਕ। ਅਵਰੁ-ਹੋਰ। ਕੋ-ਕੋਈ ।੧।

ਕਰਿ ਕਿਰਪਾ-ਕਿਰਪਾ ਕਰਕੇ। ਪ੍ਰਭ-ਹੇ ਪ੍ਰਭੂ !। ਉਸਤਤਿ-ਵਡਿਆਈ, ਮਹਿਮਾ। ਕਰਉ-ਮੈਂ ਕਰਦਾ ਰਹਾਂ ।੧।ਰਹਾਉ।

ਜੰਤ-ਸਾਜ਼ ।ਬਜਾਵਨਹਾਰਾ-ਵਜਾਉਣ ਵਾਲਾ, ਸੰਗੀਤਕਾਰ। ਭਿਖਾਰੀ-ਮੰਗਤੇ। ਦਾਨ ਦੇਹਿ-(ਤੂੰ) ਦਾਨ ਦਿੰਦਾ ਹੈਂ। ਤਉ ਪਰਸਾਦਿ-ਤੇਰੀ ਕਿਰਪਾ ਦੁਆਰਾ। ਘਟ ਘਟ ਅੰਤਰਿ-ਹਰੇਕ ਸਰੀਰ ਵਿਚ। ਤੁਮਹਿ-ਤੁਮ ਹੀ, ਤੁਸੀਂ ਹੀ। ਸਮਾਣੇ-ਸਮਾਏ ਹੋਏ, ਵਿਆਪਕ ਹੋ ।੨।

ਤੇ-ਕਰਕੇ। ਜਪੀਐ-ਜਪੀਦਾ ਹੈ। ਸਾਧ ਸੰਗਿ-ਸਾਧ ਸੰਗ ਕਰਕੇ। ਤੁਮਰੇ ਗੁਣ ਗਾਉ-ਤੁਹਾਡੇ

ਗੁਣ ਗਾਂਦਾ ਹਾਂ। ਦਰਦ ਬਿਨਾਸੁ-ਦਰਦਾਂ ਦਾ ਨਾਸ਼। ਮਇਆ ਤੇ-ਮਿਹਰ, ਕਿਰਪਾ ਕਰਕੇ। ਬਿਗਾਸੁ-ਖਿੜਾਉ।੩।

ਜਾਉ-ਜਾਂਦਾ ਹਾਂ। ਗੁਰਦੇਵ-ਗੁਰਦੇਵ ਤੋਂ। ਸਫਲ-ਫਲ ਦੇਣ ਵਾਲਾ ਨਿਰਮਲ-ਪਵਿੱਤਰ। ਗੁਣ ਗਾਵੈ-ਗੁਣ ਗਾਂਦਾ ਰਹੇ।੪।

**ਅਰਥ** : (ਹੇ ਪ੍ਰਭੂ !) ਤੂੰ ਹੀ ਮੇਰਾ ਪਿਤਾ (ਅਤੇ) ਤੂੰ ਹੀ ਮੇਰਾ (ਜਨਮ ਦਾਤਾ) ਮਾਤਾ ਰੂਪ ਹੈਂ। ਤੂੰ (ਮੈਨੂੰ) ਜਿੰਦ ਤੇ ਪ੍ਰਾਣ ਦੇਣ ਵਾਲਾ ਹੈਂ (ਅਤੇ) ਸਾਰੇ ਸੁਖ ਦੇਣ ਵਾਲਾ ਹੈ। ਤੂੰ ਮੇਰਾ ਮਾਲਕ ਹੈਂ, ਮੈਂ ਤੇਰਾ ਸੇਵਕ ਹਾਂ। ਤੇਰੇ ਤੋਂ ਬਿਨਾ ਮੇਰਾ ਹੋਰ ਕੋਈ (ਸਨਬੰਧੀ) ਨਹੀਂ ਹੈ।੧।

(ਹੇ ਪ੍ਰਭੂ !) ਆਪਣੀ ਕਿਰਪਾ ਕਰਕੇ (ਮੈਨੂੰ) ਇਹ ਦਾਤਿ ਬਖਸ਼ੋ ਕਿ ਮੈਂ ਦਿਨ ਰਾਤ ਤੁਹਾਡੀ ਉਸਤਤਿ (ਸਿਫਤਿ ਸਾਲਾਹ) ਕਰਦਾ ਰਹਾਂ।੧।ਰਹਾਉ।

(ਹੇ ਪ੍ਰਭੂ !) ਅਸੀਂ (ਜੀਵ) ਤੇਰੇ ਸਾਜ਼ ਹਾਂ, ਤੂੰ (ਇਹਨਾਂ ਸਾਜਾਂ ਨੂੰ) ਵਜਾਉਣ ਵਾਲਾ ਹੈ। (ਹੇ ਪ੍ਰਭੂ !) ਅਸੀ ਤੇਰੇ (ਦਰ ਦੇ) ਭਿਖਾਰੀ (ਮੰਗਤੇ) ਹਾਂ, (ਤੂੰ) ਦਾਤਾਰ (ਸਾਨੂੰ ਆਪਣੇ ਦਰ ਤੋਂ ਨਾਮ ਰੂਪੀ) ਦਾਨ ਦੇਂਦਾ ਹੈਂ।੨। (ਹੇ ਪ੍ਰਭੂ !) ਤੇਰੀ ਕਿਰਪਾ ਨਾਲ ਹੀ ਨਾਮ ਦੇ ਰੰਗ ਰਸ ਮਾਣੇ (ਜਾਂਦੇ) ਹਨ। ਹਰੇਕ ਹਿਰਦੇ ਅੰਦਰ ਤੁਸੀਂ ਹੀ ਸਮਾਏ ਹੋਏ ਹੋ।੨।

ਹੇ ਪ੍ਰਭੂ ! ਤੇਰੀ ਮਿਹਰ ਨਾਲ ਹੀ ਤੇਰਾ ਨਾਮ ਜਪਿਆ ਜਾਂਦਾ ਹੈ। ਸਾਧ ਸੰਗ ਵਿਚ (ਬੈਠ ਕੇ) ਤੇਰੇ ਗੁਣਾਂ ਨੂੰ ਗਾਇਆ ਜਾਂਦਾ ਹੈ। (ਹੇ ਪ੍ਰਭੂ !) ਤੇਰੀ ਕਿਰਪਾ ਨਾਲ (ਸਰੀਰ ਦੇ) ਦਰਦਾਂ ਦਾ ਨਾਸ਼ ਹੁੰਦਾ ਹੈ। ਤੇਰੀ ਮਿਹਰ ਨਾਲ ਹਿਰਦੇ ਰੂਪੀ ਕੰਵਲ ਦਾ ਖਿੜਾਉ ਹੁੰਦਾ ਹੈ।੪।

ਹੇ ਗੁਰਦੇਵ ! ਮੈਂ ਆਪ ਤੋਂ ਸਦਕੇ ਜਾਂਦਾ ਹਾਂ, (ਜਿਸ ਦਾ) ਦਰਸ਼ਨ ਫਲਦਾਇਕ ਹੈ (ਅਤੇ) ਸੇਵਾ ਵੀ ਨਿਰਮਲ (ਕਰਨ ਵਾਲੀ ਹੈ)। ਹੇ ਮੇਰੇ ਮਾਲਕ ! (ਮੇਰੇ ਤੇ) ਮਿਹਰ ਕਰੋ ਕਿ ਨਾਨਕ ਹਰ ਰੋਜ਼ ਤੇਰੇ ਗੁਣ ਗਾਉਂਦਾ ਰਹੇ।੪।੧੮।੩੧।

## ਸਾਰੰਸ਼ ਅਤੇ ਸਿਧਾਂਤ

ਪਿਤਾ ਮਾਤਾ, ਜੀਅ ਪ੍ਰਾਨ ਸੁਖਦਾਤਾ, ਅਤੇ ਠਾਕੁਰ ਸ਼ਬਦਾਂ ਦੁਆਰਾ ਪ੍ਰਭੂ ਨੂੰ ਸੰਬੋਧਨ ਕਰਕੇ ਕਿੰਨੀ ਵਡੀ ਦਾਤਿ ਮੰਗੀ ਹੈ :

**ਕਰਿ ਕਿਰਪਾ ਕਰਹੁ ਪ੍ਰਭ ਦਾਤਿ ॥ ਤੁਮਰੀ ਉਸਤਤਿ ਕਰਉ ਦਿਨ ਰਾਤਿ ॥**

ਹੋਰ ਜਿਤਨੀਆਂ ਵੀ ਦੁਨਿਆਵੀ ਮੰਗਾਂ ਹਨ, ਸਾਰੀਆਂ ਹੀ ਇਸ ਤੋਂ ਬਹੁਤ ਹੌਲੀਆਂ ਅਤੇ ਨਾਸ਼ਵੰਤ ਹਨ। ਭਿਖਾਰੀ ਬਣ ਕੇ ਦਾਤੇ ਤੋਂ ਭੀਖ ਮੰਗਣੀ ਹੋਵੇ ਤਾਂ ਇਹੋ ਜਿਹੀ ਮੰਗ ਮੰਗਣੀ ਚਾਹੀਦੀ ਹੈ ਜਿਹੋ ਜਿਹੀ ਗੁਰੂ ਪਾਤਿਸ਼ਾਹ ਜੀ ਮੰਗ ਰਹੇ ਹਨ:

**ਦਇਆ ਕਰਹੁ ਠਾਕੁਰ ਪ੍ਰਭ ਮੇਰੇ ॥ ਗੁਣ ਗਾਵੈ ਨਾਨਕੁ ਨਿਤ ਤੇਰੇ ॥**

ਪਰਮੇਸ਼ਰ ਦੇ ਗੁਣ ਗਾ ਕੇ ਹੀ ਗੁਣੀ ਨਿਧਾਨ ਵਿਚ ਸਮਾਉਣ ਵਾਲਾ ਬਣ ਸਕੀਦਾ ਹੈ। ਗੁਣਾਂ ਦੀ ਪਛਾਣ ਹਰੇਕ ਨੂੰ ਨਹੀਂ ਹੁੰਦੀ। ਜਿਹੜਾ ਗੁਣਾਂ ਦਾ ਗਾਹਕ ਹੋਵੇ, ਉਹੀ ਗੁਣਾਂ ਦੀ ਜਾਣ ਪਛਾਣ

ਕਰ ਸਕਦਾ ਹੈ। ਗੁਰਵਾਕ ਹਨ -

**ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ ॥ ਅੰਮ੍ਰਿਤ ਸਬਦਿ ਨਾਮੁ ਵਖਾਣੈ ॥**
**ਸਾਚੀ ਬਾਣੀ ਸੂਚਾ ਹੋਇ॥ ਗੁਣ ਤੇ ਨਾਮੁ ਪਰਾਪਤਿ ॥** [ਪੰਨਾ ੩੬੧

ਕਿਤਨੀ ਵੱਡੀ ਗੱਲ ਹੈ ਕਿ ਪ੍ਰਭੂ ਦੇ ਗੁਣਾਂ ਤੋਂ ਹੀ 'ਨਾਮ' ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ :

**ਜੋ ਗੁਣ ਸੰਗ੍ਰਹੈ, ਤਿਨ ਬਲਿਹਾਰੈ ਜਾਉ ॥**
**ਦਰਿ ਸਾਚੈ ਸਾਚੇ ਗੁਣ ਗਾਉ ॥** [ਪੰਨਾ ੩੬੧

ਆਓ, ਸਤਿਗੁਰਾਂ ਪਾਸੋਂ ਨਾਮ ਅਤੇ ਗੁਣ ਗਾਉਣ ਦੀ ਦਾਤ ਮੰਗਣ ਲਈ ਸਦਾ ਇਹ ਅਰਦਾਸਿ ਕਰਦੇ ਰਹੀਏ:

ੳ- **ਇਕ ਨਾਨਕ ਕੀ ਅਰਦਾਸਿ ਜੇ ਤੁਧੁ ਭਾਵਸੀ॥**
**ਮੈ ਦੀਜੈ ਨਾਮ ਨਿਵਾਸੁ ਹਰਿ ਗੁਣ ਗਾਵਸੀ ॥** [ਪੰਨਾ ੭੫੨

ਅ- **ਮੈ ਦੀਜੈ ਨਾਮ ਨਿਵਾਸੁ, ਅੰਤਰਿ ਸਾਂਤਿ ਹੋਇ ॥**
**ਗੁਣ ਗਾਵੈ ਨਾਨਕ ਦਾਸੁ, ਸਤਿਗੁਰੁ ਮਤਿ ਦੇਇ ॥** [ਪੰਨਾ ੭੫੨

ੲ- **ਨਾਨਕ ਨਾਮੁ ਮਿਲੈ, ਅਪਨੀ ਦਇਆ ਕਰਹੁ ॥** [ਪੰਨਾ ੪੦੮

**ਭੈਰਉ ਮਹਲਾ ੫ ॥ ਸਭ ਤੇ ਊਚ, ਜਾ ਕਾ ਦਰਬਾਰੁ ॥ ਸਦਾ ਸਦਾ ਤਾ ਕਉ ਜੋਹਾਰੁ ॥ ਊਚੇ ਤੇ ਊਚਾ ਜਾ ਕਾ ਥਾਨ ॥ ਕੋਟਿ ਅਘਾ ਮਿਟਹਿ, ਹਰਿਨਾਮੁ ॥੧॥ ਤਿਸੁ ਸਰਣਾਈ, ਸਦਾ ਸੁਖੁ ਹੋਇ ॥ ਕਰਿ ਕਿਰਪਾ ਜਾ ਕਉ ਮੇਲੈ ਸੋਇ ॥੧॥ ਰਹਾਉ ॥ ਜਾ ਕੇ ਕਰਤਬ ਲਖੇ ਨ ਜਾਹਿ ॥ ਜਾ ਕਾ ਭਰਵਾਸਾ, ਸਭ ਘਟ ਮਾਹਿ ॥ ਪ੍ਰਗਟ ਭਇਆ ਸਾਧੂ ਕੈ ਸੰਗਿ ॥ ਭਗਤ ਅਰਾਧਹਿ ਅਨਦਿਨੁ ਰੰਗਿ ॥੨॥ ਦੇਦੇ ਤੋਟਿ ਨਹੀ ਭੰਡਾਰ ॥ ਖਿਨ ਮਹਿ ਥਾਪਿ ਉਥਾਪਨਹਾਰ ॥ ਜਾ ਕਾ ਹੁਕਮੁ ਨ ਮੇਟੈ ਕੋਇ ॥ ਸਿਰਿ ਪਾਤਿਸਾਹਾ ਸਾਚਾ ਸੋਇ ॥੩॥ ਜਿਸ ਕੀ ਓਟ, ਤਿਸੈ ਕੀ ਆਸਾ ॥ ਦੁਖੁ ਸੁਖੁ ਹਮਰਾ, ਤਿਸ ਹੀ ਪਾਸਾ ॥ ਰਾਖਿ ਲੀਨੋ, ਸਭੁ ਜਨ ਕਾ ਪੜਦਾ ॥ ਨਾਨਕੁ ਤਿਸ ਕੀ ਉਸਤਤਿ ਕਰਦਾ ॥੪॥੧੯॥੩੨॥**

ਉਚਾਰਨ ਸੇਧ

**ਬਿੰਦੀ ਸਹਿਤ :** ਮਿਟਹਿੰ, ਜਾਹਿੰ, ਪਾਹਿੰ, ਅਰਾਧਹਿੰ, ਦੇਂਦੇ, ਮਹਿੰ, ਪਾਤਿਸ਼ਾਹ।

**ਬਿੰਦੀ ਰਹਿਤ :** ਜਾ ਕਾ, ਤਾ ਕਉ, ਅਘਾ।

**ਪਦ ਅਰਥ :** ਊਚ-ਊਚਾ। ਜਾਕਾ-ਜਿਸ (ਪਰਮੇਸ਼ਰ) ਦਾ। ਤਾ ਕਉ-ਉਸ (ਪਰਮੇਸ਼ਰ) ਨੂੰ। ਜੋਹਾਰੁ-ਨਮਸਕਾਰ। ਊਚੇ ਊਚਾ-ਉਚੇ ਤੋਂ ਉਚਾ। ਕੋਟਿ ਅਘਾ-ਕ੍ਰੋੜਾਂ ਪਾਪ। ਮਿਟਹਿ-ਮਿਟ ਜਾਂਦੇ ਹਨ।੧।

ਤਿਸੁ ਸਰਣਾਈ-ਉਸ (ਪ੍ਰਭੂ ਦੀ) ਸ਼ਰਣ ਵਿਚ ਪਇਆਂ। ਸੋਇ-ਉਹ (ਪ੍ਰਭੂ) ।੧।ਰਹਾਉ।

ਕਰਤਬ-ਕਾਰਨਾਮੇ ।ਲਖੇ ਨ ਜਾਹਿ-ਸਮਝੇ ਨਹੀਂ ਜਾ ਸਕਦੇ। ਭਰਵਾਸਾ-ਸਹਾਰਾ। ਅਰਾਧਹਿ-ਅਰਾਧਦੇ, ਸਿਮਰਦੇ ਹਨ। ਅਨਦਿਨੁ-ਦਿਨ ਰਾਤ, ਹਰ ਵੇਲੇ। ਰੰਗਿ-ਪ੍ਰੇਮ ਨਾਲ ।੨।

ਦੇਂਦੇ-ਦੇਂਦੇ ਹੋਏ। ਤੋਟਿ-ਤੋਟਾ, ਕਮੀ। ਥਾਪਿ-ਪੈਦਾ ਕਰਕੇ। ਉਥਾਪਣਹਾਰ-ਨਾਸ਼ ਕਰਨ ਵਾਲਾ। ਨ ਮੇਟੈ-ਨਹੀਂ ਮੇਟ ਸਕਦਾ (ਭਾਵ ਮੰਨਣਾ ਹੀ ਪੈਂਦਾ ਹੈ) ਸਿਰਿ ਪਾਤਿਸਾਹਾ-ਪਾਤਿਸ਼ਾਹ ਦੇ ਸਿਰ ਉਤੇ। ਸੋਇ-ਉਹ। ਸਚਾ-ਸਦਾਥਿਰ ਰਹਿਣ ਵਾਲਾ (ਪ੍ਰਭੂ) ।੩।

ਤਿਸ ਹੀ ਪਾਸਾ-ਉਸ (ਪ੍ਰਭੂ) ਦੇ ਹੀ ਪਾਸ ਹੈ। ਪੜਦਾ-ਇਜ਼ਤ। ਤਿਸ ਕੀ-ਉਸ (ਪ੍ਰਭੂ) ਦੀ। ਉਸਤਤਿ-ਸਿਫਤਿ ਸਲਾਹ ।੪।

**ਅਰਥ :** (ਹੇ ਭਾਈ!) ਜਿਸ (ਪਰਮੇਸ਼ਰ) ਦਾ ਦਰਬਾਰ ਸਭ ਤੋਂ ਉਚਾ ਹੈ (ਭਾਵ ਜਿਸ ਦਾ ਕੋਈ ਸਾਨੀ ਨਹੀਂ ਹੈ) ਉਸ (ਪਰਮੇਸ਼ਰ)ਨੂੰ ਸਦਾ ਸਦਾ ਨਮਸਕਾਰ ਕਰਨੀ ਚਾਹੀਦੀ ਹੈ। ਜਿਸ (ਪ੍ਰਭੂ) ਦਾ ਥਾਨ (ਦਰਜਾ)ਉਚੇ ਤੋਂ ਉਚਾ ਹੈ। (ਉਸ) ਪਰਮੇਸ਼ਰ ਦਾ ਨਾਮ (ਜਪਣ ਨਾਲ) ਕ੍ਰੋੜਾਂ ਪਾਪ ਮਿਟ ਜਾਂਦੇ ਹਨ ।੧।

(ਹੇ ਭਾਈ ! ਪ੍ਰਭੂ) ਜਿਸ (ਜੀਵ) ਨੂੰ ਕਿਰਪਾ ਕਰਕੇ (ਆਪਣੇ) ਨਾਲ ਮੇਲਦਾ ਹੈ, ਉਸ ਨੂੰ ਸ਼ਰਣ ਵਿਚ (ਰਹਿ ਕੇ) ਸਦਾ (ਆਤਮਿਕ) ਸੁਖ ਪ੍ਰਾਪਤ ਹੁੰਦਾ ਹੈ ।੧।ਰਹਾਉ।

(ਹੇ ਭਾਈ !) ਜਿਸ (ਪ੍ਰਭੂ) ਦੇ ਅਦਭੁਤ ਕੰਮ ਸਮਝੇ ਨਹੀਂ ਜਾ ਸਕਦੇ, ਜਿਸ (ਪ੍ਰਭੂ) ਦਾ ਭਰੋਸਾ ਸਾਰਿਆਂ ਸਰੀਰਾਂ ਵਿਚ ਹੈ, (ਉਹ ਪ੍ਰਭੂ) ਸੰਤਾਂ ਦੇ ਸੰਗ ਕਰਕੇ (ਹੀ ਭਗਤਾਂ ਦੇ ਹਿਰਦੇ ਵਿਚ) ਪ੍ਰਗਟ ਹੋਇਆ ਹੈ (ਅਤੇ) ਭਗਤ ਜਨ ਪ੍ਰੇਮ ਨਾਲ (ਉਸ ਪ੍ਰਭੂ ਨੂੰ) ਸਿਮਰਦੇ ਹਨ ।੨।

(ਹੇ ਭਾਈ ! ਉਸ ਪਰਮੇਸ਼ਰ ਦੇ ਬੇਅੰਤ) ਭੰਡਾਰ ਹਨ। (ਜਿਨ੍ਹਾਂ ਵਿਚੋਂ ਪਦਾਰਥ) ਦੇਂਦਿਆਂ ਤੋਟਾ ਨਹੀਂ ਆਉਂਦਾ। (ਉਹ) ਪਰਮੇਸ਼ਰ ਖਿਨ ਵਿਚ ਬਣਾ ਕੇ ਢਾਹੁਣ ਵਾਲਾ ਹੈ। ਜਿਸ (ਪਰਮੇਸ਼ਰ) ਦਾ ਹੁਕਮ ਕੋਈ (ਜੀਵ) ਮੇਟ ਨਹੀਂ ਸਕਦਾ, ਉਹ (ਸਭ) ਪਾਤਸ਼ਾਹਾਂ ਦੇ ਸਿਰ ਉਤੇ ਸੱਚਾ ਪਾਤਿਸ਼ਾਹ ਹੈ ।੩।

(ਹੇ ਭਾਈ ! ਅਸਾਂ) ਜਿਸ (ਪਰਮੇਸ਼ਰ) ਦੀ ਓਟ (ਸ਼ਰਨ ਲਈ) ਹੈ, ਉਸੇ ਦੀ (ਦਰਸ਼ਨ) ਆਸਾ (ਸਾਡੇ ਮਨ ਵਿਚ ਰਹਿੰਦੀ ਹੈ)। ਸਾਡਾ ਦੁਖ ਤੇ ਸੁਖ (ਸਭ ਕੁਝ) ਉਸ (ਪਰਮੇਸ਼ਰ ਦੇ) ਪਾਸ ਹੀ ਹੈ। (ਜਿਸ ਪਰਮੇਸ਼ਰ ਨੇ ਆਪਣੇ) ਸੇਵਕ ਜਨ ਦਾ ਪੜਦਾ ਸਭ (ਤਰ੍ਹਾਂ) ਰਖ (ਭਾਵ ਕੱਜ) ਲਿਆ ਹੈ, ਨਾਨਕ ਉਸ (ਪਰਮੇਸ਼ਰ ਦੀ) ਮਹਿਮਾ ਕਰਦਾ ਹੈ ।੪।੧੯।੩੨।

## ਸਾਰੰਸ਼ ਅਤੇ ਸਿਧਾਂਤ

ਜਿਸ ਪ੍ਰਭੂ ਦਾ ਸਭ ਤੋਂ ਉੱਚਾ ਦਰਬਾਰ ਹੈ, ਉਸ ਦੇ ਕਰਣਿਆਂ ਦੀ ਲਖਤਾ ਨਹੀਂ ਹੋ ਸਕਦੀ। ਦਾਨ ਦੇਂਦਿਆਂ ਜਿਸ ਦੇ ਭਰੇ ਭੰਡਾਰਾਂ ਵਿਚ ਕਦੇ ਤੋਟਾ ਨਹੀਂ ਆਉਂਦਾ, ਅਜਿਹੇ ਦਾਤੇ ਨੂੰ ਸਦਾ ਸਦਾ ਨਮਸਕਾਰ ਕਰਨੀ ਚਾਹੀਦੀ ਹੈ, ਉਸ ਦੇ ਗੁਣ ਗਾਉਣੇ ਚਾਹੀਦੇ ਹਨ।

ਗੁਰੂ ਅਰਜਨ ਦੇਵ ਜੀ ਅੰਤ ਵਿਚ ਪਰਮੇਸ਼ਰ ਦੀ ਉਸਤਤਿ ਦਾ ਇਉਂ ਸੰਕੇਤ ਦਿੰਦੇ ਹਨ :

**ਰਾਖਿ ਲੀਨੋ ਸਭੁ ਜਨ ਕਾ ਪੜਦਾ ॥ ਨਾਨਕ ਤਿਸ ਕੀ ਉਸਤਤਿ ਕਰਦਾ ॥**

ਸੰਸਾਰ ਦੇ ਲੋਕ ਈਰਖਾ ਤੇ ਦਵੈਤ ਕਰਕੇ ਇਕ ਦੂਜੇ ਨੂੰ ਬਦਨਾਮ ਕਰਕੇ ਇਕ ਦੂਜੇ ਦਾ ਪੜਦਾ ਪਾੜਦੇ ਹਨ ਪਰ ਪਰਮਾਤਮਾ ਵਿਚ ਇਹ ਸਿਫਤਿ ਹੈ ਕਿ ਉਹ ਸਦਾ ਆਪਣੇ ਸੇਵਕਾਂ ਦਾ ਪੜਦਾ ਢੱਕਦਾ ਹੈ -

**ਅਪੁਨੇ ਜਨ ਕਾ ਪਰਦਾ ਢਾਕੈ ॥ ਅਪਨੇ ਸੇਵਕ ਕੀ ਸਰਪਰ ਰਾਖੈ ॥** [ਪੰਨਾ ੨੮੫

ਪਰਮੇਸ਼ਰ ਦੇ ਅਜਿਹੇ ਗੁਣ ਜਗਿਆਸੂ ਨੂੰ ਕੀਲ ਲੈਂਦੇ ਹਨ, ਜਿਸ ਕਰਕੇ ਸੇਵਕ ਦੇ ਮੂੰਹ ਚੋਂ ਸੁਤੇ ਹੀ ਸਾਈਂ ਦੀ ਸਿਫਤ ਨਿਕਲਦੀ ਹੈ।

**ਭੈਰਉ ਮਹਲਾ ੫॥ ਰੋਵਨਹਾਰੀ,ਰੋਜੁ ਬਨਾਇਆ ॥ ਬਲਨ ਬਰਤਨ ਕਉ, ਸਨਬੰਧੁ ਚਿਤਿ ਆਇਆ ॥ ਬੂਝਿ ਬੈਰਾਗੁ ਕਰੇ ਜੇ ਕੋਇ ॥ ਜਨਮ ਮਰਣ ਫਿਰਿ ਸੋਗੁ ਨ ਹੋਇ ॥੧॥ ਬਿਖਿਆ ਕਾ ਸਭੁ ਧੰਧੁ ਪਸਾਰੁ ॥ ਵਿਰਲੈ ਕੀਨੋ ਨਾਮ ਅਧਾਰੁ ॥੧॥ਰਹਾਉ॥ ਤ੍ਰਿਬਿਧਿ ਮਾਇਆ ਰਹੀ ਬਿਆਪਿ ॥ ਜੋ ਲਪਟਾਨੋ ਤਿਸੁ ਦੂਖ ਸੰਤਾਪ ॥ ਸੁਖੁ ਨਾਹੀ, ਬਿਨੁ ਨਾਮ ਧਿਆਏ ॥ ਨਾਮ ਨਿਧਾਨੁ ਬਡਭਾਗੀ ਪਾਏ ॥੨॥ ਸ੍ਵਾਂਗੀ ਸਿਉ ਜੋ ਮਨੁ ਰੀਝਾਵੈ ॥ ਸ੍ਵਾਗਿ ਉਤਾਰਿਐ ਫਿਰਿ ਪਛੁਤਾਵੈ ॥ ਮੇਘ ਕੀ ਛਾਇਆ ਜੈਸੇ ਬਰਤਨਹਾਰ ॥ ਤੈਸੋ ਪਰਪੰਚੁ ਮੋਹ ਬਿਕਾਰ ॥੩॥ ਏਕ ਵਸਤੁ, ਜੇ ਪਾਵੈ ਕੋਇ ॥ ਪੂਰਨ ਕਾਜੁ ਤਾਹੀ ਕਾ ਹੋਇ ॥ ਗੁਰ ਪ੍ਰਸਾਦਿ ਜਿਨਿ ਪਾਇਆ ਨਾਮੁ ॥ ਨਾਨਕ, ਆਇਆ ਸੋ ਪਰਵਾਨੁ ॥੪॥੨੦॥੩੩॥**

## ਉਚਾਰਨ ਸੇਧ

**ਬਿੰਦੀ ਸਹਿਤ :** ਨਾਹੀ, ਸਿਉ, ਸ੍ਵਾਂਗਿ,

**ਪਦ ਅਰਥ:** ਰੋਵਨਹਾਰੀ-ਰੋਣ ਵਾਲੀ (ਇਸਤ੍ਰੀ) ਨੇ। ਰੋਜੁ-ਨਿਤਾ ਪ੍ਰਤਿ, ਹਰ ਰੋਜ਼। ਬਨਾਇਆ-(ਰੋਣ ਦਾ ਨੇਮ, ਵਿਉਹਾਰ ਹੀ) ਬਣਾਇਆ ਹੋਇਆ ਹੈ। ਬਲਨ ਬਰਤਨ ਕਉ-ਵਰਤੋਂ ਵਿਹਾਰ ਦੀ ਖਾਤਰ। ਸਨਬੰਧੁ-ਰਿਸ਼ਤਾ। ਚਿਤਿ ਆਇਆ-ਚਿਤ ਵਿਚ ਆਇਆ ਰਹਿੰਦਾ (ਭਾਵ ਸਨਬੰਧੀ ਦੇ ਮਰਨ ਦਾ ਦੁਖ ਨਹੀਂ, ਸੁਖਾਂ ਨੂੰ ਯਾਦ ਕਰਕੇ ਰੋਂਦੀ ਹੈ)। ਬੂਝਿ-ਸਮਝ ਕੇ। ਬੈਰਾਗ-ਮੋਹ ਤੋਂ ਨਿਰਲੇਪ। ਕੋਇ-ਕੋਈ। ਸੋਗੁ-ਗ਼ਮ।੧। ਬਿਖਿਆ-ਮਾਇਆ । ਧੰਧੁ-ਧੰਧਾ । ਪਸਾਰੁ-ਖਿਲਾਰਾ । ਵਿਰਲੇ-(ਕਿਸੇ) ਵਿਰਲੇ (ਮਨੁੱਖ) ਨੇ । ਨਾਮ ਅਧਾਰੁ-ਨਾਮ ਦਾ ਆਸਾਰਾ ।੧ਰਹਾਉ।

ਤ੍ਰਿਬਿਧਿ-ਤਿੰਨਾ ਗੁਣਾ ਵਾਲੀ । (ਮਾਇਆ) । ਰਹੀ ਬਿਆਪਿ-ਵਿਆਪ ਰਹੀ ਹੈ, (ਹਰੇਕ ਤੇ ਆਪਣਾ) ਜ਼ੋਰ ਪਾ ਰਹੀ ਹੈ। ਲਪਟਾਨੇ-ਚੰਬੜਦਾ ਹੈ। ਸੰਤਾਪ-ਕਲੇਸ਼ । ਨਿਧਾਨੁ-ਖਜ਼ਾਨਾ । ਬਡਭਾਗੀ-ਵਡੇ ਭਾਗਾਂ ਵਾਲਾ।੨।

ਸ੍ਵਾਗਿ ਉਤਾਰਿਐ-ਸਵਾਂਗ ਲਾਹੁਣ ਤੇ। ਮੇਘ-ਬੱਦਲ । ਛਾਇਆ-ਛਾਂ । ਬਰਤਨਹਾਰ-ਫਿਰ ਜਾਣ ਵਾਲੀ । ਤੈਸੋ-ਉਸੇ ਤਰ੍ਹਾਂ। ਪਰਪੰਚ-(ਪੰਜਾਂ ਤੱਤਾਂ ਦਾ ਵਿਸਥਾਰ) ਸੰਸਾਰ । ਮੋਹ ਬਿਕਾਰ-ਮੋਹ ਤੇ

ਵਿਕਾਰਾਂ ਵਿਚ ।੩।

ਏਕ ਵਸਤੁ-ਇਕ (ਨਾਮ) ਵਸਤੂ । ਕੋਇ-ਕੋਈ । ਕਾਜੁ-ਕਾਰਜ । ਤਾਹੀ ਕਾ ਹੋਇ-ਉਸੇ ਦਾ ਹੁੰਦਾ ਹੈ । ਗੁਰਪ੍ਰਸਾਦਿ-ਗੁਰੂ ਦੀ ਕਿਰਪਾ ਨਾਲ । ਜਿਨਿ-ਜਿਸ (ਮਨੁੱਖ) ਨੇ । ਸੋ-ਉਹ (ਮਨੁੱਖ) । ਪਰਵਾਨੁ-ਸਫਲ ।੪।

**ਅਰਥ :** (ਹੇ ਭਾਈ !) ਰੋਣ ਵਾਲੀ (ਇਸਤ੍ਰੀ) ਨੇ (ਰੋਣ ਦਾ) ਨਿਤ ਨੇਮ ਹੀ ਬਣਾ ਰਖਿਆ ਹੈ । (ਇਸ ਦਾ ਮੂਲ ਕਾਰਨ ਸਨਬੰਧੀ ਦੇ ਮਰਣ ਦਾ ਦੁਖ ਨਹੀਂ, ਇਸ ਨੂੰ ਤਾਂ) ਵਰਤਣ ਵਲੇਵੇ ਲਈ (ਜੋ ਮਾਇਕੀ ਸੁਖ ਮਿਲਦਾ ਸੀ, ਉਹ) ਸਨਬੰਧ ਚਿਤ ਵਿਚ (ਯਾਦ) ਆਇਆ ਹੈ । (ਹੇ ਭਾਈ !) ਜੇ ਕੋਈ (ਮੌਤ ਨੂੰ) ਸਮਝ ਕੇ (ਸੰਸਾਰ ਵਲੋਂ) ਵੈਰਾਗ ਕਰੇ (ਤਾਂ ਸਚ ਜਾਣੋ ਕਿ ਉਸ ਨੂੰ) ਫਿਰ ਜਨਮ ਮਰਨ ਦਾ ਦੁਖ ਨਹੀਂ ਹੋਵੇਗਾ ।੧।

(ਹੇ ਭਾਈ ! ਸੰਸਾਰ ਵਿਚ) ਸਾਰਾ ਧੰਧਾ ਤੇ ਖਿਲਾਰਾ ਮਾਇਆ ਦਾ ਹੈ (ਭਾਵ ਸਭ ਕੋਈ ਮਾਇਆ ਵਿਚ ਫਸਿਆ ਹੋਇਆ ਹੈ, ਕਿਸੇ) ਵਿਰਲੇ (ਪੁਰਸ਼) ਨੇ ਨਾਮ ਦਾ ਆਸਰਾ (ਧਾਰਨ) ਕੀਤਾ ਹੈ ।੧।ਰਹਾਉ।

(ਹੇ ਭਾਈ !) ਤ੍ਰੈਗੁਣੀ ਮਾਇਆ (ਸਭ ਤੇ ਆਪਣਾ) ਦਬਾ ਪਾ ਰਹੀ ਹੈ । ਜੋ (ਇਸ ਮਾਇਆ ਨੂੰ) ਚੰਬੜਿਆ ਹੈ ਉਸ ਨੂੰ ਦੁਖ ਕਲੇਸ਼ ਲਗੇ ਹੀ ਰਹਿੰਦੇ ਹਨ । (ਹੇ ਭਾਈ !) ਪਰਮਾਤਮਾ ਦਾ ਨਾਮ ਸਿਮਰੇ ਬਿਨਾ (ਆਤਮਿਕ) ਸੁਖ ਪ੍ਰਾਪਤ ਨਹੀਂ ਹੁੰਦਾ । (ਕੋਈ) ਵਡੇ ਭਾਗਾਂ ਵਾਲਾ (ਮਨੁੱਖ ਹੀ) ਨਾਮ ਦਾ ਖਜ਼ਾਨਾ ਪ੍ਰਾਪਤ ਕਰਦਾ ਹੈ ।੨।

(ਹੇ ਭਾਈ !) ਸਵਾਂਗ ਧਾਰਨ ਵਾਲੇ ਮਨੁੱਖ ਨਾਲ ਜੋ (ਮਨੁੱਖ ਆਪਣਾ) ਮਨ ਖੁਸ਼ ਕਰਦਾ ਹੈ, (ਉਹ ਸਵਾਂਗੀ ਦੇ) ਸ੍ਵਾਂਗ ਉਤਾਰ ਦੇਣ ਤੇ ਫਿਰ ਪਛਤਾਂਦਾ )(ਪਸਚਤਾਪ ਕਰਦਾ) ਹੈ। ਬਦਲ ਦੀ ਛਾਂ ਜਿਸ ਤਰ੍ਹਾਂ ਫਿਰ ਜਾਣ ਵਾਲੀ (ਭਾਵ ਨਾਸ਼ਵੰਤ ਹੈ), ਇਸ ਤਰ੍ਹਾਂ ਜਗਤ-ਪਸਾਰਾ ਮੋਹ ਤੇ ਵਿਕਾਰ (ਸਭ ਸਵਾਂਗੀ ਵਾਂਗੂੰ ਰੀਝਾਣ ਵਾਲੇ ਹਨ, ਅਸਲੀਅਤ ਕੁਝ ਨਹੀਂ ਹੈ) ।੩।

ਹੇ ਭਾਈ ! ਜੇ ਕੋਈ (ਮਨੁੱਖ) ਇਕ (ਆਤਮਿਕ) ਵਸਤੂ ਨੂੰ ਪ੍ਰਾਪਤ ਕਰ ਲੈਂਦਾ ਹੈ (ਸਹੀ ਅਰਥਾਂ ਵਿਚ) ਉਸ ਦਾ (ਮਨੁੱਖਾ ਜੀਵਨ ਸਫਲ ਕਰਨ ਵਾਲਾ) ਕਾਰਜ ਸੰਪੂਰਨ ਹੋ ਜਾਂਦਾ ਹੈ (ਭਾਵ ਸਿਰੇ ਚੜ੍ਹ ਜਾਂਦਾ ਹੈ)। (ਹੇ ਭਾਈ !) ਗੁਰੂ ਦੀ ਕਿਰਪਾ ਕਰਕੇ ਜਿਸ (ਮਨੁੱਖ) ਨੇ (ਪਰਮੇਸ਼ਰ ਦਾ) ਨਾਮ ਪ੍ਰਾਪਤ ਕਰ ਲਿਆ ਹੈ, ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਉਹ (ਮਨੁੱਖ ਜਗਤ ਵਿਚ) ਆਇਆ ਪਰਵਾਣ ਭਾਵ ਪ੍ਰਮਾਣੀਕ ਹੋ ਗਿਆ ਹੈ ।੪।੨੦।੩੩।

## ਸਾਰੰਸ਼ ਅਤੇ ਸਿਧਾਂਤ

ਜੇ ਗਿਆਨ ਨੇਤਰਾਂ ਨਾਲ ਵੇਖੀਏ ਤਾਂ ਸਾਰਾ ਪਸਾਰਾ ਮਾਇਆ ਰੂਪੀ ਜ਼ਹਿਰ ਦਾ ਹੀ ਪਸਰਿਆ ਹੋਇਆ ਹੈ। ਇਸ ਸੰਸਾਰ ਵਿਚ ਕੋਈ ਵਿਰਲਾ ਸੇਵਕ ਨਿਤਰੇਗਾ ਜੋ ਨਾਮ ਦਾ ਆਸਰਾ ਲੈਂਦਾ ਹੋਵੇਗਾ।

ਆਮ ਵੇਖਦੇ ਹਾਂ ਕਿ ਕਿਸੇ ਪ੍ਰਾਣੀ ਦੇ ਕਾਲ ਵਸ ਹੋਣ ਤੇ ਬੜਾ ਰੋਣਾ ਪਿਟਣਾ ਹੁੰਦਾ ਹੈ ਪਰ

ਇਸ ਦੀ ਅਸਲੀਅਤ ਨੂੰ ਗੁਰੂ ਪਾਤਿਸ਼ਾਹ ਬੜੀ ਪਿਆਰ ਵਾਲੀ ਸ਼ਬਦਾਵਲੀ ਨਾਲ ਖੋਲ੍ਹਦੇ ਹਨ:-

ਰੋਣ ਵਾਲੀ ਇਸਤ੍ਰੀ ਨੇ ਰੋਣਾ ਮਾਨੋ ਇਕ ਪ੍ਰਕਾਰ ਦਾ ਆਪਣਾ ਰੋਜ਼ਗਾਰ, ਨਿਤ ਦਾ ਵਿਹਾਰ ਬਣਾ ਰਖਿਆ ਹੈ। ਜਦੋਂ ਇਸ ਨੂੰ ਜੀਵਨ ਦੇ ਘੋਲ ਵਿਚ ਕਿਤੇ ਥੁੜ ਆਉਂਦੀ ਹੈ, ਵਿਛੜੇ ਸਬੰਧੀ ਨਾਲ ਵਰਤਣ ਵਲੇਵੇ ਦਾ ਸਬੰਧ ਯਾਦ ਆਉਂਦਾ ਹੈ ਤਾਂ ਰੋਂਦੀ ਹੈ। ਭਾਵ ਉਸ ਨੂੰ ਸਬੰਧੀ ਨਾਲ ਪਿਆਰ ਨਹੀਂ, ਵਿਹਾਰ ਤੇ ਵਲੇਵੇ ਨਾਲ ਪਿਆਰ ਹੈ। ਤਾਂ ਹੀ ਗੁਰਦੇਵ ਪਿਤਾ ਜੀ ਨੇ ਸੁੰਦਰ ਸੇਧ ਦੇ ਰਹੇ ਹਨ:-

**ਬੂਝਿ ਬੈਰਾਗੁ ਕਰੇ ਜੇ ਕੋਇ ॥ ਜਨਮ ਮਰਣ ਫਿਰਿ ਸੋਗੁ ਨ ਹੋਇ ॥**

ਜੇ ਜੀਵ ਗੁਰਬਾਣੀ ਵੀਚਾਰ ਦੁਆਰਾ ਮੋਹ-ਰਹਿਤ ਹੋ ਜਾਵੇ ਤਾਂ ਜਨਮ ਮਰਣ ਦੇ ਦੁਖ ਤੋਂ ਛੁਟਕਾਰਾ ਪਾ ਸਕਦਾ ਹੈ। ਸਿਧਾਂਤ ਇਹ ਹੈ ਕਿ ਜਿਸ ਜੀਵ ਨੇ ਗੁਰੂ ਦੀ ਕਿਰਪਾ ਨਾਲ ਪਰਮੇਸ਼ਰ ਦਾ ਨਾਮ ਪਾ ਲਿਆ ਹੈ, ਉਸ ਦਾ ਸੰਸਾਰ ਤੇ ਆਇਆ ਸਫਲ ਹੈ, ਬਾਕੀ ਸਭ ਝੂਠਾ ਪਰਪੰਚ ਹੈ।

**ਭੈਰਉ ਮਹਲਾ ੫॥ ਸੰਤ ਕੀ ਨਿੰਦਾ, ਜੋਨੀ ਭਵਨਾ ॥ ਸੰਤ ਕੀ ਨਿੰਦਾ, ਰੋਗੀ ਕਰਨਾ ॥ ਸੰਤ ਕੀ ਨਿੰਦਾ, ਦੂਖ ਸਹਾਮ ॥ ਡਾਨੁ ਦੈਤ ਨਿੰਦਕ ਕਉ ਜਾਮ ॥੧॥ ਸੰਤ ਸੰਗਿ ਕਰਹਿ ਜੋ ਬਾਦੁ ॥ ਤਿਨ ਨਿੰਦਕ, ਨਾਹੀ ਕਿਛੁ ਸਾਦੁ ॥੧॥ ਰਹਾਉ॥ ਭਗਤ ਕੀ ਨਿੰਦਾ, ਕੰਧੁ ਛੇਦਾਵੈ ॥ ਭਗਤ ਕੀ ਨਿੰਦਾ, ਨਰਕੁ ਭੁੰਚਾਵੈ॥ ਭਗਤ ਕੀ ਨਿੰਦਾ, ਗਰਭ ਮਹਿ ਗਲੈ ॥ ਭਗਤ ਕੀ ਨਿੰਦਾ, ਰਾਜ ਤੇ ਟਲੈ ॥੨॥ ਨਿੰਦਕ ਕੀ ਗਤਿ ਕਤਹੂ ਨਾਹਿ ॥ ਆਪਿ ਬੀਜਿ ਆਪੇ ਹੀ ਖਾਹਿ ॥ ਚੋਰ ਜਾਰ ਜੂਆਰ ਤੇ ਬੁਰਾ ॥ ਅਣਹੋਦਾ ਭਾਰੁ, ਨਿੰਦਕਿ ਸਿਰਿ ਧਰਾ ॥੩॥ ਪਾਰਬ੍ਰਹਮ ਕੇ ਭਗਤ ਨਿਰਵੈਰ ॥ ਸੋ ਨਿਸਤਰੈ, ਜੋ ਪੂਜੈ ਪੈਰ ॥ ਆਦਿ ਪੁਰਖਿ, ਨਿੰਦਕੁ ਭੁਲਾਇਆ ॥ ਨਾਨਕ, ਕਿਰਤੁ ਨ ਜਾਇ ਮਿਟਾਇਆ ॥੪॥੨੧॥੩੪॥**

## ਉਚਾਰਨ ਸੇਧ

**ਬਿੰਦੀ ਸਹਿਤ :** ਕਰਹਿਂ, ਨਾਹੀਂ, ਮਹਿਂ, ਨਾਹਿਂ, ਅਣਹੋਂਦਾ। **ਅੱਧਕ ਸਹਿਤ:** ਗੱਲੈ, ਟੱਲੈ।

**ਪਦ ਅਰਥ :** ਨਿੰਦਾ-ਕਿਸੇ ਦੇ ਗੁਣਾਂ ਨੂੰ ਅਉਗਣਾਂ ਦੇ ਰੂਪ ਵਿਚ ਨਸ਼ਰ ਕਰਨਾ। ਜੋਨੀ ਭਵਨਾਂ-ਜੂਨਾਂ ਵਿਚ ਭਟਕਣਾ ਪੈਂਦਾ ਹੈ। ਸਹਾਮ-ਸਹਿਣੇ ਪੈਂਦੇ ਹਨ। ਡਾਨ-ਡੰਡ, ਸਜ਼ਾ, ਜਾਮ-ਜਮ ਰਾਜ ।੧। ਕਰਹਿ-ਕਰਦੇ ਹਨ। ਬਾਦੁ-ਵਿਵਾਦੁ, ਝਗੜਾ। ਸਾਦੁ-ਸੁਆਦ ।੧। ਰਹਾਉ।

ਕੰਧੁ-ਸਰੀਰ ! ਛੇਦਾਵੈ-ਨਾਸ਼ ਕਰਦੀ ਹੈ। ਭੁੰਚਾਵੈ-ਭੋਗਾਂਦੀ ਹੈ। ਗਲੈ-ਗਲ ਜਾਂਦਾ ਹੈ। ਤੇ-ਤੋਂ। ਟਲੈ-ਡਿੱਗ ਪੈਂਦਾ ਹੈ, ਹਟ ਜਾਂਦਾ ਹੈ ।੨।

ਗਤਿ-ਗਤੀ, ਮੁਕਤੀ। ਕਤਹੂ ਨਾਹਿ-ਕਿਤੇ ਵੀ ਨਹੀਂ ਹੁੰਦਾ। ਬੀਜਿ-ਬੀਜ ਕੇ। ਖਾਇ-ਖਾਂਦਾ ਹੈ। ਜਾਰ-ਵਿਭਚਾਰੀ। ਜੂਆਰ-ਜੁਆਰੀ, ਜੂਆ ਖੇਡਣ ਵਾਲਾ। ਤੇ-ਤੋਂ। ਅਣਹੋਂਦਾ ਭਾਰੁ-ਜੋ ਭਾਰ ਉਸ ਦੇ ਸਿਰ ਤੇ ਪਹਿਲਾਂ ਨਹੀਂ ਸੀ। ਸਿਰਿ-ਸਿਰ ਉਤੇ। ਧਰਾ-ਰਖ ਦਿੱਤਾ ।੩।

ਨਿਰਵੈਰ-ਵੈਰ ਤੋਂ ਰਹਿਤ । ਨਿਸਤਰੈ-ਸੰਸਾਰ ਸਮੁੰਦਰ ਤੋਂ ਪਾਰ ਹੋ ਜਾਂਦਾ ਹੈ । ਪੂਜੈ ਪੈਰ-ਸਤਿਕਾਰ ਕਰਦਾ ਹੈ, (ਭਾਵ ਭਗਤਾਂ ਦੀ) ਸ਼ਰਣ ਵਿਚ ਆਉਂਦਾ ਹੈ । ਆਦਿ ਪੁਰਖਿ-ਅਕਾਲ ਪੁਰਖ ਨੇ। ਭੋਲਾਇਆ-ਕੁਰਾਹੇ ਪਾਇਆ। ਕਿਰਤੁ-ਕੀਤੇ ਕਰਮਾਂ ਦਾ ਸਮੂਹ ।੪।

**ਅਰਥ** : (ਹੇ ਭਾਈ !) ਸੰਤ (ਜਨਾ) ਦੀ ਨਿੰਦਾ ਕਰਕੇ (ਗਰਭ) ਜੂਨਾਂ ਵਿਚ ਭਟਕਣਾ ਪੈਂਦਾ ਹੈ। ਸੰਤ (ਜਨਾਂ) ਦੀ ਨਿੰਦਾ ਕਰਕੇ (ਕਈ ਪ੍ਰਕਾਰ ਦੇ) ਦੁਖ ਸਹਿਣੇ ਪੈਂਦੇ ਹਨ । ਜਮਰਾਜ, ਨਿੰਦਾ ਕਰਨ ਵਾਲੇ (ਮਨੁੱਖ) ਨੂੰ ਡੰਡ (ਸਜ਼ਾ) ਦਿੰਦਾ ਹੈ ।੧।

(ਹੇ ਭਾਈ !) ਜਿਹੜੇ (ਮਨੁੱਖ) ਸੰਤਾਂ ਦੇ ਨਾਲ ਝਗੜਾ ਕਰਦੇ ਹਨ । ਉਨ੍ਹਾਂ ਨਿੰਦਕਾਂ ਨੂੰ (ਮਨੁੱਖਾ ਜੀਵਨ ਦਾ ਕੋਈ) ਸੁਆਦ (ਮਜ਼ਾ) ਨਹੀਂ ਆ ਸਕਦਾ ।੧।ਰਹਾਉ।

(ਹੇ ਭਾਈ !) ਭਗਤ (ਜਨਾ) ਦੀ ਨਿੰਦਾ ਸਰੀਰ ਨੂੰ ਨਾਸ਼ ਕਰਦੀ ਹੈ। ਭਗਤ (ਜਨਾਂ) ਦੀ ਨਿੰਦਾ(ਮਨੁੱਖ ਨੂੰ) ਨਰਕ ਭੋਗਾਂਦੀ ਹੈ। ਭਗਤ (ਜਨਾ) ਦੀ ਨਿੰਦਾ (ਕਰਨ ਨਾਲ ਜੀਵ ਮਾਂ ਦੇ) ਪੇਟ ਵਿਚ ਗਲ ਜਾਂਦਾ ਹੈ। ਭਗਤ (ਜਨਾ) ਦੀ ਨਿੰਦਾ (ਕਰਨ ਨਾਲ ਮਨੁੱਖ) ਰਾਜ ਤੋਂ ਡਿਗ ਪੈਂਦਾ ਹੈ। ੨।

(ਹੇ ਭਾਈ!) ਨਿੰਦਕ ਦੀ ਗਤੀ (ਮੁਕਤੀ) ਕਦੇ ਵੀ ਨਹੀਂ ਹੁੰਦੀ। (ਜੀਵ) ਆਪ (ਆਪਣੇ ਕਰਮ) ਬੀਜ ਕੇ ਆਪ ਹੀ ਫਲ ਖਾਂਦੇ ਹਨ। (ਨਿੰਦਕ)ਚੋਰਾਂ ਜਾਰਾਂ ਤੇ ਜੁਆਰੀਆਂ ਨਾਲੋਂ ਵੀ ਮਾੜਾ ਹੈ। ਅਣਹੋਂਦਾ ਪਾਪ (ਜਿਸ ਪਾਪ ਦੀ ਕੋਈ ਹੋਂਦ ਨਹੀਂ ਹੁੰਦੀ ਉਹ) ਭਾਰ ਨਿੰਦਕ ਦੇ ਸਿਰ ਤੇ ਰਖਿਆ ਜਾਂਦਾ ਹੈ ।੩।

(ਹੇ ਭਾਈ !) ਪਰਮੇਸ਼ਰ ਦੇ ਭਗਤ ਵੈਰ ਤੋਂ ਰਹਿਤ ਹੁੰਦੇ ਹਨ । ਉਹ (ਮਨੁੱਖ ਸੰਸਾਰ ਸਾਗਰ ਤੋਂ) ਤਰ ਜਾਂਦਾ ਹੈ ਜੋ ਸੰਤ-ਭਗਤ ਜਨਾ ਦੇ ਚਰਨ ਪੂਜਦਾ ਹੈ (ਭਾਵ ਉਨ੍ਹਾਂ ਦੀ ਸ਼ਰਨ ਵਿਚ ਆਉਂਦਾ ਹੈ) । (ਹੇ ਭਾਈ !) ਨਿੰਦਕ ਨੂੰ ਆਦਿ ਪੁਰਖ ਨੇ (ਨਿੰਦਾ ਕਰਨ ਦੇ ਦੋਸ਼ ਵਿਚ ਆਪ) ਭੁਲਾ ਦਿੱਤਾ ਹੈ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਉਸ ਨਿੰਦਕ ਦਾ ਜੋ) ਕਿਰਤ (ਕਰਮ) ਹੈ (ਉਹ ਕਿਸੇ ਤੋਂ ਵੀ) ਮਿਟਾਇਆ ਨਹੀਂ ਜਾ ਸਕਦਾ (ਭਾਵ ਉਸ ਨੂੰ ਭੋਗਣਾ ਪੈਂਦਾ ਹੈ) ।੪।੨।੧।੩੪।

## ਸਾਰੰਸ਼ ਅਤੇ ਸਿਧਾਂਤ

ਰਹਾਉ ਵਾਲੀਆਂ ਪੰਕਤੀਆਂ ਇਸ ਸ਼ਬਦ ਦੇ ਕੇਂਦਰੀ ਭਾਵ ਤੋਂ ਜਾਣੂੰ ਕਰਾਉਂਦੀਆਂ ਹਨ:

**ਸੰਤ ਸੰਗਿ ਕਰਹਿ ਜੋ ਬਾਦੁ ॥ ਤਿਨ ਨਿੰਦਕ ਨਾਹੀ ਕਿਛੁ ਸਾਦੁ ॥**

ਨਾਮ ਜਪਣ ਵਾਲੇ ਕਿਸੇ ਸੰਤ ਗੁਰਮੁਖ ਦੀ ਨਿੰਦਾ ਕਰਨਾ, ਭਾਵ ਉਸ ਤੇ ਝੂਠੇ ਦੋਸ਼ ਲਾਉਣੇ ਹੋਰ ਬਦਨਾਮੀ ਦਾ ਚਿਕੜ ਸੁਟਣਾ, ਇਹ ਸਾਰੇ ਅਉਗਣ *'ਆਪਣੇ ਹਥੀ ਆਪਣਾ ਦੇ ਕੂਚਾ ਆਪੇ ਲਾਇ'* ਭਾਵ ਆਪਣੀ ਮੌਤ ਆਪ ਸਹੇੜਨ ਵਾਲੀ ਗਲ ਹੈ। ਨਿੰਦਾ ਸਭ ਤੋਂ ਵੱਡਾ ਅਉਗਣ ਹੈ ਜੋ ਮਨੁੱਖਾ ਜੀਵਨ ਦੀ ਤਬਾਹੀ ਦਾ ਕਾਰਨ ਬਣਦਾ ਹੈ। ਇਸ ਲਈ ਗੁਰੂ ਪਾਤਿਸ਼ਾਹ ਜੀ ਨੇ ਆਦੇਸ਼ ਦਿੱਤਾ ਹੈ:-

**ਨਿੰਦਾ ਭਲੀ ਕਿਸੈ ਕੀ ਨਾਹੀ, ਮਨਮੁਖ ਮੁਗਧ ਕਰੰਨਿ ॥**
**ਮੁਹ ਕਾਲੇ ਤਿਨ ਨਿੰਦਕਾ, ਨਰਕੇ ਘੋਰਿ ਪਵੰਨਿ ॥** [ਪੰਨਾ ੭੫੫

ਨਿੰਦਕ ਦੀ ਜੋ ਹਾਲਤ ਹੁੰਦੀ ਹੈ, ਉਸ ਦਾ ਨਾਂ-ਮਾਤਰ ਭਾਵ ਸੰਖਿਪ ਜਿਹਾ ਵਿਚਾਰ ਇਸ ਸ਼ਬਦ ਵਿਚ ਅੰਕਿਤ ਹੈ।

ਨਿੰਦਾ ਦੇ ਅਰਥਾਂ ਦੀ ਬੇ-ਸਮਝੀ ਨੇ ਸਮਾਜ ਵਿਚ ਬਹੁਤ ਨਿਘਾਰ ਲੈ ਆਂਦਾ ਹੈ । ਜੋ ਪਖੰਡੀ ਹੈ, ਨਾਟਕੀ ਹੈ, ਮੰਦੇ ਆਚਰਨ ਵਾਲਾ ਹੈ ਅਤੇ ਕੇਵਲ ਸੰਤਾਂ ਦਾ ਬਾਣਾ ਪਾਈ ਬੈਠਾ ਹੈ, ਉਸ ਦੇ ਲੁਕ ਛਿਪ ਕੇ ਪਾਪ-ਕਰਮਾਂ ਨੂੰ ਉਘਾ ਕਰਨਾ ਨਿੰਦਾ ਵਾਲਾ ਕਰਮ ਨਹੀਂ, ਸਗੋਂ ਸਮਾਜ ਦੀ ਸੇਵਾ ਹੈ । (ਜੇ ਇਸ ਵਿਸ਼ੇ ਤੇ ਵਧੇਰੇ ਜਾਣਕਾਰੀ ਦੀ ਲੋੜ ਸਮਝੋ ਤਾਂ ਪੜ੍ਹੋ ਇਸੇ ਕਲਮ ਤੋਂ 'ਅਕਾਲ ਉਸਤਤਿ ਨਿਰਣੈ ਸਟੀਕ')।

**ਭੈਰਉ ਮਹਲਾ ੫॥ ਨਾਮੁ ਹਮਾਰੈ, ਬੇਦ ਅਰੁ ਨਾਦ ॥ ਨਾਮੁ ਹਮਾਰੈ, ਪੂਰੇ ਕਾਜ ॥ ਨਾਮੁ ਹਮਾਰੈ, ਪੂਜਾ ਦੇਵ ॥ਨਾਮੁ ਹਮਾਰੈ, ਗੁਰ ਕੀ ਸੇਵ ॥੧॥ ਗੁਰਿ ਪੂਰੈ ਦ੍ਰਿੜਿਓ ਹਰਿ ਨਾਮੁ ॥ ਸਭ ਤੇ ਊਤਮੁ, ਹਰਿ ਹਰਿ ਕਾਮੁ॥੧॥ਰਹਾਉ॥ ਨਾਮੁ ਹਮਾਰੈ, ਮਜਨ ਇਸਨਾਨੁ ॥ ਨਾਮੁ ਹਮਾਰੈ, ਪੂਰਨ ਦਾਨੁ ॥ ਨਾਮੁ ਲੈਤ, ਤੇ ਸਗਲ ਪਵੀਤ ॥ ਨਾਮੁ ਜਪਤ, ਮੇਰੇ ਭਾਈ ਮੀਤ ॥੨॥ ਨਾਮੁ ਹਮਾਰੈ, ਸਉਣ ਸੰਜੋਗ ॥ਨਾਮੁ ਹਮਾਰੈ, ਤ੍ਰਿਪਤਿ ਸੁਭੋਗ ॥ ਨਾਮੁ ਹਮਾਰੈ, ਸਗਲ ਆਚਾਰ ॥ ਨਾਮੁ ਹਮਾਰੈ, ਨਿਰਮਲ ਬਿਉਹਾਰ ॥੩॥ ਜਾ ਕੈ ਮਨਿ ਵਸਿਆ ਪ੍ਰਭੁ ਏਕੁ ॥ ਸਗਲ ਜਨਾ ਕੀ ਹਰਿ ਹਰਿ ਟੇਕ ॥ ਮਨਿ ਤਨਿ ਨਾਨਕ ਹਰਿ ਗੁਣ ਗਾਉ ॥ ਸਾਧ ਸੰਗਿ, ਜਿਸੁ ਦੇਵੈ ਨਾਉ ॥੪॥੨੨॥੩੫॥**

## ਉਚਾਰਨ ਸੇਧ

**ਪਦ ਛੇਦ:** 'ਨਾਮੁ ਹਮਾਰੈ ਤ੍ਰਿਪਤਿ ਸੁਭੋਗ' ਵਿਚ 'ਸੁਭੋਗ' ਨੂੰ 'ਸੁ ਭੋਗ' ਪਦ ਛੇਦ ਨਹੀਂ ਕਰਨਾ ਚਾਹੀਦਾ, ਜਿਵੇਂ ਕਿ 'ਗੁਰਬਾਣੀ ਪਾਠ ਦਰਸ਼ਨ' ਵਿਚ ਅੰਕਿਤ ਹੈ ।

**ਪਦ ਅਰਥ :** ਹਮਾਰੈ-ਸਾਡੇ ਲਈ । ਬੇਦ-ਵੇਦ । ਨਾਦ-ਧੁਨੀ, ਵਾਜਿਆ ਦਾ ਵਜਾਉਣਾ । ਪੂਰੇ ਕਾਜੁ-ਕੰਮ ਸਵਾਰਦਾ ਹੈ। ਪੂਜਾ ਦੇਵਾ-ਦੇਵ ਪੂਜਾ।੧।

ਗੁਰਿ ਪੂਰੈ-ਪੂਰੇ ਗੁਰੂ ਨੇ । ਦ੍ਰਿੜਿ-ਪੱਕਾ ਕਰ ਦਿਤਾ ਹੈ। ਊਤਮ-ਉਤਮ, ਚੰਗਾ ।੧।ਰਹਾਉ। ਮਜਨ ਇਸਨਾਨੁ-ਪੁਰਬਾਂ ਦਾ ਇਸ਼ਨਾਨ । ਤੇ-ਓਹ (ਮਨੁੱਖ) । ਸਗਲ-ਸਾਰੇ । ਪਵੀਤ-ਪਵਿੱਤਰ, ਚੰਗੇ ਆਚਰਨ ਵਾਲੇ ।੨।

ਸਉਣ-ਸ਼ਗਨ । ਸੰਜੋਗ-ਮੇਲ,ਸ਼ੁਭ ਸ਼ਗਨਾਂ ਦਾ ਮਿਲਾਪ, ਨਛੱਤਰਾਂ ਦਾ ਮੇਲ ਜਿਸ ਤੋਂ ਕਰਮਗਤੀ ਦਾ ਅਨੁਮਾਨ ਲਾਇਆ ਜਾਂਦਾ ਹੈ। ਤ੍ਰਿਪਤਿ-ਤ੍ਰਿਪਤੀ। ਸੁਭੋਗ-ਸੁਆਦਲੇ ਭੋਗ। ਆਚਾਰ-ਕਰਮ ਕਾਂਡ। ਬਿਉਹਾਰ-ਕਾਰ ਵਿਹਾਰ ।੩।

ਜਾ ਕੈ ਮਨਿ-ਜਿਸ (ਮਨੁੱਖ) ਦੇ ਮਨ ਵਿਚ । ਟੇਕ-ਆਸਰਾ । ਮਨਿ ਤਨਿ-ਮਨ ਕਰਕੇ। ਸਰੀਰ

ਕਰਕੇ । ਗਾਉ-ਗਾਉਂਦਾ ਹੈ। ਸਾਧ ਸੰਗਿ-ਸਾਧ ਸੰਗਤ ਦੁਆਰਾ । ਨਾਉ-ਨਾਮ ।੪।

**ਅਰਥ :** (ਹੇ ਭਾਈ!) ਨਾਮ (ਸਿਮਰਨ) ਸਾਡੇ ਲਈ ਵੇਦ (ਧਰਮ ਗ੍ਰੰਥ) ਅਤੇ ਧੁਨੀਆਂ ਦੇ ਵਾਜੇ ਹਨ । ਨਾਮ (ਸਿਮਰਨ) ਸਾਡੇ ਲਈ ਸਾਰੇ ਕੰਮ ਸਵਾਰਨ ਵਾਲਾ ਹੈ। ਨਾਮ (ਸਿਮਰਨ) ਸਾਡੇ ਲਈ ਦੇਵ-ਪੂਜਾ ਹੈ। ਨਾਮ (ਸਿਮਰਨ) ਸਾਡੇ ਲਈ ਗੁਰੂ ਦੀ ਸੇਵਾ ਹੈ ।੧।

(ਹੇ ਭਾਈ !) ਪੂਰੇ ਗੁਰੂ ਪਾਸੋਂ (ਅਸਾਂ) ਪਰਮੇਸ਼ਰ ਦਾ ਨਾਮ ਦ੍ਰਿੜ (ਪੱਕਾ) ਕੀਤਾ ਹੈ। ਹਰੀ (ਨਾਮ ਸਿਮਰਨ ਦਾ)ਕੰਮ ਸਭ ਤੋਂ ਸ੍ਰੇਸ਼ਟ ਹੈ।੧।ਰਹਾਉ।

(ਹੇ ਭਾਈ !) ਨਾਮ (ਸਿਮਰਨ ਹੀ) ਸਾਡੇ ਲਈ ਪੁਰਬਾਂ ਦਾ ਇਸ਼ਨਾਨ ਹੈ, ਨਾਮ (ਸਿਮਰਨ ਹੀ) ਸਾਡੇ ਲਈ ਪੂਰਨ ਦਾਨ (ਦੇਣਾ ਹੈ) । (ਜੋ ਪਰਮੇਸ਼ਰ ਦਾ) ਨਾਮ ਜਪਦੇ ਹਨ, ਓਹ ਸਾਰੇ ਪਵਿੱਤਰ ਹਨ । (ਜੋ) ਨਾਮ ਜਪਦੇ ਹਨ (ਓਹ) ਮੇਰੇ ਭਰਾ ਤੇ ਮਿੱਤਰ ਹਨ ।੨।

(ਹੇ ਭਾਈ!) ਨਾਮ ਹੀ ਸਾਡੇ ਲਈ ਸ਼ਾਸਤਰਾਂ ਦਾ ਮਿਲਾਪ (ਕਰਨਾ ਹੈ) । ਨਾਮ ਹੀ ਸਾਡੇ ਲਈ ਸ੍ਰੇਸ਼ਟ ਭੋਜਨ ਦੀ ਤ੍ਰਿਪਤੀ ਹੈ । ਨਾਮ ਹੀ ਸਾਡੇ ਲਈ ਆਚਾਰ (ਕਰਮ ਕਾਂਡਾਂ ਦਾ ਕਰਨਾ) ਹੈ । ਨਾਮ ਹੀ ਸਾਡੇ ਲਈ ਨਿਰਮਲ ਕਾਰ-ਵਿਹਾਰ ਹੈ ।੩।

(ਹੇ ਭਾਈ !) ਜਿਸ (ਮਨੁੱਖ) ਦੇ ਮਨ ਵਿਚ ਇਕ ਪ੍ਰਭੂ (ਦਾ ਨਾਮ ਆ) ਵਸਿਆ ਹੈ (ਉਹ) ਨਾਮ (ਪ੍ਰਭੂ) ਸਾਰੇ (ਸੰਤਾਂ ਤੇ ਭਗਤ ਜਨਾ) ਦੀ ਟੇਕ (ਆਸਰਾ) ਹੈ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਜਿਸ (ਮਨੁੱਖ) ਨੂੰ ਸਾਧ ਸੰਗ ਦੁਆਰਾ (ਗੁਰੂ ਆਪਣਾ) ਨਾਮ ਬਖ਼ਸ਼ ਦਿੰਦਾ ਹੈ, (ਉਹ ਮਨੁੱਖ) ਮਨ ਤੇ ਸਰੀਰ ਕਰਕੇ ਹਰੀ ਦੇ ਗੁਣ ਗਾਉਂਦਾ ਹੈ ।੪।੨੨।੩੫।

## ਸਾਰੰਸ਼ ਅਤੇ ਸਿਧਾਂਤ

ਸੰਸਾਰ ਵਿਚ ਅਨੇਕ ਪ੍ਰਕਾਰ ਦੇ ਕਰਮ ਹਨ, ਪਰ ਸਭ ਤੋਂ ਸ੍ਰੇਸ਼ਟ ਕਰਮ ਪਰਮਾਤਮਾ ਦਾ ਨਾਮ ਜਪਣਾ ਹੈ ਜੋ ਗੁਰੂ ਤੋਂ ਮਿਲਦਾ ਹੈ :-

**ਸਗਲ ਧਰਮ ਮਹਿ ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥(ਪੰਨਾ ੨੬੬**

ਗੁਰੂ ਸਾਹਿਬ ਕਾ ਨਾਮ ਉਤੇ ਭਰੋਸਾ ਵੇਖੋ, 'ਨਾਮੁ' ਦਾ ਪ੍ਰਯੋਗ ਬੜਾ ਰਸਦਾਇਕ ਹੈ। ਨਾਮ ਹੀ ਸੇਵਾ, ਨਾਮ ਹੀ ਉਤਮ ਕਾਮ, ਨਾਮ ਹੀ ਮਜਨ ਇਸ਼ਨਾਨ, ਨਾਮ ਹੀ ਪੂਰਨ ਦਾਨ,ਨਾਮ ਹੀ ਸਉਣ ਸੰਜੋਗ, ਨਾਮ ਹੀ ਆਚਾਰ ਬਿਉਹਾਰ, ਗਲ ਕੀ ਸਭ ਕੁਝ ਨਾਮ ਹੀ ਨਾਮ ਹੈ।

ਸਿਧਾਂਤ ਇਹ ਹੈ ਕਿ ਨਾਮ ਆਪਣੇ ਜਤਨ ਨਾਲ ਨਹੀਂ ਮਿਲਦਾ, ਇਹ ਬਖਸ਼ਸ਼ ਵਾਲਾ ਸੌਦਾ ਹੈ। ਜਿਸ ਨੂੰ ਪਰਮਾਤਮਾ ਗੁਰੂ ਰਾਹੀਂ ਨਾਮ ਦੀ ਦਾਤਿ ਬਖਸ਼ ਦਿੰਦਾ ਹੈ, ਉਹ ਹਰੀ ਦੇ ਗੁਣ ਪਿਆਰ ਤੇ ਸਿਦਕ ਨਾਲ ਗਾਉਂਦਾ ਹੈ।

**ਭੈਰਉ ਮਹਲਾ ੫ ॥ ਨਿਰਧਨ ਕਉ, ਤੁਮ ਦੇਵਹੁ ਧਨਾ ॥ ਅਨਿਕ ਪਾਪ ਜਾਹਿ, ਨਿਰਮਲ ਮਨਾ ॥ ਸਗਲ ਮਨੋਰਥ, ਪੂਰਨ ਕਾਮ ॥ ਭਗਤ ਅਪੁਨੇ ਕਉ ਦੇਵਹੁ**

**ਨਾਮ ॥੧॥ ਸਫਲ ਸੇਵਾ, ਗੋਪਾਲ ਰਾਇ ॥ ਕਰਨ ਕਰਾਵਨਹਾਰ ਸੁਆਮੀ, ਤਾ ਤੇ ਬਿਰਥਾ ਕੋਇ ਨ ਜਾਇ ॥੧॥ ਰਹਾਉ ॥ ਰੋਗੀ ਕਾ ਪ੍ਰਭ ਖੰਡਹੁ ਰੋਗੁ ॥ ਦੁਖੀਏ ਕਾ ਮਿਟਾਵਹੁ ਪ੍ਰਭ ਸੋਗੁ ॥ ਨਿਥਾਵੇ ਕਉ, ਤੁਮ ਥਾਨਿ ਬੈਠਾਵਹੁ ॥ ਦਾਸ ਅਪਨੇ ਕਉ ਭਗਤੀ ਲਾਵਹੁ ॥੨॥ ਨਿਮਾਣੇ ਕਉ, ਪ੍ਰਭ ਦੇਤੋ ਮਾਨੁ ॥ ਮੂੜ ਮੁਗਧ ਹੋਇ ਚਤੁਰ ਸੁਗਿਆਨੁ ॥ ਸਗਲ ਭਇਆਨ ਕਾ ਭਉ ਨਸੈ ॥ ਜਨ ਅਪਨੇ ਕੈ, ਹਰਿ ਮਨਿ ਬਸੈ ॥੩॥ ਪਾਰਬ੍ਰਹਮ ਪ੍ਰਭ ਸੁਖ ਨਿਧਾਨ ॥ ਤਤੁ ਗਿਆਨੁ, ਹਰਿ ਅੰਮ੍ਰਿਤ ਨਾਮ ॥ ਕਰਿ ਕਿਰਪਾ, ਸੰਤ ਟਹਲੈ ਲਏ ॥ਨਾਨਕ, ਸਾਧੂ ਸੰਗਿ ਸਮਾਏ ॥੪॥੨੩॥੩੬॥**

**ਪਦ ਅਰਥ** : ਨਿਰਧਨ ਕਉ-(ਨਾਮ ਹੀਣ) ਕੰਗਾਲ ਨੂੰ। ਦੇਵਹੁ-ਦੇਂਦੇ ਹੋ ।ਧਨਾ(ਨਾਮ) ਧਨ। ਅਨਿਕ ਪਾਪ-ਅਨੇਕਾਂ, ਅਨਗਿਣਤ ਪਾਪ। ਜਾਹਿ-(ਮਿਟ) ਜਾਂਦੇ ਹਨ। ਨਿਰਮਲ-ਪਵਿੱਤਰ। ਮਨਾ-ਮਨ। ਮਨੋਰਥ-ਸੰਕਲਪ, ਲੋੜਾਂ।੧। ਸਫਲ-ਫਲ ਦੇਣ ਵਾਲੀ। ਗੋਪਾਲ ਰਾਇ-ਸ੍ਰਿਸ਼ਟੀ ਦੇ ਪਾਲਕ ਪਾਤਿਸ਼ਾਹ ਦੀ। ਤਾ ਤੇ-ਉਸ (ਪ੍ਰਭੂ) ਤੋਂ। ਬਿਰਥਾ-ਖਾਲੀ ।੧।ਰਹਾਉ।

ਖੰਡਹੁ-(ਤੁਸੀਂ) ਨਾਸ਼ ਕਰਦੇ ਹੋ। ਸੋਗੁ-ਗਮ। ਥਾਨਿ-ਥਾਂ ਤੇ। ਬੈਠਾਵਹੁ-ਬਿਠਾਉਂਦੇ ਹੋ। ਲਾਵਹੁ-ਲਾਉਂਦੇ ਹੋ ।੨।

ਦੇਤੋ-ਦਿੰਦਾ ਹੈ। ਮੂੜ ਮੁਗਧ-ਮਹਾਂਮੂਰਖ। ਚਤੁਰ-ਸਿਆਣਾ ਸੁਗਿਆਨ-ਸ੍ਰੇਸ਼ਟ, ਗਿਆਨਵਾਨ। ਭਇਆਨ ਕਾ-ਡਰ ਦੇਣ ਵਾਲਿਆਂ ਦਾ। ਭਉ-ਡਰ। ਨਸੈ-ਦੂਰ ਹੋ ਜਾਂਦਾ ਹੈ। ਮਨਿ-ਮਨ ਵਿਚ। ਬਸੈ-ਵਸਦਾ ਹੈ ।੩।

ਸੁਖ ਨਿਧਾਨ-ਸੁੱਖਾਂ ਦੇ ਖਜ਼ਾਨੇ। ਤਤੁ ਗਿਆਨੁ-ਯਥਾਰਥ ਗਿਆਨ। ਕਰਿ ਕਿਰਪਾ-ਕਿਰਪਾ ਕਰਕੇ। ਟਹਲੈ-ਟਹਿਲ, ਸੇਵਾ ਵਿਚ। ਸਾਧੂ ਸੰਗਿ-ਸਾਧੂ ਦਾ ਸੰਗ ਕਰਕੇ ।੪।

**ਅਰਥ** : (ਹੇ ਪ੍ਰਭੂ !) ਨਾਮਹੀਣ (ਕੰਗਾਲ) ਨੂੰ ਤੁਸੀਂ (ਨਾਮ) ਧਨ ਦਿੰਦੇ ਹੋ (ਨਾਮ ਦੇ ਫਲ ਸਰੂਪ ਉਸ ਦੇ) ਅਨੇਕਾਂ ਪਾਪ ਨਾਸ਼ ਹੋ ਜਾਂਦੇ ਹਨ ਅਤੇ ਮਨ ਪਵਿੱਤਰ ਹੋ ਜਾਂਦਾ ਹੈ। (ਹੇ ਪ੍ਰਭੂ ! ਜਿਸ) ਭਗਤ ਨੂੰ (ਤੁਸੀਂ) ਆਪਣਾ ਨਾਮ ਦੇਂਦੇ ਹੋ (ਉਸ ਦੇ) ਸਾਰੇ ਮਨੋਰਥ (ਸੰਕਲਪ) ਕਾਰਜ (ਆਦਿ) ਪੂਰੇ ਹੋ ਜਾਂਦੇ ਹਨ।੧।

(ਹੇ ਭਾਈ !) ਪ੍ਰਿਥਵੀ ਦੇ ਪਾਤਿਸ਼ਾਹ ਦੀ ਸੇਵਾ (ਕਰਨੀ) ਸਫਲ ਹੈ (ਭਾਵ ਫਲ ਦਾਤੀ ਹੈ)। (ਉਹ) ਸੁਆਮੀ ਸਭ ਕੁਝ ਕਰਨ ਕਰਾਵਨਹਾਰ ਹੈ, ਉਸ ਪਾਸੋਂ ਕੋਈ (ਜੀਵ) ਖ਼ਾਲੀ ਨਹੀਂ ਜਾਂਦਾ (ਭਾਵ ਸਭ ਦੀ ਮਨੋ ਕਾਮਨਾ ਪੂਰੀ ਹੁੰਦੀ ਹੈ) ।੧।ਰਹਾਉ।

ਹੇ ਪ੍ਰਭੂ ! (ਤੁਸੀਂ) ਰੋਗੀ ਦਾ ਰੋਗ ਦੂਰ ਕਰ ਦਿੰਦੇ ਹੋ (ਅਤੇ) ਦੁਖੀਏ ਦਾ ਗ਼ਮ ਮਿਟਾ ਦਿੰਦੇ ਹੋ। ਨਿਥਾਵੇ (ਮਨੁੱਖ) ਨੂੰ ਤੁਸੀਂ (ਸ੍ਰੇਸ਼ਟ) ਥਾਂ ਤੇ ਬਿਠਾ ਦਿੰਦੇ ਹੋ (ਅਤੇ) ਆਪਣੇ ਦਾਸ ਨੂੰ (ਪ੍ਰੇਮਾ) ਭਗਤੀ ਵਿਚ ਲਾ ਦਿੰਦੇ ਹੋ ।੨।

ਹੇ ਪ੍ਰਭੂ ! ਤੁਸੀਂ ਨਿਮਾਣੇ ਨੂੰ ਮਾਣ (ਸਤਿਕਾਰ) ਦਿੰਦੇ ਹੋ. (ਜੋ) ਮਹਾਂ ਮੂਰਖ ਹੈ (ਉਹ) ਸਿਆਣਾ ਤੇ ਸ੍ਰੇਸ਼ਟ ਗਿਆਨਵਾਨ ਬਣ (ਜਾਂਦਾ ਹੈ)। (ਹੇ ਭਾਈ ! ਜਦੋਂ) ਪ੍ਰਭੂ ਆਪਣੇ ਜਨ ਦੇ ਮਨ ਵਿਚ ਵਸ ਜਾਂਦਾ ਹੈ (ਤਾਂ, ਉਥੇ) ਸਾਰੇ ਭੈ ਦੇਣ ਵਾਲਿਆਂ ਦਾ ਡਰ ਦੂਰ ਹੋ ਜਾਂਦਾ ਹੈ ।੩।

ਹੇ ਪਾਰਬ੍ਰਹਮ ਪ੍ਰਭੂ ! (ਤੂੰ ਸਾਰੇ) ਸੁਖਾਂ ਦਾ ਖਜ਼ਾਨਾ ਹੈਂ, ਹੇ ਹਰੀ ! (ਤੇਰਾ) ਅੰਮ੍ਰਿਤ ਨਾਮ ਹੀ ਯਥਾਰਥ ਗਿਆਨ ਹੈ । (ਹੇ ਪ੍ਰਭੂ ! ਆਪਣੀ) ਕਿਰਪਾ ਕਰਕੇ (ਜੋ ਜੀਵ ਤੂੰ) ਸੰਤਾਂ ਦੀ ਸੇਵਾ ਵਿਚ ਲਾਏ ਹਨ, ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਓਹ ਸੇਵਕ ਜਨ) ਸੰਤਾਂ ਦਾ ਸੰਗ ਕਰਕੇ (ਤੇਰੇ ਵਿਚ) ਸਮਾ ਗਏ ਹਨ (ਭਾਵ ਅਭੇਦ ਹੋ ਗਏ ਹਨ) ।੪।੨੩।੩੬।

## ਸਾਰੰਸ਼ ਅਤੇ ਸਿਧਾਂਤ

ਜਿਸ ਨੂੰ ਪਰਮਾਤਮਾ ਨਾਮ-ਧਨ ਬਖ਼ਸ਼ ਦੇਵੇ ਜੇ ਉਹ ਮਾਇਆ ਪੱਖੋਂ ਨਿਰਧਨ ਭੀ ਹੋਵੇ ਤਾਂ ਭੀ ਜਾਣੋ ਉਸ ਨੂੰ ਹਰ ਪ੍ਰਕਾਰ ਦਾ ਧਨ ਮਿਲ ਜਾਂਦਾ ਹੈ । ਨਾਮ ਦੀ ਟੇਕ ਨਾਲ ਅਨੇਕਾਂ ਪਾਪ ਦੂਰ ਹੁੰਦੇ ਹਨ, ਮਨ ਨਿਰਮਲ ਹੁੰਦਾ ਹੈ ਤੇ ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ ।

ਸਿਧਾਂਤ ਇਹ ਹੈ ਕਿ ਜੇ ਹਰੀ ਆਪਣੇ ਸੇਵਕ ਦੇ ਮਨ ਵਿਚ ਵਸ ਜਾਵੇ ਤਾਂ ਸਾਰੇ ਦੁਖਾਂ ਦਾ ਨਾਸ਼ ਹੋਣਾ, ਮੂਰਖ ਤੋਂ ਸਿਆਣਾ ਹੋਣਾ, ਸਾਰੇ ਡਰਾਂ ਦਾ ਅਭਾਵ ਹੋਣਾ ਇਤਆਦਿ ਸਭ ਕੁਝ ਨਾਮ ਧਨ ਦੀ ਬਰਕਤ ਨਾਲ ਸੁਤੇ ਹੀ ਪ੍ਰਾਪਤ ਹੋ ਜਾਂਦਾ ਹੈ ।

ਹਰੀ ਦੇ ਮਨ ਵਿਚ ਵਸਣ ਦੀ ਜੁਗਤੀ 'ਸਾਧ ਸੰਗਿ' ਵਿਚ ਬੈਠ ਕੇ ਪਰਮੇਸ਼ਰ ਦੇ ਗੁਣ ਗਾਉਣੇ ਹਨ ।

**ਭੈਰਉ ਮਹਲਾ ੫ ॥ ਸੰਤ ਮੰਡਲ ਮਹਿ, ਹਰਿ ਮਨ ਵਸੈ ॥ ਸੰਤ ਮੰਡਲ ਮਹਿ, ਦੁਰਤੁ ਸਭੁ ਨਸੈ ॥ ਸੰਤ ਮੰਡਲ ਮਹਿ, ਨਿਰਮਲ ਰੀਤਿ ॥ ਸੰਤ ਸੰਗਿ ਹੋਇ ਏਕ ਪਰੀਤਿ ॥੧॥ ਸੰਤ ਮੰਡਲੁ, ਤਹਾ ਕਾ ਨਾਉ ॥ ਪਾਰਬ੍ਰਹਮ ਕੇਵਲ ਗੁਣ ਗਾਉ ॥੧॥ ਰਹਾਉ ॥ ਸੰਤ ਮੰਡਲ ਮਹਿ, ਜਨਮ ਮਰਣੁ ਰਹੈ ॥ ਸੰਤ ਮੰਡਲ ਮਹਿ, ਜਮੁ ਕਿਛੂ ਨ ਕਹੈ ॥ ਸੰਤ ਸੰਗਿ ਹੋਇ ਨਿਰਮਲ ਬਾਣੀ ॥ ਸੰਤ ਮੰਡਲ ਮਹਿ, ਨਾਮੁ ਵਖਾਣੀ ॥੨॥ ਸੰਤ ਮੰਡਲ ਕਾ ਨਿਹਚਲ ਆਸਨੁ ॥ ਸੰਤ ਮੰਡਲ ਮਹਿ ਪਾਪ ਬਿਨਾਸਨੁ ॥ ਸੰਤ ਮੰਡਲ ਮਹਿ ਨਿਰਮਲ ਕਥਾ ॥ ਸੰਤ ਸੰਗਿ, ਹਉਮੈ ਦੁਖ ਨਸਾ ॥੩॥ ਸੰਤ ਮੰਡਲ ਕਾ ਨਹੀ ਬਿਨਾਸੁ ॥ ਸੰਤ ਮੰਡਲ ਮਹਿ, ਹਰਿ ਗੁਣਤਾਸੁ ॥ ਸੰਤ ਮੰਡਲ, ਠਾਕੁਰ ਬਿਸ੍ਰਾਮੁ ॥ ਨਾਨਕ, ਓਤਿ ਪੋਤਿ ਭਗਵਾਨੁ ॥੪॥੨੪॥੩੭॥**

## ਉਚਾਰਨ ਸੇਧ

**ਬਿੰਦੀ ਸਹਿਤ :** ਮਹਿੰ, ਤਹਾਂ, ਨਾਉਂ, ਨਹੀਂ .

**ਪਦ ਅਰਥ :** ਸੰਤ ਮੰਡਲ-ਸੰਤ ਸਭਾ, ਸਾਧ ਸੰਗਤ। ਮਹਿ-ਵਿਚ । ਮਨਿ-ਮਨ ਵਿਚ।

ਦੁਰਤੁ-ਪਾਪ। ਰੀਤਿ-ਮਰਯਾਦਾ। ਤਹਾ ਕਾ-ਉਸ ਥਾਂ ਦਾ। ਕੇਵਲ-ਸਿਰਫ। ਗੁਣ ਗਾਉ-ਗਾਉਂਦੇ ਹਨ, ਗੁਣ ਗਾਏ ਜਾਂਦੇ ਹਨ।੧।ਰਹਾਉ।

ਜਨਮ ਮਰਣੁ ਰਹੈ-ਜਨਮ ਮਰਣ ਰਹਿ ਜਾਂਦਾ ਹੈ, ਭਾਵ ਮੁਕ ਜਾਂਦਾ ਹੈ। ਹੋਇ ਨਿਰਮਲ ਬਾਣੀ-ਬਾਣੀ ਪਵਿੱਤਰ ਹੋ ਜਾਂਦੀ ਹੈ। ਵਖਾਣੀ-ਉਚਾਰਿਆ ਜਾਂਦਾ ਹੈ।੨।

ਨਿਹਚਲ ਆਸਨੁ-ਅਚੱਲ,ਅਡੋਲ ਆਸਣ। ਬਿਨਾਸਨੁ-ਨਾਸ਼ ਹੋ ਜਾਂਦਾ ਹੈ। ਨਸਾ-ਨੱਸ ਜਾਂਦਾ।੩।

ਨਹੀ ਬਿਨਾਸੁ-ਨਾਸ਼ ਨਹੀਂ ਹੁੰਦਾ। ਗੁਣਤਾਸੁ-ਗੁਣਾਂ ਦਾ ਖਜ਼ਾਨਾ। ਬਿਸ੍ਰਾਮੁ-ਨਿਵਾਸ। ਓਤਿ ਪੋਤਿ-ਤਾਣੇ ਪੇਟੇ ਵਿਚ।੪।

**ਅਰਥ** : (ਹੇ ਭਾਈ !) ਸੰਤ ਸਭਾ ਵਿਚ (ਬੈਠਣ ਨਾਲ) ਪਰਮੇਸ਼ਰ ਮਨ ਵਿਚ ਵਸ ਜਾਂਦਾ ਹੈ। ਸੰਤ ਮੰਡਲ ਵਿਚ (ਵਸਣ ਨਾਲ) ਹਰ ਪ੍ਰਕਾਰ ਦਾ ਪਾਪ ਨੱਸ ਜਾਂਦਾ ਹੈ। ਸੰਤ ਮੰਡਲ ਵਿਚ ਉਤਮ (ਜੀਵਨ) ਮਰਯਾਦਾ (ਦਾ ਗਿਆਨ ਹੋ ਜਾਂਦਾ ਹੈ)। ਸੰਤਾਂ ਦਾ ਸੰਗ ਕਰਨ ਨਾਲ ਇਕ (ਪਰਮਾਤਮਾ) ਦੀ ਪ੍ਰੀਤ-ਰੀਤਿ (ਅੰਦਰ ਆ ਵਸਦੀ ਹੈ)।੧।

(ਹੇ ਭਾਈ !) ਸੰਤ ਮੰਡਲ ਉਸ ਥਾਂ ਦਾ ਨਾਮ ਹੈ (ਜਿਥੇ ਬੈਠ ਕੇ) ਕੇਵਲ ਪਰਮੇਸ਼ਰ ਦੇ ਗੁਣ ਗਾਏ ਜਾਂਦੇ ਹਨ।੧।ਰਹਾਉ।

(ਹੇ ਭਾਈ !) ਸੰਤ ਮੰਡਲ ਵਿਚ ਜਨਮ ਮਰਣ ਮੁਕ ਜਾਂਦਾ ਹੈ। ਸੰਤ ਮੰਡਲ ਵਿਚ (ਵਸਣ ਨਾਲ) ਜਮ ਕੁਝ ਨਹੀਂ ਕਹਿੰਦਾ (ਭਾਵ ਆਪਣਾ ਡਰ ਜਾਂ ਡੰਨ ਨਹੀਂ ਦਿੰਦਾ)। ਸੰਤ ਦਾ ਸੰਗ ਕਰਕੇ (ਮਨੁੱਖ ਦਾ ਬੋਲ) ਬਾਣੀ ਨਿਰਮਲ (ਪਵਿੱਤਰ) ਹੋ ਜਾਂਦੀ ਹੈ। ਸੰਤ ਮੰਡਲ ਵਿਚ (ਰਸਨਾ ਕੇਵਲ) ਨਾਮ ਹੀ ਉਚਾਰਦੀ ਹੈ।੨।

(ਹੇ ਭਾਈ !) ਸੰਤ ਮੰਡਲ ਦਾ ਆਸਣ ਅਡੋਲ ਹੈ। ਸੰਤ ਮੰਡਲ ਵਿਚ (ਬੈਠਿਆਂ) ਪਾਪਾਂ ਦਾ ਨਾਸ਼ ਹੋ ਜਾਂਦਾ ਹੈ। ਸੰਤ ਮੰਡਲ ਵਿਚ (ਪ੍ਰਭੂ ਦੀ) ਨਿਰਮਲ ਕਥਾ ਹੁੰਦੀ ਹੈ। ਸੰਤਾਂ ਦਾ ਸੰਗ ਕਰਕੇ ਹਉਮੈ ਦਾ ਦੁਖ ਨੱਸ ਜਾਂਦਾ ਹੈ।੩।

(ਹੇ ਭਾਈ !) ਸੰਤ ਮੰਡਲ ਦਾ (ਕਦੇ ਵੀ) ਵਿਨਾਸ਼ ਨਹੀਂ ਹੁੰਦਾ। ਸੰਤ ਮੰਡਲ ਵਿਚ ਹਰੀ ਦੇ ਗੁਣਾਂ ਦਾ ਖਜ਼ਾਨਾ (ਪ੍ਰਗਟ ਹੁੰਦਾ) ਹੈ। ਸੰਤ ਮੰਡਲ ਵਿਚ ਪਰਮੇਸ਼ਰ ਦਾ ਨਿਵਾਸ ਹੈ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਸੰਤ ਮੰਡਲ ਵਿਚ) ਭਗਵਾਨ ਤਾਣੇ ਪੇਟੇ ਵਾਂਗ (ਮਿਲਿਆ ਹੁੰਦਾ ਹੈ) ।੪।੨੪।੩੭।

## ਅਰਥ ਭੇਦ ਅਤੇ ਨਿਰਣੈ

**ਸੰਤ ਸੰਗਿ ਹੋਇ ਨਿਰਮਲ ਬਾਣੀ ॥ ਸੰਤ ਮੰਡਲ ਮਹਿ ਨਾਮੁ ਵਖਾਣੀ ॥**

ਵਖ ਵਖ ਅਰਥ:

੧. ਸੰਤੋਂ ਕੇ ਸੰਗ ਕਰਨੇ ਸੇ ਬਾਣੀ ਨਿਰਮਲ ਹੋ ਜਾਤੀ ਹੈ। ਸੰਤੋਂ ਕੇ ਮੰਡਲ ਵਿਖੇ ਕੇਵਲ ਪਰਮੇਸ਼ਰ ਕੇ ਨਾਮ ਕਾ ਹੀ ਵਖਯਾਨ ਹੋਤਾ ਹੈ। [ਫ਼.ਸ., ਸੰ.ਸ.

੨. ਸੰਤਾਂ ਦੇ ਅਕੱਠ ਵਿਚ ਜਾਣ ਨਾਲ ਬਾਣੀ ਨਿਰਮਲ ਹੋ ਜਾਂਦੀ ਹੈ। ਸੰਤਾਂ ਦੇ ਅਕੱਠ ਵਿਚ ਜਾਣ ਨਾਲ ਇਕ ਨਾਮ ਦਾ ਹੀ ਵਖਯਾਨ ਹੁੰਦਾ ਹੈ। [ਗਿ. ਬਿਸ਼ਨ ਸਿੰਘ

੩. ਸਾਧ ਸੰਗਤਿ ਵਿਚ (ਜੀਵਨ ਨੂੰ) ਪਵਿੱਤਰ ਕਰਨ ਵਾਲੀ ਬਾਣੀ ਦਾ ਉਚਾਰਨ ਹੁੰਦਾ ਹੈ, (ਉਥੇ) ਪਰਮਾਤਮਾ ਦਾ ਨਾਮ (ਹੀ) ਉਚਾਰਿਆ ਜਾਂਦਾ ਹੈ। [ਦਰਪਣ

**ਨਿਰਣੈ**: ਗੁਰਬਾਣੀ ਦਾ ਅਧਿਐਨ ਕੀਤਿਆਂ ਇਹ ਪਤਾ ਲਗਦਾ ਹੈ ਕਿ ਜਿਥੇ 'ਬਾਣੀ' ਤੋਂ ਭਾਵ ਅੰਮ੍ਰਿਤ ਬਾਣੀ ਅਥਵਾ ਗੁਰਬਾਣੀ ਹੈ, ਉਥੇ ਮਨੁੱਖ ਦੀ ਬਾਣੀ ਵੀ ਅੰਮ੍ਰਿਤ ਹੋ ਸਕਦੀ ਹੈ, ਜਿਵੇ:

**੧. ਗੁਰ ਕੈ ਬਚਨ ਸੁਣਿ ਰਸਨ ਵਖਾਣੀ ॥**
**ਗੁਰ ਕਿਰਪਾ ਤੇ ਅੰਮ੍ਰਿਤ ਮੇਰੀ ਬਾਣੀ ॥** [ਪੰਨਾ ੨੩੯

**੨. ਗੁਰਮਤਿ ਮਨਿ ਅੰਮ੍ਰਿਤੁ ਵੁਠੜਾ ਮੇਰੀ ਜਿੰਦੁੜੀਏ,**
**ਮੁਖਿ ਅੰਮ੍ਰਿਤ ਬੈਣ ਅਲਾਏ ਰਾਮ ॥**
**ਅੰਮ੍ਰਿਤ ਬਾਣੀ ਭਗਤ ਜਨਾ ਕੀ ਮੇਰੀ ਜਿੰਦੁੜੀਏ,**
**ਮਨਿ ਸੁਣੀਐ ਹਰਿ ਲਿਵ ਲਾਏ ਰਾਮ ॥** [ਪੰਨਾ ੫੩੮

ਸਾਰੇ ਸ਼ਬਦ ਵਿਚ ਸੰਤਾਂ ਦਾ ਸੰਗ ਕਰਕੇ ਹੀ ਲਾਭ ਪ੍ਰਾਪਤ ਹੋਣ ਦਾ ਵਰਣਨ ਹੈ। ਸੰਤ ਸਭਾ ਅਥਵਾ ਸੰਤ ਸੰਗ ਅਥਵਾ ਸੰਤ ਮੰਡਲ ਵਿਚ ਜਾਣ ਨਾਲ ਮਨੁੱਖ ਦੀ ਬਾਣੀ ਅੰਮ੍ਰਿਤ ਵਰਗੀ ਮਿੱਠੀ ਹੋ ਜਾਂਦੀ ਹੈ। ਇਹ ਅਰਥ ਇਸ ਲਈ ਠੀਕ ਹਨ ਕਿਉਂਕਿ ਸੰਤ ਮੰਡਲ ਦੀ ਇਹ ਉਤਮ ਰੀਤ ਹੈ। ਬਾਣੀ ਤੋਂ ਭਾਵ ਬੋਲਾਂ ਦਾ ਹੈ। ਨੰਬਰ ੩ ਵਾਲੇ ਅਰਥ ਠੀਕ ਨਹੀਂ ਹਨ।

## ਸਾਰੰਸ਼ ਅਤੇ ਸਿਧਾਂਤ

ਇਸ ਦੀ ਰਹਾਉ ਵਾਲੀ ਪੰਕਤੀ ਵਿਚ 'ਸੰਤ ਮੰਡਲ' ਦੀ ਪਰਿਭਾਸ਼ਾ ਨੂੰ ਇਉਂ ਨਿਰਪੂਰਣ ਕੀਤਾ ਗਿਆ ਹੈ:-

**ਸੰਤ ਮੰਡਲ ਤਹਾ ਕਾ ਨਾਉ ॥ ਪਾਰਬ੍ਰਹਮ ਕੇਵਲ ਗੁਣ ਗਾਉ ॥**

ਜਿਸ ਅਸਥਾਨ ਤੇ ਕੇਵਲ ਪਾਰਬ੍ਰਹਮ ਪਰਮੇਸ਼ਰ ਦੇ ਗੁਣ ਗਾਏ ਜਾਣ, ਉਸ ਦੀਆਂ ਸਿਫਤਾਂ ਕੀਤੀਆਂ ਜਾਣ, ਉਸ ਦਾ ਨਾਮ ਹੀ ਸੰਤ ਮੰਡਲ, ਸੰਤ ਸਭਾ ਜਾਂ ਸਤਿਸੰਗ ਹੈ।

ਗੁਰੂ ਅਰਜਨ ਦੇਵ ਪਾਤਿਸ਼ਾਹ ਜੀ ਦੀ ਸੰਪਾਦਨ ਕਲਾ ਤੋਂ ਬਲਿਹਾਰ ਜਾਈਏ। ਪਿਛਲੇ ਸ਼ਬਦ ਦੀ ਸਮਾਪਤੀ 'ਕਰਿ ਕਿਰਪਾ ਸੰਤ ਟਹਲੈ ਲਾਏ ॥ ਨਾਨਕ ਸਾਧੂ ਸੰਗਿ ਸਮਾਏ ॥' ਕਰਨ ਮਗਰੋਂ 'ਸੰਤ ਮੰਡਲ' ਦੀ ਮਹਿਮਾ ਦਾ ਵਰਣਨ ਬਹੁਤ ਸੁਹਾਵਣਾ ਤੇ ਪ੍ਰਭਾਵਸ਼ਾਲੀ ਕੀਤਾ ਹੈ।

'ਗੁਰੂ ਅਰਜਨ ਮੰਡਲ' ਪਟਿਆਲਾ ਦੇ ਚੇਅਰਮੈਨ ਭਾ. ਤਖ਼ਤ ਸਿੰਘ ਜੀ ਨੇ ਇਕ ਵਾਰੀ ਦਸਿਆ ਕਿ ਸ਼੍ਰੋ. ਗੁ. ਪ੍ਰ. ਕਮੇਟੀ ਅੰਮ੍ਰਿਤਸਰ ਦੇ ਪਰਧਾਨ ਇਕ ਵਾਰੀ ਗੁਰੂ ਅਰਜਨ ਮੰਡਲ ਦੇ ਦੀਵਾਨ ਵਿਚ ਭਾਸ਼ਨ ਕਰਦੇ ਹੋਏ ਆਖਿਆ ਕਿ 'ਮੰਡਲ' ਸ਼ਬਦ ਦੀ ਵਰਤੋਂ ਹਿੰਦੂਆਂ ਵਿਚ ਹੁੰਦੀ ਹੈ, ਸਿਖ ਧਰਮ ਵਿਚ 'ਸਿੰਘ ਸਭਾ, ਸਿਖ ਸਭਾ' ਆਦਿ ਨਾਉਂ ਹੀ ਵਰਤੇ ਜਾਂਦੇ ਹਨ, ਪਰ ਪਰਧਾਨ ਜੀ ਦੀ

ਇਹ ਕੋਈ ਵਧੀਆ ਸੋਚਣੀ ਨਹੀਂ ਸੀ। ਜਿਸ ਨੇ ਗੁਰਬਾਣੀ ਦਾ ਅਧਿਐਨ ਕੀਤਾ ਹੋਵੇ, ਉਹ ਜਾਣਦਾ ਹੈ ਕਿ 'ਮੰਡਲ' ਪਦ ਦੀ ਵਰਤੋਂ ਕਈ ਸ਼ਬਦਾਂ ਵਿਚ ਮਿਲਦੀ ਹੈ, ਜਿਵੇਂ:

੧. ਮ੍ਰਿਤ ਮੰਡਲ ਜਗੁ ਸਾਜਿਆ ੨. ਸਗਲੇ ਭੂ ਮੰਡਲ ਖੰਡਲ ੩. ਤਾਰਿਕਾ ਮੰਡਲ, ਆਦਿ

ਯਥਾਰਥ ਗਿਆਨ ਇਹ ਹੈ ਕਿ 'ਸੰਤ ਮੰਡਲ' ਹਰੀ ਦੇ ਰਹਿਣ ਦਾ ਨਿਹਚਲ ਅਸਥਾਨ ਹੈ, ਬਾਕੀ ਸਾਰੇ ਦੁਨਿਆਵੀ ਮੰਡਲ ਨਾਸ਼ਵੰਤ ਹਨ।

**ਭੈਰਉ ਮਹਲਾ ੫॥ ਰੋਗੁ ਕਵਨੁ, ਜਾਂ ਰਾਖੈ ਆਪਿ ॥ ਤਿਸੁ ਜਨ ਹੋਇ ਨ ਦੂਖੁ ਸੰਤਾਪੁ ॥ ਜਿਸੁ ਊਪਰਿ, ਪ੍ਰਭੁ ਕਿਰਪਾ ਕਰੈ ॥ ਤਿਸੁ ਊਪਰ ਤੇ, ਕਾਲੁ ਪਰਹਰੈ ॥੧॥ ਸਦਾ ਸਖਾਈ, ਹਰਿ ਹਰਿ ਨਾਮੁ ॥ ਜਿਸੁ ਚੀਤਿ ਆਵੈ ਤਿਸੁ ਸਦਾ ਸੁਖੁ ਹੋਵੈ, ਨਿਕਟਿ ਨ ਆਵੈ ਤਾ ਕੈ ਜਾਮੁ॥੧॥ਰਹਾਉ॥ ਜਬ ਇਹੁ ਨ ਸੋ, ਤਬ ਕਿਨਹਿ ਉਪਾਇਆ॥ ਕਵਨ ਮੂਲ ਤੇ,ਕਿਆ ਪ੍ਰਗਟਾਇਆ ॥ ਆਪਹਿ ਮਾਰਿ ਆਪਿ ਜੀਵਾਲੈ ॥ ਅਪਨੇ ਭਗਤ ਕਉ, ਸਦਾ ਪ੍ਰਤਿਪਾਲੈ ॥੨॥ ਸਭ ਕਿਛੁ ਜਾਣਹੁ ਤਿਸ ਕੈ ਹਾਥ ॥ ਪ੍ਰਭੁ ਮੇਰੋ, ਅਨਾਥ ਕੋ ਨਾਥ ॥ ਦੂਖ ਭੰਜਨੁ ਤਾ ਕਾ ਹੈ ਨਾਉ ॥ ਸੁਖ ਪਾਵਹਿ, ਤਿਸ ਕੇ ਗੁਣ ਗਾਉ ॥੩॥ ਸੁਣਿ ਸੁਆਮੀ ਸੰਤਨ ਅਰਦਾਸਿ ॥ ਜੀਉ ਪ੍ਰਾਨ ਧਨੁ ਤੁਮ੍ਰੈ ਪਾਸਿ ॥ ਇਹੁ ਜਗੁ ਤੇਰਾ, ਸਭ ਤੁਝਹਿ ਧਿਆਏ ॥ ਕਰਿ ਕਿਰਪਾ ਨਾਨਕ ਸੁਖੁ ਪਾਏ ॥੪॥੨੫॥੩੮॥**

## ਉਚਾਰਨ ਸੇਧ

**ਬਿੰਦੀ ਸਹਿਤ :** ਕਿਨਹਿਂ, ਨਾਉਂ, ਪਾਵਹਿਂ, ਜਾਂ। **ਬਿੰਦੀ ਰਹਿਤ :** ਤਾ ਕੈ, ਆਪਹਿ, ਤੁਝਹਿ।

**ਪਦ ਅਰਥ :** ਰੋਗੁ-ਦੁਖ, ਬੀਮਾਰੀ। ਕਵਨ-ਕਿਹੜਾ ?। ਜਾ-ਜਦੋਂ। ਸੰਤਾਪ-ਕਲੇਸ਼। ਕਾਲੁ-ਮੌਤ। ਪਰਹਰੈ-ਦੂਰ ਹੋ ਜਾਂਦਾ ਹੈ।੧। ਸਖਾਈ-ਸਾਥੀ। ਚੀਤਿ-ਚਿੱਤ ਵਿਚ। ਜਾਮੁ-ਜਮ।੧ਰਹਾਉ।

ਨ ਸੋ-ਨਹੀਂ ਸੀ। ਕਿਨਹਿ-ਕਿਸ ਨੇ?। ਉਪਾਇਆ-ਪੈਦਾ ਕੀਤਾ। ਕਵਨ ਮੂਲ ਤੇ-ਕਿਹੜੇ ਮੁੱਢ ਤੋਂ। ਪ੍ਰਗਟਾਇਆ-(ਰੂਪ) ਪ੍ਰਗਟ ਕੀਤਾ। ਆਪਹਿ-ਆਪ ਹੀ। ਮਾਰਿ-ਮਾਰ ਕੇ। ਜੀਵਾਲੈ-ਜੀਵਾਉਂਦਾ ਹੈ। ਪ੍ਰਤਿਪਾਲੈ-ਪਾਲਨਾ, ਰਖਿਆ ਕਰਦਾ ਹੈ।੨।

ਹਾਥ-ਹਥ। ਅਨਾਥ ਕੋ ਨਾਥ-ਨਿਖਸਮਿਆਂ ਦਾ ਖਸਮ। ਦੁਖ ਭੰਜਨੁ-ਦੁੱਖਾਂ ਦਾ ਨਾਸ਼ ਕਰਨ ਵਾਲਾ। ਪਾਵਹਿ-(ਤੂੰ) ਪਾਵੇਂਗਾ। ਗਾਉ-ਗਾਇਨ ਕਰ।੩।

ਸੁਆਮੀ-ਹੇ ਮਾਲਕ ! ਸੰਤਨ ਅਰਦਾਸਿ-ਸੰਤ ਜਨਾ ਦੀ ਅਰਜ਼ੋਈ, ਜੋਦੜੀ। ਜੀਉ-ਜਿੰਦ। ਤੁਮਰੈ ਪਾਸਿ-ਤੇਰੇ ਕੋਲ। ਸਭ-ਸਾਰੀ (ਸ੍ਰਿਸ਼ਟੀ)।੪।

**ਅਰਥ :** (ਹੇ ਭਾਈ !) ਜਦੋਂ (ਪਰਮੇਸ਼ਰ) ਆਪ ਰਖਿਆ ਕਰਦਾ ਹੈ (ਤਾਂ ਉਥੇ) ਕਿਹੜਾ ਰੋਗ (ਨੇੜੇ ਆ ਸਕਦਾ ਹੈ?)। ਜਿਸ (ਮਨੁੱਖ) ਉਤੇ ਪ੍ਰਭੂ (ਆਪਣੀ) ਕਿਰਪਾ ਕਰਦਾ ਹੈ ਉਸ ਜਨ ਨੂੰ (ਕਿਸੇ

ਪ੍ਰਕਾਰ ਦਾ) ਦੁਖ ਕਲੇਸ਼ ਨਹੀਂ ਹੋ ਸਕਦਾ ।੧।

(ਹੇ ਭਾਈ !) ਪਰਮੇਸ਼ਰ ਦਾ ਨਾਮ ਹੀ ਸਦਾ ਸਾਥੀ (ਬਣਦਾ ਹੈ) । ਜਿਸ (ਮਨੁੱਖ ਦੇ) ਚਿਤ ਵਿਚ (ਪਰਮੇਸ਼ਰ) ਯਾਦ ਆਉਂਦਾ ਹੈ, ਤਾਂ ਉਸ ਨੂੰ ਸਦਾ ਹੀ ਸੁਖ (ਪ੍ਰਾਪਤ) ਹੁੰਦਾ ਹੈ, ਉਸ ਦੇ ਨੇੜੇ ਜਮ ਵੀ ਨਹੀਂ ਆਉਂਦਾ ।੧।ਰਹਾਉ।

(ਹੇ ਭਾਈ !) ਜਦ ਇਹ (ਜੀਵ ਕੁਝ ਵੀ) ਨਹੀਂ ਸੀ, ਤਦੋਂ ਕਿਸ ਨੇ (ਇਸ ਨੂੰ) ਪੈਦਾ ਕੀਤਾ ? ਕਿਹੜੇ ਮੂਲ ਤੋਂ (ਭਾਵ 'ਪਾਨੀ ਮੈਲਾ ਮਾਟੀ ਗੋਰੀ' ਤੋਂ) ਇਸ ਜੀਵ ਦਾ (ਕਿਤਨਾ ਸੁੰਦਰ ਰੂਪ) ਪ੍ਰਗਟ ਕੀਤਾ । (ਪਰਮੇਸ਼ਰ) ਆਪ ਹੀ (ਜੀਆਂ ਨੂੰ) ਮਾਰ ਕੇ ਆਪ ਹੀ ਜੀਵਾਲਦਾ (ਜ਼ਿੰਦਾ ਕਰਦਾ) ਹੈ । ਆਪ ਹੀ ਭਗਤਾਂ ਦੀ ਸਦਾ ਪਾਲਨਾ (ਰਖਿਆ) ਕਰਦਾ ਹੈ ।੨।

(ਹੇ ਭਾਈ ! ਇਹ ਗਲ ਚੰਗੀ ਤਰ੍ਹਾਂ) ਜਾਣ ਲਵੋ ਕਿ ਸਭ ਕੁਝ (ਭਾਵ ਸਾਰੀ ਸ਼ਕਤੀ) ਉਸ (ਪਰਮੇਸ਼ਰ) ਦੇ ਹੱਥ ਹੈ । ਮੇਰਾ ਪ੍ਰਭੂ ਨਿਖਸਮਿਆਂ ਦਾ ਖਸਮ ਹੈ । ਉਸ (ਪਰਮੇਸ਼ਰ) ਦਾ ਨਾਮ ਦੁਖਾਂ ਨੂੰ ਨਾਸ਼ ਕਰਨ ਵਾਲਾ ਹੈ । (ਹੇ ਭਾਈ !) ਉਸ ਪ੍ਰਭੂ ਦੇ ਗੁਣ ਗਾਇਨ ਕਰ (ਤੂੰ ਸਦੀਵੀ) ਸੁਖ ਪਾ ਲਵੇਂਗਾ।੩।

ਹੇ ਸੁਆਮੀ ! (ਤੂੰ ਆਪਣੇ) ਸੰਤਾਂ ਦੀ ਅਰਦਾਸਿ (ਆਤਮਿਕ ਜੋਦੜੀ,) ਸੁਣਦਾ ਹੈਂ । (ਸੰਤਾਂ ਨੇ) ਜਿੰਦ ਪ੍ਰਾਣ ਧਨ (ਸਭ ਕੁਝ) ਤੇਰੇ ਹਵਾਲੇ ਕਰ ਦਿੱਤਾ ਹੈ । (ਹੇ ਪ੍ਰਭੂ !) ਇਹ (ਸਾਰਾ ਸੰਸਾਰ ਤੇਰਾ ਹੈ ਅਤੇ) ਸਾਰੀ (ਸ੍ਰਿਸ਼ਟੀ ਤੈਨੂੰ) ਧਿਆਉਂਦੀ ਹੈ । ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਆਪਣੀ) ਕਿਰਪਾ ਕਰਕੇ (ਪ੍ਰਭੂ ਜਿਸ ਨੂੰ ਨਾਮ ਬਖਸ਼ਦਾ ਹੈ ਉਹ ਮਨੁੱਖ ਆਤਮਿਕ) ਸੁਖ ਪ੍ਰਾਪਤ ਕਰਦਾ ਹੈ ।੪।੨੫।੩੮।

## ਸਾਰੰਸ਼ ਅਤੇ ਸਿਧਾਂਤ

ਜਿਸ ਮਨੁੱਖ ਨੂੰ ਪਰਮੇਸ਼ਰ ਦਾ ਨਾਮ ਚੇਤੇ ਆਉਂਦਾ ਹੈ ਉਸ ਨੂੰ ਸਦਾ ਲਈ ਆਤਮਿਕ ਸੁਖ ਪ੍ਰਾਪਤ ਹੋ ਜਾਂਦਾ ਹੈ ਅਤੇ ਉਸ ਦੇ ਨੇੜੇ ਜਮ ਵੀ ਨਹੀਂ ਆ ਸਕਦਾ ਕਿਉਂਕਿ ਹਰੀ ਦਾ ਨਾਮ ਉਸ ਦੀ ਸਹਾਇਤਾ ਕਰਨ ਵਾਲਾ ਮਿੱਤਰ ਬਣ ਜਾਂਦਾ ਹੈ ।

ਗਲ ਕੀ ਸਾਰੀ ਸ਼ਕਤੀ ਈਸ਼ਵਰੀ-ਕਿਰਪਾ ਦੀ ਹੈ । ਜਿਸ ਉਤੇ ਪਰਮਾਤਮਾ ਦੀ ਮਿਹਰ ਹੋ ਜਾਂਦੀ ਹੈ, ਉਹ ਪ੍ਰਭੂ ਦਾ ਚਿੰਤਨ ਕਰਦਾ ਹੈ, ਉਸ ਨੂੰ ਕਿਸੇ ਪ੍ਰਕਾਰ ਦਾ ਦੁਖ ਨਹੀਂ ਲਗਦਾ । ਜਿਸ ਨੂੰ ਹਰੀ ਦੇ ਨਾਮ ਦੀ ਰਖਿਆ ਮਿਲ ਜਾਏ, ਕਿਸੇ ਪ੍ਰਕਾਰ ਦਾ ਡਰ ਉਸਦੇ ਨੇੜੇ ਨਹੀਂ ਆ ਸਕਦਾ ।

ਸਿਧਾਂਤ ਇਹ ਹੈ ਕਿ ਸਾਰੀ ਸ਼ਕਤੀ ਪ੍ਰਭੂ ਦੇ ਹਥ ਹੈ ਅਤੇ ਉਹ ਆਪਣੇ ਭਗਤਾਂ ਦੀ ਸਦਾ ਪ੍ਰਤਿਪਾਲਣਾ ਕਰਦਾ ਹੈ । ਪਰਮੇਸ਼ਰ ਦੇ ਸੰਤ ਸਦਾ ਪ੍ਰਭੂ ਦੇ ਚਰਨਾ ਵਿਚ ਇਹ ਅਰਦਾਸਿ ਕਰਦੇ ਰਹਿੰਦੇ ਹਨ ਕਿ ਇਹ ਜਗਤ ਤੇਰਾ ਹੈ, ਜੀਵ ਤੇਰੇ ਹਨ, ਸਾਰੇ ਤੈਨੂੰ ਧਿਆਉਂਦੇ ਹਨ। ਹੇ ਪ੍ਰਭੂ! ਜਿਸ ਉਤੇ ਤੁਸੀਂ ਕਿਰਪਾ ਕਰਦੇ ਹੋ, ਉਹ ਸਦੀਵੀ ਸੁਖ ਪ੍ਰਾਪਤ ਕਰਦਾ ਹੈ । ਗੁਰਵਾਕ ਹਨ :

**ਜਿਸ ਤੂੰ ਆਵਹਿ ਚਿਤਿ, ਤਿਸਨੋ ਸਦਾ ਸੁਖ॥**
**ਜਿਸ ਤੂ ਆਵਹਿ ਚਿਤਿ,ਤਿਸੁ ਜਮ ਨਾਹਿ ਦੁਖ॥**

ਜਿਸੁ ਤੂ ਆਵਹਿ ਚਿਤਿ, ਤਿਸੁ ਕਿ ਕਾੜਿਆ ॥

ਜਿਸੁ ਦਾ ਕਰਤਾ ਮਿਤ੍ਰ ਸਭਿ ਕਾਜ ਸਵਾਰਿਆ ॥ [ਪੰਨਾ ੯੬੦

ਭੈਰਉ ਮਹਲਾ ੫ ॥ ਤੇਰੀ ਟੇਕ ਰਹਾ, ਕਲਿ ਮਾਹਿ ॥ ਤੇਰੀ ਟੇਕ, ਤੇਰੇ ਗੁਣ ਗਾਹਿ ॥ ਤੇਰੀ ਟੇਕ, ਨ ਪੋਹੈ ਕਾਲੁ ॥ ਤੇਰੀ ਟੇਕ, ਬਿਨਸੈ ਜੰਜਾਲੁ ॥੧॥ ਦੀਨ ਦੁਨੀਆ, ਤੇਰੀ ਟੇਕ ॥ ਸਭ ਮਹਿ ਰਵਿਆ ਸਾਹਿਬੁ ਏਕ ॥੧॥ਰਹਾਉ॥ ਤੇਰੀ ਟੇਕ, ਕਰਉ ਆਨੰਦ॥ ਤੇਰੀ ਟੇਕ, ਜਪਉ ਗੁਰ ਮੰਤ॥ ਤੇਰੀ ਟੇਕ, ਤਰੀਐ ਭਉ ਸਾਗਰੁ॥ ਰਾਖਣਹਾਰੁ ਪੂਰਾ ਸੁਖ ਸਾਗਰੁ॥੨॥ ਤੇਰੀ ਟੇਕ, ਨਾਹੀ ਭਉ ਕੋਇ॥ ਅੰਤਰਜਾਮੀ ਸਾਚਾ ਸੋਇ॥ ਤੇਰੀ ਟੇਕ, ਤੇਰਾ ਮਨਿ ਤਾਣੁ॥ ਈਹਾਂ ਊਹਾਂ ਤੂ ਦੀਬਾਣੁ ॥੩॥ ਤੇਰੀ ਟੇਕ, ਤੇਰਾ ਭਰਵਾਸਾ॥ ਸਗਲ ਧਿਆਵਹਿ ਪ੍ਰਭ ਗੁਣਤਾਸਾ॥ ਜਪਿ ਜਪਿ ਅਨਦੁ ਕਰਹਿ ਤੇਰੇ ਦਾਸਾ ॥ ਸਿਮਰਿ ਨਾਨਕ ਸਾਚੇ ਗੁਣਤਾਸਾ ॥੪॥੨੬॥੩੯॥

ਉਚਾਰਨ ਸੇਧ

**ਬਿੰਦੀ ਸਹਿਤ :** ਰਹਾਂ, ਮਾਹਿਂ, ਗਾਹਿਂ, ਮਹਿਂ, ਕਰਉਂ, ਜਪਉਂ, ਨਾਹੀਂ, ਧਿਆਵਹਿਂ, ਕਰਹਿਂ।

**ਪਦ ਅਰਥ :** ਟੇਕ-ਓਟ, ਆਸਰਾ। ਰਹਾ-ਮੈਂ ਰਹਿੰਦਾ ਹਾਂ। ਕਲਿ ਮਾਹਿ-ਕਲਜੁਗ ਵਿਚ। ਗਾਹਿ-ਗਾਉਂਦੇ ਹਨ। ਨ ਪੋਹੈ-ਨਹੀਂ ਪੋਹਦਾ, ਨਹੀਂ ਛੋਂਹਦਾ। ਕਾਲੁ-ਮੌਤ। ਜੰਜਾਲੁ-ਦੁਨਿਆਵੀ ਧੰਧਾ।੧। ਦੀਨ ਦੁਨੀਆ-ਪਰਲੋਕ ਤੇ ਇਸ ਲੋਕ ਵਿਚ। ਰਵਿਆ-ਵਿਆਪਕ। ਸਾਹਿਬੁ-ਮਾਲਕ।੧। ਰਹਾਉ।

ਕਰਉ-ਮੈਂ ਕਰਦਾ ਹਾਂ। ਜਪਉ-ਮੈਂ ਜਪਦਾ ਹਾਂ, ਸਿਮਰਦਾ ਹਾਂ। ਤਰੀਐ-ਤਰ ਜਾਈਦਾ ਹੈ। ਭਉ ਸਾਗਰ-ਸੰਸਾਰ ਸਮੁੰਦਰ। ਸੁਖ ਸਾਗਰੁ-ਸੁਖਾਂ ਦਾ ਸਮੁੰਦਰ, ਵਾਹਿਗੁਰੂ।੨।

ਭਉ-(ਦੁਨਿਆਵੀ)ਡਰ। ਅੰਤਰਜਾਮੀ-ਸਭ ਦੇ ਦਿਲ ਦੀਆਂ ਜਾਣਨ ਵਾਲਾ। ਸੋਇ-ਸਾਰ, ਖ਼ਬਰ। ਮਨਿ-ਮਨ ਵਿਚ। ਤਾਣੁ-ਬਲ। ਈਹਾਂ ਊਹਾਂ-ਇਥੇ ਉਥੇ ਲੋਕ ਤੇ ਪਰਲੋਕ ਵਿਚ। ਦੀਬਾਣੁ-ਆਸਰਾ।੩।

ਭਰਵਾਸਾ-ਭਰੋਸਾ। ਧਿਆਵਹਿ-ਧਿਆਉਂਦੇ ਹਨ। ਗੁਣਤਾਸਾ-ਗੁਣਾ ਦਾ ਖਜ਼ਾਨਾ। ਜਪਿ ਜਪਿ-ਜਪ ਜਪ ਕੇ। ਅਨਦੁ ਕਰਹਿ-(ਆਤਮਿਕ) ਅਨੰਦ ਮਾਣਦੇ ਹਨ। ਸਿਮਰਿ-ਸਿਮਰ ਕੇ।੪।

**ਅਰਥ :** (ਹੇ ਪ੍ਰਭੂ ! ਇਸ) ਕਲਜੁਗ ਵਿਚ ਮੈਂ ਤੇਰੀ ਓਟ ਆਸਰੇ ਰਹਿੰਦਾ ਹਾਂ। ਤੇਰੀ ਓਟ ਆਸਰੇ ਹੀ ਤੇਰੇ ਗੁਣ ਗਾਏ ਜਾਂਦੇ ਹਨ। (ਹੇ ਪ੍ਰਭੂ !) ਤੇਰੀ ਓਟ ਆਸਰੇ ਕਾਲ ਨਹੀਂ ਪੋਹ ਸਕਦਾ। ਤੇਰੀ ਓਟ-ਆਸਰੇ (ਸਾਰਾ ਦੁਨਿਆਵੀ) ਧੰਧਾ ਮੁਕ ਜਾਂਦਾ ਹੈ।੧।

(ਹੇ ਪ੍ਰਭੂ !) ਲੋਕ ਪ੍ਰਲੋਕ ਵਿਚ (ਮੈਨੂੰ) ਤੇਰੀ ਹੀ ਟੇਕ ਹੈ। ਸਾਰੀ ਸ੍ਰਿਸ਼ਟੀ ਵਿਚ ਇਕ (ਤੂੰ) ਮਾਲਕ ਹੀ ਵਿਆਪਕ ਹੋ ਰਿਹਾ ਹੈਂ।੧। ਰਹਾਉ।

(ਹੇ ਪ੍ਰਭੂ ! ਮੈਂ) ਤੇਰੀ ਓਟ ਆਸਰੇ ਹੀ ਅਨੰਦ ਮਾਣਦਾ ਹਾਂ (ਅਤੇ) ਤੇਰੀ ਓਟ ਆਸਰੇ ਹੀ ਗੁਰ ਮੰਤ੍ਰ ਦਾ ਜਾਪ ਕਰਦਾ ਹਾਂ। ਤੇਰੀ ਓਟ (ਲੈ ਕੇ) ਸੰਸਾਰ ਸਮੁੰਦਰ ਤੋਂ ਤਰ ਜਾਈਦਾ ਹੈ (ਕਿਉਂਕਿ ਤੂੰ)

ਰਖਣਵਾਲਾ (ਪਰਮੇਸ਼ਰ) ਪੂਰਾ ਸੁੱਖਾਂ ਦਾ ਸਮੁੰਦਰ ਹੈਂ ।੨।

(ਹੇ ਪ੍ਰਭੂ !) ਤੇਰੀ ਓਟ (ਸਦਕਾ) ਕੋਈ ਡਰ ਨਹੀਂ ਲਗਦਾ, (ਤੂੰ) ਸਭ ਦਿਲਾਂ ਦੀ ਸਾਰ-ਖ਼ਬਰ ਜਾਣਨ ਵਾਲਾ ਸਦਾ ਥਿਰ ਰਹਿਣ ਵਾਲਾ (ਪ੍ਰਭੂ) ਹੈਂ । (ਹੇ ਪ੍ਰਭੂ ! ਮੈਨੂੰ) ਤੇਰੀ ਓਟ ਹੈ, ਮਨ ਵਿਚ ਤੇਰਾ ਹੀ ਬਲ ਹੈ (ਇਥੇ ਉਥੇ) ਤੇਰਾ ਆਸਰਾ ਹੈ ।੩।

(ਹੇ ਪ੍ਰਭੂ ! ਮੈਨੂੰ) ਤੇਰੀ ਟੇਕ ਹੈ (ਮਨ ਵਿਚ ਤੇਰਾ ਹੀ) ਭਰੋਸਾ ਹੈ । ਹੇ ਗੁਣਾ ਦੇ ਖਜ਼ਾਨੇ ਪ੍ਰਭੂ ! ਸਾਰੇ (ਜੀਵ ਤੈਨੂੰ ਹੀ) ਧਿਆਉਂਦੇ ਹਨ । (ਹੇ ਪ੍ਰਭੂ !) ਤੇਰਾ ਦਾਸ (ਤੇਰੇ ਨਾਮ) ਜਪ ਜਪ ਕੇ ਅਨੰਦ ਮਾਣਦੇ ਹਨ । ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਹੇ ਭਾਈ ! ਤੂੰ ਵੀ) ਗੁਣਾਂ ਦੇ ਖਜ਼ਾਨੇ (ਪਰਮੇਸ਼ਰ ਨੂੰ) ਸਿਮਰਿਆ ਕਰ ।੪।੨੬।੩੯।

## ਸਾਰੰਸ਼ ਅਤੇ ਸਿਧਾਂਤ

ਸਾਰੇ ਸ਼ਬਦ ਵਿਚ 'ਟੇਕ' ਉਤੇ ਜ਼ੋਰ ਦਿਤਾ ਹੈ । ਰਹਾਉ ਵਾਲੀ ਪੰਕਤੀ 'ਦੀਨ ਦੁਨੀਆ ਤੇਰੀ ਟੇਕ। ਸਭ ਮਹਿ ਰਵਿਆ ਸਾਹਿਬੁ ਏਕ''ਜਗਿਆਸੂਆਂ ਦੀ ਅਗਵਾਈ ਲਈ ਇਕ ਮਾਰਗ ਦਰਸ਼ਨ ਹੈ।

ਮਨੁੱਖ ਆਪਣੇ ਮਨ ਵਿੱਚ ਕਈ ਟੇਕਾਂ ਰਖੀ ਬੈਠਾ ਹੈ, ਜਿਸ ਤੋਂ ਪਤਾ ਲਗਦਾ ਹੈ ਕਿ ਇਸ ਦਾ ਇਕ ਟੇਕ ਉਤੇ ਵਿਸ਼ਵਾਸ਼ ਨਹੀਂ ਹੈ । ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਵੀ ਇਹੋ ਉਪਦੇਸ਼ ਦਿਤਾ ਹੈ :-

**੧. ਏਕਾ ਟੇਕ ਰਖਹੁ ਮਨ ਮਾਹਿ ॥ ਸਰਬ ਰੋਗ ਨਾਨਕ ਮਿਟ ਜਾਹਿ ॥[ਪੰਨਾ ੨੯੩**

**੨. ਏਕਾ ਟੇਕ ਮੇਰੈ ਮਨਿ ਚੀਤ॥ ਜਿਸੁ ਕਿਛੁ ਕਰਣਾ ਸੁ ਹਮਰਾ ਮੀਤ॥[ਪੰਨਾ ੧੯੩**

ਹਰੇਕ ਪੰਗਤੀ ਵਿਚ 'ਤੇਰੀ ਟੇਕ' ਦੇ ਪ੍ਰਯੋਗ ਤੋਂ ਪਤਾ ਚਲਦਾ ਹੈ ਕਿ ਸੁਰਤਿ ਦਾ ਸਿਧਾ ਸੰਪਰਕ ਇਕ ਸਾਹਿਬ ਨਾਲ ਬਣਿਆ ਹੋਇਆ ਹੈ । ਗੁਰਬਾਣੀ ਸਾਨੂੰ 'ਇਕ ਟੇਕ' ਦੀ ਸੇਧ ਦਿੰਦੀ ਹੈ :-

**ੳ. ਏਕ ਓਟ ਏਕੋ ਆਧਾਰੁ ॥ ਨਾਨਕ ਮਾਗੀ ਨਾਮ ਪ੍ਰਭ ਸਾਰੁ ॥ [ਪੰਨਾ ੨੯੪**

**ਅ. ਏਕ ਟੇਕ ਏਕੋ ਆਧਾਰੁ ॥ ਸਭ ਕਿਛੁ ਜਾਣੈ ਸਿਰਜਣਹਾਰੁ ॥ [ਪੰਨਾ ੧੧੪੦**

ਇਕ ਟੇਕ ਰਖਣ ਬਾਰੇ ਜੋ ਉਪਦੇਸ਼ ਦ੍ਰੋਪਦੀ ਦੀ ਹਡ ਬੀਤੀ ਤੋਂ ਮਿਲਦਾ ਹੈ, ਉਹ ਵਿਸ਼ੇਸ਼ ਤੌਰ ਤੇ ਯਾਦ ਰਖਣਾ ਚਾਹੀਦਾ ਹੈ । ਜਦੋਂ ਦ੍ਰੋਪਦੀ ਘਰ ਆਈ ਤਾਂ ਕ੍ਰਿਸ਼ਨ ਜੀ ਮਿਲੇ ਅਤੇ ਸ਼ਰਮਾਂਦੀ ਹੋਈ ਬੋਲੀ -

**ਘਰਿ ਆਈ ਠਾਕੁਰ ਮਿਲੇ, ਪੈਜ ਰਹੀ ਬੋਲੇ ਸ਼ਰਮਾਂਦੀ ।**
**ਨਾਥ ਅਨਾਥਾਂ ਬਾਣ ਧੁਰਾਂ ਦੀ ॥**

ਦ੍ਰੋਪਦੀ ਨੇ ਗਿਲਾ ਕੀਤਾ ਮਹਾਰਾਜ ! ਜਦੋਂ ਦੁਹਸਾਸਨ ਦੀ ਰਾਜ ਸਭਾ ਵਿਚ ਮੇਰੀ ਇਜ਼ਤ ਲਾਹੀ ਜਾ ਰਹੀ ਸੀ, ਤੁਸੀ ਅਪੜੇ ਨਹੀ ! ਤਾਂ ਕ੍ਰਿਸ਼ਨ ਜੀ ਨੇ ਕਿਹਾ-ਦ੍ਰੋਪਦੀ । ਪਹਿਲਾਂ ਤੈਨੂੰ ਆਪਣੇ ਉਤੇ ਮਾਣ ਕਿ ਮੇਰੇ ਨੇੜੇ ਕੋਣ ਆ ਸਕਦਾ ਹੈ ? ਫਿਰ ਤੈਨੂੰ ਵੱਡੇ ਵੱਡੇ ਜੋਧਿਆਂ ਤੇ ਮਾਣ ਸੀ ਕਿ ਉਹ ਮੇਰੀ ਰਖਿਆ ਲਈ ਅਗੇ ਆਉਣਗੇ । ਪਰ ਜਦੋਂ ਕੋਈ ਤੇਰੀ ਇਜ਼ਤ ਨਾ ਬਚਾ ਸਕਿਆ ਤੂੰ ਮੈਨੂੰ ਯਾਦ

ਕੀਤਾ। ਜਿਸ ਵੇਲੇ ਤੂੰ ਯਾਦ ਕੀਤਾ ਮੈਂ ਉਸ ਵੇਲੇ ਤੇਰੀ ਰਖਿਆ ਕੀਤੀ। ਸੋ ਭਾਵ ਇਹ ਹੈ ਕਿ ਜੀਵ ਪਹਿਲਾਂ ਆਪਣੇ ਉਤੇ ਮਾਣ ਕਰਦਾ ਹੈ, ਫਿਰ ਦੋਸਤਾਂ ਮਿਤਰਾਂ ਆਦਿ ਤੇ ਟੇਕ ਰਖਦਾ ਹੈ ਕਿ ਉਹ ਉਸ ਦੀ ਮਦਦ ਕਰਨਗੇ। ਜਦੋਂ ਜੀਵ ਸਾਰੇ ਹੀਲੇ ਕਰ ਕੇ ਹਾਰ ਜਾਂਦਾ ਹੈ ਤਾਂ ਗੁਰੂ ਅਗੇ ਅਰਦਾਸਿ ਕਰਦਾ ਹੈ। ਗੁਰਵਾਕ ਹਨ -

**ਅਗੋ ਦੇ ਜੇ ਚੇਤੀਐ, ਤਾਂ ਕਾਇਤੁ ਮਿਲੈ ਸਜਾਇ ॥** [ਪੰਨਾ ੪੧੭

ਸੋ, "ਏਕਾ ਟੇਕ ਮੇਰੈ ਮਨਿ ਚੀਤ ॥ ਜਿਸੁ ਕਿਛੁ ਕਰਣਾ ਸੁ ਹਮਰਾ ਮੀਤ ॥" ਦੀ ਭਾਵਨਾ ਵਾਲੀ ਬਿਰਤੀ ਹੋਣੀ ਚਾਹੀਦੀ ਹੈ।

**ਭੈਰਉ ਮਹਲਾ ੫ ॥ ਪ੍ਰਥਮੇ, ਛੋਡੀ ਪਰਾਈ ਨਿੰਦਾ ॥ ਉਤਰਿ ਗਈ ਸਭ ਮਨ ਕੀ ਚਿੰਦਾ ॥ ਲੋਭੁ ਮੋਹੁ ਸਭੁ ਕੀਨੋ ਦੂਰਿ ॥ ਪਰਮ ਬੈਸਨੋ, ਪ੍ਰਭ ਪੇਖਿ ਹਜੂਰਿ ॥੧॥ ਐਸੋ ਤਿਆਗੀ, ਵਿਰਲਾ ਕੋਇ ॥ ਹਰਿ ਹਰਿ ਨਾਮੁ ਜਪੈ ਜਨੁ ਸੋਇ ॥੧॥ ਰਹਾਉ ॥ ਅਹੰਬੁਧਿ ਕਾ ਛੋਡਿਆ ਸੰਗੁ ॥ ਕਾਮ ਕ੍ਰੋਧ ਕਾ ਉਤਰਿਆ ਰੰਗੁ ॥ ਨਾਮ ਧਿਆਏ ਹਰਿ ਹਰਿ ਹਰੇ ॥ ਸਾਧ ਜਨਾ ਕੈ ਸੰਗਿ ਨਿਸਤਰੇ ॥੨॥ ਬੈਰੀ ਮੀਤ ਹੋਏ ਸੰਮਾਨ ॥ ਸਰਬ ਮਹਿ ਪੂਰਨ ਭਗਵਾਨ ॥ ਪ੍ਰਭ ਕੀ ਆਗਿਆ ਮਾਨਿ, ਸੁਖੁ ਪਾਇਆ ॥ ਗੁਰਿ ਪੂਰੈ, ਹਰਿਨਾਮੁ ਦ੍ਰਿੜਾਇਆ ॥੩॥ ਕਰਿ ਕਿਰਪਾ, ਜਿਸੁ ਰਾਖੈ ਆਪਿ ॥ ਸੋਈ ਭਗਤੁ ਜਪੈ ਨਾਮ ਜਾਪ ॥ ਮਨਿ ਪ੍ਰਗਾਸੁ, ਗੁਰ ਤੇ ਮਤਿ ਲਈ ॥ ਕਹੁ ਨਾਨਕ, ਤਾ ਕੀ ਪੂਰੀ ਪਈ ॥੪॥੨੭॥੪੦॥**

**ਪਦ ਅਰਥ :** ਪ੍ਰਥਮੇ-ਪਹਿਲਾਂ। ਪਰਾਈ-ਦੂਜੇ ਦੀ, ਬਿਗਾਨੀ। ਨਿੰਦਾ-ਝੂਠੀ ਵਿਰੋਧਤਾ। ਉਤਰਿ ਗਈ-ਦੂਰ ਹੋ ਗਈ। ਚਿੰਦਾ-ਚਿੰਤਾ। ਪਰਮ ਬੈਸਨੋ-ਵੱਡਾ ਵੈਸ਼ਨਵ ਭਗਤ। ਪੇਖਿ-ਵੇਖ ਕੇ। ਹਜੂਰਿ-ਅਗ ਸੰਗ।੧। ਐਸੋ ਤਿਆਗੀ-ਅਜਿਹਾ ਤਿਆਗ ਕਰਨ ਵਾਲਾ। ਕੋਇ-ਕੋਈ। ਸੋਇ-ਓਹ।੧।ਰਹਾਉ।

ਅਹੰਬੁਧਿ-ਅਹੰਕਾਰ। ਸੰਗੁ-ਸਾਥ। ਉਤਰਿਆ-ਲਹਿ ਗਿਆ। ਰੰਗੁ-ਅਸਰ। ਹਰੇ-ਹਰੀ। ਨਿਸਤਰੇ-ਤਰ ਗਏ।੨।

ਬੈਰੀ-ਵੈਰ ਕਰਨ ਵਾਲੇ। ਸੰਮਾਨ-ਬਰਾਬਰ, ਇਕੋ ਜਿਹੇ। ਪੂਰਨ-ਵਿਆਪਕ। ਮਾਨਿ-ਮੰਨ ਕੇ। ਸੁਖੁ-(ਆਤਮਿਕ) ਸੁਖ। ਗੁਰਿ ਪੂਰੈ- ਪੂਰੇ ਗੁਰੂ ਨੇ। ਦ੍ਰਿੜਾਇਆ-ਪੱਕਾ ਕਰਾਇਆ। ਜਪੈ ਨਾਮ ਜਾਪ-ਨਾਮ ਦਾ ਜਾਪ ਕਰਦਾ ਹੈ। ਮਨਿ-ਮਨ ਵਿਚ। ਪ੍ਰਗਾਸੁ-ਪ੍ਰਕਾਸ਼, ਚਾਨਣ। ਤੇ-ਤੋਂ, ਪਾਸੋਂ। ਮਤਿ-ਸਿਖਿਆ। ਤਾ ਕੀ-ਉਸ ਦੀ। ਪੂਰੀ ਪਈ-(ਜੀਵਨ ਦੀ) ਸਫਲਤਾ ਹੋ ਗਈ।੪।

**ਅਰਥ :** (ਹੇ ਭਾਈ! ਜਿਸ ਮਨੁੱਖ ਨੇ ਸਭ ਤੋਂ) ਪਹਿਲਾਂ ਦੂਜਿਆਂ ਦੀ ਨਿੰਦਾ ਕਰਨੀ ਛੱਡ ਦਿਤੀ ਹੈ (ਉਸ ਦੇ) ਮਨ ਦੀ ਸਾਰੀ ਚਿੰਤਾ ਨਵਿਰਤ ਹੋ ਗਈ ਹੈ। (ਜਿਸ ਨੇ) ਲੋਭ, ਮੋਹ (ਆਦਿਕ) ਸਭ ਦੂਰ ਕਰ ਦਿਤਾ ਹੈ, (ਉਹ ਮਨੁੱਖ) ਪ੍ਰਭੂ ਨੂੰ ਹਾਜ਼ਰ-ਹਜ਼ੂਰ ਵੇਖ ਕੇ ਵੱਡਾ ਵੈਸ਼ਨਵ (ਭਗਤ) ਬਣ

ਗਿਆ ਹੈ ।੧।

(ਹੇ ਭਾਈ!) ਨਿੰਦਾ, ਲੋਭ, ਮੋਹ ਆਦਿ ਨੂੰ ਛਡਣ ਵਾਲਾ, ਇਹੋ ਜਿਹਾ ਤਿਆਗੀ ਕੋਈ ਵਿਰਲਾ (ਪੁਰਸ਼ ਹੀ ਹੁੰਦਾ ਹੈ)। ਉਹ ਸੇਵਕ-ਜਨ(ਵਿਕਾਰਾਂ ਨੂੰ ਛੱਡ ਕੇ) ਪਰਮੇਸ਼ਰ ਦਾ ਨਾਮ ਜਪਦਾ ਹੈ।੧।ਰਹਾਉ।

(ਉਸ ਤਿਆਗੀ ਨੇ) ਹੰਕਾਰ ਵਾਲੀ ਬੁਧੀ ਦਾ ਸੰਗ ਛੋੜ ਦਿਤਾ ਹੈ। (ਇਸ ਲਈ ਉਸ ਦੇ ਇੰਦ੍ਰਿਆਂ ਤੋਂ) ਕਾਮ, ਕ੍ਰੋਧ ਦਾ ਰੰਗ ਭੀ ਉਤਰ (ਲਹਿ) ਗਿਆ ਹੈ। (ਉਹ) ਹਰੀ ਹਰੀ ਨਾਮ ਦਾ ਧਿਆਨ ਧਰਦਾ ਹੈ (ਅਤੇ) ਸਾਧੂ ਜਨ ਦੇ ਸੰਗ ਨਾਲ (ਸੰਸਾਰ ਸਾਗਰ ਤੋਂ) ਤਰ ਜਾਂਦਾ ਹੈ ।੨।

(ਅਜਿਹੇ ਤਿਆਗੀ ਲਈ) ਵੈਰੀ ਤੇ ਮਿਤਰ ਇਕੋ ਜਿਹੇ ਹੋ ਜਾਂਦੇ ਹਨ (ਕਿਉਂਕਿ ਉਹ) ਸਾਰਿਆਂ ਵਿਚ ਪਰਮੇਸ਼ਰ ਨੂੰ ਵਿਆਪਕ ਹੋਇਆ ਵੇਖਦਾ ਹੈ। ਪੂਰੇ ਗੁਰੂ ਨੇ (ਉਸ ਨੂੰ) ਹਰੀ ਦਾ ਨਾਮ ਦ੍ਰਿੜ ਕਰਾ ਦਿਤਾ ਹੈ। (ਅਤੇ) ਪ੍ਰਭੂ ਦੀ ਆਗਿਆ ਮੰਨ ਕੇ ਉਸ ਨੇ (ਆਤਮਿਕ) ਸੁਖ ਪਾਇਆ ਹੈ ।੩।

(ਹੇ ਭਾਈ ! ਪਰਮੇਸ਼ਰ) ਕਿਰਪਾ ਕਰਕੇ ਜਿਸ (ਮਨੁੱਖ) ਨੂੰ ਆਪ (ਕਾਮ, ਕ੍ਰੋਧ ਆਦਿ ਤੋਂ ਬਚਾ ਕੇ) ਰਖਦਾ ਹੈ, ਓਹੀ ਭਗਤ ਨਾਮ ਦਾ ਜਾਪ ਜਪਦਾ (ਕਰਦਾ) ਹੈ। ਜਿਸ (ਮਨੁੱਖ) ਨੇ ਗੁਰੂ ਤੋਂ ਮਤ ਲਈ (ਉਸ ਦੇ) ਮਨ ਵਿਚ (ਗਿਆਨ ਦਾ) ਪ੍ਰਕਾਸ਼ ਹੋ ਗਿਆ। ਨਾਨਕ ! ਆਖ ਕਿ ਉਸ ਦੀ (ਭਗਤੀ) ਅਥਵਾ ਕਰਣੀ ਪ੍ਰਭੂ ਦੇ ਦਰਬਾਰ ਵਿਚ ਪੂਰੀ ਤਰ੍ਹਾਂ ਪਰਵਾਨ ਹੋ ਗਈ (ਅਤੇ ਉਸ ਦਾ ਅਉਗਣਾ ਤੋਂ ਛੁਟਕਾਰਾ ਹੋ ਗਿਆ)।੧੪।੨੭। ੪੦।

## ਸਾਰੰਸ਼ ਅਤੇ ਸਿਧਾਂਤ

ਹਰੀ ਦਾ ਨਾਮ ਜਪਣ, ਗੁਰੂ ਦੀ ਆਗਿਆ ਮੰਨਣ ਨਾਲ ਜੀਵਨ ਵਿਚ ਜੋ ਪਰੀਵਰਤਣ ਆਉਂਦਾ ਹੈ ਉਸ ਦਾ ਜ਼ਿਕਰ ਇਸ ਸ਼ਬਦ ਵਿਚ ਕੀਤਾ ਗਿਆ ਹੈ। ਨਾਮ ਜਪ ਕੇ ਜਦੋਂ ਪ੍ਰਭੂ ਨੂੰ ਹਾਜ਼ਰ ਨਾਜ਼ਰ ਵੇਖਣ ਵਾਲੀ ਅਵਸਥਾ ਬਣ ਜਾਂਦੀ ਹੈ, ਓਦੋਂ ਨਿੰਦਾ, ਚਿੰਤਾ, ਲੋਭ, ਮੋਹ, ਅਹੰਕਾਰ ਆਦਿ ਅਉਗਣਾਂ ਤੋਂ ਛੁਟਕਾਰਾ ਹੋ ਜਾਂਦਾ ਹੈ। ਨਾਮ ਦ੍ਰਿੜ ਹੋਣ ਸਦਕਾ 'ਨਾ ਕੋ ਬੈਰੀ ਨਹੀ ਬਿਗਾਨਾ, ਸਗਲ ਸੰਗਿ ਹਮ ਕਉ ਬਨਿਆਈ' ਵਾਲੀ ਦ੍ਰਿਸ਼ਟੀ ਬਣ ਜਾਦੀ ਹੈ। ਅਜਿਹਾ ਤਿਆਗੀ ਕੋਈ ਵਿਰਲਾ ਪੁਰਸ਼ ਹੀ ਬਣਦਾ ਹੈ ਜੋ ਹਰਿ ਵੇਲੇ ਪਰਮਾਤਮਾ ਦਾ ਨਾਮ ਜਪਦਾ ਹੈ।

ਸਿਧਾਂਤ ਇਹ ਹੈ ਕਿ ਜਿਸ ਨੇ ਗੁਰੂ ਪਾਸੋਂ ਸਿਖਿਆ ਲਈ ਹੈ ਉਸ ਦੇ ਮਨ ਤੇ ਮਤ ਵਿਚ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ ਅਤੇ ਉਸ ਦੀ ਲੋਕ ਪਰਲੋਕ ਵਿਚ ਪੂਰੀ ਪੈ ਜਾਂਦੀ ਹੈ ਭਾਵ ਉਸ ਨੂੰ ਕਿਸੇ ਤਰ੍ਹਾਂ ਦੀ ਹਰਿੱਤੀ ਦਾ ਮੂੰਹ ਨਹੀਂ ਵੇਖਣਾ ਪੈਂਦਾ।

**ਭੈਰਉ ਮਹਲਾ ੫ ॥ ਸੁਖੁ ਨਾਹੀ, ਬਹੁਤੈ ਧਨਿ ਖਾਟੇ ॥ ਸੁਖੁ ਨਾਹੀ, ਪੇਖੇ ਨਿਰਤਿ ਨਾਟੇ ॥ ਸੁਖੁ ਨਾਹੀ, ਬਹੁ ਦੇਸ ਕਮਾਏ ॥ ਸਰਬ ਸੁਖਾ, ਹਰਿ ਹਰਿ ਗੁਣ ਗਾਏ ॥੧॥ ਸੁਖ ਸਹਜ ਆਨੰਦ ਲਹਹੁ ॥ ਸਾਧ ਸੰਗਤਿ ਪਾਈਐ ਵਡਭਾਗੀ, ਗੁਰਮੁਖਿ ਹਰਿ ਹਰਿ ਨਾਮੁ ਕਹਹੁ ॥੧॥ ਰਹਾਉ ॥ ਬੰਧਨ, ਮਾਤ ਪਿਤਾ ਸੁਤ ਬਨਿਤਾ**

॥ ਬੰਧਨ, ਕਰਮ ਧਰਮ ਹਉ ਕਰਤਾ ॥ ਬੰਧਨ ਕਾਟਨਹਾਰੁ ਮਨਿ ਵਸੈ ॥ ਤਉ ਸੁਖੁ ਪਾਵੈ, ਨਿਜ ਘਰਿ ਬਸੈ॥੨॥ ਸਭਿ ਜਾਚਿਕ, ਪ੍ਰਭ ਦੇਵਨਹਾਰ ॥ ਗੁਣ ਨਿਧਾਨ ਬੇਅੰਤ ਅਪਾਰ ॥ ਜਿਸ ਨੋ ਕਰਮੁ ਕਰੇ ਪ੍ਰਭੁ ਅਪਨਾ ॥ ਹਰਿ ਹਰਿ ਨਾਮੁ, ਤਿਨੈ ਜਨਿ ਜਪਨਾ ॥੩॥ ਗੁਰ ਅਪਨੇ ਆਗੈ ਅਰਦਾਸਿ ॥ ਕਰਿ ਕਿਰਪਾ ਪੁਰਖ ਗੁਣਤਾਸਿ ॥ ਕਹੁ ਨਾਨਕ ਤੁਮਰੀ ਸਰਣਾਈ ॥ ਜਿਉ ਭਾਵੈ, ਤਿਉ ਰਖਹੁ ਗੁਸਾਈ ॥੪॥੨੮॥੪੧॥

## ਉਚਾਰਨ ਸੇਧ

**ਬਿੰਦੀ ਸਹਿਤ :** ਨਾਹੀ, ਹਉ, ਜਿਉ, ਤਿਉ।

**ਪਦ ਅਰਥ :** ਬਹੁਤੇ ਧਨਿ ਖਾਟੇ-ਬਹੁਤਾ ਧਨ ਕਮਾਉਣ ਨਾਲ। ਨਿਰਤਿ-ਨਾਚ। ਨਾਟੇ-ਨਾਟਕ। ਦੇਸ ਕਮਾਏ-ਦੇਸਾਂ ਤੇ ਕਬਜ਼ਾ ਕਰਨ ਵਾਲਾ। ਸਰਬ ਸੁਖਾ-ਸਾਰੇ ਸੁਖ। ਗੁਣ ਗਾਏ-ਗੁਣ ਗਾਉਣ ਵਾਲਾ ਸਹਜ-ਆਤਮ ਅਡੋਲਤਾ। ਲਹਹੁ-ਲਵੋ। ਪਾਈਐ-ਪਾ ਸਕੀਦੀ ਹੈ। ਵਡਭਾਗੀ-ਵਡੇ ਭਾਗਾਂ ਨਾਲ। ਗੁਰਮੁਖਿ-ਗੁਰੂ ਦੁਆਰਾ। ਕਹਹੁ-ਆਖੋ, ਵੀਚਾਰੋ।੧। ਰਹਾਉ।

ਬੰਧਨ-ਜਕੜ। ਸੁਤ-ਪੁੱਤਰ। ਬਨਿਤਾ-ਇਸਤ੍ਰੀ। ਕਰਮ-ਧਰਮ-ਧਾਰਮਿਕ ਕੰਮ। ਹਉ-ਮੈਂ ਮੈਂ, ਹੰਕਾਰ। ਕਾਟਨਹਾਰ-ਕੱਟਣ ਵਾਲੇ। ਮਨਿ-ਮਨ ਵਿਚ। ਨਿਜ ਘਰਿ-ਆਪਣੇ ਅਸਲੀ ਘਰ ਵਿਚ।੨।

ਸਭਿ ਜਾਚਕ-ਸਾਰੇ ਮੰਗਤੇ ਹਨ। ਅਪਾਰ-ਪਾਰ ਤੋਂ ਰਹਿਤ। ਕਰਮੁ-ਮਿਹਰ। ਤਿਨੈ ਜਨਿ-ਉਸ ਜਨ ਨੇ।੩।

ਪੁਰਖੁ-(ਅਕਾਲ) ਪੁਰਖੁ। ਗੁਣਤਾਸਿ-ਗੁਣਾਂ ਦੇ ਖਜ਼ਾਨੇ। ਗੁਸਾਈ-ਹੇ ਸ੍ਰਿਸ਼ਟੀ ਦੇ ਮਾਲਕ!।੪।

**ਅਰਥ :** (ਹੇ ਭਾਈ !) ਬਹੁਤਾ ਧਨ ਖਟ-ਕਮਾ ਕੇ (ਵੀ ਆਤਮਿਕ) ਸੁਖ ਪ੍ਰਾਪਤ ਨਹੀਂ ਹੁੰਦਾ। ਨਾਚ ਤੇ ਨਾਟਕ ਵੇਖਣ ਨਾਲ (ਵੀ ਆਤਮਿਕ) ਸੁਖ ਨਹੀਂ ਮਿਲਦਾ। ਬਹੁਤੇਂ ਦੇਸ ਕਮਾ ਕੇ (ਭਾਵ ਕਬਜ਼ਾ ਕਰਕੇ ਰਾਜ ਕੀਤਿਆਂ ਵੀ ਆਤਮਿਕ) ਸੁਖ ਨਹੀਂ ਮਿਲਦਾ। (ਹੇ ਭਾਈ !) ਸਾਰੇ ਸੁਖ ਪਰਮਾਤਮਾ ਦੇ ਗੁਣ ਗਾਉਣ ਨਾਲ ਪ੍ਰਾਪਤ ਹੁੰਦੇ ਹਨ।੧।

(ਹੇ ਭਾਈ !) ਵਡੇ ਭਾਗਾਂ ਨਾਲ ਸਾਧ ਸੰਗ ਪ੍ਰਾਪਤ ਹੁੰਦੀ ਹੈ (ਉਸ ਵਿਚ) ਗੁਰੂ ਦੀ ਰਾਹੀਂ ਪਰਮਾਤਮਾ ਦਾ ਨਾਮ ਜਪੋ, (ਇਸ ਤਰ੍ਹਾਂ ਤੁਸੀਂ ਸਾਰੇ) ਸੁਖ ਅਤੇ ਅਡੋਲ ਅਵਸਥਾ ਦੇ ਅਨੰਦ ਮਾਣੋ।੧।ਰਹਾਉ।

(ਹੇ ਭਾਈ !) ਮਾਤਾ, ਪਿਤਾ, ਪੁੱਤਰ, ਇਸਤ੍ਰੀ (ਆਦਿਕ ਸਾਕ-ਸਬੰਧੀਆਂ ਦੇ ਮੋਹ) ਬੰਧਨ ਰੂਪ ਹਨ। ਧਾਰਮਿਕ ਕਰਮ (ਜੋ) ਹੰਗਤਾ ਸਹਿਤ ਕੀਤੇ ਜਾਂਦੇ ਹਨ (ਓਹ ਵੀ) ਬੰਧਨ ਰੂਪ ਹਨ। ਬੰਧਨਾਂ ਨੂੰ ਕਟਣ ਵਾਲਾ (ਪਰਮੇਸ਼ਰ ਜਦੋਂ) ਮਨ ਵਿਚ ਵਸ ਜਾਂਦਾ ਹੈ, ਤਦੋਂ (ਜੀਵ) ਆਪਣੇ ਅਸਲੀ ਘਰ ਵਿਚ ਵਸਦਾ ਹੈ (ਅਤੇ ਆਤਮਿਕ) ਸੁਖ ਪਾਉਂਦਾ ਹੈ।੨।

(ਹੇ ਭਾਈ !) ਸਾਰੇ (ਜੀਵ ਉਸ) ਦੇਣ ਵਾਲੇ ਦਾਤੇ ਦੇ ਮੰਗਤੇ ਹਨ। (ਉਹ ਪਰਮੇਸ਼ਰ) ਬੇਅੰਤ

ਹੈ (ਅਤੇ ਉਸ ਦੇ) ਬੇਅੰਤ ਗੁਣਾ ਦੇ ਖਜ਼ਾਨੇ ਹਨ। ਜਿਸ (ਮਨੁੱਖ) ਉਤੇ ਪ੍ਰਭੂ ਆਪਣੀ ਮਿਹਰ ਕਰੇਗਾ ਉਸ ਜਨ ਨੇ ਹੀ ਪਰਮੇਸ਼ਰ ਦਾ ਨਾਮ ਜਪਣਾ ਹੈ।੩।

(ਹੇ ਭਾਈ !) ਆਪਣੇ ਗੁਰੂ ਅਗੇ (ਸਦਾ) ਅਰਦਾਸਿ ਕੀਤਾ ਕਰ ਹੇ ਗੁਣਾਂ ਦੇ ਖਜ਼ਾਨੇ ! (ਵਾਹਿਗੁਰੂ ਆਪਣੀ ਕਿਰਪਾ ਕਰ)। ਨਾਨਕ ! (ਤੂੰ) ਆਖ ਕਿ ਹੇ ਪ੍ਰਭੂ ! ਮੈਂ ਤੇਰੀ ਸ਼ਰਣ ਆਇਆ ਹਾਂ ਹੇ ਮਾਲਕ ! ਜਿਵੇਂ ਤੈਨੂੰ ਚੰਗਾ ਲਗਦਾ ਹੈ ਉਸੇ ਤਰ੍ਹਾਂ ਮੈਨੂੰ ਆਪਣੇ ਚਰਨਾ ਵਿਚ ਰਖ ਲੈ।੪।੨੮।੪੧।

## ਸਾਰੰਸ਼ ਅਤੇ ਸਿਧਾਂਤ

ਦੁਨਿਆਵੀ ਲੋਕਾਂ ਨੂੰ ਅਸਲੀ ਸੁਖ ਦੀ ਪਰਿਭਾਸ਼ਾ ਦਾ ਗਿਆਨ ਨਹੀ ਜਿਸ ਕਰ ਕੇ ਕੋਈ ਬਹੁਤ ਧਨ ਕਮਾਉਣ ਵਿਚ ਸੁਖ ਸਮਝਦਾ ਹੈ, ਕੋਈ ਨਿਰਤਕਾਰੀ ਅਥਵਾ ਨਾਟਕ ਚੇਟਕ ਵੇਖਣ ਵਿਚ ਸੁਖ ਮੰਨੀ ਬੈਠਾ ਹੈ, ਕੋਈ ਮੁਲਕਾਂ ਦਾ ਰਾਜਾ ਬਣਨ ਵਿਚ ਸੁਖ ਅਨੰਦ ਸਮਝਦਾ ਹੈ ਪਰ ਇਹ ਅਸਲੀ ਸੁਖ ਨਹੀਂ ਹੈ, ਸਗੋਂ ਦੁੱਖਾਂ ਦਾ ਮੂਲ ਹੈ।

ਰਹਾਉ ਵਾਲੀ ਪੰਕਤੀ 'ਸੂਖ ਸਹਜ ਅਨੰਦ ਲਹਹੁ ॥ ਸਾਧ ਸੰਗਤਿ ਪਾਈਐ ਵਡਭਾਗੀ, ਗੁਰਮੁਖਿ ਹਰਿ ਹਰਿ ਨਾਮੁ ਕਹਹੁ' ਤੋਂ ਅਸਲੀ ਸੁਖ ਦੀ ਸਹੀ ਦਸ਼ਾ ਦਾ ਪਤਾ ਲਗਦਾ ਹੈ।

ਸਾਧ ਸੰਗਤ ਅਤੇ ਨਾਮ ਤੋਂ ਬਿਨਾਂ ਜਿਤਨੇ ਵੀ ਸਬੰਧੀ ਹਨ, ਭਾਵੇਂ ਮਾਤਾ ਪਿਤਾ ਹਨ, ਭਾਵੇਂ ਇਸਤ੍ਰੀ ਤੇ ਪੁੱਤਰ ਹਨ, ਸਾਰੇ ਬੰਧਨ ਰੂਪ ਹੀ ਹਨ। ਬੰਧਨ ਵਿਚ ਕਦੇ ਵੀ ਸੁਖ ਨਹੀਂ ਹੁੰਦਾ। ਇਨ੍ਹਾਂ ਬੰਧਨਾਂ ਨੂੰ ਤੋੜ ਕੇ ਬਿਰਤੀ ਨੂੰ ਹਰਿਨਾਮ ਵਿਚ ਜੋੜ ਕੇ ਪਰਮੇਸ਼ਰ ਦੀ ਸ਼ਰਣ ਵਿਚ ਰਹਿ ਕੇ ਸੁਖ ਅਨੰਦ ਹੈ। ਗੁਰਬਾਣੀ ਵਿਚ 'ਸੁਖ' ਬਾਰੇ ਬੇਅੰਤ ਪਰਮਾਣ ਉਪਲਬਧ ਹਨ ਪਰ ਇਥੇ ਸਭ ਦਾ ਤੱਤ ਸੰਕੇਤ ਮਾਤਰ ਮਾਣਿਆ ਜਾ ਸਕਦਾ ਹੈ।

**ੳ. ਸਰਬ ਸੁਖਾ ਹਰਿ ਨਾਮਾ ॥**

**ਅ. ਕਰ ਕਿਰਪਾ ਸੰਤਨ ਸਚੁ ਕਹਿਆ ॥ ਸਰਬ ਸੁਖ ਇਹੁ ਆਨੰਦ ਲਹਿਆ ॥**
**ਸਾਧ ਸੰਗਿ ਹਰਿ ਕੀਰਤਨੁ ਗਾਈਐ ॥ ਕਹੁ ਨਾਨਕ ਵਡਭਾਗੀ ਪਾਈਐ ॥**
**ਜਾ ਕੈ ਹਰਿ ਧਨੁ ਸੋਈ ਸੁਹੇਲਾ॥ ਪ੍ਰਭ ਕ੍ਰਿਪਾ ਤੇ ਸਾਧ ਸੰਗਿ ਮੇਲਾ॥ਪੰਨਾ ੧੭੯**

ਸ਼ਬਦਾਰਥੀ ਵਿਦਵਾਨਾਂ ਨੇ ਵੀ ਇਸ ਸ਼ਬਦ ਦਾ ਇਹੋ ਸਾਰ ਦਿਤਾ ਹੈ ਕਿ ਹਰੀ ਨਾਮ ਤੋਂ ਬਿਨਾ ਸੰਸਾਰਕ ਪਦਾਰਥ, ਮੁਲਕਗੀਰੀ, ਕੋਮਲ ਹੁਨਰ, ਘਰ-ਬਾਰ, ਬਲਕਿ ਕਰਮ-ਧਰਮ ਭੀ ਸੁਖ ਨਹੀ ਦੇ ਸਕਦੇ ਕਿਉਂਕਿ ਇਨ੍ਹਾਂ ਦੇ ਨਾਲ ਹਉਮੈਂ ਬਣੀ ਰਹਿੰਦੀ ਹੈ।

**ਭੈਰਉ ਮਹਲਾ ੫ ॥ ਗੁਰ ਮਿਲਿ, ਤਿਆਗਿਓ ਦੂਜਾ ਭਾਉ ॥ ਗੁਰਮੁਖਿ, ਜਪਿਓ ਹਰਿ ਕਾ ਨਾਉ ॥ ਬਿਸਰੀ ਚਿੰਤ, ਨਾਮਿ ਰੰਗੁ ਲਾਗਾ ॥ ਜਨਮ ਜਨਮ ਕਾ ਸੋਇਆ ਜਾਗਾ ॥੧॥ ਕਰਿ ਕਿਰਪਾ ਅਪਨੀ ਸੇਵਾ ਲਾਏ ॥ ਸਾਧੂ ਸੰਗਿ ਸਰਬ ਸੁਖ ਪਾਏ ॥੧॥ ਰਹਾਉ ॥ ਰੋਗ ਦੋਖ, ਗੁਰ ਸਬਦਿ ਨਿਵਾਰੇ ॥ ਨਾਮ ਅਉਖਧੁ, ਮਨ**

**ਭੀਤਰਿ ਸਾਰੇ ॥ ਗੁਰ ਭੇਟਤ ਮਨਿ ਭਇਆ ਅਨੰਦ ॥ ਸਰਬ ਨਿਧਾਨ ਨਾਮ ਭਗਵੰਤ ॥੨॥ ਜਨਮ ਮਰਣ ਕੀ ਮਿਟੀ ਜਮ ਤ੍ਰਾਸ ॥ ਸਾਧ ਸੰਗਤਿ ਊਂਧ ਕਮਲ ਬਿਗਾਸ ॥ ਗੁਣ ਗਾਵਤ ਨਿਹਚਲੁ ਬਿਸ੍ਰਾਮ ॥ ਪੂਰਨ ਹੋਏ ਸਗਲੇ ਕਾਮ ॥੩॥ ਦੁਲਭ ਦੇਹ, ਆਈ ਪਰਵਾਨੁ ॥ ਸਫਲ ਹੋਈ, ਜਪਿ ਹਰਿ ਹਰਿ ਨਾਮੁ ॥ ਕਹੁ ਨਾਨਕ ਪ੍ਰਭਿ ਕਿਰਪਾ ਕਰੀ ॥ ਸਾਸਿ ਗਿਰਾਸਿ ਜਪਉ ਹਰਿ ਹਰੀ ॥੪॥੨੯॥੪੨॥**

ਉਚਾਰਨ ਸੇਧ

**ਬਿੰਦੀ ਸਹਿਤ** : ਨਾਉਂ, ਜਪਉਂ।

**ਪਦ ਅਰਥ** : ਗੁਰ ਮਿਲਿ-ਗੁਰੂ ਨੂੰ ਮਿਲ ਕੇ। ਤਿਆਗਿਓ-ਛਡ ਦਿੱਤਾ। ਦੂਜਾ ਭਾਉ-(ਪਰਮਾਤਮਾ ਤੋਂ ਬਿਨਾ) ਦੂਜਾ ਪਿਆਰ। ਗੁਰਮੁਖਿ-ਗੁਰੂ ਦੇ ਰਾਹੀਂ। ਨਾਮਿ-ਨਾਮ ਵਿਚ। ਰੰਗੁ-ਪ੍ਰੇਮ।੧। ਕਰਿ ਕਿਰਪਾ-ਕਿਰਪਾ ਕਰਕੇ। ਸਰਬ-ਸਾਰੇ।੧। ਰਹਾਉ। ਦੋਖ-ਦੋਸ਼, ਵਿਕਾਰ। ਸਬਦਿ-ਸ਼ਬਦ ਦੀ ਰਾਹੀਂ। ਨਿਵਾਰੇ-ਦੂਰ ਕੀਤੇ। ਅਉਖਧੁ-ਦਵਾਈ, ਦਾਰੂ। ਭੀਤਰਿ-ਵਿਚ। ਸਾਰੇ-ਸੰਭਾਲਦਾ ਹੈ। ਗੁਰ ਭੇਟਤ-ਗੁਰੂ ਨੂੰ ਮਿਲਦਿਆਂ। ਨਿਧਾਨ-ਖਜ਼ਾਨੇ। ਜਮ ਤ੍ਰਾਸ-ਜਮ ਦੀ ਤਾੜਨਾ, ਡਰ। ਊਂਧ ਕਮਲ-ਹਿਰਦਾ ਕਮਲ ਜੋ ਪਰਮੇਸ਼ਰ ਵਲੋਂ ਉਲਟਿਆ ਹੋਇਆ ਸੀ। ਬਿਗਾਸ-ਖੇੜਾ। ਗਾਵਤ-ਗਾਂਦਿਆਂ। ਨਿਹਚਲੁ-ਅਡੋਲ। ਬਿਸ੍ਰਾਮ-ਟਿਕਾਣਾ। ਦੁਲਭ-ਔਖੀ ਲਭਣ ਵਾਲੀ। ਪ੍ਰਭਿ-ਪ੍ਰਭੂ ਨੇ। ਕਰੀ-ਕੀਤੀ। ਜਪਉ-ਮੈਂ ਜਪਦਾ ਹਾਂ।੪।

**ਅਰਥ** : (ਹੇ ਭਾਈ ! ਅਸਾਂ) ਗੁਰੂ ਨੂੰ ਮਿਲ ਕੇ ਦਵੈਤ-ਭਾਵ ਤਿਆਗ ਦਿੱਤਾ ਹੈ, (ਅਤੇ) ਗੁਰੂ ਦੁਆਰਾ ਪਰਮੇਸ਼ਰ ਦਾ ਨਾਮ ਜਪਿਆ ਹੈ। (ਹਰ ਪ੍ਰਕਾਰ ਦੀ) ਚਿੰਤਾ ਵਿਸਰ ਗਈ ਹੈ (ਕਿਉਂਕਿ ਪਰਮਾਤਮਾ ਦੇ) ਨਾਮ ਵਿਚ ਪ੍ਰੇਮ ਲੱਗ ਗਿਆ ਹੈ (ਅਤੇ) ਜਨਮਾਂ ਜਨਮਾਂ ਦੀ (ਅਗਿਆਨਤਾ ਦੀ ਨੀਂਦ ਵਿਚੋਂ) ਸੁੱਤਾ ਹੋਇਆ (ਮਨ ਗੁਰੂ ਦੀ ਕਿਰਪਾ ਨਾਲ) ਜਾਗ ਪਿਆ ਹੈ।੧।

(ਹੇ ਭਾਈ ! ਪਰਮੇਸ਼ਰ ਨੇ) ਕਿਰਪਾ ਕਰਕੇ ਆਪਣੀ ਸੇਵਾ ਵਿਚ ਲਾਇਆ ਹੈ (ਅਤੇ) ਸਾਧੂ ਸੰਗ ਵਿਚ (ਰਹਿ ਕੇ) ਸਾਰੇ ਸੁਖ ਪ੍ਰਾਪਤ ਕਰ ਲਏ ਹਨ।੧। ਰਹਾਉ।

(ਹੇ ਭਾਈ! ਅਜਿਹੇ ਮਨੁੱਖ ਦੇ) ਗੁਰੂ ਦੇ ਸ਼ਬਦ ਦੁਆਰਾ ਸਾਰੇ ਰੋਗ ਦੋਖ (ਵਿਕਾਰ ਆਦਿ) ਦੂਰ ਹੋ ਗਏ ਹਨ। ਨਾਮ ਦੀ ਦਵਾਈ (ਵਾਹਿਗੁਰੂ) ਨੂੰ ਮਨ ਅੰਦਰ ਸੰਭਾਲ ਲਿਆ ਹੈ। ਗੁਰੂ ਦੇ ਮਿਲਿਆਂ ਮਨ ਵਿਚ ਅਨੰਦ ਹੋ ਗਿਆ ਹੈ। ਭਗਵੰਤ ਦੇ ਨਾਮ (ਪ੍ਰਾਪਤ ਹੋਣ ਨਾਲ) ਸਾਰੇ ਖਜ਼ਾਨੇ (ਮਿਲ ਗਏ ਹਨ)।੨।

(ਹੇ ਭਾਈ! ਨਾਮ ਪ੍ਰਾਪਤ ਹੋਣ ਦਾ ਸਦਕਾ) ਜਨਮ ਮਰਣ (ਅਤੇ) ਜਮਾਂ ਦੀ ਤਾੜਨਾ ਮੁਕ ਗਈ ਹੈ। (ਅਤੇ) ਸਾਧ ਸੰਗਤ ਵਿਚ (ਉਸਦਾ ਹਿਰਦਾ ਰੂਪੀ ਕਮਲ) (ਜੋ) ਉਲਟਾ ਪਿਆ ਸੀ, ਖਿੜ ਪਿਆ ਹੈ। (ਪਰਮੇਸ਼ਰ ਦੇ) ਗੁਣ ਗਾਉਂਦਿਆਂ ਪੱਕਾ ਟਿਕਾਣਾ ਮਿਲ ਗਿਆ ਹੈ, (ਅਤੇ ਨਾਮ ਜਪ ਕੇ ਹਲਤ

ਪਲਤ ਦੇ) ਸਾਰੇ ਕੰਮ ਪੂਰੇ ਹੋ ਗਏ ਹਨ।੩।

(ਹੇ ਭਾਈ !) ਔਖੀ ਪ੍ਰਾਪਤ ਹੋਈ (ਮਨੁੱਖਾ) ਦੇਹੀ (ਨਾਮ ਜਪ ਕੇ) ਪਰਵਾਨ ਹੋ ਗਈ ਹੈ। ਹਰੀ ਹਰੀ ਦਾ ਨਾਮ ਜਪ ਕੇ (ਪੂਰਨ ਤੌਰ ਤੇ) ਸਫਲ ਹੋ ਗਈ ਹੈ। ਨਾਨਕ ! ਆਖ ਕਿ (ਨਾਮ ਜਪਣ ਵਾਲੇ ਜੀਵ ਉਤੇ) ਪ੍ਰਭੂ ਨੇ (ਆਪਣੀ) ਕਿਰਪਾ ਕੀਤੀ ਹੈ (ਅਤੇ ਉਹ) ਸਾਸਿ ਗਿਰਾਸਿ ਪਰਮਾਤਮਾ ਦਾ ਨਾਮ ਜਪਦਾ ਹਾਂ।੪।੨੯।੪੨।

## ਸਾਰੰਸ਼ ਅਤੇ ਸਿਧਾਂਤ

ਪਿਛਲੇ ਸ਼ਬਦ ਵਿਚ 'ਸੁਖ' ਦਾ ਬਹੁ ਰੂਪਕ ਪਖ ਜੋ ਦੁਨੀਆਂ ਸਮਝਦੀ ਹੈ ਓਸ ਦੀ ਵਿਆਖਿਆ ਕਰਨ ਮਗਰੋਂ ਇਸ ਸ਼ਬਦ ਵਿਚ ਵੀ ਸੁਖ ਦੀ ਧਾਰਨਾ ਵਾਲਾ ਭੇਦ ਸਮਝਾਉਂਦੇ ਹਨ। ਜਦੋਂ ਮਨੁੱਖ ਗੁਰੂ ਨੂੰ ਮਿਲ ਕੇ ਹਰੀ ਤੋਂ ਬਿਨਾ ਕਿਸੇ ਹੋਰ ਨੂੰ ਪਿਆਰ ਕਰਨਾ ਤਿਆਗ ਦਿੰਦਾ ਹੈ, ਪਰਾਈ ਚਿੰਤਾ ਵਿਸਾਰ ਕੇ, ਨਾਮ ਜਪਣ ਲਗ ਜਾਂਦਾ ਹੈ, ਉਸ ਨੂੰ ਅਸਲੀ 'ਸੁਖ' ਦੀ ਸੋਝੀ ਆ ਜਾਂਦੀ ਹੈ। ਹਉਮੈ ਅਤੇ ਦੂਜਾ ਭਾਵ ਨਾਮ ਸਿਮਰਨ ਵਿਚ ਰੁਕਾਵਟਾਂ ਹਨ ਜੋ ਗੁਰੂ ਦੇ ਸ਼ਬਦ ਰਾਹੀਂ ਦੂਰ ਹੁੰਦੀਆਂ ਹਨ ਅਤੇ ਮਨੁੱਖ ਦਾ ਮੂਧ ਕੰਵਲ ਸਿੱਧਾ ਹੋ ਜਾਂਦਾ ਹੈ ਭਾਵ ਨਾਮ ਅੰਮ੍ਰਿਤ ਨੂੰ ਗ੍ਰਹਿਣ ਕਰਨ ਦੇ ਯੋਗ ਬਣ ਜਾਂਦਾ ਹੈ।

ਦੁਲਭ ਦੇਹ ਇਸ ਜਗਤ ਤੇ ਆਈ ਤਾਂ ਹੀ ਪਰਵਾਨ ਹੈ ਜੇ ਉਹ ਸਾਸਿ ਗਿਰਾਸਿ ਹਰੀ ਦਾ ਨਾਮ ਜਪਦੀ ਹੈ। ਸਿਧਾਂਤ ਇਹ ਹੈ ਕਿ ਜਦੋਂ ਹਰੀ ਆਪਣੀ ਕਿਰਪਾ ਕਰਦਾ ਹੈ, ਓਦੋਂ ਸਤਿਸੰਗਤ, ਨਾਮ-ਸਿਮਰਨ ਅਤੇ ਗੁਰੂ ਸੇਵਾ ਵਿਚ ਨਿਮਗਨ ਹੋਣ ਦਾ ਅਵਸਰ ਪ੍ਰਾਪਤ ਹੋ ਜਾਂਦਾ ਹੈ, ਜਿਸ ਦੇ ਫਲਸਰੂਪ ਸਦੀਵੀ ਆਤਮਿਕ ਸੁਖ ਪ੍ਰਾਪਤ ਹੋ ਜਾਂਦਾ ਹੈ।

ਨੋਟ- (ਪਹਿਲੀ ਐਡੀਸ਼ਨ ਵਿਚ ਇਸ ਸ਼ਬਦ ਦੇ ਅਰਥ ਅਨਪੁਰਖ ਵਿਚ ਕੀਤੇ ਸਨ। ਇਸ ਸ਼ਬਦ ਦੀ ਅੰਤਲੀ ਪੰਕਤੀ ਗਹੁ ਨਾਲ ਵੀਚਾਰਨ ਤੋਂ ਇਸ ਨਿਰਣੈ ਤੇ ਪੁਜਿਆ ਹਾਂ ਕਿ ਉਤਮ ਪੁਰਖ ਵਿਚ ਅਰਥ ਕਰਨੇ ਹੀ ਢੁਕਵੇਂ ਹਨ।)

**ਭੈਰਉ ਮਹਲਾ ੫ ॥ ਸਭ ਤੇ ਊਚਾ ਜਾ ਕਾ ਨਾਉ ॥ ਸਦਾ ਸਦਾ ਤਾ ਕੇ ਗੁਣ ਗਾਉ ॥ ਜਿਸੁ ਸਿਮਰਤ ਸਗਲਾ ਦੁਖੁ ਜਾਇ ॥ ਸਰਬ ਸੂਖ, ਵਸਹਿ ਮਨਿ ਆਇ ॥੧॥ ਸਿਮਰਿ ਮਨਾ, ਤੂ ਸਾਚਾ ਸੋਇ ॥ ਹਲਤਿ ਪਲਤਿ ਤੁਮਰੀ ਗਤਿ ਹੋਇ ॥੧॥ ਰਹਾਉ ॥ ਪੁਰਖ ਨਿਰੰਜਨ ਸਿਰਜਨਹਾਰ ॥ ਜੀਅ ਜੰਤ ਦੇਵੈ ਆਹਾਰ ॥ ਕੋਟਿ ਖਤੇ, ਖਿਨ ਬਖਸਨਹਾਰ ॥ ਭਗਤਿ ਭਾਇ, ਸਦਾ ਨਿਸਤਾਰ ॥੨॥ ਸਾਚਾ ਧਨੁ, ਸਾਚੀ ਵਡਿਆਈ ॥ ਗੁਰ ਪੂਰੇ ਤੇ, ਨਿਹਚਲ ਮਤਿ ਪਾਈ ॥ ਕਰਿ ਕਿਰਪਾ ਜਿਸੁ ਰਾਖਨਹਾਰਾ ॥ ਤਾ ਕਾ ਸਗਲ ਮਿਟੈ ਅੰਧਿਆਰਾ ॥੩॥ ਪਾਰਬ੍ਰਹਮ ਸਿਉ ਲਾਗੀ ਧਿਆਨ ॥ ਪੂਰਨ ਪੂਰਿ ਰਹਿਓ ਨਿਰਬਾਨ ॥ ਭ੍ਰਮ ਭਉ ਮੇਟਿ, ਮਿਲੇ ਗੋਪਾਲ ॥**

**ਨਾਨਕ ਕਉ ਗੁਰ ਭਏ ਦਇਆਲ ॥੪॥੩੦॥੪੩॥**

## ਉਚਾਰਨ ਸੇਧ

**ਬਿੰਦੀ ਸਹਿਤ :** ਨਾਉਂ, ਵਸਹਿਂ, ਮਨਾਂ, ਸਿਉਂ।

**ਪਦ ਅਰਥ :** ਤੇ-ਤੋਂ। ਗਾਉ-ਗਾਇਨ ਕਰ। ਸਗਲਾ-ਸਾਰਾ। ਵਸਹਿ-ਵਸਦੇ ਹਨ। ਮਨਿ-ਮਨ ਵਿਚ। ਆਇ-ਆ ਕੇ।੧।

ਮਨਾ-ਹੇ ਮਨ ! । ਹਲਤਿ ਪਲਤਿ-ਲੋਕ ਪ੍ਰਲੋਕ ਵਿਚ । ਗਤਿ-ਗਤੀ, ਉਚੀ ਆਤਮਿਕ ਅਵਸਥਾ ।੧। ਰਹਾਉ।

ਨਿਰੰਜਨ-ਮਾਇਆ ਦੇ ਪ੍ਰਭਾਵ ਤੋਂ ਰਹਿਤ । ਆਹਾਰ-ਭੋਜਨ । ਕੋਟਿ-ਕੋੜਾ । ਖਤੇ-ਗੁਨਾਹ, ਭੁੱਲਾਂ । ਭਗਤਿ ਭਾਇ-ਭਗਤੀ ਦੇ ਪਿਆਰ ਵਿਚ । ਨਿਸਤਾਰ-ਪਾਰ ਉਤਾਰਾ ।੨।

ਸਾਚਾ-ਸਦਾ ਕਾਇਮ ਰਹਿਣ ਵਾਲਾ । ਤੇ-ਤੋਂ । ਨਿਹਚਲ ਮਤਿ-ਪੱਕੀ ਮਤਿ । ਅੰਧਿਆਰਾ-(ਅਗਿਆਨਤਾ ਦਾ) ਹਨੇਰਾ ।੩।

ਸਿਉ-ਨਾਲ। ਨਿਰਬਾਨ-ਵਾਸ਼ਨਾ ਰਹਿਤ। ਭ੍ਰਮ-ਭਟਕਣਾ। ਮੇਟਿ-ਮਿਟਾ ਕੇ ।੪।

**ਅਰਥ :** (ਹੇ ਭਾਈ !) ਜਿਸ (ਪਰਮਾਤਮਾ) ਦਾ ਨਾਮ ਸਭ ਤੋਂ ਉਚਾ ਹੈ, ਸਦੀਵ ਕਾਲ ਉਸ ਦੇ ਗੁਣ ਗਾਇਨ ਕਰ । ਜਿਸ ਦੇ ਸਿਮਰਦਿਆਂ ਸਾਰਾ ਦੁਖ ਨਵਿਰਤ ਹੋ ਜਾਂਦਾ ਹੈ, ਹਰ ਪ੍ਰਕਾਰ ਦੇ ਸੁਖ ਮਨ ਵਿਚ ਆ ਕੇ ਵਸ ਜਾਂਦੇ ਹਨ, (ਉਸ ਨੂੰ ਸਿਮਰ) ।੧।

ਹੇ ਮੇਰੇ ਮਨ ! (ਤੂੰ) ਉਸ ਸਚੇ (ਪਰਮੇਸ਼ਰ ਦਾ) ਸਿਮਰਨ ਕਰ (ਜਿਸ ਨਾਲ) ਇਸ ਲੋਕ ਤੇ ਪਰਲੋਕ ਵਿਚ ਤੇਰੀ ਗਤੀ (ਉਚੀ ਆਤਮਿਕ ਅਵਸਥਾ) ਹੋ ਜਾਵੇ ।੧। ਰਹਾਉ ।

(ਹੇ ਭਾਈ! ਜੋ) ਸਰਬ ਵਿਆਪਕ ਮਾਇਆ ਤੋਂ ਰਹਿਤ (ਅਤੇ ਸਭ ਦਾ) ਰਚਨਹਾਰ (ਪ੍ਰਭੂ) ਹੈ, (ਉਹ ਸਭ) ਜੀਵ ਜੰਤੂਆਂ ਨੂੰ ਆਹਾਰ (ਖਾਨ-ਪਾਨ ਆਦਿ ਦਿੰਦਾ) ਹੈ । (ਉਹ) ਕ੍ਰੋੜਾਂ ਗੁਨਾਹ ਇਕ ਖਿਨ ਵਿਚ ਬਖਸ਼ਣ ਵਾਲਾ ਹੈ, (ਉਸ ਦੀ) ਪ੍ਰੇਮਾ ਭਗਤੀ ਕਰਨ ਨਾਲ ਸਦਾ (ਸੰਸਾਰ ਸਾਗਰੋਂ ਤ) ਪਾਰ ਹੋ ਜਾਈਦਾ ਹੈ ।੨।

(ਹੇ ਭਾਈ !) ਸੱਚਾ (ਨਾਮ) ਧਨ ਤੇ ਸੱਚੀ ਵਡਿਆਈ (ਉਸ ਜੀਵ ਨੂੰ ਮਿਲਦੀ ਹੈ, ਜਿਸਨੇ) ਪੂਰੇ ਗੁਰੂ ਤੋਂ ਅਚੱਲ ਮਤਿ ਪਾਈ ਹੈ। (ਜਿਸ) (ਮਨੁੱਖ) ਨੂੰ (ਪ੍ਰਭੂ ਆਪਣੀ ਕਿਰਪਾ ਕਰਕੇ) ਰਖਣ ਵਾਲਾ ਹੈ,ਉਸ ਦਾ ਸਾਰਾ (ਅਗਿਆਨ ਰੂਪੀ) ਹਨੇਰਾ ਮਿਟ ਜਾਂਦਾ ਹੈ ।੩।

(ਹੇ ਭਾਈ! ਜਿਸ ਦਾ) ਪਾਰਬ੍ਰਹਮ ਪਰਮੇਸ਼ਰ ਨਾਲ ਧਿਆਨ ਲਗ ਗਿਆ ਹੈ (ਉਸ ਨੂੰ ਗਿਆਨ ਹੋ ਜਾਂਦਾ ਹੈ ਕਿ) ਵਾਸ਼ਨਾ ਤੋਂ ਰਹਿਤ (ਪ੍ਰਭੂ ਹਰ ਥਾਂ) ਵਿਆਪਕ ਹੋ ਰਿਹਾ ਹੈ। (ਮੈਂ) ਨਾਨਕ ਉੱਤੇ ਗੁਰੂ ਦਇਆਲ ਹੋਏ ਹਨ। (ਸਾਰੇ) ਭਰਮ ਤੇ ਡਰ ਮੇਟ ਕੇ ਪ੍ਰਿਥਵੀ ਦੇ ਪਾਲਕ (ਮੈਨੂੰ) ਮਿਲ ਪਏ ਹਨ ।੪।੩੦।੪੩।

## ਸਾਰੰਸ਼ ਅਤੇ ਸਿਧਾਂਤ

ਜਿਵੇਂ ਸੁਖਮਨੀ ਸਾਹਿਬ ਵਿਚ ਗੁਰਦੇਵ ਪਿਤਾ ਜੀ ਦੇ ਅੰਮ੍ਰਿਤ ਬਚਨ ਹਨ :–

**ਪ੍ਰਭ ਕਾ ਸਿਮਰਨੁ ਸਭ ਤੇ ਊਚਾ ॥ ਪ੍ਰਭ ਕੈ ਸਿਮਰਨਿ ਉਧਰੇ ਮੂਚਾ ॥**

ਇਸੇ ਤਰ੍ਹਾਂ ਇਸੇ ਸ਼ਬਦ ਵਿਚ 'ਸਭ ਤੋਂ ਊਚਾ ਜਾ ਕਾ ਨਾਉ' ਦਸਿਆ ਹੈ। ਜਿਸ ਪਰਮਾਤਮਾ ਦਾ ਨਾਮ ਸਭ ਤੋਂ ਉਚਾ ਹੈ ਸਦੀਵ ਕਾਲ ਉਸ ਪਰਮਾਤਮਾ ਦੇ ਗੁਣ ਗਾਉਣੇ ਚਾਹੀਦੇ ਹਨ। ਪੂਰੇ ਗੁਰੂ ਤੋਂ ਅਸਥਿਰ ਮਤਿ ਮਿਲਦੀ ਹੈ ਜਿਸ ਨਾਲ ਅੰਦਰ ਦਾ ਭਰਮ ਹਨੇਰਾ ਦੂਰ ਹੋ ਜਾਂਦਾ ਹੈ। ਸਿਮਰਨ ਦੇ ਫਲ ਸਰੂਪ ਮਨੁੱਖੀ ਮਨ ਨਿਰੰਤਰ ਹਰੀ-ਨਾਮ ਵਿਚ ਪ੍ਰਵੇਸ਼ ਹੋਣ ਦੇ ਯੋਗ ਬਣ ਜਾਂਦਾ ਹੈ।

ਇਸ ਸ਼ਬਦ ਵਿਚ ਇਹ ਉਪਦੇਸ਼ ਦਿਤਾ ਹੈ ਕਿ:–

**ਸਿਮਰਿ ਮਨਾ ਤੂ ਸਾਚਾ ਸੋਇ ॥ ਹਲਤਿ ਪਲਤਿ ਤੁਮਰੀ ਗਤਿ ਹੋਇ ॥**

ਸਾਰੀ ਕਰਣੀ ਗੁਰੂ ਦੀ ਦਇਆਲਤਾ ਤੇ ਨਿਰਭਰ ਕਰਦੀ ਹੈ। ਉਹ ਪਰਮੇਸ਼ਰ 'ਕੋਟਿ ਖਤੇ ਖਿਨ ਬਖਸਨਹਾਰ' ਹੈ। ਜਦੋਂ ਪ੍ਰਭੂ ਬਖਸ਼ਣ ਤੇ ਆਉਂਦਾ ਹੈ ਤਾਂ ਪਿਛਲੇ ਅਉਗਣ ਨਹੀਂ ਚਿਤਾਰਦਾ।

**ਅਉਗਣੁ ਕੋ ਨ ਚਿਤਾਰਦਾ ਗਲ ਸੇਤੀ ਲਾਇਕ ॥** [ਪੰਨਾ ੧੧੦੧

**ਭੈਰਉ ਮਹਲਾ ੫ ॥ ਜਿਸੁ ਸਿਮਰਤ, ਮਨਿ ਹੋਇ ਪ੍ਰਗਾਸੁ ॥ ਮਿਟਹਿ ਕਲੇਸ, ਸੁਖ ਸਹਜਿ ਨਿਵਾਸ ॥ ਤਿਸਹਿ ਪਰਾਪਤਿ, ਜਿਸੁ ਪ੍ਰਭੁ ਦੇਇ ॥ ਪੂਰੇ ਗੁਰ ਕੀ ਪਾਏ ਸੇਵ ॥੧॥ ਸਰਬ ਸੁਖਾ ਪ੍ਰਭ ਤੇਰੋ ਨਾਉ ॥ ਆਠ ਪਹਰ ਮੇਰੇ ਮਨ ਗਾਉ ॥੧॥ ਰਹਾਉ ॥ ਜੋ ਇਛਹਿ, ਸੋਈ ਫਲੁ ਪਾਏ ॥ ਹਰਿ ਕਾ ਨਾਮੁ, ਮੰਨਿ ਵਸਾਏ ॥ ਆਵਣ ਜਾਣ ਰਹੇ, ਹਰਿ ਧਿਆਇ ॥ ਭਗਤਿ ਭਾਇ, ਪ੍ਰਭ ਕੀ ਲਿਵ ਲਾਇ ॥੨॥ ਬਿਨਸੇ ਕਾਮ ਕ੍ਰੋਧ ਅਹੰਕਾਰ ॥ ਤੂਟੇ ਮਾਇਆ ਮੋਹ ਪਿਆਰ ॥ ਪ੍ਰਭ ਕੀ ਟੇਕ ਰਹੈ, ਦਿਨੁ ਰਾਤਿ ॥ ਪਾਰਬ੍ਰਹਮੁ ਕਰੇ ਜਿਸੁ ਦਾਤਿ ॥੩॥ ਕਰਨ ਕਰਾਵਨਹਾਰ ਸੁਆਮੀ ॥ ਸਗਲ ਘਟਾ ਕੇ ਅੰਤਰਜਾਮੀ ॥ ਕਰਿ ਕਿਰਪਾ ਅਪਨੀ ਸੇਵਾ ਲਾਇ ॥ ਨਾਨਕ ਦਾਸ ਤੇਰੀ ਸਰਣਾਇ ॥੪॥੩੧॥੪੪॥**

## ਉਚਾਰਨ ਸੇਧ

**ਬਿੰਦੀ ਸਹਿਤ :** ਮਿਟਹਿੰ, ਘਟਾਂ, ਸੁਖਾਂ।

**ਪਦ ਅਰਥ :** ਮਨਿ-ਮਨ ਵਿਚ। ਪ੍ਰਗਾਸੁ-ਚਾਨਣ। ਮਿਟਹਿ-ਕਲੇਸ-ਦੁਖ ਮਿਟ ਜਾਂਦੇ ਹਨ। ਸਹਜਿ-ਅਡੋਲ ਅਵਸਥਾ ਵਿਚ। ਦੇਇ-ਦੇਂਦਾ ਹੈ।੧। ਨਿਵਾਸ-ਟਿਕਾਣਾ। ਸਰਬ ਸੁਖਾ-ਸਾਰੇ ਸੁਖ। ਗਾਉ-ਗਾਇਨ ਕਰ।੧। ਇਛੈ-ਇਛਾ ਕਰਦਾ ਹੈ, ਚਾਹੁੰਦਾ ਹੈ। ਰਹੇ-ਮੁਕ ਗਏ। ਪਾਇ-ਪਿਆਰ ਨਾਲ। ਲਿਵ-ਲਗਨ।੨। ਬਿਨਸੇ-ਨਾਸ਼ ਹੋ ਗਏ। ਟੇਕ-ਆਸਰੇ। ਰਹੈ-ਰਹਿੰਦਾ ਹੈ।੩। ਸੁਆਮੀ-ਹੇ ਮਾਲਕ !। ਸੇਵਾ-ਸੇਵਾ ਵਿਚ। ਸਰਨਾਇ-ਸ਼ਰਣ ਵਿਚ।੪।

**ਅਰਥ :** (ਹੇ ਭਾਈ !) ਜਿਸ (ਪ੍ਰਭੂ) ਨੂੰ ਸਿਮਰਦਿਆਂ ਮਨ ਵਿਚ (ਬ੍ਰਹਮ ਗਿਆਨ ਦਾ) ਚਾਨਣ ਹੋ ਜਾਂਦਾ ਹੈ, (ਸਾਰੇ) ਦੁਖ ਕਲੇਸ਼ ਮਿਟ ਜਾਂਦੇ ਹਨ, ਸੁਖ ਅਤੇ ਅਡੋਲ ਅਵਸਥਾ ਵਿਚ ਨਿਵਾਸ ਹੁੰਦਾ ਹੈ (ਉਸਨੂੰ ਯਾਦ ਕਰ)। (ਇਹ) ਸੁਖ ਅਤੇ ਸਹਜ ਵਿਚ ਟਿਕਾਉ ਉਸ ਨੂੰ ਪ੍ਰਾਪਤ ਹੁੰਦਾ ਹੈ ਜਿਸ ਨੂੰ ਪ੍ਰਭੂ (ਆਪ) ਦੇਂਦਾ ਹੈ, ਓਹੀ ਪੂਰੇ ਗੁਰੂ ਦੀ ਸੇਵਾ ਪ੍ਰਾਪਤ ਕਰਦਾ ਹੈ ।੧।

ਹੇ ਪ੍ਰਭੂ ! ਤੇਰਾ ਨਾਮ ਸਾਰੇ ਸੁਖ ਦੇਣ ਵਾਲਾ ਹੈ । (ਇਸ ਲਈ ਮੈਂ ਆਪਣੇ ਮਨ ਨੂੰ ਕਹਿੰਦਾ ਹਾਂ) ਹੇ ਮੇਰੇ ਮਨ ! ਤੂੰ ਅਠੇ ਪਹਿਰ (ਉਸ ਪ੍ਰਭੂ ਦੇ) ਗੁਣ ਗਾਂਦਾ ਰਹੁ ।੧। ਰਹਾਉ ।

(ਹੇ ਮੇਰੇ ਮਨ ! ਤੂੰ) ਹਰੀ ਦਾ ਨਾਮ (ਆਪਣੇ ਮਨ ਵਿਚ ਵਸਾਅ)। (ਤੂੰ) ਜੋ ਇਛਾ ਕਰੇਂਗਾ, ਓਹੀ (ਮਨ ਬੰਛਤ) ਫਲ ਪ੍ਰਾਪਤ ਕਰ ਲਵੇਂਗਾ। ਹਰੀ ਨੂੰ ਧਿਆਉਣ ਨਾਲ ਜੰਮਣ ਮਰਣ (ਸਭ) ਖਤਮ ਹੋ ਜਾਂਦੇ ਹਨ (ਇਸ ਲਈ ਤੂੰ) ਲਿਵ ਲਾ ਕੇ ਪ੍ਰਭੂ ਦੀ ਪ੍ਰੇਮਾ-ਭਗਤੀ ਕਰ ।੨।

(ਹੇ ਭਾਈ! ਨਾਮ ਜਪਣ ਨਾਲ) ਮਾਇਆ ਮੋਹ (ਅਤੇ) ਸਨਬੰਧੀਆ ਦੇ ਮੋਹ ਪਿਆਰ (ਸਭ ਟੁਟ ਜਾਂਦੇ ਹਨ)। ਜਿਸ ਨੂੰ ਪਰਮੇਸ਼ਰ (ਨਾਮ ਦੀ) ਦਾਤਿ ਬਖਸ਼ਦਾ ਹੈ (ਉਹ ਮਨੁੱਖ) ਦਿਨ ਰਾਤ ਪ੍ਰਭੂ ਦੀ ਓਟ ਵਿਚ ਰਹਿੰਦਾ ਹੈ ।੪।

ਹੇ ਕਰਨ ਕਰਾਉਣ ਵਾਲੇ ਮਾਲਕ! ਹੇ ਸਭ ਦਿਲਾਂ ਦੇ ਅੰਦਰ ਦੀ ਜਾਣਨ ਵਾਲੇ! ਨਾਨਕ ਦਾਸ ਤੇਰੀ ਸ਼ਰਨ ਵਿਚ ਆਇਆ ਹੈ ਕਿਰਪਾ ਕਰਕੇ (ਮੈਨੂੰ) ਆਪਣੀ ਸੇਵਾ ਵਿਚ ਲਾਓ ।੪।੩੧।੪੪।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਵੀ ਨਾਮ-ਸਿਰਮਨ ਦੀ ਮਹਿਮਾ ਤੇ ਨਾਮ ਸਿਮਰਨ ਦਾ ਆਦੇਸ਼ ਦਿਤਾ ਹੈ। ਨਾਮ ਐਸਾ ਅੰਮ੍ਰਿਤ ਫਲ ਹੈ ਜੋ ਹਰ ਪ੍ਰਕਾਰ ਦੇ ਸੁਖ ਦੇਂਦਾ ਹੈ, ਮਾਇਆ ਦਾ ਮੋਹ ਤੋੜ ਕੇ ਪਾਪ ਦੂਰ ਕਰਦਾ ਅਤੇ ਘਟਾ ਘਟਾਂ ਅੰਦਰ ਵਸਣ ਵਾਲੇ ਹਰੀ ਨਾਲ ਮੇਲ ਕਰਾ ਦਿੰਦਾ ਹੈ।

ਨਾਮ ਵਿਚ ਬਰਕਤਾਂ ਹਨ। ਇਸ ਲਈ ਰਹਾਉ ਵਾਲੀ ਪੰਕਤੀ ਵਿਚ ਜਿਥੇ ਪਰਮਾਤਮਾ ਨੂੰ 'ਸਰਬ ਸੁਖਾ ਪ੍ਰਭ ਤੇਰੋ ਨਾਉ' ਕਰਕੇ ਸੰਬੋਧਨ ਕੀਤਾ ਹੈ, ਉਥੇ ਮਨ ਨੂੰ ਵੀ ਅਠੇ ਪਹਿਰ ਹਰੀ ਗੁਣ ਗਾਉਣ ਦਾ ਉਪਦੇਸ਼ ਦਿਤਾ ਹੈ। ਅੰਤ ਵਿਚ ਸੇਵਾ ਦੀ ਮੰਗ ਕੀਤੀ ਹੈ :-

**ਕਰਿ ਕਿਰਪਾ ਅਪਨੀ ਸੇਵਾ ਲਾਇ ॥ ਨਾਨਕ ਦਾਸ ਤੇਰੀ ਸਰਣਾਇ ॥**

**ਭੈਰਉ ਮਹਲਾ ੫ ॥ ਲਾਜ ਮਰੈ, ਜੋ ਨਾਮੁ ਨ ਲੇਵੈ ॥ ਨਾਮ ਬਿਹੂਨ, ਸੁਖੀ ਕਿਉ ਸੋਵੈ ॥ ਹਰਿ ਸਿਮਰਨੁ ਛਾਡਿ ਪਰਮ ਗਤਿ ਚਾਹੈ ॥ ਮੂਲ ਬਿਨਾ, ਸਾਖਾ ਕਤ ਆਹੈ ॥੧॥ ਗੁਰੁ ਗੋਵਿੰਦੁ, ਮੇਰੇ ਮਨ ਧਿਆਇ ॥ ਜਨਮ ਜਨਮ ਕੀ ਮੈਲੁ ਉਤਾਰੈ, ਬੰਧਨ ਕਾਟਿ ਹਰਿ ਸੰਗਿ ਮਿਲਾਇ ॥੧॥ ਰਹਾਉ ॥ ਤੀਰਥਿ ਨਾਇ, ਕਹਾ ਸੁਚਿ ਸੈਲੁ ॥ ਮਨ ਕਉ ਵਿਆਪੈ, ਹਉਮੈ ਮੈਲੁ ॥ ਕੋਟਿ ਕਰਮ, ਬੰਧਨ ਕਾ ਮੂਲੁ ॥ ਹਰਿ ਕੇ ਭਜਨ ਬਿਨੁ, ਬਿਰਥਾ ਪੂਲੁ ॥੨॥ ਬਿਨੁ ਖਾਏ, ਬੂਝੈ ਨਹੀ ਭੂਖ ॥ ਰੋਗੁ ਜਾਇ, ਤਾਂ**

**ਉਤਰਹਿ ਦੂਖ ॥ ਕਾਮ ਕ੍ਰੋਧ ਲੋਭ ਮੋਹਿ ਬਿਆਪਿਆ ॥ ਜਿਨਿ ਪ੍ਰਭਿ ਕੀਨਾ, ਸੋ ਪ੍ਰਭੁ ਨਹੀ ਜਾਪਿਆ ॥੩॥ ਧਨੁ ਧਨੁ ਸਾਧ, ਧੰਨੁ ਹਰਿ ਨਾਉ ॥ ਆਠ ਪਹਰ ਕੀਰਤਨੁ ਗੁਣ ਗਾਉ ॥ ਧਨੁ ਹਰਿ ਭਗਤਿ ਧਨੁ ਕਰਣੈਹਾਰ ॥ ਸਰਣਿ ਨਾਨਕ ਪ੍ਰਭ ਪੁਰਖ ਅਪਾਰ ॥੪॥੩੨॥੪੫॥**

ਉਚਾਰਨ ਸੇਧ

**ਬਿੰਦੀ ਸਹਿਤ :** ਕਿਉਂ, ਕਹਾਂ, ਨਹੀਂ, ਉਤਰਹਿੰ, ਨਾਉਂ।

**ਫੁਟਕਲ :** 'ਸਾਖਾਂ' ਦਾ ਉਚਾਰਨ 'ਸ਼ਾਖਾਂ' ਨਹੀਂ ਕਰਨਾ ਕਿਉਂਕਿ ਇਸ ਦੇ ਅਗੇ ਸੰਬੰਧਕੀ ਪਦ ਨਹੀਂ ਲਗਾ ਹੋਇਆ। 'ਨਾਇ' ਦਾ ਉਚਾਰਨ 'ਨਾਇ' ਕਰਨਾ ਹੈ।

**ਪਦ ਅਰਥ :** ਲਾਜ ਮਰੈ-ਲਜਿਆ, ਸ਼ਰਮ ਨਾਲ ਮਰ ਜਾਂਦਾ ਹੈ। ਜੋ ਨਾਮੁ ਨ ਲੇਵੈ-ਜੋ (ਮਨੁੱਖ) ਨਾਮ ਨਹੀਂ ਜਪਦਾ। ਬਿਹੂਨ-ਬਿਨਾ। ਸੁਖੀ ਕਿਉ ਸੋਵੈ-ਸੁਖ ਦੀ (ਨੀਂਦ) ਕਿਵੇਂ ਸੌਂ ਸਕਦਾ ਹੈ ?। ਛਾਡਿ-ਛੱਡ ਕੇ। ਪਰਮ ਗਤਿ-ਪਰਮਗਤੀ, ਮੁਕਤੀ। ਚਾਹੈ-ਚਾਹੁੰਦਾ ਹੈ। ਮੂਲ ਬਿਨਾ-(ਦਰਖ਼ਤ ਦੇ) ਮੁੱਢ ਤੋਂ ਬਿਨਾ। ਸਾਖਾ-ਟਹਿਣੀ। ਕਤ ਆਹੈ-ਕਿਥੇ ਹੋ ਸਕਦੀ ਹੈ ? ।੧। ਉਤਾਰੈ-ਦੂਰ ਕਰ ਦੇਂਦਾ ਹੈ।. ਕਾਟਿ-ਕੱਟ ਕੇ, ਦੂਰ ਕਰਕੇ। ਹਰਿ ਸੰਗਿ-ਹਰੀ ਦੇ ਨਾਲ। ਮਿਲਾਇ-ਮਿਲਾ ਦੇਂਦਾ ਹੈ ।੧। ਰਹਾਉ।

ਤੀਰਥਿ-ਤੀਰਥ ਉਤੇ। ਨਾਇ-ਨਹਾ ਕੇ। ਕਹਾ-ਕਿਥੇ ?। ਸੁਚਿ-ਪਵਿੱਤਰ। ਸੈਲੁ-ਪੱਥਰ। ਵਿਆਪੈ-ਲਗਦੀ ਹੈ। ਹਉਮੈ ਮੈਲੁ-ਹੰਗਤਾ ਦੀ ਮੈਲ। ਕੋਟਿ ਕਰਮ-ਕ੍ਰੋੜਾਂ ਕਰਮ ਕਾਂਡ। ਬੰਧਨ ਕਾ ਮੂਲੁ-ਬੰਧਨ ਦਾ ਕਾਰਨ ਹਨ। ਬਿਰਥਾ-ਵਿਅਰਥ। ਪੂਲੁ-ਪੂਲਾ, ਘਾਹ ਦਾ ਅਫਲ ਬੂਟਾ (ਭਾਵ ਉਹ ਕਰਮ ਜਿਸ ਤੋਂ ਕਿਸੇ ਫਲ ਦੀ ਪ੍ਰਾਪਤੀ ਨਹੀਂ) ।੨।

ਉਤਰਹਿ-ਲਹਿ ਜਾਂਦੇ ਹਨ। ਮੋਹਿ-ਮੋਹ ਵਿਚ। ਬਿਆਪਿਆ-ਫਸਿਆ ਹੋਇਆ। ਜਿਨਿ ਪ੍ਰਭਿ-ਜਿਸ ਪ੍ਰਭੂ ਨੇ। ਕੀਨਾ-(ਪੈਦਾ) ਕੀਤਾ ਹੈ। ਧਨੁ ਧਨੁ-ਧੰਨਤਾ ਯੋਗ। ਗੁਰਮੁਖ-ਸਾਧੂ। ਗਾਉ-ਗਾਉਂਦੇ ਹਨ। ਪੁਰਖ ਅਪਾਰ-(ਕਰਤਾ) ਪੁਰਖ ਜੋ ਪਾਰ ਤੋਂ ਰਹਿਤ ਬੇਅੰਤ ਹੈ ।੪।

**ਅਰਥ :** (ਹੇ ਭਾਈ !) ਜੋ (ਜੀਵ ਪ੍ਰਭੂ ਦਾ) ਨਾਮ ਨਹੀਂ ਜਪਦਾ (ਉਹ ਆਪਣੇ ਆਪ ਹੀਂ) ਸ਼ਰਮ ਨਾਲ ਮਰ ਜਾਂਦਾ ਹੈ (ਭਾਵ ਪਾਣੀ ਪਾਣੀ ਹੋ ਜਾਦਾ ਹੈ)। (ਜੋ) ਨਾਮ ਤੋਂ ਹੀਣਾ ਹੈ (ਉਹ) ਸੁਖ ਦੀ ਨੀਂਦ ਕਿਵੇਂ ਸੌਂ ਸਕਦਾ ਹੈ ?। (ਪਰਮਾਤਮਾ ਦਾ) ਨਾਮ ਸਿਮਰਨ ਛੱਡ ਕੇ (ਜੋ) ਪਰਮ ਗਤੀ (ਮੁਕਤੀ) ਪ੍ਰਾਪਤ ਕਰਨਾ ਚਾਹੁੰਦਾ ਹੈ (ਉਹ ਅਸੰਭਵ ਹੈ) ਕਿਉਂਕਿ ਮੂਲ (ਮੁੱਢ ਤੋਂ) ਬਿਨਾ ਟਹਣੀ ਕਿਥੇ (ਉਗ ਸਕਦੀ ਹੈ?, (ਭਾਵ ਨਹੀਂ ਉਗ ਸਕਦੀ) ।੧।

ਹੇ ਮੇਰੇ ਮਨ! ਪ੍ਰਿਥਵੀ ਦੇ ਪਾਲਕ ਗੁਰੂ-ਪਰਮੇਸ਼ਰ ਨੂੰ ਸਿਮਰ। (ਉਹ) ਨਾਮ ਬਖਸ਼ ਕੇ ਜਨਮਾਂ ਜਨਮਾਂ ਦੀ ਮੈਲ ਉਤਾਰ ਦੇਂਦਾ ਹੈ, (ਮਾਇਆ ਦੇ) ਬੰਧਨ ਕਟ ਕੇ (ਮਨੁੱਖ) ਨੂੰ ਹਰੀ ਨਾਲ ਮਿਲਾ ਦਿੰਦਾ ਹੈ।੧।

(ਹੇ ਭਾਈ !) ਪੱਥਰ (ਵਤ ਕਠੋਰ ਮਨ ਨੂੰ) ਤੀਰਥ ਉਤੇ ਇਸ਼ਨਾਨ ਕਰਾਉਣ ਨਾਲ ਪਵਿਤ੍ਰਤਾ ਕਿਥੇ ਹੋ ਸਕਦੀ ਹੈ ? (ਨਹੀਂ ਹੋ ਸਕਦੀ)। (ਉਸ ਦੇ) ਮਨ ਨੂੰ ਹੋਰ ਹਉਮੈਂ ਦੀ ਮੈਲ ਲਗਦੀ ਹੈ (ਜਦੋਂ ਇਹ ਆਖਦਾ ਹੈ ਕਿ ਉਹ ਤੀਰਥ ਯਾਤਰਾ ਕਰ ਆਇਆ ਹੈ)। (ਨਾਮ ਤੋਂ ਬਿਨਾ) ਕ੍ਰੋੜਾ ਕਰਮ (ਕਾਂਡ) ਬੰਧਨ ਦਾ ਕਾਰਨ (ਹੀ ਬਣਦੇ) ਹਨ। ਹਰੀ ਦੇ ਭਜਨ ਤੋਂ ਬਿਨਾਂ (ਸਾਰੇ ਕਰਮ ਇਉਂ) ਵਿਅਰਥ ਹਨ (ਜਿਵੇਂ) ਘਾਹ ਦਾ ਪੂਲਾ (ਬੂਟਾ ਅਫਲ ਹੁੰਦਾ) ਹੈ।੨।

(ਹੇ ਭਾਈ! ਭੋਜਨ) ਖਾਏ ਬਿਨਾਂ ਭੁਖ ਦੂਰ ਨਹੀਂ ਹੁੰਦੀ। (ਇਸੇ ਤਰ੍ਹਾਂ) ਜੇ ਰੋਗ ਦੂਰ ਹੋ ਜਾਵੇ ਤਾਂ ਹੀ ਦੁਖ ਉਤਰਦੇ ਹਨ। (ਇਹ ਜੀਵ) ਕਾਮ, ਕ੍ਰੋਧ ਲੋਭ ਮੋਹ (ਆਦਿਕ ਵਿਕਾਰਾਂ) ਵਿਚ ਫਸਿਆ ਪਿਆ ਹੈ। ਜਿਸ ਪ੍ਰਭੂ ਨੇ (ਇਸ ਨੂੰ ਪੈਦਾ) ਕੀਤਾ ਹੈ, ਉਸ ਪ੍ਰਭੂ ਨੂੰ (ਇਸ ਨੇ) ਨਹੀਂ ਜਪਿਆ।੩।

(ਹੇ ਭਾਈ ! ਪ੍ਰਭੂ ਦੇ) ਸਾਧ ਧੰਨਤਾ ਯੋਗ ਹਨ (ਅਤੇ) ਪਰਮੇਸ਼ਰ ਦਾ ਨਾਮ ਵੀ ਧੰਨ ਹੈ। (ਜਿਹੜੇ ਜੀਵ) ਅਠੇ ਪਹਿਰ ਹਰੀ ਦੇ ਗੁਣ ਗਾਉਂਦੇ ਹਨ ਕੀਰਤਨ (ਕਰਦੇ ਹਨ ਉਹ ਸਾਰੇ ਧੰਨਤਾ ਯੋਗ ਹਨ)। ਹਰੀ ਦੀ ਭਗਤੀ ਧੰਨ ਹੈ (ਅਤੇ) ਭਗਤੀ ਕਰਨ ਵਾਲੇ ਵੀ ਧੰਨ ਹਨ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਬੇਅੰਤ ਕਰਤਾ-ਪੁਰਖ ਪ੍ਰਭੂ ਦੀ ਸ਼ਰਣ ਵਿਚ (ਅਜਿਹੇ ਭਗਤ ਸਦਾ) ਪਏ ਰਹਿੰਦੇ ਹਨ।੪।੩।੨।੪੫।

## ਸਾਰੰਸ਼ ਅਤੇ ਸਿਧਾਂਤ

ਨਾਮ ਜਪਣ ਦਾ ਅਹਿਸਾਸ ਮਨੁੱਖ ਨੂੰ ਆਤਮਿਕ ਤੌਰ ਤੇ ਸ਼ਕਤੀਸ਼ਾਲੀ ਬਣਾਉਂਦਾ ਹੈ ਪਰ ਜਿਹੜਾ ਇਹ ਅਹਿਸਾਸ ਨੂੰ ਆਪ ਜਾਣਦਾ ਹੈ ਅਤੇ ਜੀਊ ਰਿਹਾ ਹੈ, ਉਸ ਨੂੰ ਨਾਮ ਤੋਂ ਬਿਨਾ ਆਪਣਾ ਜੀਵਨ ਛੇਤੀ ਹੀ ਨਕਾਰਤਮਿਕ ਜਾਪਣ ਲਗ ਪਏਗਾ। ਇਹਨਾਂ ਅੱਖਾਂ ਨਾਲ ਮਨੁੱਖ ਬਾਹਰਲਾ ਰੂਪ ਵੇਖ ਸਕਦਾ ਹੈ ਖਰ ਅੰਤਰ-ਆਤਮੇ ਦਾ ਦਰਸ਼ਨ ਦਿਬ-ਨੇਤਰਾਂ ਨਾਲ ਹੁੰਦਾ ਹੈ।

ਜਿਹੜਾ ਮਨੁੱਖ ਨਾਮ ਨਹੀਂ ਸਿਮਰਦਾ ਉਹ ਆਪਣੇ ਆਪ ਹੀ ਇਸ ਅਹਿਸਾਸ ਵਿਚ ਸ਼ਰਮ ਦਾ ਮਾਰਿਆ ਸਮਾਜ ਵਿਚ ਮੂੰਹ ਵਿਖਾਣ ਜੋਗਾ ਨਹੀਂ ਰਹਿੰਦਾ। ਅਜਿਹਾ ਮਨੁੱਖ ਸੁਖ ਦੀ ਨੀਂਦ ਕਿਵੇਂ ਸੌਂ ਸਕਦਾ ਹੈ? (ਭਾਵ ਉਸ ਨੂੰ ਚੈਨ ਨਹੀਂ ਆ ਸਕਦਾ)।

ਨਾਮ ਸਿਮਰਨ ਤੋਂ ਬਿਨਾ ਕਿਸੇ ਤੀਰਥ ਤੇ ਇਸ਼ਨਾਨ ਕਰਨ ਦਾ ਕੋਈ ਲਾਭ ਨਹੀਂ, ਸਿਵਾਇ ਇਸ ਦੇ ਕਿ ਮਨ ਉਤੇ ਹਉਮੈ ਦੀ ਹੋਰ ਮੈਲ ਚੜ੍ਹਦੀ ਹੈ। ਨਾਮ ਜਪੇ ਬਿਨਾ ਨਾ ਮਾਇਕੀ ਬੰਧਨ ਕਟੇ ਜਾ ਸਕਦੇ ਹਨ ਨਾ ਆਤਮਿਕ ਸੁਖ ਮਿਲ ਸਕਦਾ ਹੈ।

ਸਿਮਰਨ ਜੀਵਨ ਦਾ ਮੂਲ ਹੈ। ਜਿਵੇਂ ਮੂਲ ਤੋਂ ਬਿਨਾ ਟਾਹਣੀਆਂ, ਪੱਤੇ ਤੇ ਫਲ ਫੁਲ ਨਹੀਂ ਲੱਗਦੇ, ਤਿਵੇਂ ਸਿਮਰਨ ਤੋਂ ਬਿਨਾਂ 'ਮਿਠਤ ਨੀਵੀਂ ਨਾਨਕਾ, ਗੁਣ ਚੰਗਿਆਈਆਂ ਤਤੁ' ਵਾਲੀ ਪਰਵਿਰਤੀ ਹੋਣੀ ਸੰਭਵ ਨਹੀਂ ਹੁੰਦੀ। ਸਿਧਾਂਤ ਇਹ ਹੈ ਕਿ ਜਿਸ ਪਰਮੇਸ਼ਰ ਨੇ ਸੁੰਦਰ ਸਰੀਰ ਰਚਿਆ ਹੈ, ਉਸ ਦੀ ਸ਼ਰਣ ਵਿਚ ਰਹਿੰਦੇ ਹੋਏ, ਉਸ ਦੀ ਸਿਫਤ ਸਲਾਹ ਕੀਰਤੀ ਤੇ ਭਗਤੀ ਕਰਕੇ ਆਪਣਾ ਜਨਮ ਸਫਲਾਇਆ ਜਾਵੇ।

ਭੈਰਉ ਮਹਲਾ ੫॥ ਗੁਰ ਸੁਪ੍ਰਸੰਨ ਹੋਏ ਭਉ ਗਏ ॥ ਨਾਮ ਨਿਰੰਜਨ ਮਨ ਮਹਿ ਲਏ ॥ ਦੀਨ ਦਇਆਲ ਸਦਾ ਕਿਰਪਾਲ ॥ ਬਿਨਸਿ ਗਏ ਸਗਲੇ ਜੰਜਾਲ ॥੧॥ ਸੁਖ ਸਹਜ ਆਨੰਦ ਘਨੇ ॥ ਸਾਧ ਸੰਗਿ ਮਿਟੇ ਭੈ ਭਰਮਾ, ਅੰਮ੍ਰਿਤੁ ਹਰਿ ਹਰਿ ਰਸਨ ਭਨੇ ॥੧॥ਰਹਾਉ॥ ਚਰਨ ਕਮਲ ਸਿਉ ਲਾਗੋ ਹੇਤੁ ॥ ਖਿਨ ਮਹਿ ਬਿਨਸਿਓ ਮਹਾ ਪਰੇਤੁ ॥ ਆਠ ਪਹਰ, ਹਰਿ ਹਰਿ ਜਪੁ ਜਾਪਿ ॥ ਰਾਖਨਹਾਰ ਗੋਵਿੰਦ ਗੁਰ ਆਪਿ ॥੨॥ ਅਪਨੇ ਸੇਵਕ ਕਉ, ਸਦਾ ਪ੍ਰਤਿਪਾਰੈ ॥ ਭਗਤ ਜਨਾ ਕੇ ਸਾਸ ਨਿਹਾਰੈ ॥ ਮਾਨਸ ਕੀ ਕਹੁ ਕੇਤਕ ਬਾਤ ॥ ਜਮ ਤੇ ਰਾਖੈ ਦੇ ਕਰਿ ਹਾਥ ॥੩॥ ਨਿਰਮਲ ਸੋਭਾ ਨਿਰਮਲ ਰੀਤਿ ॥ ਪਾਰਬ੍ਰਹਮੁ ਆਇਆ ਮਨਿ ਚੀਤਿ ॥ ਕਰਿ ਕਿਰਪਾ ਗੁਰਿ ਦੀਨੋ ਦਾਨ ॥ ਨਾਨਕ, ਪਾਇਆ ਨਾਮੁ ਨਿਧਾਨੁ ॥੪॥੩੩॥੪੬॥

### ਉਚਾਰਨ ਸੇਧ

**ਬਿੰਦੀ ਸਹਿਤ** : ਮਹਿਂ, ਭਰਮਾਂ, ਸਿਉਂ,ਮਹਾਂ ਪਰੇਤ ।

**ਪਦ ਅਰਥ** : ਸੁਪ੍ਰਸੰਨ-ਚੰਗੀ ਤਰ੍ਹਾਂ, ਖੁਸ਼ । ਭਉ ਗਏ-ਡਰ ਦੂਰ ਹੋ ਗਏ । ਨਾਮ ਨਿਰੰਜਨ-ਮਾਇਆ ਤੋਂ ਰਹਿਤ ਪ੍ਰਭੂ ਦਾ ਨਾਮ । ਲਏ-ਲੈਣ ਨਾਲ । ਸਗਲੇ-ਸਾਰੇ । ਜੰਜਾਲ-ਮਾਇਆ ਮੋਹ ਦੇ ਬੰਧਨ ।੧।

ਘਨੇ-ਬਹੁਤ ਹੀ । ਮਿਟੇ-ਦੂਰ ਹੋ ਗਏ । ਭੈ ਭਰਮਾ-ਸਾਰੇ ਡਰ ਤੇ ਭਰਮ । ਅੰਮ੍ਰਿਤ-ਅੰਮ੍ਰਿਤ (ਨਾਮ)। ਰਸਨ-ਰਸਨਾ ਨਾਲ। ਭਨੇ-ਉਚਾਰੇ ।੧।ਰਹਾਉ।

ਸਿਉ-ਨਾਲ । ਹੇਤੁ-ਹਿਤ, ਪਿਆਰ । ਮਹਾ ਪਰੇਤੁ-ਵੱਡਾ ਪ੍ਰੇਤ (ਵਡਾ ਡਰ) । ਜਾਪਿ-ਜਪ ।੨।

ਪ੍ਰਤਿਪਾਰੈ-ਪਾਲਦਾ ਹੈ । ਸਾਸ ਨਿਹਾਰੈ-ਸਾਹ ਵੱਲ ਤੱਕਦਾ ਹੈ, ਭਾਵ ਰਖਿਆ ਕਰਦਾ ਹੈ। ਮਾਨਸ-ਮਨੁੱਖ। ਕਹੁ-ਦੱਸੋ?। ਕੇਤਕ ਬਾਤ-ਕਿਤਨੀ ਕੁ ਗਲ ਹੈ? ਕੀ ਪਾਇਆ ਹੈ?। ਦੇ ਕਰਿ ਹਾਥ-ਹੱਥ ਦੇ ਕੇ ।੩।

ਨਿਰਮਲ-ਉਤਮ, ਉਜਲ ।ਸੋਭਾ-ਵਡਿਆਈ । ਰੀਤਿ-(ਜੀਵਨ) ਮਰਯਾਦਾ । ਮਨਿ-ਮਨ ਵਿਚ । ਚੀਤਿ-ਚਿਤ ਵਿਚ । ਨਿਧਾਨੁ-ਖਜ਼ਾਨਾ ।੪।

**ਅਰਥ** : (ਹੇ ਭਾਈ !) ਮਾਇਆ ਤੋਂ ਰਹਿਤ ਪ੍ਰਭੂ ਦਾ ਨਾਮ (ਆਪਣੇ) ਮਨ ਵਿਚ ਲੈਣ ਕਰਕੇ ਗੁਰੂ (ਪਾਤਿਸ਼ਾਹ ਜਿਨ੍ਹਾਂ ਉਤੇ) ਚੰਗੀ ਤਰ੍ਹਾਂ ਪ੍ਰਸੰਨ ਹੋ ਗਏ, (ਉਨ੍ਹਾਂ ਦੇ ਅੰਦਰੋਂ ਵੱਡੇ ਤੋਂ ਵੱਡੇ) ਡਰ ਦੂਰ ਹੋ ਗਏ । ਦੀਨਾ ਤੇ ਦਇਆ ਕਰਨ ਵਾਲੇ (ਵਾਹਿਗੁਰੂ ਜਿਨ੍ਹਾਂ ਉਤੇ) ਸਦਾ ਕਿਰਪਾਲ ਹੋਏ (ਉਨ੍ਹਾਂ ਦੇ) ਸਾਰੇ ਜੰਜਾਲ ਨਾਸ਼ ਹੋ ਗਏ ।੧।

(ਹੇ ਭਾਈ ! ਜਿਨ੍ਹਾਂ ਨੇ) ਪਰਮਾਤਮਾ ਦਾ ਅੰਮ੍ਰਿਤ (ਨਾਮ ਅਤੇ ਗੁਣ ਆਪਣੀ) ਰਸਨਾ ਨਾਲ ਉਚਾਰਨ ਕੀਤੇ, ਸਾਧ ਸੰਗ ਦੁਆਰਾ (ਉਨ੍ਹਾਂ ਦੇ ਸਾਰੇ) ਡਰ ਤੇ ਭਰਮ ਦੂਰ ਹੋ ਗਏ, (ਉਨ੍ਹਾਂ ਨੂੰ) ਬਹੁਤ

ਹੀ ਸੁਖ, ਸਹਿਜ ਤੇ ਅਨੰਦ (ਪ੍ਰਾਪਤ ਹੋ ਗਏ) ।੧।ਰਹਾਉ ।

(ਹੇ ਭਾਈ ! ਜਿਸ ਜੀਵ ਦਾ ਪ੍ਰਭੂ ਦੇ) ਚਰਨ ਕਮਲਾਂ ਨਾਲ ਪ੍ਰੇਮ ਲਗ ਗਿਆ, (ਇਕ ਖਿਨ ਵਿਚ ਉਸ ਦੇ ਅੰਦਰੋਂ) ਵੱਡਾ ਪ੍ਰੇਤ (ਭਾਵ ਬਲਾਵਾਂ ਦਾ ਡਰ) ਨਾਸ਼ ਹੋ ਗਿਆ । (ਇਸ ਲਈ, ਹੇ ਭਾਈ ! ਤੂੰ) ਅਠ ਪਹਿਰ (ਹਰ ਵੇਲੇ) ਹਰੀ (ਨਾਮ) ਦਾ ਜਾਪ ਜਪਦਾ ਰਹੁ । (ਫਿਰ) ਗੁਰ ਪਰਮੇਸ਼ਰ ਆਪ (ਤੇਰੀ) ਰਖਿਆ ਕਰਨ ਵਾਲਾ ਹੋਵੇਗਾ ।੨।

(ਹੇ ਭਾਈ ! ਉਹ ਪਰਮੇਸ਼ਰ) ਆਪਣੇ ਸੇਵਕ ਨੂੰ ਸਦਾ ਪਾਲਦਾ ਹੈ, (ਆਪਣੇ) ਭਗਤ ਜਨਾਂ ਦੇ ਸੁਆਸਾਂ ਨੂੰ ਵੇਖਦਾ ਰਹਿੰਦਾ ਹੈ (ਭਾਵ ਉਨ੍ਹਾਂ ਦੀ ਹਰਪ੍ਰਕਾਰ ਰਛਿਆ ਕਰਦਾ ਹੈ) । ਦਸੋ ਖਾਂ, ਮਨੁੱਖ ਦੀ (ਮਨੁੱਖ ਨੂੰ ਬਚਾਉਣ ਵਾਲੀ) ਕਿਤਨੀ ਕੁ (ਵੱਡੀ) ਗੱਲ ਹੈ? (ਭਾਵ ਕੁਝ ਨਹੀਂ, ਉਹ ਪ੍ਰਭੂ ਤਾਂ) ਜਮਾਂ ਤੋਂ ਭੀ ਹੱਥ ਦੇ ਕੇ ਬਚਾ ਲੈਂਦਾ ਹੈ ।੩।

ਜਿਸ (ਮਨੁੱਖ ਦੇ) ਮਨ ਵਿਚ ਪਰਮੇਸ਼ਰ ਚੇਤੇ ਆਇਆ ਹੈ, (ਉਸ ਸੇਵਕ ਦੀ) ਸੋਭਾ ਵੀ ਨਿਰਮਲ (ਅਤੇ ਜੀਵਨ ਦੀ) ਮਰਯਾਦਾ ਵੀ ਨਿਰਮਲ (ਪਵਿੱਤਰ) ਹੈ । ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਗੁਰੂ ਨੇ ਕਿਰਪਾ ਕਰਕੇ ਜਿਸ (ਮਨੁੱਖ) ਨੂੰ (ਨਾਮ) ਦਾਨ ਬਖਸ਼ ਦਿੱਤਾ ਹੈ, ਉਸ ਨੇ ਨਾਮ ਰੂਪੀ ਖਜ਼ਾਨਾ ਪ੍ਰਾਪਤ ਕਰ ਲਿਆ ਹੈ ।੪।੩।੩੪੬।

## ਅਰਥ ਭੇਦ ਅਤੇ ਨਿਰਣੈ

**ਚਰਨ ਕਮਲ ਸਿਉ ਲਾਗੋ ਹੇਤੁ ॥ ਖਿਨ ਮਹਿ ਬਿਨਸਿਓ ਮਹਾ ਪਰੇਤੁ ॥**

ਪਹਿਲੀ ਪੰਕਤੀ ਦੇ ਅਰਥ ਸਰਲ ਹਨ । ਦੂਜੀ ਪੰਕਤੀ ਵਿਚ 'ਮਹਾ ਪਰੇਤੁ' ਦੇ ਵਖ ਵਖ ਅਰਥ ਇਉਂ ਕੀਤੇ ਗਏ ਹਨ :

੧. ਖਿਨ ਵਿਖੇ (ਮਹਾ ਪਰੇਤੁ) ਅਸ਼ੁਧ ਸੁਭਾਵ ਹਮਾਰਾ ਬਿਨਸ ਗਯਾ ਹੈ । [ਫ. ਸ.

੨ ਵੱਡਾ ਪ੍ਰੇਤ (ਹੰਕਾਰ) [ਸ਼ਬਦਾਰਥ

੩. ਉਸ ਦੇ ਅੰਦਰੋਂ (ਖੋਟਾ ਸੁਭਾਉ ਰੂਪ) ਵੱਡਾ ਪ੍ਰੇਤ ਇਕ ਖਿਨ ਵਿਚ ਮੁੱਕ ਜਾਂਦਾ ਹੈ । [ਦਰਪਣ

੪. 'ਪ੍ਰੇਤ ਤੇ ਮਰ ਗਿਆ ਹੋਇਆ, ਮੁਰਦਾ । ਜੂਨਾ ਵਿਚੋਂ ਪਹਿਲੀ ਜੂਨ, ਇਸ ਵਿਚ ਆਤਮਾ ਲਿੰਗ ਸਰੀਰ ਵਿਚ ਹੀ ਰਹਿ ਕੇ ਪਰਮ ਦੁਖੀ ਹੁੰਦੀ ਹੈ । ਯਥਾ-ਪ੍ਰੇਮ ਪਿੰਜਰ ਮਹਿ ਦੂਖ ਘਨੇਰੇ'।

[ਕੋਸ਼ ਖਾ. ਟ੍ਰੈ. ਅੰਮ੍ਰਿਤਸਰ

**ਨਿਰਣੈ** : ਸ੍ਰੀ ਗੁਰੂ ਅਮਰਦਾਸ ਜੀ ਦੇ ਪਾਵਨ ਬਚਨ ਹਨ:-

**ਕਲਿ ਮਹਿ ਪ੍ਰੇਤ ਜਿਨੀ ਰਾਮੁ ਨ ਪਛਾਤਾ,**

**ਸਤਿਜੁਗਿ ਪਰਮ ਹੰਸ ਬੀਚਾਰੀ॥** [ਪੰਨਾ ੧੧੩੧

'ਪ੍ਰੇਤ' ਦਾ ਭਿਆਨਕ ਰੂਪ ਦੂਜਿਆਂ ਨੂੰ ਡਰਾਉਣ ਵਾਲਾ ਹੁੰਦਾ ਹੈ । ਇਸ ਪਦੇ ਦੀਆਂ ਅਗਲੀਆਂ ਦੋ ਪੰਕਤੀਆਂ *'ਆਠ ਪਹਰ ਹਰਿ ਹਰਿ ਜਪੁ ਜਾਪਿ ॥ ਰਾਖਨਹਾਰ ਗੋਵਿੰਦ ਗੁਰ ਆਪ'* ਤੋਂ ਇਉਂ ਪ੍ਰਤੀਤ ਹੁੰਦਾ ਹੈ ਕਿ ਆਪਣੇ ਸੁਭਾਵ ਜਾਂ ਹੰਕਾਰ ਦੀ ਗਲ ਨਹੀਂ, ਪਰਮੇਸ਼ਰ ਦੇ ਚਰਨ ਕਮਲਾਂ ਦੀ

ਪ੍ਰੀਤ ਲਗਣ ਨਾਲ ਵੱਡੇ ਤੋਂ ਵੱਡਾ ਡਰ ਇਕ ਛਿਨ ਵਿਚ ਨਾਸ਼ ਹੋ ਜਾਂਦਾ ਹੈ, ਭਾਵੇਂ ਉਹ ਦੁਨਿਆਵੀ ਜਾਂ ਦਰਗਾਹੀ ਹੋਵੇ।

## ਸਾਰੰਸ਼ ਅਤੇ ਸਿਧਾਂਤ

ਸਾਧ ਸੰਗਤ ਵਿਚ ਰਸਨਾ ਦੁਆਰਾ ਪਰਮੇਸ਼ਰ ਦਾ ਨਾਮ ਜਪਿਆਂ ਆਤਮਿਕ ਅਡੋਲਤਾ ਵਾਲੇ ਘਣੇ ਸੁਖ ਤੇ ਅਨੰਦ ਪ੍ਰਾਪਤ ਹੁੰਦੇ ਹਨ,ਪਰ ਇਹ ਸਭ ਕੁਝ ਗੁਰੂ ਪਾਤਿਸ਼ਾਹ ਦੀ ਸੁਪ੍ਰਸੰਨਤਾ ਤੋਂ ਹਾਸਲ ਹੁੰਦਾ ਹੈ।

ਨਾਮ ਨਾਲ ਪ੍ਰੀਤ ਪਾਉਣ ਦੇ ਫਲ ਸਰੂਪ ਵੱਡਾ ਪ੍ਰੇਤ (ਭਾਵ ਭਿਆਨਕ ਬਲਾਵਾਂ ਦਾ ਡਰ) ਨਾਸ਼ ਹੋ ਜਾਂਦਾ ਹੈ। ਜਿਨ੍ਹਾਂ ਦੇ ਅੰਦਰ ਹਰੀ ਦੀ ਪ੍ਰੀਤ ਨਹੀਂ, ਉਹ ਸਾਰੇ ਪ੍ਰੇਤ ਸਮਾਨ ਹੀ ਹਨ। ਇਹ ਗੁਰ-ਪਰਮੇਸ਼ਰ ਜੀ ਦਾ ਅਠ ਪਹਿਰੀ ਜਾਪ ਮਨੁੱਖ ਨੂੰ ਬਲਾਵਾਂ ਤੋਂ ਹੋਰ ਬਿਪਤਾਵਾਂ ਤੋਂ ਰਖਿਆ ਕਰਨੀ ਕਿਤੇ ਰਹੀ, ਜਮਾਂ ਤੋਂ ਭੀ ਹਾਥ ਦੇ ਕੇ ਬਚਾ ਲੈਂਦਾ ਹੈ ਭਾਵ ਮੌਤ ਦਾ ਡਰ ਵੀ ਦੂਰ ਕਰ ਦੇਂਦਾ ਹੈ।

'ਪ੍ਰੇਤ' ਦੇਹ ਅਪਵਿਤ੍ਰ ਹੁੰਦੀ ਹੈ। ਸਾਧੂ ਦੀ ਦਿਬ ਦ੍ਰਿਸ਼ਟੀ ਨਾਲ ਇਸ ਦਾ ਉਧਾਰ ਹੋ ਸਕਦਾ ਹੈ ਜਿਵੇਂ ਗੁਰੂ ਨਾਨਕ ਦੇਵ ਜੀ ਨੇ ਕੌਡੇ ਰਾਕਸ਼ ਆਦਿ ਦਾ ਉਧਾਰ ਕੀਤਾ ਸੀ। ਸਿਧਾਂਤ ਇਹ ਹੈ ਕਿ ਜਿਸਨੂੰ ਗੁਰੂ ਦੀ ਕਿਰਪਾ ਕਰਕੇ ਨਾਮ-ਸਿਮਰਨ ਦੀ ਦਾਤਿ ਬਖਸ਼ੀਸ਼ ਵਜੋਂ ਮਿਲ ਜਾਵੇ ਇਸ ਦੇ ਫਲ ਸਰੂਪ ਉਸ ਨੂੰ ਸਦਾ ਹੀ ਨਾਮ ਖਜ਼ਾਨਾ ਪ੍ਰਾਪਤ ਹੋਇਆ ਰਹਿੰਦਾ ਹੈ।

**ਭੈਰਉ ਮਹਲਾ ੫ ॥ ਕਰਣ ਕਾਰਣ ਸਮਰਥੁ ਗੁਰੁ ਮੇਰਾ ॥ ਜੀਅ ਪ੍ਰਾਣ ਸੁਖਦਾਤਾ ਨੇਰਾ ॥ ਭੈ ਭੰਜਨ ਅਬਿਨਾਸੀ ਰਾਇ ॥ ਦਰਸਨਿ ਦੇਖਿਐ, ਸਭੁ ਦੁਖੁ ਜਾਇ ॥੧॥ ਜਤ ਕਤ ਪੇਖਉ ਤੇਰੀ ਸਰਣਾ ॥ ਬਲਿ ਬਲਿ ਜਾਈ ਸਤਿਗੁਰ ਚਰਣਾ ॥੧॥ਰਹਾਉ॥ ਪੂਰਨ ਕਾਮ ਮਿਲੇ ਗੁਰਦੇਵ ॥ ਸਭਿ ਫਲ ਦਾਤਾ ਨਿਰਮਲ ਸੇਵ ॥ ਕਰੁ ਗਹਿ ਲੀਨੇ ਅਪੁਨੇ ਦਾਸ ॥ ਰਾਮਨਾਮੁ ਰਿਦ ਦੀਓ ਨਿਵਾਸ ॥੨॥ ਸਦਾ ਆਨੰਦੁ, ਨਾਹੀ ਕਿਛੁ ਸੋਗੁ ॥ ਦੂਖੁ ਦਰਦੁ ਨਹ ਬਿਆਪੈ ਰੋਗੁ ॥ ਸਭੁ ਕਿਛੁ ਤੇਰਾ ਤੂ ਕਰਣੈਹਾਰੁ ॥ ਪਾਰਬ੍ਰਹਮ ਗੁਰ ਅਗਮ ਅਪਾਰ ॥੩॥ ਨਿਰਮਲ ਸੋਭਾ ਅਚਰਜ ਬਾਣੀ ॥ ਪਾਰਬ੍ਰਹਮ ਪੂਰਨ ਮਨਿ ਭਾਣੀ ॥ ਜਲਿ ਥਲਿ ਮਹੀਅਲਿ ਰਵਿਆ ਸੋਇ ॥ ਨਾਨਕ, ਸਭੁ ਕਿਛੁ ਪ੍ਰਭ ਤੇ ਹੋਇ ॥੪॥੩੪॥੪੭॥**

## ਉਚਾਰਨ ਸੇਧ

**ਬਿੰਦੀ ਸਹਿਤ :** ਪੇਖਉਂ, ਜਾਈਂ, ਨਾਹੀਂ, ਨਹਂ।

**ਪਦ ਅਰਥ:** ਕਰਣ-ਜਗਤ। ਕਾਰਣ-ਰਚਣ ਵਾਲਾ। ਸਮਰਥ-ਸਰਬ ਸ਼ਕਤੀਮਾਨ। ਜੀਅ ਪ੍ਰਾਣ-ਜਿੰਦ ਤੇ ਪ੍ਰਾਣ (ਦੇਣ ਵਾਲਾ)। ਸੁਖ ਦਾਤਾ-ਸੁਖ ਦੇਣ ਵਾਲਾ। ਨੇਰਾ-ਨੇੜੇ। ਭੈ ਭੰਜਨ-ਸਭ ਡਰ ਨਾਸ਼ ਕਰਨ ਵਾਲਾ। ਅਬਿਨਾਸੀ-ਨਾਸ਼ ਤੋਂ ਰਹਿਤ। ਰਾਇ-ਪਾਤਿਸ਼ਾਹ। ਦਰਸਨਿ ਦੇਖਿਐ-ਦਰਸ਼ਨ ਦੇਖਣ ਨਾਲ।੧।

ਜਤ ਕਤ-ਜਿੱਥੇ ਕਿੱਥੇ । ਪੇਖਉ-ਮੈਂ ਵੇਖਦਾ ਹਾਂ । ਬਲਿ ਬਲਿ ਜਾਈ-ਮੈਂ ਬਲਿਹਾਰ ਜਾਂਦਾ ਹਾਂ।੧।ਰਹਾਉ।

ਪੂਰਨ ਕਾਮ-ਸਾਰੇ ਕੰਮ ਪੂਰਨ ਹੋ ਗਏ ਹਨ। ਸਭਿ ਫਲ ਦਾਤਾ-ਸਾਰੇ ਫਲ ਦੇਣ ਵਾਲਾ। ਨਿਰਮਲ ਸੇਵ-(ਜਿਸ ਦੀ) ਸੇਵਾ (ਜੀਵਨ) ਪਵਿਤ੍ਰ ਕਰਨ ਵਾਲੀ ਹੈ। ਕਰੁ-ਹਥ। ਗਹਿ-ਫੜ ਕੇ। ਰਿਦ-ਹਿਰਦੇ ਵਿਚ। ਨਿਵਾਸ-ਵਾਸਾ, ਟਿਕਾਣਾ।੨।

ਸੋਗੁ-ਗੰਮ। ਨਹ ਬਿਆਪੈ-ਨਹੀਂ ਵਿਆਪ ਸਕਦਾ। ਅਗਮ-ਅਪਹੁੰਚ। ਅਪਾਰ-ਬੇਅੰਤ।੩।

ਨਿਰਮਲ-ਮੈਲ ਤੋਂ ਰਹਿਤ । ਅਚਰਜ ਬਾਣੀ-ਅਦਭੁਤ ਬਾਣੀ । ਮਨਿ=ਮਨ ਵਿਚ । ਭਾਣੀ-ਚੰਗੀ ਪਿਆਰੀ ਲਗਦੀ ਹੈ । ਜਲਿ-ਪਾਣੀ ਵਿਚ । ਥਲਿ-ਧਰਤੀ ਵਿਚ । ਮਹੀਅਲਿ-ਪੁਲਾੜ ਵਿਚ । ਰਵਿਆ ਸੋਇ-ਉਹ (ਪ੍ਰਭੂ) ਵਿਆਪਕ ਹੋ ਰਿਹਾ ਹੈ ।੪।

**ਅਰਥ** : (ਹੇ ਭਾਈ !) ਮੇਰਾ ਗੁਰੂ ਸਰਬ ਸ਼ਕਤੀਵਾਨ ਹੈ (ਉਹ ਸਾਰੀ) ਸ੍ਰਿਸ਼ਟੀ ਦਾ ਮੂਲ (ਰਚਣਹਾਰ) ਹੈ। (ਉਹ) ਜਿੰਦ ਪ੍ਰਾਣ ਤੇ ਸੁਖ ਦੇਣ ਵਾਲਾ (ਦਾਤਾ ਸਭ ਦੇ) ਨੇੜੇ (ਵਸਦਾ ਹੈ)। (ਉਹ ਸਦਾ) ਨਾਸ਼ ਤੋਂ ਰਹਿਤ ਪਾਤਿਸ਼ਾਹ (ਸਭ ਦਾ) ਭੈ ਨਾਸ਼ ਕਰਨ ਵਾਲਾਹੈ। (ਉਸ ਦਾ) ਦਰਸ਼ਨ ਦੇਖਣ ਨਾਲ ਹਰ ਪ੍ਰਕਾਰ ਦਾ ਦੁਖ ਦੂਰ ਹੋ ਜਾਂਦਾ ਹੈ ।੧।

(ਹੇ ਪ੍ਰਭੂ !) ਜਿਥੇ ਜਿਥੇ ਮੈਂ ਵੇਖਦਾ ਹਾਂ ਤੇਰੀ ਸ਼ਰਣ ਹੀ (ਨਜ਼ਰ ਆਉਂਦੀ ਹੈ) । (ਮੈਂ ਆਪਣੇ) ਸਤਿਗੁਰਾਂ ਦੇ ਚਰਨਾਂ ਤੋਂ ਬਲਿਹਾਰ ਜਾਂਦਾ ਹਾਂ ।੧।ਰਹਾਉ।

(ਹੇ ਭਾਈ !) ਗੁਰਦੇਵ (ਪਿਤਾ) ਦੇ ਮਿਲਣ ਨਾਲ ਸਾਰੇ ਸੰਕਲਪ ਪੂਰੇ ਹੋ ਜਾਂਦੇ ਹਨ। (ਉਹ) ਸਾਰੇ ਫਲ ਦੇਣ ਵਾਲਾ ਹੈ, (ਉਸ ਦੀ) ਸੇਵਾ (ਜੀਵ ਨੂੰ) ਪਵਿਤਰ ਕਰਦੀ ਹੈ। (ਪ੍ਰਭੂ ਨੇ) ਆਪਣੇ ਦਾਸਾਂ ਦਾ ਹਥ ਫੜ ਕੇ ਆਪਣਾ ਕਰ ਲਿਆ ਹੈ (ਅਤੇ ਉਨ੍ਹਾਂ ਦੇ) ਹਿਰਦੇ ਵਿਚ ਪਰਮਾਤਮਾ ਦਾ ਨਾਮ ਟਿਕਾ ਦਿੱਤਾ ਹੈ ।੨।

(ਹੇ ਭਾਈ ! ਹੁਣ) ਸਦਾ ਆਤਮਿਕ ਅਨੰਦ (ਬਣਿਆ ਰਹਿੰਦਾ ਹੈ) ਕਿਸੇ ਪ੍ਰਕਾਰ ਦਾ ਗ਼ਮ ਨਹੀਂ ਹੈ, (ਕੋਈ) ਦੁਖ ਦਰਦ ਤੇ ਰੋਗ ਨਹੀਂ ਵਿਆਪਦਾ ਹੈ। (ਹੇ ਪ੍ਰਭੂ !) ਸਭ ਕੁਝ ਤੇਰਾ (ਦਿਤਾ ਹੋਇਆ ਹੈ)ਤੂੰ (ਸਭ ਨੂੰ ਪੈਦਾ) ਕਰਨ ਵਾਲਾ ਹੈਂ। ਹੇ ਪਾਰਬ੍ਰਹਮ ਗੁਰੂ! (ਤੂੰ) ਅਪਹੁੰਚ ਤੇ ਬੇਅੰਤ ਹੈਂ ।੩।

(ਹੇ ਪ੍ਰਭੂ !) ਤੇਰੀ ਸੋਭਾ ਪਵਿੱਤਰ ਹੈ ਤੇਰੀ ਬਾਣੀ ਅਦਭੁਤ ਹੈ। ਹੇ ਪੂਰਨ ਪਾਰਬ੍ਰਹਮ ! (ਤੇਰੀ ਬਾਣੀ) ਮੇਰੇ ਮਨ ਵਿਚ ਪਿਆਰੀ ਲਗੀ ਹੈ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਉਹ) ਪ੍ਰਭੂ ਜਲ ਵਿਚ, ਥਲ ਵਿਚ, ਪੁਲਾੜ ਵਿਚ (ਹਰ ਥਾਂ) ਵਿਆਪਕ ਹੋ ਰਿਹਾ ਹੈ (ਅਤੇ) ਸਭ ਕੁਝ (ਭਾਵ ਹਰੇਕ ਵਸਤੂ ਉਸ) ਪ੍ਰਭੂ ਤੋਂ ਪ੍ਰਾਪਤ ਹੁੰਦੀ ਹੈ ।੪।੩੪।੪੭।

## ਸਾਰੰਸ਼ ਅਤੇ ਸਿਧਾਂਤ

ਜਦੋਂ ਅਡੋਲ ਅਵਸਥਾ ਵਾਲੇ ਸੁਖ ਪ੍ਰਾਪਤ ਹੋ ਜਾਂਦੇ ਹਨ ਤਾਂ ਸੁਤੇ ਹੀ ਮੂੰਹੋਂ ਨਿਕਲਦਾ ਹੈ:–

**ਕਰਣ ਕਾਰਣ ਸਮਰਥ ਗੁਰੂ ਮੇਰਾ ॥ ਜੀਅ ਪ੍ਰਾਣ ਸੁਖ ਦਾਤਾ ਨੇਰਾ ॥**

ਸਤਿਗੁਰੂ ਦੇ ਚਰਨਾਂ ਤੋਂ ਬਲਿਹਾਰ ਜਾਈਏ ਜਿਸ ਦੇ ਦਰਸ਼ਨ ਕਰਨ ਨਾਲ ਹਰ ਪ੍ਰਕਾਰ ਦੇ ਫਿਕਰ ਦੂਰ ਹੋ ਜਾਂਦੇ ਹਨ। ਸਰਬ-ਕਲਾ ਸਮਰਥ ਗੁਰੂ ਹਰ ਥਾਂ ਵਸਦੇ ਹਰੀ ਨੂੰ ਦਿਖਾ ਦਿੰਦੇ ਹਨ, ਜਿਸ ਨਾਲ ਸਾਰੇ ਦੁਖ ਦਰਦ ਦੂਰ ਹੋ ਜਾਂਦੇ ਹਨ ਅਤੇ ਸਦੀਵੀ ਅਨੰਦ ਪ੍ਰਾਪਤ ਹੋ ਜਾਂਦਾ ਹੈ। 'ਸਵਈਏ ਮਹਲੇ ਚਉਥੇ ਕੇ, ਵਿਚ ਗੁਰੂ ਰਾਮ ਦਾਸ ਪਾਤਿਸ਼ਾਹ ਜੀ ਦੇ ਸਮਰਥ ਗੁਰੂ ਹੋਣ, ਦੀ ਮਹਿਮਾ ਦਾ ਇਉਂ ਵਰਣਨ ਕੀਤਾ ਗਿਆ ਹੈ :

**ਸਮਰਥ ਗੁਰੂ ਸਿਰਿ ਹਥੁ ਧਰਿਅਉ**
**ਗੁਰਿ ਕੀਨੀ ਕ੍ਰਿਪਾ ਹਰਿਨਾਮੁ ਦੀਅਉ, ਜਿਸੁ ਦੇਖਿ ਚਰੰਨ ਅਘੰਨ ਹਰ੍ਯਉ॥**
**ਨਿਸਿ ਬਾਸੁਰ ਏਕ ਸਮਾਨ ਧਿਆਨ, ਸੁ ਨਾਮ ਸੁਨੇ ਸੁਤੁ ਭਾਨ ਡਰ੍ਯਉ ॥**
**ਭਨਿ ਦਾਸ ਸੁ ਆਸ ਜਗਤ੍ਰ ਗੁਰੂ ਕੀ, ਪਾਰਸੁ ਭੇਟਿ ਪਰਸੁ ਕਰ੍ਯਉ ॥**
**ਰਾਮਦਾਸੁ ਗੁਰੂ ਹਰਿ ਸਤਿ ਕੀਯਉ,**
**ਸਮਰਥ ਗੁਰੂ ਸਿਰਿ ਹਥੁ ਧਰ੍ਯਉ॥** [ਪੰਨਾ ੧੪੦੦

**ਭੈਰਉ ਮਹਲਾ ੫ ॥ ਮਨੁ ਤਨੁ ਰਾਤਾ ਰਾਮ ਰੰਗਿ ਚਰਣੇ ॥ ਸਰਬ ਮਨੋਰਥ ਪੂਰਨ ਕਰਣੇ ॥ ਆਠ ਪਹਰ ਗਾਵਤ ਭਗਵੰਤੁ ॥ ਸਤਿਗੁਰਿ ਦੀਨੋ ਪੂਰਾ ਮੰਤੁ ॥੧॥ ਸੋ ਵਡਭਾਗੀ ਜਿਸੁ ਨਾਮਿ ਪਿਆਰੁ ॥ ਤਿਸ ਕੈ ਸੰਗਿ ਤਰੈ ਸੰਸਾਰੁ ॥੧॥ਰਹਾਉ॥ ਸੋਈ ਗਿਆਨੀ ਜਿ ਸਿਮਰੈ ਏਕ ॥ ਸੋ ਧਨਵੰਤਾ ਜਿਸੁ ਬੁਧਿ ਬਿਬੇਕ ॥ ਸੋ ਕੁਲਵੰਤਾ ਜਿਸੁ ਸਿਮਰੈ ਸੁਆਮੀ ॥ ਸੋ ਪਤਿਵੰਤਾ ਜੋ ਆਪੁ ਪਛਾਨੀ ॥੨॥ ਗੁਰ ਪਰਸਾਦਿ ਪਰਮ ਪਦੁ ਪਾਇਆ ॥ ਗੁਣ ਗੋਪਾਲ ਦਿਨੁ ਰੈਨਿ ਧਿਆਇਆ ॥ ਤੂਟੇ ਬੰਧਨ ਪੂਰਨ ਆਸਾ ॥ ਹਰਿ ਕੇ ਚਰਣ ਰਿਦ ਮਾਹਿ ਨਿਵਾਸਾ ॥੩॥ ਕਹੁ ਨਾਨਕ ਜਾ ਕੇ ਪੂਰਨ ਕਰਮਾ ॥ ਸੋ ਜਨੁ ਆਇਆ ਪ੍ਰਭ ਕੀ ਸਰਨਾ ॥ ਆਪਿ ਪਵਿਤੁ ਪਾਵਨ ਸਭਿ ਕੀਨੇ ॥ ਰਾਮ ਰਸਾਇਣੁ ਰਸਨਾ ਚੀਨੇ ॥੪॥੩੫॥੪੮॥**

## ਉਚਾਰਨ ਸੇਧ

**ਫੁਟਕਲ:** 'ਗੋੁਪਾਲ' ਪਦ ਨੂੰ ਦੋ ਲੱਗਾਂ ਲਗੀਆਂ ਹੋਈਆਂ ਹਨ। ਅਸਲ ਲਫਜ਼ 'ਗੋਪਾਲ' ਹੈ ਪਰ ਇਥੇ 'ਗੁਪਾਲ' ਉਚਾਰਨ ਕਰਨਾ ਹੈ।

**ਪਦ ਅਰਥ :** ਰਾਤਾ-ਰੰਗਿਆ ਗਿਆ। ਰਾਮ ਰੰਗਿ ਚਰਣੇ-ਪਰਮਾਤਮਾ ਦੇ ਚਰਨਾਂ ਦੇ ਪਿਆਰ ਵਿਚ। ਸਰਬ ਮਨੋਰਥ-ਸਾਰੇ ਸੰਕਲਪ। ਗਾਵਤ-ਗਾਂਦਿਆਂ। ਸਤਿਗੁਰਿ-ਸਤਿਗੁਰੂ ਨੇ। ਦੀਨੋ ਮੰਤੁ-ਉਪਦੇਸ਼ ਦਿਤਾ।੧। ਨਾਮਿ-ਨਾਮ ਵਿਚ। ਤਰੈ ਸੰਸਾਰੁ-ਸੰਸਾਰ ਸਾਗਰ ਤੋਂ ਤਰ ਜਾਂਦਾ ਹੈ।੧।ਰਹਾਉ।

ਗਿਆਨੀ-ਗਿਆਨਵਾਨ। ਜਿ-ਜਿਹੜਾ (ਮਨੁੱਖ)। ਸਿਮਰੈ ਏਕ-ਇਕ (੧ਓ) ਦਾ ਸਿਮਰਨ ਕਰਦਾ ਹੈ। ਧੰਨਵੰਤਾ-ਧਨਵਾਨ, ਧੰਨਤਾਯੋਗ। ਬੁਧਿ ਬਿਬੇਕ-ਚੰਗੇ ਮੰਦੇ ਕਰਮ ਦੀ ਪਰਖ ਕਰਨ ਵਾਲੀ

ਬੁਧੀ ਨਾਲ। ਕੁਲਵੰਤਾ-ਚੰਗੀ ਕੁਲ ਵਾਲਾ। ਪਤਿਵੰਤਾ-ਇੱਜ਼ਤ ਵਾਲਾ ।੨।

ਗੁਰ ਪਰਸਾਦਿ-ਗੁਰੂ ਦੀ ਕਿਰਪਾ ਨਾਲ । ਪਰਮ ਪਦੁ-ਸਭਤੋਂ ਉਚਾ (ਆਤਮਿਕ) ਦਰਜਾ । ਰੈਨਿ-ਰਾਤ । ਰਿਦ ਮਾਹਿ-ਹਿਰਦੇ ਵਿਚ ।੩।

ਜਾ ਕੈ-ਜਿਸ (ਮਨੁੱਖ) ਦੇ । ਪੂਰਨ ਕਰਮਾ-ਪੂਰੇ ਭਾਗ । ਪਾਵਨ-ਪਵਿੱਤਰ ਜੀਵਨ ਵਾਲੇ । ਰਸਾਇਣ-ਰੱਸਾਂ ਦਾ ਘਰ । ਰਸਨਾ-ਜੀਭ ਨਾਲ (ਜਪਿਆ) । ਚੀਨੇ-ਪਛਾਣਿਆ ।੪।

**ਅਰਥ** : (ਹੇ ਭਾਈ ! ਉਹ ਪ੍ਰਭੂ ਜੀਵ ਦੇ) ਸਾਰੇ ਮਨੋਰਥ ਪੂਰਨ ਕਰਨ ਵਾਲਾ ਹੈ । (ਜਿਸ ਮਨੁੱਖ ਦਾ) ਮਨ ਤਨ ਪਰਮਾਤਮਾ ਦੇ ਚਰਨਾ ਦੇ ਪਿਆਰ ਵਿਚ ਰੰਗਿਆ ਗਿਆ ਹੈ, (ਉਹ) ਅਠੇ ਪਹਿਰ (ਭਾਵ ਹਰ ਵੇਲੇ) ਭਗਵੰਤ ਨੂੰ ਗਾਉਂਦਾ ਹੈ (ਭਾਵ ਉਸ ਦੀ ਸਿਫਤ ਸਲਾਹ ਕਰਦਾ ਹੈ ਕਿਉਂਕਿ) ਸਤਿਗੁਰੂ ਨੇ (ਉਸ ਨੂੰ) ਪੂਰਾ (ਨਾਮ) ਉਪਦੇਸ਼ ਬਖਸ਼ ਦਿੱਤਾ ਹੈ ।੧।

(ਹੇ ਭਾਈ !) ਉਹ (ਪੁਰਸ਼) ਵਡੇਭਾਗਾਂ ਵਾਲਾ ਹੈ ਜਿਸ ਨੂੰ (ਪਰਮੇਸ਼ਰ ਦੇ) ਨਾਮ ਨਾਲ ਪਿਆਰ ਹੈ, ਉਸ ਦੇ ਸੰਗ ਨਾਲ (ਮਨੁੱਖ) ਸੰਸਾਰ ਸਾਗਰ ਤੋਂ ਪਾਰ ਹੋ ਜਾਂਦਾ ਹੈ ।੧।ਰਹਾਉ।

(ਹੇ ਭਾਈ !) ਓਹੀ ਗਿਆਨੀ ਪੁਰਸ਼ ਹੈ ਜਿਹੜਾ ਇਕ (ਵਾਹਿਗੁਰੂ ਨੂੰ) ਸਿਮਰਦਾ ਹੈ । ਉਹ ਧਨਵਾਨ ਪੁਰਸ਼ ਹੈ ਜਿਸ ਨੂੰ ਬਿਬੇਕ ਬੁਧੀ ਪ੍ਰਾਪਤ ਹੋਈ ਹੈ । ਓਹ (ਉਚੀ) ਕੁਲ ਵਾਲਾ (ਪੁਰਸ਼) ਹੈ ਜਿਹੜਾ (ਆਪਣੇ) ਮਾਲਕ ਨੂੰ ਸਿਮਰਦਾ ਹੈ । ਉਹ ਇਜ਼ਤ ਵਾਲਾ (ਮਨੁੱਖ) ਹੈ ਜਿਹੜਾ ਆਪਣੇ ਆਪ ਨੂੰ ਪਛਾਣਦਾ ਹੈ ।੨।

(ਉਸ ਜਗਿਆਸੂ ਨੇ) ਗੁਰੂ ਦੀ ਕਿਰਪਾ ਨਾਲ ਪਰਮਪਦ ਪ੍ਰਾਪਤ ਕਰ ਲਿਆ ਹੈ । (ਉਸਨੇ) ਦਿਨ ਰਾਤ ਗੋਪਾਲ ਦੇ ਗੁਣਾਂ ਨੂੰ ਸਿਮਰਿਆ । (ਉਸ ਦੇ ਸਾਰੇ ਮਾਇਆ ਦੇ) ਬੰਧਨ ਟੁਟ ਗਏ (ਅਤੇ) ਸਭ ਮਨਸਾ ਪੂਰੀ ਹੋ ਗਈ । (ਉਸ ਦੇ) ਹਿਰਦੇ ਵਿਚ ਹਰੀ ਦੇ ਚਰਨਾ ਦਾ ਵਾਸਾ ਹੋ ਗਿਆ ।੩।

ਨਾਨਕ ! ਆਖ ਕਿ ਜਿਸ (ਮਨੁੱਖ ਦੇ) ਪੂਰਨ ਭਾਗ ਹਨ, ਉਹ ਸੇਵਕ-ਜਨ ਹੀ ਪ੍ਰਭੂ ਦੀ ਸ਼ਰਨ ਆਇਆ ਹੈ। (ਉਹ) ਆਪ ਪਵਿੱਤਰ ਹੈ ਰਸਨਾਂ ਨਾਲ ਨਾਮ ਜਪ ਕੇ (ਪ੍ਰਭੂ ਨੂੰ) ਪਛਾਣ ਕੇ (ਉਸ ਨੇ ਹੋਰ) ਸਾਰੇ (ਜਗਿਆਸੂ) ਪਵਿੱਤਰ ਕਰ ਦਿੱਤੇ ਹਨ ।੪।੩੫।੪੮।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਦੀਆਂ ਰਹਾਉ ਵਾਲੀਆਂ ਪੰਕਤੀਆਂ ਹਨ:-

**ਸੋ ਵਡਭਾਗੀ ਜਿਸੁ ਨਾਮਿ ਪਿਆਰੁ ॥ ਤਿਸ ਕੈ ਸੰਗਿ ਤਰੈ ਸੰਸਾਰੁ ॥**

ਭਾਵ ਜਿਸ ਮਨੁਖ ਦਾ ਪਰਮੇਸ਼ਰ ਦੇ ਨਾਮ ਵਿਚ ਪਿਆਰ ਪੈ ਗਿਆ ਹੈ, ਉਹ ਬਹੁਤ ਵਡੇ ਭਾਗਾਂ ਵਾਲਾ ਹੈ । ਅਜਿਹੇ ਮਨੁੱਖ ਦਾ ਸੰਗ ਕਰਕੇ ਸੰਸਾਰ ਸਾਗਰ ਤੋਂ ਪਾਰ ਹੋ ਜਾਈਦਾ ਹੈ, ਇਹ ਪ੍ਰੇਰਨਾਤਮਿਕ ਬਚਨ ਹਨ ।

ਨਾਮ ਨਾਲ ਪਿਆਰ ਪਾਉਣ ਵਾਲੇ ਮਨੁੱਖ ਲਈ ਗਿਆਨ, ਧਿਆਨ, ਧਨ ਅਤੇ ਕੁਲ ਦਾ ਮਾਣ ਸਭ ਕੁਝ ਨਾਮ-ਸਿਮਰਨ ਹੀ ਹੈ।

ਜਿਸ ਮਨੁੱਖ ਦਾ ਮਨ ਤਨ ਨਿਰੰਕਾਰੀ ਚਰਨਾ ਦੇ ਪ੍ਰੇਮ ਵਿਚ ਰੰਗਿਆ ਗਿਆ ਹੈ ਉਸ ਦੀਆਂ ਸਾਰੀਆਂ ਆਸਾਂ ਪੂਰੀਆਂ ਹੋ ਗਈਆਂ ਹਨ। ਅਸਲੀ ਵਸਤੂ ਨਾਮ ਵਿਚ ਪਿਆਰ ਪਾਉਣਾ ਤੇ ਧਿਆਨ ਲਾਉਣਾ ਹੈ। ਗੁਰੂ ਦੀ ਕਿਰਪਾ ਨਾਲ ਜਦੋਂ ਹਿਰਦੇ ਵਿਚ ਨਾਮ ਦਾ ਨਿਵਾਸ ਹੋ ਜਾਂਦਾ ਹੈ, ਤਾਂ ਮਨੁੱਖ ਆਪਣੀ ਰਸਨਾ ਨਾਲ 'ਰਾਮ ਰਸਾਇਣੁ' ਚਖਦਾ ਹੈ:–

**ਤੇਰਾ ਜਨੁ ਰਾਮ ਰਸਾਇਣਿ ਮਾਤਾ॥**
**ਪ੍ਰੇਮ ਰਸਾ ਨਿਧਿ ਜਾ ਕਉ ਉਪਜੀ, ਛੋਡਿ ਨ ਕਤਹੂ ਜਾਤਾ ॥** [ਪੰਨਾ ਪ੩੨

ਸਿਧਾਂਤ ਇਹ ਹੈ ਕਿ ਜਿਸ ਨੂੰ ਪ੍ਰੇਮ-ਰਸ ਪ੍ਰਾਪਤ ਹੋ ਜਾਂਦਾ ਹੈ ਉਹ ਜਗਿਆਸੂ ਫਿਰ ਇਸ ਅੰਮ੍ਰਿਤ-ਰਸ ਨੂੰ ਛੱਡ ਨਹੀਂ ਸਕਦਾ:-

**ਜਾ ਕਉ ਰਸੁ ਹਰਿ ਰਸੁ ਹੈ ਆਇਓ ॥**
**ਸੋ ਅਨ ਰਸ ਨਾਹੀ ਲਪਟਾਇਓ ॥ ੨ ॥** [ਪੰਨਾ ੧੮੬

**ਭੈਰਉ ਮਹਲਾ ੫ ॥ ਨਾਮੁ ਲੈਤ ਕਿਛੁ ਬਿਘਨੁ ਨ ਲਾਗੈ ॥ ਨਾਮੁ ਸੁਣਤ ਜਮੁ ਦੂਰਹੁ ਭਾਗੈ॥ ਨਾਮ ਲੈਤ ਸਭ ਦੂਖਹ ਨਾਸੁ॥ ਨਾਮੁ ਜਪਤ ਹਰਿ ਚਰਣ ਨਿਵਾਸੁ॥੧॥ ਨਿਰਬਿਘਨ ਭਗਤਿ, ਭਜੁ ਹਰਿ ਹਰਿ ਨਾਉ॥ ਰਸਕਿ ਰਸਕਿ ਹਰਿ ਕੇ ਗੁਣ ਗਾਉ ॥੧॥ਰਹਾਉ॥ ਹਰਿ ਸਿਮਰਤ, ਕਿਛੁ ਚਾਖੁ ਨ ਜੋਹੈ॥ ਹਰਿ ਸਿਮਰਤ, ਦੈਤ ਦੇਉ ਨ ਪੋਹੈ॥ ਹਰਿ ਸਿਮਰਤ, ਮੋਹੁ ਮਾਨੁ ਨ ਬਧੈ॥ ਹਰਿ ਸਿਮਰਤ, ਗਰਭ ਜੋਨਿ ਨ ਰੁਧੈ॥੨॥ ਹਰਿ ਸਿਮਰਨ ਕੀ ਸਗਲੀ ਬੇਲਾ ॥ ਹਰਿ ਸਿਮਰਨੁ, ਬਹੁ ਮਾਹਿ ਇਕੇਲਾ ॥ ਜਾਤਿ ਅਜਾਤਿ ਜਪੈ ਜਨੁ ਕੋਇ ॥ ਜੋ ਜਾਪੈ ਤਿਸ ਕੀ ਗਤਿ ਹੋਇ ॥੩॥ ਹਰਿ ਕਾ ਨਾਮੁ ਜਪੀਐ ਸਾਧ ਸੰਗਿ ॥ ਹਰਿ ਕੇ ਨਾਮ ਕਾ ਪੂਰਨ ਰੰਗੁ ॥ ਨਾਨਕ ਕਉ ਪ੍ਰਭ ਕਿਰਪਾ ਧਾਰਿ ॥ ਸਾਸਿ ਸਾਸਿ ਹਰਿ ਦੇਹੁ ਚਿਤਾਰਿ ॥੪॥੩੬॥੪੯॥**

## ਉਚਾਰਨ ਸੇਧ

**ਬਿੰਦੀ ਸਹਿਤ :** ਦੂਰਹੁੰ, ਦੁਖਹੰ, ਨਾਉਂ, ਦੈਂਤ, ਮਾਹਿੰ, ਕਉਂ।

**ਪਦ ਅਰਥ :** ਨਾਮ ਲੈਤ-ਨਾਮ ਲੈਂਦਿਆਂ, ਸਿਮਰਦਿਆਂ । ਬਿਘਨੁ-ਰੁਕਾਵਟ । ਸੁਣਤ-ਸੁਣਦਿਆਂ। ਦੂਰਹੁ-ਦੂਰ ਤੋਂ। ਭਾਗੈ-ਭੱਜ ਜਾਂਦਾ ਹੈ। ਦੂਖਹ ਨਾਸ-ਦੁੱਖਾਂ ਦਾ ਨਾਸ਼ ਹੁੰਦਾ ਹੈ।੧।

ਨਿਰਬਿਘਨ ਭਗਤਿ-ਬਿਘਨ ਤੋਂ ਬਚਾਣ ਵਾਲੀ ਭਗਤੀ। ਭਜੁ-ਜਪੁ। ਰਸਕਿ ਰਸਕਿ-ਰੱਸ ਰੱਸ ਕੇ, ਸੁਆਦ ਨਾਲ।੧। ਰਹਾਉ।

ਚਾਖੁ-ਭੈੜੀ ਨਜ਼ਰ। ਸਿਮਰਤ-ਸਿਮਰਦਿਆਂ। ਨ ਜੋਹੈ-ਨਹੀਂ ਤੱਕ ਸਕਦੀ। ਦੈਤ-ਦੈਂਤ। ਦੇਉ-ਦੈਂਤਾਂ ਦਾ ਵੱਡਾ ਸਰਦਾਰ। ਨ ਜੋਹੈ-ਨਹੀਂ ਤੱਕ ਸਕਦੀ। ਨ ਪੋਹੈ-ਆਪਣਾ ਜ਼ੋਰ ਨਹੀਂ ਪਾ ਸਕਦਾ। ਨ ਬਧੈ-ਨਹੀਂ ਵਧਦਾ। ਰੁਧੈ-ਰੁਝਦਾ, ਫਸਦਾ ਹੈ।੨।

ਸਗਲੀ ਬੇਲਾ-ਹਰੇਕ ਘੜੀ, ਵੇਲਾ ਇਕੇਲਾ-ਕਲਿਆਂ। ਅਜਾਤ-ਨੀਵੀਂ ਜਾਤਿ ਦਾ। ਜਨੁ ਕੋਇ-ਕੋਈ ਜਨ। ਗਤਿ-ਉਚੀ ਆਤਮਿਕ ਅਵਸਥਾ।੩।

ਜਪੀਐ-ਜਪਣਾ ਚਾਹੀਦਾ ਹੈ। ਧਾਰਿ-ਕਰ। ਚਿਤਾਰਿ-ਚਿੰਤਨ ਕਰਨ ਵਾਲੀ (ਦਾਤਿ)।੪।

**ਅਰਥ :** (ਹੇ ਭਾਈ ! ਪਰਮੇਸ਼ਰ ਦਾ) ਨਾਮ ਸਿਮਰਦਿਆਂ(ਜੀਵਨ ਵਿਚ) ਰਤੀ ਭਰ ਵੀ ਵਿਘਨ ਨਹੀਂ ਲਗਦਾ । ਨਾਮ ਸੁਣਦਿਆਂ ਜਮਦੂਤ ਦੂਰੋਂ (ਵੇਖ ਕੇ ਹੀ) ਭਜ ਜਾਂਦਾ ਹੈ । ਨਾਮ ਜਪਦਿਆਂ ਸਭ ਦੁੱਖਾਂ ਦਾ ਨਾਸ਼ ਹੋ ਜਾਂਦਾ ਹੈ । ਨਾਮ ਜਪਦਿਆਂ ਹਰੀ ਦੇ ਚਰਨਾਂ ਵਿਚ ਨਿਵਾਸ ਹੋ ਜਾਂਦਾ ਹੈ ।੧।

(ਹੇ ਭਾਈ !) ਹਰੀ ਦਾ ਨਾਮ ਜਪ, (ਇਹ) ਬਿਘਨਾ ਤੋਂ ਬਚਾਣ ਵਾਲੀ (ਨਿਰੰਤਰ) ਭਗਤੀ ਹੈ । (ਤੂੰ) ਰੱਸ ਰੱਸ ਕੇ ਹਰੀ ਦੇ ਗੁਣ ਗਾਇਨ ਕਰ ।੧।ਰਹਾਉ।

(ਹੇ ਭਾਈ ! ਪਰਮੇਸ਼ਰ ਦਾ) ਨਾਮ ਸਿਮਰਦਿਆਂ ਭੈੜੀ ਨਜ਼ਰ ਨਹੀਂ ਲਗ ਸਕਦੀ । ਹਰੀ ਦਾ (ਨਾਮ) ਸਿਮਰਦਿਆਂ ਦੈਂਤ ਤੇ (ਵੱਡੇ) ਦੇਉ ਵੀ ਨਹੀ ਪੋਹ ਸਕਦੇ (ਭਾਵ ਮਾਇਆ ਅਤੇ ਕਾਮਾਦਿਕ ਵੈਰੀ ਨੇੜੇ ਨਹੀਂ ਆ ਸਕਦੇ) । ਹਰੀ ਦਾ (ਨਾਮ) ਸਿਮਰਦਿਆਂ ਮਾਣ ਤੇ ਮੋਹ ਨਹੀਂ ਵੱਧਦਾ । ਹਰੀ ਦਾ (ਨਾਮ) ਸਿਮਰਦਿਆਂ (ਮਨੁੱਖ) ਗਰਭ ਜੂਨੀ ਵਿਚ ਨਹੀਂ ਫਸਦਾ ।੨।

(ਹੇ ਭਾਈ !) ਹਰੀ ਦਾ (ਨਾਮ) ਸਿਮਰਨ ਦੀ ਸਾਰੀ ਵੇਲਾ ਹੈ (ਭਾਵ ਹਰੇਕ ਘੜੀ, ਹਰ ਵੇਲੇ ਸਿਮਰਨ ਹੋ ਸਕਦਾ ਹੈ) । ਹਰੀ (ਨਾਮ) ਦਾ ਸਿਮਰਨ ਬਹੁਤ (ਸੰਗਤਾਂ) ਵਿਚ ਅਤੇ ਕਲਿਆਂ (ਘਰ ਬੈਠ ਕੇ) ਵੀ ਹੋ ਸਕਦਾ ਹੈ। ਉਤਮ ਜਾਤਿ, ਜਾਂ ਨੀਵੀਂ ਜਾਤਿ ਵਿਚੋਂ, ਕੋਈ ਵੀ (ਸੇਵਕ) ਜਨ (ਨਾਮ) ਜਪ ਸਕਦਾ ਹੈ, (ਜੋ) ਸਿਮਰਦਾ ਹੈ, ਉਸ ਦੀ ਉਚੀ ਆਤਮਿਕ ਅਵਸਥਾ ਹੋ ਜਾਂਦੀ ਹੈ ।੩।

(ਹੇ ਭਾਈ !) ਹਰੀ ਦਾ ਨਾਮ (ਜੋ) ਸਧ ਸੰਗ ਵਿਚ (ਬੈਠ ਕੇ) ਜਪੀਏ (ਤਾਂ) ਹਰੀ ਦੇ ਨਾਮ ਦਾ (ਸੁਰਤਿ ਉੱਤੇ) ਪੂਰਾ ਰੰਗ ਚੜ੍ਹਦਾ ਹੈ (ਭਾਵ ਅਨੰਦ ਪ੍ਰਾਪਤ ਹੁੰਦਾ ਹੈ) । (ਹੁਣ ਬੇਨਤੀ ਕਰਦੇ ਹਨ ਕਿ) ਹੇ ਪ੍ਰਭੂ ਨਾਨਕ ਉਤੇ ਕਿਰਪਾ (ਦ੍ਰਿਸ਼ਟੀ) ਕਰੋ, ਹਰ ਸੁਆਸ ਨਾਲ ਹਰੀ (ਨਾਮ) ਦਾ ਚਿੰਤਨ ਬਖਸ਼ੋ ਜੀ ।੪।੩੬।੪੯।

## ਅਰਥ ਭੇਦ ਅਤੇ ਨਿਰਣੈ

### ੳ) ਹਰਿ ਸਿਮਰਤ ਮੋਹੁ ਮਾਨੁ ਨ ਬਧੈ ॥

ਵਖ ਵਖ ਅਰਥ :

੧. ਹਰੀ ਕੋ ਸਿਮਰਤੇ ਹੂਏ ਮੋਹ ਔ (ਮਾਨ) ਗਰਬ ਨਹੀਂ ਬੜਤਾ ਹੈ ਵ (ਬਧੈ) ਨਾਸ ਨਹੀਂ ਕਰ ਸਕਦਾ । [ਫ. ਸ.

੨. ਹਰੀ ਦਾ ਸਿਮਰਨ ਕਰਦਿਆਂ ਹੋਇਆ ਮੋਹ ਅਤੇ ਹੰਕਾਰ ਨਹੀਂ ਵਧਦਾ । [ਗਿ. ਬਿਸ਼ਨ ਸਿੰਘ

੩. ਬੰਨ੍ਹਦਾ [ਸ਼ਬਦਾਰਥ

੪. ਮਾਇਆ ਦਾ ਮੋਹ ਦੁਨੀਆਂ ਦੇ ਕੋਈ ਮਾਣ ਆਤਮ ਜੀਵਨ ਨੂੰ ਕੁਚਲ ਨਹੀਂ ਸਕਦਾ। [ਦਰਪਣ

੫. ਹਰੀ ਨਾਮ ਦੇ ਸਿਮਰਨ ਨਾਲ ਮੋਹ ਤੇ ਮਾਨ ਵਿਚ ਬਝਦਾ ਨਹੀਂ ਹੈ [ਸੰ. ਸ.

**ਨਿਰਣੈ** : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਸ਼ਬਦ ਦੀ ਵਰਤੋਂ ਹੇਠ ਲਿਖੀਆਂ ਪੰਕਤੀਆਂ ਵਿਚ ਮਿਲਦੀ ਹੈ:-

੧. **ਪ੍ਰੀਤਿ ਬਿਨਾ ਕੈਸੇ ਬਧੈ ਸਨੇਹੁ ॥** [ਪੰਨਾ ੩੨੧

੨. **ਖਿਸੈ ਜੋਬਨੁ ਬਧੈ ਜਰੂਆ, ਦਿਨ ਨਿਹਾਰੇ ਸੰਗਿ ਮੀਚੁ ॥** [ਪੰਨਾ ੪੫੮

ਗੁਰਬਾਣੀ ਵਿਚ ਇਹ ਸ਼ਬਦ ਕੇਵਲ ਤਿੰਨ ਵਾਰੀ ਆਇਆ ਹੈ। ਜਿਥੇ 'ਬਧੇ ' ਪਦ ਆਇਆ ਉਹ ਬੰਨ੍ਹਣ ਜਾਂ ਮਾਰਨ ਦੇ ਅਰਥ ਦੇਂਦਾ ਹੈ ਪਰ 'ਬਧੈ' ਪਦ ਵਧਦਾ ਦੇ ਅਰਥ ਵੀ ਦੇਂਦਾ ਹੈ। ਸੋ ਇਥੇ 'ਬੰਨ੍ਹਦਾ' ਜਾਂ 'ਕੁਚਲ ਨਹੀਂ ਸਕਦਾ' ਅਰਥ ਕਰਨੇ ਠੀਕ ਨਹੀਂ ਹਨ। ਹਰੀ ਦਾ ਨਾਮ ਸਿਮਰਦਿਆਂ ਮਾਨ ਤੇ ਮੋਹ ਵਧਦਾ ਨਹੀਂ, ਘਟਦਾ ਹੈ, ਤੇ ਸਹਿਜੇ ਸਹਿਜੇ ਇਸ ਦਾ ਅਭਾਵ ਹੋ ਜਾਂਦਾ ਹੈ।

ਹਾਂ, ਕਈ ਆਲੋਚਕ ਇਹ ਪ੍ਰਸ਼ਨ ਵੀ ਕਰ ਸਕਦੇ ਹਨ ਕੀ ਨਾਮ ਜਪਣ ਨਾਲ ਮਨੁੱਖ ਨਾਮ ਜਪਣ ਦਾ ਹੰਕਾਰ ਨਹੀਂ ਕਰਦਾ ਜਿਵੇਂ ਕਿ ਮੈਂ ਇਤਨੇ ਪਾਠ ਕੀਤੇ ਹਨ, ਮੈਂ ਇਤਨਾ ਜਪ ਤਪ ਕੀਤਾ ਹੈ? ਇਸਦਾ ਉਤਰ ਇਹ ਹੈ ਕਿ ਅਜਿਹਾ ਮਨੁੱਖ ਸਹੀ ਅਰਥਾਂ ਵਿਚ ਸਿਮਰਨ ਕਰਦਾ ਹੀ ਨਹੀਂ, ਉਹ ਕਰਮ ਕਾਂਡੀ ਹੀ ਹੁੰਦਾ ਹੈ। ਨਾਮ ਜਪਣ ਵਾਲੇ ਦੀ ਇਹ ਅਵਸਥਾ ਹੁੰਦੀ ਹੈ ਕਿ ਉਹ 'ਮਾਨ ਮੋਹ ਅਰੁ ਲੋਭੁ ਵਿਕਾਰਾ, ਬੀਉ ਚੀਤਿ ਨ ਘਾਲਿਓ' ਦਾ ਧਾਰਨੀ ਹੁੰਦਾ ਹੈ।

ਅ) **ਹਰਿ ਸਿਮਰਨ ਕੀ ਸਗਲੀ ਬੇਲਾ ॥**
**ਹਰਿ ਸਿਮਰਨੁ ਬਹੁ ਮਾਹਿ ਇਕੇਲਾ ॥**

ਵਖ ਵਖ ਅਰਥ :

੧. ਹਰੀ ਕੇ ਸਿਮਰਨ ਕੀ ਬੇਲਾ ਸਾਰੀ ਉਮਰ ਹੈ ਚਾਹੇ ਕਿਸੇ ਵੇਲੇ ਸਿਮਰਨ ਕਰੇ। ਹਰੀ ਕਾ ਸਿਮਰਨ ਜੀਵ ਕੋ ਬਹੁਤ ਬਿਘਨੋ ਸੇ ਰਖਣੇ ਕੋ ਵਾ ਬਹੁਤੇ ਸਾਧਨੋਂ ਮੇਂ ਸੇ ਇਕੇਲਾ ਹੀ ਕਲਯਾਣ ਕਰਨੇ ਕੇ ਸਮਰਥ ਹੈ। [ਫ.ਸ.

੨ ਹਰੀ ਦੇ ਸਿਮਰਨ ਲਈ (ਕੋਈ ਖਾਸ ਵੇਲਾ ਨਹੀਂ) ਸਾਰੇ ਵੇਲੇ ਹੀ ਚੰਗੇ ਹਨ। ਬੇਲਾ ਇਸਤ੍ਰੀ ਲਿੰਗ ਹੈ। [ਸ਼ਬਦਾਰਥ

੩. ਹੇ ਭਾਈ! (ਜਿਹੜਾ ਭੀ ਸਮਾ ਸਿਮਰਨ ਵਿਚ ਗੁਜ਼ਾਰਿਆ ਜਾਏ ਓਹੀ ਚੰਗਾ ਹੁੰਦਾ ਹੈ) ਹਰੇਕ ਸਮਾ ਸਿਮਰਨ ਵਾਸਤੇ ਢੁੱਕਵਾਂ ਹੈ, ਪਰ ਅਨੇਕਾਂ ਵਿਚੋਂ ਕੋਈ ਵਿਰਲਾ ਮਨੁੱਖ ਹੀ ਹਰਿ-ਨਾਮ ਦਾ ਸਿਮਰਨ ਕਰਦਾ ਹੈ। [ਦਰਪਣ

੪. ਸਾਰੀ ਉਮਰ ਹੀ ਨਾਮ ਸਿਮਰਨ ਦਾ ਵੇਲਾ ਹੈ। ਹਰੀ ਨਾਮ ਸਿਮਰਨ ਹੀ ਬਹੁਤਿਆਂ ਸ਼ਾਸਤਰਾਂ ਵਿਚ ਇਕੱਲਾ ਹੀ ਮੁਕਤੀ ਦੇਣ ਨੂੰ ਸਮਰਥ ਹੈ। ਅਥਵਾ ਬਹੁਤਿਆਂ ਵਿਚ ਵਸਦੇ ਹੋਏ ਨੂੰ ਇਕੱਲਾ ਨਿਰਲੇਪ ਕਰਨ ਵਾਲਾ ਹੈ। [ਸੰ. ਸ.

੫. ਹਰਿ ਸਿਮਰਨਿ ਕਰੇ ਜੋ ਸੋ ਬਹੁਤੇ ਸੰਸਾਰ ਵਿਖੇ ਰਹਤਾ ਭੀ ਹੈ ਤੋ ਭੀ ਇਕੇਲਾ ਹੀ ਅਸੰਗ ਹੀ ਰਹਤਾ ਹੈ। [ਪ੍ਰਿਯਾਇ- ਕ੍ਰਿਤ ਭਾ. ਸ਼ਾਮ ਸਿੰਘ ਜੀ

**ਨਿਰਣੈ :** ਪਹਿਲੀ ਪੰਕਤੀ ਦੇ ਅਰਥ ਬਿਲਕੁਲ ਸਪਸ਼ਟ ਹਨ ਪਰ ਦੂਜੀ ਪੰਕਤੀ ਦੇ ਅਰਥ ਆਪੋ ਆਪਣੀ ਬੁਧੀ ਅਨੁਸਾਰ ਜਾਂ, ਫਰੀਦਕੋਟੀ ਟੀਕੇ ਤੋਂ ਹੀ ਸੇਧ ਲਈ ਗਈ ਜਾਪਦੀ ਹੈ। ਗੁਰੂ ਪਾਤਿਸ਼ਾਹ ਜੀ ਦੀ ਬਾਣੀ ਅਗਾਹ ਬੋਧ ਹੈ ਪਰ ਜੋ ਦਾਸਰੇ ਦੀ ਸਾਧਾਰਨ ਜਿਹੀ ਬੁਧੀ ਵਿਚ ਇਸ ਪੰਕਤੀ ਦੇ ਅਰਥ ਅਨੁਭਵ ਹੋਏ ਹਨ, ਉਹ ਇਹ ਹਨ ਕਿ ਹਰੀ ਦਾ ਸਿਮਰਨ ਬਹੁਤਿਆਂ ਵਿਚ (ਭਾਵ ਸਾਧਸੰਗਤ ਵਿਚ ਅਤੇ) ਇਕੱਲਾ, ਕਲਿਆਂ ਵੀ ਹੋ ਸਕਦਾ ਹੈ। ਇਹ ਗਲ ਅਗਲੀਆਂ ਪੰਕਤੀਆਂ ਤੋਂ ਉਘੜਦੀ ਹੈ, ਜਿਵੇਂ 'ਜਾਤਿ' ਅਤੇ 'ਅਜਾਤਿ' ਹੈ, ਤਿਵੇਂ 'ਬਹੁ ਮਾਹਿ' ਜਾਂ 'ਕਲਿਆਂ ਸਮਾਧ ਅਸਥਿਤ ਹੋਵੇ' ਹੈ। ਇਥੇ ਕੋਈ ਪਾਬੰਦੀ ਨਹੀਂ ਜਿਵੇਂ ਕਿ ਪੁਰਾਤਨ ਸਮੇਂ ਵਿਚ ਪੰਡਿਤ ਲੋਕ ਸ਼ੂਦਰਾਂ ਨੂੰ ਮੰਦਰਾਂ ਵਿਚ ਨਹੀਂ ਸਨ ਜਾਣ ਦਿੰਦੇ, ਅਤੇ ਨਾ ਹੀ 'ਨਾਮ' ਜਪਣ ਦਿੰਦੇ ਸਨ, ਸਗੋਂ ਉਨ੍ਹਾਂ ਦੇ ਕੰਨਾ ਵਿਚ ਸਿਕੇ ਢਾਲ ਕੇ ਪਾਏ ਜਾਂਦੇ ਸਨ।

## ਸਾਰੰਸ਼ ਅਤੇ ਸਿਧਾਂਤ

ਪੌਰਾਣਿਕ ਗ੍ਰੰਥਾਂ ਵਿਚ ਨੌਂ ਪ੍ਰਕਾਰ ਦੀ ਭਗਤੀ ਲਿਖੀ ਹੈ ਪਰ ਗੁਰੂ ਸਾਹਿਬ ਜਿਸ ਭਗਤੀ ਦਾ ਜ਼ਿਕਰ ਕਰ ਰਹੇ ਹਨ ਉਹ 'ਨਿਰਬਿਘਨ ਭਗਤਿ' ਹੈ। ਇਹ ਭਗਤੀ ਸਭ ਨਾਲੋਂ ਉਤਮ ਤੇ ਨਿਰਾਲੀ ਹੈ। ਨਿਰਬਿਘਨ ਤੋਂ ਭਾਵ ਹੈ ਵਿਘਨਾਂ ਤੋਂ ਰਹਿਤ ਕਰਨ ਵਾਲੀ ਇਕ ਰਸ ਜੀਵਨ ਦੇਣ ਵਾਲੀ ਭਗਤੀ।

ਇਸ ਸ਼ਬਦ ਵਿਚ ਨਾਮ ਜਪਣ ਦੀਆਂ ਬਰਕਤਾਂ ਦਾ ਵਿਸਥਾਰ ਸਹਿਤ ਉਲੇਖ ਕੀਤਾ ਗਿਆ ਹੈ। ਪ੍ਰੇਮਾ-ਭਗਤੀ ਤੇ ਕੋਈ ਪ੍ਰਤੀਬੰਧ ਨਹੀਂ ਕਿ ਸਿਮਰਨ ਸੰਗਤ ਵਿਚ ਕੀਤਾ ਜਾਏ ਜਾਂ ਕਲਿਆਂ ਹੋਵੇ। ਉਚੀ ਨੀਵੀਂ ਜ਼ਾਤ ਵਾਲਾ ਹਰ ਕੋਈ ਭਗਤੀ ਕਰ ਸਕਦਾ ਹੈ। ਇਥੇ ਵਿਸ਼ਾਲਤਾ ਹੈ 'ਜਾਤਿ ਅਜਾਤਿ ਜਪੈ ਜਨੁ ਕੋਇ ॥ ਜੋ ਜਾਪੈ ਤਿਸ ਕੀ ਗਤਿ ਹੋਇ'॥ ਸਿਧਾਂਤ ਤਾਂ ਨਾਮ ਜਪਣ ਦਾ ਹੈ, ਭਾਵੇਂ ਕੋਈ ਕਿਸ ਤਰ੍ਹਾਂ ਜਪੇ ਪਰ ਗੁਰਮਤਿ ਮਰਯਾਦਾ ਦਾ ਧਾਰਨੀ ਹੋਣਾ ਜ਼ਰੂਰੀ ਹੈ।

ਨਾਮ ਜਪਣ ਨਾਲ ਦੁਖਾਂ ਪਾਪਾਂ ਦਾ ਨਾਸ਼ ਹੋ ਜਾਂਦਾ ਹੈ। ਨਾਮ ਜਪਣ ਤੇ ਭਗਤੀ ਕਰਨ ਲਈ ਕੋਈ ਖਾਸ ਵੇਲਾ ਨਹੀਂ ਹੈ। ਜਦੋਂ ਵੀ ਕੋਈ ਨਾਮ ਜਪੇ ਚੰਗਾ ਹੈ ਪਰ ਸਾਧ ਸੰਗਤ ਰਾਹੀਂ ਅੰਮ੍ਰਿਤ ਵੇਲੇ ਨਾਮ ਜਪਣ ਦਾ ਅਸਰ ਛੇਤੀ ਤੇ ਵਧੇਰੇ ਹੁੰਦਾ ਹੈ। ਸਿਰੀ ਰਾਗ ਵਿਚ ਗੁਰੂ ਜੀ ਦੇ ਬਚਨ ਹਨ 'ਜੇ ਵੇਲਾ ਵਖਤੁ ਵੀਚਾਰੀਐ ਤਾਂ ਕਿਤੁ ਵੇਲਾ ਭਗਤਿ ਹੋਇ ॥ ਅਨਦਿਨੁ ਨਾਮੇ ਰਤਿਆ ਸਚੇ ਸਚੀ ਸੋਇ ॥ ਇਕੁ ਤਿਲੁ ਪਿਆਰਾ ਵਿਸਰੈ ਭਗਤਿ ਕਿਨੇਹੀ ਹੋਇ ॥ ਮਨੁ ਤਨੁ ਸੀਤਲੁ ਸਾਚ ਸਿਉ, ਸਾਸ ਨ ਬਿਰਥਾ ਕੋਇ' (ਪੰ. ੩੫)। ਇਹ ਅਤਿ ਉਚੀ ਅਵਸਥਾ ਦੀ ਕ੍ਰਿਆ ਹੈ।

ਸੋ, ਹਰੇਕ ਸਿਖ ਨੂੰ ਗੁਰ-ਪਰਮੇਸ਼ਰ ਜੀ ਦੇ ਚਰਨਾ ਵਿਚ ਬੇਨਤੀ ਕਰਨੀ ਚਾਹੀਦੀ ਹੈ :

**ਨਾਨਕ ਕਉ ਪ੍ਰਭ ਕਿਰਪਾ ਧਾਰਿ ॥ ਸਾਸਿ ਸਾਸਿ ਹਰਿ ਦੇਹੁ ਚਿਤਾਰਿ ॥**

**ਭੈਰਉ ਮਹਲਾ ੫ ॥ ਆਪੇ ਸਾਸਤ੍ਰੁ, ਆਪੇ ਬੇਦੁ ॥ ਆਪੇ ਘਟਿ ਘਟਿ ਜਾਣੈ ਭੇਦੁ ॥ ਜੋਤਿ ਸਰੂਪ ਜਾ ਕੀ ਸਭ ਵਥੁ ॥ ਕਰਣ ਕਾਰਣ ਪੂਰਨ ਸਮਰਥੁ ॥੧॥ ਪ੍ਰਭ**

ਕੀ ਓਟ ਗਹਹੁ, ਮਨ ਮੇਰੇ ॥ ਚਰਨ ਕਮਲ ਗੁਰਮੁਖਿ ਆਰਾਧਹੁ, ਦੁਸਮਨ ਦੂਖੁ ਨ ਆਵੈ ਨੇਰੇ ॥੧॥ਰਹਾਉ॥ ਆਪੇ ਵਣੁ ਤ੍ਰਿਣੁ ਤ੍ਰਿਭਵਣ ਸਾਰੁ ॥ ਜਾ ਕੈ ਸੂਤਿ ਪਰੋਇਆ ਸੰਸਾਰੁ ॥ ਆਪੇ ਸਿਵ ਸਕਤੀ ਸੰਜੋਗੀ ॥ ਆਪਿ ਨਿਰਬਾਣੀ,ਆਪੇ ਭੋਗੀ ॥੨॥ ਜਤ ਕਤ ਪੇਖਉ, ਤਤ ਤਤ ਸੋਇ ॥ ਤਿਸੁ ਬਿਨੁ, ਦੂਜਾ ਨਾਹੀ ਕੋਇ ॥ ਸਾਗਰੁ ਤਰੀਐ ਨਾਮ ਕੈ ਰੰਗਿ ॥ ਗੁਣ ਗਾਵੈ ਨਾਨਕੁ ਸਾਧ ਸੰਗਿ ॥੩॥ ਮੁਕਤਿ ਭੁਗਤਿ ਜੁਗਤਿ ਵਸਿ ਜਾ ਕੈ ॥ ਊਣਾ ਨਾਹੀ ਕਿਛੁ ਜਨ ਤਾ ਕੈ ॥ ਕਰਿ ਕਿਰਪਾ, ਜਿਸੁ ਹੋਇ ਸੁਪ੍ਰਸੰਨ ॥ ਨਾਨਕ ਦਾਸ ਸੇਈ ਜਨ ਧੰਨ ॥੪॥੩੭॥੫੦॥

## ਉਚਾਰਨ ਸੇਧ

**ਬਿੰਦੀ ਸਹਿਤ** : ਪੇਖਉਂ, ਨਾਹੀਂ। **ਫੁਟਕਲ** : ਸ਼ਿਵ, ਸ਼ਕਤੀ।

**ਪਦ ਅਰਥ** : ਆਪੇ-(ਪ੍ਰਭੂ) ਆਪ ਹੀ। ਸਾਸਤੁ-ਸ਼ਾਸਤ੍ਰ। ਬੇਦੁ-ਵੇਦ। ਘਟਿ ਘਟਿ-ਹਰੇਕ ਸਰੀਰ ਵਿਚ। ਭੇਦੁ-ਰਾਜ਼। ਜੋਤਿ ਸਰੂਪ-ਇਕ ਰਸ ਚਾਨਣ ਦੇਣ ਵਾਲੀ ਵਿਆਪਕ ਲੋਅ। ਜਾ ਕੀ-ਜਿਸ (ਪਰਮਾਤਮਾ) ਦੀ। ਸਭ ਵਥੁ-ਸਾਰੀ। ਵਸਤੂ। ਕਰਣ ਕਾਰਣ-ਸ੍ਰਿਸ਼ਟੀ ਦਾ ਮੂਲ। ਪੂਰਨ-ਵਿਆਪਕ। ਸਮਰਥੁ-ਸ਼ਕਤੀਮਾਨ।੧। ਗਹਹੁ-ਪਕੜੋ। ਗੁਰਮੁਖਿ-ਗੁਰੂ ਦੀ ਰਾਹੀਂ। ਆਰਾਧਹੁ-ਸਿਮਰੋ। ਨੇਰੈ-ਨੇੜੇ।੧।ਰਹਾਉ।

ਵਣੁ-ਬਨ, ਜੰਗਲ। ਤ੍ਰਿਣ-ਘਾਹ ਦਾ ਤੀਲਾ ਭਾਵ ਬਨਸਪਤੀ। ਸਾਰੁ-ਨਿਚੋੜ,ਤੱਤ। ਜਾ ਕੈ ਸੂਤਿ-ਜਿਸਦੇ (ਹੁਕਮ ਰੂਪੀ) ਸੂਤਰ ਵਿਚ। ਪਰੋਇਆ-ਪਰੋਤਾ ਹੋਇਆ ਹੈ। ਸਿਵ-ਜੀਵਾਤਮਾ। ਸ਼ਕਤੀ-ਮਾਇਆ, ਪ੍ਰਕ੍ਰਿਤੀ। ਸੰਜੋਗੀ-ਜੋੜਨ ਵਾਲਾ। ਨਿਰਬਾਣੀ-ਵਾਸ਼ਨਾ ਤੋਂ ਰਹਿਤ, ਨਿਰਲੇਪ। ਭੋਗੀ-ਭੋਗਣ ਵਾਲਾ।੨।

ਜਤ ਕਤ-ਜਿਥੇ ਕਿਥੇ। ਪੇਖਉ-ਮੈਂ ਵੇਖਦਾ ਹਾਂ। ਤਤ ਤਤ-ਉਥੇ ਉਥੇ। ਸੋਇ-ਉਹ (ਪ੍ਰਭੂ)। ਸਾਗਰੁ-ਸਮੁੰਦਰ (ਭਾਵ ਸੰਸਾਰ)। ਰੰਗਿ-ਪ੍ਰੇਮ ਨਾਲ।੩।

ਮੁਕਤਿ-(ਹਉਮੈ ਤੋਂ) ਮੁਕਤੀ, ਖ਼ਲਾਸੀ। ਭੁਗਤਿ-ਭੋਜਨ। ਜੁਗਤ-(ਜੀਵਨ) ਜੁਗਤੀ। ਵਸਿ-ਵਸ ਵਿਚ। ਊਣਾ-ਕਮੀ। ਤਾ ਕੈ-ਉਸ (ਪ੍ਰਭੂ) ਦੇ (ਘਰ ਵਿਚ) ਸੁਪ੍ਰਸੰਨ-ਚੰਗੀ ਤਰ੍ਹਾਂ ਖੁਸ਼। ਸੇਈ ਜਨ-ਓਹੀ (ਸੇਵਕ) ਜਨ। ਧੰਨ-ਧੰਨਤਾ ਯੋਗ, ਵਡਭਾਗੀ।੪।

**ਅਰਥ** : (ਹੇ ਮੇਰੇ ਮਨ! ਪ੍ਰਭੂ) ਆਪ ਹੀ ਸਾਸਤ੍ਰ ਰੂਪ ਹੈ (ਆਪ ਹੀ) ਵੇਦ ਰੂਪ ਹੈ। (ਪ੍ਰਭੂ) ਆਪ ਹੀ ਹਰੇਕ ਹਿਰਦੇ ਦਾ ਰਾਜ਼ ਜਾਣਦਾ ਹੈ। ਜਿਸ (ਪ੍ਰਭੂ) ਦੀ ਸਾਰੀ ਵਸਤੂ (ਰਚੀ ਹੋਈ ਹੈ, ਉਹ ਸਾਰੀ) ਜੋਤਿ ਸਰੂਪ ਦਾ (ਅਦਭੁਤ ਕ੍ਰਿਸ਼ਮਾ) ਹੈ। (ਪ੍ਰਭੂ) ਸਾਰੇ ਜਗਤ ਦਾ ਮੂਲ (ਸਭ ਥਾਵਾਂ ਉਤੇ) ਵਿਆਪਕ (ਅਤੇ ਸਰਬ ਕਲਾ) ਸਮਰਥ ਹੈ।੧।

ਹੇ ਮੇਰੇ ਮਨ! (ਤੂੰ) ਉਸ ਪ੍ਰਭੂ ਦੀ ਟੇਕ ਪਕੜ। ਗੁਰੂ ਦੀ ਰਾਹੀਂ (ਪ੍ਰਭੂ ਦੇ) ਸੋਹਣੇ ਚਰਨਾ ਨੂੰ ਸਿਮਰ (ਜਿਸ ਦੀ ਬਰਕਤ ਨਾਲ ਕੋਈ) ਦੁਸ਼ਮਨ ਤੇ ਦੁਖ ਨੇੜੇ ਨਹੀਂ ਆ ਸਕਦਾ।੧। ਰਹਾਉ।

ਜਿਸ (ਪ੍ਰਭੂ) ਦੇ (ਹੁਕਮ ਰੂਪੀ) ਸੂਤਰ ਵਿਚ ਸਾਰਾ ਸੰਸਾਰ ਪ੍ਰੋਤਾ ਹੋਇਆ ਹੈ, (ਉਹ) ਆਪ ਹੀ ਜੰਗਲ ਰੂਪ, ਬਨਸਪਤੀ ਰੂਪ ਹੈ (ਅਤੇ) ਤਿੰਨਾ ਭਵਣਾਂ ਦੇ (ਜੀਆਂ ਦੀ) ਸੰਭਾਲ ਕਰ ਰਿਹਾ ਹੈ। (ਪ੍ਰਭੂ) ਆਪ ਹੀ ਸ਼ਿਵ (ਜੀਵਾਤਮਾ ਅਤੇ) ਸ਼ਕਤੀ (ਭਾਵ ਪ੍ਰਕ੍ਰਿਤੀ ਨੂੰ) ਭੋਗਣ ਵਾਲਾ ਹੈ ।੨।

(ਹੇ ਭਾਈ !) ਮੈਂ ਜਿਥੇ ਕਿਥੇ ਵੇਖਦਾ ਹਾਂ, ਉਥੇ ਹੀ ਉਹ (ਪ੍ਰਭੂ ਮੌਜੂਦ ਹੈ)। ਉਸ ਤੋਂ ਬਿਨਾ (ਹੋਰ) ਦੂਜਾ ਕੋਈ ਨਹੀਂ ਹੈ। (ਹੇ ਭਾਈ! ਜੋ) ਨਾਮ ਦੇ ਰੰਗ (ਪ੍ਰੇਮ) ਵਿਚ ਸੰਸਾਰ ਸਮੁੰਦਰ ਤੋਂ ਪਾਰ ਪੈ ਸਕੀਦਾ ਹੈ, (ਇਸ ਲਈ) ਨਾਨਕ ਸਾਧ ਸੰਗਤ ਵਿਚ (ਬੈਠ ਕੇ ਪ੍ਰਭੂ ਦੇ) ਗੁਣ ਗਾਉਂਦਾ ਹੈ ।੩।

(ਹੇ ਭਾਈ !) ਜਿਸ (ਪ੍ਰਭੂ ਦੇ) ਵਸ ਵਿਚ (ਜੀਵ ਦੀ) ਮੁਕਤੀ, (ਉਨ੍ਹਾਂ ਦੇ ਖਾਣ ਪੀਣ ਲਈ) ਭੋਜਨ (ਅਤੇ ਜੀਵਨ ਮਰਯਾਦਾ ਦੀ) ਜੁਗਤੀ ਹੈ, ਉਸ (ਪ੍ਰਭੂ) ਦੇ (ਘਰ ਵਿਚ) ਕਿਸੇ (ਵਸਤੂ ਦੀ) ਕਮੀ ਨਹੀਂ ਹੈ। ਜਿਸ ਜਿਸ (ਮਨੁੱਖ ਉਤੇ ਪ੍ਰਭੂ ਆਪਣੀ ਕਿਰਪਾ ਦ੍ਰਿਸ਼ਟੀ ਕਰਕੇ) ਚੰਗੀ ਤਰ੍ਹਾਂ ਪ੍ਰਸੰਨ ਹੁੰਦਾ ਹੈ, ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਓਹ (ਸਮੂਹ) ਸੇਵਕ-ਜਨ ਧੰਨਤਾ ਯੋਗ ਹਨ ।੪।੩।੭।੫੦।

## ਸਾਰੰਸ਼ ਅਤੇ ਸਿਧਾਂਤ

ਪਰਮੇਸ਼ਰ ਦੇ ਚਰਨਾ ਵਿਚ ਧਿਆਨ ਧਰਿਆਂ ਵੇਦਾਂ ਸ਼ਾਸਤਰਾਂ ਦਾ ਵਾਚਣਾ ਸੁਤੇ ਹੀ ਆ ਜਾਂਦਾ ਹੈ। ਸਾਰੀਆਂ ਰੂਪ ਵਾਲੀਆਂ ਚੀਜ਼ਾਂ ਦਾ ਮਾਲਕ ਹਰੀ ਆਪ ਹੈ, ਪ੍ਰਕਾਸ਼-ਰੂਪ ਹੈ, ਉਸ ਦਾ ਕੋਈ ਨਿਸ਼ਚਿਤ ਸਰੂਪ ਨਹੀਂ ਹੈ। ਸੋ, ਅਜਿਹੇ ਪਰਮੇਸ਼ਰ ਦੀ ਓਟ ਲੈਣੀ ਚਾਹੀਦੀ ਹੈ ਜਿਸ ਨਾਲ ਕਿਸੇ ਪ੍ਰਕਾਰ ਦਾ ਦੁਖ ਤੇ ਦੁਸ਼ਮਨ ਨੇੜੇ ਨਹੀਂ ਆਉਂਦਾ।

ਸੰਸਾਰ-ਸਾਗਰ ਨਾਮ ਦੇ ਪਿਆਰ ਵਿਚ ਹੀ ਤਰਿਆ ਜਾਂਦਾ ਹੈ। ਇਸ ਲਈ ਸਾਧ ਸੰਗਤ ਵਿਚ ਜਿਹੜਾ ਮਨੁੱਖ ਪਰਮੇਸ਼ਰ ਦੇ ਗੁਣ ਗਾਂਦਾ ਹੈ, ਉਹ ਸੰਸਾਰ ਸਮੁੰਦਰ ਤੋਂ ਤਰ ਜਾਂਦਾ ਹੈ।

ਮੁਕਤੀ, ਭੁਗਤੀ ਤੇ ਜੁਗਤੀ ਜੀਵਨ ਦੇ ਤਿੰਨ ਵੱਡੇ ਮਨੋਰਥ ਹਨ, ਇਹ ਸਾਰੇ ਹਰੀ ਦੇ ਵਸ ਵਿਚ ਹਨ। ਇਹਨਾਂ ਦੀ ਪਰਾਪਤੀ ਦਾ ਸੋਮਾ ਨਾਮ-ਸਿਮਰਨ ਹੈ ਜਿਸ ਨੂੰ ਪਰਮੇਸ਼ਰ ਪ੍ਰਸੰਨ ਹੋ ਕੇ ਨਾਮ-ਸਿਮਰਨ ਦੀ ਦਾਤਿ ਬਖਸ਼ ਦੇਂਦਾ ਹੈ ਓਹ ਸੇਵਕ ਜਨ ਨਾਮ ਦਾ ਰੰਗ ਮਾਣਦਾ ਹੈ ਅਤੇ ਓਹ ਧੰਨਤਾ ਯੋਗ ਹੈ।

**ਭੈਰਉ ਮਹਲਾ ੫ ॥ ਭਗਤਾ ਮਨਿ ਆਨੰਦੁ ਗੋਬਿੰਦ ॥ ਅਸਥਿਤਿ ਭਏ, ਬਿਨਸੀ ਸਭ ਚਿੰਦ ॥ ਭੈ ਭ੍ਰਮ ਬਿਨਸਿ ਗਏ, ਖਿਨ ਮਾਹਿ ॥ ਪਾਰਬ੍ਰਹਮੁ, ਵਸਿਆ ਮਨਿ ਆਇ ॥੧॥ ਰਾਮ ਰਾਮ ਸੰਤ ਸਦਾ ਸਹਾਇ ॥ ਘਰਿ ਬਾਹਰਿ ਨਾਲੇ ਪਰਮੇਸਰੁ, ਰਵਿ ਰਹਿਆ ਪੂਰਨ ਸਭ ਠਾਇ ॥੧॥ ਰਹਾਉ ॥ ਧਨੁ ਮਾਲੁ ਜੋਬਨੁ ਜੁਗਤਿ ਗੋਪਾਲ ॥ ਜੀਅ ਪ੍ਰਾਣ ਨਿਤ ਸੁਖ ਪ੍ਰਤਿਪਾਲ ॥ ਅਪਨੇ ਦਾਸ ਕਉ ਦੇ ਰਾਖੇ ਹਾਥ ॥ ਨਿਮਖ ਨ ਛੋਡੈ, ਸਦ ਹੀ ਸਾਥ ॥੨॥ ਹਰਿ ਸਾ ਪ੍ਰੀਤਮੁ, ਅਵਰੁ ਨ ਕੋਇ ॥ ਸਾਰਿ ਸਮ੍ਹਾਲੇ ਸਾਚਾ ਸੋਇ ॥ ਮਾਤ ਪਿਤਾ ਸੁਤ ਬੰਧੁ ਨਰਾਇਣੁ ॥ ਆਦਿ ਜੁਗਾਦਿ, ਭਗਤ ਗੁਣ ਗਾਇਣੁ**

**॥੩॥ ਤਿਸ ਕੀ ਧਰ, ਪ੍ਰਭ ਕਾ ਮਨਿ ਜੋਰੁ ॥ ਏਕ ਬਿਨਾ ਦੂਜਾ ਨਹੀਂ ਹੋਰੁ ॥ ਨਾਨਕ ਕੈ ਮਨਿ ਇਹੁ ਪੁਰਖਾਰਥੁ ॥ ਪ੍ਰਭੂ ਹਮਾਰਾ ਸਾਰੇ ਸੁਆਰਥੁ ॥੪॥੩੮॥੫੧॥**

## ਉਚਾਰਨ ਸੇਧ

**ਬਿੰਦੀ ਸਹਿਤ** : ਭਗਤਾਂ, ਮਾਹਿੰ, ਨਾਹਿੰ, ਨਹੀਂ।

**ਪਦ ਅਰਥ** : ਭਗਤਾ ਮਨਿ-ਭਗਤਾ ਦੇ ਮਨ ਵਿਚ। ਗੋਬਿੰਦ-ਗੋਬਿੰਦ ਦੇ। ਅਸਥਿਤ ਭਏ-ਟਿਕ ਗਏ, ਅਡੋਲ ਹੋ ਗਏ। ਬਿਨਸੀ-ਨਾਸ਼ ਹੋ ਗਈ। ਚਿੰਦ-ਚਿੰਤਾ। ਭੈ-(ਸਾਰੇ) ਡਰ। ਆਇ-ਆ ਕੇ।੧।

ਸਹਾਇ-ਸਹਾਈ, ਮਦਦਗਾਰ। ਰਵਿ ਰਹਿਆ-ਵਿਆਪਕ ਹੋ ਰਿਹਾ ਹੈ। ਸਭ ਠਾਇ-ਸਭ ਥਾਵਾਂ ਤੇ।੧। ਰਹਾਉ।

ਜੋਬਨੁ-ਜੁਆਨੀ। ਜੁਗਤਿ-(ਜੀਵਨ) ਜੁਗਤੀ। ਜੀਅ-ਜਿੰਦ। ਪ੍ਰਤਿਪਾਲ-ਪਾਲਨਾ ਕਰਦਾ ਹੈ। ਦੇ ਰਾਖੈ ਹਾਥ-ਹੱਥ ਦੇ ਕੇ ਰਖਦਾ, (ਬਚਾਂਦਾ) ਹੈ। ਸਾਥ-ਸੰਗ।੨।

ਹਰਿ ਸਾ-ਹਰੀ ਵਰਗਾ। ਪ੍ਰੀਤਮੁ-ਪਿਆਰ ਕਰਨ ਵਾਲਾ। ਅਵਰੁ-ਹੋਰ। ਸਾਰਿ ਸਮਾਲੇ-ਸਾਰ ਲੈ ਕੇ ਸੰਭਾਲਦਾ ਹੈ। ਸੁਤੁ-ਪੁੱਤਰ। ਬੰਧੁ-ਸਨਬੰਧੀ। ਨਰਾਇਣੁ-ਪਰਮਾਤਮਾ।੩।

ਤਿਸ ਕੀ-(ਉਸ) ਪ੍ਰਭੂ ਦੀ। ਧਰ-ਟੇਕ, ਆਸਰਾ। ਮਨਿ-ਮਨ ਵਿਚ। ਜੋਰੁ-ਬਲ, ਸਹਾਰਾ। ਪੁਰਖਾਰਥੁ-ਪ੍ਰਯੋਜਨ। ਸਾਰੇ-ਸਵਾਰਦਾ ਹੈ। ਸੁਆਰਥੁ-ਹਰੇਕ ਕੰਮ।੪।

**ਅਰਥ** : (ਹੇ ਭਾਈ !) ਗੋਬਿੰਦ ਦੇ ਭਗਤਾਂ ਦੇ ਮਨ ਵਿਚ (ਸਦਾ) ਅਨੰਦ ਰਹਿੰਦਾ ਹੈ। (ਓਹ ਨਾਮ ਦੇ ਰੰਗ ਵਿਚ) ਟਿਕੇ ਹੋਏ ਹਨ। (ਉਨ੍ਹਾਂ ਦੀ) ਸਾਰੀ ਚਿੰਤਾ ਨਾਸ਼ ਹੋ ਗਈ ਹੈ। (ਹੇ ਭਾਈ ! ਉਨ੍ਹਾਂ ਭਗਤ ਜਨਾਂ ਦੇ ਸਾਰੇ) ਭੈ ਤੇ ਭਰਮ ਇਕ ਖਿਨ ਵਿਚ ਨਾਸ਼ ਹੋ ਗਏ ਹਨ (ਕਿਉਂਕਿ) ਪਰਮੇਸ਼ਰ (ਉਨ੍ਹਾਂ ਦੇ ਮਨ ਵਿਚ ਆ ਕੇ ਵਸ ਗਿਆ ਹੈ।੧।

(ਹੇ ਭਾਈ ! ਉਹ) ਵਿਆਪਕ ਰਾਮ ਸੰਤਾਂ ਦਾ ਸਦਾ ਸਹਾਈ (ਮਦਦਗਾਰ) ਹੈ। ਘਰ ਵਿਚ, ਘਰੋਂ ਬਾਹਰ, ਪਰਮੇਸ਼ਰ (ਸਦਾ ਹੀ ਉਨ੍ਹਾਂ ਦੇ) ਨਾਲ ਹੈ। (ਉਹ ਪਰਮੇਸ਼ਰ) ਸਭ ਥਾਵਾਂ ਤੇ ਵਿਆਪਕ ਹੋ ਰਿਹਾ ਹੈ।੧। ਰਹਾਉ।

(ਹੇ ਭਾਈ !) ਗੋਪਾਲ (ਜਿਹੜਾ) ਧਨ, ਮਾਲ-ਪਦਾਰਥ ਅਤੇ ਜੁਆਨੀ (ਬਖਸ਼ਣ ਵਾਲਾ ਹੈ) ਜੀਆਂ ਦੇ ਪ੍ਰਾਣਾਂ ਨੂੰ ਨਿਤ ਸੁਖ ਦੇ ਕੇ ਪਾਲਨਾ ਕਰਦਾ ਹੈ। (ਉਹ) ਆਪਣੇ ਦਾਸਾਂ ਨੂੰ ਹਥ ਦੇ ਕੇ ਰਖਦਾ ਹੈ, ਛਿਨ ਮਾਤ੍ਰ ਭੀ (ਉਨ੍ਹਾਂ ਨੂੰ ਕਲਾ) ਨਹੀਂ ਛਡਦਾ, ਸਦਾ ਹੀ (ਉਨ੍ਹਾਂ ਦੇ) ਨਾਲ (ਰਹਿੰਦਾ ਹੈ)।੨।

(ਹੇ ਭਾਈ ! ਉਸ) ਹਰੀ ਵਰਗਾ ਪਿਆਰ ਕਰਨ ਵਾਲਾ (ਸੰਸਾਰ ਵਿਚ) ਹੋਰ ਕੋਈ ਨਹੀਂ ਹੈ ਉਹ ਸੱਚਾ (ਪਰਮੇਸ਼ਰ ਸਭ ਦੀ) ਸਾਰ ਲੈ ਕੇ ਸੰਭਾਲਨਾ ਕਰਦਾ ਹੈ। (ਉਹ) ਪਰਮਾਤਮਾ (ਸਭ ਦਾ) ਮਾਤਾ ਪਿਤਾ, ਪੁੱਤਰ ਅਤੇ ਸਨਬੰਧੀ ਹੈ। ਆਦਿ (ਜਗਤ ਦੇ ਆਰੰਭ ਤੋਂ ਅਤੇ) ਜੁਗਾਦਿ (ਜੁੱਗਾਂ ਦੇ ਆਰੰਭ ਤੋਂ) ਭਗਤ (ਉਸ ਪ੍ਰਭੂ ਦੇ) ਗੁਣ ਗਾਉਂਦੇ ਹਨ।੩।

(ਹੇ ਭਾਈ ! ਭਗਤਾਂ ਦੇ) ਮਨ ਵਿਚ ਉਸ (ਪ੍ਰਭੂ) ਦੀ ਟੇਕ (ਅਤੇ) ਤਾਣ ਹੈ । (ਉਨ੍ਹਾਂ ਭਗਤਾਂ ਨੇ) ਇਕ (ਪ੍ਰਭੂ) ਤੋਂ ਬਿਨਾ ਹੋਰ ਦੂਜਾ (ਕੋਈ ਸਮਰਥ) ਨਹੀਂ ਜਾਣਿਆ । ਨਾਨਕ ਦੇ ਮਨ ਵਿਚ ਇਹ ਪੁਰਸ਼ਾਰਥ (ਪ੍ਰਯੋਜਨ) ਹੈ ਕਿ ਸਾਡਾ ਪ੍ਰਭੂ (ਸਾਡੇ) ਸਾਰੇ ਕਾਰਜ ਸਵਾਰ ਦੇਵੇਗਾ ।੪।੨੮।੫੧।

## ਅਰਥ ਭੇਦ ਅਤੇ ਨਿਰਣੈ

**ਨਾਨਕ ਕੈ ਮਨਿ ਇਹੁ ਪੁਰਖਾਰਥੁ ॥**

**ਪ੍ਰਭੂ ਹਮਾਰਾ ਸਾਰੇ ਸੁਆਰਥ ॥**

ਪਹਿਲੀ ਪੰਕਤੀ ਦੇ ਵਖ ਵਖ ਅਰਥਾਂ ਦੇ ਦਰਸ਼ਨ ਕਰੋ, ਦੂਜੀ ਪੰਕਤੀ ਦੇ ਅਰਥਾਂ ਵਿਚ ਸਭ ਟੀਕਾਕਾਰਾਂ ਦੀ ਸੰਮਤੀ ਹੈ :-

੧. ਸ੍ਰੀ ਗੁਰੂ ਜੀ ਕਹਤੇ ਹੈਂ ਹਮਾਰੇ ਮਨ ਬੀਚ ਇਹੁ ਪੁਰਸਾਰਥ ਹੈ । [ਫ਼. ਸ.

੨. (ਸੰ. ਪੁਰਸਾਰਥ-ਮਰਦਊਪੁਣਾ) ਬਲ । ਇਹ ਆਸਰਾ ਹੈ ਕਿ ਹਰੀ ਮੇਰਾ ਕੰਮ ਸਵਾਰੇਗਾ। [ਸ਼ਬਦਾਰਥ

੩. ਨਾਨਕ ਦੇ ਮਨ ਵਿਚ (ਭੀ) ਇਹੀ ਹੌਸਲਾ ਹੈ ਕਿ ਪਰਮਾਤਮਾ ਸਾਡਾ ਹਰੇਕ ਕੰਮ ਸੁਆਰਦਾ ਹੈ। [ਦਰਪਣ

੪. ਗੁਰੂ ਜੀ ਕਥਨ ਕਰਦੇ ਹਨ - ਮੇਰੇ ਮਨ ਵਿਚ ਅਤੇ ਭਗਤ ਦੇ ਮਨ ਵਿਚ ਏਹੋ ਪੁਰਸਾਰਥ-ਉਦਮ ਹੈ । [ਸੰ. ਸ.

**ਨਿਰਣੈ** : ਇਥੇ 'ਪੁਰਖਾਰਥ' ਪਦ ਦੇ ਅਰਥ 'ਉਦਮ, ਬਲ, ਆਸਰਾ ਜਾਂ ਹੌਸਲਾ ਢੁਕਵੇਂ ਨਹੀਂ ਲਗਦੇ । 'ਪੁਰਖਾਰਥ' ਪਦ ਦੇ ਸੰਧੀ ਛੇਦ ਅਰਥ ਇਉ ਬਣਦੇ ਹਨ - 'ਪੁਰਖ ਦਾ ਅਰਥ ਭਾਵ ਪ੍ਰਯੋਜਨ' । ਨਾਨਕ ਮਨ ਵਿਚ ਇਹ 'ਪ੍ਰਯੋਜਨ' ਹੈ ਕਿ ਸਾਡਾ ਪ੍ਰਭੂ ਸਾਰੇ ਕਾਰਜ ਸਵਾਰ ਦੇਵੇਗਾ. ਇਹ ਅਰਥ ਹੀ ਠੀਕ ਅਤੇ ਢੁਕਵੇਂ ਹਨ ।

## ਸਾਰੰਸ਼ ਅਤੇ ਸਿਧਾਂਤ

ਪ੍ਰਭੂ ਦੇ ਭਗਤਾਂ ਦੇ ਮਨ ਵਿਚ ਸਦਾ ਆਤਮਿਕ ਅਨੰਦ ਬਣਿਆ ਰਹਿੰਦਾ ਹੈ ਕਿਉਂਕਿ ਉਹ ਦੁਨੀਆਂ ਦੇ ਭੈ ਤੋਂ ਮੁਕਤ ਹੋ ਜਾਂਦੇ ਹਨ । ਉਨ੍ਹਾਂ ਵਾਸਤੇ ਪਰਮਾਤਮਾ ਦਾ ਨਾਮ ਹੀ ਧਨ, ਮਾਲ ਜੁਆਨੀ ਅਤੇ ਜੀਵਨ ਦੀ ਸੁਚੱਜੀ ਜਾਚ ਹੈ ।

ਪ੍ਰਭੂ ਆਪਣੇ ਦਾਸਾਂ ਦਾ ਸਦਾ ਰਖਵਾਲਾ ਬਣਦਾ ਹੈ । ਜਿਹੜਾ ਸਭ ਪ੍ਰਭੂ ਸਭ ਥਾਂਵਾਂ ਤੇ ਵਿਆਪਕ ਹੈ, ਓਹ ਆਪਣੇ ਸੰਤ ਜਨਾ ਦੀ ਘਰ ਬਾਹਰ ਹਰ ਥਾਂ ਰਖਿਆ ਕਰਦਾ ਹੈ, ਉਨ੍ਹਾਂ ਦੇ ਕਾਰਜ ਸਵਾਰਦਾ ਹੈ । ਭਗਤਾਂ ਦੇ ਹਿਰਦੇ ਅੰਦਰ ਇਕ ਪੱਕਾ ਪ੍ਰਯੋਜਨ ਬਣਿਆ ਰਹਿੰਦਾ ਹੈ ਕਿ ਪ੍ਰਭੂ ਉਨ੍ਹਾਂ ਦਾ ਹਰੇਕ ਕੰਮ ਸਵਾਰੇਗਾ :-

**ਕਾਜ ਹਮਾਰੇ ਪੂਰੇ ਸਤਿਗੁਰ ॥ ਬਾਜੇ ਅਨਹਦ ਤੂਰੇ ਸਤਿਗੁਰ ॥** [ਪੰਨਾ ੮੮੭.

**ਭੈਰਉ ਮਹਲਾ ੫ ॥ ਤੈ ਕਉ ਭਉ ਪੜਿਆ ਸਿਮਰਤ ਹਰਿਨਾਮ ॥ ਸਗਲ ਬਿਆਧਿ ਮਿਟੀ ਤ੍ਰਿਹੁ ਗੁਣ ਕੀ, ਦਾਸ ਕੇ ਹੋਏ ਪੂਰਨ ਕਾਮ ॥੧॥ ਰਹਾਉ ॥ ਹਰਿ ਕੇ ਲੋਕ ਸਦਾ ਗੁਣ ਗਾਵਹਿ, ਤਿਨ ਕਉ ਮਿਲਿਆ ਪੂਰਨ ਧਾਮ ॥ ਜਨ ਕਾ ਦਰਸੁ ਬਾਂਛੈ ਦਿਨ ਰਾਤੀ, ਹੋਇ ਪੁਨੀਤ ਧਰਮਰਾਇ ਜਾਮ ॥੧॥ ਕਾਮ ਕ੍ਰੋਧੁ ਲੋਭ ਮਦ ਨਿੰਦਾ ਸਾਧ ਸੰਗਿ ਮਿਟਿਆ ਅਭਿਮਾਨ ॥ ਐਸੇ ਸੰਤ ਭੇਟਹਿ ਵਡਭਾਗੀ, ਨਾਨਕ ਤਿਨ ਕੈ ਸਦ ਕੁਰਬਾਨ ॥੨॥੩੯॥੫੨॥**

## ਉਚਾਰਨ ਸੇਧ

**ਬਿੰਦੀ ਸਹਿਤ** : ਤ੍ਰਿਹੁੰ, ਗਾਵਹਿੰ, ਭੇਟਹਿੰ, ਵਡਭਾਗੀਂ .

**ਪਦ ਅਰਥ** : ਤੈ ਕਉ-ਡਰ ਨੂੰ । ਭਉ-ਡਰ । ਪੜਿਆ-ਪੈ ਗਿਆ । ਸਿਮਰਤ-ਸਿਮਰਦਿਆਂ । ਸਗਲ-ਸਾਰੀ, ਹਰੇਕ ਪ੍ਰਕਾਰ ਦੀ । ਬਿਆਧਿ-ਬੀਮਾਰੀ । ਤ੍ਰਿਹੁ ਗੁਣ ਕੀ-ਤਿੰਨਾ ਗੁਣਾਂ ਤੋਂ ਪੈਦਾ ਹੋਣ ਵਾਲੀ । ਕਾਮ-ਕੰਮ ।੧।

ਗਾਵਹਿ-ਗਾਉਂਦੇ ਹਨ । ਪੂਰਨ ਧਾਮੁ-ਪਰੀ ਪੂਰਨ ਪਰਮੇਸ਼ਰ ਦਾ ਘਰ (ਸੋ ਦਰੁ) । ਬਾਂਛੈ-ਚਾਹੁੰਦਾ ਹੈ, ਮੰਗਦਾ ਹੈ । ਹੁਇ ਪੁਨੀਤ-ਪਵਿੱਤਰ ਹੁੰਦਾ ਹੈ । ਜਾਮ-ਜਮ ।੧। ਰਹਾਉ ।

ਮਦ-ਮਸਤੀ । ਅਭਿਮਾਨ-ਅਹੰਕਾਰ । ਭੇਟਹਿ-ਮਿਲਦੇ ਹਨ । ਵਡਭਾਗੀ-ਵੱਡੇ ਭਾਗਾਂ ਨਾਲ । ਸਦ-ਸਦਾ । ਕੁਰਬਾਨ-ਬਲਿਹਾਰ ।੨।

**ਅਰਥ** : (ਹੇ ਭਾਈ!) ਹਰੀ ਦਾ ਨਾਮ ਸਿਮਰਦਿਆਂ (ਦੁਨਿਆਵੀ) ਡਰ ਨੂੰ (ਜਦੋਂ ਰਬੀ) ਡਰ ਪੈ ਗਿਆ (ਓਦੋਂ) ਤਿੰਨਾਂ ਗੁਣਾਂ ਤੋਂ ਪੈਦਾ ਹੋਣ ਵਾਲੀ ਹਰ ਪ੍ਰਕਾਰ ਦੀ ਬੀਮਾਰੀ ਦੂਰ ਹੋ ਗਈ (ਅਤੇ) ਦਾਸ ਦੇ ਸਾਰੇ ਕਾਰਜ ਪੂਰਨ ਹੋ ਗਏ।੧ਰਹਾਉ।

(ਹੇ ਭਾਈ !) ਹਰੀ ਦੇ ਲੋਕ (ਸੰਤ ਜਨ) ਸਦਾ ਹੀ (ਪਰਮੇਸ਼ਰ ਦੇ) ਗੁਣ ਗਾਉਂਦੇ ਹਨ (ਅਤੇ) ਉਨ੍ਹਾਂ ਨੂੰ ਪਰੀਪੂਰਨ(ਪਰਮੇਸ਼ਰ ਦਾ)'ਸੋ ਘਰੁ'ਪ੍ਰਾਪਤ ਹੋ ਗਿਆ ਹੈ। (ਹੇ ਭਾਈ!)ਧਰਮ ਰਾਜ, ਜਮ (ਰਾਜ) ਦਿਨ ਰਾਤ (ਉਨ੍ਹਾਂ ਭਗਤਾਂ ਦਾ ਦਰਸ਼ਨ) ਮੰਗਦਾ ਹੈ (ਤਾਂ ਜੋ ਉਸ ਦਾ ਧਾਮ) ਪਵਿੱਤਰ ਹੋ ਜਾਵੇ ।੧।

(ਹੇ ਭਾਈ !) ਸਾਧ ਸੰਗਤ ਵਿਚ ਕਾਮ, ਕ੍ਰੋਧ, ਲੋਭ ਮੋਹ ਨਿੰਦਾ ਤੇ ਅਹੰਕਾਰ (ਹੋਰ ਵਿਕਾਰਾਂ ਦਾ) ਖ਼ਾਤਮਾ ਹੋ ਜਾਂਦਾ ਹੈ) । (ਹੇ ਭਾਈ !) ਇਹੋ ਜਿਹੇ (ਨਾਮ ਸਿਮਰਨ ਵਾਲੇ) ਸੰਤ ਵੱਡੇ ਭਾਗਾਂ ਨਾਲ ਮਿਲਦੇ ਹਨ (ਅਤੇ) ਨਾਨਕ ਉਨ੍ਹਾਂ (ਸੰਤ ਜਨਾਂ) ਤੋਂ ਸਦਾ ਸਦਕੇ ਕੁਰਬਾਨ ਜਾਂਦਾ ਹੈ ।੨।੩੯।੫੨।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਹਰੀ ਦੇ ਭਗਤਾਂ ਦੀ ਸੋਭਾ ਦਸੀ ਹੈ । ਭਗਤ ਲੋਕ ਸਦਾ ਪਰਮਾਤਮਾ ਦੇ ਗੁਣ ਗਾਉਂਦੇ ਰਹਿੰਦੇ ਹਨ, ਜਿਸ ਕਰਕੇ ਡਰ ਉਨ੍ਹਾਂ ਦੇ ਨੇੜੇ ਨਹੀਂ ਜਾਂਦਾ । ਆਧੀ, ਬਿਆਧੀ, ਉਪਾਧੀ ਤਿੰਨ ਪ੍ਰਕਾਰ ਦੀਆਂ ਬੀਮਾਰੀਆਂ ਭਗਤਾਂ ਦੇ ਨੇੜੇ ਨਹੀਂ ਢੁਕਦੀਆਂ । ਪਰਮੇਸ਼ਰ ਦੇ ਭਗਤਾਂ ਦਾ ਬਹੁਤ

ਉਚਾ ਰੁੱਤਬਾ ਹੈ, ਧਰਮਰਾਜ ਵੀ ਦਿਨ ਰਾਤ ਰਬੀ ਭਗਤਾਂ ਦਾ ਦਰਸ਼ਨ ਕਰਨਾ ਲੋੜਦਾ ਹੈ। ਗੁਰਬਾਣੀ ਵਿਚ ਇਹ ਵੀਚਾਰ ਅੰਕਿਤ ਹੈ :—

**ਜੋ ਕੋਈ ਜੀਉ ਕਹੈ ਓਨਾ ਕੋ, ਜਮ ਕੀ ਤਲਬ ਨ ਹੋਈ ॥** [ਪੰਨਾ ੧੩੨੮

ਭਾਵ ਜਿਹੜਾ ਮਨੁੱਖ ਭਗਤ ਜਨਾਂ, ਗੁਰਮੁਖਾਂ ਨੂੰ 'ਜੀਉ ਆਇਆਂ' ਆਖਦਾ ਹੈ, ਉਸ ਨੂੰ ਜਮ ਦੀ ਤਲਬ ਨਹੀਂ ਹੋਂਦੀ, ਸਗੋਂ ਧਰਮ ਰਾਇ ਆਪ ਉਨ੍ਹਾਂ ਭਗਤਾਂ ਦਾ ਦਰਸ਼ਨ ਕਰਨਾ ਲੋਚਦਾ ਹੈ।

ਪਰਮੇਸ਼ਰ ਆਪਣੇ ਭਗਤਾਂ ਦੀ ਸਦਾ ਸਹਾਇਤਾ ਕਰਦਾ ਹੈ। ਜੇ ਕੋਈ ਭਗਤਾਂ ਦਾ ਬੁਰਾ ਲੋਚੇ, ਉਨ੍ਹਾਂ ਨੂੰ ਜਮ ਕੰਕਰ ਖਾ ਜਾਂਦਾ ਹੈ।

**ਭੈਰਉ ਮਹਲਾ ੫ ॥ ਪੰਚ ਮਜਮੀ, ਜੋ ਪੰਚਨ ਰਾਖੈ ॥ ਮਿਥਿਆ ਰਸਨਾ ਨਿਤ ਉਠਿ ਭਾਖੈ ॥ ਚਕ੍ਰ ਬਣਾਇ ਕਰੈ ਪਾਖੰਡ ॥ ਝੁਰਿ ਝੁਰਿ ਪਚੈ, ਜੈਸੇ ਤ੍ਰਿਅ ਰੰਡ ॥੧॥ ਹਰਿ ਕੇ ਨਾਮ ਬਿਨਾ, ਸਭ ਝੂਠੁ ॥ ਬਿਨੁ ਗੁਰ ਪੂਰੇ ਮੁਕਤਿ ਨ ਪਾਈਐ, ਸਾਚੀ ਦਰਗਹਿ ਸਾਕਤ ਮੂਠੁ॥੧॥ਰਹਾਉ॥ ਸੋਈ ਕੁਚੀਲ, ਕੁਦਰਤਿ ਨਹੀ ਜਾਨੈ ॥ ਲੀਪਿਐ ਥਾਇ ਨ ਸੁਚਿ ਹਰਿ ਮਾਨੈ ॥ ਅੰਤਰੁ ਮੈਲਾ, ਬਾਹਰੁ ਨਿਤ ਧੋਵੈ ॥ ਸਾਚੀ ਦਰਗਹਿ ਅਪਨੀ ਪਤਿ ਖੋਵੈ ॥੨॥ ਮਾਇਆ ਕਾਰਣਿ, ਕਰੈ ਉਪਾਉ ॥ ਕਬਹਿ ਨ ਘਾਲੈ ਸੀਧਾ ਪਾਉ ॥ ਜਿਨਿ ਕੀਆ, ਤਿਸੁ ਚੀਤਿ ਨ ਆਣੈ ॥ ਕੂੜੀ ਕੂੜੀ ਮੁਖਹੁ ਵਖਾਣੈ ॥੩॥ ਜਿਸ ਨੋ ਕਰਮੁ ਕਰੇ ਕਰਤਾਰੁ ॥ ਸਾਧ ਸੰਗਿ ਹੋਇ ਤਿਸੁ ਬਿਉਹਾਰੁ ॥ ਹਰਿ ਨਾਮ ਭਗਤਿ ਸਿਉ, ਲਾਗਾ ਰੰਗੁ ॥ ਕਹੁ ਨਾਨਕ, ਤਿਸੁ ਜਨ ਨਹੀ ਭੰਗੁ ॥੪॥੪੦॥੫੩॥**

ਉਚਾਰਨ ਸੇਧ

**ਬਿੰਦੀ ਸਹਿਤ :** ਮਜਮੀ, ਬਿਨਾਂ, ਪਾਉਂ, ਮੁਖਹੁਂ, ਸਿਉਂ ਨਹੀਂ।

**ਪਦ ਅਰਥ :** ਪੰਚ ਮਜਮੀ-ਪੰਜਾਂ ਦਾ ਮਜਮੂਆ, ਪੰਜ ਪੀਰੀਆ। ਪੰਚਨ-ਪੰਜਾਂ ਨੂੰ। ਮਿਥਿਆ-ਝੂਠ। ਰਸਨਾ-ਜੀਭ ਨਾਲ। ਨਿਤ ਉਠਿ-ਰੋਜ਼ ਸਵੇਰੇ ਜਾਗ ਕੇ। ਭਾਖੈ-ਉਚਾਰਦਾ ਹੈ। ਚਕ੍ਰ-ਗਣੇਸ਼ ਆਦਿ ਦੇ ਨਿਸ਼ਾਨ। ਬਣਾਇ-ਬਣਾ ਕੇ। ਪਾਖੰਡ-ਵਿਖਾਵਾ। ਝੁਰਿ ਝੁਰਿ-ਝੂਰ ਝੂਰ ਕੇ। ਪਚੈ-ਸੜਦਾ ਹੈ। ਜੈਸੇ-ਜਿਵੇਂ। ਤ੍ਰਿਅ ਰੰਡ-ਰੰਡੀ, (ਵਿਧਵਾ) ਇਸਤ੍ਰੀ।੧।

ਮੁਕਤਿ-ਮੁਕਤੀ, ਖਲਾਸੀ। ਸਾਚੀ ਦਰਗਹਿ-ਸਚੀ ਦਰਗਾਹ ਵਿਚ। ਸਾਕਤ-ਮਾਇਆ ਦੇ ਉਪਾਸ਼ਕ। ਮੂਠੁ-ਲੁਟਿਆ ਜਾਂਦਾ ਹੈ।੧। ਰਹਾਉ।

ਕੁਚੀਲੁ-ਗੰਦਾ। ਕੁਦਰਤਿ-(ਕਾਦਰ ਦੀ) ਕੁਦਰਤ ਵਿਚ। ਨਹੀ ਜਾਨੈ-(ਕਾਦਰ ਨੂੰ) ਨਹੀਂ ਪਛਾਣਦਾ। ਲੀਪਿਐ ਥਾਇ-ਜੇ ਥਾਂ ਨੂੰ ਲਿਪਿਆ ਪੋਚਿਆ ਜਾਏ। ਨ ਸੁਚਿ ਹਰਿ ਮਾਨੈ-ਹਰੀ ਉਸ ਨੂੰ ਸੁੱਚਾ ਪਵਿੱਤਰ ਨਹੀਂ ਮੰਨਦਾ। ਅੰਤਰੁ-ਹਿਰਦਾ। ਬਾਹਰੁ-ਸਰੀਰ। ਪਤਿ-ਇਜ਼ਤ। ਖੋਵੈ-ਗੁਆਇਆ ਕਰਦਾ ਹੈ।੨।

ਕਾਰਣਿ-ਵਾਸਤੇ, ਲਈ। ਉਪਾਉ-ਜਤਨ। ਕਬਹਿ-ਕਦੇ ਵੀ। ਨ ਘਾਲੈ-ਨਹੀ ਧਰਦਾ। ਸੀਧਾ-

ਸਿੱਧਾ । ਪਾਉ-ਪੈਰ । ਜਿਨਿ-ਜਿਸ (ਪਰਮੇਸ਼ਰ) ਨੂੰ । ਕੀਆ-ਪੈਦਾ ਕੀਤਾ ਹੈ । ਕੂੜੀ ਕੂੜੀ-ਨਿਰੀ ਝੂਠ ਮੂਠੀ । ਮੁਖਹੁ ਵਖਾਣੈ-ਮੂੰਹ ਤੋਂ ਆਖਦਾ ਹੈ ।੩।

ਕਰਮੁ-ਬਖਸ਼ਿਸ਼, ਮਿਹਰ । ਬਿਉਹਾਰੁ-ਵਪਾਰ, ਲੈਣ-ਦੇਣ । ਸਿਉ-ਨਾਲ । ਰੰਗੁ-ਪਿਆਰ । ਭੰਗੁ-ਤੋਟ, ਵਿਘਨ ।੪।

**ਅਰਥ :** (ਹੇ ਭਾਈ !) ਜਿਹੜਾ (ਮਨੁੱਖ) ਪੰਜਾਂ (ਕਾਮ, ਕ੍ਰੋਧ ਆਦਿਕਾਂ ਨੂੰ ਆਪਣੇ ਪਾਸ) ਰਖਦਾ ਹੈ (ਉਹ) ਪੰਜ-ਪੀਰੀਆਂ ਹੈ । (ਉਹ) ਹਰ ਰੋਜ਼ ਉਠ ਕੇ (ਆਪਣੀ) ਜੀਭ ਨਾਲ ਝੂਠ ਬੋਲਦਾ ਹੈ । (ਉਹ ਆਪਣੇ ਸਰੀਰ ਉਤੇ ਗਣੇਸ਼ ਆਦਿ ਦੇ) ਚਕ੍ਰ (ਨਿਸ਼ਾਨ) ਬਣਾਉਂਦਾ ਹੈ (ਧਰਮੀ ਹੋਣ ਦਾ) ਵਿਖਾਵਾ ਕਰਦਾ ਹੈ । (ਉਹ ਮਨੁੱਖ ਇਸ ਤਰ੍ਹਾਂ ਝੂਰ ਝੂਰ ਕੇ ਮਰਦਾ ਹੈ ਜਿਵੇਂ ਵਿਧਵਾ ਇਸਤ੍ਰੀ (ਕੁੜ੍ਹ ਕੁੜ੍ਹ ਕੇ) ਮਰਦੀ ਹੈ ।੧।

ਹੇ ਭਾਈ ! (ਪਰਮੇਸ਼ਰ ਦੇ) ਨਾਮ ਤੋਂ ਬਿਨਾ (ਹੋਰ) ਸਭ ਕੁਝ ਝੂਠ (ਪਖੰਡ) ਹੈ । ਪੂਰੇ ਗੁਰੂ ਤੋਂ ਬਿਨਾ ਮੁਕਤੀ ਪ੍ਰਾਪਤ ਨਹੀਂ ਹੁੰਦੀ, (ਮਾਇਆ ਦਾ) ਮੁਠਾ (ਠੱਗਿਆ) ਹੋਇਆ ਸਾਕਤ (ਨਿਗੁਰਾ ਪੁਰਸ਼, ਪਰਮਾਤਮਾ ਦੀ) ਸਚੀ ਦਰਗਾਹ ਵਿਚ (ਨਹੀਂ ਜਾ ਸਕਦਾ) ।੧। ਰਹਾਉ ।

(ਹੇ ਭਾਈ !) ਉਹ (ਮਨੁੱਖ) ਗੰਦਾ-ਮੈਲਾ ਹੈ ਜਿਹੜਾ ਕੁਦਰਤ ਵਿਚ (ਵਸ ਰਹੇ ਕਾਦਰ ਨੂੰ) ਨਹੀਂ ਜਾਣਦਾ । ਲਿਪਿਆ ਪੋਚਿਆ ਹੋਇਆ ਥਾਨ ਵੇਖ ਕੇ (ਇਸ ਬਾਹਰਮੁਖੀ) ਸੁਚ ਨੂੰ, ਪਰਮਾਤਮਾ ਸੁਚ (ਪਵਿਤ੍ਰਤਾ) ਨਹੀਂ ਮੰਨਦਾ । (ਜਿਸ ਦਾ) ਹਿਰਦਾ (ਵਿਕਾਰਾਂ ਨਾਲ) ਮੈਲਾ ਹੈ (ਉਹ) ਬਾਹਰੋਂ ਨਿਤ (ਸਰੀਰਕ ਇਸ਼ਨਾਨ ਕਰਕੇ) ਧੋਂਦਾ ਹੈ (ਪਰ ਅਜਿਹੇ ਵਿਖਾਵੇ ਵਾਲੇ ਕਰਮਾਂ ਕਰਨ ਵਾਲਾ ਮਨੁੱਖ) ਸਚੀ ਦਰਗਾਹ ਵਿਚ ਆਪਣੀ ਇਜ਼ਤ ਗਵਾ ਲੈਂਦਾ ਹੈ ।੨।

(ਹੇ ਭਾਈ ! ਪੰਜ ਪੀਰੀਆ ਮਨੁੱਖ) ਮਾਇਆ (ਠਗਣ ਲਈ) ਜਤਨ ਕਰਦਾ ਰਹਿੰਦਾ ਹੈ, (ਪਰ ਉਹ ਸ੍ਰੇਸ਼ਟ ਕਰਮ ਕਰਨ ਵਾਲੇ ਪਾਸੇ) ਕਦੇ ਵੀ ਸਿੱਧਾ ਪੈਰ ਨਹੀਂ ਰਖਦਾ । ਜਿਸ (ਪ੍ਰਭੂ ਨੇ ਇਸ ਨੂੰ ਪੈਦਾ) ਕੀਤਾ ਹੈ, ਉਸ ਨੂੰ (ਆਪਣੇ) ਚਿਤ ਵਿਚ ਨਹੀਂ ਲਿਆਂਦਾ (ਭਾਵ ਯਾਦ ਨਹੀਂ ਕਰਦਾ) । ਕੂੜੀ ਕੂੜੀ ਝੂਠੀ ਮੂਠੀ ਵਿਖਾਵੇ ਦੇ ਤੌਰ ਤੇ ਆਪਣੇ) ਮੂੰਹੋਂ (ਰਾਮ ਰਾਮ) ਉਚਾਰਦਾ ਰਹਿੰਦਾ ਹੈ ।੩।

(ਹੇ ਭਾਈ !) ਜਿਸ ਮਨੁੱਖ ਉਤੇ ਕਰਤਾਰ ਕਿਰਪਾ ਦ੍ਰਿਸ਼ਟੀ ਕਰਦਾ ਹੈ, ਉਸ ਦਾ ਸਾਧ ਸੰਗਤ ਨਾਲ (ਲੇਵਾ-ਦੇਵੀ ਵਾਲਾ) ਵਿਹਾਰ ਬਣ ਜਾਂਦਾ ਹੈ । (ਜਿਸ ਮਨੁੱਖ ਦਾ) ਹਰੀ ਦੇ ਨਾਮ ਅਤੇ ਭਗਤੀ ਨਾਲ ਪਿਆਰ ਲਗ ਜਾਂਦਾ ਹੈ, ਨਾਨਕ ! ਆਖ ਕਿ ਉਸ ਜਨ ਨੂੰ (ਜੀਵਨ ਭਰ ਕਿਸੇ ਕੰਮ ਵਿਚ ਵੀ) ਵਿਘਨ ਨਹੀਂ ਪੈਂਦਾ (ਭਾਵ ਕਦੇ ਤੋਟਾ ਨਹੀਂ ਆਉਂਦਾ) ।੪।੪੦।੫੩।

## ਸਾਰੰਸ਼ ਅਤੇ ਸਿਧਾਂਤ

ਹਰੀ ਦੇ ਨਾਮ ਤੋਂ ਬਿਨਾ ਸਭ ਕੁਝ ਝੂਠ ਤੇ ਪਾਖੰਡ ਹੈ । ਇਸ ਸ਼ਬਦ ਵਿਚ ਉਨ੍ਹਾਂ ਮਨੁੱਖਾਂ ਦਾ ਜ਼ਿਕਰ ਹੈ ਜੋ ਪੰਜਮਜਮੀ ਹਨ ਭਾਵ ਕਾਮਾਦਿਕ ਪੰਜਾਂ ਵਿਕਾਰਾਂ ਦੇ ਪ੍ਰੇਮੀ ਹਨ । ਜਿਹੜਾ ਮਨੁੱਖ ਆਪਣੇ ਹਿਰਦੇ ਵਿਚ ਇਹਨਾਂ ਪੰਜਾਂ ਨੂੰ ਥਾਂ ਦਿੰਦਾ ਹੈ, ਉਹ ਨਿਤ ਉਠ ਕੇ, ਹਰ ਵੇਲੇ ਝੂਠ ਹੀ ਬੋਲਦਾ ਰਹਿੰਦਾ

ਹੈ, ਉਹ ਭਗਤੀ ਵਿਚ ਨਹੀਂ ਲਗਦਾ। ਉਸ ਦਾ ਕਰਤਬ ਕੇਵਲ ਮਾਇਆ ਇਕੱਠੀ ਕਰਨਾ ਹੁੰਦਾ ਹੈ। ਪੰਡਤ ਬਾਹਰਮੁਖੀ ਝੂਠੀ ਮੂਠੀ ਰਾਮ ਰਾਮ ਕਰਦਾ ਹੈ, ਸਹੀ ਅਰਥਾਂ ਵਿਚ ਉਹ ਪਰਮੇਸ਼ਰ ਨੂੰ ਆਪਣੇ ਹਿਰਦੇ ਵਿਚ ਨਹੀਂ ਵਸਾਂਦਾ।

ਪੰਜ ਮਜਮੀ ਦੇ ਅਰਥ 'ਪੰਜ ਪੀਰੀਆ' ਕੀਤੇ ਜਾਂਦੇ ਹਨ। ਭਾਵ ਜਿਸ ਦਾ ਇਕ ਉਤੇ ਵਿਸ਼ਵਾਸ ਨਾ ਹੋਵੇ, ਬਹੁਤੇ ਦੇਵੀ ਦੇਵਤਿਆਂ, ਪੀਰਾਂ, ਫਕੀਰਾਂ ਨੂੰ ਮੰਨਣ ਵਾਲਾ ਬਹੁ ਰੂਪੀਆਂ ਹੋਵੇ। ਜਾਂ ਜਿਵੇਂ ਅਖਾਣ ਬਣਿਆ ਹੋਇਆ ਹੈ "ਗੰਗਾ ਗਏ ਤੋ ਗੰਗਾ ਰਾਮ, ਜਮਨਾ ਗਏ ਤੋ ਜਮਨਾ ਦਾਸ"।

ਜਿਹੜਾ ਜੀਵ ਕਰਤਾਪੁਰਖ ਨੂੰ ਕੁਦਰਤਿ (ਰਚਨਾ) ਵਿਚ ਵਸਿਆ ਹੋਇਆ ਨਹੀਂ ਜਾਣਦਾ, ਉਹ ਮਨੁੱਖ ਗੰਦਾ ਹੈ, ਉਹ ਹਮੇਸ਼ਾਂ ਉਲਟੇ ਕਦਮ ਹੀ ਰਖਦਾ ਹੈ, ਸਿਧੇ ਮਾਰਗ ਤੇ ਨਹੀਂ ਚਲਦਾ। ਹਾਂ, ਜਿਸ ਉਤੇ ਮਾਲਕ ਅਪਣੀ ਮਿਹਰ ਕਰ ਦੇਵੇ, ਉਸ ਨੂੰ ਸਾਧ ਸੰਗ ਪ੍ਰਾਪਤ ਹੁੰਦਾ ਹੈ, ਉਸ ਦਾ ਭਗਤੀ ਨਾਲ ਪਿਆਰ ਪੈਂਦਾ ਹੈ, ਫਿਰ ਉਸ ਦੇ ਜੀਵਨ ਵਿਚ ਕਿਸੇ ਕਿਸਮ ਦਾ ਵਿਗਾੜ ਪੈਦਾ ਨਹੀਂ ਹੁੰਦਾ।

**ਭੈਰਉ ਮਹਲਾ ੫ ॥ ਨਿੰਦਕ ਕਉ ਫਿਟਕੇ ਸੰਸਾਰੁ ॥ ਨਿੰਦਕ ਕਾ ਝੂਠਾ ਬਿਉਹਾਰੁ ॥ ਨਿੰਦਕ ਕਾ ਮੈਲਾ ਆਚਾਰੁ ॥ ਦਾਸ ਅਪੁਨੇ ਕਉ ਰਾਖਨਹਾਰੁ ॥੧॥ ਨਿੰਦਕੁ ਮੁਆ ਨਿੰਦਕ ਕੈ ਨਾਲਿ ॥ ਪਾਰਬ੍ਰਹਮ ਪਰਮੇਸਰਿ ਜਨ ਰਾਖੇ, ਨਿੰਦਕ ਕੈ ਸਿਰਿ ਕੜਕਿਓ ਕਾਲੁ ॥੧॥ਰਹਾਉ॥ ਨਿੰਦਕ ਕਾ ਕਹਿਆ, ਕੋਇ ਨ ਮਾਨੈ ॥ ਨਿੰਦਕ ਝੂਠੁ ਬੋਲਿ, ਪਛੁਤਾਨੇ॥ ਹਾਥ ਪਛੋੜਹਿ, ਸਿਰੁ ਧਰਨਿ ਲਗਾਹਿ ॥ ਨਿੰਦਕ ਕਉ, ਦਈ ਛੋਡੈ ਨਾਹਿ॥੨॥ ਹਰਿ ਕਾ ਦਾਸੁ, ਕਿਛੁ ਬੁਰਾ ਨ ਮਾਗੈ॥ ਨਿੰਦਕ ਕਉ ਲਾਗੈ ਦੁਖੁ ਸਾਂਗੈ॥ ਬਗੁਲੇ ਜਿਉ ਰਹਿਆ ਪੰਖ ਪਸਾਰਿ॥ ਮੁਖ ਤੇ ਬੋਲਿਆ, ਤਾਂ ਕਢਿਆ ਬੀਚਾਰਿ॥੩॥ ਅੰਤਰਜਾਮੀ ਕਰਤਾ ਸੋਇ॥ ਹਰਿ ਜਨੁ ਕਰੈ, ਸੁ ਨਿਹਚਲੁ ਹੋਇ॥ ਹਰਿ ਕਾ ਦਾਸੁ, ਸਾਚਾ ਦਰਬਾਰਿ॥ ਜਨ ਨਾਨਕ, ਕਹਿਆ ਤਤੁ ਬੀਚਾਰਿ ॥੪॥੪੧॥੫੪॥**

## ਉਚਾਰਨ ਸੇਧ

**ਬਿੰਦੀ ਸਹਿਤ :** ਲਗਾਹਿੰ, ਨਾਹਿੰ, ਮਾਂਗੈ, ਜਿਉਂ।

**ਪਦ ਅਰਥ :** ਨਿੰਦਕ ਕਉ-ਨਿੰਦਾ ਕਰਨ ਵਾਲੇ (ਮਨੁੱਖ) ਨੂੰ। ਫਿਟਕੇ ਸੰਸਾਰੁ-(ਸਾਰਾ) ਸੰਸਾਰ ਫਿਟਕਾਰਾਂ ਪਾਂਦਾ ਹੈ, ਦੁਰਕਾਰਦਾ ਹੈ। ਬਿਉਹਾਰੁ-ਵਰਤੋਂ ਵਿਹਾਰ। ਮੈਲਾ-ਮੰਦਾ। ਆਚਾਰੁ-ਆਚਰਨ।੧।

ਪਰਮੇਸਰਿ-ਪਰਮੇਸ਼ਰ ਨੇ। ਸਿਰਿ-ਸਿਰ ਉਤੇ। ਕੜਕਿਓ ਕਾਲੁ-ਕਾਲ (ਮੌਤ), ਬਿਜਲੀ ਵਾਂਗ ਕੜਕ ਕੇ ਪਿਆ।੧। ਰਹਾਉ।

ਨ ਮਾਨੈ-ਨਹੀਂ ਮੰਨਦਾ ਹੈ। ਪਛੁਤਾਨੇ-ਪਛਤਾਂਦੇ ਹਨ। ਹਾਥ ਪਛੋੜਹਿ-(ਆਪਣਾ) ਹਥ (ਮੱਥੇ ਤੇ) ਮਾਰਦੇ ਹਨ। ਧਰਨਿ ਲਗਾਹਿ-ਧਰਤੀ ਦੇ (ਪਟਕਾ ਕੇ) ਮਾਰਦੇ ਹਨ। ਦਈ-ਪਰਮਾਤਮਾ।੨।

ਲਾਗੈ ਦੁਖੁ ਸਾਂਗੈ-ਬਰਛੀ ਲਗਣ ਦਾ ਦੁੱਖ ਲਗਦਾ ਹੈ। ਪੰਖ ਪਸਾਰਿ-ਖੰਭ ਖਿਲਾਰ ਕੇ। ਮੁਖ

ਤੇ ਬੋਲਿਆ-(ਜਦੋਂ) ਮੂੰਹ ਤੋਂ (ਊਲ ਜਲੂਲ) ਬੋਲਿਆ। ਬੀਚਾਰਿ-ਵੀਚਾਰ ਕਰਕੇ ।੩।

ਅੰਤਰਜਾਮੀ-ਅੰਦਰ ਦੀਆਂ ਜਾਣਨ ਵਾਲਾ। ਕਰਤਾ-(ਸ੍ਰਿਸ਼ਟੀ ਪੈਦਾ) ਕਰਨ ਵਾਲਾ। ਸੋਇ-ਓਹੀ । ਨਿਹਚਲੁ-ਅਟੱਲ, ਅਵੱਸ਼ । ਦਰਬਾਰਿ-ਦਰਬਾਰ ਵਿਚ । ਤਤੁ-ਅਸਲੀਅਤ । ਵੀਚਾਰਿ-ਵੀਚਾਰ ਕੇ ।੪।

**ਅਰਥ** : (ਹੇ ਭਾਈ !) ਨਿੰਦਕ (ਪੁਰਸ਼) ਨੂੰ (ਸਾਰਾ) ਸੰਸਾਰ ਫਿਟਕਾਰਾਂ ਪਾਂਦਾ ਹੈ (ਕਿਉਂਕਿ) ਨਿੰਦਕ ਦਾ (ਸਾਰਾ)ਵਰਤੋਂ ਵਿਹਾਰ ਕੂੜਾ ਹੁੰਦਾ ਹੈ। ਨਿੰਦਕ ਦਾ ਆਚਰਨ ਮੰਦਾ ਹੁੰਦਾ ਹੈ(ਪਰ ਪਰਮੇਸ਼ਰ) ਆਪਣੇ ਦਾਸ ਨੂੰ (ਨਿੰਦਾ ਕੂੜ ਆਦਿ ਵਿਕਾਰਾਂ ਵਿਚ ਡਿਗਣ ਤੋਂ ਹਮੇਸ਼ਾਂ) ਬਚਾਉਂਣ ਵਾਲਾ ਹੈ ।੧।

(ਹੇ ਭਾਈ !) ਨਿੰਦਕ, ਨਿੰਦਕ ਦੀ ਸੰਗਤ ਕਰਨ ਨਾਲ ਮਰ ਗਿਆ । ਪਾਰਬ੍ਰਹਮ ਪਰਮੇਸ਼ਰ ਨੇ (ਆਪਣੇ ਸੇਵਕ) ਜਨ ਰਖ ਲਏ (ਪਰ) ਨਿੰਦਕ ਦੇ ਸਿਰ ਤੇ ਕਾਲ ਕੜਕਿਆ (ਜੋ ਉਸ ਦੀ ਜਾਨ ਲੈ ਗਿਆ) ।੧ਰਹਾਉ।

(ਹੇ ਭਾਈ !) ਨਿੰਦਕ ਦਾ ਆਖਿਆ ਕੋਈ ਭੀ ਨਹੀਂ ਮੰਨਦਾ । ਨਿੰਦਕ ਕੂੜ ਬੋਲ ਕੇ (ਅੰਤ ਨੂੰ ਦੁਖੀ ਹੋਕੇ) ਪਛਤਾਂਦਾ ਹੈ । (ਨਿੰਦਕ ਸ਼ਰਮ ਦੇ ਮਾਰੇ ਆਪਣੇ) ਮੱਥੇ ਉੱਤੇ ਹੱਥ ਮਾਰਦੇ ਹਨ ਅਤੇ (ਆਪਣਾ) ਸਿਰ ਧਰਤੀ ਉੱਤੇ ਲਾਂਦੇ ਹਨ (ਪਰ ਇਸ ਤਰ੍ਹਾਂ ਦੇ ਖੇਖਣ ਕਰਨ ਨਾਲ) ਨਿੰਦਕਾਂ ਨੂੰ ਪਰਮੇਸ਼ਰ ਛਡਦਾ ਨਹੀਂ ਹੈ (ਭਾਵ ਸਜ਼ਾ ਦੇਂਦਾ ਹੈ) ।੨।

(ਹੇ ਭਾਈ !) ਪਰਮਾਤਮਾ ਦਾ ਦਾਸ (ਕਿਸੇ ਦਾ) ਨਾਂ-ਮਾਤਰ ਭੀ ਬੁਰਾ ਨਹੀਂ ਮੰਗਦਾ, (ਸਦਾ ਪਰਉਪਕਾਰ ਹੀ ਚਿਤਵਦਾ ਹੈ) । ਨਿੰਦਕ ਨੂੰ (ਹਰੀ ਦੇ ਸੇਵਕ ਦਾ ਇਹ ਕਰਤਬ ਵੇਖ ਕੇ ਇਨਾ ਦੁਖ ਹੁੰਦਾ ਹੈ ਜਿਵੇਂ) ਕਿਸੇ ਨੂੰ ਬਰਛੀ ਲਗਣ ਤੇ ਦੁਖ ਹੁੰਦਾ ਹੈ । ਜਿਵੇਂ ਬਗਲਾ (ਆਪਣੇ) ਖੰਭ ਖਿਲਾਰੀ ਰਖਦਾ ਹੈ ਉਵੇਂ ਨਿੰਦਕ (ਆਪਣੇ) ਪਖੰਡ ਰੂਪੀ ਖੰਭ ਖਿਲਾਰੀ ਰਖਦਾ ਹੈ। (ਜਦੋਂ ਪਖੰਡੀ ਨੇ) ਮੂੰਹ ਤੋਂ (ਨਿੰਦਾ ਰੂਪ) ਬੋਲ ਬੋਲਿਆ (ਤਾਂ ਉਸ ਦਾ ਪਾਜ ਉਘੜ ਗਿਆ, ਭਲੇ ਲੋਕਾਂ ਨੇ ਉਸ ਦੇ) ਵੀਚਾਰ ਸੁਣ ਕੇ (ਉਸਨੂੰ) ਸਤਿਸੰਗ ਵਿਚੋਂ ਕਢ ਦਿਤਾ ।੩।

(ਹੇ ਭਾਈ ! ਉਹ ਪਰਮੇਸ਼ਰ) ਅੰਤਰਜਾਮੀ, ਕਰਤਾ ਪੁਰਖ ਹੈ । ਹਰੀ ਦਾ ਸੇਵਕ (ਜੋ ਕੁਝ) ਕਰਦਾ ਹੈ ਉਹ ਨਿਸਚੇ ਜਾਣੋ ਕਿ ਜ਼ਰੂਰ ਹੁੰਦਾ ਹੈ) । ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਦਾਸਾਂ ਨੇ (ਸਾਰੀ ਵੀਚਾਰ ਕਰਕੇ ਇਹ) ਤੱਤ ਕਢਿਆ ਕਿ ਜੋ ਹਰੀ ਦਾ ਦਾਸ ਹੁੰਦਾ ਹੈ (ਉਹ) ਰਬੀ-ਦਰਗਾਹ ਅੰਦਰ ਸੱਚ (ਸਰੂਪ ਵਿਚ ਹੀ ਪ੍ਰਗਟ) ਹੁੰਦਾ ਹੈ ।੪।੪।੧੫੪।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਨਿੰਦਕ ਦੀ ਲੋਕ ਪਰਲੋਕ ਵਿਚ ਜੋ ਬੁਰੀ ਹਾਲਤ ਹੁੰਦੀ ਹੈ, ਉਸ ਦਾ ਜ਼ਿਕਰ ਹੈ । ਭਗਤਾਂ ਦੀ ਵਿਰੋਧਤਾ ਕਰਨ ਵਾਲੇ ਨਿੰਦਕ ਹੀ ਹੁੰਦੇ ਹਨ । ਗੁਰਬਾਣੀ ਵਿਚ ਅੰਕਿਤ ਹੈ :-

**ਜਉ ਦੇਖੈ ਛਿਦ੍ਰੁ, ਤਉ ਨਿੰਦਕ ਉਮਾਹੈ, ਭਲੋ ਦੇਖਿ, ਦੁਖ ਭਰੀਐ ॥**

**ਆਠ ਪਹਰ ਚਿਤਵੈ ਨਹੀ ਪਹੁਚੈ, ਬੁਰਾ ਚਿਤਵਤ ਚਿਤਵਤ ਮਰੀਐ ॥**(ਪੰਨਾ ੮੨੩

ਨਿੰਦਕ ਦੀ ਨਿਸ਼ਾਨੀ ਇਹ ਹੈ ਕਿ ਉਹ ਕਿਸੇ ਦੀ ਖ਼ਾਮੀਆਂ ਵੇਖ ਕੇ ਜਾਂ ਛਾਂਟ ਕੇ ਬਹੁਤ ਖੁਸ਼

ਹੁੰਦਾ ਹੈ ਉਸ ਨੂੰ ਨਿੰਦਾ ਕਰਕੇ ਸੁਆਦ ਆਉਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਨਿੰਦਾ' ਨੂੰ ਇਕ ਬਹੁਤ ਵੱਡਾ ਮਾਨਸਿਕ ਰੋਗ ਦਸਿਆ ਹੈ। ਜਿਵੇਂ ਹਉਮੈ ਮਨੁੱਖ ਦੇ ਉਨਤੀ ਮਾਰਗ ਵਿਚ ਰੁਕਾਵਟ ਬਣਦੀ ਹੈ ਤਿਵੇਂ ਨਿੰਦਾ ਵੀ ਨਿਖਿਧ ਕਰਮਾਂ ਵਿਚ ਗਿਣੀ ਜਾਂਦੀ ਹੈ :-

**ਪਰਨਿੰਦਾ ਪਰ ਮਲੁ ਮੁਖ ਸੁਧੀ, ਅਗਨਿ ਕ੍ਰੋਧੁ ਚੰਡਾਲੁ ॥** [ਪੰਨਾ ੧੫

ਨਿੰਦਕ ਨੂੰ ਸਾਰਾ ਸੰਸਾਰ ਫਿਟਕਾਰਾ ਪਾਂਦਾ ਹੈ ਪਰ ਹਰੀ ਦਾ ਦਾਸ ਕਦੇ ਵੀ ਕਿਸੇ ਦਾ ਬੁਰਾ ਨਹੀਂ ਮੰਗਦਾ ਇਸ ਲਈ ਸਾਰਾ ਸੰਸਾਰ ਉਸ ਦੀ ਉਸਤਤਿ ਕਰਦਾ ਹੈ। ਨਿੰਦਕ ਬਗਲੇ ਵਾਂਗ ਉਪਰੋਂ ਚਿੱਟਾ ਤੇ ਅੰਦਰੋਂ ਮਲੀਨ ਹੁੰਦਾ ਹੈ। ਉਹ ਸੰਤ ਸਭਾ ਵਿਚ ਬੈਠਾ ਹੋਇਆ ਛੁਪ ਨਹੀਂ ਸਕਦਾ :-

**ਹੰਸਾ ਵਿਚਿ ਬੈਠਾ ਬਗੁ ਨ ਬਣਈ, ਨਿਤ ਬੈਠਾ ਮਛੀ ਨੋ ਤਾਰ ਲਾਵੈ ॥**
**ਜਾ ਹੰਸ ਸਭਾ ਵੀਚਾਰੁ ਕਰਿ ਦੇਖਨਿ,**
**ਤਾ ਬਗਾ ਨਾਲਿ ਜੋੜੁ ਕਦੇ ਨ ਆਵੈ॥** [ਪੰਨਾ ੯੬੦

ਇਸ ਸ਼ਬਦ ਦੀ ਰਹਾਉ ਵਾਲੀ ਪੰਕਤੀ 'ਨਿੰਦਕ ਮੁਆ ਨਿੰਦਕ ਕੈ ਨਾਲਿ ॥ ਪਾਰਬ੍ਰਹਮ ਪਰਮੇਸਰਿ ਜਨ ਰਾਖੇ, ਨਿੰਦਕ ਕੈ ਸਿਰਿ ਕੜਕਿਓ ਕਾਲੁ' ਤੋਂ ਇਉਂ ਅਨੁਭਵ ਹੁੰਦਾ ਹੈ ਕਿ ਕਿਸੇ ਵਿਸ਼ੇਸ਼ ਨਿੰਦਕ ਵਲ ਇਸ਼ਾਰਾ ਹੈ, ਜੋ ਗੁਰੂ ਘਰ ਦਾ ਦੋਖੀ ਹੀ ਹੋ ਸਕਦਾ ਹੈ ਜਿਵੇਂ ਸੁਲਹੀ ਖਾਂ ਤੇ ਦੁਸ਼ਟ ਬ੍ਰਾਹਮਣ ਸੀ।

ਇਹ ਸਰੀਰ ਤੇ ਧਨ ਆਦਿ ਪਰਮੇਸ਼ਰ ਦੀ ਦਿਤੀ ਹੋਈ ਪੂੰਜੀ ਹੈ। ਜਿਸ ਪ੍ਰਭੂ ਨੇ ਸਭ ਕੁਝ ਦਿਤਾ ਹੈ, ਉਸ ਤੋਂ ਕ੍ਰੋੜਾਂ ਵਾਰ ਸਦਕੇ ਕੁਰਬਾਨੁ ਜਾਣਾ ਚਾਹੀਦਾ ਹੈ। ਉਸ ਸੁਆਮੀ ਅਗੇ ਦੋਵੇਂ ਹਥ ਜੋੜ ਕੇ ਅਰਦਾਸ ਕਰਨੀ, ਸਿਦਕੀ-ਜੀਵਨ ਦੀ ਨਿਸ਼ਾਨੀ ਹੈ।

ਸਿਧਾਂਤ ਇਹ ਹੈ ਕਿ ਗੁਰੂ ਦੀ ਸਿਖਿਆ ਰਾਹੀਂ ਦਇਆ ਤੇ ਸੰਤੋਖ ਆਦਿ ਸ੍ਰੇਸ਼ਟ ਗੁਣ ਮਿਲਦੇ ਹਨ। ਸਾਧੂ-ਗੁਰੂ ਦੀ ਚਰਨ ਧੂੜ ਜੀਵਨ ਵਿਚ ਪਵਿਤ੍ਰਤਾ ਲਿਆ ਦੇਂਦੀ ਹੈ। ਇਸ ਦੇ ਫਲ ਸਰੂਪ ਮਨ ਦੇ ਵਿਕਾਰ ਮਨ ਵਿਚ ਹੀ ਮੁੱਕ ਜਾਂਦੇ ਹਨ ਅਤੇ ਪ੍ਰਭੂ ਦਾ ਨਾਮ ਸਿਮਰਦਿਆਂ ਜਨਮਾਂ ਜਨਮਾਂ ਦੇ ਪਾਪਾਂ ਦੀ ਮੈਲ ਦੂਰ ਹੋ ਜਾਂਦੀ ਹੈ।

**ਭੈਰਉ ਮਹਲਾ ੫ ॥ ਦੁਇ ਕਰ ਜੋਰਿ ਕਰਉ ਅਰਦਾਸਿ ॥ ਜੀਉ ਪਿੰਡੁ ਧਨੁ, ਤਿਸ ਕੀ ਰਾਸਿ ॥ ਸੋਈ ਮੇਰਾ ਸੁਆਮੀ ਕਰਨੈਹਾਰੁ ॥ ਕੋਟਿ ਬਾਰ, ਜਾਈ ਬਲਿਹਾਰ ॥੧॥ ਸਾਧੂ ਧੂਰਿ ਪੁਨੀਤ ਕਰੀ ॥ ਮਨ ਕੇ ਬਿਕਾਰ ਮਿਟਹਿ ਪ੍ਰਭ ਸਿਮਰਤ, ਜਨਮ ਜਨਮ ਕੀ ਮੈਲੁ ਹਰੀ ॥੧॥ਰਹਾਉ॥ ਜਾ ਕੈ ਗ੍ਰਿਹ ਮਹਿ, ਸਗਲ ਨਿਧਾਨ ॥ ਜਾ ਕੀ ਸੇਵਾ, ਪਾਈਐ ਮਾਨੁ ॥ ਸਗਲ ਮਨੋਰਥ ਪੂਰਨਹਾਰ ॥ ਜੀਅ ਪ੍ਰਾਨ ਭਗਤਨ ਆਧਾਰ ॥੨॥ ਘਟ ਘਟ ਅੰਤਰਿ ਸਗਲ ਪ੍ਰਗਾਸ ॥ ਜਪਿ ਜਪਿ ਜੀਵਹਿ ਭਗਤ ਗੁਣਤਾਸ॥ ਜਾ ਕੀ ਸੇਵ, ਨ ਬਿਰਥੀ ਜਾਇ ॥ ਮਨ ਤਨ ਅੰਤਰਿ ਏਕੁ ਧਿਆਇ ॥੩॥ ਗੁਰ**

**ਉਪਦੇਸਿ ਦਇਆ ਸੰਤੋਖੁ॥ ਨਾਮੁ ਨਿਧਾਨੁ ਨਿਰਮਲੁ ਇਹੁ ਥੋਕੁ॥ ਕਰਿ ਕਿਰਪਾ, ਲੀਜੈ ਲੜਿ ਲਾਇ ॥ ਚਰਨ ਕਮਲ ਨਾਨਕ ਨਿਤ ਧਿਆਇ ॥੪॥੪੨॥੫੫॥**

ਉਚਾਰਨ ਸੇਧ

**ਬਿੰਦੀ ਸਹਿਤ** : ਕਰਉਂ, ਜਾਈਂ, ਮਿਟਹੀਂ, ਮਹਿਂ, ਜੀਵਹਿਂ।

**ਪਦ ਅਰਥ** : ਦੁਇ ਕਰ ਜੋਰਿ-ਦੋਵੇਂ ਹਥ ਜੋੜ ਕੇ । ਕਰਉ-ਮੈਂ ਕਰਦਾ ਹਾਂ । ਅਰਦਾਸਿ-ਬੇਨਤੀ । ਜੀਉ-ਜਿੰਦ । ਪਿੰਡੁ-ਸਰੀਰ । ਧਨੁ-ਦੌਲਤ । ਰਾਸਿ-ਪੂਜੀ ! ਪੂੜੀ । ਸੁਆਮੀ-ਮਾਲਕ । ਕਰਨੈਹਾਰੁ-(ਸਭ ਕੁਝ) ਕਰਨ ਵਾਲਾ । ਕੋਟਿ ਬਾਰ-ਕ੍ਰੋੜਾਂ ਵਾਰੀ । ਜਾਈ-ਜਾਵਾਂ ।੧।

ਪੁਨੀਤ ਕਰੀ-ਪਵਿੱਤਰ ਬਣਾ ਦਿੰਦੀ ਹੈ । ਬਿਕਾਰ-ਵਿਕਾਰ । ਮਿਟਹਿ-ਮਿਟ ਜਾਂਦੇ ਹਨ । ਸਿਮਰਤ-ਸਿਮਰਦਿਆਂ । ਹਰੀ-ਦੂਰ ਹੋ ਜਾਂਦੀ ਹੈ ।੧। ਰਹਾਉ ।

ਜਾ ਕੇ-ਜਿਸ (ਪਰਮੇਸ਼ਰ) ਦੇ । ਗ੍ਰਿਹ ਮਹਿ-ਘਰ ਵਿਚ । ਸਗਲ-ਸਾਰੇ । ਨਿਧਾਨ-ਖਜ਼ਾਨੇ । ਮਾਨੁ-ਆਦਰ, ਸਤਿਕਾਰ । ਪੂਰਨਹਾਰ-ਪੂਰੇ ਕਰਨ ਵਾਲਾ । ਜੀਅ-ਜਿੰਦ । ਆਧਾਰ-ਆਸਰਾ ।੨।

ਘਟਿ ਘਟਿ ਅੰਤਰਿ-ਹਰੇਕ ਸਰੀਰ ਵਿਚ । ਪ੍ਰਗਾਸ-ਚਾਨਣ । ਜਪਿ-ਜਪ ਕੇ । ਜੀਵਹਿ-ਜੀਉਂਦੇ ਹਨ । ਗੁਣਤਾਸ-ਗੁਣਾਂ ਦੇ ਖਜ਼ਾਨੇ । ਬਿਰਥੀ-ਵਿਅਰਥ । ਧਿਆਇ-ਸਿਮਰ ।੩।

ਗੁਰ ਉਪਦੇਸਿ-ਗੁਰੂ ਦੇ ਉਪਦੇਸ਼ ਰਾਹੀਂ । ਥੋਕੁ-ਪਦਾਰਥ, ਸੌਦਾ । ਲੜਿ-ਪਲੇ ਨਾਲ ।੪।

**ਅਰਥ** : (ਹੇ ਭਾਈ ! ਮੈਂ) ਦੋਵੇਂ ਹਥ ਜੋੜ ਕੇ ਬੇਨਤੀ ਕਰਦਾ ਹਾਂ ਕਿ ਜਿੰਦ ਤੇ ਸਰੀਰ (ਸਭ) ਉਸ (ਪ੍ਰਭੂ) ਦੀ (ਦਿਤੀ ਹੋਈ) ਪੂੰਜੀ ਹੈ । (ਸ੍ਰਿਸ਼ਟੀ) ਨੂੰ ਪੈਦਾ ਕਰਨ ਵਾਲਾ ਸੁਆਮੀ ਮੇਰਾ ਮਾਲਕ ਹੈ । ਮੈਂ (ਉਸ ਸੁਆਮੀ ਤੋਂ) ਕ੍ਰੋੜਾਂ ਵਾਰੀ ਬਲਿਹਾਰ ਜਾਂਦਾ ਹਾਂ ।੧।

(ਹੇ ਭਾਈ !) ਸੰਤ (ਗੁਰੂ) ਦੀ ਚਰਨ-ਧੂੜ ਪਵਿਤਰ (ਜੀਵਨ) ਬਣਾ ਦਿੰਦੀ ਹੈ । ਪ੍ਰਭੂ ਦਾ ਨਾਮ ਸਿਮਰਦਿਆਂ ਮਨ ਦੇ ਵਿਕਾਰ (ਪਾਪ ਸਭ) ਮਿਟ ਜਾਂਦੇ ਹਨ (ਅਤੇ) ਜਨਮਾਂ ਜਨਮਾਂ ਦੀ ਮੈਲ ਦੂਰ ਹੋ ਜਾਂਦੀ ਹੈ ।੧। ਰਹਾਉ ।

(ਹੇ ਭਾਈ !) ਜਿਸ (ਪਰਮੇਸ਼ਰ) ਦੇ ਘਰ ਵਿਚ (ਰਿਧੀਆਂ ਸਿਧੀਆਂ ਦੇ) ਖਜ਼ਾਨੇ ਹਨ, ਜਿਸ (ਪ੍ਰਭੂ) ਦੀ ਸੇਵਾ ਕਰਨ ਨਾਲ ਲੋਕ ਪ੍ਰਲੋਕ ਵਿਚ ਆਦਰ-ਮਾਣ ਪਾਈਦਾ ਹੈ, (ਉਹ ਪ੍ਰਭੂ) ਸਾਰੇ ਮਨੋਰਥ ਪੂਰੇ ਕਰਨ ਵਾਲਾ ਹੈ (ਉਹ ਆਪਣੇ) ਭਗਤਾਂ ਦੀ ਜਿੰਦ ਤੇ ਪ੍ਰਾਣਾਂ ਦਾ ਆਸਰਾ ਹੈ ।੨।

(ਹੇ ਭਾਈ ! ਉਸ ਪਰਮੇਸ਼ਰ ਦਾ) ਹਰ ਹਿਰਦੇ ਅੰਦਰ ਪੂਰਨ (ਤੌਰ ਤੇ) ਪ੍ਰਕਾਸ਼ਮਾਨ ਹੈ । ਭਗਤ ਜਨ ਉਸ ਗੁਣਾ ਦੇ ਖਜ਼ਾਨੇ ਦਾ (ਨਾਮ) ਜਪ ਜਪ ਕੇ ਜੀਉਂਦੇ ਹਨ । (ਹੇ ਭਾਈ !) ਜਿਸ (ਪਰਮੇਸ਼ਰ ਦੀ ਕੀਤੀ) ਸੇਵਾ ਵਿਅਰਥ ਨਹੀਂ ਜਾਂਦੀ (ਤੂੰ) ਮਨ ਤੇ ਸਰੀਰ ਅੰਦਰ (ਉਸ) ਇਕ (ਪਰਮੇਸ਼ਰ) ਨੂੰ ਧਿਆ, ਸਿਮਰ ।੩।

(ਹੇ ਭਾਈ !) ਗੁਰੂ ਦੇ ਉਪਦੇਸ਼ ਦੁਆਰਾ (ਜੀਵਨ ਬਤੀਤ ਕੀਤਿਆਂ) ਦਇਆ ਤੇ ਸੰਤੋਖ ਰੂਪੀ (ਗੁਣਾਂ ਦਾ ਸੰਚਾਰ ਹੁੰਦਾ ਹੈ) ਨਾਮ ਰੂਪੀ ਖਜ਼ਾਨਾ (ਪ੍ਰਾਪਤ ਹੁੰਦਾ ਹੈ) ਇਹ (ਸਭ ਤੋਂ) ਪਵਿਤ੍ਰ ਪਦਾਰਥ ਹੈ

। (ਹੁਣ ਬੇਨਤੀ ਕਰਦੇ ਹਨ ਕਿ ਹੇ ਪ੍ਰਭੂ !) ਕਿਰਪਾ ਕਰਕੇ (ਦਾਸ ਨੂੰ) ਆਪਣੇ ਲੜ ਲਾ ਕੇ ਰਖੋ (ਤਾਂ ਜੋ ਨਾਨਕ (ਤੇਰੇ) ਸੋਹਣੇ ਚਰਨ ਨਿਤਾਪ੍ਰਤਿ ਧਿਆਉਂਦਾ ਰਹੇ ।੪।੪੨।੫੫।

## ਸਾਰੰਸ਼ ਅਤੇ ਸਿਧਾਂਤ

ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਆਪਣੇ ਸਤਿਗੁਰੂ ਅਗੇ ਕੀਤੀ ਅਰਦਾਸਿ ਜਦੋਂ ਸੁਣੀ ਗਈ ਤਾਂ ਸਾਰਾ ਕਾਰਜ ਸੁਤੇ ਹੀ ਰਾਸ ਆ ਗਿਆ। ਇਸ ਤਰ੍ਹਾਂ ਆਪ ਜੀ ਨੇ ਵਾਹਿਗੁਰੂ ਦਾ ਧੰਨਵਾਦ ਕੀਤਾ।

ਪਰਮਾਰਥਕ ਉਨਤੀ ਅਤੇ ਸੰਸਾਰਕ ਲੋੜਾਂ ਦੀ ਪੂਰਤੀ ਲਈ ਗੁਰਮਤਿ ਸਾਨੂੰ ਵਾਹਿਗੁਰੂ ਜੀ ਦੇ ਚਰਨਾਂ ਵਿਚ ਅਰਦਾਸਿ ਕਰਨ ਦੀ ਜਾਚ ਸਿਖਾਂਦੀ ਹੈ। ਅਰਦਾਸ ਦਾ ਭਾਵਾਰਥ ਆਪਣੀ ਆਤਮਾ ਨੂੰ ਪਰਮਾਤਮਾ ਨਾਲ ਜੋੜਨਾ ਹੁੰਦਾ ਹੈ। ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਜਾਣ ਕੇ ਆਪਣੀ ਅਰਜ਼ੋਈ ਕਰਨੀ ਹੁੰਦੀ ਹੈ।

ਕਈ ਲੋਕ ਆਖਦੇ ਹਨ ਕਿ ਉਨ੍ਹਾਂ ਦੀ ਅਰਦਾਸਿ ਸੁਣੀ ਨਹੀਂ ਗਈ, ਇਸ ਦਾ ਕਾਰਨ ਉਨ੍ਹਾਂ ਦੇ ਆਪਣੇ ਮਨ ਦੀ ਗ਼ੈਰ ਹਾਜ਼ਰੀ ਹੋ ਸਕਦੀ ਹੈ। ਵਰਨਾ 'ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ' ਦੇ ਮਹਾਨ ਵਾਕ ਸਾਡੀ ਅਗਵਾਈ ਲਈ ਮੌਜੂਦ ਹਨ :–

**ਪਤਿਤ ਉਧਾਰਣੁ ਸਤਿਗੁਰੁ ਮੇਰਾ, ਮੋਹਿ ਤਿਸ ਕਾ ਭਰਵਾਸਾ ॥**
**ਬਖਸਿ ਲਏ ਸਭਿ ਸਚੈ ਸਾਹਿਬਿ, ਸੁਣਿ ਨਾਨਕ ਦੀ ਅਰਦਾਸਾ ॥** [ਪੰਨਾ ੬੨੦

ਗੁਰੂ ਪਾਰਬ੍ਰਹਮ ਪਰਮੇਸ਼ਰ ਰੂਪ ਉਤੇ ਪੂਰਨ ਭਰੋਸਾ ਰਖਣਾ ਚਾਹੀਦਾ ਹੈ ਕਿਉਂਕਿ ਇਹ ਅਰਦਾਸਿ ਗੁਰਮਤਿ ਪਰੰਪਰਾ ਤੇ ਸਫਲਤਾ ਦਾ ਇਕ ਮਹੱਤਵ ਪੂਰਨ ਅੰਗ ਹੈ।

**ਭੈਰਉ ਮਹਲਾ ੫ ॥ ਸਤਿਗੁਰ ਅਪੁਨੇ ਸੁਨੀ ਅਰਦਾਸਿ ॥ ਕਾਰਜੁ ਆਇਆ ਸਗਲਾ ਰਾਸਿ ॥ ਮਨ ਤਨ ਅੰਤਰਿ ਪ੍ਰਭੂ ਧਿਆਇਆ ॥ ਗੁਰ ਪੂਰੇ, ਡਰੁ ਸਗਲ ਚੁਕਾਇਆ ॥੧॥ ਸਭ ਤੇ ਵਡ ਸਮਰਥ ਗੁਰਦੇਵ ॥ ਸਭਿ ਸੁਖ ਪਾਈ, ਤਿਸ ਕੀ ਸੇਵ ॥ ਰਹਾਉ ॥ ਜਾ ਕਾ ਕੀਆ, ਸਭੁ ਕਿਛੁ ਹੋਇ ॥ ਤਿਸ ਕਾ ਅਮਰੁ ਨ ਮੇਟੈ ਕੋਇ ॥ ਪਾਰਬ੍ਰਹਮੁ ਪਰਮੇਸਰੁ ਅਨੂਪੁ ॥ ਸਫਲ ਮੂਰਤਿ ਗੁਰੁ ਤਿਸ ਕਾ ਰੂਪੁ ॥੨॥ ਜਾ ਕੈ ਅੰਤਰਿ ਬਸੈ ਹਰਿਨਾਮੁ ॥ ਜੋ ਜੋ ਪੇਖੈ, ਸੋ ਬ੍ਰਹਮੁ ਗਿਆਨੁ ॥ ਬੀਸ ਬਿਸੁਏ,ਜਾ ਕੈ ਮਨਿ ਪਰਗਾਸੁ ॥ ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥੩॥ ਤਿਸੁ ਗੁਰ ਕਉ, ਸਦ ਕਰੀ ਨਮਸਕਾਰ ॥ ਤਿਸੁ ਗੁਰ ਕਉ, ਸਦ ਜਾਉ ਬਲਿਹਾਰ ॥ ਸਤਿਗੁਰ ਕੇ ਚਰਨ, ਧੋਇ ਧੋਇ ਪੀਵਾ ॥ ਗੁਰ ਨਾਨਕ ਜਪਿ ਜਪਿ, ਸਦ ਜੀਵਾ ॥੪॥੪੩॥੫੬॥**

## ਉਚਾਰਨ ਸੇਧ

**ਬਿੰਦੀ ਸਹਿਤ :** ਪਾਈਂ, ਕਰੀਂ, ਜਾਉਂ, ਪੀਵਾਂ, ਜੀਵਾਂ।

**ਪਦ ਅਰਥ** : ਸਤਿਗੁਰ ਅਪੁਨੇ-ਆਪਣੇ ਸਤਿਗੁਰੂ । ਸੁਨੀ-ਸੁਣ ਲਈ । ਕਾਰਜੁ-(ਵਿਸ਼ੇਸ਼) ਕੰਮ। ਆਇਆ ਰਾਸਿ-ਸਿੱਧ ਹੋ ਗਿਆ ਹੈ, ਸਿਰੇ ਚੜ੍ਹ ਗਿਆ ਹੈ। ਅੰਤਰਿ-ਅੰਦਰ । ਗੁਰ ਪੂਰੇ-ਪੂਰੇ ਸਤਿਗੁਰਾਂ । ਚੁਕਾਇਆ-ਦੂਰ ਕਰ ਦਿਤਾ ।੧।

ਸਭ ਤੇ-ਸਭ ਤੋਂ । ਵਡ ਸਮਰਥ-ਵਡਾ ਸ਼ਕਤੀਵਾਨ । ਪਾਈ-ਮੈਂ ਪਾਂਦਾ ਹਾਂ ।੧। ਰਹਾਉ ।

ਅਮਰੁ-ਹੁਕਮ । ਨ ਮੇਟੈ ਕੋਇ-ਕੋਈ ਮੇਟ ਨਹੀਂ ਸਕਦਾ । ਅਨੂਪੁ-ਜਿਸ ਦੀ ਉਪਮਾ ਕਿਸੇ ਨਾਲ ਨਾ ਕੀਤੀ ਜਾ ਸਕੇ । ਸਫਲ ਮੂਰਤਿ-ਗੁਰੂ ਦੀ ਹਸਤੀ ਸਭ ਫਲ ਦੇਣ ਵਾਲੀ ਹੈ । ਤਿਸ ਕਾ-ਉਸ (ਪਰਮੇਸ਼ਰ) ਦਾ ।੨।

ਪੇਖੈ-ਵੇਖਦਾ ਹੈ। ਬੀਸ ਬਿਸੁਏ-੨੦ ਵਿਸਵੇ ਭਾਵ ਪੂਰੀ ਤਰ੍ਹਾਂ। ਮਨਿ-ਮਨ ਵਿਚ। ਨਿਵਾਸੁ-ਵਾਸਾ।੩।

ਕਰੀ ਨਮਸਕਾਰ-ਮੈਂ ਨਮਸਕਾਰ ਕਰਦਾ ਹਾਂ । ਸਦ ਜਾਉ ਬਲਿਹਾਰ-ਸਦਾ ਕੁਰਬਾਨ ਜਾਂਦਾ ਹਾਂ। ਧੋਇ ਧੋਇ-ਧੋ ਧੋ ਕੇ । ਪੀਵਾ-ਪੀਂਦਾ ਹਾਂ । ਜੀਵਾ-ਜੀਊਂਦਾ ਹਾਂ ।੪।

**ਅਰਥ** : (ਹੇ ਭਾਈ !) ਆਪਣੇ ਸਤਿਗੁਰਾਂ (ਮੇਰੀ) ਅਰਦਾਸਿ ਸੁਣ ਲਈ ਹੈ (ਜਿਸ ਦੇ ਫਲ ਸਰੂਪ ਮੇਰਾ) ਸਾਰਾ ਕੰਮ ਰਾਸ ਆ ਗਿਆ ਹੈ (ਭਾਵ ਸਿਧ ਹੋ ਗਿਆ ਹੈ) । (ਹੇ ਭਾਈ! ਮੈਂ ਆਪਣੇ) ਮਨ ਤੇ ਤਨ ਅੰਦਰ ਪਰਮੇਸ਼ਰ ਨੂੰ ਸਿਮਰਿਆ, ਪੂਰੇ ਗੁਰੂ ਦੀ (ਕਿਰਪਾ ਨਾਲ ਮੈਂ ਆਪਣਾ) ਸਾਰਾ ਡਰ ਦੂਰ ਕਰ ਦਿੱਤਾ ਹੈ।੧।

(ਹੇ ਭਾਈ ! ਮੇਰੇ) ਗੁਰਦੇਵ ਸਭ ਤੋਂ ਵੱਡੇ ਤੇ ਸਮਰਥ (ਸਰਬ ਸ਼ਕਤੀਵਾਨ) ਹਨ । (ਮੈਂ) ਉਸ (ਗੁਰੂ ਦੀ) ਸੇਵਾ (ਕਰਕੇ) ਸਾਰੇ ਸੁਖ ਪ੍ਰਾਪਤ ਕਰ ਰਿਹਾ ਹਾਂ ।੧। ਰਹਾਉ ।

(ਹੇ ਭਾਈ !) ਜਿਸ (ਪਰਮੇਸ਼ਰ) ਦਾ ਕੀਤਾ ਹੋਇਆ ਸਭ ਕੁਝ ਹੁੰਦਾ ਹੈ, ਉਸ (ਪਰਮੇਸ਼ਰ) ਦਾ ਹੁਕਮ ਕੋਈ (ਜੀਵ ਵੀ) ਮੇਟ ਨਹੀਂ ਸਕਦਾ । ਪਾਰਬ੍ਰਹਮ, ਪਰਮੇਸ਼ਰ (ਦੀ) ਉਪਮਾ (ਕਿਸੇ ਜੀਵ ਤੋਂ) ਨਹੀਂ ਹੋ ਸਕਦੀ, (ਜਿਸ ਪਰਮੇਸ਼ਰ ਦੀ) ਮੂਰਤਿ (ਸਰਬ ਵਿਆਪਕ ਹਸਤੀ) ਸਭ ਫਲ ਦੇਣ ਵਾਲੀ ਹੈ, ਸਤਿਗੁਰੂ ਜੀ ਉਸ (ਅਕਾਲ ਮੂਰਤਿ) ਦਾ ਹੀ ਰੂਪ ਹਨ ।੨।

(ਹੇ ਭਾਈ !) ਜਿਸ (ਮਨੁੱਖ ਦੇ ਹਿਰਦੇ) ਅੰਦਰ ਪਰਮਾਤਮਾ ਦਾ ਨਾਮ ਵਸਦਾ ਹੈ (ਉਹ) ਜੋ ਜੋ (ਵਸਤੂ) ਵੇਖਦਾ ਹੈ (ਉਸ ਚੋਂ ਉਸ ਨੂੰ) ਬ੍ਰਹਮ-ਗਿਆਨ ਹੀ (ਵਿਖਾਈ ਦੇਂਦਾ ਹੈ) । ਜਿਸ (ਜੀਵ) ਦੇ ਮਨ ਵਿਚ ਵੀਹ ਵਿਸਵੇ (ਭਾਵ ਪੂਰਨ) ਪ੍ਰਕਾਸ਼ ਹੈ, ਉਸ ਜਨ ਦੇ ਹਿਰਦੇ ਵਿਚ ਪਾਰਬ੍ਰਹਮ ਦਾ ਨਿਵਾਸ ਹੈ ।੩।

(ਹੇ ਭਾਈ! ਮੈਂ) ਉਸ (ਹਸਤੀ) ਨੂੰ ਸਦਾ ਨਮਸਕਾਰ ਕਰਦਾ ਹਾਂ। (ਮੈਂ)ਉਸ ਤੋਂ ਸਦਾ ਬਲਿਹਾਰ-ਸਦਕੇ ਜਾਂਦਾ ਹਾਂ। (ਮੈਂ ਉਸ) ਸਤਿਗੁਰੂ ਦੇ ਚਰਨ ਧੋ ਧੋ ਕੇ ਪੀਂਦਾ ਹਾਂ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਮੈਂ ਉਸ ਗੁਰੂ (ਪਰਮੇਸ਼ਰ) ਦਾ (ਨਾਮ) ਜਪ ਜਪ ਕੇ ਸਦਾ ਜੀਉਂਦਾ ਹਾਂ ।੪।੪੩।੫੬।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਸਮਰਥ ਗੁਰੂ ਦੀ ਮਹਿਮਾ ਤੇ ਧੰਨਵਾਦ ਦਾ ਵਰਣਨ ਹੈ ਜਿਸ ਨੇ ਆਪਣੇ

ਸੇਵਕ ਦੀ ਅਰਦਾਸਿ ਸੁਣ ਲਈ ਅਤੇ ਹਿਰਦੇ ਵਿਚ ਪਾਰਬ੍ਰਹਮ ਦਾ ਨਿਵਾਸ ਕਰਾ ਦਿਤਾ। ਸਾਰੀ ਗਲ ਨਿਸਚੇ ਦੀ ਹੈ। ਜਿਸ ਨੂੰ ਗੁਰੂ ਉਤੇ ਵੀਹ ਵਿਸਵੇ ਨਿਸਚਾ (ਭਰੋਸਾ) ਹੈ, ਉਹੀ ਆਪਣੇ ਗੁਰੂ ਤੋਂ ਵਾਰਨੇ ਤੇ ਬਲਿਹਾਰਨੇ ਜਾਂਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਦੇ ਪਾਵਨ ਵਾਕ ਹਨ -

**ਸਤਿਗੁਰੂ ਕੀ ਸੇਵਾ ਸਫਲੁ ਹੈ, ਜੇ ਕੋ ਕਰੇ ਚਿਤੁ ਲਾਇ ॥**

**ਮਨਿ ਚਿੰਦਿਆ ਫਲੁ ਪਾਵਣਾ, ਹਉਮੈ ਵਿਚਹੁ ਜਾਇ॥** [ਪੰਨਾ ੬੪੪

ਚਿਤ ਉਸੇ ਮਨੁੱਖ ਦਾ ਲਗਦਾ ਭਾਵ ਜੁੜਦਾ ਹੈ ਜਿਸ ਦੇ ਹਿਰਦੇ ਵਿਚ ਨਿਸ਼ਚਾ ਹੁੰਦਾ ਹੈ। ਗੁਰਦੇਵ ਪਿਤਾ ਜੀ ਦੀ ਸੇਵਾ ਕੀਤਿਆਂ ਸਾਰੇ ਗੁਣ, ਸਾਰੇ ਫਲ, ਸਾਰੀਆਂ ਵਡਿਆਈਆਂ ਪ੍ਰਾਪਤ ਹੁੰਦੀਆਂ ਹਨ। ਡਰ ਤੇ ਦੁਖਾਂ ਦਾ ਡੇਰਾ ਚੁਕਿਆ ਜਾਂਦਾ ਹੈ। ਸੋ ਸਿਖ ਦੇ ਹਿਰਦੇ ਵਿਚ ਸਦਾ ਲਈ ਇਹ ਚਾਹਨਾ ਬਣੀ ਰਹੇ -

**ਸਤਿਗੁਰ ਕੇ ਚਰਨ, ਧੋਇ ਧੋਇ ਪੀਵਾ ॥ ਗੁਰ ਨਾਨਕ ਜਪਿ ਜਪਿ ਸਦ ਜੀਵਾ ॥**

## ਰਾਗੁ ਭੈਰਉ ਮਹਲਾ ੫ ਪੜਤਾਲ ਘਰੁ ੩

**ੴ ਸਤਿਗੁਰ ਪ੍ਰਸਾਦਿ ॥ ਪਰਤਿਪਾਲ ਪ੍ਰਭ ਕ੍ਰਿਪਾਲ, ਕਵਨ ਗੁਨ ਗਨੀ ॥ ਅਨਿਕ ਰੰਗ ਬਹੁ ਤਰੰਗ, ਸਰਬ ਕੋ ਧਨੀ॥੧॥ਰਹਾਉ॥ ਅਨਿਕ ਗਿਆਨ ਅਨਿਕ ਧਿਆਨ ਅਨਿਕ ਜਾਪ ਜਾਪ ਤਾਪ॥ ਅਨਿਕ ਗੁਨਿਤ ਧੁਨਿਤ ਲਲਿਤ, ਅਨਿਕ ਧਾਰ ਮੁਨੀ॥੧॥ ਅਨਿਕ ਨਾਦ ਅਨਿਕ ਬਾਜ, ਨਿਮਖ ਨਿਮਖ ਅਨਿਕ ਸ੍ਵਾਦ, ਅਨਿਕ ਦੋਖ ਅਨਿਕ ਰੋਗ, ਮਿਟਹਿ ਜਸ ਸੁਨੀ॥ ਨਾਨਕ ਸੇਵ ਅਪਾਰ ਦੇਵ, ਤਟਹ ਖਟਹ ਬਰਤ ਪੂਜਾ, ਗਵਨ ਭਵਨ ਜਾਤ੍ਰ ਕਰਨ, ਸਗਲ ਫਲ ਪੁਨੀ॥੨॥੧॥੫੭॥੮॥੨੧॥੭॥ ੫੭॥੯੩॥**

### ਉਚਾਰਨ ਸੇਧ

**ਬਿੰਦੀ ਸਹਿਤ** : ਮਿਟਹਿੰ, ਤਟਹੰ, ਖਟਹੰ।

**ਨੋਟ** : ਇਸ ਸ਼ਬਦ ਦੀ ਹਰੇਕ ਪੰਕਤੀ ਦੇ ਅੰਤਲੇ ਪਦ ਅਨੁਨਾਸਕ ਹਨ। ਪੜਤਾਲ ੧. ਸੰਗਯਾ ੨. ਪਾਤਾਲ ਚਾਰ ਤਾਲ ਦਾ ਭੇਦ। ਇਸ ਤਾਲ ਵਿਚ ਗਾਏ ਜਾਣ ਵਾਲੇ ਪਦੇ ਦੀ ਪੜਤਾਲ ਸੰਗਯਾ ਹੋ ਗਈ ਹੈ ਭਾਵੇਂ ਉਹ ਕਿਸੇ ਧਾਰਨਾ ਦੇ ਹੋਣ। (ਮ. ਕੋ.)

**ਪਦ ਅਰਥ** : ਪਰਤਿਪਾਲ ਪ੍ਰਭ-ਹੇ (ਸਭ ਦੇ) ਪਾਲਣ ਵਾਲੇ ਪ੍ਰਭੂ !। ਕਿਰਪਾਲ-ਹੇ ਕਿਰਪਾ ਕਰਨ ਵਾਲੇ !। ਕਵਨ ਗੁਨ ਗਨੀ-(ਤੇਰੇ) ਕਿਹੜੇ ੨ ਗੁਣ ਗਿਣਾਂ ?। ਬਹੁ-ਬਹੁਤ। ਤਰੰਗ-ਲਹਿਰਾਂ। ਸਰਬ ਕੋ-ਸਾਰਿਆਂ ਦਾ। ਧਨੀ-ਮਾਲਕ।੧। ਰਹਾਉ। ਅਨਿਕ-ਅਨੇਕ ਪ੍ਰਕਾਰ ਦੇ। ਗੁਨਿਤ-ਗੁਣਾਂ ਦਾ ਵੀਚਾਰ। ਧੁਨਿਤ-ਧੁਨੀਆਂ। ਲਲਿਤ-ਸੋਹਣੀਆਂ। ਧਾਰ ਮੁਨੀ-ਮੋਨ ਧਾਰਨ ਵਾਲੇ।੧। ਨਾਦ-ਆਵਾਜ਼। ਬਾਜ-ਵਾਜੇ। ਨਿਮਖ-ਅੱਖ ਝਮਕਣ ਜਿਤਨਾ ਸਮਾਂ। ਦੋਖ-ਐਬ। ਮਿਟਹਿ-ਮਿਟ ਜਾਂਦੇ ਹਨ। ਸੁਨੀ-ਸੁਣ

ਕੇ । ਅਪਾਰ ਦੇਵ-ਹੇ ਬੇਅੰਤ ਪ੍ਰਭੂ ! । ਤਟਹ-ਤਟ, ਤੀਰਥਾਂ ਦੇ ਕੰਢਿਆਂ ਤੇ । ਖਟਹ-ਛੇ (ਸ਼ਾਸਤਰਾਂ ਨੂੰ ਵਿਚਾਰਨ ਵਾਲੇ) । ਕਰਨ-ਕਰਨੀ । ਸਗਲ ਫਲ-ਸਾਰੇ ਫਲ । ਪੁਨੀ-ਪੁੰਨ (ਕਰਮ ਕਰਨ ਵਾਲੇ) ।

**ਅਰਥ** : ਹੇ (ਸਭ ਦੇ) ਪਾਲਣ ਵਾਲੇ ਪ੍ਰਭੂ ! ਹੇ ਕਿਰਪਾ ਕਰਨ ਵਾਲੇ ! ਮੈਂ ਤੇਰੇ ਕਿਹੜੇ ਕਿਹੜੇ ਗੁਣ ਗਿਣਾਂ? (ਭਾਵ ਬਿਆਨ ਨਹੀਂ ਹੋ ਸਕਦੇ)। (ਤੇਰੇ) ਅਨੇਕ ਰੰਗ ਤਮਾਸ਼ੇ ਹਨ (ਜੋ) ਬਹੁਤ ਅਨੰਦ ਦੇਣ ਵਾਲੇ ਹਨ, (ਹੇ ਪ੍ਰਭੂ ! ਤੂੰ) ਸਾਰਿਆਂ ਦਾ ਮਾਲਕ ਹੈਂ ।੧। ਰਹਾਉ ।

(ਹੇ ਪ੍ਰਭੂ ! ਤੇਰੇ ਰਚੇ ਹੋਏ ਜਗਤ ਵਿਚ) ਅਨੇਕ (ਪ੍ਰਕਾਰ) ਦਾ ਗਿਆਨ ਅਨੇਕ ਪ੍ਰਕਾਰ ਦਾ ਧਿਆਨ (ਧਾਰਨ ਵਾਲੇ) ਅਨੇਕ ਪ੍ਰਕਾਰ ਦੇ ਜਪ ਤਪ (ਕਰਨ ਵਾਲੇ), ਅਨੇਕ ਪ੍ਰਕਾਰ ਦੇ (ਤੇਰੇ) ਗੁਣਾਂ ਨੂੰ (ਵਿਚਾਰਨ ਵਾਲੇ), ਜੀਭ ਨਾਲ (ਸ਼ਬਦ ਦੀਆਂ ਮਿਠੀਆਂ) ਧੁਨੀਆਂ ਲਾਉਣ ਵਾਲੇ, (ਅਤੇ) ਅਨੇਕਾਂ ਮੁਨੀ (ਅਜਿਹੀ ਧਾਰਨਾ) ਧਾਰਨ ਵਾਲੇ ਹਨ ।੧।

(ਹੇ ਪ੍ਰਭੂ ! ਸੰਸਾਰ ਵਿਚ) ਅਨੇਕ ਸ਼ਬਦ (ਰਾਗ ਵਿਚ ਗਾਇਨ ਹੋ ਰਹੇ ਹਨ) । ਅਨੇਕ (ਸਾਜ਼) ਵਜ ਰਹੇ ਹਨ (ਜਿਨ੍ਹਾਂ ਤੋਂ) ਨਿਮਖ ਨਿਮਖ ਵਿਚ ਅਨੇਕਾਂ (ਲੋਕ) ਸੁਆਦ ਲੈ ਰਹੇ ਹਨ । (ਹੇ ਪ੍ਰਭੂ ! ਤੇਰਾ) ਜਸ ਸੁਣਦਿਆਂ, ਅਨੇਕਾਂ ਪ੍ਰਕਾਰ ਦੇ ਵਿਕਾਰ ਤੇ ਰੋਗ ਮਿਟ ਜਾਂਦੇ ਹਨ ।

ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਪਾਰ ਤੋਂ ਰਹਿਤ ਬੇਅੰਤ ਪ੍ਰਭੂ ਦੀ ਸੇਵਾ ਕੀਤਿਆਂ, ਤੀਰਥਾਂ ਦੇ ਕੰਢਿਆਂ ਤੇ ਰਹਿਣਾ, ਛੇ ਸਾਸਤਰ ਪੜਨੇ, ਦੇਵ-ਪੂਜਾ (ਇਕਾਦਸੀ ਦੇ) ਵਰਤ ਰਖਣੇ ਆਦਿ ਦੇਸ-ਰਟਨ ਤੇ ਤੀਰਥ ਜਾਤ੍ਰਾ ਕਰਨ ਵਾਲੇ ਸਾਰੇ ਫਲ ਤੇ ਪੁੰਨ (ਸੁਤੇ ਹੀ) ਪ੍ਰਾਪਤ ਹੋ ਜਾਂਦੇ ਹਨ ।੨।੧।੫੭।੮।੨੧।੭।੫੭।੯੩।

## ਅਰਥ ਭੇਦ ਅਤੇ ਨਿਰਣੈ

**ਅਨਿਕ ਰੰਗੁ ਬਹੁ ਤਰੰਗ ਸਰਬ ਕੋ ਧਨੀ ॥**

ਉਪ੍ਰੋਕਤ ਪੰਕਤੀ ਨੂੰ "ਅਨਿਕ ਰੰਗ ਬਹੁਤ ਰੰਗ ਸਰਬ ਕੋ ਧਨੀ" ਰੂਪ ਵਿਚ ਫਰੀਦਕੋਟੀ ਸਟੀਕ ਤੇ ਸੰਪ੍ਰਦਾਈ ਸਟੀਕ ਦੇ ਕਰਤਿਆਂ ਨੇ ਪਦ ਛੇਦ ਕਰਕੇ ਅਰਥ ਕੀਤੇ ਹਨ -

.ਅਨੇਕ ਜੋ ਰੰਗ ਹੈਂ ਬਹੁਤ ਪ੍ਰਕਾਰ ਕੇ (ਰੰਗ) ਅਨੰਦ ਦੇਣ ਵਾਲੇ ਤਿਨ ਸਭ ਕਾ ਤੂੰ ਧਨੀ ਹੈਂ ।

ਸ਼ਬਦਾਰਥ ਤੇ ਦਰਪਣ ਵਿਚ 'ਬਹੁ ਤਰੰਗ' ਪਾਠ ਅੰਕਿਤ ਹੈ ਅਤੇ ਅਰਥ ਇਸ ਤਰ੍ਹਾਂ ਕੀਤੇ ਗਏ ਹਨ :

੧. ਤੇਰੇ ਕਈ ਰੰਗ ਹਨ, ਕਈ ਲਹਿਰਾਂ (ਮਨ ਦੀਆਂ ਮੌਜਾਂ) ਹਨ । ਹੇ ਹਰੀ ਸਭ ਦੇ ਮਾਲਕ!। [ਸ਼ਬਦਾਰਥ

੨. (ਜਗਤ ਦੇ) ਅਨੇਕਾਂ ਰੰਗ, ਤਮਾਸ਼ੇ (ਤੇਰੇ ਹੀ ਰਚੇ ਹੋਏ ਹਨ), (ਤੂੰ ਇਕ ਬੇਅੰਤ ਸਮੁੰਦਰ ਹੈ, ਜਗਤ ਦੇ ਬੇਅੰਤ ਜੀਵ ਤੇਰੇ ਵਿਚੋਂ ਹੀ ਲਹਿਰਾਂ ਉਠੀਆਂ ਹੋਈਆਂ ਹਨ, ਤੂੰ ਸਭ ਜੀਵਾਂ ਦਾ ਮਾਲਕ ਹੈਂ । [ਦਰਪਣ

**ਨਿਰਣੈ** : ਸੰਪ੍ਰਦਾਈ ਵਿਦਵਾਨਾਂ ਨੇ ਉਪ੍ਰੋਕਤ ਪੰਕਤੀ ਨੂੰ ਜਿਵੇਂ ਪਦ ਛੇਦ ਕੀਤਾ ਹੈ, ਉਸ ਦਾ ਕੋਈ ਅਧਾਰ ਨਹੀਂ ਹੈ । ਗੁਰਬਾਣੀ ਦੇ ਲਗਮਾਤਰੀ ਨੇਮਾਂ ਅਨੁਸਾਰ ਜਦੋਂ 'ਬਹੁਤੁ' ਪਾਠ ਹੋਵੇ ਤਾਂ ਤੱਤੇ

ਨੂੰ ਔਕੜ ਲੱਗਾ ਹੁੰਦਾ ਹੈ ਜਿਵੇਂ :-

੧. **ਬਹੁੜ ਦੁਆਰੈ ਭ੍ਰਮਿ ਭ੍ਰਮਿ ਆਇਆ ॥** [ਪੰਨਾ ੧੦੭੮

੨. **ਬਹੁੜ ਦਰਬੁ ਕਰਿ ਮਨ ਨ ਅਘਾਨਾ ॥** [ਪੰਨਾ ੧੭੯

'ਬਹੁ' ਪਦ ਦੇ ਹਾਹੇ ਨੂੰ ਲੱਗਾ ਔਕੜ ਸੁਤੇ ਹੀ ਠੀਕ ਪਦ ਛੇਦ ਦੀ ਪੂਰਤਾ ਕਰਦਾ ਹੈ ਕਿਉਂਕਿ ਇਸ ਪਦ ਦੇ ਹਾਹੇ ਨੂੰ ਹਮੇਸ਼ਾਂ ਔਕੜ ਲੱਗਾ ਹੁੰਦਾ ਹੈ :

੧. **ਬਹੁ ਰੰਗ ਦੇਖਿ ਭੁਲਾਇਆ, ਭੁਲਿ ਭੁਲਿ ਆਵੈ ਜਾਇ ਜੀਉ ॥** [ਪੰਨਾ ੧੫੧

੨. **ਬਹੁ ਰੰਗ ਮਾਇਆ ਬਹੁ ਬਿਧਿ ਪੇਖੀ ॥** [ਪੰਨਾ ੧੭੯

## ਸਾਰੰਸ਼ ਅਤੇ ਸਿਧਾਂਤ

ਰੰਗੀ ਸਾਹਿਬ ਦੀ ਮਹਿਮਾਂ ਬੇਅੰਤ ਹੈ, ਉਸ ਦੇ ਅਨੇਕ ਗੁਣ ਹਨ ਜਿਨ੍ਹਾਂ ਨੂੰ ਗਾਉਣ ਵਾਲੇ ਅਨੇਕਾਂ ਹਨ ਜੋ ਭਾਂਤ ਭਾਂਤ ਦੇ ਰਾਗਾਂ ਦਾ ਅਲਾਪ ਕਰਦੇ ਹਨ, ਸੋਹਣੀਆਂ ਸੁਰਾਂ ਨੂੰ ਮੇਲ ਕੇ ਪਰਮੇਸ਼ਰ ਦੇ ਗੁਣ ਗਾਉਂਦੇ ਹਨ। ਉਸ ਅਲੌਕਿਕ ਰਸ ਨੂੰ ਕੋਈ ਨਹੀਂ ਬਿਆਨ ਕਰ ਸਕਦਾ।

ਪ੍ਰਭ ਦਾ ਸਾਰੇ ਜੀਆਂ ਨੂੰ ਸੰਭਾਲਣਾ ਤੇ ਪਾਲਣਾ ਆਦਿ ਅਜਿਹੇ ਅਮੋਲਕ ਗੁਣ ਹਨ ਜਿਨ੍ਹਾਂ ਦੀ ਜਿਤਨੀ ਵਡਿਆਈ ਕੀਤੀ ਜਾਵੇ, ਉਤਨੀ ਹੀ ਥੋੜੀ ਹੈ। ਅਸੀਂ ਛੋਟੇ ਜਿਹੇ ਬੱਚੇ ਹਾਂ ਅਤੇ ਉਹ ਸਾਨੂੰ ਸਦਾ ਹੀ ਮਾਤਾ ਪਿਤਾ ਵਾਂਗ ਆਪਣੇ ਗਲ ਨਾਲ ਲਾ ਕੇ ਰਖਦਾ ਹੈ -

**ਪ੍ਰਭੁ ਮਾਤ ਪਿਤਾ ਕੰਠਿ ਲਾਇਦਾ, ਲਹੁੜੇ ਬਾਲਕ ਪਾਲਿ ॥** [ਪੰਨਾ ੯੫੧

ਪ੍ਰਭੂ ਕਿਰਪਾ ਕਰਨ ਵਾਲਾ, ਸਭ ਦੀ ਪਾਲਣਾ ਕਰਨ ਵਾਲਾ ਅਤੇ ਸਾਰਿਆਂ ਦਾ ਮਾਲਕ ਹੈ। ਉਸ ਦੇ ਅਨਗਿਣਤ ਗੁਣ ਹਨ ਜੋ ਅਨੇਕ ਤਰ੍ਹਾਂ ਨਾਲ ਅਲਾਪੇ ਤੇ ਗਾਏ ਜਾਂਦੇ ਹਨ। ਕਈ ਮੋਨਧਾਰੀ, ਧਿਆਨਧਾਰੀ ਹਨ, ਜੋ ਪ੍ਰਭੂ ਦਾ ਜੱਸ ਗਾਉਂਦੇ ਤੇ ਸੁਣਦੇ ਹਨ, ਉਨ੍ਹਾਂ ਦੇ ਅਨੇਕ ਪ੍ਰਕਾਰ ਦੇ ਰੋਗ ਦੂਰ ਹੋ ਗਏ ਹਨ। ਤੀਰਥ ਇਸ਼ਨਾਨ, ਬਰਤ ਪੂਜਾ, ਹੋਰ ਸਮੂਹ ਕਰਮਾਂ ਦੇ ਫਲ ਬੇਅੰਤ ਪ੍ਰਭੂ ਦੀ ਸੇਵਾ ਕੀਤਿਆਂ ਪ੍ਰਾਪਤ ਹੋ ਜਾਂਦੇ ਹਨ।

## ਭੈਰਉ ਅਸਟਪਦੀਆ ਮਹਲਾ ੧ ਘਰੁ ੨

**੧ਓ ਸਤਿਗੁਰ ਪ੍ਰਸਾਦਿ ॥ ਆਤਮ ਮਹਿ ਰਾਮੁ, ਰਾਮ ਮਹਿ ਆਤਮੁ, ਚੀਨਸਿ ਗੁਰ ਬੀਚਾਰਾ ॥ ਅੰਮ੍ਰਿਤ ਬਾਣੀ ਸਬਦਿ ਪਛਾਣੀ, ਦੁਖ ਕਾਟੈ ਹਉ ਮਾਰਾ ॥੧॥ ਨਾਨਕ, ਹਉਮੈ ਰੋਗ ਬੁਰੇ ॥ ਜਹ ਦੇਖਾਂ ਤਹ ਏਕਾ ਬੇਦਨ, ਆਪੇ ਬਖਸੈ ਸਬਦਿ ਧੁਰੇ ॥੧॥ ਰਹਾਉ ॥ ਆਪੇ ਪਰਖੇ ਪਰਖਣਹਾਰੈ, ਬਹੁਰਿ ਸੂਲਾਕੁ ਨ ਹੋਈ ॥ ਜਿਨ ਕਉ ਨਦਰਿ ਭਈ ਗੁਰਿ ਮੇਲੇ, ਪ੍ਰਭ ਭਾਣਾ ਸਚੁ ਸੋਈ ॥੨॥ ਪਉਣੁ ਪਾਣੀ ਬੈਸੰਤਰੁ ਰੋਗੀ, ਰੋਗੀ ਧਰਤਿ ਸਭੋਗੀ ॥ ਮਾਤ ਪਿਤਾ ਮਾਇਆ ਦੇਹ ਸਿ ਰੋਗੀ, ਰੋਗੀ ਕੁਟੰਬ ਸੰਜੋਗੀ ॥੩॥ ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ, ਰੋਗੀ ਸਗਲ ਸੰਸਾਰਾ ॥ ਹਰਿ ਪਦੁ ਚੀਨਿ ਭਏ**

**ਸੇ ਮੁਕਤੇ, ਗੁਰ ਕਾ ਸਬਦੁ ਵੀਚਾਰਾ ॥੪॥ ਰੋਗੀ ਸਾਤ ਸਮੁੰਦ ਸ ਨਦੀਆ, ਖੰਡ ਪਤਾਲ ਸਿ ਰੋਗ ਭਰੇ ॥ ਹਰਿ ਕੇ ਲੋਕ ਸਿ ਸਾਚਿ ਸੁਹੇਲੇ, ਸਰਬੀ ਥਾਈ ਨਦਰਿ ਕਰੇ ॥੫॥ ਰੋਗੀ ਖਟ ਦਰਸਨ ਭੇਖਧਾਰੀ, ਨਾਨਾ ਹਠੀ ਹਨੇਕਾ ॥ ਬੇਦ ਕਤੇਬ ਕਰਹਿ ਕਹ ਬਪੁਰੇ, ਨਹ ਬੂਝਹਿ ਇਕ ਏਕਾ ॥੬॥ ਮਿਠ ਰਸੁ ਖਾਇ ਸੁ ਰੋਗਿ ਭਰੀਜੈ, ਕੰਦ ਮੂਲਿ ਸੁਖੁ ਨਾਹੀ ॥ ਨਾਮੁ ਵਿਸਾਰਿ ਚਲਹਿ ਅਨ ਮਾਰਗਿ, ਅੰਤ ਕਾਲਿ ਪਛੁਤਾਹੀ ॥੭॥ ਤੀਰਥਿ ਭਰਮੈ ਰੋਗੁ ਨ ਛੂਟਸਿ, ਪੜਿਆ ਬਾਦੁ ਬਿਬਾਦੁ ਭਇਆ । ਦੁਬਿਧਾ ਰੋਗੁ ਸੁ ਅਧਿਕ ਵਡੇਰਾ, ਮਾਇਆ ਕਾ ਮੁਹਤਾਜੁ ਭਇਆ ॥੮॥ ਗੁਰਮੁਖਿ ਸਾਚਾ ਸਬਦਿ ਸਲਾਹੈ, ਮਨਿ ਸਾਚਾ ਤਿਸੁ ਰੋਗੁ ਗਇਆ ॥ ਨਾਨਕ, ਹਰਿ ਜਨ ਅਨਦਿਨੁ ਨਿਰਮਲ, ਜਿਨ ਕਉ ਕਰਮਿ ਨੀਸਾਣੁ ਪਇਆ ॥੯॥੧॥**

## ਉਚਾਰਨ ਸੇਧ

**ਬਿੰਦੀ ਸਹਿਤ :** ਮਹਿਂ, ਹਉਂ, ਹਉਮੈਂ, ਜਹਂ, ਤਹਂ, ਬ੍ਰਹਮਾਂ, ਸਨਦੀਆਂ, ਸਰਬੀਂ, ਥਾਈਂ, ਕਰਹਿਂ, ਨਹਂ, ਬੂਝਹਿਂ, ਨਾਹੀਂ, ਚਲਹਿਂ, ਪਛੁਤਾਹੀਂ।

**ਫੁਟਕਲ-**ਪੜਿਆ ਨੂੰ 'ਪੜ੍ਹਿਆ' ਅਤੇ 'ਸਨਦੀਆ' ਨੂੰ 'ਸ-ਨਦੀਆ' ਉਚਾਰਨਾ ਹੈ।

**ਪਦ ਅਰਥ:** ਆਤਮ ਮਹਿ-(ਹਰੇਕ) ਜੀਵਾਤਮਾ ਵਿਚ । ਚੀਨਸਿ-ਪਛਾਣਦਾ ਹੈ । ਸਬਦਿ-(ਗੁਰੂ ਦੇ) ਸ਼ਬਦ ਦੁਆਰਾ ਹਉ-ਹਉਮੈ ।੧। ਬੁਰੇ-ਮਾੜੇ, ਭੈੜੇ । ਜਹ-ਜਿੱਥੇ । ਤਹ-ਉਥੇ । ਬੇਦਨ-ਪੀੜਾ, ਦੁਖ । ਧੁਰੇ-ਧੁਰ ਤੋਂ ।੧।ਰਹਾਉ। ਪਰਖਣਹਾਰੈ-ਪਰਖਣ ਵਾਲੇ (ਪਰਮਾਤਮਾ) ਨੇ । ਬਹੁਰਿ-ਮੁੜਕੇ, ਫਿਰ । ਸੂਲਾਕੁ -ਲੋਹੇ ਦੀ ਸੀਖ । ਗੁਰਿ-ਗੁਰੂ ਨੇ।੨। ਪਉਣ-ਹਵਾ । ਬੈਸੰਤਰੁ-ਅੱਗ । ਧਰਿ-ਧਰਤੀ । ਸਭੋਗੀ-ਭੋਗਾਂ ਸਮੇਤ । ਦੇਹ-ਸਰੀਰ । ਕੁਟੰਬ ਸੰਜੋਗੀ-ਪਰਵਾਰ ਦੇ ਸਨਬੰਧੀ ।੩। ਬਿਸਨੁ-ਵਿਸ਼ਨੂੰ । ਸਰੁਦ੍ਰਾ-ਰੁਦ੍ਰ ਸਹਿਤ, ਸਮੇਤ ਸ਼ਿਵ ਜੀ । ਹਰਿ ਪਦੁ-ਪਰਮਾਤਮਾ ਨੂੰ ਮਿਲਣ ਵਾਲਾ ਦਰਜਾ ਚੀਨਿ-ਪਛਾਣ ਕੇ ।੪। ਸਾਤ ਸਮੁੰਦ-੧) ਦੁਧ ਦਾ ਸਮੁੰਦਰ (੨) ਦਹੀ ਦਾ ਸਮੁੰਦਰ। (੩) ਘੀ ਦਾ ਸਮੁੰਦਰ । (੪) ਇਖ ਦੇ ਰਸ ਦਾ ਸਮੁੰਦਰ । (੫) ਸ਼ਹਿਦ ਦਾ ਸਮੁੰਦਰ (੬) ਮਿੱਠੇ ਜਲ ਦਾ ਸਮੁੰਦਰ ਅਤੇ (੭) ਖਾਰੇ ਪਾਣੀ ਦਾ ਸਮੁੰਦਰ । ਪੁਰਾਣਾਂ ਵਿਚ ਇਹ ਕਥਨ ਹੈ ਕਿ ਇਹ ਸਤ ਸਾਗਰ ਸਤਾਂ ਦੀਪਾਂ ਨੇ ਘੇਰੇ ਹੋਏ ਹਨ । ਸਨਦੀਆ-ਨਦੀਆਂ ਸਹਿਤ । ਖੰਡ-ਧਰਤੀ ਦੇ ਨੌਂ ਹਿਸੇ । ਖਟ ਦਰਸਨ-ਸੰਨਿਆਸੀ, ਜੰਗਮ, ਬੋਧੀ, ਸਰੇਵੜੇ ਤੇ ਬੈਰਾਗੀ । ਨਾਨਾ-ਅਨੇਕ ਪ੍ਰਕਾਰ ਦੇ । ਹਠੀ-ਹੱਠ ਕਰਨ ਵਾਲੇ। ਕਰਹਿ ਕਿਆ ਬਪੁਰੇ-ਵਿਚਾਰੇ ਕੀ ਕਰ ਸਕਦੇ ਹਨ ?। ਨਹ ਬੂਝਹਿ-ਨਹੀਂ ਸਮਝਦੇ ਹਨ । ਬੇਦ-੪ ਵੇਦ । ਕਤੇਬ-ਮੁਸਲਮਾਨੀ ਮਤ ਦੀਆਂ ੪ ਧਾਰਮਿਕ ਪੁਸਤਕਾਂ (ਕੁਰਾਨ, ਅੰਜੀਲ, ਤੌਰੇਤ, ਜ਼ਬੂਰ) ।੬। ਮਿਠ ਰਸੁ-ਮਿੱਠਾ ਸੁਆਦਲਾ ਰਸ । ਖਾਇ-(ਜੋ) ਖਾਂਦਾ ਹੈ । ਕੰਦ ਮੂਲਿ-ਜ਼ਮੀਨ ਵਿਚੋਂ ਪੈਦਾ ਹੋਣ ਵਾਲੀ ਗਾਜਰ, ਮੂਲੀ ਆਦਿਕ । ਵਿਸਾਰਿ-ਵਿਸਾਰ ਕੇ । ਚਲਹਿ-ਚਲਦੇ ਹਨ । ਅਨ ਮਾਰਗਿ-ਹੋਰ ਰਸਤੇ ਤੇ । ਪਛੁਤਾਹੀ-ਪਛਤਾਉਂਦੇ ਹਨ ।੭।

ਤੀਰਥਿ ਭਰਮੈ-(ਜੋ) ਤੀਰਥਾਂ ਤੇ ਭਟਕਦਾ ਫਿਰਦਾ ਹੈ। ਬਾਦੁ ਬਿਬਾਦ-ਝਗੜਾ। ਦੁਬਿਧਾ-ਦਵੈਤ। ਅਧਿਕ-ਬਹੁਤ। ਵਡੇਰਾ-ਵੱਡਾ। ਮੁਹਤਾਜੁ-ਗਰਜ਼ਮੰਦ।੯।

**ਅਰਥ :** (ਹੇ ਭਾਈ !) ਜੀਵਾਤਮਾ ਵਿਚ ਪਰਮਾਤਮਾ ਅਤੇ ਪਰਮਾਤਮਾ ਵਿਚ ਜੀਵਾਤਮਾ ਹੈ ਭਾਵ ਦੋਹਾਂ ਦੀ ਪਰਸਪਰ ਅਭੇਦਤਾ ਹੈ ਪਰ ਇਸ ਗੱਲ ਨੂੰ ਕੋਈ ਉਤਮ ਜਗਿਆਸੂ ਹੀ ਗੁਰੂ ਦੇ (ਸ਼ਬਦ) ਵੀਚਾਰ ਦੁਆਰਾ ਸਮਝ ਸਕਦਾ ਹੈ। (ਜਿਸ ਕਿਸੇ ਨੇ) ਅੰਮ੍ਰਿਤ ਬਾਣੀ (ਗੁਰੂ ਦੇ) ਸ਼ਬਦ (ਉਪਦੇਸ਼) ਦੁਆਰਾ ਪਛਾਣੀ ਹੈ (ਉਹ ਆਪਣੇ ਸਾਰੇ) ਦੁੱਖ ਕਟ ਲੈਂਦਾ ਹੈ (ਕਿਉਂਕਿ ਉਸ ਨੇ) ਹਉਮੈ ਨੂੰ ਮਾਰ ਦਿੱਤਾ ਹੁੰਦਾ ਹੈ।੧।

ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਹਉਮੈ ਦੇ ਰੋਗ ਬੜੇ ਭੈੜੇ ਹਨ। ਜਿਥੇ ਮੈਂ ਵੇਖਦਾ ਹਾਂ ਉਥੇ ਹੀ ਇਕੋ ਹਉਮੈ ਦੀ ਪੀੜ (ਪਸਰੀ ਹੋਈ) ਹੈ, (ਪਰ ਜਿਸ ਜੀਵ ਨੂੰ) ਪਰਮਾਤਮਾ ਧੁਰ ਤੋਂ ਆਪ ਬਖਸ਼ਦਾ ਹੈ, ਭਾਵ ਸ਼ਬਦ ਵਿਚ (ਜੋੜਦਾ ਹੈ ਉਸ ਦੀ ਹਉਮੈ-ਪੀੜ ਦੂਰ ਹੋ ਜਾਂਦੀ ਹੈ)।੧।ਰਹਾਉ।

(ਜਿਹੜੇ ਜੀਵ) ਪਰਖਣਹਾਰੇ (ਪ੍ਰਭੂ) ਨੇ ਆਪ ਪਰਖ ਲਏ (ਭਾਵ ਪਰਵਾਨ ਕੀਤੇ ਹਨ ਉਨ੍ਹਾਂ ਨੂੰ) ਮੁੜ ਕੇ ਸੂਲਾਕੁ (ਸੂਆ ਖੋਭਣ ਵਾਲਾ ਦੁਖ) ਨਹੀਂ ਭੋਗਣਾ ਪੈਂਦਾ (ਜਿਵੇਂ ਖੋਟੇ ਖਰੇ ਸੋਨੇ ਨੂੰ ਪਰਖਣ ਲਈ ਤਿਖੇ ਨੋਕ ਵਾਲੇ ਸੂਲਾਕ ਸੂਏ ਨਾਲ ਸੁਰਾਖ਼ ਕੀਤੇ ਜਾਂਦੇ ਹਨ, ਸੀਖਾਂ ਚੋਂ ਉਹਨਾਂ ਨੂੰ ਨਹੀਂ ਲੰਘਣਾ ਪੈਂਦਾ ਭਾਵ ਉਨ੍ਹਾਂ ਦੀ ਪਰਖ ਨਹੀਂ ਹੁੰਦੀ)। ਜਿਨ੍ਹਾਂ ਉਤੇ (ਪ੍ਰਭੂ ਦੀ)ਕਿਰਪਾ ਦ੍ਰਿਸ਼ਟੀ ਹੋਈ ਹੈ (ਉਨ੍ਹਾਂ ਨੂੰ) ਗੁਰੂ ਨੇ (ਪ੍ਰਭੂ ਨਾਲ) ਮੇਲਿਆ ਹੈ, ਜਿਨ੍ਹਾਂ ਨੂੰ ਪ੍ਰਭੂ ਦਾ ਭਾਣਾ ਚੰਗਾ ਲੱਗਾ ਹੈ ਓਹੀ ਸਚ ਸਰੂਪ (ਬਣੇ ਹਨ)।੨।

(ਹੇ ਭਾਈ !) ਪਉਣ, ਪਾਣੀ, ਅਗਨੀ (ਸਾਰੇ ਹੀ) ਹਉਮੈ-ਰੋਗ ਵਿਚ ਗ੍ਰਸੇ ਹੋਏ ਹਨ (ਅਤੇ) ਧਰਤੀ ਭੀ ਭੋਗਾਂ ਸਮੇਤ ਹਉਮੈ ਵਿਚ ਗ੍ਰਸੀ ਹੋਈ ਹੈ। ਮਾਤਾ, ਪਿਤਾ, ਮਾਇਆ, ਸਰੀਰ ਅਤੇ ਪਰਵਾਰਾਂ ਦੇ ਸੰਜੋਗੀ (ਸਬੰਧੀ) ਹੋਣ ਕਾਰਨ (ਸਾਰੇ ਹੀ) ਹਉਮੈ ਗ੍ਰਸਤ ਹਨ।੩।

ਬ੍ਰਹਮਾ, ਵਿਸ਼ਨੂੰ ਸ਼ਿਵ ਸਮੇਤ ਹਉਮੈ ਰੋਗਾਂ ਵਿਚ ਗ੍ਰਸੇ ਹਨ, (ਇਸ ਤਰ੍ਹਾਂ) ਸਾਰਾ ਸੰਸਾਰ ਹੀ ਰੋਗੀ ਹੈ। (ਜਿਨ੍ਹਾਂ ਨੇ) ਗੁਰੂ ਦਾ ਸ਼ਬਦ ਵੀਚਾਰਿਆ ਹੈ, ਓਹ ਪਰਮਾਤਮਾ ਨਾਲ ਮਿਲਾਪ ਵਾਲੇ ਪਦ ਨੂੰ ਪਛਾਣ ਕੇ (ਹਉਮੈ ਤੋਂ) ਮੁਕਤ ਹੋ ਗਏ ਹਨ।੪।

ਸਾਰੀਆਂ ਨਦੀਆਂ ਸਹਿਤ ਸਤੇ ਸਮੁੰਦਰ (ਹਉਮੈ ਦੇ) ਰੋਗੀ ਹਨ, ਸਾਰੀਆਂ ਧਰਤੀਆਂ ਦੇ ਹਿੱਸੇ, ਤੇ ਪਾਤਾਲ (ਲੋਕ) ਇਹ ਭੀ (ਹਉਮੈ ਦੇ) ਰੋਗ ਨਾਲ ਲਿਬੜੇ ਹੋਏ ਹਨ। (ਜਿਹੜੇ) ਹਰੀ ਦੇ ਬੰਦੇ (ਬਣ ਜਾਂਦੇ ਹਨ, ਉਹ) ਸਚ ਵਿਚ ਜੁੜ ਕੇ ਸਦਾ ਸੁਖੀ ਹੋ ਜਾਂਦੇ ਹਨ, ਸਭ ਥਾਵਾਂ ਤੇ ਹਰੀ (ਉਨ੍ਹਾਂ ਤੇ ਮਿਹਰ ਦੀ) ਨਜ਼ਰ ਕਰਦਾ ਹੈ।੫।

(ਹੇ ਭਾਈ !) ਛੇ ਭੇਖਾਂ ਦੇ ਧਾਰਨੀ (ਅਤੇ) ਹੋਰ ਅਨੇਕ ਪ੍ਰਕਾਰ ਦੇ ਹੱਠ ਸਾਧਨਾਂ ਵਾਲੇ (ਸਾਰੇ ਹਉਮੈ ਦੇ) ਰੋਗੀ ਹਨ। ਵੇਦ ਤੇ ਕਤੇਬ (ਕੁਰਾਨ ਆਦਿ) ਧਰਮ ਗ੍ਰੰਥ (ਪੜ੍ਹਨ ਵਾਲੇ) ਵਿਚਾਰੇ ਕੀ ਕਰਨ? (ਭਾਵ ਇਹ ਗ੍ਰੰਥ ਉਨ੍ਹਾਂ ਦੀ ਸਹਾਇਤਾ ਨਹੀਂ ਕਰ ਸਕਦੇ ਕਿਉਂਕਿ ਹਉਮੈ ਕਾਰਨ ਓਹ) ਇਕੋ ਇਕ ਪ੍ਰਭੂ ਨੂੰ ਪਛਾਣਦੇ ਨਹੀਂ।੬।

(ਹੇ ਭਾਈ!)ਜੋ(ਗ੍ਰਿਹਸਥ ਵਿਚ) ਮਿੱਠੇ ਰਸ ਖਾਂਦਾ ਹੈ (ਉਹ ਵੀ ਹਉਮੈ ਰੋਗ) ਵਿਚ ਲਿਬੜਿਆ ਪਿਆ ਹੈ, ਗਾਜਰ,ਮੂਲੀ(ਆਦਿ ਖਾਣ) ਨਾਲ ਵੀ (ਆਤਮਿਕ) ਸੁਖ ਨਹੀਂ ਪ੍ਰਾਪਤ ਹੁੰਦਾ ਹੈ। (ਪਰਮਾਤਮਾ ਦਾ) ਨਾਮ ਭੁਲਾ ਕੇ (ਜਿਹੜੇ) ਹੋਰ ਰਸਤੇ ਤੇ ਚਲ ਪਏ ਹਨ, (ਉਹ ਵੀ) ਅੰਤ ਨੂੰ ਪਛਤਾਉਂਦੇ ਹਨ ।੭।

(ਹੇ ਭਾਈ ! ਜਿਹੜਾ ਮਨੁੱਖ) ਤੀਰਥਾਂ ਉਤੇ ਭਟਕਦਾ ਫਿਰਦਾ ਹੈ (ਉਸ ਦਾ ਵੀ) ਹਉਮੈ ਰੋਗ ਦੂਰ ਨਹੀਂ ਹੁੰਦਾ, (ਜੋ ਕੁਝ ਉਸ ਨੇ) ਪੜ੍ਹਿਆ ਸੀ (ਉਹ ਵੀ) ਵਾਦ-ਵਿਵਾਦ ਦਾ ਰੂਪ ਧਾਰਨ ਕਰ ਗਿਆ। ਦੁਬਿਧਾ ਦਾ ਰੋਗ ਬਹੁਤ ਭਾਰਾ ਰੋਗ ਹੈ (ਕਿਉਂਕਿ ਇਸ ਵਿਚ ਫਸਿਆ ਹੋਇਆ ਜੀਵ ਹਰ ਵੇਲੇ) ਮਾਇਆ ਦਾ ਮੁਥਾਜ (ਗਰਜ਼ਮੰਦ) ਬਣਿਆ ਰਹਿੰਦਾ ਹੈ ।੮।

(ਹੇ ਭਾਈ ! ਜਿਹੜਾ) ਗੁਰੂ ਅਨੁਸਾਰੀ ਸਿੱਖ ਹੈ ਉਹ ਗੁਰੂ ਦੇ ਸ਼ਬਦ ਵਿਚ ਲੀਨ ਹੋ ਕੇ ਸਦਾ ਪਰਮਾਤਮਾ ਦੀ ਸਿਫਤਿ ਸਲਾਹ ਕਰਦਾ ਹੈ, (ਉਸ ਦੇ) ਮਨ ਵਿਚ ਸੱਚਾ ਪ੍ਰਭੂ ਵਸ ਜਾਂਦਾ ਹੈ, ਉਸ ਦਾ ਹਉਮੈ ਰੋਗ ਨਾਸ਼ ਹੋ ਜਾਂਦਾ ਹੈ । ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਪਰਮਾਤਮਾ ਦੇ (ਉਹ) ਸੇਵਕ ਜਨ ਸਦਾ ਹੀ ਪਵਿਤ੍ਰ ਹਨ, (ਜਿਨ੍ਹਾਂ ਦੇ ਮਥੇ ਤੇ ਪ੍ਰਭੂ ਦੀ) ਬਖਸ਼ਸ਼ ਦੁਆਰਾ (ਨਾਮ ਦਾ) ਨਿਸ਼ਾਨ ਪੈ ਗਿਆ ਹੈ ।੯।੧।

## ਸਾਰੰਸ਼ ਅਤੇ ਸਿਧਾਂਤ

ਜੇ ਨਿਰਵਿਵਾਦ ਹੋ ਕੇ ਆਤਮਿਕ ਵੀਚਾਰ ਕੀਤੀ ਜਾਵੇ ਤਾਂ ਜੀਵਾਤਮਾ ਵਿਚ ਪਰਮਾਤਮਾ ਦੀ ਵਿਆਪਕਤਾ ਹੈ ਅਤੇ ਪਰਮਾਤਮਾ ਵਿਚ ਜੀਵਾਤਮਾ ਦਾ ਟਿਕਾਣਾ ਹੈ। ਇਸ ਅਭੇਦਤਾ ਨੂੰ ਨਾ ਸਮਝਣ ਕਾਰਣ ਹੀ ਹਉਮੈ ਭਾਰੂ ਹੈ । ਇਹ ਹਉਮੈ ਵੱਡਾ ਰੋਗ ਹੈ ਜੋ ਬ੍ਰਹਮਾ, ਵਿਸ਼ਨੂੰ, ਸ਼ਿਵ ਜੀ ਹੀ ਨਹੀਂ ਸਾਰੀ ਸ੍ਰਿਸ਼ਟੀ ਨੂੰ ਪਾਉਣ ਪਾਣੀ, ਬੈਸੰਤਰ, ਦੇਵੀ ਦੇਵਤਿਆਂ, ਵਖੋ ਵਖਰੇ ਧਰਮ ਅਵਿਲੰਬੀਆ, ਰੱਸ-ਭੋਗੀਆਂ, ਵਿਰੱਕਤਾ, ਵਿਦਵਾਨਾਂ, ਤੀਰਥ-ਯਾਤਰੀਆਂ ਆਦਿ ਸਭ ਨੂੰ ਆਪਣੇ ਪੰਜੇ ਵਿਚ ਫਸਾਈ ਰਖਦਾ ਹੈ । ਜਿਹੜਾ ਜੀਵ ਗੁਰੂ ਦੁਆਰਾ ਸਚੇ ਸ਼ਬਦ ਦੁਆਰਾ ਪਰਮਾਤਮਾ ਦੀ ਸਿਫਤ ਸਲਾਹ ਕਰਦਾ ਹੈ, ਉਸ ਦੇ ਮਨ ਵਿਚ ਸੱਚਾ ਪਰਮੇਸ਼ਰ ਵਸ ਜਾਂਦਾ ਹੈ ਅਤੇ ਉਸ ਦਾ ਹਉਮੈ ਵਾਲਾ ਰੋਗ ਦੂਰ ਹੋ ਜਾਂਦਾ ਹੈ ।

ਅੰਤਲੀ ਪੰਕਤੀ ਵਿਚ ਸਿਧਾਂਤਕ ਨੁਕਤਾ ਇਹ ਦਿਤਾ ਹੈ ਕਿ ਜਿਨ੍ਹਾਂ ਦੇ ਮੱਥੇ ਉਤੇ ਗੁਰੂ ਦੀ ਬਖ਼ਸ਼ਿਸ਼ ਦੁਆਰਾ ਨਾਮ-ਨਿਸ਼ਾਨ ਪੈ ਜਾਂਦਾ ਹੈ, ਓਹ ਸਦਾ ਲਈ ਨਿਰਮਲ ਹੋ ਜਾਂਦੇ ਹਨ ।

## ਭੈਰਉ ਮਹਲਾ ੩ ਘਰੁ ੨

**੧ੴ ਸਤਿਗੁਰ ਪ੍ਰਸਾਦਿ ॥ ਤਿਨਿ ਕਰਤੈ, ਇਕੁ ਚਲਤੁ ਉਪਾਇਆ ॥ ਅਨਹਦ ਬਾਣੀ ਸਬਦੁ ਸੁਣਾਇਆ ॥ ਮਨਮੁਖਿ ਭੂਲੇ, ਗੁਰਮੁਖਿ ਬੁਝਾਇਆ ॥ ਕਾਰਣੁ, ਕਰਤਾ ਕਰਦਾ ਆਇਆ ॥੧॥ ਗੁਰ ਕਾ ਸਬਦੁ, ਮੇਰੈ ਅੰਤਰਿ ਧਿਆਨੁ ॥ ਹਉ ਕਬਹੂ ਨ ਛੋਡਉ, ਹਰਿ ਕਾ ਨਾਮੁ ॥੧॥ ਰਹਾਉ ॥ ਪਿਤਾ, ਪ੍ਰਹਲਾਦੁ ਪੜਣ ਪਠਾਇਆ ॥ ਲੈ ਪਾਟੀ, ਪਾਧੇ ਕੈ ਆਇਆ ॥ ਨਾਮ ਬਿਨਾ, ਨਹ ਪੜਉ ਅਚਾਰ ॥**

ਮੇਰੀ ਪਟੀਆ ਲਿਖਿ ਦੇਹੁ, ਗੋਬਿੰਦ ਮੁਰਾਰਿ ॥੨॥ ਪੂਤ੍ਰ ਪ੍ਰਹਿਲਾਦ ਸਿਉ ਕਹਿਆ, ਮਾਇ ॥ ਪਰਵਿਰਤਿ ਨ ਪੜਹੁ, ਰਹੀ ਸਮਝਾਇ ॥ ਨਿਰਭਉ ਦਾਤਾ ਹਰਿ ਜੀਉ, ਮੇਰੈ ਨਾਲਿ ॥ ਜੇ ਹਰਿ ਛੋਡਉ, ਤਉ ਕੁਲਿ ਲਾਗੈ ਗਾਲਿ ॥੩॥ ਪ੍ਰਹਿਲਾਦਿ, ਸਭਿ ਚਾਟੜੇ ਵਿਗਾਰੇ ॥ ਹਮਾਰਾ ਕਹਿਆ ਨ ਸੁਣੈ, ਆਪਣੇ ਕਾਰਜ ਸਵਾਰੇ ॥ ਸਭ ਨਗਰੀ ਮਹਿ, ਭਗਤਿ ਦ੍ਰਿੜਾਈ ॥ ਦੁਸਟ ਸਭਾ ਕਾ, ਕਿਛੁ ਨ ਵਸਾਈ ॥੪॥ ਸੰਡੈ ਮਰਕੈ, ਕੀਈ ਪੂਕਾਰ ॥ ਸਭੇ ਦੈਤ ਰਹੇ ਝਖ ਮਾਰਿ ॥ ਭਗਤ ਜਨਾ ਕੀ ਪਤਿ ਰਾਖੈ ਸੋਈ ॥ ਕੀਤੇ ਕੈ ਕਹਿਐ ਕਿਆ ਹੋਈ ॥੫॥

## ਉਚਾਰਨ ਸੇਧ

**ਬਿੰਦੀ ਸਹਿਤ** : ਹਉਂ, ਕਬਹੂੰ, ਛੋਡਉਂ, ਪਾਧੇ, ਨਹੰ, ਪੜਉਂ, ਸਿਉਂ, ਮਹਿੰ, ਦੈਂਤ, ਜਨਾਂ।

**ਪਦ ਅਰਥ** : ਤਿਨਿ ਕਰਤੈ-ਉਸ ਕਰਤਾਰ ਨੇ। ਚਲਤੁ-ਤਮਾਸ਼ਾ। ਉਪਾਇਆ-ਬਣਾਇਆ, ਰਚਾਇਆ। ਅਨਹਦ ਬਾਣੀ-ਇਕ ਰੱਸ ਰਹਿਣ ਵਾਲੀ ਬਾਣੀ ਦੁਆਰਾ। ਕਾਰਣ-ਸਬਬ, ਜਗਤ।੧। ਮੇਰੈ ਅੰਤਰਿ-ਮੇਰੈ (ਹਿਰਦੇ) ਵਿਚ। ਹਉ-ਮੈਂ। ਕਬਹੁ-ਕਦੇ ਵੀ। ਨ ਛੋਡਉ-ਨਹੀਂ ਛਡਾਂਗਾ।੧। ਰਹਾਉ।

ਪਿਤਾ-ਪਿਤਾ (ਹਰਨਾਖਸ਼) ਨੇ। ਪ੍ਰਹਲਾਦੁ-(ਪੁੱਤਰ) ਪ੍ਰਹਿਲਾਦ ਨੂੰ। ਪੜਣ ਪਠਾਇਆ-ਪੜ੍ਹਨ ਲਈ ਭੇਜਿਆ। ਲੈ ਪਾਟੀ-ਪੱਟੀ ਲੈ ਕੇ। ਪਾਧੇ ਕੈ-ਪਾਧੇ ਪਾਸ। ਨਹ ਪੜਉ-ਮੈਂ ਨਹੀਂ ਪੜ੍ਹਾਂਗਾ। ਆਚਾਰ-ਰਹਿਣੀ ਬਹਿਣੀ, ਹੋਰ ਦੁਨਿਆਵੀ ਕਾਰ-ਵਿਹਾਰ ਵਾਲੀ ਵਿਦਿਆ। ਮੇਰੀ ਪਟੀਆ-ਮੇਰੀ ਪੱਟੀ ਉਤੇ। ਲਿਖਿ ਦੇਹੁ-ਲਿਖ ਕੇ ਦਿਉ। ਗੋਬਿੰਦ ਮੁਰਾਰਿ-ਪ੍ਰਿਥਵੀ ਦੇ ਮਾਲਕ ਪਰਮਾਤਮਾ ਦਾ (ਨਾਮ)।੨।

ਸਿਉ-ਨੂੰ। ਮਾਇ-ਮਾਂ ਨੇ। ਪਰਵਿਰਤਿ-ਰੁਝਿਆ ਹੋਇਆ। ਨ ਪੜਹੁ-ਤੂੰ ਨਾਹ ਪੜ੍ਹਦਾ। ਜੇ ਹਰਿ ਛੋਡਉ-ਜੇ ਮੈਂ ਪਰਮਾਤਮਾ ਦਾ (ਨਾਮ) ਛਡ ਦਿਆਂ। ਕੁਲਿ ਲਾਗੈ ਗਾਲਿ-ਕੁਲ ਦੇ (ਨਾਮ) ਨਾਮ ਗਾਲ੍ਹ ਲਗਦੀ ਹੈ ਭਾਵ ਕੁਲ ਦੀ ਬਦਨਾਮੀ ਹੁੰਦੀ ਹੈ।੩।

ਪ੍ਰਹਲਾਦਿ-ਪ੍ਰਹਲਾਦ ਨੇ। ਚਾਟੜੇ ਵਿਗਾੜੇ-ਪੜ੍ਹਨ ਵਾਲੇ ਵਿਦਿਆਰਥੀ ਵਿਗਾੜ ਦਿਤੇ ਹਨ। ਆਪਣੇ ਕਾਰਜ ਸਵਾਰੇ-ਆਪਣੇ ਕੰਮ ਸਵਾਰੀ ਜਾਂਦਾ ਹੈ। ਨਗਰੀ ਮਹਿ-ਸ਼ਹਿਰ ਵਿਚ। ਭਗਤਿ ਦ੍ਰਿੜਾਈ-ਰਖੀ ਭਗਤੀ ਪੱਕੀ ਕਰ ਦਿਤੀ। ਦੁਸ਼ਟ ਸਭਾ-ਦੁਸ਼ਟਾਂ, ਪਾਪੀਆਂ ਦੀ ਸਭਾ। ਕਛੁ ਨ ਵਸਾਈ-ਕੁਝ ਵਸ (ਜ਼ੋਰ) ਨਹੀਂ ਚਲਿਆ।੪।

ਸੰਡੈ ਮਰਕੇ-(ਪ੍ਰਹਿਲਾਦ ਦੇ ਪਾਧੇ) ਸੰਡੇ ਤੇ ਅਮਰਕੇ ਨੇ। ਕੀਈ ਪੂਕਾਰ-ਪੁਕਾਰ ਭਾਵ ਸ਼ਿਕਾਇਤ ਕੀਤੀ। ਰਹੇ-ਰਹਿ ਗਏ, ਹਾਰ ਗਏ। ਝਖ ਮਾਰਿ-ਸਿਰ ਖਪਾ ਕੇ। ਪਤਿ-ਇਜ਼ਤ। ਕੀਤੇ ਕੈ ਕਹਿਐ-(ਰਬ ਦੇ ਪੈਦਾ) ਕੀਤੇ ਹੋਏ ਦੇ ਕਹਿਣ ਨਾਲ। ਕਿਆ ਹੋਈ-ਕੀ ਹੋ ਸਕਦਾ ਹੈ?, ਭਾਵ ਕਰਤਾਰ ਦੇ ਮੁਕਾਬਲੇ ਤੇ ਜੀਵ ਕੀ ਕਰ ਸਕਦਾ ਹੈ ? ।੫।

**ਅਰਥ** : (ਹੇ ਭਾਈ !) ਉਸ (ਕਰਤਾ ਪੁਰਖ) ਨੇ (ਸੰਸਾਰ ਰੂਪ) ਇਕ ਖੇਲ ਬਣਾਇਆ। (ਉਸ

ਨੇ ਹੀ) ਇਕ ਰੱਸ ਬਾਣੀ ਦੁਆਰਾ ਗੁਰੂ ਦਾ ਸ਼ਬਦ ਸੁਣਾਇਆ ਹੈ। ਮਨ ਪਿਛੇ ਚਲਣ ਵਾਲੇ ਜੀਵ (ਜੀਵਨ ਰਾਹ ਤੋਂ) ਭੁਲ ਗਏ, (ਪਰ) ਗੁਰੂ ਅਨੁਸਾਰੀ ਜੀਆਂ ਨੂੰ (ਗੁਰੂ ਨੇ ਜੀਵਨ-ਰਾਹ) ਸਮਝਾ ਦਿਤਾ। (ਇਹੋ ਜਿਹੇ) ਸਬਬ ਕਰਤਾ (ਪੁਰਖ ਆਦਿ ਤੋਂ) ਕਰਦਾ ਆ ਰਿਹਾ ਹੈ ।੧।

(ਹੇ ਭਾਈ !) ਗੁਰੂ ਦਾ ਸ਼ਬਦ ਮੇਰ (ਹਿਰਦੇ) ਅੰਦਰ ਧਿਆਨ (ਬਣਿਆ ਹੋਇਆ ਹੈ)। ਮੈਂ ਹਰੀ ਦਾ ਨਾਮ (ਜਪਣਾ) ਕਦੇ ਵੀ ਨਹੀਂ ਛਡਾਂਗਾ ।੧।ਰਹਾਉ।

ਪਿਤਾ (ਹਰਨਾਖਸ਼ ਨੇ) ਪ੍ਰਹਿਲਾਦ ਨੂੰ ਪੜ੍ਹਨ ਵਾਸਤੇ (ਪਾਠਸ਼ਾਲਾ ਵਿਚ) ਭੇਜਿਆ, (ਪ੍ਰਹਿਲਾਦ) ਪਟੀ ਲੈ ਕੇ ਪਾਂਧੇ ਪਾਸ ਆ ਗਿਆ। (ਜਦੋਂ ਦੈਂਤਾਂ ਵਾਲਾ ਕਰਮ ਸਬਕ ਰੂਪ ਵਿਚ ਪੜ੍ਹਾਉਣ ਲਗੇ ਤਾਂ ਪ੍ਰਹਿਲਾਦ ਨੇ ਆਖਿਆ, ਹੇ ਪਾਂਧਾ ਜੀ !) ਮੈਂ ਨਾਮ ਤੋਂ ਬਿਨਾ ਹੋਰ ਕੋਈ ਕਾਰ ਵਿਹਾਰ ਨਹੀਂ ਪੜ੍ਹਨਾ (ਤੁਸੀ) ਮੇਰੀ ਪਟੀ ਉਤੇ ਸ੍ਰੀ ਗੋਬਿੰਦ ਮੁਰਾਰੀ (ਭਾਵ ਪਰਮਾਤਮਾ ਦਾ) ਨਾਮ ਲਿਖ ਦਿਉ ।੨।

ਮਾਤਾ ਨੇ ਪ੍ਰਹਿਲਾਦ ਪੁੱਤਰ ਨੂੰ ਕਿਹਾ ਹੇ ਪੁੱਤਰ ! (ਜਿਸ ਕੰਮ ਭਾਵ ਪਰਮਾਤਮਾ ਦਾ ਨਾਮ ਜਪਣ ਲਈ) ਰੁਝਿਆ ਹੋਇਆ ਹੈਂ (ਇਹ) ਨਾ ਪੜ੍ਹ, (ਮਾਤਾ ਇਹ ਸਿਖਿਆ) ਸਮਝਾਉਂਦੀ ਰਹੀ (ਕਿ ਇਸ ਤਰ੍ਹਾਂ ਨਾ ਕਰ ਤੈਨੂੰ ਪਿਤਾ ਮਾਰੇਗਾ ਪਰ ਪ੍ਰਹਿਲਾਦ ਨੇ ਕਿਹਾ ਹੇ ਮਾਂ! ਜੋ) ਭੈ ਤੋਂ ਰਹਿਤ (ਅਤੇ ਸਭ) ਦਾਤਾਂ ਦੇਣ ਵਾਲਾ ਹਰੀ ਹੈ, (ਉਹ) ਮੇਰੇ ਨਾਲ (ਭਾਵ ਅੰਗ ਸੰਗ) ਹੈ। (ਹੇ ਮਾਂ !) ਜੇ ਮੈਂ ਹਰੀ ਦਾ (ਨਾਮ ਜਪਣਾ) ਛਡ ਦਿਆਂ, ਤਾਂ (ਮੇਰੇ) ਕੁਲ ਨੂੰ ਗਾਲ੍ਹ ਲਗਦੀ ਹੈ (ਭਾਵ ਬਦਨਾਮੀ ਹੁੰਦੀ ਹੈ, ਅਥਵਾ ਕਲੰਕ ਲਗਦਾ ਹੈ, ਇਸ ਲਈ ਮੈਂ ਹੋਰ ਵਿਦਿਆ ਨਹੀਂ ਪੜ੍ਹਨੀ ) ।੩।

(ਪਾਂਧੇ ਨੇ ਹਰਨਾਖਸ਼ ਕੋਲ ਜਾ ਕੇ ਸ਼ਿਕਾਇਤ ਕੀਤੀ ਕਿ) ਪ੍ਰਹਿਲਾਦ ਨੇ ਸਾਰੇ ਚਾਟੜੇ ਵਿਗਾੜ ਦਿਤੇ ਹਨ (ਉਹ) ਮੇਰਾ ਕਹਿਆ (ਉਪਦੇਸ਼) ਨਹੀਂ ਸੁਣਦਾ, ਆਪਣੇ ਕੰਮ ਹੀ ਸਵਾਰਦਾ ਰਹਿੰਦਾ ਹੈ। (ਪ੍ਰਹਿਲਾਦ ਨੇ ਸਾਰੀ ਨਗਰੀ ਵਿਚ (ਪਰਮੇਸ਼ਰ ਦੀ) ਭਗਤੀ ਦ੍ਰਿੜ ਕਰਾ ਦਿਤੀ ਹੈ। ਦੁਸ਼ਟ ਸਭਾ (ਭਾਵ ਹਰਨਾਖਸ਼ ਦੀ ਜੁੰਡਲੀ ਨੇ ਪੂਰਾ ਵਾਹ ਲਾਇਆ ਪਰ ਪ੍ਰਹਿਲਾਦ ਉਤੇ ਉਸ ਸਭਾ) ਦਾ ਕੁਝ ਵਾਹ (ਜ਼ੋਰ) ਨਹੀਂ ਚਲਿਆ ।੪।

ਸੰਡੇ ਤੇ ਅਮਰਕੇ ਨੇ (ਹਰਨਾਖਸ਼ ਪਾਸ ਜਾ ਕੇ ਫਿਰ) ਪੁਕਾਰ (ਸ਼ਿਕਾਇਤ) ਕੀਤੀ (ਕਿ) ਸਾਰੇ ਦੈਂਤ ਝਖ ਮਾਰ ਕੇ (ਭਾਵ ਸਿਰ ਖਪਾ ਕੇ) ਹਾਰ ਗਏ ਹਨ (ਪਰ ਪ੍ਰਹਿਲਾਦ ਕਿਸੇ ਦੀ ਗਲ ਨਹੀਂ ਮੰਨਦਾ)। (ਗੁਰੂ ਸਾਹਿਬ ਫੁਰਮਾਉਂਦੇ ਹਨ ਕਿ) ਉਹ ਪਰਮੇਸ਼ਰ ਆਪ (ਆਪਣੇ) ਭਗਤ ਜਨਾ ਦੀ ਇਜ਼ਤ ਰਖਦਾ ਹੈ, (ਦੋਖੀ ਜੀਵ ਜਿਹੜਾ ਪਰਮੇਸ਼ਰ ਦਾ ਪੈਦਾ) ਕੀਤਾ ਹੋਇਆ ਹੈ ਉਸ ਦੇ ਕਹਿਣ ਨਾਲ ਕੀ ਹੁੰਦਾ ਹੈ ? (ਭਾਵ ਕੁਝ ਨਹੀਂ ਹੋ ਸਕਦਾ) ।੫।

**ਕਿਰਤ ਸੰਜੋਗੀ, ਦੈਤਿ ਰਾਜੁ ਚਲਾਇਆ ॥ ਹਰਿ ਨ ਬੂਝੈ, ਤਿਨਿ ਆਪਿ ਭੁਲਾਇਆ ॥ ਪੁਤ੍ਰ ਪ੍ਰਹਲਾਦ ਸਿਉ ਵਾਦੁ ਰਚਾਇਆ ॥ ਅੰਧਾ ਨ ਬੂਝੈ, ਕਾਲੁ ਨੇੜੈ ਆਇਆ ॥੬॥ ਪ੍ਰਹਲਾਦੁ ਕੋਠੇ ਵਿਚਿ ਰਾਖਿਆ, ਬਾਰਿ ਦੀਆ ਤਾਲਾ ॥ ਨਿਰਭਉ**

**ਬਾਲਕੁ ਮੂਲਿ ਨ ਡਰਈ, ਮੇਰੈ ਅੰਤਰਿ ਗੁਰ ਗੋਪਾਲਾ ॥ ਕੀਤਾ ਹੋਵੈ ਸਰੀਕੀ ਕਰੈ, ਅਨਹੋਦਾ ਨਾਉ ਧਰਾਇਆ ॥ ਜੋ ਧੁਰਿ ਲਿਖਿਆ ਸੋ ਆਇ ਪਹੁਤਾ, ਜਨ ਸਿਉ ਵਾਦੁ ਰਚਾਇਆ॥੭॥ ਪਿਤਾ, ਪ੍ਰਹਲਾਦ ਸਿਉ ਗੁਰਜ ਉਠਾਈ॥ ਕਹਾਂ ਤੁਮਾਰਾ ਜਗਦੀਸ ਗੁਸਾਈ॥ ਜਗ ਜੀਵਨੁ ਦਾਤਾ, ਅੰਤਿ ਸਖਾਈ॥ ਜਹ ਦੇਖਾ, ਤਹ ਰਹਿਆ ਸਮਾਈ॥੮॥ ਥੰਮ ਉਪਾੜਿ, ਹਰਿ ਆਪੁ ਦਿਖਾਇਆ॥ ਅਹੰਕਾਰੀ ਦੈਤੁ, ਮਾਰਿ ਪਚਾਇਆ॥ ਭਗਤਾ ਮਨਿ ਆਨੰਦੁ, ਵਜੀ ਵਧਾਈ॥ ਅਪਨੇ ਸੇਵਕ ਕਉ ਦੇ ਵਡਿਆਈ॥੯॥ ਜੰਮਣੁ ਮਰਣਾ, ਮੋਹੁ ਉਪਾਇਆ॥ ਆਵਣੁ ਜਾਣਾ, ਕਰਤੈ ਲਿਖਿ ਪਾਇਆ॥ ਪ੍ਰਹਲਾਦ ਕੈ ਕਾਰਜਿ, ਹਰਿ ਆਪੁ ਦਿਖਾਇਆ॥ ਭਗਤਾ ਕਾ ਬੋਲੁ, ਆਗੈ ਆਇਆ॥੧੦॥**

## ਉਚਾਰਨ ਸੇਧ

**ਬਿੰਦੀ ਸਹਿਤ :** ਅਨਹੋਂਦਾ ਨਾਉਂ, ਸਿਉਂ, ਗੁਸਾਈਂ, ਜਹਂ, ਦੇਖਾਂ, ਤਹਂ, ਦੈਂਤ, ਭਗਤਾਂ।

**ਫੁਟਕਲ :** 'ਸੁ' ਦਾ ਉਚਾਰ 'ਸੁ' ਕਰਨਾ ਹੈ।

**ਪਦ ਅਰਥ :** ਕਿਰਤ ਸੰਜੋਗੀ-ਕਰਮਾਂ ਦੇ ਸੰਜੋਗ ਕਰਕੇ। ਦੈਤਿ-ਦੈਂਤ (ਹਰਨਾਖਸ਼) ਨੇ। ਨ ਬੂਝੈ-ਨਹੀਂ ਸਮਝਦਾ ਹੈ। ਤਿਨਿ-ਉਸ (ਹਰੀ) ਨੇ। ਭੁਲਾਇਆ-ਕੁਰਾਹੇ ਪਾਈ ਰਖਿਆ। ਵਾਦੁ-ਝਗੜਾ। ਅੰਧਾ-(ਮਾਇਆ ਦੇ ਮਦ ਵਚ) ਅੰਨ੍ਹਾ। ਕਾਲੁ-ਮੌਤ।੬।

ਬਾਰਿ-ਦਰਵਾਜੇ ਵਿਚ ਬੰਦ ਕਰਕੇ। ਦੀਆ ਤਾਲਾ-ਤਾਲਾ (ਜੰਦਰਾ) ਲਾ ਦਿਤਾ। ਨਿਰਭਉ-ਡਰ ਤੋਂ ਰਹਿਤ, ਨਿਡਰ। ਮੂਲਿ-ਬਿਲਕੁਲ, ਉਕਾ ਹੀ। ਨ ਡਰਈ-ਨਹੀਂ ਡਰਦਾ ਹੈ। ਕੀਤਾ ਹੋਵੈ-(ਜਿਹੜਾ ਪ੍ਰਭੂ ਦਾ ਪੈਦਾ) ਕੀਤਾ ਹੋਵੇ। ਸਰੀਕੀ ਕਰੇ-(ਉਹ ਪ੍ਰਭੂ ਦੀ) ਸ਼ਰੀਕੀ (ਬਰਾਬਰੀ) ਕਰਦਾ ਹੈ। ਅਨਹੋਦਾ-ਨਾਂਹ ਹੋਂਦਾ ਹੋਇਆ ਭਾਵ ਐਵੇਂ ਹੀ। ਨਾਉ ਧਰਾਇਆ (ਆਪਣਾ ਨਾਂ ਉਚਾ) ਸਦਵਾਇਆ। ਧੁਰਿ-ਧੁਰੋਂ ਦਰਗਾਹ ਤੋਂ। ਪਹੁਤਾ-ਪਹੁੰਚਿਆ, ਮਿਲ ਗਿਆ।੭।

ਸਿਉ-ਉਤੇ। ਗੁਰਜ-ਗੁਦਾ, ਇਕ ਸ਼ਸਤ੍ਰ ਜਿਸ ਦਾ ਸਿਰਾ ਬਹੁਤ ਮੋਟਾ ਤੇ ਭਾਰਾ ਹੁੰਦਾ ਹੈ। ਉਚਾਈ-ਚੁਕੀ। ਕਹਾਂ-ਕਿਥੇ ਹੈ?। ਜਗਦੀਸ-ਜਗਤ ਦਾ ਮਾਲਕ। ਗੁਸਾਈ-ਧਰਤੀ ਦਾ ਮਾਲਕ। ਜਗਜੀਵਨੁ-ਜਗਤ ਦਾ ਜੀਵਨ। ਅੰਤਿ-ਅੰਤ ਵੇਲੇ। ਸਖਾਈ-ਸਹਾਇਕ। ਸਮਾਈ-ਵਿਆਪਕ ਹੋ ਰਿਹਾ ਹੈ।

ਉਪਾੜਿ-ਚੰਗੀ ਤਰ੍ਹਾਂ ਪਾੜ ਕੇ। ਆਪੁ-ਆਪਣਾ-ਆਪ। ਮਾਰਿ ਪਚਾਇਆ-ਮਾਰ ਕੇ ਤਬਾਹ ਕਰ ਦਿਤਾ। ਮਨਿ-ਮਨ ਵਿਚ। ਵਜੀ ਵਧਾਈ-ਵਧਾਈ ਪ੍ਰਗਟ ਹੋਈ।੯।

ਕਰਤੈ-ਕਰਤਾਰ ਨੇ। ਲਿਖਿ-(ਮੱਥੇ ਉਤੇ ਲੇਖ) ਲਿਖ ਕੇ। ਕਾਰਜਿ-ਕੰਮ ਲਈ। ਬੋਲੁ-ਆਖਿਆ ਬਚਨ। ਆਗੈ ਆਇਆ-ਸਾਹਮਣੇ ਆਇਆ, ਭਾਵ ਪੂਰਾ ਹੋਇਆ।੧੦।

**ਅਰਥ :** ਹੇ ਭਾਈ! ਪੂਰਬਲੀ ਕਿਰਤ ਦੇ ਸੰਜੋਗਾਂ ਕਰਕੇ ਹਰਨਾਖਸ਼ ਨੇ (ਆਪਣਾ) ਰਾਜ

ਚਲਾਇਆ (ਪਰ ਉਹ ਰਾਜ ਮਦ ਵਿਚ) ਪਰਮੇਸ਼ਰ ਨੂੰ (ਕੁਝ) ਨਹੀਂ ਸਮਝਦਾ, ਉਸ (ਪਰਮੇਸ਼ਰ) ਨੇ (ਇਸ ਤਰ੍ਹਾਂ ਕਰਨ ਲਈ) ਆਪ ਹੀ ਭੁਲਾਇਆ। (ਉਸ ਨੇ) ਪ੍ਰਹਿਲਾਦ ਪੁੱਤਰ ਨਾਲ ਝਗੜਾ ਛੇੜ ਦਿਤਾ, (ਪਰ ਰਾਜ ਮਦ ਵਿਚ) ਅੰਨ੍ਹਾਂ (ਹਰਨਾਖਸ਼ ਇਹ) ਨਹੀਂ ਸਮਝ ਸਕਿਆ ਕਿ (ਉਸ ਦਾ) ਕਾਲ (ਮੌਤ) ਸਮਾਂ ਨੇੜੇ ਆ ਗਿਆ ਹੈ।੬।

(ਹਰਨਾਖਸ਼ ਨੇ) ਪ੍ਰਹਿਲਾਦ ਨੂੰ ਕੋਠੇ ਵਿਚ (ਬੰਦ) ਕਰ ਦਿਤਾ ਅਤੇ ਦਰਵਾਜੇ ਬੰਦ ਕਰਕੇ ਜੰਦਰਾ ਲਗਾ ਦਿਤਾ। (ਪਰ) ਨਿਡਰ ਬਾਲਕ ਉਕਾ ਨਹੀਂ ਡਰਦਾ (ਸਗੋਂ ਇਹ ਆਖਦਾ ਹੈ ਕਿ) ਮੇਰੇ (ਹਿਰਦੇ) ਅੰਦਰ ਵਡਾ ਪ੍ਰਿਥਵੀ ਦਾ ਪਾਲਕ ਪਰਮਾਤਮਾ (ਵਸਦਾ ਹੈ)। (ਹੇ ਭਾਈ! ਜਿਹੜਾ ਪਰਮੇਸ਼ਰ ਦਾ ਪੈਦਾ) ਕੀਤਾ ਹੋਵੇ ਜੀਵ (ਫਿਰ ਉਸ ਪਰਮੇਸ਼ਰ ਨਾਲ ਹੀ) ਬਰਾਬਰੀ ਕਰਦਾ ਹੈ (ਜਾਣੋ ਉਸ ਨੇ) ਐਵੇ ਹੀ (ਆਪਣਾ) ਨਾਉਂ (ਉਚਾ) ਰਖਾਇਆ ਹੈ। ਜੋ ਧੁਰ ਤੋਂ (ਹਰਨਖਸ਼ ਦੇ ਮਰਨ ਦਾ ਸਮਾਂ) ਲਿਖਿਆ ਹੋਇਆ ਸੀ ਉਹ (ਸਮਾ ਨੇੜੇ) ਆ ਪਹੁੰਚਿਆ (ਉਸ ਨੇ ਭਗਤ ਪ੍ਰਹਿਲਾਦ) ਜਨ ਨਾਲ ਵਾਦ (ਝਗੜਾ) ਖੜਾ ਕਰ ਦਿਤਾ।੭।

(ਹੇ ਭਾਈ !) ਪਿਤਾ ਨੇ ਪ੍ਰਹਿਲਾਦ ਨੂੰ (ਮਾਰਨ ਹਿਤ) ਗੁਰਜ ਚੁਕੀ (ਅਤੇ) ਆਖਿਆ-ਦੱਸ ਤੇਰਾ ਜਗਦੀਸ਼ ਗੁਸਾਈ ਕਿਥੇ ਹੈ ? (ਜੋ ਤੈਨੂੰ ਇਸ ਗੁਰਜ ਦੀ ਮਾਰ ਤੋਂ ਬਚਾਏ)। (ਪ੍ਰਹਿਲਾਦ ਨੇ ਉਤਰ ਵਿੱਚ ਕਿਹਾ) ਜਗਤ ਦਾ ਜੀਵਨ ਰੂਪ ਦਾਤਾ ਅੰਤ ਸਮੇਂ ਸਹਾਇਤਾ ਕਰਦਾ ਹੈ, ਜਿਥੇ ਵੀ ਮੈਂ ਦੇਖਦਾ ਹਾਂ ਉਥੇ ਹੀ (ਉਹ) ਵਿਆਪਕ ਹੋ ਰਿਹਾ ਹੈ।੮।

(ਬਸ ਇਤਨੀ ਗਲ ਅਖਣ ਦੀ ਦੇਰ ਸੀ ਕਿ) ਥੰਮ ਨੂੰ ਪਾੜ ਕੇ ਹਰੀ ਨੇ ਆਪਣਾ ਆਪ (ਨਰ ਸਿੰਘ ਵਾਲਾ ਰੂਪ) ਵਿਖਾਇਆ। ਅਹੰਕਾਰੀ (ਹਰਨਾਖਸ਼) ਨੂੰ ਮਾਰ ਕੇ ਤਬਾਹ ਕਰ ਦਿਤਾ। ਭਗਤਾਂ ਦੇ ਮਨ ਵਿਚ ਅਨੰਦ ਹੋਇਆ (ਅਤੇ ਸਭ ਪਾਸੋਂ) ਵਧਾਈ ਮਿਲੀ। (ਭਗਤਾਂ ਨੂੰ ਭਰੋਸਾ ਹੈ ਕਿ ਪਰਮੇਸ਼ਰ) ਆਪਣੇ ਸੇਵਕਾਂ ਨੂੰ (ਲੋਕ ਪ੍ਰਲੋਕ ਵਿਚ) ਵਡਿਆਈ (ਮਾਣ) ਬਖਸ਼ਦਾ ਹੈ।੯।

(ਹੇ ਭਾਈ ! ਪਰਮੇਸ਼ਰ ਨੇ ਆਪ ਹੀ) ਜਨਮ ਮਰਨ (ਅਤੇ ਮਾਇਆ ਦਾ) ਮੋਹ ਪੈਦਾ ਕੀਤਾ ਹੋਇਆ ਹੀ ਕਰਤਾਰ ਨੇ (ਸੰਸਾਰ ਵਿਚ) ਆਉਣਾ (ਤੇ ਸੰਸਾਰ ਚੋਂ ਪਰਲੋਕ ਵਿਚ) ਜਾਣਾ ਹਰੇਕ ਦੇ (ਕਰਮਾਂ ਵਿਚ) ਲਿਖ ਕੇ ਪਾਇਆ ਹੋਇਆ ਹੈ। ਪ੍ਰਹਿਲਾਦ ਦੇ ਕੰਮ (ਸਵਾਰਨ ਲਈ) ਹਰੀ ਨੇ (ਆਪਣਾ) ਆਪ (ਨਰਸਿੰਘ ਰੂਪ ਹੋ ਕੇ) ਵਿਖਾਇਆ (ਜਿਸ ਕਰਕੇ) ਭਗਤਾਂ ਦਾ ਬਚਨ (ਪੂਰਾ ਹੋਇਆ 'ਪ੍ਰਭ ਜਨ ਕਾ ਕੀਨੋ ਪੂਰਨ ਵਾਕੁ' ਸਭ ਦੇ) ਸਾਹਮਣੇ ਆਇਆ।੧੦।

**ਦੇਵ ਕੁਲੀ, ਲਖਿਮੀ ਕਉ ਕਰਹਿ ਜੈਕਾਰੁ ॥ ਮਾਤਾ, ਨਰਸਿੰਘ ਕਾ ਰੂਪੁ ਨਿਵਾਰੁ ॥ ਲਖਿਮੀ ਭਉ ਕਰੈ, ਨ ਸਾਕੈ ਜਾਇ ॥ ਪ੍ਰਹਲਾਦੁ ਜਨੁ ਚਰਣੀ ਲਾਗਾ ਆਇ ॥੧੧॥ ਸਤਿਗੁਰਿ, ਨਾਮੁ ਨਿਧਾਨੁ ਦ੍ਰਿੜਾਇਆ ॥ ਰਾਜੁ ਮਾਲੁ, ਝੂਠੀ ਸਭ ਮਾਇਆ ॥ ਲੋਭੀ ਨਰ, ਰਹੇ ਲਪਟਾਇ ॥ ਹਰਿ ਕੇ ਨਾਮ ਬਿਨੁ, ਦਰਗਹ ਮਿਲੈ**

**ਸਜਾਇ ॥੧੨॥ ਕਹੈ ਨਾਨਕੁ,ਸਭੁ ਕੋ ਕਰੇ ਕਰਾਇਆ ॥ ਸੇ ਪਰਵਾਣੁ, ਜਿਨੀ ਹਰਿ ਸਿਉ ਚਿਤੁ ਲਾਇਆ ॥ ਭਗਤਾ ਕਾ ਅੰਗੀਕਾਰੁ ਕਰਦਾ ਆਇਆ ॥ ਕਰਤੈ ਅਪਣਾ ਰੂਪੁ ਦਿਖਾਇਆ ॥੧੩॥੧॥੨॥**

## ਉਚਾਰਨ ਸੇਧ

**ਬਿੰਦੀ ਸਹਿਤ :** ਕਰਹਿੰ, ਸਿਉਂ, ਭਗਤਾਂ ।

**ਪਦ ਅਰਥ :** ਦੇਵ ਕੁਲੀ-ਦੇਵਤਿਆਂ ਦੀ ਸਾਰੀ ਕੁਲ ਨੇ । ਲਖਿਮੀ ਕਉ-ਲੱਛਮੀ ਨੂੰ । ਕਰਹਿ ਜੈਕਾਰੁ-ਜੈ ਜੈ ਕਾਰ ਕਰਦੇ ਹਨ । ਮਾਤਾ-ਹੇ ਮਾਤਾ ! । ਨਰਸਿੰਘ ਕਾ ਰੂਪ-ਅੱਧਾ ਮਨੁੱਖ ਤੇ ਅੱਧਾ ਸ਼ੇਰ ਦਾ ਰੂਪ । ਨਿਵਾਰੁ-ਦੂਰ ਕਰ । ਭਉ ਕਰੈ-ਡਰਦੀ ਹੈ । ਨ ਸਾਕੈ ਜਾਇ-ਜਾ ਨਹੀਂ ਸਕਦੀ ।੧੧।

ਸਤਿਗੁਰਿ-ਸਤਿਗੁਰੂ ਨੇ । ਨਾਮ ਨਿਧਾਨੁ-ਨਾਮ ਰੂਪੀ (ਸੁੱਖਾਂ ਦਾ) ਖਜ਼ਾਨਾ । ਦ੍ਰਿੜਾਇਆ-(ਹਿਰਦੇ ਵਿਚ) ਪੱਕਾ ਕਰਾ ਦਿੱਤਾ । ਲੋਭੀ ਨਰ-ਲਾਲਚੀ ਮਨੁੱਖ । ਰਹੇ ਲਪਟਾਇ-ਚੰਬੜੇ ਹੋਏ ਹਨ। ਸਜਾਇ-ਸਜ਼ਾ, ਦੰਡ ।੧੨।

ਸਭੁ ਕੋ-ਸਭ ਕੋਈ। ਕਰੇ ਕਰਾਇਆ-ਕਰਾਇਆ ਹੋਇਆ ਕਰਦਾ ਹੈ । ਸੇ-ਓਹ। ਅੰਗੀਕਾਰੁ-ਪਖ, ਸਹਾਇਤਾ। ਕਰਤੈ-ਕਰਤਾ (ਪੁਰਖ) ਨੇ ।੧੩।

**ਅਰਥ :** (ਹੇ ਭਾਈ ! ਹਰਨਾਖਸ਼ ਨੂੰ ਨਰਸਿੰਘ ਰੂਪ ਹੋ ਕੇ ਮਾਰਨ ਉਤੇ) ਦੇਵ ਕੁਲੀ (ਦੇਵਤਿਆਂ ਦੀ ਕੁਲ ਵਿਚ ਰਹਿਣ ਵਾਲੇ) ਲਛਮੀ ਦਾ ਜੈਕਾਰ ਕਰਦੇ ਹਨ (ਉਸ ਨੂੰ ਨਮਸਕਾਰ ਕਰਦੇ ਹੋਏ ਆਖਦੇ ਹਨ ਕਿ ਹੇ) ਮਾਤਾ! (ਹੁਣ) ਨਰਸਿੰਘ ਵਾਲਾ ਰੂਪ ਦੂਰ ਕਰ। (ਪਰ) ਲਛਮੀ ਡਰਦੀ ਹੈ (ਨਰਸਿੰਘ ਦੇ ਨੇੜੇ) ਨਹੀਂ ਜਾ ਸਕਦੀ (ਪ੍ਰਭੂ ਦਾ ਭਗਤ) ਪ੍ਰਹਿਲਾਦ ਜਨ ਆਪ ਆ ਕੇ (ਨਰਸਿੰਘ ਦੀ) ਚਰਨ ਲੱਗਾ ।੧੧।

(ਹੇ ਭਾਈ ! ਜਿਸ ਮਨੁੱਖ ਨੂੰ) ਸਤਿਗੁਰੂ ਨੇ ਨਾਮ ਰੂਪੀ ਖਜ਼ਾਨਾ ਦ੍ਰਿੜ ਕਰਾ ਦਿਤਾ ਹੈ (ਉਸ ਨੂੰ ਸਮਝ ਆ ਗਈ ਹੈ ਕਿ) ਰਾਜ ਮਾਲ (ਝੂਠਾ ਹੈ) ਸਾਰੀ ਮਾਇਆ ਝੂਠੀ (ਨਾਸ਼ਵੰਤ) ਹੈ । ਲਾਲਚੀ ਮਨੁੱਖ (ਮਾਇਆ ਨਾਲ) ਚੰਬੜ ਰਹੇ ਹਨ । ਪਰਮਾਤਮਾ ਦੇ ਨਾਮ (ਸਿਮਰਨ) ਬਿਨਾ (ਉਨ੍ਹਾਂ ਨੂੰ ਰਬੀ) ਦਰਗਾਹ ਵਿਚ ਸਜ਼ਾ ਮਿਲਦੀ ਹੈ ।੨।

ਨਾਨਕ ਆਖਦਾ ਹੈ ਕਿ ਹਰੇਕ ਜੀਵ (ਪਰਮਾਤਮਾ ਦਾ) ਕਰਾਇਆ ਹੋਇਆ (ਕੰਮ) ਕਰਦਾ ਹੈ । ਓਹ (ਜਨ) ਹਰੀ ਦੇ ਦਰਬਾਰ ਵਿਚ ਪਰਵਾਣ ਹੋਏ ਹਨ ਜਿਨ੍ਹਾਂ ਨੇ ਪਰਮਾਤਮਾ ਨਾਲ (ਆਪਣਾ) ਚਿਤ ਜੋੜਿਆ ਹੈ । (ਉਹ ਪਰਮਾਤਮਾ ਸਦਾ ਹੀ ਆਪਣੇ) ਭਗਤਾਂ ਦਾ ਪੱਖ ਪੂਰਦਾ ਆਇਆ ਹੈ । (ਸੋ) ਕਰਤਾਰ ਨੇ (ਭਗਤਾਂ ਨੂੰ ਇਸ ਚਰਿਤ੍ਰ ਰਾਹੀਂ ਪ੍ਰਤੱਖ) ਆਪਣਾ ਦਰਸ਼ਨ ਦਿਖਾ ਦਿੱਤਾ ਹੈ ।੧੩।੧।੨।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਪ੍ਰਹਿਲਾਦ ਭਗਤ ਦੇ ਪ੍ਰਸੰਗ ਨੂੰ ਖੋਲ੍ਹ ਕੇ ਇਹ ਗਲ ਪ੍ਰਗਟ ਕੀਤੀ ਹੈ ਕਿ

ਪਰਮੇਸ਼ਰ ਸਦਾ ਹੀ ਆਪਣੇ ਭਗਤਾਂ ਦੇ ਦੁਖ ਦੂਰ ਕਰਦਾ ਹੈ ਅਤੇ ਬਿਪਤਾ ਸਮੇਂ ਹਾਰਦਿਕ ਬਹੁੜੀ ਕਰਦਾ ਹੈ।

ਇਸ ਗਲ ਤੋਂ ਪਾਠਕ ਹੀ ਨਹੀਂ ਸਾਰਾ ਜਗਤ ਜਾਣੂੰ ਹੈ ਕਿ ਹਰਿਨਾਕਸ਼ ਮੁਲਤਾਨ ਦਾ ਰਾਜਾ ਸੀ ਜੋ ਨਾਸਤਕ ਸੀ। ਉਸ ਨੇ ਜਿਥੇ ਕਿਥੇ ਹਰ ਥਾਂ ਆਪਣਾ ਹੀ ਨਾਮ ਜਪਾਇਆ ਅਤੇ ਆਪਣੇ ਆਪ ਨੂੰ ਈਸ਼ਵਰ ਮੰਨਦਾ ਸੀ। ਉਹ ਆਪਣੇ ਪੂਰੇ ਬਲ ਨਾਲ ਨਾਸਤਕਤਾ ਦਾ ਪ੍ਰਚਾਰ ਕਰਦਾ ਸੀ। ਪਰ ਵਾਹਿਗੁਰੂ ਜੀ ਦੇ ਰੰਗ ਨਿਰਾਲੇ ਹਨ। ਇਸ ਦੇ ਘਰ ਈਸ਼ਵਰੀ-ਭਗਤ ਪ੍ਰਹਿਲਾਦ ਨੇ ਜਨਮ ਲਿਆ। ਜਦੋਂ ਹਰਿਨਾਕਸ਼ ਨੂੰ ਸੰਡੇ ਮਰਕੇ ਤੋਂ ਪਤਾ ਲੱਗਾ ਕਿ ਉਸ ਦਾ ਪੁੱਤਰ ਆਸਤਕ ਹੈ, ਤਾਂ ਉਸ ਨੇ ਬਾਲਕ ਨੂੰ ਕਈ ਪ੍ਰਕਾਰ ਦੇ ਕਸ਼ਟ ਦਿਤੇ ਪਰ ਭਗਤ ਜੀ ਸਾਰੀ ਕਸ਼ਟ ਖਿੜੇ ਮਥੇ ਸਹਾਰਦੇ ਰਹੇ। ਆਖ਼ਰ ਪਰਮੇਸ਼ਰ ਨੇ ਨਰਸਿੰਘ ਰੂਪ ਧਾਰ ਕੇ ਹਰਨਾਕਸ਼ ਨੂੰ ਮਾਰ ਦਿਤਾ ਅਤੇ ਪ੍ਰਹਿਲਾਦ ਦੀ ਸਹਾਇਤਾ ਕੀਤੀ। ਪ੍ਰਹਲਿਾਦ ਨਾਲ ਜੋ ਕੁਝ ਵਾਪਰਦਾ ਰਿਹਾ, ਉਸ ਦਾ ਵੇਰਵਾ ਇਸ ਸ਼ਬਦ ਵਿਚ ਅੰਕਿਤ ਹੈ। ਗੁਰਬਾਣੀ ਵਿਚ 'ਪ੍ਰਹਿਲਾਦ ਉਧਾਰੇ ਹਰਿ ਅਨਿਕ ਬਾਰ' ਤੋਂ ਵੀ ਉਸ ਪਰਮ ਸ਼ਕਤੀ ਦਾ ਆਪਣੇ ਸੰਤਾਂ ਦਾ ਆਦਿ ਜੁਗਾਦਿ ਸਹਾਈ ਹੋਣਾ ਪ੍ਰਗਟ ਕਰਦਾ ਹੈ। ਭਾਈ ਸਾਹਿਬ ਗੁਰਦਾਸ ਜੀ ਨੇ ਭਗਤ ਪ੍ਰਹਿਲਾਦ ਜੀ ਨਾਲ ਵਾਪਰੀਆਂ ਘਟਨਾਵਾਂ ਨੂੰ ਦਸਵੀਂ ਵਾਰ ਦੀ ਦੂਜੀ ਪਉੜੀ ਵਿਚ ਇਉਂ ਨਿਰੂਪਣ ਕੀਤਾ ਹੈ :–

**ਘਰ ਹਰਨਾਖਸ ਦੈਤ ਦੇ, ਕਲਰਿ ਕਵਲੁ ਭਗਤੁ ਪ੍ਰਹਿਲਾਦੁ ॥**
**ਪੜ੍ਹਨ ਪਠਾਯਾ ਚਾਟਸਾਲ, ਪਾਂਧੇ ਚਿਤਿ ਹੋਆ ਅਹਿਲਾਦ ॥**
**ਸਿਮਰੈ ਮਨ ਵਿਚਿ ਰਾਮ ਨਾਮ, ਗਾਵੈ ਸਬਦੁ ਅਨਾਹਦਨਾਦ ॥**
**ਭਗਤਿ ਕਰਨਿ ਸਭ ਚਾਟੜੇ, ਪਾਂਧੇ ਹੋਇ ਰਹੇ ਵਿਸਮਾਦੁ ॥**
**ਰਾਜੇ ਪਾਸਿ ਰੂਆਇਆ, ਦੋਖੀ ਦੈਤਿ ਵਧਾਯਾ ਵਾਦੁ ॥**
**ਜਲ ਅਗਨੀ ਵਿਚਿ ਘਤਿਆ, ਜਲੈ ਨ ਡੁਬੈ ਗੁਰ ਪ੍ਰਸਾਦਿ ॥**
**ਥੰਮ੍ਹ ਪਾੜਿ ਪਰਗਟਿਆ, ਨਰ ਸਿੰਘ ਰੂਪ ਅਨੂਪ ਅਨਾਦਿ ॥**
**ਬੇਮੁਖ ਪਕੜਿ ਪਛਾੜਿਅਨੁ, ਸੰਤ ਸਹਾਈ ਆਦਿ ਜੁਗਾਦਿ ॥**
**ਜੈ ਜੈਕਾਰ ਕਰਨਿ ਬ੍ਰਹਮਾਦਿ ॥ ੨ ॥**

**ਤੋਰਉ ਮਹਲਾ ੩ ॥ ਗੁਰ ਸੇਵਾ ਤੇ ਅੰਮ੍ਰਿਤ ਫਲੁ ਪਾਇਆ, ਹਉਮੈ ਤ੍ਰਿਸਨ ਬੁਝਾਈ ॥ ਹਰਿ ਕਾ ਨਾਮੁ ਹ੍ਰਿਦੈ ਮਨਿ ਵਸਿਆ, ਮਨਸਾ ਮਨਹਿ ਸਮਾਈ ॥੧॥ ਹਰਿ ਜੀਉ, ਕ੍ਰਿਪਾ ਕਰਹੁ ਮੇਰੇ ਪਿਆਰੇ॥ ਅਨਦਿਨੁ ਹਰਿ ਗੁਣ, ਦੀਨ ਜਨੁ ਮਾਂਗੈ, ਗੁਰ ਕੈ ਸਬਦਿ ਉਧਾਰੇ॥੧॥ਰਹਾਉ॥ ਸੰਤ ਜਨਾ ਕਉ ਜਮੁ ਜੋਹਿ ਨ ਸਾਕੈ, ਰਤੀ ਅੰਚ ਦੂਖ ਨ ਲਾਈ॥ ਆਪਿ ਤਰਹਿ ਸਗਲੇ ਕੁਲ ਤਾਰਹਿ, ਜੋ ਤੇਰੀ ਸਰਣਾਈ॥੨॥ ਭਗਤਾ ਕੀ ਪੈਜ ਰਖਹਿ ਤੂ ਆਪੇ, ਏਹ ਤੇਰੀ ਵਡਿਆਈ ॥ ਜਨਮ ਜਨਮ ਕੇ ਕਿਲਵਿਖ ਦੁਖ**

**ਕਾਟਹਿ, ਦੁਬਿਧਾ ਰਤੀ ਨ ਰਾਈ ॥੩॥ ਹਮ ਮੂੜ ਮੁਗਧ ਕਿਛੁ ਬੂਝਹਿ ਨਾਹੀ, ਤੂ ਆਪੇ ਦੇਹਿ ਬੁਝਾਈ ॥ ਜੋ ਤੁਧੁ ਭਾਵੈ ਸੋਈ ਕਰਸੀ, ਅਵਰੁ ਨ ਕਰਣਾ ਜਾਈ ॥੪॥**

ਉਚਾਰਨ ਸੇਧ

**ਬਿੰਦੀ ਸਹਿਤ :** ਮਨਹਿੰ, ਤਰਹਿੰ, ਤਾਰਹਿੰ, ਭਗਤਾਂ, ਰਖਹਿੰ, ਕਾਟਹਿੰ, ਬੂਝਹਿੰ, ਨਾਹੀਂ, ਦੇਹਿੰ।

**ਪਦ ਅਰਥ :** ਸੇਵਾ ਤੇ-ਸੇਵਾ ਤੋਂ। ਅੰਮ੍ਰਿਤ ਫਲੁ-ਨਾਮ ਫਲ। ਤ੍ਰਿਸਨਾ-ਪਦਾਰਥਾਂ ਤੇ ਮਾਇਆ ਦੀ ਭੁਖ। ਹ੍ਰਿਦੈ-ਹਿਰਦੇ ਵਿਚ। ਮਨਿ-ਮਨ ਵਿਚ। ਮਨਸਾ-ਮਨ ਦਾ ਫੁਰਨਾ, ਸੰਕਲਪ, ਖਾਹਿਸ਼। ਮਨਹਿ-ਮਨ ਅੰਦਰ। ਸਮਾਈ-ਲੀਨ ਹੋ ਜਾਂਦਾ ਹੈ, ਭਾਵ ਖ਼ਤਮ ਹੋ ਜਾਂਦੀ ਹੈ।੧।

ਅਨਦਿਨੁ-ਰਾਤ ਦਿਨ, ਹਰ ਰੋਜ਼। ਦੀਨ ਜਨੁ-ਨਿਮਰਤਾ ਵਾਲਾ ਸੇਵਕ। ਉਧਾਰੇ-(ਸੰਸਾਰ ਤੋਂ) ਤਾਰ ਦਿੱਤੇ।੧।ਰਹਾਉ। ਜੋਹਿ ਨ ਸਾਕੈ-ਤੱਕ ਨਹੀਂ ਸਕਦਾ। ਰਤੀ-ਰਤਾ ਭਰ। ਅੰਚ-ਅੱਗ ਦਾ ਸੇਕ। ਨ ਲਾਈ-ਨਹੀਂ ਲਾਉਂਦਾ। ਤਰਹਿ-ਤਰ ਜਾਂਦੇ ਹਨ। ਕੁਲ-ਖਾਨਦਾਨ। ਤਾਰਹਿ-ਤਾਰ ਦਿੰਦੇ ਹਨ।੨।

ਪੈਜ-ਇਜ਼ਤ। ਰਖਹਿ-ਤੂੰ ਆਪੇ-ਤੂੰ ਆਪ ਹੀ ਰਖਦਾ ਹੈਂ। ਏਹ ਤੇਰੀ ਸਰਣਾਈ-ਤੇਰੀ ਸ਼ਰਣਾਈ ਦਾ ਇਹ (ਫਲ ਹੈ)। ਕਿਲਵਿਖ-ਪਾਪ। ਕਾਟਹਿ-ਤੂੰ ਕਟ ਦੇਂਦਾ ਹੈਂ। ਦੁਬਿਧਾ-ਦਵੈਤ, ਮੇਰ-ਤੇਰ। ਰਤੀ-ਰਤੀ ਕੁ। ਰਾਈ-ਰਾਈ ਭਰ, ਨਾਂ ਮਾਤਰ।੩।

ਮੂੜ ਮੁਗਧ-ਮਹਾਂ ਮੂਰਖ। ਬੂਝਹਿ ਨਾਹੀ-ਨਹੀਂ ਸਮਝਦੇ। ਦੇਹਿ-ਤੂੰ ਦਿੰਦਾ ਹੈਂ। ਜੋ ਤੁਧੁ ਭਾਵੈ-ਜੋ (ਕੰਮ) ਮੈਨੂੰ ਚੰਗਾ ਲਗਦਾ ਹੈ। ਸੋਈ-(ਉਹ ਕੰਮ)। ਕਰਸੀ-(ਜੀਵ) ਕਰੇਗਾ। ਅਵਰੁ-ਹੋਰ ਕੰਮ। ਨ ਕਰਣਾ ਜਾਈ-ਕਿਸੇ ਤੋਂ ਨਹੀਂ ਕੀਤਾ ਜਾ ਸਕਦਾ।੪।

**ਅਰਥ:** (ਹੇ ਭਾਈ! ਜਿਨ੍ਹਾਂ ਨੇ) ਗੁਰੂ ਦੀ ਸੇਵਾ ਤੋਂ ਨਾਮ-ਰੂਪੀ ਅੰਮ੍ਰਿਤ-ਫਲ ਪਾਇਆ ਹੈ (ਉਨ੍ਹਾਂ ਨੇ) ਹੰਗਤਾ-ਮਮਤਾ ਅਤੇ (ਹੋਰ ਮਾਇਕੀ ਪਦਾਰਥਾਂ ਦੀ) ਤ੍ਰਿਸ਼ਨਾ ਰੂਪ ਅੱਗ ਬੁਝਾ ਦਿਤੀ ਹੈ। ਪਰਮਾਤਮਾ ਦਾ ਨਾਮ (ਉਨ੍ਹਾਂ ਦੇ) ਮਨ ਤੇ ਹਿਰਦੇ ਵਿਚ ਵਸਿਆ ਹੈ (ਅਤੇ ਹੋਰ ਜੋ) ਮਨ ਵਿਚ ਮਨਸਾ ਖਾਹਿਸ (ਸੀ, ਉਹ) ਮਨ ਵਿਚ ਹੀ ਸਮਾ ਗਈ (ਭਾਵ ਸਮਾਪਤ ਹੋ ਗਈ)।੧।

ਹੇ ਮੇਰੇ ਪਿਆਰੇ ਹਰੀ ਜੀਉ! (ਮੇਰੇ ਤੇ) ਕਿਰਪਾ (ਦ੍ਰਿਸ਼ਟੀ) ਕਰੋ। ਤੇਰਾ ਨਿਮਾਣਾ ਸੇਵਕ (ਤੇਰੇ ਪਾਸੋਂ) ਗੁਣ (ਗਾਉਣ ਦੀ ਦਾਤਿ) ਮੰਗਦਾ ਹੈ, ਗੁਰੂ ਦੇ ਸ਼ਬਦ ਦੁਆਰਾ (ਇਸ ਸੇਵਕ ਨੂੰ ਸੰਸਾਰ ਸਾਗਰ ਤੋਂ) ਪਾਰ ਕਰ ਦਿਉ ਜੀ।੧। ਰਹਾਉ।

(ਹੇ ਭਾਈ! ਰਬੀ) ਸੰਤ ਜਨਾ ਵਲ, ਜਮ ਭੀ (ਕੈੜੀ ਅੱਖ ਨਾਲ) ਤੱਕ ਨਹੀਂ ਸਕਦਾ (ਅਤੇ) ਨਾਂ ਹੀ ਰਤੀ ਮਾਤ੍ਰ ਦੁਖਾਂ ਦਾ ਸੇਕ ਲਾ ਸਕਦਾ ਹੈ। (ਹੇ ਹਰੀ ਜੀ!) ਜੋ (ਸੰਤ) ਤੇਰੀ ਸ਼ਰਣ ਵਿਚ (ਆ ਜਾਂਦੇ ਹਨ, ਉਹ)ਆਪ(ਸੰਸਾਰ ਸਾਗਰ ਤੋਂ ਤਰ ਜਾਂਦੇ ਹਨ (ਅਤੇ ਆਪਣੇ) ਸਾਰੇ ਕੁਲ ਭੀ ਤਾਰ ਲੈਂਦੇ ਹਨ।੨।

(ਹੇ ਪ੍ਰਭੂ! ਆਪਣੇ) ਭਗਤਾਂ ਦੀ ਇਜ਼ਤ ਤੂੰ ਆਪ ਹੀ ਰਖਦਾ ਹੈਂ, ਇਹ ਤੇਰੀ ਵਡਿਆਈ (ਦਾ ਸ਼ਾਹਕਾਰ ਹੈ)। (ਤੂੰ ਉਨ੍ਹਾਂ ਦੇ) ਜਨਮਾਂ ਜਨਮਾਂ ਦੇ ਪਾਪ ਦੁੱਖ ਕੱਟ ਦਿੰਦਾ ਹੈਂ (ਅਤੇ ਉਨ੍ਹਾਂ ਦੇ ਅੰਦਰ) ਦੁਬਿਧਾ (ਦਵੈਤ) ਰਾਈ ਦੇ ਦਾਣੇ ਜਿਤਨੀ ਵੀ ਨਹੀਂ ਰਹਿ ਜਾਂਦੀ।੩।

(ਹੇ ਪ੍ਰਭੂ !) ਅਸੀਂ ਮਹਾਂ ਮੂਰਖ ਕੁਝ ਨਹੀਂ ਸਮਝਦੇ ਤੂੰ ਆਪੇ ਹੀ (ਸਾਨੂੰ) ਸਮਝਾ ਦਿੰਦਾ ਹੈਂ। ਜੋ ਤੈਨੂੰ ਚੰਗਾ ਲਗਦਾ ਹੈ (ਇਹ ਜੀਵ) ਓਹੀ (ਕੰਮ) ਕਰੇਗਾ (ਉਸ ਤੋਂ ਬਾਹਰ) ਹੋਰ (ਕਿਸੇ ਤੋਂ ਕੁਝ ਵੀ) ਨਹੀਂ ਕੀਤਾ ਜਾ ਸਕਦਾ ।੪।

**ਜਗਤੁ ਉਪਾਇ ਤੁਧੁ ਧੰਧੈ ਲਾਇਆ, ਭੂੰਡੀ ਕਾਰ ਕਮਾਈ ॥ ਜਨਮੁ ਪਦਾਰਥੁ ਜੂਐ ਹਾਰਿਆ, ਸਬਦੈ ਸੁਰਤਿ ਨ ਪਾਈ ॥੫॥ ਮਨਮੁਖਿ ਮਰਹਿ ਤਿਨ ਕਿਛੂ ਨ ਸੂਝੈ, ਦੁਰਮਤਿ ਅਗਿਆਨ ਅੰਧਾਰਾ ॥ ਭਵਜਲੁ ਪਾਰਿ ਨ ਪਾਵਹਿ ਕਬ ਹੀ, ਡੂਬਿ ਮੁਏ ਬਿਨੁ ਗੁਰ, ਸਿਰਿ ਭਾਰਾ ॥੬॥ ਸਾਚੈ ਸਬਦਿ ਰਤੇ ਜਨ ਸਾਚੇ, ਹਰਿ ਪ੍ਰਭਿ ਆਪਿ ਮਿਲਾਏ ॥ ਗੁਰ ਕੀ ਬਾਣੀ ਸਬਦਿ ਪਛਾਤੀ, ਸਾਚਿ ਰਹੇ ਲਿਵ ਲਾਏ ॥੭॥ ਤੂੰ ਆਪਿ ਨਿਰਮਲੁ, ਤੇਰੇ ਜਨ ਹੈ ਨਿਰਮਲ, ਗੁਰ ਕੈ ਸਬਦਿ ਵੀਚਾਰੇ ॥ ਨਾਨਕੁ ਤਿਨ ਕੈ ਸਦ ਬਲਿਹਾਰੈ, ਰਾਮਨਾਮੁ ਉਰਿ ਧਾਰੇ ॥੮॥੨॥੩॥**

## ਉਚਾਰਨ ਸੇਧ

**ਬਿੰਦੀ ਸਹਿਤ** : ਮਰਹਿੰ, ਪਾਵਹਿੰ, ਹੈਂ।

**ਪਦ ਅਰਥ** : ਉਪਾਇ-ਪੈਦਾ ਕਰਕੇ। ਧੰਧੈ-(ਦੁਨਿਆਵੀ) ਕੰਮਾਂ ਵਿਚ। ਭੂੰਡੀ-ਭੈੜੀ, ਕੋਝੀ। ਕਾਰ-ਕਰਣੀ। ਜੂਐ-ਜੂਏ ਵਿਚ। ਸਬਦੈ-ਉਪਦੇਸ਼ ਨਾਲ। ਸੁਰਤਿ-ਸੋਝੀ ।੫।

ਮਰਹਿ-ਮਰਦੇ ਹਨ। ਨ ਸੂਝੈ-ਨਹੀਂ ਸੁਝਦਾ-ਬੁਝਦਾ। ਦੁਰਮਤਿ-ਖੋਟੀ ਮਤ ਕਰਕੇ। ਅਗਿਆਨ-ਅਗਿਆਨਤਾ, ਬੇਸਮਝੀ ਦਾ। ਅੰਧਾਰਾ-ਹਨੇਰਾ। ਭਵਜਲੁ-ਸੰਸਾਰ ਸਮੁੰਦਰ ਤੋਂ। ਪਾਰਿ ਨ ਪਾਵਹਿ ਕਬਹੀ-ਕਦੇ ਵੀ ਪਾਰ ਨਹੀਂ ਹੋ ਸਕਦੇ। ਡੂਬਿ ਮੁਏ-(ਵਿਸ਼ੇ-ਵਿਕਾਰਾਂ ਰੂਪੀ ਪਾਣੀ ਵਿਚ) ਡੁੱਬ ਕੇ ਮਰ ਗਏ ਹਨ। ਬਿਨ ਗੁਰ-ਗੁਰੂ ਬਿਨਾਂ। ਸਿਰਿ ਭਾਰਾ-ਸਿਰ ਭਾਰ, ਸਿਰ ਪਰਨੇ ।੬।

ਸਾਚੈ ਸਬਦਿ-ਸਦਾ ਥਿਰ ਪ੍ਰਭੂ ਦੇ ਸ਼ਬਦ ਵਿਚ। ਸਬਦਿ ਪਛਾਤੀ-(ਗੁਰੂ ਦੇ) ਸ਼ਬਦ ਦੁਆਰਾ ਪਛਾਣੀ, ਸਾਂਝ ਪਈ। ਸਾਚਿ-ਸਚ ਵਿਚ। ਰਹੇ ਲਿਵ ਲਾਏ-ਸੁਰਤਿ ਜੋੜੀ ਰਖਦੇ ਹਨ ।੭।

ਨਿਰਮਲ-ਪਵਿਤ੍ਰ। ਹੈ-ਹਨ। ਵੀਚਾਰੇ-ਵਿਚਾਰ ਕੇ। ਉਰਿ ਧਾਰੇ-ਹਿਰਦੇ ਵਿਚ ਧਾਰਨ ਕੀਤੇ, ਟਿਕਾਏ ।੮।

**ਅਰਥ** : (ਹੇ ਪ੍ਰਭੂ !) ਸੰਸਾਰ ਨੂੰ ਪੈਦਾ ਕਰਕੇ ਤੁਸੀ (ਆਪ ਹੀ ਜੀਵਾਂ ਨੂੰ ਦੁਨਿਆਵੀ) ਕੰਮ ਕਾਜ ਵਿਚ ਲਾ ਰਖਿਆ ਹੈ (ਅਤੇ ਇਹ) ਭੈੜੀ ਜਿਹੀ (ਕੋਝੀ) ਕਾਰ ਕਮਾਈ (ਜਾ ਰਿਹਾ ਹੈ)। (ਇਸ ਜੀਵ ਨੇ ਆਪਣਾ) ਜਨਮ ਪਦਾਰਥ ਜੂਏ ਵਿਚ ਹਾਰ ਦਿਤਾ ਹੈ, (ਗੁਰੂ ਦੇ) ਸ਼ਬਦ ਦੁਆਰਾ (ਇਸ ਨੇ ਰਤਾ ਭਰ ਵੀ ਜੀਵਨ-) ਸੋਝੀ ਪ੍ਰਾਪਤ ਨਹੀਂ ਕੀਤੀ ।੫।

(ਹੇ ਭਾਈ !) ਮਨਮੁਖ (ਜੀਵ) ਮਰਦੇ ਹਨ, ਉਨ੍ਹਾਂ ਨੂੰ ਕੁਝ ਸੁਝਦਾ-ਬੁਝਦਾ ਨਹੀਂ ਹੈ (ਕਿਉਂਕਿ) ਖੋਟੀ ਮਤ ਕਰਕੇ (ਉਨ੍ਹਾਂ ਉਤੇ) ਅਗਿਆਨਤਾ ਦਾ ਹਨੇਰਾ (ਛਾਇਆ ਰਹਿੰਦਾ ਹੈ)। (ਉਹ) ਸੰਸਾਰ

ਸਮੁੰਦਰ ਤੋਂ ਕਦੇ ਵੀ ਪਾਰ ਨਹੀਂ ਲੰਘ ਸਕਦੇ, ਗੁਰੂ ਦੇ (ਉਪਦੇਸ਼ ਤੋਂ) ਬਿਨਾਂ ਵਿਕਾਰਾਂ ਵਿਚ ਹੀ (ਉਹ) ਸਿਰ ਪਰਨੇ ਡੁੱਬ ਮੁਏ ਹਨ ।੬।

(ਹੇ ਭਾਈ ! ਜਿਹੜੇ ਗੁਰੂ ਦੇ) ਸੱਚੇ ਸ਼ਬਦ ਵਿਚ ਰੰਗੇ ਰਹਿੰਦੇ ਹਨ, (ਉਹ) ਸੱਚੇ ਸੇਵਕ-ਜਨ ਹਰੀ ਪ੍ਰਭੂ ਨੇ ਆਪ ਹੀ (ਆਪਣੇ ਨਾਲ) ਮਿਲਾ ਲਏ ਹਨ । (ਉਨ੍ਹਾਂ ਨੇ) ਗੁਰੂ ਦੀ ਬਾਣੀ (ਗੁਰੂ ਦੇ) ਸ਼ਬਦ ਦੁਆਰਾ ਪਛਾਣੀ ਹੈ (ਭਾਵ ਸਾਂਝ ਪਾਈ ਹੈ ਅਤੇ ਉਹ) ਸਦਾ ਥਿਰ ਪ੍ਰਭੂ ਵਿਚ ਸੁਰਤਿ ਜੋੜੀ ਰਖਦੇ ਹਨ ।੭।

(ਹੇ ਪ੍ਰਭੂ !) ਤੂੰ ਆਪ ਪਵਿੱਤਰ ਹੈਂ (ਅਤੇ) ਤੇਰੇ ਸੇਵਕ ਜਨ ਵੀ ਪਵਿਤਰ ਹਨ (ਕਿਉਂਕਿ ਉਨ੍ਹਾਂ ਨੇ) ਗੁਰੂ ਦੇ ਸ਼ਬਦ ਰਾਹੀਂ (ਤੇਰੇ ਗੁਣ) ਵੀਚਾਰੇ ਹਨ । ਨਾਨਕ ਉਨ੍ਹਾਂ (ਸੇਵਕ ਜਨਾਂ ਤੋਂ) ਸਦਾ ਸਦਕੇ ਜਾਂਦਾ ਹੈ (ਜਿਹੜੇ ਆਪਣੇ) ਹਿਰਦੇ ਵਿਚ (ਸਦਾ) ਪਰਮਾਤਮਾ ਦਾ ਨਾਮ ਧਾਰਨ ਕਰੀ ਰਖਦੇ ਹਨ ।੮।੨।੩।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਵੀ ਪ੍ਰਭੂ ਦਾ ਆਪਣੇ ਸੰਤਾਂ ਭਗਤਾਂ ਦੀ ਪੈਜ ਰਖਣ, ਉਨ੍ਹਾਂ ਦੇ ਦੁਖ ਕਟਣ ਅਤੇ ਉਨ੍ਹਾਂ ਨੂੰ ਸੰਸਾਰ ਸਾਗਰ ਤੋਂ ਪਾਰ ਕਰਨ ਦੀ ਗਲ ਕੀਤੀ ਹੈ ਜਿਵੇਂ ਕਿ ਪਿਛਲੇ ਸ਼ਬਦ ਵਿਚ 'ਪ੍ਰਹਲਾਦ ਕੈ ਕਾਰਜਿ ਹਰਿ ਆਪੁ ਦਿਖਾਇਆ' ਅਥਵਾ 'ਭਗਤਾ ਕਾ ਅੰਗੀਕਾਰੁ ਕਰਦਾ ਆਇਆ ॥ ਕਰਤੈ ਅਪਣਾ ਰੂਪੁ ਦਿਖਾਇਆ' ਵਾਕਾਂ ਤੋਂ ਪ੍ਰਗਟ ਹੈ ।

ਇਸ ਸ਼ਬਦ ਵਿਚ ਮਨਮੁਖ ਤੇ ਗੁਰਮੁਖ ਦੋਹਾਂ ਦੀ ਹਾਲਤ ਨੂੰ ਬਿਆਨ ਕੀਤਾ ਹੈ । ਆਪ ਹੁਦਰੇ ਮਨੁੱਖਾਂ ਨੂੰ ਖੋਟੀ ਮਤ ਕਰਕੇ ਕੁਝ ਨਹੀ ਸੁਝਦਾ ਬੁਝਦਾ, ਜਿਸ ਕਾਰਨ ਉਹ ਆਪਣਾ ਰਤਨ-ਜਨਮ ਜੂਏ ਵਿਚ ਹਾਰ ਜਾਂਦੇ ਹਨ । ਜਦੋਂ ਕਿ ਗੁਰੂ ਅਨੁਸਾਰੀ ਜੀਵ ਗੁਰੂ ਦੀ ਸੇਵਾ ਕਰਕੇ ਅੰਮ੍ਰਿਤ ਫਲ ਪ੍ਰਾਪਤ ਕਰਦੇ ਹਨ ਅਤੇ ਜਨਮ ਪਦਾਰਥ ਜਿਤ ਕੇ ਰਬੀ ਦਰਗਾਹ ਵਿਚ ਉਜਲੇ ਮੁਖ ਨਾਲ ਪਹੁੰਚਦੇ ਹਨ । ਪਿਤਾ ਗੁਰੂ ਅਮਰਦਾਸ ਜੀ ਉਨ੍ਹਾਂ ਗੁਰਮੁਖ ਪਿਆਰਿਆਂ ਤੋਂ ਸਦਾ ਹੀ ਵਾਰਨੇ ਤੇ ਬਲਿਹਾਰਨੇ ਜਾਂਦੇ ਹਨ ਜਿਹੜੇ ਪਰਮਾਤਮਾ ਦਾ ਨਾਮ ਆਪਣੇ ਹਿਰਦੇ ਵਿਚ ਵਸਾਂਦੇ ਹਨ ।

## ਭੈਰਉ ਮਹਲਾ ੫ ਅਸਟਪਦੀਆ ਘਰੁ ੨

**ੴ ਸਤਿਗੁਰ ਪ੍ਰਸਾਦਿ ॥ ਜਿਸੁ ਨਾਮੁ ਰਿਦੈ,ਸੋਈ ਵਡ ਰਾਜਾ ॥ ਜਿਸੁ ਨਾਮੁ ਰਿਦੈ, ਤਿਸੁ ਪੂਰੇ ਕਾਜਾ ॥ ਜਿਸੁ ਨਾਮੁ ਰਿਦੈ, ਤਿਨਿ ਕੋਟਿ ਧਨ ਪਾਏ । ਨਾਮ ਬਿਨਾ, ਜਨਮੁ ਬਿਰਥਾ ਜਾਏ ॥੧॥ ਤਿਸੁ ਸਾਲਾਹੀ, ਜਿਸ ਹਰਿ ਧਨੁ ਰਾਸਿ ॥ ਸੋ ਵਡਭਾਗੀ, ਜਿਸੁ ਗੁਰ ਮਸਤਕਿ ਹਾਥੁ ॥੧॥ਰਹਾਉ॥ ਜਿਸੁ ਨਾਮੁ ਰਿਦੈ, ਤਿਸੁ ਕੋਟ ਕਈ ਸੈਨਾ ॥ ਜਿਸੁ ਨਾਮੁ ਰਿਦੈ, ਤਿਸੁ ਸਹਜ ਸੁਖੈਨਾ ॥ ਜਿਸੁ ਨਾਮੁ ਰਿਦੈ, ਸੋ ਸੀਤਲੁ ਹੂਆ ॥ ਨਾਮ ਬਿਨਾ ਧ੍ਰਿਗੁ ਜੀਵਣੁ ਮੂਆ ॥੨॥ ਜਿਸੁ ਨਾਮੁ ਰਿਦੈ, ਸੋ ਜੀਵਨ ਮੁਕਤਾ ॥ ਜਿਸੁ**

ਨਾਮੁ ਰਿਦੈ ਤਿਸੁ ਸਭ ਹੀ ਜੁਗਤਾ ॥ ਜਿਸੁ ਨਾਮੁ ਰਿਦੈ, ਤਿਨਿ ਨਉ ਨਿਧਿ ਪਾਈ ॥ ਨਾਮ ਬਿਨਾ ਭ੍ਰਮਿ ਆਵੈ ਜਾਈ ॥੩॥ ਜਿਸੁ ਨਾਮੁ ਰਿਦੈ, ਸੋ ਵੇਪਰਵਾਹਾ ॥ ਜਿਸੁ ਨਾਮੁ ਰਿਦੈ ਤਿਸੁ ਸਦ ਹੀ ਲਾਹਾ ॥ ਜਿਸੁ ਨਾਮੁ ਰਿਦੈ, ਤਿਸੁ ਵਡ ਪਰਵਾਰਾ ॥ ਨਾਮ ਬਿਨਾ, ਮਨਮੁਖ ਗਾਵਾਰਾ ॥੪॥

## ਉਚਾਰਨ ਸੇਧ

**ਬਿੰਦੀ ਸਹਿਤ :** ਸਾਲਾਹੀਂ ।

**ਪਦ ਅਰਥ :** ਜਿਸੁ-ਜਿਸ (ਮਨੁੱਖ ਦੇ) । ਰਿਦੈ-ਹਿਰਦੇ ਵਿਚ । ਸੋਈ -ਓਹੀ। ਵਡ ਰਾਜਾ-ਵੱਡਾ ਰਾਜਾ ਹੈ। ਤਿਨਿ-ਉਸ (ਮਨੁੱਖ ਨੇ) । ਕੋਟਿ-ਕ੍ਰੋੜਾਂ । ਧਨ-ਮਾਇਆ, ਪਦਾਰਥ । ਬਿਰਥਾ-ਵਿਅਰਥ।੧।

ਤਿਸੁ-ਉਸ (ਮਨੁੱਖ) ਨੂੰ । ਸਾਲਾਹੀ-ਮੈਂ ਸਲਾਹੁੰਦਾ ਹਾਂ । ਰਾਸਿ-ਪੂੰਜੀ, ਮੂੜੀ । ਮਸਤਕਿ-ਮੱਥੇ ਉਤੇ । ਹਾਥੁ-ਹੱਥ ।੧ਰਹਾਉ।

ਕੋਟ-ਕਿਲ੍ਹੇ । ਸੈਨਾ-ਫੌਜ । ਸਹਜ-ਅਡੋਲ ਅਵਸਥਾ । ਸੁਖੈਨਾ-ਸੌਖਾ, ਸੁਖੀ ।ਸੀਤਲੁ-ਠੰਢਾ ਹੂਆ-ਹੋਇਆ। ਧ੍ਰਿਗੁ-ਫਿਟਕਾਰ ਜੋਗ। ਮੂਆ-ਮੋਇਆ।੨।

ਜੀਵਨ ਮੁਕਤਾ-ਜੀਵਨ ਵਿਚ ਬੰਧਨਾਂ ਤੋਂ ਆਜ਼ਾਦ। ਜੁਗਤਾ-ਵਿਉਂਤ। ਨਉ ਨਿਧਿ-ਨੌਂ ਨਿਧੀਆਂ, ਸਾਰੇ ਖਜ਼ਾਨੇ। ਭ੍ਰਮਿ-ਭਰਮ ਵਿਚ । ਆਵੈ ਜਾਈ-ਆਉਂਦਾ ਜਾਂਦਾ ਹੈ, ਆਵਾਗਵਨ ਵਿਚ ਪਿਆ ਰਹਿੰਦਾਹੈ।੩।

ਵੇਪਰਵਾਹਾ-ਜੋ ਕਿਸੇ ਦਾ ਮੁਥਾਜ ਨਾ ਹੋਵੇ। ਲਾਹਾ-ਲਾਭ। ਗਾਵਾਰਾ-ਮੂਰਖ।੪।

**ਅਰਥ :** (ਹੇ ਭਾਈ !) ਜਿਸ (ਜੀਵ ਦੇ) ਹਿਰਦੇ ਵਿਚ (ਪਰਮਾਤਮਾ ਦਾ) ਨਾਮ ਹੈ, ਓਹ ਵੱਡਾ ਰਾਜਾ ਹੈ। ਜਿਸ ਹਿਰਦੇ ਵਿਚ ਨਾਮੁ ਹੈ, ਉਸ ਦੇ ਸਾਰੇ ਕੰਮ ਪੂਰੇ ਹੋ ਜਾਂਦੇ ਹਨ । ਜਿਸ ਹਿਰਦੇ ਵਿਚ ਨਾਮੁ ਹੈ, ਉਸ ਨੇ (ਮਾਨੋ) ਕ੍ਰੋੜਾਂ ਧਨ ਦੇ (ਖਜ਼ਾਨੇ) ਪ੍ਰਾਪਤ ਕਰ ਲਏ ਹਨ । (ਹੇ ਭਾਈ ! ਪਰਮਾਤਮਾ ਦੇ) ਨਾਮ ਤੋਂ ਬਿਨਾ (ਮਨੁੱਖ ਦਾ) ਜੀਵਨ ਵਿਅਰਥ ਚਲਾ ਜਾਂਦਾ ਹੈ ।੧।

(ਹੇ ਭਾਈ !) ਮੈਂ ਉਸ (ਪੁਰਸ਼) ਨੂੰ ਸਲਾਹੁੰਦਾ ਹਾਂ, ਜਿਸ ਪਾਸ ਪਰਮਾਤਮਾ ਦਾ ਨਾਮ-ਧਨ ਰੂਪੀ ਪੂੰਜੀ ਹੈ। ਉਹ ਵਡਭਾਗੀ (ਪੁਰਸ਼) ਹੈ ਜਿਸ ਮੱਥੇ ਉਤੇ ਗੁਰੂ ਦਾ (ਬਖ਼ਸ਼ਸ਼ ਭਰਿਆ) ਹੱਥ ਹੈ ।੧ਰਹਾਉ।

(ਹੇ ਭਾਈ !) ਜਿਸ (ਜੀਵ ਦੇ) ਹਿਰਦੇ ਵਿਚ (ਪਰਮਾਤਮਾ ਦਾ) ਨਾਮੁ ਹੈ ਉਸ ਦੇ ਪਾਸ (ਸਮਝੋ) ਕਈ ਕਿਲ੍ਹੇ ਤੇ ਫੌਜਾਂ ਹਨ । ਜਿਸ ਦੇ ਹਿਰਦੇ ਵਿਚ ਨਾਮੁ ਹੈ, ਉਸ ਪਾਸ ਅਡੋਲਤਾ ਹੈ, (ਉਸ ਨੂੰ) ਸਹਜ-ਸੁਖ ਪ੍ਰਾਪਤ ਹੈ । ਜਿਸ ਦੇ ਹਿਰਦੇ ਵਿਚ ਨਾਮੁ ਹੈ ਉਹ ਸ਼ਾਂਤ ਹੋਇਆ ਰਹਿੰਦਾ ਹੈ । (ਜੋ ਮਨੁੱਖ) ਨਾਮ ਤੋਂ ਬਿਨਾ ਹੈ (ਉਸ ਦਾ) ਜੀਵਨ ਫਿਟਕਾਰ ਯੋਗ ਹੈ (ਉਸ ਨੂੰ ਇਉਂ ਜਾਣੋ ਜਿਵੇਂ ਕੋਈ) ਮੋਇਆ ਹੋਇਆ (ਮੁਰਦਾ) ਹੈ ।੨।

(ਹੇ ਭਾਈ!) ਜਿਸ (ਮਨੁੱਖ ਦੇ) ਹਿਰਦੇ ਵਿਚ (ਪਰਮੇਸ਼ਰ ਦਾ) ਨਾਮੁ ਹੈ, ਉਹ (ਮਨੁੱਖ) ਜੀਉਂਦਾ

ਹੋਇਆ ਹੀ ਮੁਕਤ ਹੈ (ਭਾਵ ਦੁਖ ਸੁਖ ਤੋਂ ਨਿਰਲੇਪ ਹੈ)। ਜਿਸ (ਮਨੁਖ ਦੇ) ਹਿਰਦੇ ਵਿਚ ਨਾਮੁ ਹੈ ਉਸ ਦੇ ਪਾਸ ਹਰ ਪ੍ਰਕਾਰ ਦੀ (ਸਫਲ ਜੀਵਨ) ਜੁਗਤੀ ਹੈ. ਜਿਸ ਦੇ ਹਿਰਦੇ ਵਿਚ ਨਾਮੁ ਹੈ ਉਸ ਨੇ (ਮਾਨੋ) ਨੌ ਨਿਧਾਂ (ਸਾਰੇ ਖਜ਼ਾਨਿਆਂ ਦੀ ਸੰਪਤੀ) ਪਾ ਲਈ ਹੈ। ਨਾਮ ਤੋਂ ਬਿਨਾ (ਮਨੁੱਖ ਮਾਇਆ ਦੀ) ਭਟਕਣਾ ਵਿਚ ਪੈ ਕੇ ਆਂਦਾ ਜਾਂਦਾ ਭਾਵ ਜੰਮਦਾ ਮਰਦਾ ਰਹਿੰਦਾ ਹੈ।੩।

(ਹੇ ਭਾਈ !) ਜਿਸ (ਮਨੁੱਖ ਦੇ) ਹਿਰਦੇ ਵਿਚ (ਪਰਮੇਸ਼ਰ ਦਾ) ਨਾਮੁ ਹੈ. ਉਹ (ਪ੍ਰਭੂ ਤੋਂ ਬਿਨਾ ਕਿਸੇ ਦੀ) ਪਰਵਾਹ ਨਹੀਂ ਕਰਦਾ। ਜਿਸ ਦੇ ਹਿਰਦੇ ਵਿਚ (ਪ੍ਰਭੂ ਦਾ) ਨਾਮੁ ਹੈ, ਉਸ ਨੂੰ ਸਦਾ ਲਾਭ ਹੀ ਲਾਭ ਹੈ। ਜਿਸ ਦੇ ਹਿਰਦੇ ਵਿਚ ਨਾਮੁ ਹੈ ਉਸ ਦਾ (ਸਾਰਾ ਸੰਸਾਰ ਹੀ) ਵੱਡਾ ਪਰਵਾਰ ਹੈ। (ਜੋ) ਨਾਮ ਤੋਂ ਬਿਨਾ (ਮਨੁੱਖ ਹੈ, ਉਹ) ਮਹਾਂ ਮੂਰਖ ਹੈ।੪।

**ਜਿਸੁ ਨਾਮੁ ਰਿਦੈ, ਤਿਸੁ ਨਿਹਚਲ ਆਸਨੁ ॥ ਜਿਸੁ ਨਾਮੁ ਰਿਦੈ, ਤਿਸੁ ਤਖਤਿ ਨਿਵਾਸਨੁ॥ ਜਿਸੁ ਨਾਮੁ ਰਿਦੈ, ਸੋ ਸਾਚਾ ਸਾਹੁ॥ ਨਾਮ ਹੀਣ ਨਾਹੀ ਪਤਿ ਵੇਸਾਹੁ॥੫॥ ਜਿਸੁ ਨਾਮੁ ਰਿਦੈ, ਸੋ ਸਭ ਮਹਿ ਜਾਤਾ॥ ਜਿਸੁ ਨਾਮੁ ਰਿਦੈ, ਸੋ ਪੁਰਖੁ ਬਿਧਾਤਾ॥ ਜਿਸੁ ਨਾਮੁ ਰਿਦੈ, ਸੋ ਸਭ ਤੇ ਊਚਾ ॥ ਨਾਮ ਬਿਨਾ, ਭ੍ਰਮਿ ਜੋਨੀ ਮੂਚਾ ॥੬॥ ਜਿਸੁ ਨਾਮੁ ਰਿਦੈ, ਤਿਸੁ ਪ੍ਰਗਟਿ ਪਹਾਰਾ॥ ਜਿਸੁ ਨਾਮੁ ਰਿਦੈ, ਤਿਸੁ ਮਿਟਿਆ ਅੰਧਾਰਾ॥ ਜਿਸੁ ਨਾਮੁ ਰਿਦੈ, ਸੋ ਪੁਰਖੁ ਪਰਵਾਣੁ॥ ਨਾਮ ਬਿਨਾ, ਫਿਰਿ ਆਵਣ ਜਾਣੁ॥੭॥ ਤਿਨਿ ਨਾਮੁ ਪਾਇਆ, ਜਿਸ ਭਇਓ ਕ੍ਰਿਪਾਲ॥ ਸਾਧ ਸੰਗਤਿ ਮਹਿ ਲਖੇ ਗੋੁਪਾਲ॥ ਆਵਣ ਜਾਣ ਰਹੇ, ਸੁਖੁ ਪਾਇਆ॥ ਕਹੁ ਨਾਨਕ, ਤਤੈ ਤਤੁ ਮਿਲਾਇਆ ॥੮॥੧॥੪॥**

## ਉਚਾਰਨ ਸੇਧ

**ਬਿੰਦੀ ਸਹਿਤ:** ਨਾਹੀਂ, ਮਹਿੰ, ਬਿਨਾਂ।

**ਫੁਟਕਲ :**'ਗੋੁਪਾਲ' ਦਾ ਉਚਾਰਨ 'ਗੁਪਾਲ' ਕਰਨਾ ਹੈ।

**ਪਦ ਅਰਥ :** ਨਿਹਚਲੁ-ਅਟੱਲ, ਪੱਕਾ,ਨਾਡੋਲਣ ਵਾਲਾ। ਆਸਨੁ-ਟਿਕਾਣਾ। ਤਖਤਿ-ਤਖਤ ਉਤੇ। ਨਿਵਾਸਨੁ-ਨਿਵਾਸ। ਸਾਚਾ ਸਾਹੁ-ਸਦਾ ਥਿਰ ਰਹਿਣ ਵਾਲਾ ਸ਼ਾਹ। ਨਾਮਹੀਣ-ਨਾਮ ਤੋਂ ਖ਼ਾਲੀ। ਪਤਿ-ਇਜ਼ਤ। ਵੇਸਾਹੁ-ਵਿਸ਼ਵਾਸ਼, ਇਤਬਾਰ ॥੫॥

ਜਾਤਾ-ਜਾਣਿਆ ਜਾਂਦਾ ਹੈ। ਦਾਤਾ-ਦਾਨੀ। ਸੋ-ਉਹ (ਮਨੁੱਖ)। ਪੁਰਖੁ ਬਿਧਾਤਾ-ਸਿਰਜਣਹਾਰ ਪਰਮਾਤਮਾ। ਭ੍ਰਮਿ-ਭ੍ਰਮਦਾ ਭਟਕਦਾ ਹੈ। ਜੋਨੀ-ਜੂਨਾਂ ਵਿਚ। ਮੂਚਾ- ਬਹੁਤ।੬।

ਪ੍ਰਗਟਿ-ਪਹਾਰਾ-ਪਸਾਰੇ ਵਿਚ, ਪ੍ਰਭੂ ਪਰਤੱਖ ਤੌਰ ਤੇ ਦਿਸ ਪੈਂਦਾ ਹੈ। (ਦੁਨੀਆਂ ਉਸ ਦਾ ਪ੍ਰਭਾਵ ਕਬੂਲਦੀ ਹੈ)। ਅੰਧਾਰਾ-(ਮਾਇਆ ਮੋਹ ਦਾ) ਹਨੇਰਾ।੭।

ਤਿਨਿ-ਉਸ (ਮਨੁੱਖ) ਨੇ। ਭਇਓ-ਹੋਇਆ। ਲਖੇ-ਸਮਝ ਲਏ ਹਨ। ਗੋਪਾਲ-ਪ੍ਰਿਥਵੀ ਦੇ ਪਾਲਕ। ਰਹੇ-ਮੁਕ ਗਏ। ਸੁਖ-(ਆਤਮਿਕ) ਸੁਖ। ਤਤੈ-ਤਤ (ਪਰਮਾਤਮਾ) ਵਿਚ। ਤਤੁ-ਜੀਵਾਤਮਾ।੮।

**ਅਰਥ** : (ਹੇ ਭਾਈ !) ਜਿਸ (ਮਨੁੱਖ ਦੇ) ਹਿਰਦੇ ਵਿਚ (ਪ੍ਰਭੂ ਦਾ) ਨਾਮੁ ਹੈ, ਉਸ ਦਾ ਆਸਣੁ ਅਸਥਿਰ ਹੈ। ਜਿਸ ਦੇ ਹਿਰਦੇ ਵਿਚ ਨਾਮੁ ਹੈ, ਉਸ ਦਾ (ਜਾਣੋ ਸੱਚੇ) ਤਖਤ ਉਤੇ ਵਾਸਾ ਹੋ ਗਿਆ ਹੈ। ਜਿਸ ਦੇ ਹਿਰਦੇ ਵਿਚ ਨਾਮੁ ਹੈ ਉਹ ਸੱਚਾ ਸ਼ਾਹ (ਸ਼ਾਹੂਕਾਰ) ਹੈ। (ਜੋ ਮਨੁੱਖ) ਨਾਮ ਤੋਂ ਖਾਲੀ ਹੈ (ਉਸ ਦੀ) ਨਾ (ਕਿਤੇ) ਇਜ਼ਤ ਹੈ, (ਨਾ ਉਸ ਤੇ ਕੋਈ) ਭਰੋਸਾ (ਕਰਦਾ ਹੈ) ।੫।

(ਹੇ ਭਾਈ!) ਜਿਸ (ਮਨੁੱਖ ਦੇ) ਹਿਰਦੇ ਵਿਚ ਨਾਮੁ ਹੈ (ਉਹ ਸੰਸਾਰ ਅੰਦਰ) ਸਾਰਿਆਂ ਵਿਚ ਜਾਣਿਆ ਜਾਂਦਾ ਹੈ (ਭਾਵ ਪ੍ਰਸਿਧ ਹੋ ਜਾਂਦਾ ਹੈ)। ਜਿਸ (ਮਨੁੱਖ ਦੇ) ਹਿਰਦੇ ਵਿਚ ਨਾਮੁ ਹੈ ਉਹ (ਮਨੁੱਖ) ਸਿਰਜਣਹਾਰ ਪੁਰਖ ਦਾ ਰੂਪ (ਹੀ ਬਣ ਜਾਂਦਾ ਹੈ)। ਜਿਸ ਦੇ ਹਿਰਦੇ ਵਿੱਚ ਨਾਮੁ ਹੈ ਉਹ (ਪੁਰਸ਼) ਵਿਚ ਸਭ ਤੋਂ ਉਚਾ (ਭਾਵ ਆਦਰਯੋਗ) ਹੈ। ਨਾਮ ਤੋਂ ਬਿਨਾ (ਮਨੁੱਖ) ਬਹੁਤ ਜੋਨੀਆਂ ਵਿਚ ਭਟਕਦਾ ਰਹਿੰਦਾ ਹੈ।੬।

(ਹੇ ਭਾਈ !) ਜਿਸ (ਮਨੁੱਖ ਦੇ) ਹਿਰਦੇ ਵਿਚ ਨਾਮੁ ਹੈ ਉਸ ਨੂੰ (ਪ੍ਰਭੂ) ਜਗਤ ਵਿਚ ਪ੍ਰਤੱਖ ਦਿਸ ਪੈਂਦਾ ਹੈ। ਜਿਸ (ਮਨੁੱਖ ਦੇ) ਹਿਰਦੇ ਵਿਚ ਨਾਮੁ (ਵਸ ਗਿਆ ਹੈ, ਉਸ ਦਾ ਅਗਿਆਨਤਾ ਰੂਪੀ) ਹਨੇਰਾ ਦੂਰ ਹੋ ਗਿਆ ਹੈ ਜਿਸ ਦੇ ਹਿਰਦੇ ਵਿਚ ਨਾਮੁ ਹੈ ਉਹ ਪੁਰਸ਼ ਪਰਵਾਣ (ਪ੍ਰਮਾਣੀਕ) ਹੈ। ਨਾਮ ਤੋਂ ਬਿਨਾ (ਜੀਵ ਦਾ) ਮੁੜ ਮੁੜ ਕੇ ਆਵਾਗਉਣ (ਬਣਿਆ ਰਹਿੰਦਾ ਹੈ) ।੭।

(ਹੇ ਭਾਈ !) ਉਸ (ਪੁਰਸ਼) ਨੇ (ਪਰਮੇਸ਼ਰ ਦਾ) ਨਾਮੁ ਪ੍ਰਾਪਤ ਕੀਤਾ ਹੈ,ਜਿਸ ਉਤੇ (ਪਰਮੇਸ਼ਰ ਆਪ) ਕਿਰਪਾਲੂ ਹੋਇਆ ਹੈ। ਸਾਧ ਸੰਗਤ ਵਿਚ (ਟਿਕ ਕੇ ਉਸ ਨੇ) ਪ੍ਰਿਥਵੀ ਦੇ ਪਾਲਕ (ਪ੍ਰਭੂ) ਜਾਣ ਲਏ ਹਨ। (ਉਸਦੇ) ਜਨਮ ਮਰਣ ਮੁੱਕ ਗਏ ਹਨ (ਅਤੇ)ਉਸਨੇ(ਆਤਮਿਕ)ਸੁਖ ਪਾ ਲਿਆ ਹੈ। ਨਾਨਕ! ਆਖ (ਕਿ ਉਸਨੇ) ਤਤ (ਪਰਮਾਤਮਾ) ਵਿਚ ਆਪਣਾ (ਜੀਵਾਤਮਾ) ਅਭੇਦ ਕਰ ਲਿਆ ਹੈ।੮।੧।੪।

## ਅਰਥ ਭੇਦ ਅਤੇ ਨਿਰਣੈ

**ਜਿਸੁ ਨਾਮੁ ਰਿਦੈ ਤਿਸੁ ਪ੍ਰਗਟਿ ਪਹਾਰਾ ॥**

ਵਖ ਵਖ ਅਰਥ :

੧. ਜਿਸ ਦੇ ਰਿਦੇ ਮੇਂ ਪ੍ਰਮੇਸ਼ਰ ਕਾ ਨਾਮ ਹੈ ਤਿਸ ਕਾ (ਪਹਾਰਾ) ਸੰਸਾਰ ਮੈਂ ਜਸ ਪ੍ਰਗਟ ਹੀ ਹੈ ਵਾ ਤਿਸ ਕੀ ਦੁਕਾਨ ਪ੍ਰਗਟ ਹੀ ਹੈ ਔਰ ਤਿਸ ਕੀ ਸੰਗਤਿ ਸ੍ਰੇਸ਼ਟ ਹੈ। [ਫ.ਸ.

੨. ਪਹਾਰਾ, ਪਸਾਰਾ,ਰਚਨਾ ਵਿਚ, ਸ੍ਰਿਸ਼ਟੀ ਵਿਚ। ਉਸ ਨੂੰ ਹਰੀ ਜਗਤ ਵਿਚ ਪਸਰਿਆ ਹੋਇਆ ਪਰਤੱਖ ਦਿਸ ਪੈਂਦਾ ਹੈ (ਕਿਉਂਕਿ ਜਿਵੇਂ ਅਗਲੀ ਤੁਕ ਵਿਚ ਦਸਿਆ ਹੈ, ਉਸ ਦਾ ਅਗਿਆਨ ਹਨੇਰਾ ਦੂਰ ਹੋ ਗਿਆ ਹੁੰਦਾ ਹੈ)। [ਸ਼ਬਦਾਰਥ

੩. ਹੇ ਭਾਈ ! ਜਿਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਆ ਵਸਦਾ ਹੈ, ਉਸ ਦੀ ਆਤਮਿਕ ਜੀਵਨ ਦੀ ਘਾੜਤ ਦੀ ਮਿਹਨਤ (ਸਭ ਥਾਂ) ਪ੍ਰਗਟ ਹੋ ਜਾਂਦੀ ਹੈ। [ਦਰਪਣ

**ਨਿਰਣੈ** : ਗੁਰਬਾਣੀ ਵਿਚੋਂ 'ਪ੍ਰਗਟਿ ਪਹਾਰਾ' ਦੀ ਵਰਤੋਂ ਹੋਰ ਥਾਂ ਤੇ ਵੀ ਮਿਲਦੀ ਹੈ ਜਿਵੇਂ:

੧ **ਪਰਗਟਿ ਪਹਾਰੈ ਜਾਪਦਾ ॥** [ਪੰਨਾ ੭੧

੨. **ਪਰਗਟ ਪਹਾਰੈ ਜਾਪਦੇ ਸਭਿ ਲੋਕ ਸੁਣੰਦੇ ॥** [ਪੰਨਾ ੩੦੬

੩. **ਨਿੰਦਕ ਕਾ ਪਰਗਟਿ ਪਹਾਰਾ ॥** [ਪੰਨਾ ੮੭੫

ਪਰਗਟ, ਪਰਗਟਿ, ਜਾਂ ਪ੍ਰਗਟਿ ਦੇ ਅਰਥ ਹਨ ਪ੍ਰਤੱਖ ਤੌਰ ਤੇ ਅਤੇ 'ਪਹਾਰਾ' ਦੇ ਅਰਥ ਹਨ ਪਸਾਰਾ। ਇਥੇ 'ਪ੍ਰਗਟਿ ਪਹਾਰਾ' ਤੋਂ ਭਾਵ ਹੈ ਜਿਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਹੈ, ਉਸ ਨੂੰ (ਪ੍ਰਭੂ) ਸਾਰੇ ਪਸਾਰੇ ਵਿਚ ਪ੍ਰਤੱਖ ਰੂਪ ਵਿਚ ਦਿਸਣ ਲਗ ਪੈਂਦਾ ਹੈ।

ਸ਼ਬਦਾਰਥੀ ਵਿਦਵਾਨਾਂ ਦੇ ਕੀਤੇ ਅਰਥ ਕਿ ਉਸ ਨੂੰ ਹਰੀ ਜਗਤ ਵਿਚ ਪਸਰਿਆ ਹੋਇਆ ਪ੍ਰਤੱਖ ਦਿਸ ਪੈਂਦਾ ਹੈ ਜਿਵੇਂ ਕਿ ਉਪਰ ਨੰ:੨ ਦੇ ਸਾਹਮਣੇ ਦਰਜ ਹਨ, ਠੀਕ ਹਨ। ਇਥੇ ਨਾਮ ਜਪਣ ਵਾਲੇ ਦੀ ਪ੍ਰਸਿਧੀ ਹੈ। ਜਿਵੇਂ ਪਰਮੇਸ਼ਰ ਸੰਸਾਰ ਵਿਚ ਪ੍ਰਗਟ ਹੈ ਤਿਵੇਂ ਉਸ ਦੇ ਸੇਵਕ ਨੂੰ ਪ੍ਰਗਟ ਰੂਪ ਵਿਚ ਦਰਸ਼ਨ ਹੁੰਦੇ ਹਨ:--

**ਪਰਗਟਿ ਪਾਹਾਰੈ ਜਾਪਦਾ ॥ ਸਭੁ ਨਾਵੈ ਨੋ ਪਰਤਾਪਦਾ॥** [ਪੰਨਾ ੭੧

## ਸਾਰੰਸ਼ ਅਤੇ ਸਿਧਾਂਤ

ਇਸ ਸਿਧਾਂਤ ਵਿਚ ਉਸ ਮਨੁੱਖ ਦੀ ਵਡਿਆਈ ਕੀਤੀ ਗਈ ਹੈ ਜਿਸ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਵਸ ਗਿਆ ਹੈ। ਨਾਮ ਧਨ ਦੀ ਰਾਸ ਨਾਲ ਮਨੁੱਖ ਵੱਡੇ ਭਾਗਾਂ ਵਾਲਾ ਬਣਦਾ ਹੈ ਕਿਉਂਕਿ ਉਸ ਦੇ ਮਥੇ ਉਤੇ ਗੁਰ-ਪਰਮੇਸ਼ਰ ਜੀ ਦਾ ਪਾਵਨ ਹੱਥ ਹੁੰਦਾ ਹੈ। ਉਹ ਸੰਸਾਰਕ ਤੌਰ ਤੇ ਹੀ ਵੱਡਾ ਰਾਜਾ ਨਹੀਂ ਹੁੰਦਾ, ਜੀਵਨ-ਮੁਕਤਿ ਵੀ ਹੁੰਦਾ ਹੈ। ਪਰ ਦੂਜੇ ਪਾਸੇ ਜਿਸ ਦੇ ਹਿਰਦੇ ਵਿਚ ਪਰਮੇਸ਼ਰ ਦਾ ਨਾਮ ਨਹੀਂ, ਉਸ ਦਾ ਜੀਵਨ "ਧ੍ਰਿਗੰਤ ਜਨਮ ਭ੍ਰਸਟਣਹ" ਹੈ।

ਅੰਤ ਵਿਚ ਇਹ ਸਿਧਾਂਤ ਪ੍ਰਗਟਾਇਆ ਹੈ ਕਿ ਜਿਸ ਉਤੇ ਪਰਮਾਤਮਾ ਦੀ ਕਿਰਪਾ ਹੋਵੇ, ਉਸੇ ਨੂੰ ਨਾਮ ਪ੍ਰਾਪਤ ਹੁੰਦਾ ਹੈ। ਉਸ ਦਾ ਆਵਣ ਜਾਣ ਵਾਲਾ ਗੇੜ ਮੁਕ ਜਾਂਦਾ ਹੈ, ਹਰੀ-ਤੱਤ ਵਿਚ ਉਸਦਾ ਜੀਵ-ਤਤ ਮਿਲ ਜਾਂਦਾ ਹੈ, ਭਾਵ ਅਭੇਦ ਹੋ ਜਾਂਦਾ ਹੈ:-

**ਓਹ ਧਨਵੰਤੁ ਕੁਲਵੰਤੁ ਪਤਿਵੰਤੁ॥ ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ॥**[ਪੰਨਾ ੨੯੪

**ਭੈਰਉ ਮਹਲਾ ੫॥ ਕੋਟਿ ਬਿਸਨ ਕੀਨੇ ਅਵਤਾਰ ॥ ਕੋਟਿ ਬ੍ਰਹਮੰਡ, ਜਾ ਕੇ ਧ੍ਰਮਸਾਲ ॥ ਕੋਟਿ ਮਹੇਸ ਉਪਾਇ ਸਮਾਏ ॥ ਕੋਟਿ ਬ੍ਰਹਮੇ, ਜਗੁ ਸਾਜਣ ਲਾਏ ॥੧॥ ਐਸੋ ਧਣੀ ਗੁਵਿੰਦੁ ਹਮਾਰਾ ॥ ਬਰਨਿ ਨ ਸਾਕਉ, ਗੁਣ ਬਿਸਥਾਰਾ ॥੧॥ਰਹਾਉ॥ ਕੋਟਿ ਮਾਇਆ, ਜਾ ਕੈ ਸੇਵਕਾਇ॥ ਕੋਟਿ ਜੀਅ, ਜਾ ਕੀ ਸਿਹਜਾਇ ॥ ਕੋਟਿ ਉਪਾਰਜਨਾ, ਤੇਰੈ ਅੰਗਿ ॥ ਕੋਟਿ ਭਗਤ, ਬਸਤ ਹਰਿ ਸੰਗਿ ॥੨॥ ਕੋਟਿ ਛਤ੍ਰਪਤਿ, ਕਰਤ ਨਮਸਕਾਰ ॥ ਕੋਟਿ ਇੰਦ੍ਰ, ਠਾਢੇ ਹੈ ਦੁਆਰ ॥ ਕੋਟਿ ਬੈਕੁੰਠ, ਜਾ ਕੀ ਦ੍ਰਿਸਟੀ ਮਾਹਿ ॥ ਕੋਟਿ ਨਾਮ ਜਾ ਕੀ ਕੀਮਤਿ ਨਾਹਿ ॥੩॥ ਕੋਟਿ ਪੂਰੀਅਤ ਹੈ ਜਾ ਕੈ ਨਾਦ ॥ ਕੋਟਿ ਅਖਾਰੇ ਚਲਿਤ ਬਿਸਮਾਦ ॥ ਕੋਟਿ ਸਕਤਿ ਸਿਵ ਆਗਿਆਕਾਰ ॥ ਕੋਟਿ ਜੀਅ**

ਦੇਵੈ ਆਧਾਰ ॥੪॥

## ਉਚਾਰਨ ਸੇਧ

**ਬਿੰਦੀ ਸਹਿਤ :** ਸਾਕਉਂ, ਮਾਹਿੰ, ਨਾਹਿੰ, ਹੈਂ।

**ਬਿੰਦੀ ਰਹਿਤ :** ਜਾ ਕੈ, ਜਾ ਕੀ' ਦਾ ਉਚਾਰਨ (ਜਾਂ ਕੈ,ਜਾਂਕੀ' ਕਰਨਾ ਠੀਕ ਨਹੀਂ ਹੈ।

**ਫੁਟਕਲ :** ਗੋੁਵਿੰਦੁ ਦਾ ਉਚਾਰਨ 'ਗੁਵਿੰਦ' ਕਰਨਾ ਹੈ।

**ਪਦ ਅਰਥ :** ਕੋਟਿ-ਕ੍ਰੋੜਾਂ। ਬਿਸਨ-ਵਿਸ਼ਨੂੰ। ਧ੍ਰਮਸਾਲ-ਧਰਮ ਕਮਾਣ ਦੀ ਥਾਂ। ਮਹੇਸੁ-ਸ਼ਿਵ। ਉਪਾਏ-ਪੈਦਾ ਕਰਕੇ। ਸਮਾਏ-ਲੀਨ ਕਰ ਲਏ। ਸਾਜਨ-ਬਨਾਣ। ਲਾਏ-ਨਿਯੁਕਤ ਕੀਤੇ।੧।

ਧਣੀ-ਮਾਲਕ। ਬਰਨਿ ਨ ਸਾਕਉ-ਮੈਂ ਬਿਆਨ ਨਹੀਂ ਕਰ ਸਕਦਾ। ਬਿਸਥਾਰਾ-ਵਿਸਥਾਰ ।੧।ਰਹਾਉ।

ਜਾ ਕੈ-ਜਿਸ ਦੇ (ਦਰ ਤੇ)। ਸੇਵਕਾਇ-ਸੇਵਕਣੀਆਂ, ਦਾਸੀਆਂ। ਸਿਹਜਾਇ-ਸੇਜ। ਉਪਾਰਜਨਾ-ਪੈਦਾ ਕੀਤੇ ਹੋਏ, ਉਤਪਤੀਆਂ। ਤੇਰੈ ਅੰਗਿ-ਤੇਰੇ ਅੰਗ ਵਿਚ। ਬਸਤ-ਵਸਦੇ ਹਨ।੨।

ਛਤ੍ਰਪਤਿ-(ਜਿਨ੍ਹਾਂ ਦੇ ਸਿਰ ਉਤੇ ਛਤ੍ਰ ਝੁਲਦੇ ਹਨ), ਰਾਜੇ। ਠਾਢੇ ਹੈ-ਖੜੋਤੇ ਹੋਏ ਹਨ। ਦ੍ਰਿਸਟੀ ਮਾਹਿ-ਨਿਗਾਹ ਵਿਚ।੩।

ਪੂਰੀਅਤ ਹੈ-ਪੂਰੇ (ਵਜਾਏ) ਜਾਂਦੇ ਹਨ। ਅਖਾਰੇ-(ਜਗਤ ਰੂਪ) ਅਖਾੜੇ। ਚਲਿਤ-ਤਮਾਸ਼ੇ, ਕੌਤਕ। ਬਿਸਮਾਦ -ਹੈਰਾਨ ਕਰਨ ਵਾਲੇ। ਸਕਤਿ-ਸ਼ਕਤੀ, ਮਾਇਆ। ਸਿਵ-ਸ਼ਿਵ। ਆਗਿਆਕਾਰ-ਹੁਕਮ ਮੰਨਣ ਵਾਲੇ। ਆਧਾਰ-ਆਸਰਾ।੪।

**ਅਰਥ :** (ਹੇ ਭਾਈ !) ਸਾਡਾ ਮਾਲਕ ਗੋਵਿੰਦ ਹੈ (ਜਿਸ ਨੇ) ਕ੍ਰੋੜਾਂ ਹੀ ਵਿਸ਼ਨੂੰ ਅਵਤਾਰ (ਪੈਦਾ) ਕੀਤੇ ਜਿਸ ਦੇ ਕ੍ਰੋੜਾਂ ਹੀ ਬ੍ਰਹਮੰਡ (ਅਤੇ) ਧਰਮਸ਼ਾਲਾਂ ਹਨ। (ਜਿਸ ਨੇ) ਕ੍ਰੋੜਾਂ ਸ਼ਿਵ ਪੈਦਾ ਕਰਕੇ (ਆਪਣੇ ਵਿਚ) ਲੀਨ ਕਰ ਲਏ ਹਨ। ਕਰੋੜਾਂ ਬ੍ਰਹਮੇ ਜਗਤ ਨੂੰ ਬਨਾਣ ਦੇ (ਕੰਮ ਵਿਚ) ਲਾਏ ਹੋਏ ਹਨ।੧।

(ਹੇ ਭਾਈ !) ਸਾਡਾ ਮਾਲਕ ਗੋਵਿੰਦ ਇਹੋ ਜਿਹਾ (ਕਲਾਧਾਰੀ) ਹੈ। ਮੈਂ (ਉਸ ਗੋਵਿੰਦ ਦੇ ਪੂਰੇ) ਗੁਣਾਂ ਦਾ ਵਿਸਥਾਰ ਵਰਣਨ ਨਹੀਂ ਕਰ ਸਕਦਾ (ਭਾਵ ਅਸਮਰਥ ਹਾਂ)।੧।ਰਹਾਉ।

(ਹੇ ਭਾਈ !) ਕ੍ਰੋੜਾਂ ਲਛਮੀਆਂ ਜਿਸ (ਗੋਵਿੰਦ ਦੇ ਦਰ ਉਤੇ) ਦਾਸੀਆਂ ਹਨ (ਅਤੇ) ਕ੍ਰੋੜਾਂ ਹੀ ਜੀਵ ਜਿਸ ਦੀ ਸੇਜਾ ਹਨ (ਭਾਵ ਉਨ੍ਹਾਂ ਦੇ ਹਿਰਦੇ ਰੂਪੀ ਸੇਜਾ ਤੇ ਪ੍ਰਭੂ ਸੁਭਾਇਮਾਨ ਹੈ)। (ਹੇ ਪ੍ਰਭੂ!) ਕ੍ਰੋੜਾਂ ਪੈਦਾ ਹੋਏ ਜੀਵ ਤੇਰੇ ਅੰਗ ਵਿਚ ਸਮਾਏ ਹੋਏ ਹਨ। ਹੇ ਹਰੀ! ਕਰੋੜਾਂ ਭਗਤ ਤੇਰੇ ਨਾਲ ਵਸਦੇ ਹਨ।੨।

(ਹੇ ਭਾਈ !) ਕ੍ਰੋੜਾਂ ਚਕ੍ਰਵਰਤੀ ਰਾਜੇ (ਜਿਸ ਨੂੰ) ਨਮਸਕਾਰ ਕਰਦੇ ਹਨ, ਕ੍ਰੋੜਾਂ ਇੰਦ੍ਰ (ਜਿਸ ਦੇ) ਦਰ ਉਤੇ ਖੜੇ ਹਨ। ਕ੍ਰੋੜਾਂ ਬੈਕੁੰਠ ਜਿਸ ਦੀ ਨਿਗਾਹ ਵਿਚ ਹਨ (ਅਤੇ ਉਸ ਦੇ) ਕ੍ਰੋੜਾਂ ਨਾਮ ਹਨ ਜਿਨ੍ਹਾਂ ਦੀ ਕੀਮਤ (ਕਿਸੇ ਤੋਂ ਭੀ) ਨਹੀਂ ਪਾਈ ਜਾ ਸਕਦੀ।੩।

(ਹੇ ਭਾਈ !) ਜਿਸ (ਗੋਵਿੰਦ ਦੇ ਦਰ ਉਤੇ) ਕ੍ਰੋੜਾਂ ਨਾਦ ਪੂਰੇ (ਭਾਵ ਵਜਾਏ) ਜਾਂਦੇ ਹਨ (ਅਤੇ) ਕ੍ਰੋੜਾਂ ਅਖਾੜੇ ਤੇ ਤਮਾਸ਼ੇ (ਕੌਤਕ) ਵਿਸਮਾਦ ਰੂਪ (ਬਣੇ ਹੋਏ) ਹਨ। ਕ੍ਰੋੜਾਂ ਸ਼ਿਵ (ਜਿਸ ਦੇ) ਆਗਿਆਕਾਰੀ (ਹੁਕਮ ਮੰਨਣ ਵਾਲੇ) ਹਨ, (ਉਹ ਗੋਵਿੰਦ) ਕ੍ਰੋੜਾਂ ਜੀਆਂ ਨੂੰ (ਜੀਵਨ) ਆਸਰਾ ਦਿੰਦਾ ਹੈ।੪।

**ਕੋਟਿ ਤੀਰਥ, ਜਾ ਕੇ ਚਰਨ ਮਝਾਰ ॥ ਕੋਟਿ, ਪਵਿਤ੍ਰ ਜਪਤ ਨਾਮ ਚਾਰ ॥ ਕੋਟਿ ਪੂਜਾਰੀ, ਕਰਤੇ ਪੂਜਾ ॥ ਕੋਟਿ ਬਿਸਥਾਰਨੁ, ਅਵਰੁ ਨ ਦੂਜਾ ॥੫॥ ਕੋਟਿ ਮਹਿਮਾ ਜਾ ਕੀ ਨਿਮਲ ਹੰਸ ॥ ਕੋਟਿ ਉਸਤਤਿ ਜਾ ਕੀ ਕਰਤ ਬ੍ਰਹਮੰਸ ॥ ਕੋਟਿ ਪਰਲਉ, ਓਪਤਿ ਨਿਮਖ ਮਾਹਿ ॥ ਕੋਟਿ ਗੁਣਾ ਤੇਰੇ, ਗਣੇ ਨ ਜਾਹਿ ॥੬॥ ਕੋਟਿ ਗਿਆਨੀ, ਕਥਹਿ ਗਿਆਨੁ ॥ ਕੋਟਿ ਧਿਆਨੀ, ਧਰਤ ਧਿਆਨੁ ॥ ਕੋਟਿ ਤਪੀਸਰ, ਤਪ ਹੀ ਕਰਤੇ ॥ ਕੋਟਿ ਮੁਨੀਸਰ, ਮੁੋਨਿ ਮਹਿ ਰਹਤੇ ॥੭॥ ਅਵਿਗਤ ਨਾਥੁ, ਅਗੋਚਰ ਸੁਆਮੀ ॥ ਪੂਰਿ ਰਹਿਆ, ਘਟ ਅੰਤਰਜਾਮੀ ॥ ਜਤ ਕਤ ਦੇਖਉ, ਤੇਰਾ ਵਾਸਾ ॥ ਨਾਨਕ ਕਉ, ਗੁਰਿ ਕੀਓ ਪ੍ਰਗਾਸਾ ॥੮॥੩॥੫॥**

### ਉਚਾਰਨ ਸੇਧ

**ਬਿੰਦੀ ਸਹਿਤ :** ਮਹਿਮਾਂ, ਮਾਹਿਂ, ਜਾਹਿਂ, ਕਥਹਿਂ, ਦੇਖਉਂ।

**ਫੁਟਕਲ :** 'ਅਵਿਗਤ' ਦਾ ਉਚਾਰਨ 'ਅ-ਵਿਗਤ' ਕਰਨਾ ਹੈ। 'ਮੁੋਨਿ' ਪਦ ਨੂੰ 'ਮੋਨਿ' ਉਚਾਰਨਾ ਹੈ।

**ਪਦ ਅਰਥ :** ਮਝਾਰ-ਵਿਚ। ਚਾਰੁ-ਸੁੰਦਰ। ਬਿਸਥਾਰ-ਖਿਲਾਰਾ। ਅਵਰੁ-ਹੋਰ।੫। ਨਿਰਮਲ ਹੰਸ-ਪਵਿੱਤਰ ਰੂਹਾਂ। ਕਰਮ-ਕਰਦੇ ਹਨ। ਬ੍ਰਹਮੰਸ-ਬ੍ਰਹਮ ਦੀ ਅੰਸ, ਪੁੱਤਰ (ਸਨਕ,ਸਨੰਦਨ,ਸਨਾਤਨ, ਸਨਤ, ਕੁਮਾਰ)। ਪਰਲਉ-ਨਾਸ਼। ਓਪਤਿ-ਉਤਪਤੀ। ਨਿਮਖ-ਅੱਖ ਝਮਕਣ ਜਿਤਨਾਂ ਸਮਾਂ। ਗਣੇ ਨਾ ਜਾਹਿ-ਗਿਣੇ ਨਹੀਂ ਜਾ ਸਕਦੇ।੬। ਗਿਆਨੀ-ਸਮਾਧੀ ਲਾਉਣ ਵਾਲੇ। ਤਪੀਸਰ-ਵੱਡੇ ਤਪੀ। ਮੁਨੀਸਰ-ਵੱਡੇ ਵੱਡੇ ਮੁਨੀ। ਗਿਆਨੀ-ਗਿਆਨ ਕਮਾਉਣ ਵਾਲੇ। ਕਥਹਿ-ਬਿਆਨ ਕਰਦੇ ਹਨ।੭। ਅਵਿਗਤ-ਅਵਿਅਕਤ, ਅਦ੍ਰਿਸ਼ਟ। ਨਾਥ-ਮਾਲਕ, ਖਸਮ। ਅਗੋਚਰੁ-ਗਿਆਨ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ। ਘਟ-ਸਰੀਰ। ਜਤ ਕਤ-ਜਿੱਥੇ ਕਿੱਥੇ। ਦੇਖਉ-ਮੈਂ ਵੇਖਦਾ ਹਾਂ। ਵਾਸਾ-ਨਿਵਾਸ। ਗੁਰਿ-ਗੁਰੂ ਨੇ। ਪ੍ਰਗਾਸਾ-ਪ੍ਰਗਾਸ, ਆਤਮਿਕ ਚਾਨਣ।੮।

**ਅਰਥ :** (ਹੇ ਭਾਈ !) ਕ੍ਰੋੜਾਂ ਤੀਰਥ ਜਿਸ (ਗੋਵਿੰਦ) ਦੇ ਚਰਨਾ ਵਿਚ (ਵਸ ਰਹੇ ਹਨ) ਕ੍ਰੋੜਾਂ ਜੀਵ (ਉਸ ਦਾ) ਸੋਹਣਾ ਤੇ ਪਵਿਤਰ ਨਾਮ ਜਪਦੇ ਹਨ। ਕ੍ਰੋੜਾਂ ਪੁਜਾਰੀ (ਉਸ ਦੀ) ਪੂਜਾ ਕਰਦੇ ਹਨ (ਅਤੇ ਕ੍ਰੋੜਾਂ ਜੀਆਂ ਦਾ) ਵਿਸਥਾਰ ਕਰਨ ਵਾਲਾ (ਇਕੋ ਹੈ), ਹੋਰ ਕੋਈ ਦੂਜਾ ਨਹੀਂ ਹੈ।੫।

(ਹੇ ਭਾਈ !) ਜਿਸ (ਗੋਵਿੰਦ) ਦੀ ਮਹਿਮਾਂ ਕ੍ਰੋੜਾਂ ਪਵਿਤ੍ਰ ਆਤਮਾਵਾਂ ਕਰਦੀਆਂ ਹਨ, ਜਿਸ ਦੀ

ਵਡਿਆਈ ਕ੍ਰੋੜਾਂ ਬ੍ਰਹਮਾਂ ਦੀ ਅੰਸ਼ (ਭਾਵ ਪੁਤਰ ਸਨਕ, ਸਨੰਦਨ ਆਦਿ) ਕਰਦੇ ਹਨ। (ਹੇ ਪ੍ਰਭੂ ! ਤੂੰ ਇਕ) ਨਿਮਖ ਮਾਤਰ ਵਿਚ ਕ੍ਰੋੜਾਂ (ਕਿਸਮਾਂ ਦੀ) ਉਤਪਤੀ ਤੇ ਪਰਲੋ (ਕਰਨ ਨੂੰ ਸਮਰਥ ਹੈਂ), ਤੇਰੇ ਕ੍ਰੋੜਾਂ ਗੁਣ ਹਨ (ਜੋ ਕਿਸੇ ਤੋਂ ਵੀ) ਗਿਣੇ ਨਹੀਂ ਜਾ ਸਕਦੇ।੬।

(ਹੇ ਭਾਈ !) ਕ੍ਰੋੜਾਂ ਗਿਆਨੀ (ਉਸ ਗੋਵਿੰਦ ਦਾ) ਗਿਆਨ ਕਥਦੇ ਹਨ, ਕ੍ਰੋੜਾਂ ਧਿਆਨਧਾਰੀ (ਉਸ ਦੇ ਚਰਨਾਂ ਦਾ) ਧਿਆਨ ਧਰਦੇ ਹਨ। ਕ੍ਰੋੜਾਂ ਤਪੀਸਰ (ਉਸ ਗੋਵਿੰਦ ਦੀ ਪ੍ਰਾਪਤੀ ਲਈ)ਤਪ ਹੀ ਕਰ ਰਹੇ ਹਨ। ਕ੍ਰੋੜਾਂ ਮੁਨੀ ਜਨ ਮੋਨ ਵਿਚ ਰਹਿ ਕੇ (ਨਾਮ ਜਪਦੇ ਹਨ)।੭।

(ਹੇ ਭਾਈ ! ਉਹ) ਪ੍ਰਭੂ ਅਵਿਅਕਤ, ਅਦ੍ਰਿਸ਼ਟ ਹੈ, ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਹੈ। (ਉਹ) ਸਭ ਦੇ ਦਿਲਾਂ ਦੀ ਜਾਣਨ ਵਾਲਾ (ਹਰ ਥਾਂ) ਵਿਆਪਕ ਹੋ ਰਿਹਾ ਹੈ। (ਹੇ ਪ੍ਰਭੂ !) ਜਿਥੇ ਕਿਥੇ ਮੈਂ ਵੇਖਦਾ ਹਾਂ ਉਥੇ ਤੇਰਾ ਹੀ ਨਿਵਾਸ ਦਿਸਦਾ ਹੈ। ਨਾਨਕ ਨੂੰ ਗੁਰੂ ਨੇ (ਇਹ ਗਿਆਨ ਰੂਪ) ਚਾਨਣ ਬਖਸ਼ਿਆ ਹੈ।੮।੨।੫।

## ਸਾਰੰਸ਼ ਅਤੇ ਸਿਧਾਂਤ

ਸਾਡਾ ਮਾਲਕ ਜਿਸ ਨੇ ਸਾਰੀ ਸ੍ਰਿਸ਼ਟੀ ਨੂੰ ਸਾਜਿਆ, ਕ੍ਰੋੜਾਂ ਬ੍ਰਹਮੇ, ਵਿਸ਼ਨੂੰ, ਸ਼ਿਵ ਜੀ ਆਦਿ ਦੇਵਤੇ ਪੈਦਾ ਕੀਤੇ ਹਨ ਉਹ ਕਿਹੋ ਜਿਹਾ ਹੈ ? ਉਸ ਦੇ ਉਤਰ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ :--

**ਐਸੋ ਧਨੀ ਗੁੋਵਿੰਦੁ ਹਮਾਰਾ ॥ ਬਰਨਿ ਨ ਸਾਕਉ ਗੁਣ ਬਿਸਥਾਰਾ ॥**

ਪਰਮਾਤਮਾ ਦੀ ਮਹਿਮਾਂ ਦਾ ਜੋ ਵਿਸਥਾਰ ਇਸ ਸ਼ਬਦ ਵਿਚ ਦਿਤਾ ਹੈ ਉਹ ਵੀ ਥੋੜਾ ਹੈ। ਕਿਉਂਕਿ ਉਹ ਪ੍ਰਭੂ ਅਗਮ ਅਗੋਚਰ ਹੈ ਅਥਵਾ "ਪੂਰਿ ਰਹਿਆ ਘਟ ਅੰਤਰਜਾਮੀ" ਵੀ ਹੈ। ਜਦੋਂ ਗੁਰੂ ਹਿਰਦੇ ਵਿਚ ਆਤਮਿਕ ਗਿਆਨ ਦਾ ਦੀਵਾ ਬਾਲ ਦਿੰਦਾ ਹੈ ਤਾਂ ਪੱਤਾ ਲਗਦਾ ਹੈ ਕਿ ਜਿੱਥੇ ਕਿਥੇ ਭਾਵ ਹਰ ਥਾਂ ਤੇ ਉਸ ਦਾ ਵਾਸਾ ਹੈ।

ਉਚੀ ਤੋਂ ਉਚੀ ਸੋਚ ਵਾਲੇ ਪੁਰਸ਼ ਪਰਮਾਤਮਾ ਦੀ ਬਾਬਤ ਆਪਣੇ ਵਲੋਂ ਬਹੁਤ ਕੁਝ ਕਹਿੰਦੇ ਹਨ ਪਰ ਉਸ ਦੀ ਮਹਿਮਾ ਅਪਰੰਪਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੧੧੮੧-੮੨ ਉਤੇ ਬਸੰਤ ਰਾਗ ਵਿਚ ਗੁਰੂ ਜੀ ਨੇ 'ਹਉ ਕਛੂ ਨ ਜਾਨਉ ਤੇਰੀ ਸਾਰ' ਵਾਲਾ ਸ਼ਬਦ ਅਤੇ ਹੋਰ ਕਈ ਅਜਿਹੇ ਸ਼ਬਦਾਂ ਰਾਹੀਂ ਪ੍ਰਭੂ ਦੀ ਬੇਅੰਤਤਾ ਨੂੰ ਨਿਰੂਪਣ ਕਰਦੇ ਹੋਏ ਆਪਣੀ ਅਸਮਰਥਾ ਨੂੰ ਪ੍ਰਗਟਾਇਆ ਹੈ।

**ਭੈਰਉ ਮਹਲਾ ੫ ॥ ਸਤਿਗੁਰਿ, ਮੋ ਕਉ ਕੀਨੋ ਦਾਨੁ ॥ ਅਮੋਲ ਰਤਨੁ, ਹਰਿ ਦੀਨੋ ਨਾਮੁ॥ ਸਹਜ ਬਿਨੋਦ ਚੋਜ ਆਨੰਤਾ॥ ਨਾਨਕ ਕਉ ਪ੍ਰਭੁ ਮਿਲਿਓ ਅਚਿੰਤਾ॥੧॥ ਕਹੁ ਨਾਨਕ, ਕੀਰਤਿ ਹਰਿ ਸਾਚੀ॥ ਬਹੁਰਿ ਬਹੁਰਿ, ਤਿਸੁ ਸੰਗਿ ਮਨੁ ਰਾਚੀ॥੧॥ਰਹਾਉ॥ ਅਚਿੰਤ, ਹਮਾਰੈ ਭੋਜਨ ਭਾਉ॥ ਅਚਿੰਤ ਹਮਾਰੈ ਲੀਚੈ ਨਾਉ॥**

**ਅਚਿੰਤ ਹਮਾਰੈ ਸਬਦਿ ਉਧਾਰ॥ ਅਚਿੰਤ ਹਮਾਰੈ ਭਰੇ ਭੰਡਾਰ॥੨॥ ਅਚਿੰਤ ਹਮਾਰੈ ਕਾਰਜ ਪੂਰੇ॥ ਅਚਿੰਤ ਹਮਾਰੈ ਲਥੇ ਵਿਸੂਰੇ॥ ਅਚਿੰਤ ਹਮਾਰੈ ਬੈਰੀ ਮੀਤਾ॥ ਅਚਿੰਤੋ ਹੀ ਇਹੁ ਮਨੁ ਵਸਿ ਕੀਤਾ॥੩॥ ਅਚਿੰਤ ਪ੍ਰਭੂ ਹਮ ਕੀਆ ਦਿਲਾਸਾ॥ ਅਚਿੰਤ ਹਮਾਰੀ ਪੂਰਨ ਆਸਾ॥ ਅਚਿੰਤ ਹਮ੍ਾ ਕਉ ਸਗਲ ਸਿਧਾਂਤੁ॥ ਅਚਿੰਤੁ ਹਮ ਕਉ ਗੁਰਿ ਦੀਨੋ ਮੰਤੁ ॥੪॥**

## ਉਚਾਰਨ ਸੇਧ

**ਬਿੰਦੀ ਸਹਿਤ :** ਮੋਕਉਂ, ਨਾਉਂ ।

**ਫੁਟਕਲ :** 'ਦੀਨੋ' ਦਾ ਉਚਾਰਨ 'ਦੀਨੋਂ' ਕਰਨਾ ਹੈ ।

**ਪਦ ਅਰਥ :** ਸਤਿਗੁਰ-ਸਤਿਗੁਰੂ ਨੇ । ਮੋਕਉ-ਮੈਨੂੰ । ਬਿਨੋਦ-ਅਨੰਦ । ਚੋਜ-ਕੌਤਕ । ਆਨੰਤਾ-ਬੇਅੰਤ । ਅਚਿੰਤਾ-ਅਚਣ ਚੇਤ, ਸਹਜ ਸੁਭਾਵਿਕ, ਸੁਤੇ ਹੀ ਵਾਹਿਗੁਰੂ ।੧। ਕੀਰਤਿ ਹਰਿ-ਹਰੀ ਦੀ ਕੀਰਤੀ, ਸਿਫਤਿ ਸਾਲਾਹ । ਬਹੁਰਿ ਬਹੁਰਿ-ਮੁੜ ਮੁੜ ਕੇ । ਤਿਸੁ ਸੰਗਿ-ਉਸ (ਕੀਰਤੀ) ਨਾਲ । ਮਨੁ ਰਾਚੀ-ਮਨ ਰਚਦਾ ਪਲਚਦਾ।੧।ਰਹਾਉ। ਭਾਉ-ਪਿਆਰ। ਲੀਚੈ ਨਾਉ-ਨਾਮ ਲਈਦਾ, ਜਪੀਦਾ ਹੈ। ਸਬਦਿ-ਸ਼ਬਦ ਰਾਹੀਂ । ਉਧਾਰ-ਪਾਰ ਉਤਾਰਾ । ਭੰਡਾਰ-ਖਜ਼ਾਨੇ ।੨। ਪੂਰੇ-ਭਰੇ ਹੋਏ । ਲਥੇ ਵਿਸੂਰੇ-ਝੋਰੇ ਦੂਰ ਹੋ ਗਏ ਹਨ । ਬੈਰੀ-ਵੈਰੀ, ਦੁਸ਼ਮਨ । ਮੀਤਾ-ਮਿੱਤਰ । ਵਸਿ-ਵਸ (ਕਾਬੂ) ਵਿਚ ਕੀਤਾ ।੩। ਦਿਲਾਸਾ-ਹੌਸਲਾ । ਹਮਾ ਕਉ-ਸਾਨੂੰ । ਸਿਧਾਂਤ-ਨਿਚੋੜ । ਗੁਰਿ-ਗੁਰੂ ਨੇ । ਮੰਤੁ-ਉਪਦੇਸ਼ ।੪।

**ਅਰਥ :** (ਹੇ ਭਾਈ !) ਸਤਿਗੁਰੂ ਨੇ ਮੈਨੂੰ (ਇਕ) ਦਾਨ (ਬਖਸ਼ਸ਼) ਕੀਤਾ ਹੈ (ਉਹ ਦਾਨ) ਹਰੀ ਦਾ ਨਾਮ ਰਤਨ ਹੈ (ਜੋ) ਅਮੋਲਕ ਹੈ (ਭਾਵ ਉਸ ਦਾ ਮੁੱਲ ਕੋਈ ਨਹੀਂ ਪਾ ਸਕਦਾ) । ਨਾਨਕ ਨੂੰ ਸਹਜ ਸੁਭਾਵਿਕ ਪ੍ਰਭੂ ਆ ਮਿਲਿਆ ਹੈ, (ਜਿਸ ਦੀ ਬਰਕਤ ਨਾਲ ਮੇਰੇ ਅੰਦਰ) ਬੇਅੰਤ (ਪ੍ਰਭੂ ਦੇ) ਸਹਜ ਦਾ ਅਨੰਦ ਤੇ ਅਸਚਰਜ ਕੌਤਕ (ਆ ਟਿਕੇ ਹਨ) ।੧।

ਨਾਨਕ! ਆਖ (ਕਿ ਇਕ) ਹਰੀ ਦੀ ਕੀਰਤੀ (ਸਿਫਤਿ ਸਲਾਹ) ਸਦਾ ਕਾਇਮ ਰਹਿਣ ਵਾਲੀ ਹੈ। (ਇਸ ਲਈ) ਮੁੜ ਮੁੜ ਕੇ ਮਨ ਨੂੰ (ਉਸ ਪ੍ਰਭੂ ਦੀ ਸਿਫਤ ਸਾਲਾਹ) ਨਾਲ ਰਚਦਾ ਪਲਚਦਾ ਹੈ।੧।ਰਹਾਉ।

(ਹੇ ਭਾਈ !) ਸੁਤੇ ਹੀ (ਪ੍ਰਭੂ) ਦਾ ਪ੍ਰੇਮ ਹੀ ਮੇਰੇ ਲਈ ਭੋਜਨ ਹੈ । ਅਚਿੰਤ ਹੀ ਮੇਰੇ ਪਾਸੋਂ (ਪਰਮੇਸ਼ਰ ਦਾ) ਨਾਮ ਜਪਿਆ ਜਾਂਦਾ ਹੈ । ਸੁੱਤੇ ਹੀ (ਪ੍ਰਭੂ ਦੇ) ਸ਼ਬਦ ਦੁਆਰਾ ਸਾਡਾ (ਜੀਵਨ) ਉਧਾਰ (ਹੋਂਦਾ ਹੈ)। ਸੁੱਤੇ ਹੀ ਸਾਡੇ ਪਾਸ ਅਚਿੰਤ (ਪ੍ਰਭੂ ਦੇ ਨਾਮ ਰੂਪੀ) ਭੰਡਾਰ ਭਰੇ ਪਏ ਹਨ ।੨।

(ਹਰੀ ਦੀ ਕੀਰਤੀ ਸਦਕਾ) ਸਹਿਜ ਸੁਭਾ ਹੀ ਸਾਡੇ (ਸਾਰੇ) ਕਾਰਜ ਸਫਲ ਹੋ ਰਹੇ ਹਨ । ਸਹਿਜ ਸੁਭਾ ਹੀ ਸਾਡੇ ਚਿੰਤਾ ਝੋਰੇ ਲਹਿ ਗਏ ਹਨ । ਸੁਤੇ ਹੀ ਸਾਡੇ (ਸਾਰੇ) ਵੈਰੀ ਮਿਤਰ (ਬਣ ਗਏ ਹਨ) । ਸੁਤੇ ਹੀ (ਨਾਮ ਜਪ ਕੇ) ਇਹ ਮਨ ਵਸ ਵਿਚ ਕਰ ਲ਼ਿਆ ਹੈ ।੩।

ਸੁੱਤੇ ਹੀ ਪ੍ਰਭੂ ਨੇ ਸਾਨੂੰ ਦਿਲਾਸਾ ਦਿਤਾ ਹੈ (ਅਤੇ) ਸੁਤੇ ਹੀ ਸਾਡੀ (ਦਿਲੀ) ਆਸਾ ਪੂਰੀ ਹੋ ਗਈ ਹੈ। ਸਾਡੇ ਲਈ ਸੁੱਤੇ ਹੀ ਸਾਨੂੰ ਸਾਰਾ (ਜੀਵਨ) ਸਿਧਾਂਤ (ਪ੍ਰਾਪਤ ਹੋ ਗਿਆ ਹੈ) । ਗੁਰੂ ਨੇ ਸਾਨੂੰ (ਸੁੱਤੇ ਹੀ) ਅਚਿੰਤ (ਕਰਨ ਵਾਲਾ ਨਾਮ) ਮੰਤਰ (ਬਖ਼ਸ਼) ਦਿਤਾ ਹੈ ।੪।

**ਅਚਿੰਤ ਹਮਾਰੇ ਬਿਨਸੇ ਬੈਰ ॥ ਅਚਿੰਤ, ਹਮਾਰੇ ਮਿਟੇ ਅੰਧੇਰ ॥ ਅਚਿੰਤੋ ਹੀ ਮਨਿ ਕੀਰਤਨੁ ਮੀਠਾ ॥ ਅਚਿੰਤੋ ਹੀ ਪ੍ਰਭੁ ਘਟਿ ਘਟਿ ਡੀਠਾ ॥੫॥ ਅਚਿੰਤ ਮਿਟਿਓ ਹੈ, ਸਗਲੋ ਭਰਮਾ ॥ ਅਚਿੰਤ ਵਸਿਓ, ਮਨਿ ਸੁਖ ਬਿਸ੍ਰਾਮਾ ॥ ਅਚਿੰਤ ਹਮਾਰੈ ਅਨਹਤ ਵਾਜੈ ॥ ਅਚਿੰਤ ਹਮਾਰੈ ਗੋਬਿੰਦੁ ਗਾਜੈ ॥੬॥ ਅਚਿੰਤ ਹਮਾਰੈ ਮਨੁ ਪਤੀਆਨਾ ॥ ਨਿਹਚਲ ਧਨੀ, ਅਚਿੰਤੁ ਪਛਾਨਾ ॥ ਅਚਿੰਤੋ ਉਪਜਿਓ ਸਗਲ ਬਿਬੇਕਾ ॥ ਅਚਿੰਤ ਚਰੀ ਹਥਿ ਹਰਿ ਹਰਿ ਟੇਕਾ ॥੭॥ ਅਚਿੰਤ ਪ੍ਰਭੂ ਧੁਰਿ ਲਿਖਿਆ ਲੇਖੁ ॥ ਅਚਿੰਤੁ ਮਿਲਿਓ ਪ੍ਰਭੁ ਠਾਕੁਰੁ ਏਕੁ ॥ ਚਿੰਤ ਅਚਿੰਤਾ, ਸਗਲੀ ਗਈ ॥ ਪ੍ਰਭ ਨਾਨਕ ਨਾਨਕ ਨਾਨਕ ਮਈ ॥੮॥੩॥੬॥**

**ਪਦ ਅਰਥ:** ਬਿਨਸੇ-ਨਾਸ਼ ਹੋ ਗਏ। ਬੈਰ-ਵੈਰ ਵਿਰੋਧ। ਅੰਧੇਰ-(ਮਾਇਆ ਮੋਹ ਦੇ ਹਨੇਰੇ)। ਮਨਿ-ਮਨ ਵਿਚ। ਘਟਿ ਘਟਿ-ਹਰੇਕ ਸਰੀਰ ਵਿਚ।੫। ਸਗਲੋ-ਸਾਰਾ। ਬਿਸ੍ਰਾਮਾ-ਟਿਕਾਣਾ। ਅਨਹਤ-ਇਕ ਰਸ। ਵਾਜੈ-ਵੱਜਦਾ ਹੈ। ਗਾਜੈ-ਗਜਦਾ ਹੈ।੬। ਪਤੀਆਨਾ-ਪਤੀਜ ਗਿਆ । ਨਿਹਚਲ ਧਨੀ-ਸਦਾ ਕਾਇਮ ਰਹਿਣ ਵਾਲਾ ਮਾਲਕ। ਪਛਾਨਾ-ਪਛਾਣ ਲਿਆ ਹੈ। ਬਿਬੇਕਾ-ਚੰਗੇ ਮੰਦੇ ਕੰਮਾਂ ਦੀ ਪਰਖ। ਚਰੀ-ਚੜ੍ਹੀ ਹੈ। ਹਥਿ-ਹਥ ਵਿਚ । ਟੇਕਾ-ਆਸਰਾ ।੭। ਧੁਰਿ-ਧੁਰ (ਦਰਗਾਹ) ਤੋਂ । ਸਗਲੀ-ਸਾਰੀ । ਮਈ-ਰੂਪ ।੮।

**ਅਰਥ :** (ਨਾਮ ਦੀ ਕੀਰਤੀ ਸਦਕਾ) ਸੁਤੇ ਸਿਧ ਹੀ ਸਾਡੇ (ਸਾਰੇ) ਵੈਰੀ ਨਾਸ਼ ਹੋ ਗਏ ਹਨ (ਅਤੇ) ਸੁਤੇ ਸਿਧ ਹੀ ਸਾਡੇ (ਅਗਿਆਨਤਾ ਰੂਪੀ) ਹਨੇਰੇ ਦੂਰ ਹੋ ਗਏ ਹਨ । ਸੁਤੇ ਸਿਧ ਹੀ (ਮੇਰੇ) ਮਨ ਵਿਚ (ਹਰੀ ਦਾ) ਕੀਰਤਨ ਮਿੱਠਾ ਲਗਣ ਲਗ ਗਿਆ ਹੈ । ਸੁਤੇ ਸਿਧ ਹੀ (ਮੈਂ) ਪ੍ਰਭੂ ਨੂੰ ਹਰੇਕ ਹਿਰਦੇ ਵਿਚ (ਵਸਦਾ) ਵੇਖਿਆ ਹੈ ।੫।

(ਹੇ ਭਾਈ !) ਸੁਤੇ ਸਿਧ ਹੀ ਸਾਰਾ ਭਰਮ ਦੂਰ ਹੋ ਗਿਆ ਹੈ । ਸੁਤੇ ਸਿਧ ਹੀ ਮਨ ਵਿਚ ਸੁਖ ਦਾ ਟਿਕਾਣਾ (ਪ੍ਰਭੂ) ਆ ਵਸਿਆ ਹੈ । ਸੁਤੇ ਸਿਧ ਹੀ ਸਾਡੇ (ਹਿਰਦੇ ਅੰਦਰ) ਅਨਹਦ (ਸ਼ਬਦ ਦੇ) ਵਾਜੇ ਵੱਜਣ ਲਗ ਪਏ ਹਨ । ਸੁਤੇ ਸਿਧ ਹੀ, ਮੇਰੇ ਅੰਦਰ ਗੋਬਿੰਦ ਗਜਣ ਲੱਗ ਪਿਆ ਹੈ।੬।

(ਹੇ ਭਾਈ !) ਸਹਿਜ ਸੁਭਾ ਹੀ (ਮੇਰਾ) ਮਨ ਪਤੀਜ ਗਿਆ (ਅਤੇ ਉਸਨੇ) ਨਿਹਚਲ ਧਨੀ ਪਰਮਾਤਮਾ ਨੂੰ ਪਛਾਣ ਲਿਆ । ਸੁਤੇ ਸਿਧ ਹੀ (ਮੇਰੇ ਅੰਦਰ) ਹਰ ਪ੍ਰਕਾਰ ਦਾ ਗਿਆਨ ਪੈਦਾ ਹੋਇਆ (ਅਤੇ) ਸੁਤੇ ਸਿਧ ਹੀ (ਹਰੀ ਨਾਮ ਦੀ) ਟੇਕ ਹਥ ਲਗ ਗਈ ।੭।

(ਹੇ ਭਾਈ !) ਅਚਿੰਤ ਪ੍ਰਭੂ ਨੇ ਧੁਰ ਤੋਂ (ਮੱਥੇ ਤੇ ਜੋ) ਲੇਖ ਲਿਖਿਆ ਹੋਇਆ ਸੀ ਉਸ ਦੇ ਫਲ ਸਰੂਪ ਸੁਤੇ ਸਿਧ ਹੀ ਮੈਨੂੰ ਇਕੁ ਪ੍ਰਭੂ ਮਾਲਕ ਮਿਲ ਪਿਆ ਹੈ । (ਹੇ ਭਾਈ ! ਹੁਣ) ਚਿੰਤਾ ਤੇ ਅਚਿੰਤਾ

(ਫ਼ਿਕਰ ਤੇ ਬੇਫ਼ਿਕਰੀ) ਸਭ ਦੂਰ ਹੋ ਗਈ ਹੈ (ਭਾਵ ਦੋਹਾਂ ਹਾਲਤਾਂ ਦਾ ਅਭਾਵ ਹੋ ਗਿਆ ਹੈ)। ਪ੍ਰਭੂ, ਨਾਨਕ ਦਾ (ਰੂਪ), ਨਾਨਕ ਪ੍ਰਭੂ ਦਾ, 'ਨਾਨਕ ਮਈ' ਭਾਵ ਨਾਨਕ (ਇਕ ਪਰਮਾਤਮਾ ਵਿਚ) ਤਦ ਰੂਪ ਹੋਇਆ (ਅਨੁਭਵ ਹੋ ਰਿਹਾ ਹੈ) ।੪।੩।੬।

## ਅਰਥ ਭੇਦ ਅਤੇ ਨਿਰਣੈ

**ੳ- ਨਾਨਕ ਕਉ ਪ੍ਰਭੁ ਮਿਲਿਓ ਅਚਿੰਤਾ ॥**

**ਅ- ਅਚਿੰਤੋ ਹੀ ਪ੍ਰਭੁ ਘਟਿ ਘਟਿ ਡੀਠਾ ॥**

ਵਖ ਵਖ ਅਰਥ:

(ੳ) ੧. ਅਚਿੰਤਾ ਪਦ ਕਾ ਅਰਥੁ ਅਕਸ ਮਾਤ੍ਰ ਅਰਥਾਤ ਸੁਤੇ ਸਿਧ ਹਮ ਕਉ ਪ੍ਰਮੇਸ੍ਵਰੁ ਮਿਲਦਾ ਹੈ। [ਫ.ਸ.

੨. ਅਚਨ ਚੇਤ, ਸਾਡੇ ਵਲੋਂ ਜਿਸਦਾ ਖ਼ਿਆਲ ਵੀ ਨਾ ਸੀ। [ਸ਼ਬਦਾਰਥ

੩. ਅਚਿੰਤ ਪ੍ਰਭੂ ਮੇਰੇ ਮਨ ਵਿਚ ਆ ਵੱਸਿਆ ਹੈ। [ਦਰਪਣ

(ਅ) ੧. ਅਕਸ ਮਾਤ੍ਰ ਤੇ ਹੀ ਘਟੋਂ ਘਟੋਂ ਮੈਂ ਪ੍ਰਭੂ ਕੋ ਦੇਖਾ ਹੈ। [ਫ.ਸ.

੨. ਅਚਾਨਕ (ਆਪ) ਹੀ ਪ੍ਰਭੂ ਨੂੰ ਘਟ ਘਟ ਵਿਚ ਵਿਆਪਕ ਦੇਖਿਆ ਹੈ। [ਸੰ.ਸ.

੩. ਚਿੰਤਾ ਦੂਰ ਕਰਨ ਵਾਲਾ ਨਾਮ ਜਪ ਕੇ ਉਸ ਪ੍ਰਮਾਤਮਾ ਨੂੰ ਮੈਂ ਹਰੇਕ ਹਿਰਦੇ ਵਿਚ ਵਸਦਾ ਵੇਖ ਲਿਆ ਹੈ। [ਦਰਪਣ

**ਨਿਰਣੈ:** ੳ) ਵਿਚ 'ਅਚਿੰਤ' ਪਦ ਦੇ ਅਰਥ 'ਪ੍ਰਭੂ' ਨਹੀਂ, ਅਚਨ ਚੇਤ, ਅਚਾਨਕ, ਸੁੱਤੇ ਸਿਧ ਹੀ' ਜੋ ਅਰਥ ਪ੍ਰਚਲਤ ਹਨ, ਠੀਕ ਹਨ। ਇਸੇ ਤਰ੍ਹਾਂ 'ਅ' ਵਿਚ 'ਅਚਿੰਤੋ' ਪਦ ਦੇ ਅਰਥ ਵੀ ਚਿੰਤਾ ਦੂਰ ਕਰਨ ਵਾਲਾ' ਨਹੀਂ ਜਿਵੇਂ ਕਿ ਨੰਬਰ ੩ ਦੇ ਅਗੇ ਅੰਕਿਤ ਹੈ।

ਸਿਵਾਏ 'ਦਰਪਣ' ਦੇ ਸਮੂਹ ਟੀਕਾਕਾਰਾਂ ਦੇ ਅਰਥਾਂ ਵਿਚ ਏਕਤਾ ਹੈ। 'ਅਚਿੰਤ' ਦੇ ਅਰਥ ਚਿੰਤਾ ਦੂਰ ਕਰਨ ਵਾਲਾ ਪ੍ਰਭੂ ਨਹੀਂ, ਸੁਭਾਵਿਕ ਹੀ ਠੀਕ ਹਨ। ਗੁਰਬਾਣੀ ਵਿਚ 'ਅਚਿੰਤ' ਪਦ ਕੇਵਲ ਇਸ ਸ਼ਬਦ ਵਿਚ ਹੀ ਨਹੀਂ, ਕਈ ਸ਼ਬਦਾਂ ਵਿੱਚ ਵਰਤਿਆ ਹੋਇਆ ਮਿਲਦਾ ਹੈ। ਜਿਵੇਂ:-

**੧. ਅਚਿੰਤ ਨਾਮੁ ਵਸਿਆ ਮਨਿ ਆਈ ॥** [ਪੰਨਾ ੭੯੪

**੨. ਅਚਿੰਤ ਦਾਨੁ ਦੇਇ ਪ੍ਰਭੁ ਮੇਰਾ, ਵਿਚਿ ਪਾਥਰ ਕੀਟ ਪਖਾਣੀ ਹੇ॥** [ਪੰਨਾ ੧੦੨੦

**੩. ਅਚਿੰਤ ਸੋਇ ਜਾਗਨੁ ਉਠਿ ਬੈਸਨੁ, ਅਚਿੰਤ ਹਸਤ ਬੈਰਾਗੀ॥** [ਪੰਨਾ ੧੨੦੧

ਸੋ, 'ਅਚਿੰਤ' ਤੇ 'ਅਚਿੰਤੋ' ਪਦ ਦੇ ਅਰਥ ਚਿੰਤਾ ਤੋਂ ਬਿਨਾ, ਨਿਰਯਤਨ, ਅਚਾਨਕ, ਸੁਤੇ ਸਿਧ ਹੀ ਜਿਵੇਂ ਪ੍ਰਚਲਤ ਹਨ, ਠੀਕ ਮੰਨਣੇ ਚਾਹੀਦੇ ਹਨ।

## ਸਾਰੰਸ਼ ਅਤੇ ਸਿਧਾਂਤ

ਨਾਮ ਆਪਣੇ ਜਤਨ, ਤਪ, ਜਾਂ ਸਾਧਨਾ ਕੀਤਿਆਂ ਨਹੀਂ ਮਿਲਦਾ। ਇਹ ਤਾਂ ਸਤਿਗੁਰੂ ਦੀ ਮੌਜ

ਹੈ, ਜਿਸ ਉਤੇ ਤੁਠ ਪੈਣ, ਨਾਮ ਨਾਲ ਉਸ ਦੀ ਝੋਲੀ ਭਰ ਦੇਣ:-

**ਜਗਤ ਉਧਾਰਣੁ ਨਾਮੁ ਸਤਿਗੁਰ ਤੁਠੈ ਪਾਇਅਉ॥**

**ਅਬ ਨਾਹਿ ਅਵਰ ਸਰਿ ਕਾਮੁ, ਬਾਰੰਤਰ ਪੂਰੀ ਪੜੀ॥** [ਪੰਨਾ ੧੪੦੯

ਗੁਰਬਾਣੀ ਵਿਚ 'ਸਹਜੇ ਹੋਆ ਸਾਧੂ ਸੰਗੁ' (ਪੰਨਾ ੨੩੬) ਸਹਜੇ ਹੋਇ ਮਿਲਾਵੜਾ... (ਪੰਨਾ ੫੮) ਆਦਿ ਕਈ ਪਾਵਨ ਪੰਕਤੀਆਂ ਹਨ ਜਿਨ੍ਹਾਂ ਦਾ ਗੁਣ 'ਅਚਿੰਤ' ਤੇ 'ਅਚਿੰਤੋ' ਨਾਲ ਮੇਲ ਖਾਂਦਾ ਹੈ।

ਪਰਮਾਤਮਾ ਦੀ ਸਿਫਤਿ ਸਾਲਾਹ ਜੋ ਸੱਚੀ ਹੈ, ਰਸੀਆ ਮਨ ਮੁੜ ਮੁੜ ਉਸ ਕੀਰਤੀ ਨਾਲ ਜੁੜਦਾ ਹੈ। ਇਹ ਸ਼ਬਦ 'ਸਹਜ-ਅਵਸਥਾ' ਨੂੰ ਹੀ ਨਿਰੂਪਣ ਕਰਦਾ ਹੈ ਜਿਸ ਵਿਚ ਸਾਰੇ ਕਾਰਜ ਸੁਤੇ ਸਿਧ ਹੁੰਦੇ ਹਨ। ਇਸ ਅਵਸਥਾ ਵਿਚ ਹਰਖ ਤੇ ਸੋਗ ਜਾਂ ਚਿੰਤ ਤੇ ਅਚਿੰਤਾ ਵਾਲੀ ਕੋਈ ਗੱਲ ਨਹੀਂ ਰਹਿੰਦੀ। ਇਸ ਲਈ ਅੰਤਲੀ ਪੰਕਤੀ ਵਿਚ ਸਾਰੇ ਸ਼ਬਦ ਦਾ ਸਿਧਾਂਤ ਰੂਪਮਾਨ ਕਰ ਦਿੱਤਾ ਹੈ:-

**ਚਿੰਤ ਅਚਿੰਤਾ ਸਗਲੀ** ਗਈ ॥ **ਪ੍ਰਭ ਨਾਨਕ ਨਾਨਕ ਨਾਨਕ ਮਈ॥**

ਪੰਚਮ ਗੁਰਦੇਵ ਫੁਰਮਾਉਂਦੇ ਹਨ ਕਿ ਚਿੰਤਾ ਤੇ ਅਚਿੰਤਾ ਦੋਹਾਂ ਪੱਖਾਂ ਦਾ ਅਭਾਵ ਹੋ ਗਿਆ ਹੈ। ਹੁਣ ਤਾਂ ਪ੍ਰਭੂ ਨਾਨਕ ਦਾ ਰੂਪ ਅਤੇ ਨਾਨਕ ਪ੍ਰਭੂ ਦਾ ਰੂਪ ਦਿਸਦਾ ਹੈ, ਇਹ ਸਿਰੇ ਦੀ ਇਕ-ਸੁਰਤਾ ਹੈ। ਜਦੋਂ ਜਗਿਆਸੂ ਦੇ ਹਿਰਦੇ ਵਿਚ "ਰਾਖਾ ਏਕੁ ਹਮਾਰਾ ਸੁਆਮੀ॥ ਸਗਲ ਘਟਾ ਕੇ ਅੰਤਰਜਾਮੀ॥" ਅਨੁਸਾਰ ਦ੍ਰਿੜ ਵਿਸ਼ਵਾਸ਼ ਹੋ ਜਾਂਦਾ ਹੈ, ਓਦੋਂ ਜੀਵ ਚਿੰਤਾ ਤੋਂ ਰਹਿਤ ਹੋ ਜਾਂਦਾ ਹੈ। ਫਿਰ ਇਸ ਦੇ ਸਾਰੇ ਕਾਰਜ ਸੁਤੇ ਹੀ ਨੇਪਰੇ ਚੜ੍ਹ ਜਾਂਦੇ ਹਨ। ਜਗਿਆਸੂ ਨੂੰ 'ਗੁਰੁ ਮੇਰੈ ਸੰਗਿ ਸਦਾ ਹੈ ਨਾਲੇ' ਦਾ ਨਿਰੰਤਰ ਅਭਿਆਸ ਪਕਾਉਣਾ ਚਾਹੀਦਾ ਹੈ।

## ਭੈਰਉ ਬਾਣੀ ਭਗਤਾ ਕੀ ॥ ਕਬੀਰ ਜੀਉ ਘਰੁ ੧

**੧ੴ ਸਤਿਗੁਰ ਪ੍ਰਸਾਦਿ ॥ ਇਹੁ ਧਨੁ ਮੇਰੇ, ਹਰਿ ਕੋ ਨਾਉ ॥ ਗਾਂਠਿ ਨ ਬਾਧਉ, ਬੇਚਿ ਨ ਖਾਉ ॥ਰਹਾਉ॥ ਨਾਉ ਮੇਰੇ ਖੇਤੀ, ਨਾਉ ਮੇਰੇ ਬਾਰੀ ॥ ਭਗਤਿ ਕਰਉ ਜਨੁ ਸਰਨਿ ਤੁਮ੍ਹਾਰੀ ॥੧॥ ਨਾਉ ਮੇਰੇ ਮਾਇਆ, ਨਾਉ ਮੇਰੇ ਪੂੰਜੀ ॥ ਤੁਮਹਿ ਛੋਡਿ ਜਾਨਉ ਨਹੀ ਦੂਜੀ ॥੨॥ ਨਾਉ ਮੇਰੇ ਬੰਧਿਪ, ਨਾਉ ਮੇਰੇ ਭਾਈ ॥ ਨਾਉ ਮੇਰੇ ਸੰਗਿ, ਅੰਤਿ ਹੋਇ ਸਖਾਈ ॥੩॥ ਮਾਇਆ ਮਹਿ, ਜਿਸੁ ਰਖੈ ਉਦਾਸੁ ॥ ਕਹਿ ਕਬੀਰ, ਹਉ ਤਾ ਕੋ ਦਾਸੁ ॥੪॥੧॥**

### ਉਚਾਰਨ ਸੇਧ

**ਬਿੰਦੀ ਸਹਿਤ :** ਨਾਉਂ, ਬਾਂਧਉਂ, ਖਾਉਂ, ਕਰਉਂ, ਤੁਮਹਿੰ, ਜਾਨਉਂ, ਮਹਿੰ, ਹਉਂ।

**ਪਦ ਅਰਥ :** ਮੇਰੇ-ਮੇਰੇ (ਪਾਸ)। ਨਾਉ-(ਪਰਮਾਤਮਾ ਦਾ)ਨਾਮ। ਗਾਂਠਿ-ਗੰਢ ਨਾਲ। ਨ ਬਾਧਉ-ਨਹੀਂ ਬੰਨ੍ਹਦਾ। ਬੇਚਿ-ਵੇਚ ਕੇ। ਨ ਖਾਉ-ਨਹੀਂ ਖਾਂਦਾ। ਬਾਰੀ-ਵਾੜੀ, ਬਗੀਚੀ। ਭਗਤਿ ਕਰਉ-ਮੈਂ ਭਗਤੀ ਕਰਦਾ ਹਾਂ।੧। ਪੂੰਜੀ-ਰਾਸ਼ੀ। ਤੁਮਹਿ ਛੋਡਿ-ਤੈਨੂੰ ਛਡ ਕੇ। ਜਾਨਉ ਨਹੀ-ਮੈਂ ਨਹੀਂ ਜਾਣਦਾ ਹਾਂ

ਦੂਜੀ-(ਕੋਈ ਹੋਰ)ਦੂਜੀ(ਵਸਤੂ)।੨। ਬੰਧਿਪ-ਰਿਸ਼ਤੇਦਾਰ, ਸਾਕ-ਸਬੰਧੀ। ਭਾਈ-ਭਰਾ, ਵੀਰ। ਸੰਗਿ-ਨਾਲ। ਅੰਤਿ-ਅੰਤ ਸਮੇਂ। ਸਖਾਈ-ਸਹਾਈ, ਮਦਦਗਾਰ।੩। ਉਦਾਸੁ-ਨਿਰਲੇਪ। ਹਉ-ਮੈਂ। ਤਾ ਕੋ-ਉਸ ਦਾ।੪।

**ਅਰਥ** : (ਹੇ ਭਾਈ !) ਮੇਰੇ ਪਾਸ ਇਹ ਹਰੀ ਦਾ ਨਾਮ ਹੀ (ਸੱਚਾ) ਧਨ ਹੈ (ਜੋ ਮੇਰੀਆਂ ਸਭ ਲੋੜਾਂ ਪੂਰੀਆਂ ਕਰਦਾ ਹੈ) । (ਮੈਂ ਇਸ ਧਨ ਨੂੰ) ਗੰਢ ਨਾਲ ਨਹੀਂ ਬੰਨ੍ਹਦਾ (ਨਾ ਜੇਬ ਵਿਚ ਲੁਕਾ ਕੇ ਰਖਦਾ ਹਾਂ ਅਤੇ) ਨਾ (ਇਸ ਨੂੰ) ਵੇਚ ਕੇ ਖਾਂਦਾ ਹਾਂ ।੧। ਰਹਾਉ ।

(ਹੇ ਭਾਈ ! ਜਿਵੇਂ ਕਿਰਸਾਨ ਦੀ ਉਪਜੀਵਕਾ ਦਾ ਸਾਧਨ) ਖੇਤੀ ਹੈ (ਅਤੇ ਮਾਲੀ ਲਈ) ਬਗੀਚੀ ਹੈ (ਇਸੇ ਤਰ੍ਹਾਂ) ਮੇਰੇ ਲਈ ਖੇਤੀ ਤੇ ਵਾੜੀ (ਬਗੀਚੀ) ਨਾਮ ਹੀ ਹੈ । (ਹੇ ਪ੍ਰਭੂ ! ਮੈਂ ਤੇਰਾ) ਜਨ (ਤੇਰੀ) ਸ਼ਰਨ ਵਿਚ (ਰਹਿ ਕੇ ਤੇਰੀ) ਭਗਤੀ ਕਰਦਾ ਹਾਂ ।੧।

(ਹੇ ਪ੍ਰਭੂ !) ਮੇਰੇ ਲਈ (ਤੇਰਾ) ਨਾਮ ਹੀ ਮਾਇਆ ਹੈ, (ਅਤੇ ਤੇਰਾ) ਨਾਮ ਹੀ ਵਪਾਰ ਕਰਨ ਲਈ (ਮੂੜੀ) ਪੂੰਜੀ ਹੈ । (ਹੇ ਪ੍ਰਭੂ ! ਮੈਂ) ਤੈਨੂੰ ਛਡ ਕੇ ਹੋਰ (ਕੋਈ) ਦੂਜੀ ਪੂੰਜੀ ਨਹੀਂ ਜਾਣਦਾ ।੨।

(ਹੇ ਭਾਈ ! ਪ੍ਰਭੂ ਦਾ) ਨਾਮ ਹੀ ਮੇਰੇ ਲਈ ਰਿਸ਼ਤੇਦਾਰ (ਸਾਕ ਸਬੰਧੀ) ਹੈ, ਨਾਮ ਹੀ ਮੇਰਾ ਭਾਈ (ਭਰਾ) ਹੈ । ਨਾਮ ਹੀ ਮੇਰੇ ਨਾਲ ਅੰਤ ਸਮੇਂ ਸਹਾਇਤਾ ਕਰਨ ਵਾਲਾ (ਮਦਦਗਾਰ) ਹੋਵੇਗਾ ।੩।

ਕਬੀਰ ਜੀ ਆਖਦੇ ਹਨ ਕਿ ਜਿਸ (ਮਨੁੱਖ) ਨੂੰ (ਪਰਮੇਸ਼ਰ) ਮਾਇਆ ਵਿਚ (ਵਿਚਰਦਿਆਂ) ਨਿਰਲੇਪ ਰਖਦਾ ਹੈ, ਮੈਂ ਉਸ (ਮਨੁੱਖ) ਦਾ ਦਾਸ ਹਾਂ ।੪।੧।

## ਸਾਰਿੰਸ਼ ਅਤੇ ਸਿਧਾਂਤ

ਕਈ ਲੋਕ ਇਹ ਸਮਝਦੇ ਹਨ ਕਿ ਭਗਤ ਕਬੀਰ ਜੁਲਾਹਾ ਹੋਣ ਕਰਕੇ ਗ਼ਰੀਬ ਹੈ, ਇਸ ਪਾਸ ਧਨ ਦੌਲਤ ਨਹੀ ਹੈ । ਇਸ ਭਾਵ ਨੂੰ ਮੁਖ ਰਖਦੇ ਹੋਏ ਆਪ ਫੁਰਮਾਉਂਦੇ ਹਨ ਮੈਂ ਕੰਗਾਲ ਨਹੀਂ ਮੇਰੇ ਪਾਸ ਹਰੀ ਦਾ ਬੇਅੰਤ ਨਾਮ ਧਨ ਹੈ । ਮੈਂ ਸ਼ੂਮ ਨਹੀ? ਇਸ ਧਨ ਨੂੰ ਮੈਂ ਆਪਣੀ ਗੰਢ ਨਾਲ ਬੰਨ੍ਹ ਕੇ ਨਹੀਂ ਰਖਦਾ, ਮੈਂ ਆਪਣੇ ਹਿਰਦੇ ਵਿਚ ਟਿਕਾ ਕੇ ਰਖਦਾ ਹਾਂ, ਇਸ ਸੱਚੇ ਧਨ ਨੂੰ ਮੈਂ ਲੋਕਾਂ ਵਿਚ ਵੰਡਦਾ ਹਾਂ । ਵੇਚਣ ਦਾ ਸੰਕਲਪ ਨਹੀਂ ਰਖਦਾ ਜਿਵੇਂ ਕਿ ਪੰਡਿਤ ਲੋਕ ਕਥਾ ਸੁਣਾ ਕੇ ਮਾਇਆ ਦਾ ਵਪਾਰ ਕਰਦੇ ਹਨ । ਭਗਤ ਜੀ ਨੇ ਇਕ ਥਾਂ ਲਿਖਿਆ ਹੈ :–

**ਪੰਡਤ ਲੋਗਹ ਕਉ ਬਿਉਹਾਰ ॥ ਗਿਆਨਵੰਤ ਕਉ ਤਤੁ ਬੀਚਾਰ ॥** [ਪੰਨਾ ੩੪੩

ਜਿਥੋਂ ਤਕ ਨਾਮ ਧਨ ਵੰਡਣ ਦੀ ਗਲ ਹੈ, ਆਪ ਜੀ ਦੇ ਰਚਿਤ ਸਲੋਕਾਂ ਤੋਂ ਇਉਂ ਸੇਧ ਮਿਲਦੀ ਹੈ ਕਿ ਜਦੋਂ ਤਕ ਕੋਈ ਨਾਮ ਦਾ ਅਧਿਕਾਰੀ ਨਾ ਮਿਲੇ, ਇਹ ਸੌਦਾ ਦਿਤਾ ਨਹੀਂ ਜਾ ਸਕਦਾ :

**ਕਬੀਰ, ਰਾਮਰਤਨੁ ਮੁਖੁ ਕੋਥਰੀ, ਪਾਰਖ ਆਗੈ ਖੋਲਿ ॥**
**ਕੋਈ ਆਇ ਮਿਲੈਗੋ ਗਾਹਕੀ, ਲੇਗੋ ਮਹਗੇ ਮੋਲਿ ॥੨੨੫॥** [ਪੰਨਾ ੧੩੭੬

ਕਬੀਰ ਜੀ ਕਹਿੰਦੇ ਹਨ ਕਿ ਮੇਰੇ ਪਾਸ ਪਰਮੇਸ਼ਰ ਦਾ ਨਾਮ ਹੀ ਕ੍ਰਿਸਾਣੀ, ਖੇਤੀ-ਬਾੜੀ, ਅਥਵਾ ਪੂੰਜੀ ਹੈ ਜੋ ਉਪਜੀਵਕਾ ਦਾ ਸਾਧਨ ਹੀ ਨਹੀਂ ਹਰ ਪ੍ਰਕਾਰ ਸਹਇਤਾ ਕਰਨ ਵਾਲਾ ਵੀ ਹੈ । ਮੇਰੇ ਰਿਸ਼ਤੇਦਾਰ, ਪਰਵਾਰ ਸਭ ਕੁਝ ਨਾਮ ਹੀ ਨਾਮ ਹੈ ਕਿਉਂਕਿ ਅੰਤ ਸਮੇਂ ਨਾਮ ਹੀ ਹਰ ਥਾਂ ਸਖਾਈ ਹੈ । ਅੰਤ ਵਿਚ

ਸਿਧਾਂਤਕ ਗਲ ਇਹ ਆਖੀ ਹੈ ਕਿ ਜਿਹੜੇ ਪਰਮਾਤਮਾ ਦੇ ਦਾਸ ਹਨ, ਜੋ ਨਾਮ ਨੂੰ ਹੀ ਵੱਡਾ ਧਨ ਸਮਝਦੇ ਹਨ ਅਤੇ ਮਾਇਆ ਵਿਚ ਵਿਚਰਦਿਆਂ ਹੋਇਆਂ ਵੀ ਮਾਇਆ ਤੋਂ ਨਿਰਲੇਪ ਰਹਿੰਦੇ ਹਨ, ਮੈਂ ਉਨ੍ਹਾਂ ਦਾ ਦਾਸ ਹਾਂ।

**ਨਾਂਗੇ ਆਵਨੁ, ਨਾਂਗੇ ਜਾਨਾ ॥ ਕੋਇ ਨ ਰਹਿ ਹੈ ਰਾਜਾ ਰਾਨਾ ॥੧॥ ਰਾਮੁ ਰਾਜਾ ਨਉਨਿਧਿ ਮੇਰੈ ॥ ਸੰਪੈ ਹੇਤੁ ਕਲਤੁ ਧਨੁ ਤੇਰੈ ॥੧॥ ਰਹਾਉ ॥ ਆਵਤ ਸੰਗ ਨ ਜਾਤ ਸੰਗਾਤੀ ॥ ਕਹਾ ਭਇਓ, ਦਰਿ ਬਾਂਧੇ ਹਾਥੀ ॥੨॥ ਲੰਕਾ ਗਢੁ ਸੋਨੇ ਕਾ ਭਇਆ ॥ ਮੂਰਖੁ ਰਾਵਨੁ, ਕਿਆ ਲੇ ਗਇਆ ॥੩॥ ਕਹਿ ਕਬੀਰ, ਕਿਛੁ ਗੁਨੁ ਬੀਚਾਰਿ ॥ ਚਲੇ ਜੁਆਰੀ ਦੁਇ ਹਥ ਝਾਰਿ ॥੪॥੨॥**

**ਪਦ ਅਰਥ:** ਨ ਰਹਿ ਹੈ-ਰਹਿੰਦਾ, ਠਹਿਰਦਾ ਨਹੀਂ ਹੈ। ਰਾਨਾ-ਛੋਟੇ ਪਰਗਣੇ ਦਾ ਵਾਰਸ।੧। ਰਾਮੁ ਰਾਜਾ-(ਸਾਰੇ ਜਗਤ ਦਾ) ਰਾਜਾ, ਵਿਆਪਕ ਪ੍ਰਭੂ। ਨਉਨਿਧਿ-ਨੌਂ ਖਜ਼ਾਨੇ। ਮੇਰੈ-ਮੇਰੇ ਲਈ। ਸੰਪੈ ਹੇਤ-ਸੰਪਤੀ, ਐਸ਼ਵਰਜ਼ ਦਾ ਮੋਹ। ਕਲਤੁ-ਇਸਤ੍ਰੀ। ਤੇਰੈ-ਤੇਰੇ ਲਈ।੧ਰਹਾਉ। ਸੰਗ-ਨਾਲ। ਸੰਗਾਤੀ-ਸੰਗ, ਨਾਲ। ਕਹਾ ਭਇਓ- ਕੀ ਹੋਇਆ?। ਦਰਿ-ਦਰ ਉਤੇ,ਬੂਹੇ ਤੇ।੨। ਗਢੁ-ਕਿਲ੍ਹਾ ਭਇਆ-ਹੋਇਆ। ਮੂਰਖੁ ਰਾਵਨੁ-(ਇਸ ਬਾਰੇ ਪੜ੍ਹੋ ਅਗੇ ਸ਼ਾਰੰਸ਼ ਅਤੇ ਸਿਧਾਂਤ)।੩। ਹਥ ਝਾਰਿ- ਦੋਵੇਂ ਹਥ ਝਾੜ ਕੇ, ਭਾਵ ਖ਼ਾਲੀ ਹਥ।੪।

**ਅਰਥ** : (ਹੇ ਭਾਈ ! ਹਰੇਕ ਜੀਵ ਇਸ ਜਗਤ ਵਿਚ) ਨੰਗਾ ਹੀ ਆਉਂਦਾ ਹੈ (ਅਤੇ ਮਰਨ ਸਮੇਂ) ਨੰਗਾ ਹੀ ਜਾਂਦਾ ਹੈ। (ਚਾਹੇ ਕੋਈ ਵਡੇ ਦੇਸ ਦਾ) ਰਾਜਾ ਹੋਵੇ (ਭਾਵੇਂ ਕੋਈ ਛੋਟੇ ਦੇਸ਼ ਦਾ ਵਾਰਸ) ਰਾਣਾ ਹੋਵੇ, (ਇਸ ਸੰਸਾਰ ਵਿਚ) ਕੋਈ ਵੀ (ਸਦਾ ਲਈ ਜੀਉਂਦਾ) ਨਹੀਂ ਰਹਿੰਦਾ।੧।

(ਹੇ ਭਾਈ !) ਵਿਆਪਕ ਰਾਜਾ ਰਾਮ ਦਾ (ਸੱਚਾ) ਨਾਮ (ਜੋ) ਨੌਂ-ਨਿਧਾਂ (ਨਾਲੋਂ ਵੀ ਕੀਮਤੀ ਹੈ, ਓਹ) ਮੇਰੇ ਪਾਸ ਹੈ। (ਪਰ ਹੇ ਰਾਜਨ !) ਤੇਰੇ ਪਾਸ ਸੰਪਤੀ ਐਸ਼ਵਰਜ਼ ਦਾ ਮੋਹ, ਇਸਤ੍ਰੀ, ਧਨ (ਆਦਿ ਹੈ ਜਿਸ ਨੂੰ ਤੂੰ ਆਪਣੇ ਜੀਵਨ ਦਾ ਸਹਾਰਾ ਸਮਝਦਾ ਹੈਂ)।੧। ਰਹਾਉ।

(ਹੇ ਭਾਈ ! ਐਸ਼ਵਰਜ ਤੇ ਹੋਰ ਧਨ ਕਿਸੇ ਦੇ) ਨਾਲ ਨਹੀਂ ਆਉਂਦਾ (ਅਤੇ) ਨਾ ਹੀ (ਮਰਨ ਵੇਲੇ ਕਿਸੇ) ਨਾਲ ਜਾਂਦਾ ਹੈ। ਕੀ ਹੋਇਆ ਜੇ ਤੇਰੇ ਦਰ ਉਤੇ ਹਾਥੀ ਬੱਧੇ ਹੋਏ ਹਨ? (ਇਹ ਰਬੀ ਦਰਗਾਹ ਵਿਚ ਤੇਰੇ ਨਾਲ ਨਹੀਂ ਜਾਣੇ)।੨।

ਲੰਕਾਂ ਦਾ ਕਿਲ੍ਹਾ ਸੋਨੇ ਦਾ ਬਣਿਆ ਹੋਇਆ ਸੀ (ਪਰ ਹੇ ਭਾਈ ! ਦਸ ਕਿ) ਮੂਰਖ ਰਾਵਣ (ਮਰਨ ਵੇਲੇ ਆਪਣੇ ਨਾਲ) ਕਿਹੜੀ (ਵਸਤੂ) ਲੈ ਗਿਆ ? (ਕੁਝ ਭੀ ਨਹੀਂ)।੩।

ਕਬੀਰ ਜੀ ਆਖਦੇ ਹਨ-(ਹੇ ਭਾਈ ! ਜੀਵਨ ਦੀ ਸਫਲਤਾ ਲਈ) ਕੋਈ ਚੰਗਾ ਗੁਣ ਵੀਚਾਰ (ਜੋ ਦਰਗਾਹ ਵਿਚ ਜਾਣ ਸਮੇਂ) ਤੇਰੇ ਕੰਮ ਆਵੇ। ਧਨ, ਇਸਤ੍ਰੀ ਮਹਿਲ ਮਾੜੀਆਂ ਤੇ ਸੰਪਦਾ ਆਦਿ ਦਾ ਹੰਕਾਰ ਕਰਨ ਵਾਲਾ ਮਨੁੱਖ) ਜੁਆਰੀਏ ਵਾਂਗ ਦੋਵੇਂ ਹਥ ਝਾੜ ਕੇ (ਇਸ ਸੰਸਾਰ ਚੋਂ ਖਾਲੀ ਹਥ ਹੀ)

ਟੁਰ ਪੈਂਦਾ ਹੈ।੪।੨।

## ਅਰਥ ਭੇਦ ਅਤੇ ਨਿਰਣੈ

**ਆਵਤ ਸੰਗ ਨ ਜਾਤ ਸੰਗਾਤੀ ॥ ਕਹਾ ਭਇਓ ਦਰਿ ਬਾਧੇ ਹਾਥੀ ॥**

ਵਖ ਵਖ ਅਰਥ :

੧. ਨ ਕੋਈ ਸੰਗ ਆਵਤਾ ਔਰ ਨਾਹੀ ਜਾਨੇ ਕੇ ਵਕਤ ਸੰਗੀ ਹੋਤਾ ਹੈ। ਕਯਾ ਹੂਆ ਜੋ ਦਵਾਰੇ ਹਾਥੀ ਬਾਂਧ ਲੀਏ। [ਫ. ਸ.

੨. ਤੇਰਾ ਧਨ ਨਾ ਤੇਰੇ ਨਾਲ ਆਉਂਦਾ ਹੈ, ਨਾ ਨਾਲ ਜਾਂਦਾ ਹੈ। [ਗਿ. ਬਿਸ਼ਨ ਸਿੰਘ

੩. ਜੇ ਬੂਹੇ ਉਤੇ ਹਾਥੀ ਬੱਝੇ ਹੋਏ ਹਨ, ਤਾਂ ਭੀ ਕੀਹ ਹੋਇਆ ? (ਇਹਨਾਂ ਦਾ ਸਾਡੇ ਨਾਲ ਜਾਣਾ ਤਾਂ ਕਿਤੇ ਰਿਹਾ, ਆਪਣਾ ਸਰੀਰ ਭੀ ਜਨਮ ਵੇਲੇ ਨਾਲ ਆਉਂਦਾ ਹੈ, (ਤੁਰਨ ਵੇਲੇ) ਨਾਲ ਨਹੀਂ ਜਾਂਦਾ। [ਦਰਪਣ

੪. ਨਾ ਆਉਂਦਿਆਂ ਸੰਗੀ ਅਤੇ ਨਾ ਹੀ ਜਾਂਦਿਆਂ ਸੰਗਾਤੀ ਸਾਥੀ ਹੁੰਦਾ ਹੈ। ਵਾ-ਨਾ ਕੋਈ ਸੰਗ ਆਉਂਦਾ ਹੈ, ਨਾ ਹੀ ਕੋਈ ਸੰਗ ਜਾਂਦਾ ਹੈ। ਕੀ ਹੋਇਆ ਜੇ ਬੂਹੇ ਉਤੇ (ਦੋ ਚਾਰ ਹਾਥੀ) ਬੰਨ੍ਹੇ ਹੋਏ ਹਨ। [ਸੰ. ਸ.

**ਨਿਰਣੈ:** ਪ੍ਰੋ. ਸਾਹਿਬ ਸਿੰਘ ਜੀ ਨੇ 'ਦਰਪਣ'ਵਿਚ ਇਸ ਪੰਕਤੀ ਦਾ ਬਿਸਰਾਮ ਇਉਂ ਦਿਤਾ ਹੈ:

**ਆਵਤ ਸੰਗ, ਨ ਜਾਤ ਸੰਗਾਤੀ ॥**

ਅਰਥ ਉਪਰ ਦਰਜ ਹਨ।

ਇਸ ਸ਼ਬਦ ਦੇ ਆਰੰਭ ਵਿਚ ਹੀ ਨਾਂਗੇ ਆਵਨ ਨਾਂਗੇ ਜਾਨਾ ਦੀ ਗਲ ਦਰਜ ਹੈ। ਨਿਰਣੈ ਅਧੀਨ ਪੰਕਤੀ ਵਿਚ ਸਰੀਰ ਦੇ ਆਣ ਵੇਲੇ ਤੇ ਜਾਣ ਵੇਲੇ ਸੰਗ-ਸਾਥ ਦੀ ਕੋਈ ਗਲ ਨਹੀਂ ਕੀਤੀ। ਜ਼ੋਰ ਤਾਂ ਇਸ ਗਲ ਤੇ ਦਿਤਾ ਹੈ ਕਿ ਰਾਵਨ ਵਰਗੇ ਰਾਜੇ ਜਿਨ੍ਹਾਂ ਦੇ ਦਰ ਉਤੇ ਹਾਥੀ ਬੱਧੇ ਸਨ, ਜਿਸ ਦੀ ਲੰਕਾ ਦਾ ਕਿਲਾ ਸੋਨੇ ਦਾ ਸੀ, ਪਰ ਉਹ ਆਪਣੇ ਨਾਲ ਕੀ ਲੈ ਗਿਆ? ਇਥੇ ਗਲ ਸਮਗਰੀ ਦੀ ਹੈ-

**ਜੇਤੀ ਸਮਗ੍ਰੀ ਦੇਖਹੁ ਰੇ ਨਰ, ਤੇਤੀ ਹੀ ਛਡਿ ਜਾਨੀ ॥**
**ਰਾਮ ਨਾਮ ਸੰਗਿ ਕਰਿ ਬਿਉਹਾਰਾ, ਪਾਵਹਿ ਪਦੁ ਨਿਰਬਾਨੀ॥** [ਪੰਨਾ ੬੧੪

ਇਸ ਵਿਚ ਕੋਈ ਸ਼ਕ ਨਹੀਂ ਕਿ 'ਜੋ ਤਨੁ ਉਪਜਿਆ ਸੰਗ ਹੀ, ਸੋ ਭੀ ਸੰਗਿ ਨ ਹੋਇਆ' (ਪੰਨਾ ੭੨੬) ਠੀਕ ਹੈ ਪਰ ਇਸ ਪੰਕਤੀ ਦਾ ਪ੍ਰਸੰਗ ਵਖਰਾ ਹੈ। 'ਨ' ਅਖਰ ਦੇਹੁਰੀ ਦੀਪਕ ਦਾ ਪ੍ਰਤੀਕ ਹੈ, ਕੋਈ ਚੀਜ਼ ਜੰਮਣ ਵੇਲੇ ਨਾ ਨਾਲ ਆਉਂਦੀ ਹੈ ਨ ਮਰਨ ਵੇਲੇ ਨਾਲ ਜਾਂਦੀ ਹੈ। ਇਸ ਲਈ ਪ੍ਰਚਲਤ ਪਾਠ ਬਿਸਰਾਮ ਠੀਕ ਹੈ। ਇਸ ਪੰਕਤੀ ਨੂੰ ਬਿਸ਼ਰਾਮ ਦੇਣ ਦੀ ਲੋੜ ਹੀ ਨਹੀਂ ਕਿਉਂਕਿ ਸੰਖੇਪ ਰੂਪ ਹੈ। ਗੁਰਬਾਣੀ ਵਿਆਕਰਣ ਦੇ ਪਖੋਂ 'ਆਵਤ ਤੇ ਜਾਤ ਸੰਗਾਤੀ ਸ਼ਬਦਾਵਲੀ ਇਸਤ੍ਰੀ ਲਿੰਗ ਨਾਲ ਸੰਬੰਧਤ ਹੈ ਜਿਸ ਤੋਂ ਭਾਵ ਮਾਇਆ ਅਥਵਾ ਹੋਰ ਸੰਪਤੀ ਹੈ, ਸਰੀਰਕ ਸੰਬੰਧੀ ਦੀ ਗੱਲ ਨਹੀਂ।

## ਸਾਰੰਸ਼ ਅਤੇ ਸਿਧਾਂਤ

ਦੁਨੀਆਂ ਵਿਚ ਅਜਿਹਾ ਕਿਹੜਾ ਜੀਵ ਹੈ ਜੋ ਨਹੀਂ ਜਾਣਦਾ ਕਿ ਇਸ ਸੰਸਾਰ ਵਿਚ ਮਨੁੱਖ ਨੰਗਾ ਆਉਂਦਾ ਹੈ ਤੇ ਮਰਨ ਉਪਰੰਤ ਨੰਗਾ ਹੀ ਚਲਾ ਜਾਦਾ ਹੈ। ਰਬੀ-ਵਿਧਾਨ ਵਿਚ ਕਿਸੇ ਰਾਜੇ ਰਾਣੇ ਨੂੰ ਕੋਈ ਛੋਟ ਨਹੀਂ ਹੈ, ਸਭ ਨੇ ਮਰਨਾ ਹੈ :-

੧. **ਰੋਸੁ ਨ ਕੀਜੈ ਅੰਮ੍ਰਿਤੁ ਪੀਜੈ, ਰਹਣੁ ਨਹੀ ਸੰਸਾਰੇ ॥**
**ਰਾਜੇ ਰਾਇ ਰੰਕ ਨਹੀਂ ਰਹਣਾ, ਆਇ ਜਾਇ ਜੁਗ ਚਾਰੇ ॥** [ਪੰਨਾ ੯੩੧

੨. **ਸਭਨਾ ਮਰਣਾ ਆਇਆ, ਵਿਛੋੜਾ ਸਭਨਾਹ ॥** [ਪੰਨਾ ੫੯੫

ਮੌਤ ਵਿਚ ਫਸਾਉਣ ਦਾ ਕਾਰਨ ਸੰਪਦਾ, ਸੋਨਾ, ਚਾਂਦੀ, ਇਸਤ੍ਰੀ ਆਦਿ ਦਾ ਹਿਤ ਹੈ। ਮਾਇਆ ਕਿਸੇ ਦੇ ਨਾਲ ਨਹੀਂ ਅਤੇ ਨਾ ਹੀ ਮਰਨ ਵੇਲੇ ਕਿਸੇ ਨਾਲ ਜਾਂਦੀ ਹੈ। ਕੀ ਹੋਇਆ ਜੇ ਰਜ ਮਿਲਿਆ, ਘੋੜੇ ਹਾਥੀ ਮਿਲ ਗਏ। ਰਾਵਣ ਤੋਂ ਵਡਾ ਕਿਹੜਾ ਰਾਜਾ ਹੋਇਆ ਹੈ ਜਿਸ ਕੋਲ ਸੋਨੇ ਦੀ ਲੰਕਾ ਸੀ ? ਉਸ ਨੇ ਜਿਤਨਾ ਧਨ ਐਸ਼ਵਰਜ ਇਕੱਠਾ ਕੀਤਾ, ਮਰਨ ਸਮੇਂ ਉਹ ਮੂਰਖ ਆਪਣੇ ਨਾਲ ਕੀ ਲੈ ਗਿਆ ? ਭਾਵ ਕੁਝ ਵੀ ਨਹੀਂ ਲੈ ਗਿਆ।

ਰਾਵਣ ਬਹੁਤ ਵਿਦਵਾਨ ਸੀ ਪਰ ਭਗਤ ਜੀ ਦੀ ਦ੍ਰਿਸ਼ਟੀ ਵਿਚ ਮੂਰਖ ਹੈ ਕਿਉਂਕਿ ਉਸਨੇ ਨਾਸ਼ਵੰਤ ਧਨ ਇਕੱਠਾ ਕਰਨ ਵਿਚ ਆਪਣਾ ਅਮੋਲਕ ਜਨਮ ਐਵੇਂ ਗਵਾ ਦਿਤਾ। ਅਜਿਹੀ ਵਿਦਵਤਾ ਦਾ ਕੀ ਲਾਭ ਹੋਇਆ ਜੇ ਜੀਵਨ ਵਿਚ ਦਾਤਾਰ ਦਾ ਸਿਮਰਨ ਨਾ ਕੀਤਾ, ਮਾਇਆ ਦੇ ਵਿਉਹਾਰ ਤੇ ਵਿਦਿਆ ਦੇ ਹੰਕਾਰ ਵਿਚ ਹੀ ਸਮਾਂ ਅਜਾਈਂ ਗਵਾ ਦਿੱਤਾ।

ਅੰਤ ਵਿਚ ਕਬੀਰ ਜੀ ਇਹ ਉਪਦੇਸ਼ ਦਿੰਦੇ ਹਨ ਓਇ ਮੂਰਖ ਜੀਵ ! ਜਿਤਨੇ ਸਮੇਂ ਲਈ ਤੈਨੂੰ ਇਹ ਜੀਵਨ ਮਿਲਿਆ ਹੋਇਆ ਹੈ, ਤੂੰ ਪਰਮਾਤਮਾ ਦੇ ਗੁਣ ਵੀਚਾਰ, ਨਾਮ-ਧਨ ਦਾ ਸੰਗ੍ਰਹਿ ਕਰ। ਜੋ ਇਉਂ ਨਹੀਂ ਕਰੇਂਗਾ ਤਾਂ ਜਿਵੇਂ ਜੁਆਰੀਆਂ (ਜੂਏਬਾਜ਼) ਜੂਆ ਖੇਡਣ ਤੋਂ ਬਾਅਦ ਦੋਵੇਂ ਹਥ ਝਾੜ ਕੇ (ਭਾਵ ਖ਼ਾਲੀ ਹਥ) ਟੁਰ ਪੈਂਦਾ ਹੈ, ਤੇਰੀ ਵੀ ਅਜਿਹੀ ਹਾਲਤ ਹੋਵੇਗੀ।

**ਮੈਲਾ ਬ੍ਰਹਮਾ, ਮੈਲਾ ਇੰਦੁ ॥ ਰਵਿ ਮੈਲਾ, ਮੈਲਾ ਹੈ ਚੰਦੁ ॥੧॥ ਮੈਲਾ ਮਲਤਾ ਇਹੁ ਸੰਸਾਰੁ ॥ ਇਕੁ ਹਰਿ ਨਿਰਮਲੁ, ਜਾ ਕਾ ਅੰਤੁ ਨ ਪਾਰੁ ॥੧॥ ਰਹਾਉ ॥ ਮੈਲੇ, ਬ੍ਰਹਮੰਡਾਇ ਕੈ ਈਸ ॥ ਮੈਲੇ, ਨਿਸਿ ਬਾਸੁਰ ਦਿਨ ਤੀਸ ॥੨॥ ਮੈਲਾ ਮੋਤੀ, ਮੈਲਾ ਹੀਰੁ ॥ ਮੈਲਾ, ਪਉਨੁ ਪਾਵਕੁ ਅਰੁ ਨੀਰੁ ॥੩॥ ਮੈਲੇ, ਸਿਵ ਸੰਕਰਾ ਮਹੇਸ ॥ ਮੈਲੇ, ਸਿਧ ਸਾਧਿਕ ਅਰੁ ਭੇਖ ॥੪॥ ਮੈਲੇ, ਜੋਗੀ ਜੰਗਮ ਜਟਾ ਸਹੇਤਿ ॥ ਮੈਲੀ ਕਾਇਆ, ਹੰਸ ਸਮੇਤਿ ॥੫॥ ਕਹਿ ਕਬੀਰ, ਤੇ ਜਨ ਪਰਵਾਨ ॥ ਨਿਰਮਲ ਤੇ, ਜੋ ਰਾਮਹਿ ਜਾਨ ॥੬॥੩॥**

## ਉਚਾਰਨ ਸੇਧ

**ਬਿੰਦੀ ਸਹਿਤ :** ਕਾਇਆਂ, ਰਾਮਹਿਂ।

**ਪਦ ਅਰਥ:** ਮੈਲਾ-ਅਪਵਿੱਤਰ। ਇੰਦੁ-(ਦੇਵਤਿਆਂ ਦਾ ਰਾਜਾ) ਇੰਦਰ। ਰਵਿ-ਸੂਰਜ। ਚੰਦੁ-ਚੰਦ੍ਰਮਾ।੧। ਮਲਤਾ-ਮਲੀਨ। ਪਾਰੁ-ਅੰਤ ਨਹੀਂ ਪਾਇਆ ਜਾ ਸਕਦਾ।੧। ਰਹਾਉ। ਬ੍ਰਹਮੰਡਾਇ ਕੈ-ਬ੍ਰਹਮੰਡਾਂ ਦੇ। ਈਸ-ਰਾਜੇ। ਨਿਸਿ-ਰਾਤ। ਬਾਸੁਰ-ਦਿਨ। ਦਿਨ ਤੀਸ-ਤੀਹ ਦਿਨ।੨। ਹੀਰੁ-ਹੀਰਾ। ਪਵਨੁ-ਹਵਾ। ਪਾਵਕ-ਅੱਗ। ਅਰ-ਅਤੇ। ਨੀਰੁ-ਪਾਣੀ।੩। ਸਿਵ ਸੰਕਰਾ—ਸ਼ਿਵ ਜੀ ਤੇ ਸ਼ੰਕਰ। ਮਹੇਸ-ਮਹੇਸ਼। ਸਿਧ-ਜੋਗ ਸਾਧਨਾ ਚੋਂ ਨਿਪੁੰਨ। ਸਾਧਿਕ-ਜੋਗ ਸਾਧਨਾ ਕਰਨ ਵਾਲੇ। ਭੇਖ-ਫਿਰਕੇ।੪। ਜੰਗਮ-ਜੋਗੀਆਂ ਦਾ ਫਿਰਕਾ। ਜਟਾ ਸਹੇਤਿ-ਜਟਾਂ ਸਮੇਤ। ਹੰਸ-ਜੀਵਾਤਮਾ। ਤੇ-ਓਹ। ਰਾਮਹਿ ਜਾਨ-ਵਿਆਪਕ ਰਾਮ (ਪਰਮਾਤਮਾ) ਨੂੰ ਜਾਣਦੇ ਹਨ।

**ਅਰਥ :** (ਹੇ ਭਾਈ!) ਬ੍ਰਹਮਾ ਮੈਲਾ ਹੈ (ਕਿਉਂਕਿ ਕਾਮ ਵਾਸ਼ਨਾ ਦੇ ਅਧੀਨ ਹੋ ਕੇ ਆਪਣੀ ਲੜਕੀ ਪਿਛੇ ਦੌੜਿਆ), ਇੰਦ੍ਰ ਵੀ ਮੈਲਾ ਹੈ (ਗੌਤਮ ਰਿਸ਼ੀ ਦੀ ਇਸਤ੍ਰੀ ਤੇ ਲੁਭਾਇਮਾਨ ਹੋਇਆ)। ਸੂਰਜ ਵੀ ਮੈਲਾ (ਅਤੇ) ਚੰਦ੍ਰਮਾ ਵੀ ਮੈਲਾ ਹੈ, (ਜਿਸ ਨੇ ਇੰਦ੍ਰ ਨੂੰ ਵਿਭਚਾਰ ਕਰਮ ਕਰਨ ਵਿਚ ਸਹਾਇਤਾ ਕੀਤੀ)।੧।

(ਹੇ ਭਾਈ! ਜੇ ਦ੍ਰਿਸ਼ਟਾਂਤਾ ਨੂੰ ਮੁਖ ਰਖੀਏ ਤਾਂ) ਸਾਰਾ ਸੰਸਾਰ ਜੋ (ਕਾਮ, ਕ੍ਰੋਧ ਦੀ ਸੰਪਤੀ ਵਾਲਾ ਹੈ) ਮੈਲਾ, ਮਲੀਨਤਾ (ਨਾਲ ਲਿਬੜਿਆ ਹੋਇਆ) ਹੈ। (ਸੋ) ਇਕ ਪਰਮਾਤਮਾ ਨਿਰਮਲ (ਪਵਿੱਤਰ) ਹੈ, ਜਿਸ ਦਾ ਕੋਈ ਅੰਤ ਨਹੀਂ ਪਾ ਸਕਦਾ।੧। ਰਹਾਉ।

(ਹੇ ਭਾਈ!) ਬ੍ਰਹਮੰਡਾਂ ਵਿਚ ਆਏ (ਭਾਵੇਂ ਸਾਧਾਰਨ ਜੀਵ ਹਨ) ਜਾਂ ਰਾਜੇ (ਸਾਰੇ) ਮੈਲੇ ਹਨ। ਰਾਤ, ਦਿਨ, ਮਹੀਨੇ ਤੇ ਤੀਹ ਦਿਨ (ਸਾਰੇ ਹੀ) ਮੈਲੇ ਹਨ। (ਕਿਉਂਕਿ ਇਨ੍ਹਾਂ ਵਿਚ ਵਸਣ ਵਾਲੇ ਅਨੇਕਾਂ ਵਿਕਾਰੀ ਲੋਕ ਹਨ)।੨।

(ਹੇ ਭਾਈ! ਜੜ੍ਹ ਰੂਪੀ) ਹੀਰਾ ਮੋਤੀ (ਰਤਨ ਆਦਿ ਸਭ ਕੁਝ) ਮੈਲਾ ਹੈ। (ਇਹ ਵਿਕਾਰੀਆਂ ਦੇ ਗਲੇ ਦਾ ਹਾਰ ਬਣਦਾ ਹੈ) ਹਵਾ, ਅੱਗ ਅਤੇ ਪਾਣੀ (ਆਦਿ ਤੱਤ ਮੈਲੇ ਹਨ ਇਨ੍ਹਾਂ ਵਿਚ ਕਈ ਵਿਕਾਰ ਹਨ)।੩।

(ਵਿਸ਼ਨੂੰ ਦੇ ਮੋਹਨੀ ਰੂਪ ਪਿਛੇ ਦੌੜਨ ਵਾਲਾ) ਸ਼ਿਵ ਜੋ (ਆਪਣੇ ਆਪ ਨੂੰ) ਸੁੰਦਰ ਕਲਿਆਣ ਕਰਤਾ ਕਹਾਉਂਦਾ ਹੈ, ਸਿਧ (ਪੁੱਗੇ ਹੋਏ ਜੋਗੀ) ਸਾਧਕ (ਸਾਧਨਾਂ ਕਰਨ ਵਾਲੇ ਸਾਧੂ, ਸਾਰੇ ਹੀ) ਮੈਲੇ ਹਨ।੪।

(ਹੇ ਭਾਈ!) ਜੋਗੀ, ਜੰਗਮ (ਜੋਗੀਆਂ ਦਾ ਫਿਰਕਾ) ਜਟਾਂ ਸਮੇਤ (ਵਿਚਰਨ ਵਾਲੇ ਸਭ) ਮੈਲੇ ਹਨ, (ਗਿਆਨ ਹੀਨ) ਦੇਹੀ ਜੀਵਾਤਮਾ ਸਮੇਤ (ਅਵਿਦਿਆ ਕਰਕੇ) ਮੈਲੀ ਹੈ।੫।

ਕਬੀਰ ਜੀ ਆਖਦੇ ਹਨ ਕਿ (ਕੇਵਲ) ਉਹ ਮਨੁੱਖ (ਪਰਮੇਸ਼ਰ ਦੇ ਦਰ ਤੇ) ਮਾਨ-ਪ੍ਰਤਿਸ਼ਟਾ ਵਾਲੇ ਪਵਿੱਤਰ (ਜਨ ਹਨ), ਜੋ (ਨਿਰਆਕਾਰ ਰੂਪ) ਪਰਮਾਤਮਾ ਨੂੰ ਵਿਆਪਕ ਰੂਪ ਵਿਚ) ਜਾਣਦੇ ਹਨ,

(ਬਾਕੀ ਉਨ੍ਹਾਂ ਨੂੰ ਸਭ ਕੁਝ ਮੈਲਾ ਹੀ ਦਿਸਦਾ ਹੈ) ।੬।੩।

## ਅਰਥ ਭੇਦ ਅਤੇ ਨਿਰਣੈ

**ਮੈਲੇ ਬ੍ਰਹਿਮੰਡਾਇ ਕੈ ਈਸ ॥**

ਇਸ ਪੰਕਤੀ ਨੂੰ ਪਦ ਛੇਦ ਕਰਨਾ ਬੜਾ ਔਖਾ ਲਗਦਾ ਹੈ, ਕਿਉਂਕਿ ਇਸ ਦੇ ਪੰਜ ਰੂਪ ਹੋਂਦ ਵਿਚ ਆ ਗਏ ਹਨ। ਪ੍ਰਿਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਰਚਿਤ ਭਾ. ਸ਼ਾਮ ਸਿੰਘ ਜੀ (ਗਿ. ਚੰਦਾ ਸਿੰਘ ਦੀ ਸੰਪ੍ਰਦਾਏ ਵਾਲੇ) ਵਿਚ ਇਸ ਸ਼ਬਦ ਨੂੰ ਇਉਂ ਰੂਪਮਾਨ ਕੀਤਾ ਗਿਆ ਹੈ :–

**ਮੈਲੇ ਬ੍ਰਹਮੰਡਾਇ ਕੈਈਸ-ਕਈ, ਕੇਤੇ ਹੀ ਵਾ** [ਇਕੈਈਸ-੨੧

ਅਨੰਤਵਾਚੀ, ਵਾ ਇਕ ਈਸ਼ਵਰ ਹਰਿ ਹੀ ਨਿਰਮਲ ਹੈ।

ਵਖ ਵਖ ਟੀਕਿਆਂ ਵਿਚ ਪਾਠ ਦਾ ਰੂਪ ਤੇ ਅਰਥ :

੧. (ਕੈਈਸ਼) ਬਹੁਤੇ ਹੀ (ਬ੍ਰਹਮੰਡਾਇ) ਬ੍ਰਹਮੰਡ ਮੈਲੇ ਹੈਂ। [ਫ਼. ਸ.

੨. ਮੈਲੇ ਬ੍ਰਹਮੰਡਾਇਕੈ ਈਸ [ਨਰੋਤਮ

੩. ਸਾਰੇ ਬ੍ਰਹਿਮੰਡ ਤੇ ਬ੍ਰਹਮੰਡਾਂ ਦੇ ਮਾਲਕ ਵੀ ਮੈਲੇ ਹਨ। [ਗਿ. ਬਿਸ਼ਨ ਸਿੰਘ

੪. ਤਿਸ ਐਸੇ ਸਰਬ ਕੇ ਕਰਤਾ ਇਕ ਈਸ, ਏਕ ਈਸ ਬਿਨਾ ਪੂਰਨ ਬ੍ਰਹਮਾਂਡ ਮੈਲੇ ਹੈ।
ਈਸ਼ਰ, ਰਾਜੇ ਬ੍ਰਹਮੰਡਾਂ ਦੇ ਰਾਜੇ। [ਸ਼ਬਦਾਰਥ

੫. ਬ੍ਰਹਿਮੰਡਾਂ ਦੇ ਰਾਜੇ (ਭੀ ਹੋ ਜਾਣ ਤਾਂ ਭੀ) ਮੈਲੇ ਹਨ। [ਦਰਪਣ

੬. ਸਾਰੇ ਬ੍ਰਹਮੰਡ ਵੀ ਮੈਲੇ ਹਨ, ਬ੍ਰਹਮੰਡਾ ਵਿਚ ਔਇ ਹੋਏ ਜੀਵ ਵੀ ਮੈਲੇ ਹਨ, ਬ੍ਰਹਮੰਡਾ ਦੇ ਈਸ-ਰਾਜੇ ਵੀ ਮੈਲੇ ਹਨ। [ਸੰ. ਸ.

੭. ਮੈਲੇ ਬ੍ਰਹਮੰਡਾ ਇਕੈਈਸ ॥ ਇੱਕੀਸ ਬ੍ਰਹਮੰਡ ਹੀ ਮੈਲੇ ਹਨ (ਸੱਤੋਂ ਆਕਾਸ਼, ਸੱਤ ਹੀ ਪਾਤਾਲ ਤਥਾ ਸੱਤੋਂ ਹੀ ਮਾਤ ਲੋਕ ਦੀਪ ਸੰਬੰਧ ਲੋਕ ਮਾਇਕ ਕਾਰਜਾਂ ਵਿਚ ਪ੍ਰਵਿਰਤ ਰਹਿਣ ਕਰਕੇ)। [ਭਗਤ ਬਾਣੀ ਮਰਮਬੋਧਨੀ ਟੀਕ- ਸੰਤ ਸੰਪੂਰਣ ਸਿੰਘ ਜੀ

੮. ਉਪ੍ਰੋਕਤ ਅਰਥਾਂ ਤੋਂ ਇਲਾਵਾ 'ਗੁਰਬਾਣੀ ਲਗ-ਮਾਤਰੀ ਵਿਲਖਣਤਾ' ਦੇ ਕਰਤਾ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ 'ਬ੍ਰਮੰਡਾਇ ਕੈ ਈਸ' ਪਦ ਛੇਦ ਨੂੰ ਠੀਕ ਨਹੀਂ ਮੰਨਿਆ। ਇਸ ਬਾਰੇ ਆਪ ਜੀ ਨੇ ਤਿੰਨ ਦਲੀਲਾਂ ਦਿੱਤੀਆਂ ਹਨ ;

੧. ਕਕੇ ਨੂੰ ਦੁਲਾਈਆਂ ਵਾਲੇ 'ਕੈ' ਪਦ ਦੇ ਕਿਸੇ ਭੀ ਕੋਸ਼ ਵਿਚ 'ਕੇ' ਅਰਥ ਨਹੀਂ। ਨਾ ਹੀ ਗੁਰਬਾਣੀ ਅੰਦਰਿ ਕੈ ਪਦ ਕਕੇ ਦੁਲਾਈਆਂ ਵਾਲਾ ਕਿਤੇ ਭੀ 'ਦੇ' ਦੇ ਅਰਥਾਂ ਵਿਚ ਆਉਂਦਾ ਹੈ। 'ਕੈ' ਅਕਸਰ ਗੁਰਬਾਣੀ ਅੰਦਰ 'ਯਾ' 'ਅਰਥਾਂ' ਵਿਚ ਆਉਂਦਾ ਹੈ ਕਿਤੇ ਕਿਤੇ 'ਕਿਸੇ' ਦੇ ਅਰਥਾਂ ਵਿਚ ਭੀ ਆਉਂਦਾ ਹੈ। 'ਦੇ' ਦੇ ਅਰਥਾਂ ਵਿਚਿ ਤਾਂ 'ਕੇ' ਪਦ ਕਕੇ ਨੂੰ ਲਾਮ ਸਹਿਤ ਹੀ ਗੁਰਬਾਣੀ ਅੰਦਰ ਆਉਂਦਾ ਹੈ।

੨. ਇਕ ਬ੍ਰਹਮੰਡ ਯਾ ਅਨਿਕ ਬ੍ਰਹਿਮੰਡਾਂ ਦਾ ਅਰਥਾਇਕ ਪਦ ਗੁਰਬਾਣੀ ਅੰਦਰਿ 'ਬ੍ਰਹਿਮੰਡਾ' ਯਾ 'ਬ੍ਰਹਮੰਡਾਂ' ਤਾਂ ਆਉਂਦਾ ਹੈ, 'ਬ੍ਰਹਮੰਡਾਇ' ਕਿਤੇ ਨਹੀਂ ਆਇਆ ਦੇਖਿਆ।

'ਬ੍ਰਹਮੰਡਾ ਇਕੈ ਈਸ' ਪਾਠ ਤਾਂ ਸਹੀ ਹੈ ਪਰੰਤੂ ਨਿਖੜਵੇਂ ਪਾਠ 'ਇਕੈ ਈਸ' ਦੇ ਅਰਥ ਕੀ ਬਣਨਗੇ, ਇਸ ਦਾ ਗਹਿ ਕਰਕੇ ਨਿਰਣਾ ਨਹੀਂ ਹੁੰਦਾ। ਹਾਂ, 'ਈਸ' ਪਦ ਦਾ ਸਸਾ ਮੁਕਤਾ ਹੈ ਇਸ ਕਰਕੇ ਇਸ ਦੇ ਪਿਛੇ 'ਦੇ' ਸਬੰਧਕੀ ਪਦ (Preposition) ਮਫਹੂਮ ਮੰਨਿਆ ਜਾ ਸਕਦਾ ਹੈ। ਇਸ ਬਿਧਿ ਇਉਂ ਅਰਥ ਸਾਰੀ ਪੰਗਤੀ ਦੇ ਬਣ ਸਕਦੇ ਹਨ :-

ਇਕੈ ਈਸਰ ਦੇ (ਬਣਾਏ) ਬ੍ਰਹਮੰਡ ਮੈਲੇ ਹਨ। ਈਸ ਰਹਿਤ। (ਈਸ਼ਰ ਤੋਂ ਛੁਟ ਉਸ ਦੇ ਰਚੇ), ਬ੍ਰਹਮੰਡ ਸਭ ਮੈਲੇ ਹੀ ਹਨ। ਜਾਂ ਕਈ ਹੋਰ ਗੋਝ ਅਰਥ ਹੋਣਾ ਹੈ ਜੋ ਸਾਡੀ ਸਮਝ ਵਿਚ ਨਹੀਂ ਆਇਆ। 'ਕੈ' ਪਦ ਦੇ ਅਰਥ 'ਦੇ ਪਾਸ' ਕੇ ਪਾਸ ਤਾਂ ਹੋ ਸਕਦੇ ਹਨ ਪਰ 'ਦੇ' ਦੇ ਨਹੀਂ ਹੋ ਸਕਦੇ।

੯. ਪਾਠ-ਭੇਦਾਂ ਦੀ ਸੂਚੀ (ਭਾਗ ਪਹਿਲਾ, ਪ੍ਰਕਾਸ਼ਕ ਸ੍ਰੋ. ਗੁ. ਪ੍ਰ. ਕ. ਅੰਮ੍ਰਿਤਸਰ ਜਨਵਰੀ ੧੯੭੭) ਦੇ ਪੰਨਾ ੫੩੮ ਉਤੇ ਤਿੰਨ ਪੁਰਾਤਨ ਬੀੜਾਂ ਚੋਂ ਹੇਠ ਲਿਖੇ ਤਿੰਨ ਪਾਠ 'ਸ਼ੁੱਧ ਪਾਠ' ਵਾਲੇ ਖ਼ਾਨੇ ਵਿੱਚ ਦਿਤੇ ਹਨ -

| | |
|---|---|
| ....ਬ੍ਰਹਮੰਡ ਇਕੀਸਾ ॥ | ਬੀੜ ਸੂਚੀ ਨੰਬਰ ੫ |
| ਬ੍ਰੰਮੰਡਾ ਇਕੀਸ ॥ | " " " ੮/੮ |
| ਬ੍ਰਹਮੰਡਾ ਇਕੀਸ ॥ | " " " ੨੪/੩੪ |

'ਮੈਲੇ ਬ੍ਰਮੰਡਾਇ ਕੈ ਈਸ' ਅਸ਼ੁੱਧ ਪਾਠ ਵਾਲੇ ਖ਼ਾਨੇ ਵਿਚ ਦਰਜ ਹੈ। ਇਸੇ ਤਰ੍ਹਾਂ 'ਸਿਵ ਸੰਕਰਾ' ਦੀ ਥਾਂ 'ਸ਼ਿਵ ਸ਼ੰਕਰ' ਸ਼ੁੱਧ ਪਾਠ ਦਸਿਆ ਹੈ।

੧੦. ਭਾਈ ਬੰਨੋ ਵਾਲੀ ਹਥ ਲਿਖਤੀ ਬੀੜ ਵਿਚ ਪਾਠ "ਮੈਲਾ ਬ੍ਰਹਮੰਡਾ ਇਕ ਈਸ" ਦਰਜ ਹੈ।

**ਨਿਰਣੈ** : ਉਪ੍ਰੋਕਤ ਪਾਠ ਦੇ ਅਰਥਾਂ ਤੋਂ ਸਾਡੇ ਸਾਹਮਣੇ ਇਕ ਪੰਕਤੀ ਦੇ ਪੰਜ ਰੂਪ ਆਏ ਹਨ :

੧. ਬ੍ਰਹਮੰਡਾਇ ਕੈਈਸ ੨. ਬ੍ਰਹਮੰਡਾ ਇਕੈ ਈਸ ੩. ਬ੍ਰਹਮੰਡਾਇਕੈ ਈਸ

੪. ਬ੍ਰਹਿਮੰਡਾਇ ਕੈ ਈਸ ੫. ਬ੍ਰਹਮੰਡਾ ਇਕ ਈਸ

ਸਿਵਾਇ ਭਾ. ਸ. ਰਣਧੀਰ ਸਿੰਘ ਜੀ ਦੇ ਹੋਰ ਕਿਸੇ ਟੀਕਾਕਾਰ ਨੇ ਸਹੀ ਪਾਠ ਦੀ ਹੋਂਦ ਬਾਰੇ ਕੋਈ ਵਿਆਖਿਆ ਨਹੀਂ ਕੀਤੀ ਪਰ ਆਪ ਜੀ ਵੀ ਕਿਸੇ ਅੰਤਮ ਸਿਟੇ ਤੇ ਨਹੀਂ ਪਹੁੰਚ ਸਕੇ। ਭਾਈ ਸਾਹਿਬ ਜੀ ਦੀ ਕੀਤੀ ਵਿਆਖਿਆ ਸ਼ਲਾਘਾ ਯੋਗ ਹੈ ਪਰ ਹਰੇਕ ਮਨੁੱਖ ਭੁਲਣਹਾਰ ਹੈ, ਅਭੁੱਲ ਤਾਂ ਕੇਵਲ 'ਗੁਰੂ ਕਰਤਾਰ' ਹੀ ਹੈ।

ਗੁਰਬਾਣੀ ਅੰਦਰ 'ਕੈ' ਪਦ 'ਦੇ' ਅਰਥਾਂ ਵਿਚ ਆਮ ਤੌਰ ਤੇ ਨਹੀਂ ਵਰਤਿਆ ਗਿਆ ਪਰ ਇਸ ਦੀ ਅਣਹੋਂਦ ਵੀ ਨਹੀਂ ਹੈ। ਵੇਖੋ :

**੧. ਪਹਿਲੈ ਪਹਿਰੈ ਰੈਣਿ ਕੈ ਵਣਜਾਰਿਆ ਮਿਤ੍ਰਾ,**

ਹੁਕਮਿ ਪਇਆ ਗਰਭਾਸਿ॥ [ਪੰਨਾ ੮੪

੨. ਹਉ ਕੁਰਬਾਨੈ ਜਾਉ ਤਿਨਾ ਕੈ, ਲੈਨਿ ਜੋ ਤੇਰਾ ਨਾਉ ॥ [ਪੰਨਾ ੭੨੧

(ਇਹੋ ਜਿਹੇ ਕਿਤਨੇ ਹੀ ਹੋਰ ਪ੍ਰਮਾਣ ਦਿਤੇ ਜਾ ਸਕਦੇ ਹਨ ਪੜੋ 'ਪ੍ਰਭ ਕੈ ਸਿਮਰਨਿ' ... ) ਇਸ ਪੰਕਤੀ ਵਿਚ ਪਹਿਲੇ ਪਹਰੈ ਰੈਣਿ ਕੈ' ਦੇ ਅਰਥ (ਉਮਰ ਰੂਪੀ) ਰਾਤ ਦੇ ਪਹਿਲੇ ਪਹਿਰ ਵਿਚ 'ਹੀ ਕਰਦੇ ਹਨ। ਕੀ ਇਥੇ 'ਕੈ' ਦੇ ਅਰਥ 'ਦੇ' ਨਹੀਂ ?

ਜਿਥੋਂ ਤਕ 'ਬ੍ਰਹਿਮੰਡਾਇ' ਸ਼ਬਦ ਗੁਰਬਾਣੀ ਵਿਚ ਹੋਰ ਕਿਤੇ ਨ ਵਰਤੇ ਜਾਣ ਦੀ ਗਲ ਹੈ, ਇਹ ਜ਼ਰੂਰੀ ਨਹੀਂ ਕਿ ਕੋਈ ਸ਼ਬਦ ਦੁਬਾਰਾ ਉਸੇ ਰੂਪ ਵਿਚ ਹੀ ਵਰਤਿਆ ਜਾਵੇ, ਇਹ ਤਾਂ ਜਿਵੇਂ ਜਿਸ ਰੂਪ ਵਿਚ ਬਾਣੀ ਭਗਤਾਂ ਨੂੰ ਪ੍ਰਗਟ ਹੋਈ, ਉਸੇ ਰੂਪ ਵਿਚ ਅੰਕਿਤ ਹੋ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਹੋਰ ਵੀ ਕਈ ਅਜਿਹੇ ਸ਼ਬਦ ਹਨ ਜੋ ਇਕ ਵਾਰੀ ਵਰਤੇ ਗਏ ਹਨ, ਦੁਬਾਰਾ ਨਹੀਂ ਵਰਤੇ ਗਏ। ਜਿਵੇਂ ਅਪ੍ਰਛਾ, ਅਪ੍ਰਠਾ, ਅਪ੍ਰਰਬ, ਅਬਿਬੇਕੇ, ਅਬਿਰਥਾ, ਅਬੀਨਿਆ ਆਦਿ ਆਦਿ।

ਭਾਈ ਸਾਹਿਬ ਲਿਖਦੇ ਹਨ ਕਿ 'ਬ੍ਰਹਮਡਾਇ ਕੈ ਈਸ' ਪਾਠ ਗੁਰਬਾਣੀ ਲਗ ਮਾਤਰੀ ਨਿਯਮਾਂ ਅਨੁਸਾਰ ਠੀਕ ਨਹੀਂ, ਉਕਾ ਹੀ ਬੇ-ਠੀਕ ਜਾਪਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਵਿਚ 'ਸ਼ਬਦਾਰਥ', 'ਦਰਪਣ' ਵਿਚ ਇਸ ਪੰਕਤੀ ਦਾ ਪਾਠ "ਮੈਲੇ ਬ੍ਰਹਮੰਡਾਇ ਕੈ ਈਸ' ਹੀ ਪਦ ਛੇਦ ਰੂਪ ਵਿਚ ਪ੍ਰਾਪਤ ਹੈ, ਅਤੇ ਵਿਦਵਾਨਾਂ ਨੇ ਇਸੇ ਪਾਠ ਨੂੰ ਹੀ ਅਪਨਾਇਆ ਹੈ।

ਜਿਥੋਂ ਤਕ ਇਸ ਪੰਕਤੀ ਦੇ ਅਰਥਾਂ ਦਾ ਸਬੰਧ ਹੈ, ਉਹ ਇਸ ਤਰ੍ਹਾਂ ਕਰੀਏ ਤਾਂ ਲਗਮਾਤਰੀ ਨੇਮਾਂ ਦੀ ਉਲਝਣ ਵੀ ਦੂਰ ਹੋ ਜਾਂਦੀ ਹੈ। 'ਬ੍ਰਹਮੰਡਾਇ' ਬ੍ਰਹਮੰਡ+ਆਇ' ਭਾਵ ਬ੍ਰਹਿਮੰਡਾਂ ਵਿਚ ਆਇ ਹੋਏ ਜੀਵ। 'ਕੈ' ਪਦ ਦੇਹੁਰੀ ਦੀਪਕ ਹੈ। 'ਕੈ' ਦੇ ਅਰਥ ਹਨ ਜਾਂ, ਭਾਵੇਂ ਅਤੇ 'ਈਸ' ਦੇ ਅਰਥ ਹਨ 'ਰਾਜੇ' ਜੋ ਗੁਰਬਾਣੀ ਅਨੁਸਾਰ ਠੀਕ ਹਨ। ਸੋ ਇਸ ਤਰ੍ਹਾਂ ਇਸ ਪੰਕਤੀ ਦੇ ਅਰਥ ਇਉਂ ਬਣਨਗੇ:

(ਭਾਵੇਂ) ਬ੍ਰਹਮੰਡਾਂ ਦੇ (ਸਾਧਾਰਨ) ਜੀਵ ਹਨ ਜਾਂ ਰਾਜੇ, (ਸਾਰੇ ਹੀ) ਮੈਲੇ ਹਨ।

'ਇਕੀਸ' ਪਦ ਗਿਣਤੀ ਨਾਲ ਸੰਬੰਧਤ ਹੈ। ਇਸ ਲਈ ਇਥੇ 'ਇਕੀਸ' ਪਾਠ ਪਦ ਛੇਦ ਕਰਨਾ ਠੀਕ ਨਹੀਂ ਜਾਪਦਾ।

ਗੁਰੂ ਪਾਤਿਸ਼ਾਹ ਜੀ ਨੇ ਜਿਸ ਤਰ੍ਹਾਂ ਦੀ ਬੁਧੀ ਬਖਸ਼ੀ ਉਸ ਅਨੁਸਾਰ ਨਿਰਣੈ ਕਰ ਦਿਤੇ ਹਨ। 'ਇਕ ਦੂ ਇਕ ਚੜੰਦੀਆ ਕਉਣ ਜਾਣੈ ਮੇਰਾ ਨਾਉ ਜੀਉ' ਜੇ ਹੋਰ ਕੋਈ ਵੀਚਾਰ ਇਸ ਤੋਂ ਅਗੇ ਰੋਸ਼ਨੀ ਪਾਣ ਵਾਲਾ ਹੋਵੇ, ਤਾਂ ਦਾਸਰੇ ਨੂੰ ਸਾਰੇ ਅਰਥਾਂ ਦਾ ਅਧਿਐਨ ਕਰਨ ਮਗਰੋਂ ਆਪਣਾ ਸੁਝਾ ਦੇਵੇ, ਉਸ ਨੂੰ ਦ੍ਰਿਸ਼ਟੀ ਗੋਚਰ ਕਰਨ ਮਗਰੋਂ ਲੋੜੀਂਦਾ ਸਮਾਧਾਨ ਸੰਗਤਾਂ ਦੀ ਭੇਟ ਕੀਤਾ ਜਾ ਸਕਦਾ ਹੈ।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਭਗਤ ਜੀ ਨੇ ਬ੍ਰਹਮਾ, ਇੰਦਰ, ਸੂਰਜ, ਚੰਨ, ਸਿਵ, ਸ਼ੰਕਰ, ਮਹੇਸ਼, ਸਿਧ, ਸਾਧਿਕ, ਜੋਗੀ ਜੰਗਮ ਅਤੇ ਸੂਹਮੰਡਾਂ ਦੇ ਸਾਧਾਰਨ ਜੀਵ ਤੇ ਰਾਜੇ ਸਾਰੇ ਹੀ ਨਾਮ ਤੋਂ ਬਿਨਾ ਮੈਲੇ (ਅਪਵਿੱਤਰ ਦਸੇ) ਹਨ, ਨਿਰਮਲ ਕੇਵਲ ਓਹ ਹਨ ਜਿਨ੍ਹਾਂ ਨੇ ਪਰਮਾਤਮਾ ਨੂੰ ਪਛਾਣਿਆ ਹੈ।

ਮੈਲ ਕਈ ਪ੍ਰਕਾਰ ਦੀ ਹੈ। ਹੰਗਤਾ ਦੀ, ਮਮਤਾ ਦੀ, ਦੁਰਮਤਿ ਦੀ, ਕੁਸੰਗਤਿ ਦੀ, ਹਉਮੈ ਦੀ, ਵਿਕਾਰਾਂ ਦੀ, ਨਿੰਦਾ ਦੀ, ਬੇਮੁਖਤਾਈ ਦੀ ਸਾਰੇ ਇੰਦ੍ਰਿਆਂ ਅੱਖਾਂ, ਨਕ, ਕੰਨ ਰਸਨਾ ਆਦਿ ਦੀ ਗੱਲ ਕੀ ਸਰੀਰ ਦੇ ਸਾਰੇ ਅੰਗ ਹੀ ਮੈਲੇ ਹਨ।

ਮੈਲ ਦਾ ਮੂਲ ਧੁਰਾ ਜੀਵ ਦੇ ਅਵਗੁਣ ਹਨ। ਗੁਰੂ ਅਰਜਨ ਦੇਵ ਜੀ ਦੇ ਪਾਵਨ ਵਾਕ ਹਨ :

੧. **ਮੈਲਾ ਹਰਿ ਕੇ ਨਾਮ ਬਿਨੁ ਜੀਉ ॥** [ਪੰਨਾ ੧੨੨੪

੨. **ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ, ਕਾਲਾ ਹੋਆ ਸਿਆਹੁ॥** [ਪੰ. ੬੫੧

ਜਨਮਾਂ ਜਨਮਾਂ ਦੇ ਕਰਮਾਂ ਦੀ ਮੈਲ ਹੀ ਦੁਖ ਦਾ ਮੂਲ ਹੈ। ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ :-

**ਅੰਤਰਿ ਲੋਭੁ ਮਨਿ ਮੈਲੇ ਮਲੁ ਲਾਏ ॥**
**ਮੈਲੇ ਕਰਮ ਕਰੇ ਦੁਖੁ ਪਾਏ ॥** [ਪੰਨਾ ੧੦੬੨

ਮਾਝ ਰਾਗੁ ਅੰਦਰ ਸ੍ਰੀ ਗੁਰੂ ਅਮਰਦਾਸ ਜੀ ਨੇ 'ਮੈਲਾਪਨ' ਬਾਰੇ ਬੜੇ ਸੁੰਦਰ ਵੀਚਾਰ ਦਿਤੇ ਹਨ :–

**ਮਨੁ ਮੈਲਾ ਹੈ ਦੂਜੈ ਭਾਇ ॥ ਮੈਲਾ ਚਉਕਾ ਮੈਲੈ ਥਾਇ ॥**
**ਮੈਲਾ ਖਾਇ ਫਿਰਿ ਮੈਲੁ ਵਧਾਏ, ਮਨਮੁਖ ਮੈਲੁ ਦੁਖੁ ਪਾਵਣਿਆ ॥** [ਪੰਨਾ ੧੨੧

ਇਸੇ ਸ਼ਬਦ ਵਿਚ 'ਜੋ ਨਿਰਮਲੁ ਸੇਵੇ, ਸੁ ਨਿਰਮਲੁ ਹੋਵੈ' ਦੀ ਸੇਧ ਪਰਮਾਰਥ ਦੇ ਖੇਤਰ ਵਿਚ ਵਿਚਰਨ ਵਾਲੇ ਜਗਿਆਸੂਆਂ ਨੂੰ ਬੜੀ ਸੁੰਦਰ ਅਗਵਾਈ ਬਖਸ਼ਦੀ ਹੈ। ਜਿਵੇਂ ਲੋਹਾ ਪਾਰਸ ਨੂੰ ਪਰਸ ਕੇ ਸੋਨਾ ਬਣਾ ਜਾਂਦਾ ਹੈ। ਤਿਵੇਂ ਸਤਿਗੁਰੂ ਨਾਲ ਭੇਟਿਆਂ ਜੀਵ ਦੇ ਸਭ ਪਾਪਾਂ ਵਿਕਾਰਾਂ ਦੀ ਮੈਲ ਸੜ ਜਾਂਦੀ ਹੈ। ਜੇ ਅਹਾਰੇ ਨਿਰਮਲ ਹੋਵੇ ਤਾਂ ਵੀਚਾਰ ਕਦੇ ਵੀ ਮੈਲੇ ਨਹੀਂ ਹੋ ਸਕਦੇ। ਜੇ ਵੀਚਾਰ ਚੰਗੇ ਹੋਣ ਤਾਂ ਆਚਾਰ ਕਦੇ ਵੀ ਮਾੜਾ ਨਹੀਂ ਹੋ ਸਕਦਾ। ਅਹਾਰ, ਵੀਚਾਰ, ਤੇ ਆਚਾਰ ਨਾਲ ਹੀ ਆਰਥਿਕ ਅਤੇ ਪਰਮਾਰਥਕ ਵਿਹਾਰ ਦੀ ਸੋਝੀ ਆਉਂਦੀ ਹੈ। ਜਦੋਂ ਜੀਵਨ ਦਾ ਮੁੱਢ ਠੀਕ ਬੱਝ ਗਿਆ, ਫਿਰ ਤਨ ਤੇ ਮਨ ਨੂੰ 'ਮੈਲ' ਲਗਣ ਦਾ ਪ੍ਰਸ਼ਨ ਹੀ ਨਹੀਂ ਉਠਦਾ। ਗੁਰਬਾਣੀ ਦਾ ਸਿਧਾਂਤ ਹੈ -

੧. **ਊਤਮ ਸੰਗਤਿ ਊਤਮੁ ਹੋਵੈ ॥ ਗੁਣ ਕਉ ਧਾਵੈ ਅਵਗਣ ਧੋਵੈ ॥** [ਪੰਨਾ ੪੧੪

੨. **ਸੋ ਕਿਛੁ ਕਰਿ ਜਿਤੁ ਮੈਲੁ ਨ ਲਾਗੈ ॥**
**ਹਰਿ ਕੀਰਤਨ ਮਹਿ ਇਹੁ ਮਨੁ ਜਾਗੈ॥** [ਪੰਨਾ ੧੯੯

ਸੋ, ਭਗਤ ਜੀ ਨੇ ਇਸ ਸ਼ਬਦ ਦੇ ਅੰਤ ਵਿਚ ਨਿਰਣਾ ਹੀ ਕਰ ਦਿਤਾ ਹੈ ਕਿ :--

**ਨਿਰਮਲ ਤੇ, ਜੋ ਰਾਮਹਿ ਜਾਨ ॥**

**ਮਨੁ ਕਰਿ ਮਕਾ, ਕਿਬਲਾ ਕਰਿ ਦੇਹੀ ॥ ਬੋਲਨਹਾਰੁ, ਪਰਮ ਗੁਰੁ ਏਹੀ ॥੧॥ ਕਹੁ ਰੇ ਮੁਲਾਂ, ਬਾਂਗ ਨਿਵਾਜ ॥ ਏਕ ਮਸੀਤ ਦਸੈ ਦਰਵਾਜ ॥੧॥ ਰਹਾਉ ॥ ਮਿਸਿਮਿਲਿ ਤਾਮਸੁ ਭਰਮੁ ਕਦੂਰੀ ॥ ਭਾਖਿ ਲੇ ਪੰਚੈ, ਹੋਇ ਸਬੂਰੀ ॥੨॥ ਹਿੰਦੂ ਤੁਰਕ ਕਾ ਸਾਹਿਬੁ ਏਕ ॥ ਕਹ ਕਰੈ ਮੁਲਾਂ, ਕਹ ਕਰੈ ਸੇਖ ॥੩॥ ਕਹਿ ਕਬੀਰ, ਹਉ**

ਭਇਆ ਦਿਵਾਨਾ ॥ ਮੁਸਿ ਮੁਸਿ ਮਨੂਆ ਸਹਜਿ ਸਮਾਨਾ ॥੪॥੪॥

ਉਚਾਰਨ ਸੇਧ

**ਬਿੰਦੀ ਸਹਿਤ** : ਪੰਚੈ, ਹਉ, ਮਨੂਆਂ.

**ਨੋਟ :** ੧) 'ਕਹ' ਦਾ ਉਚਾਰਨ 'ਕਾਹ' ਨਹੀਂ ਕਰਨਾ।

੨) 'ਸੇਖ' ਦਾ ਉਚਾਰਨ 'ਸ਼ੇਖ' ਕਰਨਾ ਹੈ ।

**ਪਦ ਅਰਥ** : ਮਕਾ-ਅਰਬ ਦੇਸ਼ ਵਿਚ ਮੁਸਲਮਾਨਾਂ ਦਾ ਧਰਮ ਮੰਦਰ, ਜੋ ਮੱਕੇ ਸ਼ਹਿਰ ਵਿਚ ਹੈ, ਅਤੇ ਜਿਸ ਵਲ ਮੂੰਹ ਕਰਕੇ ਨਮਾਜ਼ ਪੜ੍ਹੀ ਜਾਂਦੀ ਹੈ। ਕਿਬਲਾ-ਕਾਬੇ ਦੀ ਚਾਰ ਦਿਵਾਰੀ। ਬੋਲਨਹਾਰ-ਬੋਲਣਵਾਲਾ । ਪਰਮਗੁਰੁ-ਵੱਡਾ ਗੁਰੂ (ਪੀਰ) । ਨਿਵਾਜ-ਨਮਾਜ਼ । ਮਸੀਤਿ-ਮਸਜਿਦ । ਦਸੈ ਦਰਵਾਜ-ਦਸ ਹੀ ਦਰਵਾਜੇ ਹਨ।੧।ਰਹਾਉ।

ਮਿਸਿਮਿਲਿ-ਮਾਰ ਦੇ । ਤਾਮਸੁ-ਤਾਮਸੀ ਸੁਭਾਅ । ਕਦੂਰੀ-ਕਦੂਰਤ, ਮਲੀਨਤਾ, ਗੰਧਲਾਪਨ । ਭਾਖਿ ਲੇ-ਖਾ ਲੈ, ਭਾਵ ਖ਼ਤਮ ਕਰ ਦੇ। ਪੰਚੇ-ਪੰਜਾਂ ਕਾਮਾਦਿਕਾਂ ਨੂੰ। ਹੋਇ ਸਬੂਰੀ-ਸ਼ਾਤੀ ਹੋ ਜਾਂਦੀ ਹੈ ।੨।

ਸਾਹਿਬੁ-ਮਾਲਕ। ਕਹ-ਕੀ?। ਮੁਲਾਂ-ਮਸੀਤ ਦਾ ਮੌਲਾਣਾ, ਮੋਲਵੀ।੩। ਦਿਵਾਨਾ-ਬਉਰਾ, ਕਮਲਾ। ਮੁਸਿ ਮੁਸਿ-ਭੁਸਕ ਭੁਸਕ ਕੇ। ਮਨੂਆ-(ਅਜਾਣ) ਮਨ। ਸਹਜਿ-ਸਹਜ (ਅਵਸਥਾ) ਵਿਚ।੪।

**ਅਰਥ** : (ਹੇ ਕਾਜ਼ੀ !) ਤੂੰ ਆਪਣਾ ਮਨ ਮੱਕਾ ਬਣਾ (ਅਤੇ) ਦੇਹੀ ਨੂੰ (ਮੱਕੇ ਦੀ ਚਾਰ ਦਿਵਾਰੀ) 'ਕਿਬਲਾ' ਬਣਾ (ਭਾਵ ਤੂੰ ਦੇਹੀ ਅੰਦਰ ਹੀ ਕਾਬਾ ਰਬ ਦਾ ਘਰ ਸਮਝ ਅਤੇ ਉਥੇ ਹੀ ਹਰ ਵੇਲੇ ਸਿਜਦਾ ਕਰ) । (ਇਸ ਮਨ ਵਿਚ) ਬੋਲਣ ਵਾਲਾ (ਭਾਵ ਬਾਣੀ ਅਤੇ ਇੰਦ੍ਰੀਆਂ ਨੂੰ ਆਪੋ ਆਪਣੀ ਕ੍ਰਿਆ ਵਿੱਚ ਲਾਉਣ ਵਾਲਾ) ਪਰਮ ਗੁਰੂ (ਵੱਡਾ ਪੀਰ) ਇਸ ਨੂੰ ਜਾਣ (ਅਤੇ) ਇਸੇ ਦਾ ਜੱਸ ਕਰ ।੧।

ਹੇ ਮੁੱਲਾਂ ! ਇਕ (ਗਲ ਸੁਣ ! ਇਸ ਦੇਹੀ ਰੂਪੀ) ਮਸੀਤ (ਜਿਸ ਨੂੰ) ਦਸ ਦਰਵਾਜੇ (ਲਗੇ ਹੋਏ ਹਨ, ਇਸ) ਵਿਚ (ਟਿਕ ਕੇ ਖ਼ੁਦਾ ਦਾ ਜਸ ਕਰਨਾ ਇਹ) ਬਾਂਗ ਦੇਹ (ਅਤੇ) ਮਨ ਵਿਚ ਅੱਲ੍ਹਾ ਦਾ ਚਿੰਤਨ ਕਰਨਾ ਇਹ ਨਿਮਾਜ਼ (ਅਦਾਅ ਕਰ) ।੧। ਰਹਾਉ ।

(ਹੇ ਮੁੱਲਾਂ! ਊਠ ਤੇ ਬਕਰੇ ਦੀ ਕੁਰਬਾਨੀ ਦੇਣ ਦੀ ਥਾਂ ਆਪਣੇ ਅੰਦਰੋਂ) ਤਾਮਸ ਅਤੇ ਭਰਮ ਦੀ ਜ਼ਿਬਹ ਕਰਕੇ ਕਦੂਰੀ ਦੂਰ ਕਰ (ਭਾਵ ਤਮੋ ਗੁਣ ਕ੍ਰੋਧੀ ਸੁਭਾ, ਭਰਮ-ਭਟਕਣਾ ਅਤੇ ਕਦੂਰਤ) ਨੂੰ ਖ਼ਤਮ ਕਰ (ਕਾਮਾਦਿਕ) ਪੰਜਾਂ ਨੂੰ (ਖ਼ੁਦਾ ਦੀ ਨਿਮਾਜ਼ ਸਮਝ ਕੇ) ਛਕ ਲੈ (ਭਾਵ ਇਸ ਤਰ੍ਹਾਂ ਭੱਛਨ ਕਰ ਫਿਰ ਤੇਰੇ ਅੰਦਰ) ਸ਼ਾਂਤੀ ਪੈਦਾ ਹੋ ਜਾਵੇਗੀ ।੨।

(ਹੇ ਮੁੱਲਾ !) ਹਿੰਦੂ ਤੇ ਮੁਸਲਮਾਨ (ਦੋਹਾਂ) ਦਾ ਸਾਹਿਬ (ਮਾਲਕ) ਇਕ ਹੈ । (ਬਿਨਾਂ ਬੰਦਗੀ ਦੇ) ਮੁੱਲਾ ਕੀ ਕਰ ਸਕਦਾ ਹੈ ਤੇ ਸ਼ੇਖ ਕੀ ਕਰ ਸਕਦਾ ਹੈ? (ਭਾਵ ਸਾਹਿਬ ਦੇ ਦਰਬਾਰ ਵਿਚ ਹਿੰਦੂ ਤੇ ਮੁਸਲਮਾਨ ਦਾ ਕੋਈ ਝਗੜਾ ਨਹੀਂ ਹੈ ਅਤੇ ਨਾ ਹੀ ਉਥੇ ਕੋਈ ਵਖਰਾ ਪਨ ਦੀ ਗੱਲ ਹੈ) ।੩।

ਕਬੀਰ ਜੀ ਆਖਦੇ ਹਨ ਕਿ (ਲੋਕਾਂ ਦੇ ਭਾਣੇ) ਮੈਂ ਕਮਲਾ ਹੋ ਗਿਆ ਹਾਂ (ਪਰ) ਮੈਂ ਮਨ ਮਾਰ ਕੇ ਸਹਜ (ਅਵਸਥਾ) ਵਿਚ ਲੀਨ ਹੋ ਗਿਆ ਹਾਂ ।੪।੪।

## ਅਰਥ ਭੇਦ ਅਤੇ ਨਿਰਨੈ

**ਮੁਸਿ ਮੁਸਿ ਮਨੂਆ ਸਹਜਿ ਸਮਾਨਾ ॥**

ਵਖ ਵਖ ਅਰਥ :

੧. ਜਿਸ ਬੰਦਗੀ ਕਰਤੇ ਕਾ ਮੇਰਾ ਮਨ ਮੁਸਿ ਮੁਸਿ ਅਪਨੈ ਸਭ ਖੋਟੇ ਕਾਮੋ ਕੋ ਅਪਨੇ ਮੇ ਸੇ ਚੁਰਾਯ ਚੁਰਾਯ, ਭਾਵ ਦੂਰ ਕਰ ਮੇਰਾ ਮਨ ਸਹਜਿ, ਅਸਯਤਿ ਰੂਪ ਮੇਂ ਸਮਾਯ ਗਯਾ ਹੈ। [ਨਰੋਤਮ

੨. (ਮੁਸਿ ਮੁਸਿ) ਰੋਕ ਰੋਕ ਮਨ ਕੇ ਤਾਈਂ (ਸਹਜਿ) ਅਫੁਰ ਪਰਮਾਤਮਾ ਮੈਂ ਸਮਾਵਨ ਭਾਵ ਅਭੇਦ ਕੀਆ ਹੈ। [ਫ. ਸ.

੩. ਜਿਬਹ ਕਰਕੇ, ਮਨ ਨੂੰ ਮਾਰ ਕੇ ਸਹਜ ਵਿਚ ਸਮਾ ਗਿਆ ਹਾਂ। [ਸ਼ਬਦਾਰਥ

੪. ਮੁਸਿ ਮੁਸਿ-ਸਹਿਜੇ ਸਹਿਜੇ ਪਰ ਮੇਰਾ ਮਨ ਹੋਲੇ ਹੋਲੇ (ਅੰਦਰਲਾ ਹੱਜ ਕਰਕੇ ਹੀ) ਅਡੋਲ ਅਵਸਥਾ ਵਿਚ ਟਿਕ ਗਿਆ ਹੈ। [ਦਰਪਣ

**ਨਿਰਣੈ :** ਭਾਈ ਸਾਹਿਬ ਕਾਨ੍ਹ ਸਿੰਘ ਜੀ ਨੇ 'ਮੁਸਿ' ਪਦ ਦੇ ਅਰਥ ਪੰਜਾਬੀ ਮਹਾਨ ਕੋਸ਼ ਵਚ ਇਸ ਤਰ੍ਹਾਂ ਕੀਤੇ ਹਨ-ਲੁੱਟ ਕੇ, ਖੋਹ ਕੇ, "ਪਾਂਚਉ ਮੁਸਿ, ਮੁਸਲਾ ਬਿਛਾਵੈ' (ਆਸਾ ਕਬੀਰ) 'ਮਾਇਆ ਚੋਰਟੀ ਮੁਸਿ ਮੁਸਿ ਲਾਵੈ ਹਾਟਿ ॥" (ਸ. ਕਬੀਰ) ੨. ਤੜਫ ਕੇ। 'ਮੁਸਿ ਮੁਸਿ ਰੋਪੈ ਕਬੀਰ ਕੀ ਮਾਈ' (ਗੂਜਰੀ ਕਬੀਰ) ੩. ਜ਼ਿਬਹ ਕਰਕੇ 'ਮੁਸਿ ਮੁਸਿ ਮਨੂਆ ਸਹਜ ਸਮਾਨਾ' (ਭਗਤ ਕਬੀਰ)।

ਸੰਪਰਦਾਈ ਗਯਾਨੀ ਮੁਸਿ ਮੁਸਿ ਦਾ ਅਰਥ ਡੁਸਕ ਡੁਸਕ ਕੇ ਕਰਦੇ ਹਨ।

ਇਥੇ 'ਮੁਸਿ' ਦੇ ਅਰਥ ਚੁਰਾ ਕੇ, ਜਾਂ ਰੋਕ ਕੇ, ਹੌਲੇ ਹੌਲੇ ਕਰਨੇ ਸ਼ਬਦ ਦੇ ਪ੍ਰਕਰਣ ਨਾਲ ਮੇਲ ਨਹੀਂ ਖਾਂਦੇ। ਮਹਾਨ ਕੋਸ਼ ਵਾਲੇ ਅਰਥ ਤੜਫ ਤੜਫ ਕੇ ਭਾਵ ਦੁਖੀ ਹੋ ਕੇ ਠੀਕ ਹਨ। ਉਂਝ ਗਿਆਨੀਆਂ ਦੇ ਅਰਥ ਜੋ ਡੁਸਕ ਡੁਸਕ ਕੇ ਹਨ, ਉਹ ਵਧੇਰੇ ਢੁਕਵੇਂ ਹਨ ਜਿਵੇਂ ਕਿ 'ਮੁਸਿ ਮੁਸਿ ਰੋਵੈ ਕਬੀਰ ਕੀ ਮਾਈ' ਵਿਚ 'ਮੁਸਿ' ਦੇ ਅਰਥ ਡੁਸਕ ਡੁਸਕ ਕੇ ਡਸਕੋਰੇ, ਭਰ ਭਰ ਕੇ ਕਰਨੇ ਹੀ ਹਨ।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਦੀ ਰਹਾਉ ਵਾਲੀ ਪੰਕਤੀ ਮੁਲਾਂ ਨੂੰ ਸੰਬੋਧਿਤ ਹੈ। ਹੇ ਮੁੱਲਾਂ! ਤੂੰ ਆਪਣੇ ਮਨ ਨੂੰ ਮੱਕਾ ਬਣਾ, ਰੱਬ ਦਾ ਘਰ ਤੇਰਾ ਹਿਰਦਾ ਹੈ, ਇਸ ਸਰੀਰ ਦੀ ਚਾਰ ਦੀਵਾਰੀ ਵਿਚ ਤੂੰ ਖ਼ੁਦਾ ਨੂੰ ਸਿਜਦਾ ਕਰ ਕਿਉਂਕਿ ਮਨ ਵਿਚ ਬੋਲਣ ਵਾਲੀ ਪਰਮ ਸ਼ਕਤੀ ਇਹੋ ਹੈ। ਮਨ ਵਿਚ ਚਿੰਤਨ ਕਰ, ਇਹ ਬਾਂਗ ਦੇ:

**ਕਬੀਰ ਮੁਲਾ ਮੁਨਾਰੇ ਕਿਆ ਚਢਹਿ ਸਾਂਈ ਨ ਬਹਿਰਾ ਹੋਇ ॥**
**ਜਾ ਕਾਰਨਿ ਤੂੰ ਬਾਂਗ ਦੇਹਿ, ਦਿਲ ਹੀ ਭੀਤਰਿ ਜੋਇ ॥** [ਪੰਨਾ ੧੩੭੪

ਓਇ ਮੁਲਾਂ ਜਿਹੜੇ ਪਸ਼ੂਆਂ ਦੀ ਕੁਰਬਾਨੀ ਦੇਂਦੇ ਹੋ, ਉਸ ਦੀ ਥਾਂ ਤਾਮਸੀ ਗੁਣ ਭਰਮ, ਅਤੇ ਕਾਮਾਦਿਕਾਂ ਨੂੰ ਭਖ (ਖਾ) ਭਾਵ ਇਨ੍ਹਾਂ ਤੇ ਕਾਬੂ ਪਾ, ਤਾਂ ਤੇਰੇ ਅੰਦਰ ਸਬਰ ਸੰਤੋਖ ਆਦਿ ਦੈਵੀ ਗੁਣ ਟਿਕਣਗੇ।

ਹੇ ਮੁਲਾਂ! ਹਿੰਦੂ ਤੇ ਮੁਸਲਮਾਨ ਦੋਹਾਂ ਦਾ ਸਾਹਿਬ ਇਕ ਹੈ। ਸੋ, ਤੂੰ ਮਜ਼ਬੀ ਝਗੜੇ ਛੱਡ ਕੇ ਭਗਤੀ ਕਰ। ਦੀਨ ਦੇ ਝਗੜੇ-ਝੇੜੇ ਛਡ, ਬੰਦਗੀ ਕਰ। ਮਨ ਵਿਚੋਂ ਕਦੂਰਤ ਦੂਰ ਕਰ, ਦ੍ਵੈਤ-ਭਾਵ ਨੂੰ ਮਾਰ ਦੇ। ਫਿਰ ਤੇਰਾ ਮਨ ਸਹਜ (ਅਫੁਰ ਅਵਸਥਾ) ਵਿਚ ਸਮਾਅ ਜਾਵੇਗਾ। ਬਾਬਾ ਫਰੀਦ ਜੀ ਦੇ ਬਚਨ ਹਨ :

**ਫਰੀਦਾ, ਮਨੁ ਮੈਦਾਨੁ ਕਰਿ ਟੋਏ ਟਿਬੇ ਲਾਹਿ ॥**
**ਅਗੈ ਮੂਲਿ ਨ ਆਵਸੀ, ਦੋਜਕ ਸੰਦੀ ਭਾਹਿ ॥** [ਪੰਨਾ ੧੩੮੧

**ਗੰਗਾ ਕੈ ਸੰਗਿ, ਸਲਿਤਾ ਬਿਗਰੀ ॥ ਸੋ ਸਲਿਤਾ, ਗੰਗਾ ਹੋਇ ਨਿਬਰੀ॥੧॥ ਬਿਗਰਿਓ ਕਬੀਰਾ, ਰਾਮ ਦੁਹਾਈ॥ ਸਾਚੁ ਭਇਓ, ਅਨ ਕਤਹਿ ਨ ਜਾਈ ॥੧॥ ਰਹਾਉ॥ ਚੰਦਨ ਕੈ ਸੰਗਿ, ਤਰਵਰੁ ਬਿਗਰਿਓ॥ ਸੋ ਤਰਵਰੁ, ਚੰਦਨੁ ਹੋਇ ਨਿਬਰਿਓ ॥੨॥ ਪਾਰਸ ਕੈ ਸੰਗਿ, ਤਾਂਬਾ ਬਿਗਰਿਓ॥ ਸੋ ਤਾਂਬਾ, ਕੰਚਨੁ ਹੋਇ ਨਿਬਰਿਓ॥੩॥ ਸੰਤਨ ਸੰਗਿ, ਕਬੀਰਾ ਬਿਗਰਿਓ॥ ਸੋ ਕਬੀਰੁ, ਰਾਮੈ ਹੋਇ ਨਿਬਰਿਓ ॥੪॥੫॥**

## ਉਚਾਰਨ ਸੇਧ

**ਬਿੰਦੀ ਸਹਿਤ :** ਤਾਂਬਾ ।

**ਪਦ ਅਰਥ :** ਸਲਿਤਾ-ਨਦੀ। ਬਿਗਰੀ-ਵਿਗੜ ਗਈ ਭਾਵ ਬਦਲ ਗਈ। ਹੋਇ ਨਿਬਰੀ-ਹੋ ਨਿਬੜੀ ਭਾਵ ਉਸ ਨੇ ਆਪਾਪਨ ਮੁਕਾ ਦਿਤਾ।੧। ਰਾਮ ਦੁਹਾਈ-ਰਾਮ ਦੇ (ਨਾਮ ਦੀ) ਦੁਹਾਈ ਦੇ ਕੇ। ਸਾਚੁ ਭਇਓ-ਸਚ ਰੂਪ ਹੋ ਗਿਆ। ਅਨ ਕਤਹਿ ਨ ਜਾਈ-ਹੋਰ ਕਿਸੇ ਭੀ ਥਾਂ ਤੇ ਨਹੀਂ ਜਾਂਦਾ।੧।ਰਹਾਉ। ਤਰਵਰੁ-ਰੁਖ,ਦਰਖਤ।੨।ਤਾਂਬਾ-ਤਾਂਬਾ(ਧਾਤ ਦਾ ਨਾਮ)। ਕੰਚਨੁ-ਸੋਨਾ।੩।ਰਾਮੈ-ਰਾਮ(ਪਰਮੇਸ਼ਰ) ਨਾਲ।੪।

**ਅਰਥ:** (ਹੇ ਭਾਈ!) ਗੰਗਾ ਦੇ ਨਾਲ ਰਲ ਕੇ (ਸਾਧਾਰਨ) ਨਦੀ ਵਿਗੜੀ (ਬਦਲ ਗਈ ਭਾਵ ਪਵਿਤ੍ਰ ਹੋ ਗਈ)। ਉਹ ਨਦੀ ਗੰਗਾ ਦਾ ਰੂਪ ਹੋ ਨਿਬੜੀ(ਭਾਵ ਉਸ ਨੇ ਆਪਣੀ ਹੋਂਦ ਮੁਕਾ ਦਿਤੀ)।੧।

(ਇਸੇ ਤਰ੍ਹਾਂ) ਰਾਮ ਦੀ ਦੁਹਾਈ ਦੇ ਕੇ (ਭਾਵ ਸਿਮਰਨ ਕਰਕੇ) ਕਬੀਰ ਭੀ ਵਿਗੜ ਗਿਆ ਹੈ (ਭਾਵ ਬਦਲ ਕੇ) ਸਚ ਰੂਪ ਹੋ ਗਿਆ ਹੈ, (ਅਤੇ ਹੁਣ ਰਾਮ ਨੂੰ ਛਡ ਕੇ) ਹੋਰ ਕਿਤੇ ਨਹੀਂ ਜਾਂਦਾ।੧। ਰਹਾਉ।

(ਹੇ ਭਾਈ!) ਚੰਦਨ ਦੇ (ਬੂਟੇ) ਨਾਲ ਲਗ ਕੇ ਸਾਧਾਰਨ ਰੁਖ ਵੀ ਬਦਲ ਗਿਆ ਹੈ ਉਹ ਸਾਧਾਰਨ ਰੁਖ ਚੰਦਨ ਦੀ (ਸੁਗੰਧੀ) ਨਾਲ ਚੰਦਨ ਹੋ ਨਿਬੜਿਆ ਹੈ (ਭਾਵ ਸੁਗੰਧਿਤ ਹੋ ਗਿਆ ਹੈ)।੨।

ਹੇ ਭਾਈ ! ਪਾਰਸ ਦਾ ਸੰਗ ਕਰਕੇ (ਭਾਵ ਪਾਰਸ ਨੂੰ ਛੋਹ ਕੇ) ਤਾਂਬਾ ਵੀ ਬਦਲ ਗਿਆ ਹੈ (ਉਸ ਨੇ ਆਪਣਾ ਰੂਪ ਵਟਾ ਲਿਆ ਹੈ), ਉਹ ਤਾਂਬਾ ਸੋਨਾ ਹੀ ਬਣ ਗਿਆ ਹੈ ।੩।

(ਇਸੇ ਤਰ੍ਹਾਂ) ਸੰਤਾਂ ਦਾ ਸੰਗ ਕਰਕੇ ਕਬੀਰ ਵੀ ਵਿਗੜ ਗਿਆ ਹੈ। ਉਹ ਕਬੀਰ (ਆਪਾ-ਭਾਵ ਮੁਕਾ ਕੇ ਹੁਣ) ਰਾਮ ਰੂਪ ਹੋ ਨਿਬੜਿਆ ਹੈ (ਭਾਵ 'ਰਾਮ ਕਬੀਰਾ ਏਕ ਭਏ ਹੈਂ, ਕੋਇ ਨ ਸਕੈ ਪਛਾਨੀ' ਪੰਨਾ ੯੬੯) ਵਾਲੀ ਹਾਲਤ ਬਣ ਗਈ ਹੈ ।੪।੫।

## ਸਾਰੰਸ਼ ਅਤੇ ਸਿਧਾਂਤ

ਸ਼ਬਦਾਰਥੀ ਵਿਦਵਾਨਾਂ ਨੇ ਇਸ ਦੀ ਜੋ ਸੰਖੇਪ ਰੂਪ ਵਿਚ ਵਿਆਖਿਆ ਕੀਤੀ ਹੈ,ਉਹ ਇਉਂ ਹੈ: 'ਕਬੀਰ ਜੀ ਨੂੰ ਸੰਤਾਂ ਦਾ ਸੰਗ ਕਰਦਿਆਂ ਤੇ ਆਮ ਸੰਸਾਰੀਆਂ ਤੋਂ ਵਖਰੀ ਤਰ੍ਹਾਂ ਦੀ ਜਿੰਦਗੀ ਬਣਾਂਦਿਆਂ ਵੇਖ ਕੇ ਲੋਕ ਉਨ੍ਹਾਂ ਨੂੰ ਵਿਗੜਿਆ ਹੋਇਆ ਕਹਿੰਦੇ ਸਨ। ਕਬੀਰ ਜੀ ਦਸਦੇ ਹਨ ਕਿ ਹਾਂ ਮੈਂ ਇਵੇਂ ਹੀ ਵਿਗੜਿਆ ਹਾਂ ਜਿਵੇਂ ਆਮ ਨਦੀ ਦਾ ਪਾਣੀ ਗੰਗਾ ਨਾਲ ਮਿਲ ਕੇ, ਜਾਂ ਆਮ ਦਰੱਖਤ ਚੰਦਨ ਨਾਲ ਮਿਲ ਕੇ, ਜਾਂ ਤਾਂਬਾ ਪਾਰਸ ਨਾਲ ਮਿਲ ਕੇ ਵਿਗੜ ਜਾਂਦਾ ਹੈ, ਭਾਵ ਇਹ ਵਿਗਾੜ ਨਹੀ? ਬਿਹਤਰੀ ਲਈ ਤਬਦੀਲੀ ਹੈ, ਜਿਸ ਨਾਲ ਮੈਂ ਸੰਗਤ ਦੇ ਰਾਹੀਂ ਹਰੀ ਨਾਲ ਇਕ-ਮਿਕ ਹੋ ਗਿਆ ਹਾਂ'

ਇਸ ਸ਼ਬਦ ਵਿਚ ਸੰਗਤ ਦੇ ਪ੍ਰਭਾਵ ਨੂੰ ਨਿਰੂਪਣ ਕੀਤਾ ਹੈ। ਗੁਰਬਾਣੀ ਵਿਚੋਂ ਸਾਨੂੰ ਅਜਿਹੇ ਹੋਰ ਪ੍ਰਮਾਣ ਮਿਲਦੇ ਹਨ। ਜਿਵੇਂ :

੧. ਜਿਉ ਮੀਹਿ ਵੁਠੈ, ਗਲੀਆ,
ਨਾਲਿਆ ਟੋਭਿਆ ਕਾ ਜਲ ਜਾਇ ਪਵੈ ਵਿਚਿ ਸੁਰਸਰੀ,
ਸੁਰਸਰੀ ਮਿਲਤ ਪਵਿਤ੍ਰੁ ਪਾਵਨ ਹੋਇ ਜਾਵੈ ॥ [ਪੰਨਾ ੮੫੫

੨. ਕਬੀਰ ਚੰਦਨ ਕਾ ਬਿਰਵਾ ਭਲਾ ਬੇੜਿਓ ਢਾਕ ਪਲਾਸ ॥
ਓਇ ਭੀ ਚੰਦਨੁ ਹੋਇ ਰਹੇ, ਬਸੇ ਜੁ ਚੰਦਨ ਪਾਸਿ ॥ [ਪੰਨਾ ੧੩੬੫

੩. ਕਬੀਰ ਪਾਰਸ ਚੰਦਨੈ ਤਿਨ ਹੈ ਏਕ ਸੁਗੰਧ ॥
ਤਿਹ ਮਿਲਿ ਤੇਊ ਊਤਮ ਭਏ, ਲੋਹ ਕਾਠ ਨਿਰਗੰਧ ॥ [ਪੰਨਾ ੧੩੬੮

ਸਿਧਾਂਤ ਤਾਂ ਆਪਾ-ਭਾਵ ਮਿਟਾ ਕੇ ਇਕ ਵਿਚ ਸਮਾਉਣ ਦਾ ਹੈ :–

ਰਾਮ ਕਬੀਰਾ ਏਕ ਭਏ ਹੈ, ਕੋਊ ਨ ਸਕੈ ਪਛਾਨੀ ॥ [ਪੰਨਾ ੯੬੯

ਭਾਈ ਸਾਹਿਬ ਗੁਰਦਾਸ ਜੀ ਨੇ ਵੀ ਇਸ ਤਰ੍ਹਾਂ ਦੇ ਹੀ ਪ੍ਰਮਾਣ ਦਿਤੇ ਹਨ :–

ਜਿਉ ਲੋਹਾ ਪਾਰਸ ਛੁਹੇ, ਚੰਦਨ ਵਾਸ ਨਿੰਮ ਮਹਿਕਾਈ ॥
ਪਸ਼ੂ ਪਰੇਤਹੁੰ ਦੇਵ ਕਰ, ਪੂਰੇ ਸਤਿਗੁਰ ਕੀ ਵਡਿਆਈ ॥
ਅਚਰਜ ਨੋ ਅਚਰਜ ਮਿਲੈ, ਵਿਸਮਾਦੇ ਵਿਸਮਾਦ ਮਿਲਾਈ ॥
ਝਰਨਾ ਝਰਦਾ ਨਿਝਰਹੁੰ, ਗੁਰਮੁਖ ਬਾਣੀ ਅਘੜ ਘੜਾਈ ॥
ਰਾਮ ਕਬੀਰੈ ਭੇਦ ਨ ਭਾਈ ॥ [ਵਾਰ ੧੦-੧੫

**ਮਾਥੈ ਤਿਲਕੁ, ਹਥਿ ਮਾਲਾ ਬਾਨਾਂ ॥ ਲੋਗਨ, ਰਾਮੁ ਖਿਲਉਨਾ ਜਾਨਾਂ ॥੧॥ ਜਉ ਹਉ ਬਉਰਾ, ਤਉ ਰਾਮ ਤੋਰਾ ॥ ਲੋਗੁ, ਮਰਮੁ ਕਹ ਜਾਨੈ ਮੋਰਾ ॥੧॥ ਰਹਾਉ ॥ ਤੋਰਉ ਨ ਪਾਤੀ, ਪੂਜਉ ਨ ਦੇਵਾ ॥ ਰਾਮ ਭਗਤਿ ਬਿਨੁ, ਨਿਹਫਲ ਸੇਵਾ ॥੨॥ ਸਤਿਗੁਰੁ ਪੂਜਉ, ਸਦਾ ਸਦਾ ਮਨਾਵਉ ॥ ਐਸੀ ਸੇਵ, ਦਰਗਹ ਸੁਖੁ ਪਾਵਉ ॥੩॥**

**ਲੋਗੁ ਕਹੈ, ਕਬੀਰੁ ਬਉਰਾਨਾ ॥ ਕਬੀਰ ਕਾ ਮਰਮੁ, ਰਾਮ ਪਹਿਚਾਨਾਂ ॥੪॥੬॥**

## ਉਚਾਰਨ ਸੇਧ

**ਬਿੰਦੀ ਸਹਿਤ** : ਹਉਂ, ਤੋਰਉਂ, ਪੂਜਉਂ, ਮਨਾਵਉਂ ।

**ਪਦ ਅਰਥ** : ਮਾਥੈ-ਮੱਥੇ ਉਤੇ । ਤਿਲਕੁ-ਕੇਸਰ ਦਾ ਟਿੱਕਾ । ਹਥਿ-ਹਥ ਵਿਚ । ਮਾਲਾ-ਸਿਮਰਨਾ । ਬਾਨਾਂ-ਬਾਣਾ । ਲੋਗਨ-ਲੋਕਾਂ ਨੇ । ਖਿਲਾਉਨਾ-ਖਿਡੌਣਾ । ਜਾਨਾਂ-ਜਾਣਿਆ, ਸਮਝਿਆ ਹੈ ।੧। ਜਉ-ਜੇ । ਹਉ-ਮੈਂ । ਬਉਰਾ-ਕਮਲਾ । ਤੋਰਾ-ਤੇਰਾ । ਮਰਮੁ-ਭੇਤ । ਕਹ ਜਾਨੈ-ਕੀ ਜਾਣਦਾ ਹੈ ? । ਮੋਰਾ-ਮੇਰਾ ।੧ਰਹਾਉ। ਤੋਰਉ ਨ ਪਾਤੀ-ਮੈਂ ਪਤੇ ਨਹੀਂ ਤੋੜਦਾ । ਪੂਜਉ ਨ ਦੇਵਾ-ਨ ਦੇਵਤੇ ਪੂਜਦਾ ਹਾਂ । ਭਗਤਿ-ਭਗਤੀ । ਨਿਹਫਲ-ਨਿਸਫਲ, ਵਿਅਰਥ ।੨। ਮਨਾਵਉ-ਮੈਂ ਮਨਾਂਦਾ ਹਾਂ । ਸੁਖੁ ਪਾਵਉ-ਸੁਖ ਪਾਵਾਂਗਾ ।੩। ਬਉਰਾਨਾ-ਬਉਰਾ, ਪਾਗਲ । ਪਹਚਾਨਾ-ਪਛਾਣਿਆ, ਜਾਣਿਆ ।੪।

**ਅਰਥ** : (ਪਖੰਡੀਆਂ ਦਾ ਪਾਜ ਖੋਲਦੇ ਹੋਏ ਕਬੀਰ ਜੀ ਫੁਰਮਾਉਂਦੇ ਹਨ ਕਿ) ਮੱਥੇ ਤੇ ਤਿਲਕ (ਭਾਵ ਟਿਕਾ ਲਾ ਲਿਆ), ਹਥ ਵਿਚ ਮਾਲਾ (ਫੜ ਲਈ ਅਤੇ ਸਾਧੂਆਂ ਵਾਲਾ) ਬਾਣਾ ਪਾ ਲਿਆ (ਇਸ ਤਰ੍ਹਾਂ)ਲੋਕਾਂ ਨੇ ਪਰਮਾਤਮਾ ਨੂੰ(ਬਚਿਆਂ ਦਾ ਇਕ)ਖਿਡੌਣਾ(ਭਾਵ ਮਖ਼ੌਲ ਹੀ)ਸਮਝ ਲਿਆ ਹੈ।੧।

(ਕਬੀਰ ਜੀ ਨੇ ਜਦੋਂ ਅਜਿਹੀ ਗਲ ਕਹੀ ਤਾਂ ਲੋਕ ਕਹਿਣ ਲਗੇ ਕਬੀਰ ਤਾਂ ਪਾਗਲ ਹੋ ਗਿਆ ਹੈ, ਉਸ ਭਾਵ ਨੂੰ ਮੁਖ ਰਖ ਕੇ ਲੋਕਾਂ ਦੇ ਭਾਵ ਵਿਚ ਆਪਣੇ ਰਾਮ ਨਾਲ ਗਲਾਂ ਕਰਦੇ ਹੋਏ ਆਖਦੇ ਹਨ) ਹੇ ਰਾਮ ! (ਜੇ) ਮੈਂ ਬਉਰਾ (ਕਮਲਾ) ਹਾਂ ਤਾਂ ਵੀ ਤੇਰਾ ਹੀ ਹਾਂ । ਲੋਕਾਂ ਦਾ (ਸਮੂਹ) ਮੇਰੇ ਦਿਲ ਦਾ ਕੀ ਭੇਦ ਜਾਣ ਸਕਦਾ ਹੈ? (ਭਾਵ ਨਹੀਂ ਜਾਣਦਾ)।੧ਰਹਾਉ ।

(ਹੇ ਲੋਕੋ !) ਮੈਂ (ਠਾਕੁਰਾਂ ਦੀ ਭੇਟਾ ਕਰਨ ਲਈ) ਨਾ ਪੱਤਰ ਤੇ (ਨਾ ਫਲ) ਤੋੜਦਾ ਹਾਂ, ਨਾ ਕਿਸੇ ਦੇਵਤੇ ਨੂੰ ਪੂਜਦਾ ਹਾਂ । ਪਰਮਾਤਮਾ ਦੀ ਭਗਤੀ ਤੋਂ ਬਿਨਾ (ਮੈਂ ਹਰ ਪ੍ਰਕਾਰ ਦੀ) ਸੇਵਾ ਨਿਸਫਲ (ਵਿਅਰਥ ਹੀ ਸਮਝਦਾ ਹਾਂ)।੨।

(ਹੇ ਲੋਕੋ !) ਮੈਂ ਆਪਣੇ ਸਤਿਗੁਰੂ ਨੂੰ ਪੂਜਦਾ ਹਾਂ (ਅਤੇ) ਸਦਾ ਹੀ (ਉਸ ਨੂੰ) ਪ੍ਰਸੰਨ ਕਰਦਾ ਹਾਂ ਇਹੋ ਜਿਹੀ ਸੇਵਾ ਕਰਕੇ (ਮੈਂ ਪਰਮੇਸ਼ਰ ਦੀ) ਦਰਗਾਹ ਵਿਚ ਸੁਖ ਪਾਵਾਂਗਾ ।੩।

ਲੋਗ ਆਖਦਾ ਹੈ ਕਿ ਕਬੀਰ ਪਾਗਲ ਹੋ ਗਿਆ ਹੈ (ਕਿਉਂਕਿ ਇਹ ਨਾ ਮੰਦਰ ਵਿਚ ਜਾਂਦਾ ਹੈ, ਨਾ ਦੇਵਤਿਆਂ ਅਗੇ ਪਤੇ ਤੇ ਫੂਲ ਭੇਟਾ ਕਰਕੇ ਪੂਜਾ ਕਰਦਾ ਹੈ, ਪਰ) ਕਬੀਰ ਦਾ (ਅੰਦਰਲਾ) ਭੇਦ ਪਰਮਾਤਮਾ ਜਾਣਦਾ ਹੈ ।੪।੬।

## ਸਾਰੰਸ਼ ਅਤੇ ਸਿਧਾਂਤ

ਕਬੀਰ ਜੀ ਦੀ ਜੀਵਨ ਕ੍ਰਿਆ ਪੰਡਤਾਂ ਤੇ ਮੋਲਾਣਿਆਂ ਦੇ ਬਿਲਕੁਲ ਉਲਟ ਸੀ ਕਿਉਂਕਿ ਭਗਤ ਜੀ ਨਾ ਵਰਤ ਰਖਦੇ ਸਨ ਨਾ ਰੋਜ਼ੇ, ਨਾ ਹਜ ਕਰਨ ਲਈ ਕਾਬੇ ਜਾਣਾ, ਨਾ ਦੇਵੀ ਦੇਵਤਿਆਂ ਦੀ ਪੂਜਾ ਕਰਨ ਲਈ ਤੀਰਥਾਂ ਤੇ ਜਾਣਾ । ਲੋਕ ਰੀਤਾਂ ਨੂੰ ਛਡ ਕੇ ਨਿਰੋਲ ਰਾਮ ਨਾਮ ਵਿਚ ਲਗਣ ਕਰਕੇ

ਲੋਕ ਕਬੀਰ ਜੀ ਨੂੰ ਬਉਰਾ ਸ਼ੁਦਾਈ ਕਹਿਣ ਲਗ ਪਏ ਸਨ। ਕਬੀਰ ਜੀ ਨੇ ਜੋ ਉਨ੍ਹਾਂ ਨੂੰ ਉਤਰ ਦਿਤਾ, ਉਸਦਾ ਸੰਖੇਪ ਜਿਹਾ ਹਵਾਲਾ ਇਸ ਸ਼ਬਦ ਵਿਚੋਂ ਮਿਲਦਾ ਹੈ।

ਕਬੀਰ ਜੀ ਉਨ੍ਹਾਂ ਨੂੰ ਵਿਅੰਗਮਈ ਢੰਗ ਨਾਲ ਇਉਂ ਉਤਰ ਦੇਂਦੇ ਹਨ ਕਿ ਬਉਰੇ ਓਹ ਹਨ ਜੋ ਹਰੀ ਨੂੰ ਖਿਡੌਣਾ ਸਮਝ ਕੇ ਉਸ ਨੂੰ ਪ੍ਰਸੰਨ ਕਰਨ ਲਈ ਮਥੇ ਤੇ ਤਿਲਕ ਲਾ ਰਹੇ ਹਨ, ਹਥ ਵਿਚ ਤੁਲਸੀ ਦੀ ਮਾਲਾ ਫੜੀ ਰਖਦੇ ਹਨ, ਪੁਜਾਰੀ ਲੋਕ ਮੂਰਤੀ ਪੂਜਾ ਆਦਿ ਭਰਮ-ਕਰਮਾਂ ਵਿਚ ਲੋਕਾਂ ਨੂੰ ਪਾ ਕੇ, ਉਨ੍ਹਾਂ ਤੋਂ ਪੈਸੇ ਠਗਦੇ ਫਿਰਦੇ ਹਨ। ਇਹ ਤਾਂ ਨਕਲਈਆਂ, ਭੰਡਾਂ ਤੇ ਬਹੁਰੂਪੀਆਂ ਦਾ ਕੰਮ ਹੈ ਜੋ ਪੰਡਿਤ ਕਰ ਰਹੇ ਹਨ।

ਭਗਤ ਜੀ ਇਹਨਾਂ ਪਖੰਡੀਆਂ ਵਲੋਂ ਮੂੰਹ ਮੋੜ ਕੇ ਪਰਮੇਸ਼ਰ ਦੇ ਸਨਮੁਖ ਹੋ ਕੇ ਆਖਦੇ ਹਨ :

**ਜਉ ਹਉ ਬਉਰਾ, ਤਉ ਰਾਮ ਤੋਰਾ ॥**

ਹੇ ਪ੍ਰਭੂ ! ਜੇ ਮੈਂ ਕਮਲਾ ਹਾਂ ਤਾਂ ਭੀ ਤੇਰਾ ਹਾਂ, ਕਿਸੇ ਹੋਰ ਦਾ ਤਾਂ ਨਹੀਂ। ਇਹ ਠੱਗ ਲੋਗ ਇਸ ਭੇਦ ਨੂੰ ਨਹੀਂ ਸਮਝ ਸਕਦੇ।

ਭਗਤ ਜੀ ਦੀ ਦ੍ਰਿੜਤਾ ਵਲ ਵੇਖੋ। ਆਪ ਆਖਦੇ ਹਨ ਕਿ ਲੋਕ ਬੇਸ਼ਕ ਮੈਨੂੰ ਬਉਰਾ ਕਹੀ ਜਾਣ ਪਰ ਮੈਂ ਇਨ੍ਹਾਂ ਦਾ ਪਿਛਲਗ ਨਹੀਂ ਬਣਦਾ। ਇਹਨਾਂ ਦੇ ਕਹੇ ਤੇ ਨਾ ਮੈਂ ਤੁਲਸੀ ਦੇ ਪਤੇ ਤੋੜਦਾ ਹਾਂ, ਨਾ ਹੀ ਪਥਰਾਂ ਦੀ ਪੂਜਾ ਕਰਦਾ ਹਾਂ, ਮੈਂ ਤਾਂ ਆਪਣੇ ਗੁਰੂ ਦੀ ਸੇਵਾ ਕਰਾਂਗਾ, ਪੂਜਾ ਕਰਾਂਗਾ, ਜਿਸ ਦੇ ਫਲਸਰੂਪ ਨਾਮ ਜਪਦਾ ਜਪਦਾ ਰਬੀ-ਦਰਗਾਹ ਵਿਚ ਜਾ ਪਹੁੰਚਾਂਗਾ।

ਲੋਕ ਭਾਵੇਂ ਕੁਝ ਕਹੀ ਜਾਏ, ਕਬੀਰ ਆਪਣੇ ਨਿਸ਼ਾਨੇ ਤੋਂ ਡੋਲੇ ਨਹੀਂ। ਬਸ ਇਸ ਦ੍ਰਿੜਤਾ ਦਾ ਨਾਮ ਹੈ ਪ੍ਰੇਮਾ-ਭਗਤੀ। ਸੋ ਸਿਧਾਂਤ ਇਹ ਹੈ :-

**ਸਤਿਗੁਰੁ ਪੂਜਉ ਸਦਾ ਸਦਾ ਮਨਾਵਉ ॥ ਐਸੀ ਸੇਵ ਦਰਗਹ ਸੁਖ ਪਾਵਉ ॥**

ਗੁਰਬਾਣੀ ਵਿਚ ਇਸੇ ਸਿਧਾਂਤ ਨੂੰ ਦ੍ਰਿੜ ਕਰਾਇਆ ਗਿਆ ਹੈ :

**ਜੋ ਗੁਰ ਕਉ ਜਨੁ ਪੂਜੇ ਸੇਵੇ, ਸੋ ਜਨੁ ਮੇਰੇ ਹਰਿ ਪ੍ਰਭ ਭਾਵੈ ॥**

**ਹਰਿ ਕੀ ਸੇਵਾ ਸਤਿਗੁਰੁ ਪੂਜਹੁ, ਕਰਿ ਕਿਰਪਾ ਆਪਿ ਤਰਾਵੈ ॥** [ਪੰਨਾ ੧੨੬੪

**ਉਲਟਿ, ਜਾਤਿ ਕੁਲ ਦੋਊ ਬਿਸਾਰੀ ॥ ਸੁੰਨ ਸਹਜ ਮਹਿ ਬੁਨਤ ਹਮਾਰੀ ॥੧॥ ਹਮਰਾ ਝਗਰਾ ਰਹਾ ਨ ਕੋਊ ॥ ਪੰਡਿਤ ਮੁਲਾਂ ਛਾਡੇ ਦੋਊ ॥੧॥ ਰਹਾਉ ॥ ਬੁਨਿ ਬੁਨਿ ਆਪ, ਆਪੁ ਪਹਿਰਾਵਉ ॥ ਜਹ ਨਹੀ ਆਪੁ, ਤਹਾ ਹੋਇ ਗਾਵਉ ॥੨॥ ਪੰਡਿਤ ਮੁਲਾਂ, ਜੋ ਲਿਖਿ ਦੀਆ ॥ ਛਾਡਿ ਚਲੇ, ਹਮ ਕਛੂ ਨ ਲੀਆ ॥੩॥ ਰਿਦੈ ਇਖਲਾਸੁ, ਨਿਰਖਿ ਲੇ ਮੀਰਾ ॥ ਆਪੁ ਖੋਜਿ ਖੋਜਿ, ਮਿਲੇ ਕਬੀਰਾ ॥੪॥੭॥**

## ਉਚਾਰਨ ਸੇਧ

**ਬਿੰਦੀ ਸਹਿਤ :** ਮਹਿਂ, ਪਹਿਰਾਵਉਂ, ਜਹਂ, ਨਹੀਂ, ਤਹਾਂ, ਗਾਵਉਂ।

**ਨੋਟ :** ਆਮ ਪ੍ਰੇਮੀ ਤੇ ਪਾਠੀ 'ਰਹਾ' ਨੂੰ 'ਰਾਹ' ਹੀ ਪੜ੍ਹ ਜਾਂਦੇ ਹਨ, ਸ਼ੁੱਧ ਉਚਾਰਨ ਵਲ ਘਟ ਹੀ ਧਿਆਨ ਦਿੰਦੇ ਹਨ।

**ਪਦ ਅਰਥ :** ਉਲਟਿ-ਉਲਟ ਕੇ, ਉਲਟੀ ਹੋਈ। ਬਿਸਾਰੀ-ਵਿਸਾਰ ਦਿਤੀ ਹੈ। ਸੁੰਨ ਸਹਜ ਮਹਿ-ਅਫੁਰ ਤੇ ਅਡੋਲ ਅਵਸਥਾ ਵਿਚ। ਬੁਨਤ-ਤਾਣੀ ਭਾਵ ਮਨ ਦੀ ਲਗਨ।੧। ਰਹਾ ਨ ਕੋਊ-ਕੋਈ ਨਹੀਂ ਰਿਹਾ।੧।ਰਹਾਉ। ਬੁਨਿ ਬੁਨਿ-ਉਣ ਉਣ ਕੇ। ਆਪੁ ਪਹਿਰਾਵਉ-ਆਪਣੇ ਆਪ ਨੂੰ ਪਹਿਨਾਉਂਦਾ ਹਾਂ। ਜਹ ਨਹੀਂ ਆਪੁ-ਜਿਥੇ ਆਪਾ-ਪਨ ਨਹੀਂ। ਤਹਾ ਹੋਇ-ਉਸ (ਅਵਸਥਾ ਵਿਚ) ਹੋ ਕੇ। ਗਾਵਉ-ਮੈਂ ਗਾਉਂਦਾ ਹਾਂ।੨। ਜੋ ਲਿਖਿ ਦੀਆ-ਜੋ ਲਿਖ ਕੇ (ਮੈਨੂੰ ਅਮਲ ਕਰਨ ਲਈ ਦਿਤਾ)।੩। ਰਿਦੈ-ਹਿਰਦੇ ਵਿਚ। ਇਖਲਾਸੁ-ਖਾਲਿਸ ਹੋਣ ਦਾ ਭਾਵ ਸ਼ੁੱਧ, ਪਵਿੱਤਰ। ਨਿਰਖਿ ਲੇ-ਵੇਖ ਲੈ। ਮੀਰਾ-ਬਾਦਸ਼ਾਹ ਭਾਵ ਪਰਮਾਤਮਾ।੪।

**ਅਰਥ :** (ਹੇ ਭਾਈ ! ਅਸੀਂ ਸੰਸਾਰ ਵਲੋਂ ਬਿਰਤੀ) ਉਲਟਾ ਕੇ ਜ਼ਾਤ ਅਤੇ ਕੁਲ ਦੋਹਾਂ ਦੀ (ਵਡਿਆਈ ਮਨੋਂ) ਭੁਲਾ ਦਿਤੀ ਹੈ। (ਹੁਣ ਸਾਡੀ ਬਿਰਤੀ) ਅਫੁਰ ਤੇ ਅਡੋਲ ਅਵਸਥਾ ਵਿਚ ਟਿਕ ਗਈ ਹੈ (ਜਿਥੇ ਨੀਚ ਊਚ ਦੀ ਕੋਈ ਕਥਾ ਕਹਾਣੀ ਨਹੀਂ ਹੈ)।੧।

(ਹੇ ਭਾਈ ! ਅਸਾਂ) ਪੰਡਿਤ ਤੇ ਮੁਲਾਂ (ਜੋ ਸ਼ਰ੍ਹਾਂ ਤੇ ਕਰਮਕਾਂਡਾਂ ਦੇ ਝਗਿੜਿਆਂ ਵਿਚ ਫਸੇ ਹੋਏ ਹਨ) ਦੋਵੇਂ ਹੀ ਛਡ ਦਿਤੇ ਹਨ (ਭਾਵ ਇਹਨਾਂ ਨਾਲੋਂ ਨਾਤਾ ਤੋੜ ਲਿਆ ਹੈ, ਇਸ ਲਈ ਹੁਣ) ਸਾਡਾ ਕੋਈ (ਕਿਸੇ ਪ੍ਰਕਾਰ ਦਾ) ਝਗੜਾ ਨਹੀਂ ਰਿਹਾ।੧। ਰਹਾਉ।

(ਹੇ ਭਾਈ ! ਉਲਟੀ ਹੋਈ ਬਿਰਤੀ ਨਾਲ ਸੁਰਤਿ ਰੂਪੀ ਤਾਣੀ) ਉਣ ਉਣ ਕੇ ਮੈਂ ਆਪਣੇ ਆਪ ਨੂੰ (ਕਪੜੇ) ਪਹਿਨਾਉਂਦਾ ਹਾਂ। ਜਿਥੇ ਆਪਾ-ਭਾਵ ਨਹੀਂ ਮੈਂ ਉਥੇ (ਟਿਕੇ) ਹੋਏ (ਵਾਤਾਵਰਨ ਵਿਚ ਪਰਮੇਸ਼ਰ ਦੇ) ਗੁਣ ਗਾਉਂਦਾ ਹਾਂ।੨।

(ਹੇ ਭਾਈ !) ਪੰਡਿਤ ਤੇ ਮੁੱਲਾਂ ਨੇ ਜੋ ਲਿਖ ਕੇ ਦਿਤਾ ਸੀ (ਉਹ ਅਸੀਂ ਸਭ ਕੁਝ) ਛਡ ਚਲੇ ਹਾਂ, ਅਸਾਂ (ਉਨ੍ਹਾਂ ਦਾ ਕੋਈ ਉਪਦੇਸ਼) ਨਹੀਂ ਲਿਆ।੩।

(ਹੇ ਭਾਈ !) ਜੇ ਹਿਰਦੇ ਵਿਚ ਪਵਿਤਰਤਾ (ਸ਼ੁੱਧਤਾ ਹੈ ਤਾਂ) ਪ੍ਰਭੂ ਦਾ ਦੀਦਾਰ ਵੇਖ ਲੈ। (ਪਰ ਸ਼ਰ੍ਹਾ ਤੇ ਕਰਮ ਕਾਂਡਾਂ ਵਿਚ ਖਚਿਤ ਹੋਇਆਂ ਕੁਝ ਨਹੀਂ ਬਣਦਾ, ਜਿਤਨੇ ਵੀ ਪ੍ਰਭੂ ਦੇ ਅਨੁਆਈ ਹੋਏ ਹਨ ਉਹ) ਆਪਾ (ਭਾਵ ਨਿਜ ਘਰ) ਖੋਜ ਖੋਜ ਕੇ ਹੀ (ਉਸ ਪ੍ਰਭੂ ਨੂੰ) ਮਿਲੇ ਹਨ।੪।੭।

## ਸਾਰੰਸ਼ ਅਤੇ ਸਿਧਾਂਤ

ਭਗਤ ਜੀ ਹਿੰਦੂਆਂ ਤੇ ਮੁਸਲਮਾਨਾਂ ਦੇ ਤੌਰ ਤਰੀਕੇ ਛਡ ਕੇ, ਕੁਲ ਤੇ ਜਾਤ ਦੇ ਝੰਝਟ ਵਿਸਾਰ ਕੇ ਅਫੁਰ ਸਰੂਪ ਵਿਚ ਟਿਕ ਕੇ ਨਾਮ-ਸਿਮਰਨ ਦੀ ਤਾਣੀ ਬੁਣ ਰਹੇ ਹਨ। ਹੋਰ ਕਰਮ ਕਾਂਡਾਂ ਦਾ ਹਰ ਪ੍ਰਕਾਰ ਦਾ ਭੇਦ ਭਾਵ ਮਿਟਾ ਬੈਠੇ ਹਨ। ਇਸ ਤਰ੍ਹਾਂ ਹਿੰਦੂਆਂ ਤੇ ਮੁਸਲਮਾਨਾਂ ਦੋਹਾਂ ਫ਼ਿਰਕਿਆਂ ਦੇ ਝਗੜਾਲੂ ਆਗੂਆਂ ਨਾਲੋਂ ਆਪਣਾ ਸੰਪਰਕ ਤੋੜ ਕੇ ਕਹਿ ਰਹੇ ਹਨ :-

**ਹਮਰਾ ਝਗਰਾ ਰਹਾ ਨ ਕੋਊ ॥ ਪੰਡਿਤ ਮੁਲਾਂ ਛਾਡੇ ਦੋਊ ॥**

ਭਗਤ ਜੀ ਕਹਿੰਦੇ ਹਨ ਕਿ ਜਿਥੇ ਆਪ ਨਹੀਂ ਭਾਵ ਤਿੰਨਾ ਗੁਣਾ ਵਾਲੀ ਤ੍ਰਿਕੁਟੀ ਦਾ ਪਵਾੜਾ ਨਹੀਂ ਮੈਂ ਉਥੇ ਸਹਿਜ-ਅਵਸਥਾ ਵਿਚ ਟਿਕ ਕੇ ਪ੍ਰਭੂ ਦੇ ਗੁਣ ਗਾਉਂਦਾ ਹਾਂ। ਪਰਮੇਸ਼ਰ ਦੇ ਗੁਣ ਗਾਉਣੇ, ਪ੍ਰੇਮ ਵਾਲਾ ਰਸਤਾ ਹੈ।

ਇਹ ਨਿਰਵਿਘਨ ਤੇ ਤੱਤ ਭਗਤੀ ਹੈ। ਭਗਤ ਜੀ ਨੇ ਹਿੰਦੂਆਂ ਤੇ ਮੁਸਲਮਾਨਾਂ ਦੇ ਆਗੂਆਂ ਪਾਸੋਂ ਕੋਈ ਅਗਵਾਈ ਨਹੀਂ ਲਈ। ਉਨ੍ਹਾਂ ਨੇ ਆਪਣੇ ਨਿਰਮਲ ਮਨ ਵਿੱਚ ਹੀ ਪਰਮੇਸ਼ਰ ਦੇ ਦਰਸ਼ਨ ਕੀਤੇ ਹਨ। ਆਖਰੀ ਪੰਕਤੀ ਵਿਚ ਸਿਧਾਂਤ ਵੀ, ਇਹੋ ਹੀ ਨਿਰੂਪਣ ਕੀਤਾ ਹੈ :

**ਰਿਦੈ ਇਖਲਾਸੁ ਨਿਰਖਿ ਲੇ ਮੀਰਾ ॥ ਆਪੁ ਖੋਜਿ ਖੋਜਿ ਮਿਲੇ ਕਬੀਰਾ ॥**

ਸੋ, ਲੋੜ ਤਾਂ ਆਪਾ ਚੀਨਣ ਦੀ ਹੈ, ਬਾਕੀ ਸਭ ਫੋਕਟ ਕਰਮ ਹਨ :–

**ਜਿਨਿ ਆਤਮ ਤਤੁ ਨ ਚੀਨਿਆ॥ ਸਭ ਫੋਕਟ ਧਰਮ ਅਬੀਨਿਆ॥** [ਪੰਨਾ ੧੩੫੧

**ਨਿਰਧਨ ਆਦਰੁ ਕੋਈ ਨ ਦੇਇ ॥ ਲਾਖ ਜਤਨ ਕਰੈ, ਓਹੁ ਚਿਤਿ ਨ ਧਰੇਇ ॥੧॥ ਰਹਾਉ ॥ ਜਉ ਨਿਰਧਨੁ, ਸਰਧਨ ਕੈ ਜਾਇ ॥ ਆਗੇ ਬੈਠਾ ਪੀਠਿ ਫਿਰਾਇ ॥੧॥ ਜਉ ਸਰਧਨੁ, ਨਿਰਧਨ ਕੈ ਜਾਇ ॥ ਦੀਆ ਆਦਰੁ, ਲੀਆ ਬੁਲਾਇ ॥੨॥ ਨਿਰਧਨੁ ਸਰਧਨੁ, ਦੋਨਉ ਭਾਈ ॥ ਪ੍ਰਭ ਕੀ ਕਲਾ ਨ ਮੇਟੀ ਜਾਈ ॥੩॥ ਕਹਿ ਕਬੀਰ, ਨਿਰਧਨੁ ਹੈ ਸੋਈ ॥ ਜਾ ਕੇ ਹਿਰਦੈ ਨਾਮੁ ਨ ਹੋਈ ॥੪॥੮॥**

**ਪਦ ਅਰਥ :** ਨਿਰਧਨ-ਧਨਹੀਨ, ਗਰੀਬ। ਆਦਰੁ-ਇਜ਼ਤ, ਸਤਿਕਾਰ। ਓਹੁ-ਧਨਵਾਨ (ਮਨੁੱਖ) ਚਿਤਿ ਨ ਧਰੇਇ-ਚਿਤ ਵਿਚ ਨਹੀਂ ਲਿਆਉਂਦਾ। ਉਧਰ ਨਿਗਾਹ ਹੀ ਨਹੀਂ ਕਰਦਾ।੧। ਰਹਾਉ। ਜਉ-ਜੇ। ਸਰਧਨ ਕੈ-ਅਮੀਰ, ਧਨੀ ਦੇ ਪਾਸ। ਪੀਠਿ ਫਿਰਾਇ-ਪਿੱਠ ਮੋੜ ਲੈਂਦਾ ਹੈ।੧। ਭਾਈ-ਭਰਾ। ਕਲਾ-ਅਸਚਰਜ ਕੌਤਕ ਸ਼ਕਤੀ। ਨ ਮੇਟੀ ਜਾਈ-ਖ਼ਤਮ ਨਹੀਂ ਕੀਤੀ ਜਾ ਸਕਦੀ।੩।

**ਅਰਥ :** (ਹੇ ਭਾਈ ! ਸੰਸਾਰ ਵਿਚ) ਧਨ-ਹੀਣ (ਮਨੁੱਖ) ਨੂੰ ਕੋਈ ਅਦਾਰ ਮਾਣ ਨਹੀਂ ਦੇਂਦਾ (ਭਾਵ 'ਜੀ ਆਇਆਂ' ਕੋਈ ਨਹੀਂ ਆਖਦਾ)। (ਧਨ-ਹੀਣ ਮਨੁੱਖ ਧਨਵਾਨ ਨੂੰ ਪ੍ਰਸੰਨ ਕਰਨ ਲਈ ਭਾਵੇਂ) ਲਖ ਜਤਨ (ਉਪਰਾਲੇ ਪਿਆ) ਕਰੇ, ਉਹ (ਧਨਵਾਨ ਪੁਰਸ਼ ਉਸ ਦੇ ਜਤਨ ਨੂੰ ਆਪਣੇ) ਚਿਤ ਵਿਚ (ਕੋਈ ਥਾਂ) ਨਹੀਂ ਦੇਂਦਾ (ਭਾਵ ਉਸ ਵਲ ਵੇਖਦਾ ਹੀ ਨਹੀਂ, ਉਸ ਦੀ ਰਤਾ ਭਰ ਵੀ ਪਰਵਾਹ ਨਹੀਂ ਕਰਦਾ)।੧।

(ਹੇ ਭਾਈ !) ਜੇ ਧਨਹੀਣ (ਗਰੀਬ ਮਨੁੱਖ) ਧਨਵਾਨ (ਪੁਰਸ਼) ਪਾਸ ਜਾਵੇ (ਤਾਂ ਉਹ ਧਨਵਾਨ ਪੁਰਸ਼) ਅਗੇ ਬੈਠਾ ਹੋਇਆ (ਆਪਣੀ) ਪਿੱਠ ਹੀ ਫੇਰ ਦਿੰਦਾ ਹੈ।੧।

ਜੇ ਧਨਵਾਨ (ਪੁਰਸ਼) ਧਨ-ਹੀਣ ਪੁਰਸ਼ ਦੇ ਪਾਸ ਜਾਵੇ (ਤਾਂ ਉਸ ਨੇ ਧਨਵਾਨ ਪੁਰਸ਼ ਨੂੰ ਘਰ ਆਣ ਤੇ) ਬੁਲਾ ਲਿਆ ਤੇ ਆਦਰ (ਸਤਿਕਾਰ) ਦਿੱਤਾ।੨।

(ਜੇ ਸੋਚਿਆ ਜਾਵੇ ਤਾਂ) ਧਨਵਾਨ ਤੇ ਧਨ ਹੀਣ ਦੋਵੇਂ ਹੀ ਭਰਾ ਹਨ। (ਪਰ ਅਮੀਰ ਤੇ

ਗਰੀਬ) ਪਰਮਾਤਮਾ ਦੀ (ਹੀ ਇਕ ਅਸਚਰਜ) ਕਲਾ (ਖੇਡ) ਹੈ (ਜੋ ਕਿਸੇ ਤੋਂ ਵੀ) ਮੇਟੀ ਨਹੀਂ ਜਾ ਸਕਦੀ ।੩।

ਕਬੀਰ ਜੀ ਆਖਦੇ ਹਨ ਕਿ (ਹੇ ਭਾਈ! ਯਥਾਰਥ ਗੱਲ ਇਹ ਹੈ ਕਿ) ਉਹ (ਮਨੁੱਖ) ਧਨਹੀਣ ਹੈ। ਜਿਸ ਦੇ ਹਿਰਦੇ ਵਿਚ (ਪਰਮਾਤਮਾ ਦਾ) ਨਾਮ ਨਹੀਂ ਹੁੰਦਾ। ੪।੮।

## ਅਰਥ ਭੇਦ ਅਤੇ ਨਿਰਣੈ

**ਪ੍ਰਭ ਕੀ ਕਲਾ ਨ ਮੇਟੀ ਜਾਈ ॥**

ਵਖ ਵਖ ਅਰਥ :

੧. ਵਾਹਿਗੁਰੂ ਦੀ ਸ਼ਕਤੀ ਨਹੀਂ ਮੇਟੀ ਜਾਂਦੀ। [ਗਿ. ਬਿਸ਼ਨ ਸਿੰਘ

੨. ਪ੍ਰਭ ਦੀ ਇਹ ਰਜ਼ਾ (ਜਿਸ ਕਰਕੇ ਕੋਈ ਗਰੀਬ ਰਹਿ ਗਿਆ ਤੇ ਕੋਈ ਧਨੀ ਬਣ ਗਿਆ, ਮਿਟਾਈ ਨਹੀਂ ਜਾ ਸਕਦੀ। [ਦਰਪਣ

**ਨਿਰਣੈ :** ਗੁਰਬਾਣੀ ਅੰਦਰ 'ਕਲਾ' ਪਦ 'ਰਜ਼ਾ' ਦੇ ਅਰਥਾਂ ਵਿਚ ਕਿਤੇ ਨਹੀਂ ਵਰਤਿਆ ਗਿਆ ਅਤੇ ਨਾ ਹੀ ਆਮ ਲੋਕ ਅਜਿਹਾ ਅਰਥ ਵਰਤੋਂ ਵਿਚ ਲਿਆਣਾ ਠੀਕ ਸਮਝਦੇ ਹਨ। 'ਕਲਾ' ਦੇ ਅਰਥ ਸ਼ਕਤੀ ਹਨ ਅਤੇ ਇਸ ਪੰਕਤੀ ਵਿਚ ਭਾਵ ਅਸਚਰਜ ਖੇਡ ਤੋਂ ਹੈ।

## ਸਾਰੰਸ਼ ਅਤੇ ਸਿਧਾਂਤ

ਸੰਸਾਰ ਵਿਚ ਗਰੀਬ ਤੇ ਅਮੀਰ ਦੋਵੇਂ ਹੀ ਮੌਜੂਦ ਹਨ। ਦੁਨੀਆਂ ਵਿਚ ਇਹ ਵਰਤਾਰਾ ਹੈ ਕਿ ਪੈਸੇ ਵਾਲੇ ਦਾ ਆਦਰ ਸਤਿਕਾਰ ਕੀਤਾ ਜਾਂਦਾ ਹੈ ਜਦੋਂ ਕਿ ਗਰੀਬ ਨੂੰ ਕੋਈ 'ਜੀਓ ਆਇਆ' ਨਹੀਂ ਕਹਿੰਦਾ। ਗਰੀਬ ਤੇ ਅਮੀਰ ਦੋਵੇਂ ਹੀ ਪਰਮਾਤਮਾ ਦੇ ਪੈਦਾ ਕੀਤੇ ਹੋਏ ਆਪਸ ਵਿਚ ਭਰਾ ਹੀ ਹਨ, ਪਰ ਇਕ ਨੂੰ ਆਦਰ ਮਿਲਣਾ ਤੇ ਦੂਜੇ ਨੂੰ ਨਿਰਾਦਰ ਮਿਲਣਾ ਇਹ ਵੀ ਪਰਮਾਤਮਾ ਦੀ ਪਰਮ-ਕਲਾ, ਅਗੰਮੀ ਖੇਡ ਹੈ ਜਿਸ ਵਿਚ ਕੋਈ ਜੀਵ ਦਖਲ ਨਹੀਂ ਦੇ ਸਕਦਾ।

ਕਮਿਊਨਿਸਟ ਵਿਚਾਰ ਧਾਰਾ ਵਾਲੇ ਅਤੇ ਪੜ੍ਹੇ ਲਿਖੇ ਨਾਸਤਕ ਵਿਦਵਾਨ ਇਹ ਗਲ ਆਖਦੇ ਹਨ ਕਿ ਗਰੀਬੀ ਤੇ ਅਮੀਰੀ ਪਰਮੇਸ਼ਰ ਦੀ ਬਣਾਈ ਹੋਈ ਨਹੀਂ, ਮਨੁੱਖ ਦੀ ਆਪਣੀ ਬਣਾਈ ਹੋਈ ਹੈ। ਇਹ ਵੀਚਾਰ ਵੀ ਦਿਮਾਗੀ ਪੱਧਰ ਦੇ ਹਨ। ਅਸਲ ਵਿਚ ਗਰੀਬ ਤੇ ਅਮੀਰ ਸਭ ਕਰਮਾਂ ਅਨੁਸਾਰ ਹਨ। ਜੋ ਕੁਝ ਉਨ੍ਹਾਂ ਪੂਰਬਲੇ ਜਨਮਾਂ ਵਿਚ ਬੀਜਿਆ, ਉਸ ਦਾ ਫਲ ਭੋਗ ਰਹੇ ਹਨ।

ਇਕ ਰਾਜੇ ਦੇ ਜਾਂ ਇਕ ਪਿਉ ਦੇ ਕਈ ਪੁਤਰ ਹੁੰਦੇ ਹਨ ਪਰ ਸਾਰਿਆਂ ਦੀ ਹਾਲਤ ਇਕੋ ਜਿਹੀ ਨਹੀਂ ਹੁੰਦੀ, ਸਾਰੇ ਰਾਜ-ਗਦੀ ਦੇ ਵਾਰਸ ਨਹੀਂ ਬਣ ਜਾਂਦੇ। ਕਈ ਵਾਰੀ ਸਭ ਤੋਂ ਵੱਡਾ ਪੁਤਰ ਰਹਿ ਜਾਂਦਾ ਹੈ, ਤੇ ਰਾਜ ਗਦੀ ਸਭ ਤੋਂ ਛੋਟੇ ਨੂੰ ਮਿਲ ਜਾਂਦੀ ਹੈ। ਸੋ ਇਹ ਪਰਮਾਤਮਾ ਦੀ ਇਕ ਅਸਚਰਜ ਖੇਡ ਹੈ।

ਗੁਰਬਾਣੀ ਦੇ ਖੇਤਰ ਵਿਚ ਨਿਰਧਨ ਤੇ ਧਨਵੰਤ ਦੀ ਪਰਿਭਾਸ਼ਾ ਪੈਸਿਆਂ ਦੀ ਗਿਣਤੀ ਨਾਲ

ਨਹੀਂ, ਇਥੋਂ ਦਾ ਮਾਪ ਤੋਲ ਕੇਵਲ 'ਨਾਮ' ਹੈ। ਗੁਰਵਾਕ ਹਨ :--

**੧. ਸੋ ਧਨਵੰਤਾ ਸੋ ਵਡ ਸਾਹਾ ਜੋ ਗੁਰ ਚਰਣੀ ਮਨੁ ਲਾਵਣਿਆ ॥** [ਪੰਨਾ ੧੩੦

**੨. ਸੋ ਧਨਵੰਤਾ ਜਿਸੁ ਬੁਧਿ ਬਿਬੇਕ ॥** [ਪੰਨਾ ੧੧੫੦

**੩. ਨਾਮ ਧਨੁ ਜਿਸੁ ਜਨ ਕੈ ਪਾਲੈ, ਸੋਈ ਪੂਰਾ ਸਾਹੁ ॥** [ਪੰਨਾ ੬੪੦

ਇਸ ਸ਼ਬਦ ਦੇ ਅੰਤ ਵਿਚ ਨਿਰਧਨ ਬਾਰੇ ਇਕੋ ਹੀ ਸੇਧ ਪਰਦਾਨ ਕੀਤੀ ਹੈ :–

**ਕਹਿ ਕਬੀਰ ਨਿਰਧਨੁ ਹੈ ਸੋਈ ॥ ਜਾ ਕੇ ਹਿਰਦੈ ਨਾਮੁ ਨ ਹੋਈ ॥**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੧੦੬੧ ਤੋਂ ਸਾਨੂੰ ਅਜਿਹੀ ਸੇਧ ਮਿਲਦੀ ਹੈ :--

**ਹਰਿਨਾਮ ਬਿਨਾ ਜਗਤ ਹੈ ਨਿਰਧਨ, ਬਿਨੁ ਨਾਵੈ ਤ੍ਰਿਪਤਿ ਨਾਹੀ॥** [ਪੰਨਾ੧੦੬੧

ਸੰਸਾਰੀ ਲੋਕਾਂ ਦੀਆਂ ਨਜ਼ਰਾਂ ਵਿਚ ਕੇਵਲ ਮਾਲ ਧਨ ਤੇ ਬਹੁਤ ਜਾਇਦਾਦ ਵਾਲਾ ਹੀ ਅਮੀਰ ਹੈ ਅਤੇ ਜੋ ਮਾਲਦਾਰ ਨਹੀਂ, ਉਹ ਗਰੀਬ ਹੈ। ਸੋ ਝੂਠੇ ਧਨ ਦਾ ਕਦੇ ਵੀ ਮਾਣ ਨਹੀਂ ਕਰਨਾ ਚਾਹੀਦਾ, ਕਿਉਂਕਿ :–

**ਨਾ ਕੋਊ ਲੈ ਆਇਓ ਇਹੁ ਧਨੁ ਨਾ ਕੋਊ ਲੈ ਜਾਤ ॥**
**ਰਾਵਨ ਹੂੰ ਤੇ ਅਧਿਕ ਛਤ੍ਰਪਤਿ, ਖਿਨ ਮਹਿ ਗਏ ਬਿਲਾਤ ॥** [ਪੰਨਾ ੧੨੫੧

ਜੇ ਇਸ ਵਿਸ਼ੇ ਤੇ ਆਤਮਿਕ-ਵੀਚਾਰ ਕੀਤੀ ਜਾਵੇ ਤਾਂ ਆਦਰ ਤੇ ਨਿਰਾਦਰ ਦਾ ਅਧਾਰ ਮਨੁੱਖ ਦੇ ਆਪਣੇ ਗੁਣ ਔਗੁਣ ਹੁੰਦੇ ਹਨ, ਧੰਨਤਾ ਜਾਂ ਨਿਰਧਨਤਾ ਨਹੀ ਹੁੰਦੀ।

**ਗੁਰ ਸੇਵਾ ਤੇ ਭਗਤਿ ਕਮਾਈ ॥ ਤਬ ਇਹ ਮਾਨਸ ਦੇਹੀ ਪਾਈ ॥ ਇਸ ਦੇਹੀ ਕਉ ਸਿਮਰਹਿ ਦੇਵ ॥ ਸੋ ਦੇਹੀ ਭਜੁ ਹਿਰ ਕੀ ਸੇਵ ॥੧॥ ਭਜਹੁ ਗੋੁਬਿੰਦ, ਭੂਲਿ ਮਤ ਜਾਹੁ ॥ ਮਾਨਸ ਜਨਮ ਕਾ ਏਹੀ ਲਾਹੁ ॥੧॥ ਰਹਾਉ ॥ ਜਬ ਲਗੁ, ਜਰਾ ਰੋਗੁ ਨਹੀ ਆਇਆ ॥ ਜਬ ਲਗੁ, ਕਾਲਿ ਗ੍ਰਸੀ ਨਹੀ ਕਾਇਆ ॥ ਜਬ ਲਗੁ, ਬਿਕਲ ਭਈ ਨਹੀ ਬਾਨੀ ॥ ਭਜਿ ਲੇਹਿ ਰੇ ਮਨ, ਸਾਰਿਗਪਾਨੀ ॥੨॥ ਅਬ ਨ ਭਜਸਿ, ਭਜਸਿ ਕਬ ਭਾਈ ॥ ਆਵੈ ਅੰਤੁ, ਨ ਭਜਿਆ ਜਾਈ ॥ ਜੋ ਕਿਛੁ ਕਰਹਿ, ਸੋਈ ਅਬ ਸਾਰੁ ॥ ਫਿਰਿ ਪਛੁਤਾਹੁ, ਨ ਪਾਵਹੁ ਪਾਰੁ ॥੩॥ ਸੋ ਸੇਵਕੁ, ਜੋ ਲਾਇਆ ਸੇਵ॥ ਤਿਨ ਹੀ ਪਾਏ ਨਿਰੰਜਨ ਦੇਵ ॥ ਗੁਰ ਮਿਲਿ ਤਾ ਕੇ ਖੁਲ੍ਹੇ ਕਪਾਟ ॥ ਬਹੁਰਿ ਨ ਆਵੈ ਜੋਨੀ ਬਾਟ ॥੪॥ ਇਹੀ ਤੇਰਾ ਅਉਸਰੁ, ਇਹ ਤੇਰੀ ਬਾਰ ॥ ਘਟ ਭੀਤਰਿ ਤੂ ਦੇਖੁ ਬਿਚਾਰਿ ॥ ਕਹਤ ਕਬੀਰੁ, ਜੀਤਿ ਕੈ ਹਾਰਿ। ਬਹੁਬਿਧਿ ਕਹਿਓ ਪੁਕਾਰਿ ਪੁਕਾਰਿ॥੫॥੧॥੯॥**

ਉਚਾਰਨ ਸੇਧ

**ਬਿੰਦੀ ਸਹਿਤ** : ਸਿਮਰਹਿੰ, ਨਹੀਂ, ਕਾਇਆਂ, ਕਰਹਿੰ।

**ਫੁਟਕਲ :** 'ਗੋਬਿੰਦ' ਦਾ ਉਚਾਰਨ 'ਗੁਬਿੰਦ' ਕਰਨਾ ਹੈ।

**ਪਦ ਅਰਥ :** ਤੇ-ਤੋਂ। ਭਗਤਿ ਕਮਾਈ-ਭਗਤੀ ਕੀਤੀ ਜਾਵੇ। ਤਬ-ਤਦ ਹੀ। ਮਾਨਸ ਦੇਹੀ-ਮਨੁਖਾ ਦੇਹੀ (ਸਰੀਰ)। ਇਸ ਦੇਹੀ ਕਉ-ਇਸ ਦੇਹੀ ਦੁਆਰਾ। ਭਜੁ-ਭਜਨ (ਸਿਮਰਨ) ਕਰ। ਸੇਵ-ਸੇਵਾ, ਸਿਮਰਨ।੧।

ਭਜਹੁ-ਸਿਮਰੋ। ਮਤ-ਮਤਾਂ। ਲਾਹੁ-ਲਾਭ।੧। ਰਹਾਉ।

ਜਬ ਲਗੁ-ਜਦ ਤਕ। ਜਰਾ-ਬੁਢੇਪਾ। ਕਾਲਿ-ਕਾਲ (ਮੌਤ) ਨੇ ਗ੍ਰਸੀ ਨਹੀ-ਪਕੜੀ ਨਹੀਂ। ਬਿਕਲ-ਕਲਾ ਰਹਿਤ, ਕਮਜ਼ੋਰ। ਬਾਨੀ-ਬੋਲ। ਸਾਰਿਗਪਾਨੀ-ਪਰਮਾਤਮਾ।੨।

ਅਬ-ਹੁਣ। ਨ ਭਜਸਿ-ਨਹੀਂ ਸਿਮਰਦਾ। ਅੰਤੁ-ਜੀਵਨ ਦਾ ਆਖਰੀ ਸਮਾਂ। ਭਜਿਆ-ਸਿਮਰਿਆ। ਕਰਹਿ-ਤੂੰ ਕਰਨਾ ਚਾਹੁੰਦਾ ਹੈਂ। ਅਬ ਸਾਰ-ਹੁਣ ਹੀ ਸੰਭਾਲ ਕਰ। ਨ ਪਾਵਹੁ ਪਾਰੁ-(ਸੰਸਾਰ ਸਾਗਰ ਤੋਂ) ਪਾਰ ਨਹੀਂ ਹੋ ਸਕੋਗੇ।੩।

ਕਪਾਟ-ਕਿਵਾੜ, ਦਰਵਾਜ਼ੇ। ਬਹੁਰਿ-ਮੁੜ ਕੇ। ਜੋਨੀ-ਗਰਭ ਵਿਚ। ਬਾਟ-ਰਸਤਾ।੪।

ਅਉਸਰੁ-ਸਮਾਂ, ਵੇਲਾ। ਬਾਰ-ਵਾਰੀ। ਘਟ ਭੀਤਰਿ-ਹਿਰਦੇ ਵਿਚ। ਜੀਤਿ-ਜਿੱਤ ਕੇ। ਕੈ-ਚਾਹੇ, ਭਾਵੇਂ। ਹਾਰਿ-ਹਾਰ ਕੇ। ਬਹੁ ਬਿਧਿ-ਕਈ ਤਰੀਕਿਆਂ ਨਾਲ। ਕਹਿਓ ਆਖਿਆ, ਸਮਝਾਇਆ ਹੈ। ਪੁਕਾਰਿ ਪੁਕਾਰਿ-ਰੌਲਾ ਪਾ ਪਾ ਕੇ, ਆਵਾਜਾਂ ਮਾਰ ਮਾਰ ਕੇ।੫।

**ਅਰਥ :** (ਹੇ ਭਾਈ! ਜੋ) ਗੁਰੂ ਦੀ ਸੇਵਾ ਅਤੇ ਭਗਤੀ ਦੀ ਕਮਾਈ ਕੀਤੀ ਜਾਵੇ, ਤਾਂ ਹੀ ਇਹ ਮਨੁੱਖ-ਦੇਹੀ ਪਾਈ (ਸਫਲ ਸਮਝਣੀ ਚਾਹੀਦੀ ਹੈ, ਨਹੀਂ ਤਾਂ ਵਿਅਰਥ ਹੈ)। ਇਸ (ਮਨੁੱਖਾ) ਦੇਹੀ ਨੂੰ ਦੇਵਤੇ ਵੀ ਸਿਮਰਦੇ ਹਨ। ਸੋ, (ਤੈਨੂੰ ਜੋ) ਦੇਹੀ (ਪ੍ਰਾਪਤ ਹੋਈ ਹੈ, ਇਸ ਦੁਆਰਾ) ਹਰੀ ਦੀ ਸੇਵਾ, (ਭਜਨ) ਕਰ।੧।

(ਹੇ ਭਾਈ!) ਗੋਬਿੰਦ ਦਾ ਭਜਨ ਕਰੋ (ਇਹ ਗਲ) ਬਿਲਕੁਲ ਨਾ ਭੁਲੋ। ਮਨੁੱਖਾ ਜਨਮ ਦਾ ਇਹੋ (ਭਾਵ ਨਾਮ ਸਿਮਰਨ ਕਰਨਾ ਹੀ ਸਭ ਤੋਂ ਵੱਡਾ ਪ੍ਰਯੋਜਨ ਅਥਵਾ) ਲਾਭ ਹੈ।੧। ਰਹਾਉ।

ਹੇ ਭਾਈ! ਜਦੋਂ ਤਕ ਬੁਢੇਪਾ ਰੋਗ ਨਹੀਂ ਆਇਆ, ਜਦੋਂ ਤਕ ਤੇਰੀ ਕਾਇਆ ਕਾਲ ਨੇ ਨਹੀਂ ਫੜੀ, ਜਦ ਤਕ ਤੇਰੀ ਬੋਲਣ ਦੀ ਸ਼ਕਤੀ ਕਮਜ਼ੋਰ ਨਹੀ ਹੋਈ, ਹੇ ਮਨ! (ਉਸ ਤੋਂ ਪਹਿਲਾਂ ਹੀ ਤੂੰ) ਪਰਮਾਤਮਾ ਦਾ ਭਜਨ ਕਰ ਲੈ।੨।

(ਹੇ ਭਾਈ!) ਜੇ ਤੂੰ ਹੁਣ (ਇਸ ਮਨੁਖਾ ਜਨਮ ਵਿਚ ਪਰਮੇਸ਼ਰ ਦਾ ਨਾਮ) ਨਹੀਂ ਜਪਦਾ (ਤਾਂ ਫਿਰ) ਕਦੋਂ (ਨਾਮ) ਜਪੇਗਾਂ? (ਇਹ ਗਲ ਕੰਨ ਖੋਲ੍ਹ ਕੇ ਸੁਣ, ਜਦੋਂ ਜੀਵਨ ਦਾ) ਅੰਤ ਆ ਜਾਂਦਾ ਹੈ (ਭਾਵ ਕਾਲ ਸਿਰ ਤੇ ਆ ਖੜੋਂਦਾ ਹੈ ਉਸ ਵੇਲੇ ਜੀਵ ਪਾਸੋਂ ਪਰਮੇਸ਼ਰ ਦਾ ਨਾਮ) ਨਹੀਂ ਸਿਮਰਿਆ ਜਾ ਸਕਦਾ (ਇਸ ਲਈ) ਜੋ ਕੁਝ (ਭਜਨ) ਕਰਨਾ ਚਾਹੁੰਦਾ ਹੈਂ ਓਹ ਹੁਣ ਹੀ ਕਰ ਲੈ। (ਹੇ ਭਾਈ! ਸਮਾਂ ਲੰਘਣ ਪਿਛੋਂ) ਫਿਰ ਪਛਤਾਓਗੇ, (ਸੰਸਾਰ ਸਾਗਰ ਤੋਂ) ਪਾਰ ਨਹੀਂ ਹੋ ਸਕੋਗੇ।੩।

ਹੇ ਭਾਈ ! ਸਹੀ ਅਰਥਾਂ ਵਿਚ ਉਹੀ (ਸੱਚਾ) ਸੇਵਕ ਹੈ ਜਿਸ ਨੂੰ (ਗੁਰੂ ਨੇ) ਸੇਵਾ-ਸਿਮਰਨ ਵਿਚ ਲਾਇਆ ਹੈ (ਅਤੇ) ਉਸ ਸੇਵਕ ਨੇ ਮਾਇਆ-ਰਹਿਤ ਪ੍ਰਭੂ ਜੀ ਪਾਏ ਹਨ। ਗੁਰੂ ਨੂੰ ਮਿਲ ਕੇ ਉਸ (ਮਨੁੱਖ) ਦੇ ਕਿਵਾੜ (ਮਨ ਦੇ ਦਰਵਾਜ਼ੇ) ਖੁਲ੍ਹ ਗਏ ਹਨ, ਉਹ ਮੁੜ ਕੇ ਜੂਨੀਆਂ ਵਾਲੇ ਰਸਤੇ ਤੇ ਨਹੀਂ ਆਉਂਦਾ (ਭਾਵ ਜਨਮ-ਮਰਨ ਤੋਂ ਰਹਿਤ ਹੋ ਜਾਂਦਾ ਹੈ) ।੪।

(ਹੇ ਭਾਈ! ਪਰਮੇਸ਼ਰ ਨੂੰ ਮਿਲਣ ਲਈ) ਤੇਰੇ ਲਈ ਇਹੋ ਸ਼ੁੱਭ ਮੌਕਾ ਹੈ (ਅਤੇ) ਇਹੋ ਵਾਰੀ ਹੈ। ਕਬੀਰ ਜੀ ਆਖਦੇ ਹਨ (ਕਿ ਹੇ ਜੀਵ ! ਤੈਨੂੰ) ਬਹੁਤ ਤ੍ਰੀਕਿਆਂ ਨਾਲ ਪੁਕਾਰ ਪੁਕਾਰ ਕੇ ਆਖਿਆ ਹੈ ਤੂੰ (ਆਪਣੇ) ਹਿਰਦੇ ਵਿਚ ਵੀਚਾਰ ਕੇ ਵੇਖ ਲੈ । (ਹੁਣ) ਭਾਵੇਂ ਤੂੰ (ਜੀਵਨ-ਬਾਜ਼ੀ ਇਥੋਂ) ਜਿਤ ਕੇ (ਰਬੀ ਦਰਗਾਹ ਵਿਚ ਜਾ) ਭਾਵੇਂ ਹਾਰ ਕੇ ਜਾ, (ਇਹ ਤੇਰੀ ਮਰਜ਼ੀ ਹੈ) ।੫।੧।੯।

## ਅਰਥ ਭੇਦ ਅਤੇ ਨਿਰਣੈ

**ਗੁਰ ਸੇਵਾ ਤੇ ਭਗਤਿ ਕਮਾਈ ॥ ਤਬ ਇਹ ਮਾਨਸ ਦੇਹੀ ਪਾਈ ॥**
**ਇਸ ਦੇਹੀ ਕਉ ਸਿਮਰਹਿ ਦੇਵ ॥ ਸੋ ਦੇਹੀ ਭਜੁ ਹਰਿ ਕੀ ਸੇਵ ॥੧॥**

ਵਖ ਵਖ ਅਰਥ :

੧. ਹੇ ਭਾਈ ! ਗੁਰੋਂ ਕੀ ਸੇਵਾ ਕਰ ਜਬ ਪੁਰਸ਼ ਨੇ ਭਗਤੀ ਕਮਾਈ ਤਬ ਏਹ ਮਨੁਖ ਦੇਹੀ ਪਾਈ ਹੋਈ ਸਫਲੀ ਹੈ । ਇਸ ਮਾਨੁਖ ਦੇਹ ਕੋ ਦੇਵਤਾ ਭੀ (ਸਿਮਰਹਿ) ਯਾਦ ਕਰਤੇ ਹੈਂ ਸੋ ਦੇਹੀ ਪਾਇ ਕੇ ਹਰੀ ਕੀ ਸੇਵਾ ਕੋ (ਭਜੁ) ਪ੍ਰਾਪਤ ਹੋਹੁ । [ਫ.ਸ.

੨. ..... ਇਹ ਦੇਹੀ ਐਸੀ ਅਮੋਲਕ ਹੈ ਕਿ ਦੇਵਤੇ ਭੀ ਇਸ ਦੀ ਪ੍ਰਾਪਤੀ ਲਈ ਚਾਹਨਾ ਕਰਦੇ ਹਨ। ਇਸ ਲਈ ਐਸੀ ਦੇਹੀ ਦੁਆਰਾ ਹਰੀ ਦੀ ਸੇਵਾ ਕਰਨੀ ਯਾਦ ਰਖੋ । [ਸ਼ਬਦਾਰਥ

੩. ਹੇ ਭਾਈ ! ਜੇ ਤੂੰ ਗੁਰੂ ਦੀ ਸੇਵਾ ਰਾਹੀਂ ਬੰਦਗੀ ਦੀ ਕਮਾਈ ਕਰੇ, ਤਾਂ ਹੀ ਇਹ ਮਨੁੱਖਾ ਸਰੀਰ ਮਿਲਿਆ ਸਮਝ । ਇਸ ਸਰੀਰ ਦੀ ਖ਼ਾਤਰ ਦੇਵਤੇ ਭੀ ਤਾਂਘਦੇ ਹਨ । ਤੈਨੂੰ ਇਹ ਸਰੀਰ (ਮਿਲਿਆ ਹੈ,) ਇਸ ਰਾਹੀਂ ਨਾਮ ਸਿਮਰ, ਹਰੀ ਦਾ ਭਜਨ ਕਰ ।੧। [ਦਰਪਣ

**ਨਿਰਣੈ :** ਆਮ ਪ੍ਰੇਮੀ ਇਸ ਪੰਕਤੀ ਦੇ ਇਹ ਅਰਥ ਸਮਝਦੇ ਹਨ ਕਿ ਪਿਛਲੇ ਜਨਮ ਵਿਚ ਗੁਰੂ ਦੀ ਸੇਵਾ ਤੇ ਭਗਤੀ ਦੀ ਕਮਾਈ ਕੀਤੀ ਤਾਂ ਇਹ ਮਨੁੱਖਾ ਦੇਹੀ ਪ੍ਰਾਪਤ ਹੋਈ ਹੈ, ਇਸ ਦੇਹੀ ਨੂੰ ਦੇਵਤੇ ਭੀ ਤਰਸਦੇ ਹਨ। ਸੋ ਹੇ ਦੇਹੀ ! ਤੂੰ ਹਰੀ ਦੀ ਸੇਵਾ ਕਰ ਲੈ ।

ਕਈ ਪ੍ਰੇਮੀ ਇਸ ਵੀਚਾਰ ਦੇ ਹਨ ਜੋ ਪਿਛਲੇ ਜਨਮ ਵਿਚ ਗੁਰੂ ਦੀ ਸੇਵਾ ਤੇ ਭਗਤੀ ਕੀਤੀ ਤਾਂ ਫਿਰ ਜੂਨੀ ਵਿਚ ਕਿਉਂ ਆਏ ? ਮੁਕਤ ਕਿਉਂ ਨਾ ਹੋ ਗਏ ? ਇਸ ਬਾਰੇ ਤੀਜਾ ਪ੍ਰਸ਼ਨ ਇਹ ਉਠਦਾ ਹੈ ਕਿ ਮਨੁੱਖਾ ਦੇਹੀ ਦਾ ਰੁੱਤਬਾ ਵੱਡਾ ਹੈ ਜਾਂ ਦੇਵ-ਦੇਹੀ ਦਾ ?

**ਉਤਰ-** ਜਦ ਮਨੁੱਖ ਨੀਚ ਕਰਮ ਕਰਦਾ ਹੈ ਤਾਂ ਅਵੱਸ਼ ਕਿਸੇ ਨਾ ਕਿਸੇ ਜੂਨੀ ਵਿਚ ਪੈਂਦਾ ਹੈ, ਫਿਰ ਉਸ ਜੂਨੀ ਚੋਂ ਕਢਣ ਲਈ ਕੁਦਰਤਿ ਦੇ ਕਈ ਨੇਮ ਹਨ, ਜਿਨ੍ਹਾਂ ਬਾਰੇ ਹਰੇਕ ਮਨੁੱਖ ਨੂੰ ਗਿਆਨ ਨਹੀਂ ਹੈ।

ਓਹ ਨੇਮ ਕਿਹੜੇ ਹੋ ਸਕਦੇ ਹਨ ? ਮੁਕਤੀ ਪ੍ਰਾਪਤ ਕਰਨ ਲਈ ਸੇਵਾ ਤੇ ਸਿਮਰਨ ਦੇ ਵਿਸ਼ੇਸ਼ ਗੁਣਾ ਦਾ ਉਪਲਬਧ ਹੋਣਾ ਅਤਿ ਜਰੂਰੀ ਹੈ, ਚਾਹੇ ਉਹ ਕੋਈ ਜੂਨੀ ਹੋਵੇ। ਸੰਪ੍ਰਦਾਈ ਸਟੀਕ ਦੇ ਕਰਤਾ ਗਿ. ਕਿਰਪਾਲ ਸਿੰਘ ਜੀ ਅਨੁਸਾਰ "ਪਹਿਲਾ ਜਨਮ ਚਾਹੇ ਘੋੜੇ ਦਾ ਹੋਵੇ ਚਾਹੇ ਹਾਥੀ ਦਾ ਹੋਵੇ, ਚਾਹੇ ਬਾਜ਼ ਦਾ ਹੋਵੇ। ਚਾਹੇ ਕੁੱਤੇ ਦਾ ਹੋਵੇ, ਸੇਵਾ ਜਰੂਰੀ ਹੈ ਚਾਹੇ ਕਿਸੇ ਜੂਨ ਵਿਚ ਸੇਵਾ ਕਰ ਲਵੇ।

ਜਿਵੇਂ ਕਈ ਘੋੜਿਆਂ ਨੂੰ ਸਾਹਿਬਾਂ ਦੀ ਤੇ ਮਹਾਂਪੁਰਸ਼ਾਂ ਦੀ ਸੇਵਾ ਕਰਦਿਆਂ ਮਨੁੱਖਾ ਜਨਮ ਦੀ ਪ੍ਰਾਪਤੀ ਹੋਈ ਹੈ।

ਦਿਲਬਾਗ ਤੇ ਗੁਲਬਾਗ ਦੋਹਾਂ ਘੋੜਿਆਂ ਨੇ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸੇਵਾ ਕੀਤੀ ਹੈ ਅਤੇ ਦਲ-ਸ਼ਿੰਗਾਰ ਘੋੜੇ ਤੇ ਪ੍ਰਸਾਦੀ ਹਾਥੀ ਨੇ ਅਤਿਅੰਤ ਸੇਵਾ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਪ੍ਰਸੰਨਤਾ ਲੀਤੀ ਹੈ ਤੇ ਕੁੱਤੀ ਨੇ ਆਗਿਆ ਮੰਨ ਕੇ ਪੰਚਮ ਪਿਤਾ ਗੁਰੂ ਅਰਜਨ ਸਾਹਿਬ ਜੀ ਦੀ ਪ੍ਰਸੰਨਤਾ ਦੁਆਰੇ ਸਚਖੰਡ ਦੀ ਪ੍ਰਾਪਤੀ ਕੀਤੀ।

ਇਸ ਤਰ੍ਹਾਂ ਪਹਿਲੇ ਜਨਮ ਵਿਚ ਪੁੰਨ ਕਰਮ ਕਮਾਣ ਕਰਕੇ ਮਨੁੱਖ ਜਨਮ ਦੀ ਪ੍ਰਾਪਤੀ ਹੁੰਦੀ ਹੈ।

ਇਸ ਮਨੁਖਾ ਦੇਹੀ ਨੂੰ ਦੇਵਤੇ ਵੀ ਯਾਦ ਕਰਦੇ ਹਨ ਕਿ ਸਾਨੂੰ ਮਿਲੇ ਤਾਂ ਅਸੀ ਭਜਨ ਸਿਮਰਨ ਕਰਕੇ ਕੇਵਲ ਮੁਕਤੀ ਨੂੰ ਪ੍ਰਾਪਤੀ ਹੋਈਏ। ਕਿਉਂਕਿ ਦੇਵਤਿਆਂ ਨੂੰ ਕਰਮਾਂ ਦਾ ਫਲ ਨਹੀਂ ਹੁੰਦਾ, ਪੁੰਨ ਖਤਮ ਹੋ ਜਾਣ ਤੋਂ ਬਾਅਦ ਫਿਰ ਗਿਰਾਇਮਾਨ ਹੋ ਜਾਂਦੇ ਹਨ।"

ਇਨ੍ਹਾਂ ਵਿਚਾਰਾਂ ਦੀ ਪ੍ਰੋੜਤਾ ਹੇਠ ਲਿਖੇ ਪ੍ਰਮਾਣਾਂ ਤੋਂ ਹੋ ਜਾਂਦੀ ਹੈ :

੧. **ਗਜ ਇੰਦਰ ਧਿਆਇਓ ਹਰਿ ਕੀਓ ਮੋਖ ॥** [ਪੰਨਾ ੧੧੯੨

੨. **ਪਸੂ ਪਰੇਤ ਮੁਗਧ ਭਏ ਸ੍ਰੋਤੇ, ਹਰਿ ਨਾਮਾ ਮੁਖਿ ਗਾਇਆ ॥** [ਪੰਨਾ ੬੧੪

੩. **ਪਸੂ ਪਰੇਤ ਮੁਗਧ ਕਉ ਤਾਰੇ, ਪਾਹਨ ਪਾਰਿ ਉਤਾਰੈ ॥** [ਪੰਨਾ ੮੦੨

ਜਿਵੇਂ ਇਕ ਗਡੀ ਵਿਚ, ਪਹਿਲੇ, ਦੂਜੇ ਦਰਜੇ ਦੇ ਡਬੇ ਹੁੰਦੇ ਹਨ, ਪਰ ਜੋ ਸੁਖ ਸਹੂਲਤਾਂ ਪਹਿਲੇ ਦਰਜੇ ਦੇ ਡਬੇ ਵਿਚ ਮਿਲਦੀਆਂ ਹਨ ਉਹ ਦੂਜੇ ਦਰਜੇ ਵਿਚ ਨਹੀਂ ਮਿਲਦੀਆਂ। ਇਸੇ ਤਰ੍ਹਾਂ ਜੋ ਸੁਖ ਤੇ ਸਹੂਲਤਾਂ ਮਨੁੱਖਾ ਦੇਹੀ ਵਿਚ ਪ੍ਰਾਪਤ ਹਨ, ਓਹ ਬਾਕੀ ਜੂਨਾਂ ਵਿਚ ਨਹੀਂ ਹਨ। ਇਸ ਲਈ ਗੁਰੂ ਸਾਹਿਬ ਨੇ ਇਹ ਗਲ ਖੋਲ੍ਹ ਕੇ ਸਮਝਾ ਦਿਤੀ ਹੈ ਕਿ :

**ਲਖ ਚਉਰਾਸੀਹ ਜੋਨਿ ਸਬਾਈ ॥ ਮਾਣਸ ਕਉ ਪ੍ਰਭਿ ਦੀਈ ਵਡਿਆਈ ॥**
**ਇਸੁ ਪਉੜੀ ਤੇ ਜੋ ਨਰੁ ਚੂਕੈ, ਸੋ ਆਇ ਜਾਇ ਦੁਖੁ ਪਾਇਦਾ ॥** [ਪੰਨਾ ੧੦੭੫

ਭਾਈ ਸਾਹਿਬ ਗੁਰਦਾਸ ਜੀ ਨੇ ਵੀ ਅਜਿਹੇ ਵੀਚਾਰਾਂ ਤੋਂ ਜਾਣੂੰ ਕਰਾਇਆ ਹੈ :

**ਚਉਰਾਸੀਹ ਲਖ ਜੂਨ ਵਿਚਿ, ਉਤਮੁ ਜਨਮੁ ਸੁ ਮਾਣਸਿ ਦੇਹੀ ॥**
**ਅਖੀ ਵੇਖਣੁ ਕਰਨਿ ਸੁਣਿ, ਮੁਖਿ ਸੁਭ ਬੋਲਣ ਬਚਨ ਸਨੇਹੀ ॥...** [ਵਾਰ ੧-੩

ਸੋ ਮਨੁੱਖਾ ਜਨਮ ਵਿਚ ਹਰਿ ਸਿਮਰਨ ਬੜੀ ਕੁਸ਼ਲਤਾ ਸਹਿਤ ਕੀਤਾ ਜਾ ਸਕਦਾ ਹੈ।

'ਇਸ ਦੇਹੀ ਕਉ ਸਿਮਰਹਿ ਦੇਵ' ਵਿਚ 'ਸਿਮਰਹਿ' ਦਾ ਅਰਥ ਘਣਾ ਜਾਂ ਲੋਚਣਾ ਨਹੀਂ.

'ਯਾਦ ਕਰਨਾ ਹੈ', ਕਿਉਂਕਿ ਉਹ ਮਨੁਖਾ ਦੇਹੀ ਵਿਚ ਸ਼ੁਭ ਕਰਮ ਕਰਕੇ 'ਦੇਵ ਪਦਵੀ' ਦੇ ਅਧਿਕਾਰੀ ਬਣੇ ਸਨ ਪ੍ਰੰਤੂ ਸ਼ੁਭ ਕਰਮਾਂ ਦੀ ਹਉਮੈ ਕਾਰਣ ਮੁਕਤੀ ਪ੍ਰਾਪਤ ਨਹੀਂ ਕਰ ਸਕੇ। ਇਸ ਲਈ ਭਗਤ ਜੀ "ਭਜਹੁ ਗੋਬਿੰਦ ਭੂਲਿ ਮਤਿ ਜਾਹੁ ॥ ਮਾਨਸ ਜਨਮ ਕਾ ਏਹੀ ਲਾਹੁ" ਦਾ ਸੁਨੇਹਾ ਦੇ ਰਹੇ ਹਨ।

## ਸਾਰੰਸ਼ ਅਤੇ ਸਿਧਾਂਤ

ਮਨੁੱਖੀ ਸਮਾਜ ਵਿਚ ਆਮ ਤੌਰ ਤੇ ਦੇਵ-ਪਦਵੀ ਨੂੰ ਉਚਾ ਸਮਝਿਆ ਜਾਂਦਾ ਹੈ। ਇਹੋ ਕਾਰਨ ਹੈ ਕਿ ਹਿੰਦੂ ਸਮਾਜ ਵਿਚ ਦੇਵੀ ਦੇਵਤਿਆਂ ਦੀ ਪੂਜਾ ਦਾ ਜਾਲ ਵਿਛਿਆ ਹੋਇਆ ਹੈ। ਜਦੋਂ 'ਆਸਾ ਕੀ ਵਾਰ' ਅਤੇ ਹੋਰ ਬਾਣੀ ਵਿਚ ਪੜ੍ਹਦੇ ਹਾਂ ਕਿ :–

੧. **ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦਵਾਰ ॥**
**ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥** [ਪੰਨਾ ੪੬੨

੨. **ਗੁਰ ਸੇਵਾ ਤੇ ਹਰਿ ਪਾਈਐ, ਜਾ ਕਉ ਨਦਰਿ ਕਰੇਇ ॥**
**ਮਾਨਸ ਤੇ ਦੇਵਤੇ ਭਏ, ਸਚੀ ਭਗਤਿ ਜਿਸੁ ਦੇਇ ॥** [ਪੰਨਾ ੮੫੦

ਇਸ ਤੱਥ ਨੂੰ ਮੰਨਣਾ ਪੈਂਦਾ ਹੈ ਕਿ ਮਨੁੱਖ ਦੇਵਤਿਆਂ ਤੋਂ ਵੱਡਾ ਨਹੀਂ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਵਾਕ ਹਨ -

**ਸਾਧ ਕਰਮ ਜੋ ਪੁਰਖ ਕਮਾਵੈ ॥ ਨਾਮ ਦੇਵਤਾ ਜਗਤ ਕਹਾਵੈ ॥**
**ਕੁਕ੍ਰਿਤ ਕਰਮ ਜੋ ਜਗ ਮੈ ਕਰਹੀ॥ ਨਾਮ ਅਸੁਰ ਤਿਨਕੋ ਜਗ ਧਰਹੀ॥**

[ਸ੍ਰੀ ਦਸਮ ਗ੍ਰੰਥ

ਇਸ ਤਰ੍ਹਾਂ, ਗਲ ਮੰਦ-ਕਰਮਾ ਅਤੇ ਸ੍ਰੇਸ਼ਟ-ਕਰਮਾਂ ਦੀ ਕਮਾਈ ਤੇ ਜਾ ਨਿਬੜਦੀ ਹੈ। ਕਿਸੇ ਦੀ ਸ਼ਕਲ ਬੇਸ਼ਕ ਮਨੁੱਖ ਦੀ ਹੋਵੇ ਪਰ ਜੇ ਉਹ ਕਰਮ ਪਸ਼ੂਆਂ ਵਾਲੇ ਕਰਦਾ ਹੋਵੇ ਤਾਂ ਉਹ ਮਨੁੱਖ ਕਿਵੇਂ ਹੋਇਆ ?। ਗੁਰਦੇਵ ਪਿਤਾ ਜੀ ਦੇ ਬਚਨ ਹਨ :-

**ਮਨਮੁਖ ਵਿਣੁ ਨਾਵੈ ਕੂੜਿਆਰ, ਫਿਰਹਿ ਬੇਤਾਲਿਆ ॥**
**ਪਸੂ ਮਾਣਸ ਚੰਮਿ ਪਲੇਟੇ, ਅੰਦਰਹੁ ਕਾਲਿਆ ॥** [ਪੰਨਾ ੧੨੮੪

ਮਨੁੱਖ ਤੇ ਪਸ਼ੂ ਵਿਚ ਕੀ ਅੰਤਰ ਹੈ ? ਇਸ ਨੂੰ ਭਾ. ਸ. ਗੁਰਦਾਸ ਜੀ ਨੇ ਕਬਿਤ ਨੰ. ੨੦੦ ਵਿਚ ਇਉਂ ਖੋਲ੍ਹਿਆ ਹੈ -

**ਪਸੂਆ ਮਨੁਖ ਦੇਹ ਅੰਤਰਿ ਅੰਤਰੁ ਇਹੈ,**
**ਸਬਦ ਸੁਰਤਿ ਕੋ ਬਿਬੇਕ ਅਬਿਬੇਕ ਹੈ॥**
**ਪਸੂ ਹਰਿਆਊ ਕਹਿਓ ਸੁਨਿਓ ਅਨਸੁਨਿਓ ਕਰੈ,**
ਮਾਨਸ ਜਨਮ ਉਪਦੇਸ ਰਿਦੈ ਟੇਕ ਹੈ॥
ਪਸੂਆ ਸਬਦ ਹੀਨ ਜਿਹਬਾ ਨ ਬੋਲ ਸਕੈ,
**ਮਾਨਸ ਜਨਮ ਬੋਲੈ ਬਚਨ ਅਨੇਕ ਹੈ॥**

**ਸ਼ਬਦ ਸੁਰਤਿ ਸੁਨਿ ਸਮਝਿ ਬੋਲੈ ਬਿਬੇਕੀ,**
**ਨਾਤਰੁ ਅਚੇਤ ਪਸੁ ਪ੍ਰੇਤ ਹੂੰ ਮੈਂ ਏਕ ਹੈ ॥**

ਜਿਹੜਾ ਮਨੁਖ ਗੁਰੂ ਦਾ ਸ਼ਬਦ, ਸੁਰਤਿ ਕਰਕੇ ਸੁਣਦਾ, ਸਮਝਦਾ ਤੇ ਬੋਲਦਾ ਹੈ, ਉਹ ਬਿਬੇਕੀ ਹੈ, ਨਹੀਂ ਤਾਂ ਬੇਸਮਝ-ਬੰਦਾ ਪਸ਼ੂ-ਪ੍ਰੇਤਾਂ ਵਿਚ ਇਕ (ਦੋ ਲਤਾਂ ਵਾਲਾ) ਪਸ਼ੂ ਹੀ ਹੈ । ਭਾਈ ਸਾਹਿਬ ਨੇ ਕਬਿਤ ਨੂੰ ੨੦੨ ਵਿਚ ਸਿਰੇ ਦੀ ਗਲ ਕੀਤੀ ਹੈ -

**ਮਾਨਸ ਜਨਮ ਗਤਿ ਬਚਨ ਬਿਬੇਕ ਹੀਨ,**
**ਬਿਖਧਰ ਬਿਖਮ ਚਕਤ ਚਿਤ ਚਾਹਿ ਜੀ ॥**

ਭਾਵ ਬਿਬੇਕ ਵਾਲੇ ਬਚਨ ਤੋਂ ਸਖਣੇ ਮਨੁੱਖਾ ਜਨਮ ਦੀ ਗਤੀ (ਦਸ਼ਾ) ਬੜੇ ਭਿਆਨਕ ਸੱਪ ਦੇ ਸਮਾਨ ਹੈ ਜੋ ਚਿਤ ਦੀ ਚਾਹਨਾ ਰੂਪ ਜ਼ਹਿਰ ਨਾਲ ਚਕ੍ਰਿਤ (ਹੈਰਾਨ) ਹੋ ਰਿਹਾ ਹੈ । ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਫੁਰਮਾਨ ਹੈ -

**ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ ॥**
**ਜੈਸੇ ਸੂਕਰ ਸੁਆਨੁ, ਨਾਨਕ ਮਾਨੋ ਤਾਹਿ ਤਨੁ ॥** [ਪੰਨਾ ੧੪੨੮

ਭਗਤ ਜੀ ਨੇ ਇਹ ਸਿਧਾਂਤਕ ਉਪਦੇਸ਼ ਦਿਤਾ ਹੈ -

**ਇਹੀ ਤੇਰਾ ਅਉਸਰੁ ਇਹ ਤੇਰੀ ਬਾਰ॥ ਘਟ ਭੀਤਰਿ ਤੂ ਦੇਖਿ ਬੀਚਾਰ ॥**

ਸੋ, ਜੋ ਮਨੁੱਖ ਨਾਮ ਤੋਂ ਬਿਨਾ ਹਨ ਸਭ ਭੂਤਨਿਆ ਤੇ ਪਸ਼ੂਆਂ ਸਮਾਨ ਹਨ ।

**ਕਰਤਾ ਪੁਰਖ ਵਿਸਾਰਿ ਕੈ, ਮਾਣਸ ਦੀ ਮਨਿ ਆਸ ਧਰੇਹੀ ॥**
**ਪਸੂ ਪਰੇਤਹੁ ਬੁਰੀ ਬੁਰੇਹੀ ॥** [ਭ : ਗੁ. ਵਾ. ੧੫-੩(੭)

ਕਬੀਰ ਸਾਹਿਬ ਨੇ ਅੰਤ ਵਿਚ ਸਿਧਾਂਤਕ ਸੰਦੇਸ਼ ਦਿਤਾ ਹੈ :

**ਇਹੀ ਤੇਰਾ ਅਉਸਰੁ ਇਹ ਤੇਰੀ ਬਾਰ ॥**

ਹੇ ਮਨੁੱਖ ! ਹੁਣ ਤੂੰ ਜੀਵਨ ਦੀ ਖੇਡ ਭਾਵੇਂ ਜਿਤ, ਭਾਵੇਂ ਹਾਰ, ਅਸਾਂ ਤੈਨੂੰ ਕਈ ਵਾਰ ਪੁਕਾਰ ਪੁਕਾਰ ਕੇ ਕਹਿ ਦਿਤਾ ਹੈ ਕਿ 'ਨਾਮ ਜਪ ਲੈ, ਨਾਮ ਜਪ ਲੈ ।

**ਸਿਵ ਕੀ ਪੁਰੀ ਬਸੈ ਬੁਧਿ ਸਾਰੁ ॥ ਤਹ ਤੁਮ੍ ਮਿਲਿ ਕੈ ਕਰਹੁ ਬੀਚਾਰੁ ॥ ਈਤ ਊਤ ਕੀ ਸੋਝੀ ਪਰੈ ॥ ਕਉਨੁ ਕਰਮ ਮੇਰਾ, ਕਰਿ ਕਰਿ ਮਰੈ ॥੧॥ ਨਿਜ ਪਦ ਊਪਰਿ ਲਾਗੋ ਧਿਆਨੁ ॥ ਰਾਜਾ ਰਾਮ ਨਾਮੁ, ਮੋਰਾ ਬ੍ਰਹਮ ਗਿਆਨੁ ॥੧॥ ਰਹਾਉ ॥ ਮੂਲ ਦੁਆਰੈ, ਬੰਧਿਆ ਬੰਧੁ ॥ ਰਵਿ ਊਪਰਿ, ਗਹਿ ਰਾਖਿਆ ਚੰਦੁ ॥ ਪਛਮ ਦੁਆਰੈ, ਸੂਰਜੁ ਤਪੈ ॥ ਮੇਰ ਡੰਡ, ਸਿਰ ਊਪਰਿ ਬਸੈ ॥੨॥ ਪਸਚਮ ਦੁਆਰੇ ਕੀ ਸਿਲ ਓੜ ॥ ਤਿਹ ਸਿਲ ਊਪਰਿ, ਖਿੜਕੀ ਅਉਰ ॥ ਖਿੜਕੀ ਊਪਰਿ, ਦਸਵਾ ਦੁਆਰ ॥ ਕਹਿ ਕਬੀਰ, ਤਾ ਕਾ ਅੰਤੁ ਨ ਪਾਰੁ ॥੩॥੨॥੧੦॥**

## ਉਚਾਰਨ ਸੇਧ

**ਬਿੰਦੀ ਸਹਿਤ** : ਤਹਂ, ਦਸਵਾਂ।

**ਪਦ ਅਰਥ** : ਸਿਵ ਕੀ ਪੁਰੀ-ਕਲਿਆਣ ਸਰੂਪ ਪ੍ਰਭੂ ਦੀ ਨਗਰੀ ਵਿਚ। ਬਸੈ-ਵਸਦਾ ਹੈ। ਬੁਧਿ-ਸਾਰੁ-ਸ੍ਰੇਸ਼ਟੀ ਬੁਧੀ, ਅਕਲ ਵਾਲਾ। ਤਹ-ਉਥੇ। ਈਤ ਊਤ ਕੀ-ਲੋਕ ਪਰਲੋਕ ਦੀ। ਸੋਝੀ ਪਰੈ-ਸਮਝ ਪੈਂਦੀ ਹੈ। ਕਉਨ ਕਰਮ ਮੇਰਾ-ਮੇਰਾ ਕੀ ਕੰਮ ਹੈ ? ਕਰਿ ਕਰਿ ਮਰੈ-ਕਰ ਕਰ ਕੇ ਮਰਦਾ ਹੈ।੧।

ਨਿਜ ਪਦ ਊਪਰਿ-ਆਪਣੇ ਸਰੂਪ ਦੀ ਲਖਤਾ ਉਤੇ। ਲਾਗੋ ਧਿਆਨੁ-ਧਿਆਨ ਲੱਗਾ (ਜੁੜਿਆ) ਹੈ। ਮੇਰਾ ਬ੍ਰਹਮ ਗਿਆਨੁ-ਮੇਰੇ ਲਈ ਬ੍ਰਹਮ ਗਿਆਨ ਹੈ।੧।ਰਹਾਉ।

ਮੂਲ ਦੁਆਰੈ-ਮੂਲ (ਚਕ੍ਰ) ਦੇ। ਬੰਧਿਆ ਬੰਧੁ-(ਅੱਡੀ ਨਾਲ ਗੁਦੇ ਦਾ ਮੁਖ) ਬੰਦ ਕੀਤਾ, ਰੋਕ ਲਾਈ। ਰਵਿ ਊਪਰਿ-ਸੂਰਜ (ਭਾਵ ਤਪਸ਼) ਉਤੇ। ਗਹਿ-ਫੜ ਕੇ। ਚੰਦੁ-ਸੀਤਲਤਾ, ਸ਼ਾਂਤੀ। ਪਛਮ ਦੁਆਰੈ-ਪਛਮ ਵਾਲੇ ਦਰਵਾਜੇ ਤੋਂ। ਸੂਰਜੁ ਤਪ-(ਗਿਆਨ ਦਾ) ਸੂਰਜ ਤਪਦਾ ਭਾਵ ਪ੍ਰਕਾਸ਼ ਹੁੰਦਾ ਹੈ। ਮੇਰ+ਡੰਡ-ਕੰਗਰੋੜ ਦੀ ਹਡੀ ਨਾਲ ਲਗੀ ਸੁਖਮਨਾ ਨਾੜੀ ਜੋ ਦਿਮਾਗ ਤਕ ਜਾਂਦੀ ਹੈ। ਗੁਰਮਤਿ ਅਨੁਸਾਰ ਇਸ ਤੋਂ ਭਾਵ ਮਨ ਨੂੰ ਹਰੀ ਵਲ ਲਿਜਾਣ ਵਾਲੀ ਲਗਨ ਤੋਂ ਹੈ।੨।

ਪਸਚਮ ਦੁਆਰੇ ਕੀ ਸਿਲ ਓੜਿ-ਪੱਛਮ ਵਾਲੇ ਦਰਵਾਜੇ ਦੇ ਓਹਲੇ ਇਕ ਪਥਰ ਹੈ, ਭਾਵ ਅਗਿਆਨਤਾ ਪਿਛੇ ਜੜ੍ਹ ਚੀਜ਼ਾਂ ਦੀ ਲਗਨ ਹੈ। ਖਿੜਕੀ-ਤਾਕੀ ਭਾਵ ਆਲਾ। ਅਉਰ-ਹੋਰ। ਤਾ ਕਾ-ਉਸ (ਦਸਮ ਦੁਆਰ) ਦਾ। ਅੰਤੁ ਨ ਪਾਰੁ-ਕੋਈ ਅੰਤ ਨਹੀਂ ਪਾ ਸਕਦਾ।੩।

**ਅਰਥ** : (ਜੋਗ-ਕ੍ਰਿਆ ਬਾਰੇ ਦਸਦੇ ਹਨ- ਹੇ ਭਾਈ !) ਕਲਿਆਣ ਰੂਪ ਪਰਮਾਤਮਾ ਦੀ ਨਗਰੀ (ਦਸਮ ਦੁਆਰ ਵਿਚ) ਸ੍ਰੇਸ਼ਟ ਬੁੱਧੀ ਵਾਲਾ (ਗਿਆਨਵਾਨ ਪੁਰਸ਼) ਵਸਦਾ ਹੈ। ਉਥੇ ਤੁਸੀਂ (ਸ੍ਰੇਸ਼ਟ ਬੁਧੀਵਾਨਾਂ ਨਾਲ) ਮਿਲ ਕੇ ਪਰਮਾਤਮਾ ਦਾ ਵੀਚਾਰ ਕਰੋ। (ਉਸ ਵੀਚਾਰ ਨਾਲ ਤੁਹਾਨੂੰ ਪ੍ਰਾਣ ਚੜ੍ਹਾਉਣ ਤੇ ਉਤਾਰਨ) ਇਥੇ ਉਥੇ ਭਾਵ (ਲੋਕ ਪ੍ਰਲੋਕ) ਦੀ ਸੋਝੀ ਹੋ ਜਾਵੇਗੀ ਕਿ (ਜੋਗ ਬਿਨਾ) ਕੌਣ ਮੇਰਾ (ਤੇਰਾ) ਕਰਮ ਕਰਕੇ ਮਰਦਾ ਹੈ? (ਭਾਵ ਜੋਗ ਵਿਚ ਮੇਰ-ਤੇਰ ਨਹੀਂ ਹੁੰਦੀ)।੧।

(ਹੇ ਭਾਈ!) ਆਪਣਾ ਪਦ (ਦਸਮ ਦੁਆਰ) ਉਤੇ ਮੇਰਾ ਧਿਆਨ ਜੁੜ ਗਿਆ ਹੈ। (ਇਸ ਦੇ ਫਲਸਰੂਪ) ਰਾਜਾ ਰਾਮ (ਜੋ) ਵਿਆਪਕ ਤੇ ਪ੍ਰਕਾਸ਼ਕ ਹੈ ਉਸਦਾ ਨਾਮ ਹੀ ਮੇਰੇ ਲਈ ਬ੍ਰਹਮ ਗਿਆਨ (ਪ੍ਰਗਟ ਹੋ ਗਿਆ) ਹੈ।੧।ਰਹਾਉ।

(ਜੋਗੀ ਨੇ ਦਸਮ ਦੁਆਰ ਵੇਖਣ ਲਈ ਜਿਹੜੀ ਕ੍ਰਿਆ ਕੀਤੀ, ਉਸ ਨੇ ਅੱਡੀ ਨਾਲ) ਮੂਲ (ਚਕ੍ਰ) ਦੇ ਦੁਆਰੇ ਤੋਂ (ਗੁਦੇ) ਦਾ ਮੁਖ ਬੰਦ ਕੀਤਾ (ਪ੍ਰਾਣ ਨੂੰ ਰੋਕਿਆ) ਰਵਿ ਉਤੇ ਸਜੀ ਸੁਰ ਤੇ ਚੰਦ ਉਤੇ ਖਬੀ ਸੁਰ ਨੂੰ ਟਿਕਾਇਆ ਤਮੋ ਸੁਭਾਅ ਉਤੇ ਸਤੋ ਸੁਭਾਵ ਨੂੰ ਚੜ੍ਹਾਇਆ ਹੈ (ਇਸ ਤਰ੍ਹਾਂ ਤਮੋ, ਕ੍ਰੋਧੀ ਸੁਭਾਵ ਨੂੰ ਦੂਰ ਕੀਤਾ ਹੈ)। ਪਛਮ ਦੁਆਰੇ ਤੋਂ (ਭਾਵ ਜਿਥੇ ਅਗਿਆਨਤਾ ਸੀ, ਉਥੇ ਗਿਆਨ ਦਾ) ਸੂਰਜ ਚਮਕ ਉਠਿਆ ਹੈ। ਮੇਰ ਡੰਡ (ਕੰਗਰੋੜ ਦੀ ਹਡੀ ਨਾਲ ਲਗੀ ਸੁਖਮਨਾ ਨਾੜੀ) ਜੋ ਦਿਮਾਗ਼ ਤੱਕ ਜਾਂਦੀ ਹੈ (ਭਾਵ ਮਨ ਨੂੰ ਹਰੀ ਵਲ ਲਿਜਾਣ ਦੀ ਲਗਨ ਮਘ ਉਠੀ ਹੈ)।੨।

ਪਛਮ ਦੁਆਰੇ ਦੀ ਤਰਫ (ਮੇਰ-ਡੰਡ ਵਲ) ਇਕ ਸਿਲਾ (ਪਥਰ) ਹੈ (ਭਾਵ ਅਗਿਆਨਤਾ ਦੇ ਪਿਛੇ ਜੜ ਚੀਜ਼ਾਂ ਦੀ ਲਗਨ ਹੈ), ਉਸ ਸਿਲਾ ਦੇ ਉਤੇ ਇਕੋ ਹੋਰ ਖਿੜਕੀ ਹੈ, ਇਸ ਖਿੜਕੀ ਉਤੇ ਦਸਮ ਦੁਆਰ ਹੈ ਕਬੀਰ ਜੀ ਆਖਦੇ ਹਨ ਕਿ ਉਸ (ਪਰਮੇਸ਼ਰ) ਦੇ (ਸਥਾਨ ਦਸਮ ਦੁਆਰ ਦਾ) ਅੰਤ ਨਹੀਂ ਪਾਇਆ ਜਾ ਸਕਦਾ ।੩।੨।੧੦।

## ਅਰਥ ਭੇਦ ਅਤੇ ਨਿਰਣੈ

**ਮੂਲ ਦੁਆਰੈ ਬੰਧਿਆ ਬੰਧੁ ॥**

ਵਖ ਵਖ ਅਰਥ :

੧. ਮੂਲ ਦਵਾਰੇ ਕੋ ਜੋ ਪੌਣ ਜਾਤੀ ਥੀ ਤਿਸ ਕੋ ਏਡੀ ਕਾ ਬੰਧੁ ਪਾ ਕੇ ਬੰਧਿਆ ਹੈ । [ਫ. ਸ. ਅਤੇ ਹੋਰ ਸੰਪ੍ਰਦਾਈ ਟੀਕੇ

੨. (ਸਭ ਦੇ ਮੂਲ) ਹਰੀ ਦੇ ਦਵਾਰੇ ਅਸਾਂ ਮਨ ਦਾ ਸਬੰਧ ਬਣਾਇਆ ਹੈ । [ਸ਼ਬਦਾਰਥ

੩. (ਹੇ ਜੋਗੀ ! ਇਸ ਨਾਮ ਦੀ ਬਰਕਤਿ ਨਾਲ) ਮੈਂ ਜਗਤ ਦੇ ਮੂਲ ਪ੍ਰਭ ਦੇ ਦਰ ਤੇ ਟਿਕ ਕੇ (ਮਾਇਆ ਦੇ ਹੜ੍ਹ ਅਗੇ) ਬੰਨ੍ਹਾ ਬਨ ਲਿਆ ਹੈ । [ਦਰਪਣ

੪. ਮੂਲ ਦੁਆਰਾ ਮੂਲ ਅਗਯਾਨ ਤਿਸ ਕਾ ਬੰਧਾਨ ਬੰਧਯਾ ਹੈ, ਰੋਕਿਆ ਹੈ ਮੂਲਾ ਅਗਯਾਨ ਦੀ ਨਿਬ੍ਰਿਤ । [ਪ੍ਰਿਯਾ ਭਾ. ਸ਼ਾਮ ਸਿੰਘ ਜੀ

**ਨਿਰਣੈ** : ਇਥੇ 'ਮੂਲ ਦੁਆਰੈ' ਤੋਂ ਭਾਵ ਹਰੀ ਦਾ ਦੁਆਰਾ ਨਹੀਂ ਜਿਵੇਂ ਕਿ ਸ਼ਬਦਾਰਥੀ ਵਿਦਵਾਨਾਂ ਤੇ ਦਰਪਣ ਦੇ ਕਰਤਾ ਨੇ ਅਰਥ ਕੀਤੇ ਹਨ । ਇਥੇ ਜੋਗ-ਕ੍ਰਿਆ ਦਾ ਪ੍ਰਕਰਣ ਚਲ ਰਿਹਾ ਹੈ ਅਤੇ 'ਮੂਲ ਦੁਆਰੇ ਤੋਂ ਮੁਰਾਦ 'ਗੁਦਾ' ਹੈ । ਭਾ. ਕਾਨ੍ਹ ਸਿੰਘ ਜੀ ਨੇ ਮਹਾਨ ਕੋਸ਼ ਵਿਚ ਇਹੋ ਅਰਥ ਕੀਤੇ ਹਨ 'ਪ੍ਰਾਣਾਯਾਮਾ ਕਰਨ ਸਮੇਂ ਅੱਡੀ ਨਾਲ ਗੁਦਾ ਦਾ ਮੁਖ ਬੰਦ ਕੀਤਾ । ਵਿਸਥਾਰ ਲਈ ਅਗੇ ਪੜੋ ਸਾਰੰਸ਼ ਅਤੇ ਸਿਧਾਂਤ।

## ਸਾਰੰਸ਼ ਅਤੇ ਸਿਧਾਂਤ

ਜੋ ਸ੍ਰੇਸ਼ਟ ਬੁਧੀ ਵਾਲੇ ਜੋਗੀ ਜਨ ਕਲਿਆਣ ਰੂਪ ਪਰਮਾਤਮਾ ਦੇ ਨਗਰ ਦਸਮ ਦੁਆਰ ਵਿਚ ਵਸਦੇ ਹਨ, ਉਨ੍ਹਾਂ ਨਾਲ ਬੈਠ ਕੇ ਭਗਤੀ ਹਿਤ ਵਿਚਾਰ ਕੀਤਿਆਂ ਪਤਾ ਲਗ ਜਾਂਦਾ ਹੈ ਕਿ ਇਸ ਲੋਕ ਤੇ ਪਰਲੋਕ ਵਿਚ ਕਿਹੜੀ ਵਸਤੂ ਸ੍ਰੇਸ਼ਟ ਹੈ ? ਜਦੋਂ ਨਿਜ ਸਰੂਪ ਵਿਚ ਧਿਆਨ ਜੁੜਿਆ ਹੋਵੇ ਤਾਂ ਬ੍ਰਿਤੀ ਇਕ-ਰਸ ਹੋ ਜਾਂਦੀ ਹੈ । ਫਿਰ ਯਥਾਰਥ ਗਿਆਨ ਹੋ ਜਾਂਦਾ ਹੈ । ਹੁਣ ਜੋਗ-ਰਾਹੀਂ ਦਸਮ ਦੁਆਰ ਵੇਖਣ ਦੀ ਕ੍ਰਿਆ ਦਾ ਵਰਣਨ ਕਰਦੇ ਹਨ ।

ਪ੍ਰਸ਼ਨ : - ਭਗਤ ਜੀ ! ਤੁਸੀਂ ਜੋਗ ਗਿਆਨ ਬਾਰੇ ਕੁਝ ਚਾਨਣ ਪਾਓ ?

ਉੱਤਰ : - ਮੈਂ ਗੁਰੂ ਤੋਂ ਉਪਦੇਸ਼ ਲੈ ਕੇ ਪਹਿਲਾਂ ਪ੍ਰਾਣ ਚੜ੍ਹਾਉਣ ਲਈ ਮੂਲ ਦੁਆਰੇ ਨੂੰ ਬੰਨ੍ਹ ਲਗਾਇਆ ਹੈ ਭਾਵ ਗੁਦਾ ਅੱਡੀ ਨਾਲ ਰੋਕਿਆ ਹੈ । ਰੋਕਣ ਮਗਰੋਂ ਮੇਰ-ਦੰਡ (ਕੰਗਰੋੜ) ਦੇ ਰਸਤੇ

ਪ੍ਰਾਣ ਚੜ੍ਹਾਉਣ ਵੇਲੇ ਪਹਿਲੇ ਸੂਰਜ ਦੇ ਸਵਰ ਤੋਂ ਪਵਨ ਚਲਾਈ। ਜਦੋਂ ਉਸ ਪਵਨ ਨਾਲ ਦੇਹੀ ਵਿਚ ਬਹੁਤ ਗਰਮੀ ਹੋਈ ਤਾਂ ਉਸ ਨੂੰ ਸ਼ਾਂਤ ਕਰਨ ਹਿਤ ਸੂਰਜ ਦੇ ਸਵਰ ਤੋਂ ਉਪਰ ਚੰਦ੍ਰਮਾ ਦਾ ਸਵਰ ਟਿਕਾਇਆ।

ਦਸਮ ਦੁਆਰ ਵਿਚ ਪਹੁੰਚਣ ਲਈ ਜੋਗੀ ਲੋਕ ਦੋ ਤ੍ਰੀਕਿਆਂ ਨਾਲ ਪ੍ਰਾਣ ਚੜ੍ਹਾਂਦੇ ਹਨ-ਇਕ ਕੁੰਡਲਨੀ ਦੀ ਰਾਹੀਂ, ਦੂਜਾ ਮੇਰ-ਦੰਡ ਦੇ ਰਸਤੇ। ਗੁਦਾ ਦੇ ਨੇੜੇ ਤੋਂ ਲੈ ਕਪਾਲ ਨਾੜੀ ਤਕ ਲਗੀ ਹੋਈ ਪਿਠ ਦੀਆਂ ਵਡੀਆਂ ਹਡੀਆਂ ਦਾ ਨਾਮ ਮੇਰ-ਦੰਡ ਹੈ ਜਿਸ ਦੇ ਨਾਲ ਵਖ ਵਖ ਥਾਵਾਂ ਦੀਆਂ ਸਾਰੀਆਂ ਨਾੜੀਆਂ ਜੁੜੀਆਂ ਹੋਈਆਂ ਹਨ, ਓਹ ਵਿਚਕਾਰੋਂ ਪੋਲੀਆਂ ਹੁੰਦੀਆਂ ਹਨ। ਇਸ ਲਈ ਬਹੁਤ ਸਮਾਂ ਸਮਾਧ ਇਸਥਿਤ ਰਹਿਣ ਵਾਲੇ ਉਸ ਰਸਤੇ ਦਸਮ ਦੁਆਰ ਵਿਚ ਪੌਣ ਚੜ੍ਹਾਂਦੇ ਹਨ।

ਥੋੜੇ ਸਮੇਂ ਦੇ ਸਮਾਧੀ ਦੇ ਚਾਹਵਾਨ, ਕੁੰਡਲਨੀ ਦੇ ਰਸਤੇ ਸੁਆਸ ਚੜ੍ਹਾਂਦੇ ਹਨ। ਕੁੰਡਲਨੀ ਨਾੜੀ ਛੇ ਚਕਰਾਂ ਵਿਚ ਹੋ ਕੇ ਮਥੇ ਵਲ ਜਾਂਦੀ ਹੈ। 'ਉਲਟਤ ਪਵਨ ਚਕ੍ਰ ਖਟ ਭੇਦੇ... ' ਇਸ ਲਈ ਉਸ ਰਸਤੇ ਚਲਦੀ ਪਵਨ ਵੀ ਖਟ ਚਕਰਾਂ ਤੋਂ ਹੋ ਕੇ ਮੂਰਧ ਵਲ ਨੂੰ ਜਾਂਦੀ ਹੈ -

ਇਸ ਸ਼ਬਦ ਵਿਚ ਮੇਰ ਦੰਡ ਦੇ ਰਸਤੇ ਤੋਂ ਕੁੰਡਲਨੀ ਸੁਰਝੀ ਲਿਖੀ ਹੈ। ਜੋਗੀ ਜਨ ਸਮਾਧੀ ਲਾਉਣ ਸਮੇਂ ਜੇ ਗੁਦਾ ਦੇ ਰਸਤੇ ਪਵਨ ਬਾਹਰ ਨ ਨਿਕਲੇ ਤਾਂ ਉਹ ਗੁਦਾ ਦੀ ਮੋਰੀ ਵਿਚ ਪੈਰਾਂ ਦੀ ਅਡੀ ਲਗਾ ਲੈਂਦਾ ਹੈ ਅਤੇ ਅੱਡੀ ਲਗਾਣ ਮਗਰੋਂ ਵਾਯੂ ਨਾਲ ਮਿਲਾ ਕੇ ਪਵਨ ਨੂੰ ਉਪਰ ਚੜ੍ਹਾਂਦਾ ਹੈ।

ਸਰੀਰ ਦੀਆਂ ਸਾਰੀਆਂ ਅਸਥੀਆਂ ਅੰਦਰ ਮੱਜਾ ਧਾਤੂ (ਚਿਕਨਾਈ) ਰਹਿੰਦੀ ਹੈ, ਇਸ ਲਈ ਮੇਰ ਦੰਡ ਵੀ ਅੰਦਰੋਂ ਮਿਝ ਨਾਲ ਭਰਿਆ ਹੋਇਆ ਹੈ ਅਤੇ ਮਿਝ ਪਵਨ ਨੂੰ ਉਪਰ ਵਲ ਨਹੀਂ ਚਲਣ ਦੇਂਦੀ। ਇਸ ਕਰਕੇ ਪਹਿਲਾਂ ਸੂਰਜ ਦੇ ਸਵਰ ਤੋਂ ਪਉਣ ਚੜ੍ਹਾਂਦੇ ਹਨ ਅਤੇ ਉਸ ਦੀ ਗਰਮੀ ਨਾਲ ਮਿਝ ਢਲ ਕੇ ਨਿਕਲਦੀ ਹੈ। ਉਸ ਪਿਛੋਂ ਕੁਝ ਖਾਲੀ ਹੋਈ ਥਾਂ ਰਾਹੀਂ ਪ੍ਰਾਣ ਉਪਰ ਵਲ ਚੜ੍ਹਦੇ ਹਨ। ਪ੍ਰੰਤੂ ਸੂਰਜ ਦੀ ਸਵਰ ਨਾਲ ਸਰੀਰ ਵਿਚ ਗਰਮੀ ਬਹੁਤ ਜੋਰ ਫੜ ਜਾਂਦੀ ਹੈ। ਇਸ ਲਈ ਜੋਗੀ ਲੋਕ ਪਿਛੋਂ ਚੰਦ ਦਾ ਸਵਰ ਚਲਾਂਦੇ ਹਨ, ਤਾਂ ਗਰਮੀ ਸ਼ਾਂਤ ਹੁੰਦੀ ਹੈ। ਸਰਦੀ ਨਾਲ ਮਿਝ ਜਮ ਜਾਣ ਕਾਰਨ ਪ੍ਰਾਣ ਉਪਰ ਜਾਣੋਂ ਫਿਰ ਰੁਕ ਜਾਂਦੇ ਹਨ। ਫਿਰ ਪਛਮ ਦੁਆਰੇ ਭਾਵ ਮੇਰ-ਦੰਡ ਵਿਚ ਸੂਰਜ ਦੇ ਸਵਰ ਨੂੰ ਚਲਾਂਦੇ ਹਨ ਤਾਂ ਤਪਸ਼ ਹੁੰਦੀ ਹੈ। ਮੇਰ-ਦੰਡ ਦਾ ਸਿਰਾ ਕਪਾਲ ਨਾਲ ਲੱਗਾ ਹੋਇਆ ਹੈ। ਜਦ ਗਿਚੀ ਵਾਲੀ ਨਾੜੀ ਰਾਹੀਂ ਸੂਰਜ ਦੇ ਸਵਰ ਨੂੰ ਚਲਾਂਦੇ ਹਨ ਤਾਂ ਤਪਸ਼ ਹੁੰਦੀ ਹੈ। ਮੇਰ-ਦੰਡ ਦਾ ਸਿਰਾ ਕਪਾਲ ਨਾਲ ਲਗਾ ਹੋਇਆ ਹੈ ਜਿਹੜਾ ਗਿਚੀ ਵਾਲੀ ਥਾਂ ਵਲ ਵਧਦਾ ਹੈ, ਉਹ ਪੱਕਾ ਹੋ ਜਾਂਦਾ ਹੈ।

ਮੇਰ ਦੰਡ ਦੇ ਸਿਰੇ ਤੋਂ ਜਿਸ ਰਸਤੇ ਪ੍ਰਾਣ ਚੜ੍ਹਦੇ ਹਨ, ਓਥੇ ਮੇਰ ਦੰਡ ਵਲ ਇਕ ਸਿਲ ਮਾਸ ਦੀ ਕਤਲੀ ਹੈ ਜੋ ਪ੍ਰਾਣਾਂ ਨੂੰ ਰੋਕਦੀ ਹੈ। ਸਿਲਾ ਦੇ ਨੇੜੇ ਉਪਰਲੇ ਪਾਸੇ ਪਵਨ ਨੂੰ ਰੋਕਣ ਵਾਲੀ ਖਿੜਕੀ ਅਤੇ ਦੂਜੀ ਮਾਸ ਦੀ ਕਤਲੀ ਹੈ। ਪਵਨ ਆਪਣੇ ਬਲ ਨਾਲ ਉਸ ਖਿੜਕੀ ਨੂੰ ਉਠਾਂਦੀ ਹੈ। ਉਸ ਖਿੜਕੀ ਉਪਰ ਦਸਮ ਦੁਆਰ ਹੈ। ਉਥੇ ਪਹੁੰਚ ਕੇ ਜੋਗੀ ਉਸ ਬ੍ਰਹਮ ਦੇ ਧਿਆਨ ਵਿਚ ਲੀਨ ਹੋਂਦੇ ਹਨ ਜਿਸ ਬ੍ਰਹਮ ਜੋਤੀ ਦਾ ਕਦੇ ਵੀ ਵਿਨਾਸ਼ ਨਹੀਂ ਹੁੰਦਾ।

ਭਗਤ ਜੀ ਨੇ ਇਸ ਸ਼ਬਦ ਵਿਚ ਸਾਰੀ ਸ਼ਬਦਾਵਲੀ ਜੋਗਮਤ ਵਾਲੀ ਵਰਤੀ ਹੈ। ਇਉਂ ਜਪਦਾ ਹੈ ਕਿ ਕਿਸੇ ਜੋਗੀ ਨਾਲ ਵਾਰਤਾਲਾਪ ਹੋਣ ਤੇ ਉਸ ਨੂੰ ਦਸਮ ਦੁਆਰ ਦੀ ਵਿਆਖਿਆ ਤੋਂ ਜਾਣੂੰ ਕਰਾ ਰਹੇ ਹਨ। ਜਿਥੋਂ ਤਕ ਸ਼ਬਦ ਦੇ ਸਿਧਾਂਤ ਦਾ ਸਬੰਧ ਹੈ, ਉਹ ਰਹਾਉ ਵਾਲੀ ਪੰਕਤੀ ਤੋਂ ਮਿਲ ਜਾਂਦਾ ਹੈ। ਪਰਮਾਤਮਾ ਦਾ ਨਾਮ ਹਿਰਦੇ ਵਿਚ ਹੀ ਸਭ ਤੋਂ ਉਚਾ ਗਿਆਨ ਤੇ ਧਿਆਨ ਹੈ।

ਸਾਰੀ ਵੀਚਾਰ ਤੋਂ ਇਕ ਤੱਤ ਵਾਲੀ ਗੱਲ ਪਾਠਕਾਂ ਨੂੰ ਪਲੇ ਬੰਨਣੀ ਚਾਹੀਦੀ ਹੈ ਕਿ ਭਗਤ ਕਬੀਰ ਜੀ ਕੋਈ ਜੋਗ-ਅਭਿਆਸ ਕਰਨ ਦਾ ਉਪਦੇਸ਼ ਨਹੀਂ ਦੇ ਰਹੇ, ਆਪ ਜੋਗੀ ਨਾਲ ਵੀਚਾਰਾਂ ਦੀ ਸਾਂਝ ਕਰਦੇ ਹੋਏ ਨਿਜਪਦ ਦੀ ਪ੍ਰਾਪਤੀ ਬਾਰੇ ਲੱਗੇ 'ਧਿਆਨ' ਦਾ ਜ਼ਿਕਰ ਕਰ ਰਹੇ ਹਨ, ਜਿਸ ਦਾ ਅਧਾਰ ਬ੍ਰਹਮ-ਗਿਆਨ ਹੈ:-

**ਨਿਜ ਪਦ ਊਪਰਿ ਲਾਗੋ ਧਿਆਨੁ ॥ ਰਾਜਾ ਰਾਮੁ, ਮੇਰਾ ਬ੍ਰਹਮ ਗਿਆਨੁ ॥**

ਉਪ੍ਰੋਕਤ ਵਿਆਖਿਆ ਪੰ. ਤਾਰਾ ਸਿੰਘ ਜੀ ਨਰੋਤਮ ਦੀ ਖੋਜ ਦੇ ਅਧਾਰ ਉਤੇ ਪਾਠਕਾਂ ਦੀ ਗਿਆਤ ਹਿਤ ਭੇਟਾ ਕੀਤੀ ਹੈ।

ਸ਼ਬਦਾਰਥੀ ਵਿਦਵਾਨਾਂ ਨੇ ਇਸ ਸ਼ਬਦ ਬਾਰੇ ਫੁਟ ਨੋਟ ਦੇ ਰੂਪ ਵਿਚ ਜੋ ਸੰਖੇਪ ਜਿਹੇ ਵੀਚਾਰ ਦਿੱਤੇ ਹਨ, ਓਹ ਇਸ ਤਰ੍ਹਾਂ ਹਨ:-

"ਕਬੀਰ ਜੀ ਯੋਗ ਅਭਿਆਸ ਦੇ ਲਫਜ਼ ਵਰਤ ਕੇ ਉਸ ਦੀ ਥਾਂ ਅਸਲ ਬ੍ਰਹਮ-ਗਿਆਨ ਸਮਝਾਉਂਦੇ ਹਨ। ਯੋਗੀ ਲੋਕ ਆਪਣੇ ਪ੍ਰਾਣ ਦਸਮ-ਦੁਆਰ ਚੜ੍ਹਾਉਣ ਦਾ ਇਉਂ ਜਤਨ ਕਰਦੇ ਹਨ ਕਿ ਪਹਿਲਾਂ (ਮੂਲ ਦੁਆਰੇ) ਗੁਦਾ ਨੂੰ ਗਿੱਟੇ ਨਾਲ ਬੰਦ ਕਰਕੇ ਹਵਾ ਨੂੰ ਓਧਰੋਂ ਨਿਕਲਣ ਤੋਂ ਰੋਕਦੇ ਹਨ। ਇਹ ਮੂਲਬੰਧ ਅਖਵਾਂਦਾ ਹੈ। ਫੇਰ ਦਸਮ ਦੁਆਰ ਤੋਂ ਹੇਠਾਂ ਵਾਲੀ ਸੰਘ ਦੀ ਮੋਰੀ ਨੂੰ ਜੀਭ ਨਾਲ ਬੰਦ ਕਰਦੇ ਹਨ, ਜਿਸ ਨਾਲ 'ਚੰਦ੍ਰਮਾ' ਵਿਚੋਂ ਝਰਦਾ ਅੰਮ੍ਰਿਤ ਉਪਰ ਹੀ ਰੁਕ ਜਾਂਦਾ ਹੈ ਅਤੇ ਥਲੇ ਮਿਹਦੇ ਦੀ ਅੱਗ (ਸੂਰਜ) ਵਿਚ ਪੈ ਕੇ ਨਹੀਂ ਸੜਦਾ। ਪਰ ਹੇਠਲੇ ਪ੍ਰਾਣ ਥਲੇ ਰਹਿ ਜਾਣ ਕਰਕੇ ਅੰਦਰ ਬੜੀ ਗਰਮੀ ਪੈਦਾ ਹੋ ਜਾਂਦੀ ਹੈ ਜਿਸ ਨਾਲ ਕੁੰਡਲਨੀ ਨਾੜੀ ਸੁਲਝ ਜਾਂਦੀ ਹੈ ਤੇ ਪ੍ਰਾਣ ਸੁਖਮਨਾ ਨਾੜੀ ਵਿੱਚ ਚਲੇ ਜਾਂਦੇ ਹਨ। ਜਿਥੇ ਇੜਾ ਪਿੰਗਲਾ ਤੇ ਸੁਖਮਨਾ ਦਾ ਮੇਲ ਹੈ, ਉਸ ਨੂੰ 'ਪੱਛਮ ਦੁਆਰਾ' ਕਿਹਾ ਹੈ।"

ਪ੍ਰੋ. ਸਾਹਿਬ ਸਿੰਘ ਜੀ ਨੇ 'ਦਸਮ ਦੁਆਰ' ਦੇ ਅਰਥ 'ਦਿਮਾਗ਼' ਕੀਤੇ ਹਨ ਜੋ ਠੀਕ ਨਹੀਂ ਹਨ। ਇਹ ਵਿਸ਼ਾ ਪੂਰੀ ਪੁਸਤਕ ਦਾ ਹੈ, ਇਸ ਲਈ ਵਿਸਥਾਰ ਦੇਣ ਤੋਂ ਸੰਕੋਚ ਕੀਤਾ ਹੈ।

**ਸੋ ਮੁਲਾਂ, ਜੋ ਮਨ ਸਿਉ ਲਰੈ ॥ ਗੁਰ ਉਪਦੇਸਿ, ਕਾਲ ਸਿਉ ਜੁਰੈ ॥ ਕਾਲੁ ਪੁਰਖ ਕਾ ਮਰਦੈ ਮਾਨੁ ॥ ਤਿਸੁ ਮੁਲਾ ਕਉ ਸਦਾ ਸਲਾਮੁ ॥੧॥ ਹੈ ਹਜੂਰਿ, ਕਤ ਦੂਰਿ ਬਤਾਵਹੁ॥ ਦੁੰਦਰ ਬਾਧਹੁ, ਸੁੰਦਰ ਪਾਵਹੁ॥੧॥ਰਹਾਉ॥ ਕਾਜੀ ਸੋ, ਜੁ ਕਾਇਆ ਬੀਚਾਰੈ॥ ਕਾਇਆ ਕੀ ਅਗਨਿ, ਬ੍ਰਹਮੁ ਪਰਜਾਰੈ॥ ਸੁਪਨੈ ਬਿੰਦੁ ਨ ਦੇਈ ਝਰਨਾ॥ ਤਿਸੁ ਕਾਜੀ ਕਉ, ਜਰਾ ਨ ਮਰਨਾ॥੨॥ ਸੋ ਸੁਰਤਾਨੁ, ਜੁ ਦੁਇ ਸਰ ਤਾਨੈ॥ ਬਾਹਰਿ**

**ਜਾਤਾ, ਭੀਤਰਿ ਆਨੈ॥ ਗਗਨ ਮੰਡਲ ਮਹਿ, ਲਸਕਰੁ ਕਰੈ॥ ਸੋ ਸੁਰਤਾਨੁ, ਛਤ੍ਰੁ ਸਿਰਿ ਧਰੈ॥੩॥ ਜੋਗੀ, ਗੋਰਖੁ ਗੋਰਖੁ ਕਰੈ ॥ ਹਿੰਦੂ, ਰਾਮਨਾਮੁ ਉਚਰੈ ॥ ਮੁਸਲਮਾਨ ਕਾ ਏਕੁ ਖੁਦਾਇ ॥ ਕਬੀਰ ਕਾ ਸੁਆਮੀ, ਰਹਿਆ ਸਮਾਇ ॥੪॥੩॥੧੧॥**

## ਉਚਾਰਨ ਸੇਧ

**ਬਿੰਦੀ ਸਹਿਤ :** ਜਿਉਂ, ਮੁਲਾਂ, ਕਾਇਆਂ, ਮਹਿਂ।

**ਪਦ ਅਰਥ :** ਲਰੈ-ਲੜਦਾ, ਸੰਘਰਸ਼ ਕਰਦਾ ਹੈ। ਗੁਰ ਉਪਦੇਸਿ-ਗੁਰੂ ਦੇ ਉਪਦੇਸ਼ ਦੁਆਰਾ। ਕਾਲ ਸਿਉ-ਮੌਤ ਨਾਲ। ਜੁਰ-ਜੁੜਦਾ ਹੈ। ਕਾਲ ਪੁਰਖ-ਜਮਰਾਜ। ਮਰਦੈ-ਮਲ ਦੇਂਦਾ ਹੈ। ਮਾਨੁ-ਅਹੰਕਾਰੁ।੧। ਸਲਾਮੁ-ਸਲਾਮ, ਅਲੇਕਮ, ਨਮਸਕਾਰ।੧।

ਹਜੂਰਿ-ਹਾਜ਼ਰ ਨਾਜ਼ਰ। ਕਤ-ਕਿਉਂ?। ਦੂਰਿ ਬਤਾਵਹੁ-ਭਾਵ ਸਤਵੇਂ ਅਸਮਾਨ ਉਤੇ ਵਸਦਾ ਦਸਦੇ ਹੋ। ਦੁੰਦਰ-ਸ਼ੋਰ ਪਾਣ ਵਾਲੇ ਕਾਮਾਦਿਕ। ਬਾਧਹੁ-ਬੰਨ੍ਹੋ, ਕਾਬੂ ਕਰੋ। ਸੁੰਦਰ ਪਾਵਹੁ-ਸੋਹਣਾ (ਪ੍ਰਭੂ) ਪਾ ਲਵੋ।੧।ਰਹਾਉ।

ਅਗਨਿ ਬ੍ਰਹਮੁ-ਬ੍ਰਹਮ ਰੂਪ ਅੱਗ। ਪਰਜਾਰੈ-ਚੰਗੀ ਤਰ੍ਹਾਂ ਬਾਲਦਾ ਹੈ। ਸੁਪਨੈ-ਸੁਪਨੇ ਵਿਚ। ਬਿੰਦੁ-ਬੀਰਜ। ਨ ਦੇਈ ਝਰਨਾ-ਡਿੱਗਣ ਨਹੀਂ ਦਿੰਦਾ। ਜਰਾ-ਬੁਢੇਪਾ। ਮਰਨਾ-ਮੌਤ।੨।

ਸੁਰਤਾਨੁ-ਸੁਲਤਾਨ। ਜੁ ਜਿਹੜਾ। ਦੁਇ ਸਰ-ਦੋ ਤੀਰ (ਗਿਆਨ ਤੇ ਵੈਰਾਗ)। ਤਾਨੈ-ਤਾਣਦਾ, ਕਸ ਕੇ ਰਖਦਾ ਹੈ। ਬਾਹਰਿ ਜਾਤਾ-ਬਾਹਰ ਜਾਂਦਾ (ਭੌਂਦੂ ਮਨ)। ਭੀਤਰਿ ਆਣੈ-(ਹਿਰਦੇ ਘਰ) ਵਿਚ ਲਿਆਉਂਦਾ, ਟਿਕਾਂਦਾ ਹੈ। ਗਗਨ ਮੰਡਲ ਮਹਿ-ਦਸਮ ਦੁਆਰ ਵਿਚ। ਲਸਕਰੁ ਕਰੈ-(ਗੁਣਾਂ ਦੀ) ਫੌਜ (ਇਕੱਠੀ) ਕਰਦਾ ਹੈ। ਛਤ੍ਰੁ ਸਿਰਿ ਧਰੈ-ਸਿਰ ਉਤੇ ਛਤ੍ਰ ਧਰਦਾ ਹੈ।੩।

ਗੋਰਖੁ-ਜੋਗੀਆ ਦੇ ਗੁਰੂ ਦਾ ਨਾਮ। ਰਾਮ ਨਾਮੁ-ਰਾਮ ਦਾ ਨਾਮ।੪।

**ਅਰਥ :** (ਅਸਲ ਵਿਚ) ਮੁੱਲਾਂ ਉਹ ਹੈ ਜਿਹੜਾ (ਆਪਣੇ) ਮਨ ਨਾਲ ਲੜਦਾ ਹੈ (ਭਾਵ ਮਨ ਦੇ ਸੰਕਲਪਾਂ ਵਿਕਲਪਾਂ ਤੇ ਕਾਬੂ ਪਾਂਦਾ ਹੈ)। (ਅਸਲੀ ਮੁੱਲਾਂ ਉਹ ਹੈ ਜੋ) ਗੁਰੂ ਦੇ ਉਪਦੇਸ਼ ਦੁਆਰਾ ਮੌਤ ਨਾਲ ਜੁੜਦਾ (ਭਾਵ ਜੂਝਦਾ, ਲੜਾਈ ਕਰਦਾ) ਹੈ। (ਉਹ ਮੁੱਲਾਂ) ਕਾਲ ਪੁਰਖ (ਜਮ ਰਾਜ) ਦਾ (ਇਹ) ਮਾਣ ਮਲ ਸੁਟਦਾ ਹੈ ਭਾਵ ਨਾਸ਼ ਕਰ ਦਿੰਦਾ ਹੈ (ਕਿ ਸਾਰਾ ਜਗਤ ਉਸ ਦੇ ਪੱਲੇ ਵਿਚ ਹੈ)। ਉਸ ਮੁੱਲਾਂ ਨੂੰ (ਮੇਰੀ) ਸਦਾ ਹੀ ਸਲਾਮ ਅਲੇਕਮ (ਨਮਸਕਾਰ) ਹੈ।੧।

(ਕਬੀਰ ਜੀ ਫੁਰਮਾਉਂਦੇ ਹਨ ਕਿ ਹੇ ਮੁੱਲਾਂ! ਓਹ ਸਾਹਿਬ ਤਾਂ ਹਰ ਵੇਲੇ) ਹਾਜ਼ਰ ਹਜ਼ੂਰ ਹੈ (ਤੁਸੀਂ ਲੋਕਾਂ ਨੂੰ ਰਬ ਸਤਵੇਂ ਅਸਮਾਨ ਤੇ) ਦੂਰ(ਵਸਦਾ)ਕਿਉਂ ਦਸਦੇ ਹੋ? (ਤੁਸੀਂ) ਦੁੰਦਰ (ਜੰਗ ਮਚਾਣ ਵਾਲੇ ਵਿਕਾਰਾਂ ਨੂੰ) ਬੰਨ੍ਹੋ (ਭਾਵ ਕਾਬੂ ਕਰੋ, ਫਿਰ ਉਸ) ਸੁੰਦਰ (ਪਰਮਾਤਮਾ ਨੂੰ) ਪਾ ਲਵੋ।੧।ਰਹਾਉ।

ਕਾਜ਼ੀ ਓਹ ਹੈ (ਜਿਹੜਾ) ਸਰੀਰ ਦੀ (ਅਸਲੀਅਤ) ਨੂੰ ਵਿਚਾਰੇ (ਕਿ ਇਹ ਪੰਜਾਂ ਤੱਤਾਂ ਦਾ ਪੁਤਲਾ ਨਾਸ਼ਵੰਤ ਹੈ), (ਜੋ) ਸਰੀਰ ਵਿਚ (ਬ੍ਰਹਮ ਦੀ) ਅਗਨੀ ਨੂੰ ਪਰਜ੍ਵਲਤ ਕਰਦਾ ਹੈ (ਅਥਵਾ

ਜਾਗਤ ਜੋਤਿ ਨਾਲ ਜੁੜਦਾ ਹੈ)। (ਉਹ ਕਾਜ਼ੀ) ਸੁਪਨੇ ਵਿਚ ਭੀ ਵੀਰਜ ਨੂੰ ਨਹੀਂ ਝੜਨ ਦਿੰਦਾ (ਅਤੇ) ਉਸ ਕਾਜ਼ੀ ਨੂੰ ਬੁਢੇਪੇ ਜਾਂ ਮੌਤ ਦਾ ਡਰ ਨਹੀਂ ਹੁੰਦਾ।੨।

(ਸਹੀ ਅਰਥਾਂ ਵਿਚ) ਬਾਦਸ਼ਾਹ ਉਹ ਹੈ ਜੋ (ਪ੍ਰੇਮ ਤੇ ਬੈਰਾਗ ਦੇ) ਦੋ ਤੀਰਾਂ ਨੂੰ ਤਾਣ ਕੇ ਰਖਦਾ ਹੈ। ਬਾਹਰ ਦੌੜਦਾ ਮਨ, ਅੰਦਰ ਵਲ ਲਿਆਂਦਾ ਹੈ। ਸਾਧਨਾ ਕਰਕੇ (ਆਪਣੀ ਬ੍ਰਿਤੀ ਨੂੰ) ਅੰਤਰਮੁਖ ਕਰਦਾ ਹੈ। (ਉਹ ਆਪਣੀਆਂ ਫੌਜਾਂ ਦਾ ਡੇਰਾ) ਆਕਾਸ਼ ਮੰਡਲ ਵਿਚ ਕਰਦਾ ਹੈ। ਉਹ ਬਾਦਸ਼ਾਹ ਆਪਣੇ ਸਿਰ ਤੇ (ਸਹੀ ਅਰਥਾਂ ਵਿਚ ਸੋਤਗੁਣੀ) ਛਤ੍ਰ ਧਰਦਾ ਹੈ।੩।

ਜੋਗੀ, ਗੋਰਖ ਗੋਰਖ ਕਰਦਾ (ਭਾਵ ਗੋਰਖ ਨੂੰ ਜਪਦਾ) ਹੈ। ਹਿੰਦੂ ਰਾਮ ਨਾਮ ਦਾ ਉਚਾਰਨ ਕਰਦਾ ਹੈ ਮੁਸਲਮਾਨ ਦਾ (ਰਟਨ) ਇਕ ਖੁਦਾਇ ਹੈ। (ਪਰ ਮੈਂ) ਕਬੀਰ ਦਾ ਮਾਲਕ (ਉਹ ਇਕੋ ਹੈ ਜੋ) ਸਾਰਿਆਂ ਵਿਚ ਵਿਆਪਕ ਹੋ ਰਿਹਾ ਹੈ।੪।੩।੧੧।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਅਸਲੀ ਮੁੱਲਾਂ ਵਿਚ ਜੋ ਗੁਣ ਹੋਣੇ ਚਾਹੀਦੇ ਹਨ, ਭਗਤ ਜੀ ਨੇ ਉਨ੍ਹਾਂ ਗੁਣਾਂ ਦਾ ਉਲੇਖ ਕੀਤਾ ਹੈ।

ਕਾਜ਼ੀ ਜਦੋਂ ਆਪਣੇ ਮੁਸਲਮਾਨੀ ਮਤ ਦੀ ਸਿਖਿਆ ਬਚਿਆਂ ਨੂੰ ਪੜ੍ਹਾਂਦੇ ਹਨ ਤਾਂ ਉਨ੍ਹਾਂ ਨੂੰ ਬੜੀਆਂ ਝਾੜਾਂ ਪਾਂਦੇ ਹਨ। ਭਗਤ ਜੀ ਕਹਿੰਦੇ ਹਨ ਹੇ ਮੁੱਲਾਂ! ਤੂੰ ਬਾਲਾਂ ਨਾਲ ਲੜਨਾ ਛਡ ਕੇ ਸੁਭ ਸਿਖਿਆ ਦੀ ਪ੍ਰਾਪਤੀ ਲਈ ਆਪਣੇ ਮਨ ਰੂਪੀ ਬਾਲਕ ਨਾਲ ਲੜ। ਗੁਰੂ ਦੇ ਉਪਦੇਸ਼ ਦੁਆਰਾ ਮਨ ਨੂੰ ਜਿਤ, ਮੌਤ ਨਾਲ ਯੁੱਧ ਕਰ। ਭਾਵ ਗਿਆਨ ਨਾਲ ਮੌਤ ਨੂੰ ਮੁਕਾ ਦੇ। ਇਥੋਂ ਤਕ ਕਿ ਭਗਵਾਨ ਦੀ ਕਿਰਪਾ ਨਾਲ ਜਮਰਾਜ ਦਾ ਅਭਿਮਾਨ ਵੀ ਮਲੀਆ ਮੇਟ ਕਰ ਦੇ।

ਮੁੱਲਾਂ ਦਾ ਲੋਕਾਂ ਨੂੰ ਇਹ ਉਪਦੇਸ਼ ਦੇਣਾ ਕਿ ਰਬ ਸਤਵੇਂ ਅਸਮਾਨ ਤੇ ਵਸਦਾ ਹੈ, ਭਾਵ ਉਥੋਂ ਤਕ ਪਹੁੰਚਣਾ ਮੁਸ਼ਕਲ ਹੈ, ਪਰ ਕਬੀਰ ਜੀ ਕਹਿੰਦੇ ਹਨ ਕਿ ਜੇ ਤੁਸੀਂ ਆਪਣੇ ਅੰਦਰ ਖਲਬਲੀ ਮਚਾਉਣ ਵਾਲੇ ਕਾਮ, ਕ੍ਰੋਧ ਆਦਿਕ ਵਿਕਾਰਾਂ ਉਤੇ ਕਾਬੂ ਪਾ ਲਵੋ, ਉਸ ਰਬ ਨੂੰ ਹਰ ਵੇਲੇ ਨੇੜੇ ਜਾਣਦੇ ਹੋਏ ਉਸ ਦਾ ਦਰਸ਼ਨ ਪਾ ਸਕਦੇ ਹੋ।

ਇਸੇ ਤਰ੍ਹਾਂ ਕਾਜ਼ੀ ਦੀ ਪਰਿਭਾਸ਼ਾ ਇਹ ਦਸੀ ਹੈ ਕਿ ਓਹ ਕੇਵਲ ਸ਼ਰ੍ਹਾ ਦਸ ਕੇ ਲੋਕਾਂ ਦੇ ਝਗੜੇ ਨਿਬੇੜਨ ਵਿਚ ਹੀ ਨਾ ਲੱਗਾ ਰਹੇ, ਸਤ, ਅਸਤਿ ਦਾ ਵਿਚਾਰ ਕਰੇ, ਆਤਮਾ ਤੇ ਅਨਾਤਮਾ ਦਾ ਉਸ ਨੂੰ ਗਿਆਨ ਹੋਣਾ ਚਾਹੀਦਾ ਹੈ, ਕਿਹੜੀ ਵਸਤੂ ਸੱਚੀ ਹੈ, ਕਿਹੜੀ ਝੂਠੀ ਹੈ?।

ਆਪਣੇ ਹਿਰਦੇ ਵਿਚ ਅਜਿਹੀ ਵੀਚਾਰ ਕਰਕੇ ਬ੍ਰਿਤੀ ਅੰਤਰਮੁਖੀ ਰਖੇ। ਫਿਰ ਨਿਰਾ ਲੋਕਾਂ ਨੂੰ ਉਪਦੇਸ਼ ਹੀ ਨਾ ਦੇਂਦਾ ਰਹੇ, ਆਪਣੇ ਬੀਰਜ ਨੂੰ ਸੁਪਨੇ ਵਿਚ ਭੀ ਗਿਰਨ ਨ ਦੇਵੇ, ਕਾਮ ਉਤੇ ਕਾਬੂ ਪਾਏ। ਐਸੀ ਸਾਧਨਾ ਨਾਲ ਆਪਣੇ ਅੰਦਰ ਬ੍ਰਹਮ ਅਗਨੀ ਪਰਚਲਤ ਕਰ ਲਏਗਾ, ਉਸ ਦੇ ਨੇੜੇ ਨਾ ਬੁਢੇਪਾ ਆਵੇਗਾ ਨਾ ਮੌਤ।

ਅਸਲ ਬਾਦਸ਼ਾਹ ਉਹ ਹੈ ਜੋ ਗਿਆਨੀ ਪੁਰਸ਼ਾਂ ਦੀ ਸਲਾਹ ਨਾਲ ਆਪਣੀ ਬੁੱਧੀ ਰੂਪ ਧਨੁਖ

ਵਿਚੋਂ ਅਗਿਆਨਤਾ ਨੂੰ ਵਿੰਨ੍ਹਣ ਲਈ ਅਪ੍ਰੋਕਸ਼ ਗਿਆਨ ਰੂਪ ਪ੍ਰੇਮ ਤੇ ਬੈਰਾਗ ਦੇ ਦੋ ਤੀਰ ਚਲਾਵੇ। ਇਸ ਤਰ੍ਹਾਂ ਮੁਕਤੀ ਖ਼ਾਤਰ ਬਾਹਰਲੀ ਸਾਧਨਾ ਛਡ ਕੇ ਗਗਨ ਮੰਡਲ ਦਾ ਧਿਆਨੀ ਬਣ ਜਾਵੇ। ਦੈਵੀ ਗੁਣਾ ਦਾ ਲਸ਼ਕਰ ਇਕੱਠਾ ਕਰੇ, ਇਹ ਆਪਣੇ ਸਿਰ ਉਤੇ ਛਤ੍ਰ ਧਰੇ।

ਅੰਤਲੇ ਪਦੇ ਵਿਚ ਜੋਗੀਆਂ, ਹਿੰਦੂਆਂ, ਮੁਸਲਮਾਨਾਂ ਦੇ ਜਾਪ ਦਾ ਜ਼ਿਕਰ ਕਰਦੇ ਭਗਤ ਜੀ ਆਖਦੇ ਹਨ ਕਿ ਸਾਡਾ ਸੁਆਮੀ ਸਰਬਵਿਆਪਕ ਹੈ, ਸਾਰੇ ਹੀ ਉਸ ਪਰਮਾਤਮਾ ਦੇ ਨਾਮ ਹਨ ਪਰ ਸਾਰੇ ਨਾਮ ਕਥੇ ਨਹੀਂ ਜਾ ਸਕਦੇ, ਕੇਵਲ ਕਰਮ ਨਾਮ ਹੀ ਪ੍ਰਚਲਤ ਹਨ ਜਿਨ੍ਹਾਂ ਦਾ ਵਖਿਆਨ ਵਿਦਵਾਨ ਲੋਕ ਕਰਦੇ ਹਨ।

**ਮਹਲਾ ੫ ॥ ਜੋ ਪਾਥਰ ਕਉ ਕਹਤੇ ਦੇਵ ॥ ਤਾ ਕੀ, ਬਿਰਥਾ ਹੋਵੈ ਸੇਵ ॥ ਜੋ ਪਾਥਰ ਕੀ ਪਾਂਈ ਪਾਇ ॥ ਤਿਸ ਕੀ ਘਾਲ, ਅਜਾਂਈ ਜਾਇ ॥੧॥ ਠਾਕੁਰੁ ਹਮਰਾ ਸਦ ਬੋਲੰਤਾ ॥ ਸਰਬ ਜੀਆ ਕਉ, ਪ੍ਰਭੁ ਦਾਨੁ ਦੇਤਾ ॥੧॥ ਰਹਾਉ ॥ ਅੰਤਰਿ ਦੇਉ, ਨ ਜਾਨੈ ਅੰਧੁ ॥ ਭ੍ਰਮ ਕਾ ਮੋਹਿਆ, ਪਾਵੈ ਫੰਧੁ ॥ ਨ ਪਾਥਰੁ ਬੋਲੈ, ਨਾ ਕਿਛੁ ਦੇਇ ॥ ਫੋਕਟ ਕਰਮ ਨਿਹਫਲ ਹੈ ਸੇਵ ॥੨॥ ਜੇ ਮਿਰਤਕ ਕਉ ਚੰਦਨੁ ਚੜਾਵੈ ॥ ਉਸ ਤੇ ਕਹਹੁ ਕਵਨ ਫਲ ਪਾਵੈ ॥ ਜੇ ਮਿਰਤਕ ਕਉ, ਬਿਸਟਾ ਮਾਹਿ ਰੁਲਾਈ ॥ ਤਾਂ ਮਿਰਤਕ ਕਾ, ਕਿਆ ਘਟਿ ਜਾਈ ॥੩॥ ਕਹਤ ਕਬੀਰ, ਹਉ ਕਹਉ ਪੁਕਾਰਿ ॥ ਸਮਝਿ ਦੇਖੁ, ਸਾਕਤ ਗਾਵਾਰ ॥ ਦੂਜੈ ਭਾਇ, ਬਹੁਤੁ ਘਰ ਗਾਲੇ ॥ ਰਾਮ ਭਗਤ ਹੈ ਸਦਾ ਸੁਖਾਲੇ ॥੪॥੪॥੧੨॥**

## ਉਚਾਰਨ ਸੇਧ

**ਬਿੰਦੀ ਸਹਿਤ :** ਜੀਆਂ, ਹਉਂ, ਕਹਉਂ, ਹੈਂ।

**ਪਦ ਅਰਥ :** ਦੇਵ-ਦੇਵਤਾ। ਪਾਂਈ ਪਾਇ-ਪੈਰੀਂ ਪੈਂਦਾ ਹੈ। ਘਾਲ-ਮਿਹਨਤ। ਅਜਾਂਈ-ਵਿਅਰਥ।੧। ਬੋਲੰਤਾ-ਬੋਲਦਾ ਹੈ। ਸਰਬ ਜੀਆ ਕਉ-ਸਾਰੇ ਜੀਆਂ ਨੂੰ।੧। ਰਹਾਉ। ਦੇਉ-ਪ੍ਰਭੂ! ਅੰਧੁ-ਅੰਨ੍ਹਾਂ ਅਗਿਆਨੀ। ਭ੍ਰਮ ਕਾ ਮੋਹਿਆ-ਭਰਮ ਦਾ ਠੱਗਿਆ ਹੋਇਆ। ਫੰਧੁ-ਫੰਧਾ, ਜਾਲ। ਫੋਕਟ-ਫੋਕੇ। ਨਿਹਫਲ-ਵਿਅਰਥ।੨। ਮਿਰਤਕ ਕਉ-ਮੁਰਦੇ ਨੂੰ। ਚੰਦਨ ਚੜ੍ਹਾਵੈ-ਚੰਦਨ ਰਗੜ ਕੇ ਲਾ ਦੇਵੇ।੩। ਕਹਉ ਪੁਕਾਰਿ-ਪੁਕਾਰ ਕੇ, ਉਚੀ ਉਚੀ ਕੂਕ ਕੇ ਆਖਦਾ ਹਾਂ। ਸਾਕਤ-ਹੇ ਮਾਇਆ ਦੇ ਉਪਾਸ਼ਕ। ਗਵਾਰ-ਹੇ ਮੂਰਖ! । ਦੂਜੈ ਭਾਇ-ਪ੍ਰਭੂ ਨੂੰ ਛਡ ਕੇ ਹੋਰ ਪਿਆਰ ਵਿਚ। ਗਾਲੇ-ਤਬਾਹ ਕੀਤੇ। ਹੈ-ਹਨ। ਸੁਖਾਲੇ-ਸੌਖੇ, ਸੁਖੀ ਜੀਵਨ ਵਾਲੇ।੪।

**ਅਰਥ :** (ਹੇ ਭਾਈ!) ਜਿਹੜੇ (ਲੋਕ) ਪਥਰ ਦੀ (ਮੂਰਤੀ) ਨੂੰ ਦੇਵ (ਪਰਮਾਤਮ) ਦੇਵ ਕਹਿੰਦੇ ਹਨ, ਉਨ੍ਹਾਂ ਦੀ ਕੀਤੀ ਸੇਵਾ ਵਿਅਰਥ ਜਾਂਦੀ ਹੈ। ਜਿਹੜਾ (ਮਨੁੱਖ) ਪਥਰ (ਮੂਰਤੀ) ਦੀ ਪੈਰੀਂ ਪੈਂਦਾ ਹੈ, ਉਸ ਦੀ (ਕੀਤੀ) ਮਿਹਨਤ ਐਵੇਂ ਜ਼ਾਇਆ ਜਾਂਦੀ ਹੈ।੧।

(ਹੇ ਭਾਈ !) ਸਾਡਾ ਠਾਕੁਰ ਸਦਾ ਹੀ ਬੋਲਦਾ ਹੈ । (ਉਹ) ਪ੍ਰਭੂ ਸਾਰੇ ਜੀਵ-ਜੰਤੂਆਂ ਨੂੰ (ਅਖੁੱਟ) ਦਾਨ ਦਿੰਦਾ ਹੈ ।੧। ਰਹਾਉ।

(ਮਨੁੱਖ ਦੇ ਹਿਰਦੇ) ਅੰਦਰ ਪਰਮਾਤਮਾ ਹੈ (ਪਰ ਇਹ) ਅੰਨ੍ਹਾਂ (ਅਗਿਆਨੀ ਉਸ ਨੂੰ) ਪਛਾਣਦਾ ਹੀ ਨਹੀਂ ਹੈ । ਭਰਮ ਦਾ ਠੱਗਿਆ ਹੋਇਆ (ਪਖੰਡ ਰੂਪੀ) ਜਾਲ ਵਿਛਾਉਂਦਾ ਰਹਿੰਦਾ ਹੈ । ਨਾ ਪੱਥਰ ਬੋਲਦਾ ਹੈ, ਨਾ ਕੁਝ ਦੇਂਦਾ ਹੈ। (ਇਸ ਦੀ ਪੂਜਾ ਕਰਨੀ) ਫੋਕਟ ਕਰਮ ਹੈ (ਅਤੇ ਅਜਿਹੀ) ਸੇਵਾ ਨਿਸਫਲ (ਵਿਅਰਥ) ਹੈ ।੨।

(ਹੇ ਭਾਈ !) ਜੇ ਕੋਈ (ਮਨੁੱਖ) ਮੁਰਦੇ ਨੂੰ ਚੰਦਨ (ਰਗੜ ਕੇ) ਲਾ ਦੇਵੇ, ਦਸੋ ! (ਸੇਵਾ ਕਰਨ ਵਾਲਾ) ਉਸ (ਮੁਰਦੇ) ਤੋਂ ਕੀ ਫਲ ਪ੍ਰਾਪਤ ਕਰ ਸਕਦਾ ਹੈ ? । ਜੇ ਕੋਈ ਮੁਰਦੇ ਨੂੰ ਗੰਦਗੀ ਵਿਚ ਰੁਲਾ ਦੇਵੇ, ਤਾਂ ਉਸ ਮੁਰਦੇ ਦਾ ਕੀ ਘਟ ਜਾਂਦਾ ਹੈ? (ਭਾਵ ਉਸ ਦਾ ਕੋਈ ਨਿਰਾਦਰ ਨਹੀਂ ਹੁੰਦਾ)।੩।

ਕਬੀਰ ਜੀ ਆਖਦੇ ਹਨ ਕਿ ਹੇ ਮਾਲਕ ਤੋਂ ਵੇਮੁਖ ਤੇ ਮੂਰਖ ਮਨ ! (ਮੈਂ ਤੈਨੂੰ ਇਹ ਗਲ) ਪੁਕਾਰ ਪੁਕਾਰ ਕੇ ਆਖਦਾ ਹਾਂ, (ਤੂੰ) ਸਮਝ ਕੇ (ਅਜ਼ਮਾ ਕੇ) ਵੇਖ । (ਹੇ ਭਾਈ! ਸੁਣ, ਰਬ ਨੂੰ ਛਡ ਕੇ) ਦ੍ਵੈਤ-ਭਾਵ ਵਿਚ ਲਗ ਕੇ ਬਹੁਤੇ ਘਰ ਤਬਾਹ ਹੋ ਗਏ ਹਨ (ਭਾਵ ਕਈ ਜੀਵਨ ਬਰਬਾਦ ਹੋ ਗਏ ਹਨ)। (ਪਰ) ਪ੍ਰਭੂ ਦੀ ਭਗਤੀ ਕਰਨ ਵਾਲੇ ਸਦਾ ਸੌਖੇ ਭਾਵ ਸੁਖੀ ਜੀਵਨ ਵਾਲੇ (ਬਣੇ ਰਹਿੰਦੇ) ਹਨ ।੪।੪।੧੨।

## *ਮਹਲਾ ੫ ॥ ਬਾਰੇ ਭੁਲੇਖੇ ਦਾ ਸਮਾਧਾਨ*

ਇਸ ਸ਼ਬਦ ਦੇ ਆਰੰਭ ਵਿਚ ਸਿਰਲੇਖ ਵਜੋਂ 'ਮਹਲਾ ੫' ਅਤੇ ਸ਼ਬਦ ਦੀ ਸਮਾਪਤੀ ਉਤੇ 'ਕਬੀਰ' ਨਾਂ ਦੀ ਮੁਹਰ-ਛਾਪ ਹੋਣ ਕਾਰਨ ਪਾਠਕ ਇਸ ਭਰਮ ਵਿਚ ਪੈ ਜਾਂਦੇ ਹਨ ਕਿ ਇਹ ਸ਼ਬਦ ਕਿਸ ਦਾ ਰਚਿਆ ਹੋਇਆ ਹੈ? ਇਸ ਬਾਰੇ ਸਭ ਤੋਂ ਪਹਿਲਾਂ ਸ਼ਬਦਾਰਥ ਵਿਚ ਦਿਤਾ ਫੁਟ ਨੋਟ ਪਾਠਕਾਂ ਦੀ ਦ੍ਰਿਸ਼ਟੀ ਗੋਚਰ ਕੀਤਾ ਜਾਂਦਾ ਹੈ-

"ਪੰਚਮ ਪਾਤਸ਼ਾਹ ਨੇ ਇਹ ਸ਼ਬਦ ਕਬੀਰ ਸਾਹਿਬ ਦੀ ਬਾਣੀ ਵਿਚੋਂ ਲੈ ਕੇ ਕੁਝ ਅਦਲਾ ਬਦਲੀ ਕਰ ਕੇ ਇਥੇ ਅਪਨਾ ਕੇ ਦਿੱਤਾ ਹੈ, ਜਿਵੇਂ ਪੰ. ੧੧੩੬ ਉਤੇ 'ਵਰਤ ਨ ਰਹਉ ਨ ਮਹ ਰਮਦਾਨਾ' ਵਾਲਾ ਸ਼ਬਦ ਘਟ ਵਧ ਕਰ ਕੇ ਅਪਨਾਇਆ ਸੀ, ਜਾ ਜਿਵੇਂ ਉਤਲੇ ਸ਼ਬਦ ਦੀਆਂ ਕੁਝ ਤੁਕਾਂ ('ਕਾਇਆ ਕੀ ਅਗਨਿ ਬ੍ਰਹਮੁ ਪਰਜਾਰੈ', ਆਦਿ) ਪਹਿਲੀ ਪਾਤਸ਼ਾਹੀ ਨੇ ਪੰ. ੯੫੨ ਉਤੇ ਅਪਨਾਈਆਂ ਸਨ ।

ਪਿਛਲੇ ਪੰਨੇ ਦੇ ਸ਼ੁਰੂ ਵਿਚ ਕਬੀਰ ਜੀ ਨੇ ਕਿਹਾ ਸੀ ਕਿ 'ਪੰਡਿਤ ਮੁਲਾਂ ਜੋ ਲਿਖਿ ਦੀਆ । ਛਾਡਿ ਚਲੇ ਹਮ ਕਛੂ ਨ ਲੀਆ' । ਹਿੰਦੂਆਂ ਦਾ ਪ੍ਰਾਣਾਯਾਮ ਅਤੇ ਮੁਸਲਮਾਣਾਂ ਦਾ ਸ਼ੋਰ-ਸ਼ਰਾਬਾ, ਧੀਂਗਾ-ਜ਼ੋਰੀ ਅਤੇ ਕਾਮ ਦੀਆਂ ਖੁਲ੍ਹੀਆਂ ਵਾਗਾਂ ਨੂੰ ਰੱਦ ਕਰ ਕੇ ਆਪਣੇ ਉਤੇ ਕਾਬੂ ਪਾਣ ਦਾ ਸਬਕ ਸਿਖਾਇਆ ਸੀ । ਇਸ ਸ਼ਬਦ ਵਿਚ ਹਿੰਦੂਆਂ ਦੀ ਮੂਰਤੀ-ਪੂਜਾ ਦਾ ਖੰਡਨ ਕਰਦੇ ਹਨ ।"

ਸ਼ਬਦਾਰਥੀ ਵਿਦਵਾਨਾਂ ਨੇ ਇਹ ਨੋਟ ਇਤਨੇ ਨਿਸਚੇ ਨਾਲ ਲਿਖਿਆ ਹੈ ਜਿਵੇਂ ਕਿ ਉਹਨਾਂ ਨੇ

ਇਹ ਸ਼ਬਦ ਕਬੀਰ ਸਾਗਰ ਗ੍ਰੰਥ ਜਾਂ ਹੋਰ ਕਿਤੋਂ ਕਬੀਰ ਜੀ ਦੀ ਬਾਣੀ ਵਿਚ ਵੇਖ ਕੇ ਲਿਖਿਆ ਹੋਵੇ। ਪ੍ਰੰਤੂ ਜੋ ਏਦਾਂ ਦੀ ਗਲ ਹੁੰਦੀ ਤਾਂ ਉਹ ਕਿਸੇ ਨ ਕਿਸੇ ਗ੍ਰੰਥ ਦਾ ਜ਼ਰੂਰ ਹਵਾਲਾ ਦਿੰਦੇ। ਇਉਂ ਜਾਪਦਾ ਹੈ ਕਿ ਵਿਦਵਾਨਾ ਨੇ ਸੁਣੀ ਸੁਣਾਈ ਗਲ ਨੂੰ ਇਸ ਵੀਚਾਰ ਦਾ ਅਧਾਰ ਬਣਾਇਆ ਹੈ। ਕਿਸੇ ਦੀ ਬਾਣੀ ਨੂੰ ਆਪਣੀ ਮਰਜ਼ੀ ਨਾਲ ਘਟ ਵਧ ਕਰ ਕੇ ਅਪਨਾਣਾ, ਕੀ ਗੁਰੂ ਅਰਜਨ ਸਾਹਿਬ ਜੀ ਮਹਾਨ ਸ਼ਖਸੀਅਤ ਦਾ ਸਤਿਕਾਰ ਕਰਨਾ ਹੈ ਜਾਂ ਕੁਝ ਹੋਰ ? ਜੇ ਇਹ ਅਨੁਮਾਨ ਲਾਇਆ ਜਾਵੇ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪਾਦਕ ਸਨ, ਓਹ ਆਪਣੀ ਇਛਾ ਅਨੁਸਾਰ ਕਿਸੇ ਦੀ ਬਾਣੀ ਨੂੰ ਘਟ ਵਧ ਕਰਕੇ ਪਾਵਨ ਸਰੂਪ ਵਿਚ ਚੜ੍ਹਾ ਸਕਦੇ ਸਨ ਤਾਂ ਛਜੂ ਜਾਂ ਹੋਰ ਭਗਤ ਜਿਨ੍ਹਾਂ ਦੀ ਬਾਣੀ ਮੌਤ ਨਾਲ ਜੁੜਦਾ (ਭਾਵ ਜੂਝਦਾ, ਲੜਾਈ ਕਰਦਾ) ਹੈ, ਨੂੰ ਗੁਰੂ ਜੀ ਨੇ ਨਹੀਂ ਅਪਨਾਇਆ, ਕੀ ਉਨ੍ਹਾਂ ਦੀਆਂ ਰਚਨਾਵਾਂ ਵਿਚ ਵਾਧਾ ਘਾਟਾ ਨਹੀਂ ਸਨ ਕਰ ਸਕਦੇ ? । ਕਿਸੇ ਰਚਨਾ ਤੇ ਆਲੋਚਨਾ ਕਰਨੀ ਜਾ ਸੁਝਾਉ ਦੇਣਾ ਵਖਰੀ ਗਲ ਹੈ, ਕਿਸੇ ਰਚਨਾ ਦੇ ਮੂਲ ਨੂੰ ਬਦਲਣਾ ਹੋਰ ਗਲ ਹੈ ? । ਜੇ ਦੂਜਿਆਂ ਦੀਆਂ ਰਚਨਾਵਾਂ ਨੂੰ ਕਟਣਾ ਦਾ ਅਧਿਕਾਰ ਹਰੇਕ ਵਿਦਵਾਨ ਆਪਣੇ ਹਥ ਵਿਚ ਲੈ ਲਵੇ ਤਾਂ ਸ਼ਾਇਦ ਹੀ ਕੋਈ ਰਚਨਾ ਸੰਸਾਰ ਵਿਚ ਮੂਲ ਰੂਪ ਵਿਚ ਸੁਰੱਖਿਅਤ ਰਹਿ ਸਕੇ।

'ਭਗਤ ਬਾਣੀ ਮਰਮ ਬੋਧਿਨੀ ਟੀਕਾ' ਦੇ ਲੇਖਕ ਸੰਤ ਸੰਪੂਰਨ ਸਿੰਘ ਜੀ ਪੀ.ਐਚ.ਡੀ. ਨੇ ਇਸ ਬਾਰੇ ਇਕ ਫੁਟ ਰਾਹੀਂ ਹੇਠ ਲਿਖੇ ਵਿਚਾਰ ਪ੍ਰਗਟਾਏ ਹਨ :

"ਕਿਸੇ ਕਿਸੇ ਟਿਕਾਣੇ ਕਬੀਰ ਆਦਿ ਭਗਤ ਆਪਣੀ ਬਾਣੀ ਅੰਦਰ ਆਪਣੀ ਪਹਿਲੀ ਅਵਸਥਾ ਦਾ ਬਿਰਤਾਂਤ ਭੀ ਬੋਲ ਦਿੰਦੇ ਸਨ-ਜਿਸ ਕਰਕੇ ਗੁਰੂ ਮਹਾਰਾਜ ਜੀ ਓਨਾਂ ਦੀ ਮੌਜੂਦਗੀ ਵਿੱਚ ਹੀ ਆਪਣਾ ਅਨਭਉ ਉਚਾਰ ਸੁਣਾਯਾ ਕਰਦੇ ਸਨ, ਤਾਂ ਜੋ ਮਤਭੇਦ ਨਾ ਹੋਣਾ ਪਵੇ ਤੇ ਉਸ ਸ਼ਬਦ ਨੂੰ ਵੇਖ ਗੁਰੂ ਮਹਾਰਾਜ ਉਸ ਉਸ ਭਗਤ ਦੀ ਬੇਨਤੀ ਮੂਜਬ ਇਸੇ ਬਾਣੀ ਅੰਦਰ ਹੀ ਦਰਜ ਕਰਾ ਦਿੰਦੇ ਸਨ। ਮਾਨੋ ਉਹ ਓਸ ਨੂੰ ਅਰਪ ਹੀ ਦਿੱਤਾ ਹੈ। ਜਿਹਾ ਕਿ ਇਥੇ ਆਪਣੇ ਨਾਮ ਦੀ ਬਜਾਇ ਨਾਮ ਭਗਤ ਜੀ ਦਾ ਦਿੱਤਾ ਗਿਆ ਹੈ, ਪਰ ਮੁੱਖ ਸੂਚਨਾ ਰਾਹੀਂ ਮਹਲੇ ਦਾ ਚਿੰਨ ਦੇ ਕੇ ਆਪਣਾ ਹੀ ਮੁਖਵਾਕ ਹੋਣਾ ਦਰਸਾ ਦਿੱਤਾ ਹੈ।"

ਭਗਤ ਬਾਣੀ ਦੀ ਸੰਪਾਦਨਾ ਬਾਰੇ ਭਾ. ਸੰਤੋਖ ਸਿੰਘ ਜੀ ਦਾ ਪਹਿਲਾ ਵੀਚਾਰ ਕਿ ਗੁਰੂ ਅਰਜਨ ਦੇਵ ਜੀ ਭਗਤਾਂ ਦੀਆਂ ਰੂਹਾਂ ਨੂੰ ਤੰਬੂ ਵਿਚ ਬੁਲਾਇਆ ਅਤੇ ਭਾਈ ਗੁਰਦਾਸ ਜੀ ਦੇ ਸ਼ੰਕੇ ਨਵਿਰਤ ਕਰਵਾਏ. ਭਾਵ ਪ੍ਰਾਚੀਨ ਭਗਤਾਂ ਨੇ ਆਪ ਦਰਸ਼ਨ ਦਿੱਤੇ ਤੇ ਆਪਣੀ ਬਾਣੀ ਦਰਜ ਕਰਵਾਈ।

ਪੰਡਿਤ ਤਾਰਾ ਸਿੰਘ ਜੀ ਨਰੋਤਮ ਲਿਖਦੇ ਹਨ ਕਿ 'ਭਗਤੋਂ' ਕਾ ਭਾਵ ਹਿਰਦੇ ਮੈਂ ਰੱਖ ਕਰ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਆਪ ਹੀ ਭਗਤੋਂ ਕੇ ਨਾਮ ਸੇ ਬਾਣੀ ਰਚੀ ਹੈ. ਭਗਤੋਂ ਨੇ ਨਹੀਂ ਰਚੀ,

ਗਿ. ਗਿਆਨ ਸਿੰਘ ਜੀ ਨੇ ਬਾਬਾ ਮੋਹਨ ਜੀ ਦੀਆਂ ਸੈਂਚੀਆਂ ਤੋਂ ਭਗਤ ਬਾਣੀ ਪ੍ਰਾਪਤ ਕਰਨ ਦਾ ਉਲੇਖ ਦਿਤਾ ਹੈ।

ਮਹਲਾ ੫ ਸਿਰਲੇਖ ਬਾਰੇ ਜੋ ਨੋਟ ਪ੍ਰੋ. ਸਾਹਿਬ ਸਿੰਘ ਜੀ ਨੇ 'ਦਰਪਣ' ਦੀ (ਅਠਵੀਂ ਪੋਥੀ) ਵਿਚ ਦਿੱਤਾ ਹੈ, ਉਹ ਸਪਸ਼ਟ ਹੈ :

ਸਿਰਲੇਖ 'ਮਹਲਾ ੫' ਦੱਸਦਾ ਹੈ ਕਿ ਇਹ ਸ਼ਬਦ ਗੁਰੂ ਅਰਜਨ ਸਾਹਿਬ ਜੀ ਦਾ ਨਿਰੋਲ ਆਪਣਾ ਉਚਾਰਿਆ ਹੋਇਆ ਹੈ । ਇਹ ਅੰਦਾਜ਼ੇ ਲਾਉਣ ਲਈ ਸਾਡੇ ਪਾਸ ਗੁਰਬਾਣੀ ਵਿਚੋਂ ਕੋਈ ਐਸਾ ਸਬੂਤ ਨਹੀਂ ਹੈ ਕਿ ਸਤਿਗੁਰੂ ਜੀ ਨੇ ਕਬੀਰ ਜੀ ਦੇ ਕਿਸੇ ਸ਼ਬਦ ਦੀ ਅਦਲਾ-ਬਦਲੀ ਕਰ ਕੇ ਇਹ ਸ਼ਬਦ ਲਿਖਿਆ ਹੈ । ਇਤਨੀ ਵਡੀ ਮਿਕਦਾਰ ਵਿਚ ਬਾਣੀ ਉਚਾਰ ਸਕਣ ਵਾਲੇ ਸਤਿਗੁਰੂ ਨੂੰ ਕਬੀਰ ਜੀ ਦੇ ਕਿਸੇ ਇਕ ਸ਼ਬਦ ਦਾ ਆਸਰਾ ਲੈਣ ਦੀ ਲੋੜ ਨਹੀਂ ਸੀ ਹੋ ਸਕਦੀ । ਇਹ ਸ਼ਬਦ ਸਤਿਗੁਰੂ ਜੀ ਦਾ ਨਿਰੋਲ ਆਪਣਾ ਹੈ, ਸਾਨੂੰ ਇਸ ਉੱਪਰ-ਲਿਖੇ ਸਿਰਲੇਖ 'ਮਹਲਾ ੫' ਉਤੇ ਯਕੀਨ ਹੋਣਾ ਚਾਹੀਦਾ ਹੈ । ਜੇ 'ਰਲਵਾਂ ਸ਼ਬਦ' ਹੁੰਦਾ ਤਾਂ ਸਿਰ-ਲੇਖ ਵਜੋਂ ਇਹ ਗੱਲ ਲਿਖ ਦੇਂਦੇ, ਜਿਵੇਂ ਗਉੜੀ ਰਾਗ ਵਿਚ ਕਬੀਰ ਜੀ ਦੇ ੧੪ਵੇਂ ਸ਼ਬਦ ਦਾ ਸਿਰਲੇਖ ਇਉਂ ਹੈ : 'ਗਉੜੀ ਕਬੀਰ ਜੀ ਕੀ ਨਾਲਿ ਰਲਾਇ ਲਿਖਿਆ ਮਹਲਾ ੫' । ਉਹ ਸ਼ਬਦ ਮਿਲਵਾਂ ਹੈ ਤੇ ਉਸ ਦੀਆਂ ਅਖੀਰਲੀਆਂ ਦੋ ਤੁਕਾਂ ਗੁਰੂ ਅਰਜਨ ਸਾਹਿਬ ਜੀ ਦੀਆਂ ਹਨ।

ਫਿਰ, ਇਸ ਸ਼ਬਦ ਦੀ ਇਥੇ ਕੀਹ ਲੋੜ ਪਈ ?

ਕਬੀਰ ਜੀ ਦਾ ਸ਼ਬਦ ਨੰ. ੧੧ ਗਹੁ ਨਾਲ ਪੜ੍ਹ ਕੇ ਵੇਖੋ । ਸਾਰੇ ਸ਼ਬਦ ਵਿਚ ਮੁੱਲਾਂ ਕਾਜ਼ੀ ਆਦਿਕ ਦਾ ਹੀ ਜ਼ਿਕਰ ਹੈ, ਤੇ ਬੜਾ ਸਾਫ਼ ਖੁੱਲਾ ਜ਼ਿਕਰ ਹੈ । ਅਖੀਰਲੇ ਬੰਦ ਵਿਚ ਹਿੰਦੂ ਦਾ ਇਸ਼ਾਰੇ-ਮਾਤਰ ਜ਼ਿਕਰ ਹੈ । ਲਿਖਿਆ ਹੈ 'ਹਿੰਦੂ ਰਾਮ ਨਾਮੁ ਉਚਰੈ' । ਖ਼ਿਆਲ ਨੂੰ ਚੰਗੀ ਤਰ੍ਹਾਂ ਖੋਲ੍ਹਿਆ ਨਹੀਂ ਹੈ । ਭਾਵੇਂ ਕਬੀਰ ਜੀ ਨੇ ਅਖੀਰਲੀ ਤੁਕ ਵਿਚ ਆਪਣਾ ਆਸ਼ਾ ਪਰਗਟ ਕਰ ਦਿੱਤਾ ਹੈ 'ਕਬੀਰ ਕਾ ਸੁਆਮੀ ਰਹਿਆ ਸਮਾਇ' । ਫਿਰ ਭੀ ਅੰਞਾਣ ਪਾਠਕ ਨੂੰ ਭੁਲੇਖਾ ਪੈ ਸਕਦਾ ਹੈ ।

ਇਸ ਭੁਲੇਖੇ ਦੀ ਗੁੰਜਾਇਸ਼ ਨੂੰ ਦੂਰ ਕਰਨ ਲਈ ਸਤਿਗੁਰੂ ਅਰਜਨ ਦੇਵ ਜੀ ਨੇ ਸਾਫ ਲਿਖ ਦਿੱਤਾ ਹੈ ਕਿ ਉਸ ਤੁਕ ('ਹਿੰਦੂ ਰਾਮ ਨਾਮੁ ਉਚਰੈ') ਤੋਂ ਕਬੀਰ ਜੀ ਦਾ ਭਾਵ 'ਰਾਮਚੰਦਰ ਜੀ ਦੀ ਮੂਰਤੀ' ਤੋਂ ਹੈ । ਕਿਸੇ ਇੱਕ ਮੂਰਤੀ ਵਿਚ ਰੱਬ ਨੂੰ ਬੈਠਾ ਮਿਥ ਲੈਣਾ ਭੁੱਲ ਹੈ ।'

ਨਿਰਣੈ:- ਤੱਤ ਵਿਚਾਰ ਇਹ ਹੈ ਕਿ ਜਿਥੇ ਵੀ ਮਹਲਾ ਪਦ ਅੰਕਿਤ ਹੈ, ਉਹ ਗੁਰੂ ਪਾਤਿਸ਼ਾਹ ਜੀ ਦੀ ਮੁਹਰ ਛਾਪ ਦਾ ਪ੍ਰਤੀਕ ਹੈ । ਹਾਂ ਜਿਥੇ ਸ਼ਬਦ ਦੇ ਅੰਤ ਵਿਚ ਜਿਸ ਭਗਤ ਦਾ ਨਾਉ ਹੋਵੇ ਉਸ ਭਗਤ ਨਾਲ ਸ਼ਬਦ ਜ਼ਰੂਰ ਸੰਬੰਧਤ ਹੁੰਦਾ ਹੈ । ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੩੨੬ ਉਤੇ ਗਉੜੀ ਕਬੀਰ ਜੀ ਨਾਲ ਰਲਾਇ ਲਿਖਿਆ ਮਹਲਾ ੫' ਵਾਰਤਕ ਅੰਕਿਤ ਹੈ, ਉਸੇ ਤਰ੍ਹਾਂ ਦਾ ਸੰਕੇਤ ਹੀ ਇਥੇ ਸਮਝਣਾ ਢੁਕਵਾਂ ਹੈ । ਇਸ ਸੰਦਰਭ ਵਿਚ ਮੁਕਦੀ ਗਲ, ਗੁਰਬਾਣੀ ਤੇ ਭਗਤ ਬਾਣੀ ਦੀ ਅਟੁਟ ਸਾਂਝ ਹੈ, ਜਿਵੇਂ ਪਾਣੀ ਨਾਲ ਪਾਣੀ ਰਲ ਕੇ ਇਕ ਰੂਪ ਹੋ ਜਾਂਦਾ ਹੈ, ਫਿਰ ਉਸ ਨੂੰ ਨਿਖੇੜਿਆ ਨਹੀਂ ਜਾ ਸਕਦਾ, ਇਸੇ ਤਰ੍ਹਾਂ ਭਗਤ ਬਾਣੀ ਤੇ ਗੁਰਬਾਣੀ ਦੋਵੇਂ "ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰ" ਸਮਾਨ ਹਨ । ਭਗਤ ਬਾਣੀ ਦਾ ਵਿਰੋਧ ਕਰਨ ਵਾਲਿਆਂ ਨੂੰ ਇਸ ਸਿਰਲੇਖ ਮਹਲਾ ੫ ਤੋਂ ਸਿਖਿਆ ਲੈਣੀ

ਚਾਹੀਦੀ ਹੈ ਜੋ ਏਕਤਾ ਦਾ ਇਕ ਅਦੁੱਤੀ ਨਮੂੰਨਾ ਹੈ।

## ਸਾਰੰਸ਼ ਅਤੇ ਸਿਧਾਂਤ

ਕਰਮ ਕਾਂਡੀਆਂ ਅਤੇ ਦੇਹ-ਵਾਦੀਆਂ ਨਾਲ ਭਗਤ ਕਬੀਰ ਜੀ ਦਾ ਭਾਰੀ ਵਿਰੋਧ ਅਤੇ ਘੋਲ ਰਿਹਾ ਹੈ ਜਿਸ ਕਰਕੇ ਸਮੇਂ ਸਮੇਂ ਭਗਤ ਜੀ ਪਾਸੋਂ ਜੋ ਪ੍ਰਸ਼ਨ ਪੁਛੇ ਜਾਂਦੇ ਰਹੇ, ਆਪ ਉਸਦਾ ਢੁਕਵਾਂ ਉਤਰ ਦੇਂਦੇ ਰਹੇ, ਜੋ ਅਜੋਕੀ ਅਤੇ ਰਹਿੰਦੀ ਦੁਨੀਆਂ ਤਕ ਸਮੂਹ ਜਗਿਆਸੂਆਂ ਦੀ ਅਗਵਾਈ ਕਰਦੇ ਰਹਿਣਗੇ।

ਜਦੋਂ ਕਬੀਰ ਜੀ ਨੇ ਵਰਤਾਂ, ਰੋਜ਼ਿਆਂ, ਮਸੀਤਾਂ ਦਾ ਵਿਰੋਧ ਕੀਤਾ ਤਾਂ ਸੁਭਾਵਿਕ ਸੀ ਕਿ ਹਿੰਦੂਆਂ ਨੇ ਕਬੀਰ ਜੀ ਪਾਸੋਂ ਪੁਛਿਆ ਹੋਵੇਗਾ ਕਿ ਜੇ ਤੁਸੀ ਪਥਰ-ਮੂਰਤੀ ਵਾਲੇ ਠਾਕੁਰ ਨੂੰ ਨਹੀਂ ਮੰਨਦੇ ਤਾਂ ਆਪਣਾ ਠਾਕੁਰ ਦਸੋ ? ਭਗਤ ਜੀ ਨੇ ਉਨ੍ਹਾਂ ਨੂੰ ਗੁਰਬਾਣੀ ਰਾਹੀਂ ਇਹ ਉਤਰ ਦਿਤਾ ਹੋਵੇ। ਪੰਡਿਤ ਜੀ! ਸੁਣੋ–

**ਹਮਰਾ ਠਾਕੁਰੁ ਸਦ ਬੋਲੰਤਾ ॥ ਸਰਬ ਜੀਆ ਕਉ ਪ੍ਰਭੁ ਦਾਨੁ ਦੇਤਾ ॥**

ਪਰ ਤੁਹਾਡਾ ਪਥਰ ਰੂਪ ਠਾਕੁਰ ਨਾ ਬੋਲਦਾ ਹੈ, ਨਾ ਕੁਝ ਦਿੰਦਾ ਹੈ, ਨਾ ਖਾਂਦਾ ਹੈ, ਨਾ ਪੀਂਦਾ ਹੈ, ਕੇਵਲ ਦਰਸ਼ਨੀ ਮੂਰਤਿ ਵਾਂਗ ਹੈ। 'ਸਾਡਾ ਪ੍ਰਭੂ ਸਭ ਦੀ ਪਾਲਨਾ ਕਰਦਾ ਹੈ' ਆਖ ਕੇ ਭਗਤ ਜੀ ਨੇ ਚੰਗੀ ਚੋਟ ਲਾਈ ਹੈ। ਜਿਹੜੇ ਮਨੁੱਖ ਹਿਰਦੇ ਅੰਦਰ ਬੈਠੇ ਦੇਵ (ਪਰਮੇਸ਼ਰ) ਨੂੰ ਨਹੀਂ ਜਾਣਦੇ, ਭਰਮ ਭ੍ਰਾਂਤੀ ਵਿਚ ਫਸੇ ਹੋਏ ਮਰ ਕੇ ਜੂਨਾਂ ਵਿਚ ਹੀ ਪੈਂਦੇ ਹਨ, ਉਨ੍ਹਾਂ ਦੀ ਮੁਕਤੀ ਨਹੀਂ ਹੁੰਦੀ। ਪਥਰ ਦੇ ਠਾਕੁਰ ਨੂੰ ਇਸ਼ਨਾਨ ਕਰਾਣਾ, ਫੁਲ ਚੜ੍ਹਾਣੇ, ਪਰਸ਼ਾਦ ਦੇ ਭੋਗ ਲਵਾਉਣੇ, ਘੰਟੇ ਵਜਾਉਣੇ, ਇਹ ਸਭ ਕੁਝ ਨਿਸਫਲ ਹੈ।

ਦੂਜਾ ਮੁਰਦੇ ਦਾ ਪ੍ਰਮਾਣ ਦੇ ਕੇ ਹੋਰ ਵਡੀ ਸਟ ਮਾਰੀ ਹੈ ਕਿ ਪਥਰ-ਪੂਜਾ ਤਾਂ ਮੁਰਦੇ ਸਮਾਨ ਹੈ ਜਿਵੇਂ ਮੁਰਦੇ ਕੋਲੋਂ ਕੁਝ ਨਹੀਂ ਮਿਲਦਾ ਤਿਵੇਂ ਮੂਰਤੀ ਕੋਲੋਂ ਵੀ ਕੁਝ ਨਹੀਂ ਮਿਲਦਾ। ਅੰਤ ਵਿਚ 'ਸਮਝਿ ਦੇਖੁ ਸਾਕਤ ਗਾਵਾਰ' ਕਹਿ ਕੇ ਪੰਡਤ ਜੀ ਦਾ ਰਹਿੰਦਾ ਖਹਿੰਦਾ ਆਦਰ ਵੀ ਖ਼ਤਮ ਕਰ ਦਿਤਾ ਹੈ। ਓਇ ਮੂਰਖੋ! ਸਦਾ ਥਿਰ ਰਹਿਣ ਵਾਲੇ ਪਰਮੇਸ਼ਰ ਨੂੰ ਛੱਡ ਕੇ, ਕਲਪਨਾ ਕਰਕੇ ਉਸਦੀ ਜੜ-ਮੂਰਤਿ ਬਣਾ ਕੇ ਆਪਣਾ ਜੀਵਨ ਗਾਲ ਲਵੋਗੇ। ਅਜਿਹੀ ਪੂਜਾ ਨਾਲ ਤੁਹਾਡੇ ਪਲੇ ਕੁਝ ਨਹੀਂ ਪੈਣਾ। ਪਰਮੇਸਰ ਦੀ ਪ੍ਰੇਮਾ ਭਗਤੀ ਕਰੋ, ਸੁਖਾਲੇ ਰਹੋਗੇ। ਗੁਰੂ ਗੋਬਿੰਦ ਸਿੰਘ ਜੀ ਦੇ ਰਚਿਤ ਤੇਤੀ ਸਵਈਆਂ ਵਿਚੋਂ ਜੀਵ ਨੂੰ ਹੇਠ ਲਿਖਿਆ ਇਹ ਆਦੇਸ਼ ਮਿਲਦਾ ਹੈ :

**ਕਾਹੇ ਕਉ ਪੂਜਤ ਪਾਹਨ ਕਉ, ਕਛੁ ਪਾਹਨ ਮੈਂ ਪਰਮੇਸ਼ਰ ਨਾਹੀ ॥**
**ਤਾਹੀ ਕੋ ਪੂਜ ਪ੍ਰਭੂ ਕਰ ਕੈ, ਜਿਹ ਪੂਜਤ ਹੀ ਅਘ ਓਘ ਮਿਟਾਹੀ ॥**
**ਆਧਿ ਬਿਆਧਿ ਕੇ ਬੰਧਨ ਜੇਤਕ, ਨਾਮ ਕੇ ਲੇਤ ਸਭੈ ਛੁਟ ਜਾਹੀ ॥**
**ਤਾਹੀ ਕੋ ਧਿਆਨ ਪ੍ਰਮਾਨ ਸਦਾ, ਇਨ ਫੋਕਟ ਧਰਮ ਕਰੇ ਫਲੁ ਨਾਹੀ ॥**

ਜਲ ਮਹਿ ਮੀਨ, ਮਾਇਆ ਕੇ ਬੇਧੇ ॥ ਦੀਪਕ ਪਤੰਗ, ਮਾਇਆ ਕੇ ਛੇਦੇ ॥ ਕਾਮ ਮਾਇਆ ਕੁੰਚਰ ਕਉ ਬਿਆਪੈ ॥ ਭੁਇਅੰਗਮ ਭ੍ਰਿੰਗ, ਮਾਇਆ ਮਹਿ ਖਾਪੇ ॥੧॥ ਮਾਇਆ, ਐਸੀ ਮੋਹਨੀ ਭਾਈ ॥ ਜੇਤੇ ਜੀਅ, ਤੇਤੇ ਡਹਕਾਈ ॥੧॥ ਰਹਾਉ ॥ ਪੰਖੀ ਮ੍ਰਿਗ, ਮਾਇਆ ਮਹਿ ਰਾਤੇ ॥ ਸਾਕਰ ਮਾਖੀ ਅਧਿਕ ਸੰਤਾਪੇ ॥ ਤੁਰੇ ਉਸਟ, ਮਾਇਆ ਮਹਿ ਭੇਲਾ ॥ ਸਿਧ ਚਉਰਾਸੀਹ, ਮਾਇਆ ਮਹਿ ਖੇਲਾ ॥੨॥ ਛਿਅ ਜਤੀ, ਮਾਇਆ ਕੇ ਬੰਦਾ ॥ ਨਵੈ ਨਾਥ, ਸੂਰਜ ਅਰੁ ਚੰਦਾ ॥ ਤਪੇ ਰਖੀਸਰ, ਮਾਇਆ ਮਹਿ ਸੂਤਾ ॥ ਮਾਇਆ ਮਹਿ ਕਾਲੁ ਅਰੁ ਪੰਚ ਦੂਤਾ ॥੩॥ ਸੁਆਨ ਸਿਆਲ ਮਾਇਆ ਮਹਿ ਰਾਤਾ ॥ ਬੰਤਰ ਚੀਤੇ ਅਰੁ ਸਿੰਘਾਤਾ ॥ ਮਾਂਜਾਰ ਗਾਡਰ ਅਰੁ ਲੂਬਰਾ ॥ ਬਿਰਖ ਮੂਲ, ਮਾਇਆ ਮਹਿ ਪਰਾ ॥੪॥ ਮਾਇਆ ਅੰਤਰਿ ਭੀਨੇ ਦੇਵ ॥ ਸਾਗਰ ਇੰਦ੍ਰਾ ਅਰੁ ਧਰਤੇਵ ॥ ਕਹਿ ਕਬੀਰ, ਜਿਸੁ ਉਦਰੁ ਤਿਸੁ ਮਾਇਆ ॥ ਤਬ ਛੂਟੇ, ਜਬ ਸਾਧੂ ਪਾਇਆ ॥੫॥੫॥੧੩॥

## ਉਚਾਰਨ ਸੇਧ

**ਬਿੰਦੀ ਸਹਿਤ :** ਮਹਿੰ, ਨਾਵੈਂ।

**ਪਦ ਅਰਥ :** ਮੀਨ-ਮਛ। ਬੇਧੇ-ਵਿੰਨ੍ਹੇ ਹੋਏ। ਦੀਪਕ-ਦੀਵੇ। ਪਤੰਗ-ਪਤੰਗੇ, ਭੰਬਟ। ਛੇਦੇ-ਵਿੰਨ੍ਹੇ ਹੋਏ। ਕੁੰਚਰ-ਹਾਥੀ। ਬਿਆਪੈ ਵਿਆਪਦੀ ਹੈ, ਆਪਣਾ ਬਲ ਪਾਂਦੀ ਹੈ। ਭੁਇਅੰਗਮ-ਸੱਪ। ਭ੍ਰਿੰਗ-ਭੌਰੇ। ਖਾਪੇ-ਖਪੇ ਹੋਏ, ਦੁਖੀ ਹੋਏ। ਐਸੀ-ਇਹੋ ਜਿਹੀ। ਮੋਹਨੀ-ਮੋਹਣ ਵਾਲੀ। ਭਾਈ-ਹੇ ਭਾਈ! ਡਹਕਾਈ-ਭਰਮਾਉਂਦੀ ਹੈ।੧।ਰਹਾਉ।

ਮ੍ਰਿਗ-ਹਿਰਨ। ਸਾਕਰ-ਸ਼ਕਰ, ਮਿੱਠਾ। ਮਾਖੀ-ਮੱਖੀ। ਅਧਿਕ-ਬਹੁਤ। ਸੰਤਾਪੇ-ਦੁਖ ਦਿੰਦਾ ਹੈ। ਤੁਰੇ-ਘੋੜੇ। ਉਸਟ-ਊਠ। ਭੇਲਾ-ਘਿਰੇ ਹੋਏ ਹਨ। ਖੇਲਾ-ਖੇਡਦੇ ਹਨ। ਛਿਅ ਜਤੀ-ਹਨੂਮਾਨ, ਭੀਸ਼ਮ, ਪਿਤਾਮਾ, ਲਛਮਣ, ਭੈਰਵ, ਗੋਰਖ ਅਤੇ ਦੱਤਾ-ਤ੍ਰੇਯ। ਬੰਦਾ-ਦਾਸ, ਗ਼ੁਲਾਮ। ਨਵੈ ਨਾਥ-ਨੌਂ ਨਾਥ। ਤਪੇ-ਤਪੀਸਰ। ਰਖੀਸਰ-ਰਿਸ਼ੀ। ਕਾਲੁ-ਮੌਤ। ਪੰਜ ਦੂਤਾ-ਕਾਮ, ਕ੍ਰੋਧ ਆਦਿ ਪੰਜ ਦੂਤ।੩।

ਸੁਆਨ-ਕੁੱਤੇ। ਸਿਆਲ-ਗਿੱਦੜ। ਬੰਤਰ-ਬਾਂਦਰ। ਚੀਤੇ-ਚਿਤਰੇ। ਸਿੰਘਾਤਾ-ਸ਼ੇਰ। ਮਾਂਜਾਰ-ਬਿੱਲੇ। ਗਾਡਰ-ਭੇਡਾਂ ਅਰੁ-ਅਤੇ। ਲੂਬਰਾ-ਲੂੰਬੜ। ਬਿਰਖ-ਰੁਖ, ਦਰਖ਼ਤ। ਮੂਲ-ਕੰਦ ਮੂਲ।੪।

ਭੀਨੇ-ਭਿੱਜੇ ਹੋਏ ਹਨ। ਦੇਵ-ਦੇਵਤੇ। ਸਾਗਰ-ਸਮੁੰਦਰ। ਇੰਦ੍ਰਾ-ਇੰਦਰ ਰਾਜਾ। ਧਰਤੇਵ-ਧਰਤੀ ਦੇ ਜੀਵ। ਉਦਰੁ-ਪੇਟ, ਢਿੱਡ।੫।

**ਅਰਥ :** (ਹੇ ਭਾਈ !) ਪਾਣੀ ਵਿਚ ਰਹਿਣ ਵਾਲੇ ਮੱਛ ਮਾਇਆ (ਦੇ ਰਸ ਨਾਲ ਵਿੰਨ੍ਹੇ ਹੋਏ ਹਨ। ਦੀਵਿਆਂ ਦੇ (ਚਾਨਣ ਉਤੇ ਸੜਨ ਵਾਲੇ) ਭੰਬਟ ਵੀ ਮਾਇਆ ਦੇ ਵਿੰਨ੍ਹੇ ਹੋਏ ਹਨ। ਕਾਮ ਦੀ (ਵਾਸ਼ਨਾ ਵਾਲੀ) ਮਾਇਆ ਹਾਥੀਆਂ ਉਤੇ ਭਾਰੂ ਹੋਈ ਪਈ ਹੈ। ਸੱਪ (ਧਰਤੀ ਦੀ ਸੁਗੰਧੀ, ਅਤੇ) ਭੌਰੇ

(ਫੁੱਲਾਂ ਦੀ ਵਾਸ਼ਨਾ ਉਤੇ) ਮਾਇਆ ਵਿਚ ਹੀ ਖਪ ਗਏ ਹਨ ।੧।

ਹੇ ਭਾਈ ! ਮਾਇਆ ਇਹੋ ਜਿਹੀ ਮੋਹਣ ਵਾਲੀ ਹੈ ਕਿ ਜਿਤਨੇ ਭੀ ਜੀਵ-ਜੰਤੂ ਹਨ, ਉਤਨਿਆਂ ਨੂੰ ਹੀ (ਅਨੇਕ ਭਾਵਾਂ ਵਿਚ) ਡਾਵਾਂ ਡੋਲ ਕਰ ਰਹੀ ਹੈ ।੧। ਰਹਾਉ ।

(ਹੇ ਭਾਈ !) ਪੰਛੀ, ਹਰਨ (ਆਦਿ ਜੰਗਲੀ ਜਾਨਵਰ) ਮਾਇਆ ਵਿਚ ਰਚੇ ਪਏ ਹਨ । ਮੱਖੀ ਸ਼ਕਰ ਰੂਪ (ਸ਼ਹਿਤ ਇਕੱਠਾ ਕਰਨ ਦੀ ਖਾਤਰ) ਬਹੁਤ ਦੁਖ ਪਾ ਰਹੀ ਹੈ (ਇਹ ਵੀ ਮਾਇਆ ਦਾ ਪ੍ਰਭਾਵ ਹੈ) । ਘੋੜੇ, ਊਠ (ਸਭ) ਮਾਇਆ ਵਿਚ ਹੀ ਫਸੇ ਪਏ ਹਨ। ਚੌਰਾਸੀ ਸਿਧ ਭੀ (ਰਿਧੀਆਂ ਸਿਧੀਆਂ ਵਾਲੀ) ਮਾਇਆ ਵਿਚ ਹੀ ਖੇਡ ਰਹੇ ਹਨ ।੨।

(ਹੇ ਭਾਈ !) ਛੇ ਜਤੀ ਵੀ ਮਾਇਆ ਦੇ ਦਾਸ ਹਨ । ਨੌ ਨਾਥ, ਸੂਰਜ ਅਤੇ ਚੰਦ੍ਰਮਾ (ਦੇਵਤੇ) ਤਪੀਏ, ਰਿਖੀਸਰ ਵੀ ਮਾਇਆ ਵਿਚ ਹੀ ਸੁਤੇ ਪਏ ਹਨ । ਮਾਇਆ ਵਿਚ ਹੀ ਮੌਤ (ਅਤੇ) ਪੰਜ ਦੂਤ (ਕਾਮ, ਕ੍ਰੋਧ ਆਦਿ ਵਰਤ ਰਹੇ ਹਨ) ।੩।

(ਹੇ ਭਾਈ !) ਕੁਤੇ, ਗਿੱਦੜ, ਬੰਦਰ, ਚੀਤੇ ਅਤੇ ਸ਼ੇਰ (ਸਭ) ਮਾਇਆ ਦੀ(ਮੋਹ ਮਮਤਾ) ਵਿਚ ਰੱਚੇ ਹੋਏ ਹਨ। ਬਿੱਲੇ,ਭੇਡਾਂ, ਲੂੰਬੜ, ਬਿਰਛ ਅਤੇ ਜੜ੍ਹਾਂ (ਸਾਰੇ) ਮਾਇਆ ਵਿਚ ਮਿਲੇ ਹੋਏ ਹਨ।੪।

(ਹੇ ਭਾਈ !) ਦੇਵਤੇ ਸੁਰਗਾਂ ਵਿਚ ਵਸਣ ਵਾਲੇ, ਸਮੁੰਦਰ, ਵਿਚ ਧਰਤੀ (ਵਿਚ ਵਸਣ ਵਾਲੇ ਜੀਵ) ਅਤੇ ਇੰਦ੍ਰ (ਰਾਜਾ ਆਦਿ ਸਾਰੇ ਹੀ) ਮਾਇਆ ਅੰਦਰ ਭਿੱਜੇ ਪਏ ਹਨ ।

ਕਬੀਰ ਜੀ ਆਖਦੇ ਹਨ ਕਿ, ਜਿਸ ਨੂੰ ਪੇਟ ਲੱਗਾ (ਹੋਇਆ ਹੈ) ਉਸ ਨੂੰ ਮਾਇਆ (ਚੰਬੜੀ ਹੋਈ ਹੈ)। (ਇਸ ਮਾਇਆ ਦੇ ਪ੍ਰਭਾਵ ਤੋਂ) ਤਦੋਂ ਛੁਟਕਾਰਾ ਹੁੰਦਾ ਹੈ ਜਦੋਂ ਸਾਧੂ (ਗੁਰੂ) ਦੀ ਸੰਗਤ ਪ੍ਰਾਪਤ ਹੁੰਦੀ ਹੈ ।੫।੫।੧੩।

## ਸਾਰੰਸ਼ ਅਤੇ ਸਿਧਾਂਤ

ਪਰਮੇਸਰ ਦੀ ਭਗਤੀ ਭਾਵਨਾ ਅਤੇ ਸ਼ਰਧਾ ਵਿਚ ਲੀਨ ਹੋਏ ਜੀਵ ਹੀ ਸੁਖੀ ਵਸਦੇ ਹਨ । ਉਸ ਦਾ ਕਾਰਨ ਇਹ ਹੈ ਕਿ ਉਹ ਮਾਇਆ ਦੇ ਪ੍ਰਭਾਵ ਤੋਂ ਮੁਕਤਿ ਹੁੰਦੇ ਹਨ । ਬਾਕੀ ਸਭ ਸੰਸਾਰੀ ਜੀਵ ਜੰਤੂ ਮਾਇਆ ਦੇ ਭ੍ਰਮਾਏ ਹੋਏ, ਭਟਕਨਾ ਵਿਚ ਹੀ ਪਏ ਰਹਿੰਦੇ ਹਨ । ਭਗਤ ਜੀ ਨੇ ਮਾਇਆ ਵਿਚ ਮੋਹਿਆ ਹੋਇਆਂ ਦਾ ਵਿਸਥਾਰ ਦਰਸਾਉਂਦਿਆਂ ਮਛੀਆਂ, ਪਤੰਗਿਆਂ, ਹਾਥੀਆਂ, ਸੱਪਾਂ, ਭੌਰਿਆਂ, ਪੰਛੀਆਂ, ਮ੍ਰਿਗਾਂ ਸ਼ਹਿਤ ਦੀਆਂ ਮੱਖੀਆਂ, ਘੋੜਿਆਂ, ਊਠਾਂ, ਭੇਡਾਂ, ਕੁਤਿਆਂ, ਗਿਦੜਾਂ, ਛੇ ਜਤੀਆਂ (ਭੈਰੋਂ, ਹਨੂਮਾਨ, ਲਛਮਣ, ਗੋਰਖ, ਭੀਸ਼ਮ, ਦੱਤ) ਨੌ ਨਾਥਾਂ ਤਪੀਸਰਾਂ ਰਿਖੀਸਰਾਂ, ਇੰਦ੍ਰ ਆਦਿਕ ਦੇਵਤਿਆਂ, ਜੜ-ਵਸਤੂਆਂ, ਬਿਰਛਾਂ ਅਥਵਾ ਬਨਾਸਪਤੀ ਭਾਵ ਧਰਤੀ ਦੇ ਜੀਆਂ, ਅਕਾਸ਼ਾਂ, ਸੂਰਜ ਤੇ ਚੰਦ੍ਰ ਲੋਕ ਵਿਚ ਵਸਣ ਵਾਲੇ ਸਾਰਿਆਂ ਨੂੰ ਮਾਇਆ ਚੰਬੜੀ ਹੋਈ ਦਰਸਾਈ ਹੈ ।

ਅੰਤ ਵਿਚ ਭਗਤ ਕਬੀਰ ਜੀ ਨੇ ਇਕ ਪੰਕਤੀ ਵਿਚ ਮਾਇਆ ਦਾ ਸਿਧਾਂਤ ਪ੍ਰਗਟ ਕਰ ਦਿਤਾ ਹੈ:

**ਕਹੁ ਕਬੀਰ ਜਿਸੁ ਉਦਰੁ ਤਿਸੁ ਮਾਇਆ ॥**

ਜਿਸ ਜੀਵ ਨੂੰ ਪਰਮਾਤਮਾ ਨੇ ਪੇਟ ਲਾ ਦਿਤਾ ਹੈ, ਉਸ ਨੂੰ ਪੇਟ ਭਰਨ, ਖਾਣ ਦੀ ਇੱਛਾ ਰੂਪ

ਮਾਇਆ ਲਗੀ ਹੋਈ ਹੈ। ਇਸ ਮਹਾਂ-ਮੋਹਣੀ ਤੋਂ ਛੁਟਕਾਰਾ ਪਾਣ ਦੀ ਇਕੋ ਜੁਗਤੀ ਹੈ - "ਗੁਰੂ ਦੀ ਪ੍ਰਾਪਤੀ" ਤਬ ਛੂਟੇ ਜਬ ਸਾਧੂ ਪਾਇਆ"। ਮਾਇਆ ਬਾਰੇ ਭਗਤ ਕਬੀਰ ਜੀ ਦੇ ਕਈ ਸ਼ਬਦ ਹਨ, ਜਿਨ੍ਹਾਂ ਤੋਂ ਮਨੁੱਖ ਨੂੰ ਸੁੰਦਰ ਅਗਵਾਈ ਮਿਲਦੀ ਹੈ। ਜਦੋਂ ਤਕ ਗੁਰੂ ਨਹੀਂ ਮਿਲਦਾ, ਤਦੋਂ ਤਕ ਮਾਇਆ ਦੇ ਭ੍ਰਮ ਜਾਲ ਵਿਚ ਫਸਣ ਦੀ ਸੰਭਾਵਨਾ ਬਣੀ ਹੀ ਰਹੇਗੀ। ਭਗਤ ਜੀ ਲਿਖਦੇ ਹਨ-

**ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ ॥**

**ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ, ਬਿਰਲਾ ਬੂਝੈ ਕੋਈ ॥** [ਪੰਨਾ ੪੮੫

ਕਬੀਰ ਜੀ ਨੇ ਮਾਇਆ ਨੂੰ ਸਰਪਨੀ ਤੇ ਨਾਗਨੀ ਕਿਹਾ ਹੈ ਪਰ ਸੰਸਾਰ ਦੇ ਲੋਕ ਸੂਪਨੀ ਪਾਸੋਂ ਡਰਦੇ ਨਹੀਂ, ਸਗੋਂ ਇਸ ਦਾ ਸੰਗ ਕਰਕੇ ਖੁਸ਼ ਹੁੰਦੇ ਹਨ। ਪਰ ਜਦੋਂ ਇਹ ਸਪਣੀ ਆਪਣਾ ਡੰਗ ਮਾਰਦੀ ਹੈ ਤਾਂ ਰੋਂਦੇ ਰੋਂਦੇ ਹੀ ਮਰ ਜਾਂਦੇ ਹਨ।

**ਜਬ ਲਗੁ, ਮੇਰੀ ਮੇਰੀ ਕਰੈ ॥ ਤਬ ਲਗੁ, ਕਾਜੁ ਏਕੁ ਨਹੀ ਸਰੈ ॥ ਜਬ, ਮੇਰੀ ਮੇਰੀ ਮਿਟਿ ਜਾਇ ॥ ਤਬ, ਪ੍ਰਭ ਕਾਜੁ ਸਵਾਰਹਿ ਆਇ ॥੧॥ ਐਸਾ ਗਿਆਨੁ ਬਿਚਾਰੁ ਮਨਾ ॥ ਹਰਿ ਕੀ ਨ ਸਿਮਰਹੁ, ਦੁਖ ਭੰਜਨਾ ॥੧॥ ਰਹਾਉ ॥ ਜਬ ਲਗੁ, ਸਿੰਘੁ ਰਹੈ ਬਨ ਮਾਹਿ ॥ ਤਬ ਲਗੁ, ਬਨੁ ਫੂਲੈ ਹੀ ਨਾਹਿ ॥ ਜਬ ਹੀ ਸਿਆਰੁ, ਸਿੰਘ ਕਉ ਖਾਇ ॥ ਫੂਲਿ ਰਹੀ ਸਗਲੀ ਬਨਰਾਇ ॥੨॥ ਜੀਤੋ ਬੂਡੈ, ਹਾਰੋ ਤਿਰੈ ॥ ਗੁਰ ਪਰਸਾਦੀ ਪਾਰਿ ਉਤਰੈ ॥ ਦਾਸ ਕਬੀਰ ਕਹੈ ਸਮਝਾਇ ॥ ਕੇਵਲ ਰਾਮ ਰਹਹੁ ਲਿਵ ਲਾਇ ॥੩॥੬॥੧੪॥**

## ਉਚਾਰਨ ਸੇਧ

**ਬਿੰਦੀ ਸਹਿਤ :** ਨਹੀਂ, ਸਵਾਰਹਿੰ, ਮਾਹਿੰ, ਨਾਹਿੰ।

**ਪਦ ਅਰਥ :** ਜਬਲਗੁ-ਜਦ ਤਕ। ਕਾਜੁ-ਕੰਮ। ਨਹੀਂ ਸਰੈ-ਸਿਰੇ ਨਹੀਂ ਚੜ੍ਹਦਾ। ਸਵਾਰਹਿ ਆਇ-ਆ ਕੇ ਸਵਾਰਦੇ ਹਨ। ਕੀ ਨ-ਕਿਉਂ ਨਹੀਂ ?। ਦੁਖ ਭੰਜਨਾ-ਦੁਖਾਂ ਦੇ ਨਾਸ਼ ਕਰਨ ਵਾਲੇ ਨੂੰ।੧॥ ਰਹਾਉ। ਸਿੰਘ-ਸ਼ੇਰ। ਬਨ-ਜੰਗਲ। ਫੂਲੇ ਹੀ ਨਾਹਿ-ਫੂਲਦਾ ਫਲਦਾ ਪ੍ਰਫੁਲਤ ਹੀ ਨਹੀਂ ਹੁੰਦਾ। ਸਿਆਰੁ-ਗਿਦੜ (ਭਾਵ ਨਿਮਰਤਾ)। ਸਿੰਘ-ਸ਼ੇਰ (ਭਾਵ ਅਹੰਕਾਰ)। ਸਗਲੀ ਬਨ ਰਾਇ-ਸਾਰੀ ਬਨਾਸਪਤੀ।੨। ਜੀਤੋ-ਜਿਤਿਆ ਹੋਇਆ। ਬੂਡੈ-ਡੁੱਬ ਜਾਂਦਾ ਹੈ। ਹਾਰੋ-ਹਾਰਿਆ ਹੋਇਆ। ਤਿਰੈ-ਤਰ ਜਾਂਦਾ ਹੈ। ਗੁਰ ਪਰਸਾਦੀ-ਗੁਰੂ ਦੀ ਕਿਰਪਾ ਨਾਲ। ਰਹਹੁ ਲਿਵਲਾਇ-ਸੁਰਤਿ ਜੋੜੀ ਰਖੋ।੩।

**ਅਰਥ :** ਜਦ ਤਕ (ਮਨੁੱਖ) ਮੇਰੀ ਮੇਰੀ ਕਰਦਾ ਹੈ, (ਭਾਵ ਹਰੇਕ ਚੀਜ਼ ਨਾਲ ਆਪਣੀ ਅਪਣਤ ਵਿਖਾਉਂਦਾ ਹੈ), ਤਦ ਤਕ (ਇਸ ਦੇ ਆਤਮਿਕ ਜੀਵਨ ਦਾ) ਇਕ ਕੰਮ ਭੀ ਪੂਰਾ ਨਹੀਂ ਹੁੰਦਾ। ਜਦੋਂ (ਇਸਦੀ) ਮੇਰੀ ਮੇਰੀ (ਮਮਤਾ ਵਾਲੀ ਕਲਪਨਾ) ਮੁਕ ਜਾਂਦੀ ਹੈ, ਤਦ, ਪ੍ਰਭੂ (ਆਪ) ਆ ਕੇ (ਭਾਵ ਇਸ ਦੇ ਹਿਰਦੇ ਚੋਂ ਪ੍ਰਗਟ ਹੋਕੇ, ਇਸ ਦਾ ਮਨੁੱਖਾ ਜਨਮ ਦੀ ਸਫਲਤਾ ਵਾਲਾ) ਕਾਰਜ ਸਵਾਰ

ਦੇਂਦੇ ਹਨ ।੧।

ਹੇ (ਮੇਰੇ) ਮਨ ! ਇਹੋ ਜਿਹਾ ਗਿਆਨ ਵੀਚਾਰ । (ਤੂੰ) ਦੁਖਾਂ ਦੇ ਨਾਸ਼ ਕਰਨ ਵਾਲੇ ਵਾਹਿਗੁਰੂ ਜੀ ਨੂੰ ਕਿਉਂ ਨਹੀਂ ਸਿਮਰਦਾ, (ਭਾਵ ਕਿਉਂ ਨਹੀਂ ਯਾਦ ਕਰਦਾ ?) ।੧। ਰਹਾਉ ।

ਜਦ ਤਕ (ਹਿਰਦੇ ਰੂਪ) ਜੰਗਲ ਵਿਚ (ਹੰਕਾਰ ਰੂਪ) ਸ਼ੇਰ ਰਹਿੰਦਾ ਹੈ, ਤਦ ਤਕ (ਹਿਰਦੇ ਵਿਚ ਕੋਮਲ ਗੁਣਾ ਦੀ) ਫੁਲਵਾੜੀ ਫੁਲਦੀ ਹੀ ਨਹੀਂ ਹੈ । ਜਦ (ਨਿਮਰਤਾ ਰੂਪ) ਗਿਦੜ, (ਹੰਕਾਰ ਰੂਪੀ) ਸ਼ੇਰ ਨੂੰ ਖਾ ਜਾਂਦਾ ਹੈ (ਤਦ) ਸਾਰੀ ਬਨਸਪਤੀ ਪ੍ਰਫੁਲਤ ਹੋਈ ਰਹਿੰਦੀ ਹੈ (ਭਾਵ ਗਿਆਨ ਮਈ ਬ੍ਰਿਤੀ ਪ੍ਰਫੁਲਤ ਹੋ ਜਾਂਦੀ ਹੈ ਅਤੇ ਪਰਮਾਰਥ ਦੀ ਲਗਨ ਨਿਰੰਤਰ ਜਾਰੀ ਹੋ ਜਾਂਦੀ ਹੈ) ।੨।

(ਹੇ ਭਾਈ ! ਜਿਹੜਾ ਹੰਕਾਰ ਕਰਕੇ ਆਪਣੇ ਆਪ ਨੂੰ) ਜਿਤਿਆ ਹੋਇਆ (ਮੰਨਦਾ ਹੈ, ਉਹ ਸੰਸਾਰ ਸਾਗਰ ਵਿਚ) ਡੁਬ ਜਾਂਦਾ ਹੈ, ਅਤੇ ਜਿਹੜਾ ਆਪਣੀ ਹਾਰ (ਮੰਨ ਲੈਂਦਾ ਹੈ, ਭਾਵ ਨਿਮਰਤਾ ਧਾਰਨ ਕਰ ਲੈਂਦਾ ਹੈ, ਉਹ) ਤਰ ਜਾਂਦਾ ਹੈ । ਗੁਰੂ ਦੀ ਕਿਰਪਾ ਨਾਲ (ਉਹ ਸੰਸਾਰ ਸਾਗਰ ਤੋਂ) ਪਾਰ ਉਤਰ ਜਾਂਦਾ ਹੈ ।

ਦਾਸ ਕਬੀਰ (ਇਹ ਗਲ ਹਰੇਕ ਜੀਵ ਨੂੰ) ਸਮਝਾ ਕੇ ਆਖਦਾ ਹੈ (ਕਿ ਹੇ ਭਾਈ ! ਤੁਸੀਂ) ਕੇਵਲ ਪਰਮਾਤਮਾ ਦੇ (ਚਰਨਾ ਨਾਲ) ਆਪਣੀ ਬ੍ਰਿਤੀ ਜੋੜੀ ਰਖੋ (ਭਾਵ ਇਸ ਤਰ੍ਹਾਂ ਸੰਸਾਰ ਵਿਚ ਵਿਚਰੋ) ।੩।੬।੧੪।

## ਸਾਰੰਸ਼ ਅਤੇ ਸਿਧਾਂਤ

ਮਨੁੱਖ ਦਾ ਮੇਰੀ ਮੇਰੀ ਕਰਦਿਆਂ ਹੀ ਜਨਮ ਬਤੀਤ ਹੋ ਰਿਹਾ ਹੈ । ਜਦੋਂ ਤਕ ਇਸ ਦਾ ਮੈਂ-ਮੇਰੀ ਵਾਲਾ ਦ੍ਰਿਸ਼ਟੀ ਕੋਣ ਬਦਲਦਾ ਨਹੀਂ, ਉਦੋਂ ਤਕ ਇਸ ਦੇ ਜੀਵਨ ਵਿਚ ਨਾ ਨਿਮਰਤਾ ਆ ਸਕਦੀ ਹੈ ਅਤੇ ਨਾ ਹੀ ਪਰਮਾਤਮਾ ਦਾ ਨਾਮ ਇਸਦੇ ਹਿਰਦੇ ਅੰਦਰ ਵਸ ਸਕਦਾ ਹੈ ।

'ਮੇਰੀ ਮੇਰੀ' ਦੇ ਰਟਨ ਨਾਲ ਮਨੁੱਖ ਨੂੰ ਜੋ ਕੁਝ ਪ੍ਰਾਪਤ ਹੁੰਦਾ ਹੈ ਉਹ ਜ਼ਰ ਜ਼ਮੀਨ ਤੇ ਜੋਰੂ ਦੀ ਹਵਸ ਹੰਗਤਾ ਤੇ ਮਮਤਾ ਹੈ, ਇਸ ਦੇ ਸਿਵਾਏ ਇਸ ਦੇ ਪਲੇ ਹੋਰ ਕੁਝ ਨਹੀਂ ਪੈਂਦਾ ।

ਭਗਤ ਕਬੀਰ ਜੀ ਦੇ ਪਾਵਨ ਬਚਨ "ਤਬ ਲਗੁ ਕਾਜੁ ਏਕੁ ਨਹੀ ਸਰੈ" ਦਾ ਸੰਕੇਤ ਮਨੁੱਖ ਨੂੰ ਹਲੂਣਾ ਦਿੰਦਾ ਹੈ । ਹੇ ਜੀਵ ! ਜੇ ਤੂੰ ਗਿਆਨ, ਭਗਤੀ ਤੇ ਮੁਕਤੀ ਦਾ ਚਾਹਵਾਨ ਹੈਂ ਤਾਂ ਪਹਿਲਾਂ ਗੁਰੂ ਵਾਲਾ ਬਣ, ਗੁਰੂ ਤੋਂ ਰੱਬੀ-ਗਿਆਨ ਪ੍ਰਾਪਤ ਕਰ, ਫਿਰ ਪਰਮਾਤਮਾ ਦੇ ਨਾਮ ਸਿਮਰਨ ਵਿਚ ਜੁੱਟ ਜਾ, ਇਹ ਸਾਰਾ ਸਾਧਨ ਮਾਇਆ ਦੀ ਮਮਤਾ ਤੇ ਮੈਂ-ਮੇਰੀ ਤੋਂ ਮੁਕਤ ਕਰਨ ਵਾਲਾ ਹੈ । ਜਦੋਂ ਤੇਰੀ ਮੈਂ - ਮੇਰੀ ਮਿਟ ਜਾਵੇਗੀ, ਫਿਰ ਪਰਮੇਸ਼ਰ ਜੀ ਤੇਰੇ ਹਰ ਕਾਰਜ ਵਿਚ ਆਪ ਹੀ ਸਹਾਈ ਹੋਣਗੇ, ਤੇ ਤੂੰ ਸੁਖੀ ਹੋ ਜਾਵੇਂਗਾ ।

ਸਿਧਾਂਤ ਇਹ ਹੈ ਕਿ ਜਦੋਂ ਤਕ ਮਨੁੱਖ ਦੇ ਹਿਰਦੇ ਵਿਚੋਂ ਮੈਂ-ਮੇਰੀ ਦਾ ਤਿਆਗ ਨਹੀਂ ਹੁੰਦਾ ਓਦੋਂ ਤਕ ਨਿਮਰਤਾ ਅਤੇ ਹੋਰ ਦੈਵੀ ਗੁਣਾਂ ਦਾ ਸੰਗ੍ਰਹਿ ਨਹੀਂ ਹੋ ਸਕਦਾ । "ਜੀਤੇ ਬੂਡੇ ਹਾਰੇ ਤਿਰੈ" ਦਾ ਭਾਵ ਸਪਸ਼ਟ ਹੈ ਕਿ ਅਹੰਕਾਰੀ ਮਨੁੱਖ ਸੰਸਾਰ ਸਾਗਰ ਵਿਚ ਡੁਬਦਾ ਹੈ ਅਤੇ ਨਿਮਰ-ਭਾਵੀ ਜੀਵ

ਸੰਸਾਰ-ਸਾਗਰ ਤੋਂ ਸਹਿਜੇ ਹੀ ਪਾਰ ਹੋ ਜਾਂਦਾ ਹੈ। ਅੰਤ ਵਿਚ ਭਗਤ ਜੀ ਨੇ ਜੋ ਸੋਝੀ ਭਰੀ ਸੇਧ ਦਿਤੀ ਹੈ ਉਸ ਅਨੁਸਾਰ "ਕੇਵਲ ਰਾਮ ਰਹਹੁ ਲਿਵ ਲਾਇ" ਦਾ ਧਾਰਨੀ ਬਣਨ ਦੀ ਲੋੜ ਹੈ।

**ਸਤਰਿ ਸੈਇ ਸਲਾਰ ਹੈ ਜਾ ਕੇ॥ ਸਵਾ ਲਾਖੁ ਪੈਕਾਬਰ ਤਾ ਕੇ॥ ਸੇਖ ਜੁ ਕਹੀਅਹਿ ਕੋਟਿ ਅਠਾਸੀ॥ ਛਪਨ ਕੋਟਿ ਜਾ ਕੇ ਖੇਲ ਖਾਸੀ॥੧॥ ਮੋ ਗਰੀਬ ਕੀ, ਕੋ ਗੁਜਰਾਵੈ ॥ ਮਜਲਸਿ ਦੂਰਿ, ਮਹਲੁ ਕੋ ਪਾਵੈ ॥ ੧ ॥ ਰਹਾਉ ॥ ਤੇਤੀਸ ਕਰੋੜੀ ਹੈ ਖੇਲਖਾਨਾ ॥ ਚਉਰਾਸੀ ਲਖ, ਫਿਰੈ ਦਿਵਾਨਾਂ ॥ ਬਾਬਾ ਆਦਮ ਕਉ, ਕਿਛੁ ਨਦਰਿ ਦਿਖਾਈ ॥ ਉਨਿ ਭੀ, ਭਿਸਤਿ ਘਨੇਰੀ ਪਾਈ॥੨॥ ਦਿਲ ਖਲਹਲੁ ਜਾ ਕੈ, ਜਰਦ ਰੂ ਬਾਨੀ॥ ਛੋਡਿ ਕਤੇਬ, ਕਰੈ ਸੈਤਾਨੀ॥ ਦੁਨੀਆ ਦੋਸੁ, ਰੋਸੁ ਹੈ ਲੋਈ॥ ਅਪਨਾ ਕੀਆ ਪਾਵੈ ਸੋਈ॥੩॥ ਤੁਮ ਦਾਤੇ, ਹਮ ਸਦਾ ਭਿਖਾਰੀ ॥ ਦੇਉ ਜਬਾਬੁ, ਹੋਇ ਬਜਗਾਰੀ ॥ ਦਾਸੁ ਕਬੀਰੁ, ਤੇਰੀ ਪਨਹ ਸਮਾਨਾਂ॥ ਭਿਸਤੁ, ਨਜੀਕਿ ਰਾਖੁ ਰਹਮਾਨਾ॥੪॥੭॥੧੫॥**

## ਉਚਾਰਨ ਸੇਧ

**ਬਿੰਦੀ ਸਹਿਤ** : ਹੈਂ, ਪੈਕਾਂਬਰ, ਕਹੀਅਹਿਂ, ਦੇਉਂ।

**ਫੁਟਕਲ** : ਪਨਹ-(ਫਾਰਸੀ) ਪਨਾਹ।

**ਪਦ ਅਰਥ** : ਸਤਰ ਸੈਇ-ਸਤ ਹਜ਼ਾਰ। ਸਲਾਰ-ਫੌਜ ਦੇ ਸਰਦਾਰ, ਫਰਿਸ਼ਤੇ। ਜਾ ਕੇ - ਜਿਸ (ਖ਼ੁਦਾ ਦੇ) ਪਾਸ। ਸਵਾ ਲਾਖ-ਪੈਕਾਬਰ-ਸਵਾਂ ਲਖ ਪੈਗ਼ੰਬਰ। ਤਾ ਕੇ-ਉਸ ਦੇ। ਸ਼ੇਖ-ਬਜ਼ੁਰਗ, ਵੱਡੇ ਵਿਦਵਾਨ। ਕਹੀਅਹਿ-ਆਖੇ ਜਾਂਦੇ ਹਨ। ਕੋਟਿ ਅਠਾਸੀ-ਅਠਾਸੀ ਕ੍ਰੋੜ। ਛਪਨ ਕੋਟਿ-ਛਿਵੰਜਾ ਕ੍ਰੋੜ। ਖੇਲਖਾਸੀ-ਚੰਗੀ ਖੇਡ ਖੇਡਣ ਵਾਲੇ, ਹਾਜ਼ਰਬਾਸ਼ ਸੇਵਕ, ਮੁਸਾਹਿਬ।੧।

ਮੋ-ਮੈਂ ਕੋ-ਕੌਣ?। ਮਜਲਸਿ-ਦਰਬਾਰ। ਮਹਲ-ਰਬੀ ਘਰ ।੧। ਰਹਾਉ। ਤੇਤੀਸ ਕਰੋੜੀ-ਤੇਤੀ ਕ੍ਰੋੜ (ਦੇਵਤੇ)। ਖੇਲ ਖਾਨਾ-ਘਰ ਵਿਚ ਰਹਿਣ ਵਾਲੇ ਸੇਵਕ। ਦਿਵਾਨਾ-ਕਮਲੇ ਹੋਏ ।੨।

ਬਾਬਾ ਆਦਮ- ਪੜ੍ਹੋ ਅਰਥ ਭੇਦ ਅਤੇ ਨਿਰਣੈ। ਨਦਰਿ-ਦ੍ਰਿਸ਼ਟੀ। ਉਨਿ ਭੀ-ਉਸ (ਆਦਮ) ਨੇ। ਭਿਸਤਿ-ਬਹਿਸ਼ਤ, ਸਵੱਰਗ। ਘਨੇਰੀ-ਬਹੁਤ ।੨।

ਖਲ ਹਲ-ਖਲ ਬਲੀ, ਘਬਰਾਹਟ। ਜਰਦ ਰੂ-ਪੀਲਾ ਚਿਹਰਾ ਬਾਨੀ-ਰੰਗ। ਕਰੈ ਸੈਤਾਨੀ-ਸ਼ੈਤਾਨਾ ਵਾਲੇ ਕੰਮ ਕਰਦਾ ਹੈ। ਦੋਸੁ-ਦੋਸ਼। ਰੋਸੁ-ਗਿਲਾ, ਗੁੱਸਾ, ਸ਼ਿਕਵਾ। ਲੋਈ-ਸ੍ਰਿਸ਼ਟੀ।੩।

ਭਿਖਾਰੀ-ਮੰਗਤੇ। ਦੇਉ-ਦਿਆਂ। ਬਜਗਾਰੀ-ਗੁਨਹਗਾਰ। ਪਨਹ-ਸ਼ਰਨ। ਰਹਮਾਨਾ-ਹੇ ਰਹੀਮ, ਹੇ ਦਇਆ ਕਰਨ ਵਾਲੇ ! ।੪।

**ਅਰਥ** : (ਹੇ ਭਾਈ !) ਜਿਸ (ਖ਼ੁਦਾ) ਦੇ ਸਤ ਹਜ਼ਾਰ ਸਰਦਾਰ (ਫਰਿਸ਼ਤੇ ਹਨ, ਕਹਿੰਦੇ ਹਨ ਕਿ ਜਬਰਾਈਲ ਨਾਲ ਸਤ ਹਜ਼ਾਰ ਫਰਿਸ਼ਤੇ ਭੇਜੇ ਗਏ ਤਾਂ ਜੋ ਮੁਹੰਮਦ ਸਾਹਿਬ ਤਕ ਵੱਡੀ ਆਇਤ ਪਹੁੰਚਣ ਵਿਚ ਕੋਈ ਰੁਕਾਵਟ ਨਾ ਪੈ ਜਾਵੇ)। (ਹਜ਼ਰਤ ਆਦਮ ਤੋਂ ਮੁਹੰਮਦ ਸਾਹਿਬ ਤਕ) ਉਸ

(ਖੁਦਾ) ਦੇ ਸਵਾ ਲਖ ਪੈਗੰਬਰ ਹਨ, ਅਠਾਸੀ ਕ੍ਰੋੜ ਬਜ਼ੁਰਗ ਵਿਦਵਾਨ ਤੇ ਛਿਵੰਜਾ ਕ੍ਰੋੜ ਇਸ ਦੇ ਮੁਸਾਹਿਬ ਹਨ ।੧।

ਮੈਂ ਗਰੀਬ ਦੀ (ਪੁਕਾਰ ਉਥੇ) ਕੌਣ ਅਪੜਾਵੇ ? (ਉਸ ਦੀ) ਮਜਲਸ (ਦਰਬਾਰ) ਦੂਰ ੨ ਤਕ (ਭਾਵ ਸਤਵੇਂ ਅਸਮਾਨ ਤਕ ਕਿਹਾ ਜਾਂਦਾ ਹੈ, ਉਸ ਦੇ) ਘਰ ਨੂੰ ਕੌਣ ਪਾ ਸਕਦਾ ਹੈ ? (ਭਾਵ ਉਹ ਬੇਅੰਤ ਹੈ) ।੧।ਰਹਾਉ।

(ਉਸ ਦੇ) ਤੇਤੀ ਕ੍ਰੋੜ ਦੇਵਤੇ, ਘਰ ਵਿਚ ਰਹਿਣ ਵਾਲੇ (ਦਸੇ ਜਾਂਦੇ ਹਨ ਅਤੇ) ਚੌਰਾਸੀਹ ਲਖ ਜੂਨੀਆਂ ਵਿਚ (ਲੋਕ) ਕਮਲੇ ਹੋਏ ਫਿਰਦੇ ਹਨ । ਬਾਬਾ ਆਦਮ ਨੂੰ (ਖੁਦਾ ਨੇ) ਕੁਝ ਕੁਝ ਬਹਿਸ਼ਤ ਦੀ (ਝਾਕੀ ਦਿਖਾਈ)। ਉਸ(ਆਦਮ)ਨੇ ਭੀ ਬਹੁਤ ਸਮਾਂ ਭਿਸ਼ਤ ਪਾਈ(ਭਾਵ ਉਥੋਂ ਦਾ ਰੰਗ ਮਾਣਿਆ) ।੨।

ਜਿਸ ਦੇ ਦਿਲ ਵਿਚ (ਦਵੈਤ ਕਰਕੇ) ਖਲਬਲੀ ਹੈ, ਉਸ ਦੇ ਚਿਹਰੇ ਦਾ ਰੰਗ ਪੀਲਾ ਰਹਿੰਦਾ ਹੈ । (ਉਹ) ਕਤੇਬਾਂ (ਕੁਰਾਨ ਆਦਿਕ ਧਾਰਮਿਕ ਪੁਸਤਕਾਂ ਦਾ ਦਸਿਆ ਹੋਇਆ ਮਾਰਗ) ਛਡ ਕੇ ਸ਼ੈਤਾਨ ਵਾਲੇ ਕੰਮ ਕਰਦਾ ਹੈ, ਦੁਨੀਆਂ ਨੂੰ ਦੋਸ਼ ਦਿੰਦਾ ਹੈ ਤੇ ਲੋਕਾਂ ਤੇ ਰੋਸ (ਗੁੱਸਾ) ਕਰਦਾ ਹੈ । (ਪਰ) ਉਹ (ਮਨੁੱਖ) ਆਪਣਾ ਕੀਤਾ (ਆਪ ਹੀ) ਪਾਂਦਾ ਹੈ ।੩।

(ਹੇ ਪ੍ਰਭੂ !) ਤੁਸੀਂ ਦਾਤੇ ਹੋ ਤੇ ਅਸੀਂ ਸਦਾ (ਤੇਰੇ ਦਰ ਦੇ) ਮੰਗਤੇ ਹਾਂ । ਜੇ ਤੇਰੇ ਦਾਨ ਤੋਂ ਮੁਨਕਰ ਹੋਵਾਂ ਤਾਂ, (ਇਹ) ਗੁਨਹਗਾਰੀ ਹੋਵੇਗੀ (ਭਾਵ ਮੈਂ ਗੁਨਾਹੀ ਬਣਦਾ ਹਾਂ) । ਹੇ ਦਇਆ ਕਰਨ ਵਾਲੇ ਰਹੀਮ ! ਦਾਸ ਕਬੀਰ ਤੇਰੀ ਪਨਾਹ (ਸ਼ਰਨ) ਵਿਚ ਆਇਆ ਹੈ। (ਤੂੰ ਮੈਨੂੰ ਆਪਣੇ ਚਰਨਾ ਦੇ) ਨੇੜੇ ਰਖ, (ਮੇਰੇ ਲਈ ਇਹੋ) ਬਹਿਸ਼ਤ ਹੈ ।੪।੭।੧੫।

### ਅਰਥ ਭੇਦ ਅਤੇ ਨਿਰਣੈ

ੳ) **ਬਾਬਾ ਆਦਮ ਕਉ ਕਿਛੁ ਨਦਰਿ ਦਿਖਾਈ ॥**
**ਉਨਿ ਭੀ ਭਿਸਤਿ ਘਨੇਰੀ ਪਾਈ ॥**

ਵਖ ਵਖ ਅਰਥ :

੧. (ਬਾਬਾ ਆਦਮ) ਸ਼ਿਵ ਜੀ ਕੋ ਪਰਮੇਸ਼ਵਰ ਨੇ ਕਛੁ ਗਯਾਨ ਦ੍ਰਿਸਟ ਦਿਖਾਈ ਹੈ (ਉਨਿ) ਉਸ ਸ਼ਿਵ ਨੇ ਭੀ (ਭਿਸਤਿ) ਮੋਖ ਤਨਕ ਹੀ ਪਾਈ ਹੈ । [ਫ. ਸ.

੨. ਉਸੀ ਪਰਮੇਸ਼ਰ ਨੇ ਜਬ ਆਦਮ ਦੀ ਉਤਪਤੀ ਕਰਨ ਸਮੇਂ ਨਿਖਲ ਮੁਸਲਮਾਨੇ ਕੇ ਬਾਬਾ, ਬਡੇ ਆਦਮ ਕੋ ਮੱਟੀ ਕੀ ਮੁਠੀ ਤਾ ਕਾ ਦੇਹ ਰਚ ਸਵਰਗ ਮੇ ਗਯਾਨ ਦ੍ਰਿਸ਼ਟੀ ਦਈ । ਤਬ ਆਦਮ ਨੇ ਆਪ ਭਿਸਤਿ, ਸਵਰਗ ਮੇਂ ਅਪਨੀ ਥਿਤਿ ਘਨੇਰੀ, ਬਹੁਤ ਕਾਲ ਪਾਈ । ਜਬ ਗਯਾਨ ਦ੍ਰਿਸਟਿ ਹਰ ਲਈ ਤਬ ਸਵਰਗ ਸੇ ਅਦਨ ਕੇ ਟਾਪੂ ਮੈਂ ਗਿਰ ਗਯਾ । ਜੈਸੇ ਜਯਾ ਬਿਜਯ ਬੈਕੁੰਠ ਸੇ ਗਿਰੇ ਥੇ । [ਨਰੋਤਮ

੩. ਬਾਬੇ ਆਦਮ ਨੂੰ (ਇਨ੍ਹਾਂ ਸਭਨਾ ਵਿਚੋਂ ਆਂਹਦੇ ਹਨ ਕਿ) ਕੁਝ ਕੁਝ ਨਜਰੀ ਦਿਖਾਇਆ ਸੀ (ਓਸਨੇ ਆਪਣੀ ਖੇਡ ਦਾ ਚਮਤਕਾਰ) । (ਪਰ) ਓਸ ਨੇ ਭੀ ਚੋਖੀ (ਮੁਦਤ ਤਕ) ਬਹਿਸ਼ਤ

ਮਾਣੀ (ਕੋਈ ਕਹਣ ਦੀ ਗਲ ਨਹੀਂ ਰਹੀ)। [ਭਗਤ ਬਾਣੀ ਮਰਮ ਬੋਧਿਨੀ ਟੀਕਾ

੪. ਆਦਮ ਨੂੰ ਰਬ ਨੇ ਜ਼ਰਾਕੁ ਅੱਖਾ ਦਸੀਆਂ, ਤਾਂ ਉਸ ਨੇ ਭੀ ਚੰਗਾ ਸੁਰਗ ਪਾ ਲਿਆ। ਭਾਵ ਆਦਮ ਕੇਡਾ ਨੇੜੇ ਸੀ, ਪਰ ਉਹ ਭੀ ਰਬ ਦੀ ਵਡਿਆਈ ਦੀ ਝਾਲ ਨਾ ਝਲ ਸਕਿਆ ਤੇ ਨਾ ਫੁਰਮਾਨੀ ਕਰਕੇ ਬਹਿਸ਼ਤੋਂ ਕਢਿਆ ਗਿਆ। [ਸ਼ਬਦਾਰਥ

੫. (ਹੇ ਭਾਈ !) ਤੁਸੀਂ ਦਸਦੇ ਹੋ ਕਿ ਖ਼ੁਦਾ ਨੇ ਬਾਬਾ ਆਦਮ ਨੂੰ ਬਹਿਸ਼ਤ ਵਿਚ ਰਖਿਆ ਸੀ, ਪਰ ਤੁਹਾਡੇ ਹੀ ਆਖਣ ਅਨੁਸਾਰ) ਜਦੋਂ ਬਾਬਾ ਆਦਮ ਨੂੰ ਰੱਬ ਨੇ (ਉਸ ਦੀ ਹੁਕਮ ਅਦੂਲੀ ਤੇ) ਰਤਾ ਕੁ ਅੱਖ ਵਿਖਾਈ, ਤਾਂ ਉਸ ਆਦਮ ਨੇ ਭੀ ਉਹ ਬਹਿਸ਼ਤ ਥੋੜਾ ਚਿਰ ਹੀ ਮਾਣਿਆ (ਉਥੋਂ ਛੇਤੀ ਕਢਿਆ ਗਿਆ) ਤੇ ਜੇ ਬਾਬਾ ਆਦਮ ਵਰਗੇ ਕੱਢੇ ਗਏ ਤਾਂ ਦੱਸ ? ਮੈਨੂੰ ਗਰੀਬ ਨੂੰ ਉਥੇ ਕੋਈ ਕਿਤਨਾ ਚਿ ਰਹਿਣ ਦੇਵੇਗਾ। [ਦਰਪਣ

**ਨਿਰਣੈ** : ਮਹਾਨ ਕੋਸ਼ ਵਿਚ ਅੰਕਿਤ ਹੈ ਕਿ ਬਾਈਬਲ ਤੇ ਕੁਰਾਨ ਦੇ ਲੇਖ ਅਨੁਸਾਰ ਸਭ ਤੋਂ ਪਹਿਲਾਂ ਮਨੁੱਖ ਜਿਸ ਨੂੰ ਖ਼ੁਦਾ ਨੇ ਆਪਣੀ ਸ਼ਕਲ ਦਾ ਮਿੱਟੀ ਤੋਂ ਬਣਾਇਆ, ਬਾਬਾ ਆਦਮ ਸੀ- 'ਬਾਬਾ ਆਦਮ ਕਉ ਕਿਛੁ ਨਦਰਿ ਦਿਖਾਈ'।

ਬਾਈਬਲ ਵਿਚ ਕਥਾ ਹੈ ਕਿ ਜਦ ਆਦਮ ਸੌਂ ਗਿਆ ਤਦ ਖ਼ੁਦਾ ਨੇ ਉਸ ਦੀ ਇਕ ਪਸਲੀ ਕੱਢ ਕੇ ਉਸ ਤੋਂ ਨਾਰੀ ਰਚੀ, ਜੋ 'ਹਵਾ' ਅਖਾਈ। ਰੱਬ ਨੇ ਇਸ ਨੂੰ 'ਅਦਨ' ਬਾਗ ਵਿਚ ਰੱਖ ਕੇ ਹੁਕਮ ਦਿਤਾ ਕਿ ਤੁਸੀਂ ਏਥੇ ਅਨੰਦ ਨਾਲ ਰਹੋ ਅਤੇ ਫਲ ਆਦਿ ਪਦਾਰਥ ਖਾਓ ਪਰ ਇਕ ਖਾਸ ਬੂਟਾ ਦਸ ਕੇ ਹਦਾਇਤ ਕੀਤੀ ਕਿ ਇਸ ਦਾ ਫਲ ਕਦੇ ਨ ਖਾਣਾ। ਸ਼ੈਤਾਨ ਨੇ ਆਕੇ ਆਦਮ ਅਤੇ ਹਵਾ ਨੂੰ ਵਰਗਲਾਇਆ ਜਿਸ ਤੋਂ ਉਨ੍ਹਾਂ ਨੇ ਵਰਜਿਤ ਫਲ ਖਾਧਾ ਅਤੇ ਬਾਗ਼ ਤੋਂ ਇਸ ਅਪਰਾਧ ਬਦਲੇ ਕੱਢੇ ਗਏ ਅਤੇ ਖ਼ੁਦਾ ਤੋਂ ਸਰਾਪ ਮਿਲਿਆ ਕਿ ਆਦਮ ਦੀ ਔਲਾਦ ਮੇਹਨਤ ਕਰਕੇ ਗੁਜ਼ਾਰਾ ਕਰੇ ਅਤੇ ਮੌਤ ਦਾ ਸ਼ਿਕਾਰ ਹੋਵੇ। ਆਦਮ ਦੀ ਉਮਰ ਬਾਈਬਲ ਵਿਚ ੯੨ ਵਰ੍ਹੇ ਦੀ ਹੈ।

ਆਓ, ਇਹਨਾਂ ਕਹਾਣੀਆ ਨੂੰ ਇਕ ਪਾਸੇ ਰਖ ਕੇ ਸ਼ਬਦ ਦੇ ਚਾਨਣ ਵਿਚ ਇਸ ਪੰਕਤੀ ਦੇ ਅਰਥਾਂ ਦਾ ਅਧਿਐਨ ਕਰੀਏ।

ਸਾਰਾ ਸ਼ਬਦ ਪਰਮੇਸ਼ਰ ਦੀ ਵਡਿਆਈ ਦੇ ਸਬੰਧ ਵਿਚ ਹੈ। 'ਨਦਰਿ ਦਿਖਾਈ' ਦੇ ਅਰਥ 'ਜਰਾ ਕੁ ਅੱਖਾਂ ਦਸੀਆਂ ਜਾਂ ਰਤਾ ਕੁ ਅੱਖ ਦਿਖਾਈ' ਕਰਨੇ ਠੀਕ ਨਹੀ ਜਾਪਦੇ। ਗਲ ਆਦਮ ਦੇ ਬਹਿਸ਼ਤ ਵੇਖਣ ਦੀ ਹੈ। ਭਾਵ ਰੱਬ ਨੇ ਬਾਬਾ ਆਦਮ ਨੂੰ ਉਸ ਅੱਖ ਨਾਲ ਬਹਿਸ਼ਤ ਦੀ ਝਾਕੀ ਦਿਖਾਈ, ਉਸ ਨੇ ਭੀ ਬਹੁਤ ਸਮਾਂ ਭਿਸ਼ਤ ਪਾਈ। ਪਰ ਸ਼ਬਦਾਰਥ ਤੇ ਦਰਪਣ ਦੇ ਅਰਥ ਬਾਕੀ ਟੀਕਾਕਾਰਾਂ ਨਾਲ ਮੇਲ ਨਹੀਂ ਖਾਂਦੇ। ਇਹਨਾਂ ਵਿਦਵਾਨਾਂ ਨੇ 'ਕਰਸਹਿ ਅਉਧੁ ਘਨੇਰੀ' ਵਿਚ ਵਰਤੇ 'ਘਨੇਰੀ' ਪਦ ਦੇ ਭਾਵ-ਅਰਥ ਨੂੰ ਹੀ ਮੁਖ ਰਖਿਆ ਜੋ ਠੀਕ ਨਹੀਂ ਜਾਪਦਾ। ਪ੍ਰਚਲਤ ਅਰਥ ਹੀ ਠੀਕ ਲਗਦੇ ਹਨ।

**ਅ) ਤੁਮ ਦਾਤੇ ਹਮ ਸਦਾ ਭਿਖਾਰੀ ॥ ਦੇਉ ਜਬਾਬੁ ਹੋਇ ਬਜਗਾਰੀ ॥**

ਪਹਿਲੀ ਪੰਕਤੀ ਦੇ ਅਰਥ ਸਰਲ ਹਨ ਪਰ ਦੂਜੀ ਪੰਕਤੀ ਦੇ ਅਰਥ ਜੋ ਸੰਪ੍ਰਦਈ ਸਟੀਕ ਵਿਚ ਦਰਜ ਹਨ, ਓਹ ਮੂਲ ਪਾਠ ਦੇ ਉਲਟ ਹਨ-

"(ਆਪਣੇ ਬੂਹੇ ਤੇ ਬਿਠਾ ਬਿਠਾ ਕੇ ਜੇ ਆਪ ਖਾਲੀ) ਜਵਾਬ ਦਿਓਗੇ ਤਾਂ ਆਪ ਦੋਸ਼ੀ ਹੋਵੋਗੇ ਜੇ ਅਸੀਂ ਤੈਨੂੰ ਅਗੋਂ ਜਵਾਬ ਦੇਵੀਏ ਭਾਵ ਸਾਹਮਣੇ ਬੋਲੀਏ ਅਤੇ ਤੇਰੀ ਭਗਤੀ ਨਾ ਕਰੀਏ ਤਾਂ ਅਸੀ ਬਜਰਗਾਰੀ ਦੋਸ਼ੀ ਹੋਵਾਂਗੇ।"

ਇਹ ਅਰਥ ਗੁਰਮਤਿ ਆਸ਼ੇ ਦੇ ਅਨੁਕੂਲ ਨਹੀਂ ਹਨ। ਇਥੇ ਕੋਈ ਜ਼ੋਰ ਦੀ ਗਲ ਨਹੀਂ ਅਤੇ ਦਾਤਾਰ ਪ੍ਰਭੂ ਦੀ ਇਛਾ ਤੇ ਹੈ ਕਿ ਉਹ ਭਿਖਾਰੀ ਦੀ ਝੋਲੀ ਵਿਚ ਭਿਛਿਆ ਪਾਵੇ ਜਾਂ ਨਾਹ ਪਾਵੇ। ਦਾਨ ਨ ਦੇਣ ਦੀ ਸੂਰਤਿ ਵਿਚ ਇਹ ਆਖਣਾ ਕਿ "ਆਪ ਦੋਸ਼ੀ ਹੋਵੋਗੇ" ਉੱਕੇ ਹੀ ਠੀਕ ਨਹੀਂ ਹਨ। ਭਗਤਾਂ ਦੀ ਭਾਵਨਾ ਤਾਂ ਇਹ ਹੈ ਕਿ ਭਾਵੇਂ ਰਖ ਭਾਵੇਂ ਮਾਰ "ਕਹੇ ਕਬੀਰ ਗੁਲਾਮੁ ਘਰ ਕਾ, ਜੀਆਇ ਭਾਵੈ ਮਾਰਿ ॥

ੲ) ਭਿਸਤੁ, ਨਜੀਕਿ ਰਾਖੁ ਰਹਮਾਨਾ ॥

ਕਈ ਪਾਠਕ ਇਸ ਪੰਕਤੀ ਦਾ ਇਹ ਅਰਥ ਸਮਝਦੇ ਹਨ ਕਿ ਕਬੀਰ ਜੀ ਵੀ 'ਬਹਿਸ਼ਤ' (ਬੈਕੁੰਠ) ਵਿਚ ਰਖਣ ਲਈ ਦਇਆਲੂ ਪਰਮੇਸ਼ਰ ਅਗੇ ਬੇਨਤੀ ਕਰਦੇ ਹਨ ਪਰ ਇਸ ਦਾ ਭਾਵ ਇਸ ਦੇ ਐਨ ਉਲਟ ਹੈ। ਭਗਤ ਬਾਣੀ ਮਰਮ ਬੋਧਨੀ ਦੇ ਟੀਕਾਕਾਰ ਨੇ ਇਸ ਪੰਗਤੀ ਦੇ ਹੇਠ ਲਿਖੇ ਅਰਥ ਕੀਤੇ ਹਨ:

ਹੇ ਰਹਮਾਨਾ! (ਦਇਆਲੂਆ!) ਇਨ੍ਹਾਂ ਲੋਕਾਂ ਵਾਲੀ ਬਹਿਸ਼ਤ ਨੂੰ ਤੂੰ ਆਪਣੇ ਪਾਸ ਹੀ ਰੱਖ (ਮੈਨੂੰ ਸਿਵਾਇ ਤੇਰੀ ਸਰਣ ਦੇ ਕਿਸੇ ਬਹਿਸ਼ਤ ਬਹੁਸ਼ਤ ਦੀ ਲੋੜ ਨਹੀਂ)।

ਉਪ੍ਰੋਕਤ ਟੀਕਾਕਾਰ ਦੀ ਭਾਵਨਾ ਠੀਕ ਹੈ ਪਰ ਅਰਥ ਪੰਕਤੀ ਦੇ ਸਰੂਪ ਅਨੁਸਾਰ ਨਹੀਂ ਹਨ, ਸਹੀ ਅਰਥ ਇਉਂ ਹਨ :

ਹੇ ਦਇਆਲੂ! (ਮੈਨੂੰ) ਆਪਣੇ ਨੇੜੇ ਰਖ, (ਮੇਰੇ ਵਾਸਤੇ ਇਹੀ) ਬਹਿਸ਼ਤ ਹੈ।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਪਰਮਾਤਮਾ ਦੇ ਦਰਬਾਰ ਵਿਚ ਰਹਿਣ ਵਾਲੇ ਕਾਰਦਾਰਾਂ ਦਾ ਜੋ ਵੇਰਵਾ ਭਗਤ ਕਬੀਰ ਜੀ ਨੇ ਦਿੱਤਾ ਹੈ, ਇਹ ਮੁਸਲਮਾਨੀ ਕਿਤਾਬਾਂ ਅਤੇ ਹਿੰਦੂਆਂ ਦੇ ਧਾਰਮਿਕ ਗ੍ਰੰਥਾਂ ਉਤੇ ਅਧਾਰਤ ਜਾਪਦਾ ਹੈ। ਸਤਰ ਹਜ਼ਾਰ ਸਰਦਾਰ (ਫਰਿਸ਼ਤੇ) ਸਵਾ ਲਖ ਪੈਗੰਬਰ, ਅਠਾਸੀ ਕ੍ਰੋੜ ਦੇਵਤੇ, ਚੌਰਾਸੀ ਲਖ ਸ਼ੇਖ ਛਿਵੰਜਾ ਕ੍ਰੋੜ ਖੇਲਖਾਸ (ਸੇਵਕ ਆਦਿਕ), ਫਿਰ ਉਸ ਪ੍ਰਭੂ ਦਾ ਖ਼ੇਲਖਾਨਾ (ਲੰਗਰ) ਜਿਸ ਵਿਚ ਤੇਤੀ ਕ੍ਰੋੜ ਦੇਵਤੇ, ਚੌਰਾਸੀ ਲਖ ਜੀਵ, ਨਾਨਾ ਪ੍ਰਕਾਰ ਦੇ ਸਵਾਂਗ-ਧਾਰੀ ਜੋ ਬਾਵਰਿਆਂ ਵਾਂਗ ਫਿਰ ਰਹੇ ਹਨ, ਇਹ ਸਭ ਪਰਮਤਾਮਾ ਦੇ ਵੈਰਾਟ ਰੂਪ ਵਿਚ ਲਗੀ ਸਭਾ ਨੂੰ ਪ੍ਰਦੀਪਤ ਕਰ ਰਹੇ ਹਨ।

'ਬਾਬਾ ਆਦਮ ਕਉ ਕਛੁ ਨਦਰਿ ਦਿਖਾਈ ॥ ਉਨਿ ਭੀ ਭਿਸਤਿ ਘਨੇਰੀ ਪਾਈ' ਵਾਲਾ ਉਲੇਖ ਪ੍ਰਭੂ ਦੀ ਬੇਅੰਤਤਾ ਨੂੰ ਲਖਾਉਣ ਵਾਲਾ ਹੈ। ਦੁਨੀਆਂ ਤਾਂ ਦੋਸ਼ ਤੇ ਰੋਸ ਵਿਚ ਹੀ ਖੁਆਰ ਹੋ

ਰਹੀ ਹੈ। ਪਰ ਭਗਤ ਜੀ ਨੇ ਭਿਖਾਰੀ ਰੂਪ ਵਿਚ ਜੋ ਬੇਨਤੀ ਕੀਤੀ ਹੈ, ਉਹ ਕਮਾਲ ਦੀ ਹੈ, ਉਸ ਵਿਚ ਕਿਸੇ ਬਹਿਸ਼ਤ (ਸਵਰਗ) ਜਾਂ ਬੈਕੁੰਠ-ਵਾਸ ਦੀ ਮੰਗ ਨਹੀਂ ਕੀਤੀ, ਕੇਵਲ 'ਇਹ ਜੋਦੜੀ ਕੀਤੀ ਹੈ ਕਿ ਹੇ ਦਇਆਲੂ ਪਿਤਾ ! ਮੈਨੂੰ ਆਪਣੀ ਹਜ਼ੂਰੀ ਵਿਚ ਰਖ, ਮੇਰੇ ਲਈ ਇਹ ਬਹਿਸ਼ਤ ਹੈ, ਮੈਨੂੰ ਉਸ ਬਹਿਸ਼ਤ ਦੀ ਲੋੜ ਨਹੀਂ ਜਿਥੇ ਹੂਰਾਂ ਪਰੀਆਂ ਦੇ ਲਾਰੇ ਲਾਏ ਜਾਂਦੇ ਹਨ।

ਜਿਵੇਂ ਭਗਤ ਕਬੀਰ ਜੀ ਨੇ ਪਰਮਾਤਮਾ ਦੇ ਦਰਬਾਰ ਦੀ ਮਹਿਮਾ ਕੀਤੀ ਹੈ ਤਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭਾਈ ਬੰਨੋ ਵਾਲੇ ਸਰੂਪ ਵਿਚ ਹੇਠ ਲਿਖਿਆ ਪ੍ਰਸਿਧ ਸ਼ਬਦ ਜੋ 'ਨਾਨਕ' ਮੁਹਰ ਛਾਪ ਨਾਲ ਦਰਜ ਹੈ (ਭਾਵੇਂ ਇਸ ਵਿਚ ਗੁਰਮਤਿ ਵਿਰੋਧੀ ਵੀਚਾਰਾਂ ਦਾ ਅਭਾਵ ਹੈ ਪਰ ਗੁਰਦੇਵ ਜੀ ਦਾ ਪ੍ਰਵਾਣਿਤ ਨਹੀਂ ਹੈ)। ਇਥੇ ਕੇਵਲ ਇਸ ਸ਼ਬਦ ਦੇ ਸਿਧਾਂਤ ਨਾਲ ਮੇਲ ਹੋਣ ਕਾਰਨ ਪਾਠਕਾਂ ਦੀ ਗਿਆਤ ਲਈ ਦੇ ਦਿਤਾ ਹੈ, ਕਿਉਂਕਿ ਕਈ ਭੋਲੇ ਭਾਲੇ ਸਿਖ ਜਿਨ੍ਹਾਂ ਗੁਰਬਾਣੀ ਦਾ ਅਧਿਐਨ ਨਹੀਂ ਕੀਤਾ ਹੁੰਦਾ ਉਹ ਇਸ ਨੂੰ ਵੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਇਆ ਸ਼ਬਦ ਸਮਝਦੇ ਹਨ :-

**ਸਲੋਕ ਮਹਲਾ੧ ॥ ਜਿਤੁ ਦਰਿ ਲਖ ਮੁਹੰਮਦਾ ਲਖ ਬ੍ਰਹਮੈ ਬਿਸਨ ਮਹੇਸ ॥**
**ਲਖ ਲਖ ਰਾਮ ਵਡੀਰੀਅਹਿ ਲਖ ਰਾਹੀ ਲਖ ਵੇਸ ॥**
**ਲਖ ਲਖ ਉਥੈ ਜਤੀ ਹੈ ਸਤੀ ਤੈ ਸਨਿਆਸ ॥**
**ਲਖ ਲਖ ਉਥੈ ਗੋਰਖਾ ਲਖ ਲਖ ਨਾਥਾ ਨਾਥ ॥**
**ਲਖ ਲਖ ਉਥੈ ਆਸਨਾ ਗੁਰ ਚੇਲਾ ਰਹਰਾਸਿ ॥**
**ਲਖ ਲਖ ਦੇਵੀ ਦੇਵਤੇ ਦਾਨੂ ਲਖ ਨਿਵਾਸ ॥**
**ਲਖ ਪੀਰ ਪੈਕਾਬਰ ਅਉਲੀਐ ਲਖ ਕਾਜੀ ਮੁਲਾ ਸੇਖ ॥**
**ਕਿਸੈ ਸਾਂਤਿ ਨ ਆਈਆ ਬਿਨੁ ਸਤਿਗੁਰ ਕੈ ਉਪਦੇਸ ॥**
**ਸਾਧਕ ਸਿਧ ਅਗਨਤ ਹੈ ਕੇਤੇ ਲਖ ਅਪਾਰ ॥**
**ਏਤੜਿਆਂ ਅਪਵਿਤ ਹੈ ਬਿਨੁ ਸਤਿਗੁਰ ਕੈ ਸਬਦ ਵੀਚਾਰ ॥**
**ਸਿਰ ਨਾਥਾ ਕੈ ਏਕ ਨਾਥ ਸਤਿਨਾਮੁ ਕਰਤਾਰੁ ॥**
**ਨਾਨਕ ਤਾ ਕੀ ਕੀਮਤਿ ਨ ਪਵੈ ਬੇਅੰਤ ਬੇਸੁਮਾਰ ॥੧॥**

ਅਜਿਹੀ ਵਡਿਆਈ ਤੇ ਵਿਸਥਾਰ ਵਾਲਾ ਇਕ ਸ਼ਬਦ ਰਾਗੁ ਮਲਾਰ ਵਿਚ ਪੰਨਾ ੧੨੯੨ ਉਤੇ ਭਗਤ ਨਾਮਦੇਵ ਜੀਉ ਦਾ ਉਚਾਰਨ ਕੀਤਾ ਹੋਇਆ ਵੀ ਉਪਲਬਧ ਹੈ, ਜੋ ਭਗਤ ਕਬੀਰ ਜੀ ਦੇ ਵੀਚਾਰਾਂ ਨਾਲ ਮੇਲ ਖਾਂਦਾ ਹੈ।

**ਸਭੁ ਕੋਈ, ਚਲਨ ਕਹਤ ਹੈ ਊਹਾਂ ॥ ਨਾ ਜਾਨਉ ਬੈਕੁੰਠੁ ਹੈ ਕਹਾਂ ॥੧॥ ਰਹਾਉ ॥ ਆਪ ਆਪ ਕਾ ਮਰਮੁ, ਨ ਜਾਨਾਂ ॥ ਬਾਤਨ ਹੀ, ਬੈਕੁੰਠੁ ਬਖਾਨਾਂ ॥੧॥ ਜਬ ਲਗੁ, ਮਨ ਬੈਕੁੰਠ ਕੀ ਆਸ ॥ ਤਬ ਲਗੁ, ਨਾਹੀ ਚਰਨ ਨਿਵਾਸ ॥੨॥ ਖਾਈ**

**ਕੋਟੁ ਨ ਪਰਲ ਪਗਾਰਾ ॥ ਨਾ ਜਾਨਉ ਬੈਕੁੰਠ ਦੁਆਰਾ ॥੩॥ ਕਹਿ ਕਮੀਰੁ, ਅਬ ਕਹੀਐ ਕਾਹਿ ॥ ਸਾਧਿ ਸੰਗਤਿ ਬੈਕੁੰਠੈ ਆਹਿ ॥੪॥੮॥੧੬॥**

## ਉਚਾਰਨ ਸੇਧ

**ਬਿੰਦੀ ਸਹਿਤ :** ਜਾਨਉਂ, ਨਾਹੀਂ।

**ਪਦ ਅਰਥ :** ਚਲਨ-ਜਾਣਾ ਹੈ। ਊਹਾ-ਉਥੇ (ਭਾਵ ਬੈਕੁੰਠ ਵਿਚ)। 'ਨਾ ਜਾਨਉਂ' - ਮੈਂ ਨਹੀਂ ਜਾਣਦਾ। ਬੈਕੁੰਠ ਹੈ ਕਹਾ-ਬੈਕੁਠ ਕਿਥੇ ਹੈ?।੧।ਰਹਾਉ। ਆਪ ਆਪ ਕਾ-ਆਪਣੇ ਆਪ ਦਾ। ਮਰਮੁ-ਭੇਦ। ਬਾਤਨ ਹੀ-ਗੱਲਾਂ ਨਾਲ ਹੀ। ਬਕੁੰਠ ਬਖਾਨਾ-ਬੈਕੁੰਠ ਆਖ ਰਹੇ ਹਨ।੧। ਮਨ-ਹੇ ਮਨ! ।੨। ਖਾਈ-ਕਿਲ੍ਹੇ ਦੇ ਆਸ ਪਾਸ ਪਾਣੀ ਭਰਨ ਲਈ ਜੋ ਡੂੰਘੀ ਥਾਂ ਖੋਦੀ ਜਾਂਦੀ ਹੈ, ਉਸ ਨੂੰ ਖਾਈ ਆਖਦੇ ਹਨ। ਕੋਟ-ਕਿਲ੍ਹਾ। ਪਰਲ ਪਗਾਰਾ-ਆਬਾਦੀ ਵਾਲਾ ਸੁੰਦਰ ਸ਼ਹਿਰ। ਕਾਹਿ-ਕਿਸ ਨੂੰ ? । ਆਹਿ-ਹੈ ।੩। ਕਮੀਰ-ਕਬੀਰ (ਹੱਥ ਲਿਖਤ ਸਰੂਪਾਂ ਵਿਚ 'ਕਬੀਰ' ਦਰਜ ਹੈ)।

**ਅਰਥ :** ਹਰਕੋ (ਜੀਵ) ਕਹਿੰਦਾ ਹੈ (ਕਿ ਉਸ ਨੇ) ਉਥੇ (ਭਾਵੇਂ ਬੈਕੁੰਠ ਵਿਚ) ਜਾਣਾ ਹੈ। (ਪਰ) ਮੈਂ ਨਹੀਂ ਜਾਣਦਾ ਕਿ (ਉਹ) ਬੈਕੁੰਠ ਕਿਥੇ ਹੈ ? ।੧। ਰਹਾਉ।

(ਅਜਿਹੇ ਲੋਕਾਂ ਨੇ) ਆਪਣੇ ਆਪ ਦਾ ਭੇਦ ਤਾਂ ਜਾਣਿਆ ਨਹੀਂ, ਨਿਰੀਆਂ ਗਲਾਂ ਨਾਲ ਹੀ ਬੈਕੁੰਠ (ਬੈਕੁੰਠ) ਆਖੀ ਜਾਂਦੇ ਹਨ।੧।

ਹੇ ਮਨ! ਜਦ ਤਕ (ਜਿਸ ਮਨੁੱਖ ਨੂੰ) ਬੈਕੁੰਠ (ਵੇਖਣ ਤੇ ਜਾਣਨ ਦੀ) ਆਸਾ (ਤਾਂਘ ਲਗੀ ਹੋਈ ਹੈ), ਉਤਨਾ ਚਿਰ (ਉਸ ਮਨੁੱਖ ਦਾ ਪਰਮਾਤਮਾ ਦੇ) ਚਰਨਾ ਵਿਚ ਵਾਸਾ ਨਹੀਂ ਹੋ ਸਕਦਾ।੨।

(ਹੇ ਭਾਈ! ਮੈਨੂੰ ਤਾਂ ਉਸ ਬੈਕੁੰਠ ਦਾ ਕੋਈ ਨਿਸ਼ਾਨ ਹੀ ਨਹੀਂ ਦਿਸਦਾ, ਉਸ ਬੈਕੁੰਠ ਦਾ) ਨਾ ਕੋਈ ਕਿਲ੍ਹਾ ਹੈ ? ਨਾ ਖਾਈ ਹੈ, ਨਾ (ਉਹ) ਅਬਾਦੀ ਵਾਲਾ ਨਗਰ ਹੈ। (ਇਸ ਲਈ) ਮੈਂ (ਤਾਂ ਲੋਕਾਂ ਦੇ ਕਲਪੇ ਹੋਏ) ਬੈਕੁੰਠ ਦਾ ਦਰਵਾਜਾ ਹੀ ਨਹੀਂ ਜਾਣਦਾ ਹਾਂ।੩।

(ਜਿਹੜੇ ਲੋਕ ਇਹ ਗਲ ਸਮਝਦੇ ਹਨ ਕਿ ਅਗੇ ਕੋਈ ਅਜਿਹਾ ਬੈਕੁੰਠ ਹੈ) ਕਬੀਰ ਜੀ ਕਹਿੰਦੇ ਹਨ (ਉਨ੍ਹਾਂ ਨੂੰ) ਹੁਣ ਕੀ ਆਖੀਏ ? (ਬਸ, ਇਹੋ ਹੀ ਆਖਿਆ ਜਾ ਸਕਦਾ ਹੈ ਕਿ) ਸਾਧ ਸੰਗਤਿ (ਹੀ ਅਸਲੀ) ਬੈਕੁੰਠ ਹੈ।੪।੮।੧੬।

## ਅਰਥ ਭੇਦ ਅਤੇ ਨਿਰਣੈ

**ਖਾਈ ਕੋਟ ਨ ਪਰਲ ਪਗਾਰਾ ॥**

ਇਸ ਪੰਕਤੀ ਦਾ ਪਾਠ ਜੋ ਪ੍ਰਚਲਤ ਹੈ ਉਹ " ਖਾਈ ਕੋਟੁ ਨ ਪਰਲਪ ਗਾਰਾ" ਹੈ। ਪਰ ਪੰਜਾਬੀ ਮਹਾਨ ਕੋਸ਼ ਦੇ ਕਰਤਾ ਭਾ. ਕਾਨ੍ਹ ਸਿੰਘ ਜੀ ਨੇ "ਖਾਈ ਕੋਟੁ ਨ ਪਰਲ ਪਗਾਰਾ" ਪਾਠ ਅੰਕਿਤ ਕੀਤਾ ਹੈ ਅਤੇ ਅਰਥ ਕੀਤੇ ਹਨ 'ਨਾ ਖਾਈ ਹੈ, ਨਾ ਕੋਟ ਹੈ, ਨਾ ਸ਼ਹਰ ਦੀ ਬਸਤੀ ਹੈ ਅਰ ਨਾ ਉਸ ਦੇ ਮਧਜ ਪ੍ਰਗਾਰ (ਮਹਲ) ਹੈ ਪੁਰਾਣੇ ਜ਼ਮਾਨੇ ਵਿਚਕਾਰ ਰਾਜ ਮਹਲ ਉਸ ਦੇ ਚਾਰੇ ਪਾਸੇ, ਲੋਕਾਂ ਦੀ

ਆਬਾਦੀ, ਉਸ ਦੇ ਆਲੇ ਦੁਆਲੇ ਕੋਟ, ਉਸ ਦੇ ਚੁਫੇਰੇ ਖਾਈ ਹੋਇਆ ਕਰਦੀ ਸੀ।

ਪ੍ਰੋ. ਸਾਹਿਬ ਸਿੰਘ ਜੀ ਨੇ 'ਦਰਪਣ' ਵਿਚ ਇਹੋ ਅਰਥ ਹੀ ਅਪਨਾਏ ਹਨ ਅਤੇ ਨਾਲ ਹੇਠ ਲਿਖਿਆ ਨੋਟ ਦਿਤਾ ਹੈ :

'ਕੋਈ ਸੱਜਨ ਪਰਲਪ ਗਾਰਾ' ਪਾਠ ਕਰਕੇ ਅਰਥ ਕਰਦੇ ਹਨ, ਗਾਰੇ ਨਾਲ ਚੰਗੀ ਤਰ੍ਹਾਂ ਲਿਖਿਆ ਹੋਇਆ ਹੈ, ਪਰ ਇਹ ਫਬਦਾ ਨਹੀਂ ਹੈ। ਕਿਲੇ ਨੂੰ ਗਾਰੇ ਨਾਲ ਲਿਪਣ ਵਿਚ ਕੋਈ ਖੂਬਸੂਰਤੀ ਨਹੀਂ ਜਾਪਦੀ ਲੋਕਾਂ ਦਾ ਮਿਥਿਆ ਹੋਇਆ ਬੈਕੁੰਠ ਇਕ ਸੁੰਦਰ ਸ਼ਹਿਰ ਹੋਣਾ ਚਾਹੀਦਾ ਹੈ, ਗਾਰੇ ਨਾਲ ਲਿਥੇ ਹੋਏ ਕੱਚੇ ਕੋਠੇ ਤਾਂ ਧਰਤੀ ਉਤੇ ਭੀ ਕੰਗਾਲਾਂ ਗਰੀਬਾਂ ਦੇ ਹੀ ਹਨ, ਉਹ ਬੈਕੁੰਠ ਕਾਹਦਾ ਜਿਥੇ ਕੱਚੇ ਹੀ ਕੋਠੇ ਹੋਣਗੇ।'

ਮਹਾਨ ਕੋਸ਼ ਦੇ ਕਰਤਾ ਨੇ 'ਪਗਾਰ' ਸੰਸਕ੍ਰਿਤ ਦਾ ਸ਼ਬਦ ਦਸ ਕੇ ਪ੍ਰਗਾਰ, ਮਹਲ, ਮੰਦਰਿ ਅਰਥ ਕੀਤੇ ਹਨ ਜਦੋਂ ਕਿ ਪ੍ਰੋ. ਸਾਹਿਬ ਸਿੰਘ ਨੇ ਸੰਸਕ੍ਰਿਤ ਦੇ 'ਪ੍ਰਕਾਰ' ਪਦ ਤੋਂ ਇਸ ਸ਼ਬਦ ਦੀ ਬਣਾਵਟ ਦਸੀ ਹੈ ਜਿਸ ਦੇ ਅਰਥ ਹਨ ਫਸੀਲ ਸ਼ਹਿਰ ਦੀ ਵੱਡੀ ਦੀਵਾਰ ਚੁਫੇਰੇ ਦੀ। ਇਹ ਦੋਵੇਂ ਅਰਥ ਆਪਸ ਵਿਚ ਮੇਲ ਨਹੀਂ ਖਾਂਦੇ।

ਸ਼ਬਦਾਰਥੀ ਵਿਦਵਾਨਾਂ ਨੇ ਪੁਰਾਣੇ ਅਰਥ ਹੀ ਕੀਤੇ ਹਨ 'ਚੰਗੀ ਤਰ੍ਹਾਂ ਲਿਖਿਆ ਹੋਇਆ ਗਾਰੇ ਨਾਲ' ਸ਼ਬਦਾਰਥੀ ਵਿਦਵਾਨਾਂ ਨੇ ੯੦ ਪ੍ਰਤੀਸ਼ਤ ਅਰਥ ਮਹਾਨ ਕੋਸ਼ ਦੇ ਅਧਾਰ ਤੇ ਹੀ ਕੀਤੇ ਹਨ ਪਰ ਜਾਪਦਾ ਹੈ ਕਿ ਇਥੇ ਉਨ੍ਹਾਂ ਨੇ ਕੋਸ਼ ਵੇਖਣ ਦੀ ਖੇਚਲ ਹੀ ਨਹੀਂ ਕੀਤੀ ਜੋ ਅਰਥ ਪ੍ਰਚਲਤ ਸਨ ਉਹੀ ਦੇ ਦਿੱਤੇ ਹਨ।

ਬਾਕੀ ਸੰਪ੍ਰਦਾਈ ਟੀਕਾਕਾਰਾਂ ਦੇ ਅਰਥ ਤਾਂ ਓਹੀ ਪੁਰਾਣੇ ਹਨ, ਇਸ ਲਈ ਹੋਰ ਟੀਕਾਕਾਰਾਂ ਨੂੰ ਦਰਜ ਕਰਨ ਦੀ ਲੋੜ ਨਹੀਂ। ਨਵੀਨ ਅਰਥ ਠੀਕ ਹਨ, ਗੁਰਬਾਣੀ ਲਗਮਾਤਰੀ ਨੇਮਾਂ ਦੀ ਵੀ ਕੋਈ ਅੜਿਚਣ ਨਹੀਂ, ਇਸ ਲਈ ਇਹਨਾਂ ਅਰਥਾਂ ਨੂੰ ਅਪਨਾਉਣਾ ਹੀ ਉਚਿਤ ਹੈ।

## ਸਾਰੰਸ਼ ਅਤੇ ਸਿਧਾਂਤ

ਭਗਤ ਜੀ, ਭਗਤੀ-ਹੀਣ ਲੋਕਾਂ ਦੀਆਂ ਗਲਾਂ ਨਹੀਂ ਮੰਨਦੇ। ਆਮ ਤੌਰ ਤੇ ਸਮਾਜ ਵਿਚ ਜਦੋਂ ਕੋਈ ਪ੍ਰਾਣੀ ਕਾਲ ਵਸ ਹੋ ਜਾਂਦਾ ਹੈ ਤਾਂ ਉਸ ਦੇ ਪਿਛੇ ਅਰਦਾਸਿ ਕੀਤੀ ਜਾਂਦੀ ਹੈ ਅਤੇ ਉਸ ਦੇ ਸ਼ੁਭ ਚਿੰਤਕ ਤੇ ਸਬੰਧੀ ਇਹੋ ਹੀ ਆਖਦੇ ਹਨ (ਹੇ ਪ੍ਰਭੂ ! ਇਸ ਵਿਛੜੀ ਰੂਹ ਨੂੰ ਬੈਕੁੰਠ ਧਾਮ ਵਿਚ ਵਾਸਾ ਦੇਵੀਂ)। ਪਰ ਭਗਤ ਜੀ ਦਾ ਜੀਵਨ-ਨਿਸ਼ਾਨਾ ਨਿਰਾਲਾ ਹੈ। ਆਪ ਫੁਰਮਾਉਂਦੇ ਹਨ :–

**ਸਾਧ ਸੰਗਤਿ ਬੈਕੁੰਠੈ ਆਹਿ ॥**

ਗੁਰਬਾਣੀ ਵਿਚ ਵੀ ਪੰਚਮ ਗੁਰਦੇਵ ਜੀ ਦਾ ਫੁਰਮਾਨ ਹੈ :–

**ਬੈਕੁੰਠ ਨਗਰ ਜਹਾਂ ਸੰਤ ਵਾਸਾ॥**

**ਪ੍ਰਭ ਚਰਨ ਕਮਲ ਮਨ ਮਾਹਿ ਨਿਵਾਸਾ॥** [ਪੰਨਾ ੭੪੨

ਭਗਤ ਜੀ ਵਿਅੰਗਮਈ ਢੰਗ ਨਾਲ ਕਹਿੰਦੇ ਹਨ, ਓਇ ਬੈਕੁੰਠ ਦੇ ਇਛਾਵਾਨੋ! ਤੁਹਾਨੂੰ ਤਾਂ

ਆਪਣੇ ਸਰੂਪ ਦਾ ਹੀ ਗਿਆਨ ਨਹੀ ਹੈ ਕਿ ਤੁਸੀ ਕੀ ਹੋਂ ? ਕਿਥੋਂ ਆਏ ਹੋ ? ਕਿਥੇ ਜਾਣਾ ਹੈ ? ਤੁਹਾਡਾ ਜੀਵਨ ਮਨੋਰਥ ਕੀ ਹੈ ? ਐਵੇਂ ਕਿਉਂ ਬੈਕੁੰਠ ਬਾਰੇ ਟਪਾਰਾਂ ਮਾਰੀ ਜਾ ਰਹੇ ਹੋਂ ?

ਆਪ ਜੀ ਨੇ ਨਿਰਭੈ ਹੋ ਕੇ ਆਖ ਰਹੇ ਹਨ ਕਿ ਜਦ ਤਕ ਤੁਹਾਡੇ ਮਨ ਵਿਚ ਬੈਕੁੰਠ ਦੀ ਆਸ ਹੈ, ਓਦੋਂ ਤਕ ਤੁਹਾਡਾ ਪਰਮਾਤਮਾ ਦੇ ਚਰਨਾ ਵਿਚ ਨਿਵਾਸ ਨਹੀਂ ਹੋ ਸਕਦਾ। ਹੇ ਬੈਕੁੰਠ ਦੇ ਪਿਆਰਿਓ! ਸੁਣੋ ! ਜਿਥੇ ਭਗਵਾਨ ਦਾ ਨਿਵਾਸ ਹੈ, ਉਹ ਬੈਕੁੰਠ ਅਸਥਾਨ ਹੈ ।

ਸੋ ਭਗਤ ਜੀ ਨੇ ਸਤਿਸੰਗ ਤੇ ਜ਼ੋਰ ਦਿਤਾ ਹੈ, ਸਤਿਸੰਗ ਵਿਚ ਬੈਠ ਕੇ ਜਦੋਂ ਨਾਮ-ਸਿਮਰਨ ਕਰਾਂਗੇ ਮਨ ਅਨੰਦਤ ਹੋਵੇਗਾ, ਇਸ ਤੋਂ ਵਧ ਕੇ ਕਿਹੜਾ ਬੈਕੁੰਠ ਹੋਵੇਗਾ ?

ਗੁਰਮਤਿ ਅਨੁਸਾਰ ਬੈਕੁੰਠ ਦੇ ਅਰਥ ਹਿੰਦੂਆਂ ਦੇ ਬੈਕੁੰਠ ਤੋਂ ਵਿਲਖਣ ਹਨ 'ਬੈਕੁੰਠ' ਦੇ ਦੋ ਅਰਥ ਹਨ - ਨਾਨਾ ਪ੍ਰਕਾਰ ਦੀ ਕੁੰਠਾ (ਮਾਯਾ) ਹੈ ਜਿਸਦੀ, ਵਿਸ਼ਨੂੰ ਭਗਵਾਨ, ਵਿਸ਼ਨੂ ਦੇ ਰਹਿਣ ਦਾ ਲੋਕ 'ਨਾ ਜਾਨਾ ਬੈਕੁੰਠ ਕਹਾ ਹੀ' (ਗਉ. ਕਬੀਰ) ਅਤੇ ਗੁਰਮਤਿ ਵਿਚ ਬੈਕੁੰਠ ਤੋਂ ਭਾਵ ਹੈ :–

**੧. ਮੁਕਤਿ ਭੁਗਤਿ ਜੁਗਤਿ ਤੇਰੀ ਸੇਵਾ, ਜਿਸੁ ਤੂੰ ਆਪਿ ਕਰਾਇਹਿ ॥**
**ਤਹਾਂ ਬੈਕੁੰਠੁ ਜਹ ਕੀਰਤਨੁ ਤੇਰਾ, ਤੂੰ ਆਪੇ ਸਰਧਾ ਲਾਇਹਿ ॥** [ਪੰਨਾ ੭੪੯

**੨. ਸਾਧ ਸੰਗਤਿ ਬੈਕੁੰਠੈ ਆਹਿ ॥** [ਪੰਨਾ ੧੧੬੧

ਅਜ ਕਲ ਜਿਥੇ ਮੋਏ ਪ੍ਰਾਣੀਆਂ ਦਾ ਸਸਕਾਰ ਹੁੰਦਾ ਹੈ ਉਸ ਦੇ ਬਾਹਰਲੇ ਗੇਟ ਤੇ ਮੋਟੇ ਅਖਰਾਂ ਵਿਚ 'ਸਵਰਗ ਧਾਮ' ਲਿਖਿਆ ਹੋਇਆ ਬੋਰਡ ਲੱਗਾ ਹੁੰਦਾ ਹੈ । ਯਾਦ ਰਖੋ ਕਿ ਅਜਿਹੇ 'ਮਾਟੋ' ਕਲਪਨਾਤਮਿਕ ਭਾਵਾਂ ਤੇ ਹੀ ਅਧਾਰਤ ਹੁੰਦੇ ਹਨ । ਭਗਤ ਕਬੀਰ ਜੀ ਨੇ ਸਪਸ਼ਟ ਸ਼ਬਦਾ ਵਿਚ ਨਿਰਣਾ ਕਰ ਦਿਤਾ ਹੈ :–

**ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ ॥**
**ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ ॥੧੨੦॥**
**ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ ॥**
**ਕਹਿਬੇ ਕਉ ਸੋਭਾ ਨਹੀ, ਦੇਖਾ ਹੀ ਪਰਵਾਨੁ ॥੧੨੧॥** [ਪੰਨਾ ੧੩੭੦

**ਕਿਉ ਲੀਜੈ ਗਢੁ ਬੰਕਾ, ਭਾਈ ॥ ਦੋਵਰ ਕੋਟ ਅਰੁ ਤੇਵਰ ਖਾਈ ॥੧॥ ਰਹਾਉ ॥ ਪਾਂਚ ਪਚੀਸ ਮੋਹ ਮਦ ਮਤਸਰ, ਆਡੀ ਪਰਬਲ ਮਾਇਆ ॥ ਜਨ ਗਰੀਬ ਕੋ ਜੋਰੁ ਨ ਪਹੁਚੈ, ਕਹਾ ਕਰਉ ਰਘੁਰਾਇਆ ॥੧॥ ਕਾਮੁ ਕਿਵਾਰੀ, ਦੁਖੁ ਸੁਖੁ ਦਰਵਾਨੀ, ਪਾਪੁ ਪੁੰਨੁ ਦਰਵਾਜਾ ॥ ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ, ਤਹ ਮਨੁ ਮਾਵਾਸੀ ਰਾਜਾ ॥੨॥ ਸ੍ਵਾਦ ਸਨਾਹ ਟੋਪੁ ਮਮਤਾ ਕੋ, ਕੁਬੁਧਿ ਕਮਾਨ ਚਢਾਈ ॥ ਤਿਸਨਾ ਤੀਰ ਰਹੇ ਘਟ ਭੀਤਰਿ, ਇਉ ਗਢੁ ਲੀਓ ਨ ਜਾਈ ॥੩॥ ਪ੍ਰੇਮ ਪਲੀਤਾ, ਸੁਰਤਿ ਹਵਾਈ, ਗੋਲਾ ਗਿਆਨੁ ਚਲਾਇਆ ॥ ਬ੍ਰਹਮ ਅਗਨਿ ਸਹਜੇ ਪਰਜਾਲੀ,**

**ਏਕਹਿ ਚੋਟ ਸਿਝਾਇਆ ॥੪॥ ਸਤੁ ਸੰਤੋਖੁ ਲੈ ਲਰਨੇ ਲਾਗਾ, ਤੋਰੇ ਦੁਇ ਦਰਵਾਜਾ ॥ ਸਾਧ ਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ, ਪਕਰਿਓ ਗਢ ਕੋ ਰਾਜਾ ॥੫॥ ਭਗਵਤ ਭੀਰਿ ਸਕਤਿ ਸਿਮਰਨ ਕੀ, ਕਟੀ ਕਾਲ ਭੈ ਫਾਸੀ ॥ ਦਾਸੁ ਕਮੀਰੁ ਚੜਿਓ ਗੜ੍ਹ ਊਪਰਿ, ਰਾਜੁ ਲੀਓ ਅਬਨਾਸੀ ॥੬॥੯॥੧੭॥**

## ਉਚਾਰਨ ਸੇਧ

**ਬਿੰਦੀ ਸਹਿਤ :** ਕਰਉਂ, ਮਹਾਂ, ਤਹਂ, ਇਉਂ, ਕਹਾਂ, ਏਕਹਿਂ ।

**ਫੁਟਕਲ:**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਥ ਲਿਖਤ ਸਰੂਪਾਂ ਵਿਚ'ਅਬਿਨਾਸੀ'ਪਦ ਦਰਜ ਹੈ।

**ਪਦ ਅਰਥ :** ਕਿਉ ਲੀਜੈ-ਕਿਸ ਤਰ੍ਹਾਂ ਲਿਤਾ ਭਾਵ ਜਿਤਿਆ ਜਾਏ ? । ਗਢੁ-ਕਿਲ੍ਹਾ । ਬੰਕਾ-ਪੱਕਾ ਤੇ ਸੋਹਣਾ । ਦੋਵਰ ਕੋਟ-ਕਿਲੇ ਦੀ ਦੋਹਰੀ ਫਸੀਲ । ਅਰੁ-ਅਤੇ । ਤੇਵਰ-ਤਿਹਰੀ (ਭਾਵ ਬਹੁਤ ਡੂੰਘੀ) ।੧। ਰਹਾਉ । ਪਾਚ ਪਚੀਸ-ਪੰਜ ਤਤਾਂ ਦੇ ਪੰਝੀ ਗੁਣ (ਪ੍ਰਕਿਰਤੀਆਂ ਜੋ ਇਕ ਦੂਜੇ ਤਤ ਨਾਲ ਮਿਲਕੇ ਬਣਦੀਆਂ ਹਨ) । ਮੋਹ ਮਦ-ਹੰਕਾਰ ਦਾ ਨਸ਼ਾ । ਮਤਸਰ-ਈਰਖਾ । ਆਡੀ-ਆੜ, ਜਿਸ ਦਾ ਆਸਰਾ ਲੈ ਕੇ ਫੋਜਾਂ ਲੜਦੀਆਂ ਹਨ। ਪਰਬਲ ਮਾਇਆ-ਤਕੜੇ ਬਲ ਵਾਲੀ, ਮਾਇਆ। ਰਘੁਰਾਇਆ-ਹੇ ਹਰੀ!।੧।

ਸਨਾਹ-ਸੰਜੋਅ, ਜ਼ਰਾ ਬਕਤਰ-ਜੋ ਰਣਖੇਤਰ ਵਿਚ ਲੜਾਈ ਸਮੇਂ ਪਹਿਨੀ ਜਾਂਦੀ ਹੈ । ਟੋਪੁ-ਸਿਰ ਤੇ ਪਾਉਣ ਵਾਲਾ । ਮਮਤਾ-ਮੈਂ-ਮੇਰੀ ਦੀ ਪਕੜ । ਕੁਬੁਧਿ-ਖੋਟੀ ਮਤ । ਚਢਾਈ-ਖਿਚੀ ਤਣੀ ਹੋਈ। ਤਿਸਨਾ ਤੀਰ-ਤ੍ਰਿਸ਼ਨਾ ਦੇ ਤੀਰ। ਘਟ ਭੀਤਰ-ਹਿਰਦੇ ਵਿਚ ।੩।

ਪ੍ਰੇਮ ਪਲੀਤਾ-ਪ੍ਰੇਮ ਦਾ ਪਲੀਤਾ । ਸੁਰਤਿ ਹਵਾਈ-ਸੁਰਤਿ ਹਵਾਈ ਬਣਾਈ। ਬ੍ਰਹਮ ਅਗਨਿ-ਰਬੀ ਜੋਤਿ। ਸਹਜੇ-ਸਹਜ (ਅਵਸਥਾ) ਵਿਚ । ਪਰਜਾਲੀ-ਚੰਗੀ ਤਰ੍ਹਾ ਬਾਲੀ ਭਾਵ ਜਗਾਈ । ਏਕਹਿ ਚੋਟ- ਇਕੋ ਹੀ ਚੋਟ ਨਾਲ । ਸਿਝਾਇਆ-ਫਤਿਹ ਕਰ ਲਿਆ ।੪।

ਤੋਰੇ-ਤੋੜ ਦਿਤੇ । ਦੁਇ ਦਰਵਾਜੇ-ਦੋਵੇਂ (ਪਾਪ ਪੁੰਨ) ਦਰਵਾਜੇ ।੫। ਭਗਵਤ ਭੀਰ-ਭਗਵਾਨ ਦੀ (ਪਿਆਰੀ ਸਾਧ ਸੰਗਤ ਦੀ) ਭੀੜ । ਸਕਤਿ ਸਿਮਰਨ ਕੀ-ਸਿਮਰਨ ਦੀ ਸ਼ਕਤੀ ਨਾਲ । ਕਟੀ-ਕਟ ਦਿਤੀ । ਕਾਲ ਭੈ ਫਾਸੀ-ਮੌਤ ਦੇ ਡਰ ਦੀ ਫਾਹੀ । ਅਬਨਾਸੀ-ਅਬਿਨਾਸੀ, ਨਾਸ਼ ਰਹਿਤ ।੬।

**ਅਰਥ :** (ਹੇ ਭਾਈ ! ਤੂੰ ਦਸ ਕਿ ਇਹ ਸਰੀਰ ਰੂਪ) ਸੁੰਦਰ ਪੱਕਾ ਕਿਲਾ ਕਿਵੇਂ ਲਿਆ ਜਾਏ? ਭਾਵ (ਕਿਵੇਂ ਫਤਿਹ ਕੀਤਾ ਜਾਏ ਜਦੋਂ ਕਿ ਇਸ ਦੇ ਆਲੇ ਦੁਆਲੇ) ਦਵੈਤ ਦੀ ਦੋਹਰੀ ਫ਼ਸੀਲ ਹੈ (ਅਤੇ ਤਿੰਨਾਂ ਗੁਣਾਂ ਦੀ) ਤਿਹਰੀ ਖਾਈ ਹੈ ।੧। ਰਹਾਉ ।

(ਹੇ ਭਾਈ !) ਪੰਜ ਕਾਮਾਦਿਕ, ਪੰਝੀ ਤੱਤ, ਮੋਹ, ਅਹੰਕਾਰ ਤੇ ਈਰਖਾ (ਇਹ ਸਾਰੇ) ਮਾਇਆ ਦਾ ਆਸਰਾ ਲੈਂਦੇ ਹਨ । (ਮੈਂ ਕਲਾ ਇਨ੍ਹਾਂ ਦੇ ਨਾਲ ਕਿਵੇਂ ਲੜ ਸਕਦਾ ਹਾਂ?) ਹੇ ਪ੍ਰਭੂ ਜੀ ! ਮੈਂ ਗਰੀਬ ਦਾ (ਇਨ੍ਹਾਂ ਅਗੇ ਕੋਈ) ਜ਼ੋਰ ਨਹੀਂ ਚਲ ਸਕਦਾ, (ਮੈਨੂੰ ਦਸੋ ਕਿ ਮੈਂ ਹੁਣ) ਕੀ ਕਰਾਂ?।੧।

(ਹੇ ਪ੍ਰਭੂ ਜੀ !) ਕਾਮ (ਇਸ ਕਿਲ੍ਹੇ ਦੇ) ਬੂਹੇ ਦਾ ਮਾਲਕ ਹੈ, ਦੁਖ ਤੇ ਸੁਖ ਪਹਿਰੇਦਾਰ ਹਨ, ਪਾਪ ਤੇ ਪੁੰਨ (ਕਿਲੇ ਦੇ ਦੋ) ਦਰਵਾਜ਼ੇ ਹਨ। ਸਭ ਤੋਂ ਵੱਡਾ ਝਘੜਾਲੂ ਕ੍ਰੋਧ (ਇਸ ਕਿਲ੍ਹੇ ਦਾ) ਚੋਧਰੀ ਹੈ (ਅਤੇ ਇਸ ਕਿਲ੍ਹੇ ਦੀ ਚਾਰ ਦੀਵਾਰੀ ਵਿਚ) ਮਨ ਰਾਜਾ ਆਕੀ ਬਣਿਆ ਬੈਠਾ ਹੈ।੨।

(ਮਨ ਰਾਜੇ ਨੇ ਜੀਭ ਦੇ) ਸੁਆਦਾਂ ਰੂਪੀ ਸੰਜੋਅ (ਜ਼ਰਹ ਬਕਤਰ) ਪਹਿਨੀ ਹੋਈ ਹੈ, ਅਤੇ ਮਮਤਾ ਦਾ ਟੋਪ (ਪਾਇਆ ਹੋਇਆ ਹੈ)। ਖੋਟੀ ਮਤ, ਕਮਾਨ ਕੱਸੀ ਹੋਈ ਹੈ, ਤ੍ਰਿਸ਼ਨਾ ਦੇ ਤੀਰ ਅੰਦਰ ਹੀ ਕੱਸੇ ਹੋਏ ਹਨ, ਇਸ ਤਰ੍ਹਾਂ (ਇਹ) ਕਿਲ੍ਹਾ (ਸੌਖਾ) ਨਹੀਂ ਜਿਤਿਆ ਜਾ ਸਕਦਾ।੩।

(ਹੇ ਭਾਈ ! ਜਦੋਂ ਮੈਂ ਪ੍ਰਭੂ ਦੇ) ਪ੍ਰੇਮ ਦਾ ਪਲੀਤਾ ਲਾਇਆ, ਸੁਰਤਿ ਨੂੰ ਹਵਾਈ (ਬਣਾਇਆ ਅਤੇ ਗੁਰੂ ਦਾ ਬਖਸ਼ਿਆ) ਗਿਆਨ ਰੂਪੀ ਗੋਲਾ ਚਲਾਇਆ, ਸਹਜ ਅਵਸਥਾ ਵਿਚ (ਸਾਖਿਆਤਕਾਰ ਹੋ ਕੇ ਜਦੋਂ) ਬ੍ਰਹਮ ਅਗਨੀ ਪ੍ਰਜਵਲਤ ਕੀਤੀ ਤਾਂ ਇਕੋ ਚੋਟ ਨਾਲ ਹੀ ਸਫਲਤਾ ਪ੍ਰਾਪਤ ਹੋ ਗਈ।੪।

(ਗਲ ਕੀ) ਸਤ ਤੇ ਸੰਤੋਖ ਨੂੰ ਲੈ ਕੇ ਮੈਂ (ਉਸ ਕਾਮੀ, ਕ੍ਰੋਧੀ ਫੌਜ ਨਾਲ) ਲੜਨ ਲਗ ਪਿਆ (ਅਤੇ) ਦਰਵਾਜ਼ੇ ਤੇ ਕਿਲ੍ਹੇ ਦੇ ਰਾਜੇ (ਮਨ) ਨੂੰ ਪਕੜ ਲਿਆ (ਭਾਵ ਕਾਬੂ ਕਰ ਲਿਆ)।੫।

ਭਗਵੰਤ ਦੇ (ਭਜਨ, ਸਤਿ ਸੰਗਤ ਦੀ) ਭੀੜ, ਨਾਮ-ਸਿਮਰਨ ਦੀ ਸ਼ਕਤੀ ਨਾਲ ਮੌਤ ਦੇ ਭੈ ਦੀ ਫਾਹੀ ਕਟ ਦਿਤੀ, (ਉਸ ਭਗਵੰਤ ਦਾ) ਦਾਸ ਕਬੀਰ (ਸਰੀਰ ਰੂਪੀ) ਕਿਲੇ ਉਪਰ ਚੜ੍ਹ ਗਿਆ (ਭਾਵ ਮਨ ਨੂੰ ਵਸ ਵਿਚ ਕਰ ਲਿਆ ਅਤੇ) ਨਾ ਨਾਸ਼ ਹੋਣ ਵਾਲਾ ਰਾਜ ਪ੍ਰਾਪਤ ਕਰ ਲਿਆ।੬।੯।੧੭।

## ਸਾਰੰਸ਼ ਅਤੇ ਸਿਧਾਂਤ

ਗੁਰਬਾਣੀ ਵਿਚ ਅੰਕਿਤ ਹੈ :

੧. **ਇਹੁ ਮਨੁ ਰਾਜਾ ਸੂਰ ਸੰਗ੍ਰਾਮਿ ॥** [ਪੰਨਾ ੪੧੫

੨. **ਇਹੁ ਮਨੁ ਰਾਜਾ ਲੋਭੀਆ, ਲੁਭਤਉ ਲੋਭਾਈ ॥** [ਪੰਨਾ ੪੧੯

ਇਹ ਅਜਿਹਾ ਰਾਜਾ ਹੈ ਜਿਸ ਪਾਸ ਹੰਕਾਰ ਤੇ ਈਰਖਾ ਦੀਆਂ ਮਹਾਬਲੀ ਸੈਨਾ ਹੋਵੇ, ਕਾਮਾਦਿਕ ਸ਼ਰੀਕ ਹੋਣ, ਫਿਰ ਉਸ ਕਿਲ੍ਹੇ ਅੰਦਰ ਸੁਰਖਿਅਤ ਬੈਠਾ ਹੋਵੇ ਜਿਸ ਕਿਲ੍ਹੇ, ਦੇ ਆਸ ਪਾਸ ਦੋਹਰੀ ਤਿਹਰੀ ਖਾਈ ਹੋਵੇ ਦੋਹਰੇ ਦਰਵਾਜੇ ਹੋਣ, ਫਿਰ ਉਨ੍ਹਾਂ ਫੌਜਾਂ ਨਾਲ ਲੜ ਕੇ ਮਨ ਰਾਜੇ ਨੂੰ ਪਕੜਨਾ ਕੋਈ ਸੌਖੀ ਗਲ ਨਹੀਂ ਹੈ।

ਮਨੁੱਖ ਦੇ ਜੀਵਨ ਮਾਰਗ ਵਿਚ ਦੁਖ ਸੁਖ ਦਾ ਵਿਆਪਣਾ, ਹੋਰ ਝਗੜੇ-ਝੇੜੇ ਆਦਿ ਬੜੀਆਂ ਵਡੀਆਂ ਰੁਕਾਵਟਾਂ ਹਨ। ਫਿਰ ਕ੍ਰੋਧ ਜਿਸ ਨੂੰ ਮਹਾਂਬਡ ਦੂੰਦਰ ਦਸਿਆ ਹੈ, ਅਜਿਹੇ ਝਗੜਾਲੂ ਤੇ ਫਸਾਦੀ ਨਾਲ ਦੋ ਹਥ ਕਰਨੇ ਬੜੇ ਔਖੇ ਹੁੰਦੇ ਹਨ।

ਸਰੀਰ ਰੂਪੀ ਕਿਲ੍ਹੇ ਵਿਚ ਬੈਠੇ ਮਨ ਰਾਜੇ ਨੂੰ ਜਿਤਣਾ ਬਹੁਤ ਹੀ ਔਖਾ ਹੈ। ਜਦੋਂ ਜਗਿਆਸੂ ਗੁਰੂ ਦੇ ਚਰਨਾਂ ਵਿਚ ਇਕ ਮਨ ਇਕ ਚਿਤ ਹੋ ਕੇ ਅਰਦਾਸਿ ਕਰਦਾ ਹੈ, ਤਾਂ ਗੁਰੂ ਦੀ ਕ੍ਰਿਪਾ ਦ੍ਰਿਸ਼ਟੀ ਦਾ ਪਾਤਰ ਬਣਦਾ ਹੈ। ਫੇਰ ਸਾਧ ਸੰਗਤ ਦਾ ਬਲ ਤੇ ਸਿਮਰਨ ਦਾ ਬਲ ਆਪਣਾ ਰੰਗ ਦਿਖਾਂਦੇ ਹਨ। ਜਦੋਂ ਪ੍ਰੇਮ ਦਾ ਪਲੀਤਾ ਤੇ 'ਸੁਰਤਿ ਹਵਾਈ' ਨਾਲ ਗੁਰੂ ਦੇ ਗਿਆਨ ਦਾ ਸ਼ਕਤੀ ਰੂਪ ਗੋਲਾ ਚਲਾਇਆ

ਜਾਂਦਾ ਹੈ ਤਾਂ ਜੀਵ ਨੂੰ ਸਫਲਤਾ ਪ੍ਰਾਪਤ ਹੋਂਦਿਆਂ ਦੇਰੀ ਨਹੀਂ ਲਗਦੀ।

ਹਾਂ, ਜਿਸ ਮਨੁੱਖ ਦੀ ਹਾਲਤ 'ਤ੍ਰਿਸਨਾ ਤੀਰ ਰਹੇ ਘਟ ਭੀਤਰਿ' ਵਾਲੀ ਹੈ, ਉਸ ਮਨੁਖ ਪਾਸੋਂ ਇਹ ਕਿਲ੍ਹਾਂ ਜਿਤਿਆ ਨਹੀਂ ਜਾ ਸਕਦਾ। ਪਰ ਜਿਸ ਮਨੁਖ ਪਾਸ ਸਤਿ ਸੰਤੋਖ ਦੀਆਂ ਬਲੀ ਫੌਜਾਂ ਹਨ, ਉਹ ਬ੍ਰਹਮ-ਅਗਨੀ ਦੇ ਪ੍ਰਕਾਸ਼ ਨਾਲ ਇਕੋ ਚੋਟ ਨਾਲ ਹੀ ਸਭ ਵੈਰੀਆਂ ਨੂੰ ਕਾਬੂ ਕਰ ਲੈਂਦਾ ਹੈ। ਸਾਧ ਸੰਗਤ ਤੇ ਧਿਆਨ ਦੀ ਸ਼ਕਤੀ ਨਾਲ ਮੌਤ ਦੇ ਡਰ ਵਾਲੀ ਫਾਹੀ ਕਟੀ ਜਾਂਦੀ ਹੈ। ਇਸ ਤਰ੍ਹਾਂ ਕਿਲ੍ਹਾ ਫਤਿਹ ਕਰ ਕੇ ਅਬਿਨਾਸੀ ਰਾਜ ਮਾਣਿਆ ਜਾਂਦਾ ਹੈ।

**ਗੰਗ ਗੁਸਾਇਨਿ, ਗਹਿਰ ਗੰਭੀਰ ॥ ਜੰਜੀਰ ਬਾਂਧਿ ਕਰਿ ਖਰੇ, ਕਬੀਰ ॥੧॥ ਮਨੁ ਨ ਡਿਗੈ, ਤਨੁ ਕਾਹੇ ਕਉ ਡਰਾਇ ॥ ਚਰਨ ਕਮਲ ਚਿਤੁ ਰਹਿਓ ਸਮਾਇ ॥ ਰਹਾਉ ॥ ਗੰਗਾ ਕੀ ਲਹਰਿ, ਮੇਰੀ ਟੂਟੀ ਜੰਜੀਰ ॥ ਮ੍ਰਿਗ ਛਾਲਾ ਪਰ ਬੈਠੇ ਕਬੀਰ ॥੨॥ ਕਹਿ ਕੰਬੀਰ, ਕੋਊ ਸੰਗ ਨ ਸਾਥ ॥ ਜਲ ਥਲ ਰਾਖਨ ਹੈ ਰਘੁਨਾਥ ॥੩॥੧੦॥੧੮॥**

## ਉਚਾਰਨ ਸੇਧ

**ਬਿੰਦੀ ਸਹਿਤ :** ਬਾਂਧਿ।

**ਪਦ ਅਰਥ :** ਗੰਗ-ਗੰਗਾ। ਗੁਸਾਇਨਿ-ਗੁ ਸੁਾਮਿਨੀ। ਗਹਿਰ ਗੰਭੀਰ-ਬਹੁਤ ਡੂੰਘੀ। ਜੰਜੀਰ ਬਾਧਿ ਕਰਿ-ਸੰਗਲ ਬੰਨ੍ਹ ਕੇ। ਖਰੇ-ਖੜ੍ਹੇ, ਲੈ ਗਏ। ਨ ਡਿਗੈ-ਡੋਲਦਾ ਨਹੀਂ ਹੈ। ਕਾਹੇ ਕਉ-ਕਿਸ ਲਈ ? ।ਰਹਾਉ। ਲਹਿਰ-ਪਾਣੀ ਦੀ ਛਲ (ਨਾਲ)। ਮ੍ਰਿਗਛਾਲਾ-ਹਰਨ ਦੀ ਖਲ ਦਾ ਆਸਣ ।੨। ਰਘੁਨਾਥ-ਪਰਮੇਸ਼ਰ ।੩।

**ਅਰਥ :** ਕਬੀਰ (ਜੀ ਆਖਦੇ ਹਨ ਕਿ ਮੈਨੂੰ) ਜ਼ੰਜੀਰਾਂ ਨਾਲ ਬੰਨ੍ਹ ਕੇ (ਉਸ) ਬਹੁਤ ਡੂੰਘੀ ਤੇ ਗੰਭੀਰ ਗੰਗਾ ਵਿਚ (ਡੋਬਣ ਲਈ) ਲੈ ਗਏ ।੧।

(ਹੇ ਭਾਈ ! ਜਿਸ ਮਨੁੱਖ ਦਾ) ਮਨ ਨਹੀਂ ਡੋਲਦਾ (ਉਸਦੇ ਸਰੀਰ ਨੂੰ (ਕਸ਼ਟ ਦੇ ਕੇ) ਕਿਸ ਲਈ ਡਰਾ ਰਹੇ ਹੋ ? (ਮੇਰਾ) ਚਿਤ (ਤਾਂ ਪਰਮਾਤਮਾ ਦੇ) ਚਰਨ ਕਮਲਾਂ ਵਿਚ ਲੀਨ ਹੋਇਆ ਪਿਆ ਹੈ ।੧।ਰਹਾਉ।

(ਹੇ ਭਾਈ !) ਗੰਗਾ ਦੀਆਂ ਲਹਿਰਾਂ (ਛੱਲਾਂ ਨਾਲ) ਮੇਰੀ ਜ਼ੰਜੀਰ ਤੁੱਟ ਗਈ (ਅਤੇ ਇਉਂ ਪ੍ਰਤੀਤ ਹੁੰਦਾ ਸੀ ਜਿਵੇਂ) ਕਬੀਰ ਜੀ ਮ੍ਰਿਗਛਾਲਾ ਉਪਰ (ਅਡੋਲ ਆਸਣ ਉਤੇ) ਬੈਠੇ ਹੋਏ ਹੋਣ ।੨।

ਕਬੀਰ ਜੀ ਆਖਦੇ ਹਨ (ਕਿ ਇਸ ਮਾਰੂ ਘਟਨਾ ਵਿਚ ਪ੍ਰਭੂ ਤੋਂ ਸਿਵਾ ਮੇਰਾ) ਕੋਈ ਸੰਗੀ, (ਕੋਈ) ਸਾਥ ਨਹੀ ਸੀ। ਜਲਾਂ ਥਲਾਂ (ਪਾਣੀ ਤੇ ਧਰਤੀ ਉਤੇ ਭਾਵ ਹਰ ਥਾਂ) ਪਰਮਾਤਮਾ ਹੀ ਰਖਣਵਾਲਾ ਹੈ ।੩।੧੦।੧੮।

## ਅਰਥ ਭੇਦ ਅਤੇ ਨਿਰਣੈ

ਓ. **ਗੰਗ ਗੁਸਾਇਨਿ ਗਹਿਰ ਗੰਭੀਰ ॥**
**ਜੰਜੀਰ ਬਾਂਧਿ ਕਰਿ ਖਰੇ ਕਬੀਰ ॥**

ਵਖ ਵਖ ਅਰਥ :

੧. ਗੁਸਾਇਨਿ ਬਿਸਨੂੰ ਕੀ ਸਕਤੀ ਜੋ ਗੰਗਾ ਜੀ ਹੈ ਸੋ ਅਤੀ ਡੂੰਘੀ, ਪੁਨਹ ਗੰਭੀਰ ਚਲ ਰਹੀ ਥੀ, ਤਿਸ ਪਰ ਕਬੀਰ ਜੀ ਕਹਤੇ ਹੈਂ ਜੰਜੀਰ ਸੇ ਬਾਂਧ ਕਰ ਹਮ ਕੋ ਲੇ ਗਏ। [ਫ. ਸ.

੨. ਜੰਜੀਰ ਬੰਨ੍ਹ ਕੇ ਕਬੀਰ ਨੂੰ ਲੈ ਗਏ (ਡੋਬਣ ਨੂੰ) [ਸ਼ਬਦਾਰਥ

੩. (ਇਹ ਵਿਰੋਧੀ ਲੋਕ) ਮੈਨੂੰ ਕਬੀਰ ਨੂੰ ਜੰਜੀਰਾਂ ਨਾਲ ਬੰਨ੍ਹ ਕੇ ਡੂੰਘੀ ਗੰਭੀਰ ਗੰਗਾ ਮਾਤਾ ਵਿਚ (ਡੋਬਣ ਲਈ) ਲੈ ਗਏ (ਭਾਵ ਉਸ ਗੰਗਾ ਵਿਚ ਲੈ ਗਏ ਜਿਸ ਨੂੰ ਇਹ 'ਮਾਤਾ' ਆਖਦੇ ਹਨ ਤੇ ਉਸ ਮਾਤਾ ਕੋਲੋਂ ਮੈਨੂੰ ਜਾਨੋਂ ਮਰਵਾਣ ਦਾ ਅਪਰਾਧ ਕਰਾਣ ਲਗੇ)। [ਦਰਪਣ

੪. ਵਿਸਨੂੰ ਮਹਾਰਾਜ ਜੀ ਦੀ ਗੁਸਾਇਨਿ ਜੋ ਗੰਗਾ ਹੈ ਗਹਿਰ ਡੂੰਘੀ ਗੰਭੀਰ ਨਿਰਮਲ ਉਸ ਦੇ ਵਿਚ ਜੰਜੀਰ ਨਾਲ ਬੰਨ੍ਹ ਕੇ (ਮੈਂ) ਕਬੀਰ ਨੂੰ ਖੜਾ ਕਰ ਦਿੱਤਾ। ਵਾ-ਮੈਨੂੰ ਡੁਬਾਣ ਵਾਸਤੇ ਲੈ ਗਏ। [ਸੰ. ਸ.

**ਨਿਰਣੈ** : 'ਗੁਸਾਇਨਿ' ਪਦ ਦੇ ਅਰਥ ਪੰਜਾਬੀ ਮਹਾਨ ਕੋਸ਼ ਵਿਚ 'ਗੋਸਵਾਮੀ' ਪਦ ਦਾ ਇਸਤ੍ਰੀ ਲਿੰਗ 'ਗੁਸ੍ਵਾਮਿਨੀ' ਦਰਜ ਹਨ। ਇਸ ਤਰ੍ਹਾਂ 'ਗੁਸਈਆ' ਪਦ ਦਾ ਇਸਤ੍ਰੀ ਲਿੰਗ 'ਗੁਸਾਇਨਿ' ਹੈ। 'ਗੁਸਾਈ' ਦੇ ਅਰਥ ਹਨ ਪ੍ਰਿਥਵੀ ਦਾ ਮਾਲਕ। ਗੰਗਾ ਬਾਰੇ ਪੌਰਾਣਿਕ ਕਈ ਕਥਾਵਾਂ ਹਨ, ਜਿਨ੍ਹਾਂ ਦਾ ਵੇਰਵਾ ਦੇਣ ਦੀ ਇਥੇ ਲੋੜ ਨਹੀਂ। ਲਗਮਾਤਰੀ ਨੇਮਾਂ ਅਨੁਸਾਰ 'ਕਬੀਰ' ਪਦ ਦੇ ਅਰਥ 'ਕਬੀਰ ਨੂੰ' ਨਹੀਂ ਹੋ ਸਕਦੇ। ਇਸੇ ਤਰ੍ਹਾਂ 'ਗੰਭੀਰ' ਪਦ ਦੇ ਅਰਥ 'ਨਿਰਮਲ' ਨਹੀਂ ਅਤੇ 'ਖਰੇ' ਪਦੇ ਦੇ ਅਰਥ 'ਖੜਾ ਕਰ ਦਿਤਾ' ਵੀ ਠੀਕ ਨਹੀਂ ਹਨ। 'ਦਰਪਣ' ਦੇ ਕਰਤਾ ਦੇ ਇਹ ਸ਼ਬਦ 'ਉਸ ਗੰਗਾ ਵਿਚ ਲੈ ਗਏ ਜਿਸ ਨੂੰ ਇਹ ਮਾਤਾ ਆਖਦੇ ਹਨ'। ਕੀ ਕਬੀਰ ਜੀ ਨੂੰ ਹਿੰਦੂ ਡੋਬਣ ਲੈ ਗਏ ਸਨ ਜਾਂ ਮੁਸਲਮਾਨ? ਉਪ੍ਰੋਕਤ ਵਿਆਖਿਆ ਵਿਚ ਵਰਤੇ 'ਮਾਤਾ' ਸ਼ਬਦ ਤੋਂ ਪਾਠਕ ਇਹ ਸਮਝਣਗੇ ਕਿ ਸ਼ਾਇਦ ਹਿੰਦੂ ਲੈ ਗਏ ਹੋਣਗੇ, ਪਰ ਇਹ ਠੀਕ ਨਹੀਂ ਕਿਉਂਕਿ ਭੁਲੜ ਮੁਸਲਮਾਨ ਆਗੂ ਤੇ ਹਾਕਮ ਕਬੀਰ ਨੂੰ ਮੁਸਲਮਾਨ ਸਮਝਦੇ ਸਨ ਤੇ ਮੁਸਲਮਾਨ ਦੇ ਮੂੰਹੋਂ 'ਰਾਮ ਨਾਮ' ਦਾ ਉਚਾਰਨਾ ਮਾੜਾ ਸਮਝਦੇ ਸਨ। ਸੋ ਬਾਦਸ਼ਾਹ ਸਿਕੰਦਰ ਲੋਧੀ ਦੇ ਹੁਕਮ ਨਾਲ ਹੀ ਕਬੀਰ ਜੀ ਨੂੰ ਤੰਗ ਕੀਤਾ ਜਾ ਰਿਹਾ ਸੀ।

ਇਸੇ ਤਰ੍ਹਾਂ 'ਖਰੇ' ਪਦ ਗੁਰਬਾਣੀ ਵਿਚ 'ਖੜੇ ਹੋਣ' ਲਈ ਵੀ ਵਰਤਿਆ ਗਿਆ ਹੈ। ਜਿਵੇਂ :

**ਖਰੇ ਖਰੋਏ ਬੈਠਤ ਊਠਤ ਮਾਰਗਿ ਪੰਥ ਧਿਆਵੈਗੋ ।** [ਪੰਨਾ ੧੩੧੦

'ਖਰੇ' ਦੇ ਅਰਥ 'ਖੜਨਾ' ਲਿਜਾਣਾ ਵੀ ਹਨ, ਪ੍ਰੰਤੂ ਇਸ ਪੰਕਤੀ ਵਿਚ ਪ੍ਰਸੰਗਕ ਅਰਥ 'ਲੈ

ਗਏ ਹੀ ਠੀਕ ਹਨ।

## ਸਾਰੰਸ਼ ਅਤੇ ਸਿਧਾਂਤ

ਪਰਮਾਤਮਾ ਦੇ ਭਗਤ ਨਿਰਭਉ ਤੇ ਨਿਰਵੈਰ ਹੁੰਦੇ ਹਨ ਪਰ ਸਮੇਂ ਦੇ ਜ਼ਾਲਮ ਬਾਦਸ਼ਾਹ ਹਮੇਸ਼ਾਂ ਭਗਤਾਂ ਸੰਤਾਂ ਨੂੰ ਦੁਖ ਦੇਂਦੇ ਆਏ ਹਨ। ਸੋ ਭਗਤ ਕਬੀਰ ਜੀ ਨੂੰ ਦਰਿਆ ਵਿਚ ਰੋੜ੍ਹਨ ਵਾਲੀ ਘਟਨਾ ਕੋਈ ਹੈਰਾਨੀ ਵਾਲੀ ਨਹੀਂ।

ਇਸ ਸ਼ਬਦ ਚੋਂ ਜੋ ਤੱਤ-ਗਿਆਨ ਮਿਲਦਾ ਹੈ, ਉਹ ਹੈ ਮਨ ਦੀ ਨਿਭਰਤਾ। ਬਲਵਾਨ ਮਨ ਕਿਸੇ ਨੂੰ ਡਰ ਨਹੀਂ ਦਿੰਦਾ ਅਤੇ ਸਿਵਾਏ ਪਰਮਾਤਮਾ ਦੇ ਉਹ ਕਿਸੇ ਦਾ ਭੈ ਵੀ ਨਹੀਂ ਮੰਨਦਾ। ਉਸ ਦੇ ਸਰੀਰ ਨੂੰ ਜਿਤਨਾ ਮਰਜ਼ੀ ਡਰਾਈ ਚਲੋ, ਉਸਨੂੰ ਕੋਈ ਫਰਕ ਨਹੀ ਪੈਂਦਾ। ਉਸ ਦੀ ਅਡੋਲ ਸਮਾਧੀ ਪ੍ਰਭੂ ਚਰਨਾਂ ਵਿਚ ਲੱਗੀ ਰਹਿੰਦੀ ਹੈ। ਓਹ 'ਜਲ ਥਲ ਰਾਖਨ ਹੈ ਰਘੁਨਾਥ' ਦਾ ਪੱਕਾ ਵਿਸ਼ਵਾਸੀ ਹੁੰਦਾ ਹੈ। ਉਹ ਰੰਗ ਵਿਚ ਆ ਕੇ ਗਾਂਦਾ ਹੈ :

**ਕਹੁ ਕਬੀਰ ਅਖਰੁ ਦੁਇ ਭਾਖਿ ॥**
**ਹੋਇਗਾ ਖਸਮੁ ਤ ਲੇਇਗਾ ਰਾਖਿ ॥** [ਪੰਨਾ ੩੨੯

ਕਬੀਰ ਜੀ ਦੀ ਬਹੁਤ ਉਚੀ ਅਵਸਥਾ ਤਿਆਗ, ਵੈਰਾਗ ਤੇ ਅਨੁਰਾਗ ਦਾ ਅਦੁਤੀ ਨਮੂਨਾ ਹੈ:-

੧. **ਕਬੀਰ ਹਮਰਾ ਕੋ ਨਹੀ, ਹਮ ਕਿਸਹੂ ਕੇ ਨਾਹਿ ॥**
**ਜਿਨਿ ਇਹੁ ਰਚਨ ਰਚਾਇਆ, ਤਿਸ ਹੀ ਮਾਹਿ ਸਮਾਹਿ ॥** [ਪੰਨਾ ੧੩੭੬

੨. **ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ, ਨਾਹੀ ਤ ਕਰੁ ਬੈਰਾਗੁ ॥**
**ਬੈਰਾਗੀ ਬੰਧਨ ਕਰੈ, ਤਾ ਕੋ ਬਡੋ ਅਭਾਗੁ ॥** [ਪੰਨਾ ੧੩੭੭

੩. **ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ ॥**
**ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ ॥** [ਪੰਨਾ ੪੮੬

ਗੁਰਮਤਿ ਦਾ ਇਹ ਸਿਧਾਂਤ ਹਰੇਕ ਪ੍ਰਾਣੀ ਦੇ ਮਨ ਵਿਚ ਦ੍ਰਿੜ ਹੋਣਾ ਚਾਹੀਦਾ ਹੈ ਕਿ ਹਰੀ ਤੋਂ ਬਿਨਾ ਕੋਈ ਵੀ ਸੰਗੀ ਸਾਥੀ ਨਹੀਂ ਹੈ :–

**ਹਰਿ ਬਿਨੁ ਕਉਨੁ ਸਹਾਈ ਮਨ ਕਾ ॥**
**ਮਾਤ ਪਿਤਾ ਭਾਈ ਸੁਤ ਬਨਿਤਾ, ਹਿਤ ਲਾਗੋ ਸਭ ਫਨ ਕਾ ॥**[ਪੰਨਾ ੧੨੫੩

## ਭੈਰਉ ਕਬੀਰ ਜੀਉ ਅਸਟਪਦੀ ਘਰੁ ੨

**੧ਓ ਸਤਿਗੁਰ ਪ੍ਰਸਾਦਿ ॥ ਅਗਮ ਦ੍ਰੁਗਮ ਗੜਿ ਰਚਿਓ ਬਾਸ ॥ ਜਾ ਮਹਿ ਜੋਤਿ ਕਰੇ ਪਰਗਾਸ ॥ ਬਿਜੁਲੀ ਚਮਕੈ, ਹੋਇ ਅਨੰਦੁ ॥ ਜਿਹ ਪਉੜੇ ਪ੍ਰਭ ਬਾਲ ਗੋਬਿੰਦ ॥੧॥ ਇਹੁ ਜੀਉ, ਰਾਮਨਾਮ ਲਿਵ ਲਾਗੈ ॥ ਜਰਾ ਮਰਨੁ ਛੂਟੈ ਭ੍ਰਮੁ ਭਾਗੈ ॥੧॥ ਰਹਾਉ ॥ ਅਬਰਨ ਬਰਨ ਸਿਉ, ਮਨ ਹੀ ਪ੍ਰੀਤਿ ॥ ਹਉਮੈ ਗਾਵਨਿ ਗਾਵਹਿ**

**ਗੀਤ ॥ ਅਨਹਦ ਸਬਦ ਹੋਤ ਝੁਨਕਾਰ ॥ ਜਿਹ ਪਉੜੇ, ਪ੍ਰਭ ਸ੍ਰੀ ਗੋਪਾਲ ॥੨॥ ਖੰਡਲ ਮੰਡਲ ਮੰਡਲ ਮੰਡਾ ॥ ਤ੍ਰਿਅ ਅਸਥਾਨ, ਤੀਨਿ ਤ੍ਰਿਅ ਖੰਡਾ ॥ ਅਗਮ ਅਗੋਚਰੁ, ਰਹਿਆ ਅਭ ਅੰਤ ॥ ਪਾਰੁ ਨ ਪਾਵੈ ਕੋ, ਧਰਨੀਧਰ ਮੰਤ॥੩॥ ਕਦਲੀ ਪੁਹਪ, ਧੂਪ ਪਰਗਾਸ॥ ਰਜ ਪੰਕਜ ਮਹਿ, ਲੀਓ ਨਿਵਾਸ॥ ਦੁਆਦਸ ਦਲ, ਅਭ ਅੰਤਰਿ ਮੰਤ॥ ਜਹ ਪਉੜੇ, ਸ੍ਰੀ ਕਮਲਾ ਕੰਤ ॥੪॥**

## ਉਚਾਰਨ ਸੇਧ

**ਬਿੰਦੀ ਸਹਿਤ :** ਸਿਉਂ, ਗਾਵਹਿਂ, ਮਹਿਂ, ਨਾਹੀਂ।

**ਪਦ ਅਰਥ :** ਅਗਮ-ਅਪਹੁੰਚ। ਦੁਗਮ-ਜਿਥੇ ਜਾਣਾ ਬਹੁਤ ਔਖਾ ਹੋਵੇ। ਗੜਿ-ਕਿਲ੍ਹੇ ਵਿਚ। ਬਾਸ-ਵਾਸਾ। ਜਾ ਮਹਿ-ਜਿਸ (ਥਾਂ) ਵਿਚ। ਜੋਤਿ-(ਰਬੀ) ਜੋਤਿ। ਬਿਜੁਲੀ-(ਰਬੀ ਪ੍ਰਕਾਸ਼ ਰੂਪ) ਬਿਜਲੀ। ਜਿਹ ਪਉੜੇ-ਜਿਸ ਟਿਕਾਣੇ ਤੇ। ਬਾਲ ਗੋਵਿੰਦ-ਸਦਾ ਨੌਜਵਾਨ ਹਰੀ।੧।

ਜੀਉ-ਜੀਵ ! ਜਰਾ-ਬੁਢੇਪਾ। ਮਰਨੁ-ਮੌਤ। ਭ੍ਰਮੁ-ਭਟਕਣਾ। ਭਾਗੈ-ਭਜ ਜਾਂਦੀ ਹੈ।੧। ਰਹਾਉ। ਅਬਰਨ-ਨੀਵੀਂ ਜਾਤ। ਬਰਨ-(ਉਚੀ) ਜਾਤ। ਸਿਉ-ਨਾਲ। ਗਾਵਹਿ-ਗਾਉਂਦੇ ਹਨ। ਅਨਹਦ ਸਬਦ-ਇਕ ਰਸ ਰਹਿਣ ਵਾਲਾ ਸ਼ਬਦ। ਝੁਨਕਾਰ-ਮਨ ਨੂੰ ਮੋਹਣ ਵਾਲੀ ਮਿਠੀ ਤੇ ਨਿੰਮ੍ਹੀ ਜਿਹੀ ਸੁਰ।੨।

ਖੰਡਲ-ਖੰਡਾਂ। ਮੰਡਲ-ਮੰਡਲਾਂ ਨੂੰ। ਮੰਡਾ-ਬਣਾਉਣ ਵਾਲਾ। ਤ੍ਰਿਅ ਅਸਥਾਨ-ਤਿੰਨ ਭਵਨ। ਤੀਨਿ-ਤਿੰਨ (ਦੇਵਤਿਆਂ ਦੀ)। ਤ੍ਰਿਅ-ਤਿਨ (ਗੁਣ ਰਜੋ, ਤਮੋ, ਸਤੋ)। ਖੰਡਾ-ਨਾਸ਼ ਕਰਨ ਵਾਲਾ। ਅਭ ਅੰਤ-ਹਿਰਦੇ ਅੰਦਰ। ਪਾਰੁ-ਅੰਤ। ਕੋ-ਕੋਈ। ਧਰਨੀਧਰ-ਧਰਤੀ ਦਾ ਆਸਰਾ। ਮੰਤ-ਮੰਤਵ।੩।

ਕਦਲੀ-ਕੇਲਾ। ਪੁਹਪ-ਫੁੱਲ। ਧੂਪ-ਸੁਗੰਧੀ। ਰਜ-ਧੂੜੀ। ਪੰਕਜ-ਕੌਲ ਫੁਲ। ਦੁਆਦਸ ਦਲ-ਬਾਰ੍ਹਾਂ ਪਤੀਆਂ ਵਾਲਾ। ਅਭ ਅੰਤਰਿ-ਹਿਰਦੇ ਵਿਚ। ਮੰਤ-ਮੰਤਰ, ਉਪਦੇਸ਼। ਜਹ ਪਉੜੇ-ਜਿਥੇ (ਜਿਸ ਟਿਕਾਣੇ ਤੇ)। ਸ੍ਰੀ ਕਮਲਾ ਕੰਤ-ਲਛਮੀ ਦਾ ਪਤੀ ਸ੍ਰੀ ਵਿਸ਼ਨੂੰ ਭਾਵ ਪਰਮਾਤਮਾ।੪।

**ਅਰਥ :** (ਹੇ ਭਾਈ ! ਉਸ ਪਰਮਾਤਮਾ ਨੇ) ਪਹੁੰਚ ਤੋਂ ਰਹਿਤ ਕਿਲ੍ਹੇ (ਭਾਵ ਦਸਮ ਦੁਆਰ) ਵਿਚ ਵਾਸਾ ਕੀਤਾ ਹੋਇਆ ਹੈ ਜਿਸ ਵਿਚ (ਉਸ ਦੀ ਇਕ) ਜੋਤਿ ਪ੍ਰਕਾਸ਼ ਕਰ ਰਹੀ (ਜਗਮਗਾ ਰਹੀ) ਹੈ। ਜਿਸ ਟਿਕਾਣੇ ਤੇ ਸਦਾ ਨੌਜਵਾਨ ਹਰੀ ਵਸਦਾ ਹੈ, ਓਥੇ (ਪ੍ਰਕਾਸ਼ ਰੂਪ) ਬਿਜਲੀ ਚਮਕਦੀ ਹੈ (ਜਿਸ ਨੂੰ ਵੇਖ ਕੇ ਜਗਿਆਸੂ ਦੇ ਮਨ ਵਿਚ) ਅਨੰਦ ਹੁੰਦਾ ਹੈ।੧।

(ਹੇ ਭਾਈ !) ਇਸ ਜੀਵ (ਨੂੰ ਜਦੋਂ) ਰਾਮ ਨਾਮ ਦੀ ਲਿਵ ਲਗਦੀ ਹੈ, (ਇਹ) ਬੁਢੇਪੇ, ਮੌਤ ਤੋਂ ਛੁੱਟ ਜਾਂਦਾ ਹੈ (ਅਤੇ ਇਸ ਦਾ ਮੌਤ ਵਾਲਾ ਭਰਮ) ਦੂਰ ਹੋ ਜਾਂਦਾ ਹੈ।੧। ਰਹਾਉ।

(ਹੇ ਭਾਈ ! ਜਿਨ੍ਹਾਂ ਦੇ ਮਨ) ਉਚੀ ਜਾਤ ਤੇ ਨੀਵੀਂ ਜਾਤ ਵਾਲੇ ਭਰਮ ਵਿਚ (ਪਏ ਹੋਣ, ਓਹ) ਹਉਮੈ ਦੇ ਗੀਤ ਹੀ ਗਾਂਦੇ ਰਹਿੰਦੇ ਹਨ। ਜਿਥੇ ਗੋਪਾਲ ਪ੍ਰਭੂ ਵਸਦੇ ਹਨ, ਓਥੇ ਅਨਹਦ ਸ਼ਬਦ ਦੇ ਇਕ-ਰੱਸ ਰਾਗ ਹੁੰਦੇ ਰਹਿੰਦੇ ਹਨ।੨।

(ਹੇ ਭਾਈ ! ਉਹ ਪਰਮਾਤਮਾ) ਖੰਡਾਂ ਅਤੇ ਮੰਡਲਾਂ ਨੂੰ ਬਣਾਨ ਵਾਲਾ ਹੈ, ਤਿੰਨ ਭਵਨਾ, ਤਿੰਨ ਦੇਵਤਿਆਂ ਅਤੇ ਤਿੰਨ ਗੁਣਾਂ ਦੇ ਨਾਸ਼ ਕਰਨ ਵਾਲਾ ਹੈ । (ਉਹ) ਅਪਹੁੰਚ ਤੇ ਅਦ੍ਰਿਸ਼ਟ (ਪ੍ਰਭੂ ਹਰੇਕ ਜੀਵ ਦੇ) ਹਿਰਦੇ ਅੰਦਰ (ਵਿਆਪਕ) ਹੋ ਰਿਹਾ ਹੈ । ਕੋਈ ਵੀ ਉਸ ਧਰਨੀਧਰ (ਧਰਤੀ ਦੇ ਆਸਰੇ ਦੇ) ਮੰਤ (ਇਰਾਦੇ) ਦਾ ਭੇਦ ਨਹੀ ਪਾ ਸਕਦਾ ।੩।

ਕੇਲੇ ਦੇ ਫੁੱਲ ਤੇ ਧੁੱਪ ਵਿਚ (ਉਸ ਪ੍ਰਭੂ ਦਾ) ਪ੍ਰਕਾਸ਼ ਹੈ ਅਤੇ ਪੰਕਜ (ਕੰਵਲ) ਦੀ ਧੂੜੀ ਵਿਚ ਉਸਦਾ ਨਿਵਾਸ ਹੈ । ਬਾਰ੍ਹਾਂ ਪਖੰੜੀਆਂ ਵਾਲੇ ਹਿਰਦੇ ਵਿਚ (ਉਸ ਪ੍ਰਭੂ ਦੀ) ਪ੍ਰੇਰਨਾ ਹੈ (ਪਰ ਇਹ ਉਥੇ ਦਿਸਦੀ ਹੈ) ਜਿਥੇ ਲਛਮੀ ਦੇ ਪਤੀ ਪ੍ਰਭੂ ਟਿਕੇ ਹੋਏ ਹਨ ।੪।

**ਅਰਧ ਉਰਧ ਮੁਖਿ, ਲਾਗੋ ਕਾਸੁ ॥ ਸੁੰਨ ਮੰਡਲ ਮਹਿ, ਕਰਿ ਪਰਗਾਸੁ ॥ ਊਹਾਂ, ਸੂਰਜ ਨਾਹੀ ਚੰਦ ॥ ਆਦਿ ਨਿਰੰਜਨੁ, ਕਰੈ ਅਨੰਦ ॥੫॥ ਸੋ ਬ੍ਰਹਮੰਡਿ, ਪਿੰਡਿ ਸੋ ਜਾਨੁ ॥ ਮਾਨਸਰੋਵਰਿ, ਕਰਿ ਇਸਨਾਨੁ ॥ ਸੋਹੰ ਸੋ, ਜਾ ਕਉ ਹੈ ਜਾਪ ॥ ਜਾ ਕਉ ਲਿਪਤ, ਨ ਹੋਇ ਪੁੰਨ ਅਰੁ ਪਾਪ ॥੬॥ ਅਬਰਨ ਬਰਨ, ਘਾਮ ਨਹੀ ਛਾਮ ॥ ਅਵਰ ਨ ਪਾਈਐ ਗੁਰ ਕੀ ਸਾਮ ॥ ਟਾਰੀ ਨ ਟਰੈ, ਆਵੈ ਨ ਜਾਇ ॥ ਸੁੰਨ ਸਹਜ ਮਹਿ ਰਹਿਓ ਸਮਾਇ ॥੭॥ ਮਨ ਮਧੇ, ਜਾਨੈ ਜੇ ਕੋਇ ॥ ਜੋ ਬੋਲੈ, ਸੋ ਆਪੈ ਹੋਇ ॥ ਜੋਤਿ, ਮੰਤ੍ਰਿ ਮਨਿ ਅਸਥਿਰੁ ਕਰੈ ॥ ਕਹਿ ਕਬੀਰ, ਸੋ ਪ੍ਰਾਨੀ ਤਰੈ ॥੮॥੧॥**

**ਪਦ ਅਰਥ** : ਉਰਧ-ਉਪਰ। ਮੁਖਿ-ਮੂੰਹ ਵਿਚ। ਕਾਸ-ਅਕਾਸ਼ ਵਤ ਪ੍ਰਕਾਸ਼। ਸੁੰਨ ਮੰਡਲ ਮਹਿ-ਸੁੰਨ ਦਸਮ ਦੁਆਰ ਵਿਚ। ਕਰਿ ਪ੍ਰਗਾਸੁ-ਚਾਨਣ ਕਰਦਾ ਹੈ । ਊਹਾਂ-ਉਥੇ । ਆਦਿ ਨਿਰੰਜਨੁ-ਪ੍ਰਕਿਤੀ ਦੀ ਰਚਨਾ ਤੋਂ ਪਹਿਲਾਂ ਦਾ ਅਤੇ ਮਾਇਆ ਦੇ ਪ੍ਰਭਾਵ ਤੋਂ ਸੁਤੰਤਰ ।੫।

ਸੋ-ਉਹ (ਵਾਹਿਗੁਰੂ) । ਬ੍ਰਹਮੰਡਿ-ਜਗਤ ਵਿਚ । ਪਿੰਡਿ-ਸਰੀਰ ਵਿਚ । ਜਾਨੁ-ਜਾਣ ਸਮਝ । ਮਾਨ ਸਰੋਵਰਿ-ਹਰੀ ਦੇ ਨਾਮ ਰੂਪੀ ਮਾਨ-ਸਰੋਵਰ ਵਿਚ । ਸੋ ਹੰ ਸੋ-ਉਹ ਮੈਂ, ਮੈਂ ਉਹ । ਜਾ ਕਉ-ਜਿਸ ਦਾ । ਜਾਪ-ਰਟਨ । ਲਿਪਤ ਨ ਹੋਇ-ਲੇਪ ਨਹੀਂ ਹੁੰਦਾ, ਅਲੇਪ ।੬।

ਘਾਮ-ਗਰਮੀ (ਭਾਵ ਧੁੱਪ, ਦੁਖ) । ਛਾਮ-ਛਾਂ (ਭਾਵ ਸੁਖ)। ਸਾਮ-ਸ਼ਰਨ । ਟਾਰੀ ਨ ਟਰੇ-ਟਾਲੀ ਹੋਈ ਨਹੀਂ ਟਲਦੀ, ਭਾਵ ਹਟਦੀ ਨਹੀਂ ਹੈ ।੭।

ਮਨ ਮਾਧੇ-ਮਨ ਦੇ ਵਿਚ । ਜਾਨੈ ਜੇ ਕੋਇ-ਜੇ ਕੋਈ। ਜਾਨੈ—ਜਾਣ-ਪਛਾਣ ਲੈਂਦਾ ਹੈ । ਜੋਤਿ-(ਪਰਮ) ਜੋਤ ਨੂੰ ।੮।

**ਅਰਥ** : (ਹੇ ਭਾਈ !) ਹੇਠ ਉਤੇ ਤੇ ਮੁਖ ਵਿਚ ਜੋ ਆਕਾਸ਼-ਵਤ ਪ੍ਰਕਾਸ਼ ਕਰ ਰਿਹਾ ਹੈ, ਉਹ ਹੀ ਸੁੰਨ ਮੰਡਲ (ਭਾਵ ਦਸਮ ਦੁਆਰ) ਵਿਚ ਹੈ । ਉਥੇ ਨਾ ਸੂਰਜ ਹੈ, ਨਾ ਚੰਨ ਹੈ (ਭਾਵ ਸੂਰਜਾਂ ਤੇ ਚੰਦਾਂ ਦਾ ਚਾਨਣ ਜੋਤਿ ਪ੍ਰਕਾਸ਼ ਦੀ ਬਰਾਬਰੀ ਨਹੀਂ ਕਰ ਸਕਦਾ) । ਪ੍ਰਕ੍ਰਿਤੀ ਦੀ ਰਚਨਾ ਤੋਂ ਪਹਿਲਾਂ ਅਤੇ ਮਾਇਆ ਦੇ ਪ੍ਰਭਾਵ ਤੋਂ ਸੁਤੰਤਤਰ ਪ੍ਰਭੂ ਉਥੇ ਅਨੰਦ ਕਰਦਾ ਹੈ ।੫।

(ਹੇ ਭਾਈ!) ਉਹ (ਹਰੀ ਜੋ ਸਾਰੇ) ਬ੍ਰਹਮੰਡਾਂ ਵਿਚ (ਵਿਆਪਕ) ਹੈ, ਉਹ ਸਰੀਰ ਵਿੱਚ (ਮੌਜੂਦ) ਜਾਣ (ਉਸ ਹਰੀ ਰੂਪ) ਮਾਨ ਸਰੋਵਰ ਵਿਚ ਇਸ਼ਨਾਨ ਕਰ । ਉਹ (ਪਰਮਾਤਮਾ) ਮੈਂ ਹਾਂ, (ਅਤੇ ਮੈਂ) ਉਹ (ਪਰਮਾਤਮਾ ਹੈ, ਭਾਵ ਅਭੇਦ ਹੈ), ਜਿਸ ਉੱਤੇ (ਕਿਸੇ ਪ੍ਰਕਾਰ ਦੇ) ਪੁੰਨ ਤੇ ਪਾਪ ਦਾ ਅਸਰ ਨਹੀਂ ਹੁੰਦਾ ।੬।

(ਉਥੇ) ਉਚੀ ਨੀਵੀਂ ਜਾਤ ਅਤੇ ਧੁਪ ਛਾਂ (ਦੁਖ, ਸੁਖ ਦੀ ਕੋਈ ਕਲਪਣਾ) ਨਹੀਂ ਹੈ । ਗੁਰੂ ਦੀ ਸ਼ਰਨ ਪਇਆਂ (ਅਜਿਹੀ ਅਵਸਥਾ ਮਿਲਦੀ ਹੈ, ਜੋ) ਹੋਰ ਕਿਸੇ ਤੋਂ (ਕਿਸੇ ਜਤਨ ਨਾਲ ਵੀ) ਨਹੀਂ ਪਾਈ ਜਾ ਸਕਦੀ। (ਜਿਹੜਾ ਜਗਿਆਸੂ) ਸੁੰਨ ਤੇ ਸਹਜ (ਅਵਸਥਾ)ਵਿਚ ਲੀਨ ਹੋਇਆ ਰਹਿੰਦਾ ਹੈ (ਉਸ ਦੀ ਬ੍ਰਿਤੀ ਉਥੋਂ) ਟਾਲੀ ਹੋਈ ਟਲਦੀ ਨਹੀਂ, (ਭਾਵ ਕਿਤੇ) ਆਂਦੀ ਜਾਂਦੀ ਨਹੀਂ, (ਅਡੋਲ ਰਹਿੰਦੀ ਹੈ) ।੭।

ਜੇ ਕੋਈ (ਮਨੁੱਖ ਆਪਣੇ) ਮਨ ਵਿਚ (ਪਰਮਾਤਮਾ ਨੂੰ ਵਸਦਾ) ਜਾਣ ਲੈਂਦਾ ਹੈ (ਫਿਰ ਉਹ) ਜੋ ਬੋਲਦਾ ਹੈ ਉਹ (ਪ੍ਰਭੂ) ਆਪ ਹੀ (ਬੋਲ ਰਿਹਾ ਹੁੰਦਾ ਹੈ) । (ਜੋ) ਜੋਤਿ ਨੂੰ ਗੁਰਮੰਤ੍ਰ ਦੁਆਰਾ ਅਸਥਿਰ ਕਰਦਾ ਹੈ (ਭਾਵ ਪੱਕਾ ਕਰਕੇ ਟਿਕਾਅ ਲੈਂਦਾ ਹੈ) । ਕਬੀਰ ਜੀ ਆਖਦੇ ਹਨ ਕਿ ਉਹ ਪ੍ਰਾਣੀ (ਸੰਸਾਰ ਸਾਗਰ ਤੋਂ) ਤਰ ਜਾਂਦਾ ਹੈ ।੮।੧।

## ਸਾਰੰਸ਼ ਅਤੇ ਸਿਧਾਂਤ

ਭਗਤ ਜੀ ਨੇ ਇਸ ਸ਼ਬਦ ਵਿਚ ਬੇਅੰਤ ਪ੍ਰਭੂ ਦੇ ਜਿਸ ਦਰਸ਼ਨ ਝਲਕਾਰੇ ਦਾ ਵਰਣਨ ਕੀਤਾ ਹੈ ਉਸ ਲਈ 'ਬਿਜੁਲੀ ਚਮਕੈ ਹੋਇ ਅਨੰਦੁ' ਵਾਲੀ ਸ਼ਬਦਾਵਲੀ ਰੂਪਕ ਅਲੰਕਾਰ ਵਜੋਂ ਵਰਤੀ ਹੈ ਕਿਉਂਕਿ ਨਿਰੰਕਾਰ ਨਿਰਾ ਨੂਰ ਹੀ ਨੂਰ ਹੈ, ਉਸ ਦੀ ਰੋਸ਼ਨੀ ਹਰ ਥਾਂ ਵਿਆਪਕ ਹੈ ਪਰ ਆਤਮਿਕ ਚਾਨਣ ਦਾ ਅਨੰਦ 'ਸੁੰਨ ਮੰਡਲ' ਅਥਵਾ ਦਸਮ ਦੁਆਰ ਵਿਚ ਹੀ ਮਾਣਿਆ ਜਾਂਦਾ ਹੈ । ਹਰੇਕ ਜੀਵ ਦੀ ਇਥੋਂ ਤਕ ਪਹੁੰਚ ਨਹੀਂ ਹੁੰਦੀ। ਜਿਸ ਮਨੁੱਖ ਦੀ ਸੁਰਤਿ ਪਰਮਾਤਮਾ ਦੇ ਨਾਮ ਵਿਚ ਜੁੜ ਜਾਂਦੀ ਹੈ, ਉਸ ਦੇ ਅੰਦਰੋਂ ਜਨਮ ਮਰਨ ਦਾ ਡਰ ਦੂਰ ਹੋ ਜਾਂਦਾ ਹੈ, ਉਹ 'ਸੋ ਹੰ ਸੋ' ਵਾਲੀ ਅਵਸਥਾ ਪ੍ਰਾਪਤ ਕਰ ਲੈਂਦਾ ਹੈ ।

ਕਈ ਵਿਦਵਾਨ ਜਿਥੇ ਸੂਰਜ ਤੇ ਚੰਦ੍ਰਮਾ ਦਾ ਜ਼ਿਕਰ ਹੋਵੇ, ਉਥੇ ਇੜਾ ਤੇ ਪਿੰਗਲਾ ਸੁਰਾਂ ਵਾਲੇ ਅਰਥ ਕਰਕੇ ਪਾਠਕਾਂ ਨੂੰ ਪ੍ਰਾਣਾਯਾਮ ਵਲ ਲੈ ਜਾਂਦੇ ਹਨ । ਗੁਰਮਤਿ ਅਨੁਸਾਰ ਪ੍ਰਾਣਾਯਾਮ ਇਕ ਫੋਕਟ ਕਰਮ ਹੈ, ਜੋ ਸਿਖੀ ਵਿਚ ਵਰਜਿਤ ਹੈ । ਗੁਰੂ ਘਰ ਵਿਚ ਨਾਮ ਦੀ ਪਰਧਾਨਤਾ ਹੈ । ਜਿਹੜਾ ਸਾਸ ਗ੍ਰਾਸ ਨਾਮ-ਸਿਮਰਦਾ ਹੈ, ਉਹ ਸਹਿਜੇ ਸਹਿਜੇ ਨੌ ਦਰਵਾਜੇ ਲੰਘ ਕੇ ਦਸਮ ਦੁਆਰ ਵਿਚ ਅਪੜ ਜਾਂਦਾ ਹੈ ਜਿਥੇ 'ਆਦਿ ਨਿਰੰਜਨੁ ਕਰੈ ਅਨੰਦ' ਦਾ ਰੰਗ ਮਾਣਦਾ ਹੈ । ਅਜਿਹੇ ਦਰਸ਼ਨਾਂ ਵਾਲਾ ਸ਼ਬਦ ਭਗਤ ਨਾਮਦੇਵ ਜੀ ਨੇ ਵੀ ਸੋਰਠਿ ਰਾਗ ਅੰਦਰ ਉਚਾਰਨ ਕੀਤਾ ਹੈ :–

ਰਤਨ ਕਮਲ ਕੋਠਰੀ ॥ ਚਮਕਾਰ ਬੀਜੁਲ ਤਹੀ ॥ [ਪੰਨਾ ੬੫੭

**ਕੋਟਿ ਸੂਰ, ਜਾ ਕੈ ਪਰਗਾਸ ॥ ਕੋਟਿ ਮਹਾਦੇਵ ਅਰੁ ਕਬਿਲਾਸ ॥ ਦੁਰਗਾ ਕੋਟਿ ਜਾ ਕੈ ਮਰਦਨੁ ਕਰੈ ॥ ਬ੍ਰਹਮਾ ਕੋਟਿ ਬੇਦ ਉਚਰੈ ॥੧॥ ਜਉ ਜਾਚਉ, ਤਉ**

ਕੇਵਲ ਰਾਮ ॥ ਆਨ ਦੇਵ ਸਿਉ, ਨਾਹੀ ਕਾਮ ॥੧॥ ਰਹਾਉ ॥ ਕੋਟਿ ਚੰਦ੍ਰਮੇ, ਕਰਹਿ ਚਰਾਕ ॥ ਸੁਰ ਤੇਤੀਸ ਉਜੇਵਹਿ ਪਾਕ ॥ ਨਵ ਗ੍ਰਹ ਕੋਟਿ, ਠਾਢੇ ਦਰਬਾਰ ॥ ਧਰਮ ਕੋਟਿ, ਜਾ ਕੈ ਪ੍ਰਤਿਹਾਰ ॥੨॥ ਪਵਨ ਕੋਟਿ, ਚਉਬਾਰੇ ਫਿਰਹਿ ॥ ਬਾਸਕ ਕੋਟਿ, ਸੇਜ ਬਿਸਥਰਹਿ ॥ ਸਮੁੰਦ ਕੋਟਿ, ਜਾ ਕੇ ਪਾਨੀਹਾਰ ॥ ਰੋਮਾਵਲਿ ਕੋਟਿ, ਅਠਾਰਹ ਭਾਰ ॥੩॥ ਕੋਟਿ ਕਮੇਰ, ਭਰਹਿ ਭੰਡਾਰ ॥ ਕੋਟਿਕ ਲਖਮੀ, ਕਰੈ ਸੀਗਾਰ ॥ ਕੋਟਿਕ ਪਾਪ ਪੁੰਨ ਬਹੁ ਹਿਰਹਿ ॥ ਇੰਦ੍ਰ ਕੋਟਿ, ਜਾ ਕੇ ਸੇਵਾ ਕਰਹਿ ॥੪॥

## ਉਚਾਰਨ ਸੇਧ

**ਬਿੰਦੀ ਸਹਿਤ :** ਮਹਾਂ ਦੇਵ, ਜਾਚਉਂ, ਸਿਉਂ, ਨਾਹੀਂ, ਕਰਹਿਂ, ਉਜੇਵਹਿਂ, ਫਿਰਹਿਂ, ਬਿਸਥਰਹਿਂ, ਅਠਾਰਹਂ, ਭਰਹਿਂ, ਸੀਂਗਾਰ, ਹਿਰਹਿਂ, ਕਰਹਿਂ ।੪।

**ਪਦ ਅਰਥ :** ਕੋਟਿ-ਕ੍ਰੋੜਾਂ । ਸੂਰ ਸੂਰਜ । ਜਾ ਕੈ-ਜਿਸ ਪਾਸ, (ਭਾਵ ਜਿਸ ਦੇ ਦਰਬਾਰ ਵਿਚ) ਮਹਾਦੇਵ-ਸ਼ਿਵ। ਕਬਿਲਾਸ-ਕੈਲਾਸ਼ (ਪਰਬਤ) । ਦੁਰਗਾ ਮਰਦਨੁ-ਮਲਣਾ (ਭਾਵ ਚਰਨ ਮਲਦੀ ਹੈ)।੧।

ਜਉ ਜਾਚਉ-ਜਦੋਂ ਵੀ ਮੈਂ ਮੰਗਦਾ ਹਾਂ । ਆਨ ਦੇਵ ਸਿਉ-ਹੋਰ ਕਿਸੇ ਦੇਵਤੇ ਕੋਲੋਂ । ਨਾਹੀ ਕਾਮ-ਕੰਮ ਨਹੀਂ, ਭਾਵ ਕੋਈ ਗਰਜ਼, ਵਾਸਤਾ ਨਹੀਂ ਹੈ ।੧। ਰਹਾਉ ।

ਕਰਹਿ-ਕਰਦੇ ਹਨ । ਚਰਾਕ-(ਫਾਰਸੀ-ਚਰਾਗ਼) ਚਾਨਣਾ । ਸੁਰ-ਦੇਵਤੇ । ਤੇਤੀ-ਤੇਤੀ (ਕ੍ਰੋੜ) । ਉਜੇਵਹਿ-ਛਕਦੇ ਹਨ ('ਜੇਵਹਿ' ਪਾਠ ਠੀਕ ਨਹੀਂ ਹੈ) । ਪਾਕ-ਪਕਵਾਨ, ਭੋਜਨ । ਸੁਰ-ਦੇਵਤੇ । ਨਵ ਗ੍ਰਹਿ-ਨੌਂ ਗ੍ਰਹਿ । ਨਾਢੇ-ਖੜੇ ਹਨ । ਧਰਮ-ਧਰਮ ਰਾਜ । ਪ੍ਰਤਿਹਾਰ-ਰੋਕ ਕੇ ਪਰੇ ਹਟਾਣ ਵਾਲੇ ਭਾਵ ਦਰਬਾਨ ।੨।

ਪਵਨ-ਹਵਾਵਾਂ । ਚਉਬਾਰੇ ਫਿਰਹਿ-(ਤੇਰੇ ਚਾਰ ਕੂੰਟਾਂ ਵਾਲੇ) ਚੁਬਾਰੇ ਵਿਚ ਫਿਰਦੀਆਂ ਹਨ। ਸੇਜ ਬਿਸਥਰਹਿ-ਸੇਜਾਂ ਲਈ ਵਿਛਦੇ ਹਨ । ਪਾਨੀਹਾਰ-ਪਾਣੀ ਭਰਨ ਵਾਲੇ। ਰੋਮਾਵਲਿ-ਬਨਸਪਤੀ। ਅਠਾਰਹ ਭਾਰ-ਅਠਾਰਾਂ ਮਣ ਵਜ਼ਨ ।੩।

ਕਮੇਰ-ਧਨ ਦੇ ਦੇਵਤੇ । ਭਰਹਿ-ਭਰਦੇ ਹਨ । ਕੋਟਿਕ-ਕ੍ਰੋੜਾਂ। ਹਰਿਹਿ-ਦੂਰ ਹੁੰਦੇ ਹਨ । ਜਾ ਕੇ-ਜਿਸ ਪਾਸ।੪।

**ਅਰਥ :** ਜਿਸ (ਪ੍ਰਭੂ) ਦੇ (ਦਰ ਉਤੇ) ਕ੍ਰੋੜਾਂ ਸੂਰਜ ਚਾਨਣ ਕਰ ਰਹੇ ਹਨ । ਕ੍ਰੋੜਾਂ ਸ਼ਿਵ ਜੀ ਅਤੇ ਕੈਲਾਸ਼ (ਪਰਬਤ) ਹਨ । ਜਿਸ ਦੇ (ਦਰ ਉਤੇ) ਕ੍ਰੋੜਾਂ ਹੀ ਦੁਰਗਾ (ਦੇਵੀਆਂ) ਹਨ, (ਜੋ ਪ੍ਰਭੂ ਦੇ ਚਰਨ) ਮਲਦੀਆਂ (ਪਰਸਦੀਆਂ) ਹਨ। ਕ੍ਰੋੜਾਂ ਹੀ ਬ੍ਰਹਮੇ (ਜਿਸ ਦੇ ਦਰ ਤੇ) ਵੇਦ ਉਚਾਰ ਰਹੇ ਹਨ ।੧।

(ਹੇ ਭਾਈ ! ਮੈਂ) ਜਦੋਂ ਵੀ ਮੰਗਦਾ ਹਾਂ, ਤਾਂ ਕੇਵਲ ਇਕ ਪ੍ਰਭੂ ਦੇ (ਦਰ ਤੋਂ ਮੰਗਦਾ ਹਾਂ), ਮੇਰਾ (ਹੋਰ) ਕਿਸੇ ਦੇਵਤੇ ਨਾਲ ਵਾਸਤਾ ਨਹੀਂ ਹੈ ।੧। ਰਹਾਉ ।

(ਉਸ ਪ੍ਰਭੂ ਦੇ ਦਰ ਤੇ) ਕ੍ਰੋੜਾਂ ਚੰਦ੍ਰਮੇਂ ਰੋਸ਼ਨੀ ਕਰਦੇ ਹਨ । ਤੇਤੀ ਕ੍ਰੋੜ ਦੇਵਤੇ (ਉਸ ਦੇ ਦਰ ਤੋਂ

ਗਿਆਨ ਰੂਪ) ਭੋਜਨ ਛਕਦੇ ਹਨ। ਕ੍ਰੋੜਾਂ ਹੀ ਨੌ ਗ੍ਰਹਿ (ਜਿਸ ਦੇ) ਦਰਬਾਰ ਅਗੇ ਖੜੇ ਹਨ। ਕ੍ਰੋੜਾਂ ਹੀ ਧਰਮਰਾਜ ਜਿਸ ਦੇ ਦੁਆਰ-ਪਾਲ (ਦਰਬਾਨੀ ਦਾਸ ਖੜੇ ਹਨ) ।੨।

ਕ੍ਰੋੜਾਂ ਹੀ ਹਵਾਂਵਾ (ਦੇਵਤਿਆਂ ਸਹਿਤ ਜਿਸ ਦੇ) ਚਉਬਾਰੇ ਉਤੇ ਫਿਰ ਰਹੀਆਂ ਹਨ। ਕ੍ਰੋੜਾਂ ਹੀ ਸ਼ੇਸ਼ਨਾਗ (ਜਿਸ ਦੀ) ਲੰਮੀ ਸੇਜਾ ਲਈ ਵਿਛੇ ਹੋਏ ਹਨ। ਕ੍ਰੋੜਾਂ ਸਮੁੰਦਰ ਜਿਸ ਦੇ ਪਾਣੀ ਭਰਨ ਵਾਲੇ ਹਨ। (ਬਨਸਪਤੀ ਦੇ) ਕ੍ਰੋੜਾਂ ਹੀ ਅਠਾਰਾਂ ਭਾਰ (ਜਿਸ ਦੀ) ਰੋਮਾਵਲੀ (ਮਾਨੋ ਰੋਮ) ਹਨ ।੩।

ਕ੍ਰੋੜਾਂ ਹੀ ਕੁਬੇਰ (ਦੇਵਤੇ ਧਨ ਦੇ) ਖਜ਼ਾਨੇ ਭਰਦੇ ਹਨ। ਕ੍ਰੋੜਾਂ ਹੀ ਲਛਮੀਆਂ (ਜਿਸ ਅਗੇ) ਸ਼ਿੰਗਾਰ ਕਰ ਰਹੀਆਂ ਹਨ। ਕ੍ਰੋੜਾਂ ਹੀ ਪਾਪ ਤੇ ਪੁੰਨ (ਵਲ ਜੀਵ) ਬਹੁਤ ਵੇਖਦੇ ਹਨ (ਭਾਵ ਹੁਕਮ ਦੀ ਉਡੀਕ ਵਿਚ ਹਨ)। ਕ੍ਰੋੜਾਂ ਇੰਦਰ (ਦੇਵਤੇ) ਜਿਸ ਦੀ ਸੇਵਾ ਕਰਦੇ ਹਨ ।੪।

**ਛਪਨ ਕੋਟਿ, ਜਾ ਕੈ ਪ੍ਰਤਿਹਾਰ ॥ ਨਗਰੀ ਨਗਰੀ ਖਿਅਤ ਅਪਾਰ ॥ ਲਟ ਛੂਟੀ, ਵਰਤੈ ਬਿਕਰਾਲ ॥ ਕੋਟਿ ਕਲਾ, ਖੇਲੈ ਗੋਪਾਲ ॥੫॥ ਕੋਟਿ ਜਗ, ਜਾ ਕੈ ਦਰਬਾਰ ॥ ਗੰਧ੍ਰਬ ਕੋਟਿ, ਕਰਹਿ ਜੈਕਾਰ ॥ ਬਿਦਿਆ ਕੋਟਿ, ਸਭੈ ਗੁਨ ਕਹੈ ॥ ਤਊ, ਪਾਰਬ੍ਰਹਮ ਕਾ ਅੰਤੁ ਨ ਲਹੈ ॥੬॥ ਬਾਵਨ ਕੋਟਿ, ਜਾ ਕੈ ਰੋਮਾਵਲੀ ॥ ਰਾਵਨ ਸੈਨਾ, ਜਹ ਤੇ ਛਲੀ ॥ ਸਹਸ ਕੋਟਿ, ਬਹੁ ਕਹਤ ਪੁਰਾਨ ॥ ਦੁਰਜੋਧਨ ਕਾ ਮਥਿਆ ਮਾਨੁ ॥੭॥ ਕੰਦ੍ਰਪ ਕੋਟਿ, ਜਾ ਕੈ ਲਵੈ ਨ ਧਰਹਿ ॥ ਅੰਤਰ ਅੰਤਰਿ ਮਨਸਾ ਹਰਹਿ ॥ ਕਹਿ ਕਬੀਰ, ਸੁਨਿ ਸਾਰਿਗਪਾਨ ॥ ਦੇਹਿ ਅਭੈ ਪਦੁ, ਮਾਂਗਉ ਦਾਨ ॥੮॥੨॥੧੮॥੨੦॥**

## ਉਚਾਰਨ ਸੇਧ

**ਬਿੰਦੀ ਸਹਿਤ :** ਕਲਾਂ, ਕਰਹਿਂ, ਜਹਂ, ਧਰਹਿਂ, ਹਿਰਹਿਂ, ਸਾਰਿੰਗਪਾਨ, ਮਾਂਗਉ।

**ਪਦ ਅਰਥ :** ਛਪਨ ਕੋਟਿ-ਛਿਵੰਜਾ ਕ੍ਰੋੜ। ਪ੍ਰਤਿਹਾਰ-ਦਰਬਾਨ। ਖਿਅਤ-ਚਮਕਦੇ, ਲਿਸ਼ਕਦੇ ਹਨ। ਅਪਾਰ-ਬੇਅੰਤ। ਲਟ ਛੂਟੀ-(ਲਿੱਟਾਂ ਖੋਲ੍ਹ ਕੇ) ਖਿਲਾਰ ਕੇ। ਬਿਕਰਾਲ-ਡਰਾਉਣੀਆਂ। ਕਲਾ-ਸ਼ਕਤੀਆਂ ।੫।

ਜਗ-ਯੱਗ। ਗੰਧ੍ਰਬ-ਦੇਵ ਲੋਕ ਦੇ ਗਵੱਯੇ, ਦੇਵਤਿਆਂ ਦੇ ਰਾਗੀ ।੬।

ਬਾਵਨ-ਵਾਮਨ ਅਵਤਾਰ (ਰਾਮ ਚੰਦ੍ਰ)। ਰੋਮਾਵਲੀ-ਰੋਮਾਂ ਦੀ ਕਤਾਰ (ਇਥੇ ਭਾਵ ਬਾਂਦਰਾਂ ਦੀ ਸੈਨਾ ਹੈ)। ਸੈਨਾ-ਫੌਜ। ਜਹ ਤੇ ਛਲੀ-ਜਿਸ ਤੋਂ ਹਾਰੀ ਸੀ। ਸਹਸ-ਹਜ਼ਾਰਾਂ। ਦੁਰਯੋਧਨ-ਸੰਗਯਾ-ਗਾਂਧਾਰੀ ਦੇ ਉਦਰ ਤੋਂ ਧ੍ਰਿਤਰਾਸ਼ਟ੍ਰ ਦਾ ਵਡਾ ਪੁੱਤਰ, ਜੋ ਪਾਂਡਵਾਂ ਦਾ ਭਾਰੀ ਵਿਰੋਧੀ ਸੀ . ਇੰਦਰਪ੍ਰਸਥ (ਦਿਲੀ) ਵਿਚ ਜਦ ਯੁਧਿਸਿਸ਼ਟਰ ਨੇ ਰਾਜਸੂਯ ਜਗਯ ਕੀਤਾ, ਤਦ ਉਸ ਦੀ ਪ੍ਰਭੁਤਾ ਦੇਖਕੇ ਦੁਰਯੋਜਨ ਜਲ ਗਿਆ ਅਰ ਪਾਂਡਵਾਂ ਦੇ ਨਾਸ਼ ਦਾ ਉਪਾਉ ਸੋਚਣ ਲੱਗਾ, ਇਸਨੇ ਆਪਣੇ ਮਾਮੇ ਸ਼ਕੁਨਿ ਨਾਲ ਮਿਲਕੇ ਯੁਧਿਸ਼ਟਰ ਨੂੰ ਜੂਆ ਖੇਡਣ ਲਈ ਤਿਆਰ ਕੀਤਾ ਅਤੇ ਅਜਿਹੀ ਚਤੁਰਾਈ ਨਾਲ ਖੇਡ ਕੀਤੀ

ਕਿ ਯੁਧਿਸ਼ਟਰ ਦਾ ਸਭ ਰਾਜ ਜਿੱਤ ਲਿਆ, ਬਲਕਿ ਪਾਂਡਵਾਂ ਦੀ ਪਿਆਰੀ ਇਸਤ੍ਰੀ ਦ੍ਰੋਪਦੀ ਭੀ ਜੂਏ ਵਿਚ ਹਾਰੀ ਗਈ, ਦੁਰਯੋਧਨ ਨੇ ਆਗਯਾ ਦਿੱਤੀ ਕਿ ਦ੍ਰੋਪਦੀ ਨੂੰ ਸਭਾ ਵਿਚ ਲਿਆਓ, ਇਸ ਪੁਰ ਦੁਸ਼ਾਸਨ ਕੇਸਾਂ ਤੋਂ ਫੜਕੇ ਉਸ ਨੂੰ ਲਿਆਇਆ, ਦੁਰਯੋਧਨ ਨੇ ਦ੍ਰੋਪਦੀ ਨੂੰ ਆਪਣੇ ਪੱਟ ਪਰ ਬੈਠਣ ਲਈ ਆਖਿਆ, ਜਿਸ ਪਰ ਭੀਮਸੈਨ ਨੇ ਪ੍ਰਤਿਗਯਾ ਕੀਤੀ ਕਿ ਦੁਰਯੋਧਨ ਦੇ ਪੱਟਾਂ ਨੂੰ ਮੈਂ ਗਦਾ ਨਾਲ ਚੂਰਨ ਕਰਾਂਗਾ।

ਜੂਏ ਵਿੱਚ ਹਾਰਨ ਕਾਰਨ ਪਾਂਡਵਾਂ ਨੂੰ ਬਾਰਾਂ ਵਰ੍ਹੇ ਬਨਵਾਸ ਅਤੇ ਇੱਕ ਵਰ੍ਹਾਂ ਗੁਪਤ ਵਾਸ ਕੱਟਣਾ ਪਿਆ ਇਸ ਪਿਛੋਂ ਕ੍ਰਿਸ਼ਨ ਜੀ ਨੇ ਭਾਈਆਂ ਦੀ ਸੁਲ੍ਹਾ ਕਰਾਉਣੀ ਚਾਹੀ, ਪਰ ਦੁਰਯੋਧਨ ਨੇ ਹਿਤ ਦੀ ਸਲਾਹ ਨਾ ਮੰਨੀ, ਗੱਲ ਇਥੋਂ ਤੀਕ ਵਧੀ ਕਿ ਦੋਹਾਂ ਨੇ ਕੁਲਛੇਤ੍ਰ (ਕੁਰੂਕਸ਼ੇਤਰ) ਦੇ ਮੈਦਾਨ ਵਿਚ ਲੜਾਈ ਆਰੰਭੀ ਜਿਸ, ਦਾ ਫਲ ਭਾਰਤ ਦਾ ਸਰਵਨਾਸ਼ ਹੋਇਆ, ਭੀਮਸੈਨ ਨੇ ਆਪਣੀ ਪ੍ਰਤਿਗਯਾ ਅਨੁਸਾਰ ਦੁਰਯੋਧਨ ਦੇ ਪੱਟ ਗਦਾ ਨਾਲ ਚੂਰਨ ਕੀਤੇ। " ਬੂਡਾ ਦੁਰਯੋਧਨ ਪਤਿ ਖੋਈ," (ਗਉ ਅ: ਮ: ੧)। ਮਥਿਆ ਮਾਨੁ-ਮਾਣ ਤੋੜਿਆ ਨਾਸ਼ ਕੀਤਾ।੭।

ਕੰਦ੍ਰਪ-ਕਾਮ ਦੇਵਤਾ। ਲਵੈ ਨ ਧਰਹਿ-ਬਰਾਬਰੀ ਨਹੀਂ ਕਰ ਸਕਦੇ। ਮਨਸਾ-ਵਾਸ਼ਨਾ। ਹਰਹਿ-ਚੁਰਾਂਦੇ ਹਨ। ਸਾਰਿੰਗਪਾਨ-ਧਨੁਖਧਾਰੀ। ਅਭੈ ਪਦੁ-ਨਿਰਭੈ, ਮੋਖ ਪਦਵੀ।੮।

**ਅਰਥ :** (ਹੇ ਭਾਈ !) ਛਿਵੰਜਾ ਕ੍ਰੋੜਾਂ (ਬਦਲ) ਜਿਸ ਦੇ ਦਰਬਾਨ ਦਾਸ ਹਨ। (ਓਹ) ਨਗਰੀ ਨਗਰੀ ਚਮਕ ਰਹੇ ਹਨ। ਲਿੱਟਾਂ ਖਿਲਾਰ ਕੇ ਭਿਆਨਕ (ਰੂਪ ਵਿਚ ਕਈ ਚੁੜੇਲਾਂ ਹਨ)। ਕ੍ਰੋੜਾਂ ਸ਼ਕਤੀਆਂ ਵਾਲਾ ਗੋਪਾਲ (ਪ੍ਰਿਥਵੀ ਦਾ ਮਾਲਕ ਆਪਣੀਆਂ ਅਸਚਰਜ ਖੇਡਾਂ) ਖੇਡਦਾ ਹੈ।੫।

ਜਿਸ ਦੇ ਦਰਬਾਰ ਵਿਚ ਕ੍ਰੋੜਾਂ ਯੱਗ ਹੋ ਰਹੇ ਹਨ (ਦੋ) ਕ੍ਰੋੜਾਂ ਰਾਗੀ (ਜਿਸ ਪ੍ਰਭੂ ਦੀ) ਜੈ ਜੈਕਾਰ ਕਰ ਰਹੇ ਹਨ। ਕ੍ਰੋੜਾਂ (ਪ੍ਰਕਾਰ ਦੀ) ਵਿਦਿਆ ਸਾਰੇ ਗੁਣਾ ਦਾ (ਵਖਿਆਨ) ਕਰ ਰਹੀਆਂ ਹਨ, ਤਾਂ ਵੀ (ਉਸ) ਪਰਮਾਤਮਾ ਦਾ ਅੰਤ ਕੋਈ ਨਹੀਂ ਲੈ ਸਕਦਾ।੬।

ਕ੍ਰੋੜਾਂ ਹੀ ਬਾਵਨ (ਅਵਤਾਰ) ਰੋਮਾਵਲੀ ਰੋਮਾਂ ਨਾਲ (ਜਿਸ ਦੀ) ਸਫਾਈ ਕਰਦੇ ਹਨ। ਜਿਸ ਦੇ ਦਰ ਤੇ ਕ੍ਰੋੜਾਂ ਹੀ ਉਹ (ਸ੍ਰੀ ਰਾਮਚੰਦਰ ਜੀ) ਹਨ ਜਿਸ ਤੋਂ ਰਾਵਨ ਦੀ ਸੈਨਾ (ਰਾਖਸ਼ਾਂ ਦੀ, ਬਾਂਦਰਾਂ ਤੇ ਮਨੁੱਖਾਂ ਨੂੰ ਖਾ ਜਾਣ ਵਾਲੀ) ਛਲੀ ਗਈ (ਭਾਵ ਹਾਰ ਗਈ)। ਹਜ਼ਾਰਾਂ ਕ੍ਰੋੜਾਂ (ਭਾਵ ਬੇਅੰਤ) ਪੁਰਾਣ (ਹਨ ਜਿਹੜੇ) ਬਹੁਤ ਹੀ ਜਸ ਕਰ ਰਹੇ ਹਨ। (ਉਸ ਦੇ ਦਰ ਤੇ ਕ੍ਰੋੜਾਂ ਕ੍ਰਿਸ਼ਨ ਜੀ ਹਨ ਜਿਸ ਨੇ ਰਾਜੇ) ਦੁਰਜੋਧਨ ਦਾ ਹੰਕਾਰ ਤੋੜਿਆ।੭।

ਕ੍ਰੋੜਾਂ ਕਾਮ-ਦੇਵ ਜਿਸ ਦੀ ਬਰਾਬਰੀ ਨਹੀਂ ਕਰ ਸਕਦੇ, (ਜੋ ਲੋਕਾਂ ਦੇ) ਹਿਰਦਿਆਂ ਅੰਦਰ (ਰੂਪਮਾਨ ਹੋ ਕੇ) ਵਾਸ਼ਨਾ ਚੁਰਾਂਦੇ ਹਨ। ਕਬੀਰ ਜੀ ਆਖਦੇ ਹਨ ਕਿ ਹੇ ਸਾਰਿੰਗਪਾਨ(ਵਾਹਿਗੁਰੂ! ਮੇਰੀ ਬੇਨਤੀ ਸੁਣ) ਮੈਨੂੰ ਨਿਰਭੈ ਪਦ ਬਖਸ਼, (ਬਸ) ਮੈਂ (ਤੇਰੇ ਤੋਂ ਇਹ) ਦਾਨ ਮੰਗਦਾ ਹਾਂ।੮।੨।੧੮।੨੦।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਭਗਤ ਜੀ ਨੇ ਪਰਮਾਤਮਾ ਦੀਆਂ ਬੇਅੰਤ ਸ਼ਕਤੀਆਂ ਦਾ ਸੰਕੇਤ ਦੇ ਕੇ ਉਸ

ਦੀ ਸਿਫਤਿ ਸਲਾਹ ਕੀਤੀ ਹੈ। 'ਕੋਟਿ ਕਲਾ ਖੇਲੈ ਗੋਪਾਲ' ਦਾ ਵਿਸਥਾਰ ਕਰਨਾ ਜੀਵ ਦੀ ਪਹੁੰਚ ਤੋਂ ਪਰੇ ਹੈ। ਗੁਰੂ ਸਾਹਿਬ ਦੇ ਪਾਵਨ ਵਾਕ ਹਨ :-

**ਪਾਰਬ੍ਰਹਮ ਕਾ ਅੰਤੁ ਨ ਪਾਰੁ ॥ ਕਉਣ ਕਰੈ ਤਾ ਕਾ ਬੀਚਾਰੁ॥** [ਪੰਨਾ ੨੩੭

ਇਹੋ ਜਿਹੀ ਵਡਿਆਈ ਵਾਲਾ ਸ਼ਬਦ ਇਸੇ ਰਾਗ ਵਿਚ ਪੰਨਾ ੧੧੫੬ ਉਤੇ ਵੀ ਦਰਜ ਹੈ :

**ਕੋਟਿ ਬਿਸਨ ਕੀਨੇ ਅਵਤਾਰ ॥ ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ ॥......**

ਸਿਧਾਂਤ ਇਹ ਹੈ ਕਿ ਅਜਿਹੇ ਅਗਮ ਅਗੋਚਰ ਪਾਰਬ੍ਰਹਮ ਕਰਤਾਰ ਦੀ ਜਿਤਨੀ ਸਿਫਤਿ ਕੀਤੀ ਜਾਵੇ, ਉਤਨੀ ਹੀ ਥੋੜੀ ਹੈ। ਸਾਨੂੰ ਵੀ ਭਗਤ ਕਬੀਰ ਜੀ ਵਾਂਗ ਭਿਖਾਰੀ ਬਣ ਕੇ 'ਦੇਹਿ ਅਭੈ ਪਦੁ ਮਾਗਉ ਦਾਨ' ਦੀ ਜਾਚਨਾ ਕਰਨੀ ਚਾਹੀਦੀ ਹੈ।

## ਭੈਰਉ ਬਾਣੀ ਨਾਮਦੇਉ ਜੀਉ ਕੀ ਘਰੁ ੧

**੧ੴ ਸਤਿਗੁਰ ਪ੍ਰਸਾਦਿ ॥ ਰੇ ਜਿਹਬਾ, ਕਰਉ ਸਤ ਖੰਡ ॥ ਜਾਮਿ ਨ ਉਚਰਸਿ, ਸ੍ਰੀ ਗੋਬਿੰਦ ॥੧॥ ਰੰਗੀ ਲੇ ਜਿਹਬਾ, ਹਰਿ ਕੈ ਨਾਇ ॥ ਸੁਰੰਗ ਰੰਗੀ ਲੇ, ਹਰਿ ਹਰਿ ਧਿਆਇ॥੧॥ਰਹਾਉ॥ ਮਿਥਿਆ ਜਿਹਬਾ, ਅਵਰੇਂ ਕਾਮ ॥ ਨਿਰਬਾਣ ਪਦੁ, ਇਕੁ ਹਰਿ ਕੋ ਨਾਮੁ॥੨॥ਅਸੰਖ ਕੋਟਿ, ਅਨ ਪੂਜਾ ਕਰੀ॥ ਏਕ ਨ ਪੂਜਸਿ, ਨਾਮੈ ਹਰੀ ॥੩॥ ਪ੍ਰਣਵੈ ਨਾਮਦੇਉ, ਇਹੁ ਕਰਣਾ ॥ ਅਨੰਤ ਰੂਪ ਤੇਰੇ, ਨਾਰਾਇਣਾ ॥੪॥੧॥**

### ਉਚਾਰਨ ਸੇਧ

**ਬਿੰਦੀ ਸਹਿਤ :** ਕਰਉਂ, ਨਾਇਂ।

**ਬਿਸਰਾਮ ਭੇਦ :** ਆਮ ਪਾਠੀ ਤੇ ਪ੍ਰੇਮੀ 'ਰੇ ਜਿਹਬਾ' ਮਗਰੋਂ ਬਿਰਾਮ ਦੇਂਦੇ ਹਨ, ਪਰ 'ਦਰਪਣ' ਵਿਚ 'ਰੇ' ਮਗਰੋਂ ਬਿਸ਼ਰਾਮ ਦਿਤਾ ਗਿਆ ਹੈ, ਕਿਉਂਕਿ 'ਰੇ' ਪੁਲਿੰਗ ਵਾਚੀ ਹੈ। ਜਦੋਂ ਤਕ 'ਰੇ' ਦੇ ਨਾਲ (ਕਿਸੇ ਨਾਂਵ ਦਾ ਪ੍ਰਯੋਗ ਨਹੀਂ ਹੁੰਦਾ, ਉਦੋਂ ਤਕ ਕੇਵਲ 'ਰੇ' ਪਦ ਨਿਰਾਥਕ ਹੈ। ਗੁਰਬਾਣੀ ਵਿਚ 'ਏ ਤੇ ਹੇ' ਇਸਤ੍ਰੀ ਲਿੰਗ ਨਾਵਾਂ ਨਾਲ ਵੀ ਵਰਤੇ ਹੋਏ ਹਨ। ਜਿਵੇਂ :

੧. **ਹੇ ਜਿਹਵੇ ਤੂ ਰਾਮ ਗੁਣ ਗਾਉ ॥** [ਪੰਨਾ ੧੮੦

੨. **ਹੇ ਜਿਹਬੇ ਹੇ ਰਸਗੇ ॥** [ਪੰਨਾ ੧੩੫੯

੩. **ਹੇ ਰਸਨਾ ਤੂ ਅਨ ਰਸਿ ਰਾਚ ਰਹੀ .....** [ਪੰਨਾ ੯੨੨

੪. **ਹੇ ਰਸਨਾ ਜਪਿ ਗੋਬਿੰਦੇ ॥** [ਪੰਨਾ ੫੪੧

**ਪਦ ਅਰਥ :** ਰੇ ਜਿਹਬਾ-ਹੇ ਰਸਨਾ ! । ਕਰਉ ਸਤ ਖੰਡ-ਸੌ ਟੋਟੇ ਕਰ ਦਿਆਂਗਾ। ਜਾਮਿ-ਜਦੋਂ। ਨ ਉਚਰਸਿ-ਨਹੀਂ ਉਚਾਰਦੀ ।੧। ਰੰਗੀ ਲੈ-ਮੈਂ ਰੰਗ ਲਈ ਹੈ। ਨਾਇ-ਨਾਮ ਵਿਚ। ਸੁਰੰਗ-ਸੋਹਣੇ ਰੰਗ ।੧। ਰਹਾਉ। ਮਿਥਿਆ-ਝੂਠੀ, ਵਿਅਰਥ। ਅਵਰੇ ਕਾਮ-ਹੋਰ ਹੋਰ ਕੰਮਾਂ ਵਿਚ। ਨਿਰਬਾਣ-ਵਾਸ਼ਨਾ ਤੋਂ ਰਹਿਤ ।੨। ਪ੍ਰਣਵੈ-ਬੇਨਤੀ ਕਰਦਾ ਹੈ। ਕਰਣਾ-ਕਰਣ ਜੋਗ। ਅਨੰਤ-ਬੇਅੰਤ ।੪।

ਅਰਥ : ਹੇ ਰਸਨਾ ! ਜਦੋਂ ਤੂੰ ਸ੍ਰੀ ਗੋਬਿੰਦ (ਦਾ ਨਾਮ) ਉਚਾਰਨ ਨਹੀਂ ਕਰੇਂਗੀ ਮੈਂ (ਕਟ ਕੇ ਤੇਰੇ) ਸੌ ਟੁਕੜੇ ਕਰ ਦਿਆਂਗਾ ।੧।

(ਇਸ ਲਈ) ਹੇ ਮੇਰੀ ਰਸਨਾ ! ਤੂੰ ਹਰੀ ਦੇ ਨਾਮ ਵਾਲੇ (ਸ੍ਰੇਸ਼ਟ ਰੰਗ ਵਿਚ ਆਪਣੇ ਆਪ ਨੂੰ) ਰੰਗ ਲੈ ਸ੍ਰੇਸ਼ਟ ਰੰਗਾਂ ਵਿਚ ਰੰਗੀਜ ਕੇ ਹਰੀ ਹਰੀ (ਨਾਮ ਨੂੰ) ਸਿਮਰ ।੧। ਰਹਾਉ ।

ਹੇ ਰਸਨਾ ! (ਨਾਮ ਨੂੰ ਛਡ ਕੇ) ਹੋਰ (ਪਦਾਰਥਾਂ ਦੀ ਚਾਹਨਾ ਕਰਨੀ) ਝੂਠੀ ਹੈ । ਇਕ ਹਰੀ ਦਾ ਨਾਮ (ਜਪਣ ਤੇ ਹੀ) ਵਾਸ਼ਨਾ ਤੋਂ ਰਹਿਤ (ਨਿਰਬਾਣ) ਪਦ ਪ੍ਰਾਪਤ ਹੁੰਦਾ ਹੈ ।੨।

(ਨਾਮ ਦਾ ਜਾਪ ਛਡ ਕੇ ਜੇ ਕੋਈ) ਅਸੰਖਾ ਕ੍ਰੋੜਾਂ ਵਾਰ ਹੋਰ ਪੂਜਾ ਕਰੀ ਜਾਵੇ, (ਉਹ ਪੂਜਾ ਇਕ) ਹਰੀ ਨਾਮ ਦੀ ਬਰਾਬਰੀ ਨਹੀਂ ਕਰ ਸਕਦੀ ।੩।

ਨਾਮਦੇਵ ਆਖਦਾ ਹੈ (ਕਿ ਹੇ ਰਸਨਾ ! ਤੈਨੂੰ) ਇਹ (ਕੰਮ) ਕਰਨਾ ਜੋਗ ਹੈ (ਭਾਵ ਪਰਮੇਸ਼ਰ ਦੇ ਸਨਮੁਖ ਹੋ ਕੇ ਇਹ ਆਖੀ ਜਾ ਕਿ) ਹੇ ਪ੍ਰਭੂ ! ਤੇਰੇ ਅਨੇਕਾਂ ਰੂਪ ਹਨ (ਅਨੇਕਾਂ ਨਾਮ ਹਨ) ।੪।੧।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਜਿਹਬਾ (ਰਸਨਾ) ਨੂੰ ਤਾੜਨਾ ਕੀਤੀ ਗਈ ਹੈ, ਜੇ ਤੂੰ ਪਰਮਾਤਮਾ ਦਾ ਨਾਮ ਨਹੀਂ ਜਪੇਂਗੀ ਤਾਂ ਮੈਂ ਤੇਰੇ ਸੌ ਟੋਟੇ ਕਰ ਦਿਆਂਗਾ। ਨਾਮ ਜਪਣ ਤੋਂ ਬਿਨਾਂ ਹੋਰ ਸਾਰੇ ਕੰਮ ਵਿਅਰਥ ਹਨ।

ਰਸਨਾ ਨੂੰ ਇਹ ਸਿਖਿਆ ਵੀ ਦਿਤੀ ਹੈ ਕਿ ਕ੍ਰੋੜਾਂ ਤਰ੍ਹਾਂ ਦੀ ਪੂਜਾ ਤੇ ਹੋਰ ਕੀਤੇ ਕਰਮ ਕਾਂਡ ਪਰਮਾਤਮਾ ਦੇ ਨਾਮ ਦੀ ਬਰਾਬਰੀ ਨਹੀਂ ਕਰ ਸਕਦੇ । ਗੁਰੂ ਅਮਰ ਦਾਸ ਜੀ ਨੇ ਰਸਨਾ ਨੂੰ ਆਨ-ਰੱਸਾਂ ਤੋਂ ਸਾਵਧਾਨ ਹੋਣ ਲਈ ਚੇਤੰਨ ਕੀਤਾ ਹੈ :-

**ਏ ਰਸਨਾ ਤੂੰ ਅਨਰਸਿ ਰਾਚਿ ਰਹੀ, ਤੇਰੀ ਪਿਆਸ ਨ ਜਾਇ ॥**
**ਪਿਆਸ ਨ ਜਾਇ ਹੋਰਤੁ ਕਿਤੈ, ਜਿਚਰੁ ਹਰਿ ਰਸੁ ਪਲੈ ਨ ਪਾਇ ॥**
**ਹਰਿ ਰਸੁ ਪਾਇ ਪਲੈ, ਪੀਐ ਹਰਿ ਰਸੁ, ਬਹੁੜਿ ਨ ਤ੍ਰਿਸਨਾ ਲਾਗੈ ਆਇ ॥**
**ਇਹ ਹਰਿ ਰਸੁ ਕਰਮੀ ਪਾਈਐ, ਸਤਿਗੁਰੁ ਮਿਲੈ ਜਿਸੁ ਆਇ ॥**
**ਕਹੈ ਨਾਨਕ, ਹੋਰਿ ਅਨ ਰਸੁ ਸਭਿ ਵੀਸਰੇ, ਜਾ ਹਰਿ ਵਸੈ ਮਨਿ ਆਇ॥[ਪੰ. ੩੫੯**

ਅੰਤਲੀ ਪੰਕਤੀ ਰਾਹੀਂ ਕਮਾਲ ਦੀ ਸਿਖਿਆ ਦਿਤੀ ਹੈ। ਹੇ ਰਸਨਾ! ਤੂੰ ਇਹ ਕੰਮ ਕਰੀ ਚਲ, ਭਾਵ ਇਹ ਆਖੀ ਜਾ 'ਅਨੰਤ ਰੂਪ ਤੇਰੇ ਨਾਰਾਇਣਾ' ਰਸਨਾ ਨਾਲ 'ਤੂੰ ਹੀ ਤੂੰ ਹੀ' ਉਚਾਰਨ ਕਰੀ ਚਲ:

**ਤੇਰੇ ਨਾਮ ਅਨੇਕਾ ਰੂਪ ਅਨੰਤਾ, ਕਹਣੁ ਨ ਜਾਹੀ ਤੇਰੇ ਗੁਣ ਕੇਤੇ ॥ [ਪੰਨਾ ੩੫੮**

**ਪਰਧਨ ਪਰਦਾਰਾ ਪਰਹਰੀ ॥ ਤਾ ਕੈ ਨਿਕਟਿ ਬਸੈ, ਨਰਹਰੀ ॥੧॥ ਜੋ ਨ ਭਜੰਤੇ ਨਾਰਾਇਣਾ ॥ ਤਿਨ ਕਾ, ਮੈ ਨ ਕਰਉ ਦਰਸਨਾ ॥੧॥ ਰਹਾਉ ॥ ਜਿਨ ਕੈ ਭੀਤਰਿ ਹੈ ਅੰਤਰਾ ॥ ਜੈਸੇ ਪਸੁ, ਤੈਸੇ ਓਇ ਨਰਾ ॥ ੨ ॥ ਪ੍ਰਣਵਤਿ ਨਾਮਦੇਉ, ਨਾਕਹਿ ਬਿਨਾ ॥ ਨ ਸੋਹੈ ਬਤੀਸ ਲਖਨਾ ॥੩॥੨॥**

## ਉਚਾਰਨ ਸੇਧ

**ਬਿੰਦੀ ਸਹਿਤ :** ਨ ਕਰਉਂ, ਨਾਕਹਿਂ, ਬਿਨਾਂ ।

**ਪਦ ਅਰਥ :** ਪਰ ਧਨ-ਪਰਾਇਆ ਧਨ । ਪਰਦਾਰਾ-ਪਰਾਈ ਇਸਤ੍ਰੀ । ਪਰਹਰੀ-ਤਿਆਗ ਦਿਤੀ ਹੈ । ਨਿਕਟਿ-ਨੇੜੇ । ਨਰਹਰੀ-ਪਰਮਾਤਮਾ ।੧। ਨ ਕਰਉ-ਨਹੀਂ ਕਰਦਾ ਹਾਂ । ਨ ਭਜੰਤੇ-ਨਹੀਂ ਸਿਮਰਦੇ । ਦਰਸ਼ਨਾ-ਦਰਸ਼ਨ । ਭੀਤਰਿ-(ਹਿਰਦੇ) ਵਿਚ । ਅੰਤਰਾ-ਵਿਥ, ਫਰਕ । ਪਸੁ-ਪਸ਼ੂ, ਡੰਗਰ । ਓਇ ਨਰਾ-ਓਹ ਮਨੁੱਖ ।੨। ਪ੍ਰਣਵਤਿ-ਆਖਦਾ, ਬੇਨਤੀ ਕਰਦਾ ਹੈ । ਨਾਕਹਿ-ਨਕ ਤੋਂ ਬਿਨਾ । ਨਾ ਸੋਹੈ-ਨਹੀਂ ਸੋਭਦਾ । ਬਤੀਸ ਲਖਨਾ-੩੨ ਲਖਣਾ ਵਾਲਾ ।੩।

**ਅਰਥ :** (ਹੇ ਭਾਈ ! ਜਿਸ ਮਨੁੱਖ ਨੇ) ਪਰਾਏ ਧਨ ਤੇ ਪਰਾਈ ਇਸਤ੍ਰੀ ਦਾ ਤਿਆਗ ਕੀਤਾ ਹੈ, ਨਰ ਹਰੀ (ਪਰਮਾਤਮਾ) ਉਸ (ਮਨੁੱਖ) ਦੇ ਪਾਸ ਹੀ ਵਸਦਾ ਹੈ ।੧।

(ਹੇ ਭਾਈ !) ਜੋ (ਮਨੁੱਖ) ਪਰਮਾਤਮਾ ਦਾ ਭਜਨ ਨਹੀਂ ਕਰਦੇ, ਮੈਂ ਉਨ੍ਹਾਂ ਦਾ ਦਰਸ਼ਨ ਨਹੀਂ ਕਰਦਾ (ਭਾਵ ਪਰਮੇਸ਼ਰ ਤੋਂ ਬੇਮੁਖਾਂ ਨਾਲ ਸਾਂਝ ਨਹੀਂ ਰਖਦਾ) ।੧। ਰਹਾਉ ।

(ਹੇ ਭਾਈ !) ਜਿਨ੍ਹਾਂ (ਮਨੁੱਖਾਂ) ਦੇ (ਹਿਰਦੇ) ਵਿਚ ਪਰਮਾਤਮਾ ਨਾਲੋਂ ਵਿਥ ਹੈ, ਜਿਸ ਤਰ੍ਹਾਂ ਪਸ਼ੂ (ਡੰਗਰ) ਹਨ, ਉਸੇ ਤਰ੍ਹਾਂ ਓਹ ਮਨੁਖ ਹਨ ।੨।

(ਭਗਤ) ਨਾਮਦੇਵ ਜੀ ਆਖਦੇ ਹਨ (ਜਿਵੇਂ ਮਨੁੱਖ ਵਿਚ ਭਾਵੇਂ ਮਨੁਖਤਾ ਵਾਲੇ) ਬਤੀ ਲਛਣ ਪੂਰੇ ਹੋਣ (ਪਰ ਜੇ) ਨਕ ਤੋਂ ਬਿਨਾ ਹੋਵੇ, ਤਾਂ ਸੋਹਣਾ ਨਹੀਂ ਲਗਦਾ । (ਤਿਵੇਂ ਕਿਸੇ ਮਨੁੱਖ ਵਿਚ ਸਾਰੇ ਗੁਣ ਹੋਣ, ਸੋਹਣਾ ਵੀ ਹੋਵੇ, ਪਰ ਜੇ ਨਾਮ ਸਿਮਰਨ ਤੋਂ ਸਖਣਾ ਹੈ ਤਾਂ ਉਸ ਜਿਹਾ ਬਦਸੂਰਤ ਕੋਈ ਨਹੀਂ ਹੈ) ।੩।੨।

## ਅਰਥ ਭੇਦ ਅਤੇ ਨਿਰਣੈ

**ਨ ਸੋਹੈ ਬਤੀਸ ਲਖਨਾ ॥**

ਇਸ ਪੰਕਤੀ ਨੂੰ ਬਹੁਤੇ ਟੀਕਾਕਾਰਾਂ ਨੇ 'ਨ ਸੋਹੈ ਬਤੀ ਸਲਖਨਾ' ਪਾਠ ਪਦ ਛੇਦ ਕੀਤਾ ਹੈ ਪਰ ਭਾ. ਕਾਨ੍ਹ ਸਿੰਘ ਜੀ ਨੇ ਮਹਾਨ ਕੋਸ਼ ਵਿਚ 'ਨ ਸੋਹੈ ਬਤੀਸ ਲਖਨਾ' ਪਾਠ ਅੰਕਿਤ ਕੀਤਾ ਹੈ । ਅਰਥਾਂ ਵਿਚ ਕਿਸੇ ਦਾ ਮਤ ਭੇਦ ਨਹੀਂ । ਮਹਾਨ ਕੋਸ਼ ਅਨੁਸਾਰ 'ਸਕੰਦ ਪੁਰਾਣ ਦੇ ਕਾਸ਼ੀ ਖੰਡ ਵਿਚ ੩੨ ਸੁਲੱਖਣ ਇਹ ਲਿਖੇ ਹਨ, ਜਿਸ ਵਿੱਚ 'ਨਾਕਹਿ ਬਿਨਾ, ਨਾ ਸੋਹੈ ਬਤੀਸ ਲਖਨਾ'' (ਭੈਰ ਨਾਮਦੇਵ)। ਵਿਦਵਾਨਾਂ ਨੇ ਪੁਰਖ ਅਤੇ ਇਸਤ੍ਰੀ ਦੇ ਬੱਤੀਸ ਸ਼ੁਭ ਲਛਣ ਕਲਪੇ ਹਨ, ਸਕੰਦ ਪੁਰਾਣ ਦੇ ਕਾਸ਼ੀ ਖੰਡ ਵਿਚ ਇਹ ਲਿਖੇ ਹਨ -- ਪੰਜ (ਨੇਤ੍ਰ-ਜਬਾੜੇ-ਨੱਕ-ਵੱਖੀ-ਭੁਜਾ) ਦੀਰਘ ।

ਪੰਜ (ਤ੍ਵਚਾ-ਕੇਸ਼-ਅੰਗੁਲੀਆਂ-ਦੰਦ-ਅੰਗੁਲਾਂ ਦੀਆਂ ਗੱਠਾਂ) ਸੂਖਮ ।

ਸੱਤ (ਹਥੇਲੀ-ਪੈਰ ਦੇ ਤਲੇ-ਅੱਖਾਂ ਦੇ ਕਿਨਾਰੇ ਕੋਏ-ਤਾਲੂਆ-ਜੀਭ-ਹੋਠ-ਨੌਂਹ) ਲਾਲ ।

ਛੀ (ਕਮਰ ਦੀ ਹੱਡੀ-ਪੇਟ-ਪੱਸਲੀ-ਮੋਢੇ-ਹੱਥ ਦੇ ਉਪਰਲੇ ਪਾਸੇ-ਮੁਖ) ਉਚੇ

ਤਿੰਨ (ਮੱਥਾ-ਛਾਤੀ-ਕਮਰ) ਵਿਸਤਾਰ ਵਾਲੇ।

ਤਿੰਨ (ਗਰਦਨ-ਜੰਘਾਂ-ਲਿੰਗ) ਛੋਟੇ

ਤਿੰਨ (ਸੁਰ-ਨਾਭੀ-ਸੁਭਾਵ) ਗੰਭੀਰ

ਇਸਤ੍ਰੀਆਂ ਦੇ ੩੨ ਉਤਮ ਲਛਣ ਇਹ ਮੰਨੇ ਗਏ ਹਨ:

੧. ਸੁੰਦਰਤਾ, ੨. ਸਵੱਛਤਾ, ੩. ਲੱਜਾ, ੪. ਚਤੁਰਾਈ, ੫. ਵਿਦਿਆ, ੬. ਪਤਿਭਗਤੀ, ੭. ਸੇਵਾ, ੮. ਦਯਾ, ੯. ਸਤਯ, ੧੦. ਪ੍ਰਿਯਬਾਣੀ, ੧੧. ਪ੍ਰਸੰਨਤਾ, ੧੨. ਨਿਮ੍ਰਤਾ, ੧੩. ਨਿਸ਼ਕਪਟਤਾ, ੧੪. ਏਕਤਾ, ੧੫. ਧੀਰਜ, ੧੬. ਧਰਮਨਿਸ਼ਟਾ, ੧੭. ਸੰਜਮ, ੧੮. ਉਦਾਰਤਾ, ੧੯. ਗੰਭੀਰਤਾ, ੨੦. ਉੱਦਮ, ੨੧. ਸੂਰਵੀਰਤਾ, ੨੨-੨੮. ਰਾਗ, ਕਾਵਯ, ਚਿਤ੍ਰ, ਔਸ਼ਧ,ਰਸੋਈ, ਅਤੇ ਸਿਊਣ ਪਰੋਣ ਦੀ ਵਿਦਯਾ, ੨੯. ਘਰ ਦੀਆਂ ਵਸਤੂਆਂ ਦਾ ਯਥਾ-ਯੋਗ ਸਿੰਗਾਰਣਾ, ੩੫. ਬਜ਼ੁਰਗਾਂ ਦਾ ਮਾਨ, ੩੧ ਘਰ ਆਏ ਪਰਾਹੁਣਿਆਂ ਦਾ ਸਨਮਾਨ ਅਤੇ ੩੨. ਸੰਤਾਨ ਦਾ ਪਾਲਨ।

ਗੁਰਬਾਣੀ ਵਿਚ 'ਬਤੀਹ ਸੁਲਖਣੀ ਸਚੁ ਸੰਤਤਿ ਪੂਤ' ਪਾਠ ਆਇਆ ਹੈ। ਹੋ ਸਕਦਾ ਹੈ ਕਿ ਉਸ ਨੂੰ ਵੇਖ ਕੇ ਸਮੂਹ ਟੀਕਾਕਾਰਾਂ ਨੇ 'ਬਤੀ ਸਲਖਣਾ' ਪਾਠ ਪਦ ਛੇਦ ਕੀਤਾ ਹੋਵੇ। ਪਰ ਇਥੇ ਪਾਠ 'ਬਤੀਸ ਲਖਣਾ' ਹੀ ਠੀਕ ਹੈ। ਜੇ 'ਸੁਲਖਣਾ' ਪਾਠ ਹੁੰਦਾ ਤਾਂ ਇਥੇ ਵੀ ਸਸੇ ਨੂੰ ਔਂਕੜ ਲਗਾਇਆ ਜਾ ਸਕਦਾ ਸੀ। ਵੈਸੇ ਗੁਰਬਾਣੀ ਵਿਚ ਹੋਰ ਥਾਵਾਂ ਤੇ ਗਿਣਤੀ 'ਤ੍ਰੀਸ ਬਤੀਸ' ਆਉਂਦੀ ਹੈ ਜਿਵੇਂ:

**ਜੈਸੇ ਕਾਤੀ ਤੀਸ ਬਤੀਸ ਹੈ, ਵਿਚਿ ਰਾਖੈ ਰਸਨਾ ਮਾਸ ਰਤੁ ਕੇਰੀ ॥** [ਪੰਨਾ ੧੬੮

ਇਥੇ ੩੦-੩੨ ਦੰਦਾਂ ਦੀ ਗਿਣਤੀ ਹੈ। ਸੋ ਸਲਖਣਾ ਜਾਂ ਸਲਖਣੀ ਕੋਈ ਸ਼ਬਦ ਨਹੀਂ, 'ਸੁਲਖਣਾ ਤੇ ਸੁਲਖਣੀ' ਹੀ ਸਹੀ ਸ਼ਬਦ ਹਨ:

੧. **ਭਾਗ ਸੁਲਖਣਾ ਹਰਿ ਕੰਤੁ ਹਮਾਰਾ ਰਾਮ ॥**
**ਅਨਹਦ ਬਾਜਿਤ੍ਰਾ, ਤਿਸੁ ਧੁਨਿ ਦਰਬਾਰਾ ਰਾਮ ॥** [ਪੰਨਾ ੮੪੦

੨. **ਨਾਨਕ ਸਾ ਸੁਆਲਿਓ ਸੁਲਖਣੀ, ਜਿ ਰਾਵੀ ਸਿਰਜਨਹਾਰਿ ॥** [ਪੰਨਾ ੮੯

## ਸਾਰੰਸ਼ ਅਤੇ ਸਿਧਾਂਤ

ਜਿਹੜੇ ਮਨੁਖ ਰਸਨਾ ਨਾਲ ਪਰਮਾਤਮਾ ਦਾ ਨਾਮ ਨਹੀਂ ਜਪਦੇ, ਉਹ ਵੇਮੁਖ ਹੁੰਦੇ ਹਨ, ਉਨ੍ਹਾਂ ਦਾ ਦਰਸ਼ਨ ਕਰਨਾ ਵੀ ਪਾਪ ਹੈ। ਜਿਨ੍ਹਾਂ ਦੇ ਮਨ ਵਿਚ ਭੇਦ ਭਾਵ ਹੈ, ਓਹ ਵੀ ਮਨੁੱਖ ਪਸ਼ੂਆਂ ਵਰਗੇ ਹਨ ਜੋ ਆਪਸ ਵਿਚ ਸਿੰਙ ਲੜਾਈ ਰਖਦੇ ਹਨ। ਗੁਰਬਾਣੀ ਵਿਚ ਨਾਮ ਹੀਣਾਂ ਨੂੰ ਨਕ ਕੱਟਾ ਕਿਹਾ ਗਿਆ ਹੈ:-

**ਨਾਮਹੀਣ ਫਿਰਹਿ ਸੇ ਨਕਟੇ, ਤਿਨ ਘਸਿ ਘਸਿ ਨਕ ਵਢਾਇਆ ॥** [ਪੰਨਾ ੬੮੨

**ਨਾਮ ਹੀਨ ਨਕਟੇ ਫਿਰਹਿ, ਬਿਨੁ ਨਾਵੈ ਬਹਿ ਰੋਇ ॥** [ਪੰਨਾ ੧੪੧੪

ਨਕ ਕਟੇ ਤੋਂ ਭਾਵ ਬੇਇਜ਼ਤਾ। ਜਿਵੇਂ ਸਮਾਜ ਵਿਚ ਕੋਈ ਬਦਚਲਨ ਔਰਤ ਜਾਂ ਮਰਦ ਹੋਵੇ ਤਾਂ ਸਾਰੇ ਆਖਦੇ ਹਨ ਕਿ ਇਸ ਨੇ ਖ਼ਾਨਦਾਨ ਦਾ ਨਕ ਕਟਾ ਦਿਤਾ ਹੈ, ਭਾਵ ਬਦਨਾਵੀਂ ਤੋਂ ਹੁੰਦਾ ਹੈ।

ਮਨੁੱਖ ਕਿੰਨਾ ਸੁੰਦਰ ਹੋਵੇ, ਗੁਣਾਂ ਸਹਿਤ ਹੋਵੇ, ਪਰ ਜੇ ਨਕ ਕਟਿਆ ਹੋਵੇ ਤਾਂ ਉਸ ਦੇ ਸਾਰੇ ਗੁਣਾਂ ਤੇ ਪਾਣੀ ਫਿਰ ਜਾਂਦਾ ਹੈ। ਇਸ ਤਰ੍ਹਾਂ ਜੇ ਮਨੁੱਖ ਬੇਸ਼ਕ ਇਤਨੀ ਉੱਚੀ ਕੁਲ ਚੋਂ ਹੋਵੇ, ਸੋਹਣਾ, ਸਿਆਣਾ ਤੇ ਧਨੀ ਵੀ ਹੋਵੇ ਪਰ ਜੇ ਉਹ ਪਰਮੇਸ਼ਰ ਦਾ ਨਾਮ ਨਹੀਂ ਜਪਦਾ ਤਾਂ ਉਸ ਨੂੰ ਗੁਰਬਾਣੀ ਵਿਚ 'ਨਕਟੀ' ਆਖਿਆ ਗਿਆ ਹੈ:–

**੧. ਹਰਿ ਕੇ ਨਾਮ ਬਿਨਾ ਸੁੰਦਰਿ ਹੈ ਨਕਟੀ ॥** [ਪੰਨਾ ੫੨੮

**੨. ਕਬੀਰ ਕੰਚਨ ਕੇ ਕੁੰਡਲ ਬਨੇ ਊਪਰਿ ਲਾਲ ਜੜਾਉ ॥**
**ਦੀਸਹਿ ਦਾਧੇ ਕਾਨ ਜਿਉ, ਜਿਨ ਮਨਿ ਨਾਹੀ ਨਾਉ ॥** [ਪੰਨਾ ੧੩੬੪

ਇਸ ਸ਼ਬਦ ਦਾ ਸਿਧਾਂਤ ਇਹ ਹੈ ਕਿ ਜਿਹੜਾ ਮਨੁੱਖ ਪਰਾਇਆ ਧਨ, ਪਰਾਇਆ ਰੂਪ ਨਹੀਂ ਚੁਰਾਂਦਾ, ਹਰੀ ਉਸ ਦੇ ਅੰਗ ਸੰਗ ਵਸਦਾ ਹੈ। ਭਾਵ ਨਾਮ ਜਪਣ ਵਾਲਾ ਉਚੇ ਸੁਚੇ ਜੀਵਨ ਵਾਲਾ ਹੋਣਾ ਚਾਹੀਦਾ ਹੈ। ਭਾਈ ਗੁਰਦਾਸ ਜੀ ਨੇ ਗੁਰਸਿਖ ਦੇ ਲਛਣਾ ਦਾ ਵਰਣਨ ਕਰਦਿਆਂ ਇਉਂ ਲਿਖਿਆ ਹੈ:

**੧. ਗੁਰਸਿਖ ਥੋੜਾ ਬੋਲਣਾ, ਥੋੜਾ ਸਉਣਾ ਥੋੜਾ ਖਾਣਾ,**
**ਪਰਤਨ ਪਰ ਧਨ ਪਰਹਰੈ ਪਰਨਿੰਦਾ ਸੁਣਿ ਮਨਿ ਸਰਮਾਣਾ॥** [ਪੰਨਾ ੩੨੨

**੨. ਗੁਰ ਭਾਈ ਗੁਰ ਭਾਈਆਂ, ਸਾਕ ਸਚਾ ਗੁਰਵਾਕ ਜੁਹਾਰੀ ॥**
**ਪਰਤਨ ਪਰਧਨੁ ਪਰਹਰੇ, ਪਰਨਿੰਦਾ ਹਉਮੈ ਪਰਹਾਰੀ ॥** [ਪੰਨਾ ੩੯-੧੮

**ਦੂਧੁ ਕਟੋਰੈ,ਗਡਵੈ ਪਾਨੀ ॥ ਕਪਲ ਗਾਇ, ਨਾਮੈ ਦੁਹਿ ਆਨੀ ॥੧॥ ਦੂਧੁ ਪੀਉ, ਗੋਬਿੰਦੇ ਰਾਇ ॥ ਦੂਧੁ ਪੀਉ, ਮੇਰੋ ਮਨੁ ਪਤੀਆਇ ॥ ਨਾਹੀ ਤ ਘਰ ਕੋ ਬਾਪੁ ਰਿਸਾਇ ॥੧॥ਰਹਾਉ॥ ਸੋੁਇਨ ਕਟੋਰੀ, ਅੰਮ੍ਰਿਤ ਭਰੀ ॥ ਲੈ ਨਾਮੈ, ਹਰਿ ਆਗੈ ਧਰੀ ॥੨॥ ਏਕੁ ਭਗਤੁ, ਮੇਰੇ ਹਿਰਦੇ ਬਸੈ ॥ ਨਾਮੇ ਦੇਖਿ, ਨਰਾਇਨੁ ਹਸੈ ॥੩॥ ਦੂਧੁ ਪੀਆਇ, ਭਗਤੁ ਘਰਿ ਗਇਆ ॥ ਨਾਮੇ, ਹਰਿ ਕਾ ਦਰਸਨੁ ਭਇਆ ॥੪॥੩॥**

## ਉਚਾਰਨ ਸੇਧ

**ਫੁਟਕਲ** : 'ਸੋੁਇਨ' ਪਦ ਵਿਚ 'ਸ' ਅਖਰ ਨੂੰ ਦੋ ਮਾਤ੍ਰਾਂ ਲੱਗੀਆਂ ਹੋਈਆਂ ਹਨ ਪਰ ਇਥੇ 'ਸੁਇਨ' ਪਾਠ ਉਚਾਰਨ ਕਰਨਾ ਹੈ।

**ਪਦ-ਅਰਥ** : ਕਟੋਰੈ-ਕਟੋਰੇ ਵਿਚ। ਗਡਵੈ-ਗਡਵੇ ਵਿਚ। ਕਪਲ ਗਾਇ-ਭੂਰੇ ਜਾਂ ਗੋਰੇ ਰੰਗ ਦੀ ਗਾਂ ਜਿਸ ਦੇ ਥਣ ਕਾਲੇ ਹੋਣ। ਦੁਹਿ-ਚੋ ਕੇ। ਆਨੀ-ਲਿਆਂਦੀ ।੧। ਗੋਬਿੰਦ ਰਾਇ-ਹੇ ਗੋਬਿੰਦ ਰਾਇ (ਪਰਮੇਸ਼ਰ ਜੀ !)। ਪਤੀਆਇ-ਪ੍ਰਸੰਨ ਹੋ ਜਾਵੇ। ਰਿਸਾਇ-ਗੁੱਸੇ ਹੋਵੇਗਾ ॥੧ਰਹਾਉ॥ ਸੁਇਨ ਕਟੋਰੀ-ਸੋਨੇ ਦੀ ਕਟੋਰੀ (ਛੋਟਾ ਕਟੋਰਾ)। ਅੰਮ੍ਰਿਤ ਭਰੀ-ਦੁਧ ਦੀ ਭਰ ਕੇ। ਨਾਮੇ-ਨਾਮ ਦੇਵ ਨੇ।੨। ਹਿਰਦੈ ਬਸੈ-ਹਿਰਦੇ ਵਿਚ ਵਸਦਾ ਹੈ। ਨਾਮੇ ਦੇਖਿ-ਨਾਮਦੇਵ ਨੂੰ ਵੇਖ ਕੇ। ਹਸੈ-ਹਸਦਾ ਹੈ।੩। ਪੀਆਇ-ਪਿਲਾ ਕੇ। ਘਰਿ ਗਇਆ-(ਆਪਣੇ) ਘਰ ਵਿਚ ਚਲਾ ਗਿਆ। ਭਇਆ-ਹੋਇਆ।੪।

**ਅਰਥ** : ਨਾਮਦੇਵ ਨੇ ਕਪਲ ਗਊ (ਚਿਟੇ ਰੰਗ ਦੀ ਗਾਂ) ਚੋ ਕੇ ਲੈ ਆਂਦੀ, ਕਟੋਰੇ ਵਿਚ ਦੁੱਧ ਤੇ ਗੜਵੇ ਵਿਚ ਪਾਣੀ (ਪਾਇਆ ਹੋਇਆ, ਠਾਕੁਰ ਜੀ ਦੇ ਅਗੇ ਆ ਰਖਿਆ)।੧।

ਹੇ ਗੋਬਿੰਦ ਰਾਜੇ ! (ਆਪ) ਦੁੱਧ ਪੀਓ । (ਆਪ ਜ਼ਰੂਰ) ਦੁਧ ਪੀਓ (ਤਾਂ ਜੋ) ਮੇਰਾ ਮਨ ਪ੍ਰਸੰਨ ਹੋ ਜਾਵੇ । (ਜੇ ਆਪ ਦੁੱਧ) ਨਹੀਂ (ਪੀਓਗੇ) ਤਾਂ ਘਰ ਦਾ ਬਾਪ (ਮੇਰਾ ਪਿਉ ਮੈਨੂੰ) ਗੁੱਸੇ ਹੋਵੇਗਾ ।੧।ਰਹਾਉ।

ਨਾਮਦੇਵ ਨੇ ਸੋਨੇ ਦੀ ਕਟੋਰੀ ਅੰਮ੍ਰਿਤ (ਦੁਧ ਨਾਲ) ਭਰੀ ਹੋਈ, ਹਰੀ ਦੇ ਅਗੇ ਲਿਆ ਰਖੀ (ਪਰ ਹਰੀ ਨੇ ਦੁਧ ਨਾ ਪੀਤਾ, ਹੁਣ ਨਾਮ ਦੇਵ ਪ੍ਰੇਮ ਵਿਚ ਆ ਕੇ ਤਰਲੇ ਕਢਣ ਲਗਾ, ਮਿੰਨਤਾਂ ਕਰਨ ਲੱਗਾ) ।੨।

ਨਾਮ ਦੇਵ ਦਾ (ਭੋਲਾ ਸੁਭਾਅ) ਵੇਖ ਕੇ ਭਗਵਾਨ ਹਸ ਪਏ (ਅਤੇ ਕਹਿਣ ਲਗੇ ਕਿ) ਇਕ ਭਗਤ (ਸਦਾ ਹੀ) ਮੇਰੇ ਹਿਰਦੇ ਵਿਚ ਵਸਦਾ ਹੈ ।੩।

(ਨਿਸਚੇ ਨਾਲ ਭਗਵਾਨ ਨੂੰ) ਦੁਧ ਪਿਲਾ ਕੇ ਭਗਤ (ਨਾਮ ਦੇਵ ਆਪਣੇ) ਘਰ (ਵਾਪਸ ਆ) ਗਿਆ। (ਇਸ ਤਰ੍ਹਾਂ) ਨਾਮਦੇਵ ਜੀ ਨੂੰ ਪਰਮਾਤਮਾਂ ਦਾ (ਪਰਤੱਖ) ਦਰਸ਼ਨ ਹੋਇਆ ।੪।੩।

## ਅਰਥ ਭੇਦ ਅਤੇ ਨਿਰਣੈ

### ੳ. ਦੂਧੁ ਕਟੋਰੈ ਗਡਵੈ ਪਾਨੀ ॥ ਕਪਲ ਗਾਇ ਨਾਮੈ ਦੁਹਿ ਆਨੀ ॥

ਸੰਤ ਸੰਪੂਰਨ ਸਿੰਘ ਜੀ ਨੇ ਭਗਤ ਬਾਣੀ ਦੇ ਸਟੀਕ ਵਿਚ ਲਿਖਿਆ ਹੈ ਕਿ 'ਕਟੋਰਿਆਂ ਵਿਚ ਦੁੱਧ ਨਹੀਂ ਚੋਂਦਾ, ਗੜਵਿਆਂ ਵਿਚ ਗਊਆਂ ਅਲਬੱਤਾ । ਜੇਕਰ ਕਟੋਰਾ ਭਗਵਾਨ ਦੁੱਧ ਲਈ ਲੈਂਦੇ ਤਾਂ ਸੋਨੇ ਦੀ ਕਟੋਰੀ ਕਿਸ ਲਈ ਲੈਣੀ ਸੀ? ਇਸ ਲਈ 'ਕਟੋਰੇ ਵਿਚ ਦੁੱਧ' ਅਰਥ ਕਰਨੇ ਅਸੰਗਤ ਸਮਝ ਕੇ ਇਉਂ ਅਰਥ ਕੀਤਾ ਹੈ:- ਦੂਧ ਗਡਵੈ ਕਟੋਰੈ ਪਾਨੀ ॥

(ਥਣ ਗਾਂ ਦੇ ਧੋਣ ਅਰੁ ਠਾਕੁਰ ਜੀ ਦੇ ਹੱਥ ਧੁਆਵਣ ਖ਼ਾਤਰ) ਕਟੋਰੇ ਵਿਚ ਪਾਣੀ (ਲਿਆ ਹੋਯਾ ਅਤੇ) ਗੜਵਾ ਦੁਧ ਲਈ (ਲੈ ਕੇ)। ਕਾਲੀ ਕਾਲੀ ਗਾਂ (ਕਾਮਧੇਨ ਦੀ ਨਸਲ ਵਿਚੋਂ ਮੰਨੀ ਜਾ ਰਹੀ ਛੋਟੇ ਛੋਟੇ ਕੱਦ ਦੀ) ਨਾਮਦੇਵ ਨੇ ਚੋ ਲਿਆਂਦੀ ਨਾਨੇ ਵਾਮਦੇਵ ਦੇ ਥਾਪੇ ਹੋਏ ਸਾਲਗ੍ਰਾਮੀ ਪਿੰਡੀ ਸਰੂਪ-ਠਾਕੁਰ ਜੀ ਅਗੇ)

**ਨਿਰਣੈ** : ਸੰਤ ਜੀ ਨੇ 'ਕਟੋਰੇ' ਤੇ ਕਟੋਰੀ ਦੀ ਨਵੀਂ ਸਮੱਸਿਆ ਖੜੀ ਕਰ ਦਿਤੀ ਹੈ । ਕਟੋਰਾ ਸ਼ਬਦ ਦੀ ਵਰਤੋਂ ਭਾ. ਸ. ਗੁਰਦਾਸ ਜੀ ਦੀ ਰਚਿਤ ਵਾਰ ੧-੪੪ ਵਿਚ ਇਸ ਤਰ੍ਹਾਂ ਕੀਤੀ ਗਈ ਹੈ:

**ਮੇਲਿਓ ਬਾਬਾ ਉਠਿਆ, ਮੁਲਤਾਨੇ ਦੀ ਜਯਾਰਤ ਜਾਈ ॥**
**ਅਗੋਂ ਪੀਰ ਮੁਲਤਾਨ ਦੇ ਦੁਧਿ ਕਟੋਰਾ ਭਰਿ ਲੈ ਆਈ ॥**

ਇਥੇ ਦੁਧ ਚੋਣ ਜਾਂ ਹੱਥ ਧੁਆਣ ਲਈ ਕਟੋਰੇ ਵਿਚ ਪਾਣੀ ਪਾਣ ਵਾਲੀ ਗਲ ਵਾਧੂ ਜਿਹੀ ਹੀ ਨਹੀਂ ਜਾਪਦੀ ਸਗੋਂ ਪਰਮਾਤਮਾ ਦਾ ਸਰਗੁਣ ਰੂਪ ਪ੍ਰਗਟਾਉਂਦੀ ਹੈ। ਇਸ ਲਈ 'ਕਟੋਰੇ ਵਿਚ ਦੁਧ'

ਅਰਥ ਕਰਨੇ ਅਸੰਗਤ ਨਹੀਂ ਕਹੇ ਜਾ ਸਕਦੇ। ਹਾਂ, ਦੁਧ ਕਟੋਰੇ ਵਿਚ ਨਹੀਂ ਚੋਇਆ ਜਾਂਦਾ, ਮਟਕੀ ਵਿਚ ਚੋਇਆ ਜਾਂਦਾ ਹੈ ਜਿਸ ਦਾ ਜ਼ਿਕਰ ਭਗਤ ਜੀ ਨੇ ਆਪਣੀ ਰਚਨਾ ਵਿਚ ਇਉਂ ਕੀਤਾ ਹੈ :

**ਦੂਧਹਿ ਦੁਹਿ ਜਬ ਮਟੁਕੀ ਭਰੀ ॥ ਲੇ ਬਾਦਿਸਾਹ ਕੇ ਆਗੇ ਧਰੀ ॥੨੦॥**

ਸੰਤ ਜੀ ਨੇ ਕਿਸੇ ਮੰਦਰ ਵਿਚ ਠਾਕੁਰਾਂ ਨੂੰ ਭੋਗ ਲਗਾਉਂਦੇ ਵੇਖਿਆ ਹੁੰਦਾ ਤਾਂ ਉਨ੍ਹਾਂ ਨੂੰ ਪਤਾ ਹੁੰਦਾ ਕਿ ਪੂਜਾ ਕਰਨ ਵਾਲੇ ਪ੍ਰੇਮੀਆਂ ਪਾਸ ਛੋਟੀਆਂ ਛੋਟੀਆਂ ਕਟੋਰੀਆਂ ਹੁੰਦੀਆਂ ਹਨ। ਆਮ ਤੌਰ ਤੇ ਘਰਾਂ ਵਿਚ 'ਕਟੋਰੇ' ਦੀ ਵਰਤੋਂ ਹੀ ਕੀਤੀ ਜਾਂਦੀ ਹੈ।

**ਅ. ਨਾਹੀ ਤ ਘਰ ਕੋ ਬਾਪੁ ਰਿਸਾਇ ॥**

'ਦਰਪਣ' ਦੇ ਕਰਤਾ ਨੇ 'ਨਾਹੀ ਤ ਘਰ ਕੋ ਬਾਪੁ ਰਿਸਾਇ' ਦੀ ਵਿਆਖਿਆ ਕਰਦਿਆਂ ਲਿਖਿਆ ਹੈ:

'ਕਿਤੇ ਇਹੀ ਲਫਜ਼ ਪੜ੍ਹ ਕੇ ਇਹ ਸਾਖੀ ਚਲ ਪਈ ਜਾਪਦੀ ਹੈ ਕਿ ਨਾਮਦੇਵ ਦੇ ਪਿਉ ਨੇ ਵਾਂਢੇ ਜਾਣ ਲੱਗਿਆਂ 'ਠਾਕੁਰਾਂ' ਨੂੰ ਦੁੱਧ ਪਿਆਉਣ ਦਾ ਕੰਮ ਨਾਮਦੇਵ ਨੂੰ ਸੌਂਪਿਆ। ਪਰ ਅਜਿਹੇ ਲਫਜ਼ ਤਾਂ ਗੁਰਬਾਣੀ ਵਿਚ ਹੋਰ ਭੀ ਕਈ ਥਾਈਂ ਆਉਂਦੇ ਹਨ, ਜਿਵੇਂ :

੧. **ਸਉਕਨਿ ਘਰ ਕੀ ਕੀਤਿ ਤਿਆਗੀ ॥**

੨. **ਘਰ ਕੇ ਜਿਠੇਰੇ ਕੀ ਚੂਕੀ ਕਾਣਿ ॥**

੩. **ਘਰ ਕੀ ਨਾਇਕਿ ਘਰ ਵਾਸੁ ਨ ਦੇਵੈ ॥** (ਏਦਾਂ ਦੇ ੭ ਹੋਰ ਪ੍ਰਮਾਣ ਦਿੱਤੇ ਹਨ)

ਇਥੇ ਘਰ ਦਾ ਅਰਥ ਸਰੀਰ ਹੈ। ਇਸ ਤਰ੍ਹਾਂ ਨਾਮਦੇਵ ਜੀ ਦੀ ਇਸ ਤੁਕ 'ਨਾਹੀ ਤ ਘਰ ਕੋ ਬਾਪੁ ਰਿਸਾਇ' ਵਿਚ 'ਘਰ ਕੋ ਬਾਪੁ' ਦਾ ਅਰਥ ਹੈ 'ਆਤਮਾ, ਜਿੰਦ, ਮਨ।'

**ਨਿਰਣੈ:** ਉਪ੍ਰੋਕਤ ਪ੍ਰਮਾਣਾਂ ਦਾ 'ਘਰ ਕੋ ਬਾਪੁ' ਨਾਲ ਨੇੜੇ ਤੇੜੇ ਦਾ ਵੀ ਸਬੰਧ ਨਹੀਂ ਹੈ। ਪਤਾ ਨਹੀਂ ਪ੍ਰੋਫੈਸਰ ਜੀ ਨੇ ਵਿਆਖਿਆ ਦੇ ਵੇਗ ਵਿਚ ਆ ਕੇ ਪ੍ਰਮਾਣਾ ਦੀ ਐਨੀ ਝੜੀ ਕਿਉਂ ਲਾ ਦਿੱਤੀ ਹੈ? 'ਬਾਪੁ' ਪਦ ਦੇ ਤਿੰਨ ਅਰਥ 'ਆਤਮਾ, ਜਿੰਦ ਤੇ ਮਨ' ਕਰਨੇ ਉਕੇ ਹੀ ਅਪ੍ਰਸੰਗਕ ਹਨ ਕਿਉਂਕਿ ਪਪੇ ਨੂੰ ਲੱਗਾ ਔਂਕੜ ਇਕ ਵਚਨ ਪੁਲਿੰਗ ਨਾਵ ਦਾ ਲਖਾਇਕ ਹੈ। ਕੀ ਇਹ ਤਿੰਨ ਪਦ ਇਕ 'ਬਾਪੁ' ਦੇ ਸੂਚਕ ਮੰਨੇ ਜਾ ਸਕਦੇ ਹਨ? ਅਸਲ ਵਿਚ ਨਾਮਦੇਵ ਵਾਲੀ ਪ੍ਰਚਲਤ ਸਾਖੀ ਨੂੰ ਨਾ ਮੰਨਣ ਕਰਕੇ ਹੀ ਅਜਿਹੀ ਅਰਥ ਵਿਵਸਥਾ ਪੈਦਾ ਹੋਈ ਹੈ ਜੋ ਪਾਠਕਾਂ ਲਈ ਨਿਰਾਸ਼ਾਜਨਕ ਤੇ ਨਿਰੌਸੀ ਹੈ।

ਭਾ. ਸਾ. ਗੁਰਦਾਸ ਜੀ ਨੇ ਦਸਵੀਂ ਵਾਰ ਦੀ ੧੧ਵੀ ਪਉੜੀ ਵਿਚ ਸਪਸ਼ਟ ਅੰਕਿਤ ਕੀਤਾ ਹੈ:

**ਕੰਮ ਕਿਤੇ ਪਿਉ ਚਲਿਆ ਨਾਮਦੇਉ ਨੋ ਆਖਿ ਸਿਧਾਇਆ ॥**

**ਠਾਕੁਰ ਦੀ ਸੇਵਾ ਕਰੀ ਦੁਧੁ ਪੀਆਵਣ ਕਹਿ ਸਮਝਾਇਆ ॥**

'ਪਿਉ' ਨੂੰ ਹਿਰਦੇ ਰੂਪੀ ਘਰ ਵਿਚ 'ਆਤਮਾ' ਜਿੰਦ ਤੇ ਮਨ ਦਾ ਪਿਉ ਦਸਣਾ ਇਕ ਹਾਸੋ ਹੀਣਾ ਜਿਹਾ ਵੀਚਾਰ ਹੈ ਕਿਉਂਕਿ ਭਗਤ ਜੀ ਤਾਂ 'ਮਨ' ਨੂੰ 'ਗਜੁ' (ਹਾਥੀ) ਨਾਲ ਤੁਲਨਾ ਦੇ ਰਹੇ ਹਨ। ਪੰਜਾਬੀ ਮਹਾਨ ਕੋਸ਼ ਵਿਚ ਭਾ. ਕਾਨ੍ਹ ਸਿੰਘ ਜੀ ਨੇ 'ਮਨੁ' ਪਦ ਦੇ ਅਰਥ 'ਬਾਪ' ਕਿਤੇ ਨਹੀਂ ਦਿਤੇ। ਜੇ ਗੁਰਬਾਣੀ ਵਿਚ 'ਮਨੁ' ਸ਼ਬਦ 'ਪਿਉ' ਵਾਲੇ ਅਰਥਾਂ ਦਾ ਸੰਕੇਤਕ ਹੁੰਦਾ ਤਾਂ ਗੁਰਬਾਣੀ ਵਿਚੋਂ ਕੋਈ

ਇਕ ਅਧ ਪੰਕਤੀ ਪਾਠਕਾਂ ਦੀ ਤਸਲੀ ਲਈ ਅੰਕਿਤ ਕੀਤੀ ਜਾ ਸਕਦੀ ਸੀ । ਫਿਰ ਸਬੰਧਤ ਸ਼ਬਦ ਵਿਚ 'ਮਨੁ' ਪਦ ਦੀ ਵਰਤੋਂ ਹੀ 'ਬਾਪੁ' ਨਾਲੋਂ ਨਿਖੇੜਦੀ ਹੈ :--

**ਦੂਧੁ ਪੀਉ ਗੋਬਿੰਦੇ ਰਾਇ ॥ ਦੂਧੁ ਪੀਉ ਮੇਰੋ ਮਨੁ ਪਤੀਆਇ ॥**
**ਨਾਹੀ ਤ ਘਰ ਕੋ ਬਾਪੁ ਰਿਸਾਇ ॥**

**ੲ. ਸੁੋਇਨ ਕਟੋਰੀ ਅੰਮ੍ਰਿਤ ਭਰੀ ॥ ਲੈ ਨਾਮੈ ਹਰਿ ਆਗੈ ਧਰੀ ॥**

ਵਖ ਵਖ ਅਰਥ :

੧. ਸੋਨੇ ਦੀ ਕਟੋਰੀ ਅੰਮ੍ਰਿਤ ਰੂਪ ਦੁਧ ਕੀ ਭਰੀ ਹੂਈ ਲੇਕਰ ਨਾਮਦੇਵ ਜੀ ਨੇ ਹਰੀ ਕੇ ਆਗੈ ਧਰੀ ।

[ਫ. ਸ. ਨਰੋਤਮ

੨ (ਨਾਮ ਦੇਵ ਹੁਰਾਂ ਨੂੰ ਪਤਾ ਨਹੀਂ ਸੀ ਕਿ ਬਾਪੂ ਹੁਰੀਂ ਨਾਮ ਧਰੀਕ ਭਗਤਾਂ ਵਾਂਗੂੰ ਆਪੂੰ ਹੀ ਛਕਿਆ ਕਰਦੇ ਹਨ ਤੇ ਇਹ ਠਾਕੁਰ ਇਵੇਂ ਦੇ ਹੀ ਠਾਕੁਰ ਹਨ । ਓਨਾਂ ਦੇ ਅੰਦਰ ਸੱਚੇ ਠਾਕੁਰ ਦੀ ਸੱਚੀ ਭੌਣੀ ਸੀ, ਜਿਸ ਕਰਕੇ ਨਾ ਰਹਿ ਸਕੇ ਤੇ ਗੜਵੇ ਵਿਚੋਂ) ਸੋਨੇ ਦੀ ਕਟੋਰੀ ਅੰਮ੍ਰਿਤ' (ਦੁਧ) ਦੀ ਭਰ ਕੇ ਨਾਮਦੇਵ ਜੀ ਨੇ ਚੁਕ ਕੇ ਹਰੀ (ਸਾਖਯਾਤ ਸੁਰਜੀਤ ਸਰੂਪ ਠਾਕੁਰ ਨੂੰ ਤੱਕਦਿਆਂ ਓਨਾਂ ਦੇ) ਅਗੇ ਧਰੀ (ਮੂੰਹ ਨਾਲ ਜੀਕੂੰ ਲਾਈਦੀ ਹੈ, ਈਕੂੰ ਵਧਾਈ) ।

[ਸੰਤ ਸੰਪੂਰਨ ਸਿੰਘ ਜੀ

੩. ਨਾਮ-ਅੰਮ੍ਰਿਤ ਦੀ ਭਰੀ ਹੋਈ ਪਵਿੱਤਰ ਹਿਰਦਾ-ਰੂਪ ਕਟੋਰੀ ਨਾਮੇ ਨੇ ਲੈ ਕੇ (ਆਪਣੇ) ਹਰੀ ਦੇ ਅੱਗੇ ਰੱਖ ਦਿਤੀ ਹੈ (ਭਾਵ ਪ੍ਰਭੂ ਦੀ) ਯਾਦ ਨਾਲ ਨਿਰਮਲ ਹੋਇਆ ਹਿਰਦਾ ਨਾਮ ਦੇਵ ਨੇ ਆਪਣੇ ਪ੍ਰਭੂ ਦੇ ਅੱਗੇ ਖੋਲ੍ਹ ਕੇ ਰੱਖ ਦਿਤਾ, ਨਾਮਦੇਵ ਦਿਲੀ ਵਲਵਲੇ ਨਾਲ ਪ੍ਰਭੂ ਅਗੇ ਅਰਦਾਸ ਕਰਦਾ ਹੈ ਤੇ ਆਖਦਾ ਹੈ ਕਿ ਮੇਰਾ ਦੁੱਧ ਪੀ ਲੈ ।੩।੨।

ਜੇ ਘਰ ਵਿਚ ਹੀ 'ਠਾਕੁਰ' ਰੱਖੇ ਹੋਏ ਸਨ, ਤਾਂ ਕੀ ਨਾਮਦੇਵ ਜੀ ਚੰਗੇ ਧਨੀ ਸਨ ਕਿ 'ਠਾਕੁਰ' ਨੂੰ ਦੁੱਧ ਪਿਲਾਣ ਲਈ ਉਹਨਾਂ ਸੋਨੇ ਦੀ ਕਟੋਰੀ ਬਣਵਾਈ ਹੋਈ ਸੀ ? ਉਂਵ ਜੇ ਨਾਮਦੇਵ ਜੀ ਦੀ ਗੱਲ ਉੱਤੇ ਇਤਬਾਰ ਕਰਨਾ ਹੈ ਤਾਂ ਉਹਨਾਂ ਵਿਚ 'ਸੋਇਨ ਕਟੋਰੀ' ਕਿਸੇ 'ਠਾਕੁਰ' ਅੱਗੇ ਨਹੀਂ ਸੀ ਰੱਖੀ। ਉਹ ਤਾਂ 'ਹਰਿ ਆਗੈ ਧਰੀ' ਸੀ । ਹਾਂ, ਸਵਾਲ ਇਹ ਸੀ ਕਿ ਕੀ ਨਾਮਦੇਵ ਜੀ ਸੱਚ-ਮੁਚ ਪੈਸੇ ਵਾਲੇ ਸਨ ਕਿ ਕਟੋਰੀ ਸੋਨੇ ਦੀ ਬਣਵਾਈ ਹੋਈ ਸੀ ? ਹੋ ਸਕਦਾ ਹੈ ਕਿ ਆਪਣੇ ਇਸ਼ਟ ਦੀ ਪੂਜਾ ਲਈ ਪੈਸੇ ਜੋੜ ਜੋੜ ਕੇ ਸੋਨੇ ਦੀ ਕਟੋਰੀ ਬਣਵਾ ਲਈ ਹੋਵੇ । ਪਰ ਕੀ ਨਾਮਦੇਵ ਜੀ ਕੱਪੜੇ ਸੀਊਣ ਲਈ ਭੀ ਸੋਨੇ ਦੀ ਸੂਈ ਹੀ ਵਰਤਦੇ ਸਨ? ਉਹ ਆਪ ਲਿਖਦੇ ਹਨ :

**"ਸੋਨੇ ਕੀ ਸੂਈ ਰੁਪੇ ਕਾ ਧਾਗਾ ॥ ਨਾਮੇ ਕਾ ਚਿਤੁ ਹਰਿ ਸਿਉ ਲਾਗਾ "**

ਜੇ ਨਿਰੀ 'ਸੂਈ' ਦਾ ਜ਼ਿਕਰ ਹੁੰਦਾ ਤਾਂ ਸ਼ਾਇਦ ਮੰਨਣਾ ਪੈ ਜਾਂਦਾ, ਪਰ 'ਚਾਂਦੀ' ਦਾ ਧਾਗਾ ਤਾਂ ਵਰਤਿਆ ਨਹੀਂ ਜਾ ਸਕਦਾ । ਇੱਥੇ ਤਾਂ ਗੱਲ ਹੋਰ ਹੀ ਹੈ। ਜਿਵੇਂ ਕੱਪੜਾ ਸੀਊਣ ਵੇਲੇ 'ਸੂਈ'

ਅੱਗੇ ਅੱਗੇ ਤੁਰਦੀ ਹੈ ਤੇ ਉਸ ਦੇ ਪਿੱਛੇ ਪਿੱਛੇ 'ਧਾਗਾ' ਤੁਰ ਕੇ ਕੱਪੜੇ ਨੂੰ ਸੀਉਂ ਦੇਂਦਾ ਹੈ, ਤਿਵੇਂ 'ਗੁਰੂ ਦਾ ਸ਼ਬਦ' ਅੱਗੇ ਅੱਗੇ ਚਲ ਕੇ ਸਿੱਖ ਦੀ ਸੁਰਤਿ ਨੂੰ ਵਿੰਨ੍ਹ ਕੇ ਉੱਚਾ ਕਰ ਕੇ, ਪਵਿੱਤਰ ਕਰ ਕੇ, ਸ਼ੁੱਧ ਬਣਾ ਕੇ, ਜਿੰਦ ਨੂੰ ਪ੍ਰਭੂ-ਚਰਨਾਂ ਨਾਲ ਸੀਉਂ ਦੇਂਦਾ ਹੈ। ਇਸੇ ਤਰ੍ਹਾਂ 'ਸੋਇਨ ਕਟੋਰੀ' ਤੋਂ ਭਾਵ ਹੈ "ਸਤਿਗੁਰੂ ਦੇ ਸ਼ਬਦ ਦੀ ਬਰਕਤ ਨਾਲ ਪਵਿੱਤਰ ਹੋਇਆ ਹੋਇਆ ਹਿਰਦਾ"॥ [ਦਰਪਣ

**ਨਿਰਣੈ** : ਸੋਨੇ ਦੀ ਕਟੋਰੀ ਬਾਰੇ ਪ੍ਰੋ: ਸਾਹਿਬ ਸਿੰਘ ਲਿਖਦੇ ਹਨ 'ਕੀ ਨਾਮ ਦੇਵ ਜੀ ਚੰਗੇ ਧਨੀ ਸਨ ਕਿ 'ਠਾਕੁਰ' ਨੂੰ ਦੁੱਧ ਪਿਲਾਣ ਲਈ ਉਹਨਾਂ ਸੋਨੇ ਦੀ ਕਟੋਰੀ ਬਣਵਾਈ ਹੋਈ ਸੀ ? ਇਕ ਨਿਗੂਣਾ ਜਿਹਾ ਪ੍ਰਸ਼ਨ ਜਾਪਦਾ ਹੈ। ਨਾਮਦੇਵ ਜੀ ਦੇ ਸਮੇਂ ਮਿੱਟੀ ਜਾਂ ਪਥਰ ਦੇ ਠਾਕੁਰ ਦਾ ਕਿਤਨਾ ਕੁ ਮੁਲ ਸੀ? ਓਦੋਂ ਸੋਨੇ ਦਾ ਕੀ ਭਾ ਹੋਵੇਗਾ ? ਸੋ ਉਸ ਸਮੇਂ ਦੀ ਅਜੋਕੇ ਸਮੇਂ ਨਾਲ ਤੁਲਨਾ ਕਰਨੀ ਨਿਰਾਰਥਕ ਜਿਹੀ ਗਲ ਜਾਪਦੀ ਹੈ। ਪੂਜਾ ਦੀ ਸਮਿਗ੍ਰੀ ਚਾਹੇ ਅਮੀਰ ਘਰਾਣਾ ਹੋਵੇ, ਚਾਹੇ ਗਰੀਬ, ਲਗਪਗ ਸਾਰੇ ਹੀ ਰਖਦੇ ਹਨ।

*'ਸੋਨੇਂ ਦੀ ਸੂਈ ਰੁਪੇ ਕਾ ਧਾਗਾ'* ਵਾਲੀ ਪੰਕਤੀ ਦਾ ਪ੍ਰਕਰਣ ਹੈ - *"ਕਹਾ ਕਰਉ ਜਾਤੀ, ਕਹ ਕਰਉ ਪਾਤੀ ॥ ਰਾਮ ਕੋ ਨਾਮੁ ਜਪਉ ਦਿਨ ਰਾਤੀ॥"* ਜਿਸ ਤਰ੍ਹਾਂ ਇਸ ਸ਼ਬਦ ਵਿਚ 'ਮਨ' ਨੂੰ 'ਗਜ' ਅਤੇ 'ਜਿਹਬਾ' ਨੂੰ 'ਕਾਤੀ' ਦਸਿਆ ਹੈ, ਇਸ ਤਰ੍ਹਾਂ 'ਦੂਧ ਕਟੋਰੈ ਗਡਵੈ ਪਾਨੀ ॥ ਕਪਲ ਗਾਇ ਨਾਮੈ ਦੁਹਿ ਆਨੀ' ਵਾਲੀ ਪੰਕਤੀ ਵਿਚ ਦੁਧ, ਕਟੋਰਾ, ਗਡਵਾ ਕਪਲ ਗਾਇ ਨੂੰ ਕਿਸੇ ਭਾਵਕ ਸ਼ਬਦ ਨਾਲ ਤੁਲਨਾ ਦੇ ਕੇ ਨਹੀਂ ਦਰਸਾਇਆ ਗਿਆ।

ਦਰਪਣ ਦੇ ਕਰਤਾ ਦੀ ਵਿਚਾਰ ਪੜ੍ਹ ਕੇ 'ਸੋਇਨ ਕਟੋਰੀ' ਦੇ ਅਰਥ (ਹਿਰਦਾ ਰੂਪ ਕਟੋਰੀ) ਕਰਨੇਠੀਕ ਨਹੀਂ ਜਾਪਦੇ ਕਿਉਂਕਿ ਅਗਲੀ ਪੰਕਤੀ ਵਿਚ ਅੰਕਿਤ ਸ਼ਬਦਾਵਲੀ 'ਲੈ ਨਾਮੈ ਹਰਿ ਆਗੈ ਧਰੀ' ਵਿਚ 'ਆਗੈ ਧਰੀ' ਦਾ ਅਰਥ ਕੀ ਕਰਾਂਗੇ ? ਕੀ ਭਗਤ ਨਾਮਦੇਵ ਜੀ ਨੇ ਆਪਣਾ ਹਿਰਦਾ ਸਰੀਰ ਨਾਲੋਂ ਵਖਰਾ ਕਰਕੇ ਦੁਧ ਪਾਉਣ ਲਈ ਕਟੋਰੀ ਬਣਾਈ ? ਸਾਕਾਰ ਰੂਪ ਸ਼ਬਦਾਵਲੀ ਨੂੰ ਨਿਰ-ਆਕਾਰ ਰੂਪ ਵਿਚ ਅਰਥਾਉਣਾ ਓਪਰਾ ਜਿਹਾ ਲਗਦਾ ਹੈ। ਭਗਤ ਨਾਮਦੇਵ ਜੀ ਨੇ ਹਿਰਦੇ ਵਿਚ 'ਦੁੱਧ' ਦੀ ਥਾਂ ਕਿਹੜਾ ਪਦਾਰਥ ਕਟੋਰੀ ਵਿਚ ਪਾ ਕੇ ਹਰੀ ਅਗੇ ਰਖਿਆ ? । ਸਮੂਹ ਟੀਕਾਕਾਰਾਂ ਨੇ ਬੀਤੀ ਸਾਖੀ ਨੂੰ ਮੰਨਿਆ ਹੈ, ਪ੍ਰੰਤੂ ਇਸ ਵਿਚ ਵਰਤੇ ਹੋਏ ਦੁੱਧ, ਕਟੋਰਾ, ਗਡਵਾ ਅਤੇ ਕਪਲ ਗਾਇ ਆਦਿ ਸ਼ਬਦਾਂ ਦੇ ਪ੍ਰਤੀਕ ਨਹੀਂ ਦਰਸਾਏ। ਇਸ ਲਈ 'ਸੋਇਨ ਕਟੋਰੀ' ਦੇ ਅਰਥ 'ਸੋਨੇ ਦੀ ਨਿਕੀ ਜਿਹੀ ਕਟੋਰੀ' ਕਰਨੇ ਹੀ ਉਚਿਤ ਹਨ।

**ਸ. ਏਕੁ ਭਗਤੁ ਮੇਰੇ ਹਿਰਦੇ ਬਸੈ ॥ ਨਾਮੇ ਦੇਖਿ ਨਰਾਇਨੁ ਹਸੈ ॥**

ਵਖ ਵਖ ਅਰਥ :

੧ ਮੇਰਾ ਅਨੰਨ ਭਗਤ ਸਦਾ ਮੇਰੇ ਹਿਰਦੇ ਵਿਚ ਵਸਦਾ ਹੈ। [ਦਰਪਣ

੨ ਮੇਰੇ ਹਿਰਦੇ ਵਿਚ ਤਾਂ ਇਕ ਤੁਹਾਡੀ ਭਗਤੀ ਵਸ ਰਹੀ ਹੈ। ਆਪ ਫਿਰ ਵੀ ਦੁਧ ਨਹੀਂ ਪੀਂਦੇ।

[ਸੰ.ਸ.

**ਨਿਰਣੈ:** ਗੁਰਬਾਣੀ ਲਗਾਮਾਤਰੀ ਨੇਮਾ ਅਨੁਸਾਰ ਜਦੋਂ ਵੀ ਭਗਤ, ਭਗਤੁ ਤੇ ਭਗਤਿ ਵਖ ਵਖ ਰੂਪ ਹੋਣਗੇ ਤਾਂ ਇਨ੍ਹਾਂਦੇ ਅਰਥ ਵੀ ਵਖੋ ਵਖਰੇ ਹੋਣਗੇ। ਜਿਵੇਂ:—

੧. **ਭਗਤ**-(ਬਹੁਤੇ ਭਗਤ) **ਭਗਤ ਤੇਰੈ ਮਨਿ ਭਾਵਦੇ,**
**ਦਰਿ ਸੋਹਨਿ ਕੀਰਤਿ ਗਾਵਦੇ ॥** [ਪੰਨਾ ੪੬੮

੨. **ਭਗਤੁ**-(ਇਕ ਭਗਤ)
**ਭਗਤੁ ਤੇਰਾ ਸੋਈ ਤੁਧੁ ਭਾਵੈ, ਜਿਸਨੋ ਤੂ ਰੰਗੁ ਧਰਤਾ।** [ਪੰਨਾ ੧੧੮੫

੩ **ਭਗਤਿ**-(ਭਗਤੀ) **ਭਗਤਿ ਭਾਇ ਤਰੀਐ ਸੰਸਾਰੁ ॥** [ਪੰਨਾ ੨੯੦

ਸੰਪ੍ਰਦਾਈ ਸਟੀਕ ਵਾਲੇ ਅਰਥ ਠੀਕ ਨਹੀਂ ਹਨ। ਲਗਮਾਤਰੀ ਨੇਮਾਂ ਦੀ ਸੇਧ ਲਏ ਬਿਨਾਂ ਜੋ ਅਰਥ ਕੀਤੇ ਜਾਂਦੇ ਹਨ ਓਹ ਅਟਕਲ-ਪਚੂ ਹੀ ਹੁੰਦੇ ਹਨ।

ਸ-੨. 'ਸਾਖੀ ਪ੍ਰਮਾਣ' ਦੇ ਲੇਖਕ ਸ੍ਰੀ ਮਾਨ ਸੰਤ ਆਤਮਾ ਸਿੰਘ ਜੀ ਲਿਖਦੇ ਹਨ ਕਿ 'ਨਾਮਦੇਵ ਜੀ ਲਾਗੇ ਪੂਜਾ ਕਰਨੇ। ਕਪਲ ਗਊ ਕਾ ਦੂਧ ਚੋਇ ਕੇ ਕਾੜ੍ਹ ਕੇ ਕਟੋਰਾ ਭਰ ਕੇ ਭਗਵੰਤ ਕੀ ਮੂਰਤੀ ਆਗੇ ਧਰਾ ਪੜਦਾ ਕਰਕੇ। ਜਬ ਦੇਖਾ ਤਬ ਓਹ ਦੂਧ ਉਤਨਾ ਹੀ ਰਹਾ। ਤਬ ਨਾਮਦੇਵ ਜੀ ਨੇ ਜਾਨਿਆਂ ਜੋ ਕੋਈ ਕਸੂਰ ਮੇਰੇ ਥੇ ਹੂਆ ਹੈ ਜਿਸ ਕਰ ਕੇ ਠਾਕੁਰ ਜੀ ਨੇ ਨਹੀਂ ਪੀਆ। ਪੁਨਾ ਦੂਸਰੇ ਦਿਨ ਭੀ ਵੈਸੇ ਹੀ ਕਰਾ ਤੌਂ ਭੀ ਕਟੋਰਾ ਭਰਿਆ ਹੀ ਰਹਾ। ਜਬ ਤੀਸਰਾ ਦਿਨ ਹੂਆ ਅਰ ਦੂਧ ਵੈਸੇ ਹੀ ਰਹਾ, ਤਬ ਨਾਮ ਦੇਵ ਜੀ ਨੇ ਜਾਨਾਂ ਜੋ ਹਮਾਰੇ ਉਤੇ ਭਗਵਾਨ ਜੀ ਕੀ ਕੁਛ ਕ੍ਰੋਪੀ ਹੈ। ਤਬ ਲੇ ਕਰ ਕੇ ਛੁਰੀ ਮਾਰਣੇ ਦਾ ਸੰਕਲਪ ਕੀਆ। ਕਹਾ ਜੋ ਭਗਵਾਨ ਜੀ ਦੀ ਕ੍ਰੋਪੀ ਹੈ, ਤਬ ਜੀਵਨ ਕਾ ਕਿਆ ਫਲ ਹੈ। ਜਬ ਛੁਰੀ ਲਾਗੇ ਮਾਰਨੇ ਤਬ ਭਗਵਾਨ ਜੀ ਨੇ ਆਇ ਕੇ ਹਾਥ ਪਕੜਿਆ , ਕਹਾ ਮਰ ਨਾ ਦੂਧ ਪਾਨ ਕਰਤਾ ਹੂੰ। ਤਬ ਬਹੁਤ ਖੁਸ਼ ਹੂਆ ਨਾਮ ਦੇਵ। ਭਗਵੰਤ ਲਾਗੇ ਦੂਧ ਪੀਣ। ਜਦ ਥੋੜਾ ਰਹਾ ਤੇ ਨਾਮ ਦੇਵ ਜੀ ਨੇ ਭਗਵੰਤ ਜੀ ਕਾ ਹਾਥ ਪਕੜਾ। ਕਹਾ, ਜੀ ! ਨਾਨਾ ਤੌਂ ਨਿਤ ਸੀਤ ਪ੍ਰਸਾਦ ਦੇਤਾ ਥਾ ਆਪ ਸਾਰਾ ਹੀ ਪੀ ਜਾਤੇ ਹੈਂ। ਐਸੇ ਜਬ ਹੂਆ ਤੌਂ ਭਗਵਾਨ ਛੰਨਾ ਦੇ ਕਰ ਨਾਮ ਦੇਵ ਜੀ ਕੋ ਹਸ ਪੜੇ।"

**ਨਿਰਣੈ** : ਉਪ੍ਰੋਕਤ ਵਿਆਖਿਆ ਵਿਚ ਸੰਤ ਆਤਮਾ ਸਿੰਘ ਜੀ ਦੇ ਇਹ ਸ਼ਬਦ "ਜਬ ਛੁਰੀ ਲਾਗੇ ਮਾਰਨੇ ਤਬ ਭਗਵਾਨ ਜੀ ਨੇ ਆਇ ਕੇ ਹਾਥ ਪਕੜਿਆ, ਕਹਾ 'ਮਰ ਨਾ ਦੂਧ ਪਾਨ ਕਰਤਾ ਹੂੰ, ਤਬ ਬਹੁਤ ਖੁਸ਼ ਹੂਆ ਨਾਮ ਦੇਵ। ਭਗਵੰਤ ਲਾਗੇ ਦੂਧ ਪੀਣ ॥" ਗੁਰਬਾਣੀ ਦੀ ਕਸਵਟੀ ਤੇ ਪੂਰੇ ਨਹੀਂ ਉਤਰਦੇ। ਗੁਰਵਾਕ ਹਨ:—

੧. **ਹਠ ਕਰਿ ਮਰੈ ਨ ਲੇਖੈ ਪਾਵੈ ॥** [ਪੰਨਾ ੨੨੬

੨. **ਮਨ ਹਠਿ ਕੀਚੈ ਅੰਤਿ ਵਿਗੋਵੈ ॥** [ਪੰਨਾ ੩੫੬

੩. **ਮਨ ਹਠਿ ਜੋ ਕਮਾਵੈ,ਤਿਲੁ ਨ ਲੇਖੈ ਪਾਵੈ ॥** [ਪੰਨਾ ੬੩੭

ਸੋ, ਗੁਰਬਾਣੀ ਵਿਚ ਮਨ ਹਠ ਕਰਮਾਂ ਦੀ ਨਿਖੇਧੀ ਕੀਤੀ ਗਈ ਹੈ। 'ਗੋਬਿੰਦ ਭਾਉ ਭਗਤਿ

ਦਾ ਭੁਖਾ' ਹੈ। ਇਸ ਭਾਵਨਾ ਨਾਲ ਇਸ ਸਾਖੀ ਨੂੰ ਜੋੜਨਾ ਹੀ ਗੁਰਮਤਿ ਅਨੁਕੂਲ ਮੰਨਿਆ ਜਾ ਸਕਦਾ ਹੈ। ਸਾਖੀ ਦੇ ਮੂਲ ਤੱਥਾਂ ਨੂੰ ਤ੍ਰੋੜ ਮਰੋੜ ਕੇ ਪੇਸ਼ ਕਰਨਾ ਪਾਠਕਾਂ ਕੇ ਦਿਲਾਂ ਵਿਚ ਭਰਮ ਭੁਲੇਖੇ ਪਾਉਣ ਅਤੇ ਅਵਿਸ਼ਵਾਸ਼ ਪੈਦਾ ਕਰਨ ਤੋਂ ਸਿਵਾ ਹੋਰ ਕੁਝ ਨਹੀਂ ਲਭਦਾ।

ਜੋ 'ਹਸੈ' ਦਾ ਰਹੱਸ 'ਏਕ ਭਗਤੁ ਮੇਰੇ ਹਿਰਦੇ ਵਸੈ ਨਾਮੇ ਦੇਖਿ ਨਾਰਾਇਨੁ ਹਸੈ' ਵਾਲੀ ਪੰਗਤੀ ਵਿਚ ਹੈ, ਉਹ ਕੋਈ ਸਾਧਾਰਨ ਸਾਧਨਾ ਵਾਲੀ ਗਲ ਨਹੀਂ । ਇਸ 'ਹਾਸੇ' ਨੂੰ ਵੇਖਣ ਵਾਲੇ ਭਗਤ ਨਾਮਦੇਵ ਜੀ ਧੰਨ ਹਨ। ਇਹ ਅਸੀਮ ਦਇਆਲਤਾ ਵਾਲਾ ਹਾਸਾ ਉਸ ਨੂੰ ਵੇਖਣਾ ਨਸੀਬ ਹੁੰਦਾ ਹੈ ਜਿਸ ਤੇ ਪਰਮੇਸ਼ਰ ਜੀ ਤੁਠਦੇ ਹਨ। ਇਸ ਹਾਸੇ ਦੇ ਰਹੱਸ ਨੂੰ ਕੇਵਲ ਭਗਤ ਨਾਮ ਦੇਵ ਜੀ ਹੀ ਜਾਣ ਤੇ ਮਾਣ ਸਕਦੇ ਹਨ ਜਾਂ ਜਿਨ੍ਹਾਂ ਗੁਰੂ ਸਵਾਰਿਆਂ ਦੀ ਪ੍ਰੇਮਾ-ਭਗਤੀ ਇਸ ਪੱਧਰ ਤਕ ਪਹੁੰਚ ਚੁਕੀ ਹੋਵੇ, ਓਹ ਜਾਣ ਸਕਦੇ ਹਨ। ਇਹ ਹਾਸਾ ਜਿਸ ਨੇ ਡਿਠਾ ਹੋਵੇ ਓਹੀ ਇਸ ਦੀ ਸਿਫਤਿ ਕਰ ਸਕਦਾ ਹੈ ਜਿਵੇਂ 'ਮਾਝ ਮਹਲਾ ੫' ਵਿਚ ਗੁਰਵਾਕ ਹਨ -

**ਜੇਹਾ ਡਿਠਾ, ਮੈ ਤੇਹੋ ਕਹਿਆ ॥ ਤਿਸੁ ਰਸੁ ਆਇਆ, ਜਿਨਿ ਭੇਦੁ ਲਹਿਆ ॥**
**ਜੋਤੀ ਜੋਤਿ ਮਿਲੀ ਸੁਖੁ ਪਾਇਆ, ਜਨ ਨਾਨਕ ਇਕੁ ਪਸਾਰਿਆ ਜੀਉ ॥**

ਹ. ਇਸੇ ਤਰ੍ਹਾਂ 'ਭਗਤ ਨਾਮਦੇਵ ਜੀਵਨ ਤੇ ਵਿਚਾਰ' ਲੇਖਕ (ਡਾ. ਬਲਕਾਰ ਸਿੰਘ ਜੀ ਗੁਰੂ ਗ੍ਰੰਥ ਸਾਹਿਬ ਧਰਮ ਅਧਿਐਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ) ਨੇ ਭਗਤ ਨਾਮਦੇਵ ਜੀ ਦੀ ਇਸ ਘਟਨਾ ਨੂੰ ਆਪਣੀ ਸ਼ਬਦਾਵਲੀ ਵਿਚ ਇਉਂ ਨਿਰੂਪਣ ਕੀਤਾ ਹੈ:

'ਇਹ ਸੋਚ ਵੀ ਉਨ੍ਹਾਂ ਤੇ ਛਾਈ ਹੋਈ ਸੀ ਕਿ ਜਦੋਂ ਮਾਤਾ ਜੀ ਤੋਂ ਇਸ ਘਟਨਾ ਦਾ ਪਿਤਾ ਜੀ ਨੂੰ ਪਤਾ ਲਗੇਗਾ ਤਾਂ ਉਹ ਵੀ ਜ਼ਰੂਰ ਗੁੱਸੇ ਹੋਣਗੇ । ਅਜਿਹੀ ਹਾਲਤ ਵਿਚ ਭਗਤ ਜੀ ਨੇ ਹੋਰ ਵੀ ਅਧੀਨਗੀ ਨਾਲ ਬੇਨਤੀਆਂ ਕਰਨੀਆਂ ਸ਼ੁਰੂ ਕਰ ਦਿਤੀਆਂ। ਵਾਰ ਵਾਰ ਬੇਨਤੀਆਂ ਕਰਨ ਤੇ ਵੀ ਜਦੋਂ ਠਾਕੁਰ ਜੀ ਦੀ ਮੂਰਤੀ ਵਲੋਂ ਕੋਈ ਜਵਾਬ ਨ ਮਿਲਿਆ ਤਾਂ ਉਨ੍ਹਾਂ ਨੇ ਮਨ ਵਿਚ ਫੈਸਲਾ ਕਰ ਲਿਆ ਕਿ ਜਿੰਨ੍ਹਾਂ ਚਿਰ ਠਾਕਰ ਜੀ ਭੋਗ ਨਹੀ ਲਾਉਣਗੇ, ਉਨ੍ਹਾਂ ਚਿਰ ਉਹ ਇਥੋਂ ਨਹੀਂ ਜਾਣਗੇ। ਭੋਗ ਲੁਆਉਣ ਦੀ ਧੁਨ ਵਿਚ, ਉਹ ਬਿਲਕੁਲ ਗੁਆਚ ਗਏ। ਉਨ੍ਹਾਂ ਨੂੰ ਆਸ ਪਾਸ ਦੀ ਕੋਈ ਸੁੱਧ ਬੁੱਧ ਨ ਰਹੀ। ਇਉਂ ਲਗਦਾ ਸੀ ਜਿਵੇਂ ਨਾਮਦੇਵ ਜੀ ਨੇ ਸਿਰ ਧੜ ਦੀ ਬਾਜ਼ੀ ਲਾ ਲਈ ਹੋਵੇ। ਉਹ ਕਿਸੇ ਹਾਲਤ ਵਿਚ ਵੀ ਹਾਰ ਕੇ ਘਰ ਨਹੀਂ ਸਨ ਜਾਣਾ ਚਾਹੁੰਦੇ। ਉਨ੍ਹਾਂ ਨੇ ਬਾਲ ਹਠ ਨੂੰ ਬੇਨਤੀਆਂ ਨਾਲ ਰਲਾ ਕੇ ਸ਼ਕਤੀ ਬਣਾ ਲਿਆ ਸੀ। ਸੱਚੇ ਦਿਲੋਂ ਨਿਕਲ ਰਹੀ ਇਸ ਜ਼ਿਦ ਭਰੀ ਅਰਦਾਸ ਦਾ ਇਹ ਅਸਰ ਹੋਇਆ ਕਿ ਠਾਕਰ ਜੀ ਦੀ ਮੂਰਤੀ ਹਿੱਲਣ ਲੱਗ ਪਈ। ਭਗਵਾਨ ਆਪ ਮੂਰਤੀ ਵਿਚੋਂ ਪ੍ਰਗਟ ਹੋਏ ਅਤੇ ਨਾਮਦੇਵ ਜੀ ਵਲੋਂ ਪੇਸ਼ ਕੀਤਾ ਦੁੱਧ ਪੀ ਲਿਆ।''

ਵਿਦਵਾਨ ਲੇਖਕ ਦੀ ਸ਼ਬਦਾਵਲੀ ਵਿਚ ਰੌਚਕਤਾ ਦਾ ਅੰਸ਼ ਵਧੇਰੇ ਹੈ। ਜਿਹੜੀ ਸ਼ਰਧਾ ਪੂਰਕ ਗਲ ਆਪ ਜੀ ਨੇ ਲਿਖੀ ਹੈ - 'ਸੱਚੇ ਦਿਲੋਂ ਨਿਕਲ ਰਹੀ ਇਸ ਜ਼ਿਦ ਭਰੀ ਅਰਦਾਸ ਦਾ ਇਹ ਅਸਰ ਹੋਇਆ ਕਿ ਠਾਕਰ ਜੀ ਦੀ ਮੂਰਤੀ ਹਿੱਲਣ ਲੱਗ ਪਈ। ਭਗਵਾਨ ਆਪ ਮੂਰਤੀ ਵਿਚੋਂ ਪ੍ਰਗਟ ਹੋਏ

ਅਤੇ ਨਾਮਦੇਵ ਜੀ ਵਲੋਂ ਪੇਸ਼ ਕੀਤਾ ਦੁੱਧ ਪੀ ਲਿਆ। 'ਗੁਰਮਤਿ ਸਿਖਿਆਰਥੀਆਂ ਨੂੰ ਕੋਈ ਨਰੋਈ ਸੇਧ ਨਹੀਂ ਦੇਂਦੀ'। ਵਿਦਵਾਨ ਲੇਖਕ ਇਸ ਸ਼ਬਦ ਦਾ ਗਹੁ ਨਾਲ ਅਧਿਐਨ ਕਰਦਾ ਤਾਂ 'ਠਾਕੁਰ' (ਮੂਰਤੀ) ਨੂੰ ਦੁਧ ਪਿਆਉਣ ਵਾਲੀ ਕੋਈ ਗਲ ਹੀ ਨਹੀਂ ਸੀ। ਕੀ ਨਿਰਜਿੰਦ ਵਸਤੂ ਵੀ ਹਿਲ ਸਕਦੀ ਹੈ? ਹਾਂ ਕੋਈ ਸਖ਼ਤ ਤੂਫਾਨ ਚਲ ਰਿਹਾ ਹੋਵੇ ਤੇ ਮੰਦਰ ਅੰਦਰ ਮੂਰਤੀ ਲਟਕ ਰਹੀ ਹੋਵੇ ਤਾਂ ਉਸ ਦਾ ਹਿਲਨਾ ਮੰਨਿਆ ਜਾ ਸਕਦਾ ਹੈ। 'ਜ਼ਿਦ ਭਰੀ ਅਰਦਾਸ' ਦਾ ਗੁਰਮਤਿ ਵਿਚ ਕੋਈ ਵਿਸ਼ੇਸ਼ ਸਥਾਨ ਨਹੀਂ ਹੈ। ਇਸ ਲਈ ਪ੍ਰਣਾਵਿਤ ਗੁਰਮਤਿ ਸੇਧਾਂ ਦੇ ਕੇ ਪਾਠਕਾਂ ਨੂੰ ਗੁਰਬਾਣੀ ਦੇ ਰਹੱਸ ਨਾਲ ਪਿਉਂਦ ਕਰਨ ਦਾ ਸਫਲ ਉਦਮ ਕਰਨਾ ਚਾਹੀਦਾ ਹੈ।

## ਕ. ਕੀ ਨਾਮਦੇਵ ਜੀ ਨੇ ਠਾਕੁਰ ਨੂੰ ਦੁੱਧ ਪਿਲਾਇਆ ?

ਭਗਤ ਨਾਮਦੇਵ ਜੀ ਨੇ ਆਸਾ ਰਾਗ ਵਿਚ 'ਆਨੀਲੇ ਕੁੰਭ ਭਰਾਈਲੇ ਊਦਕ,ਠਾਕੁਰ ਕਉ ਇਸਨਾਨੁ ਕਰਉ'..... ਠਾਕੁਰ ਕੀ ਹਉ ਪੂਜ ਕਰਉ.... ਠਾਕੁਰ ਕਉ ਨੈਵੇਦ ਕਰਉ, ਪੰਕਤੀਆਂ ਵਿਚ 'ਠਾਕੁਰ' ਪਦ ਦੀ ਵਰਤੋਂ ਦੇ ਮੁਕਾਬਲੇ ਤੇ "ਈਭੈ ਬੀਠਲੁ ਊਭੈ ਬੀਠਲੁ ਬੀਠਲ ਬਿਨੁ ਸੰਸਾਰ ਨਹੀ" ਵਾਲੀ ਪੰਕਤੀ ਦੁਆਰਾ 'ਠਾਕੁਰ' ਅਤੇ 'ਬੀਠਲ' ਦੇ ਅਰਥਾਂ ਦਾ ਨਿਖੇੜਾ ਕਰ ਦਿੱਤਾ ਹੈ। ਭਗਤ ਨਾਮਦੇਵ ਜੀ ਠਾਕੁਰ (ਮੂਰਤੀ) ਦੇ ਪੁਜਾਰੀ ਨਹੀਂ ਸਨ ਸਰਬ ਵਿਆਪੀ 'ਬੀਠਲ' ਦੇ ਸਨੇਹੀ ਸਨ। ਭਾ. ਕਾਨ੍ਹ ਸਿੰਘ ਜੀ ਨੇ ਪੰਜਾਬੀ ਮਹਾਨ ਕੋਸ਼ ਵਿਚ 'ਬੀਠਲ' ਦੇ ਅਰਥ ਇਉਂ ਕੀਤੇ ਹਨ :–

ਵਿੱਠਲ ਮਰਾਠੀ (ਮਹਾ ਰਾਸ਼ਟ੍ਰੀ) ਭਾਸ਼ਾ ਵਿਚ ਵਿੱਠਲ ਸ਼ਬਦ ਦਾ ਅਰਥ ਕੀਤਾ ਹੈ- ਵਿ(ਗਯਾਨ) ਠ (ਬਿਨਾ) ਲ (ਅੰਗੀਕਾਰ) ਜੋ ਗਿਆਨ ਹੀਨ (ਮਹਾਂ ਮੂਰਖਾਂ) ਨੂੰ ਅੰਗੀਕਾਰ ਕਰੇ, ਉਹ ਵਿੱਠਲ ਹੈ। ਨਾਮਦੇਵ ਜੀ ਦੀ ਮਾਤ੍ਰਿ ਭਾਸ਼ਾ ਦਾ ਇਹ ਸ਼ਬਦ ਉਨ੍ਹਾਂਦਾ ਮੂਲ ਮੰਤ੍ਰ ਸੀ। 'ਬੀਠਲ ਬਿਨੁ ਸੰਸਾਰੁ ਨਹੀਂ'।

ਭਾਈ ਗੁਰਦਾਸ ਜੀ ਨੇ ੧੦ ਵੀਂ ਵਾਰ ਦੀ ੧੧ਵੀਂ ਪਉੜੀ ਵਿਚ ਤਿੰਨ ਵਾਰੀ 'ਠਾਕੁਰ' ਪਦ ਦੀ ਵਰਤੋਂ ਕੀਤੀ ਹੈ। ਇਥੇ ਇਸ ਦੇ ਅਰਥ ਠਾਕੁਰ-ਮੂਰਤੀ ਵਾਲੇ ਹਨ :

**੧. ਠਾਕੁਰ ਦੀ ਸੇਵਾ ਕਰੀਂ ਦੁਧੁ ਪੀਆਵਣੁ ਕਹਿ ਸਮਝਾਇਆ ॥**

**੨. ਠਾਕੁਰ ਨੋ ਨ੍ਹਾਵਾਲਿ ਕੈ ਚਰਣੋਦਕੁ ਲੈ ਤਿਲਕੁ ਚੜਾਇਆ ॥**

**੩. ਭਰੀ ਕਟੋਰੀ ਨਾਮ ਦੇਵਿ ਲੈ ਠਾਕੁਰ ਨੋ ਦੁਧ ਪੀਆਇਆ ॥**

ਭਗਤ ਨਾਮਦੇਵ ਜੀ ਦੀ ਜੋ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਿਦਮਾਨ ਹੈ, ਸਿਵਾਏ ਆਸਾ ਰਾਗੁ ਵਿਚ ਉਪ੍ਰੋਕਤ ਸ਼ਬਦ ਦੇ 'ਠਾਕੁਰ' ਪਦ ਦੀ ਵਰਤੋਂ ਕਿਤੇ ਵੀ ਨਹੀਂ ਕੀਤੀ, ਆਪ ਜੀ ਨੇ ਹਰਿ, ਗੋਵਿੰਦ ਜਾਂ ਨਾਰਾਇਣ ਸ਼ਬਦਾਂ ਨੂੰ ਹੀ ਆਪਣੀ ਰਚਨਾ ਵਿਚ ਮੁਖ ਰਖਿਆ ਹੈ ਅਤੇ ਇਹਨਾਂ ਸ਼ਬਦਾਂ ਦੇ ਅਰਥ ਠਾਕਰ ਜਾਂ ਮੂਰਤੀ ਕਿਸੇ ਕੋਸ਼ ਵਿਚੋਂ ਵੀ ਨਹੀਂ ਮਿਲਦੇ। ਇਸ ਤੋਂ ਇਹ ਗਲ ਸਿੱਧ ਹੁੰਦੀ ਹੈ ਕਿ ਭਗਤ ਨਾਮਦੇਵ ਜੀ ਠਾਕੁਰ (ਪਥਰ ਦੀ ਮੂਰਤੀ) ਦੇ ਪੁਜਾਰੀ ਨਹੀਂ ਸਨ ਅਤੇ ਨਾ ਹੀ ਆਪ ਨੇ ਪਥਰ ਦੇ ਠਾਕੁਰ ਨੂੰ ਦੁਧ ਪਿਲਾਇਆ ਸੀ। ਆਪਣੇ ਹਰੀ ਨੂੰ ਦੁਧ ਪਿਲਾਇਆ ਸੀ ਜਿਸ ਦਾ ਆਪ

ਜੀ ਨੂੰ ਦਰਸ਼ਨ ਹੋਇਆ। ਹੋ ਸਕਦਾ ਹੈ, ਭਾਈ ਸਾਹਿਬ ਨੇ ਪ੍ਰਚਲਤ ਸਾਖੀ ਲੋਕਾਂ ਪਾਸੋਂ ਸੁਣ ਕੇ ਜਾਂ ਕਿਸੇ ਧਾਰਮਿਕ ਗ੍ਰੰਥ ਵਿਚੋਂ ਪੜ੍ਹ ਕੇ 'ਭਗਤ ਜਨਾ ਦਾ ਕਰੇ ਕਰਾਇਆ' ਵਾਲੇ ਸਿਧਾਂਤ ਨੂੰ ਮੁਖ ਰਖ ਕੇ ਅੰਕਿਤ ਕੀਤੀ ਹੋਵੇ ਪਰ ਇਸ ਪਉੜੀ ਦੇ ਅਰਥ ਪਥਰ ਦੀ ਮੂਰਤੀ ਨੂੰ ਦੁਧ ਪਿਲਾਉਣ ਵਾਲੇ ਭੁਲੇਖੇ ਨੂੰ 'ਨਿਹਚਉ ਕਰਿ ਆਰਾਧਿਆ, ਹੋਇ ਦਇਆਲੁ ਦਰਸੁ ਦਿਖਲਾਇਆ।' ਵਾਲੀ ਪੰਕਤੀ ਰਾਹੀਂ ਦੂਰ ਕਰ ਦਿਤਾ ਹੈ। ਨਿਸ਼ਚੇ ਨਾਲ ਸਿਮਰਨ ਕੀਤਿਆਂ ਪਰਮਾਤਮਾ ਨੂੰ ਅਦਿਸ ਰੂਪ ਵਿਚ ਦੁਧ ਪਿਲਾਉਣ ਵਾਲੀ ਕਲਾ ਵਰਤਣੀ ਕੋਈ ਅਚੰਭੇ ਵਾਲੀ ਗਲ ਨਹੀਂ। ਇਹ ਕਲਾ ਗੁਰਮਤਿ ਦੇ ਮੌਲਿਕ ਸਿਧਾਂਤਾਂ ਦੀ ਪ੍ਰੋੜਤਾ ਦੀ ਪ੍ਰਤੀਕ ਹੈ। ਸੋ ਭਾਈ ਸਾਹਿਬ ਜੀ ਨੇ ਭਗਤ ਜੀ ਦੀ ਦ੍ਰਿੜਤਾ ਨੂੰ ਨਿਰੂਪਣ ਕੀਤਾ ਹੈ। ਭਗਤ ਰਵਿਦਾਸ ਜੀ ਦੀ ਗਵਾਹੀ 'ਨਿਮਤ ਨਾਮਦੇਉ ਦੂਧੁ ਪੀਆਇਆ ॥ ਤਉ ਜਗ ਜਨਮ ਸੰਕਟ ਨਹੀਂ ਆਇਆ ॥ (ਪੰ. ੪੮੭) ਵਾਲੀ ਪੰਕਤੀ ਵੀ ਦੁਧ ਪਿਆਉਣ ਦੀ ਪੁਸ਼ਟੀ ਕਰਦੀ ਹੈ।

ਪ੍ਰੋ. ਸਾਹਿਬ ਸਿੰਘ ਜੀ ਨੇ 'ਪ੍ਰੇਮ-ਤਣਾਵਾਂ' ਦੇ ਸਿਰਲੇਖ ਹੇਠਾਂ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਅਨਿੰਨ ਸਿਖ ਭਾਈ ਸਾਧੂ ਤੇ ਭਾਈ ਰੂਪਾ ਦੀ ਸਾਖੀ ਨੂੰ ਅੰਕਿਤ ਕਰਕੇ ਗੁਰਸਿਖਾਂ ਨੂੰ ਸਿਖ ਇਤਿਹਾਸ ਦੀ ਰੋਸ਼ਨੀ ਵਿਚ 'ਨਾਮੇ ਹਰਿ ਕਾ ਦਰਸਨੁ ਭਇਆ' ਦੇ ਦਰਸ਼ਨ ਕਰਾਏ ਹਨ। ਗਲ ਪ੍ਰੇਮ ਦੀ ਹੈ ਕਿ ਕਿਵੇਂ ਪਾਣੀ ਦੀ ਟਿੰਡ ਜੋ ਉਤਰੀ ਹਵਾ ਨਾਲ ਠੰਢੀ-ਠਾਰ ਕਰਕੇ ਰਖੀ ਸੀ ਤੇ ਦਿਲ ਵਿਚ ਸ਼ਰਧਾ ਸੀ ਕਿ ਇਹ ਠੰਢਾ ਪਾਣੀ ਪਹਿਲਾਂ ਗੁਰੂ ਹਰਿ ਗੋਬਿੰਦ ਸਾਹਿਬ ਜੀ ਪੀਣ। (ਪੂਰੀ ਸਾਖੀ ਦੇਣ ਦੀ ਲੋੜ ਨਹੀਂ)। ਪ੍ਰੋਫੈਸਰ ਜੀ ਲਿਖਦੇ ਹਨ ਕਿ 'ਭਾਈ ਸਾਧੂ ਤੇ ਭਾਈ ਰੂਪਾ, ਜਿਨ੍ਹਾਂ ਦਾ ਨਾਮ ਸਦਾ ਲਈ ਸਿੱਖ ਇਤਿਹਾਸ ਵਿਚ ਸੂਰਜ ਵਾਂਗ ਚਮਕਦਾ ਰਹੇਗਾ ਇਹਨਾਂ ਪਾਸ ਉਸ ਵੇਲੇ ਦੁੱਧ ਤਾਂ ਨਹੀਂ ਸੀ, ਪਰ ਤਰਲੇ ਇਹਨਾਂ ਦੇ ਭੀ ਭਗਤ ਨਾਮਦੇਵ ਜੀ ਵਰਗੇ ਹੀ ਸਨ:

**"ਦੂਧੁ ਪੀਉ ਗੋਬਿੰਦੇ ਰਾਇ ॥ ਦੂਧੁ ਪੀਉ ਮੇਰੋ ਮਨੁ ਪਤੀਆਇ ॥**
**ਨਾਹੀ ਤ ਘਰ ਕੋ ਬਾਪੁ ਰਿਸਾਇ॥"**

ਜਦੋਂ ਪਾਤਿਸ਼ਾਹ ਆਇਆ ਤਾਂ ਇਹਨਾਂ 'ਨਾਮਿਆਂ' ਨੇ 'ਸੋਇਨ ਕਟੋਰੀ ਅੰਮ੍ਰਿਤ ਭਰੀ' ਹਜ਼ੂਰ ਦੇ ਅੱਗੇ ਧਰ ਦਿਤੀ, ਦਿਲ ਦਾ ਤਖਤ ਪਾਤਿਸ਼ਾਹ ਦੇ ਬੈਠਣ ਲਈ ਵਿਛਾ ਦਿੱਤਾ। ਪਾਤਿਸ਼ਾਹ ਪਿਆਰ-ਵੱਸ ਹੋ ਕੇ ਆਖਣ ਲੱਗਾ -

'ਏਕੁ ਭਗਤੁ ਮੇਰੇ ਹਿਰਦੇ ਬਸੈ' ਤੇ ਉਹਨਾਂ ਨੂੰ ਵੇਖ ਵੇਖ ਕੇ ਮਸਤ ਪਿਆ ਹੋਵੇ। 'ਤੁਮਰੋ ਦੂਧੁ ਬਿਦਰ ਕੋ ਪਾਨੋ' ਆਖਣ ਵਾਲੇ ਪਿਆਰ-ਪੁੰਜ ਨੇ ਉਹਨਾਂ ਪਿਆਰਿਆਂ ਤੋਂ ਦੁੱਧ ਵਰਗਾ ਮਿੱਠਾ ਪਾਣੀ ਪੀਤਾ। ਸਾਧੂ ਤੇ ਉਸ ਦੇ ਪੁੱਤਰ ਰੂਪੇ ਦੇ ਭਾਗ ਜਾਗ ਪਏ। ਉਹ ਹੁਣ ਆਪਣੇ ਅਸਲ 'ਘਰ' ਵਿਚ ਅੱਪੜ ਗਏ ਜਿੱਥੇ 'ਨਾਮੇ' ਵਾਂਗ ਉਹਨਾਂ ਨੂੰ ਭੀ 'ਹਰਿ ਕਾ ਦਰਸਨੁ ਭਇਆ'।

## ਸਾਰੰਸ਼ ਅਤੇ ਸਿਧਾਂਤ

ਸਾਖੀ ਵਿਚ ਸਚਾਈ ਨਾਲੋਂ ਸ਼ਰਧਾ ਜਾਂ ਰੌਚਕਤਾ ਦਾ ਅੰਸ਼ ਵਧੇਰੇ ਹੁੰਦਾ ਹੈ। ਸਾਖੀ ਜਗਤ ਵਿਚ ਪ੍ਰਚਲਤ ਕਹਾਣੀ ਜਾਂ ਵਾਰਤਾਲਾਪ ਜੋ ਇਕ ਦੂਜੇ ਤੋਂ ਸੁਣੀ ਹੋਵੇ, ਨੂੰ ਨਿਰੂਪਣ ਕਰਦੀ ਹੈ। ਅਖੀਂ

ਡਿਠੀ ਗਲ ਵੀ ਸਾਖੀ ਵਿਚ ਵਧਾ ਘਟਾ ਕੇ ਬਿਆਨ ਕੀਤੀ ਹੋਈ ਹੁੰਦੀ ਹੈ ਜਿਸ ਕਰਕੇ ਸਖੀ ਨੂੰ ਸ਼ਬਦ ਦੀ ਵੀਚਾਰ ਦਾ ਧੁਰਾ ਜਾਂ ਆਧਾਰ ਨਹੀਂ ਬਣਾਇਆ ਜਾ ਸਕਦਾ।

ਸ਼ਬਦ ਵਿਚ ਕਲਪਨਾ ਨਹੀਂ ਹੁੰਦੀ। ਆਦਰਸ਼ਕ ਵਿਚਾਰਾਂ ਦੇ ਸਿਧਾਂਤਾ ਦਾ ਕੇਂਦਰ ਬਿੰਦੂ ਸ਼ਬਦ ਵਿਚ ਸਮੋਇਆ ਹੁੰਦਾ ਹੈ, ਜਿਸ ਨੂੰ ਗੁਰਮਤਿ ਦ੍ਰਿਸ਼ਟੀ ਕੋਨੇ ਤੋਂ ਖੋਜਣ ਦੀ ਲੋੜ ਹੁੰਦੀ ਹੈ। ਜੇ 'ਸਾਖੀ ਪ੍ਰਮਾਣ' ਜਾਂ ਸ੍ਰੀ ਗੁਰੂ ਭਗਤ ਮਾਲਾ ਵਿਚ ਅੰਕਿਤ ਸਾਖੀਆਂ, ਛਾਣਬੀਣ ਕੀਤੇ ਬਿਨਾ ਸਚੀਆਂ ਮੰਨ ਲਈਏ ਤਾਂ ਗੁਰਬਾਣੀ ਵੀਚਾਰ ਅਥਵਾ ਗੁਰਮਤਿ ਸਿਧਾਂਤਾਂ ਦੇ ਸਾਹਮਣੇ ਉਨ੍ਹਾਂ ਦਾ ਟਕਰਾਅ ਟਾਲਿਆ ਨਹੀਂ ਜਾ ਸਕਦਾ।

ਗੁਰਸਿਖਾਂ ਦੀ ਜਗਿਆਸਾ ਗਿਆਨ ਸਹਿਤ ਭਿਜੀ ਹੋਈ, ਸ਼ਰਧਾ ਭਾਵਨੀ ਵਾਲੀ ਹੋਣੀ ਚਾਹੀਦੀ ਹੈ ਪਰ ਇਹ ਕਹਿਣਾ ਵੀ ਅਨੁਚਿਤ ਹੋਵੇਗਾ ਕਿ ਪੁਰਾਤਨ ਸਾਰੀਆਂ ਸਾਖੀਆਂ ਅਤੇ ਸਾਰੇ ਵੀਚਾਰ ਹੀ ਕਲਪਿਤ ਜਾਂ ਮਨ-ਘੜਤ ਹਨ, ਜਾਂ ਇਨ੍ਹਾਂ ਸਾਖੀਆਂ ਦਾ ਗੁਰਬਾਣੀ ਵਿਚ ਕੋਈ ਥਾਂ ਨਹੀਂ ਹੈ, ਜਾਂ ਇਨ੍ਹਾਂ ਦੀ ਹੋਂਦ ਹੀ ਕੋਈ ਨਹੀ ਹੈ। ਜੇ ਪਰਮੇਸ਼ਰ ਨੂੰ ਦੁਧ ਪਿਆਉਣ ਜਾਂ ਪੀਣ ਦੀ ਘਟਨਾ ਤੇ ਸੰਦੇਹ ਪ੍ਰਗਟ ਕੀਤਾ ਜਾਏ ਤਾਂ ਧਾਰਮਿਕ ਅਸਥਾਨਾਂ ਤੇ ਜਿਤਨੀਆਂ ਅਰਦਾਸਾਂ ਤੇ ਪ੍ਰਸ਼ਾਦ ਭੇਟਾ ਕੀਤੇ ਜਾਂਦੇ ਹਨ, ਉਨ੍ਹਾਂ ਬਾਰੇ ਲੋਕ ਕੀ ਅਨੁਮਾਨ ਲਾਉਣਗੇ? ਕੀ ਇਹ ਗੁਰ-ਪਰਮੇਸ਼ਰ ਜੀ ਛਕਦੇ ਹਨ ਜਾਂ ਨਹੀਂ ?

ਕਾਬਲ ਦੇ ਇਲਾਕੇ ਵਿਚ ਇਕ ਗੁਰਦੁਆਰਾ ਹੁਣ ਵੀ ਹੈ, ਉਥੇ ਜਦ ਕੜਾਹ ਪ੍ਰਸ਼ਾਦ ਦੀ ਦੇਗ ਤੇ ਪ੍ਰਵਾਨਗੀ ਦਾ ਪੰਜਾ ਲਗਦਾ ਹੈ ਤਾਂ ਉਹ ਪ੍ਰਸ਼ਾਦ ਵਰਤਾਇਆ ਜਾਂਦਾ ਹੈ। ਇਹ ਗਲ ਕਾਬਲੀ ਸਿਖ ਸੁਣਾਂਦੇ ਹਨ ਅਤੇ ਇਤਿਹਾਸ ਵਿਚ ਵੀ ਅੰਕਿਤ ਹੈ। (ਪੜ੍ਹੋ ਇਸੇ ਕਲਮ ਤੋਂ ਲਿਖੀ ਪੁਸਤਕ 'ਕੜਾਹ ਪ੍ਰਸ਼ਾਦ ਮਰਯਾਦਾ ਨਿਰਣੈ)।

ਇਹ ਗਲ ਸੋਲ੍ਹਾਂ ਆਨੇ ਸਹੀ ਹੈ ਕਿ ਪਰਮਾਤਮਾ ਸਾਡੇ ਵਾਂਗ ਦੇਹਧਾਰੀ ਨਹੀਂ ਜੋ ਆਕਾਰ ਰੂਪ ਵਿਚ ਆਪਣੀ ਰਸਨਾ ਦੁਆਰਾ ਕਿਸੇ ਪਦਾਰਥ ਨੂੰ ਭੋਗ ਲਾਉਂਦਾ ਹੈ ਭਾਵ ਛਕਦਾ ਹੈ ਪਰ ਨਿਰਗੁਣ ਸ਼ਬਦ ਸਰੂਪ ਵਿਚ ਤਾਂ ਉਸ ਪ੍ਰਭੂ ਦੀ ਅਸਲੀ ਜੋਤਿ ਸਦਾ ਹੀ ਵਰਤ ਰਹੀ ਹੈ। ਫਿਰ ਗੁਰੂ ਗੋਬਿੰਦ ਸਿੰਘ ਜੀ ਦੇ ਅੰਮ੍ਰਿਤ ਬਚਨ ਹਨ:

**ਏਕ ਰੂਪ ਅਨੇਕ ਦਰਸਨ ਕੀਨ ਰੂਪ ਅਨੇਕ॥ ਖੇਲ ਖੇਲ ਅਖੇਲ ਅੰਤ ਕੋ ਫਿਰ ਏਕ॥**

ਰਹਿਤਨਾਮਾ ਭਾ. ਨੰਦ ਲਾਲ ਜੀ ਵਿਚ ਵੀ ਤਿੰਨ ਰੂਪਾਂ ਦਾ ਜ਼ਿਕਰ ਮਿਲਦਾ ਹੈ :

**ਤੀਨ ਰੂਪ ਹੈਂ ਮੋਹਿ ਕੇ, ਸੁਨਹੁ ਨੰਦ ਚਿਤ ਲਾਇ ॥**
**ਨਿਰਗੁਣ ਸਰਗੁਣ ਗੁਰ ਸ਼ਬਦ, ਕਹੌਂ ਤੋਹਿ ਸਮਝਾਇ ॥**

ਕੀ ਉਹ ਗੋਬਿੰਦ 'ਨਿਰਗੁਣ ਤੇ ਸਰਗੁਣ' ਵਾਲਾ ਰੂਪ ਧਾਰ ਕੇ ਗੁਪਤ ਤੌਰ ਤੇ ਦੁੱਧ ਜਾਂ ਪ੍ਰਸ਼ਾਦ ਨਹੀਂ ਛਕ ਸਕਦਾ ? ਲੋੜ ਤਾਂ ਭੈ, ਭਗਤੀ ਤੇ ਭਾਵਨੀ ਦੀ ਹੈ, ਨਾ ਕਿ ਤਰਕਵਾਦੀ ਬ੍ਰਿਤੀ ਦੀ ?

ਗਿਆਨੀ ਗੁਰਦਿਤ ਸਿੰਘ ਜੀ ਆਪਣੀ ਰਚਿਤ ਪੁਸਤਕ ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

(ਭਗਤ ਬਾਣੀ ਭਾਗ) ਵਿਚ ਲਿਖਦੇ ਹਨ ਕਿ 'ਆਮ ਸਮਝ ਵਿਚ ਇਹ ਗੱਲਾਂ ਆਉਣੀਆਂ ਅਤੇ ਮੰਨਣੀਆਂ ਮੁਸ਼ਕਲ ਹਨ। ਇਹ ਵੱਖਰੀ ਦੁਨੀਆਂ ਦੀ ਵੱਖਰੀ ਅਵਸਥਾ ਦੇ ਗੋਹੜ ਰਹੱਸ ਅਤੇ ਭੇਦ ਹਨ। ਸਾਧਕ ਲੋਕਾਂ ਨੇ ਅਜੇਹੀਆਂ ਅਸਚਰਜ ਘਟਨਾਵਾਂ ਵਰਤਣ ਤੇ ਔਖੀ ਡਿਠੇ ਪ੍ਰਮਾਣ ਪੇਸ਼ ਕੀਤੇ ਹਨ। ਜੇ ਦੁਨੀਆਂ ਵਿਚ ਹੋਰ ਕਿਧਰੇ ਚਮਤਕਾਰੀ ਘਟਨਾਵਾਂ ਵਰਤਦੀਆਂ ਮੰਨੀਆਂ ਜਾ ਸਕਦੀਆਂ ਹਨ, ਤਦ ਇਨ੍ਹਾਂ ਦੇ ਭਗਤਾਂ ਨਾਲ ਵਰਨਣ ਉੱਤੇ ਸ਼ੰਕਾ ਕਿਉਂ? ਗੁਰੂ ਜੀ ਵਲੋਂ ਇਹ ਸੋਚ ਸਮਝ ਕੇ ਹੀ ਘਟਨਾ ਦੀ ਵਾਰਤਾ ਵਾਲਾ ਸ਼ਬਦ ਦਰਜ ਕੀਤਾ ਗਿਆ ਸੀ। ਆਪਣੇ ਕਿਸੇ ਅਨਿਆਈ ਦੀ ਸ਼ੋਭਾ ਵਧਾਉਣ ਦਾ ਲੋਭ ਇਸ ਪਿਛੇ ਕੰਮ ਨਹੀਂ ਕਰਦਾ ਸੀ, ਨਾ ਹੀ ਇਨ੍ਹਾਂ ਚਮਤਕਾਰਾਂ ਨੂੰ ਗੁਰੂ ਗ੍ਰੰਥ ਸਾਹਿਬ ਦਾ ਮਹੱਤਵ ਵਧਾਉਣ ਲਈ ਦਰਜ ਕੀਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਸੱਚ ਦਾ ਪ੍ਰਕਾਸ਼ ਹੈ। ਰਚਨਹਾਰਾਂ ਨੇ 'ਹਰਿ ਕੇ ਦਰਿ ਵਰਤਿਆ ਸੋ...... ਆਖਿ ਸੁਣਾਇਆ' ਦੇ ਉਦੇਸ਼ਾਂ ਦੀ ਪਾਲਣਾ ਕੀਤੀ ਹੈ।'

ਅੰਤ ਵਿਚ ਭਗਤ ਨਾਮ ਦੇਵ ਜੀ ਦੀ ਨਾਲ ਸਬੰਧਤ ਘਟਨਾਵਾਂ ਦਾ ਮੁਲਾਂਕਣ ਕੀਤਿਆਂ ਇਹ ਪ੍ਰਸ਼ਨ ਉਠਦੇ ਹਨ ਕਿ:--

੧. ਕੀ 'ਸੋਇਨ ਕਟੋਰੀ ਅੰਮ੍ਰਿਤ ਭਰੀ॥ ਲੈ ਨਾਮੈ ਹਰਿ ਆਗੈ ਧਰੀ॥' ਨੂੰ 'ਗੋਬਿੰਦ ਰਾਇ' ਅਗੇ ਰਖ ਕੇ ਇਹ ਤਰਲੇ ਕਰਦੇ ਕਿਸੇ ਨੇ ਵੇਖੇ ਜਾਂ 'ਦੂਧ ਪੀਉ ਗੋਬਿੰਦੇ ਰਾਇ' ਆਪਣੀ ਕੰਨੀ ਸੁਣੇ?

੨ 'ਗਰੁੜ ਚੜੇਗੋਬਿੰਦ ਆਇਲਾ' ਕਿਸੇ ਨੇ ਵੇਖੇ ?

੩. 'ਬੇਢੀ' ਨੂੰ ਭਗਤ ਜੀ ਦੀ ਛਪਰੀ ਬਣਾਂਦੇ ਕਿਸੇ ਨੇ ਵੇਖਿਆ ?

੪. ਪਰਮਾਤਮਾ ਦੇ ਹੇਠ ਲਿਖੇ ਬਚਨ ਸਿਵਾਏ ਭਗਤ ਨਾਮਦੇਵ ਜੀ ਤੋਂ ਹੋਰ ਕਿਸ ਵਿਅਕਤੀ ਨੇ ਸੁਣੇ?

**ਕਹਹਿ ਤ ਧਰਣਿ ਇਕੋਡੀ ਕਰਉ ॥ ਕਹਹਿ ਤ ਲੇ ਕਰਿ ਊਪਰਿ ਧਰਉ ॥**
**ਕਹਹਿ ਤ ਮੁਈ ਗਊ ਦੇਉ ਜੀਆਇ ॥**
**ਸਭੁ ਕੋਈ ਦੇਖੈ ਪਤੀਆਇ॥੮॥** [ਪੰਨਾ ੧੧੬੬

ਇਹਨਾਂ ਸਾਰੇ ਪ੍ਰਸ਼ਨਾਂ ਦਾ ਉਤਰ 'ਨਾਂਹ' ਵਿਚ ਹੀ ਹੋਵੇਗਾ। ਇਹਨਾਂ ਚਮਤਕਾਰਾਂ ਨੂੰ ਵਰਤਦੇ ਹੋਏ ਕਿਸ ਨੇ ਵੇਖਿਆ? ਜਦ ਇਹ ਸੁਤੇ ਹੀ ਵਰਤੀਦੇ ਰਹੇ, ਤਾਂ ਇਹਨਾਂ ਬਾਰੇ ਸ਼ੰਕੇ ਕਿਉਂ? ਅਸਲ ਵਿਚ ਬੁਧੀ ਮੰਡਲ ਦੇ ਵਿਦਵਾਨਾਂ ਪਾਸ ਸਿਵਾਏ ਆਲੋਚਨਾ ਦੇ ਹੋਰ ਕੁਝ ਨਹੀਂ ਹੁੰਦਾ।

ਭਗਤ ਕਬੀਰ ਜੀ ਦੀ ਗਵਾਹੀ -

**ਜੈ ਦੇਉ ਨਾਮਾ ਬਿਪ ਸੁਦਾਮਾ, ਤਿਨ ਕਉ ਕ੍ਰਿਪਾ ਭਈ ਹੈ ਅਪਾਰ ॥** [ਪੰਨਾ ੮੫੬

ਅਨੁਸਾਰ ਨਾਮਦੇਵ ਜੀ ਪਰਮਾਤਮਾ ਦੇ ਨਿਵਾਜੇ ਹੋਏ ਬਖਸ਼ੇ ਹੋਏ ਸੇਵਕ ਸਨ। ਬਾਲ ਅਵਸਥਾ ਵਿਚ ਦੁੱਧ ਨਾਲ ਭਰੀ ਹੋਈ ਸੋਨੇ ਦੀ ਕਟੋਰੀ ਹਰੀ ਅਗੇ ਰਖਣ ਵਿਚ ਗੁਰੂ ਦੀ ਬਖਸ਼ੀ ਹੋਈ ਬਿਬੇਕ ਬੁਧਿ ਵੀ ਸ਼ਾਮਲ ਹੈ ਜਿਸ ਦੁਆਰਾ ਸਚੇ ਹਿਰਦੇ ਨਾਲ ਅਰਦਾਸਿ ਕੀਤੀ। ਵਿਸ਼ੇਸ਼ ਕਰਕੇ ਪੂਰਬਲੇ ਕਰਮਾਂ ਦੀ ਖੇਡ ਨੂੰ ਵੀ ਇਸ ਕੌਤਕ ਨਾਲੋਂ ਵਖਰੇ ਨਹੀਂ ਕੀਤਾ ਜਾ ਸਕਦਾ।

ਅੰਤ ਵਿਚ ਸਿਧਾਂਤ ਇਹ ਹੈ ਕਿ ਭਗਤ ਨਾਮਦੇਵ ਜੀ ਨਾਮ-ਸਿਮਰਨ ਦੀ ਬਰਕਤ ਨਾਲ ਵਰੋਸਾਏ ਹੋਏ ਸਨ ਜਿਸ ਕਰਕੇ ਉਨ੍ਹਾਂ ਦੀ ਜ਼ਿੰਦ ਹਰੀ ਨਾਲ ਇਕਮਿਕ ਹੋ ਗਈ ਸੀ-

ਨਾਮ ਦੇਇ ਸਿਮਰਨ ਕਰਿ ਜਾਨਾ ॥ ਜਗ ਜੀਵਨ ਸਿਉ ਜੀਉ ਸਮਾਨਾ॥[ਪੰ. ੮੫੮

**ਮੈ ਬਉਰੀ, ਮੇਰਾ ਰਾਮੁ ਭਤਾਰੁ ॥ ਰਚਿ ਰਚਿ ਤਾ ਕਉ ਕਰਉ ਸਿੰਗਾਰੁ ॥੧॥ ਭਲੇ ਨਿੰਦਉ, ਭਲੇ ਨਿੰਦਉ, ਭਲੇ ਨਿੰਦਉ ਲੋਗੁ ॥ ਤਨੁ ਮਨੁ, ਰਾਮ ਪਿਆਰੇ ਜੋਗੁ ॥੧॥ਰਹਾਉ॥ ਬਾਦੁ ਬਿਬਾਦੁ, ਕਾਹੂ ਸਿਉ ਨ ਕੀਜੈ ॥ ਰਸਨਾ, ਰਾਮ ਰਸਾਇਨੁ ਪੀਜੈ ॥੨॥ ਅਬ ਜੀਅ ਜਾਨਿ, ਐਸੀ ਬਨਿ ਆਈ ॥ ਮਿਲਉ ਗੁਪਾਲ, ਨੀਸਾਨੁ ਬਜਾਈ ॥੩॥ ਉਸਤਤਿ ਨਿੰਦਾ ਕਰੈ ਨਰੁ ਕੋਈ ॥ ਨਾਮੇ, ਸ੍ਰੀਰੰਗੁ ਭੇਟਲ ਸੋਈ ॥੪॥੪॥**

## ਉਚਾਰਨ ਸੇਧ

**ਬਿੰਦੀ ਸਹਿਤ :** ਕਰਉਂ, ਸਿਉਂ, ਮਿਲਉਂ।

**ਪਦ ਅਰਥ :** ਬਉਰੀ-ਕਮਲੀ। ਭਤਾਰੁ-ਪਤੀ। ਰਚਿ ਰਚਿ-ਸੰਵਾਰ ਸੰਵਾਰ ਕੇ। ਤਾ ਕਉ-ਉਸ ਨੂੰ (ਮਿਲਣ ਲਈ)।੧। ਭਲੇ-ਬੇਸ਼ਕ। ਨਿੰਦਉ-ਨਿੰਦੀ ਜਾਏ। ਜੋਗੁ-ਜੋਗਾ, ਵਾਸਤੇ।੧।ਰਹਾਉ। ਬਾਦ ਬਿਬਾਦੁ-ਵਿਅਰਥ ਝਗੜਾ। ਰਸਨਾ-ਜੀਭ ਦੁਆਰਾ। ਰਾਮ ਰਸਾਇਨੁ-ਰਾਮ ਨਾਮ ਦਾ ਅੰਮ੍ਰਿਤ।੨। ਜੀਅ ਜਾਨਿ-ਹਿਰਦੇ ਵਿਚ ਸਮਝ ਕੇ। ਐਸੀ ਬਨਿਆਈ-ਐਸੀ (ਬਿਧਿ) ਬਣ ਗਈ ਹੈ। ਮਿਲਉ-ਮੈ ਮਿਲਾਂਗਾ। ਨੀਸਾਨੁ-ਬਜਾਈ-ਢੋਲ ਵਜਾ ਕੇ, ਗਜ ਵਜ ਕੇ।੩। ਕਰੈ ਨਰੁ ਕਈ-ਕੋਈ ਮਨੁਖ ਕਰੀ ਚਲੇ (ਭਾਵ ਮੈਨੂੰ ਕੋਈ ਪਰਵਾਹ ਨਹੀਂ ਹੈ)। ਸ੍ਰੀ ਰੰਗੁ-ਲਛਮੀ ਨਾਲ ਪਿਆਰ ਕਰਨ ਵਾਲਾ ਵਿਸ਼ਨੂੰ, ਭਾਵ ਵਾਹਿਗੁਰੂ। ਭੇਟਤ-ਮਿਲ ਪਿਆ ਹੈ।੪।

**ਅਰਥ :** ਮੈ ਕਮਲੀ ਹਾਂ (ਅਤੇ) ਪ੍ਰਭੂ ਮੇਰਾ ਪਤੀ ਹੈ। ਉਸ ਨੂੰ (ਮਿਲਣ ਲਈ ਮੈਂ) ਬਣ ਬਣ ਕੇ (ਭਾਵ ਸੰਵਾਰ ਕੇ ਉਸ ਲਈ ਭਗਤੀ ਰੂਪ) ਸ਼ਿੰਗਾਰ ਕਰਦੀ ਹਾਂ।੧।

ਲੋਕ (ਭਾਵੇਂ) ਮੈਨੂੰ ਨਿੰਦੀ ਜਾਣ, ਨਿੰਦੀ ਜਾਏ, ਚੰਗੀ ਤਰ੍ਹਾਂ ਨਿੰਦੀ ਜਾਏ (ਮੈਨੂੰ ਇਸ ਨਿੰਦਾ ਦੀ ਕੋਈ ਪਰਵਾਹ ਨਹੀਂ, ਕਿਉਂਕਿ ਮੇਰਾ) ਤਨ ਅਤੇ ਮਨ (ਦੋਵੇਂ) ਪਿਆਰੇ ਰਾਮ ਜੋਗੇ ਹੋ ਚੁਕੇ ਹਨ।੧।ਰਹਾਉ।

(ਹੇ ਮਨ !) ਕਿਸੇ ਨਾਲ ਵੀ ਬਹਿਸ ਮੁਬਹਿਸਾ (ਝਗੜਾ) ਨਹੀਂ ਕਰਨਾ, ਰਸਨਾ ਨਾਲ ਰਾਮ ਦੇ ਨਾਮ ਦਾ ਸ੍ਰੇਸ਼ਟ (ਅੰਮ੍ਰਿਤ) ਰਸ ਪੀਣਾ ਚਾਹੀਦਾ ਹੈ।੨।

ਹੁਣ ਹਿਰਦੇ ਵਿਚ ਜਾਣ ਕੇ ਅਜਿਹੀ (ਅਵਸਥਾ) ਬਣ ਗਈ ਹੈ ਕਿ ਮੈਂ ਡੰਕੇ ਦੀ ਚੋਟ ਨਾਲ ਪ੍ਰਿਥਵੀ ਦੇ ਪਾਲਕ ਨੂੰ ਮਿਲਾਂਗੀ।੩।

(ਹੁਣ) ਕੋਈ ਵੀ ਮਨੁੱਖ (ਭਾਵੇਂ) ਮੇਰੀ ਵਡਿਆਈ ਕਰਦਾ ਰਹੇ, ਭਾਵੇਂ ਨਿੰਦਾ ਕਰਦਾ ਰਹੇ (ਮੈਨੂੰ ਕੋਈ ਫਰਕ ਨਹੀਂ ਪੈਂਦਾ ਕਿਉਂਕਿ ਮੈਨੂੰ) ਨਾਮੇ ਨੂੰ ਉਹ ਲਛਮੀ ਦਾ ਪਤੀ ਵਾਹਿਗੁਰੂ ਮਿਲ ਪਿਆ ਹੈ।੪।੪।

## ਅਰਥ ਭੇਦ ਅਤੇ ਨਿਰਣੇ

ੳ- **ਭਲੇ ਨਿੰਦਉ ਭਲੇ ਨਿੰਦਉ ਭਲੇ ਨਿੰਦਉ ਲੋਗੁ॥**
**ਤਨੁ ਮਨੁ ਰਾਮ ਪਿਆਰੇ ਜੋਗੁ॥**

ਇਸ ਪੰਕਤੀ ਵਿਚ 'ਲੋਗੁ' ਪਦ ਦਾ ਗਗਾ ਔਂਕੜ ਸਹਿਤ ਹੈ। ਇਸ ਲਈ ਇਸ ਦੇ ਅਰਥ ਸੰਬੋਧਨ ਰੂਪ ਵਿਚ ਨਹੀਂ ਹੋ ਸਕਦੇ ਜਿਵੇਂ ਕਿ ਭਾਈ ਜੋਧ ਸਿੰਘ ਜੀ ਤੇ ਹੋਰ ਟੀਕਾਕਾਰਾਂ ਨੇ ਕੀਤੇ ਹਨ। ਇਹ ਵੀਚਾਰ ਭਗਤ ਜੀ ਆਪਣੇ ਮਨ ਨਾਲ ਕਰ ਰਹੇ ਹਨ ਕਿ ਬੇਸ਼ਕ ਲੋਕ ਮੈਨੂੰ ਚੰਗੀ ਤਰ੍ਹਾਂ ਨਿੰਦੀ ਜਾਏ (ਪਰ ਮੈਨੂੰ ਇਸ ਦੀ ਕੋਈ ਪਰਵਾਹ ਨਹੀਂ ਕਿਉਂਕਿ ਮੇਰਾ ਤਨ ਤੇ ਮਨ) ਪਿਆਰੇ ਰਾਮ ਜੋਗਾ ਹੋ ਗਿਆ ਹੈ (ਭਾਵ ਹੁਣ ਮੇਰਾ ਹੋਰ ਕਿਸੇ ਨਾਲ ਵਾਸਤਾ ਨਹੀਂ ਰਿਹਾ)।

ਅ- **ਅਬ ਜੀਅ ਜਾਨਿ ਐਸੀ ਬਨਿ ਆਈ॥ ਮਿਲਉ ਗੁਪਾਲ ਨੀਸਾਨੁ ਬਜਾਈ॥**

ਵਖ ਵਖ ਅਰਥ :

੧ ਅਬ ਜੀਅ ਮੈਂ ਪਰਮੇਸ਼ਵਰ ਕੋ ਸ੍ਰੇਸ਼ਟ ਜਾਨ ਕਰਕੇ ਹਮਾਰੀ ਐਸੀ ਪ੍ਰੀਤ ਬਨਿ ਆਈ ਹੈ ਜੋ ਰਾਮ ਨਾਮ ਰੂਪੀ (ਨੀਸਾਨ) ਨਗਾਰਾ ਬਜਾਇ ਕਰ ਗੁਪਾਲ ਕੋ ਮਿਲੋਂਗੀ। [ਫ. ਸ.

੨ ਹੁਣ, ਹੇ ਮਨ ! ਤੂੰ ਸਮਝ ਲੈ ਕਿ ਐਸਾ ਢੋ ਢੁਕਿਆ ਹੈ ਕਿ ਹਰੀ ਨੂੰ ਗੱਜ ਵੱਜ ਕੇ ਮਿਲਾਂਗਾ। [ਸ਼ਬਦਾਰਥ

੩. ਹੁਣ ਹਿਰਦੇ ਵਿਚ ਪ੍ਰਭੂ ਨਾਲ ਜਾਣ ਪਛਾਣ ਕਰਕੇ (ਮੇਰੇ ਅੰਦਰ) ਅਜਿਹੀ ਹਾਲਤ ਬਣ ਗਈ ਹੈ ਕਿ ਮੈਂ ਲੋਕਾਂ ਦੀ ਨਿੰਦਾ ਵਲੋਂ ਬੇਪਰਵਾਹ ਹੋ ਕੇ ਆਪਣੇ ਪ੍ਰਭੂ ਨੂੰ ਮਿਲ ਰਹੀ ਹਾਂ। [ਦਰਪਣ

੪. ਜਾਨਿ-ਜਾਨਣਾ ਕਰੋ। ਹੁਣ ਮੇਰੇ ਚਿਤ ਵਿਚ ਐਸੀ ਪ੍ਰੀਤੀ ਬਣ ਆਈ ਹੈ ਕਿ ਨਾਮ ਰੂਪੀ ਨੀਸਾਨ-ਧੌਂਸੇ ਨੂੰ ਵਜਾ ਕੇ ਪਰਮਾਤਮਾ ਨੂੰ ਮਿਲਾਂਗਾ। [ਸੰ. ਸ.

**ਨਿਰਣੈ** : ਇਥੇ 'ਜੀਅ' ਪਦ ਸੰਬੋਧਨ ਰੂਪ ਦਾ ਲਖਾਇਕ ਨਹੀਂ ਹੈ ਜਿਵੇਂ ਕਿ ਸ਼ਬਦਾਰਥੀ ਵਿਦਵਾਨਾਂ ਨੇ ਅਰਥ ਕੀਤੇ ਹਨ। ਅਤੇ ਨਾ ਹੀ ਲੋਕਾਂ ਲਈ ਹੈ ਕਿ ਜਾਨਣਾ ਕਰੋ। ਇਹ ਸਾਰੀ ਵੀਚਾਰ ਭਗਤ ਜੀ ਦੇ ਆਪਣੇ ਹਿਰਦੇ ਅੰਦਰ ਅੰਤਰ ਆਤਮੇ ਹੋ ਰਹੀ ਹੈ। ਲੋੜੀਂਦੇ ਅਰਥ ਪਿਛੇ ਕਰ ਦਿਤੇ ਹਨ।

## ਸਾਰੰਸ਼ ਅਤੇ ਸਿਧਾਂਤ

ਪਰਮਾਰਥ ਦੇ ਮਾਰਗ ਵਿਚ ਜਦੋਂ ਕਿਸੇ ਜਗਿਆਸੂ ਦਾ ਵਧੇਰੇ ਰੁਝਾਨ ਹੋ ਜਾਏ, ਉਹ ਸੰਸਾਰੀ ਕੰਮਾਂ ਵਲ ਘਟ ਹੀ ਧਿਆਨ ਦਿੰਦਾ ਹੈ। ਲੋਕ ਉਸ ਦੀ ਨਿੰਦਾ ਕਰਨੀ ਸ਼ੁਰੂ ਕਰ ਦਿੰਦੇ ਹਨ ਕਿ ਇਹ ਵੱਡਾ ਭਗਤ ਵੇਖੋ, ਆਪਣੇ ਕੰਮ ਕਾਰ ਵਲ ਧਿਆਨ ਹੀ ਨਹੀਂ ਦਿੰਦਾ। ਜਿਵੇਂ: 'ਲੋਕ ਕਹੈ ਕਬੀਰ ਬਉਰਾਨਾ' ਇਸ ਤਰ੍ਹਾਂ ਦੀ ਅਵਸਥਾ ਨੂੰ ਭਗਤ ਨਾਮ ਦੇਵ ਜੀ ਨੇ ਬਿਆਨ ਕੀਤਾ ਹੈ:—

**ਮੈ ਬਉਰੀ ਮੇਰਾ ਰਾਮੁ ਭਤਾਰੁ ......**

ਜਿਵੇਂ ਸੰਸਾਰਕ ਬ੍ਰਿਤੀ ਵਾਲੀ ਇਸਤ੍ਰੀ ਸੁੰਦਰ ਕਪੜਿਆਂ ਤੇ ਗਹਿਣਿਆਂ ਨਾਲ ਸਰੀਰ ਨੂੰ ਸਜਾਉਂਦੀ, ਸ਼ਿੰਗਾਰ ਕਰਦੀ ਹੈ। ਤਿਵੇਂ ਪਰਮੇਸ਼ਰ ਦੇ ਭਗਤ ਗੁਣ ਗਾਉਣੇ, ਭਗਤੀ ਕਰਨੀ ਹੀ

ਆਪਣਾ ਸ਼ਿੰਗਾਰ ਬਣਾਉਂਦੇ ਹਨ । ਉਹ ਲੋਕਾਂ ਵਲੋਂ ਵਡਿਆਈ ਜਾਂ ਨਿੰਦਾ ਦੀ ਕੋਈ ਪਰਵਾਹ ਨਹੀਂ ਕਰਦੇ ਕਿਉਂਕਿ ਓਹ ਆਪਣਾ ਨਾਤਾ ਦੁਨੀਆਂ ਨਾਲੋਂ ਤੋੜ ਕੇ, ਲੋਕ-ਲਾਜ ਛਡ ਕੇ, ਆਪਣਾ ਆਪਾ ਪ੍ਰਭੂ-ਪਤੀ ਦੇ ਸਮਰਪਿਤ ਕਰ ਦਿੰਦੇ ਹਨ।

ਸਿਧਾਂਤ ਇਹ ਹੈ ਕਿ ਦੁਨੀਆਂ ਦੀਆਂ ਵਡਿਆਈਆਂ ਤੇ ਵਿਰੋਧਤਾਈਆਂ ਦੋਹਾਂ ਤੋਂ ਨਿਰਲੇਪ ਹੋ ਕੇ ਭਗਤੀ ਮਾਰਗ ਵਿਚ ਸਫਲਤਾ ਪ੍ਰਾਪਤ ਹੁੰਦੀ ਹੈ , ਅਥਵਾ ਡੰਕੇ ਦੀ ਚੋਟ ਨਾਲ ਪ੍ਰਭੂ ਦਾ ਮਿਲਾਪ ਹੋ ਜਾਂਦਾ ਹੈ। ਇਸ ਸੰਦਰਭ ਵਿਚ ਗੁਰਬਾਣੀ ਦੇ ਪਾਵਨ ਵਾਕ ਇਉਂ ਸਾਡੀ ਅਗਵਾਈ ਕਰਦੇ ਹਨ:

**ਜੇ ਲੋਕ ਸਲਾਹੇ ਤਾ ਤੇਰੀ ਉਪਮਾ, ਜੇ ਨਿੰਦੈ ਤ ਛੋਡਿ ਨ ਜਾਈ ॥੮॥**

**ਜੇ ਤੁਧੁ ਵਲਿ ਰਹੈ ਤ ਕੋਈ ਕਿਹੁ ਆਖਉ, ਤੁਧੁ ਵਿਸਰਿਐ ਮਰਿ ਜਾਈ॥੯॥[ਪੰ. ੭੫੭**

**ਕਬਹੂ, ਖੀਰਿ ਖਾਡ ਘੀਉ ਨ ਭਾਵੈ ॥ ਕਬਹੂ, ਘਰ ਘਰ ਟੂਕ ਮਗਾਵੈ ॥ ਕਬਹੂ, ਕੂਰਨੁ ਚਨੇ ਬਿਨਾਵੈ ॥੧॥ ਜਿਉ ਰਾਮੁ ਰਾਖੈ, ਤਿਉ ਰਹੀਐ, ਰੇ ਭਾਈ ॥ ਹਰਿ ਕੀ ਮਹਿਮਾ, ਕਿਛੁ ਕਥਨੁ ਨ ਜਾਈ ॥੧॥ਰਹਾਉ॥ ਕਬਹੂ, ਤੁਰੇ ਤੁਰੰਗ ਨਚਾਵੈ ॥ ਕਬਹੂ, ਪਾਇ ਪਨਹੀਓ ਨ ਪਾਵੈ ॥੨॥ ਕਬਹੂ, ਖਾਟ ਸੁਪੇਦੀ ਸੁਵਾਵੈ ॥ ਕਬਹੂ, ਭੂਮਿ ਪੈਆਰੁ ਨ ਪਾਵੈ ॥੩॥ ਭਨਤਿ ਨਾਮਦੇਉ, ਇਕੁ ਨਾਮੁ ਨਿਸਤਾਰੈ ॥ ਜਿਹ ਗੁਰੁ ਮਿਲੈ, ਤਿਹ ਪਾਰਿ ਉਤਾਰੈ ॥੪॥੫॥**

## ਉਚਾਰਨ ਸੇਧ

**ਬਿੰਦੀ ਸਹਿਤ** : ਖਾਂਡ, ਮੰਗਾਵੈਂ, ਜਿਉਂ, ਤਿਉਂ, ਮਹਮਿਾਂ, ਖਾਇੰ, ਕਬਹੂੰ, ਜਿਹਂ, ਤਿਹਂ।

**ਪਦ ਅਰਥ** : ਕਬਹੂ-ਕਦੇ। ਖੀਰਿ-ਦੁੱਧ ਤੇ ਚਾਵਲ ਰਿਝੇ ਹੋਏ। ਖੀਰ ਨੂੰ ਤਸਮਈ ਭੀ ਆਖਦੇ ਹਨ 'ਖੀਰੁ ਤੇ ਖੀਰਿ' ਸ਼ਬਦ ਜੋੜ ਵੀ ਯਾਦ ਰਖਣ ਵਾਲੇ ਹਨ । 'ਖੀਰੁ' ਦੇ ਅਰਥ ਹਨ ਦੁੱਧ ਅਤੇ 'ਖੀਰਿ' ਪਦ ਦੇ ਅਰਥ ਹਨ ਦੁੱਧ ਵਾਲਾ। ਇਹ ਵਿਸ਼ੇਸ਼ਣ ਰੂਪ ਹੈ। ਖਾਡ-ਖੰਡ, ਚੀਨੀ, ਸ਼ੂਗਰ। ਘੀਉ-ਘੀ। ਨ ਭਾਵੈ-ਚੰਗਾ ਨਹੀਂ ਲਗਦਾ। ਘਰ ਘਰ ਟੂਕ ਮੰਗਾਵੈ-ਘਰ ਘਰ ਰੋਟੀ ਦੇ ਟੁਕੜੇ ਮੰਗਾਂਦਾ ਹੈ ਭਾਵ ਮੰਗਤਾ ਬਣਾ ਦਿੰਦਾ ਹੈ। ਕੂਰਨੁ-ਕੂੜਾ। ਚਨੇ ਬਿਨਾਵੈ-ਚਣੇ, ਛੋਲੇ, ਚੁਕਵਾਉਂਦਾ ਹੈ।੧ਰਹਾਉ। ਤੁਰੇ ਤੁਰੰਗ-ਘੋੜੇ। ਸੁਪੇਦੀ-ਸਫੈਦ, ਚਿੱਟੇ ਵਿਛੋਣੇ। ਸੁਵਾਵੈ-ਸਵਾਉਂਦਾ ਹੈ। ਭੂਮਿ-ਧਰਤੀ ਉਤੇ। ਪੈਆਰ-ਪਰਾਲੀ। ਭਨਤਿ-ਕਹਿੰਦਾ ਹੈ। ਨਿਸਤਾਰੈ-(ਸੰਸਾਰ ਸਾਗਰ ਤੋਂ) ਤਰਦਾ ਹੈ। ਜਿਹ-ਜਿਸ ਨੂੰ। ਤਿਹ-ਉਸ ਨੂੰ।

**ਅਰਥ** : (ਹੇ ਭਾਈ ! ਵੇਖੋ ਪਰਮੇਸ਼ਰ ਦੇ ਰੰਗ ਕਿ) ਕਦੇਂ (ਤਾਂ ਜੀਵ ਨੂੰ) ਖੀਰ, ਖੰਡ ਘਿਉ (ਖਾਣਾ) ਚੰਗਾ ਨਹੀਂ ਲਗਦਾ। ਕਦੇ ਘਰ ਘਰ ਦੇ ਟੁਕੜੇ ਮੰਗਾਂਦਾ ਹੈ। ਕਦੇ ਉਬਲੇ ਹੋਏ ਚਾਵਲ ਤੇ ਚਣਿਆਂ (ਦੇ ਦਾਣੇ) ਚੁਗਾਉਂਦਾ ਹੈ।੧।

ਹੇ ਭਾਈ ! ਜਿਸ ਤਰ੍ਹਾਂ ਰਾਮ ਰਖਦਾ ਹੈ, ਉਸੇ ਤਰ੍ਹਾਂ ਰਹਿਣਾ ਹੀ ਯੋਗ ਹੈ। ਹਰੀ ਦੀ ਵਡਿਆਈ (ਕਥਨ ਤੋਂ ਬਾਹਰ ਹੈ) ਕੁਝ ਕਹੀ ਨਹੀਂ ਜਾ ਸਕਦੀ।੧। ਰਹਾਉ।

ਕਦੇ (ਪ੍ਰਭੂ ਜੀਵ ਨੂੰ ਇਤਨਾ ਅਮੀਰ ਬਣਾ ਦਿੰਦਾ ਹੈ ਕਿ ਉਸ ਨੂੰ) ਸੋਹਣੇ ਘੋੜੇ (ਤੇ ਚੜ੍ਹ ਕੇ) ਨਚਾਉਂਦਾ ਹੈ, ਕਦੇ (ਉਸ ਦੇ) ਪੈਰ ਵਿਚ ਜੁਤੀ ਵੀ ਨਹੀਂ ਪਾਉਂਦਾ (ਭਾਵ ਉਹ ਪੈਰੋਂ ਨੰਗਾ ਫਿਰਦਾ ਰਹਿੰਦਾ ਹੈ) ।੨।

ਕਦੇ (ਪ੍ਰਭੂ ਜੀਵ ਨੂੰ) ਸਫੈਦ ਵਿਛੌਣਿਆਂ ਵਾਲੇ ਮੰਜੇ ਉਤੇ ਸਵਾਂਦਾ ਹੈ, (ਪਰ) ਕਦੇ ਧਰਤੀ ਉਤੇ (ਵਿਛਾਉਣ ਲਈ) ਪਰਾਲੀ ਵੀ ਨਹੀਂ ਮਿਲਦੀ ।੩।

ਨਾਮਦੇਵ ਆਖਦਾ ਹੈ (ਕਿ ਪ੍ਰਭੂ ਦਾ) ਇਕ ਨਾਮ ਹੀ (ਅਜੇਹੀਆਂ ਹਾਲਤਾਂ ਤੋਂ ਬਾਹਰ ਕਢਦਾ ਹੈ) ਪਾਰ ਕਰਦਾ ਹੈ । ਜਿਸ (ਜੀਵ) ਨੂੰ ਗੁਰੂ ਮਿਲ ਪੈਂਦਾ ਹੈ, ਉਸ ਨੂੰ (ਗੁਰੂ ਇਸ ਸੰਸਾਰ ਸਾਗਰ ਦੀਆਂ ਲਹਿਰਾਂ ਚੋਂ) ਪਾਰ ਲੰਘਾ ਦਿੰਦਾ ਹੈ ।੪।੫।

## ਅਰਥ ਭੇਦ ਅਤੇ ਨਿਰਣੈ

**ਕਬਹੂ ਕੂਰਨੁ ਚਨੇ ਬਿਨਾਵੈ ॥**

ਵਖ ਵਖ ਅਰਥ:

੧. ਕਬੀ (ਕੂਰਨ) ਸੂੜੀ ਮੈਂ ਸੇ ਚਣੇ ਵਾ ਕਰੜੇ ਚਣੇ (ਬਿਨਾਵੈ) ਚੁਗਾਵਤਾ ਹੈ । [ਫ. ਸ.

੨. ਕਦੇ ਕੂੜੇ ਵਿਚੋਂ ਚਣੇ ਚੁਗਵਾਉਂਦਾ ਹੈ । [ਸ਼ਬਦਾਰਥ, ਨਰੋਤਮ

੩. ਕਦੀ ਕੋਹੜ ਦਾਣਿਆਂ ਨੂੰ ਚੁਣਵੋਂਦਾ ਹੈ । [ਸੰਤ ਸੰਪੂਰਨ ਸਿੰਘ

੪. ਕਦੇ (ਉਸ ਪਖੋਂ) ਰੂੜੀਆਂ ਫੁਲਾਉਂਦਾ ਹੈ, ਤਾਂ ਉਹਨਾਂ ਵਿਚੋਂ ਦਾਣੇ ਚੁਣਾਉਂਦਾ ਹੈ । [ਦਰਪਣ

੫. ਕਦੀ ਉਬਲੇ ਹੋਏ ਚਾਵਲਾਂ ਤੇ ਦਾਣਿਆਂ (ਦੇ ਦਾਣੇ) ਚੁਗਵਾਂਦਾ ਹੈ । [ਭਾ. ਜੋਧ ਸਿੰਘ

**ਨਿਰਣੈ :** ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ (ਖਾ. ਟ੍ਰੈ. ਸੁ. ਅੰਮ੍ਰਿਤਸਰ) ਅਨੁਸਾਰ ਕੂਰਨ ਦੇਸ਼ ਭਾਸ਼ਾ ਦਾ ਸ਼ਬਦ ਹੈ ਜਿਸ ਦੇ ਅਰਥ ਹਨ ਧੂੜੀ । ਯਥਾ -"ਕਬਹੂ ਕੂਰਨੁ ਚਨੇ ਬਿਨਾਵੈ ॥ ਕਦੇ ਧੂੜੀ ਨਾਲ (ਯਾ ਵਿਚੋਂ) ਚਨੇ ਚੁਕਵਾਉਂਦਾ ਹੈ ।" ਕੂੜੇ ਜਾਂ ਧੂੜੀ ਚੋਂ ਚਣੇ ਚੁਕਵਾਉਂਦਾ ਹੈ, ਉਹ ਅਰਥ ਵਧੇਰੇ ਪ੍ਰਚਲਤ ਹਨ । ਕੋਰੜ ਤੇ ਉਬਲੇ ਹੋਏ ਚਾਵਲਾ ਦੇ ਚਣਿਆਂ ਦੇ ਦਾਣੇ, ਅਗੇ ਤੋਂ ਅਗੇ ਕਲਪਿਤ ਅਰਥ ਕੀਤੇ ਗਏ ਹਨ, ਜੋ ਕਿ ਠੀਕ ਨਹੀਂ ਜਾਪਦੇ ।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਜਿਸ ਅਵਸਥਾ ਦਾ ਜ਼ਿਕਰ ਕੀਤਾ ਹੈ, ਉਹ ਗਰੀਬ ਤੇ ਅਮੀਰੀ ਦੇ ਪ੍ਰਭਾਵ ਤੋਂ ਉਪਰ ਸੰਤੋਖੀਆਂ ਵਾਲਾ ਹੈ । ਰਬੀ ਭਗਤ 'ਜੇ ਸੁਖੁ ਦੇਹਿ ਤ ਤੁਝਹਿ ਅਰਾਧੀ, ਦੁਖਿ ਭੀ ਤੁਝੈ ਧਿਆਈ ॥੨॥ ਜੇ ਭੁਖ ਦੇਹਿ ਤਾਂ ਇਤਹੀ ਰਾਜਾ, ਦੁਖ ਵਿਚਿ ਸੂਖ ਮਨਾਈ ॥੩॥ (ਪੰ. ੭੫੭) ਵਾਲੀ ਨਿਰਲੇਪ ਅਵਸਥਾ ਵਿਚ ਵਿਚਰਦੇ ਹੋਏ ਰਾਮ-ਆਸਰੇ, ਭਾਵ ਉਸ ਦੇ ਭਾਣੇ ਵਿਚ ਰਹਿੰਦੇ ਹਨ :-

**ਮੇਰੇ ਰਾਮ ਰਾਇ, ਜਿਉ ਰਾਖਹਿ ਤਿਉ ਰਹੀਐ ॥**

**ਤੁਧੁ ਭਾਵੈ ਤਾ ਨਾਮੁ ਜਪਾਵਹਿ, ਸੁਖੁ ਤੇਰਾ ਦਿਤਾ ਲਹੀਐ ॥** [ਪੰਨਾ ੭੪੯

ਪਰਮਾਤਮਾ ਦੇ ਅਸਚਰਜ ਕੌਤਕ ਹਨ, ਉਸ ਦੇ ਰੰਗਾਂ ਦਾ ਬਿਆਨ ਕਥਨ ਤੋਂ ਬਾਹਰ ਹੈ । ਗੁਰਬਾਣੀ

ਹੋਇ ॥ ਬਿਸਮਿਲਿ ਕੀਆ, ਨ ਜੀਵੈ ਕੋਇ ॥੩॥ ਮੇਰਾ ਕੀਆ ਕਛੂ ਨ ਹੋਇ ॥ ਕਰਿ ਹੈ ਰਾਮੁ ਹੋਇ ਹੈ ਸੋਇ ॥੪॥ ਬਾਦਿਸਾਹੁ ਚੜ੍ਹਿਓ ਅਹੰਕਾਰਿ ॥ ਗਜ ਹਸਤੀ ਦੀਨੋ ਚਮਕਾਰਿ ॥੫॥ ਰੁਦਨੁ ਕਰੈ ਨਾਮੇ ਕੀ ਮਾਇ ॥ ਛੋਡਿ ਰਾਮੁ, ਕੀ ਨ ਭਜਹਿ ਖੁਦਾਇ ॥ ੬ ॥ ਨ ਹਉ ਤੇਰਾ ਪੂੰਗੜਾ, ਨ ਤੂ ਮੇਰੀ ਮਾਇ ॥ ਪਿੰਡੁ ਪੜੈ, ਤਉ ਹਰਿ ਗੁਨ ਗਾਇ ॥੭॥ ਕਰੈ ਗਜਿੰਦੁ ਸੁੰਡ ਕੀ ਚੋਟ ॥ ਨਾਮਾ ਉਬਰੈ, ਹਰਿ ਕੀ ਓਟ ॥੮॥

## ਉਚਾਰਨ ਸੇਧ

**ਬਿੰਦੀ ਸਹਿਤ :** ਦੇਖਉ, ਮਾਰਉ, ਕਿਉਂ, ਭਜਹਿਂ, ਹਉਂ ।

**ਪਦ ਅਰਥ :** ਸੁਲਤਾਨੁ-ਮੁਹੰਮਦ ਬਿਨ ਤੁਗਲਕ ਬਾਦਸ਼ਾਹ । ਬੇ ਨਾਮਾ-ਓਇ ਨਾਮਦੇਵ! । ਦੇਖਉ-ਮੈਂ ਵੇਖਦਾ ਹਾਂ । ਰਾਮ ਤੁਮਾਰੇ ਕਾਮਾ-ਤੇਰੇ ਰਾਮ ਦੇ ਕੰਮ ।੧। ਸੁਲਤਾਨੈ-ਸੁਲਤਾਨ ਨੇ । ਬਾਧਿਲਾ-ਬੰਨ੍ਹ ਲਿਆ । ਬੀਠੁਲਾ-ਮਾਇਆ ਰਹਿਤ ਪ੍ਰਭੂ ।੧। ਰਹਾਉ । ਬਿਸਮਿਲ ਗਊ-ਮੋਈ ਹੋਈ ਗਾਂ । ਨਾ ਤਰੁ-ਨਹੀਂ ਤਾਂ । ਗਰਦਨਿ-ਧੌਣ ਤੋਂ (ਫੜ ਕੇ) । ਮਾਰਉ ਠਾਇ-ਇਸੇ ਥਾਂ ਤੇ ਮਾਰ ਦਿਆਂਗਾ ।੨। ਬਾਦਸ਼ਾਹ-ਹੇ ਬਾਦਸ਼ਾਹ । ਕਿਉ-ਕਿਵੇਂ ? ।੩। ਸੋਇ-ਓਹੀ ਕੁਝ ।੪। ਅਹੰਕਾਰਿ-ਅਹੰਕਾਰ ਵਿਚ । ਗਜ-ਹਾਥੀ । ਚਮਕਾਰਿ-ਚਮਕਾਰਿਆ, ਗੁੱਸੇ ਵਿਚ ਲਿਆ ਕੇ ਉਕਸਾਇਆ।੫। ਰੁਦਨ ਕਰੈ-ਰੋਂਦੀ ਹੈ । ਮਾਇ-ਮਾਂ । ਪਿੰਡੁ ਪੜੈ-ਸਰੀਰ ਭਾਵੇਂ ਨਾਸ਼ ਹੋ ਜਾਏ । ਗਜਿੰਦੁ-ਵੱਡਾ ਹਾਥੀ । ਉਬਰੈ-ਬਚ ਜਾਂਦਾ ਹੈ ।੮।

**ਅਰਥ :** ਬਾਦਸ਼ਾਹ ਪੁੱਛਦਾ ਹੈ, ਓਇ ਨਾਮਦੇਵ! ਸੁਣ, ਮੈਂ ਤੇਰੇ ਰਾਮ ਦੇ ਕੰਮ ਵੇਖਣਾ ਚਾਹੁੰਦਾ ਹਾਂ ।੧।

ਬਾਦਸ਼ਾਹ ਨੇ ਨਾਮਦੇਵ ਨੂੰ ਬੰਨ੍ਹ ਲਿਆ (ਤੇ ਆਖਿਆ ਕਿ) ਮੈਂ ਤੇਰਾ ਹਰੀ ਬੀਠੁਲ ਵੇਖਣਾ ਚਾਹੁੰਦਾ ਹਾਂ ।੧। ਰਹਾਉ ।

(ਓਇ ਨਾਮਦੇਵ! ਇਹ) ਮੋਈ ਹੋਈ ਗਾਂ ਜਿਵਾ ਦੇ (ਜ਼ਿੰਦਾ ਕਰ ਦੇ), ਨਹੀਂ ਤਾਂ (ਮੈਂ ਤੈਨੂੰ) ਇਸੇ ਥਾਂ ਤੇ ਹੀ ਮਾਰ ਦਿਆਂਗਾ ।੨।

(ਨਾਮਦੇਵ ਨੇ ਕਿਹਾ) ਹੇ ਬਾਦਸ਼ਾਹ! ਇਸ ਤਰ੍ਹਾਂ ਦੀ ਗਲ ਕਿਵੇਂ ਹੋ ਸਕਦੀ ਹੈ ? (ਜੋ ਰਬ ਦਾ) ਮਾਰਿਆ ਹੋਇਆ ਹੈ, (ਉਸ ਨੂੰ) ਜੀਉਂਦਾ ਨਹੀਂ (ਕਰ) ਸਕਦਾ ।੩।

(ਹੇ ਬਾਦਸ਼ਾਹ !) ਮੇਰਾ ਕੀਤਾ ਹੋਇਆ ਕੁਝ ਭੀ ਨਹੀਂ ਹੁੰਦਾ, (ਜੋ ਕੁਝ) ਪਰਮਾਤਮਾ ਕਰਦਾ ਹੈ, ਉਹੀ ਕੁਝ ਹੁੰਦਾ ਹੈ ।੪।

ਬਾਦਸ਼ਾਹ (ਨਾਮਦੇਵ ਦਾ ਜਵਾਬ ਸੁਣ ਕੇ) ਗੁੱਸੇ ਵਿਚ ਆਇਆ । (ਉਸਨੇ ਨਾਮਦੇਵ ਨੂੰ ਮਾਰਨ ਹਿਤ) ਇਕ ਵੱਡੇ ਹਾਥੀ ਨੂੰ ਚਮਕਾਇਆ ਭਾਵ ਗੁੱਸੇ ਵਿਚ ਲਿਆ ਦਿਤਾ ।੫।

(ਇਹ ਸੁਣ ਕੇ) ਨਾਮਦੇਵ ਦੀ ਮਾਂ ਰੋਂਦੀ ਹੈ (ਤੇ ਕਹਿੰਦੀ ਹੈ ਹੇ ਨਾਮਦੇਵ ! ਤੂੰ) ਰਾਮ ਰਾਮ-ਛਡ ਕੇ ਖੁਦਾ-ਖੁਦਾ ਕਿਉਂ ਨਹੀਂ ਜਪਦਾ ? ।੬।

ਪਟਰਾਣੀ (ਪ੍ਰਹਿਲਾਦ ਦੀ ਮਾਂ, ਇਉਂ ਬੇਨਤੀ ਕਰਦੀ ਹੈ ਕਿ ਹੇ ਪੁਤ੍ਰ !) ਪਿਤਾ ਰਾਜੇ ਨੇ) ਸਾਰੀ ਪ੍ਰਿਥਵੀ (ਆਪਣੇ) ਵਸ ਕਰ ਲਈ ਹੈ (ਤੂੰ ਵੀ ਪਿਤਾ ਦਾ ਕਹਿਆ ਮੰਨ ਲੈ)। (ਪਰ) ਇਕੋ ਪ੍ਰਹਿਲਾਦ ਪੁੱਤਰ ਹੀ (ਪਿਉ ਦਾ) ਆਖਿਆ ਨਹੀਂ ਮੰਨਦਾ (ਇਸ ਲਈ ਰਾਜੇ ਨੇ ਦਿਲ ਵਿਚ ਇਸ ਦੇ ਵਿਰੁਧ) ਹੋਰ ਸਲਾਹ ਕਰ ਲਈ ਹੈ ।੨।

ਦੁਸ਼ਟਾਂ ਦੀ ਸਭਾ ਨੇ ਮਿਲ ਕੇ (ਇਹ) ਮਤਾ ਪਕਾਇਆ ਕਿ (ਪ੍ਰਹਿਲਾਦ ਦੀ) ਉਮਰ ਵੱਡੀ ਕਰ ਦੇਈਏ ਭਾਵ ਮਾਰ ਦੇਈਏ (ਪਰ) ਰਾਜਾ ਰਾਮ (ਪਰਮੇਸ਼ਰ) ਨੇ ਮਾਇਆ ਦਾ ਸੁਭਾਵ ਹੀ ਉਲਟਾ ਦਿਤਾ ਪਹਾੜ ਤੋਂ ਹੇਠਾਂ ਸੁਟਣ, ਪਾਣੀ ਵਿਚ ਡੋਬਣ ਤੇ ਅੱਗ ਵਿਚ ਸਾੜਨ ਦੇ ਭੈ ਤੋਂ ਵੀ (ਪ੍ਰਹਿਲਾਦ ਨੂੰ) ਰੱਖ ਲਿਆ ।੩।

(ਹਰਨਾਖਸ਼ ਨੇ) ਤਲਵਾਰ ਕਢ ਕੇ, ਕਾਲ ਰੂਪ ਡਰ ਵਿਖਾਇਆ ਤੇ ਕ੍ਰੋਧ ਨਾਲ ਕਹਿਣ ਲੱਗਾ "ਮੈਨੂੰ ਦਸ ਕੌਣ ਹੈ ਜੋ ਤੇਰੀ ਰਖਿਆ ਕਰ ਸਕਦਾ ਹੈ ? (ਉਸ ਵੇਲੇ ਪ੍ਰਹਿਲਾਦ ਇਹ ਜਵਾਬ) ਦਿੰਦਾ ਹੈ ਕਿ ਪੀਲੇ ਕਪੜਿਆਂ ਵਾਲਾ ਤਿੰਨ ਭਵਨਾਂ ਦਾ ਮਾਲਕ ਜੋ ਹਰੀ ਹੈ, ਉਹ ਥੰਭ ਵਿਚ (ਮੇਰਾ ਰਖਵਾਲਾ ਬੈਠਾ ਹੈ) ।੪।

(ਹੇ ਭਾਈ !) ਜਿਸ ਹਰੀ ਨੇ ਹਰਨਾਖਸ਼ ਨੂੰ ਨੌਹਾਂ ਨਾਲ ਪਾੜ ਦਿਤਾ (ਅਤੇ ਇਹ ਸਾਬਤ ਕਰ ਦਿਤਾ ਕਿ ਉਹ ਚੰਗੇ ਪੁਰਸ਼ਾਂ ਦਾ ਰਖਵਾਲਾ ਹੈ, (ਉਸ ਨੇ ਸਭ) ਦੇਵਤੇ ਤੇ ਮਨੁੱਖ ਮਾਲਕ ਵਾਲੇ ਕਰ ਦਿਤੇ। ਨਾਮਦੇਵ ਜੀ ਕਹਿੰਦੇ ਹਨ (ਅਸੀਂ ਉਸ) ਨਰਸਿੰਘ ਹਰੀ ਦਾ ਧਿਆਨ ਕਰਦੇ ਹਾਂ ਜੋ ਨਿਰਭਉ-ਪਦ ਦੇਣ ਵਾਲਾ ਹੈ ।੫।

## ਸਾਰੰਸ਼ ਅਤੇ ਸਿਧਾਂਤ

ਪ੍ਰਹਿਲਾਦ ਭਗਤ ਜੀ ਦੀ ਹਡਬੀਤੀ ਮਿਸਾਲ ਦੇ ਕੇ ਪਰਮਾਤਮਾ ਦਾ ਨਾਮ ਜਪਣ ਵਾਲਿਆਂ ਨੂੰ ਪ੍ਰਗਟ ਕਰ ਦਿਤਾ ਕਿ ਜਿਨ੍ਹਾਂ ਨੂੰ ਹਰੀ ਦੀ ਲਗਨ ਹੁੰਦੀ ਹੈ ਉਹ ਕਿਸੇ ਕਸ਼ਟ ਅਥਵਾ ਜ਼ੁਲਮ ਤੋਂ ਉਕਾ ਹੀ ਨਹੀਂ ਡਰਦੇ। ਬਸ, ਇਕ ਦ੍ਰਿੜਤਾ ਦੀ ਲੋੜ ਹੈ ਅਤੇ ਪਰਮਾਤਮਾ ਨੂੰ ਹਰ ਵੇਲੇ ਅੰਗ-ਸੰਗ ਸਮਝਣ ਦਾ ਸਬਕ ਪਕਾਉਣਾ ਹੈ। ਜਦੋਂ ਪਰਮੇਸ਼ਰ ਦੀ ਮਿਹਰ ਨਜ਼ਰ ਹੋ ਜਾਂਦੀ ਹੈ ਤਾਂ ਅਸੰਭਵ ਕੰਮ ਵੀ ਸੰਭਵ ਹੋ ਜਾਂਦੇ ਹਨ। ਜੋ ਨਿਰਭੈਤਾ ਪ੍ਰਹਿਲਾਦ ਜੀ ਨੇ ਰਬ ਦੀ ਹੋਂਦ ਵਿਚ ਦ੍ਰਿੜ ਰਹਿਣ ਵਾਲੀ ਵਿਖਾਈ ਹੈ, ਉਹ ਬੇ-ਮਿਸਾਲ ਹੈ। ਗੁਰਸਿੱਖਾਂ ਨੂੰ ਗੁਰਬਾਣੀ ਵਿਚੋਂ ਇਹੋ ਸਿਖਿਆ ਮਿਲਦੀ ਹੈ :–

ਬਿਘਨੁ ਨ ਕੋਊ ਲਾਗਤਾ ਗੁਰ ਪਹਿ ਅਰਦਾਸਿ ॥
ਰਖਵਾਲਾ ਗੋਬਿੰਦ ਰਾਇ ਭਗਤਨ ਕੀ ਰਾਸਿ ॥ [ਪੰਨਾ ੮੧੭

**ਸੁਲਤਾਨੁ ਪੂਛੈ, ਸੁਨੁ ਬੇ ਨਾਮਾ ॥ ਦੇਖਉ ਰਾਮ ਤੁਮ੍ਹਾਰੇ ਕਾਮਾ ॥੧॥ ਨਾਮਾ, ਸੁਲਤਾਨੇ ਬਾਧਿਲਾ ॥ ਦੇਖਉ ਤੇਰਾ ਹਰਿ ਬੀਠੁਲਾ ॥੧॥ ਰਹਾਉ ॥ ਬਿਸਮਿਲਿ ਗਊ, ਦੇਹੁ ਜੀਵਾਇ ॥ ਨਾਤਰੁ, ਗਰਦਨਿ ਮਾਰਉ ਠਾਂਇ ॥੨॥ ਬਾਦਿਸਾਹ, ਐਸੀ ਕਿਉ**

**ਕਰੈ ਪਟਰਾਨੀ ॥ ਪੁਤ੍ਰੁ ਪ੍ਰਹਿਲਾਦੁ ਕਹਿਆ ਨਹੀ ਮਾਨੈ, ਤਿਨਿ ਤਉ ਅਉਰੈ ਠਾਨੀ ॥੨॥ ਦੁਸਟ ਸਭਾ ਮਿਲਿ ਮੰਤਰ ਉਪਾਇਆ, ਕਰਸਹ ਅਉਧ ਘਨੇਰੀ ॥ ਗਿਰਿ ਤਰ ਜਲ ਜੁਆਲਾ ਭੈ ਰਾਖਿਓ, ਰਾਜਾ ਰਾਮਿ ਮਾਇਆ ਫੇਰੀ॥੩॥ ਕਾਢਿ ਖੜਗੁ ਕਾਲੁ ਭੈ ਕੋਪਿਓ, ਮੋਹਿ ਬਤਾਉ ਜੁ ਤੁਹਿ ਰਾਖੈ॥ ਪੀਤ ਪੀਤਾਂਬਰ ਤ੍ਰਿਭਵਣ ਧਣੀ, ਥੰਭ ਮਾਹਿ ਹਰਿ ਭਾਖੈ॥੪॥ ਹਰਨਾਖਸੁ ਜਿਨਿ ਨਖਹ ਬਿਦਾਰਿਓ, ਸੁਰਿ ਨਰ ਕੀਏ ਸਨਾਥਾ॥ ਕਹਿ ਨਾਮਦੇਉ ਹਮ ਨਰਹਰਿ ਧਿਆਵਹਿ, ਰਾਮੁ ਅਭੈ ਪਦ ਦਾਤਾ ॥੫॥੩॥੯॥**

## ਉਚਾਰਨ ਸੇਧ

**ਬਿੰਦੀ ਸਹਿਤ :** ਨਹੀਂ, ਕਰਸਹੰ, ਮਾਹਿੰ, ਨਖਹੰ, ਧਿਆਵਹਿੰ।

**ਪਦ ਅਰਥ :** ਸੰਡਾ ਮਰਕਾ-ਪ੍ਰਹਿਲਾਦ ਦੇ ਉਸਤਾਦ। ਜਾਇ ਪੁਕਾਰੇ-ਜਾ ਕੇ ਸ਼ਿਕਾਇਤ ਕੀਤੀ। ਪੜੈ ਨਹੀ-ਪੜ੍ਹਦਾ ਨਹੀਂ ਹੈ। ਪਚਿ ਹਾਰੇ-ਖਪ ਗਏ ਹਾਂ। ਰਾਮ ਕਹੈ-ਰਾਮ-ਰਾਮ ਉਚਾਰਦਾ ਹੈ। ਕਰ-ਹੱਥਾਂ ਨਾਲ। ਤਾਲ ਬਜਾਵੈ-ਛੈਣੇ, ਖੜਤਾਲਾਂ ਵਜਾਂਦਾ ਹੈ। ਚਟੀਆ-ਵਿਦਿਆਰਥੀ।੧।

ਜਪਿਬੋ ਕਰੈ-ਜਪਦਾ ਰਹਿੰਦਾ ਹੈ।੧।ਰਹਾਉ। ਬਸੁਧਾ-ਧਰਤੀ। ਪਟਰਾਨੀ-ਵਡੀ ਰਾਣੀ (ਪ੍ਰਹਿਲਾਦ ਦੀ ਮਾਤਾ)। ਤਿਨਿ-ਉਸ (ਪ੍ਰਹਿਲਾਦ)ਨੇ। ਅਉਰੈ ਠਾਨੀ-(ਮਨ ਵਿਚ) ਹੋਰ ਗਲ ਪੱਕੀ ਕੀਤੀ ਹੋਈ ਹੈ।੨।

ਮੰਤਰੁ-ਸਲਾਹ-ਮਸ਼ਵਰਾ, ਪਕਾਇਆ। ਕਰਸਹ-ਅਸੀਂ ਕਰ ਦਿਆਂਗੇ। ਅਉਧ-ਉਮਰ। ਘਨੇਰੀ-ਬਹੁਤ ਭਾਵ ਹੈ, ਇਥੇ ਵਿਅੰਗ ਰੂਪ ਵਿਚ ਹੈ, 'ਮਾਰ-ਮੁੱਕਾ ਦਿਆਂਗੇ'। ਗਿਰਿ-ਪਹਾੜ। ਤਰ-ਰੁੱਖ। ਜੁਆਲਾ-ਅੱਗ। ਭੈ ਰਾਖਿਓ-ਡਰ ਤੋਂ ਰਖ ਲਿਆ, ਬਚਾਅ ਲਿਆ। ਰਾਜਾ ਰਾਮਿ-ਭਾਵ ਪਰਮਾਤਮਾ ਨੇ। ਮਾਇਆ ਫੇਰੀ-ਮਾਇਆ ਦਾ (ਸੁਭਾਅ ਹੀ) ਉਲਟਾਅ ਦਿਤਾ।੩।

ਕਾਢਿ ਖੜਗ-ਤਲਵਾਰ ਕਢ ਕੇ। ਕਾਲੁ-ਮੌਤ। ਕੋਪਿਓ-ਗੁੱਸੇ ਵਿਚ ਆਇਆ। ਪੀਤ ਪੀਤਾਂਬਰ-ਪੀਲੇ ਕਪੜਿਆਂ ਵਾਲਾ ਕਿਸ਼ਨ, ਭਾਵ ਪਰਮਾਤਮਾ। ਤ੍ਰਿਭਵਣ ਧਣੀ-ਤਿੰਨ ਭਵਨਾ ਦਾ ਮਾਲਕ। ਥੰਭ ਮਾਹਿ-ਥੰਮ ਵਿਚ। ਹਰਿ ਭਾਖੈ-ਪਰਮਾਤਮਾ ਬੋਲਦਾ ਹੈ।੪।

ਜਿਨਿ-ਜਿਸ (ਪਰਮੇਸ਼ਰ) ਨੇ। ਨਖਹ-ਨੌਹਾਂ ਨਾਲ। ਬਿਦਾਰਿਓ-ਚੀਰ ਫਾੜ ਦਿਤਾ। ਸਨਾਥਾ-ਖਸਮ ਵਾਲੇ। ਨਰਹਰਿ-ਪਰਮਾਤਮਾ। ਅਭੈ ਪਦ-ਨਿਰਭਉ ਪਦਵੀ।੫।

**ਅਰਥ :** ਸੰਡੇ ਤੇ ਮਰਕੇ (ਪ੍ਰਹਿਲਾਦ ਦੇ ਉਸਤਾਂਦਾ ਨੇ, ਹਰਨਾਖਸ਼ ਅਗੇ) ਜਾ ਕੇ ਫਰਿਆਦ ਕੀਤੀ (ਕਿ ਅਸੀ) ਖਪ ਮੋਏ ਹਾਂ (ਪ੍ਰਹਿਲਾਦ ਸਾਡੀ ਲਿਖਾਈ ਪੱਟੀ) ਪੜ੍ਹਦਾ ਹੀ ਨਹੀਂ ਹੈ। (ਉਹ ਤਾਂ) ਰਾਮ ਰਾਮ ਆਖਦਾ ਹੈ, ਹੱਥਾਂ ਨਾਲ ਖੜਤਾਲਾਂ ਵਜਾਂਦਾ ਹੈ (ਪਾਠਸ਼ਾਲਾ ਵਿਚ ਪੜ੍ਹਦੇ ਹੋਰ) ਵਿਦਿਆਰਥੀ (ਇਸ ਨੇ) ਵਿਗਾੜ ਦਿਤੇ ਹਨ।੧।

(ਪ੍ਰਹਿਲਾਦ) ਰਾਮ ਨਾਮ ਦਾ ਜਾਪ ਕਰਦਾ ਹੈ (ਅਤੇ ਆਪਣੇ) ਹਿਰਦੇ ਵਿਚ ਹਰੀ ਜੀ ਦਾ ਸਿਮਰਨ ਧਾਰਦਾ ਹੈ (ਟਿਕਾਂਦਾ) ਹੈ।੧। ਰਹਾਉ।

੨. ਜਦ ਉਹ ਤਾਲ ਪੂਰਦੀ ਹੈ ਤਾਂ ਵਿਸ਼ਈ ਉਸ ਦੇ ਸੁਆਸ ਗਿਣਦਾ ਹੈ। [ਸ਼ਬਦਾਰਥ
੩. ਵੇਸਵਾ ਨਚਦੀ ਹੈ ਅਤੇ ਬੜੇ ਗਹੁ ਨਾਲ ਆਪਣੀ ਸੁਰ ਨੂੰ ਤੋਲਦੀ ਹੈ। [ਦਰਪਣ

**ਨਿਰਣੈ :** ਉਪਰੋਕਤ ਪੰਕਤੀ ਵਿਚ 'ਸਾਸ' ਪਦ ਦਾ ਸਬੰਧ ਸੁਰ-ਤਾਲ ਨਾਲ ਹੈ, ਸਵਾਸਾਂ ਨਾਲ ਨਹੀਂ। ਸੰਪ੍ਰਦਾਈ ਟੀਕਾਕਾਰਾਂ ਨੇ ਵੀ ਇਸ ਪਦੇ ਦੇ ਅਰਥ ਸੁਰ-ਤਾਲ ਨੂੰ ਤੋਲਣ ਦੇ ਹੀ ਕੀਤੇ ਹਨ। ਮਹਾਨ ਕੋਸ਼ ਵਿਚ ਵੀ 'ਸਾਸ' ਦੇ ਅਰਥ 'ਸਵਰ' ਹੀ ਕੀਤੇ ਹਨ। ਇਸ ਲਈ ਨੰ : ੧ ਤੇ ੨ ਵਾਲੇ ਅਰਥ ਪ੍ਰਕਰਣ ਅਨੁਕੂਲ ਨਹੀਂ ਹਨ।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚੋਂ ਇਹ ਸਿਖਿਆ ਮਿਲਦੀ ਹੈ ਕਿ ਜਿਹੜਾ ਮਨੁੱਖ ਕੇਵਲ ਪਰਮੇਸ਼ਰ ਨਾਲ ਪ੍ਰੇਮ ਕਰਦਾ ਹੈ, ਉਸ ਨੂੰ ਹੀ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ। ਜਿਹੜੇ ਪ੍ਰਭੂ ਨੂੰ ਛੋੜ ਕੇ ਹੋਰ ਪਦਾਰਥਾਂ ਨਾਲ ਪਿਆਰ ਕਰਦੇ ਹਨ ਉਨ੍ਹਾਂ ਦੀ ਹਾਲਤ ਉਸ ਵੇਸਵਾ ਵਾਲੀ ਹੁੰਦੀ ਹੈ ਜੋ ਸੁੰਦਰ ਹਾਰ-ਸ਼ਿੰਗਾਰ ਕਰਕੇ ਵਿਸ਼ਈ ਪੁਰਖਾਂ ਨੂੰ ਠਗਦੀ ਹੈ। ਅੰਤ ਨੂੰ ਵਿਕਾਰਾਂ ਕਾਰਨ ਉਸ ਦੇ ਗਲ ਵਿਚ ਜਮਾਂ ਦੀ ਫਾਹੀ ਪੈਂਦੀ ਹੈ। ਕਾਮ ਦੇ ਅਧੀਨ ਪਰ ਨਾਰੀ ਨਾਲ ਯਰਾਨਾ ਲਾਉਣ ਵਾਲਿਆਂ ਤੇ ਬਦ ਫੈਲੀਆਂ ਕਰਨ ਵਾਲਿਆਂ ਦਾ ਅੰਤ ਵੀ ਮਾੜਾ ਹੀ ਹੁੰਦਾ ਹੈ। ਗੁਰਵਾਕ ਹਨ :

**ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥**
**ਤਕਹਿ ਨਾਰਿ ਪਰਾਈਆ, ਲੁਕਿ ਅੰਦਰਿ ਠਾਣੀ ॥**
**ਸੰਨ੍ਹੀ ਦੇਨਿ ਵਿਖੰਮ ਥਾਇ, ਮਿਠਾ ਮਦੁ ਮਾਣੀ ॥**
**ਕਰਮੀ ਆਪੋ ਆਪਣੀ, ਆਪੇ ਪਛੁਤਾਣੀ ॥**
**ਅਜਰਾਈਲੁ ਫਰੇਸਤਾ, ਤਿਲ ਪੀੜੇ ਘਾਣੀ ॥** [ਪੰਨਾ ੩੧੫

ਇਸ ਸ਼ਬਦ ਵਿਚ ਜਿਤਨੀਆਂ ਉਦਾਹਰਨਾਂ ਦਿਤੀਆਂ ਹਨ ਸਭ ਪਰ-ਇਸਤ੍ਰੀਆਂ ਨਾਲ ਭੋਗ ਰਕਨ ਵਾਲੇ ਸੰਜਮ-ਹੀਣ ਮੰਦੇ ਮਨੁੱਖਾਂ ਦੀਆਂ ਹਨ ਜਿਨ੍ਹਾਂ ਦੇ ਹਿਰਦੇ ਵਿਚ ਹਰ ਵੇਲੇ ਕਾਮ ਦੀ ਅੱਗ ਭੜਕਦੀ ਰਹਿੰਦੀ ਹੈ, ਸ਼ਾਂਤੀ ਕਦੇ ਨਹੀਂ ਹੋਂਦੀ। ਕਿਉਂਕਿ ਉਹ ਅਸਲੀ ਸਤਿਸੰਗ ਮਾਰਗ ਛਡ ਕੇ ਕੁਸੰਗ ਵਿਚ ਪੈ ਜਾਂਦੇ ਹਨ, ਮੂਲ ਤੋਂ ਭੁਲ ਕੇ, ਅੰਮ੍ਰਿਤ ਨੂੰ ਛਡਕੇ ਜ਼ਹਿਰ ਦੇ ਵਪਾਰੀ ਬਣਦੇ ਹਨ।

ਇਸ ਸ਼ਬਦ ਦਾ ਸਿਧਾਂਤ ਇਹ ਹੈ ਕਿ ਗੁਰੂ ਦੀ ਸਰਨ ਵਿਚ ਪੈ ਕੇ ਪਰਮੇਸ਼ਰ ਦਾ ਭਜਨ ਕਰੋ, ਇਹ ਸ਼੍ਰੇਸ਼ਟ ਮਾਰਗ ਹੈ, ਇਸ ਤੇ ਚਲ ਕੇ, ਤੁਸੀਂ ਆਪਣਾ ਇਹ ਲੋਕ ਸੁਖੀ ਤੇ ਪਰਲੋਕ ਸੁਹੇਲਾ ਕਰ ਲਵੋ। ਭਗਤ ਜੀ ਨੇ ਸੰਸਾਰ ਸਾਗਰ ਤੋਂ ਪਾਰ ਹੋਣ ਦੀ ਇਹ ਸੁੰਦਰ ਤੇ ਸਫਲ ਬਿਧਿ ਦਸੀ ਹੈ।

**ਸੰਡਾ ਮਰਕਾ ਜਾਇ ਪੁਕਾਰੇ ॥ ਪੜੈ ਨਹੀ, ਹਮ ਹੀ ਪਚਿ ਹਾਰੇ ॥ ਰਾਮੁ ਕਹੈ ਕਰ ਤਾਲ ਬਜਾਵੈ, ਚਟੀਆ ਸਭੈ ਬਿਗਾਰੇ ॥੧॥ ਰਾਮਨਾਮਾ ਜਪਿਬੋ ਕਰੈ ॥ ਹਿਰਦੈ, ਹਰਿ ਜੀ ਕੋ ਸਿਮਰਨ ਧਰੈ ॥੧॥ ਰਹਾਉ ॥ ਬਸੁਧਾ ਬਸਿ ਕੀਨੀ ਸਭ ਰਾਜੇ, ਬਿਨਤੀ**

ਅਗਨਿ ਮਹਿ-ਅੱਗ ਵਿਚ। ਜਲਤ ਰਹੈ-ਸੜਦਾ ਬਲਦਾ ਰਹਿੰਦਾ ਹੈ। ਮਿਟਵੈ ਕਬ ਨਾਹਿ-ਕਦੇ ਨਹੀਂ ਮਿਟ ਸਕਦਾ ।੧। ਰਹਾਉ। ਭਗਤਿ-ਭਗਤੀ। ਅਮਾਰਗਿ-ਅਪੁੱਠੇ ਰਾਹ ਤੇ। ਮੂਲਹੁ-ਪਰਮਾਤਮਾ ਤੋਂ। ਆਵੈ ਜਾਇ-ਜੰਮਦਾ ਮਰਦਾ ਰਹਿੰਦਾ ਹੈ। ਅੰਮ੍ਰਿਤੁ ਡਾਰਿ-ਅੰਮ੍ਰਿਤ ਨੂੰ ਸੁੱਟ ਕੇ। ਲਾਦਿ ਬਿਖੁ-ਜ਼ਹਿਰ ਨੂੰ, ਲੱਦ ਕੇ। ਖਾਇ-ਖਾਂਦਾ ਹੈ ।੨। ਪਰੈ ਅਖਾਰਾ-ਅਖਾੜਾ ਜੰਮਦਾ ਹੈ, ਤਮਾਸ਼ਾ ਹੁੰਦਾ ਹੈ। ਕਰਹਿ-ਕਰਦੀਆਂ ਹਨ। ਪੂਰੇ ਤਾਲ-ਤਾਲ ਪੂਰਦੀ ਹੈ। ਨਿਹਾਲੇ-ਤਕਦੀ ਹੈ। ਸਾਸ-ਸੁਰ ।੩। ਮਸਤਕਿ-ਮੱਥੇ ਤੇ। ਕਰਮਾ-ਭਾਗ। ਇਨ ਬਿਧਿ-ਇਸ ਤਰੀਕੇ ਨਾਲ। ਸੰਤਹੁ-ਹੇ ਸੰਤ ਜਨੋ! ।੪।

**ਅਰਥ :** ਅੰਨ੍ਹਾਂ (ਅਗਿਆਨੀ ਮਨੁੱਖ) ਘਰ ਦੀ ਇਸਤ੍ਰੀ ਛਡ ਦਿੰਦਾ ਹੈ (ਤੇ ਹੋਰ) ਪਰਾਈਆਂ ਤੀਵੀਆਂ ਨਾਲ ਯਾਰੀ ਲਾਂਦਾ ਹੈ। ਜਿਵੇਂ ਸਿੰਮਲ ਦਾ ਰੁਖ ਵੇਖ ਕੇ ਤੋਤਾ (ਬੜਾ) ਖੁਸ਼ ਹੁੰਦਾ ਹੈ (ਪਰ) ਅੰਤ ਵਾਰੀ (ਲੇਸ ਨਾਲ) ਚੰਬੜਿਆ ਹੀ ਮਰ ਜਾਂਦਾ ਹੈ। (ਬਸ ਇਹੋ ਹਸ਼ਰ ਵਿਕਾਰਾਂ ਵਿਚ ਅੰਨ੍ਹੇ ਹੋਏ ਮਨੁੱਖ ਦਾ ਹੁੰਦਾ ਹੈ) ।੧।

ਪਾਪੀ ਦਾ ਘਰ (ਟਿਕਾਣਾ ਉਸ) ਅੱਗ ਵਿਚ ਹੈ (ਜੋ ਸਦਾ) ਬਲਦੀ ਰਹਿੰਦੀ ਹੈ, ਕਦੇ ਵੀ ਬੁੱਝਦੀ ਨਹੀਂ ਹੈ ।੧। ਰਹਾਉ।

(ਜਿਥੇ) ਹਰੀ ਦੀ ਭਗਤੀ ਹੁੰਦੀ ਹੈ (ਉਥੇ ਪਾਪੀ ਪੁਰਸ਼) ਜਾ ਕੇ ਨਹੀਂ ਵੇਖਦਾ (ਭਾਵ ਸਾਧ ਸੰਗਤ ਦੇ ਦਰਸ਼ਨ ਨਹੀਂ ਕਰਦਾ)। (ਉਹ) ਸਹੀ ਰਸਤਾ ਛੋੜ ਕੇ ਕੁਰਾਹੇ ਪਾਸੇ ਟੁਰਦਾ ਹੈ। ਉਹ ਮੁਢੋਂ ਹੀ (ਪਰਮਾਤਮਾ) ਤੋਂ) ਭੁਲਿਆ ਹੋਇਆ, ਜੰਮਦਾ ਮਰਦਾ ਰਹਿੰਦਾ ਹੈ। ਅੰਮ੍ਰਿਤ (ਨਾਮ) ਛਡ ਕੇ (ਵਿਸ਼ੇ ਰੂਪ) ਜ਼ਹਿਰ ਲਦ ਕੇ ਖਾਂਦਾ ਹੈ ।੨।

ਜਿਵੇਂ (ਕੋਈ) ਵੇਸ਼ਵਾ (ਕੰਜਰੀਆਂ) ਦੇ ਅਖਾੜੇ ਵਿਚ ਪੈਂਦਾ (ਭਾਵ ਜਾਂਦਾ ਹੈ, ਉਥੇ ਕੰਜਰੀਆਂ) ਸੋਹਣੇ ਕਪੜੇ ਪਾਂਦੀਆਂ ਤੇ ਸ਼ਿੰਗਾਰ ਕਰਦੀਆਂ ਹਨ। (ਜਦ ਵੇਸ਼ਵਾ ਹਾਰ-ਸ਼ਿੰਗਾਰ ਕਰਕੇ) ਤਾਲ ਪੂਰਦੀ ਹੈ (ਭਾਵ ਨਚਦੀ ਹੈ ਅਤੇ ਆਪਣੀ) ਸੁਰ ਵਲ ਵੇਖਦੀ ਹੈ। (ਅਜਿਹੇ ਵਿਕਾਰੀ ਜੀਵਨ ਕਾਰਨ) ਉਸ ਦੇ ਗਲ ਵਿਚ ਜਮਾਂ ਦੀ ਫਾਹੀ ਪੈਂਦੀ ਹੈ ।੩।

ਜਿਸ (ਮਨੁੱਖ) ਦੇ ਮੱਥੇ ਉਤੇ ਪ੍ਰਭੂ ਦੀ ਬਖਸ਼ਸ਼ ਦਾ (ਲੇਖ) ਲਿਖਿਆ ਹੋਇਆ ਹੋਵੇ, ਉਹ (ਵਿਕਾਰਾਂ ਵਲੋਂ ਖਹਿੜਾ ਛੁਡਾ ਕੇ) ਦੌੜ ਕੇ ਸਤਿਗੁਰੂ ਦੀ ਸ਼ਰਨੀ ਆ ਪੈਂਦਾ ਹੈ। ਨਾਮਦੇਵ ਇਹ ਵੀਚਾਰ ਆਖਦਾ ਹੈ ਕਿ ਹੇ ਸੰਤ ਜਨੋ! ਇਸ ਜੁਗਤੀ ਨਾਲ (ਗੁਰੂ ਦੀ ਸ਼ਰਨ ਪੈ ਜਾਓ, ਤੁਸੀਂ ਵੀ ਸੰਸਾਰ ਸਾਗਰ ਤੋਂ) ਪਾਰ ਉਤਰ ਜਾਉਗੇ ।੪।੨।੮।

## ਅਰਥ ਭੇਦ ਅਤੇ ਨਿਰਣੈ

**ਪੂਰੇ ਤਾਲ ਨਿਹਾਲੇ ਸਾਸ ॥**

**ਵਖ ਵਖ ਅਰਥ**

੧. ਤਾਲ ਕੋ ਪੂਰ ਰਹੀ ਹੈ ਔਰ ਆਪਣੇ ਸਵਾਸੋਂ ਕੋ ਦੇਖਦੀ ਹੈ ਭਾਵ ਤੋਲਦੀ ਹੈ ਕਿ ਤਾਲ ਮੇਂ ਭੰਗ ਨ ਪੜ੍ਹ ਜਾਵੇ। [ਫ਼. ਸ.

ਜਿਸ ਤਰ੍ਹਾਂ ਬਚੇ ਅਤੇ ਮਾਂ ਦੀ (ਪਰਸਪਰ) ਪ੍ਰੀਤ ਹੁੰਦੀ ਹੈ, ਉਸ ਤਰ੍ਹਾਂ (ਮੇਰਾ) ਮਨ ਹਰੀ ਦੇ ਨਾਲ ਰੰਗਿਆ ਗਿਆ ਹੈ। ਨਾਮਦੇਵ ਆਖਦਾ ਹੈ ਕਿ (ਮੇਰੀ) ਪ੍ਰੀਤਿ (ਉਸ ਪ੍ਰਭੂ ਨਾਲ) ਲਗ ਗਈ ਹੈ (ਅਤੇ) ਉਹ ਪ੍ਰਿਥਵੀ ਦਾ ਮਾਲਕ ਪ੍ਰਭੂ ਮੇਰੇ ਚਿਤ ਵਿਚ ਵਸਦਾ ਹੈ।੪।੧।੭।

## ਸਾਰੰਸ਼ ਅਤੇ ਸਿਧਾਂਤ

ਭਗਤ ਨਾਮਦੇਵ ਜੀ ਨੇ ਸੰਸਾਰ ਦੀਆਂ ਬਹੁ ਪ੍ਰਕਾਰੀ ਪ੍ਰੀਤਾਂ ਦੀਆਂ ਉਦਾਹਰਣਾਂ ਦੇ ਕੇ ਹਰੀ ਦੇ ਚਰਨਾ ਨਾਲ ਜੋ ਆਪ ਜੀ ਦੀ ਤੀਬਰ ਪ੍ਰੀਤਿ ਬਣੀ ਹੈ, ਉਸ ਦਾ ਬੜੇ ਪਿਆਰ ਨਾਲ ਵਰਣਨ ਕੀਤਾ ਹੈ।

ਉਹ ਪ੍ਰੀਤਿ ਅਸਲੀ ਪ੍ਰੀਤਿ ਨਹੀਂ ਜੋ ਮਨੁੱਖ ਆਪਣੇ ਜਤਨ ਨਾਲ ਲਾਉਂਦਾ ਹੈ, ਸਹੀ ਅਰਥਾਂ ਵਿਚ ਉਹੀ ਸਚੀ ਸੁਚੀ ਪ੍ਰੀਤਿ ਹੈ ਜੋ ਪਰਮੇਸ਼ਰ ਆਪ ਜੀਵ ਦੇ ਹਿਰਦੇ ਵਿਚ ਪੈਦਾ ਕਰਦਾ ਹੈ। ਸਚੀ ਪ੍ਰੀਤਿ ਦੀ ਨਿਸ਼ਾਨੀ ਇਹ ਹੈ ਕਿ ਮਨੁੱਖ ਦੇ ਹਿਰਦੇ ਚੋਂ ਦੁਬਿਧਾ ਦਾ ਅਭਾਵ ਹੋ ਜਾਂਦਾ ਹੈ। ਜਦੋਂ ਪ੍ਰੀਤ ਲਗਦੀ ਹੈ ਤਾਂ ਹਰੀ ਚਿਤ ਵਿਚ ਆ ਵਸਦਾ ਹੈ। ਪ੍ਰੀਤ ਦੀ ਰੀਤ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਸਿਖਾਈ ਹੈ, ਉਹ ਚੇਤੇ ਰਖਣੀ ਚਾਹੀਦੀ ਹੈ :--

ਸਾਚੁ ਕਹੌਂ ਸੁਨ ਲੇਹੁ ਸਭੈ, ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥

ਸੂਹੀ ਰਾਗ ਵਿਚ ਗੁਰੂ ਅਰਜਨ ਦੇਵ ਜੀ ਨੇ ਜੋ ਪ੍ਰੀਤ-ਪ੍ਰੇਰਨਾ ਦਿਤੀ ਹੈ, ਪਲੇ ਬੰਨ੍ਹਣ ਵਾਲੀ ਹੈ:

ਪ੍ਰੀਤਿ ਪ੍ਰੀਤਿ ਗੁਰੀਆ ਮੋਹਨ ਲਾਲਨਾ ॥<br>
ਜਪਿ ਮਨ ਗੋਬਿੰਦ ਏਕੈ, ਅਵਰੁ ਨਹੀ ਕੋ ਲੇਖੈ,<br>
ਸੰਤ ਲਾਗੁ ਮਨਹਿ ਛਾਡਿ ਦੁਬਿਧਾ ਕੀ ਕੁਰੀਆ ॥ [ਪੰਨਾ ੭੮੬

**ਘਰ ਕੀ ਨਾਰਿ ਤਿਆਗੈ, ਅੰਧਾ॥ ਪਰ ਨਾਰੀ ਸਿਉ ਘਾਲੈ ਧੰਧਾ॥ ਜੈਸੇ ਸਿੰਬਲੁ ਦੇਖਿ, ਸੂਆ ਬਿਗਸਾਨਾ॥ ਅੰਤ ਕੀ ਬਾਰ ਮੂਆ, ਲਪਟਾਨਾ॥੧॥ ਪਾਪੀ ਕਾ ਘਰ, ਅਗਨੇ ਮਾਹਿ॥ ਜਲਤ ਰਹੈ, ਮਿਟਵੈ ਕਬ ਨਾਹਿ॥੧॥ਰਹਾਉ॥ ਹਰਿ ਕੀ ਭਗਤਿ ਨ ਦੇਖੈ ਜਾਇ॥ ਮਾਰਗੁ ਛੋਡਿ, ਅਮਾਰਗਿ ਪਾਇ॥ ਮੂਲਹੁ ਭੂਲਾ, ਆਵੈ ਜਾਇ॥ ਅੰਮ੍ਰਿਤੁ ਡਾਰਿ, ਲਾਦਿ ਬਿਖੁ ਖਾਇ॥੨॥ ਜਿਉ ਬੇਸ੍ਵਾ ਕੇ ਪਰੈ ਅਖਾਰਾ॥ ਕਾਪਰੁ ਪਹਿਰਿ ਕਰਹਿ ਸੀਗਾਰਾ॥ ਪੂਰੇ ਤਾਲ, ਨਿਹਾਲੇ ਸਾਸ॥ ਵਾ ਕੇ ਗਲੇ, ਜਮ ਕਾ ਹੈ ਫਾਸ॥੩॥ ਜਾ ਕੇ ਮਸਤਕਿ ਲਿਖਿਓ ਕਰਮਾ॥ ਸੋ ਭਜਿ ਪਰਿ ਹੈ, ਗੁਰ ਕੀ ਸਰਨਾ॥ ਕਹਤ ਨਾਮਦੇਉ, ਇਹੁ ਬੀਚਾਰੁ॥ ਇਨ ਬਿਧਿ, ਸੰਤਹੁ ਉਤਰਹੁ ਪਾਰਿ ॥੪॥੨॥੮॥**

## ਉਚਾਰਨ ਸੇਧ

**ਬਿੰਦੀ ਸਹਿਤ** : ਸਿਉਂ, ਮਾਹਿੰ, ਨਾਹਿੰ, ਮੂਲਹੁੰ, ਜਿਉਂ, ਕਰਹਿੰ, ਸ਼ੀਂਗਾਰਾ।

**ਪਦ ਅਰਥ** : ਨਾਰਿ-ਨਾਰੀ, ਇਸਤ੍ਰੀ। ਘਾਲੈ ਧੰਧਾ-ਯਾਰੀ ਲਾਉਂਦਾ ਹੈ। ਸਿੰਬਲੁ-(ਰੁਖ) ਵੇਖ ਕੇ। ਸੂਆ-ਤੋਤਾ। ਬਿਗਸਾਨਾ-ਖੁਸ਼ ਹੁੰਦਾ ਹੈ। ਲਪਟਾਨਾ-ਲਿਪਟ ਕੇ, ਲੇਸ ਨਾਲ ਚਿਮਟ ਕੇ।੧।

## ਭੈਰਉ ਨਾਮਦੇਉ ਜੀਉ ਘਰ ੨

**ੴ ਸਤਿਗੁਰ ਪ੍ਰਸਾਦਿ ॥ ਜੈਸੀ, ਭੂਖੇ ਪ੍ਰੀਤਿ ਅਨਾਜ ॥ ਤ੍ਰਿਖਾਵੰਤ, ਜਲ ਸੇਤੀ ਕਾਜ ॥ ਜੈਸੀ, ਮੂੜ ਕੁਟੰਬ ਪਰਾਇਣ ॥ ਐਸੀ, ਨਾਮੇ ਪ੍ਰੀਤਿ ਨਰਾਇਣ ॥੧॥ ਨਾਮੇ, ਪ੍ਰੀਤਿ ਨਾਰਾਇਣ ਲਾਗੀ॥ ਸਹਜਸੁਭਾਇ, ਭਇਓ ਬੈਰਾਗੀ ॥੧॥ਰਹਾਉ॥ ਜੈਸੀ, ਪਰਪੁਰਖਾ ਰਤ ਨਾਰੀ ॥ ਲੋਭੀ ਨਰੁ, ਧਨ ਕਾ ਹਿਤਕਾਰੀ ॥ ਕਾਮੀ ਪੁਰਖ, ਕਾਮਨੀ ਪਿਆਰੀ॥ ਐਸੀ, ਨਾਮੇ ਪ੍ਰੀਤਿ ਮੁਰਾਰੀ॥੨॥ ਸਾਈ ਪ੍ਰੀਤਿ, ਜਿ ਆਪੇ ਲਾਏ॥ ਗੁਰ ਪਰਸਾਦੀ, ਦੁਬਿਧਾ ਜਾਏ ॥ ਕਬਹੁ ਨ ਤੂਟਸਿ, ਰਹਿਆ ਸਮਾਇ ॥ ਨਾਮੇ ਚਿਤੁ ਲਾਇਆ, ਸਚਿ ਨਾਇ ॥ ੩ ॥ ਜੈਸੀ ਪ੍ਰੀਤਿ, ਬਾਰਿਕ ਅਰੁ ਮਾਤਾ ॥ ਐਸਾ, ਹਰਿ ਸੇਤੀ ਮਨੁ ਰਾਤਾ ॥ ਪ੍ਰਣਵੈ ਨਾਮਦੇਉ, ਲਾਗੀ ਪ੍ਰੀਤਿ ॥ ਗੋਬਿਦੁ ਬਸੈ ਹਮਾਰੈ ਚੀਤਿ ॥੪॥੧॥੭॥**

**ਪਦ ਅਰਥ :** ਤ੍ਰਿਖਾਵੰਤਿ-ਪਿਆਸਾ। ਸੇਤੀ-ਨਾਲ। ਕਾਜ-ਕੰਮ, ਗਰਜ਼, ਵਾਸਤਾ। ਮੂੜ-ਮੂਰਖ। ਕੁਟੰਬ-ਪਰਵਾਰ। ਪਰਾਇਣ-ਆਸਰੇ। ਸਹਜ ਸੁਭਾਇ-ਸੁਤੇ ਹੀ। ਬੈਰਾਗੀ-ਵੈਰਾਗਵਾਨ।੧।ਰਹਾਉ। ਪਰ ਪੁਰਖਾ-ਪਰਾਏ ਮਰਦ ਨਾਲ। ਰਤ-ਰੱਤੀ ਹੋਈ, ਰੰਗ ਰਲੀਆਂ ਮਾਣਦੀ ਹੈ। ਹਿਤਕਾਰੀ-ਪ੍ਰੇਮੀ। ਕਾਮੀ-ਵਿਸ਼ਈ। ਕਾਮਨੀ-ਇਸਤ੍ਰੀ।੨। ਜਿ-ਜਿਹੜੀ। ਗੁਰਪਰਸਾਦੀ-ਗੁਰੂ ਦੀ ਕਿਰਪਾ ਨਾਲ। ਦੁਬਿਧਾ-ਦਵੈਤ ਭਾਵਨਾ। ਨ ਤੂਟਸਿ-(ਪ੍ਰੀਤ) ਨਹੀਂ ਟੁਟਦੀ। ਸਚਿ-ਸਚ ਦੁਆਰਾ। ਨਾਇ-ਨਾਮ ਵਿਚ।੩। ਪ੍ਰਣਵੈ-ਬੇਨਤੀ ਕਰਦਾ ਹੈ। ਬਸੈ-ਵਸਦਾ ਹੈ।੪।

**ਅਰਥ :** (ਭਗਤ ਨਾਮਦੇਵ ਜੀ ਫੁਰਮਾਉਂਦੇ ਹਨ ਕਿ) ਜਿਸ ਤਰ੍ਹਾਂ ਭੁੱਖੇ (ਜੀਵ ਦੀ) ਪ੍ਰੀਤ ਅੰਨ ਨਾਲ ਹੁੰਦੀ ਹੈ, ਪਿਆਸੇ ਦਾ ਪਾਣੀ ਨਾਲ ਵਾਸਤਾ ਹੁੰਦਾ ਹੈ, ਜਿਸ ਤਰ੍ਹਾਂ ਮੂਰਖ ਆਪਣੇ ਟੱਬਰ ਦੇ ਆਸਰੇ ਹੁੰਦਾ ਹੈ, ਇਸ ਤਰ੍ਹਾਂ (ਮੈਂ) ਨਾਮੇ ਦੀ ਪ੍ਰੀਤ ਪ੍ਰਭੂ ਨਾਲ ਹੈ।੧।

(ਮੈਂ) ਨਾਮ ਦੇਵ ਦੀ ਪ੍ਰੀਤ ਪ੍ਰਭੂ ਨਾਲ ਸਹਿਜ ਸੁਭਾਵਕ ਲਗ ਗਈ ਹੈ,(ਭਾਵ ਕੁਦਰਤੀ ਤੌਰ ਤੇ ਮੇਰਾ ਮਨ)ਬੈਰਾਗੀ ਹੋ ਗਿਆ ਹੈ(ਭਾਵ ਸੰਸਾਰ ਦੀਆਂ ਉਲਝਣਾ ਤੋਂ ਉਪਰਾਮ ਹੋ ਗਿਆ ਹੈ)।੧।ਰਹਾਉ।

ਜਿਵੇਂ ਕੋਈ ਇਸਤ੍ਰੀ ਪਰਾਏ ਪੁਰਸ਼ ਨਾਲ ਪ੍ਰੀਤ (ਪਾ ਲੈਂਦੀ ਹੈ), ਜਿਵੇਂ ਲੋਭੀ ਮਨੁੱਖ ਨੂੰ ਧਨ ਦਾ ਪਿਆਰ ਹੁੰਦਾ ਹੈ, ਜਿਵੇਂ ਕਾਮੀ ਪੁਰਸ਼ ਨੂੰ ਕਾਮਨੀ (ਇਸਤ੍ਰੀ) ਚੰਗੀ ਲਗਦੀ ਹੈ, ਨਾਮਦੇਵ ਦੀ ਇਹੋ ਜਿਹੀ ਪ੍ਰੀਤ ਪਰਮਾਤਮਾ ਨਾਲ ਹੈ।੨।

ਅਸਲ ਪ੍ਰੀਤਿ ਉਹ ਹੈ ਜੋ (ਪ੍ਰਭੂ) ਆਪ (ਕਿਸੇ ਜੀਵ ਦੇ ਹਿਰਦੇ ਵਿਚ) ਪੈਦਾ ਕਰਦਾ ਹੈ, ਗੁਰੂ ਦੀ ਕਿਰਪਾ ਨਾਲ (ਉਸ ਦੇ ਹਿਰਦੇ ਚੋਂ) ਦੁਬਿਧਾ ਦੂਰ ਹੋ ਜਾਂਦੀ ਹੈ। (ਫਿਰ ਉਸ ਦੀ ਪ੍ਰੀਤਿ) ਕਦੇ ਨਹੀਂ ਟੁੱਟਦੀ, (ਉਹ ਹਰ ਵੇਲੇ ਪ੍ਰਭੂ ਚਰਨਾਂ ਵਿਚ) ਲੀਨ ਹੋਇਆ ਰਹਿੰਦਾ ਹੈ। (ਇਸੇ ਤਰ੍ਹਾਂ) ਨਾਮ ਦੇਵ ਨੇ (ਆਪਣਾ) ਚਿਤ ਸਦਾ ਥਿਰ ਰਹਿਣ ਵਿਚ ਹਰੀ ਦੇ ਨਾਮ ਵਿਚ ਜੋੜ ਲਿਆ ਹੈ।੩।

ਹੋਣ ਕਰਕੇ ਉਨ੍ਹਾਂ ਦੀ ਭਗਤੀ ਵਿਚ ਵਿਘਨ ਪਾਣ ਦਾ ਯਤਨ ਕਰਦੇ ਹਨ। ਪਰ ਪ੍ਰਭੂ ਦੇ ਭਗਤ ਹਰੀ ਦਾ ਆਸਰਾ ਨਹੀਂ ਛਡਦੇ ਅਤੇ ਪਰਮਾਤਮਾ ਹਮੇਸ਼ਾਂ ਆਪਣੇ ਭਗਤਾਂ ਦੀ ਪਤਿ ਰਖਦਾ ਹੈ, ਉਨ੍ਹਾਂ ਨੂੰ ਵਡਿਆਈ ਬਖਸ਼ਦਾ ਹੈ। ਗੁਰਬਾਣੀ ਵਿਚ ਅਸੀ ਹਰ ਰੋਜ਼ ਪੜ੍ਹਦੇ ਤੇ ਸੁਣਦੇ ਹਾਂ :–

**੧. ਅਹੰਕਾਰੀਆ ਨਿੰਦਕਾਂ ਪਿਠਿ ਦੇਇ ਨਾਮ ਦੇਉ ਮੁਖਿ ਲਾਇਆ [ਪੰਨਾ ੪੫੧**

**੨. ਨਾਮਦੇਅ ਪ੍ਰੀਤਿ ਲਗੀ ਹਰਿ ਸੇਤੀ, ਲੋਕੁ ਛੀਪਾ ਕਹੈ ਬੁਲਾਇ ॥**

**ਖਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ, ਹਰਿ ਨਾਮਦੇਉ ਲੀਆ ਮੁਖਿ ਲਾਇ॥੩॥[ਪੰ. ੭੩੩**

ਓਹ ਸਜਣ ਜੋ ਇਹ ਆਲੋਚਨਾ ਕਰਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਮਕਾ ਨਹੀ ਸੀ ਫੇਰਿਆ, ਉਨ੍ਹਾਂ ਨੇ ਮੱਕੇ ਦੇ ਮੁਸਲਮਾਨਾਂ ਦੇ ਮਨਾਂ ਨੂੰ ਫਿਰਾਇਆ ਸੀ, ਕਿਉਂਕਿ 'ਮਨ ਕਰਿ ਮਕਾ' ਬਾਣੀ ਵਿਚ ਅੰਕਿਤ ਹੈ। ਪ੍ਰੰਤੂ ਉਪ੍ਰੋਕਤ ਘਟਨਾ ਦੇ ਦਰਸ਼ਨ ਕਰਨ ਮਗਰੋਂ ਅਜਿਹੇ ਲੋਕਾਂ ਨੂੰ ਆਪਣੇ ਦਿਲ ਅੰਦਰ ਝਾਤੀ ਮਾਰਨੀ ਚਾਹੀਦੀ ਹੈ। ਕੀ ਅਜਿਹੀਆਂ ਘਟਨਾਵਾਂ ਬਿਨਾ ਵਾਪਰਨ ਤੋਂ ਹੀ ਗੁਰਬਾਣੀ ਵਿਚ ਦਰਜ ਹੋਈਆਂ ਹਨ ?

ਕਈ ਸਾਖੀਕਾਰਾਂ ਨੇ ਨਾਮਦੇਵ ਦੀ ਮਾਂ ਦੇ ਵਿਧਵਾ ਹੋਣ ਤੇ ਵਿਧਵਾ ਨੂੰ ਪੁੱਤ ਜੰਮਣਾ ਆਦਿ ਮਨ ਘੜਤ ਗਲਾਂ ਲਿਖੀਆਂ ਹਨ, ਜਿਨ੍ਹਾਂ ਤੋਂ ਪਾਠਕਾਂ ਨੂੰ ਸੁਚੇਤ ਹੋਣਾ ਚਾਹੀਦਾ ਹੈ। ਮਕੇ ਵਾਂਗ ਦੇਹੁਰਾ ਫਿਰਨ ਦੀ ਸਾਖੀ ਸਹੀ ਹੈ। ਮਕੇ ਬਾਰੇ ਭਾਈ ਸਾਹਿਬ ਵੀਰ ਸਿੰਘ ਜੀ ਦਾ ਹੇਠ ਲਿਖਿਆ ਫੁਟ ਨੋਟ ਪੜ੍ਹਨ ਯੋਗ ਹੈ।

ਕਾਬੇ ਦੇ ਫਿਰਨ ਤੋਂ ਕਈ ਮੁਸਲਮਾਨ ਕਹਿੰਦੇ ਹਨ ਕਿ ਇਹ ਗੱਲ ਕਿਸ ਤਰ੍ਹਾਂ ਹੋ ਸਕਦੀ ਹੈ ਕਿ ਕਾਬਾ ਗੁਰੂ ਜੀ ਦੇ ਚਰਣਾਂ ਨਾਲ ਫਿਰਿਆ ਹੋਵੇ, ਪ੍ਰੰਤੂ ਮੁਸਲਮਾਨਾਂ ਦੀਆਂ ਪ੍ਰਮਾਣੀਕ ਪੁਸਤਕਾਂ ਵਿੱਚ ਅਜੇਹੀਆਂ ਉਦਾਹਰਨਾਂ ਮਿਲਦੀਆਂ ਹਨ, ਜਿਨ੍ਹਾਂ ਵਿਚ ਕਾਬੇ ਦੇ ਆਪਣੀ ਅਸਲ ਜਗ੍ਹਾ ਤੋਂ ਹਿਲਣ ਜੁਲਣ ਨੂੰ ਮੰਨਿਆ ਹੈ। ਹਜ਼ਰਤ ਇਬਨ ਅਰਬੀ ਆਪਣੀ ਲਿਖਤਿ 'ਫਤੂਹਾਤ ਮਕੀਆ' ਵਿੱਚ ਲਿਖਦੇ ਹਨ ਕਿ ਇਨ੍ਹਾਂ ਨੇ ਕਾਬੇ ਬਾਬਤ ਆਪਣੇ ਦਿੱਲ ਵਚ ਕੁਝ ਅਯੋਗ ਖਯਾਲ ਕੀਤੇ, ਜਦ ਇਹ ਕਾਬੇ ਦੀ ਪ੍ਰਦੱਖਣਾ ਕਰਨ ਲਗੇ ਤਦ ਇਨ੍ਹਾਂ ਨੇ ਤੱਕਿਆ ਕਿ ਕਾਬਾ ਆਪਣੀ ਨੀਹਾਂ ਸਮੇਤ ਆਪਣੀ ਜਗਾ ਤੋਂ ਉਠ ਅਕਾਸ਼ ਵਲ ਟੁਰ ਪਿਆ ਹੈ, ਤੇ ਕਾਬੇ ਨੇ ਨਿਸ਼ਚਾ ਕਰ ਲਿਆ ਹੈ ਕਿ ਮੇਰੇ ਤੇ ਡਿਗਕੇ ਮੈਨੂੰ ਮਾਰ ਦੇਵੇ। ਕਾਬੇ ਨੇ ਮੈਨੂੰ ਐਥੋਂ ਤੱਕ ਕਿਹਾ ਕਿ 'ਅੱਗੇ ਆ ਮੈਂ ਤੈਨੂੰ ਦੱਸਾਂ ਕਿ ਤੇਰੇ ਨਾਲ ਕੀ ਸਲੂਕ ਕਰਦਾ ਹਾਂ'। ਮੈਂ ਡਰ ਕੇ ਕਾਬੇ ਦੀ ਉਸਤਤੀ ਕੀਤੀ, ਜਿਸ ਤੋਂ ਉਹ ਮੁੜ ਕੇ ਫਿਰ ਆਪਣੀ ਜਗ੍ਹਾ ਤੇ ਆ ਗਿਆ। (ਵੇਖੋ ਇਸਰਾਰਿ ਸ਼ਰੀਅਤ ਦਾ ਦੂਜਾ ਹਿੱਸਾ ਪੰਨਾ ੭੪)।

ਇਸੇ ਤਰ੍ਹਾਂ ਨਾਲ ਇਕ ਹੋਰ ਰਵਾਇਤ ਹੈ ਕਿ ਰਾਇਬਾਂ (ਰਾਬੀਆਂ) ਜਦ ਦੂਜੀ ਵੇਰ ਹੱਜ ਕਰਨ ਗਈ ਤਦ ਜੰਗਲ ਵਿੱਚ ਕਾਬੇ ਨੂੰ ਆਪਣੇ ਸਵਾਗਤ ਲਈ ਆਉਂਦਾ ਵੇਖਿਆ ਤੇ ਕਿਹਾ ਕਿ 'ਮੈਂ ਤਾਂ ਖੁਦਾ ਨੂੰ ਚਾਹੁੰਦੀ ਹਾਂ, ਖੁਦਾ ਦੇ ਘਰ ਨੂੰ ਕੀ ਕਰਨਾ ਹੈ, ਜਿਹੜਾ ਮੇਰੇ ਵੱਲ ਇਕ ਗਿੱਠ ਟੁਰ ਕੇ ਆਵੇਗਾ ਮੈਂ ਓਹਦੇ ਵਲ ਇਕ ਗਜ਼ ਵਧਾਂਗੀ। ਮੈਂ ਕਾਬੇ ਨੂੰ ਕੀ ਕਰਾਂ, ਕਾਬੇ ਦੇ ਜਮਾਲ ਤੋਂ ਕਿਸ ਤਰ੍ਹਾਂ ਖੁਸ਼ ਹੋਵਾਂ। ਇਸ ਤੋਂ ਅਗੇ ਲਿਖਿਆ ਹੈ ਕਿ ਹਜ਼ਰਤ 'ਇਬਰਾਹੀਮ ਅਧੰਮ' ਮੱਕੇ ਗਏ, ਖਾਨਾ ਕਾਬਾ ਨੂੰ ਆਪਣੇ ਥਾਂ ਉਤੇ ਨਾ ਵੇਖਕੇ ਹੈਰਾਨ ਹੋ ਗਏ ਕਿ, ਹੈਂ, ਇਹ ਕੀ ਘਟਨਾ ਹੋ ਗਈ ਹੈ, ਸ਼ਾਇਦ ਮੇਰੀਆਂ ਅੱਖਾਂ ਵਿਚ ਖਲਲ ਆ ਗਿਆ ਹੈ, ਅਕਾਸ਼ ਬਾਣੀ ਹੋਈ 'ਕਿ ਤੇਰੀ ਨਜ਼ਰ ਵਿਚ ਫਰਕ ਨਹੀ ਪਿਆ, ਕਾਬਾ ਇਕ ਕਮਜ਼ੋਰ ਤੀਵੀਂ ਦੇ ਸਵਾਗਤ ਲਈ ਗਿਆ ਹੋਇਆ ਹੈ ਜੋ ਇਸ ਪਾਸੇ ਆ ਰਹੀ ਹੈ'। (ਤਜ਼ਕਤਾਤੁਲ ਔਲੀਆ ਸਫਾ ੭੨੧ ਇਹ ਲਿਖਤ ਤੇ ਰਵਾਇਤਾਂ ਦਸਦੀਆਂ ਹਨ ਕਿ ਕਾਬੇ ਦੇ ਆਪਣੀ ਜਗਾ ਤੋਂ ਹਿਲਣ ਜੁਲਣ,ਆਪਣੀ ਥਾਂ ਛੱਡ ਜਾਣ ਆਦਿਕ ਤੋਂ ਮੁਸਲਮਾਨ ਇਨਕਾਰ ਨਹੀ ਕਰ ਸਕਦੇ)। ਗੁਰੂ ਜੀ ਦੇ ਚਰਨਾਂ ਦੇ ਫੇਰਨ ਦੇ ਨਾਲ ਕਾਬੇ ਦੇ ਫਿਰਨ ਦੀ ਗੱਲ ਨੂੰ ਤਾਂ ਨਾ ਕੇਵਲ ਸਿੱਖ ਤੇ ਹਿੰਦੂ ਬਲਕੇ ਮੁਸਲਮਾਨ ਤੱਕ ਅੱਖੀਂ ਵੇਖੀ ਗੱਲ ਦੀ ਤਰ੍ਹਾਂ ਮੰਨਦੇ ਹਨ ਜਿਹਾ ਕਿ ਮੌਲਾਨਾ ਅਬਦੁਲ ਰਹੀਮ ਸਾਹਿਬ 'ਬਿਸਮਿਲ' ਫੀਰੋਜ਼ਪੁਰੀ ਆਪਣੀ ਇਕ ਪੁਸਤਕ ਵਿਚ ਗੁਰੂ ਜੀ ਦੇ ਮੱਕੇ ਜਾਣ ਦਾ ਜ਼ਿਕਰ ਕਰਦੇ ਹੋਏ ਗੁਰੂ ਜੀ ਦੀ ਉਚਤਾ ਦੱਸਕੇ ਲਿਖਦੇ ਹਨ :–

ਤੂ ਵੋਹ ਕਾਅਬਾ ਹੈ ਕਿ ਕਾਅਬੇ ਨੇ ਕੀਆ ਤੇਰਾ ਤਵਾਫ।
ਚਹਿਰੇ ਬਾਤਨ ਤਿਰਾ ਮਾਨਿੰਦੇ ਆਈਨਾ ਹੈ ਸਾਫ। [ਸ੍ਰੀ ਗੁਰੂ ਨਾਨਕ ਪ੍ਰਕਾਸ਼ ਪੋਥੀ ਦੂਜੀ ਸਫਾ ੬੨੮

ਉਚੀ ਕੁਲ ਦੇ ਪੁਰਸ਼ ਬ੍ਰਹਮਣ ਤੇ ਖਤ੍ਰੀ ਆਦਿਕ ਪੂਜਾ ਕਰ ਸਕਦੇ ਹਨ। ਨਾਮਦੇਵ ਜੀ ਨੇ ਕਿਹਾ ਪੰਡਿਤ ਜੀ! ਹਰੇਕ ਪ੍ਰਾਣੀ ਦਾ ਸਰੀਰ ਪੰਜ ਤੱਤਾਂ ਤੋਂ ਬਣਦਾ ਹੈ, ਜਨਮ ਕਰਕੇ ਕੋਈ ਉਚਾ ਨੀਵਾਂ, ਮਾੜਾ ਚੰਗਾ ਨਹੀ ਹੁੰਦਾ, ਕਰਮ ਕਰਕੇ ਹੀ ਉਤਮ ਅਤੇ ਨੀਚ ਦੀ ਪਛਾਣ ਹੁੰਦੀ ਹੈ। ਸਾਰਿਆਂ ਦਾ ਪਿਤਾ ਇਕੋ ਪਰਮੇਸ਼ਰ ਹੈ, ਬਾਕੀ ਸਾਰੇ ਜੀਵ ਉਸ ਦੇ ਬਚੇ ਹਨ ਅਤੇ ਸਾਰੇ ਇਕ ਸਮਾਨ ਹਨ।

ਮੰਦਰ ਦੇ ਪੁਜਾਰੀ ਤੇ ਪੰਡਤਾਂ ਨੇ ਭਗਤ ਨਾਮਦੇਵ ਜੀ ਦੀ ਗਿਆਨ ਭਰੀ ਇਹ ਗਲ ਵੀ ਨਾ ਸੁਣੀ ਤੇ ਨਾ ਮੰਨੀ, ਭਗਤ ਜੀ ਨੂੰ ਬਾਹੋਂ ਫੜ ਕੇ ਉਠਾ ਦਿੱਤਾ। ਭਗਤ ਜੀ ਨੇ ਆਪਣੇ ਬੀਠੁਲ (ਪਰਮਾਤਮਾ) ਨੂੰ ਸਿਮਰਿਆ ਤੇ ਇਉਂ ਬੇਨਤੀ ਕੀਤੀ :–

**ਮੋਕਉ ਤੂ ਨ ਬਿਸਾਰਿ ਤੂੰ ਨ ਬਿਸਾਰਿ॥ ਤੂ ਨ ਬਿਸਾਰੇ ਰਾਮਈਆ॥ਰਹਾਉ॥**
**ਆਲਾਵੰਤੀ ਇਹੁ ਭ੍ਰਮੁ ਜੋਹੈ, ਮੁਝ ਊਪਰਿ ਸਭ ਕੋਪਿਲਾ॥**
**ਸੂਦੁ ਸੂਦੁ ਕਰਿ ਮਾਰਿ ਉਠਾਇਓ, ਕਹਾ ਕਰਉ ਬਾਪੁ ਬੀਠੁਲਾ॥੧॥**
**ਮੂਏ ਹੂਏ ਜਉ ਮੁਕਤਿ ਦੇਹੁਗੇ, ਮੁਕਤਿ ਨ ਜਾਨੈ ਕੋਇਲਾ॥**
**ਏ ਪੰਡੀਆ ਮੋਕਉ ਢੇਢ ਕਹਤ, ਤੇਰੀ ਪੈਜ ਪਿਛਉਡੀ ਹੋਇਲਾ॥੨॥...** [ਪੰ. ੧੨੯੨

ਨਾਮਦੇਵ ਜੀ ਨੇ ਸਾਰੀ ਦਰਦ ਭਰੀ ਘਟਨਾ ਦੇਹੁਰੇ ਦੇ ਪਿਛੇ ਪਾਸੇ ਬੈਠ ਕੇ ਆਪਣੇ ਸੁਆਮੀ ਨੂੰ ਸੁਣਾਈ ਜਿਉਂ ਜਿਉਂ ਨਾਮ ਦੇਵ ਜੀ ਹਰੀ ਦੇ ਗੁਣ ਗਾਈ ਜਾਂਦੇ ਸਨ, ਤਿਵੇਂ ਤਿਵੇਂ ਉਸ ਦੇਹੁਰੇ ਦਾ ਮੂੰਹ ਭਗਤ ਜੀ ਵਲ ਫਿਰਦਾ ਜਾਂਦਾ ਸੀ।

ਨਾਮਦੇਵ ਜੀ ਪ੍ਰਭੂ-ਭਗਤੀ ਵਿਚ ਐਨੇ ਮਸਤ ਸਨ ਕਿ ਆਪ ਜੀ ਨੂੰ ਆਪਣੇ ਸਰੀਰ ਦੀ ਸੁਧ-ਬੁਧ ਹੀ ਨਾ ਰਹੀ। ਦੇਹੁਰੇ ਦੇ ਫਿਰਨ ਵਾਲਾ ਕੌਤਕ ਵੇਖ ਕੇ ਪੰਡਿਤ ਅਤੇ ਹੋਰ ਲੋਕ ਹੈਰਾਨ ਹੋ ਗਏ। ਕੁਝ ਸਿਆਣੇ ਤੇ ਪ੍ਰਭੂ ਦੇ ਪਿਆਰੇ, ਭਗਤ ਜੀ ਦੇ ਚਰਨਾ ਤੇ ਡਿਗ ਪਏ, ਨਾਮਦੇਵ ਜੀ ਦੀ ਸਮਾਧੀ ਖੁਲ੍ਹ ਗਈ, ਜਦੋਂ ਵੇਖਿਆ ਤਾਂ ਠਾਕੁਰ ਦੁਆਰੇ ਦਾ ਮੂੰਹ ਆਪ ਜੀ ਵਲ ਸੀ, (ਜਿਸ ਦੀ ਗਵਾਹੀ ਇਹ ਮੰਦਰ ਅਜ ਵੀ ਦੇ ਰਿਹਾ ਹੈ)। ਆਪਜੀ ਨੇ ਸਰਬ ਵਿਆਪੀ ਬੀਠੁਲ ਨੂੰ ਪ੍ਰਣਾਮ ਕੀਤਾ। ਭਗਤ ਜੀ ਨੂੰ ਬਾਹੋਂ ਫੜ ਕੇ ਉਠਾਣ ਵਾਲੇ ਪੰਡਤ ਬੜੇ ਸ਼ਰਮਿੰਦੇ ਹੋਏ। ਭਗਤ ਜੀ ਨੇ ਆਪ ਹੀ ਬਾਣੀ ਵਿਚ ਜ਼ਿਕਰ ਕੀਤਾ ਹੈ:–

**ਤੂ ਜੁ ਦਇਆਲੁ ਕ੍ਰਿਪਾਲੁ ਕਹੀਅਤ ਹੈਂ, ਅਤਿਭੁਜ ਭਇਓ ਅਪਾਰਲਾ॥**
**ਫੇਰਿ ਦੀਆਂ ਦੇਹੁਰਾ ਨਾਮੇ ਕਉ, ਪੰਡੀਅਨ ਕਉ ਪਿਛਵਾਰਲਾ॥** [ਪੰਨਾ ੧੨੯੨

ਨਾਮ-ਸਿਮਰਨ ਤੇ ਪ੍ਰੇਮਾ-ਭਗਤੀ ਕਰਨ ਨਾਲ ਜਦੋਂ ਸੁਰਤਿ ਉਚੇ ਮੰਡਲਾਂ ਵਿਚ ਟਿਕ ਜਾਂਦੀ ਹੈ ਤਾਂ ਲੋੜ ਪੈਣ ਤੇ ਸੁਤੇ ਹੀ ਆਤਮਿਕ-ਸ਼ਕਤੀ ਪ੍ਰਗਟ ਹੋਈ ਰਹਿੰਦੀ ਹੈ। ਭਾਈ ਸਾਹਿਬ ਗੁਰਦਾਸ ਜੀ ਨੇ ਇਸ ਘਟਨਾ ਨੂੰ ਆਪਣੀ ਰਚਨਾ ਵਿਚ ਇਉਂ ਦਰਜ ਕੀਤਾ ਹੈ :–

**੧. ਫੇਰ ਦੇਹੁਰਾ ਰਖਿਓਨ ਚਾਰ ਵਰਨ ਲੈ ਪੈਰੀਂ ਪਾਯਾ॥** [ਵਾਰ. ੧੦-੧੧(੯)
**੨. ਕਲਿਜੁਗ ਨਾਮਾ ਭਗਤ ਹੋਇ ਫੇਰ ਦੇਹੁਰਾ, ਗਾਇ ਜੀਵਾਈ॥**[ਵਾਰ੧੨-੧੫(੩)

ਇਸ ਸ਼ਬਦ ਦਾ ਸਿਧਾਂਤ ਇਹ ਹੈ ਕਿ ਕਈ ਵਾਰੀ ਈਰਖਾਲੂ ਲੋਕ ਭਗਤਾਂ ਦੀ ਨੀਵੀਂ ਜਾਤ

ਵਿਚ. ਅਜਿਹੀ ਅਵਸਥਾ ਦੇ ਅਨੇਕਾਂ ਪ੍ਰਮਾਣ ਮਿਲਦੇ ਹਨ, ਪਰ ਗਲ ਅਖ਼ਰ ਇਥੇ ਮੁਕਣੀ ਹੈ :–

**ਭਨਤਿ ਨਾਮਦੇਉ ਇਕੁ ਨਾਮੁ ਨਿਸਤਾਰੈ॥**
**ਜਿਹ ਗੁਰੁ ਮਿਲੈ ਤਿਹ ਪਾਰਿ ਉਤਾਰੈ॥** [ਪੰਨਾ ੧੧੬੪

ਸਿਧਾਂਤ ਇਹ ਹੈ ਕਿ ਰਜੇਂਵਾ ਬਹੁਤ ਪਦਾਰਥਾਂ ਦੀ ਪ੍ਰਾਪਤੀ ਨਾਲ ਨਹੀਂ ਹੁੰਦਾ। 'ਬਿਨਾ ਸੰਤੋਖ ਨਹੀ ਕੋਊ ਰਾਜੈ' ਵਾਲਾ ਇਕੋ ਵਾਕ ਹੀ ਸਾਡੀ ਅਗਵਾਈ ਲਈ ਕਾਫ਼ੀ ਹੈ।

**ਹਸਤ ਖੇਲਤ, ਤੇਰੇ ਦੇਹੁਰੇ ਆਇਆ॥ ਭਗਤਿ ਕਰਤ, ਨਾਮਾ ਪਕਰਿ ਉਠਾਇਆ ॥੧॥ ਹੀਨੜੀ ਜਾਤਿ ਮੇਰੀ, ਜਾਦਿਮ ਰਾਇਆ ॥ ਛੀਪੇ ਕੇ ਜਨਮਿ, ਕਾਹੇ ਕਉ ਆਇਆ ॥੧॥ਰਹਾਉ॥ ਲੈ ਕਮਲੀ, ਚਲਿਓ ਪਲਟਾਇ ॥ ਦੇਹੁਰੈ ਪਾਛੈ, ਬੈਠਾ ਜਾਇ ॥੨॥ ਜਿਉ ਜਿਉ ਨਾਮਾ, ਹਰਿ ਗੁਣ ਉਚਰੈ ॥ ਭਗਤ ਜਨਾਂ ਕਉ, ਦੇਹੁਰਾ ਫਿਰੈ ॥੩॥੬॥**

**ਪਦ ਅਰਥ** : ਹਸਤ ਖੇਲਤ-ਹਸਦਾ ਖੇਡਦਾ। ਦੇਹੁਰੇ-ਸ਼ਿਵਾਲੇ ਵਿਚ। ਭਗਤਿ ਕਰਤ-ਭਗਤੀ ਕਰਦਾ ਹੋਇਆ। ਪਕਰਿ-ਪਕੜ ਕੇ।੧। ਹੀਨੜੀ-ਹੀਣੀ, ਬਹੁਤ ਨੀਵੀਂ। ਜਾਦਮ ਰਾਇਆ-ਹੇ ਜਾਦਵਾਂ ਦੇ ਰਾਜੇ! ਹੇ ਕ੍ਰਿਸ਼ਨ!। (ਭਾਵ ਪ੍ਰਭੂ!)। ਛੀਪੇ-ਛੀਬੇ। ਜਨਮਿ-ਜਨਮ ਵਿਚ। ਕਾਹੇ ਕਉ ਆਇਆ-ਕਿਸ ਲਈ, ਕਿਉਂ ਆਇਆ?।੧।ਰਹਾਉ। ਕਮਲੀ-ਲੋਈ, ਕੰਬਲੀ। ਚਲਿਓ ਪਲਟਾਇ-ਪਰਤ ਕੇ ਮੁੜ ਪਿਆ। ਦੇਹੁਰੇ ਪਾਛੈ-ਸ਼ਿਵਾਲੇ ਪਿਛੇ। ਬੈਠਾ ਜਾਇ-ਜਾ ਕੇ ਬੈਠ ਗਿਆ।੨। ਕਉ-ਲਈ, ਵਾਸਤੇ।੩।

**ਅਰਥ** : (ਹੇ ਜਾਦਮ ਰਾਇਆ ਭਾਵ ਹੇ ਕ੍ਰਿਸ਼ਨ ਜੀ! ਮੈਂ) ਨਾਮਾ ਹਸਦਾ ਖੇਡਦਾ (ਬੜੇ ਚਾਉ ਨਾਲ) ਤੇਰੇ ਦੇਹੁਰੇ ਆਇਆ ਸੀ (ਪਰ) ਭਗਤੀ ਕਰਦਿਆਂ (ਬ੍ਰਾਹਮਣਾਂ ਨੇ ਮੈਨੂੰ ਬਾਹੋਂ) ਪਕੜ ਕੇ ਉਠਾ ਦਿੱਤਾ। (ਇਸ ਲਈ ਉਠਾਇਆ ਕਿ) ਮੇਰੀ ਜਾਤ ਨੀਵੀਂ ਹੈ। (ਹੇ ਕ੍ਰਿਸ਼ਨ! ਜੀ) ਮੈਨੂੰ ਛੀਬੇ ਦੇ ਜਨਮ ਵਿਚ ਕਿਸ ਲਈ ਲੈ ਆਇਆ ਹੈਂ? (ਭਾਵ ਕਿਉਂ ਜਨਮ ਦਿਤਾ ਈ?)।੧।ਰਹਾਉ।

(ਮੈਂ ਆਪਣੀ) ਕਮਲੀ ਲੈ ਕੇ ਉਥੋਂ ਮੁੜ ਕੇ ਚਲ ਪਿਆ (ਅਤੇ ਮੈਂ) ਮੁੜ ਕੇ ਦੇਹੁਰੇ (ਤੇਰੇ ਸ਼ਿਵਾਲੇ ਦੇ) ਪਿਛੇ ਜਾ ਕੇ ਬਹਿ ਗਿਆ।੨।

(ਪ੍ਰਭੂ ਦੀ ਐਸੀ ਕਲਾ ਵਰਤੀ ਕਿ) ਜਿਉਂ ਜਿਉਂ ਨਾਮ ਦੇਵ ਹਰੀ ਦੇ ਗੁਣ ਉਚਾਰਦਾ ਹੈ, ਤਿਉਂ ਤਿਉਂ ਭਗਤ ਜਨ ਲਈ ਦੇਹੁਰਾ ਫਿਰਦਾ ਹੈ (ਭਾਵ ਦੇਹੁਰੇ ਦਾ ਮੂੰਹ ਭਗਤ ਜੀ ਵਲ) ਹੁੰਦਾ ਹੈ।੩।੬।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਅੰਕਿਤ ਕੀਤੀ ਘਟਨਾ ਭਗਤ ਨਾਮਦੇਵ ਜੀ ਦੀ ਆਪਣੀ ਹੱਡ ਬੀਤੀ ਹੈ।

ਭਗਤ ਜੀ ਦਾ ਦੇਹਰੇ (ਸ਼ਿਵਾਲੇ) ਵਿਚ ਜਾਣਾ, ਉਥੇ ਪਰਮਾਤਮਾ ਦਾ ਜਸ ਕਰਨਾ, ਮੰਦਰ ਦੇ ਪੁਜਾਰੀ ਤੇ ਪੰਡਤਾਂ ਨੂੰ ਨਾ ਸੁਖਾਉਣ ਦਾ ਪਿਛੋਕੜ ਇਹ ਹੈ ਕਿ ਬ੍ਰਹਮਣ ਅਥਵਾ ਪੰਡਿਤ ਨੀਵੀਂ ਜਾਤਿ ਦੇ ਲੋਕਾਂ ਨਾਲ ਨਫ਼ਰਤ ਕਰਦੇ ਸਨ। ਨਾਮ ਛੀਂਬਾ ਨੀਵੀਂ ਜਾਤਿ ਦਾ ਸੀ। ਮੰਦਰ ਦੇ ਪੰਡਤ ਨੇ ਨਾਮਦੇਵ ਜੀ ਨੂੰ ਅਣ ਅਧਿਕਾਰੀ ਸਮਝ ਕੇ ਆਖਿਆ ਕਿ ਆਪ ਇਥੇ ਪੂਜਾ ਨਹੀਂ ਕਰ ਸਕਦੇ, ਇਸ ਮੰਦਰ ਵਿਚ

(ਨਾਮਦੇਵ ਨੇ ਉੱਤਰ ਦਿੱਤਾ ਕਿ ਅਜਿਹੀ ਸਿਖਿਆ ਦੇਣ ਵਾਲੀ) ਨਾ ਮੈਂ ਤੇਰਾ ਪੁੱਤਰ ਹਾਂ ਨਾ ਤੂੰ ਮੇਰੀ ਮਾਂ ਹੈਂ। ਭਾਵੇਂ ਮੇਰੇ ਸਰੀਰ ਤੇ (ਕੋਈ ਬਿਪਤਾ) ਆ ਪਵੇ ਤਾਂ ਭੀ (ਨਾਮਦੇਵ) ਹਰੀ ਦੇ ਗੁਣ ਹੀ ਗਾਂਦਾ ਰਹੇਗਾ।੭।

ਹਾਥੀ ਨੇ ਸੁੰਡ ਦੀ ਸੱਟ ਮਾਰੀ (ਪਰ) ਨਾਮਦੇਵ ਹਰੀ ਦੇ ਆਸਰੇ ਬਚ ਗਿਆ।੮।

**ਕਾਜੀ ਮੁਲਾਂ ਕਰਹਿ ਸਲਾਮੁ ॥ ਇਨਿ ਹਿੰਦੂ, ਮੇਰਾ ਮਲਿਆ ਮਾਨੁ ॥੯॥ ਬਾਦਿਸਾਹ ਬੇਨਤੀ ਸੁਨੇਹੁ ॥ ਨਾਮੇ ਸਰ ਭਰਿ, ਸੋਨਾ ਲੇਹੁ ॥੧੦॥ ਮਾਲੁ ਲੇਉ, ਤਉ ਦੋਜਕਿ ਪਰਉ ॥ ਦੀਨੁ ਛੋਡਿ, ਦੁਨੀਆ ਕਉ ਭਰਉ ॥੧੧॥ ਪਾਵਹੁ ਬੇੜੀ, ਹਾਥਹੁ ਤਾਲ ॥ ਨਾਮਾ ਗਾਵੈ, ਗੁਨ ਗੋਪਾਲ ॥੧੨॥ ਗੰਗ ਜਮੁਨ, ਜਉ ਉਲਟੀ ਬਹੈ ॥ ਤਉ, ਨਾਮਾ ਹਰਿ ਕਰਤਾ ਰਹੈ ॥ ੧੩ ॥ ਸਾਤ ਘੜੀ, ਜਬ ਬੀਤੀ ਸੁਣੀ ॥ ਅਜਹੁ ਨ ਆਇਓ ਤ੍ਰਿਭਵਣ ਧਣੀ ॥ ੧੪ ॥ ਪਾਖੰਤਣ ਬਾਜ ਬਜਾਇਲਾ ॥ ਗਰੁੜ ਚੜ੍ਹ੍ਹੇ ਗੋਬਿੰਦ ਆਇਲਾ ॥ ੧੫ ॥ ਅਪਨੇ ਭਗਤ ਪਰਿ ਕੀ ਪ੍ਰਤਿਪਾਲ ॥ ਗਰੁੜ ਚੜ੍ਹੇ, ਆਏ ਗੋਪਾਲ ॥ ੧੬ ॥**

## ਉਚਾਰਨ ਸੇਧ

**ਬਿੰਦੀ ਸਹਿਤ :** ਕਰਹਿੰ, ਲਉਂ, ਪਰਉਂ ਦੁਨੀਆਂ, ਭਰਉਂ,ਪਾਵਹੁੰ,ਹਾਥਹੁੰ,ਉਲਟੀਂ,ਬਹੈਂ, ਅਜਹੂੰ।

**ਪਦ ਅਰਥ :** ਕਰਹਿ-ਕਰਦੇ ਹਨ। ਇਨਿ ਹਿੰਦੂ-ਇਸ ਹਿੰਦੂ ਨੇ। ਮਲਿਆ ਮਾਨੁ-ਮਾਣ ਤੋੜ ਦਿੱਤਾ ਹੈ।੯।

ਸੁਨੇਹੁ-ਸੁਣੋ। ਨਾਮੇ ਸਰਭਰਿ-ਨਾਮਦੇਵ ਦੇ ਭਾਰ ਦੇ ਬਰਾਬਰ ਦਾ।੧੦। ਮਾਲੁ ਲੇਉ-ਸੋਨਾ (ਵੱਢੀ ਵਜੋਂ) ਲਵਾਂ। ਦੋਜਕਿ ਪਰਉ-ਦੋਜ਼ਕ ਵਿਚ ਪੈਂਦਾ ਹਾਂ। ਦੀਨ ਛੋਡਿ-ਦੀਮਾਨ ਛੋੜ ਕੇ। ਦੁਨੀਆਂ ਕਉ ਭਰਉ-ਸੰਸਾਰੀ ਦੌਲਤ ਇਕੱਠੀ ਕਰਦਾ ਹੋਵਾਂਗਾ।੧੧।

ਪਾਵਹੁ-ਪੈਰਾਂ ਨਾਲ। ਹਾਥਹੁ-ਹੱਥਾਂ ਨਾਲ। ਤਾਲ-ਤਾੜੀਆਂ।੧੨। ਗੰਗ ਜਮੁਨ-ਗੰਗਾ ਜਮਨਾ ਨਦੀਆਂ। ਉਲਟੀ ਬਹੈ-ਉਲਟੀਆਂ ਵਗਣ ਲਗ ਪੈਣ।੧੩।

ਤ੍ਰਿਭਵਣ ਧਣੀ-ਤਿੰਨ ਭਵਨਾਂ ਦਾ ਮਾਲਕ। ਪਖੰਤਣ-ਖੰਭ। ਬਾਜ-ਵਾਜਾ। ਬਜਾਇਲਾ-ਵਜਾਇਆ। ਗਰੁੜ ਚੜ੍ਹੇ-ਗਰੁੜ (ਪੰਛੀ) ਤੇ ਚੜ੍ਹੇ ਹੋਏ। ਗੋਬਿੰਦੁ ਆਇਲਾ-ਗੋਬਿੰਦ ਆ ਗਿਆ।੧੫। ਭਗਤ ਪਰਿ-ਭਗਤ ਉਤੇ। ਕੀ-ਕੀਤੀ।੧੬।

**ਅਰਥ :** (ਬਾਦਸ਼ਾਹ ਨੇ ਆਪਣੇ ਦਿਲ ਵਿਚ ਸੋਚਿਆ ਕਿ) ਮੈਨੂੰ ਵੱਡੇ ਕਾਜ਼ੀ ਤੇ ਮੁੱਲਾਂ (ਸਾਰੇ) ਸਲਾਮ ਕਰਦੇ ਹਨ (ਪਰ) ਇਸ ਹਿੰਦੂ (ਨਾਮਦੇਵ) ਨੇ (ਮੇਰੀ ਗਲ ਨਾ ਮੰਨ ਕੇ) ਮੇਰਾ ਮਾਣ (ਆਦਰ ਸਤਿਕਾਰ ਹੀ) ਭੰਗ ਕਰ ਦਿਤਾ ਹੈ।੯।

(ਸ਼ਹਿਰ ਦੇ ਹਿੰਦੂ ਲੋਕ ਇਕੱਠੇ ਹੋ ਕੇ ਆਖਣ ਲਗੇ) ਹੇ ਬਾਦਸ਼ਾਹ ਸਾਡੀ ਅਰਜ਼ ਸੁਣੋ।

ਨਾਮਦੇਵ ਦੇ ਭਾਰ ਬਰਾਬਰ ਦਾ ਸੋਨਾ ਸਾਡੇ ਪਾਸੋਂ ਲੈ ਲਵੇ (ਅਤੇ ਇਸ ਨੂੰ ਛੱਡ ਦਿਉ) ।੧੦।

(ਬਾਦਸ਼ਾਹ ਕਹਿਣ ਲੱਗਾ ਕਿ ਜੇ) ਮੈਂ ਮਾਲ (ਵੱਢੀ) ਲਵਾਂ ਤਾਂ ਦੋਜ਼ਕ ਵਿਚ ਪੈਂਦਾ ਹਾਂ (ਜੇ ਇਸ ਤਰ੍ਹਾਂ ਮੈਂ ਕਰਾਂ ਤਾਂ) ਦੀਨ (ਈਮਾਨ) ਛਡ ਕੇ ਦੌਲਤ ਇਕੱਠੀ ਕਰਾਂ (ਪਾਪਾਂ ਦਾ ਭਾਗੀ ਬਣਾਂਗਾਂ?)।੧੧।

(ਨਾਮਦੇਵ ਦੇ) ਪੈਰਾਂ ਵਿਚ ਬੇੜੀਆਂ ਪਈਆ ਹੋਈਆਂ ਹਨ (ਪਰ) ਹੱਥਾਂ ਨਾਲ ਤਾੜੀਆਂ (ਮਾਰਦਾ ਹੈ ਮਾਨੋ ਖੜਤਾਲਾਂ ਵਜਾ ਕੇ) ਗੋਪਾਲ ਦੇ ਗੁਣ ਗਾਈ ਜਾਂਦਾ ਹੈ ।੧੨।

(ਨਾਮਦੇਵ ਆਪਣੀ ਧੁਨ ਦਾ ਬੜਾ ਪੱਕਾ ਹੈ) ਜੇ ਗੰਗਾਂ ਤੇ ਜਮਨਾਂ (ਨਦੀਆਂ) ਉਲਟੀਆਂ ਵੱਗਣ ਲਗ ਪੈਣ ਤਾਂ ਭੀ ਨਾਮਦੇਵ ਹਰੀ ਹਰੀ (ਨਾਮ) ਉਚਾਰਦਾ ਰਹੇਗਾ ।੧੩।

ਸਤ-ਘੜੀਆਂ (ਜਦੋਂ) ਬੀਤ ਗਈਆਂ ਸੁਣੀਆਂ (ਤਾਂ ਨਾਮਦੇਵ ਨੇ ਸੋਚਿਆ ਕਿ) ਅਜੇ ਭੀ ਤ੍ਰਿਲੋਕੀ ਦਾ ਨਾਥ ਨਹੀਂ ਆਇਆ।੧੪।

(ਬਸ ਦਿਲ ਵਿਚ ਫੁਰਨਾ ਉਠਿਆ ਹੀ ਸੀ ਕਿ) ਖੰਭਾਂ ਦਾ ਵਾਜਾ ਵਜਿਆ (ਤੇ ਪਉਣ ਰੂਪ) ਗਰੁੜ ਤੇ ਚੜ੍ਹੇ ਹੋਏ ਗੋਬਿੰਦ ਆ ਗਏ ।੧੫।

ਆਪਣੇ ਭਗਤ ਦੀ ਰਖਿਆ ਕਰਨ ਲਈ (ਪ੍ਰਭੂ ਜੀ) ਗਰੜ ਤੇ ਚੜ੍ਹ ਕੇ ਆ ਗਏ ।੧੬।

**ਕਹਹਿ, ਤ ਧਰਣਿ ਇਕੋਡੀ ਕਰਉ ॥ ਕਹਹਿ, ਤਾ ਲੇ ਕਰਿ ਊਪਰਿ ਧਰਉ ॥੧੭॥ ਕਹਹਿ, ਤ ਮੁਈ ਗਊ ਦੇਉ ਜੀਆਇ ॥ ਸਭੁ ਕੋਈ ਦੇਖੈ, ਪਤੀਆਇ ॥੧੮॥ ਨਾਮਾ ਪ੍ਰਣਵੈ, ਸੇਲਮ ਸੇਲ ॥ ਗਊ ਦੁਹਾਈ, ਬਛਰਾ ਮੇਲਿ ॥੧੯॥ ਦੂਧਹਿ ਦੁਹਿ, ਜਬ ਮਟੁਕੀ ਭਰੀ ॥ ਲੇ ਬਾਦਿਸਾਹ ਕੇ ਆਗੇ ਧਰੀ ॥੨੦॥ ਬਾਦਿਸਾਹੁ, ਮਹਲ ਮਹਿ ਜਾਇ ॥ ਅਉਘਟ ਕੀ ਘਟ ਲਾਗੀ ਆਇ ॥੨੧॥ ਕਾਜੀ ਮੁਲਾਂ, ਬਿਨਤੀ ਫੁਰਮਾਇ ॥ ਬਖਸੀ ਹਿੰਦੂ, ਮੈ ਤੇਰੀ ਗਾਇ ॥੨੨॥**

ਉਚਾਰਨ ਸੇਧ

**ਬਿੰਦੀ ਸਹਿਤ :** ਕਹਹਿਂ, ਕਰਉਂ, ਧਰਉਂ ਦੇਉਂ, ਬਖਸੀਂ।

**ਪਦ ਅਰਥ :** ਕਹਹਿ-(ਜੇ ਤੂੰ) ਆਖੇਂ ?। ਧਰਣਿ-ਧਰਤੀ। ਇਕੋਡੀ ਕਰਉ-ਟੇਢੀ (ਅਪੁੱਠੀ) ਕਰ ਦਿਆਂ, ਉਲਟਾ ਦਿਆਂ। ਊਪਰਿ ਧਰਉ-ਉਪਰ (ਅਸਮਾਨ ਤੇ) ਰੱਖ ਦਿਆਂ। ਦੇਉ ਜੀਆਇ-ਮੈਂ ਜਿਵਾ ਦਿਆਂ, ਜਿੰਦਾਂ ਕਰ ਦਿਆਂ। ਪਤੀਆਇ-ਪਰਤਾਵਾ ਕਰਕੇ, ਤਸੱਲੀ ਕਰਕੇ। ਸੇਲਮ-ਸਲਮ ਬੰਨ੍ਹਣਾ, ਰਸੀ ਬੰਨ੍ਹੀ। ਦੁਹਾਈ-ਚੋ ਲਈ। ਬਛਰਾ ਮੇਲਿ-ਵੱਛਾ ਛੱਡ ਕੇ।੧੯। ਦੂਧਹਿ ਦੁਹਿ-ਦੁਧ ਚੋ ਕੇ।੨੦। ਅਉਘਟ-ਔਖੀ। ਘਟ-ਘੜੀ।੨੧। ਕਾਜੀ ਮੁਲਾ-ਕਾਜ਼ੀਆਂ ਤੇ ਮੌਲਵੀਆਂ ਰਾਹੀ। ਬਿਨਤੀ ਫੁਰਮਾਇ-ਬਿਨਤੀ ਕੀਤੀ। ਬਖਸੀ ਹਿੰਦੂ-ਹੇ ਹਿੰਦੂ(ਨਾਮਦੇਵ ਮੈਨੂੰ)ਬਖਸ਼ ਦੇ। ਮੈਂ ਤੇਰੀ ਗਾਇ-ਮੈਂ ਤੇਰੀ ਗਾਂ ਹਾਂ।੨੨।

**ਅਰਥ :** (ਗੋਪਾਲ ਜੀ ਨੇ ਕਿਹਾ, ਹੇ ਨਾਮਦੇਵ ! ਜੇ ਤੂੰ) ਆਖੇਂ ਤਾਂ ਧਰਤੀ ਟੇਢੀ ਕਰ ਦਿਆਂ? ਅਖੇ ਤਾਂ (ਧਰਤੀ) ਲੈ ਕੇ (ਅਸਮਾਨ) ਉਤੇ ਰਖ ਦਿਆਂ ? ।੧੭।

ਆਖੋਂ ਤਾਂ ਮੋਈ ਹੋਈ ਗਾਂ ਜਿਵਾ ਦਿਆਂ ਸਾਰੇ (ਲੋਕ) ਵੇਖੀ ਜਾਣ. (ਉਨ੍ਹਾਂ ਨੂੰ) ਭਰੋਸਾ ਆ ਜਾਏ (ਕਿ ਨਾਮਦੇਵ ਦਾ ਮਾਲਕ ਵੱਡੀ ਸ਼ਕਤੀ ਵਾਲਾ ਹੈ) ।੧੮।

(ਗੋਪਾਲ ਦੀ ਕਿਰਪਾ ਨਾਲ) ਨਾਮਦੇਵ ਆਖਦਾ ਹੈ ਕਿ ਗਊ ਨੂੰ ਚੋਣ ਲਈ ਨਿਆਣਾ ਪਾ ਦਿਓ (ਵੇਖਣ ਵਾਲਿਆਂ ਨੇ ਵੇਖਿਆ) ਵੱਛਾ ਛੱਡ ਕੇ ਗਾਂ ਚੋਂ ਲਈ ।੧੯।

ਦੁੱਧ ਚੋ ਕੇ ਜਦੋਂ ਮਟਕੀ ਭਰ ਲਈ। (ਉਹ ਮਟਕੀ) ਲੈ ਕੇ ਬਾਦਸ਼ਾਹ ਦੇ ਅਗੇ ਜਾ ਰਖੀ ।੨੦।

ਹੁਣ ਬਾਦਸ਼ਾਹ (ਜਦੋਂ) ਮਹਿਲਾਂ ਵਿਚ ਗਿਆ, (ਉਸ ਉਤੇ) ਔਖੀ ਘੜੀ ਆ ਬਣੀ (ਭਾਵ ਬੀਮਾਰ ਹੋ ਗਿਆ) ।੨੧।

(ਬਾਦਸ਼ਾਹ ਨੇ) ਕਾਜ਼ੀ ਤੇ ਮੁਲਾਂ ਰਾਹੀਂ ਬੇਨਤੀ ਕਰ ਭੇਜੀ 'ਹੇ ਹਿੰਦੂ ! ਮੈਨੂੰ ਬਖਸ਼ੀ ਮੈਂ ਤੇਰੀ ਗਊ ਹਾਂ ।੨੨।

**ਨਾਮਾ ਕਹੈ, ਸੁਨਹੁ ਬਾਦਿਸਾਹ ॥ ਇਹੁ ਕਿਛੁ ਪਤੀਆ, ਮੁਝੈ ਦਿਖਾਇ ॥੨੩॥ ਇਸ ਪਤੀਆ ਕਾ, ਇਹੈ ਪਰਵਾਨੁ ॥ ਸਾਚਿ ਸੀਲਿ ਚਾਲਹੁ ਸੁਲਿਤਾਨ ॥੨੪॥ ਨਾਮਦੇਉ ਸਭ ਰਹਿਆ ਸਮਾਇ ॥ ਮਿਲਿ ਹਿੰਦੂ ਸਭ, ਨਾਮੇ ਪਹਿ ਜਾਹਿ ॥੨੫॥ ਜਉ ਅਬ ਕੀ ਬਾਰ, ਨ ਜੀਵੈ ਗਾਇ ॥ ਤ ਨਾਮਦੇਵ ਕਾ ਪਤੀਆ ਜਾਇ ॥੨੬॥ ਨਾਮੇ ਕੀ ਕੀਰਤਿ ਰਹੀ ਸੰਸਾਰਿ ॥ ਭਗਤ ਜਨਾਂ ਲੇ ਉਧਰਿਆ ਪਾਰਿ ॥੨੭॥ ਸਗਲ ਕਲੇਸ ਨਿੰਦਕ ਭਇਆ ਖੇਦੁ ॥ ਨਾਮੇ ਨਾਰਾਇਨ, ਨਾਹੀ ਭੇਦੁ ॥੨੮॥੧॥੧੦॥**

## ਉਚਾਰਨ ਸੇਧ

**ਬਿੰਦੀ ਸਹਿਤ :** ਜਾਹਿਂ, ਨਾਹੀਂ ।

**ਪਦ ਅਰਥ :** ਪਤੀਆ-ਤਸੱਲੀ।੨੩। ਪਰਵਾਨ-ਮਾਪ ਪੈਮਾਨਾ ਸਾਚਿ-ਸਚ ਵਿਚ । ਸੀਲਿ-ਚੰਗੇ ਸੁਭਾਉ ਵਿਚ। ਚਾਲਹੁ-ਚਲੋ ।੨੪। ਜਾਹਿ-ਜਾਂਦੇ ਹਨ ।੨੫। ਜਉ-ਜੇ ਅਬ ਕੀ ਬਾਰ-ਇਸ ਵਾਰ ਪਤੀਆ-ਇਤਬਾਰ, ਭਰੋਸਾ। ਕੀਰਤਿ-ਕੀਰਤੀ, ਵਡਿਆਈ। ਸੰਸਾਰਿ-ਸੰਸਾਰ ਵਿਚ ।੨੭। ਭੇਦੁ-ਦੁੱਖ। ਖੇਦੁ-ਅੰਤਰ।੨੮।

**ਅਰਥ :** ਨਾਮਦੇਵ ਆਖਦਾ ਹੈ, ਹੇ ਬਾਦਸ਼ਾਹ, ਸੁਣ (ਤੂੰ) ਮੈਨੂੰ ਇਕ ਤਸੱਲੀ ਦਿਵਾ ਦੇ ।੨੩।

ਇਸ ਤਸੱਲੀ ਦਾ ਮਾਪ (ਇਹ ਹੋਵੇਗਾ ਕਿ) ਹੇ ਸ਼ਾਹ ! (ਤੁਸੀਂ ਅਗੇ ਲਈ) ਸੱਚ ਵਿਚ ਟੁਰੋ, ਚੰਗੇ ਸੁਭਾਉ ਵਿਚ ਰਹੁ ।੨੪।

(ਇਹ ਕੌਤਕ ਵੇਖ ਕੇ ਇਉਂ ਜਾਪਦਾ ਸੀ ਜਿਵੇਂ ਕਿ) ਸਭ ਦੇ ਹਿਰਦੇ ਵਿਚ ਨਾਮਦੇਵ ਸਮਾ ਰਿਹਾ ਹੈ । ਸਾਰੇ ਹਿੰਦੂ ਮਿਲ ਕੇ (ਇਕੱਠੇ ਹੋ ਕੇ) ਨਾਮਦੇਵ ਪਾਸ ਗਏ (ਤੇ ਆਖਣ ਲੱਗੇ) ।੨੫।

ਜੇਕਰ ਇਸ ਵਾਰ ਵੀ ਗਊ ਨਾ ਜੀਵੀ ਤਾਂ ਨਾਮਦੇਵ ਦਾ ਇਤਬਾਰ (ਪਤਿਆਵਾ) ਮੁਕ ਜਾਣਾ ਸੀ (ਭਾਵ ਇਤਬਾਰ ਉਡ ਜਾਣਾ ਸੀ) ।੨੬।

(ਹੇ ਭਾਈ !) ਨਾਮਦੇਵ ਦੀ ਕੀਰਤੀ (ਵਡਿਆਈ, ਸਾਰੇ) ਸੰਸਾਰ ਵਿਚ ਕਾਇਮ ਹੋ ਗਈ (ਅਤੇ) ਭਗਤ ਜਨਾ ਨੂੰ (ਆਪਣੇ) ਨਾਲ ਲੈ ਕੇ ਸੰਸਾਰ ਸਾਗਰ ਤੋਂ ਪਾਰ ਹੋ ਗਿਆ ।੨੭।

(ਇਹ ਘਟਨਾ ਵੇਖ ਕੇ) ਸਾਰੇ ਨਿੰਦਕਾਂ ਨੂੰ ਦੁਖ ਤੇ ਖੇਦ ਹੋਇਆ । (ਉਨ੍ਹਾਂ ਨੂੰ ਇਹ ਨਹੀਂ ਸੀ ਪਤਾ ਕਿ) ਨਾਮਦੇਵ ਤੇ ਨਰਾਇਣ ਵਿਚ ਕੋਈ ਭੇਦ ਨਹੀਂ (ਪਰ ਨਾਮਦੇਵ ਨਾਰਾਇਣ ਦਾ ਰੂਪ ਹੀ ਪ੍ਰਗਟ ਹੋਇਆ) ।੨੮।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਮੁਈ ਗਊ ਦੇ ਜਿਵਾਲਣ ਵਾਲੀ ਸਾਖੀ ਦਰਜ ਹੈ। ਇਸ ਲਈ ਇਸ ਨੂੰ ਦੁਬਾਰਾ ਦੁਹਰਾਣ ਦੀ ਲੋੜ ਨਹੀਂ।

ਭਗਤਾਂ ਤੇ ਸੰਸਾਰੀਆਂ ਦਾ ਕਦੇ ਵੀ ਜੋੜ ਨਹੀਂ ਬਣਿਆ ਕਿਉਂਕਿ ਭਗਤ ਪਰਮੇਸ਼ਰ ਦੇ ਭਾਣੇ ਵਿਚ ਰਹਿੰਦੇ ਹਨ, ਲੋਕ ਅਤੇ ਬਾਦਸ਼ਾਹ ਹਮੇਸ਼ਾਂ ਰੱਬੀ ਭਾਣੇ ਦੇ ਉਲਟ ਚਲਦੇ ਹਨ। ਭਗਤ ਨਾਮ ਦੇਵ ਜੀ ਦੀ ਕੀਰਤੀ ਕਾਜ਼ੀਆਂ ਤੇ ਮੌਲਾਣਿਆਂ ਨੂੰ ਕਿਵੇਂ ਸੁਖਾਉਂਦੀ ? ਉਨ੍ਹਾਂ ਦੀ ਸਗੋਂ ਹਤਕ ਹੋ ਰਹੀ ਸੀ। ਉਨ੍ਹਾਂ ਨੇ ਨਾਮਦੇਵ ਜੀ ਨੂੰ ਨੀਵਾਂ ਦਿਖਾਉਣ ਲਈ ਕਈ ਕਹਾਣੀਆਂ ਘੜ ਕੇ ਬਾਦਸ਼ਾਹ ਅਗੇ ਸ਼ਿਕਾਇਤਾਂ ਕੀਤੀਆਂ।

ਸਾਖੀਕਾਰ ਲਿਖਦੇ ਹਨ ਕਿ ਇਕ ਦਿਨ ਨਾਮਦੇਵ ਜੀ ਜਾ ਰਹੇ ਸਨ ਤਾਂ ਇਕ ਜੈ ਰਾਮ ਬ੍ਰਾਹਮਣ ਦੀ ਇਸਤ੍ਰੀ ਨੇ ਆਪ ਜੀ ਦੇ ਚਰਨਾ ਤੇ ਮੱਥਾ ਟੇਕਿਆ ਤਾਂ ਆਪ ਨੇ ਕਿਹਾ - 'ਸੁਹਾਗਵਤੀ ਹੋ' । ਅਗੋਂ ਉਸ ਇਸਤ੍ਰੀ ਨੇ ਕਿਹਾ 'ਮੇਰਾ ਪਤੀ ਤਾ ਮਰਿਆ ਪਿਆ ਹੈ, ਤੁਸੀਂ ਆਪਣਾ ਬਚਨ ਸੱਤ ਕਰੋ, ਉਸ ਨੂੰ ਜ਼ਿੰਦਾ ਕਰੋ' । ਨਾਮਦੇਵ ਜੀ ਨੇ ਕਿਹਾ ਕਿ ਤੇਰਾ ਪਤੀ ਜਿਵਾ ਦਿੰਦੇ ਹਾਂ, ਪਰ ਤੂੰ ਰਾਮ ਦਾ ਨਾਮ ਜਪ। ਉਸ ਨੇ ਕਿਹਾ ! ਭਗਤ ਜੀ 'ਜੀਵਨ ਭਰ ਰਾਮ ਦਾ ਨਾਮ ਜਪਦੀ ਰਹਾਂਗੀ। ' ਬਸ ਉਸ ਦਾ ਪਤੀ ਜ਼ਿੰਦਾ ਹੋ ਗਿਆ।

ਇਹ ਗਲ ਜਦੋਂ ਬਾਦਸ਼ਾਹ ਨੇ ਸੁਣੀ ਤਾਂ ਕਾਜ਼ੀਆਂ ਨੇ ਕਿਹਾ 'ਬਾਦਸ਼ਾਹ ਸਲਾਮਤ' ਇਹੋ ਜਿਹੇ ਸ਼ਕਤੀ ਸ਼ਾਲੀ ਆਦਮੀ ਨੂੰ ਹਿੰਦੂ ਨਹੀਂ ਰਹਿਣ ਦੇਣਾ ਚਾਹੀਦਾ, ਮੁਸਲਮਾਨ ਕਰੋ।

ਕੁਦਰਤਿ ਦੀ ਨੇਤ ਐਸੀ ਹੋਈ ਬਾਦਸ਼ਾਹ ਦੀ ਗਾਂ ਮਰ ਗਈ ਤੇ ਬਾਦਸ਼ਾਹ ਨੇ ਨਾਮਦੇਵ ਜੀ ਨੂੰ ਬੁਲਾ ਲਿਆ ਤੇ ਆਖਿਆ 'ਭਗਤ ਜੀ ! ਮੇਰੀ ਗਊ ਜਿਸਦਾ ਮੈਂ ਦੁਧ ਪੀਦਾਂ ਸਾਂ ਉਹ ਮਰ ਗਈ ਹੈ। ਪਤਾ ਨਹੀਂ ਸਾਡੇ ਵਲੋਂ ਕਿਹੜੀ ਅਵੱਗਿਆ ਹੋ ਗਈ ਹੈ। ਜੋ ਇਤਨੀ ਪਿਆਰੀ ਗਊ ਸਾਡੇ ਤੋਂ ਜੁਦਾ ਹੋ ਗਈ ਹੈ। ਤੁਸੀ ਜਿਵਾ ਦਿਉ। ਭਗਤ ਜੀ ਨੇ ਕਿਹਾ, 'ਬਾਦਸ਼ਾਹ ਜੰਮਣਾ ਮਰਣਾ ਤਾਂ ਖੁਦਾ ਦੇ ਹੱਥ ਹੈ, ਮੇਰੇ ਆਖੇ ਤਾਂ ਇਹ ਗਾਂ ਜ਼ਿੰਦਾ ਨਹੀਂ ਹੋ ਸਕਦੀ ਜੋ ਕੁਝ ਰਾਮ ਨੇ ਕਰਨਾ ਹੈ ਉਹੀ ਹੋਣਾ ਹੈ - 'ਕਰਿ ਹੈ ਰਾਮੁ ਹੋਇ ਹੈ ਸੋਇ।'

ਬਾਦਸ਼ਾਹ ਨੇ ਕਾਜ਼ੀਆਂ ਨਾਲ ਮਿਲ ਕੇ ਜੋ ਵਿਉਂਤ ਬਣਾਈ ਹੋਈ ਸੀ, ਉਸ ਅਨੁਸਾਰ ਕਹਿਣ ਲਗਾ, ਨਾਮਦੇਵ ! ਜਾਂ ਮੇਰੀ ਗਊ ਜ਼ਿੰਦਾ ਕਰੋ, ਜਾਂ ਕਰਾਮਾਤ ਦਿਖਾਉ, ਜਾਂ ਮੁਸਲਮਾਨ ਹੋਵੋ, ਜਿਹੜੀ

ਗੱਲ ਤੁਹਾਨੂੰ ਚੰਗੀ ਲਗਦੀ ਹੈ ਕਰੋ ।' ਨਾਮਦੇਵ ਜੀ ਨੇ ਕਿਹਾ ਮੈਂ ਪਹਿਲਾਂ ਵੀ ਕੁਝ ਨਹੀਂ ਕੀਤਾ ਸੀ, ਸਾਰੀਆਂ ਸ਼ਕਤੀਆਂ ਤੇ ਕਰਾਮਾਤਾਂ ਪਰਮਾਤਮਾ ਪਾਸ ਹਨ, ਉਹੀ ਵਰਤਾਉਂਦਾ ਹੈ । ਬਾਦਸ਼ਾਹ ਨੇ ਨਾਮਦੇਵ ਨੂੰ ਧਮਕੀ ਤਾਂ ਦਿਤੀ ਪਰ 'ਅਪਨੇ ਭਗਤ ਪਰਿ ਕੀ ਪ੍ਰਤਿਪਾਲ ॥ ਗਰੁੜ ਚੜੇ ਆਏ ਗੋਪਾਲ' ਵਾਲੀ ਕਲਾ ਵਰਤ ਗਈ । ਇਕ ਪਾਸੇ 'ਗਊ ਦੁਹਾਈ ਬਛਰਾ ਮੇਲਿ' ਵਾਲੀ ਖੇਡ ਵਰਤੀ, ਦੂਜੇ ਪਾਸੇ ਸਾਰੇ ਕਲੇਸ਼ਾ ਦਾ ਖੇਦ ਬਾਦਸ਼ਾਹ ਨੂੰ ਪ੍ਰਾਪਤ ਹੋਇਆ, ਉਸ ਵੇਲੇ ਬਾਦਸ਼ਾਹ ਭਗਤ ਜੀ ਦੇ ਪੈਰੀਂ ਪਿਆ ਤੇ ਬੇਨਤੀ ਕਰਨ ਲੱਗਾ -

'ਬਖਸੀ ਹਿੰਦੂ, ਮੈਂ ਤੇਰੀ ਗਾਇ ॥' ਸੋ, ਇਸ ਖੇਡ ਦਾ ਇਸ ਤਰ੍ਹਾਂ ਅੰਤ ਹੋਇਆ :-

ਨਾਮੇ ਕੀ ਕੀਰਤਿ ਰਹੀ ਸੰਸਾਰਿ ॥ ਭਗਤ ਜਨਾ ਲੇ ਉਧਰਿਆ ਪਾਰਿ ॥

ਗੁਰੂ ਘਰ ਵਿਚ ਵੀ ਨਾਮੀ ਸਿਖਾਂ ਰਾਹੀਂ ਅਜਿਹੀਆਂ ਕਰਾਮਾਤਾਂ ਦੇ ਵਰਤੇ ਜਾਣ ਦਾ ਜ਼ਿਕਰ ਉਪਲਬਧ ਹੈ ਪਰ ਗੁਰੂ ਪਾਤਿਸ਼ਾਹ ਜੀ ਨੇ ਇਹਨਾਂ ਗਲਾਂ ਨੂੰ ਉਤਸ਼ਾਹਤ ਨਹੀਂ ਕੀਤਾ, ਸਗੋਂ ਝਾੜਾਂ ਪਾਈਆਂ ਹਨ । ਇਸ ਬਾਰੇ ਬਾਬਾ ਗੁਰਦਿਤਾ ਜੀ ਦੇ ਸ਼ਿਕਾਰ ਖੇਡਦਿਆਂ ਜਦੋਂ ਗਊ ਦੇ ਤੀਰ ਜਾ ਲੱਗਾ ਤਾਂ ਉਹ ਮਰ ਗਈ । ਬਾਬਾ ਜੀ ਨੇ ਨਾਮ ਸ਼ਕਤੀ ਨਾਲ ਗਊ ਨੂੰ ਜਿਵਾਲ ਦਿਤਾ । ਪਰ ਜਦੋਂ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੂੰ ਪਤਾ ਲਗਾ ਤਾਂ ਆਪ ਬਹੁਤ ਨਾਰਾਜ਼ ਹੋਏ ਤੇ ਕਿਹਾ ਕਿ 'ਜਾ ਤੁਸੀਂ ਰਹੋਗੇ ਜਾਂ ਅਸੀਂ' । ਕਰਾਮਾਤ ਕਹਿਰ ਦਾ ਨਾਂ ਹੈ ਤੇ ਰਬ ਦਾ ਸ਼ਰੀਕਾ ਕਰਨਾ ਹੈ । ਬਾਬਾ ਗੁਰਦਿਤਾ ਜੀ ਨੇ ਗੁਰੂ ਪਾਤਿਸ਼ਾਹ ਜੀ ਦੇ ਇਹ ਬਚਨ ਸੁਣੇ ਤਾਂ ਕੀਰਤਪੁਰ ਸਾਹਿਬ ਜਿਥੇ ਬਾਬਾ ਗੁਰਦਿਤਾ ਜੀ ਦਾ ਦੇਹੁਰਾ ਹੈ, ਇਥੇ ਆ ਕੇ ਲੇਟ ਗਏ, ਉਪਰ ਚਾਦਰ ਤ੍ਣ ਲਈ ਤੇ ਚਲਾਣਾ ਕਰ ਗਏ ।

**ਘਰੁ ੨ ॥ ਜਉ ਗੁਰਦੇਉ, ਤ ਮਿਲੈ ਮੁਰਾਰਿ ॥ ਜਉ ਗੁਰਦੇਉ, ਤ ਉਤਰੈ ਪਾਰਿ ॥ ਜਉ ਗੁਰਦੇਉ, ਤ ਬੈਕੁੰਠ ਤਰੈ ॥ ਜਉ ਗੁਰਦੇਉ, ਤ ਜੀਵਤ ਮਰੈ ॥੧॥ ਸਤਿ ਸਤਿ ਸਤਿ ਸਤਿ, ਸਤਿ ਗੁਰਦੇਵ ॥ ਝੂਠੁ ਝੂਠੁ ਝੂਠੁ ਝੂਠੁ, ਆਨ ਸਭ ਸੇਵ ॥੧॥ ਰਹਾਉ ॥ ਜਉ ਗੁਰਦੇਉ, ਤ ਨਾਮੁ ਦ੍ਰਿੜਾਵੈ ॥ ਜਉ ਗੁਰਦੇਉ, ਨ ਦਹ ਦਿਸ ਧਾਵੈ ॥ ਜਉ ਗੁਰਦੇਉ, ਪੰਚ ਤੇ ਦੂਰਿ ॥ ਜਉ ਗੁਰਦੇਉ, ਨ ਮਰਿਬੋ ਝੂਰਿ ॥੨॥ ਜਉ ਗੁਰਦੇਉ, ਤ ਅੰਮ੍ਰਿਤ ਬਾਨੀ ॥ ਜਉ ਗੁਰਦੇਉ, ਤ ਅਕਥ ਕਹਾਨੀ ॥ ਜਉ ਗੁਰਦੇਉ, ਤ ਅੰਮ੍ਰਿਤ ਦੇਹ ॥ ਜਉ ਗੁਰਦੇਉ, ਨਾਮੁ ਜਪਿ ਲੇਹਿ ॥੩॥ ਜਉ ਗੁਰਦੇਉ, ਭਵਨ ਤ੍ਰੈ ਸੂਝੈ ॥ ਜਉ ਗੁਰਦੇਉ, ਊਚ ਪਦ ਬੂਝੈ ॥ ਜਉ ਗੁਰਦੇਉ, ਤ ਸੀਸੁ ਅਕਾਸਿ ॥ ਜਉ ਗੁਰਦੇਉ, ਸਦਾ ਸਾਬਾਸਿ ॥੪॥**

**ਪਦ ਅਰਥ :** ਮੁਰਾਰਿ-ਮੁਰਾਰੀ, ਪਰਮਾਤਮਾ । ਬੈਕੁੰਠ ਤਰੈ-ਬੈਕੁੰਠ ਨੀਚੇ ਰਹਿ ਜਾਂਦਾ ਹੈ ਭਾਵ ਬੈਕੁੰਠ ਤੋਂ ਉਚੀ ਪਦਵੀ ਨੂੰ ਜਾ ਪਹੁੰਚਦਾ ਹੈ । ਸਤਿ-ਸਦਾ ਥਿਰ ਰਹਿਣ ਵਾਲੀ । ਗੁਰਦੇਵ-ਗੁਰੂ (ਦੀ ਸੇਵਾ) । ਆਨ-ਹੋਰ ।ਰਹਾਉ। ਦਹਦਿਸ-ਦਸੀਂ ਪਾਸੀਂ । ਪੰਚ-ਕਾਮਾਦਿਕ ਵਿਸ਼ੇ ਵਿਕਾਰ।੨। ਅਕਥ-ਜੋ

ਬਿਆਨ ਨਹੀ ਹੋ ਸਕਦੀ। ਅੰਮ੍ਰਿਤ-ਅੰਮ੍ਰਿਤ (ਵਰਗੀ ਮਿੱਠੀ)। ਦੇਹ-ਸਰੀਰ।੩। ਸੀਸੁ-ਸਿਰ, ਦਿਮਾਗ, ਮਨ। ਅਕਾਸਿ-ਅਕਾਸ਼ ਵਿਚ, ਉਚੇ ਟਿਕਾਣੇ ਤੇ, ਭਾਵ ਪ੍ਰਭੂ ਦੇ ਚਰਨਾ ਵਿਚ।੪।

**ਅਰਥ :** ਜੇ ਗੁਰਦੇਵ (ਪ੍ਰਸੰਨ ਹੋਣ) ਤਾਂ ਮੁਰਾਰੀ (ਪਰਮਾਤਮਾ ਵੀ) ਮਿਲ ਜਾਂਦਾ ਹੈ। ਜੇ ਗੁਰਦੇਵ (ਪ੍ਰਸੰਨ ਹੋਣ) ਤਾਂ (ਮਨੁੱਖ ਸੰਸਾਰ ਸਾਗਰ ਤੋਂ) ਪਾਰ ਹੋ ਜਾਂਦਾ ਹੈ। ਜੇ ਗੁਰਦੇਵ (ਪ੍ਰਸੰਨ ਹੋਣ) ਤਾਂ ਬੈਕੁੰਠ (ਮਨੁੱਖ ਦੇ) ਹੇਠ ਹੀ ਰਹਿ ਜਾਂਦਾ ਹੈ (ਭਾਵ ਬੈਕੁੰਠ ਤੋਂ ਵੀ ਉਚੀ ਪਦਵੀ ਨੂੰ ਜਾ ਪਹੁੰਚਦਾ ਹੈ)। ਜੇ ਗੁਰਦੇਵ (ਪ੍ਰਸੰਨ ਹੋਣ) ਤਾਂ (ਮਨੁੱਖ) ਜੀਵਤ (ਭਾਵ ਤੋਂ) ਮਰ ਜਾਂਦਾ ਹੈ।੧।

ਗੁਰਦੇਵ ਸਤਿ, ਸਤਿ, ਸਤਿ (ਤਿੰਨ ਕਾਲ ਭਾਵ ਸਦਾ ਹੀ ਰਹਿਣ ਵਾਲਾ ਹੈ)। (ਗੁਰਦੇਵ ਤੋਂ ਬਿਨਾ) ਹੋਰ ਸਾਰੀ ਸੇਵਾ ਝੂਠੁ, ਝੂਠੁ, ਝੂਠੁ, ਝੂਠੁ (ਭਾਵ ਚੋਹਾਂ ਜੁੱਗਾਂ ਵਿਚ ਹੀ ਨਾਸ਼ਵੰਤ ਹੈ)।੧। ਰਹਾਉ।

ਜੇ ਗੁਰਦੇਵ (ਪ੍ਰਸੰਨ ਹੋਣ) ਤਾਂ (ਪਰਮਾਤਮਾ ਦਾ) ਨਾਮ ਦ੍ਰਿੜ (ਪੱਕਾ) ਹੋ ਜਾਂਦਾ ਹੈ। ਜੇ ਗੁਰਦੇਵ (ਪ੍ਰਸੰਨ ਹੋਣ) ਤਾ ਮਨ ਦਸਾਂ ਪਾਸੇ ਦੌੜਦਾ ਨਹੀ ਹੈ। ਜੇ ਗੁਰਦੇਵ (ਪ੍ਰਸੰਨ ਹੋਣ ਤਾਂ ਮਨੁੱਖ) ਪੰਜਾਂ (ਕਾਮ, ਕ੍ਰੋਧ, ਆਦਿ ਵਿਸ਼ੇ ਵਿਕਾਰਾਂ ਤੋਂ) ਦੂਰ ਹੋ ਜਾਂਦਾ ਹੈ। ਜੇ ਗੁਰਦੇਵ (ਪ੍ਰਸੰਨ ਹੋਣ ਤਾਂ ਮਨੁੱਖ) ਝੂਰ ਝੂਰ ਕੇ ਨਹੀਂ ਮਰਦਾ।੨।

ਜੇ ਗੁਰਦੇਵ (ਪ੍ਰਸੰਨ ਹੋਣ ਤਾਂ ਮਨੁੱਖ ਦੀ) ਬਾਣੀ ਅੰਮ੍ਰਿਤ (ਵਰਗੀ ਮਿੱਠੀ ਹੋ ਜਾਂਦੀ ਹੈ)। ਜੇ ਗੁਰਦੇਵ (ਪ੍ਰਸੰਨ ਹੋਣ ਤਾਂ ਮਨੁੱਖ) ਅਕਥ (ਪ੍ਰਭੂ ਦੀਆਂ) ਕਹਾਣੀਆਂ (ਸੁਣਦਾ ਹੈ)। ਜੇ ਗੁਰਦੇਵ (ਪ੍ਰਸੰਨ ਹੋਣ ਤਾਂ) ਦੇਹੀ ਪਵਿਤਰ ਤੇ ਅਮਰ (ਹੋ ਜਾਂਦੀ ਹੈ), ਜੇ ਗੁਰਦੇਵ (ਪ੍ਰਸੰਨ ਹੋਣ ਤਾਂ ਮਨੁੱਖ) ਨਾਮ ਜਪ ਲੈਂਦਾ ਹੈ।੩।

ਜੇ ਗੁਰਦੇਵ (ਪ੍ਰਸੰਨ ਹੋਣ ਤਾਂ) ਤਿੰਨ ਭਵਣਾਂ (ਲੋਕਾਂ) ਦੀ ਸੋਝੀ ਹੋ ਜਾਂਦੀ ਹੈ। ਜੇ ਗੁਰਦੇਵ (ਪ੍ਰਸੰਨ ਹੋਣ) ਤਾਂ ਊਚ ਪਦ (ਭਾਵ ਪਰਮ ਪਦਵੀ ਦਾ) ਬੋਧ (ਪ੍ਰਾਪਤ) ਹੋ ਜਾਂਦਾ ਹੈ। ਜੇ ਗੁਰਦੇਵ (ਪ੍ਰਸੰਨ ਹੋਣ ਤਾਂ) ਸਿਰ ਅਸਮਾਨ ਨਾਲ (ਜਾ ਲਗਦਾ ਹੈ, ਭਾਵ ਨਾਮ ਉਚਾ ਹੁੰਦਾ ਹੈ)। ਜੇ ਗੁਰਦੇਵ (ਪ੍ਰਸੰਨ ਹੋਣ ਤਾਂ) ਸਦਾ ਅਸਾਬਾਸ਼ (ਸ਼ੋਭਾ ਹੀ ਮਿਲਦੀ ਹੈ)।੪।

**ਜਉ ਗੁਰਦੇਉ, ਸਦਾ ਬੈਰਾਗੀ ॥ ਜਉ ਗੁਰਦੇਉ, ਪਰਨਿੰਦਾ ਤਿਆਗੀ ॥ ਜਉ ਗੁਰਦੇਉ, ਬੁਰਾ ਭਲਾ ਏਕ ॥ ਜਉ ਗੁਰਦੇਉ, ਲਿਲਾਰਹਿ ਲੇਖ ॥੫॥ ਜਉ ਗੁਰਦੇਉ, ਕੰਧੁ ਨਹੀ ਹਿਰੈ ॥ ਜਉ ਗੁਰਦੇਉ, ਦੇਹੁਰਾ ਫਿਰੈ ॥ ਜਉ ਗੁਰਦੇਉ, ਤ ਛਾਪਰਿ ਛਾਈ ॥ ਜਉ ਗੁਰਦੇਉ, ਸਿਹਜ ਨਿਕਸਾਈ ॥੬॥ ਜਉ ਗੁਰਦੇਉ, ਤ ਅਠਸਠਿ ਨਾਇਆ ॥ ਜਉ ਗੁਰਦੇਉ, ਤਨਿ ਚਕ੍ਰ ਲਗਾਇਆ ॥ ਜਉ ਗੁਰਦੇਉ, ਤ ਦੁਆਦਸ ਸੇਵਾ ॥ ਜਉ ਗੁਰਦੇਉ, ਸਭੈ ਬਿਖੁ ਮੇਵਾ ॥੭॥ ਜਉ ਗੁਰਦੇਉ, ਤ ਸੰਸਾ ਟੂਟੈ ॥ ਜਉ ਗੁਰਦੇਉ, ਤ ਜਮ ਤੇ ਛੂਟੈ ॥ ਜਉ ਗੁਰਦੇਉ, ਤ ਭਉਜਲ ਤਰੈ ॥ ਜਉ ਗੁਰਦੇਉ, ਤ ਜਨਮਿ ਨ ਮਰੈ ॥੮॥ ਜਉ ਗੁਰਦੇਉ, ਅਠਦਸ ਬਿਉਹਾਰ ॥ ਜਉ**

ਗੁਰਦੇਉ, ਅਠਾਰਹ ਭਾਰ ॥ ਬਿਨੁ ਗੁਰਦੇਉ, ਅਵਰ ਨਹੀ ਜਾਈ ॥ ਨਾਮਦੇਉ, ਗੁਰ ਕੀ ਸਰਣਾਈ ॥੯॥੧॥੨॥੧੧॥

## ਉਚਾਰਨ ਸੇਧ

**ਬਿੰਦੀ ਸਹਿਤ :** ਲਿਲਾਟਹਿੰ, ਨਹੀਂ ਅਠਾਰਹਂ।

**ਫੁਟਕਲ :** 'ਨਾਇਆ' ਦਾ ਉਚਾਰਨ 'ਨ੍ਹਾਇਆ' ਕਰਨਾ ਹੈ।

**ਪਦ ਅਰਥ :** ਲਿਲਾਟਹਿ-ਮੱਥੇ ਉਤੇ ।੫। ਕੰਧ-ਸਰੀਰ। ਨ ਹਿਰੈ-ਨਹੀਂ ਛਿਜਦਾ, ਨਾਸ਼ ਨਹੀਂ ਹੁੰਦਾ। ਦੇਹੁਰਾ ਫਿਰੈ-ਦੇਹੁਰਾ ਫਿਰਨ ਲਗ ਜਾਂਦਾ ਹੈ। ਛਾਪਰ ਛਾਈ-ਛੱਪਰੀ ਬਣਾਈ। ਸਿਹਜ-ਮੰਜੀ, (ਪਲੰਘ)। ਨਿਕਸਾਈ-ਕਢਵਾ ਦਿੱਤੀ। ਨਾਇਆ-ਇਸਨਾਨ ਹੋ ਗਿਆ ।੬। ਤਨਿ-ਸਰੀਰ ਉਤੇ। ਚਕ੍ਰ-ਵੈਸਨੋ ਮਤ ਵਾਲੇ ਯਾਤਰਾ ਸਮੇਂ ਜੋ ਚਕ੍ਰ ਲਾਂਦੇ ਹਨ। ਦੁਆਦਸ ਸੇਵਾ-ਬਾਰਾਂ ਸ਼ਿਵਲਿੰਗਾਂ ਦੀ ਸੇਵਾ ।੭। ਅਠ ਦਸ-੧੮ ਸਿਮ੍ਰਤੀਆਂ। ਅਠਾਰਹ ਭਾਰ-ਬਨਾਸਪਤੀ ਦੇ ਅਠਾਰਾਂ ਭਾਰ। ਜਾਈ-ਜਗ੍ਹਾ, ਥਾਂ ।੯।

**ਅਰਥ :** ਜੇ ਗੁਰਦੇਵ (ਪ੍ਰਸੰਨ ਹੋਣ ਤਾਂ ਮਨੁੱਖ) ਸਦਾ ਲਈ (ਸੰਸਾਰ ਤੋਂ) ਉਪਰਾਮ ਹੋ ਜਾਂਦਾ ਹੈ। ਜੇ ਗੁਰਦੇਵ (ਪ੍ਰਸੰਨ ਹੋਣ ਤਾਂ) ਚੰਗੇ ਮੰਦੇ ਨੂੰ ਇਕ (ਨਿਗਾਹ ਨਾਲ ਵੇਖਦਾ ਹੈ, ਭਾਵ ਬੁਰੇ ਨਾਲ ਘ੍ਰਿਣਾ ਨਹੀਂ ਕਰਦਾ ਤੇ ਚੰਗੇ ਦਾ ਲਿਹਾਜ਼ ਨਹੀਂ ਕਰਦਾ, ਸਮਦ੍ਰਿਸ਼ਟਾ ਹੋ ਜਾਂਦਾ ਹੈ)। ਜੇ ਗੁਰਦੇਵ (ਪ੍ਰਸੰਨ ਹੋਣ ਤਾਂ) ਮੱਥੇ ਤੇ ਲੇਖ (ਭਾਗ ਚੰਗੇ ਹੋ ਜਾਂਦੇ ਹਨ ।੫।

ਜੇ ਗੁਰਦੇਵ (ਪ੍ਰਸੰਨ ਹੋਣ ਤਾਂ) ਸਰੀਰ ਨਾਸ਼ ਨਹੀਂ ਹੁੰਦਾ। ਜੇ ਗੁਰਦੇਵ (ਪ੍ਰਸੰਨ ਹੋਣ ਤਾਂ) ਦੇਹੁਰਾ ਫਿਰ ਜਾਂਦਾ ਹੈ। ਜੇ ਗੁਰਦੇਵ (ਪ੍ਰਸੰਨ ਹੋਣ ਤਾਂ) ਛੱਪਰ ਛੱਤਿਆ ਜਾਂਦਾ ਹੈ। ਜੇ ਗੁਰਦੇਵ (ਪ੍ਰਸੰਨ ਹੋਣ ਨਦੀਂ ਵਿਚੋਂ) ਮੰਜੀ (ਬਾਹਰ) ਨਿਕਲ ਆਉਂਦੀ ਹੈ ।੬।

ਜੇ ਗੁਰਦੇਵ (ਪ੍ਰਸੰਨ ਹੋਣ ਤਾਂ ਜਾਣੋ) ਅਠਾਹਠ ਤੀਰਥਾਂ ਵਿਚ ਇਸ਼ਨਾਨ ਕਰ ਲਿਆ। ਜੇ ਗੁਰਦੇਵ (ਪ੍ਰਸੰਨ ਹੋਣ ਤਾਂ ਜਾਣੋ) ਸਰੀਰ ਤੇ ਚਕਰ ਲਗਾ ਲਿਆ। ਜੇ ਗੁਰਦੇਵ (ਪ੍ਰਸੰਨ ਹੋਣ ਤਾਂ ਜਾਣੋ) ਬਾਰ੍ਹਾਂ (ਸ਼ਿਵਲਿੰਗਾ ਦੀ) ਪੂਜਾ-ਸੇਵਾ ਹੋ ਗਈ। ਜੇ ਗੁਰਦੇਵ (ਪ੍ਰਸੰਨ ਹੋਣ ਤਾਂ) ਸਾਰੇ ਜ਼ਹਿਰ (ਮਾਨੋ) ਮਿੱਠਾ ਮੇਵਾ (ਬਣ ਗਏ) ।੭।

ਜੇ ਗੁਰਦੇਵ (ਪ੍ਰਸੰਨ ਹੋਣ ਤਾਂ ਹਰ ਪ੍ਰਕਾਰ ਦਾ) ਸੰਸਾ ਦੂਰ ਹੋ ਜਾਂਦਾ ਹੈ, ਜੇ ਗੁਰਦੇਵ (ਪ੍ਰਸੰਨ ਹੋਣ ਤਾਂ) (ਮਨੁੱਖ ਜਮਾਂ ਤੋਂ) ਛੁਟ ਜਾਂਦਾ ਹੈ ।੮।

ਜੇ ਗੁਰਦੇਵ (ਪ੍ਰਸੰਨ ਹੋਣ ਤਾਂ ਸੁੱਤੇ ਹੀ) ਅਠਾਰਾਂ ਪੁਰਾਣਾਂ (ਦਾ ਦਸਿਆ ਜੀਵਨ) ਵਿਹਾਰ ਹੋ ਜਾਂਦਾ ਹੈ। ਜੇ ਗੁਰਦੇਵ (ਪ੍ਰਸੰਨ ਹੋਣ ਤਾਂ) ਅਠਾਰਾਂ ਭਾਰ (ਬਨਾਸਪਤੀ ਦੇ ਪੂਜਾ ਵਿਚ ਸ਼ਾਮਲ ਹੋ ਜਾਂਦੇ ਹਨ)। ਗੁਰਦੇਵ ਤੋਂ ਬਿਨਾਂ ਹੋਰ ਕੋਈ ਥਾਂ ਨਹੀਂ (ਜਿਥੇ ਉਪਰ ਦਸਿਆ ਸਭ ਕੁਝ ਮਿਲਦਾ ਹੋਵੇ, ਇਸ ਲਈ) ਨਾਮਦੇਵ ਗੁਰੂ ਦੀ ਸ਼ਰਨ ਆ ਪਿਆ ਹੈ ।੯।੧।੨।੧੧।

## ਪਾਠ ਬਿਸਰਾਮ :

੧- ਸਤਿ ਸਤਿ ਸਤਿ ਸਤਿ, ਸਤਿ ਗੁਰਦੇਵ ॥ ਝੂਠੁ ਝੂਠੁ ਝੂਠੁ ਝੂਠੁ, ਆਨ ਸਭ ਸੇਵ ॥ [ਦਰਪਣ

੨- ਸਤਿ ਸਤਿ ਸਤਿ, ਸਤਿ ਸਤਿਗੁਰ ਦੇਵ ॥ [ਗੁਰਬਾਣੀ ਪਾਠ ਦਰਸ਼ਨ

ਦਰਪਣ ਵਾਲਾ ਬਿਰਾਮ ਮਾਤ੍ਰਾ ਦੇ ਅਧਾਰ ਤੇ ਵੀ ਠੀਕ ਬੈਠਦਾ ਹੈ। ਗੁਰਬਾਣੀ ਪਾਠ ਦਰਸ਼ਨ ਵਿਚ ਉਪ੍ਰੋਕਤ ਦਿਤਾ ਬਿਸਰਾਮ ਠੀਕ ਨਹੀ ਹੈ ਕਿਉਂਕਿ ਪਾਠ-ਚਾਲ ਵਿਚ ਵਿਘਨ ਪੈਂਦਾ ਹੈ। ਪ੍ਰੋ ਸਾਹਿਬ ਸਿੰਘ ਜੀ ਨੇ ਜੋ ਚਾਰ ਵਾਰੀ ਸਤਿ ਨਾਲ ਚਾਰ ਵਾਰੀ 'ਝੂਠੁ' ਨਾਲ ਬਿਸਰਾਮ ਲਾਏ ਹਨ, ਠੀਕ ਫਬਦੇ ਹਨ। ਇਸ ਤਰ੍ਹਾਂ ਅਰਥਾਂ ਦੀ ਵੀ ਸਪਸ਼ਟਤਾ ਹੋ ਜਾਂਦੀ ਹੈ। ਨੰ: ੨ ਵਾਲਾ ਬਿਸਰਾਮ ਠੀਕ ਨਹੀਂ ਹੈ।

### ਅਰਥ ਭੇਦ ਅਤੇ ਨਿਰਣੈ

### ੳ) ਜਉ ਗੁਰਦੇਉ ਤ ਬੈਕੁੰਠ ਤਰੈ ॥

ਵਖ ਵਖ ਅਰਥ :

੧. ਜੇ ਗੁਰ ਕ੍ਰਿਪਾਲ ਹੋਵੇ ਤੋ ਨਰਕ ਤੇ ਤਰ ਕਰ ਬੈਕੁੰਠੇ ਪ੍ਰਾਪਤਿ ਹੋਵੇ ਹੈ। [ਫ. ਸ.

੨. ਤਰੈ-ਵਿ. ਤਲੇ, ਨੀਚੇ। ਭਾਵ ਬੈਕੁੰਠ ਤੋਂ ਭੀ ਉਚੀ ਪਦਵੀ ਨੂੰ ਪਹੁੰਚਦਾ ਹੈ। [ਮ. ਕੋ.

੩. (ਇਥੋਂ) ਤਰ ਕੇ ਬੈਕੁੰਠ ਵਿਚ ਜਾ ਅਪੜਦਾ ਹੈ। [ਦਰਪਣ

੪. ਜਦ ਗੁਰੂ-ਪ੍ਰਮੇਸ਼ਰ ਮਿਹਰਵਾਨ ਹੁੰਦੇ ਹਨ ਤਦ ਜੀਵ ਬ੍ਰਹਮ ਲੋਕ ਨੂੰ ਤਰ ਜਾਂਦਾ ਹੈ। [ਸ. ਮਨਮੋਹਨ ਸਿੰਘ

**ਨਿਰਣੈ :** ਗੁਰਬਾਣੀ ਵਿਆਕਰਣ ਅਨੁਸਾਰ ਮੁਕਤੇ ਅਖਰ ਚੋਂ ਕਈ ਵਾਰੀ 'ਵਿਚ' ਦੇ ਅਰਥ ਕਰ ਲਈਦੇ ਹਨ ਪਰ 'ਤੋਂ' ਦੇ ਅਰਥ ਨਹੀਂ ਬਣਦੇ। ਬੈਕੁੰਠ, ਵਿਸ਼ਨੂੰ ਦੇ ਰਹਿਣ ਦਾ ਲੋਕ ਦਸਿਆ ਜਾਂਦਾ ਹੈ ਪਰ ਕਬੀਰ ਜੀ ਫੁਰਮਾਉਂਦੇ ਹਨ -

ਨਾ ਜਾਨਾ ਬੈਕੁੰਠ ਕਹਾ ਹੀ ॥

ਵਿਸ਼ਨੂੰ ਵਾਲਾ ਬੈਕੁੰਠ ਤਲੇ ਹੀ ਰਹਿ ਜਾਂਦਾ ਹੈ। ਜਦੋਂ ਗੁਰੂ ਦੀ ਕਿਰਪਾ ਹੋ ਜਾਂਦੀ ਹੈ। ਸੋ ਅਜਿਹਾ ਮਨੁੱਖ 'ਸੋ ਦਰੁ' ਵਿਚ ਜਾ ਪਹੁੰਚਦਾ ਹੈ। ਨਰਕ ਤੋਂ ਤਰ ਕੇ ਬੈਕੁੰਠ ਜਾਣ ਵਾਲੇ ਅਰਥ ਜਾਂ (ਇਥੋਂ) ਤਰ ਕੇ ਬੈਕੁੰਠ ਵਿਚ ਜਾ ਅਪੜਦਾ ਹੈ, ਦੋਵੇਂ ਅਰਥ ਗੁਰਮਤਿ ਸਿਧਾਂਤ ਨਾਲ ਮੇਲ ਨਹੀਂ ਖਾਂਦੇ।

### ਅ) ਜਉ ਗੁਰਦੇਉ ਤ ਦੁਆਦਸ ਸੇਵਾ ॥

ਵਖ ਵਖ ਅਰਥ :

੧. ਜਬ ਗੁਰਦੇਵ ਪ੍ਰਸੰਨ ਭਏ ਤਬ ਦ੍ਵਾਦਸ ਜੋਤੀ ਲਿੰਙ ਕੀ ਸੇਵਾ ਪ੍ਰਾਪਤ ਹੋ ਗਈ। [ਫ. ਸ.

੨. ਬਾਰ੍ਹਾਂ ਪ੍ਰਕਾਰ ਦੀ ਸੇਵਾ-

੧. ਦੇਵਤਾ ਦੇ ਮੰਦਿਰ ਬਣਾਉਣ ਲਈ ਚਲਣਾ। ੨. ਮੰਦਰ ਦੀ ਪਰਿਕ੍ਰਮਾ। ੩. ਦੇਵਤਾ ਦੇ ਧਾਮ ਪਰਸਣ ਲਈ ਯਾਤ੍ਰਾ। ਇਹ ਤਿੰਨਾ ਸੇਵਾ ਪਦ ਹਨ।

੧ . ਪੂਜਾ ਵਾਸਤੇ ਫੁੱਲ ਪਤੇ ਤੋੜਨੇ । ੨ . ਝਾੜੂ ਦੇਣਾ । ੩. ਮੂਰਤੀ ਦਾ ਸਨਾਨ ਸ਼ਿੰਗਾਰ ਕਰਾਉਣਾ-ਇਹ ਤਿੰਨ ਕਰ ਸੇਵਾ ਹਨ ।

੧ . ਨਾਮ-ਕੀਰਤਨ, ਇਹ ਬਾਣੀ ਕਰਕੇ ਸੇਵਾ ਹੈ । ੨ . ਹਰਿ ਕਥਾ ਸੁਣਨੀ ਇਹ ਕਰਨ ਸੇਵਾ ਹੈ।

ਮੂਰਤੀ ਦਾ ਦਰਸ਼ਨ ਕਰਨਾ- ਇਹ ਨੇਤ੍ਰਾਂ ਦੀ ਸੇਵਾ ਹੈ, ਠਾਕਰ ਜੀ ਦਾ ਪ੍ਰਸ਼ਾਦ ਸਿਰ ਤੇ ਰਖਣਾ ਜਾਂ ਨਮਸਕਾਰ ਕਰਨੀ ਇਹ ਦੋ ਪ੍ਰਕਾਰ ਸਿਰ ਦੀ ਸੇਵਾ ਹੈ । ਦੇਵਤਾਂ ਉਪਰ ਚੜੇ ਹੋਏ ਫੁੱਲ ਲੈ ਕੇ ਸੁੰਘਣੇ ਇਹ ਨਾਸਕਾ ਦੀ ਸੇਵਾ ਹੈ । [ਹਿੰਦੂ ਮਤ ਦੇ ਧਰਮ ਗ੍ਰੰਥ

੩ . ਜੇ ਗੁਰੂ ਮਿਲ ਪਏ ਤਾ ਬਾਰਾਂ ਹੀ ਸ਼ਿਵਲਿੰਗਾ ਦੀ ਪੂਜਾ ਹੋ ਗਈ ਜਾਣੋ । [ਦਰਪਣ

**ਨਿਰਣੈ :** ਜੇ ਹਿੰਦੂ ਮਤ ਜਾਂ ਜੋਗੀਆਂ ਦੇ ਮਤ ਵਲ ਵੇਖੀਏ ਤਾਂ ਦੁਆਦਸ ਸਿਲਾ ਤੇ ਦੁਆਦਸ ਦਲ, ਦੁਆਦਸ ਮੁਦ੍ਰਾ ਵੀ ਪ੍ਰਸਿਧ ਹਨ ਪਰ ਇਨ੍ਹਾਂ ਪੰਕਤੀਆਂ ਤੋਂ ਪਹਿਲੀ ਪੰਕਤੀ ਵਿਚ "ਜਉ ਗੁਰਦੇਉ ਤਨਿ ਚਕ੍ਰ ਲਗਾਇਆ ।" ਵਿਚ 'ਚਕ੍ਰ ਸੰਕੇਤਕ ਚਿੰਨ੍ਹ ਹੈ । ਸਾਖੀ ਪ੍ਰਮਾਣ ਵਿਚ ਤਾਂ ਇਸ ਬਾਰੇ ਬਹੁਤ ਵਿਸਥਾਰ ਹੈ ਪਰ ਤਾਤਪਰਜ ਨੂੰ ਇਉਂ ਦਰਸਾਇਆ ਹੈ ।

ਗੁਰਾਂ ਨੇ ਪ੍ਰਿਥੀ ਰਾਜ ਨੂੰ ਕਿਹਾ ਕਿ ਤੁਸੀਂ ਰਾਜ ਦੇ ਵਿਚ ਭਗਤੀ ਕਰੋ । ਰਾਜਾ ਨੇ ਕਿਹਾ, ਜੀ ! ਮੇਰਾ ਸੰਕਲਪ ਹੈ ਜੋ ਦ੍ਵਾਰਕਾ ਦਾ ਦਰਸ਼ਨ ਕਰਾਂ ਤਾ ਗੋਮਤੀ ਨਦੀ ਵਿਚ ਇਸ਼ਨਾਨਕ ਕਰਾਂ ਅਤੇ 'ਤਨ ਮੇਂ ਚਕ੍ਰ ਛਾਪੇ-ਧਾਰਣ ਕਰੂੰ' । ਗੁਰਾਂ ਨੇ ਕਿਹਾ, ਤੈਨੂੰ ਇਹ ਸਾਰੇ ਘਰ ਵਿਚ ਰਾਜ ਕਰਦਿਆਂ ਹੀ ਪ੍ਰਾਪਤ ਹੋ ਜਾਣਗੇ, ਜੋ ਹੋਏ । ਉਂਜ ਅੰਬਰੀਕ ਦੀ ਰਖਿਆ ਵਾਸਤੇ ਵਿਸ਼ਨੂੰ ਭਗਵਾਨ ਦਾ ਚਕ੍ਰ ਵੀ ਪ੍ਰਸਿਧ ਹੈ, ਜੋ ਅੰਬਰੀਕ ਦੇ ਕੋਲ ਸਦਾ ਰਹਿੰਦਾ ਸੀ ।

ਨਾਮ ਦੇਵ ਜੀ 'ਦੁਆਦਸ ਸੇਵਾ' ਜਾ 'ਤਨਿ ਚਕ੍ਰ ਲਗਾਇਆ' ਦੇ ਮੁਦਈ ਨਹੀਂ । ਆਪ ਜੀ ਦਾ ਭਾਵ ਤਾਂ ਗੁਰੂ ਦੀ ਸ਼ਰਣ ਗ੍ਰਹਿਣ ਕਰਨ ਦਾ ਹੈ । ਇਥੇ ਬਾਰਾਂ ਸਿਵ ਲਿੰਗਾਂ ਦੀ ਪੂਜਾ ਕਰਨ ਦਾ ਵੇਰਵਾ ਦੇਣ ਤੋਂ ਸੰਕੋਚ ਕੀਤਾ ਹੈ । ਪਾਠਕਾਂ ਨੂੰ ਤਾਂ 'ਗੁਰ ਕੀ ਸੇਵਾ ਪਾਏ ਮਾਨੁ ॥ ਗੁਰ ਊਪਰਿ ਸਦਾ ਕੁਰਬਾਨੁ ॥ (ਪੰ. ੮੬੪) ਵਾਲਾ ਆਦਰਸ਼ ਚੇਤੇ ਰਖਣਾ ਚਾਹੀਦਾ ਹੈ ।

## ਸਾਰੰਸ਼ ਅਤੇ ਸਿਧਾਂਤ

ਗੁਰੂ ਤੇ ਪਰਮੇਸ਼ਰ ਵਿਚ ਕੋਈ ਭਿੰਨ ਭੇਦ ਨਹੀਂ ਹੁੰਦਾ । ਜੇ ਗੁਰਦੇਵ ਪਿਤਾ ਪ੍ਰਸੰਨ ਹੋਣ ਆਪਣੀ ਮਿਹਰ ਕਰ ਦੇਣ ਤਾਂ ਸੰਸਾਰ ਦਾ ਕੋਈ ਅਜਿਹਾ ਕਾਰਜ ਨਹੀਂ ਜਿਸਦੇ ਸਿਧੇ ਹੋਣ ਵਿਚ ਕੋਈ ਰੁਕਾਵਟ ਪੈਂਦੀ ਹੋਵੇ । ਜੇ ਸੰਸਾਰ ਵਿਚ ਜੀਵਨ ਦਾ ਸਹੀ ਰਸਤਾ ਵਿਖਾਣ ਵਾਲੀ ਕੋਈ ਹਸਤੀ ਹੈ ਤਾਂ ਉਹ ਕੇਵਲ ਗੁਰੂ ਹੈ, ਬਾਕੀ ਦੇਵੀ ਦੇਵਤਿਆਂ ਦਾ ਦਸਿਆ ਹੋਇਆ ਕਰਮਕਾਂਡੀ ਮਾਰਗ ਜੀਵਨ ਨੂੰ ਸਫਲ ਬਣਾਉਣ ਵਿਚ ਸਹਾਈ ਨਹੀਂ ਹੋ ਸਕਦਾ ।

ਪ੍ਰੋ. ਸਾਹਿਬ ਸਿੰਘ ਜੀ ਨੇ ਇਸ ਸ਼ਬਦ ਦੇ ਅਰਥਾਂ ਮਗਰੋਂ ਹੇਠ ਲਿਖਿਆ ਫੁਟ ਨੋਟ ਦਿਤਾ ਹੈ :

"ਨਾਮ ਦੇਵ ਜੀ ਤਾਂ ਇਥੇ ਸਾਫ਼ ਕਹਿ ਰਹੇ ਹਨ ਕਿ ਹੋਰ ਦੇਵੀ ਦੇਵਤਿਆਂ ਦੀ ਪੂਜਾ ਬਿਲਕੁਲ ਵਿਅਰਥ ਹੈ ਇਕ ਸਤਿਗੁਰੂ ਦੀ ਸ਼ਰਨ ਹੀ ਸਮਰਥ ਹੈ. ਪਰ ਇਹ ਅਸਚਰਜ ਖੇਡ ਹੈ ਕਿ ਲੋਕ ਨਾਮਦੇਵ ਜੀ ਦੇ ਆਪਣੇ ਇਹਨਾਂ ਲਫਜ਼ਾਂ ਉਤੇ ਇਤਬਾਰ ਕਰਨ ਦੇ ਥਾਂ ਸੁਆਰਥੀ ਲੋਕਾਂ ਦੀਆਂ ਘੜੀਆਂ ਹੋਈਆਂ ਕਹਾਣੀਆਂ ਪੜ੍ਹ ਸੁਣ ਕੇ ਇਹ ਰਟ ਲਾਈ ਜਾ ਰਹੇ ਹਨ ਕਿ ਨਾਮਦੇਵ ਨੇ ਜਿਵੇਂ ਬੀਠੁਲ-ਮੂਰਤੀ ਦੀ ਪੂਜਾ ਕੀਤੀ ਤੇ ਠਾਕੁਰ ਨੂੰ ਦੁੱਧ ਪਿਆਇਆ ਹੈ।"

ਬੀਤੀਆਂ ਕਹਾਣੀਆਂ ਨੂੰ ਬੜੇ ਠਰੰਮੇ ਨਾਲ ਸੋਚਣ ਦੀ ਲੋੜ ਹੈ। ਦੁਧ ਪਿਆਉਣ ਵਾਲਾ, ਛਪਰ ਛਤਣ ਵਾਲਾ, ਗਊ ਜਿਵਾਉਣ ਵਾਲੀ ਘਟਨਾ ਆਦਿ ਦਾ ਜ਼ਿਕਰ ਵੀ ਭਗਤ ਨਾਮ ਦੇਵ ਜੀ ਨੇ ਆਪ ਹੀ ਕੀਤਾ ਹੈ. ਇਹਨਾਂ ਨੂੰ ਸੁਆਰਥੀ ਲੋਕਾਂ ਦੀਆਂ ਘੜੀਆਂ ਹੋਈਆਂ ਕਹਾਣੀਆਂ ਦਸਣਾ ਠੀਕ ਨਹੀਂ ਲਗਦਾ। ਹਾਂ, ਗੁਰਮਤਿ ਵਿਚ ਮੂਰਤੀ-ਪੂਜਾ ਲਈ ਕੋਈ ਥਾਂ ਨਹੀਂ, ਪਾਠਕਾਂ ਨੂੰ ਇਸ ਸਿਧਾਂਤ ਤੋਂ ਜਾਣੂੰ ਕਰਾਉਣਾ ਉਚਿਤ ਹੈ। ਨਾਮਦੇਵ ਜੀ ਦੀਆਂ ਹਡਬੀਤੀਆਂ ਵਿਚ ਜੋ ਕੁਝ ਵਰਤਿਆਂ, ਉਸ ਵਿਚ ਕਰਾਮਾਤਾਂ ਵੀ ਸ਼ਾਮਲ ਹਨ, ਪਰ ਭਗਤ ਜੀ ਆਪ ਕੁਝ ਨਹੀਂ ਵਿਖਾਂਦੇ ਰਹੇ, ਰਬੀ-ਕ੍ਰਿਸ਼ਮੇ ਵਰਤਦੇ ਰਹੇ, ਇਹਨਾਂ ਤੋਂ ਮੁਨਕਰ ਹੋਣਾ ਜਾਂ ਵਿਰੋਧਤਾ ਕਰਨ ਦੀ ਰੁਚੀ ਪਾਠਕਾਂ ਤੇ ਕੋਈ ਚੰਗਾ ਅਸਰ ਨਹੀਂ ਪਾਂਦੀ। ਭਗਤ ਜੀ ਦੇ ਸ਼ਬਦ ਗੁਰਮਤਿ ਦੇ ਮੂਲਿਕ ਸਿਧਾਂਤ ਨਾਲ ਮੇਲ ਖਾਂਦੇ ਹਨ।

ਭਗਤ ਨਾਮਦੇਵ ਜੀ ਦੀ ਬਾਣੀ ਨੂੰ ਵੀਚਾਰਿਆਂ ਇਹ ਸਿਧਾਂਤ ਪ੍ਰਗਟ ਹੁੰਦਾ ਹੈ ਕਿ ਭਗਤ ਜੀ ਨਾਹ ਕਿਸੇ ਦੇਹੁਰੇ ਜਾਂ ਮੰਦਰ ਦੇ ਪ੍ਰੀਤ-ਪੁਜਾਰੀ ਸਨ ਅਤੇ ਨਾਹ ਹੀ ਕਿਸੇ ਮਸਜਿਦ ਜਾਂ ਮਕਬਰੇ ਦੇ ਮੁਜਾਵਰ (ਸੇਵਾਦਾਰ) ਸਨ। ਆਪ ਜੀ ਦੇ ਹੇਠ ਲਿਖੇ ਬਚਨ ਇਸ ਸਚਾਈ ਉਤੇ ਇਉਂ ਆਪਣੀ ਮੁਹਰ ਛਾਪ ਲਾਉਂਦੇ ਹਨ:

**ਹਿੰਦੂ ਪੂਜੈ ਦੇਹੁਰਾ, ਮੁਸਲਮਾਨ ਮਸੀਤਿ ॥**
**ਨਾਮੇ ਸੋਈ ਸੇਵਿਆ, ਜਹ ਦੇਹੁਰਾ ਨ ਮਸੀਤਿ ॥** [ਪੰਨਾ ੮੭੫

ਇਸ ਤਰ੍ਹਾਂ ਇਸ ਸ਼ਬਦ ਵਿਚ ਭਗਤ ਜੀ ਨੇ ਆਪਣੇ ਗੁਰਦੇਵ ਉਤੇ ਵਿਸ਼ਵਾਸ ਤੇ ਵਡਿਆਈ ਨੂੰ ਪ੍ਰਗਟਾਇਆ ਹੈ। ਇਸ ਵਿਚ ਸੰਦੇਹ ਨਹੀ ਜੇ ਗੁਰੂ ਦੀ ਕਿਰਪਾ ਹੋਵੇ ਤਾਂ ਮੱਥੇ ਦੇ ਮਾੜੇ ਲੇਖ ਵੀ ਸ੍ਰੇਸ਼ਟ ਰੂਪ ਧਾਰਨ ਕਰ ਜਾਂਦੇ ਹਨ।

ਇਕ ਵਾਰ ਦਸਮੇਸ਼ ਪਿਤਾ ਜੀ ਪਾਸ ਇਕ ਕਾਜ਼ੀ ਨੇ ਪ੍ਰਸ਼ਨ ਕੀਤਾ ਸੀ ਕਿ ਜਿਹੜੇ ਸਿਖ ਤੁਹਾਨੂੰ ਮੱਥਾ ਟੇਕਦੇ ਹਨ, ਉਨ੍ਹਾਂ ਨੂੰ ਕੀ ਪ੍ਰਾਪਤ ਹੁਦਾ ? ਜੋ ਕੁਝ ਖ਼ੁਦਾ ਨੇ ਉਨ੍ਹਾਂ ਦੇ ਮਥੇ ਉਤੇ ਲਿਖਿਆ ਹੈ, ਉਨ੍ਹਾਂ ਨੂੰ ਉਹੀ ਕੁਝ ਮਿਲਣਾ ਹੈ, ਉਸ ਵਿਚ ਕੋਈ ਫਰਕ ਨਹੀਂ ਪਾ ਸਕਦਾ। ਤਾਂ ਗੁਰਦੇਵ ਪਿਤਾ ਜੀ ਨੇ ਰਬੜ ਦੀ ਮੋਹਰ ਮੰਗਵਾਈ ਅਤੇ ਕਾਜ਼ੀ ਨੂੰ ਦਿਖਾਈ ਤੇ ਆਖਿਆ। ਕਾਜ਼ੀ ! ਵੇਖ, ਇਸ ਮੋਹਰ ਦੇ ਅਖਰ ਅਪੁਠੇ ਹਨ ਪਰ ਜਦੋਂ ਇਹ ਆਪਣਾ ਸਿਰ ਨਿਵਾ ਕੇ ਕਾਗਜ ਤੇ ਲਗਦੀ ਹੈ ਇਸ ਦੇ ਅਖਰ ਸਿੱਧੇ ਹੋ ਜਾਂਦੇ ਹਨ। ਇਸ ਤਰ੍ਹਾਂ ਜੋ ਵੀ ਸਰਧਾਲੂ ਜੀਵ ਗੁਰੂ ਦੇ ਦਰ ਤੇ ਸਿਦਕ ਨਾਲ ਸਿਜਦਾ ਕਰਦੇ

ਹਨ ਭਾਵ ਮੱਥਾ ਟੇਕਦੇ ਹਨ, ਉਨ੍ਹਾਂ ਦੇ ਅਪੁੱਠੇ ਲੇਖ ਸਿੱਧੇ ਹੋ ਜਾਂਦੇ ਹਨ। ਇਹ ਦ੍ਰਿਸ਼ਟਾਂਤ ਸੁਣ ਕੇ ਕਾਜ਼ੀ ਬਹੁਤ ਪ੍ਰਸੰਨ ਹੋਇਆ ਤੇ ਗੁਰੂ ਘਰ ਦਾ ਸੇਵਕ ਬਣਿਆ।

'ਜਉ ਗੁਰਦੇਉ ਤ ਛਾਪਰਿ ਛਾਈ' ਇਸ ਬਾਰੇ ਲੋੜੀਂਦੇ ਵੀਚਾਰ ਇਸ ਸਟੀਕ ਦੀ ਸਤਵੀ ਪੋਥੀ ਦੇ ਪੰਨਾ ੨੯੬ ਉਤੇ ਅੰਕਿਤ ਹਨ। ਜਿਥੋਂ ਤਕ 'ਜਉ ਗੁਰਦੇਉ ਸਿਹਜ ਨਿਕਸਾਈ' ਵਾਲੇ ਪ੍ਰਸੰਗ ਦਾ ਸਬੰਧ ਹੈ ਪੁਰਾਤਨ ਸਾਖੀ ਪ੍ਰਮਾਣਾ ਅਤੇ ਪੰਜਾਬੀ ਮਹਾਨ ਕੋਸ਼ ਵਚ ਵੀ ਇਸ ਬਾਰੇ ਸੰਕੇਤ ਮਿਲਦੇ ਹਨ।

ਇਕ ਵਾਰੀ ਭਗਤ ਨਾਮਦੇਵ ਜੀ ਸਲੇਮ ਬਾਦਸ਼ਾਹ ਦੇ ਘਰ ਬੈਠੇ ਹੋਏ ਸਨ ਤਾਂ ਬਾਦਸ਼ਾਹ ਪਾਸ ਇਕ ਬਹੁਤ ਵਧੀਆਂ ਮੰਜੀ ਜਿਸ ਦੇ ਪਾਵਿਆਂ ਵਿਚ ਨਗ ਜੜ੍ਹੇ ਹੋਏ ਸਨ, ਸਵਾ ਲਖ ਕੀਮਤ ਦੀ ਸੀ, ਸੁਗਾਤ ਵਜੋਂ ਕਿਸੇ ਨੇ ਭੇਟਾ ਕੀਤੀ। ਨਾਮਦੇਵ ਜੀ ਨੇ ਉਸ ਮੰਜੀ ਨੂੰ ਬੜੀ ਭਰਵੀਂ ਨਜ਼ਰ ਨਾਲ ਵੇਖਿਆ। ਬਾਦਸ਼ਾਹ ਦੇ ਦਿਲ ਵਿਚ ਆਇਆ ਕਿ ਭਗਤ ਜੀ ਨੇ ਇਸ ਮੰਜੀ ਨੂੰ ਬੜੇ ਪਿਆਰ ਨਾਲ ਵੇਖਿਆ ਹੈ, ਸ਼ਾਇਦ ਇਸ ਨੂੰ ਲੈਣ ਦੀ ਇਛਾ ਰਖਦੇ ਹੋਣ।

ਬਾਦਸ਼ਾਹ ਨੇ ਬੜੀ ਸ਼ਰਧਾ ਨਾਲ ਭਗਤ ਜੀ ਦੀ ਭੇਟਾ ਕਰ ਦਿਤੀ। ਭਗਤ ਜੀ ਨੇ ਕਿਹਾ 'ਬਾਦਸ਼ਾਹ ਸਲਾਮਤ' ਇਹ ਮੰਜੀ ਤੇਰੇ ਵਿਛੌਣੇ ਲਾਇਕ ਹੈ। ਸਾਡੇ ਕਿਸ ਕੰਮ ?' ਪਰ ਬਾਦਸ਼ਾਹ ਨੇ ਜੋਰੀ ਉਹ ਸਿਹਜਾ (ਪਲੰਘ) ਭਗਤ ਜੀ ਦੀ ਭੇਟ ਕਰ ਦਿਤੀ। ਭਗਤ ਜੀ ਇਹ 'ਸਿਹਜਾ' ਲੈਣ ਵਾਸਤੇ ਤਿਆਰ ਨਹੀਂ ਸਨ ਪਰ ਬਾਦਸ਼ਾਹ ਦੇ ਬਹੁਤ ਜ਼ੋਰ ਦੇਣ ਤੇ ਮਜਬੂਰ ਹੋ ਕੇ ਲੈਣੀ ਪਈ। ਆਪ ਜੀ ਨੇ ਉਹ ਸਿਹਜਾ ਆਪਣੇ ਘਰ ਦੇ ਨੇੜੇ ਨਦੀ ਦੇ ਡੂੰਘੇ ਪਾਣੀ ਵਿਚ ਸੁਟਵਾ ਦਿਤੀ, ਅਤੇ ਉਹ ਡੁੱਬ ਗਈ। ਬਾਦਸ਼ਾਹ ਦਾ ਨੌਕਰ ਜਿਹੜਾ ਭਗਤ ਜੀ ਦੇ ਘਰ ਮੰਜੀ ਛਡਣ ਆਇਆ ਸੀ, ਉਸ ਨੇ ਇਹ ਕੌਤਕ ਵੇਖ ਲਿਆ ਸੀ, ਉਸਨੇ ਜਿਉਂ ਦੀ ਤਿਉਂ ਸਾਰੀ ਗਲ ਬਾਦਸ਼ਾਹ ਨੂੰ ਜਾ ਦਸੀ।

ਬਾਦਸ਼ਾਹ ਨੇ ਇਸ ਵਿਚ ਆਪਣੀ ਨਿਰਾਦਰੀ ਮਹਿਸੂਸ ਕੀਤੀ ਕਿ ਉਸਨੇ ਬੜੇ ਚਾਉ ਨਾਲ 'ਸਿਹਜਾ' ਭੇਟ ਕੀਤੀ ਸੀ, ਪਰ ਭਗਤ ਜੀ ਨੇ ਨਦੀ ਵਿਚ ਸੁਟਵਾ ਦਿਤੀ ਹੈ। ਇਸ ਗਲ ਨੂੰ ਮੁਖ ਰਖ ਰਖਦਿਆਂ ਬਾਦਸ਼ਾਹ ਨੇ ਭਗਤ ਜੀ ਨੂੰ ਸੁਨੇਹਾ ਭੇਜਿਆ ਕਿ ਉਹ ਸਿਹਜਾ ਉਸਦੇ ਸ਼ਹਿਜਾਦੇ ਦੀ ਸੀ, ਉਹ ਜ਼ਿਦ ਕਰਦਾ ਹੈ। ਇਸ ਲਈ ਵਾਪਸ ਕਰ ਦਿਉ, ਮੈਂ ਕਿਸੇ ਮਿਸਤਰੀ ਨੂੰ ਵਿਖਾ ਕੇ ਸ਼ਹਿਜਾਦੇ ਨੂੰ ਹੋਰ ਮੰਜੀ ਬਣਵਾ ਦੇਵਾਂਗਾ।

ਭਗਤ ਜੀ ਨੇ ਕਹਿਆ ਇਕ ਸਿਹਜਾ ਕੀ ਇਹੋ ਜਿਹੀਆਂ ਕਿਨੀਆਂ ਸਿਹਜਾ ਨਦੀ ਵਿਚ ਚੁਭੀ ਮਾਰ ਕੇ ਕਢਵਾ ਲਵੋ। ਬਾਦਸ਼ਾਹ ਨਦੀ ਦੇ ਕਿਨਾਰੇ ਤੇ ਖੜਾ ਹੋ ਗਿਆ। ਭਗਤ ਜੀ ਨੇ ਨਦੀ ਵਿਚ ਹਥ ਪਸਾਰਿਆ ਤਾਂ ਸੱਤਰ ਸਿਹਜਾਂ ਬਾਹਰ ਆ ਗਈਆਂ। ਉਹ ਫਿਰ ਅਲੋਪ ਹੋ ਗਈਆਂ ਤੇ ਬਾਹਰ ਦਸ ਰਹੀਆਂ। ਬਾਦਸ਼ਾਹ ਨੂੰ ਕਿਹਾ, ਛੇਤੀ ਕਰੋ, ਇਹ ਸਾਰੀਆਂ ਸਿਹਜਾਂ ਲੈ ਜਾਓ ਤੇ ਆਪਣੀ ਮੰਜੀ ਸਿਆਣ ਲਵੋ। ਬਾਦਸ਼ਾਹ ਸਾਰਾ ਕੌਤਕ ਵੇਖ ਕੇ ਹੱਕਾ ਬੱਕਾ ਹੋ ਗਿਆ ਅਤੇ ਭਗਤ ਜੀ ਦੇ ਚਰਨਾ ਤੇ ਡਿਗ ਪਿਆ। ਕਹਿਣ ਲੱਗਾ ਤੁਸੀਂ ਖ਼ੁਦਾਇ ਦੇ ਨਜਦੀਕ, ਖ਼ੁਦਾਇ ਦਾ ਰੂਪ ਹੋ, ਅਸੀਂ ਪਾਪੀ,

ਗੁਨਾਹਗਾਰ ਜੀਵ ਹਾਂ, ਮੇਰਾ ਇਹ ਗੁਨਾਹ ਬਖਸ਼ੋ ! ਅਗੋਂ ਮੇਰਾ ਚਿਤ ਨਾ ਡੋਲੇ । ਨਾਮਦੇਵ ਜੀ ਨੇ ਕਿਹਾ 'ਬਾਦਸ਼ਾਹ' ਮੈਂ ਇਸ ਵਿਚ ਕੁਝ ਨਹੀ ਕੀਤਾ ਇਹ ਸਾਰੀ ਕਿਰਪਾ ਮੇਰੇ ਗੁਰਦੇਵ ਜੀ ਦੀ ਹੈ।

ਇਸ ਅਸ਼ਟਪਦੀ ਵਿਚ ਭਗਤ ਨਾਮਦੇਵ ਜੀ ਨੇ ਆਪਣੇ ਗੁਰਦੇਵ ਜੀ ਦੀ ਵਡਿਆਈ ਕੀਤੀ ਹੈ। ਜੇ ਸੰਸਾਰ ਵਿਚ ਕੋਈ ਸਦਾ ਅੰਗ ਸੰਗ ਹੋ ਕੇ ਸਹਾਇਤਾ ਕਰਨ ਵਾਲੀ ਸ਼ਕਤੀ ਹੈ ਤਾਂ ਉਹ ਸਤਿਗੁਰ ਦੇਵ ਹੀ ਹਨ। ਇਸ ਲਈ ਸਤਿਗੁਰੂ ਜੀ ਦੀ ਸੇਵਾ ਕਰਨੀ ਹੀ ਸਫਲ ਹੈ, 'ਸਫਲ ਸੇਵਾ ਗੁਰਦੇਵਾ' ਬਾਕੀ-ਹਰ ਪ੍ਰਕਾਰ ਦੀ ਸੇਵਾ ਝੂਠ ਅਤੇ ਨਿਸਫਲ ਹੈ। ਇਸ ਲਈ ਸਫਲ ਜੇ ਗੁਰਦੇਵ ਜੀ ਦੀ ਕਿਰਪਾ ਹੋ ਜਾਵੇ ਤਾਂ ਜਗਿਆਸੂ ਨੂੰ ਬੁਰਾ ਭਲਾ ਏਕ ਵਾਲੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਭਗਤ ਜੀ ਦੀ ਛਪਰੀ ਦੀ ਉਸਾਰੀ, ਮੰਜੇ ਦਾ ਦਰਿਆ ਵਿਚੋਂ ਨਿਕਲਣਾ ਇਤਾਦਿ ਘਟਨਾਵਾਂ ਸਭ ਗੁਰੂ ਚਮਤਕਾਰੀ ਕਿਰਪਾ ਦੀਆਂ ਹੀ ਪ੍ਰਤੀਕ ਹਨ।

## ਭੈਰਉ ਬਾਣੀ ਰਵਿਦਾਸ ਜੀਉ ਕੀ ਘਰੁ ੨

**ੴ ਸਤਿਗੁਰ ਪ੍ਰਸਾਦਿ ॥ ਬਿਨੁ ਦੇਖੇ, ਉਪਜੈ ਨਹੀ ਆਸਾ ॥ ਜੋ ਦੀਸੈ, ਸੋ ਹੋਇ ਬਿਨਾਸਾ ॥ ਬਰਨ ਸਹਿਤ, ਜੋ ਜਾਪੈ ਨਾਮੁ ॥ ਸੋ ਜੋਗੀ, ਕੇਵਲ ਨਿਹਕਾਮੁ ॥੧॥ ਪਰਚੈ, ਰਾਮੁ ਰਵੈ ਜਉ ਕੋਈ ॥ ਪਾਰਸੁ ਪਰਸੈ, ਦੁਬਿਧਾ ਨ ਹੋਈ ॥੧॥ ਰਹਾਉ ॥ ਸੋ ਮੁਨਿ, ਮਨ ਕੀ ਦੁਬਿਧਾ ਖਾਇ ॥ ਬਿਨੁ ਦੁਆਰੇ, ਤ੍ਰੈ ਲੋਕ ਸਮਾਇ ॥ ਮਨ ਕਾ ਸੁਭਾਉ, ਸਭੁ ਕੋਈ ਕਰੈ ॥ ਕਰਤਾ ਹੋਇ, ਸੁ ਅਨਭੈ ਰਹੈ ॥੨॥ ਫਲ ਕਾਰਨ, ਫੂਲੀ ਬਨਰਾਇ ॥ ਫਲੁ ਲਾਗਾ, ਤਬ ਫੂਲੁ ਬਿਲਾਇ ॥ ਗਿਆਨੈ ਕਾਰਨ, ਕਰਮ ਅਭਿਆਸੁ ॥ ਗਿਆਨੁ ਭਇਆ, ਤਹ ਕਰਮਹ ਨਾਸੁ ॥੩॥ ਘ੍ਰਿਤ ਕਾਰਨ, ਦਧਿ ਮਥੈ ਸਇਆਨ ॥ ਜੀਵਤ ਮੁਕਤ ਸਦਾ ਨਿਰਬਾਨ ॥ ਕਹਿ ਰਵਿਦਾਸ, ਪਰਮ ਬੈਰਾਗ ॥ ਰਿਦੈ ਰਾਮੁ ਕੀ ਨ ਜਪਸਿ, ਅਭਾਗ ॥੪॥੧॥**

**ਪਦ ਅਰਥ :** ਉਪਜੈ ਨਹੀ-ਪੈਦਾ ਨਹੀ ਹੁੰਦੀ । ਆਸਾ-ਉਮੰਗ । ਬਰਨ ਸਹਿਤ-ਸਿਧਾਂਤ ਸਹਿਤ । ਨਿਹਕਾਮੁ-ਕਾਮਨਾ ਰਹਿਤ ।੧। ਪਰਚੈ-ਪਰਚ, ਵਿਲਚ ਜਾਂਦਾ ਹੈ । ਰਵੈ-ਸਿਮਰਦਾ ਹੈ । ਪਾਰਸੁ ਪਰਸੈ-(ਜੋ) ਪਾਰਸ ਨੂੰ ਭੇਟਦਾ, ਛੂੰਹਦਾ ਹੈ । ਦੁਬਿਧਾ-ਦਵੈਤ ਭਾਵਨਾ ।੧। ਰਹਾਉ ।

ਮੁਨਿ-ਮੁਨੀ, ਰਿਸ਼ੀ । ਬਿਨੁ ਦੁਆਰੇ-ਬਿਨਾ (ਕਰਮ) ਇੰਦ੍ਰੀਆਂ ਦੇ। ਤ੍ਰੈ ਲੋਕ ਸਮਾਇ-(ਉਸ ਵਿਚ) ਤ੍ਰੈ ਲੋਕੀ ਨੂੰ ਸਮਾਅ ਦੇਵੇ, ਭਾਵ ਜਗਤ ਦੀ ਆਸਾ ਤ੍ਰਿਸ਼ਨਾ ਮੁਕਾ ਦੇਵੇ । ਅਨਭੈ ਰਹੈ-ਗਿਆਨ ਵਿਚ ਰਹਿੰਦਾ ਹੈ । ਫੂਲੀ-ਫੂਲਦੀ ਹੈ । ਬਨ ਰਾਇ-ਬਨਸਪਤੀ । ਫੂਲੁ ਬਿਲਾਇ-ਫੂਲ ਚਲਾ ਜਾਂਦਾ ਭਾਵ ਮੁਰਝਾਅ ਜਾਂਦਾ ਹੈ ।੨।

ਗਿਆਨੈ ਕਾਰਨ-ਗਿਆਨ ਦੀ ਪ੍ਰਾਪਤੀ ਲਈ । ਕਰਮ ਅਭਿਆਸ-ਕਰਮਾਂ ਦਾ ਅਭਿਆਸ

ਕਰੀਦਾ ਹੈ। ਕਰਮਹ ਨਾਸੁ-ਕਰਮਾਂ ਦਾ ਨਾਸ਼, ਕੰਮ ਕਰਨ ਦੇ ਮੋਹ ਦਾ ਨਾਸ਼ ।੩।

ਘ੍ਰਿਤ ਕਾਰਨ-ਘਿਉ ਦੀ ਖ਼ਾਤਰ । ਦਧਿ ਮਥੈ-ਦਹੀ ਰਿੜਕਦੀ ਹੈ । ਸਇਆਨ-ਇਸਤ੍ਰੀ । ਨਿਰਬਾਨ-ਵਾਸ਼ਨਾ ਰਹਿਤ । ਕੀ ਨ ਜਪਸਿ-ਕਿਉਂ ਨਹੀਂ ਜਪਦਾ ? । ਅਭਾਗ-ਹੇ ਅਭਾਗੇ ! ।੪।

ਅਰਥ : (ਉਸ ਅਦ੍ਰਿਸ਼ਟ ਪ੍ਰਭੂ ਨੂੰ) ਵੇਖੇ ਬਿਨਾ ਮਨੁੱਖੀ ਹਿਰਦੇ ਵਿਚ ਮਿਲਣ ਦੀ) ਤਾਂਘ ਪੈਦਾ ਨਹੀਂ ਹੁੰਦੀ। (ਫਿਰ) ਜੋ ਦਿਸ ਰਿਹਾ ਹੈ (ਇਹ) ਸਭ ਕੁਝ ਨਾਸ਼ ਹੋਣ ਵਾਲਾ ਹੈ । (ਇਸ ਵਿਚੋਂ ਉਸ ਪ੍ਰਭੂ ਦੇ ਦਰਸ਼ਨ ਕਿਵੇਂ ਹੋਣ?) । ਜੋ (ਜੋਗੀ ਪ੍ਰਭੂ ਦੇ ਗੁਣ) ਸ਼ਬਦ ਸਿਧਾਂਤ ਸਹਿਤ ਕਰਦਾ ਹੋਇਆ (ਸੰਸਾਰ ਤੋਂ ਨਿਰਲੇਪ ਰਹਿੰਦਾ ਹੈ, ਕੇਵਲ, ਉਹ ਜੋਗੀ ਹੀ ਕਾਮਨਾ ਰਹਿਤ ਨਾਮ) ਜਪਦਾ ਹੈ ।੧।

(ਹੇ ਭਾਈ !) ਜਦੋਂ ਕੋਈ (ਮਨੁੱਖ) ਪਰਮਾਤਮਾ ਨੂੰ ਸਿਮਰਦਾ ਹੈ (ਉਸ ਦਾ ਮਨ ਪ੍ਰਭੂ ਵਿਚ) ਪਰਚ ਜਾਂਦਾ ਹੈ । (ਗੁਰੂ) ਪਾਰਸ ਨੂੰ ਪਰਸ ਕੇ (ਮਿਲ ਕੇ ਉਸ ਦੇ ਮਨ ਵਿਚ ਕਿਸੇ ਪ੍ਰਕਾਰ ਦੀ) ਦੁਬਿਧਾ ਨਹੀਂ ਹੁੰਦੀ ।੧। ਰਹਾਉ ।

(ਹੇ ਭਾਈ !) ਉਹ (ਮਨੁੱਖ, ਅਸਲੀ) ਮੁਨੀ ਹੈ (ਜਿਹੜਾ ਆਪਣੇ) ਮਨ ਦੀ ਦੁਚਿਤੀ ਨੂੰ ਮਿਟਾ ਦਿੰਦਾ ਹੈ। ਉਹ (ਪ੍ਰਭੂ ਜੋ) ਤਿੰਨਾਂ ਲੋਕਾਂ ਵਿਚ ਵਿਆਪਕ ਹੋਇਆ ਹੈ, ਜੋ ਬਿਨਾ ਦੁਆਰੇ (ਭਾਵ ਕਰਮ) ਇੰਦ੍ਰੀਆਂ ਤੋਂ ਰਹਿਤ) ਹੈ, (ਉਸ ਵਿਚ) ਲੀਨ ਹੋ ਜਾਂਦਾ ਹੈ । (ਹਰੇਕ ਮਨੁੱਖ) ਆਪੋ ਆਪਣੇ ਮਨ ਦੇ ਸੁਭਾਉ ਅਨੁਸਾਰ (ਕਰਮ) ਕਰਦਾ ਹੈ । (ਪਰ ਜੋ ਜੀਵ ਅਸਲ ਨਾਮ ਸਿਮਰਨ) ਕਰਨ ਵਾਲਾ ਹੈ, ਉਹ (ਰਬੀ) ਗਿਆਨ ਵਿਚ ਰਹਿੰਦਾ ਹੈ (ਉਹ ਮਨ ਦੇ ਮਗਰ ਨਹੀਂ ਦੌੜਦਾ) ।੨।

ਬਨਸਪਤੀ ਫੂਲ ਪੈਦਾ ਕਰਨ ਲਈ ਖਿੜਦੀ ਹੈ, ਜਦ ਫਲ ਲੱਗ ਜਾਵੇ ਤਾਂ ਫੂਲ ਦੂਰ ਹੋ ਜਾਂਦਾ ਹੈ (ਇਸ ਤਰ੍ਹਾਂ) ਗਿਆਨ ਦੀ (ਪ੍ਰਾਪਤੀ) ਲਈ ਕਰਮਾਂ ਦਾ ਅਭਿਆਸ (ਕਰੀਦਾ ਹੈ, ਪਰ ਜਦੋਂ) ਗਿਆਨ ਪ੍ਰਾਪਤ ਹੋ ਜਾਂਦਾ ਹੈ ਤਾਂ (ਉਨ੍ਹਾਂ) ਕਰਮਾਂ ਦਾ ਨਾਸ਼ ਹੋ ਜਾਂਦਾ ਹੈ (ਭਾਵ ਅਭਿਆਸ ਕਰਨ ਦੀ ਲੋੜ ਨਹੀਂ ਰਹਿੰਦੀ) ।੩।

(ਜਿਵੇਂ) ਸਿਆਣੀ ਇਸਤ੍ਰੀ ਘਿਉ ਲਈ ਦਹੀਂ ਰਿੜਕਦੀ ਹੈ (ਤਿਵੇਂ ਜਗਿਆਸੂ ਆਤਮਿਕ ਗਿਆਨ ਲਈ ਅਭਿਆਸ) ਪ੍ਰਾਪਤ ਕਰਨ ਮਗਰੋਂ (ਉਹ) ਸਦਾ ਲਈ ਵਾਸ਼ਨਾ ਤੋਂ ਰਹਿਤ ਹੋ ਜਾਂਦਾ ਹੈ (ਮਾਨੋ) ਜੀਊਂਦਿਆਂ ਹੀ ਮੁਕਤ ਹੋ ਜਾਂਦਾ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਹੇ ਭਾਗਹੀਣ (ਜੀਵ) ਤੂੰ ਪਰਮ ਬੈਰਾਗ ਦੀ (ਪ੍ਰਾਪਤੀ ਲਈ ਆਪਣੇ ਹਿਰਦੇ ਵਿਚ ਹੀ ਉਸ) ਪਰਮਾਤਮਾ ਨੂੰ ਕਿਉਂ ਨਹੀਂ ਸਿਮਰਦਾ?।੪।੧।

## ਅਰਥ ਭੇਦ ਅਤੇ ਨਿਰਣੈ

**ੳ) ਬਰਨ ਸਹਿਤ ਜੋ ਜਾਪੈ ਨਾਮੁ ॥ ਸੋ ਜੋਗੀ ਕੇਵਲ ਨਿਹਕਾਮੁ ॥**

ਵਖ ਵਖ ਅਰਥ :

੧. ਚਾਹੇ ਕਿਸੀ ਬਰਨ ਸਹਤ ਹੋਵੇ ਵਾ ਬ੍ਰਣ ਆਸ੍ਰਮ ਕੇ ਧਰਮ ਸਹਤ ਵਾ ਸਿਆਮਾਦਿ ਰੰਗ ਸਹਤ

ਬਿਸਨੁ ਕਾ ਧਯਾਨ ਕਰਤਾ ਅਰ ਪ੍ਰੇਮ ਸਹਿਤ ਨਾਮ ਕੋ ਜਪਦਾ ਹੈ ਸੋ (ਕੇਵਲ) ਸੁਧ ਅਰ ਕਾਮਨਾ ਰਹਿਤ ਹੈ ਸੋ ਜੋਗੀ ਸ੍ਰੇਸ਼ਟ ਹੈ ।੧। [ਫ. ਸ.

੨. ਪਰੰਤੂ ਪ੍ਰਾਪਤ ਉਸ ਕੋ ਹੋਵੈ ਹੈ ਜੋ ਪੁਰਖ ਬਰਨ ਸਹਿਤ ਅਖਰੋਂ ਕੇ ਸਪਸ਼ਟ ਉਚਾਰਨ ਸਾਥ (ਤਿਸ ਕੇ ਨਾਮ ਕੋ ਜਪੇ ਭਾਵ ਕਲ ਮੈਂ ਕੀਰਤਨ ਭਗਤੀ ਕੋ ਕਰੇ) । ਸੋ ਭਗਤ ਜੋਗੀ ਕੇਵਲ, ਏਕ ਪਰਮਾਤਮਾ ਵਸਤ ਕੋ ਪਾਯ ਕੇ ਨਿਹਕਾਮ, ਸਰਬ ਇਛਾ ਸੇ ਰਹਿਤ ਹੋਵੇ ਹੈ । [ਨਰੋਤਮ

੩. ਵਰਣਨ, ਸਿਫਤ [ਸ਼ਬਦਾਰਥ

੪. ਜੋ ਮਨੁੱਖ ਪ੍ਰਭੂ ਦੇ ਗੁਣ ਗਾਂਦਾ ਹੈ ਤੇ ਪ੍ਰਭੂ ਦਾ ਨਾਮ ਜਪਦਾ ਹੈ, ਸਿਰਫ ਓਹੀ ਅਸਲ ਜੋਗੀ ਹੈ ਤੇ ਉਹ ਕਾਮਨਾ ਰਹਿਤ ਹੋ ਜਾਂਦਾ ਹੈ ।੧। [ਦਰਪਣ

੫. ਆਪੋ ਆਪਣੇ ਆਸ਼ਰਮ ਧਰਮ ਦੇ ਸਹਿਤ ਹੋ ਕੇ ਜੋ ਆਦਮੀ ਨਾਮ ਜਪਦਾ ਵਾ ਬਰਨ-ਅਖਰਾਂ ਦੇ ਸਹਿਤ ਜੋ ਨਾਮ ਜਪਦਾ ਹੈ, ਉਹ ਜੋਗੀ-ਜੀਵ ਕੇਵਲ ਸ਼ੁੱਧ ਤੇ ਨਿਹਕਾਮੁ-ਨਿਸ਼ਕਾਮ ਹੁੰਦਾ ਹੈ ।੧। [ਸਿੰ. ਸ.

**ਨਿਰਣੈ :** ਇਥੇ ਬਰਨ ਕਿਸੇ ਖਾਸ ਜਾਤਿ ਜਾਂ ਰੰਗ ਆਦਿ ਦਾ ਭਾਵ ਨਹੀਂ ਜਿਨ੍ਹਾਂ ਦੀ ਝਲਕ ਉਪ੍ਰੋਕਤ ਅਰਥਾਂ ਤੋਂ ਮਿਲਦੀ ਹੈ । ਮਹਾਨ ਕੋਸ਼ ਵਿਚ ਬਰਨ ਦੇ ਅਰਥ ਸ਼ਬਦ ਦਾ ਸਿਧਾਂਤ ਵੀ ਹਨ ਜੋ ਇਥੇ ਠੀਕ ਢੁਕਦੇ ਹਨ ਸੋ ਅਰਥ ਬਣੇ ਕਿ ਜਿਹੜਾ ਜੋਗੀ ਸ਼ਬਦ ਦੇ ਸਿਧਾਂਤ ਸਹਿਤ ਨਾਮ ਜਪਦਾ ਹੈ ਉਹ ਜੋਗੀ ਹੀ ਕੇਵਲ ਕਾਮਨਾ ਤੋਂ ਰਹਿਤ ਹੈ, ਭਾਵ ਉਸ ਨੇ ਨਿਰਬਾਣ ਪਦ ਪਾ ਲਿਆ ਹੈ । 'ਦਰਪਣ' ਦੇ ਕਰਤਾ ਤੋਂ 'ਵਰਨ ਸਹਿਤ' ਦੇ ਅਰਥ ਕਰਨੇ ਹੀ ਰਹਿ ਗਏ ਹਨ । ਵੈਸੇ ਬਰਨ ਸਹਿਤ ਦੇ ਅਰਥ ਸ਼ੁੱਧ ਉਚਾਰਨ ਸਹਿਤ ਵੀ ਠੀਕ ਹਨ ।

**ਅ) ਸੋ ਮੁਨਿ ਮਨ ਕੀ ਦੁਬਿਧਾ ਖਾਇ ॥ ਬਿਨੁ ਦੁਆਰੇ ਤ੍ਰੈ ਲੋਕ ਸਮਾਇ ॥**

ਪਹਿਲੀ ਪੰਕਤੀ ਦੇ ਅਰਥ ਸਪਸ਼ਟ ਹਨ, ਦੂਜੀ ਪੰਕਤੀ ਦੇ ਵਖ ਵਖ ਅਰਥ ਇਸ ਤਰ੍ਹਾਂ ਕੀਤੇ ਗਏ ਹਨ-

੧. ਔਰ ਦਵਾਰਯੋਂ ਰਹਤ ਨਿਰਗੁਣ ਕੋ ਤੀਨ ਲੋਕ ਮੈਂ ਸਮਾਯਾ ਹੂਆ ਜਾਨਤਾ ਹੈ । [ਫ. ਸ.

੨. ਬਿਨੁ ਦੁਆਰੇ, ਛਿਦ੍ਰ ਰਹਿਤ ਜੋ ਆਪ ਪਰਮਾਤਮਾ ਸਰੂਪ ਹੈ, ਤਿਸ ਮੇ ਅਪਵਾਦ ਦ੍ਰਿਸ਼ਟੀ ਕਰ ਤ੍ਰੈ ਲੋਕ ਸਮਾਇ, ਤੀਨੋ ਲੋਕੋ ਕੋ ਲਯ ਕਰੇ, ਭਾਵ ਪ੍ਰਪੰਚ ਕਾ ਬ੍ਰਹਮ ਮੇ ਲਯ ਕਰੇ । [ਨਰੋਤਮ

੩. ਬਿਨੁ ਦੁਆਰੇ (ਬਿਨਾਂ ਕਰਮ ਇੰਦ੍ਰਿਆਂ ਦੇ) ਜੋ ਆਪਣਾ ਆਤਮਾ ਹੈ ਉਸ ਵਿਚ ਤ੍ਰੈ ਲੋਕੀ ਨੂੰ ਸਮਾ ਦੇਵੇ ਭਾਵ ਜਗਤ ਦੀ ਆਸਾ ਤ੍ਰਿਸ਼ਨਾ ਮੁਕਾ ਦੇਵੇ । [ਸ਼ਬਦਾਰਥ

੪. ਤੇ ਉਸ ਪ੍ਰਭੂ ਵਿਚ ਸਮਾਇਆ ਰਹਿੰਦਾ ਹੈ ਜਿਸ ਦਾ ਕੋਈ ਖਾਸ ਸਰੀਰ ਨਹੀ ਹੈ । [ਦਰਪਣ

੫. ਗੋਲਕਾਂ ਤੋਂ ਬਿਨਾਂ ਜੋ ਪਰਮਾਤਮਾ ਹੈ ਉਸ ਨੂੰ ਤਿੰਨ ਲੋਕਾਂ ਵਿਚ ਸਮਾਇਆ ਨਿਸਚੇ ਕਰੇ। [ਸਿੰ. ਸ.

**ਨਿਰਣੈ :** ਇਸ ਪੰਕਤੀ ਵਿਚ 'ਮੁਨੀ' ਦੀ ਅਵਸਥਾ ਦਾ ਵਰਣਨ ਹੈ । ਮਨ ਦੀ ਦੁਬਿਧਾ (ਦਵੈਤ) ਨੂੰ ਹਰ ਕੋਈ ਨਹੀਂ ਖਾ ਸਕਦਾ ਕੇਵਲ ਉਹ ਮੁਨੀ ਹੀ ਮਨ ਦੀ ਦੁਬਿਧਾ ਨੂੰ ਖਾਂਦਾ ਹੈ ਭਾਵ

ਮੁਕਾਂਦਾ ਹੈ (ਜਿਹੜਾ ਸਰੀਰ ਦੇ ਦਸ) ਦੁਆਰਿਆਂ ਤੋਂ ਰਹਿਤ ਤਿੰਨਾਂ ਲੋਕਾਂ ਵਿਚ ਸਮਾਅ ਰਹੇ (ਪਰਮੇਸ਼ਰ ਵਿਚ ਲੀਨ ਹੋ ਜਾਂਦਾ ਹੈ)।

**ੲ) ਗਿਆਨੈ ਕਾਰਨ ਕਰਮ ਅਭਿਆਸੁ॥ ਗਿਆਨੁ ਭਇਆ ਤਹ ਕਰਮਹ ਨਾਸੁ॥**

ਵਖ ਵਖ ਅਰਥ :

੧. ਗਿਆਨ ਪ੍ਰਾਪਤੀ ਹੇਤ ਕਰਮੋਂ ਕਾ ਭਯਾਸ ਕਰੀਤਾ ਹੈ ਜਿਸ ਸਮੇਂ ਗਯਾਨ ਹੂਆ, ਤਹਾਂ ਤਿਸੀ ਕਾਲ ਕਰਮੋਂ ਕਾ ਨਾਸ ਹੂਆ ਹੈ। [ਫ. ਸ.

੨. ਇਸੇ ਤਰ੍ਹਾਂ ਗਿਆਨ ਤਕ ਅਪੜਨ ਲਈ ਕਰਮ-ਕਾਂਡ ਦਾ ਅਭਿਆਸ ਕਰੀਦਾ ਹੈ, ਜਦ ਗਿਆਨ ਪ੍ਰਾਪਤ ਹੋ ਜਾਵੇ ਤਾਂ ਬਾਹਰ ਦੇ ਕਰਮ ਕਾਂਡ ਦੀ ਲੋੜ ਨਹੀ ਰਹਿੰਦੀ। [ਸ਼ਬਦਾਰਥ

੩. ਇਸੇ ਤਰ੍ਹਾਂ ਦੁਨੀਆਂ ਦੀ ਰੋਜ਼ਾਨਾ ਕਿਰਤ-ਕਾਰ ਗਿਆਨ ਦੀ ਖਾਤਰ ਹੈ (ਪ੍ਰਭੂ ਵਿਚ ਪਰਚਣ ਲਈ ਹੈ, ਉਹ ਜੀਵਨ ਦੀ ਸੂਝ ਲਈ ਹੈ), ਜਦੋਂ ਉਹ ਜੀਵਨ ਦੀ ਸੂਝ ਪੈਦਾ ਹੋ ਜਾਂਦੀ ਹੈ ਤਾਂ ਉਸ ਅਵਸਥਾ ਵਿਚ ਅਪੜ ਕੇ ਕਿਰਤ-ਕਾਰ ਦਾ (ਮਾਇਕ ਉੱਦਮਾਂ ਦਾ) ਮੋਹ ਮਿਟ ਜਾਂਦਾ ਹੈ।
ਨੋਟ - ਪਾਠਕ ਇਸ 'ਰਹਾਉ' ਦੀ ਤੁਕ ਦਾ ਧਿਆਨ ਰੱਖਣ। ਸਾਰੇ ਸ਼ਬਦਾਂ ਵਿਚ ਉਸ ਜੀਵਨ ਦਾ ਵਿਸਥਾਰ ਹੈ ਜੋ ਨਾਮ ਸਿਮਰਿਆਂ ਬਣਾ ਹੈ, ਇਸ ਕੇਂਦਰੀ ਖ਼ਿਆਲ ਦੇ ਦੁਆਲੇ ਹੀ ਸਾਰੇ ਸ਼ਬਦ ਨੇ ਰਹਿਣਾ ਹੈ। ਕਿਸੇ ਕਰਮ-ਕਾਂਡ ਦਾ ਕੋਈ ਜ਼ਿਕਰ ਰਵਿਦਾਸ ਜੀ ਨੇ ਨਹੀਂ ਛੇੜਿਆ। ਇਸ ਬੰਦ ਨੰ: ੩ ਵਿਚ ਭੀ ਇਹ ਬੜੀ ਅਚੁਕਵੀਂ ਚਾਲ ਹੋਵੇਗੀ ਜੇ ਲਫ਼ਜ਼ 'ਕਰਮ' ਦਾ ਅਰਥ 'ਕਰਮ-ਕਾਂਡ' ਕੀਤਾ ਜਾਵੇ। [ਦਰਪਣ

**ਨਿਰਣੈ :** ਬ੍ਰਹਮ ਗਿਆਨ ਦੀ ਪ੍ਰਾਪਤ ਲਈ ਕਰਮਾਂ ਦਾ ਅਭਿਆਸ ਅਰਥਾਤ ਸਾਧਨਾ ਕੀਤੀ ਜਾਂਦੀ ਹੈ ਕਿਉਂਕਿ ਅਭਿਆਸ ਨਾਲ ਜਿਉਂ ਜਿਉਂ ਸੁਰਤ ਉਚੀ ਹੁੰਦੀ ਹੈ, ਤਿਉਂ ਤਿਉਂ ਸਰੂਪ ਦੀ ਸੋਝੀ ਹੁੰਦੀ ਜਾਂਦੀ ਹੈ। ਗੁਰਵਾਕ ਹਨ :–

**ਜੈਸਾ ਕਰਮੁ ਤੈਸੀ ਲਿਵ ਲਾਵੈ ॥**
**ਸਤਿਗੁਰੁ ਪੂਛਿ ਸਹਜ ਘਰੁ ਪਾਵੈ॥** [ਪੰਨਾ ੧੩੪੨

ਉਪ੍ਰੋਕਤ ਪਰਮਾਣਾਂ ਤੋਂ ਸਹੀ ਕਰਮ ਦੀ ਸੇਧ ਮਿਲਦੀ ਹੈ ਅਰਥਾਤ ਧਰਮ-ਕਰਮਾਂ ਨਾਲ ਸਹਜ ਅਥਵਾ ਗਿਆਨ ਦੀ ਪ੍ਰਾਪਤੀ ਹੁੰਦੀ ਹੈ (ਕੇਵਲ ਕਰਮ ਭਰਮ ਸੇ ਚੀਨਹੁ, ਧਰਮ ਕਰਮ ਅਨੁਰਾਗਹੁ) ਧਰਮ-ਕਰਮ ਤੋਂ ਇਲਾਵਾ ਜਿਤਨੇ ਵੀ ਕਰਮ ਹਨ, ਉਹ ਸਾਰੇ ਕਰਮ-ਕਾਂਡ ਹਨ।

ਜਦੋਂ ਅਪ੍ਰੋਕਸ਼ ਗਿਆਨ ਪ੍ਰਾਪਤ ਹੋ ਜਾਂਦਾ ਹੈ ਤਾਂ ਕਰਮ ਕਰਦਿਆਂ ਵੀ ਉਸਦਾ ਕੋਈ ਵਿਸ਼ੇਸ਼ ਮਹੱਤਵ ਨਹੀਂ ਹੁੰਦਾ ਜਦ ਕਿ ਪ੍ਰਾਪਤ ਗਿਆਨ ਕਿਸੇ ਵੀ ਕਿਰਤ-(ਕਾਰ) ਕਰਮ ਦਾ ਅੰਗ ਹੋ ਸਕਦਾ ਹੈ, ਜਿਸਦਾ ਜੀਵਨ ਦੀ ਚਾਲ ਵਿਚ ਆਪਣਾ ਅਸਥਾਨ ਹੈ ਪਰ ਉਸ ਕਿਰਤ-ਕਰਮ ਨੂੰ ਗਿਆਨ ਦੀ ਪ੍ਰਾਪਤੀ ਦਾ ਅਧਾਰ ਨਹੀਂ ਮੰਨਿਆ ਜਾ ਸਕਦਾ।

## ਸਾਰੰਸ਼ ਅਤੇ ਸਿਧਾਂਤ

ਸ਼ਬਦਾਰਥੀ ਵਿਦਵਾਨਾਂ ਨੇ ਇਸ ਸ਼ਬਦ ਦੀ ਜੋ ਸੰਖੇਪ ਜਿਹੀ ਵਿਆਖਿਆ ਕੀਤੀ ਹੈ, ਓਹੀ ਪਾਠਕਾਂ ਦੀ ਗਿਆਤ ਲਈ ਦਿਤੀ ਜਾਂਦੀ ਹੈ -

ਜਦ ਤਕ ਕਿਸੇ ਹਸਤੀ ਨੂੰ ਦੇਖੀਏ ਨਾ, ਤਦ ਤੋੜੀ ਉਸ ਦੇ ਨਾਲ ਪਿਆਰ ਨਹੀਂ ਪੈ ਸਕਦਾ। ਹੁਣ ਹਰੀ ਦਿਸਦਾ ਨਹੀਂ ਉਸ ਨੂੰ ਕਿਵੇਂ ਧਿਆਈਏ ? ਦ੍ਰਿਸ਼ਟਮਾਨ ਦੇ ਰੂਪ ਵਿਚ ਉਸ ਨੂੰ ਧਿਆ ਨਹੀਂ ਸਕਦੇ, ਕਿਉਂਕਿ ਇਹ ਸਭ ਕੁਝ ਨਾਸ਼ ਹੋ ਜਾਣ ਵਾਲਾ ਹੈ। ਇਕ ਸਿਫਤ-ਸਲਾਹ ਹੀ ਹੈ, ਜਿਸ ਦੁਆਰਾ ਹਰੀ ਦੀ ਅਰਾਧਨਾ ਹੋ ਸਕਦੀ ਹੈ। ਇਹ ਅਰਾਧਨਾ ਚੂਕਿ ਨਿਰਾਕਾਰ ਹਰੀ ਦੀ ਹੈ, ਇਸ ਲਈ ਇਸ ਦੇ ਕਰਨ ਵਾਲੇ ਨੂੰ ਭੀ ਚਾਹੀਦਾ ਹੈ ਕਿ ਪੰਚ-ਭੂਤਕ ਹਾਲਤਾਂ ਤੋਂ ਉਤੇ ਹੋ ਕੇ ਬਲਕਿ ਮਨ ਦੇ ਸੁਭਾਉ ਤੋਂ ਭੀ ਉਤੇ ਹੋ ਕੇ, ਨਿਰੋਲ ਅਨੁਭਵੀ ਆਤਮਿਕ ਗਿਆਨ ਦੁਆਰਾ ਕਰੇ। ਇਹ ਗਿਆਨ ਪ੍ਰਾਪਤ ਕਰਨ ਲਈ ਭਾਵੇਂ ਸ਼ੁਰੂ ਵਿਚ ਕਰਮ-ਅਭਿਆਸ ਕਰਨਾ ਪੈਂਦਾ ਹੈ, ਪਰ ਗਿਆਨ ਪਦ ਤੇ ਪੁਜ ਕੇ ਹਿਰਦੇ ਦੀ ਲਿਵ ਹੀ ਕਾਫੀ ਹੁੰਦੀ ਹੈ।

**ਨਾਮਦੇਵ ॥ ਆਉ ਕਲੰਦਰ ਕੇਸਵਾ ॥ ਕਰਿ ਅਬਦਾਲੀ ਭੇਸਵਾ ॥ ਰਹਾਉ ॥ ਜਿਨਿ ਆਕਾਸ ਕੁਲਹ ਸਿਰਿ ਕੀਨੀ, ਕਉਸੈ ਸਪਤ ਪਯਾਲਾ ॥ ਚਮਰ ਪੋਸ ਕਾ ਮੰਦਰੁ ਤੇਰਾ, ਇਹ ਬਿਧਿ ਬਨੇ ਗੁਪਾਲਾ ॥੧॥ ਛਪਨ ਕੋਟਿ ਕਾ ਪੇਹਨੁ ਤੇਰਾ, ਸੋਲਹ ਸਹਸ ਇਜਾਰਾ ॥ ਭਾਰ ਅਠਾਰਹ ਮੁਦਗਰੁ ਤੇਰਾ, ਸਹਨਕ ਸਭ ਸੰਸਾਰਾ ॥੨॥ ਦੇਹੀ ਮਹਜਿਦਿ ਮਨੁ ਮਉਲਾਨਾ, ਸਹਜ ਨਿਵਾਜ ਗੁਜਾਰੈ ॥ ਬੀਬੀ ਕਉਲਾ ਸਉ ਕਾਇਨੁ ਤੇਰਾ, ਨਿਰੰਕਾਰ ਆਕਾਰੈ ॥ ੩ ॥ ਭਗਤਿ ਕਰਤ ਮੇਰੇ ਤਾਲ ਛਿਨਾਏ, ਕਿਹ ਪਹਿ ਕਰਉ ਪੁਕਾਰਾ ॥ ਨਾਮੇ ਕਾ ਸੁਆਮੀ ਅੰਤਰਜਾਮੀ, ਫਿਰੇ ਸਗਲ ਬੇਦੇਸਵਾ ॥੪॥੧॥**

## ਉਚਾਰਨ ਸੇਧ

**ਬਿੰਦੀ ਸਹਿਤ :** ਅਠਾਰਹਂ, ਸਉਂ ਕਰਉਂ।

**ਪਦ ਅਰਥ :** ਕਲੰਦਰ-ਹੇ ਕਲੰਦਰੀ ਵੇਸ ਵਾਲੇ !। ਕੇਸਵਾ-ਹੇ ਕੇਸਵ, ਹੇ ਸੋਹਣੇ ਕੇਸਾਂ ਵਾਲੇ !। ਕਰਿ- ਕਰ ਕੇ। ਅਬਦਾਲੀ ਭੇਸਵਾ-ਫਕੀਰਾਂ, ਦਰਵੇਸ਼ਾਂ ਵਾਲਾ ਵੇਸ। ਰਹਾਉ। ਜਿਨਿ-ਜਿਸ (ਕੇਸ਼ਵ) ਨੇ। ਕੁਲਹ-ਕੁਲ੍ਹਾ, ਟੋਪੀ। ਸਿਰਿ-ਸਿਰ ਉਤੇ। ਕਉਸੈ-ਖੜਾਵਾਂ। ਸਪਤ ਪਯਾਲਾ-ਸਤ ਪਾਤਾਲ। ਚਮਰਪੋਸ-ਚੰਮ ਦੀ ਪੁਸ਼ਾਕ ਦਾ ਚੋਗਾ, ਘਘਰਾ।੧।

ਛਪਨ ਕੋਟਿ ਕਾ-ਛਿਵੰਜਾ ਕਰੋੜ (ਮੇਘ ਮਾਲਾ ਦਾ) ਪੇਹਨੁ-ਘਘਰਾ, ਚੋਗਾ। ਸੋਲਹ ਸਹਸ-ਸੋਲ੍ਹਾਂ ਹਜਾਰ (ਆਲਮ)। ਇਜਾਰਾ-ਪਜਾਮਾ। ਭਾਰ ਅਠਾਰਹ-ਅਠਾਰਾਂ ਭਾਰ ਬਨਸਪਤੀ, ਭਾਵ ਸਾਰਾ ਸੰਸਾਰ। ਮੁਦਗਰੁ-ਸਲੋਤਰ, ਮੋਹਲਾ, ਜਿਸ ਨਾਲ ਭੰਗ ਘੋਟੀ ਜਾਂਦੀ ਹੈ।੨।

ਦੇਹੀ-ਸਰੀਰ। ਮਹਜਿਦਿ-ਮਸਜਿਦ, ਮਸੀਤ। ਮਉਲਾਨਾ-ਮੌਲਾਣਾ, ਮੌਲਵੀ। ਬੀਬੀ ਕਉਲਾ-

ਮਾਇਆ । ਸਉ-ਸਿਉਂ । ਕਾਇਨੁ-ਨਕਾਹ, ਵਿਆਹ ।੩। ਤਾਲ ਛਿਨਾਏ-ਛੈਣੇ ਖੁਹਾਏ । ਕਿਹ ਪਹਿ-ਕਿਸ ਪਾਸ । ਕਰਉ ਪੁਕਾਰਾ-ਮੈਂ ਪੁਕਾਰ ਕਰਾਂ । ਸੁਆਮੀ-ਮਾਲ

ਕ । ਅੰਤਰਜਾਮੀ-ਅੰਦਰ ਦੀਆਂ ਜਾਣਨ ਵਾਲਾ । ਫਿਰੇ ਸਗਲ-ਸਭ ਪਾਸੇ ਫਿਰਦਾ ਹੈ, ਵਿਆਪਕ ਹੈ । ਬੇਦੇਸਵਾ -ਬਿਨਾ ਦੇਸ਼ ਦੇ, ਲਾ-ਮਕਾਨ ।੪।

**ਅਰਥ** : ਹੇ ਕਲੰਦਰ ਦੇ ਰੂਪ ਵਿਚ ਕੇਸ਼ਵ ! ਹੁਣ ਅਬਦਾਲੀ ਫ਼ਕੀਰ ਵਾਲਾ ਭੇਸ ਕਰਕੇ ਆਏ ਹੋ, ਆਓ (ਜੀ ਆਇਆ ਨੂੰ) ।੧। ਰਹਾਉ ।

ਜਿਸ (ਪ੍ਰਭੂ ਨੇ) ਅਕਾਸ਼ ਦੀ ਸਿਰ ਉਤ (ਆਪਣੀ) ਟੋਪੀ ਕੀਤੀ (ਭਾਵ ਪਾਈ) ਹੋਈ ਹੈ, ਸਤ ਪਤਾਲ ਜਿਸ ਦੀ ਜੁਤੀ ਹਨ, ਚਰਮ-ਪੋਸ਼ ਦਾ ਸਰੀਰ (ਮਾਨੋ) ਤੇਰਾ ਮੰਦਰ ਹੈ, ਹੇ ਗੁਪਾਲ! ਇਸ ਤਰ੍ਹਾਂ ਦੇ ਤੁਸੀਂ (ਬੜੇ ਸੁੰਦਰ ਰੂਪ ਵਿਚ) ਫਬ ਰਹੇ ਹੋ?।੧।

ਛਿਵੰਜਾ ਕ੍ਰੋੜ ਬਦਲ (ਮਾਨੋ) ਤੇਰਾ ਚੋਲਾ (ਘਘਰਾ) ਹਨ, ਸੋਲ੍ਹਾਂ ਹਜ਼ਾਰ (ਗੋਪੀਆਂ ਤੇਰਾ) ਪਜਾਮਾ ਹਨ । ਅਠਾਰਾ ਹਜ਼ਾਰ ਭਾਰ ਬਨਸਪਤੀ ਤੇਰੀ ਮੋਹਲਾ ਹੈ (ਜਿਸ ਨਾਲ ਭੰਗ ਘੋਟੀ ਜਾਂਦੀ ਹੈ), ਸੰਸਾਰ (ਤੇਰੀ) ਥਾਲੀ ਹੈ ।੨।

ਸਰੀਰ ਰੂਪ ਮਸੀਤ ਵਿਚ ਮਨ ਮੁੱਲਾਂ ਹੈ ਤੇ ਸਹਜ (ਅਵਸਥਾ ਵਿਚ ਉਹ ਨਮਾਜ਼ ਅਦਾਅ ਕਰਦਾ ਹੈ)। ਬੀਬੀ ਕਉਲਾ (ਮਾਇਆ) ਨਾਲ ਤੇਰਾ ਨਿਕਾਹ ਹੈ ਜੋ ਨਿਰੰਕਾਰ ਨੂੰ ਅਕਾਰ ਵਿਚ ਬਣਾ ਕੇ ਦਸਦੀ ਹੈ ।

(ਹੇ ਪ੍ਰਭੂ!) ਭਗਤੀ ਕਰਦਿਆਂ (ਪੰਡਤਾਂ ਨੇ) ਮੇਰੇ ਛੈਣੇ ਖੋਹ ਲਏ ਹਨ, ਹੁਣ ਮੈਂ ਕਿਸ ਅਗੇ ਫਰਿਆਦ ਕਰਾਂ ? ਨਾਮਦੇਵ ਦਾ ਸੁਆਮੀ ਆਪ ਜਾਣੀ ਜਾਣ ਹੈ, ਉਹ ਬਿਨਾ ਦਸੇ ਸਭ ਦੇਸ਼ਾਂ ਵਿਚ ਪਰੀਪੂਰਨ ਹੈ ।੪।੧।

## ਅਰਥ ਭੇਦ ਅਤੇ ਨਿਰਣੈ

**ਨਾਮੇ ਕਾ ਸੁਆਮੀ ਅੰਤਰਜਾਮੀ, ਫਿਰੇ ਸਗਲ ਬੇ-ਦੇਸਵਾ ॥**

ਇਸ ਪੰਕਤੀ ਦੇ ਪਿਛਲੇ ਭਾਗ ਵਿਚ 'ਬੇਦੇਸਵਾ' ਦੇ ਵਖ ਵੱਖ ਅਰਥ ਇਉਂ ਕੀਤੇ ਹੋਏ ਮਿਲਦੇ ਹਨ:-

੧. ਸਰਬ ਦੇਸੋਂ ਔਰ ਬਦੇਸੋਂ ਮੈਂ ਹਮ ਫਿਰੇ ਹੈਂ ਪਰ ਤੇਰੇ ਬਿਨਾ ਦੂਜਾ ਕੋਈ ਨਹੀਂ ਦੇਖਾ । [ਫ. ਸ.

੨. ਤੂੰ ਹੀ ਸਰਬ ਦੇਸੋਂ ਮੇ ਦੇਸੀ ਔ ਬਿਦੇਸੀ ਰੂਪ ਧਾਰ ਕੇ ਫਿਰੇ ਹੈਂ, ਤੇਰੇ ਬਿਨਾ ਕੋਈ ਨਹੀਂ । [ਦਰਪਣ

੩. ਸਾਰੇ ਦੇਸ਼ਾਂ ਵਿਚ ਵਿਆਪਕ ਹੈ । [ਸ਼ਬਦਾਰਥ

੪. ਬਿਨਾ ਦੇਸ਼ ਦੇ, ਲਾ-ਮਕਾਨ [ਭਾ. ਜੋਧ ਸਿੰਘ

**ਨਿਰਣੈ** : 'ਸਭ ਦੇਸੋਂ ਮੈਂ ਹਮ ਫਿਰੇ ਹੈਂ' ਫਰੀਦਕੋਟੀ ਸਟੀਕ ਵਾਲੇ ਤੇ ਕੁਝ ਹੋਰ ਟੀਕਾਕਾਰਾਂ ਦੇ ਅਰਥ ਠੀਕ ਨਹੀਂ ਹਨ । 'ਬੇਦੇਸਵਾ' ਪਦ ਦੇ ਸਰਲ ਅਰਥ ਹਨ 'ਬਿਨਾ ਦੇਸ਼ ਦੇ, ਲਾ-ਮਕਾਨ । ਜਿਵੇਂ

ਕਿ ਸ਼ਬਦਾਰਥੀ ਵਿਦਵਾਨਾਂ ਨੇ ਕੀਤੇ ਹਨ। 'ਫਿਰੇ' ਤੋਂ ਭਾਵ ਭਗਤ ਜੀ ਦਾ ਫਿਰਨਾ ਨਹੀਂ। ਇਸ ਦੇ ਅਰਥ ਹਨ ਕਿ ਨਾਮਦੇਵ ਦਾ ਮਾਲਕ ਜੋ ਅੰਤਰਜਾਮੀ ਹੈ ਉਹ ਸਾਰਿਆਂ ਵਿਚ ਵਿਚਰ ਰਿਹਾ ਹੈ ਭਾਵ ਸਭ ਵਿਚ ਵਿਆਪਕ ਹੋ ਰਿਹਾ ਹੈ ਪਰ ਹੈ ਲਾ-ਮਕਾਨ ਹੀ।

## ਸਾਰੰਸ਼ ਅਤੇ ਸਿਧਾਂਤ

'ਸਾਖੀ ਪ੍ਰਮਾਣ' ਵਿਚ ਇਸ ਸ਼ਬਦ ਦੀ ਉਥਾਨਕਾ ਇਸ ਪ੍ਰਕਾਰ ਦਿਤੀ ਹੋਈ ਹੈ :

ਇਕ ਨਗਰ ਦੇ ਬਾਹਰ ਮੰਦਰ ਸੀ ਜਿਥੇ ਇਕਾਦਸ਼ੀ ਦਾ ਜਗਰਾਤਾ ਕੀਤਾ ਜਾਂਦਾ ਸੀ। ਗਰਮੀ ਦੇ ਦਿਨ ਸਨ। ਜਗਰਾਤੇ ਆਏ ਜਗਿਆਸੂਆਂ ਨੂੰ ਡਾਢੀ ਪਿਆਸ ਲਗੀ। ਉਸ ਮੰਦਰ ਤੋਂ ਕੁਝ ਦੂਰੀ ਤੇ ਇਕ ਖੂਹ ਸੀ, ਲੋਕੀ ਉਸ ਖੂਹ ਤੋਂ ਜਾਣੋਂ ਡਰਦੇ ਸਨ ਕਿਉਂਕਿ ਉਥੇ ਇਕ ਭੂਤ ਰਹਿੰਦਾ ਸੀ।

ਜਦੋਂ ਭਗਤ ਨਾਮਦੇਵ ਜੀ ਨੂੰ ਇਸ ਗਲ ਦਾ ਪਤਾ ਲੱਗਾ ਤਾਂ ਆਪ ਪਾਣੀ ਲੈਣ ਲਈ ਉਸ ਖੂਹ ਤੇ ਚਲੇ ਗਏ। ਹਥ ਵਿਚ ਤਾਲ ਤੇ ਪਰਮੇਸ਼ਰ ਦੇ ਗੁਣ ਗਾਂਦੇ ਗਏ। ਨਾਮਦੇਵ ਦੀ ਨਿਭਰਤਾ ਨੂੰ ਪਰਖਣ ਲਈ ਪਰਮਾਤਮਾ ਨੇ ਵੈਰਾਟ ਰੂਪ ਧਾਰਨ ਕੀਤਾ ਵੇਖੀਏ ਨਾਮਦੇਵ ਭੂਤ ਸਮਝ ਕੇ ਡਰੇਗਾ ਜਾਂ ਨਹੀਂ।

ਕਹਿੰਦੇ ਹਨ ਕਿ ਪਰਮਾਤਮਾ ਨੇ ਅਬਦਾਲ ਵਾਲਾ ਕਲੰਦਰੀ ਰੂਪ ਧਾਰਿਆ, ਜੋ ਬੜਾ ਭਿਆਨਕ ਸੀ। ਨਾਮ ਦੇਵ ਦੇ ਤਾਲ (ਛੈਣੇ) ਖਸ ਲਏ ਪਰ ਨਾਮਦੇਵ ਜੀ ਡਰੇ ਨਹੀਂ। ਨਿਰਭੈ ਹੋ ਕੇ ਪਰਮੇਸ਼ਰ ਦੀ ਉਸਤਤਿ ਕਰਦੇ ਰਹੇ। ਓਦੋਂ ਨਾਮਦੇਵ ਜੀ ਨੇ ਇਹ ਸ਼ਬਦ ਉਚਾਰਿਆ :-

**ਆਉ ਕਲੰਦਰ ਕੇਸਵਾ ॥ ਕਰਿ ਅਬਦਾਲੀ ਭੇਸਵਾ ॥**

ਇਸ ਤਰ੍ਹਾਂ ਨਰਾਇਣ ਜੀ ਆਪਣੇ ਸੇਵਕ ਨਾਮਦੇਵ ਤੇ ਪ੍ਰਸੰਨ ਹੋਏ ਅਤੇ ਪਰਤੱਖ ਰੂਪ ਵਿਚ ਦਰਸ਼ਨ ਦੇ ਕੇ ਆਪਣੇ ਗਲ ਨਾਲ ਲਾਇਆ।

ਪੰਡਿਤ ਤਾਰਾ ਸਿੰਘ ਜੀ 'ਨਰੋਤਮ' ਲਿਖਦੇ ਹਨ ਕਿ "ਕਾਹੂ ਸਮੇਂ ਨਾਮਦੇਵ ਪ੍ਰੇਮ ਮੇਂ ਮਸਤ ਹੂਯਾ ਹਾਥ ਮੇ ਤਾਲ ਲੇਕਰ ਪ੍ਰਮੇਸੁਰ ਕੇ ਗੁਣ ਗਾਯਨ ਕਰਤਾ ਥਾ। ਅਪਨੇ ਭਗਤ ਸਾਥ ਹਾਸੀ ਕਰਨੇ ਹੇਤ ਪਰਮੇਸੁਰ ਨੇ ਅਵਧੂਤ ਕਾ ਰੂਪ ਧਾਰ ਕੇ ਨਾਮਦੇਵ ਕੇ ਹਾਥ ਸੇ ਤਾਲ ਖੋਸ ਲੀਏ। ਤਿਸ ਸਮੇਂ ਨਾਮ ਦੇਵ ਤਾ ਕੋ ਪਹਚਾਨ ਕੇ ਕਹੇ ਆਉ ਹਿਤਿ, ਕਲੰਦਰ ਅਵਧੂਤ ਕਾ ਤਥਾ ਮਰਯਾਦ ਹੀਨ ਕਾ ਨਾਮ ਹੈ। ਅਬਦਾਲ ਨਾਨਾ ਪ੍ਰਕਾਰ ਕੇ ਰੂਪ ਬਦਲਨੇ ਵਾਲੇ ਸਿਧ ਕਾ ਨਾਮ ਹੈ। ਸੋ ਮੁਸਲਮਾਨੋ ਕੇ ਮਤ ਮੇ ਸਾਤ ਮਾਨੇ ਹੈ। ਅਬਦਾਲੀ ਭੇਸ ਸਿਧੋਂ ਕੇ ਭੇਖ ਕਾ ਨਾਮ ਹੈ।

ਮੰਦਿਰ ਅੰਦਰ ਇਕ ਦਿਨ ਜਗ੍ਰਾਤੇ ਸਮੇਂ ਭਗਤ ਜੀ ਭੀ ਸੰਗਤ ਵਿਚ ਬੈਠ ਭਜਨ ਗਯਾਨ ਵਿਖੇ ਡਾਢੇ ਮਗਨ ਸਨ। ਜਿਨ੍ਹਾਂ ਵਲ ਦੇਖ ੨ ਨਾਂ ਸਹਨ ਕਰਣਹਾਰ੍ਹੇ ਸ੍ਰਿੰਦਤੀਆਂ ਨੇ ਮਸ਼ਖਰੀ ਨਾਲ ਏਨਾਂ ਨੂੰ ਆਖਯਾ ਕਿ ਲਾਗੇ ਦੀ ਬੌਲੀ ਵਿਚੋਂ ਪਾਨੀ ਦਾ ਇਕ ਕਲਸਾ ਭਰ ਲਿਆਓ। ਉਸ ਬੌਲੀ ਵਿਚ ਇਕ ਭੂਤ ਦੇ ਰਹਿਣ ਦਾ ਗੁਮਾਨ ਆਮ ਲੋਕਾਂ ਨੂੰ ਸੀ, ਜਿਸ ਕਰਕੇ ਉਸ ਦੇ ਥਲੇ ਕੋਈ ਨਹੀਂ ਜਾਂਦਾ ਸੀ। ਸਿੰਦਤੀਆਂ ਨੇ ਇਸੇ ਸ਼ਰਾਰਤ ਲਈ ਇਨ੍ਹਾਂ ਨੂੰ ਭੇਜਿਆ ਕਿ ਇਨਾਂ ਨੂੰ ਮਾਰਕੇ ਅਲਖ ਮੁਕਾ ਦਿਊ ਤੇ

ਇਸ ਸੂਦਰ ਦੀ ਭਗਤੀ ਦਾ ਵੱਜ ਰਿਹਾ ਡੰਕਾ ਸਾਨੂੰ ਉਚ ਪੰਡਿਆਂ ਆਦਿ ਉੱਚ ਜਾਤੀਆਂ ਲਈ ਸ਼ਰਮਿੰਦਗੀ ਦੀ ਥਾਂ ਨਹੀਂ ਰਹੂ। ਸੋ ਭਗਤ ਜੀ ਸੰਗਤ ਦਾ ਹੁਕਮ ਮੰਨ ਸੰਗਤ ਦੀ ਸੇਵਾ ਲਈ ਜਲ ਲੈਣ ਉਤਰੇ। ਜਦ ਕਿ ਮਹਾਂ ਅੰਧਕਾਰ ਵਿਖੇ ਲੋਕਾਂ ਦੀ ਚਿਰ ਕਾਲ ਦੀ ਪੱਕੀ) ਬੱਝੀ ਭੌਣੀ-ਘੋਰ ਤਮਾਸ਼ੀ ਭਿਆਨਕ ਸੂਰਤ ਵਿਚ ਪ੍ਰਗਟ ਆਣ ਹੋਈ। ਜਿਸਨੂੰ ਸਾਖਯਾਤ ਕਲੰਦਰੀ ਸਰੂਪ ਭਗਵਾਨ ਦਰਸ ਦੇ ਸਮਾਨ ਹੋ, ਭਗਤ ਜੀ ਨੇ ਇਸ ਸ਼ਬਦ ਦਾ ਉੱਚਾਰ ਕੀਤਾ। ਭਗਤ ਭੌਣੀ ਦੇ ਭਗਵਾਨ ਸ਼ਬਦ ਸੁਣ ਰੀਝੇ-ਤੇ ਸਾਖਯਾਤ ਭਗਵੰਤੀ ਰੂਪ ਵਿਚ ਹੀ ਓਸ ਸੂਰਤ ਨੂੰ ਲੋਪ ਕਰ ਦਰਸ਼ਨ ਦਿੱਤੇ, ਪਿਆਰ ਕੀਤੇ। ਅਰ ਛੈਣੇ ਬਖਸੇ। ਭਗਤ ਜੀ ਨੇ ਜਲ ਲਿਆ ਕੇ ਸਭ ਨੂੰ ਛਕਾਯਾ ਅਰ ਪੰਡਿਆਂ ਆਦਿ ਨੂੰ ਇਉਂ ਲੱਜਾ ਵਿਚ ਗਰਕਾਯਾ। ਇਸ ਬਾਰੇ ਜੋ ਨੋਟ 'ਦਰਪਣ' ਦੇ ਕਰਤਾ ਨੇ ਦਿੱਤਾ ਹੈ, ਉਹ ਵੀ ਪਾਠਕਾਂ ਦੀ ਦ੍ਰਿਸ਼ਟਿ ਗੋਚਰ ਕਰਨਾ ਜ਼ਰੂਰੀ ਹੈ -

ਨੋਟ : ਬੰਦਗੀ ਵਾਲੇ ਮੁਸਲਮਾਨ ਫਕੀਰ ਕੇਸ (ਜ਼ੁਲਫਾ) ਰੱਖਦੇ ਹਨ, ਇਸ ਵਾਸਤੇ 'ਕਲੰਦਰ' ਦੇ ਨਾਲ ਲਫ਼ਜ਼ 'ਕੇਸ਼ਵ' ਭੀ ਵਰਤਿਆ ਹੈ। ਅਬਦਾਲੀ ਫਕੀਰ ਸਿਰ ਉੱਤੇ ਕੁੱਲਾ (ਉੱਚੀ ਨੋਕ ਵਾਲੀ ਟੋਪੀ) ਪਾਂਦੇ ਹਨ; ਵਡਾ ਚੋਲਾ, ਲੰਮਾ ਤੰਬਾ ਆਦਿ ਉਹਨਾਂ ਦੀ ਪੁਸ਼ਾਕ ਹੁੰਦੀ ਹੈ। ਨਾਮਦੇਵ ਜੀ ਕਿਸੇ ਅਬਦਾਲੀ ਫਕੀਰ ਨੂੰ ਵੇਖ ਕੇ ਪਰਮਾਤਮਾ ਨੂੰ ਭੀ ਅਬਦਾਲੀ ਰੂਪ ਵਿਚ ਬਿਆਨ ਕਰਦੇ ਹਨ। ਜਦੋਂ ਬਾਦਸ਼ਾਹ ਨੇ ਡਰਾਵੇ ਦਿੱਤੇ ਤਾਂ ਨਾਮਦੇਵ ਜੀ ਕਹਿਣ ਲੱਗੇ ਕਿ ਮੇਰੀ ਪੈਜ ਰੱਖਣ ਲਈ 'ਗਰੁੜ ਚੜ੍ਹੇ ਗੋਬਿੰਦੁ ਆਇਲਾ'। ਨਿਡਰ ਹੋ ਕੇ ਇਕ ਕੱਟੜ ਮੁਸਲਮਾਨ ਦੇ ਸਾਹਮਣੇ ਪਰਮਾਤਮਾ ਦਾ ਉਹ ਸਰੂਪ ਦੱਸਦੇ ਹਨ ਜੋ ਹਿੰਦੂ ਪੁਰਾਣਾ ਨੇ ਮਿਥਿਆ ਹੋਇਆ ਹੈ। ਪਰ ਜਦੋਂ ਮੰਦਰ ਵਿਚੋਂ ਕੱਢੇ ਜਾਣ ਦਾ ਜ਼ਿਕਰ ਕਰਦੇ ਹਨ ਤਾਂ ਆਪਣੇ ਪ੍ਰਭੂ ਨੂੰ ਮੁਸਲਮਾਨੀ ਰੂਪ ਵਿਚ ਬਿਆਨ ਕਰਦੇ ਹਨ। ਕਿਸੇ ਖਾਸ ਸਰੂਪ ਦੇ ਪੁਜਾਰੀ ਨਹੀਂ ਹਨ, ਉਹਨਾਂ ਦਾ ਪਰਮਾਤਮਾ 'ਸਗਲ ਬੇਦੇਸਵਾ' ਵਿਚ ਫਿਰਨ ਵਾਲਾ (ਵਿਆਪਕ) ਹੈ।

ਸਾਰੀ ਖੋਜ ਦਾ ਅਧਿਐਨ ਕੀਤਿਆਂ ਭੂਤਾਂ ਦਾ ਖੂਹ ਜਾਂ ਬੋਲੀ ਵਾਲੀ ਗਲ ਬਣਾਵਟੀ ਜਿਹੀ ਲਗਦੀ ਹੈ। 'ਸਖੀ ਪ੍ਰਾਮਣ' ਵਿਚ ਮੁਦਾ ਪਾਣੀ ਲਿਆਉਣ ਤੇ ਪਿਆਉਣ ਦਾ ਰਖਿਆ ਹੈ ਪਰ ਕਹਾਣੀ ਵਿਚ ਨਾਮਦੇਵ ਭਗਤ ਜੀ ਸੰਗਤਾ ਲਈ ਪਾਣੀ ਲਿਆਏ ਜਾਂ ਨਹੀਂ ਲਿਆਏ, ਇਸ ਗਲ ਨੂੰ ਪ੍ਰਗਟ ਨਹੀਂ ਕੀਤਾ।

ਕੀ ਉਸ ਖੂਹ ਵਾਲੇ ਭੂਤ ਨੇ 'ਕਲੰਦਰ ਕੇਸਵਾ' ਦਾ ਰੂਪ ਧਾਰਨ ਕਰ ਲਿਆ। ਕਾਲੇ ਭੂਤ ਤੇ ਧੂਤ ਤਾਂ ਕੇਵਲ ਭਿਆਨਕਤਾ ਦਾ ਪ੍ਰਤੀਕ ਹੁੰਦੇ ਹਨ।

ਭਗਤ ਨਾਮਦੇਵ ਜੀ ਪਰਮਾਤਮਾ ਦੀ ਪ੍ਰੇਮਾ-ਭਗਤੀ ਵਿਚ ਪਰਪੱਕ ਸਨ। ਉਹ ਤਾਂ "ਸਭੈ ਘਟ ਰਾਮੁ ਬੋਲੈ ਰਾਮਾ ਬੋਲੈ, ਰਾਮ ਬਿਨਾ ਕੋ ਬੋਲੈ ਰੇ" (ਪੰਨਾ ੯੮੮) ਦੇ ਪੱਕੇ ਵਿਸ਼ਵਾਸੀ ਸਨ।

ਪਰਮਾਤਮਾ ਦੇ ਸਰਬ ਵਿਅਪੀ ਰੂਪ ਦਾ ਦਰਸ਼ਨ ਕਰਨ ਲਈ ਭਗਤ ਜੀ ਨੂੰ ਬੇਅੰਨ ਅੱਖਾਂ ਪ੍ਰਾਪਤ ਸਨ ਜਿਨ੍ਹਾਂ ਦੀ ਰਚਿਤ ਬਾਣੀ ਚੋਂ ਸਾਨੂੰ ਹੇਠ ਲਿਖੇ ਪ੍ਰਮਾਣ ਮਿਲਦੇ ਹਨ -

੧. ਏਕ ਅਨੇਕ ਬਿਆਪਕ ਪੂਰਕ, ਜਤ ਦੇਖਉ ਤਤ ਸੋਈ ॥

ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ ॥੧॥ [ਪੰਨਾ ੪੮੫

੨. ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ, ਗੋਬਿੰਦ ਬਿਨੁ ਨਹੀ ਕੋਈ ॥
ਸੂਤੁ ਏਕ ਮਣਿ ਸਤ ਸਹੰਸ ਜੈਸੇ, ਓਤਿ ਪੋਤਿ ਪ੍ਰਭੁ ਸੋਈ॥ [ਪੰਨਾ ੪੮੫

੩. ਈਭੈ ਬੀਠਲੁ ਊਭੈ ਬੀਠਲੁ, ਬੀਠਲ ਬਿਨੁ ਸੰਸਾਰੁ ਨਹੀ ॥
ਥਾਨ ਥਨੰਤਰਿ ਨਾਮਾ ਪ੍ਰਣਵੈ,
ਪੂਰਿ ਰਹਿਓ ਤੂੰ ਸਰਬ ਮਹੀ॥੪॥੨॥ [ਪੰਨਾ ੪੮੫

੪. ਨੇਰੈ ਨਾਹੀ ਦੂਰਿ ॥ ਨਿਜ ਆਤਮੈ ਰਹਿਆ ਭਰਪੂਰਿ ॥ [ਪੰਨਾ ੬੫੭

ਸੋ ਲੋਕਾਂ ਦੇ ਮਨਾ ਚੋਂ ਜੇ ਭਰਮ ਦਾ ਭੂਤ ਨਿਕਲ ਜਾਵੇ ਤਾਂ ਉਨ੍ਹਾਂ ਨੂੰ ਵੀ ਸਭ ਪਸਾਰੇ ਚੋਂ 'ਬ੍ਰਹਮ' ਦੇ ਦਰਸ਼ਨ ਹੋ ਸਕਦੇ ਹਨ। ਭਗਤ ਜੀ ਨੂੰ ਜੋ ਦਰਸ਼ਨ ਹੋਏ, ਉਹ ਗੁਰਮਤਿ ਸਿਧਾਂਤਾ ਨਾਲ ਮੇਲ ਖਾਂਦੇ ਹਨ -

ਜਪਿ ਏਕ ਪ੍ਰਭੂ ਅਨੇਕ ਰਵਿਆ, ਸਰਬ ਮੰਡਲਿ ਛਾਇਆ ॥
ਬ੍ਰਹਮੋ ਪਸਾਰਾ ਬ੍ਰਹਮ ਪਸਰਿਆ, ਸਭੁ ਬ੍ਰਹਮੁ ਦ੍ਰਿਸਟੀ ਆਇਆ॥ [ਪੰਨਾ ੭੮੨

ਯਥਾਰਥ ਇਹ ਹੈ ਕਿ ਉਸ ਕੇਸਵਾ ਤੇ ਅਬਦਾਲੀ ਭੇਸਵਾ ਵਾਲੇ ਦਰਸ਼ਨ ਜਗਰਾਤੇ ਵਿਚ ਜਾਣ ਵਾਲੇ ਕਿਸੇ ਜਗਿਆਸੂ ਨੂੰ ਨਹੀਂ ਹੋਏ, ਓਹ ਕੇਵਲ ਨਾਮਦੇਵ ਜੀ ਨੂੰ ਹੀ ਹੋਏ ਜੋ ਪਰਮਾਤਮਾ ਦੀ ਕੀਰਤੀ ਵਿਚ ਮਸਤ ਸਨ। ਸੋ, ਨਾਮਦੇਵ ਜੀ ਨੂੰ ਨਾ ਕਿਸੇ ਭੂਤ ਨੇ ਭਜਾਇਆ, ਨਾ ਕਿਸੇ ਨੂੰ ਆਪ ਜੀ ਨੇ ਪਾਣੀ ਪਿਲਾਇਆ, ਆਪ ਨੇ ਤਾਂ ਪ੍ਰੇਮਾ-ਭਗਤੀ ਕਰਕੇ, ਉਸ ਦੇ ਗੁਣ ਗਾ ਕੇ ਇਲਾਹੀ ਦਰਸ਼ਨ ਪਾਇਆ।

# ਰਾਗੁ ਬਸੰਤੁ

ਬਸੰਤ ਇਕ ਪੁਰਾਤਨ ਤੇ ਪ੍ਰਸਿਧ ਰਾਗ ਮੰਨਿਆ ਜਾਂਦਾ ਹੈ। ਗੁਰਮਤਿ ਸੰਗੀਤ ਵਿਚ ਇਸ ਦਾ ਵਿਲੱਖਣ ਅਸਥਾਨ ਹੈ। ਇਹ ਹਿੰਡੋਲ ਰਾਗ ਦਾ ਪੁਤਰ ਹੈ, ਜਿਸ ਦਾ ਸੰਕੇਤ ਰਾਗ ਮਾਲਾ ਵਿਚ ਵੀ ਪ੍ਰਾਪਤ ਹੈ:-

**ਪੁਨਿ ਆਇਅਉ ਹਿੰਡੋਲ....॥ ਬਸੰਤੀ ਸੰਦੂਰ ਸੁਹਾਈ ॥** [ਪੰਨਾ ੧੪੩੦

***ਗੁਰੂ ਘਰ ਵਿਚ ਬਸੰਤ ਦਾ ਗਾਵਣਾ***

ਸ੍ਰੀ ਹਰਮਿੰਦਰ ਸਾਹਿਬ ਅੰਮ੍ਰਿਤਸਰ ਸਿਖ ਧਰਮ ਦਾ ਸਰਵ-ਸਾਂਝਾ ਕੇਂਦਰੀ ਅਸਥਾਨ ਹੈ। ਇਥੇ ਬਸੰਤ ਰਾਗ ਮਾਘੀ ਦੀ ਸੰਗਰਾਂਦ ਤੋਂ ਗਾਉਣਾ ਆਰੰਭ ਹੁੰਦਾ ਹੈ ਅਤੇ ਲਗਪਗ ਦੋ ਮਹੀਨੇ ਇਸ ਦੀ ਮਨਮੋਹਣੀਆਂ ਧੁਨਾਂ ਗਾਇਨ ਹੁੰਦੀਆਂ ਰਹਿੰਦੀਆਂ ਹਨ। ਭਾਵੇਂ ਅਜੋਕੇ ਸੰਗੀਤਕਾਰ ਹੋਲੇ ਮਹਲੇ ਤੇ ਇਸ ਦੀ ਸਮਾਪਤੀ ਕਰਦੇ ਹਨ ਪਰੰਤੂ ਗੁਰਬਾਣੀ ਵਿਚ ਹੇਠ ਲਿਖੀਆਂ ਪੰਕਤੀਆਂ ਇਸ ਵਿਚਾਰ ਧਾਰਾ ਦੀ ਪੁਸ਼ਟੀ ਨਹੀਂ ਕਰਦੀਆਂ। ਬਸੰਤ ਰੁਤ ਦਾ ਚੇਤ ਅਤੇ ਬੈਸਾਖ ਦੋ ਮਹੀਨਿਆਂ ਵਿਚ ਰਹਿਣ ਦਾ ਸੰਕੇਤ ਗੁਰਬਾਣੀ ਵਿਚੋਂ ਹੇਠ ਲਿਖੇ ਪ੍ਰਮਾਣਾਂ ਰਾਹੀਂ ਪ੍ਰਗਟ ਹੁੰਦਾ ਹੈ :–

ੳ) **ਚੜਿ ਚੇਤੁ ਬਸੰਤੁ ਮੇਰੇ ਪਿਆਰੇ, ਭਲੀਅ ਰੁਤੇ॥**
**ਪਿਰ ਬਾਝੜਿਅਹੁ ਮੇਰੇ ਪਿਆਰੇ, ਆਂਗਣਿ ਧੂੜਿ ਲੁਤੇ॥**
**ਮਨਿ ਆਸ ਉਡੀਣੀ ਮੇਰੇ ਪਿਆਰੇ, ਦੁਇ ਨੈਨ ਜੁਤੇ॥**
**ਗੁਰੁ ਨਾਨਕੁ ਦੇਖਿ ਵਿਗਸੀ ਮੇਰੇ ਪਿਆਰੇ, ਜਿਉ ਮਾਤ ਸੁਤੇ॥੪॥**[ਪੰਨਾ ੪੫੨

ਅ) **ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਓ ॥** [ਪੰਨਾ ੯੨੭

ਬਸੰਤ ਤੇ ਬਸੰਤ ਹਿੰਡੋਲ ਦੀ ਛਬ ਨਿਰਾਲੀ ਹੈ। ਜਦੋਂ ਗੁਰੂ ਦੇ ਕੀਰਤਨੀਏ ਵਜਦ ਵਿਚ ਆ ਕੇ ਗੁਰਬਾਣੀ ਦੇ ਹੇਠ ਲਿਖੇ ਸ਼ਬਦਾਂ ਦਾ ਗਾਇਨ ਕਰਦੇ ਹਨ ਤਾਂ ਇਕ ਅਦਭੁਤ ਆਤਮਿਕ ਹੁਲਾਰੇ ਵਾਲਾ ਵਾਤਾਵਰਨ ਬਣ ਜਾਂਦਾ ਹੈ ਜੋ ਰਸ ਭਿੰਨ ਹੁੰਦਾ ਹੈ:--

੧) **ਮਉਲੀ ਧਰਤੀ ਮਉਲਿਆ ਆਕਾਸੁ....** [ਪੰਨਾ ੧੧੯੩
੨) **ਬਸੰਤੁ ਚੜਿਆ ਫੂਲੀ ਬਨਰਾਇ .....** [ਪੰਨਾ ੧੧੭੭
੩) **ਇਸੁ ਮਨ ਕਉ ਬਸੰਤ ਕੀ ਲਗੈ ਨ ਸੋਇ ॥** [ਪੰਨਾ ੧੧੭੬
੪) **ਗੁਰ ਪ੍ਰਸਾਦਿ ਬਸੰਤੁ ਬਨਾ ॥** [ਪੰਨਾ ੧੧੭੬
੫) **ਗ੍ਰਿਹਿ ਤਾ ਕੈ ਬਸੰਤੁ ਗਨੀ॥ ਜਾ ਕੈ ਕੀਰਤਨੁ ਹਰਿ ਧੁਨੀ॥** [ਪੰਨਾ ੧੧੮੦
ਆਦਿ ਆਦਿ।

ਜੇ ਕੀਰਤਨ ਦਾ ਬਸੰਤ ਰਾਗ ਵਿਚ ਦਰਸ਼ਨ ਕਰੀਏ ਤਾਂ ਫਗਣ ਦੇ ਮਹੀਨੇ ਤੋਂ ਹੀ ਬਸੰਤ ਰਾਗ ਗਾਇਨ ਆਰੰਭ ਹੋ ਜਾਂਦਾ ਹੈ। 'ਹੋਲੀ ਕੀਨੀ ਸੰਤ ਸੇਵ॥ ਰੰਗੁ ਲਗਾ ਅਤਿ ਲਾਲ ਦੇਵ॥(ਪੰ. ੧੧੮੦)ਸ਼ਬਦ ਬੜੇ ਪਿਆਰ ਨਾਲ ਗਾਇਨ ਕੀਤਾ ਜਾਂਦਾ ਹੈ। ਸ੍ਰੀ ਅਨੰਦਪੁਰ ਸਾਹਿਬ ਵਿਖੇ, ਹੋਲੇ ਮਹਲੇ ਤੇ, ਜਿਥੇ ਬਸੰਤੀ ਰੰਗ ਦੀਆਂ ਦਸਤਾਰਾਂ ਅਤੇ ਦੁਪਟਿਆਂ ਨਾਲ ਸੰਗਤਾਂ ਦਾ ਇਕ ਅਤਿ ਸੁਹਾਵਣਾ ਦ੍ਰਿਸ਼ ਬਣਿਆ ਹੁੰਦਾ ਹੈ, ਉਥੇ ਰਾਗ ਬਸੰਤ ਦੇ ਅਲਾਪ ਦੀਆਂ ਛਹਿਬਰਾਂ ਦਾ ਪ੍ਰਭਾਵ ਸ੍ਰੋਤਿਆਂ ਦੇ ਹਿਰਦਿਆਂ ਵਿਚ ਉਲਾਸ ਭਰ ਦੇਂਦਾ ਹੈ।

ਗੁਰਬਾਣੀ ਸੰਗੀਤ ਪ੍ਰਾਚੀਨ ਰੀਤਿ ਰਤਨਾਵਲੀ (ਭਾਗ ਦੂਜਾ) ਕ੍ਰਿਤ ਭਾ. ਅਵਤਾਰ ਸਿੰਘ ਗੁਰਚਰਨ ਸਿੰਘ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਬਸੰਤ ਪੁਰਾਤਨ ਬਸੰਤ ਹੈ ਜਿਹੜਾ ਕਿ ਅਜੋਕੇ ਸੰਗੀਤ ਨਾਲ ਮੇਲ ਨਹੀਂ ਖਾਂਦਾ। ਇਨ੍ਹਾਂ ਅਨੁਸਾਰ ਗੁਰਮਤਿ ਬਸੰਤੁ ਸੀਨਾ ਬਸੀਨਾ ਚਲਿਆ ਆਂਦਾ ਹੈ। ਆਪ ਜੀ ਦੇ ਪਿਤਾ ਭਾ. ਜਵਾਲਾ ਸਿੰਘ ਜੀ ਰਾਗੀ ਦਸਿਆ ਕਰਦੇ ਸਨ ਕਿ ਜੋ ਬਸੰਤੁ ਸ੍ਰੀ ਗੁਰੂ ਅਰਜਨ ਦੇਵ ਜੀ ਗਾਇਆ ਕਰਦੇ ਸਨ ਉਹ ਹੀ ਅਸਲ ਬਸੰਤ ਹੈ ਜੋ ਇਸ ਪ੍ਰਕਾਰ ਹੈ :-

| | | |
|---|---|---|
| ਕਲਿਆਣ ਅੰਗ | ਸੰਵਾਦੀ | ਸਮਾ ਬਸੰਤ ਰੁਤ |
| ਔੜਵ ਖੌੜਵ | ਗ ਸੰਵਾਦੀ | 'ਰ' ਦੁਰਬਲ 'ਮ' ਦੋਵੇ ਹਨ। |
| ਆਰੋਹੀ | ਸ ਗ ਮ ਮ ਗ ਮ ਧ ਨ ਸਂ ਰਂ | |
| ਅਵਰੋਹੀ | ਸਂ ਨ ਧ, ਨ ਧਂ ਮਮ, ਮਗ ਸ। | |

ਪ੍ਰੋ. ਤਾਰਾ ਸਿੰਘ ਅਨੁਸਾਰ ਹਿੰਡੋਲ ਰਾਗ ਦੀ ਸਿਰਜਣਾ ਦੋ ਮੇਲਾਂ ਪੂਰਵ ਅਤੇ ਮਾਰਵਾ ਦੇ ਸੰਜੋਗ ਤੋਂ ਹੋਈ ਹੈ। ਇਸ ਵਿਚ ਸੜਜ, ਰਿਸ਼ਵ ਕੋਮਲ, ਦੋਵੇਂ ਮਾਧਿਅਮ, ਦੋਵੇਂ ਧੈਵਤ ਅਤੇ ਹੋਰ ਸ਼ੁੱਧ ਸਵਰ ਲਗਦੇ ਹਨ। ਇਸ ਰਾਗ ਦੇ ਸਮੁਚੇ ਚਲਨ ਵਿਚ ਦੋ ਰਾਗਾਂ ਦੀਆਂ ਭਿੰਨ ਭਿੰਨ ਧਾਰਾਵਾਂ ਨਿਸ਼ਚਿਤ ਰੂਪ ਵਿਚ ਕਿਰਿਆ ਕਰਦੀਆਂ ਹਨ। ਇਸ ਦੇ ਆਰੋਹ ਵਿਚ ਹੰਡੋਲ ਦੇ ਤਰ੍ਹਾਂ ਹੈ ਅਤੇ ਅਵਰੋਹ ਵਿਚ ਬਸੰਤ ਹੀ ਹੈ।

ਭਾ. ਕਾਨ੍ਹ ਸਿੰਘ ਜੀ ਨਾਭਾ ਅਨੁਸਾਰ ਬਸੰਤ ਪੂਰਵੀ ਰਾਗ ਦਾ ਸੰਪੂਰਨ ਰਾਗ ਹੈ। ਇਸ ਵਿਚ ਦੋਵੇਂ ਮਧਮ ਲਗਦੇ ਹਨ। ਸੜਜ ਗਾਂਧਮ ਮਧਮ, ਪੰਚਮ ਧੈਵਤ ਅਤੇ ਨਿਸ਼ਾਦ ਸ਼ੁਧ ਸਿਵ ਕੋਮਲ ਅਤੇ ਮਧਮ ਤੀਵਰ ਲਗਦਾ ਹੈ।

ਬਸੰਤ ਰਾਗ ਦੇ ਗਾਇਣ ਦੀ ਇਕ ਇਹ ਰਵਾਇਤ ਵੀ ਚਲੀ ਆਉਂਦੀ ਹੈ ਕਿ ਪੁਰਾਤਨ ਕੀਰਤਨੀਏ ਅਰਦਾਸਿ ਉਪਰੰਤ ਪ੍ਰਸ਼ਾਦ ਭੇਟ ਕਰਕੇ ਬਸੰਤ ਰਾਗ ਦਾ ਆਰੰਭ ਮਾਘ ਦੀ ਸੰਗਰਾਂਦ ਤੋਂ ਕਰਦੇ ਹੁੰਦੇ ਸਨ। ਪਹਿਲਾਂ ਪੰਜ ਸ਼ਬਦਾਂ ਦਾ ਕੀਰਤਨ ਫਿਰ ਬਸੰਤ ਕੀ ਵਾਰ ਲਗਾ ਕੇ ਕਹਿੰਦੇ ਸਨ ਕਿ 'ਅਜ ਬਸੰਤ ਰਾਗ ਖੁੱਲ੍ਹ ਗਿਆ ਹੈ।' ਜੋ ਪੂਰਵੀ ਅੰਗ ਦਾ ਬਸੰਤ ਹੈ, ਉਹ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਦੇ ਕਥਨ ਅਨੁਸਾਰ ਗੁਰੂ ਘਰ ਦਾ ਬਸੰਤ ਨਹੀਂ।

**ਨਿਰਣੈ :** ਇਸ ਵਿਚ ਸ਼ਕ ਨਹੀਂ ਕਿ ਰੁਤਾਂ ਦਾ ਪ੍ਰਭਾਵ ਹਰ ਪ੍ਰਾਣੀ ਕਬੂਲਦਾ ਹੈ। ਬਾਣੀ ਦਾ ਖੇੜਾ ਤੇ ਸੁਗੰਧੀ ਹਰ ਜੀਵ ਜੰਤੂ ਨੂੰ ਖਿਚ ਪਾਉਂਦੀ ਹੈ, ਪਰੰਤੂ ਅਧਿਆਤਮਕ ਖੇਤਰ ਵਿਚ ਬਸੰਤ ਅਸੀਮਤ ਹੈ। ਗੁਰਬਾਣੀ ਅਨੁਸਾਰ ਬਸੰਤ ਦੀ ਪਰਿਭਾਸ਼ਾ ਇਕੋ ਪੰਕਤੀ ਰਾਹੀਂ ਸੰਪੂਰਨ ਹੋ ਜਾਂਦੀ ਹੈ:-

**ਤਿਸੁ ਬਸੰਤੁ ਜਿਸੁ ਪ੍ਰਭੁ ਕ੍ਰਿਪਾਲੁ ॥ ਤਿਸੁ ਬਸੰਤੁ ਜਿਸੁ ਗੁਰੁ ਦਇਆਲੁ ॥**
**ਤਿਸੁ ਬਸੰਤੁ ਜਿਸੁ ਰਿਦੈ ਨਾਮੁ ॥ ੧ ॥ ਮੰਗਲੁ ਤਿਸ ਕੈ ਜਿਸੁ ਏਕੁ ਕਾਮੁ ॥**
**ਗ੍ਰਿਹ ਤਾਕੈ ਬਸੰਤ ਗਨੀ ॥ ਜਾ ਕੈ ਕੀਰਤਨੁ ਹਰਿ ਧੁਨੀ ॥ ੧ ॥ ਰਹਾਉ ॥**

**[ਪੰਨਾ ੧੧੮੦**

ਬਸੰਤ ਰੁਤਿ ਆਉਣ ਜਾਣ ਵਾਲੀ ਹੈ ਪਰ 'ਸਦ ਬਸੰਤੁ' ਵਿਆਪਕ ਹੈ ਤੇ ਇਸ ਨੇ ਵਿਆਪਕ ਹੀ ਰਹਿਣਾ ਹੈ । 'ਬਸੰਤੁ' ਦਾ ਅੰਤਰਮੁਖੀ ਅਰਥ 'ਬਸ' (ਜਿਸ ਦਾ ਕੋਈ) ਅੰਤੁ ਨਹੀਂ ਹੈ ਕਿਉਂਕਿ ਪਰਮਾਤਮਾ ਆਪ ਹੀ ਬਸੰਤ ਦਾ ਪ੍ਰਤੀਕ ਹੈ:--

**ਆਪਿ ਬਸੰਤੁ ਜਗਤੁ ਸਭੁ ਵਾੜੀ ॥** **[ਪੰਨਾ ੧੧੭੭**

ਹਾਂ, ਸੰਗੀਤਕਾਰਾਂ ਨੇ ਬਸੰਤ ਦੇ ਕਈ ਰੂਪ ਉਜਾਗਰ ਕੀਤੇ ਹਨ, ਜਿਵੇਂ :--

੧) ਸੋਹਣੀ ਬਸੰਤ (੨) ਬਸੰਤ ਬਹਾਰ (੩) ਬਸੰਤ ਬਹਾਰ ਕਾਫ਼ੀ ਅੰਗ, ਬੁੱਢਾ ਬਸੰਤ ਆਦਿ ।

ਅੰਤ ਵਿਚ ਬਸੰਤ ਬਾਰੇ ਤੱਤ-ਗਿਆਨ ਇਹ ਹੈ:--

**ਬਸੰਤੁ ਹਮਾਰੈ ਰਾਮ ਰੰਗੁ ॥ ਸੰਤ ਜਨਾ ਸਿਉ ਸਦਾ ਸੰਗੁ ॥** **[ਪੰਨਾ ੧੧੮੩**

## ਰਾਗੁ ਬਸੰਤੁ ਮਹਲਾ ੧ ਘਰੁ੧ ਚਉਪਦੇ ਦੁਤੁਕੇ

### ੧ੴ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰੁ

### ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

**ਮਾਹਾ ਮਾਹ ਮੁਮਾਰਖੀ, ਚੜਿਆ ਸਦਾ ਬਸੰਤੁ ॥ ਪਰਫੜੁ ਚਿਤ ਸਮਾਲਿ ਸੋਇ, ਸਦਾ ਸਦਾ ਗੋਬਿੰਦੁ ॥੧॥ ਭੋਲਿਆ, ਹਉਮੈ ਸੁਰਤਿ ਵਿਸਾਰਿ ॥ ਹਉਮੈ ਮਾਰਿ ਬੀਚਾਰਿ ਮਨ, ਗੁਣ ਵਿਚਿ ਗੁਣੁ ਲੈ ਸਾਰਿ ॥੧॥ਰਹਾਉ ॥ ਕਰਮ ਪੇਡੁ ਸਾਖਾ ਹਰੀ, ਧਰਮੁ ਫੁਲੁ ਫਲੁ ਗਿਆਨ ॥ ਪਤ ਪਰਾਪਤਿ ਛਾਵ ਘਣੀ, ਚੂਕਾ ਮਨ ਅਭਿਮਾਨੁ ॥੨॥ ਅਖੀ ਕੁਦਰਤਿ ਕੰਨੀ ਬਾਣੀ, ਮੁਖਿ ਆਖਣੁ ਸਚੁ ਨਾਮੁ ॥ ਪਤਿ ਕਾ ਧਨੁ ਪੂਰਾ ਹੋਆ, ਲਾਗਾ ਸਹਜਿ ਧਿਆਨੁ ॥੩॥ ਮਾਹਾ ਰੂਤੀ ਆਵਣਾ, ਵੇਖਹੁ ਕਰਮ ਕਮਾਇ ॥ ਨਾਨਕ, ਹਰੇ ਨ ਸੂਕਹੀ, ਜਿ ਗੁਰਮੁਖਿ ਰਹੇ ਸਮਾਇ ॥੪॥੧॥**

### ਉਚਾਰਨ ਸੇਧ

**ਬਿੰਦੀ ਸਹਿਤ :** ਮਾਹਾਂ, ਮੁਮਾਰਖੀਂ, ਸਾਖਾਂ, ਛਾਵਂ, ਅਖੀਂ, ਕੰਨੀਂ, ਰਤੀਂ, ਸੂਕਹੀਂ।

**ਪਦ ਅਰਥ:** ਮਾਹਾ ਮਾਹ-ਮਹੀਨਿਆਂ ਵਿਚੋਂ (ਬਸੰਤ ਰੁਤ ਦੇ) ਮਹੀਨੇ। ਮੁਮਾਰਖੀ-ਮੁਬਾਰਕ ਵਾਲੇ, ਵਧਾਈਆਂ ਵਾਲੇ। ਸਦਾ ਬਸੰਤ-ਸਦਾ ਕਾਇਮ ਰਹਿਣ ਵਾਲਾ ਖੇੜਾ। ਪਰਫੜੁ-ਪ੍ਰਫੁੱਲਤ ਹੋ ਜਾ, ਖਿੜ ਪਉ। ਚਿਤ-ਹੇ ਚਿਤ!। ਸਮਾਲਿ ਸੋਇ-ਉਸ (ਪ੍ਰਭੂ)ਨੂੰ ਯਾਦ ਕਰ। ਗੋਬਿੰਦ-ਸ੍ਰਿਸ਼ਟੀ ਦਾ ਪਾਲਕ।੧।

ਭੋਲਿਆ-ਹੇ ਭੋਲੇ ਮਨੁੱਖ!। ਹਉਮੈ ਸੁਰਤਿ-ਅਹੰਕਾਰ ਵਾਲੀ ਬ੍ਰਿਤੀ। ਵਿਸਾਰਿ-ਵਿਸਾਰ ਦੇ। ਮਾਰਿ-ਮਾਰ ਕੇ।ਬੀਚਾਰਿ-ਵੀਚਾਰ ਕੇ, ਸੋਚ ਸਮਝ ਕੇ। ਮਨ-ਹੇ ਮਨ !। ਗੁਣ ਵਿਚਿ ਗੁਣੁ-ਗੁਣਾਂ ਵਿਚ ਵਿਸ਼ੇਸ਼ ਗੁਣ। ਲੈ ਸਾਰਿ-ਸਾਂਭ ਲੈ।੧।ਰਹਾਉ।

ਕਰਮ-ਕੰਮ। ਪੇਡੁ-ਪੇੜ, ਰੁੱਖ। ਸਾਖਾ-ਟਹਿਣੀਆਂ। ਹਰੀ-ਹਰੀ (ਨਾਮ ਦਾ ਸਿਮਰਨ)। ਪਤ-ਪੱਤਰ। ਛਾਵ-ਛਾਂ। ਘਣੀ-ਸੰਘਣੀ। ਚੂਕਾ-ਦੂਰ ਹੋ ਗਿਆ। ਮਨ ਅਭਿਮਾਨੁ-ਮਨ ਦਾ ਹੰਕਾਰ।੨।

ਅਖੀ-ਅੱਖਾਂ ਨਾਲ। ਕੰਨੀ-ਕੰਨਾ ਨਾਲ। ਬਾਣੀ-ਬੋਲ। ਮੁਖਿ-ਮੂੰਹ ਦੁਆਰਾ। ਆਖਣੁ-ਬੋਲ।ਪਤਿ-ਇੱਜ਼ਤ। ਸਹਜਿ-ਸਹਜ ਵਿਚ,ਅਡੋਲ ਅਵਸਥਾ ਵਿਚ। ਧਿਆਨ-ਟਿਕਾਉ।੩।

ਮਾਹਾ-ਮਹੀਨੇ। ਰੁਤੀ-ਰੁੱਤਾਂ। ਕਮਾਇ-ਕਮਾ ਕੇ, ਕਰਕੇ। ਹਰੇ-ਸਰਸਬਜ਼। ਨ ਸੂਕਹੀ-ਨਹੀਂ ਸੁਕਦੇ ਹਨ।੪।

**ਅਰਥ :** (ਹੇ ਭੋਲੇ ਮਨ! ਬਾਰ੍ਹਾਂ) ਮਹੀਨਿਆਂ ਦੇ ਸੰਗ੍ਰਹਿ ਵਿਚੋਂ (ਬਸੰਤ ਰੁਤ ਦੇ ਦੋ) ਮਹੀਨੇ (ਉਸ ਮਨੁਖ ਲਈ) ਮੁਬਾਰਕਬਾਦ (ਵਧਾਈਆਂ ਵਾਲੇ ਹਨ ਜਿਸ ਦੇ ਹਿਰਦੇ ਵਿਚ) ਖਿੜੇ ਰਹਿਣ ਵਾਲਾ ਸਦ-ਬਸੰਤ (ਭਾਵ ਸਦਾ ਅਨੰਦ ਅਨੰਦੀ ਸਾਹਿਬ,ਆਪ) ਪ੍ਰਗਟ ਹੋ ਗਿਆ ਹੈ। ਹੇ ਮੇਰੇ ਚਿਤ ! (ਤੂੰ)

ਸ੍ਰਿਸ਼ਟੀ ਦਾ ਪਾਲਕ ਜੋ ਸਦੀਵੀ ਹੋਂਦ ਵਾਲਾ ਗੋਬਿੰਦ ਹੈ ਉਸ ਨੂੰ ਸਮ੍ਹਾਲ, (ਭਾਵ ਉਸਦਾ ਚਿੰਤਨ ਕਰਕੇ) ਪ੍ਰਫੁਲਤ ਹੋ (ਖਿੜ ਪਉ) ।੧।

ਹੇ ਭੋਲੇ ਮਨ! ਹੰਕਾਰ ਵਾਲੀ ਬ੍ਰਿਤੀ ਵਿਸਾਰ ਦੇ , (ਭੁਲਾ ਦੇ) । ਹੇ ਮਨ ! ਵੀਚਾਰ ਦੁਆਰਾ ਮੈਂ-ਮੇਰੀ ਨੂੰ ਮਾਰ ਕੇ ਗੁਣਾਂ ਵਿਚੋਂ ਸ੍ਰੇਸ਼ਟ ਗੁਣ (ਨਾਮ-ਸਿਮਰਨ) ਸਾਂਭ ਲੈ ।੧।ਰਹਾਉ।

(ਓਇ ਭੋਲਿਆ! ਇਸ ਦਾ ਤੈਨੂੰ ਇਹ ਲਾਭ ਹੋਵੇਗਾ ਕਿ ਤੇਰੇ ਅੰਦਰ) ਨਿਸ਼ਕਾਮ ਕਰਮਾਂ ਦਾ (ਭਾਵ ਨਿਰਮਲ ਕਰਣੀ ਦਾ ਇਕ) ਬ੍ਰਿਛ ਉਗ ਪਵੇਗਾ, (ਜਿਸ ਦੀਆਂ) ਹਰੀ ਨਾਮ ਰੂਪੀ ਸ਼ਾਖਾ (ਟਹਿਣੀਆਂ ਹੋਣਗੀਆਂ), ਧਰਮ ਰੂਪੀ ਫੁੱਲ ਅਤੇ ਗਿਆਨ ਰੂਪੀ ਫਲ ਲਗਣਗੇ । (ਇਸ ਬ੍ਰਿਛ ਨੂੰ ਪ੍ਰਭੂ) ਪ੍ਰਾਪਤੀ ਦੇ ਪੱਤਰ ਲਗਣਗੇ, (ਜਦੋਂ) ਮਨ ਦਾ ਹੰਕਾਰ ਦੂਰ ਹੋ ਗਿਆ (ਫਿਰ ਨਿਮਰਤਾ ਦੀ) ਘਣੀ ਛਾਂ ਹੋਵੇਗੀ ।੨।

(ਓਇ ਭੋਲਿਆ ! ਜਿਹੜਾ ਵੀ ਹਉਮੈ ਵਾਲੀ ਸੁਰਤਿ ਭੁਲਾ ਦੇਵੇਗਾ, ਉਸ ਨੂੰ ਗਿਆਨ ਦੀਆਂ) ਅੱਖਾਂ ਨਾਲ ਕੁਦਰਿਤ ਵਿਚ (ਵਸਦੀ ਰਬੀ ਜੋਤਿ ਦਿਸੇਗੀ), ਕੰਨਾ ਰਾਹੀਂ (ਉਹ ਪ੍ਰਭੂ ਦੀ ਅੰਮ੍ਰਿਤ) ਬਾਣੀ (ਸੁਣੇਗਾ ਅਤੇ ਮੂੰਹ ਦੁਆਰਾ ਸਚ ਨਾਮ ਰੂਪੀ ਬੋਲ (ਬੋਲੇਗਾ) । (ਇਸ ਤਰ੍ਹਾਂ ਜਿਸ ਮਨੁਖ ਦਾ ) ਸਹਜਿ (ਭਾਵ ਅਡੋਲਤਾ ਅਵਸਥਾ) ਵਿਚ ਧਿਆਨ ਲਗ ਜਾਂਦਾ ਹੈ(ਉਸ ਦੀ) ਇਜ਼ਤ ਦਾ ਧਨ ਪੂਰਾ (ਸੰਪੂਰਨ) ਹੋ ਜਾਂਦਾ ਹੈ ।੩।

(ਓਇ ਭੋਲਿਆ!) ਮਹੀਨਿਆਂ ਤੇ ਰੁੱਤਾਂ ਨੇ (ਆਪਣੀ ਵਾਰੀ ਅਨੁਸਾਰ ਸੰਸਾਰ ਵਿਚ) ਆਉਣਾ ਤੇ ਫਿਰ ਜਾਣਾ ਹੈ, (ਪਰ ਤੁਸੀਂ) ਕਰਮ ਕਮਾ ਕੇ (ਸਦ ਬਸੰਤ) ਵੇਖੋ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਜਿਹੜੇ (ਜਗਿਆਸੂ) ਗੁਰੂ ਦੁਆਰਾ (ਨਾਮ-ਸਿਮਰਨ ਵਿਚ) ਲੀਨ ਰਹਿੰਦੇ ਹਨ (ਓਹ ਸਦਾ ਹੀ) ਹਰੇ-(ਭਰੇ ਪ੍ਰਫੁਲਤ ਰਹਿੰਦੇ ਹਨ) ਕਦੇ ਵੀ ਸੁਕਦੇ ਨਹੀਂ ਹਨ (ਭਾਵ ਉਨ੍ਹਾਂ ਦੇ ਹਿਰਦੇ ਵਿਚ ਸਦ-ਬਸੰਤ ਕਾਇਮ ਰਹਿੰਦੀ ਹੈ) ।੪।੧।

## ਅਰਥ ਭੇਦ ਅਤੇ ਨਿਰਣੈ

### ੧- ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ ॥

ਵਖ ਵਖ ਅਰਥ

੧. ਸਭ (ਮਾਹਾ) ਮਹੀਨਿਆਂ (ਮਾਹ) ਬੀਚ (ਮੁਮਾਰਖੀ) ਸ਼ੁਭ ਅਰਥਾਤ ਅਨੰਦੀ ਪਰਮਾਤਮਾ ਰੂਪ ਬਸੰਤ ਸਦਾ ਚੜਿਆ ਹੂਆ ਹੈ ਸਿਧਾਂਤ ਯਹਿ ਕਿ ਹਰਿ ਸਰੀਰੋ ਮੈ ਹਰਿ ਕਾਲੋਂ ਮੈ ਪ੍ਰਕਾਸ਼ ਰਹਾ ਹੈ । [ਫ਼. ਸ.

੨. ਮਹੀਨਿਆਂ ਵਿਚੋਂ ਇਹ ਮਹੀਨਾ ਮੁਬਾਰਕ ਹੈ ਕਿਉਂਕਿ ਸਦਾ-ਬਸੰਤ ਚੜ੍ਹਿਆ ਰਹਿੰਦਾ ਹੈ, (ਇਥੇ ਆਤਮਕ ਅਨੰਦ ਨੂੰ ਜੋ ਸਦਾ ਕਾਇਮ ਰਹਿੰਦਾ ਹੈ, ਸਦ ਬਸੰਤ ਕਿਹਾ ਹੈ । ਮੌਸਮੀ ਬਸੰਤ ਦੋ ਮਹੀਨੇ ਸਾਲ ਵਿਚ ਰਹਿੰਦਾ ਹੈ) । [ਸ਼ਬਦਾਰਥ

੩. (ਹੇ ਮਨ ! ਜੇ ਤੂੰ ਹਉਮੈ ਵਾਲੀ ਬ੍ਰਿਤੀ ਭੁਲਾ ਦੇਵੇਂ ਤਾਂ ਤੇਰੇ ਅੰਦਰ ਵਡੀਆਂ ਵਡੀਆਂ ਵਧਾਈਆਂ (ਬਣ ਜਾਣ, ਤੇਰੇ ਅੰਦਰ ਸਦਾ ਚੜ੍ਹਦੀ ਕਲਾ ਟਿਕੀ ਰਹੇ, ਕਿਉਂਕਿ ਤੇਰੇ ਅੰਦਰ) ਸਦਾ ਖਿੜੇ ਰਹਿਣ ਵਾਲਾ ਪਰਮਾਤਮਾ ਪ੍ਰਗਟ ਹੋ ਪਏ। [ਦਰਪਣ

੪. ਸਾਰਿਆਂ ਮਹੀਨਿਆਂ ਵਿਚੋਂ ਮਾਹਾ-ਮਾਘ ਦਾ ਮਾਹ-ਮਹੀਨਾ ਮੁਮਾਰਖੀ-ਅਨੰਦੀ (ਖੁਸ਼ੀਆਂ) ਵਾਲਾ ਹੈ, ਜਿਸ ਮਾਘ ਦੇ ਮਹੀਨੇ ਵਿਚ ਬਸੰਤ ਰਾਗ ਦਾ ਗੈਣ ਕਰਨਾ ਚੜਿਆ ਹੈ। ਕਿਉਂਕਿ ਰਾਗੀ ਜਦ ਮਾਘ ਦੀ ਸੰਗਰਾਂਦ ਵਾਲੇ ਦਿਨ ਤੋਂ ਬਸੰਤ ਰਾਗ ਦਾ ਗਾਉਣਾ ਸ਼ੁਰੂ ਕਰਦੇ ਹਨ, ਮਾਘ ਤੇ ਫੱਗਣ, ਦੋ ਮਹੀਨੇ ਬਸੰਤ ਰਾਗ ਗਾਉਂਦੇ ਰਹਿੰਦੇ ਹਨ। ਸਾਰਿਆਂ ਹੀ ਮਾਹਾ-ਮਹੀਨਿਆਂ ਦੇ ਅੰਤ ਵਿਚ ਮੁਮਾਰਖ-ਅਨੰਦੀ ਚੇਤਨ ਦੇਵ ਰੂਪ ਬਸੰਤ ਸਦਾ ਹੀ ਚੜ ਰਿਹਾ ਹੈ, ਅਰਥਾਤ ਪਰੀਪੂਰਨ ਹੋ ਰਿਹਾ ਹੈ। [ਸੰ. ਸ.

**ਨਿਰਣੈ:** 'ਮਾਹਾ ਮਾਹ' ਦੇ ਅਰਥ 'ਮਹੀਨਿਆਂ ਵਿਚੋਂ' ਇਹ ਮਹੀਨਾ ਮੁਮਾਰਖ ਹੈ,ਜਾਂ'ਤੇਰੇ ਅੰਦਰ ਵਡੀਆਂ ਵਧਾਈਆਂ (ਬਣ ਜਾਣ) ਅਥਵਾ ਮਹੀਨਿਆਂ ਵਿਚ ਮਾਹਾ-ਮਾਘ ਦਾ ਮਾਹ ਮਹੀਨਾ ਮੁਮਾਰਖੀ-ਅਨੰਦੀ (ਖੁਸ਼ੀਆਂ) ਵਾਲਾ ਹੈ, ਇਹ ਤਿੰਨੇ ਅਰਥ ਹੀ ਗੁਰਬਾਣੀ ਵਿਆਕਰਣ ਦੇ ਅਨੁਕੂਲ ਨਹੀਂ ਹਨ।

'ਮਾਹਾ' ਪਦ ਜੁੜਤ ਨਾਵ (Collective Noun) ਹੈ ਪਰ ਇਥੇ 'ਮਾਹ' ਪਦ ਬਹੁ ਵਚਨ ਦਾ ਲਖਾਇਕ ਹੈ। 'ਬਾਰਹ ਮਾਹਾ' ਬਾਰ੍ਹਾਂ ਮਹੀਨਿਆਂ ਦਾ ਸੰਗ੍ਰਹਿ ਹੈ। ਜੇ 'ਬਾਰਹ ਮਾਹ' ਹੋਵੇ ਤਾਂ ਅਰਥ ਹੋਣਗੇ ਬਾਰਾਂ ਮਹੀਨੇ। ਜਦੋਂ ਇਕ ਮਹੀਨਾ ਹੋਵੇ ਤਾਂ 'ਮਾਹੁ' ਸਰੂਪ ਹਾਹੇ ਨੂੰ ਔਕੁੜ ਸਹਿਤ ਆਵੇਗਾ - ''ਥਿਤਿ ਵਾਰ ਨਾ ਜੋਗੀ ਜਾਣੈਰੁਤਿ ਮਾਹੁ ਨ ਕੋਈ ॥ (ਪੰ. ੪)

ਪ੍ਰੋ. ਸਾਹਿਬ ਸਿੰਘ ਜੀ ਨੇ 'ਮਾਹਾ' ਪਦ ਦੇ ਵਿਸ਼ੇਸ਼ਣ ਰੂਪ ਵਿਚ 'ਵਡਾ' ਅਰਥ ਕੀਤੇ ਹਨ ਪਰ ਇਥੇ ਠੀਕ ਨਹੀਂ ਫਬਦੇ। ਬਸੰਤ ਰੁਤ ਦੇ ਦੋ ਮਹੀਨੇ ਪ੍ਰਸਿਧ ਹਨ। ਜਿਵੇਂ ਗੁਰਵਾਕ ਵੀ ਹਨ :

**ਚੜਿ ਚੇਤੁ ਬਸੰਤੁ ਮੇਰੇ ਪਿਆਰੇ, ਭਲੀਅ ਰੁਤੇ ॥** [ਪੰਨਾ ੪੫੨

ਇਸ ਤਰਾਂ ਅਰਥ ਭੇਦ ਨਿਰਣੈ ਅਧੀਨ ਪੰਕਤੀ ਦੇ ਅਰਥ ਇਉਂ ਹੋਣਗੇ -

(੧੨) ਮਹੀਨਿਆਂ ਦੇ ਸੰਗ੍ਰਹਿ ਵਿਚੋਂ (ਬਸੰਤ ਰੁਤ ਦੇ ਦੋ) ਮਹੀਨੇ (ਉਸ ਮਨੁਖ ਲਈ) ਮੁਬਾਰਕਾਂ (ਵਧਾਈਆਂ) ਵਾਲੇ ਹਨ ਜਿਸ ਦੇ ਹਿਰਦੇ ਸਦਾ ਖਿੜੇ ਰਹਿਣ ਵਾਲਾ ਬਸੰਤੁ ਭਾਵ (ਸਦਾ ਅਨੰਦ ਅਨੰਦੀ ਸਾਹਿਬੁ) ਆਪ ਪ੍ਰਗਟ ਹੋ ਗਿਆ ਹੈ।

**੨- ਪਤਿ ਕਾ ਧਨੁ ਪੂਰਾ ਹੋਆ, ਲਾਗਾ ਸਹਜਿ ਧਿਆਨੁ ॥**

ਵਖ ਵਖ ਅਰਥ

੧ ਸੁਭ ਸਾਧਨਾ ਰੂਪ ਪਤੀ ਪ੍ਰਾਪਤੀ ਕਾ ਧਨੁ ਤਿਸ ਕੋ ਪੂਰਾ ਪ੍ਰਾਪਤਿ ਹੂਆ ਹੈ ਔਰ ਸਹਿਜ ਪਦ ਮੈ ਧਿਆਨੁ ਲਾਗਾ ਹੈ। [ਫ. ਸ. ਤੇ ਹੋਰ ਸੰਪ੍ਰਦਾਈ ਟੀਕੇ

੨ ਇੱਜ਼ਤ ਦਾ ਧਨ ਮੁਕੰਮਲ ਹੋ ਜਾਂਦਾ ਹੈ, ਭਾਵ ਭਾਰੀ ਇਜ਼ਤ ਵਾਲਾ ਹੁੰਦਾ ਹੈ। [ਸ਼ਬਦਾਰਥ

੩. ਉਸ ਨੂੰ ਪਰਲੋਕ ਦੀ ਇਜ਼ਤ ਦਾ ਸੰਪੂਰਨ ਧਨ ਮਿਲ ਜਾਇਗਾ, ਅਡੋਲਤਾ ਵਿਚ ਸਦਾ ਉਸ ਦੀ ਸੁਰਤਿ ਟਿਕੀ ਰਹੇਗੀ। [ਦਰਪਣ

ਭਾਈ ਸਾਹਿਬ ਰਣਧੀਰ ਸਿੰਘ ਜੀ ਨੇ 'ਅਖੀ ਕੁਦਰਤਿ ਕੰਨੀ ਬਾਣੀ, ਮੁਖਿ ਆਖਣੁ ਸਚ ਨਾਮੁ ॥ ਪਤਿ ਕਾ ਧਨ ਪੂਰਾ ਹੋਆ, ਲਾਗਾ ਸਹਜਿ ਧਿਆਨ' ਦੀ ਹੇਠ ਲਿਖੀ ਵਿਆਖਿਆ ਵਿਚ 'ਪਤਿ' ਦੇ ਅਰਥ ਪਤਿਸ਼ਟਾ ਕੀਤੇ ਹਨ ਜੋ ਇਜ਼ਤ ਦੇ ਹੀ ਪ੍ਰਤੀਕ ਹਨ :

"ਨਾਮ ਲਿਵਤਾਰੀ ਬਸੰਤ ਬਹਾਰੀ ਮੌਸਮ ਐਸਾ ਖਿੜਦਾ ਹੈ ਕਿ ਅਖੀਆਂ ਦੁਆਰਾ ਕੁਦਰਿਤ ਦਾ ਨਜ਼ਾਰਾ ਕੁਦਰਤ ਵਾਹਿਗੁਰੂ ਦੀ ਜੋਤਿ ਨਾਲਿ ਸਗੁਫਤਾ ਦਿੱਬ ਦ੍ਰਿਸ਼ਟਾ ਨਦਰੀਂ ਆਉਂਦਾ ਹੈ ਅਤੇ ਕੰਨਾ ਦੁਆਰਾ ਬਾਣੀ ਦੀ ਧੁਨੀ ਹੀ ਹਰ ਦਮ ਸੁਣਾਈ ਦਿੰਦੀ ਹੈ ਅਤੇ ਮੁਖਾਰ ਬਿੰਦ ਤੋਂ ਸਹਜ ਸੁਭਾ ਹੀ ਸਚਾ ਨਾਮ ਸੁਤੇ ਅਭਿਆਸਤ ਹੁੰਦਾ ਰਹਿੰਦਾ ਹੈ। ਇਸ ਬਿਧਿ ਦਰਗਹਿ ਅੰਦਰਿ ਸੁਰਖਰੂਅਤ ਵਾਲੀ ਪਤਿ ਪਰਤਿਸ਼ਟਤਾ ਦਾ ਅਮੁੱਲ ਧਨੀ ਲੇਖਾ ਪੂਰਾ ਹੁੰਦਾ ਹੈ ਅਤੇ ਸਹਜ ਅਵਸਥਾ ਵਿਚ ਜੋਤਿ ਆਤਮੀ ਧਿਆਨ ਲਗਦਾ ਹੈ। 'ਪਤਿ' ਪਦ ਦੂਜੀ ਤੁਕ ਅੰਦਰਿ ਤੱਤੇ ਅਖਰ ਨੂੰ ਸਿਹਾਰੀ ਨਾਲਿ ਇਸ ਕਰਕੇ ਆਇਆ ਹੈ ਕਿ ਇਸਦਾ ਅਰਥ ਪਰਤਿਸ਼ਟਾ ਹੈ। ਇਸਤ੍ਰੀ ਲਿੰਗ ਹੋਣ ਕਰਕੇ ਤੱਤੇ ਨੂੰ ਸਿਹਾਰੀ ਲਗੀ ਹੈ ਹੋਰ ਅਰਥ ਬਣ ਹੀ ਨਹੀਂ ਸਕਦਾ।"

**ਨਿਰਣੈ :** ਗੁਰਬਾਣੀ ਵਿਚ 'ਪਤਿ' ਸ਼ਬਦ ਇਜ਼ਤ, ਵਡਿਆਈ ਦੇ ਅਰਥਾਂ ਵਿਚ ਹੀ ਵਰਤਿਆ ਗਿਆ ਹੈ ਜਿਵੇਂ :-

**ਨਾਇ ਮੰਨਿਐ ਪਤਿ ਊਪਜੈ ......** [ਪੰਨਾ ੪੭੧

**ਪਤਿ ਰਾਖੀ** ਗੁਰਿ **ਪਾਰਬ੍ਰਹਮ ॥** [ਪੰਨਾ ੨੫੮

**ਅਪਨੀ ਪਤਿ ਸੇਤੀ ਘਰਿ ਜਾਹੀ ॥** [ਪੰਨਾ ੧੨੫੪

'ਪਤਿ' ਦੇ ਅਰਥ 'ਪਤੀ' ਕੇਵਲ ਉਥੇ ਹੁੰਦੇ ਹਨ ਜਿਥੇ ਇਹ ਵਿਸ਼ੇਸ਼ਣ ਰੂਪ ਵਿਚ ਹੋਵੇ ਜਿਵੇਂ: ਪ੍ਰਾਨਪਤਿ,ਗਜਪਤਿ ਆਦਿ।

੧. **ਕਵਨ ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ ॥** [ਪੰਨਾ ੨੦੪

੨. **ਅਸਪਤਿ ਗਜਪਤਿ ਨਰਹਿ ਨਰਿੰਦ ॥** [ਪੰਨਾ ੭੨੭

## ਸਾਰੰਸ਼ ਅਤੇ ਸਿਧਾਂਤ

ਬਸੰਤ ਰੁਤ ਆਉਣ ਨਾਲ ਸਾਰੀ ਧਰਤੀ, ਸਾਰੀ ਬਨਸਪਤੀ ਹਰੀ-ਭਰੀ ਹੋ ਜਾਂਦੀ ਹੈ। ਦਰਖਤਾਂ ਨੂੰ ਪਤੇ ਫੁਲ ਤੇ ਫਲ ਲਗਦੇ ਹਨ। ਫਿਰ ਰੁਖਾਂ ਦੀ ਠੰਡੀ ਠੰਡੀ ਛਾਂ, ਬਾਗ ਬਗੀਚਿਆਂ ਵਿਚ ਹਰੀਆਵਲ, ਪੰਛੀਆਂ ਦੀ ਚਹਿਲ ਪਹਿਲ, ਗਲ ਕੀ ਕੁਦਰਤਿ ਦੀ ਬਹਾਰ ਪੂਰੇ ਜੋਬਨ ਤੇ ਹੁੰਦੀ ਹੈ, ਪਰ ਸਾਰਾ ਵਾਤਾਵਰਨ ਵੇਖ ਕੇ ਵੀ ਮਨ ਹਰਾ-ਭਰਾ ਨਹੀ ਹੁੰਦਾ ਕਿ ਕਿਉਂਕਿ ਇਸ ਮਨ ਅੰਦਰ ਹਉਮੈ ਦਾ ਬੋਲ-ਬਾਲਾ ਹੁੰਦਾ ਹੈ। ਇਹ ਮਨ ਈਰਖਾ, ਦਵੈਤ ਵਿਚ ਸੁਕਿਆ ਸੜਿਆ ਰਹਿੰਦਾ ਹੈ,ਇਸ ਨੂੰ ਬਸੰਤ ਦੀ 'ਸੋਇ' ਹੀ ਨਹੀਂ ਲਗਦੀ।

ਗੁਰੂ ਬਾਬਾ ਜੀ ਇਹ ਸ਼ਬਦ ਰਾਹੀਂ ਜੀਵ ਨੂੰ ਸੁੰਦਰ ਸਿਖਿਆ ਦੇ ਰਹੇ ਹਨ :--

**ਭੋਲਿਆ, ਹਉਮੈ ਸੁਰਤਿ ਵਿਸਾਰਿ ॥**

**ਹਉਮੈ ਮਾਰਿ ਬੀਚਾਰਿ ਮਨ, ਗੁਣ ਵਿਚਿ ਗੁਣ ਲੈ ਸਾਰਿ॥**

ਪਰਮੇਸ਼ਰ ਦੇ ਅਨੇਕ ਗੁਣਾਂ ਦਾ ਵੀਚਾਰ ਕੀਤਿਆਂ,ਸ੍ਰੇਸ਼ਟ ਗੁਣਾਂ ਦਾ ਕਥਨ ਕੀਤਿਆਂ ਨਾਮ-ਸਿਮਰਦਿਆਂ ਮਨ ਦਾ ਅਭਿਮਾਨ ਦੂਰ ਹੋ ਜਾਂਦਾ ਹੈ। ਗੁਰਵਾਕ ਹਨ :--

**ਹਉਮੈ ਜਾਈ ਤ ਕੰਤ ਸਮਾਈ ॥** [ਪੰਨਾ ੭੫੦

ਗੁਰਦੇਵ ਪਿਤਾ ਜੀਵ ਦੀ ਸੁਰਤਿ ਨੂੰ ਝੰਜੋੜਦੇ ਹਨ :--

**ਅਖੀ ਕੁਦਰਤਿ ਕੰਨੀ ਬਾਣੀ, ਮੁਖਿ ਆਖਣੁ ਸਚੁ ਨਾਮੁ ॥**

ਓਇ ਭੋਲਿਆ ! ਪਰਮਾਤਮਾ ਨੇ ਤੈਨੂੰ ਅਖਾਂ ਕਿਸ ਲਈ ਦਿਤੀਆਂ ਹਨ, ਕੰਨ ਤੇ ਮੂੰਹ ਕਿਸ ਲਈ ਦਿਤੇ ਹਨ ? ਤੂੰ ਇਹਨਾਂ ਅੱਖਾਂ ਨਾਲ ਪਰਾਇਆ ਤਨ, ਪਰਾਇਆ ਧਨ, ਪਰਾਇਆ ਰੂਪ ਵੇਖ ਕੇ ਆਪਣਾ ਮਨ ਕਿਉਂ ਮਲੀਨ ਕਰ ਰਿਹਾ ਹੈ? ਤੂੰ ਇਹਨਾਂ ਨੇਤਰਾਂ ਨਾਲ ਕੁਦਰਿਤ ਵਿਚੋਂ ਕਾਦਰ ਦੇ ਦਰਸ਼ਨ ਕਰ:-

**ਏ ਨੇਤ੍ਰਹੁ ਮੇਰਿਹੋ, ਹਰਿ ਤੁਮ ਮਹਿ ਜੋਤਿ ਧਰੀ,**

**ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥** [ਪੰਨਾ ੯੨੨

ਓਇ ਭੋਲਿਆ ! ਤੂੰ ਆਪਣੇ ਕੰਨਾਂ ਨਾਲ ਸਾਕਤਾਂ ਦੇ ਗੀਤ ਨਾਦ ਨ ਸੁਣ, ਗੁਰੂ ਪਿਆਰਿਆਂ ਪਾਸੋਂ ਪਰਮੇਸ਼ਰ ਦਾ ਜਸ, ਉਸ ਦੀ ਕਥਾ ਸੁਣ-

੧. **ਮੇਰੇ ਮੋਹਨ,ਸ੍ਰਵਨੀ ਇਹ ਨ ਸੁਨਾਏ ॥**

**ਸਾਕਤ ਗੀਤ ਨਾਦ ਧੁਨਿ ਗਾਵਤ, ਬੋਲਤ ਬੋਲ ਅਜਾਏ ॥** [ਪੰਨਾ ੮੨੦

੨. **ਕਰਿ ਹਰਿ ਕਰਮ,ਸ੍ਰਵਨਿ ਹਰਿ ਕਥਾ ॥**

**ਹਰਿ ਦਰਗਹ ਨਾਨਕ ਊਜਲ ਮਥਾ ॥** [ਪੰਨਾ ੨੮੧

ਇਸੇ ਤਰ੍ਹਾ ਪਰਮੇਸ਼ਰ ਨੇ ਤੈਨੂੰ ਮੂੰਹ ਇਸ ਲਈ ਦਿਤਾ ਹੈ ਕਿ ਤੂੰ ਇਸ ਨਾਲ ਸੁੰਦਰ ਪਦਾਰਥ ਖਾਵੇਂ ਅਤੇ ਸਾਈਂ ਦੀਆਂ ਸਿਫਤਾਂ ਦਾ ਕੀਰਤਨ ਕਰੇਂ, ਕਥਾ ਕਰੇਂ, ਸਮਾਜ ਵਿਚ ਮੁਖੀਆ ਬਣੇਂ, ਪਰ ਤੂੰ ਇਸ ਦੀ ਥਾਂ ਤੇ 'ਖਾਇ ਖਾਇ ਕਰੇ ਬਦਫੈਲੀ' ਅਥਵਾ ਗੰਦ-ਮੰਦ ਬੋਲ ਕੇ ਆਪਣਾ ਜੀਵਨ ਬਰਬਾਦ ਕਰ ਰਿਹਾ ਹੈਂ, ਇਸ ਲਈ ਤੇਰਾ ਖਾਧਾ ਪੀਤਾ ਜੀਵਨ ਸਭ ਵਿਅਰਥ ਹੈ:-

**ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥** [ਪੰਨਾ ੧੪੨

ਓਇ ਭੋਲਿਆ ! ਇਸ ਸੁਹਣੀ ਰੁਤ ਵਿਚ ਸਭ ਕੁਝ ਹਰਾ-ਭਰਾ ਹੈ, ਤੂੰ ਵੀ ਗੁਰੂ ਦੀ ਸਿਖਿਆ ਸੁਣ,ਨਾਮ ਜਪ :--

**ਹਰਿ ਕਾ ਨਾਮੁ ਧਿਆਇ ਕੈ, ਹੋਹੁ ਹਰਿਆ ਭਾਈ ॥**

**ਕਰਮਿ ਲਿਖੰਤੈ ਪਾਈਐ,ਇਹ ਰੁਤਿ ਸੁਹਾਈ ॥....** [ਪੰਨਾ ੧੧੯੩

ਓਇ ਭੋਲਿਆ ! ਇਕ ਹੋਰ ਵਿਸ਼ੇਸ਼ ਗੁਰ-ਸੰਦੇਸ਼ ਧਿਆਨ ਨਾਲ ਸੁਣ ਲੈ -

**ਮਾਹ ਰੁਤੀ ਆਵਣਾ ਵੇਖਹੁ ਕਰਮ ਕਮਾਇ ॥**

**ਨਾਨਕ, ਹਰੇ ਨਾ ਸੂਕਹੀ, ਜਿ ਗੁਰਮੁਖਿ ਰਹੇ ਸਮਾਇ ॥** [ਪੰਨਾ ੧੧੬੮

ਮਹੀਨਿਆਂ ਤੇ ਰੁੱਤਾਂ ਦੀ ਆਵਾਜਾਈ ਨਾਲ ਬਿਰਛਾਂ, ਫਲਾਂ ਤੇ ਬਨਾਸਪਤੀ ਨੇ ਕਦੇ ਸੁਕਣਾ ਹੈ ਕਦੇ ਹਰੇ ਹੋਣਾ ਹੈ, ਤੂੰ ਇਹਨਾਂ ਵਲ ਦੇਖ ਕੇ ਇਹਨਾਂ ਵਿਚ ਹੀ ਨਾ ਰਚਿਆ ਰਹੁ, ਇਹਨਾਂ ਨੂੰ ਛਡ ਕੇ ਜਿਸ ਕੰਮ ਲਈ ਤੈਨੂੰ ਮਨੁੱਖਾ ਦੇਹੀ ਮਿਲੀ ਹੈ, ਤੂੰ ਉਹ ਸੁਕ੍ਰਿਤ ਕਰਮ ਕਰ, ਨਾਮ ਜਪ । ਜਿਹੜਾ ਜਗਿਆਸੂ ਗੁਰੂ ਦੁਆਰਾ ਨਾਮ ਵਿਚ ਜੁੜਿਆ ਰਹਿੰਦਾ ਹੈ ਉਹ ਸਦਾ ਹੀ ਹਰਿਆ ਭਰਿਆ ਰਹਿੰਦਾ ਹੈ। ਗੁਰਵਾਕ ਹਨ :–

**ਤਿਸੁ ਸਦ ਬਸੰਤੁ ਜਿਸੁ ਰਿਦੈ ਨਾਮੁ ॥** [ਪੰਨਾ ੧੧੮੦

ਸਿਧਾਂਤ ਇਹ ਹੈ ਕਿ ਮਨੁੱਖ ਨੂੰ ਹਉਮੈ ਹਰਾ ਨਹੀਂ ਹੋਣ ਦਿੰਦੀ । ਜਿਹੜੇ ਜੀਵ ਪਸ਼ੂਆਂ ਵਾਂਗ ਹਉਮੈ ਦੇ ਹਰੇ ਪੱਠੇ ਖਾਂਦੇ ਹਨ, ਉਹ ਜੀਵਨ ਵਿਚ ਨਾ ਆਪਣਾ ਤੇ ਨਾ ਕਿਸੇ ਹੋਰ ਦਾ ਕੁਝ ਸਵਾਰ ਸਕਦੇ ਹਨ। ਉਹ ਤਾਂ ਆਪਣਾ ਰਤਨ ਜਨਮ ਵੀ ਜੂਏ ਵਿਚ ਹੀ ਹਾਰ ਜਾਂਦੇ ਹਨ ।

**ਮਹਲਾ ੧ ਬਸੰਤੁ ॥ ਰੁਤਿ ਆਈਲੇ ਸਰਸ, ਬਸੰਤ ਮਾਹਿ ॥ਰੰਗਿ ਰਾਤੇ, ਰਵਹਿ ਸਿ ਤੇਰੈ ਚਾਇ ॥ ਕਿਸੁ ਪੂਜ ਚੜਾਵਉ, ਲਗਉ ਪਾਇ ॥੧॥ ਤੇਰਾ ਦਾਸਨਿ ਦਾਸਾ ਕਹਉ, ਰਾਇ ॥ ਜਗ ਜੀਵਨ, ਜੁਗਤਿ ਨ ਮਿਲੈ ਕਾਇ॥੧॥ ਰਹਾਉ ॥ ਤੇਰੀ ਮੂਰਤਿ ਏਕਾ ਬਹੁਤੁ ਰੂਪ ॥ ਕਿਸੁ ਪੂਜ ਚੜਾਵਉ, ਦੇਉ ਧੂਪ ॥ ਤੇਰਾ ਅੰਤੁ ਨ ਪਾਇਆ,ਕਹਾ ਪਾਇ ॥ ਤੇਰਾ ਦਾਸਨਿ ਦਾਸਾ ਕਹਉ, ਰਾਇ ॥੨॥ ਤੇਰੇ ਸਠਿ ਸੰਬਤ, ਸਭਿ ਤੀਰਥਾ ॥ ਤੇਰਾ ਸਚੁ ਨਾਮੁ, ਪਰਮੇਸਰਾ ॥ ਤੇਰੀ ਗਤਿ ਅਵਿਗਤਿ ਨਹੀ ਜਾਣੀਐ ॥ ਅਣਜਾਣਤ ਨਾਮੁ ਵਖਾਣੀਐ॥੩॥ ਨਾਨਕੁ ਵੇਚਾਰਾ, ਕਿਆ ਕਹੈ ॥ ਸਭੁ ਲੋਕੁ, ਸਲਾਹੇ ਏਕਸੈ ॥ ਸਿਰੁ ਨਾਨਕ, ਲੋਕਾ ਪਾਵ ਹੈ ॥ ਬਲਿਹਾਰੀ ਜਾਉ, ਜੇਤੇ ਤੇਰੇ ਨਾਵ ਹੈ ॥੪॥੨॥**

## ਉਚਾਰਨ ਸੇਧ

**ਬਿੰਦੀ ਸਹਿਤ :** ਮਾਹਿਂ, ਰਵਹਿਂ, ਚੜ੍ਹਾਵਉਂ, ਲਗਉਂ, ਕਹਾਂ, ਖਾਇਂ, ਕਹਉਂ, ਦੇਉਂ, ਲੋਕਾਂ, ਪਾਂਵ, ਹੈਂ, ਜਾਉਂ, ਨਾਂਵ ।

**ਪਦ ਅਰਥ :** ਆਈਲੇ-ਆਈ ਹੈ । ਸਰਸ-ਰਸ ਭਿੰਨੀ, ਰਸਦਾਇਕ । ਬਸੰਤ ਮਾਹਿ-ਬਸੰਤ (ਰੁਤ) ਵਿਚ । ਰੰਗਿ ਰਾਤੇ-ਰੰਗ (ਪ੍ਰੇਮ) ਵਿਚ ਰੰਗੇ ਹੋਏ । ਰਵਹਿ-ਜਪਦੇ, ਸਿਮਰਦੇ ਹਨ । ਸਿ-ਓਹ (ਮਨੁੱਖ) । ਤੇਰੇ ਚਾਇ-(ਤੇਰੇ ਮਿਲਾਪ ਦੇ) ਚਾਉ ਵਿਚ । ਕਿਸੁ-(ਤੈਨੂੰ ਛਡ ਕੇ ਹੋਰ) ਕਿਸਨੂੰ । ਪੂਜ ਚੜਾਵਉ-ਪੂਜਾ (ਫੁੱਲ ਭੇਟ) ਚੜ੍ਹਾਂਵਾ । ਲਗਉ ਪਾਇ-ਮੈਂ ਚਰਨੀ ਲੱਗਾਂ ।੧। ਦਾਸਨਿ ਦਾਸਾ-ਦਾਸਾਂ ਦਾ

ਦਾਸ ਹੋ ਕੇ। ਕਹਉ-ਮੈਂ ਆਖਦਾ ਹਾਂ। ਰਾਇ-ਹੇ ਰਾਜੇ! । ਜਗਜੀਵਨ-ਹੇ ਜਗਤ ਦੇ ਜੀਵਨ ਦਾਤੇ ਪ੍ਰਭੂ !। ਜੁਗਤਿ-(ਮਿਲਾਪ) ਦੀ ਜੁਗਤੀ ਨਾ ਮਿਲੇ। ਕਾਇ-ਕਿਸੇ ਤੋਂ ।੧। ਰਹਾਉ। ਮੂਰਤਿ-ਹਸਤੀ। ਦੇਉ-ਮੈਂ ਦਿਆਂ। ਕਹਾ ਪਾਇ-(ਮੇਰੀ) ਕੀ ਪਾਂਇਆ (ਸ਼ਕਤੀ) ਹੈ ।੨। ਸਠ ਸੰਬਤਿ-ਸੱਠ ਸਾਲ। ਸਭਿ-ਸਾਰੇ। ਗਤਿ-ਅਵਸਥਾ। ਅਵਿਗਤਿ-ਜਾਣਨ ਤੋਂ ਪਰੇ। ਅਨਜਾਣਤ-ਬਿਨਾ ਜਾਣੇ ਦੇ। ਵਖਾਣੀਐ-ਸਿਮਰਿਆ ਜਾ ਰਿਹਾ ਹੈ ।੩। ਵੇਚਾਰਾ-ਗਰੀਬ। ਏਕਸੈ-ਇਕ ਨੂੰ (ਕੇਵਲ ਤੈਨੂੰ)। ਸਿਰੁ ਨਾਨਕ-ਨਾਨਕ ਦਾ ਸਿਰ। ਲੋਕਾ ਪਾਵ-ਲੋਕਾਂ ਦੇ ਪੈਰ। ਨਾਵ-ਨਾਮ ।੪।

**ਅਰਥ :** (ਹੇ ਪ੍ਰਭੂ !) ਬਸੰਤ ਵਿਚ (ਨਾਮ ਜਪਣ ਦੀ) ਰਸ-ਭਿੰਨੀ ਰੁਤ ਆਈ ਹੈ (ਜਿਹੜੇ ਜੀਵ ਤੇਰੇ ਨਾਮ ਦੇ) ਰੰਗ ਵਿਚ ਰੰਗੇ ਹੋਏ ਹਨ ਓਹ ਤੇਰੇ ਚਾਉ ਵਿਚ (ਤੈਨੂੰ) ਸਿਮਰਦੇ ਹਨ। (ਮੈਂ ਅਜਿਹੇ ਨਾਮ-ਰੱਸੀਆਂ ਨੂੰ ਛਡ ਕੇ ਹੋਰ) ਕਿਸ ਅਗੇ (ਫੂਲ ਆਦਿ) ਭੇਟਾ ਚੜ੍ਹਾਵਾਂ (ਅਤੇ ਕਿਸ ਦੀ) ਚਰਨੀਂ ਲੱਗਾਂ ? ਭਾਵ ਮੈਂ ਨਾਮ-ਰੱਸੀਆਂ ਦੀ ਸੰਗਤ ਨਹੀਂ ਛਡ ਸਕਦਾ) ।੧।

ਹੇ (ਪ੍ਰਭੂ) ਰਾਜੇ! ਮੈਂ (ਆਪਣੇ ਆਪ ਨੂੰ) ਤੇਰੇ ਦਾਸਾਂ ਦਾ ਦਾਸ ਕਹਿੰਦਾ ਹਾਂ। ਹੇ ਜਗਤ ਦੇ ਜੀਵਨ ਪ੍ਰਭੂ ! (ਤੇਰੇ ਮਿਲਾਪ ਦੀ) ਜੁਗਤੀ (ਤੇਰੇ ਦਾਸਾਂ ਤੋਂ ਬਿਨਾ ਹੋਰ) ਕਿਸੇ ਪਾਸੋਂ ਨਹੀਂ ਮਿਲਦੀ ।੧। ਰਹਾਉ।

(ਹੇ ਪ੍ਰਭੂ !) ਤੇਰੀ ਮੂਰਤਿ (ਹਸਤੀ) ਇਕੋ ਹੈ (ਜਿਸਦੇ) ਅਨੇਕਾਂ ਰੂਪ ਹਨ। (ਇਹਨਾਂ ਬਹੁਤੇ ਰੂਪਾਂ ਵਿਚੋਂ) ਮੈਂ ਕਿਸ ਦੀ ਪੂਜਾ ਕਰਾਂ ? (ਕਿਸਨੂੰ ਫੂਲ ਭੇਟ ਚੜ੍ਹਾਵਾਂ ?) ਕਿਸ ਨੂੰ ਧੂਪ ਦਿਆਂ ?। ਹੇ ਪ੍ਰਭੂ ! (ਰਾਜੇ) ਤੇਰਾ ਅੰਤ ਕਿਸੇ ਪਾਸੋਂ ਨਹੀਂ ਪਾਇਆ ਜਾ ਸਕਦਾ। ਇਸ ਲਈ ਮੈਂ ਤੇਰੇ ਦਾਸਾਂ ਦਾ ਦਾਸ ਹੋ ਕੇ (ਇਹ ਗਲ) ਆਖਦਾ ਹਾਂ ।੨।

ਹੇ ਪ੍ਰਭੂ ! ਸਠ ਸਾਲ ਅਤੇ ਸਾਰੇ ਤੀਰਥ ਤੇਰੇ ਹਨ। ਹੇ ਪਰਮੇਸ਼ਰ ! (ਮੇਰੇ ਭਾਣੇ ਤਾਂ) ਤੇਰਾ ਇਕੋ ਨਾਮ ਹੀ (ਸਭ ਥਾਵਾਂ ਤੇ ਜਪਿਆ ਜਾ ਰਿਹਾ ਹੈ)। (ਹੇ ਪ੍ਰਭੂ !) ਤੇਰੀ ਅਵਸਥਾ, ਜਾਣਨ ਤੋਂ ਪਰੇ ਹੈ, (ਉਹ) ਕਿਸੇ ਤੋਂ ਵੀ ਨਹੀਂ ਜਾਣੀ ਜਾ ਸਕਦੀ। ਬਿਨਾਂ ਜਾਣੇ (ਹੀ ਤੇਰਾ) ਨਾਮ ਜਪਿਆ ਜਾ ਰਿਹਾ ਹੈ ।੩।

ਨਾਨਕ ਵਿਚਾਰਾ (ਗਰੀਬ ਜਿਹਾ) (ਤੇਰੇ ਰੂਪ ਤੇ ਨਾਮ ਬਾਰੇ) ਕੀ ਆਖ ਸਕਦਾ ਹੈ ? ਸਾਰਾ ਸੰਸਾਰ ਕੇਵਲ ਤੈਨੂੰ ਹੀ ਸਲਾਹ ਰਿਹਾ ਹੈ। ਨਾਨਕ ਦਾ ਸਿਰ (ਉਨ੍ਹਾਂ) ਲੋਕਾਂ ਦੇ ਚਰਨਾਂ ਉਤੇ ਹੈ (ਜੋ ਤੈਨੂੰ ਸਲਾਹੁੰਦੇ ਹਨ)। ਜਿਤਨੇ ਵੀ ਤੇਰੇ ਨਾਮ (ਅਤੇ ਨਾਮਾਂ ਨੂੰ ਜਪਣ ਵਾਲੇ) ਹਨ ਮੈਂ ਉਨ੍ਹਾਂ ਤੋਂ ਸਦਕੇ ਕੁਰਬਾਨ ਜਾਂਦਾ ਹਾਂ ।੪।੨।

## ਅਰਥ ਭੇਦ ਅਤੇ ਨਿਰਣੈ

### ੳ) ਤੇਰਾ ਅੰਤੁ ਨ ਪਾਇਆ ਕਹਾ ਪਾਇ ॥

ਵਖ ਵਖ ਅਰਥ :

੧. ਕਿਸੀ ਨੇ ਤੇਰਾ ਅੰਤ ਨਹੀਂ ਪਾਯਾ ਕਿ ਕਹਾਂ ਤੇਰਾ(ਪਾਇ)ਪੈਰ ਹੈ ਔਰ ਕਹਾਂ ਸੀਸ ਹੈ। ਸੀਸ ਕਾ ਅਧਾਰ ਹੈ ਵਾ ਤੇਰੇ ਕਿਸੀ ਨੇ ਅੰਤ ਨਹੀਂ ਪਾਇਆ ਤੇ ਆਗੇ ਕੋ ਕੈਸੇ ਪਾਵੇਗਾ।(ਫ.ਸ. ਸੰ. ਸ.

੨. ਹੇ ਪ੍ਰਭੂ ! ਤੇਰੇ ਗੁਣਾ ਦਾ ਅੰਤ ਨਹੀਂ ਪਾਇਆ ਜਾ ਸਕਦਾ । [ਦਰਪਣ

੩. ਤੇਰਾ ਕਿਸੇ ਨੇ ਅੰਤ ਨਹੀਂ ਪਾਇਆ ਹੈ ਤੇ ਅਗੇ ਨੂੰ ਕੋਈ ਕੀ ਪਾਵੇਗਾ। [ਗਿ. ਬਿਸ਼ਨ ਸਿੰਘ ਜੀ

੪. ਕਿਸੇ ਪਾਸੋਂ ਤੇਰਾ ਅੰਤ ਨਹੀਂ ਪਾਇਆ ਜਾ ਸਕਦਾ। [ਗੁਰੂ ਨਾਨਕ ਬਾਣੀ ਪ੍ਰਕਾਸ਼

**ਨਿਰਣੈ :** ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਉਪ੍ਰੋਕਤ ਪੰਕਤੀ ਵਿਚ 'ਪਾਇ' ਪਦ ਦੇ ਅਰਥ ਸ਼ਕਤਿ ਬਲ, ਕੀਤੇ ਹਨ - ਮੇਰੀ ਕੀ ਸ਼ਕਤੀ ਹੈਂ ਅਤੇ ਇਹੋ ਪੰਗਤੀ ਦਿਤੀ ਹੈ ਪਰ ਸ਼ਬਦਾਰਥੀ ਵਿਦਵਾਨਾਂ ਨੇ 'ਕਹਾ ਪਾਇ' ਦੇ ਅਰਥ 'ਕਿਸੇ ਪਾਸੋਂ' ਕੀਤੇ ਹਨ, ਗੁਰੂ ਨਾਨਕ ਬਾਣੀ ਪ੍ਰਕਾਸ਼ ਵਿਚ ਵੀ ਇਹੀ ਅਰਥ ਅਪਨਾਏ ਗਏ ਹਨ । ਕੋਸ਼ ਵਿਚ 'ਪਾਇ' ਪਦ ਦੇ ਅਰਥ 'ਪਾਸੋਂ' ਨਹੀਂ ਮਿਲਦੇ । 'ਕੂੜੇ ਕੂੜੀ ਪਾਇ' ਵਿਚ 'ਪਾਇ' ਦੇ ਅਰਥ ਪਾਂਇਆਂ ਅਥਵਾ ਬੁਨਿਆਦ ਹਨ । 'ਕਹਾ ਪਾਇ' ਦੇ ਅਰਥ 'ਕਿਸੇ ਪਾਸੋਂ' ਨਾਲੋਂ ਮੇਰੀ ਕੀ ਪਾਇਆ ਔਕਾਤ ਹੈ', ਵਧੇਰੇ ਢੁਕਦੇ ਹਨ । ਤੇਰਾ ਅੰਤ (ਕਿਸੇ ਤੋਂ) ਨਹੀਂ ਪਾਇਆ ਗਿਆ, ਮੇਰੀ ਕੀ ਪਾਇਆ (ਸ਼ਕਤੀ ਹੈ ਕਿ ਮੈਂ ਤੇਰੇ ਅੰਤ ਬਾਰੇ ਕੁਝ ਆਖਾਂ) ਸੋ, 'ਪਾਂਇ' ਪਦ ਦਾ ਉਚਾਰਨ ਵੀ 'ਪਾਂਇ' ਕਰਨਾ ਹੀ ਉਚਿਤ ਹੈ ।

**ਅ. ਤੇਰੀ ਗਤਿ ਅਵਿਗਤਿ ਨਹੀ ਜਾਣੀਐ ॥ ਅਣਜਾਣਤ ਨਾਮੁ ਵਖਾਣੀਐ ॥**

ਵਖ ਵਖ ਅਰਥ :

੧. ਹੇ ਅਵਗਤ ਤੇਰੀ ਗਤੀ ਨਹੀਂ ਜਾਣੀ ਜਾਤੀ ਬਿਨਾ ਜਾਣੇ ਤੋਂ ਹੀ ਤੇਰੇ ਨਾਮੋਂ ਕੋ ਜਪੀਤਾ ਹੈ। [ਫ. ਸ.

੨. ਤੇਰੀ ਕਿਡੀ ਕੁ ਅਵਸਥਾ ਹੈ ਨਹੀਂ ਜਾਣੀ ਜਾਂਦੀ । ਬਗੈਰ ਜਾਣੇ ਦੇ ਹੀ ਤੇਰਾ ਨਾਮ ਜਪਣਾ ਚਾਹੀਦਾ ਹੈ। [ਸ਼ਬਦਾਰਥ

੩. ਹੇ ਅਵਿਗਤਿ-ਪਰਮਾਤਮਾ ! ਆਪ ਜੀ ਦੀ ਗਤਿ-ਰੀਤੀ (ਮਰਯਾਦਾ) ਜਾਣੀ ਨਹੀਂ ਜਾਂਦੀ । ਅਥਵਾ-ਆਪ ਜੀ ਦੀ ਗਤਿ ਅਵਿਗਤਿ-ਪ੍ਰਾਪਤੀ, ਅਪ੍ਰਾਪਤੀ ਜਾਣੀ ਨਹੀਂ ਜਾਂਦੀ। ਮੈਂ ਅਣਜਾਣ-ਪੁਣੇ ਵਿਚ ਹੀ ਆਪ ਜੀ ਦੇ ਨਾਮ ਨੂੰ ਵਖਾਣੀਐ-ਕਹਿੰਦਾ ਹਾਂ । [ਸ੍ਰੀ. ਸ੍ਰ.

੪. ਤੂੰ ਕਿਹੋ ਜਿਹਾ ਹੈਂ ਇਹ ਗੱਲ ਸਮਝੀ ਨਹੀਂ ਜਾ ਸਕਦੀ, ਜਾਣੀ ਨਹੀਂ ਜਾ ਸਕਦੀ । ਇਹ ਸਮਝਣ ਦਾ ਜਤਨ, ਕਰਨ ਤੋਂ ਬਿਨਾ ਹੀ (ਤੇਰੇ ਦਾਸਾਂ ਦਾ ਦਸ ਬਣ ਕੇ) ਤੇਰਾ ਨਾਮ ਸਿਮਰਨਾ ਚਾਹੀਦਾ ਹੈ। [ਦਰਪਣ

**ਨਿਰਣੈ :** ਪੰਜਾਬੀ ਮਹਾਨ ਕੋਸ਼ ਵਿਚ 'ਗਤਿ ਅਵਿਗਤਿ' ਦੇ ਅਰਥ ਉਤਮ ਅਤੇ ਗਤਿ, ਉਪਰ ਅਤੇ ਹੇਠ ਜਾਣ ਦੀ ਕ੍ਰਿਯਾ 'ਊਚ ਨੀਚ ਗਤਿ, ਚੜਾਉ ਉਤਰਾਉ' ਦਿਤੇ ਹਨ । ਕੋਸ਼ ਸ੍ਰੀ ਗੁਰੂ ਗ੍ਰੰਥ ਸਾਹਿਬ (ਖਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ) ਵਿਚ 'ਗਤਿ ਅਵਿਗਤਿ' ਦੇ ਹੇਠ ਲਿਖੇ ਅਰਥ ਅੰਕਿਤ ਹਨ :

(ਗਤਿ-ਪ੍ਰਾਪਤੀ, ਅਵਿਗਤ-ਤਰੀਕਾ ਸਾਧਨ) ਮੁਕਤੀ (ਯਾ ਵਾਹਿਗੁਰੂ ਦੀ ਪ੍ਰਾਪਤੀ) ਦਾ ਸਾਧਨ ਯਥਾ 'ਤੇਰੀ ਗਤਿ ਅਵਗਤਿ ਨਹੀਂ ਜਾਣੀਐ' ।

'ਗਤਿ' ਦੇ ਅਰਥ ਹਨ - ਅਵਸਥਾ 'ਅਵਿਗਤਿ' ਦੇ ਅਰਥ ਹਨ - 'ਜਾਣੂ ਹੋਣਾ', ਭਾਵ ਜਾਣਨ ਤੋਂ ਪਰੇ ਹੈ। (ਹੇ ਪ੍ਰਭੂ !) ਤੇਰੀ ਅਵਸਥਾ ਜਾਣਨ ਤੋਂ ਪਰੇ ਹੈ, 'ਨਾ ਜਾਣੀਐ'-ਭਾਵ ਕਿਸੇ ਪਾਸੋਂ ਨਹੀਂ ਜਾਣੀ ਜਾ ਸਕਦੀ।

'ਅਵਿਗਤਿ' ਪਦ ਦੇ ਅਰਥ ਸੰਬੋਧਨ ਰੂਪ ਵਿਚ ਨਹੀਂ ਹੋ ਸਕਦੇ। ਕਿਉਂਕਿ 'ਤਤਾ' ਅਖਰ ਸਿਹਾਰੀ ਸਹਿਤ ਹੈ। ਫਰੀਦਕੋਟ ਵਾਲੇ ਸਟੀਕ ਵਿਚ ਦਰਜ ਅਰਥ ਠੀਕ ਨਹੀਂ ਹਨ।

**ਨਿਰਣੈ:** ਇਥੇ ਪਰਮਾਤਮਾ ਦੀ ਵਡਿਆਈ ਦਾ ਵਰਣਨ ਹੈ। 'ਅਣਜਾਣਤ' ਦੇ ਅਰਥ 'ਸਮਝਣ ਦਾ ਜਤਨ ਕਰਨ ਤੋਂ ਬਿਨਾ ਠੀਕ ਨਹੀਂ ਹਨ। 'ਜਾਣਤ' ਦੇ ਅਰਥ ਹਨ 'ਜਾਣਦਿਆਂ' ਅਤੇ 'ਅਣਜਾਣਤ' ਦੇ ਅਰਥ ਹਨ ਬਿਨਾ ਜਾਣਦਿਆਂ ਹੀ। 'ਵਖਾਣੀਐ' ਦੇ ਅਰਥ ਹਨ ਜਪਣਾ ਚਾਹੀਦਾ ਹੈ, ਸਿਮਰਨਾ ਚਾਹੀਦਾ ਹੈ, ਠੀਕ ਨਹੀਂ ਹਨ। ਇਸ ਦੇ ਅਰਥ ਹਨ ਵਖਾਣਿਆ, '(ਜਪਿਆ) ਜਾਂਦਾ ਹੈ, ਭਾਵ ਬਿਨਾ ਜਾਣਦਿਆਂ (ਤੇਰਾ) ਨਾਮ ਜਪਿਆ ਜਾਂਦਾ ਹੈ।

**ੲ) ਨਾਨਕ ਵੇਚਾਰਾ ਕਿਆ ਕਹੈ ॥ ਸਭੁ ਲੋਕੁ ਸਲਾਹੇ ਏਕਸੈ ॥**

ਵਖ ਵਖ ਅਰਥ :

੧. ਸ੍ਰੀ ਗੁਰੂ ਜੀ ਕਹਿਤੇ ਹੈ ਮੈਂ ਵਿਚਾਰਾ ਕਯਾ ਕਥਨ ਕਰੂੰ ਸਭ ਲੋਕ ਇਕ ਤੁਝ ਕੋ ਸਲਾਹਤੇ ਹੈਂ। [ਫ.ਸ

੨. ਗਰੀਬ ਨਾਨਕ ਕੀਹ ਆਖ ਸਕਦਾ ਹੈ ? ਸਾਰਾ ਸੰਸਾਰ ਹੀ ਤੈਨੂੰ ਇਕ ਸਲਾਹ ਰਿਹਾ ਹੈ (ਤੇਰੀਆ ਸਿਫਤਾਂ ਕਰ ਰਿਹਾ ਹੈ)। [ਦਰਪਣ, ਸ਼ਬਦਾਰਥ

੩. ਵਿਚਾਰਾ ਨਾਨਕ (ਤੇਰੇ ਨਾਮ ਰੂਪ ਦੀ ਬਾਬਤ) ਕੀ ਆਖ ਸਕਦਾ ਹੈ ? ਉਹ ਤਾਂ ਤੇਰੀ ਲੁਕਾਈ ਨੂੰ ਇਕੋ ਜਿਹਾ ਸਲਾਹੁੰਦਾ ਹੈ)। [ਗੁਰੂ ਨਾਨਕ ਬਾਣੀ ਪ੍ਰਕਾਸ਼

**ਨਿਰਣੈ :** ਪੰਜਾਬੀ ਮਹਾਨ ਕੋਸ਼ ਵਿਚ 'ਏਕਸੈ' ਪਦ ਦੇ ਅਰਥ 'ਇਕ ਨੂੰ' ਦਰਜ ਹਨ ਅਤੇ ਸਿਵਾਏ 'ਗੁਰੂ ਨਾਨਕ ਬਾਣੀ ਪ੍ਰਕਾਸ਼' ਦੇ ਸਭ ਨੇ ਇਹੋ ਅਰਥ ਕੀਤੇ ਹਨ। 'ਉਹ ਤਾਂ' 'ਤੇਰੀ ਲੁਕਾਈ ਨੂੰ ਇਕੋ ਜਿਹਾ ਸਲਾਹੁੰਦਾ ਹੈ' ਇਹ ਅਰਥ ਉੱਕੇ ਹੀ ਗੁਰਮਤਿ ਨਾਲ ਮੇਲ ਨਹੀਂ ਖਾਂਦੇ। ਗੁਰੂ ਸਾਹਿਬ ਤਾਂ ਫੁਰਮਾਉਂਦੇ ਹਨ :–

**ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ॥**
**ਲੋਕਾ ਨ ਸਾਲਾਹਿ, ਜੋ ਮਰਿ ਖਾਕੁ ਥੀਈ ॥੧॥**
**ਵਾਹੁ ਮੇਰੇ ਸਾਹਿਬਾ ਵਾਹੁ॥ ਗੁਰਮੁਖਿ ਸਦਾ ਸਲਾਹੀਐ ਸਚਾ ਵੇਪਰਵਾਹੁ॥**[ਪੰ. ੭੫੫

ਸੋ ਨੰਬਰ ੨ ਵਾਲੇ ਅਰਥ ਹੀ ਗੁਰਬਾਣੀ ਦੇ ਆਸ਼ੇ ਅਨੁਸਾਰ ਹਨ।

## ਸਾਰੰਸ਼ ਅਤੇ ਸਿਧਾਂਤ

ਪਰਮਾਰਥਕ ਮਾਰਗ ਤੇ ਚਲਣ ਵਾਲਾ ਹਰੇਕ ਜਗਿਆਸੂ ਪ੍ਰਭੂ ਨੂੰ ਮਿਲਣ ਦਾ ਚਾਹਵਾਨ ਹੁੰਦਾ ਹੈ ਅਤੇ ਉਹ ਇਕ ਦੂਜੇ ਪਾਸੋਂ ਜਗਤ ਨੂੰ ਜੀਵਨ ਦੇਣ ਵਾਲੇ ਪਰਮਾਤਮਾ ਨਾਲ ਮਿਲਣ ਦੀ ਜੁਗਤੀ

ਪੁਛਦਾ ਰਹਿੰਦਾ ਹੈ, ਪਰ ਗੁਰੂ ਬਾਬਾ ਜੀ ਉਨ੍ਹਾਂ ਜੁਗਤੀਆਂ ਦਾ ਖੰਡਨ ਕਰ ਰਹੇ ਹਨ, ਜੋ ਜਗਤ ਦੇ ਲੋਕ ਅਪਨਾਈ ਬੈਠੇ ਹਨ। ਭਗਵਾਨ ਦੀ ਮੂਰਤੀ ਬਣਾ ਕੇ ਪੂਜਾ ਕਰਨੀ, ਉਸ ਨੂੰ ਫੂਲ ਚੜ੍ਹਾਉਣੇ, ਧੂਪ ਦੇਣੀ, ਇਤਾਦਿ ਕਰਮ ਕਾਂਡਾਂ ਨਾਲ ਜੀਵਨ ਦਾ ਕੁਝ ਨਹੀਂ ਸਵਰਦਾ।

ਪਰਮਾਤਮਾ ਦੇ ਦਾਸਾਂ ਦੇ ਦਾਸਾਂ ਨਾਲ ਜੀਵਨ ਸਾਂਝ ਪਾਉਣੀ, ਸੱਚਾ ਨਾਮ ਜਪਣਾ ਅਤੇ ਸਿਫਤਿ ਸਾਲਾਹ ਕਰਨੀ, ਇਹ ਨਿਰਮਲ ਕਰਮ ਕਰਨੇ ਹਨ। ਗੁਰੂ ਦੀ ਕਿਰਪਾ ਤੋਂ ਬਿਨਾ ਹੋਰ ਕਿਸੇ ਜੁਗਤੀ ਨਾਲ ਜਗਜੀਵਨ ਪ੍ਰਭੂ ਦਾ ਮਿਲਾਪ ਨਹੀਂ ਹੋ ਸਕਦਾ।

'ਅਣਜਾਣਤ ਨਾਮੁ ਵਖਾਣੀਐ' ਵਾਲੀ ਪੰਕਤੀ ਸਾਨੂੰ ਸੁਚਜੀ ਜੀਵਨ ਅਗਵਾਈ ਬਖਸ਼ਦੀ ਹੈ। ਪਰਮੇਸ਼ਰ ਦੀ ਅਵਸਥਾ, ਉਸ ਦੀ ਮਰਯਾਦਾ ਨੂੰ ਕੋਈ ਨਹੀਂ ਜਾਣ ਸਕਦਾ। ਉਸ ਦੀ ਗਤਿ ਨੂੰ ਸਮਝਣ ਦਾ ਜਤਨ ਕਰਨਾ ਹੀ ਵਿਅਰਥ ਹੈ। ਸਮਝ ਤੋਂ ਉਪਰ ਉਠ ਕੇ ਕੇਵਲ ਪਰਮੇਸ਼ਰ ਦਾ ਨਾਮ ਜਪਣਾ ਚਾਹੀਦਾ ਹੈ, ਗਿਣਤੀ ਮਿਣਤੀ ਵਿਚ ਪੈਣਾ ਨਿਰਾਰਥਕ ਹੈ।

'ਸਿਰੁ ਨਾਨਕ ਲੋਕਾ ਪਾਵ ਹੈ' ਇਤਨੀ ਨਿਰਮਾਣਤਾ ਵਾਲੀ ਬਾਣੀ ਅਜੇ ਤਕ ਕਿਸੇ ਨੇ ਨਹੀਂ ਆਖੀ। ਇਹ ਤਾਂ 'ਨੀਚਾ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚੁ। ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ' ਆਖਣ ਵਾਲੇ ਗੁਰੂ ਨਾਨਕ ਦੇਵ ਜੀ ਹੀ ਹਨ ਜੋ ਆਪਣੇ ਆਪ ਨੂੰ ਨੀਚ, ਮੂਰਖ, ਗਰੀਬ ਤੇ ਦਿਵਾ;ਨਾ ਆਖਦੇ ਹਨ। ਆਪ ਜੀ ਦੇ ਚੌਥੇ ਸਰੂਪ ਗੁਰੂ ਰਾਮਦਾਸ ਜੀ ਨੇ ਵੀ ਅਜਿਹੀ ਭਾਵਨਾ ਨੂੰ ਨਿਰੂਪਣ ਕੀਤਾ ਹੈ :–

**ਜੇਤੀ ਸਿਸਟਿ ਕਰੀ ਜਗਦੀਸਰਿ, ਤੇ ਸਭਿ ਊਚ, ਹਮ ਨੀਚ ਬਿਖਿਆਸ ॥**

**ਹਮਰੇ ਅਵਗੁਨ ਸੰਗਿ ਗੁਰ ਮੇਟੇ, ਜਨ ਨਾਨਕ ਮੇਲਿ ਲੀਏ ਪ੍ਰਭ ਪਾਸ॥**(ਪੰਨਾ ੧੨੯੫

**ਬਸੰਤੁ ਮਹਲਾ ੧ ॥ ਸੁਇਨੇ ਕਾ ਚਉਕਾ, ਕੰਚਨ ਕੁਆਰ ॥ ਰੁਪੇ ਕੀਆ ਕਾਰਾ, ਬਹੁਤੁ ਬਿਸਥਾਰੁ ॥ ਗੰਗਾ ਕਾ ਉਦਕੁ, ਕਰੰਤੇ ਕੀ ਆਗਿ ॥ ਗਰੁੜਾ ਖਾਣਾ, ਦੁਧ ਸਿਉ ਗਾਡਿ ॥੧॥ ਰੇ ਮਨ, ਲੇਖੈ ਕਬਹੂ ਨ ਪਾਇ ॥ ਜਾਮਿ ਨ ਭੀਜੈ ਸਾਚ ਨਾਇ ॥੧॥ ਰਹਾਉ ॥ ਦਸ ਅਠ ਲੀਖੇ, ਹੋਵਹਿ ਪਾਸਿ ॥ ਚਾਰੇ ਬੇਦ, ਮੁਖਾਗਰ ਪਾਠਿ ॥ ਪੁਰਬੀ ਨਾਵੈ, ਵਰਨਾਂ ਕੀ ਦਾਤਿ ॥ ਵਰਤ ਨੇਮ ਕਰੇ, ਦਿਨ ਰਾਤਿ ॥੨॥ ਕਾਜੀ ਮੁਲਾਂ ਹੋਵਹਿ ਸੇਖ ॥ ਜੋਗੀ ਜੰਗਮ, ਭਗਵੇ ਭੇਖ ॥ ਕੋ ਗਿਰਹੀ, ਕਰਮਾ ਕੀ ਸੰਧਿ ॥ ਬਿਨੁ ਬੂਝੇ, ਸਭ ਖੜੀਅਸਿ ਬੰਧਿ ॥੩॥ ਜੇਤੇ ਜੀਅ, ਲਿਖੀ ਸਿਰਿ ਕਾਰ ॥ ਕਰਣੀ ਉਪਰਿ, ਹੋਵਗਿ ਸਾਰ ॥ ਹੁਕਮੁ ਕਰਹਿ ਮੂਰਖ ਗਾਵਾਰ ॥ ਨਾਨਕ, ਸਾਚੇ ਕੇ ਸਿਫਤਿ ਭੰਡਾਰ ॥੪॥੩॥**

## ਉਚਾਰਨ ਸੇਧ

**ਬਿੰਦੀ ਸਹਿਤ :** ਕੀਆਂ ਕਾਰਾਂ, ਸਿਉਂ, ਕਬਹੂੰ, ਨਾਇਂ, ਹੋਵਹਿਂ, ਪੁਰਬੀਂ, ਕਰਮਾਂ, ਕਰਹਿਂ।

**ਫੁਟਕਲ** : 'ਨਾਵੈ' ਦਾ ਉਚਾਰਨ 'ਨ੍ਹਾਵੈ' ਕਰਨਾ ਹੈ। ਕਾਜ਼ੀ, ਸੇਖੁ।

**ਨੋਟ** : 'ਸਿਰਿ ਕਾਰ' ਪਦ ਦਾ 'ਸਿਰਿਕਾਰ' ਉਚਾਰਨ ਕਰਨਾ ਅਸ਼ੁੱਧ ਹੈ।

**ਪਦ ਅਰਥ** : ਚਉਕਾ-ਪਾਕਸ਼ਾਲ, ਰਸੋਈ। ਕੰਚਨ-ਸੋਨਾ। ਕੁਆਰ-ਕਰੂਏ, ਮਟਕੇ, ਗਾਗਰਾਂ। ਰੁਪੇ ਕੀਆ-ਚਾਂਦੀ ਦੀਆਂ। ਕਾਰਾ-ਲਕੀਰਾਂ-'ਦੇ ਕੇ ਚਉਕਾ ਕਢੀ ਕਾਰ'। ਬਹੁਤ ਬਿਕਾਰ-(ਚੌਕਾ ਸੁਚਾ ਰਖਣ ਲਈ) ਹੋਰ ਭਾਂਤ ਭਾਂਤ ਦਾ ਵਿਸਥਾਰ। ਗੰਗਾ ਕਾ ਉਦਕੁ-ਗੰਗਾ ਦਾ ਪਾਣੀ। ਕਰੰਤੇ ਕੀ ਆਗਿ- ਯੱਗ ਦੀ ਅਗਨੀ। ਗਰੁੜਾ ਖਾਣਾ-ਨਰਮ ਨਰਮ ਖਾਣਾ ਭਾਵ ਰਿੱਝੇ ਹੋਏ ਚਾਵਲ। ਦੁਧ ਸਿਉ ਗਾਡਿ-ਦੁੱਧ ਨਾਲ ਮਿਲਾ ਕੇ, ਭਾਵ ਖੀਰ ਬਣਾ ਕੇ।੧।

ਲੇਖੈ ਕਬਹੂ ਨ ਪਾਇ-ਕਦੇ ਵੀ ਲੇਖੇ ਵਿਚ ਪਰਵਾਨ (ਕਬੂਲ) ਨਹੀਂ ਹੁੰਦੇ। ਜਾਮਿ-ਜਦ ਤਕ। ਨ ਭੀਜੈ-ਭਿਜਦਾ ਨਹੀਂ, ਰੰਗਿਆ ਨਹੀਂ ਜਾਂਦਾ।੧। ਰਹਾਉ।

ਦਸ ਅਠ-ਅਠਾਰਾਂ (ਪੁਰਾਣ)। ਮੁਖਾਗਰ-ਮੂੰਹ-ਜ਼ਬਾਨੀ। ਪਾਠਿ-ਪਾਠ ਵਿਚ। ਪੁਰਬੀ ਨਾਵੈ-ਪੁਰਬਾਂ (ਖਾਸ਼ ਤਿਉਹਾਰਾਂ ਉਤੇ ਤੀਰਥ) ਇਸ਼ਨਾਨ ਕਰਦਾ ਹੋਵੇ। ਵਰਨਾ ਕੀ ਦਾਤਿ-ਵਖ ਵਖ ਵਰਨਾ ਖਤ੍ਰੀਆਂ ਬ੍ਰਾਹਮਣਾਂ ਲਈ ਜੋ ਦਾਨ ਕਰਨਾ ਲਿਖਿਆ ਹੈ (ਕਰਦਾ ਹੋਵੇ)।੨।

ਜੰਗਮ-ਜੋਗੀਆਂ ਦਾ ਫਿਰਕਾ, ਸ਼ਿਵ ਉਪਾਸਕ। ਭਗਵੇ ਭੇਖ-ਗੇਰੂ ਬਾਣੇ ਵਾਲੇ। ਕੋ-ਕੋਈ। ਗਿਰਹੀ-ਗ੍ਰਿਹਸਤੀ। ਕਰਮਾਂ ਕੀ ਸੰਧਿ-ਸ਼ਾਸਤ੍ਰ ਅਨੁਸਾਰ ਕਰਮ ਕਾਂਡ ਕਰਨ ਵਾਲੇ। ਖੜੀਅਸਿ-(ਜਮਦੂਤ) ਲੈ ਜਾਵੇਗਾ। ਬੰਧਿ-ਬੰਨ੍ਹ ਕੇ।੩।

ਸਿਰਿ-ਸਿਰ ਉਤੇ ਅਨੁਸਾਰ। ਕਰਣੀ ਉਪਰਿ-ਕਰਣੀ ਅਨੁਸਾਰ। ਹੋਵਗਿ-ਹੋਵੇਗੀ। ਸਾਰ-ਸੰਭਾਲ ਭਾਵ ਫੈਸਲਾ। ਹੁਕਮੁ ਕਰਹਿ-(ਜ਼ੋਰ ਜ਼ਬਰ ਵਾਲਾ) ਹੁਕਮ ਕਰਦੇ ਹਨ। ਮੂਰਖ ਗਾਵਾਰ-ਮਹਾਂ ਮੂਰਖ। ਭੰਡਾਰ-ਖਜ਼ਾਨੇ।੪।

**ਅਰਥ** : (ਹੇ ਭਾਈ! ਜੇ ਕੋਈ ਮਨੁੱਖ) ਸੋਨੇ ਦਾ ਚੌਕਾ (ਬਣਾ ਲਏ ਅਤੇ ਉਸ ਵਿਚ ਮਿਟੀ ਦੇ ਕਰਵਿਆਂ, ਗਾਗਰਾਂ ਦੀ ਥਾਂ) ਸੋਨੇ ਦੇ ਭਾਂਡੇ (ਗਾਗਰਾਂ ਆਦਿ ਵਰਤੇ)। (ਉਸ ਚੌਕੇ ਦੇ ਇਰਦ ਗਿਰਦ ਲਕੀਰਾਂ ਦੀ ਥਾਂ) ਚਾਂਦੀ ਦੀਆਂ ਤਾਰਾਂ ਹੋਣ, (ਚੌਕੇ ਦੀ ਸੁੱਚ ਵਾਸਤੇ ਇਤਨਾ) ਵੱਡਾ ਵਿਸਥਾਰ (ਖਿਲਾਰਾ) ਹੋਵੇ, (ਭੋਜਨ ਤਿਆਰ ਕਰਨ ਲਈ) ਗੰਗਾ ਦਾ (ਪਵਿਤਰ) ਜਲ, ਯੱਗ ਦੀਆਂ ਲਕੜਾਂ ਦੀ ਪਵਿਤਰ ਅੱਗ, (ਉਸ ਚੌਕੇ ਉਤੇ ਬੈਠ ਕੇ) ਗਊ ਦੇ ਦੁਧ ਵਿਚ ਰਿਝੇ ਹੋਏ ਚੌਲਾਂ ਦੀ (ਖੀਰ ਬਣਾ ਕੇ ਭੋਜਨ ਕਰੇ)।੧।

ਹੇ ਮਨ! (ਅਜਿਹੀ ਸੁੱਚਮ) ਕਦੇ ਵੀ (ਰਬੀ-ਲੇਖੇ ਅੰਦਰ) ਨਹੀਂ ਪੈਂਦੀ (ਭਾਵ ਰਬੀ ਦਰਬਾਰ ਵਿਚ ਓਦੋਂ ਤੱਕ ਪਰਵਾਨ ਨਹੀਂ ਹੁੰਦੀ, ਜਦੋਂ ਤਕ (ਕਿ ਮਨ) ਸਚੇ ਨਾਮ ਵਿਚ (ਤ੍ਰਿਪਤ ਨਹੀਂ ਹੁੰਦਾ)।੧। ਰਹਾਉ।

(ਹੇ ਭਾਈ! ਭਾਵੇਂ ਕਿਸੇ ਪੰਡਿਤ ਨੇ) ਅਠਾਰਾਂ ਪੁਰਾਣ ਲਿਖ ਕੇ (ਆਪਣੇ) ਪਾਸ ਰਖੇ ਹੋਣ, ਚਾਰੇ ਵੇਦਾਂ ਦਾ ਜ਼ਬਾਨੀ ਪਾਠ ਕਰਨ ਵਾਲਾ ਹੋਵੇ, ਪੁਰਬਾਂ (ਧਾਰਮਿਕ ਤਿਉਹਾਰਾਂ ਤੇ) ਇਸ਼ਨਾਨ ਕਰਦਾ ਰਹੇ,

ਵਰਣ ਆਸ਼ਰਮ ਦੇ ਧਰਮ ਅਨੁਸਾਰ) ਦਾਨ ਕਰਦਾ ਰਹੇ ਅਤੇ ਦਿਨ ਰਾਤ ਬ੍ਰਤ ਨੇਮ (ਆਦਿ ਕਰਮ) ਕਰਦਾ ਰਹੇ (ਪਰ ਪਰਮਾਤਮਾ ਨੇ ਨਾਮ ਤੋਂ ਬਿਨਾ ਹੋਰ ਕੋਈ ਕ੍ਰਿਆ ਥਾਇਂ ਨਹੀਂ ਪੈਂਦੀ) ।੨।

(ਹੇ ਭਾਈ ! ਭਾਵੇਂ ਕੋਈ) ਕਾਜ਼ੀ, ਮੁੱਲਾ ਅਤੇ ਸ਼ੇਖ ਹੋਵੇ, (ਭਾਵੇਂ ਕੋਈ) ਜੋਗੀ, ਜੰਗਮ ਹੋਵੇ, ਭਗਵੇਂ ਵੇਸ ਵਾਲਾ (ਸੰਨਿਆਸੀ) ਹੋਵੇ, (ਭਾਵੇ ਕੋਈ) ਗ੍ਰਿਹਸਤੀ ਕਰਮਾਂ ਦੀ ਸੰਧੀ ਜੋੜਨ ਵਾਲਾ (ਕਰਮ ਕਾਂਡੀ) ਹੋਵੇ, (ਪਰ ਪਰਮੇਸ਼ਰ ਦਾ ਸਚ ਵਾਲਾ) ਰਸਤਾ ਬੁਝੇ ਬਿਨਾ (ਜਮਦੂਤ) ਸਭ (ਦੋਸ਼ੀਆਂ) ਨੂੰ ਬੰਨ੍ਹ ਕੇ ਲੈ ਜਾਵੇਗਾ ।੩।

(ਹੇ ਭਾਈ !) ਜਿਤਨੇ ਵੀ ਜੀਵ ਹਨ (ਸਭ ਦੇ) ਸਿਰ ਉਤੇ (ਪ੍ਰਭੂ ਦੇ ਹੁਕਮ ਰੂਪੀ) ਕਾਰ ਲਿਖੀ ਹੋਈ ਹੈ, (ਅਗੇ ਰਬੀ ਦਰਗਾਹ ਵਿਚ ਚੰਗੀ ਮਾੜੀ) ਕਰਨੀ ਉਤੇ (ਸਭ ਦੀ) ਸਾਰ (ਸੰਭਾਲ) ਹੋਵੇਗੀ। (ਹੇ ਭਾਈ ! ਕਈ) ਮੂਰਖ, ਮਹਾਂ ਮੂਰਖ (ਜ਼ੋਰ ਜ਼ਬਰ ਨਾਲ ਦੂਜਿਆਂ ਤੇ) ਹੁਕਮ ਕਰਦੇ ਹਨ । ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਸਚੇ (ਸਾਹਿਬ) ਦੇ ਸਿਫਤਾਂ ਨਾਲ ਭੰਡਾਰੇ ਭਰੇ ਪਏ ਹਨ (ਪਰ ਇਹ ਖਜ਼ਾਨੇ ਉਨ੍ਹਾਂ ਨੂੰ ਮਿਲਦੇ ਹਨ ਜਿਨ੍ਹਾਂ ਦਾ ਮਨ ਪਰਮਾਤਮਾ ਦੇ ਨਾਮ ਵਿਚ ਭਿੱਜ ਜਾਂਦਾ ਹੈ) ।੪।੩।

## ਅਰਥ ਭੇਦ ਅਤੇ ਨਿਰਣੈ

**ਹੁਕਮੁ ਕਰਹਿ ਮੂਰਖ ਗਾਵਾਰ ॥ ਨਾਨਕ, ਸਾਚੇ ਕੇ ਸਿਫਤਿ ਭੰਡਾਰ ॥**

ਵਖ ਵਖ ਅਰਥ :

੧. ਕਰਮਾਂ ਅਨੁਸਾਰ ਕਈ ਮੂਰਖ ਹੁਕਮ ਕਰਤੇ ਹੈਂ ਅਰੁ ਕਈ ਚਤੁਰ ਭਿਖਯਾ ਮਾਂਗਤੇ ਹੈਂ । ਸ੍ਰੀ ਗੁਰੂ ਜੀ ਕਹਤੇ ਹੈਂ ਸਚੇ ਵਹੀ ਹੈਂ ਜਿਸ ਕੇ ਅੰਤਹਕਰਨ ਰੂਪ ਭੰਡਾਰ ਮੈਂ ਪਰਮੇਸ਼ਰ ਕੀ ਸਿਫਤ ਹੈ। [ਫ. ਸ.

੨. ਜੋ ਹੁਕਮ ਕਰਦੇ ਹਨ ਭਾਵ ਲੋਕਾਂ ਉਤੇ ਆਪਣੀ ਸਿਰਕਾਰ ਚਲਾਣਾ ਚਾਹੁੰਦੇ ਹਨ, ਓਹ ਮੂਰਖ ਹਨ। [ਸ਼ਬਦਾਰਥ

੩. ਜੇਹੜੇ ਬੰਦੇ ਸੁਚੇ ਕਰਮ-ਕਾਂਡ ਭੇਖ ਆਦਿਕ ਉਤੇ ਹੀ ਮਾਣ ਕਰਦੇ ਹਨ, ਉਹ ਵਡੇ ਮੂਰਖ ਹਨ। ਹੇ ਨਾਨਕ ! ਸਦਾ ਥਿਰ ਰਹਿਣ ਵਾਲੇ ਪ੍ਰਭੂ ਦੀਆਂ ਸਿਫਤਾਂ ਤੇ ਖਜ਼ਾਨੇ ਭਰੇ ਪਏ ਹਨ (ਉਹਨਾਂ ਵਿਚ ਜੁੜੋ) ਇਹੀ ਪਰਵਾਨ ਹੋਣ ਵਾਲੀ ਕਹਾਣੀ ਹੈ। [ਦਰਪਣ

੪. ਮਹਾਂ ਮੂਰਖ ਪੁਰਸ਼ ਮਾਇਆ ਵਿਚ ਅੰਨ੍ਹੇ ਹੋਏ ਹੋਏ ਸਭ ਉਤੇ ਹੁਕਮ ਕਰਦੇ ਹਨ । ਵਾ-ਪ੍ਰਭੂ ਉਤੇ ਹੁਕਮ ਕਰਦੇ ਹਨ ਕਿ ਪਰਮੇਸ਼ਰ ਨੂੰ ਇਸ ਤਰ੍ਹਾਂ ਨਹੀਂ ਕਰਨਾ ਚਾਹਦੀਾ, ਗੁਰੂ ਜੀ ਕਥਨ ਕਰਦੇ ਹਨ ਕਿ ਪ੍ਰਭੂ ਦੀਆਂ ਸਿਫਤਾਂ ਦੇ ਭੰਡਾਰੇ ਵੇਦ, ਵਾ-ਮਹਾਤਮਾ ਦੇ ਅੰਤਹਕਰਣ ਭਰੇ ਹੋਏ ਹਨ। [ਸੰ. ਸ.

**ਨਿਰਣੈ** : ਫਰੀਦਕੋਟੀ ਵਿਦਵਾਨਾਂ ਨੇ 'ਅਰ ਕਈ ਚਤੁਰ ਭਿਖਯਾ ਮਾਂਗਤੇ ਹੈਂ' ਪਤਾ ਨਹੀਂ ਕਿਹੜੀ ਪੰਗਤੀ ਦੇ ਅਰਥ ਕੀਤੇ ਹਨ। ਇਥੇ ਗਲ ਕੇਵਲ 'ਹੁਕਮ' ਕਰਨ ਦੀ ਹੈ, ਭਿਖਿਆ ਮੰਗਣ ਦੀ ਨਹੀਂ।

ਨੰਬਰ ੨ ਤੇ ੩ ਵਾਲੇ ਅਰਥ ਵੀ ਪੰਗਤੀ ਦੀ ਸ਼ਬਦਾਵਲੀ ਅਨੁਸਾਰ ਨਹੀਂ। 'ਦਰਪਣ' ਵਿਚ 'ਹੁਕਮ' ਪਦ ਦੇ ਅਰਥ ਮਾਣ ਕੀਤੇ ਗਏ ਹਨ, ਜੋ ਬਿਲਕੁਲ ਹੀ ਅਢੁਕਵੇਂ ਹਨ।

ਸੰਪ੍ਰਦਾਈ ਸਟੀਕ ਵਿਚ 'ਵਾ-ਪ੍ਰਭੂ ਉਤੇ ਹੁਕਮ ਕਰਦੇ ਹਨ' ਇਹ ਤਾਂ ਉਕੇ ਹੀ ਮਨਘੜਤ ਅਰਥ ਹਨ।

ਜਿਤਨੇ ਜੀਅ ਸੰਸਾਰ ਵਿਚ ਆਏ ਹਨ, ਸਭ ਦੇ ਸਿਰ ਉਤੇ ਕਾਰ ਕਰਨੀ ਲਿਖੀ ਹੋਈ ਹੈ ਭਾਵੇਂ ਉਹ ਚੰਗੀ ਹੈ ਜਾਂ ਮਾੜੀ, ਅੰਤ ਨਿਬੇੜਾ ਆਪੋ ਆਪਣੀ ਕਰਣੀ ਤੇ ਹੋਵੇਗਾ। ਜਿਹੜੇ ਮਨੁਖ ਭੇਖਾਂ ਦੇ ਹੰਕਾਰ ਵਿਚ ਆ ਕੇ ਇਕ ਦੂਜੇ ਤੇ ਆਪਣਾ ਹੁਕਮ ਚਲਾਂਦੇ ਹਨ, ਓਹ ਮੂਰਖ ਹਨ, ਮਹਾਂ ਮੂਰਖ ਹਨ।

'ਨਾਨਕ ਸਾਚੇ ਕੇ ਸਿਫਤਿ ਭੰਡਾਰ' ਦੇ ਇਹ ਅਰਥ ਕਰਨੇ ਕਿ 'ਸਚੇ' ਕੇ ਵੋਹੀ ਹੈਂ ਜਿਸ ਕੇ ਅੰਤਹ ਕਰਨ ਰੂਪ ਭੰਡਾਰ ਮੈਂ ਪ੍ਰਮੇਸ਼ਵਰ ਕੀ ਸਿਫਤ ਹੈ' ਠੀਕ ਨਹੀਂ ਹਨ। ਨਾਨਕ ਮੁਹਰ ਛਾਪ ਹੈ, ਇਸ ਮਗਰੋਂ ਬਿਸਰਾਮ ਦੇਣਾ ਹੈ ਤੇ 'ਸਾਚੇ ਕੇ ਸਿਫਤਿ ਭੰਡਾਰ' ਦੇ ਅਰਥ ਸਚੇ ਵਾਹਿਗੁਰੂ ਦੀ ਸਿਫਤ ਦੇ ਭੰਡਾਰ (ਭਰੇ ਪਏ ਹਨ, ਪਰ ਜਦੋਂ ਤਕ ਮਨ ਪਰਮੇਸ਼ਰ ਦੇ ਨਾਮ ਵਿਚ ਨਹੀਂ ਭਿਜਦਾ ਇਹ ਭੰਡਾਰ ਪ੍ਰਾਪਤ ਨਹੀਂ ਹੋ ਸਕਦੇ)।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਉਨ੍ਹਾਂ ਕਰਮ ਕਾਂਡੀਆਂ ਦਾ ਉਲੇਖ ਹੈ ਜੋ ਵੈਸ਼ਨੋ ਭਗਤ ਹਨ : ਚਉਕਾ ਦੇ ਕੈ ਸੁਚਾ ਹੋਇ॥ ਐਸਾ ਹਿੰਦੂ ਵੇਖਹੁ ਕੋਇ' (ਪੰਨਾ ੯੫੧) ਲੋਕੀਂ, ਚਉਕੇ ਤੇ ਗੋਬਰ ਦਾ ਪੋਚਾ ਦਿੰਦੇ ਹਨ, ਚਉਕੇ ਦੇ ਆਸ ਪਾਸ ਲਕੀਰਾਂ ਪਾਂਦੇ ਹਨ ਕਿ ਜਿਸ ਦੇ ਅੰਦਰ ਕੋਈ ਜੁਤੀ ਨ ਜਾਵੇ, ਭਾਂਡੇ ਮਾਂਜ ਕੇ, ਭਰ ਕੇ "ਨਿਤ ਉਠਿ ਕੋਰੀ ਗਾਗਰ ਆਨੈ' ਵਾਂਗ ਨਿਤ ਸੁਚਾ ਪਾਣੀ ਭਰ ਕੇ ਚਉਕੇ ਤੇ ਰਖਦੇ ਹਨ, ਖੀਰ ਆਦਿਕ ਦਾ ਭੋਜਨ ਛਕਦੇ ਹਨ, ਲਕੜੀਆਂ ਵੀ ਧੋ ਕੇ ਬਾਲਦੇ ਹਨ ਪਰ ਗੁਰੂ ਸਾਹਿਬ ਜੀ ਫੁਰਮਾਉਂਦੇ ਹਨ ਕਿ ਜਦ ਤਕ ਮਨ ਪਰਮਾਤਮਾ ਦੇ ਨਾਮ ਵਿਚ ਨਹੀਂ ਭਿਜਦਾ, ਐਸੀ ਸੁਚਮ ਕੀ ਅਰਥ ਰਖਦੀ ਹੈ ?। ਭਾਵੇਂ ਕੋਈ ਵੇਦ ਪੜ੍ਹੇ, ਭਾਵੇਂ ਦਿਨ ਰਾਤ ਵਰਤ ਰਖਦਾ ਫਿਰੇ; ਭਾਵੇਂ ਕੋਈ ਮੁਲਾਂ, ਕਾਜ਼ੀ, ਸ਼ੇਖ, ਜੋਗੀ, ਜੰਗਮ ਕਿਸੇ ਭੇਖ ਦਾ ਹੋਵੇ, ਭਾਵੇਂ ਗ੍ਰਿਹਸਤੀ ਕਿਉਂ ਨਾ ਹੋਵੇ, ਇਥੇ ਪਰਖ ਕਸਵਟੀ ਸਚੀ ਰਹਿਤ ਵਾਲੇ ਕਰਮਾਂ ਦੀ ਹੈ :--

**ਜੈਸਾ ਕਰਮੁ ਤੈਸੀ ਲਿਵ ਲਾਵੈ॥ ਸਤਿਗੁਰੁ ਪੂਛਿ ਸਹਜ ਘਰੁ ਪਾਵੈ॥(ਪੰਨਾ ੧੩੪੨**

ਪਰਮਾਤਮਾ ਦੀ ਪ੍ਰਾਪਤੀ ਦਾ ਮਾਰਗ ਜਾਣੇ ਬਿਨਾਂ ਪੁੰਨ ਦਾਨ ਆਦਿ ਕਰਮ ਕੀਤੇ ਕਿਸੇ ਲੇਖੇ ਵਿਚ ਨਹੀਂ ਪੈਂਦੇ, ਭਾਵ ਪਰਵਾਨ ਨਹੀਂ ਹੁੰਦੇ।

ਜਿਤਨੇ ਜੀਵ ਸੰਸਾਰ ਤੇ ਆਏ ਹਨ ਸਭ ਆਪੋ ਆਪਣੇ ਕਰਮਾਂ ਦੀ ਕਾਰ ਲਿਖਾ ਕੇ ਆਏ ਹਨ ਅਤੇ ਰਬੀ ਦਰਗਾਹ ਵਿਚ 'ਕਰਮੀ ਕਰਮੀ ਹੋਇ ਵੀਚਾਰੁ' ਵਾਲਾ ਵਿਧਾਨ ਕਾਇਮ ਹੈ। ਜਿਹੜੇ ਲੋਕ ਸੰਸਾਰ ਵਿਚ ਹੰਕਾਰ ਨਾਲ ਆਫਰੇ ਹੋਏ ਹਕੂਮਤ ਦੇ ਜ਼ੋਰ ਨਾਲ ਕਮਜ਼ੋਰ ਲੋਕਾਂ ਤੇ ਹੁਕਮ ਚਲਾ ਕੇ ਉਨ੍ਹਾਂ ਨੂੰ ਦਬਾਈ ਫਿਰਦੇ ਹਨ, ਓਹ ਸਭ ਮਹਾਂ ਮੂਰਖ ਹਨ।

ਜਿਹੜੇ ਲੋਕ ਰਾਜ-ਸੱਤਾ ਦੇ ਨਸ਼ੇ ਵਿਚ ਆ ਕੇ ਅਨਾਥਾਂ ਜਾ ਨਿਹੱਥਿਆਂ ਤੇ ਅਤਿਆਚਾਰ ਕਰਦੇ ਹਨ, ਉਹ ਸਾਰੇ ਮਹਾਂ-ਮੂਰਖਾਂ ਦੀ ਗਿਣਤੀ ਵਿਚ ਹੀ ਸ਼ੁਮਾਰ ਹੁੰਦੇ ਹਨ। ਰਾਜਿਆਂ ਅਤੇ ਉਨ੍ਹਾਂ ਦੇ ਅਨੁਆਈ ਹਾਕਮਾਂ ਨੇ ਧਰਮ ਨੂੰ ਕਲੰਕਿਤ ਕਰਨ ਲਈ ਭਗਤਾਂ, ਸੰਤਾਂ, ਗੁਰੂਆਂ ਅਤੇ ਅਨੇਕਾਂ ਧਰਮੀਆਂ ਨੂੰ ਜੋ ਤਸੀਹੇ ਦਿਤੇ, ਸੁਣ ਕੇ ਰੌਂਗਟੇ ਖੜੇ ਹੁੰਦੇ ਹਨ। ਕਈਆਂ ਨੂੰ ਫਾਂਸੀਆਂ ਦੇ ਤਖਤਿਆਂ ਤੇ ਲਟਕਾਇਆ, ਕਈਆਂ ਨੂੰ ਜੇਹਲਾਂ ਦੀਆਂ ਕਾਲ-ਕੋਠੜੀਆਂ ਵਿਚ ਵਰ੍ਹਿਆ ਬੱਧੀ ਬੰਦੀ ਬਣਾਇਆ। ਮੀਰ ਮਨੂ, ਅਹਿਮਦਸ਼ਾਹ ਦੁਰਾਨੀ, ਨਾਦਰ, ਔਰੰਗਜ਼ੇਬ, ਅਤੇ ਫਰਖਸੀਅਰ ਦੇ ਹੁਕਮਨਾਮਿਆਂ ਦੀ ਕਾਲੀਆਂ ਕਰਤੂਤਾਂ ਅਸੀਂ ਤਵਾਰੀਖਾਂ (ਇਤਿਹਾਸਕ ਲਿਖਤਾਂ) ਵਿਚ ਪੜ੍ਹਦੇ ਹਾਂ ਪਰ ਜੋ ਜ਼ੁਲਮ ਜੂਨ ੧੯੮੪ ਅੰਮ੍ਰਿਤਸਰ ਦੇ ਘਲੂਘਾਰੇ ਸਮੇਂ ਸਿੱਖਾਂ ਨਾਲ ਹੋਇਆ, ਸ੍ਰੀ ਗੁਰੂ ਗ੍ਰੰਥ ਸਾਹਬਿ ਜੀ ਦੇ ਪਾਵਨ ਸਰੂਪਾ ਦੀਆਂ ਬੇਅਦਬੀਆਂ ਕੀਤੀਆਂ ਗਈਆਂ, ਸਰੂਪ ਸਾੜੇ ਗਏ, ਸਿਖਾਂ ਦੇ ਕੇਸ ਕਤਲ ਕੀਤੇ ਗਏ, ਸਿਖਾਂ ਦੀਆਂ ਧੀਆਂ ਭੈਣਾ, ਮਾਤਾਵਾਂ ਦੀ ਬੇਹੁਰਮਤੀ ਦਾ ਨੰਗਾ ਨਾਚ ਖੇਡਿਆ ਗਿਆ, ਓਹ ਸਾਰੇ ਪੁਰਾਤਨ ਗਵਾਂਰਾ ਦੇ ਹੁਕਮਾਂ ਤੇ ਜ਼ੁਲਮਾਂ ਨੂੰ ਵੀ ਮਾਤ ਪਾਂਦਾ ਹੈ। ਇਨ੍ਹਾਂ ਬਾਰੇ ਕਈ ਪੁਸਤਕਾਂ ਅੰਗਰੇਜ਼ੀ ਤੇ ਪੰਜਾਬੀ ਵਿਚ ਲਿਖੀਆਂ ਗਈਆਂ ਪਰ 'ਕਿਉਂ ਕੀਤੇ ਵੇਸਾਹੁ ?' ਪੁਸਤਕ (ਜੋ ਪ੍ਰੋ . ਨਰੈਣ ਸਿੰਘ ਜੀ ਐਮ. ਏ ਸਕੱਤਰ, ਗੁਰੂ ਨਾਨਕ ਦੇਵ ਮਿਸ਼ਨ ਪਟਿਆਲਾ ਨੇ ਲਿਖੀ ਹੈ) ਵਿਸ਼ੇਸ਼ ਤੌਰ ਤੇ ਪੜ੍ਹਨ ਜੋਗ ਹੈ। ਰਾਜਮਦ ਵਿਚ ਅੰਨ੍ਹੇ, ਹੋਏ ਮਨੁੱਖਾਂ ਨੂੰ ਪਾਪ ਕਰਨ ਸਮੇਂ ਕੁਝ ਨਹੀਂ ਦਿਸਦਾ ਪਰ ਅਗੇ ਜਾ ਕੇ ਪਤਾ ਲਗੇਗਾ, ਜਿਥੇ ਕੀਤੇ ਜ਼ੁਲਮ ਦੀ ਜਵਾਬ ਤਲਬੀ ਹੋਣੀ ਹੈ :—

ੳ) **ਹੁਕਮ ਕੀਏ ਮਨ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥**
**ਨੰਗਾ ਦੋਜਕਿ ਚਾਲਿਆ, ਤਾ ਦਿਸੈ ਖਰਾ ਡਰਾਵਣਾ ॥** [ਪੰਨਾ ੪੭੧

ਅ) **ਅਗੈ ਕਰਣੀ ਕੀਰਤਿ ਵਾਚੀਐ, ਬਹਿ ਲੇਖਾ ਕਰਿ ਸਮਝਾਇਆ॥**
**ਥਾਉ ਨ ਹੋਵੀ ਪਉਦੀਈ, ਹੁਣਿ ਸੁਣੀਐ ਕਿਆ ਰੂਆਇਆ॥** [ਪੰਨਾ੪੬੪

ਸਿਧਾਂਤ ਇਹ ਹੈ ਕਿ ਪਰਮਾਤਮਾ ਦੇ ਸਿਫਤੀ ਦੇ ਭੰਡਾਰ ਉਨ੍ਹਾਂ ਨੂੰ ਪ੍ਰਾਪਤ ਹੁੰਦੇ ਹਨ ਜਿਨ੍ਹਾਂ ਦਾ ਮਨ ਕੋਮਲ ਹੁੰਦਾ ਹੈ ਅਤੇ ਪਰਮਾਤਮਾ ਦੇ ਨਾਮ ਵਿਚ ਤ੍ਰਿਪਤ ਹੋਇਆ ਰਹਿੰਦਾ ਹੈ।

**ਬਸੰਤੁ ਮਹਲਾ ੩ ਤੀਜਾ ॥ ਬਸਤ੍ਰ ਉਤਾਰਿ ਦਿਗੰਬਰੁ ਹੋਗੁ ॥ ਜਟਾ ਧਾਰਿ, ਕਿਆ ਕਮਾਵੈ ਜੋਗੁ ॥ ਮਨੁ ਨਿਰਮਲੁ ਨਹੀ, ਦਸਵੈ ਦੁਆਰ ॥ ਭ੍ਰਮਿ ਭ੍ਰਮਿ ਆਵੈ ਮੂੜਾ, ਵਾਰੋ ਵਾਰ॥੧॥ ਏਕੁ ਧਿਆਵਹੁ, ਮੂੜ੍ਹ ਮਨਾ॥ ਪਾਰਿ ਉਤਰਿ ਜਾਹਿ, ਇਕ ਖਿਨਾਂ ॥੧॥ਰਹਾਉ॥ ਸਿਮ੍ਰਿਤਿ ਸਾਸਤ੍ਰ ਕਰਹਿ ਵਖਿਆਣ॥ ਨਾਦੀ ਬੇਦੀ ਪੜ੍ਹਹਿ ਪੁਰਾਣ ॥ ਪਾਖੰਡ ਦ੍ਰਿਸਟਿ, ਮਨਿ ਕਪਟੁ ਕਮਾਹਿ॥ ਤਿਨ ਕੈ ਰਮਈਆ ਨੇੜਿ ਨਾਹਿ ॥੨॥ ਜੇ ਕੋ, ਐਸਾ ਸੰਜਮੀ ਹੋਇ॥ ਕ੍ਰਿਆ ਵਿਸੇਖ, ਪੂਜਾ ਕਰੇਇ॥ ਅੰਤਰਿ ਲੋਭੁ, ਮਨੁ ਬਿਖਿਆ ਮਾਹਿ॥ ਓਇ, ਨਿਰੰਜਨੁ ਕੈਸੇ ਪਾਹਿ॥੩॥ ਕੀਤਾ ਹੋਆ, ਕਰੇ ਕਿਆ ਹੋਇ**

॥ ਜਿਸਨੋ ਆਪਿ ਚਲਾਏ ਹੋਇ ॥ ਨਦਰਿ ਕਰੇ, ਤਾ ਭਰਮੁ ਚੁਕਾਏ ॥ ਹੁਕਮੈ ਬੂਝੈ, ਤਾਂ ਸਾਚਾ ਪਾਏ॥੪॥ ਜਿਸੁ ਜੀਉ ਅੰਤਰੁ, ਮੈਲਾ ਹੋਇ ॥ ਤੀਰਥ ਭਵੈ ਦਿਸੰਤਰ ਲੋਇ ॥ ਨਾਨਕ, ਮਿਲੀਐ ਸਤਿਗੁਰ ਸੰਗ ॥ ਤਉ ਭਵਜਲ ਕੇ ਤੂਟਸਿ ਬੰਧ ॥੫॥੪॥

## ਉਚਾਰਨ ਸੇਧ

**ਬਿੰਦੀ ਸਹਿਤ** : ਨਹੀਂ, ਦਸਵੈਂ, ਜਾਹਿਂ, ਕਰਹਿਂ, ਪੜਹਿਂ, ਕਮਾਹਿਂ, ਨਾਹਿਂ, ਮਾਹਿਂ, ਪਾਹਿਂ ।

**ਨੋਟ** : ਅੰਕ '੩' ਤੋਂ ਬਾਅਦ ਤੀਜਾ ਇਸ ਗਲ ਦਾ ਸੰਕੇਤਕ ਹੈ ਕਿ ੩ ਨੂੰ 'ਤੀਜਾ' ਪੜ੍ਹਨਾ ਹੈ, ਤਿੰਨ ਨਹੀਂ ਉਚਾਰਨਾ ।

**ਪਦ ਅਰਥ** : ਉਤਰਿ-ਲਾਹ ਕੇ । ਦਿਗੰਬਿਰੁ-ਇਕ (ਦਿਸ਼ਾ) ਤਕ ਜਿਸ ਦੇ ਅੰਬਰ (ਕਪੜੇ ਹੋਣ), ਨਾਂਗਾ ਸਾਧੂ। ਹੋਗੁ-(ਜੋ) ਹੋਵੇਗਾ। ਜਟਾ ਧਾਰਿ-(ਸਿਰ ਤੇ) ਜਟਾਂ ਰਖ ਕੇ। ਕਿਆ-ਕਿਹੜਾ?। ਦਸਵੈ ਦੁਆਰ-ਦਸਮ ਦੁਆਰ ਵਿਚ । ਭ੍ਰਮਿ ਭ੍ਰਮਿ-ਭਟਕ ਭਟਕ ਕੇ । ਮੂੜਾ-ਮੂਰਖ । ਵਾਰੋ ਵਾਰ-ਮੁੜ ਮੁੜ ।੧। ਮੂੜ ਮਨਾ-ਹੇ ਮੂਰਖ ਮਨ!। ਖਿਨਾ-ਖਿਨ (ਪਲ) ਵਿਚ।੧।ਰਹਾਉ।

ਕਰਹਿ ਵਖਿਆਣ-(ਲੈਕਚਰ) ਭਾਸ਼ਨ ਕਰਦੇ ਹਨ। ਨਾਦੀ-ਇਕ ਸ਼ਬਦ ਦੇ ਅਭਿਆਸੀ, ਨਾਦ ਵਜਾਣ ਵਾਲੇ। ਬੇਦ-ਵੇਦਾਂ ਦੇ(ਅਭਿਆਸੀ)। ਪੜਹਿ ਪੁਰਾਣ-(ਸ਼ਾਸ਼ਤ੍ਰ)ਪੁਰਾਣ ਆਦਿ ਪੜ੍ਹਦੇ ਹਨ। ਪਾਖੰਡ-ਦੰਭ, ਭੇਖ ਕਰਨ ਵਾਲੇ। ਮਨਿ-ਮਨ ਵਿਚ। ਕਪਟੁ-ਖੋਟ। ਕਮਾਹਿ-ਕਮਾਉਂਦੇ ਹਨ। ਰਮਈਆ-ਹਰੀ ।੨।

ਸੰਜਮੀ-ਇੰਦ੍ਰੀਆਂ ਨੂੰ ਕਾਬੂ ਕਰਨ ਦੇ ਜਤਨ ਕਰਨ ਵਾਲਾ । ਕ੍ਰਿਆ ਵਿਸੇਖ-ਵਿਸ਼ੇਸ਼ ਕਿਸਮ ਦੀ ਕ੍ਰਿਆ । ਕਰੇਇ-ਕਰਦਾ ਹੈ । ਅੰਤਰਿ-ਅੰਦਰ । ਬਿਖਿਆ ਮਾਹਿ-ਮਾਇਆ ਵਿਚ । ਓਇ-ਓਹ (ਕਰਮਕਾਂਡੀ) । ਨਿਰੰਜਨੁ-ਮਾਇਆ-ਰਹਿਤ ਹਰੀ । ਕੈਸੇ ਪਾਹਿ-ਕਿਸ ਤਰ੍ਹਾਂ ਪ੍ਰਾਪਤ ਕਰ ਸਕਦੇ ਹਨ? (ਭਾਵ ਨਹੀਂ ਕਰ ਸਕਦੇ)।੩।

ਕੀਤਾ ਹੋਆ-(ਪਰਮਾਤਮਾ ਦਾ ਪੈਦਾ) ਕੀਤਾ ਹੋਇਆ (ਜੀਵ) । ਕਰੇ-ਜੇ (ਕੁਝ) ਕਰੇ । ਕਿਆ ਹੋਇ-ਜੀਵ ਦੇ ਕੀਤਿਆਂ ਕੀ ਹੋ ਸਕਦਾ ਹੈ ? । ਨਦਰਿ-(ਮਿਹਰ ਦੀ) ਨਜ਼ਰ । ਭਰਮੁ-ਭਟਕਣਾ । ਚੁਕਾਏ-ਦੂਰ ਕਰਦਾ ਹੈ । ਹੁਕਮੈ ਬੂਝੈ-(ਰਬੀ) ਹੁਕਮ ਨੂੰ (ਜੋ) ਸਮਝਦਾ ਹੈ ।੪। ਅੰਤਰੁ-ਹਿਰਦਾ । ਦਿਸੰਤਰ-ਦੇਸ਼ਾਂ ਅੰਦਰ । ਲੋਇ-ਲੋਕਾਂ ਵਿਚ । ਤੂਟਸਿ ਬੰਧ-ਬੰਧਨ ਟੁਟਦੇ ਹਨ ।੫।

**ਅਰਥ** : (ਹੇ ਭਾਈ ! ਜੇ ਕੋਈ ਮਨੁੱਖ ਆਪਣੇ) ਕਪੜੇ ਉਤਾਰ ਕੇ ਨੰਗਾ ਹੋ ਜਾਂਦਾ ਹੈ, (ਕੀ ਇਸ ਤਰ੍ਹਾਂ ਉਹ) ਦਿਗੰਬਰ ਸਾਧੂ ਬਣ ਜਾਂਦਾ ਹੈ ? ਨਹੀਂ । (ਇਸੇ ਤਰ੍ਹਾਂ) ਜੇ ਜਟਾ ਧਾਰ ਕੀ ਕੋਈ ਜੋਗ ਕਮਾ ਸਕਦਾ ਹੈ ? (ਇਹ ਵੀ ਠੀਕ ਨਹੀਂ ਹੈ) । ਦਸਮ ਦੁਆਰ ਵਿਚ (ਸੁਆਸ ਚੜ੍ਹਾਇਆਂ ਵੀ) ਮਨ ਪਵਿਤ੍ਰ ਨਹੀਂ ਹੁੰਦਾ । (ਅਜਿਹੇ ਕੰਮ ਕਰਕੇ) ਮੂਰਖ (ਮਨੁੱਖ) ਭਟਕ ਭਟਕ ਕੇ (ਮੁੜ ਮੁੜ) ਆਉਂਦਾ ਹੈ ਭਾਵ ਜਨਮ ਲੈਂਦਾ ਰਹਿੰਦਾ ਹੈ ।੧।

ਹੇ ਮੂਰਖ ਮਨ ! ਇਕ (ਪਰਮਾਤਮਾ) ਨੂੰ ਧਿਆ, (ਭਾਵ ਸਿਮਰ, ਇਸ ਦੇ ਫਲ ਸਰੂਪ ਤੂੰ)

ਸੰਸਾਰ (ਸਮੁੰਦਰ) ਤੋਂ ਇਕ ਖਿਨ ਵਿਚ ਪਾਰ ਲੰਘ ਜਾਵੇਂਗਾ ।੧। ਰਹਾਉ ।

(ਹੇ ਮਨ ! ਪੰਡਤ ਲੋਕ) ਸਿਮ੍ਰਤੀਆਂ ਤੇ ਸਾਸਤ੍ਰਾਂ (ਨੂੰ ਪੜ੍ਹ ਪੜ੍ਹ ਕੇ ਇਨ੍ਹਾਂ ਦਾ) ਵਖਿਆਨ ਕਰਦੇ ਹਨ (ਭਾਸ਼ਨ ਦਿੰਦੇ ਹਨ)। ਨਾਦ ਵਜਾਉਣ ਵਾਲੇ (ਇਕ ਸ਼ਬਦ ਦਾ ਅਭਿਆਸ ਕਰਦੇ ਹਨ), ਵੇਦਾਂ ਦੇ (ਪਾਠੀ) ਪੁਰਾਣ ਪੜ੍ਹਦੇ ਹਨ । (ਜਿਹੜੇ ਲੋਕ) ਪਖੰਡ ਵਾਲੀ ਦ੍ਰਿਸ਼ਟੀ ਨਾਲ (ਆਪਣੇ) ਮਨ ਵਿਚ ਖੋਟ ਕਮਾਉਂਦੇ ਹਨ, ਪਰਮਾਤਮਾ (ਅਜਿਹੇ ਮਨੁੱਖਾਂ ਦੇ ਉਕਾ ਹੀ) ਨੇੜੇ ਨਹੀਂ ਢੁਕਦਾ ।੨।

(ਹੇ ਭਾਈ!) ਜੇ ਕੋਈ ਇਹੋ ਜਿਹ ਸੰਜਮੀ ਆਪਣੇ (ਇੰਦ੍ਰੀਆਂ ਤੇ ਕਾਬੂ ਪਾਉਣ ਵਾਲਾ ਮਨੁੱਖ) ਹੋਵੇ, (ਉਹ) ਵਿਸ਼ੇਸ਼ (ਕ੍ਰਿਆ ਦੁਆਰਾ) ਪੂਜਾ ਵੀ ਕਰਦਾ ਹੋਵੇ, (ਜੇ ਉਸ ਦੇ) ਅੰਦਰ ਲੋਭ ਹੈ (ਅਤੇ ਉਸ ਦਾ) ਮਨ ਮਾਇਆ ਵਿਚ (ਫਸਿਆ ਹੋਵੇ), ਓਹ (ਮਨੁੱਖ) ਮਾਇਆ ਰਹਿਤ ਹਰੀ ਨੂੰ ਕਿਸ ਤਰ੍ਹਾਂ ਪਾ ਸਕਦਾ ਹੈ ? (ਭਾਵ ਪ੍ਰਾਪਤ ਨਹੀਂ ਕਰ ਸਕਦਾ) ।੩।

(ਜਿਹੜਾ ਜੀਵ ਪ੍ਰਭੂ ਦਾ ਪੈਦਾ) ਕੀਤਾ ਹੋਇਆ ਹੈ (ਇਸ ਦੇ) ਕੀਤਿਆਂ ਕੀ ਹੋ ਸਕਦਾ ਹੈ ? (ਹਾਂ) ਜਿਸ (ਜੀਵ) ਨੂੰ (ਪ੍ਰਭੂ) ਆਪ (ਜਿਸ ਪਾਸੇ) ਲਾਉਂਦਾ ਹੈ, (ਭਾਵ ਜਿਹੋ ਜਿਹੀ ਸੋਧ ਦੇਂਦਾ ਹੈ) ਉਹ (ਉਸ ਪਾਸੇ ਹੀ ਜਾਂਦਾ ਹੈ) । (ਜਿਸ ਮਨੁੱਖ ਉਤੇ ਪ੍ਰਭੂ ਆਪਣੀ ਮਿਹਰ ਦੀ) ਨਜ਼ਰ ਕਰ ਦੇਵੇ, (ਉਸ ਦੇ ਹਿਰਦੇ ਦਾ) ਭਰਮ ਦੂਰ ਕਰ ਦੇਂਦਾ ਹੈ । (ਜਦੋਂ ਉਹ ਪ੍ਰਭੂ ਦਾ) ਹੁਕਮ ਸਮਝਦਾ ਹੈ ਤਾਂ (ਉਹ) ਸਦਾ ਥਿਰ ਰਹਿਣ ਵਾਲੇ ਹਰੀ ਨੂੰ ਪਾ ਲੈਂਦਾ ਹੈ ।੪।

(ਹੇ ਭਾਈ !) ਜਿਸ (ਜੀਵ ਦਾ) ਹਿਰਦਾ (ਮਾਇਆ ਦੇ ਵਿਕਾਰਾਂ ਨਾਲ) ਮੈਲਾ ਹੋ ਜਾਂਦਾ ਹੈ (ਜੇ ਉਹ) ਤੀਰਥਾਂ ਉਤੇ, ਹੋਰ ਦੇਸ਼ਾਂ ਅੰਦਰ, ਅਤੇ ਲੋਕਾਂ ਵਿਚ ਫਿਰਦਾ ਰਹੇ (ਤਾਂ ਵੀ ਉਸ ਦਾ ਹਿਰਦਾ ਨਿਰਮਲ ਨਹੀਂ ਹੁੰਦਾ) । ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਜਦੋਂ) ਸਤਿਗੁਰੂ ਦਾ ਸੰਗ ਪ੍ਰਾਪਤ ਹੋ ਜਾਂਦਾ ਹੈ, ਤਦੋਂ ਸੰਸਾਰ ਦੇ ਬੰਧਨ ਟੁੱਟ ਜਾਂਦੇ ਹਨ (ਇਹ ਮਨ ਨਿਰਮਲ ਹੁੰਦਾ ਹੈ)।੫॥੪।

## ਸਾਰੰਸ਼ ਅਤੇ ਸਿਧਾਂਤ

ਵਖ ਵਖ ਫ਼ਿਰਕਿਆਂ ਦੇ ਲੋਕ ਕਈ ਪ੍ਰਕਾਰ ਦੇ ਭੇਖ ਕਰਕੇ ਸੰਜਮ ਕਰਕੇ, ਪ੍ਰਾਣਾਯਾਮ ਇੜਾ ਪਿੰਗਲਾ ਰਾਹੀਂ ਸੁਆਸਾਂ ਦੀ ਕ੍ਰਿਆ ਕਰਕੇ ਆਪਣਾ ਮਨ ਨਿਰਮਲ ਕਰਨ ਦਾ ਜਤਨ ਕਰਦੇ ਹਨ ਪਰ ਓਹ ਸਫਲ ਨਹੀਂ ਹੁੰਦੇ । ਦਸਮ ਦੁਆਰ ਸੁਆਸ ਚੜ੍ਹਾਉਣ ਨਾਲ ਵੀ ਮਨ ਨਿਰਮਲ ਨਹੀਂ ਹੁੰਦਾ । ਇਸ ਲਈ ਪਵਿਤਰ ਹੋਣ ਦਾ ਇਕੋ ਸਾਧਨ ਹੈ :--

**ਏਕੁ ਧਿਆਵਹੁ ਮੂੜ ਮਨਾ ॥ ਪਾਰਿ ਉਤਰਿ ਜਾਹਿ ਇਕ ਖਿਨਾ॥**

ਭਾਵ ਪਰਮਾਤਮਾ ਦਾ ਨਾਮ ਸਿਮਰੋ, 'ਬਾਰੰਬਾਰ' ਧਿਆਉਂਦਿਆਂ, ਸਿਮਰਦਿਆਂ ਪਾਪਾਂ ਦੀ ਮੈਲ ਉਤਰ ਜਾਂਦੀ ਹੈ, ਮਲ ਨਿਰਮਲ ਹੋ ਜਾਂਦਾ ਹੈ । ਸ੍ਰੀ ਗੁਰੂ ਅਮਰਦਾਸ ਜੀ ਦੇ ਪਾਵਨ ਬਚਨ ਹਨ :

**੧. ਜਿਨੀ ਗੁਰਮੁਖਿ ਨਾਮੁ ਧਿਆਇਆ, ਵਿਚਹੁ ਆਪੁ ਗਵਾਇ ॥**
**ਓਇ ਅੰਦਰਹੁ ਬਾਹਰਹੁ ਨਿਰਮਲੇ, ਸਚੇ ਸਚਿ ਸਮਾਇ॥** [ਪੰਨਾ ੨੮

**੨. ਸਬਦਿ ਰਤੇ ਸੇ ਨਿਰਮਲੇ, ਤਜਿ ਕਾਮ ਕ੍ਰੋਧੁ ਅਹੰਕਾਰੁ ॥**

ਨਾਮੁ ਸਲਾਹਨਿ ਸਦ ਸਦਾ, ਹਰਿ ਰਾਖਹਿ ਉਰ ਧਾਰਿ ॥ [ਪੰਨਾ ੫੮

ਗੁਰਬਾਣੀ ਵਿਚ ਮਨ ਨੂੰ ਇਸ ਤਰ੍ਹਾਂ ਸਮਝਾਇਆ ਹੈ :

ਸਾਧਸੰਗਤਿ ਹੋਇ ਨਿਰਮਲਾ, ਕਟੀਐ ਜਮ ਕੀ ਫਾਸ ॥ [ਪੰਨਾ ੪੪

ਜਦੋਂ ਗੁਰੂ ਸਾਧੂ ਦੀ ਸੰਗਤ ਮਿਲ ਜਾਂਦੀ ਹੈ, ਫਿਰ ਸੰਸਾਰ ਦੇ ਸਾਰੇ ਬੰਧਨ ਟੁਟ ਜਾਂਦੇ ਹਨ :

ਤੂਟੇ ਬੰਧਨ ਜਾਸੁ ਕੇ, ਹੋਆ ਸਾਧੂ ਸੰਗੁ ॥<br>
ਜੋ ਰਾਤੇ ਰੰਗ ਏਕ ਕੈ, ਨਾਨਕ ਗੂੜਾ ਰੰਗੁ ॥ [ਪੰਨਾ ੨੫੨

ਸਿਧਾਂਤ ਇਹ ਹੈ ਕਿ ਸਿਮਰਤ ਸਾਸਤ੍ਰ ਦੇ ਦਸੇ ਕਰਮ ਕਾਂਡਾਂ ਦੇ ਸੰਜਮਾਂ ਵਿਚ ਪੈਣ ਦੀ ਲੋੜ ਨਹੀਂ, ਪਖੰਡ ਦ੍ਰਿਸ਼ਟੀ ਵਾਲਿਆਂ ਦੀ ਸੰਗਤ ਨਹੀਂ ਕਰਨੀ । ਜਦੋਂ ਤਕ 'ਅੰਤਰਿ ਲੋਭੁ, ਮਨੁ ਬਿਖਿਆ ਮਾਹਿ' ਹੈ ਉਦੋਂ ਤਕ ਅਧਿਆਤਮਕ ਤੌਰ ਤੇ ਜੀਵਨ ਦੀ ਪ੍ਰਗਤੀ ਨਹੀਂ ਹੋ ਸਕਦੀ । ਮਨ ਨੂੰ ਸ਼ੁੱਧ ਕਰਨ ਦੀ ਲੋੜ ਹੈ, ਇਹ ਤੀਰਥਾਂ ਦੇ ਇਸ਼ਨਾਨ ਨਾਲ ਸ਼ੁੱਧ ਨਹੀਂ ਹੁੰਦਾ, ਇਸ ਨੇ ਪਰਮੇਸ਼ਰ ਦਾ ਨਾਮ ਜਪਣ ਨਾਲ ਹੀ ਸ਼ੁੱਧ ਹੋਣਾ ਹੈ :–

ਮਨੁ ਤਨੁ ਸੁਧੁ ਜਪਤ ਹਰਿ ਨਾਇ ॥ [ਪੰਨਾ ੨੯੯

ਭਗਤ ਕਬੀਰ ਜੀ ਲਿਖਦੇ ਹਨ :

੧. ਜੋ ਜਨ ਲੇਹਿ ਖਸਮ ਕਾ ਨਾਉ ॥ ਤਿਨ ਕੈ ਸਦ ਬਲਿਹਾਰੈ ਜਾਉ ॥੧॥<br>
ਸੋ ਨਿਰਮਲੁ ਨਿਰਮਲ ਹਰਿ ਗੁਨ ਗਾਵੈ॥ ਸੋ ਭਾਈ ਮੇਰੈ ਮਨਿ ਭਾਵੈ॥ [ਪੰ. ੩੨੮<br>
੨. ਨਿਰਮਲ ਤੇ, ਜੋ ਰਾਮਹਿ ਜਾਨ ॥ [ਪੰਨਾ ੧੧੫੮

ਇਸ ਜੁਗਤੀ ਨਾਲ ਜੀਵ ਜਪ ਤਪ ਸੰਜਮ ਤੇ ਕਰਮਾਂ ਦੇ ਬੰਧਨ ਤੋੜ ਕੇ ਕਰਤਾਰ ਦੇ ਦਰਬਾਰ ਵਿਚ ਜਾ ਪਹੁੰਚਦਾ ਹੈ ।

**ਬਸੰਤੁ ਮਹਲਾ ੧ ॥ ਸਗਲ ਭਵਨ, ਤੇਰੀ ਮਾਇਆ ਮੋਹ ॥ ਮੈ ਅਵਰੁ ਨ ਦੀਸੈ, ਸਰਬ ਤੋਹ ॥ ਤੂ, ਸੁਰਿ ਨਾਥਾ ਦੇਵਾ ਦੇਵ ॥ ਹਰਿਨਾਮੁ ਮਿਲੈ, ਗੁਰ ਚਰਨ ਸੇਵ ॥ ੧ ॥ ਮੇਰੇ ਸੁੰਦਰ ਗਹਿਰ ਗੰਭੀਰ ਲਾਲ ॥ ਗੁਰਮੁਖਿ ਰਾਮਨਾਮ ਗੁਨ ਗਾਏ, ਤੂ ਅਪਰੰਪਰੁ ਸਰਬ ਪਾਲ॥ ੧ ॥ ਰਹਾਉ ॥ ਬਿਨੁ ਸਾਧ, ਨ ਪਾਈਐ ਹਰਿ ਕਾ ਸੰਗੁ ॥ ਬਿਨੁ ਗੁਰ ਮੈਲ ਮਲੀਨ ਅੰਗੁ ॥ ਬਿਨੁ ਹਰਿਨਾਮ, ਨ ਸੁਧੁ ਹੋਇ ॥ ਗੁਰ ਸਬਦਿ ਸਲਾਹੇ, ਸਾਚੁ ਸੋਇ ॥ ੨ ॥ ਜਾ ਕਉ ਤੂ ਰਾਖਹਿ, ਰਖਨਹਾਰ ॥ ਸਤਿਗੁਰੂ ਮਿਲਾਵਹਿ, ਕਰਹਿ ਸਾਰ ॥ ਬਿਖੁ ਹਉਮੈ ਮਮਤਾ ਪਰਹਰਾਇ ॥ ਸਭਿ ਦੂਖ ਬਿਨਾਸੇ, ਰਾਮਰਾਇ ॥ ੩ ॥ ਊਤਮ ਗਤਿ ਮਿਤਿ, ਹਰਿ ਗੁਨ ਸਰੀਰ ॥ ਗੁਰਮਤਿ ਪ੍ਰਗਟੇ ਰਾਮਨਾਮੁ ਹੀਰ ॥ ਲਿਵ ਲਾਗੀ ਨਾਮਿ, ਤਜਿ ਦੂਜਾ ਭਾਉ ॥ ਜਨ ਨਾਨਕ, ਹਰਿ ਗੁਰੁ ਗੁਰ ਮਿਲਾਉ ॥੪॥੫॥**

## ਉਚਾਰਨ ਸੇਧ

**ਬਿੰਦੀ ਸਹਿਤ :** ਨਾਥਾਂ, ਦੇਵਾਂ, ਮਿਲਾਵਹਿਂ, ਕਰਹਿਂ ।

**ਪਦ ਅਰਥ :** ਸਗਲ ਭਵਨ-ਸਾਰੇ ਭਵਨਾਂ (ਲੋਕਾਂ) ਵਿਚ । ਅਵਰੁ-ਹੋਰ । ਤੋਹ-ਤੂੰ ਹੀ । ਸੁਰਿ ਨਾਥਾ-ਵੱਡੇ ਨਾਥਾਂ । ਦੇਵਾ ਦੇਵ-ਦੇਵਤਿਆਂ ਦਾ ਸ਼ੋਮਣੀ ਦੇਵਤਾ।੧।

ਸੁੰਦਰ-ਸੋਹਣੇ । ਗਹਿਰ ਗੰਭੀਰ-ਡੂੰਘੀ ਵਿਚਾਰ ਵਾਲੇ । ਲਾਲ-ਪਿਆਰੇ । ਗੁਰਮੁਖਿ-ਗੁਰੂ ਦੀ ਰਾਹੀਂ । ਅਪਰੰਪਰੁ-ਪਰੇ ਤੋਂ ਪਰੇ, ਬੇਅੰਤ । ਸਰਬ ਪਾਲ-ਹੇ ਸਭ ਦੇ ਪਾਲਣ ਵਾਲੇ!।੧।ਰਹਾਉ।

ਮੈਲ ਮਲੀਨ ਅੰਗ-ਮੈਲ ਨਾਲ ਅੰਗ (ਸਰੀਰ) ਗੰਦਾ ਰਹਿੰਦਾ ਹੈ। ਸੁਧੁ-ਪਵਿੱਤਰ। ਗੁਰ ਸਬਦਿ ਸਲਾਹੇ-(ਜੋ) ਗੁਰੂ ਦੇ ਸ਼ਬਦ ਦੁਆਰਾ(ਹਰੀ ਨੂੰ) ਸਲਾਹੁੰਦਾ ਹੈ। ਸਾਚੁ ਸੋਇ-ਓਹੀ ਸੱਚਾ ਹੈ।੨।

ਰਾਖਹਿ-ਰਖਣਾ ਚਾਹੇਂ।ਰਖਨਹਾਰ-ਹੇ ਰਖਣ(ਬਚਾਉਣ)ਵਾਲੇ!। ਮਿਲਾਵਹਿ-ਮਿਲਾ ਦਿੰਦਾ ਹੈ। ਕਰਹਿ ਸਾਰ-ਸੰਭਾਲ ਕਰਦਾ ਹੈ। ਬਿਖੁ ਹਉਮੈ-ਮਮਤਾ ਹਉਮੈ ਤੇ ਮਮਤਾ ਦੀ ਜ਼ਹਿਰ। ਪਰਹਰਾਇ-ਦੂਰ ਕਰਾਉਂਦਾ ਹੈ। ਰਾਮ ਰਾਇ-ਹੇ ਰਾਮ ਰਾਜੇ!।੩।

ਉਤਮ ਗਤਿ ਮਿਤਿ-ਉਚੀ ਆਤਮਿਕ ਅਵਸਥਾ। ਹੀਰ-ਹੀਰੇ । ਤਜਿ-ਛਡ ਕੇ। ਦੂਜਾ ਭਾਉ-ਦਵੈਤ ਭਾਵ। ਗੁਰ ਮਿਲਾਉ-ਗੁਰੂ ਦਾ ਮਿਲਾਪ ।੪।

**ਅਰਥ :** (ਹੇ ਪ੍ਰਭੂ !) ਸਾਰੇ ਭਵਨਾ (ਲੋਕਾਂ) ਵਿਚ ਤੇਰੀ ਮਾਇਆ ਦਾ ਮੋਹ ਪਸਰਿਆ ਹੋਇਆ ਹੈ, ਮੈਨੂੰ ਹੋਰ ਕੋਈ ਨਹੀਂ ਦਿਸਦਾ, ਸਭ ਤੂੰਹੀ ਹੈਂ । ਤੂੰ ਵੱਡੇ ਨਾਥਾਂ, ਦੇਵਤਿਆਂ ਦਾ ਦੇਵ, ਸ਼੍ਰੋਮਣੀ (ਪ੍ਰਕਾਸ਼ਕ) ਹੈਂ । ਗੁਰੂ ਦੇ ਚਰਨਾ ਦੀ ਸੇਵਾ ਕੀਤਿਆਂ ਹੀ (ਤੈਂ) ਹਰੀ ਦਾ ਨਾਮ ਮਿਲਦਾ ਹੈ ।੧।

ਹੇ ਮੇਰੇ ਸੋਹਣੇ, ਡੂੰਘੀ ਵਿਚਾਰ ਵਾਲੇ! ਹੇ ਪਿਆਰੇ! (ਜਿਹੜਾ ਮਨੁੱਖ) ਗੁਰੂ ਦੀ ਰਾਹੀਂ ਰਾਮ ਨਾਮ ਦੇ ਗੁਣ ਗਾਇਨ ਕਰੇ, ਤੂੰ ਪਰੇ ਤੋਂ ਪਰੇ (ਬੇਅੰਤ ਪ੍ਰਭੂ ਉਸਦੀ ਅਤੇ ਹੋਰ) ਸਭ ਦੀ ਪਾਲਨਾ ਕਰਦਾ ਹੈਂ ।੧। ਰਹਾਉ ।

ਬਿਨਾਂ ਸਾਧੂ (ਗੁਰੂ) ਦੀ ਸ਼ਰਨੀ ਪਇਆਂ, ਪਰਮਾਤਮਾ ਦਾ ਸਾਥ ਪ੍ਰਾਪਤ ਨਹੀਂ ਹੁੰਦਾ । ਗੁਰੂ ਤੋਂ ਬਿਨਾਂ ਮੈਲ ਨਾਲ ਸਰੀਰ (ਭਾਵ ਜੀਵਨ) ਗੰਦਾ ਰਹਿੰਦਾ ਹੈ । ਪਰਮਾਤਮਾ ਦੇ ਨਾਮ ਤੋਂ ਬਿਨਾ (ਇਹ ਸਰੀਰ) ਪਵਿੱਤਰ ਨਹੀਂ ਹੋ ਸਕਦਾ । (ਜੋ) ਗੁਰੂ ਦੇ ਸ਼ਬਦ ਦੁਆਰਾ ਹਰੀ ਨੂੰ ਸਲਾਹੁੰਦਾ ਹੈ, ਓਹ ਸੱਚਾ ਹੁੰਦਾ ਹੈ ।੨।

ਹੇ ਰਖਣਵਾਲੇ (ਪ੍ਰਭੂ !) ਜਿਸ ਨੂੰ ਤੂੰ ਰਖਣਾ (ਬਚਾਣਾ) ਚਾਹੁੰਦਾ ਹੈਂ, (ਉਸ ਨੂੰ ਤੂ) ਸਤਿਗੁਰੂ ਮਿਲਾ ਦਿੰਦਾ ਹੈਂ (ਅਤੇ ਉਸ ਦੀ) ਸੰਭਾਲ ਕਰਦਾ ਹੈਂ । (ਉਸ ਦੇ ਅੰਦਰੋਂ) ਅਹੰਕਾਰ ਤੇ ਮੈਂ - ਮੇਰੀ ਦੀ ਪਕੜ ਵਾਲੀ ਜ਼ਹਿਰ ਨੂੰ ਦੂਰ ਕਰਾਉਂਦਾ ਹੈਂ । ਹੇ ਰਾਮ ਰਾਜੇ ! ਤੇਰੀ (ਕਿਰਪਾ ਨਾਲ ਉਸ ਦੇ) ਸਾਰੇ ਦੁਖ ਨਾਸ਼ ਹੋ ਜਾਂਦੇ ਹਨ ।੩।

(ਹੇ ਭਾਈ !) ਹਰੀ ਦੇ ਗੁਣ ਸਰੀਰ (ਵਿਚ ਧਾਰਨ ਨਾਲ) ਆਤਮਿਕ ਅਵਸਥਾ ਉਚੀ ਹੋ ਜਾਂਦੀ ਹੈ । ਗੁਰੂ ਦੀ ਮਤਿ ਦੁਆਰਾ (ਹਿਰਦੇ ਵਿਚ) ਰਾਮ ਨਾਮ ਰੂਪੀ ਹੀਰਾ ਪ੍ਰਗਟ ਹੋ ਜਾਂਦਾ ਹੈ । ਦਵੈਤ ਭਾਵ

ਛਡਣ ਨਾਲ (ਪਰਮਾਤਮਾ ਦੇ) ਨਾਮ ਵਿਚ ਸੁਰਤਿ ਜੁੜ ਜਾਂਦੀ ਹੈ। ਦਾਸ ਨਾਨਕ (ਬੇਨਤੀ ਕਰਦੇ ਹਨ ਕਿ) ਹੇ ਹਰੀ (ਮੈਨੂੰ) ਗੁਰੂ ਦਾ ਮਿਲਾਪ ਕਰਾਉ ਜੀ (ਇਹ ਮਿਲਾਪ ਲਈ ਤਰਲਾ ਹੈ) ।੪।੫।

## ਸਾਰੰਸ਼ ਅਤੇ ਸਿਧਾਂਤ

ਜਿਤਨੇ ਭਵਨ (ਲੋਕ) ਹਨ ਸਭ ਵਿਚ ਮਾਇਆ ਦਾ ਮੋਹ ਪਸਰਿਆ ਹੋਇਆ ਹੈ ਜਿਸ ਨਾਲ ਹਰੇਕ ਜੀਵ ਦਾ ਮਨ ਮੈਲਾ ਹੋਇਆ ਰਹਿੰਦਾ ਹੈ। ਪਰ ਜਿਹੜਾ ਜੀਵ ਗੁਰੂ ਚਰਨਾ ਦੀ ਸੇਵਾ ਵਿਚ ਜੁਟਿਆ ਰਹਿੰਦਾ ਹੈ, ਹਰਿ ਹਰਿ ਨਾਮ ਸਿਮਰਦਾ ਰਹਿੰਦਾ ਹੈ, ਉਸ ਉਤੇ ਮਾਇਆ ਆਪਣਾ ਅਸਰ ਨਹੀਂ ਪਾ ਸਕਦੀ। ਅਜਿਹਾ ਕੋਈ ਵਿਰਲਾ ਗੁਰਮੁਖ ਹੀ ਗਹਿਰ ਗੰਭੀਰ ਸੋਹਣੇ ਲਾਲ ਪਿਆਰੇ ਪ੍ਰਭੂ ਦੇ ਗੁਣ ਗਾਉਂਦਾ ਹੈ।

ਅਸਲ ਵਿਚ ਗੁਰੂ ਦੇ ਮਿਲਾਪ ਤੋਂ ਬਿਨਾ ਸਰੀਰ ਦਾ ਹਰੇਕ ਅੰਗ ਮੈਲਾ ਹੈ। ਮਨ ਦੀ ਅੰਦਰਲੀ ਸ਼ੁੱਧੀ ਜਲ ਦੇ ਇਸ਼ਨਾਨ ਨਾਲ ਨਹੀਂ ਹੋ ਸਕਦੀ, ਇਸ ਮੈਲ ਨੂੰ ਸ਼ੁੱਧ ਕਰਨ ਦਾ ਸਾਬਣ ਪਰਮਾਤਮਾ ਦਾ ਨਾਮ ਹੈ। ਇਸ ਨਾਮ ਦੀ ਸਿਫਤਿ ਸਲਾਹ ਜਿਹੜਾ ਜੀਵ ਗੁਰੂ ਦੇ ਸ਼ਬਦ ਰਾਹੀਂ ਕਰਦਾ ਹੈ, ਉਸ ਦੀ ਮੋਹ ਮਮਤਾ ਦੂਰ ਹੋ ਜਾਂਦੀ ਹੈ। ਉਸ ਹਰੀ ਦੇ ਗੁਣ ਧਾਰਨ ਨਾਲ ਆਤਮਿਕ ਅਵਸਥਾ ਉਚੀ ਹੋ ਜਾਂਦੀ ਹੈ। ਫਿਰ ਗੁਰੂ ਦੀ ਮਤਿ ਦੁਆਰਾ ਹਰੀ ਨਾਮ ਰੂਪੀ ਹੀਰਾ ਸੁਤੇ ਹੀ ਹਿਰਦੇ ਵਿਚ ਪ੍ਰਗਟ ਹੋ ਜਾਂਦਾ ਹੈ।

ਚਉਥੇ ਪਦ ਵਿਚ ਸਿਧਾਂਤਕ ਗਲ ਇਹ ਆਖੀ ਹੈ ਕਿ ਦੂਜਾ ਭਾਉ ਛਡ ਕੇ ਹੀ ਪਰਮਾਤਮਾ ਦੇ ਨਾਮ ਵਿਚ ਲਿਵ ਲਗਦੀ ਹੈ। ਜਦੋਂ ਸੁਰਤਿ ਜੁੜ ਜਾਂਦੀ ਹੈ, ਓਦੋਂ ਜਗਿਆਸੂ 'ਗੁਰੂ ਗੁਰ ਮਿਲਾਉ' ਵਾਲੀ ਜੋਦੜੀ ਕਰਦਾ ਹੈ।

ਮਨ ਦੀ ਮਲੀਨਤਾ ਗੁਰ ਮਿਲਾਪ ਤੋਂ ਬਿਨਾਂ ਸ਼ੁੱਧ ਹੋਣੀ ਸੰਭਵ ਨਹੀਂ, ਗੁਰਬਾਣੀ ਦਾ ਇਹ ਸਾਰਜਨਕ ਫੈਸਲਾ ਹੈ ਕਿ ਮਾਇਆ-ਮੋਹ ਤੇ ਮਮਤਾ ਦੀ ਮੈਲ, ਗੁਰੂ ਦੀ ਅੰਮ੍ਰਿਤ ਦ੍ਰਿਸ਼ਟੀ ਨਾਲ ਹੀ ਦੂਰ ਹੋ ਸਕਦੀ ਹੈ, ਹੋਰ ਕੋਈ ਜੁਗਤੀ ਸਫਲ ਨਹੀਂ ਹੋ ਸਕਦੀ :-

**ਅਮਿਅ ਦ੍ਰਿਸਟਿ ਸੁਭ ਕਰੈ, ਹਰੈ ਅਘ ਪਾਪ ਸਕਲ ਮਲ ॥**
**ਕਾਮ ਕ੍ਰੋਧ ਅਰ ਲੋਭ ਮੋਹ, ਵਸਿ ਕਰੈ ਸਭੈ ਬਲ ॥**
**ਸਦਾ ਸੁਖੁ ਮਨਿ ਵਸੈ, ਦੁਖੁ ਸੰਸਾਰਹ ਖੋਵੈ ॥**
**ਗੁਰੁ ਨਵਨਿਧਿ ਦਰੀਆਉ, ਜਨਮ ਹਮ ਕਾਲਖ ਧੋਵੈ ॥**
**ਸੁ ਕਹੁ ਟਲ ਗੁਰੁ ਸੇਵੀਐ, ਅਹਿਨਿਸਿ ਸਹਜਿ ਸੁਭਾਇ ॥**
**ਦਰਸਨਿ ਪਰਸਿਐ ਗੁਰੂ ਕੈ, ਜਨਮ ਮਰਣ ਦੁਖੁ ਜਾਇ ॥** [ਪੰਨਾ ੧੩੯੨

**ਬਸੰਤੁ ਮਹਲਾ ੧ ॥ ਮੇਰੀ ਸਖੀ ਸਹੇਲੀ, ਸੁਨਹੁ ਭਾਇ ॥ ਮੇਰਾ ਪਿਰੁ ਰੀਸਾਲੂ, ਸੰਗਿ ਸਾਇ ॥ ਓਹੁ ਅਲਖੁ, ਨ ਲਖੀਐ, ਕਹਹੁ ਕਾਇ ॥ ਗੁਰਿ ਸੰਗਿ ਦਿਖਾਇਓ, ਰਾਮਰਾਇ ॥੧॥ ਮਿਲੁ ਸਖੀ ਸਹੇਲੀ, ਹਰਿ ਗੁਨ ਬਨੇ ॥ ਹਰਿਪ੍ਰਭ**

**ਸੰਗਿ ਖੇਲਹਿ ਵਰ ਕਾਮਨਿ, ਗੁਰਮੁਖਿ ਖੋਜਤ ਮਨ ਮਨੇ ॥੧॥ ਰਹਾਉ ॥ ਮਨਮੁਖੀ ਦੁਹਾਗਣਿ, ਨਾਹਿ ਭੇਉ ॥ ਓਹੁ ਘਟਿ ਘਟਿ ਰਾਵੈ, ਸਰਬ ਪ੍ਰੇਉ ॥ ਗੁਰਮੁਖਿ, ਥਿਰੁ ਚੀਨੈ ਸੰਗਿ ਦੇਉ ॥ ਗੁਰਿ ਨਾਮੁ ਦ੍ਰਿੜਾਇਆ, ਜਪੁ ਜਪੇਉ ॥੨॥ ਬਿਨੁ ਗੁਰ, ਭਗਤਿ ਨ ਭਾਉ ਹੋਇ ॥ ਬਿਨੁ ਗੁਰ, ਸੰਤ ਨ ਸੰਗੁ ਦੇਇ ॥ ਬਿਨੁ ਗੁਰ, ਅੰਧੁਲੇ ਧੰਧੁ ਰੋਇ ॥ ਮਨੁ ਗੁਰਮੁਖਿ ਨਿਰਮਲੁ, ਮਲੁ ਸਬਦਿ ਖੋਇ ॥੩॥ ਗੁਰਿ ਮਨੁ ਮਾਰਿਓ, ਕਰਿ ਸੰਜੋਗੁ ॥ ਅਹਿਨਿਸਿ ਰਾਵੈ, ਭਗਤਿ ਜੋਗੁ ॥ ਗੁਰ ਸੰਤ ਸਭਾ, ਦੁਖੁ ਮਿਟੈ ਰੋਗੁ ॥ ਜਨ ਨਾਨਕ, ਹਰਿ ਵਰੁ, ਸਹਜ ਜੋਗੁ ॥੪॥੬॥**

## ਉਚਾਰਨ ਸੇਧ

**ਬਿੰਦੀ ਸਹਿਤ** : ਖੇਲਹਿਂ, ਨਾਹਿਂ, ਮਨਮੁਖੀਂ।

**ਫੁਟਕਲ:** 'ਕਹਹੁ' ਦਾ ਉਚਾਰਨ 'ਕਹੁ' ਨਹੀਂ ਕਰਨਾ 'ਜਪੇਉ' ਨੂੰ 'ਜਪੇਊਂ' ਪੜ੍ਹਨਾ ਅਸ਼ੁੱਧ ਹੈ)।

**ਪਦ ਅਰਥ** : ਭਾਇ-ਪ੍ਰੇਮ ਨਾਲ। ਪਿਰੁ-ਪਤੀ (ਪਰਮਾਤਮਾ)। ਰੀਸਾਲੁ-ਸੁੰਦਰ। ਸੰਗਿ-ਨਾਲ ਹੈ। ਸਾਇ-ਉਹ (ਸਖੀ)। ਅਲਖੁ-ਪ੍ਰਭੂ ਲਖਤਾ ਤੋਂ ਰਹਿਤ ਹੈ। ਕਹਹੁ-ਦਸੋ। ਕਾਇ-ਕਿਵੇਂ (ਮਿਲੇ ?) ਗੁਰਿ-ਗੁਰੂ ਨੇ। ਸੰਗਿ-ਨਾਲ ਹੀ ।੧।

ਮਿਲੁ-ਮਿਲੋ। ਹਰਿ ਗੁਨ ਬਨੇ-ਹਰੀ ਦੇ ਗੁਣ (ਗਾਉਣੇ) ਬਣਦੇ ਹਨ। ਵਰ-ਕਾਮਨਿ-ਪਤੀ ਪ੍ਰਭੂ ਦੀਆਂ ਜੀਵ-ਇਸਤ੍ਰੀਆਂ। ਖੇਲਹਿ-ਖੇਡਦੀਆਂ ਹਨ। ਗੁਰਮਖਿ-ਖੋਜਤ-ਗੁਰੂ ਦੁਆਰਾ ਖੋਜਦਿਆਂ। ਮਨ ਮਨੇ-ਮਨ ਮੰਨ (ਪਤੀਜ) ਜਾਂਦਾ ਹੈ, ਭਾਵ ਨਿਸ਼ਾ ਹੋ ਜਾਂਦੀ ਹੈ ।੧। ਰਹਾਉ।

ਮਨਮੁਖੀ-ਆਪ ਹੁੰਦਰੀਆਂ। ਦੁਹਾਗਣਿ-ਛੁਟੜ (ਇਸਤ੍ਰੀਆਂ)। ਨਾਹਿ ਭੇਉ-ਭੇਦ ਨਹੀਂ (ਜਾਣ ਸਕਦੀਆਂ)। ਘਟਿ ਘਟਿ ਰਾਵੇ-ਹਰੇਕ ਹਿਰਦੇ ਵਿਚ ਮਿਲਿਆ ਹੋਇਆ ਹੈ। ਸਰਬ ਪ੍ਰੇਉ-ਸਭ ਦਾ ਪਿਆਰਾ। ਥਿਰੁ-ਕਾਇਮ ਰਹਿਣ ਵਾਲਾ। ਚੀਨੈ-ਜਾਣਦਾ ਹੈ। ਸੰਗਿ-ਅੰਗ-ਸੰਗ। ਦੇਉ-ਪ੍ਰਕਾਸ਼ ਰੂਪ (ਪ੍ਰਭੂ)। ਗੁਰਿ-ਗੁਰੂ ਨੇ। ਦ੍ਰਿੜਾਇਆ-ਪੱਕਾ ਕਰਾਇਆ ਹੈ। ਜਪੁ ਜਪੇਉ-ਜਪਣ ਯੋਗ (ਹਰੀ ਨੂੰ) ਜਪਦੀ ਹੈ ।੨।

ਬਿਨੁ ਗੁਰ-ਗੁਰੂ ਦੇ ਬਿਨਾਂ। ਭਗਤਿ-ਭਗਤੀ। ਭਾਉ-ਪ੍ਰੇਮ। ਸੰਤ ਨ ਸੰਗੁ ਦੇਇ-ਸੰਤਾਂ (ਗੁਰਮੁਖਾਂ) ਦਾ ਸੰਗ ਨਹੀਂ ਦਿੰਦਾ। ਅੰਧੁਲੇ-ਅੰਨ੍ਹੇ, ਅਗਿਆਨੀ। ਧੰਧੁ-ਧੰਧਾ। ਰੋਇ-(ਪਿਟਦਾ) ਰਹਿੰਦਾ ਹੈ। ਗੁਰਮੁਖਿ-ਗੁਰੂ ਦੁਆਰਾ। ਨਿਰਮਲੁ-ਪਵਿੱਤਰ। ਮਲੁ-ਮੈਲ। ਸਬਦਿ-ਸ਼ਬਦ ਦੁਆਰਾ। ਖੋਇ-ਨਾਸ਼ ਕਰਦਾ ਹੈ ।੩।

ਕਰਿ ਸੰਜੋਗ-ਮਿਲਾਪ ਕਰਕੇ। ਅਹਿਨਿਸਿ-ਦਿਨ ਰਾਤ, ਭਾਵ ਸਦਾ ਹੀ। ਰਾਵੈ-ਮਾਣਦਾ ਹੈ। ਭਗਿਤ ਜੋਗੁ-ਭਗਤੀ ਵਾਲਾ ਜੋਗ, ਸਹਿਜ ਜੋਗ। ਗੁਰ ਸੰਤ ਸਭਾ-ਗੁਰ ਸੰਤ ਦੀ ਸੰਗਤ ਵਿਚ। ਹਰਿ ਵਰੁ-ਹਰੀ ਪਤੀ। ਸਹਜ ਜੋਗੁ-ਸਹਜ (ਅਡੋਲ) ਅਵਸਥਾ ਦਾ ਜੋਗ ।੪।

**ਅਰਥ** : ਹੇ ਮੇਰੀ ਸਖੀ ਸਹੇਲੀਹੋ! (ਤੁਸੀ) ਪ੍ਰੇਮ ਨਾਲ (ਮੇਰੀ ਗਲ) ਸੁਣੋ। ਮੇਰਾ ਸੁੰਦਰ ਪਤੀ

ਪ੍ਰਭੂ (ਜਿਸ ਦੇ) ਨਾਲ ਹੈ ਉਹ (ਅਸਲ ਸੁਹਾਗਣਿ ਹੈ)। ਉਹ (ਪ੍ਰਭੂ ਪਤੀ) ਲਖਤਾ ਤੋਂ ਰਹਿਤ ਹੈ, ਕਿਸੇ ਤੋਂ ਲਖਿਆ ਨਹੀਂ ਜਾ ਸਕਦਾ (ਤੁਸੀਂ) ਦਸੋ (ਉਹ ਸਾਨੂੰ) ਕਿਵੇਂ ਮਿਲੇ ? । (ਉਤਰ ਹੈ ਕਿ) ਗੁਰੂ ਨੇ ਉਹ ਰਾਜਾ (ਪ੍ਰਭੂ) ਅੰਗ ਸੰਗ ਹੀ ਦਿਖਾ ਦਿਤਾ ਹੈ ।੧।

ਹੇ ਮੇਰੀ ਸਖੀ ਸਹੇਲੀਓ! ਮਿਲੋ, (ਸਾਨੂੰ ਪਰਸਪਰ ਮਿਲ ਕੇ) ਹਰੀ ਦੇ ਗੁਣ (ਗਾਉਣੇ ਹੀ) ਫਬਦੇ (ਸ਼ੋਭਦੇ)ਹਨ। (ਜਿਹੜੀਆਂ)ਜੀਵ-ਇਸਤ੍ਰੀਆਂ ਹਰੀ ਪ੍ਰਭੂ ਪਤੀ ਦੇ ਨਾਲ ਖੇਡਦੀਆਂ ਹਨ, ਗੁਰੂ ਦੀ ਰਾਹੀਂ (ਪ੍ਰਭੂ ਪਤੀ ਨੂੰ)ਖੋਜਦੀਆਂ ਹਨ(ਉਨ੍ਹਾਂ ਦੇ)ਮਨ ਮੰਨ ਗਏ ਹਨ(ਭਾਵ ਪਤੀਜ ਗਏ ਹਨ)।੧।ਰਹਾਉ।

(ਹੇ ਭਾਈ !) ਆਪ-ਹੁਦਰੀਆਂ ਦੁਹਾਗਣ ਇਸਤ੍ਰੀਆਂ ਨੂੰ (ਉਸ ਪਤੀ ਪਰਮਾਤਮਾ ਦੀ ਪ੍ਰਾਪਤੀ ਦਾ ਕੋਈ) ਭੇਦ ਨਹੀ ਹੈ । ਓਹ ਸਾਰਿਆਂ ਦਾ ਪਿਆਰਾ (ਪ੍ਰਭੂ) ਘਟਾਂ ਘਟਾਂ ਵਿਚ ਵਿਆਪਕ ਹੋਇਆ ਅਨੰਦ ਮਾਣ ਰਿਹਾ ਹੈ । ਗੁਰੂ ਅਨੁਸਾਰੀ ਸਿਖ ਆਪਣੇ ਹਰੀ ਦੇਵ (ਪਰਮਾਤਮਾ ਨੂੰ) ਆਪਣੇ ਨਾਲ (ਵਸਦਾ) ਪੱਕਾ ਕਰਕੇ ਜਾਣਦਾ ਹੈ । ਗੁਰੂ ਨੇ (ਉਸ ਨੂੰ) ਨਾਮ ਪੱਕਾ ਕਰਾ ਦਿਤਾ ਹੈ (ਜਿਸ ਕਰਕੇ ਉਹ ਨਿਰੰਤਰ ਨਾਮ ਦਾ) ਜਾਪ ਕਰਦਾ ਰਹਿੰਦਾ ਹੈ ।੨।

(ਹੇ ਭਾਈ !) ਗੁਰੂ ਤੋਂ ਬਿਨਾਂ ਨਾ ਭਗਤੀ ਹੁੰਦੀ ਹੈ, ਨਾ ਪ੍ਰੇਮ (ਪ੍ਰਾਪਤ) ਹੁੰਦਾ ਹੈ । ਗੁਰੂ ਭੇਟਣ ਤੋਂ ਬਿਨਾਂ ਗੁਰਮੁਖਾਂ ਦੀ ਸੰਗਤ ਨਹੀਂ ਮਿਲਦੀ । ਗੁਰੂ ਤੋਂ ਬਿਨਾਂ ਮਨੁੱਖ (ਅਗਿਆਨਤਾ ਵਿਚ) ਅੰਨ੍ਹੇ ਹੋਏ ਰਹਿੰਦੇ ਹਨ (ਅਤੇ ਨਿਰਾ) ਧੰਧਾ ਹੀ ਪਿਟਦੇ ਹਨ (ਭਾਵ ਜੋ ਕੰਮ ਕਰਦੇ ਹਨ, ਚੱਟੀ ਬੱਧਾ ਕਰਦੇ ਹਨ) । ਮਨ, ਗੁਰੂ ਦੁਆਰਾ, ਸ਼ਬਦ ਰਾਹੀਂ ਆਪਣੀ ਮੈਲ ਦੂਰ ਕਰਕੇ ਨਿਰਮਲ ਹੁੰਦਾ ਹੈ ।੩।

ਗੁਰੂ ਨੇ (ਪਰਮਾਤਮਾ ਨਾਲ) ਮੇਲ ਬਣਾ ਕੇ ਜਿਸ ਦਾ ਮਨ ਮਾਰਿਆ ਹੈ । (ਉਹ) ਦਿਨ ਰਾਤ ਭਗਤੀ ਵਾਲੇ (ਸਹਜ) ਜੋਗ ਨੂੰ ਮਾਣਦਾ ਹੈ । ਗੁਰੂ ਸੰਤ ਦੀ ਸੰਗਤ ਵਿਚ (ਹਉਮੈ ਦਾ) ਦੁਖ ਤੇ ਰੋਗ ਮਿੱਟ ਜਾਂਦਾ ਹੈ । ਦਾਸ ਨਾਨਕ (ਆਖਦਾ ਹੈ ਕਿ ਇਸ ਤਰ੍ਹਾਂ) ਹਰੀ ਪਤੀ ਨੂੰ ਮੇਲਣ ਵਾਲਾ ਸਹਜ-ਜੋਗ ਪ੍ਰਾਪਤ ਹੁੰਦਾ ਹੈ ।੪।੬।

## ਅਰਥ ਭੇਦ ਅਤੇ ਨਿਰਣੈ

**ਬਿਨੁ ਗੁਰ, ਸੰਤ ਨ ਸੰਗੁ ਦੇਇ ॥**

ਵਖ ਵਖ ਅਰਥ :

੧. ਬਿਨਾ ਗੁਰੋਂ ਕੇ ਪ੍ਰਮੇਸ਼ਵਰ ਸੰਤੋਂ ਕਾ ਸੰਗ ਨਹੀਂ ਦੇਤਾ ਹੈ । [ਫ.ਸ.

੨. ਬਿਨਾਂ ਗੁਰੂ ਦੇ (ਹਰੀ) ਸੰਤਾਂ ਦਾ ਸੰਗ ਨਹੀਂ ਦਿੰਦਾ, ਭਾਵ ਗੁਰੂ ਭੇਟਣ ਤੋਂ ਬਿਨਾਂ ਗੁਰਮੁਖਾਂ ਦੀ ਸੰਗਤ ਨਹੀਂ ਮਿਲਦੀ । [ਸ਼ਬਦਾਰਥ

੩. ਸੰਤ ਗੁਰੂ ਦੀ ਸ਼ਰਨ ਤੋਂ ਬਿਨਾ ਉਹ (ਪਿਆਰਾ ਪ੍ਰਭੂ) ਆਪਣਾ ਸਾਥ ਨਹੀਂ ਬਖਸ਼ਦਾ ।[ਦਰਪਣ

**ਨਿਰਣੈ :** ਜੇ 'ਦਰਪਣ' ਵਾਲੇ ਅਰਥ ਅਪਨਾਏ ਜਾਣ ਤਾਂ ਉਪ੍ਰੋਕਤ ਪੰਕਤੀ ਵਿਚ ਪਾਠ ਬਿਸਰਾਮ 'ਸਤ' ਪਦ ਮਗਰੋਂ ਲਗੇਗਾ ਜਦੋਂ ਕਿ ਤੀਜੇ ਪਦੇ ਵਿਚ 'ਬਿਨੁ ਗੁਰ' ਮਗਰੋਂ ਬਿਸਰਾਮ ਦੇਣਾ ਠੀਕ ਹੈ ।

ਗਲ 'ਸੰਤਾ ਦੇ ਸੰਗ' ਦੀ ਹੈ ਜੋ ਪ੍ਰਭੂ ਨਾਲ ਮਿਲਾਪ ਵਿਚ ਸਹਾਈ ਹੁੰਦੇ ਹਨ :–

**ਸੰਤ ਸਰਣਿ ਸਾਜਨ ਪਰਹੁ, ਸੁਆਮੀ ਸਿਮਰਿ ਅਨੰਤ ॥**

**ਸੂਕੇ ਤੇ ਹਰਿਆ ਥੀਆ, ਨਾਨਕ ਜਪਿ ਭਗਵੰਤ ॥੨॥** [ਪੰਨਾ ੯੨੭

ਇਥੇ 'ਸੰਤ ਪਦਵੀ' ਨੂੰ ਅਖੋਂ ਓਹਲੇ ਕਰਕੇ ਅਰਥ ਕਰਨੇ ਠੀਕ ਨਹੀਂ ਜਾਪਦੇ। ਹਾਂ, ਸੰਤ ਕੇਵਲ ਕਿਸੇ ਬਾਣੇ ਜਾਂ ਡੇਰੇਦਾਰ ਦਾ ਨਾਂ ਨਹੀਂ, ਉਸ ਦੇ ਜੀਵਨ ਵਿਚ ਗੁਰਬਾਣੀ ਅਨੁਸਾਰ ਦਿਤੇ ਲਛਣ ਵਿਆਪਕ ਹੋਵਣ। 'ਸੰਤ ਰਹਤ ਸੁਨਹੁ ਮੇਰੇ ਭਾਈ' ਵਾਲਾ ਸ਼ਬਦ ਧਿਆਨ ਨਾਲ ਪੜ੍ਹ ਕੇ ਵੇਖੋ ਕੀ ਓਹ ਗੁਣ ਅਜੋਕੇ ਅਖਉਤੀ ਸੰਤਾਂ ਵਿਚ ਹਨ ?। 'ਸੰਤ ਸਰੀਰ' ਨਹੀਂ, ਪਰ ਜਦੋਂ ਉਹ ਗੁਰਮਤਿ ਸਿਖਿਆ ਤੇ ਆਪ ਪਹਿਰਾ ਦਿੰਦਾ ਹੋਵੇ ਅਤੇ ਹੋਰਨਾਂ ਨੂੰ ਨਾਮ ਜਪਾਉਂਦਾ ਹੋਵੇ ਤਾਂ ਅਜਿਹੇ ਸੰਤਾਂ ਦਾ ਸੰਗ ਗੁਰੂ ਦੀ ਮਿਹਰ ਤੋਂ ਬਿਨਾਂ ਨਹੀਂ ਹੁੰਦਾ। ਕਈ ਵਿਦਵਾਨ 'ਸੰਤ' ਪਦ ਦੀ ਵਰਤੋਂ ਤੋਂ ਨਫਰਤ ਕਰਦੇ ਹਨ ਪਰ ਜਦੋਂ ਗੁਰਬਾਣੀ ਵਿਚ ਸ਼ਪਸ਼ਟ ਸੰਕੇਤ ਉਪਲਬਧ ਹੈ :

**ਤੇ ਸੰਤ ਭਲੇ ਗੁਰਸਿਖ ਹੈ, ਜਿਨ ਨਾਹੀ ਚਿੰਤ ਪਰਾਈ ਚੂਖਾ ॥** [ਪੰਨਾ ੫੯੮

ਫਿਰ ਅਸੀਂ 'ਸੰਤ' ਪਦ ਤੋਂ ਕਿਵੇਂ ਮੂੰਹ ਮੋੜ ਸਕਦੇ ਹਾਂ ?। ਸ਼ਬਦਾਰਥੀ ਵਿਦਵਾਨਾਂ ਨੇ ਜੋ ਅਰਥ ਕੀਤੇ ਹਨ, ਉਹ ਗੁਰਬਾਣੀ ਅਨੁਸਾਰ ਠੀਕ ਹਨ।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਗੁਰੂ ਬਾਬਾ ਜੀ ਨੇ ਸਖੀਆਂ ਸਹੇਲੀਆਂ ਨੂੰ ਆਪਣੇ ਸੁੰਦਰ ਪਿਆਰੇ ਪ੍ਰੀਤਮ ਦਾ ਅੰਗ-ਸੰਗ ਹੋਣਾ, ਗੁਰਮੁਖ ਸਹੇਲੀਆਂ ਦੀ ਸੰਗਤ ਵਿਚ ਮਿਲ ਕੇ ਉਸ ਦੇ ਗੁਣਾ ਦਾ ਵਰਣਨ ਕਰਨਾ ਬੜਾ ਅਨੰਦ ਦਾਇਕ ਦਸਿਆ ਹੈ।

ਪਰਮਾਤਮਾ ਸਾਡੇ ਨਾਲ, ਅੰਗ ਸੰਗ ਵਸਦਾ ਹੈ ਪਰ ਗੁਰੂ ਤੋਂ ਬਿਨਾ ਉਸ ਉਤੇ ਪ੍ਰੀਤ ਤੇ ਪ੍ਰਤੀਤ ਨਹੀਂ ਬੱਝਦੀ। ਇਸ ਦਾ ਕਾਰਨ ਅਗਿਆਨਤਾ ਹੈ। ਨਿਗੁਰਾ ਮਨੁੱਖ ਅਗਿਆਨਤਾ ਵਿਚ ਅੰਨ੍ਹਾ ਹੋਇਆ ਧੰਧ-ਬੰਧ ਹੀ ਪਿਟਦਾ ਰਹਿੰਦਾ ਹੈ ਹੈ ਜਿਸ ਕਰਕੇ ਉਸ ਦਾ ਮਨ ਨਿਰਮਲ ਨਹੀਂ ਹੁੰਦਾ। ਹਾਂ, ਜਦੋਂ ਗੁਰੂ ਦਾ ਮਿਲਾਪ ਹੋ ਜਾਵੇ ਓਦੋਂ ਮਾਇਆ ਤੇ ਹਉਮੈ ਦਾ ਦੁਖ ਤੇ ਰੋਗ ਦੂਰ ਹੋ ਜਾਂਦਾ ਹੈ, ਹਿਰਦੇ ਅੰਦਰੋਂ ਪ੍ਰੇਮਾ-ਭਗਤੀ ਕਰਨ ਦੀ ਪ੍ਰੇਰਨਾ ਉਭਰਦੀ ਹੈ। ਗੁਰੂ ਸੰਤ ਦੀ ਸੰਗਤ ਵਿਚ ਦੁਖਾਂ ਰੋਗਾਂ ਦਾ ਨਾਸ਼ ਹੋ ਜਾਂਦਾ ਹੈ। ਗੁਰੂ ਦੇ ਸ਼ਬਦ ਤੋਂ ਬਿਨਾਂ ਹਿਰਦਾ ਨਿਰਮਲ ਨਹੀਂ ਹੁੰਦਾ ਅਤੇ ਨਾ ਹੀ ਭਗਤੀ-ਜੋਗ ਬਣ ਸਕਦਾ ਹੈ। ਗੁਰੂ ਹਰੀ-ਵਰ ਨੂੰ ਮਿਲਾਉਣ ਦੀ ਸਮਰਥਾ ਰਖਦਾ ਹੈ, ਜਿਸ ਨਾਲ ਸਹਜ-ਜੋਗ ਦੀ ਪ੍ਰਾਪਤੀ ਹੋ ਜਾਂਦੀ ਹੈ।

**ਬਸੰਤੁ ਮਹਲਾ ੧ ॥ ਆਪੇ ਕੁਦਰਤਿ ਕਰੇ ਸਾਜਿ ॥ ਸਚੁ ਆਪਿ ਨਿਬੇੜੇ, ਰਾਜੁ ਰਾਜਿ ॥ ਗੁਰਮਤਿ ਊਤਮ, ਸੰਗਿ ਸਾਥਿ ॥ ਹਰਿਨਾਮੁ ਰਸਾਇਣੁ, ਸਹਜਿ ਆਥਿ ॥੧॥ ਮਤ ਬਿਸਰਸਿ, ਰੇ ਮਨ ਰਾਮ ਬੋਲਿ ॥ ਅਪਰੰਪਰੁ ਅਗਮ ਅਗੋਚਰੁ ਗੁਰਮੁਖਿ,**

**ਹਰਿ ਆਪਿ ਤੁਲਾਏ ਅਤੁਲੁ ਤੋਲਿ ॥੧॥ ਰਹਾਉ ॥ ਗੁਰ ਚਰਨ ਸਰੇਵਹਿ, ਗੁਰਸਿਖ ਤੋਰ ॥ ਗੁਰ ਸੇਵ ਤਰੇ, ਤਜਿ ਮੇਰ ਤੋਰ ॥ ਨਰ ਨਿੰਦਕ ਲੋਭੀ, ਮਨਿ ਕਠੋਰ ॥ ਗੁਰ ਸੇਵ ਨ ਭਾਈ, ਸਿ ਚੋਰ ਚੋਰ ॥੨॥ ਗੁਰ ਤੁਠਾ ਬਖਸੇ, ਭਗਤਿ ਭਾਉ ॥ ਗੁਰਿ ਤੁਠੈ ਪਾਈਐ, ਹਰਿ ਮਹਲਿ ਠਾਉ ॥ ਪਰਹਰਿ ਨਿੰਦਾ, ਹਰਿ ਭਗਤਿ ਜਾਗੁ ॥ ਹਰਿ ਭਗਤਿ ਸੁਹਾਵੀ, ਕਰਮਿ ਭਾਗੁ ॥੩॥ ਗੁਰੁ ਮੇਲਿ ਮਿਲਾਵੈ, ਕਰੇ ਦਾਤਿ ॥ ਗੁਰਸਿਖ ਪਿਆਰੇ, ਦਿਨਸੁ ਰਾਤਿ ॥ ਫਲੁ ਨਾਮੁ ਪਰਾਪਤਿ, ਗੁਰੁ ਤੁਸਿ ਦੇਇ ॥ ਕਹੁ ਨਾਨਕ, ਪਾਵਹਿ ਵਿਰਲੇ ਕੋਇ ॥੪॥੭॥**

## ਉਚਾਰਨ ਸੇਧ

**ਬਿੰਦੀ ਸਹਿਤ** : ਸਰੇਵਹਿਂ, ਠਾਉਂ, ਪਾਵਹਿਂ।

**ਪਦ ਅਰਥ** : ਸਾਜਿ-ਸਾਜ ਕੇ, ਬਣਾ ਕੇ। ਸਚੁ-ਸਦਾ ਥਿਰ ਰਹਿਣ ਵਾਲਾ ਪਰਮਾਤਮਾ। ਨਿਬੇੜੇ-ਨਿਬੇੜਦਾ ਹੈ। ਰਾਜੁ-ਹਕੂਮਤ। ਰਾਜਿ-ਰਾਜ ਕਰਕੇ, ਹੁਕਮ ਚਲਾ ਕੇ। ਰਸਾਇਣੁ-ਰਸਾਂ ਦਾ ਘਰ। ਸਹਜਿ-ਅਡੋਲ ਅਵਸਥਾ ਵਿਚ। ਆਥਿ-ਹੈ।੧।

ਮਤ ਬਿਸਰਸਿ-ਮਤਾਂ ਭੁਲਾ ਦੇਵੇਂ। ਅਪਰੰਪਰੁ-ਪਰੇ ਤੋਂ ਪਰੇ, ਬੇਅੰਤ। ਅਗਮ-ਅਪਹੁੰਚ। ਅਗੋਚਰੁ-ਜੋ ਮਨ ਤੇ ਇੰਦ੍ਰਿਆਂ ਦਾ ਵਿਸ਼ਾ ਨਹੀ। ਅਤੁਲੁ-ਜੋ ਤੋਲਿਆ ਨਾ ਜਾ ਸਕੇ। ਤੋਲਿ-ਤੋਲ ਵਿਚ।੧। ਰਹਾਉ।

ਤਜਿ-ਤਿਆਗ ਕੇ। ਮੇਰ ਤੋਰ-ਮੇਰਾ ਤੇਰਾ। ਮਨਿ-ਮਨ ਵਿਚ। ਕਠੋਰ-ਕਠੋਰਤਾ। ਨ ਭਾਈ-ਚੰਗੀ ਨਹੀਂ ਲਗੀ। ਸਿ-ਓਹ (ਮਨੁੱਖ)। ਚੋਰ ਚੋਰ-ਵੱਡੇ ਚੋਰ।੨।

ਤੁਠਾ-ਪ੍ਰਸੰਨ ਹੋਇਆ। ਭਾਉ-ਪ੍ਰੇਮ। ਗੁਰਿ ਤੁਠੇ-ਗੁਰੂ ਦੇ ਕਿਰਪਾਲੂ ਹੋਣ ਨਾਲ। ਹਰਿ ਮਹਲਿ-ਪਰਮਾਤਮਾ ਦੇ ਮਹਲ ਵਿਚ। ਠਾਉ-ਥਾਂ, ਟਿਕਾਣਾ। ਪਰਹਰਿ ਨਿੰਦਾ-ਨਿੰਦਾ ਛਡ ਕੇ। ਸੁਹਾਵੀ-ਸੋਹਣੀ। ਕਰਮਿ-ਮਿਹਰ ਨਾਲ। ਭਾਗ-ਹਿੱਸਾ।੩।

ਮੇਲਿ-(ਪ੍ਰਭੂ ਦੇ) ਮੇਲ ਵਿਚ। ਤੁਸਿ-ਤੁਠ ਕੇ। ਪਾਵਹਿ-ਪਾਉਂਦੇ ਹਨ। ਕੋਇ-ਕੋਈ।੪।

**ਅਰਥ** : (ਪ੍ਰਭੂ) ਆਪ ਹੀ ਕੁਦਰਤਿ ਸਾਜ (ਬਣਾ) ਕੇ (ਜੀਵ ਜੰਤੂ ਪੈਦਾ) ਕਰਦਾ ਹੈ। ਸਦਾ ਥਿਰ ਰਹਿਣ ਵਾਲਾ ਪਰਮਾਤਮਾ ਆਪ ਹੀ (ਅਪਣੇ) ਰਾਜ ਵਿਚ ਹੁਕਮ ਚਲਾ ਕੇ (ਜੀਆਂ ਦੇ ਕਰਮਾਂ ਦੇ) ਫੈਸਲੇ ਕਰਦਾ ਹੈ। (ਜਿਨ੍ਹਾਂ ਨੂੰ) ਗੁਰੂ ਦੀ ਉਤਮ ਮਤਿ (ਮਿਲ ਜਾਂਦੀ ਹੈ, ਉਨ੍ਹਾਂ ਨੂੰ ਪਰਮਾਤਮਾ ਆਪਣੇ) ਅੰਗ ਸੰਗ (ਵਸਦਾ ਦਿਸਦਾ ਹੈ)। (ਉਨ੍ਹਾਂ ਨੂੰ) ਹਰੀ ਦਾ ਨਾਮ (ਜੋ) ਰੱਸਾਂ ਦਾ ਘਰ ਹੈ, ਸਹਜ (ਅਵਸਥਾ) ਵਿਚ (ਟਿਕਣ ਕਰਕੇ ਪ੍ਰਾਪਤ ਹੋ ਜਾਂਦਾ ਹੈ)।੧।

ਹੇ ਮਨ ! ਪਰਮਾਤਮਾ ਦਾ ਨਾਮ ਬੋਲ, ਮਤਾਂ ਵਿਸਾਰ ਦੇਵੇਂ। ਹਰੀ ਜੋ ਪਰੇ ਤੋਂ ਪਰੇ (ਬੇਅੰਤ), ਅਪਹੁੰਚ ਅਤੇ ਮਨ ਬਾਣੀ ਤੋਂ ਪਰੇ ਹੈ, ਆਪ ਹੀ (ਆਪਣੀ ਵਡਿਆਈ, ਜੋ) ਤੋਲ ਵਿਚ ਨਹੀਂ ਆ

ਸਕਦੀ ਅਤੁਲ ਹੈ, ਗੁਰੂ ਰਾਹੀਂ ਤੁਲਾਂਦਾ ਹੈ (ਭਾਵ ਸਿਫਤਾਂ ਕਰਾਂਦਾ ਹੈ) ।੧। ਰਹਾਉ ।

(ਹੇ ਪ੍ਰਭੂ ! ਜਿਹੜੇ) ਤੇਰੇ ਸਿਖ ਹਨ ਉਹ ਗੁਰੂ ਦੇ ਚਰਨਾਂ ਦੀ ਸੇਵਾ ਕਰਦੇ ਹਨ । (ਉਹ) ਗੁਰੂ ਦੀ ਸੇਵਾ ਕਰਦਿਆਂ, ਮੇਰ-ਤੇਰ ਤਿਆਗ ਕੇ (ਸੰਸਾਰ ਸਾਗਰ ਤੋਂ) ਤਰ ਜਾਂਦੇ ਹਨ । (ਪਰ ਜਿਹੜੇ ਦੂਜਿਆਂ ਦੀ) ਨਿੰਦਾ ਕਰਨ ਵਾਲੇ ਹਨ, (ਮਾਇਆ ਦੇ) ਲੋਭੀ ਹਨ, (ਉਨ੍ਹਾਂ ਦੇ ਹਿਰਦੇ ਅੰਦਰ) ਕਠੋਰਤਾ ਹੁੰਦੀ ਹੈ । (ਜਿਨ੍ਹਾਂ ਨੂੰ) ਗੁਰੂ ਦੀ ਸੇਵਾ ਚੰਗੀ ਨਹੀਂ ਲਗਦੀ, ਓਹ ਚੋਰਾਂ ਦੇ ਚੋਰ (ਵਡੇ ਚੋਰ) ਹਨ ।੨।

ਗੁਰੂ (ਜਿਨ੍ਹਾਂ ਉਤੇ) ਤ੍ਰੁੱਠਦਾ ਹੈ (ਉਹਨਾਂ ਨੂੰ ਪ੍ਰਭੂ) ਭਗਤੀ ਤੇ ਪਿਆਰ ਬਖਸ਼ਦਾ ਹੈ । ਗੁਰੂ ਦੇ ਪ੍ਰਸੰਨ ਹੋਣ ਨਾਲ ਹੀ ਹਰੀ ਦੇ ਮਹਲ ਵਿਚ ਟਿਕਾਣਾ ਮਿਲਦਾ ਹੈ । (ਹੇ ਭਾਈ !) ਪਰਾਈ ਨਿੰਦਾ (ਛਡ ਕੇ) ਹਰੀ ਦੀ ਭਗਤੀ ਵਿਚ ਜਾਗ, ਹਰੀ ਦੀ ਸੋਹਣੀ ਭਗਤੀ ਦਾ ਹਿੱਸਾ (ਹਰੀ ਦੀ) ਬਖਸ਼ਿਸ਼ ਦੁਆਰਾ ਪ੍ਰਾਪਤ ਹੁੰਦਾ ਹੈ ।੩।

ਗੁਰੂ (ਜਦੋਂ ਨਾਮ ਦੀ) ਦਾਤਿ ਬਖਸ਼ਦਾ ਹੈ (ਤਾਂ ਨਾਮ ਦੇ ਪ੍ਰੇਮੀਆਂ ਨੂੰ ਪਰਮਾਤਮਾ ਦੇ) ਮੇਲ ਵਿਚ ਮਿਲਾਉਂਦਾ ਹੈ, (ਫਿਰ ਉਹ) ਪਿਆਰੇ ਗੁਰਸਿਖ ਦਿਨ ਰਾਤ (ਨਾਮ ਜਪਦੇ ਰਹਿੰਦੇ ਹਨ) । ਗੁਰੂ ਪ੍ਰਸੰਨ ਹੋ ਕੇ (ਉਨ੍ਹਾਂ ਨੂੰ) ਨਾਮ ਰੂਪੀ ਫਲ ਬਖਸ਼ਦਾ ਹੈ । ਨਾਨਕ ਆਖ ਕਿ ਕੋਈ ਵਿਰਲੇ (ਗੁਰਮੁਖਿ ਹੀ ਅਜਿਹਾ) ਨਾਮ-ਫਲ ਪ੍ਰਾਪਤ ਕਰਦੇ ਹਨ ।੪।੮।

## ਅਰਥ ਭੇਦ ਅਤੇ ਨਿਰਣੈ

**ਗੁਰ ਚਰਨ ਸਰੇਵਹਿ ਗੁਰਸਿਖ ਤੋਰ ॥ ਗੁਰ ਸੇਵ ਤਰੇ ਤਜਿ ਮੇਰ ਤੋਰ ॥**

ਵਖ ਵਖ ਅਰਥ :

੧. ਜੋ ਸਿਖ ਗੁਰੋਂ ਕੇ ਚਰਨੋਂ ਕੋ ਸੇਵਤੇ ਹੈਂ ਸੋ ਗੁਰੋਂ ਨੇ ਪਰਮੇਸ਼ਵਰ ਕੀ ਤਰਫ ਤੋਰ ਦੀਏ ਹੈਂ ਔਰ ਵਹੁ ਗੁਰੋਂ ਕੀ ਸੇਵਾ ਕਰ ਤਰੇ ਹੈਂ ਔਰ ਤਿਨੋਂ ਨੇ ਮੇਰ ਤੇਰ ਤਯਾਗੀ ਹੈ ।

[ਫ. ਸ., ਗਿ. ਬਿਸ਼ਨ ਸਿੰਘ, ਸੰ. ਸ.

੨. ਹੇ ਪ੍ਰਭੂ ! ਜੇਹੜੇ ਸਿਖ ਗੁਰੂ ਕੇ ਚਰਨਾ ਦੀ ਸੇਵਾ ਕਰਦੇ ਹਨ ਉਹ ਤੇਰੇ (ਸੇਵਕ) ਬਣ ਜਾਂਦੇ ਹਨ । ਗੁਰੂ ਦੀ ਸੇਵਾ ਦੀ ਬਰਕਤ ਨਾਲ ਉਹ ਮੇਰ-ਤੇਰ ਤਿਆਗ ਕੇ (ਸੰਸਾਰ ਸਮੁੰਦਰ ਤੋਂ) ਪਾਰ ਲੰਘ ਜਾਂਦੇ ਹਨ । [ਦਰਪਨ, ਗੁਰੂ ਨਾਨਕ ਬਾਣੀ ਪ੍ਰਕਾਸ਼

੩. 'ਗੁਰ ਸੇਵਤ ਰੇ ਤਜਿ ਮੇਰ ਤੇਰ ।

ਲਗਮਾਤ੍ਰੀ ਨਿਯਮਾਂ ਅਨੁਸਾਰ ਇਹ ਪਾਠ ਠੀਕ ਹੈ - ਗੁਰ ਸੇਵਤ ਰੇ' । ਸ਼ਬਦਾਰਥੀਆਂ ਦਾ ਪਦ ਛੇਦ ਪਾਠ 'ਗੁਰ ਸੇਵ ਤਰੇ ਤਜਿ ਮੇਰ ਤੇਰ' ਠੀਕ ਨਹੀਂ । ਇਹ ਠੀਕ ਤਦ ਹੁੰਦਾ ਜੇ 'ਸੇਵ' ਦੇ ਥਾਉਂ 'ਸੇਵਿ' ਪਾਠ ਹੁੰਦਾ । 'ਸੇਵ' ਪਦ ਦੇ ਵਾਵੇ ਅਖਰ ਨੂੰ ਸਿਹਾਰੀ ਲਗੀ ਹੋਈ ਹੁੰਦੀ ਤਾਂ ਤੇ 'ਸੇਵਤ' ਪਾਠ ਹੀ ਠੀਕ ਹੈ । 'ਰੇ' ਨਿਖੜਮਾਂ ਉਠਾਉਣਾ ਹੈ, 'ਸੇਵ ਤਰੇ' ਕਿਉਂ ਨਹੀ ਪਾਠ ਨਿਖੇੜਨਾ । ਗੁਰਬਾਣੀ ਨੂੰ ਪਦ ਛੇਦ ਕਰਕੇ ਲਿਖਣਾ ਮਹਾਂ ਮਨਮਤਿ ਹੈ ।

[ਗੁਰਬਾਣੀ ਲਗ-ਮਾਤ੍ਰਾ ਦੀ ਲਿਖਣਤਾ ਭਾਈ ਸਾਹਿਬ ਰਣਧੀਰ ਸਿੰਘ ਜੀ

'ਸ਼ਬਦਾਰਥ' ਵਿਚ ਇਸ ਪੰਕਤੀ ਦੇ ਅਰਥ ਅੰਕਿਤ ਨਹੀਂ ਹਨ ਕੇਵਲ 'ਤੋਰ' ਦੇ ਅਰਥ 'ਤੇਰੇ' ਅਤੇ 'ਮੇਰ ਤੋਰ' ਦੇ ਅਰਥ 'ਮੇਰ ਤੇਰ' ਦਰਜ ਹਨ।

**ਨਿਰਣੈ** : ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਸੇਵਤ' ਪਦ ਦੀ ਵਰਤੋਂ ਕੇਵਲ ਹੇਠ ਲਿਖੀਆਂ ਪੰਗਤੀਆਂ ਵਿਚ ਇਸ ਤਰ੍ਹਾ ਉਪਲਬਧ ਹੈ :

੧. **ਸੇਵਤ ਹੀ ਸੁਖੁ ਸਾਂਤਿ ਸਰੀਰ ॥** [ਪੰਨਾ ੩੬੧

੨. **ਸੇਵਤ ਸੇਵਤ ਸਦਾ ਸੇਵਿ, ਤੇਰੈ ਸੰਗਿ ਬਸਤ ਹੈ ਕਾਲੁ ॥** [ਪੰਨਾ ੨੧੪

੩. **ਸੇਵਤ ਰਹੇ ਚਿਤੁ ਜਿਨ ਕਾ ਲਾਗਾ,**
**ਆਇਆ ਤਿਨ ਕਾ ਸਫਲ ਭਇਆ ॥** [ਪੰਨਾ ੪੩੨

੪. **ਸੇਵਤ ਸੇਵਿ ਸੇਵਿ ਸਾਧ ਸੇਵਉ, ਸਦਾ ਕਰਉ ਕਿਰਤਾਏ ॥** [ਪੰਨਾ ੮੨੦

੫. **ਤਿਸੁ ਸੇਵਤ ਮਨਿ ਆਲਸੁ ਕਰੈ ॥** [ਪੰਨਾ ੬੧੪

ਫਰੀਦਕੋਟ ਸਟੀਕ ਅਤੇ ਉਸ ਦੀ ਨਕਲ ਕਰਕੇ ਟੀਕਾ ਕਰਨ ਵਾਲਿਆਂ ਨੇ 'ਤੋਰ' ਪਦ ਦੇ ਅਰਥ 'ਤੋਰ ਦੀਏ ਹੈਂ ਤਰਦੇ ਹਨ' ਕੀਤੇ ਹਨ, ਜੋ ਠੀਕ ਨਹੀਂ। ਬਸੰਤ ਮਹਲਾ ੧ ਅਸਟਪਦੀਆਂ ਵਿਚ ਗੁਰੂ ਨਾਨਕ ਦੇਵ ਜੀ ਦੇ ਰਚਿਤ ਸ਼ਬਦ ਵਿਚ 'ਤੋਰ' ਪਦ ਦੀ ਵਰਤੋਂ ਕੀਤੀ ਹੋਈ ਮਿਲਦੀ ਹੈ : 'ਭਗਤਿ ਕਰਉ, ਪਗ ਲਾਗਉ ਤੋਰ ॥ (ਪੰ. ੧੧੮੭)। ਕਈ ਥਾਵਾਂ ਤੇ 'ਤੋਰ' ਪਦ 'ਤੇਰੇ' ਦੇ ਅਰਥਾਂ ਵਿਚ ਹੀ ਵਰਤਿਆ ਹੋਇਆ ਮਿਲਦਾ ਹੈ।

ਗੁਰਬਾਣੀ ਵਿਚ 'ਸੇਵਤ ਰੋ' ਪਾਠ ਕਿਤੇ ਨਹੀਂ ਆਇਆ ਜਿਸ ਪਾਠ ਨੂੰ ਭਾਈ ਸਾਹਿਬ ਸ਼ੁੱਧ ਦਸ ਰਹੇ ਹਨ। ਪਰ ਆਪ ਜੀ ਨੇ ਇਸ ਪੰਗਤੀ ਦੇ ਅਰਥ ਹੀ ਨਹੀਂ ਕੀਤੇ। ਇਸਦਾ ਕਾਰਨ ਓਹ ਆਪ ਹੀ ਜਾਣਨ।

ਜਿਥੋਂ ਤਕ ਗੁਰਬਾਣੀ ਨੂੰ ਪਦ ਛੇਦ ਕਰਕੇ ਲਿਖਣਾ ਮਹਾਂ ਮਨਮਤਿ ਹੈ। ਇਉਂ ਜਾਪਦਾ ਹੈ ਕਿ ਭਾਈ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਮੁਚੇ ਸਰੂਪ ਨੂੰ ਪਦ ਛੇਦ ਕਰਨ ਦੇ ਹਕ ਵਿਚ ਨਹੀਂ ਸਨ ਜਿਸ ਦੀ ਪ੍ਰੋੜਤਾ ਹੁਣ ਵੀ ਅਖੰਡ ਕੀਰਤਨੀ ਜਥਾ ਟ੍ਰੈਕਟਾਂ ਦੇ ਰੂਪ ਵਿਚ ਕਰ ਰਿਹਾ ਹੈ। ਭਾਈ ਸਾਹਿਬ ਜੀ ਦੀ ਪੁਸਤਕ ਅਤੇ ਹੋਰ ਪੁਸਤਕਾਂ ਵਿਚ ਗੁਰਬਾਣੀ ਦੀਆਂ ਪੰਕਤੀਆਂ ਤੇ ਸ਼ਬਦ ਮੂਲ ਰੂਪ ਵਿਚ ਪਦ ਛੇਦ ਕਰਕੇ ਹੀ ਦਿਤੇ ਹਨ, ਕੀ ਇਹ ਵੀ ਮਹਾਂ ਮਨਮਤਿ ਹੈ ? ਨਹੀਂ। ਇਹ ਵਿਚਾਰ ਨਿਰਮੂਲ ਹੈ। ਸੋ, ਗੁਰਬਾਣੀ ਨੂੰ ਪਦ ਛੇਦ ਕਰਕੇ ਲਿਖਣਾ ਮਹਾਂ ਮਨਮਤਿ ਵਾਲੀ ਵਾਰਤਕ ਨੂੰ ਸੋਧਣ ਦੀ ਲੋੜ ਹੈ। ਜਦੋਂ ਕਿ ਭਾਈ ਸਾਹਿਬ ਜੀ ਦੀਆਂ ਸਾਰੀਆਂ ਰਚਨਾਵਾਂ (ਪੁਸਤਕਾਂ) ਵਿਚ ਦਰਜ ਬਾਣੀ ਪਦ ਛੇਦ ਰੂਪ ਵਿਚ ਹੈ, ਇਸ ਤਰ੍ਹਾਂ ਆਪ ਦੇ ਉਪ੍ਰੋਕਤ ਵੀਚਾਰ ਸਵੈ-ਵਿਰੋਧੀ ਬਣ ਜਾਂਦੇ ਹਨ।

ਜੁੜਤ ਅਖਰਾਂ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦਾ ਇਹ ਲਾਭ ਹੈ ਕਿ ਪਾਠ ਕਰਨ ਸਮੇਂ ਜਗਿਆਸੂ ਦੀ ਸੁਰਤਿ ਗੁਰਬਾਣੀ ਵਿਚ ਲੀਨ ਰਹਿੰਦੀ ਹੈ, ਜਦ ਕਿ ਪਦ ਛੇਦ ਸਰੂਪਾਂ ਤੋਂ ਸੁਰਤਿ ਖਿੰਡ ਜਾਂਦੀ ਹੈ। 'ਗੁਰਬਾਣੀ ਸੇਵਾ ਮਿਸ਼ਨ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਨੂੰ ਪਦ ਛੇਦ

ਕਰਕੇ ਛਾਪਣ ਦੇ ਹੱਕ ਵਿਚ ਨਹੀਂ ਹੈ ਅਤੇ ਗੁਰੂ ਸਰੂਪ ਮੂਲ ਰੂਪ ਵਿਚ ਇੰਨ-ਬਿਨ ਜੁੜਵੇਂ ਅਖਰਾਂ ਵਿਚ ਹੀ ਕਾਇਮ ਰਹਿਣਾ ਚਾਹੀਦਾ ਹੈ, ਜਿਵੇਂ ਕਿ ਗੁਰੂ ਕਾਲ ਤੋਂ ਆ ਰਿਹਾ ਹੈ। ਅਜਕਲ ਗੁਰਦੁਆਰਿਆਂ ਵਿਚ ਹਰ ਥਾਂ ਤੇ ਪਦ ਛੇਦ ਵਾਲੇ ਸਰੂਪਾਂ ਦੇ ਹੀ ਦਰਸ਼ਨ ਹੁੰਦੇ ਹਨ ਅਤੇ ਜੁੜਤ ਅਖਰਾਂ ਵਾਲੇ ਸਰੂਪ ਅਲੋਪ ਹੋ ਰਹੇ ਹਨ। ਇਸ ਭਾਵਨਾ ਨੂੰ ਸੁਰਜੀਤ ਰਖਣ ਲਈ ਸ੍ਰੋ. ਗੁ. ਪ੍ਰ. ਕਮੇਟੀ ਅੰਮ੍ਰਿਤਸਰ ਨੂੰ ਇਸ ਮਾਮਲੇ ਨੂੰ ਮੁੜ ਵੀਚਾਰਨਾ ਚਾਹੀਦਾ ਹੈ। ਹਾਂ, ਪੋਥੀਆਂ, ਸੈਂਚੀਆਂ ਤੇ ਹੋਰ ਪੁਸਤਕਾਂ ਵਿਚ ਬਾਣੀ ਦਾ ਪਾਠ ਜਿਵੇਂ ਸ਼ਬਦਾਰਥ ਹੈ, ਉਸ ਤਰ੍ਹਾਂ ਕਾਇਮ ਰਖਿਆ ਜਾਏ। ਗੁਰਬਾਣੀ ਦੇ ਲਗਮਾਤਰੀ ਨੇਮਾਂ ਅਨੁਸਾਰ 'ਸੇਵਤ' ਪਦ ਕਾਰਦੰਤਕ ਹੈ, ਜਿਸ ਦੇ ਅਰਥ ਹਨ 'ਸੇਵਦਿਆਂ'। ਹਾਂ, 'ਸੇਵ' ਪਦ ਦੇ ਅਰਥ 'ਸੇਵ ਕੇ' ਨਹੀਂ ਬਣ ਸਕਦੇ ਕਿਉਂਕਿ 'ਵ' ਨੂੰ ਸਿਹਾਰੀ ਨਹੀਂ ਹੈ।

ਫਿਰ ਸੋਚਣ ਵਾਲੀ ਗਲ ਇਹ ਹੈ ਕਿ ਪਹਿਲੀ ਪੰਕਤੀ ਵਿਚ 'ਸਰੇਵਹਿ' ਪਦ ਵੀ ਸੇਵਾ ਦਾ ਲਖਾਇਕ ਹੈ ਜੋ ਦੂਜੀ ਪੰਕਤੀ ਵਿਚ 'ਸੇਵਤ ਰੇ' ਪਦ ਛੇਦ ਕਰੀਏ ਤਾਂ ਇਸ ਦੇ ਅਰਥ ਵੀ ਸੇਂਵਦਿਆਂ ਜਾਂ 'ਸੇਂਵਦੇ' ਹੀ ਬਣਨਗੇ। ਇਸ ਲਈ ਦੂਜੀ ਪੰਕਤੀ ਵਿਚ 'ਗੁਰ ਸੇਵ ਤਰੇ ਤਜਿ ਮੇਰ ਤੋਰ' ਪਾਠ ਹੀ ਸ਼ੁੱਧ ਹੈ। ਸਹੀ ਅਰਥ ਪਿਛੇ ਕਰ ਦਿਤੇ ਹਨ।

## ਸਾਰੰਸ਼ ਅਤੇ ਸਿਧਾਂਤ

ਹਰੀ ਭਾਵੇਂ ਅਪਹੁੰਚ ਹੈ, ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਹੈ, ਬੇਅੰਤ ਹੈ, ਪਰ ਗੁਰੂ ਰਾਹੀਂ ਸਾਡੇ ਦਿਲਾਂ ਵਿਚ ਵੀ ਚਾਨਣ ਕਰਦਾ ਦਿਸ ਪੈਂਦਾ ਹੈ। ਗੁਰੂ ਜਦੋਂ ਪ੍ਰਸੰਨ ਹੁੰਦਾ ਹੈ ਤਾਂ ਕਠੋਰ ਹਿਰਦੇ ਵਿਚ ਵੀ ਭਗਤੀ ਤੇ ਸੇਵਾ ਰਾਹੀਂ ਜਾਗ੍ਰਤੀ ਪੈਦਾ ਕਰ ਦਿੰਦਾ ਹੈ ਜਿਸ ਦੇ ਫਲ ਸਰੂਪ ਮੇਰ-ਤੇਰ ਵਾਲੀ ਭਾਵਨਾ ਦਾ ਅਭਾਵ ਹੋ ਜਾਂਦਾ ਹੈ। ਫਿਰ ਸਿਖ ਪਰਮਾਤਮਾ ਨੂੰ ਭੁਲਾਂਦਾ ਨਹੀਂ, ਉਹ ਮਨ ਨੂੰ ਸਾਵਧਾਨ ਰਖਣ ਲਈ ਹਲੂਣਾ ਦਿੰਦਾ ਹੈ।

'ਮਤ ਬਿਸਰਸਿ, ਰੇ ਮਨ ਰਾਮ ਬੋਲਿ'। ਬਸ, ਰਾਮ ਬੋਲਣ ਨਾਲ ਹੀ ਵਡੇ ਭਾਗ ਬਣ ਜਾਂਦੇ ਹਨ। ਮਲਾਰ ਰਾਗ ਵਿਚ ਗੁਰੂ ਪਾਤਿਸ਼ਾਹ ਜੀ ਦੇ ਅਮੋਲਕ ਬਚਨ ਵੀ ਮਨ ਨੂੰ ਅਜਿਹੀ ਪ੍ਰੇਰਨਾ ਦਿੰਦੇ ਹਨ:

**ਰਾਮ ਰਾਮ ਬੋਲਿ ਬੋਲਿ, ਖੋਜਤੇ ਬਡਭਾਗੀ ॥**
**ਹਰਿ ਕਾ ਪੰਥੁ ਕੋਊ ਬਤਾਵੈ, ਹਉ ਤਾ ਕੈ ਪਾਇ ਲਾਗੀ॥** [ਪੰਨਾ ੧੨੬੫

**ਬਸੰਤੁ ਮਹਲਾ ੩ ਇਕ ਤੁਕਾ ॥ ਸਾਹਿਬ ਭਾਵੈ, ਸੇਵਕੁ ਸੇਵਾ ਕਰੈ ॥ ਜੀਵਤੁ ਮਰੈ, ਸਭਿ ਕੁਲ ਉਧਰੈ ॥੧॥ ਤੇਰੀ ਭਗਤਿ ਨ ਛੋਡਉ, ਕਿਆ ਕੋ ਹਸੈ ॥ ਸਾਚੁ ਨਾਮੁ, ਮੇਰੈ ਹਿਰਦੈ ਵਸੈ ॥੧॥ ਜੈਸੇ ਮਾਇਆ ਮੋਹਿ, ਪ੍ਰਾਣੀ ਗਲਤੁ ਰਹੈ ॥ ਤੈਸੇ ਸੰਤ ਜਨ, ਰਾਮ ਨਾਮ ਰਵਤ ਰਹੈ ॥੨॥ ਮੈ ਮੂਰਖ ਮੁਗਧ ਊਪਰਿ ਕਰਹੁ ਦਇਆ ॥ ਤਉ ਸਰਣਾਗਤਿ ਰਹਉ ਪਇਆ ॥੩॥ ਕਹਤੁ ਨਾਨਕੁ, ਸੰਸਾਰ ਕੇ ਨਿਹਫਲ ਕਾਮਾ ॥ ਗੁਰ ਪ੍ਰਸਾਦਿ, ਕੋ ਪਾਵੈ ਅੰਮ੍ਰਿਤ ਨਾਮਾ ॥੪॥੮॥**

## ਉਚਾਰਨ ਸੇਧ

**ਬਿੰਦੀ ਸਹਿਤ :** ਨ ਛੋਡਉਂ, ਰਹਉਂ।

**ਪਦ ਅਰਥ :** ਸਾਹਿਬ ਭਾਵੈ-ਜੋ ਮਾਲਕ ਦੇ ਚੰਗਾ ਲਗਦਾ ਹੈ। ਜੀਵਤ ਮਰੈ-ਜੀਵਤ ਭਾਵ ਤੋਂ ਮਰਦਾ ਹੈ। ਸਭਿ-ਸਾਰੇ। ਕੁਲ ਉਧਰੈ-ਕੁਲ (ਖਾਨਦਾਨ) ਤਾਰ ਲੈਂਦਾ ਹੈ।੧। ਨ ਛੋਡਉ-ਨਹੀਂ ਛਡਾਂਗਾ। ਕਿਆ ਕੋ ਹਸੈ-ਕੀ ਕੋਈ ਹਸੇਗਾ? (ਭਾਵ ਮੈਨੂੰ ਪਰਵਾਹ ਨਹੀਂ)। ਮੇਰੈ ਹੀਅਰੈ-ਮੇਰੇ ਹਿਰਦੇ ਵਿਚ। ਬਸੈ-ਵਸ ਰਿਹਾ ਹੈ।੧।ਰਹਾਉ। ਮੋਹਿ-ਮੋਹ ਵਿਚ। ਗਲਤੁ ਰਹੈ-ਗਲਤਾਨ ਰਹਿੰਦਾ ਹੈ। ਰਵਤ ਰਹੈ-ਸਿਮਰਦਾ ਰਹਿੰਦਾ ਹੈ।੨। ਮੁਗਧ-ਮਹਾਂ ਮੂਰਖ। ਤਉ-ਤੇਰੀ। ਰਹਉ ਪਇਆ-ਮੈਂ ਪਿਆ ਰਹਾਂ।੩। ਨਿਹਫਲ-ਵਿਅਰਥ। ਕਾਮਾ-ਕੰਮ। ਗੁਰਪ੍ਰਸਾਦਿ-ਗੁਰੂ ਦੀ ਕਿਰਪਾ ਨਾਲ। ਕੋ ਪਾਵੈ-ਕੋਈ (ਵਿਰਲਾ) ਪਾਉਂਦਾ ਹੈ।੪।

**ਅਰਥ :** (ਜੋ) ਮਾਲਕ ਨੂੰ ਚੰਗਾ ਲਗਦਾ ਹੈ (ਉਹ) ਸੇਵਕ (ਹੀ ਸਾਹਿਬ ਦੀ) ਸੇਵਾ ਕਰਦਾ ਹੈ। (ਉਹ) ਜੀਵਤ-ਭਾਵ ਤੋਂ ਮਰਦਾ ਹੋਇਆ ਸਾਰੀਆਂ ਕੁੱਲਾਂ ਦਾ ਉਧਾਰ ਕਰ ਲੈਂਦਾ ਹੈ।੧।

(ਹੇ ਪ੍ਰਭੂ !) ਮੈਂ ਤੇਰੀ ਭਗਤੀ ਨਹੀਂ ਛਡਾਂਗਾ, (ਮੇਰੀ ਇਸ ਗਲ ਤੇ) ਕੀ ਕੋਈ ਹਸੇਗਾ ? (ਮੈਨੂੰ ਇਸ ਦੀ ਪਰਵਾਹ ਨਹੀਂ ਕਿਉਂਕਿ ਤੇਰਾ) ਸੱਚਾ ਨਾਮ ਮੇਰੇ ਹਿਰਦੇ ਵਿਚ ਵਸ ਰਿਹਾ ਹੈ।੧।ਰਹਾਉ।

ਜਿਸ ਤਰ੍ਹਾਂ ਆਦਮੀ ਮਾਇਆ ਦੇ ਮੋਹ ਵਿਚ ਗਲਤਾਨ (ਖਚਿਤ) ਰਹਿੰਦਾ ਹੈ, ਉਸੇ ਤਰ੍ਹਾਂ ਸੰਤ-ਜਨ ਪਰਮਾਤਮਾ ਦਾ ਨਾਮ ਸਿਮਰਦਾ ਰਹਿੰਦਾ ਹੈ।੨।

(ਹੇ ਮੇਰੇ ਮਾਲਕ !) ਮੈਂ ਮੂਰਖ, ਮਹਾਂ-ਮੂਰਖ ਉਤੇ (ਆਪਣੀ) ਦਇਆ-ਦ੍ਰਿਸ਼ਟੀ ਕਰੋ (ਤਾਂ ਜੋ) ਮੈਂ ਤੁਹਾਡੀ ਸਰਣ ਵਿਚ ਪਿਆ ਰਹਾਂ।੩।

ਨਾਨਕ (ਗੁਰੂ ਜੀ) ਆਖਦੇ ਹਨ ਕਿ ਸੰਸਾਰ ਦੇ ਸਾਰੇ ਕੰਮ (ਅੰਤਿ) ਵਿਅਰਥ ਹੀ ਹਨ ਗੁਰੂ ਦੀ ਕਿਰਪਾ ਨਾਲ ਕੋਈ ਵਿਰਲਾ ਜੀਵ) ਹੀ ਅੰਮ੍ਰਿਤ ਨਾਮ ਪ੍ਰਾਪਤ ਕਰਦਾ ਹੈ।੪।੮।

## ਸਾਰੰਸ਼ ਅਤੇ ਸਿਧਾਂਤ

ਓਹ ਸੇਵਾ ਕੀਤੀ ਸਫਲ ਹੁੰਦੀ ਹੈ ਜਿਸ ਸੇਵਾ ਉਤੇ ਗੁਰੂ ਪ੍ਰਸੰਨ ਹੁੰਦਾ ਹੈ। ਜਿਹੜਾ ਸਿਖ ਸੇਵਾ ਕਰਕੇ ਜੀਵਤ ਭਾਵ ਤੋਂ ਮਰ ਜਾਂਦਾ ਹੈ, ਲੋਕ-ਲਜਿਆ ਤੋਂ ਮੇਰ-ਤੇਰ ਤੋਂ ਉਪਰ ਉਠ ਜਾਂਦਾ ਹੈ, ਨਾਮ ਦੀ ਘਾਲ ਕਮਾਈ ਵਿਚ ਮਸਤ ਰਹਿੰਦਾ ਹੈ, ਉਹ ਜਿਥੇ ਆਪਣਾ ਜੀਵਨ ਸਫਲ ਕਰਦਾ ਹੈ, ਉਥੇ ਉਸ ਦੀ ਆਪਣੀਆਂ ਕੁਲਾਂ ਹੋਰ ਅਨੇਕ ਪ੍ਰਾਣੀਆਂ ਦਾ ਵੀ ਸੁਤੇ ਹੀ ਉਧਾਰ ਹੋ ਜਾਂਦਾ ਹੈ।

ਸੇਵਕ ਦੀ ਨਿਸ਼ਾਨੀ ਇਹ ਹੈ ਕਿ ਪਰਮਾਤਮਾ ਦਾ ਨਾਮ ਹਰ ਵੇਲੇ ਸਿਮਰਦਾ ਹੋਇਆ ਇਹ ਅਰਦਾਸਿ ਕਰਦਾ ਹੈ:

**ਮੈ ਮੂਰਖ ਮੁਗਧ ਊਪਰਿ ਕਰਹੁ ਦਇਆ ॥ ਤਉ ਸਰਣਾਗਤਿ ਰਹਉ ਪਇਆ ॥**

ਇਹ ਅਰਦਾਸ ਵੀ ਉਹੀ ਜੀਵ ਕਰਦਾ ਹੈ ਜਿਹੜਾ ਸੰਸਾਰ ਦੇ ਕੰਮ-ਧੰਦਿਆਂ ਨੂੰ ਨਿਸਫਲ ਸਮਝਦਾ ਹੈ। ਜਿਹੜਾ ਸਿਖ ਸਦਾ ਹੀ ਗੁਰੂ ਦੀ ਸ਼ਰਨ ਵਿਚ ਰਹਿੰਦਾ ਹੈ, ਉਹ ਗੁਰੂ ਦੀ ਕਿਰਪਾ ਨਾਲ

ਸਦਾ ਪਰਮਾਤਮਾ ਦਾ ਨਾਮ ਜਪਦਾ ਰਹਿੰਦਾ ਹੈ।

**ਨੋਟ:** (ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਈ ਹਥ ਲਿਖਤੀ ਸਰੂਪਾਂ ਵਿਚ 'ਮਹਲਾ ੧' ਦਾ ਕਰਕੇ ਦਿਤਾ ਹੈ ਕਿਉਂਕਿ ਪਿਛੇ ਜਿਤਨੇ ਸ਼ਬਦ ਆਏ ਹਨ ਸਾਰੇ ਹੀ 'ਮਹਲਾ ੧' ਦੇ ਰਚਿਤ ਹਨ। ਜੇ ਮਹਲਾ ੩ ਦਾ ਹੁੰਦਾ ਤਾਂ ਸ਼ਬਦ ਦਾ ਸਿਰਲੇਖ ਨਵਾਂ ਅਰੰਭ ਹੋਣਾ ਸੀ। ਗੁਰੂ ਪੰਥ ਇਸ ਬਾਰੇ ਸਹੀ ਸੋਧ ਦੇਵੇ)।

## ਮਹਲਾ ੧ ਬਸੰਤੁ ਹਿੰਡੋਲ ਘਰੁ ੨

**ੴ ਸਤਿਗੁਰ ਪ੍ਰਸਾਦਿ ॥ ਸਾਲਗ੍ਰਾਮ ਬਿਪ ਪੂਜਿ ਮਨਾਵਹੁ, ਸੁਕ੍ਰਿਤੁ ਤੁਲਸੀ ਮਾਲਾ॥ ਰਾਮ ਨਾਮੁ ਜਪਿ ਬੇੜਾ ਬਾਂਧਹੁ, ਦਇਆ ਕਰਹੁ ਦਇਆਲਾ॥੧॥ ਕਾਹੇ ਕਲਰਾ ਸਿੰਚਹੁ, ਜਨਮੁ ਗਵਾਵਹੁ॥ ਕਾਚੀ ਢਹਗਿ ਦਿਵਾਲ, ਕਾਹੇ ਗਚੁ ਲਾਵਹੁ॥੧ ॥ਰਹਾਉ॥ ਕਰ ਹਰਿਹਟ ਮਾਲ ਟਿੰਡ ਪਰੋਵਹੁ, ਤਿਸੁ ਭੀਤਰਿ ਮਨੁ ਜੋਵਹੁ॥ ਅੰਮ੍ਰਿਤੁ ਸਿੰਚਹੁ ਭਰਹੁ ਕਿਆਰੇ, ਤਉ ਮਾਲੀ ਕੇ ਹੋਵਹੁ॥੨॥ ਕਾਮੁ ਕ੍ਰੋਧੁ ਦੁਇ ਕਰਹੁ ਬਸੋਲੇ, ਗੋਡਹੁ ਧਰਤੀ ਭਾਈ॥ ਜਿਉ ਗੋਡਹੁ ਤਿਉ ਤੁਮ ਸੁਖ ਪਾਵਹੁ, ਕਿਰਤੁ ਨ ਮੇਟਿਆ ਜਾਈ॥੩॥ ਬਗੁਲੇ ਤੇ ਫੁਨਿ ਹੰਸੁਲਾ ਹੋਵੈ,ਜੇ ਤੂ ਕਰਹਿ ਦਇਆਲਾ ॥ ਪ੍ਰਣਵਤਿ ਨਾਨਕੁ ਦਾਸਨਿ ਦਾਸਾ, ਦਇਆ ਕਰਹੁ ਦਇਆਲਾ ॥੪॥੧॥੯॥**

### ਉਚਾਰਨ ਸੇਧ

**ਬਿੰਦੀ ਸਹਿਤ :** ਜਿਉਂ, ਤਿਉਂ, ਕਰਹਿਂ।

**ਪਦ ਅਰਥ :** ਸਾਲਗ੍ਰਾਮ-ਸਾਲ ਗ੍ਰਾਮ ਪਿੰਡ ਕੋਲੋਂ ਲੰਘਦੀ ਗੰਡਕੀ ਨਦੀ ਵਿਚ ਇਕ ਗੋਲ ਜਿਹਾ ਧਾਰੀਦਾਰ ਪਥਰ ਹੁੰਦਾ ਹੈ, ਜਿਸ ਨੂੰ ਵਿਸ਼ਨੂੰ ਦੀ ਮੂਰਤੀ ਕਰਕੇ ਪੂਜਦੇ ਹਨ। ਬਿਪ-ਹੇ ਬ੍ਰਾਹਮਣੋ ! (ਹੇ ਪੰਡਤੋ !)। ਪੂਜਿ-ਪੂਜ ਕੇ। ਮਨਾਵਹੁ-ਮਨਾਂਦੇ ਹੋ। ਸੁਕ੍ਰਿਤੁ-ਸ੍ਰੇਸ਼ਟ ਕਰਮ,ਸ੍ਰੇਸ਼ਟ ਕਰਣੀ। ਤੁਲਸੀਮਾਲਾ-ਤੁਲਸੀ ਦੀ ਮਾਲਾ। ਜਪਿ-ਜਪ ਕੇ। ਬੇੜਾ ਬਾਂਧਹੁ-(ਰਾਮਨਾਮ ਰੂਪੀ) ਬੇੜਾ ਬੰਨ੍ਹੋ। ਦਇਆਲ-ਹੇ ਦਿਆਲੂ ! (ਹੇ ਹਰੀ !) ।੧।

ਕਾਹੇ-ਕਿਉ? ਕਿਸ ਲਈ ?। ਕਲਰਾ ਸਿੰਚਹੁ-ਕਲਰ ਵਾਲੇ (ਖੇਤ ਨੂੰ) ਪਾਣੀ ਦਿੰਦੇ ਹੋ? (ਭਾਵ ਇਸ ਦਾ ਕੋਈ ਲਾਭ ਨਹੀ)। ਢਹਗਿ-ਢਹਿ ਜਾਏਗੀ, ਗਿਰ ਜਾਏਗੀ। ਦਿਵਾਲ-ਦੀਵਾਰ। ਗਚੁ-ਚੂਨੇ ਦਾ ਲੇਪ।੧। ਰਹਾਉ।

ਕਰ-ਹੱਥਾਂ ਨੂੰ। ਹਰਿਹਟ-ਹਰਟ। ਮਾਲ-ਮਾਲਾ। ਟਿੰਡ ਪਰੋਵਹੁ-ਟਿੰਡਾਂ (ਲੋਟਿਆਂ) ਨੂੰ ਪਰੋਵੋ। ਭੀਤਰਿ-ਅੰਦਰ। ਮਨੁ ਜੋਵਹੁ-ਮਨ ਨੂੰ ਜੋੜੋ। ਅੰਮ੍ਰਿਤੁ-ਨਾਮ ਜਲ। ਤਉ-ਤਾਂ। ਮਾਲੀ ਕੇ-ਮਾਲੀ (ਭਾਵ ਪਾਲਨਹਾਰ ਪ੍ਰਭੂ ਦੇ)। ਹੋਵਹੁ-ਬਣੋ।੨।

ਬਸੋਲੇ-ਰੰਬੇ। ਗੋਡਹੁ ਧਰਤੀ ਭਾਈ-ਹੇ ਭਾਈ! ਧਰਤੀ ਨੂੰ ਗੋਡੋ (ਭਾਵ ਉਸ 'ਚ ਨਦੀਣ ਹੋਰ

ਵਾਧੂ ਬੂਟੇ ਕਢੋ, ਤੇ ਧਰਤੀ ਨਰਮ ਕਰੋ)। ਕਿਰਤੁ-ਕੀਤੀ ਕਮਾਈ ਰੂਪ (ਲੇਖ) । ਨ ਮੇਟਿਆ ਜਾਈ-ਜਾਇਆ ਨਹੀਂ ਜਾਵੇਗਾ।੩।

ਫੁਨਿ-ਮੁੜ ਕੇ । ਪ੍ਰਣਵਤਿ-ਬੇਨਤੀ ਕਰਦਾ ਹੈ । ਦਾਸਨਿ ਦਾਸਾ-ਦਾਸਾਂ ਦਾ ਦਾਸ ।੪।

**ਅਰਥ :** ਹੇ ਬ੍ਰਾਹਮਣੋਂ ! ਤੁਸੀਂ ਸਾਲਗ੍ਰਾਮ (ਪਥਰ ਦੀ ਮੂਰਤੀ ਦੀ) ਪੂਜਾ ਕਰਕੇ (ਇਸ ਨੂੰ) ਪ੍ਰਸੰਨ ਕਰਦੇ ਹੋ (ਅਤੇ) ਤੁਲਸੀ ਦੀ ਮਾਲਾ (ਫੇਰਨੀ ਸ੍ਰੇਸ਼ਟ ਕਰਮ ਸਮਝਦੇ ਹੋ, ਪਰ ਇਸ ਤਰ੍ਹਾਂ ਸੰਸਾਰ ਸਾਗਰ ਤੋਂ ਨਹੀਂ ਤਰਿਆ ਜਾ ਸਕੀਦਾ) । (ਇਸ ਲਈ ਤੁਸੀਂ) ਪਰਮਾਤਮਾ ਦਾ ਨਾਮ ਜਪ ਕੇ (ਸੰਸਾਰ ਤੋਂ ਪਾਰ ਹੋਣ ਵਾਲਾ ਇਹ) ਬੇੜਾ ਤਿਆਰ ਕਰੋ (ਅਤੇ ਪ੍ਰਭੂ ਅਗੇ ਇਉਂ ਬੇਨਤੀ ਕਰੋ) ਹੇ ਦਇਆਲੂ (ਪ੍ਰਭੂ ਜੀ! ਸਾਡੇ ਉਤੇਂ) ਦਇਆ (ਮਿਹਰ ਕਰੋ ਜੀ!) ।੧।

(ਹੇ ਬ੍ਰਾਹਮਣੋ !) ਜੀਵਨ ਰੂਪ ਖੇਤੀ ਨੂੰ ਇਉਂ ਕਲਰ (ਭਾਵ ਪਾਪਾਂ ਵਾਲਾ ਗੰਦਾ) ਪਾਣੀ ਦੇ ਰਹੇ ਹੋ (ਤੁਸੀਂ ਤਾ ਪਥਰ ਪੂਜਾ ਕਰਕੇ ਆਪਣਾ ਅਮੋਲਕ) ਜਨਮ ਹੀ ਵਿਅਰਥ ਗਵਾ ਰਹੇ ਹੋ । (ਇਹ ਸਰੀਰ) ਕੱਚੀ ਕੰਧ ਵਾਂਗੂ ਢਹਿ ਜਾਵੇਗਾ, (ਇਸ ਨੂੰ ਕਿਉਂ ਕਰਮ ਕਾਡਾਂ ਦੀ ਗਾਚੀ ਦਾ ਲੇਪ) ਚੂਨਾ ਲਾਉਂਦੇ ਹੋ ? (ਭਾਵ ਨਾ ਲਿਸ਼ਕਾਉ, ਇਹ ਨਾਸ਼ਵੰਤ ਹੈ) ।੧। ਰਹਾਉ ।

(ਹੇ ਬ੍ਰਾਹਮਣੋਂ!) ਜਿਵੇਂ ਕਿਸਾਨ ਖੇਤੀ ਦੀ ਬ੍ਰਿਧੀ ਲਈ ਹਰਿਹਟ (ਖੂਹ ਲਾਉਂਦਾ ਹੈ, ਪਾਣੀ ਕਢਣ ਲਈ) ਮਾਲ (ਮਾਲ੍ਹਾ ਤੇ ਪਾਣੀ ਭਰਨ ਲਈ ਮਿਟੀ ਦੇ) ਲੋਟੇ (ਉਸ ਮਾਲਾ ਨਾਲ) ਪਰੋਂਦਾ ਹੈ, (ਤੁਸੀਂ ਵੀ ਵਾਹਿਗੁਰੂ ਨਾਮ ਨੂੰ) ਖੂਹ ਬਣਾਓ, ਚੰਗੀ ਬ੍ਰਿਤੀ ਨੂੰ ਮਾਲਾ ਬਣਾਉ, ਦਇਆ ਦੀਆਂ ਟਿੰਡਾ (ਲੋਟੇ ਪਰੋਵੋ), ਇਸ ਵਿਚ ਮਨ ਰੂਪੀ ਬੈਲ ਨੂੰ ਜੋੜੋ । ਇਸ ਤਰ੍ਹਾਂ ਅੰਮ੍ਰਿਤ-ਨਾਮ ਇਕੱਠਾ ਕਰੋ (ਅਤੇ ਅੰਤਸ਼ ਕਰਨ ਰੂਪ) ਕਿਆਰੇ ਭਰੋ, ਤਾਂ (ਤੁਸੀਂ ਹਰੀ ਦੇ ਮਨ ਭਾਉਂਦੇ) ਸੇਵਕ ਬਣ ਸਕੋਗੇਂ (ਭਾਵ ਉਸ ਨੂੰ ਚੰਗੇ ਲਗੋਗੇ)।੨।

(ਹੇ ਭਾਈ ! ਕਾਮ ਤੇ ਕ੍ਰੋਧ ਦੋਵੇਂ ਰੰਬੇ ਬਣਾਓ,) (ਘਾਹ ਕਾਹੀ ਦੇ ਬੂਟੇ, ਆਦਿ ਕਢਣ ਲਈ) ਧਰਤੀ ਨੂੰ ਗੋਡੋ । ਜਿਉਂ ਜਿਉਂ (ਬੁਧੀ ਰੂਪ ਧਰਤੀ ਨੂੰ ਸ਼ਬਦ ਵਿਚਾਰਾਂ ਨਾਲ) ਗੋਡੋਗੇ, ਤਿਉਂ ਤਿਉਂ ਤੁਸੀਂ (ਆਤਮਿਕ) ਸੁਖ ਪਾਉਗੇ (ਇਸ ਤਰ੍ਹਾਂ) ਕੀਤੀ ਹੋਈ ਮਿਹਨਤ ਵਿਅਰਥ ਨਹੀ ਜਾਵੇਗੀ ।੩।

ਹੇ ਦਇਆਲੂ ਪ੍ਰਭੂ ! ਜੇ ਤੂੰ (ਆਪਣੀ) ਮਿਹਰ ਕਰ ਦੇਵੇਂ (ਤਾਂ ਜੀਵ) ਬਗਲੇ ਤੋਂ ਹੰਸ ਹੋ ਜਾਂਦਾ ਹੈ (ਭਾਵ ਪਖੰਡੀ ਤੋਂ ਵੀਚਾਰਵਾਨ ਬਣ ਜਾਂਦਾ ਹੈ) । ਨਾਨਕ ਬੇਨਤੀ ਕਰਦਾ ਹੈ ਕਿ ਹੇ ਦਇਆਲੂ ਪ੍ਰਭੂ ! ਮੈਂ ਤੇਰੇ ਦਾਸਾਂ ਦਾ ਦਾਸ ਹਾਂ, (ਮੇਰੇ ਤੇ) ਦਇਆ ਕਰੋ (ਤਾਂ ਜੋ ਮੇਰਾ ਜੀਵਨ-ਬੇੜਾ ਪਾਰ ਹੋ ਜਾਵੇ ।੪।੯।

## ਅਰਥ ਭੇਦ ਅਤੇ ਨਿਰਨੈ

**ਸਾਲਗ੍ਰਾਮ ਬਿਪ ਪੂਜਿ ਮਨਾਵਹੁ, ਸੁਕ੍ਰਿਤੁ ਤੁਲਸੀ ਮਾਲਾ ॥**
**ਰਾਮਨਾਮੁ ਜਪਿ ਬੇੜਾ ਬਾਂਧਹੁ, ਦਇਆ ਕਰਹੁ ਦਇਆਲਾ ॥**

ਵਖ ਵਖ ਅਰਥ :

੧. ਹੇ ਬਿਪ੍ਰ ਸਾਲਗ੍ਰਾਮ ਨੇ ਪੂਜਤੇ ਹੋ ਇਤਰ ਮਨਾਵਤੇ ਹੋ ਔਰ ਤੁਲਸੀ ਮਾਲਾ ਕੋ ਹੀ ਸੁਕ੍ਰਿਤ ਰੂਪ

ਜਾਨ ਰਖਾ ਹੈ ਅਰ ਸੋ ਜੇਕਰ ਸੰਸਾਰ ਸਮੁੰਦਰ ਸੇ ਤਰਨਾ ਚਾਹਤੇ ਹੋ ਤੋ ਰਾਮ ਨਾਮ ਕਾ ਬੇੜਾ ਬੰਧੋ ਇਸ ਤੇ ਦਯਾਲ ਹਰੀ ਤੁਮ ਪਰ ਦਯਾ ਕਰੇਗਾ। [ਫ. ਸ.

੨. ਹੇ ਪੰਡਤੋ ! ਤੁਸੀਂ ਹਰੀ ਨੂੰ ਸਾਲਗ੍ਰਾਮ ਬਣਾਓ ਤੇ ਸੁਭ ਕਰਨੀ ਤੁਲਸੀ ਨੂੰ ਮਾਲਾ ਸਮਝੋ, ਰਾਮ-ਨਾਮ ਰੂਪ ਬੇੜਾ ਬੰਨ੍ਹੋ ਤੇ ਆਖੋ ਹੇ ਦਿਆਲੂ ਹਰੀ ਸਾਡੇ ਤੇ ਦਇਆ ਕਰੋ। [ਸ਼ਬਦਾਰਥ

੩. ਹੇ ਬ੍ਰਾਹਮਣ ! ਪਰਮਾਤਮਾ ਦਾ ਨਾਮ ਸਿਮਰ ਕੇ (ਸੰਸਾਰ-ਸਮੁੰਦਰ ਦੀਆਂ ਵਿਕਾਰਾਂ ਦੀਆਂ ਲਹਿਰਾਂ ਚੋਂ ਪਾਰ ਲੰਘਣ ਲਈ) ਇਹ ਬੇੜਾ ਤਿਆਰ ਕਰੋ, (ਸਦਾ ਪਰਮਾਤਮਾ ਦੇ ਦਰ ਤੇ ਅਰਦਾਸ ਕਰੋ ਤੇ ਆਖੋ) ਹੇ ਦਿਆਲੂ ਪ੍ਰਭੂ ! (ਮੇਰੇ ਉਤੇ) ਦਇਆ ਕਰ (ਤੇ ਮੈਨੂੰ ਆਪਣੇ ਨਾਮ ਦੀ ਦਾਤ ਦੇਹ)। ਹੇ ਬ੍ਰਾਹਮਣ ! ਉਸ ਨੂੰ ਪ੍ਰਸੰਨ ਕਰੋ, ਇਹੀ ਹੈ ਸਾਲਗ੍ਰਾਮ (ਦੀ ਪੂਜਾ)। ਨੇਕ ਆਚਰਨ ਬਣਾਓ, ਇਹ ਹੈ ਤੁਲਸੀ ਦੀ ਮਾਲਾ ।੧। [ਦਰਪਣ

੪. ਹੇ ਬ੍ਰਾਹਮਣੋ ! ਤੁਸੀਂ ਹਰੀ ਸਾਲਗ੍ਰਾਮ ਨੂੰ ਪੂਜ ਕੇ ਪ੍ਰਸੰਨ ਕਰੋ ਤੇ ਸ਼ੁਭ ਕਰਮ ਨੂੰ ਤੁਲਸੀ ਦੀ ਮਾਲਾ ਬਣਾਓ। ਰਾਮ ਨਾਮ ਰੂਪ ਬੇੜਾ ਬੰਨ੍ਹੋ ਤੇ ਆਖੋ, ਹੇ ਦਇਆਲੂ ਪ੍ਰਭੂ, ਸਾਡੇ ਤੇ ਦਇਆ ਕਰੋ ਤੇ ਸਾਨੂੰ ਰਾਮ ਨਾਮ ਰੂਪ ਬੇੜਾ ਬੰਨ੍ਹਣ ਦੀ ਜਾਚ ਦਸੋ ।੧। [ਗੁਰੂ ਨਾਨਕ ਬਾਣੀ ਪ੍ਰਕਾਸ਼

**ਨਿਰਣੈ** : ਸੰਪ੍ਰਦਾਈ ਟੀਕਾਕਾਰਾਂ ਨੇ ਫਰੀਦਕੋਟ ਵਾਲੇ ਸਟੀਕ ਦੇ ਅਧਾਰ ਤੇ ਅਰਥ ਕੀਤੇ ਹਨ। 'ਸ਼ਬਦਾਰਥ', 'ਦਰਪਣ' ਅਤੇ 'ਗੁਰੂ ਨਾਨਕ ਬਾਣੀ ਪ੍ਰਕਾਸ਼' ਵਾਲੇ ਟੀਕਿਆਂ ਦੀ ਇਕ ਸੁਰ ਹੈ। ਜੋ ਸ਼ਬਦ ਦੇ ਮੂਲ ਸਰੂਪ ਨੂੰ ਸਾਹਮਣੇ ਰਖੀਏ ਤਾਂ ਫਰੀਦਕੋਟ ਵਾਲੇ ਅਰਥ ਠੀਕ ਹਨ। 'ਮਨਾਵਹੁ' ਪਦ ਦੇ ਅਰਥ ਕਰਨ ਵੇਲੇ ਨਵੀਨ ਟੀਕਾਕਾਰ ਭੁਲੇਖਾ ਖਾ ਗਏ ਜਾਪਦੇ ਹਨ। ਇਹ ਜ਼ਰੂਰੀ ਨਹੀਂ ਕਿ ਇਹ 'ਪਦ' ਸੰਬੋਧਨ ਰੂਪ ਵਿਚ ਬ੍ਰਹਮਣਾਂ ਨੂੰ ਉਪਦੇਸ਼ ਵਜੋਂ ਵਰਤਿਆ ਗਿਆ ਹੋਵੇ। ਜਿਵੇਂ 'ਕਰਹੁ' ਪਦ ਦੇ ਅਰਥ 'ਤੁਸੀਂ ਕਰੋ' ਵੀ ਹਨ ਅਤੇ 'ਤੁਸੀਂ ਕਰਦੇ ਹੋ' ਦੋਵੇਂ ਹੀ ਪ੍ਰਕਰਣ ਅਨੁਸਾਰ ਠੀਕ ਹਨ। ਜਿਵੇਂ ਕਿ -

੧. ਕ੍ਰਿਪਾ ਕਰਹੁ ਦੀਨ ਕੇ ਦਾਤੇ ....... (ਪੰ. ੮੮੨) (ਕਰੋ)

੨. ਤੁਮ ਕਰਹੁ ਭਲਾ ਹਮ ਭਲੋ ਨ ਜਾਨਹ ...... (ਪੰਨਾ ੬੧੩) (ਕਰਦੇ ਹੋ)

ਇਸ ਤਰ੍ਹਾਂ 'ਮਨਾਵਹੁ' ਪਦ ਦੇ ਅਰਥ ਹੇ ਬ੍ਰਹਮਣੋ ! ਤੁਸੀ 'ਮਨਾਉਂਦੇ ਹੋ' ਠੀਕ ਹਨ, ਇਹ ਨਹੀਂ ਕਿ ਤੁਸੀਂ 'ਮਨਾਓ'। ਠੀਕ ਅਰਥ ਪਿਛੇ ਕਰ ਦਿਤੇ ਹਨ।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਵੈਸ਼ਨਵ ਧਰਮ ਦੇ ਅਨੁਆਈ ਬ੍ਰਾਹਮਣਾਂ ਨੂੰ 'ਸਾਲਗ੍ਰਾਮ' (ਪਥਰ ਦੀ ਮੂਰਤੀ) ਨੂੰ ਪੂਜਣ ਦੀ ਥਾਂ "ਰਾਮ ਨਾਮੁ ਜਪਿ ਬੇੜਾ ਬਾਧਹੁ' ਦਾ ਉਪਦੇਸ਼ ਦਿਤਾ ਹੈ। ਸਾਲਗ੍ਰਾਮ ਦੇ ਨਾਲ 'ਤੁਲਸੀਮਾਲਾ' ਦਾ ਜ਼ਿਕਰ ਇਸ ਲਈ ਕੀਤਾ ਗਿਆ ਜਾਪਦਾ ਹੈ ਕਿਉਂਕਿ ਪੰਡਤਾਂ ਅਨੁਸਾਰ ਸਾਲਗ੍ਰਾਮ ਦੀ ਪੂਜਾ ਬਿਨਾ ਤੁਲਸੀ ਦੇ ਹੋ ਹੀ ਨਹੀਂ ਸਕਦੀ।

ਗੁਰੂ ਬਾਬਾ ਜੀ ਨੇ ਅਜਿਹੇ ਕਰਮ ਕਾਂਡਾ ਨੂੰ 'ਕਲਰ' ਨਾਲ ਤੁਲਨਾ ਦਿਤੀ ਹੈ। ਗੁਰਵਾਕ ਹਨ:

**ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ ॥** [ਪੰਨਾ ੪੧੯

ਕਲਰ ਪਾਪਾਂ ਦਾ ਪ੍ਰਤੀਕ ਹੈ। ਪਾਪ ਜੀਵਨ ਨੂੰ ਗੰਧਲਾ ਕਰਦੇ ਹਨ ਅਤੇ ਕਚੀ ਦੀਵਾਰ ਜਿਵੇਂ ਡਿਗ ਜਾਂਦੀ ਹੈ, ਤਿਵੇਂ ਪਾਪਾਂ ਨਾਲ ਆਤਮਿਕ ਜੀਵਨ ਬਰਬਾਦ ਹੋ ਜਾਂਦਾ ਹੈ।

ਮਨੁੱਖ ਸਰੀਰ ਨੂੰ ਸਜਾਉਣ ਵਿਚ ਰੁਝਿਆ ਰਹਿੰਦਾ ਹੈ। ਧੋਤੀ, ਟਿਕਾ, ਹੋਰ ਕਈ ਚਿੰਨ ਜਿਥੇ ਸਬੰਧਤ ਧਰਮਾਂ ਨੇ ਆਪੋ ਆਪਣੇ ਚਿੰਨ ਮੰਨੇ ਹਨ, ਉਥੇ ਇਹ ਚਿੰਨ ਫੋਕਟ ਵਿਖਾਵੇ ਦਾ ਵੀ ਪ੍ਰਤੀਕ ਹਨ। 'ਕਾਚੀ ਢਹਗਿ ਦਿਵਾਲ, ਕਾਹੇ ਗਚੁ ਲਾਵਹੁ' ਤੋਂ ਸਿਖਿਆ ਲੈਣ ਦੀ ਲੋੜ ਹੈ। ਮਨੁੱਖ ਸਰੀਰ ਨੂੰ ਰਿਸ਼ਟ ਪੁਸ਼ਟ ਰਖਣ ਲਈ ਇਸ ਨੂੰ ਸੋਹਣਾ ਬਣਾਉਣ ਲਈ, ਪਊਡਰ ਤੇ ਕਰੀਮਾਂ ਨਾਲ ਖੂਬ ਚਮਕਾ ਕੇ ਰਖਦਾ ਹੈ, ਪਰ ਉਸ ਨੂੰ 'ਕਾਚੀ ਢਹਗਿ ਦਿਵਾਲ' ਵਾਲੇ ਪ੍ਰਾਵਨ ਵਾਕ ਚੇਤੇ ਨਹੀਂ ਆਉਂਦੇ। 'ਅਨਿਕ ਜਤਨ ਕਰਿ ਕਾਇਆ ਪਾਲੀ ॥ ਮਰਤੀ ਬਾਰ ਅਗਨਿ ਸੰਗਿ ਜਾਲੀ ॥' (ਪੰਨਾ ੩੨੫) ਵਾਲੀ ਸਚਾਈ ਨੂੰ ਅਖੋਂ ਓਹਲੇ ਨਹੀਂ ਕਰਨਾ, ਚੇਤੇ ਰਖਣਾ ਹੈ।

ਨਿਰੀਆਂ ਗੱਲਾਂ ਨਾਲ ਸੰਸਾਰ ਸਾਗਰ ਤੋਂ ਪਾਰ ਨਹੀਂ ਹੋਇਆ ਜਾਂਦਾ। ਸਰੀਰ ਰੂਪੀ ਧਰਤੀ ਵਿਚ 'ਨਾਮ-ਬੀਜ' ਬੀਜ ਕੇ, ਖੇਤੀ ਨੂੰ ਕਾਮ ਕ੍ਰੋਧ ਤੋਂ ਬਚਾਉਣ ਦੀ ਲੋੜ ਹੈ। ਭਗਤ ਕਬੀਰ ਜੀ ਕਹਿੰਦੇ ਹਨ -

**ਕਬੀਰ, ਫਲ ਲਾਗੇ ਫਲਨਿ, ਪਾਕਨਿ ਲਾਗੇ ਆਂਬ ॥**
**ਜਾਇ ਪਹੂਚਹਿ ਖਸਮ ਕਉ, ਜਉ ਬੀਚਿ ਨ ਖਾਹੀ ਕਾਂਬ ॥** [ਪੰਨਾ ੧੩੭੧

ਕਾਮ, ਕ੍ਰੋਧ ਆਦਿ ਅਵਗੁਣਾਂ ਨੂੰ ਕਢਣ ਲਈ ਜਤ, ਸਤ, ਸ਼ਹਿਨਸ਼ੀਲਤਾ ਆਦਿ ਦੈਵੀ ਗੁਣਾ ਦੀ ਲੋੜ ਹੈ, ਜਿਵੇਂ ਕਿਸਾਨ ਮਿਹਨਤ ਕਰਕੇ ਨਦੀਣ ਤੇ ਹੋਰ ਘਾਹ ਦੇ ਬੂਟੇ ਕਢ ਕੇ ਗੋਡੀ ਕਰਦਾ ਹੈ, ਜਗਿਆਸੂ ਨੂੰ ਵੀ ਨਾਮ ਅਭਿਆਸ ਦੀ ਮਿਹਨਤ ਨਾਲ ਅਉਗੁਣਾਂ ਨੂੰ ਕਢਣ ਦੀ ਲੋੜ ਹੈ। ਜੇ ਅਸੀਂ ਆਪਣੇ ਅੰਤਸ਼ਕਰਣ ਵਿਚ ਨਾਮ ਅੰਮ੍ਰਿਤ ਸਿੰਚਾਂਗੇ ਤਾਂ ਹਰੀ ਮਾਲੀ ਦੇ ਚਾਹਤੇ ਸੇਵਾਦਾਰ ਬਣ ਸਕਾਂਗੇ। ਅੰਤ ਵਿਚ ਬੇਨਤੀ ਕੀਤੀ ਹੈ, ਹੇ ਪ੍ਰਭੂ ! ਜੇ ਤੂੰ ਕਿਰਪਾ ਦ੍ਰਿਸ਼ਟੀ ਕਰ ਦੇਵੇਂ ਤਾਂ ਹੀ ਬਗਲਾ (ਪਖੰਡੀ ਮਨੁੱਖ) ਫਿਰ ਹੰਸ ਬਣ ਸਕਦਾ ਹੈ। ਸੋ 'ਦਇਆ ਕਰਹੁ ਦਇਆਲਾ' ਦੀ ਰਟ ਸਦਾ ਹੀ ਲਾਈ ਰਖਣੀ ਹੈ, ਇਸ ਨਾਲ ਜੀਵਨ ਵਿਚ ਪਲਟਾ ਆਉਂਦਾ ਹੈ :–

**ਕਬੀਰ ਕੋਸੋ ਕੋਸੋ ਕੂਕੀਐ, ਨ ਸੋਈਐ ਅਸਾਰ ॥**
**ਰਾਤਿ ਦਿਵਸ ਕੇ ਕੂਕਨੇ, ਕਬਹੂ ਕਿ ਸੁਨੈ ਪੁਕਾਰਿ ॥** [ਪੰਨਾ ੧੩੭੬

**ਬਸੰਤੁ ਮਹਲਾ ੧ ਹਿੰਡੋਲ ॥ ਸਾਹੁਰੜੀ ਵਥੁ ਸਭੁ ਕਿਛੁ ਸਾਝੀ, ਪੇਵਕੜੈ ਧਨ ਵਖੇ ॥ ਆਪਿ ਕੁਚਜੀ ਦੋਸ ਨ ਦੇਊ, ਜਾਣਾ ਨਾਹੀ ਰਖੇ ॥੧॥ ਮੇਰੇ ਸਾਹਿਬਾ, ਹਉ ਆਪੇ ਭਰਮਿ ਭੁਲਾਣੀ ॥ ਅਖਰ ਲਿਖੇ ਸੇਈ ਗਾਵਾ, ਅਵਰ ਨ ਜਾਣਾ ਬਾਣੀ ॥੧॥ ਰਹਾਉ ॥ ਕਢਿ ਕਸੀਦਾ ਪਹਿਰਹਿ ਚੋਲੀ, ਤਾਂ ਤੁਮ੍ ਜਾਣਹੁ ਨਾਰੀ ॥ ਜੇ ਘਰੁ ਰਾਖਹਿ ਬੁਰਾ ਨ ਚਾਖਹਿ, ਹੋਵਹਿ ਕੰਤ ਪਿਆਰੀ ॥੨॥ ਜੇ ਤੂੰ ਪੜਿਆ ਪੰਡਿਤੁ**

**ਬੀਨਾ, ਦੁਇ ਅਖਰ ਦੁਇ ਨਾਵਾ ॥ ਪ੍ਰਣਵਤਿ ਨਾਨਕੁ ਏਕੁ ਲੰਘਾਏ, ਜੇਕਰਿ ਸਚਿ ਸਮਾਵਾਂ ॥੩॥੨॥੧੦॥**

## ਉਚਾਰਨ ਸੇਧ

**ਬਿੰਦੀ ਸਹਿਤ** : ਸਾਂਝੀ, ਦੇਊਂ, ਨਾਹੀਂ, ਹਉਂ, ਗਾਵਾਂ, ਪਹਿਰਹਿੰ, ਚੋਲੀਂ, ਰਾਖਹਿੰ, ਚਾਖਹਿੰ, ਹੋਵਹਿੰ। **ਬਿੰਦੀ ਰਹਿਤ**: ਨਾਵਾ।

**ਪਦ ਅਰਥ** : ਸਾਹੁਰੜੀ-ਸਹੁਰੇ ਘਰ ਦੀ । ਵਥੁ-ਵਸਤੂ । ਸਾਝੀ-ਸਾਂਝੀ, ਰਲ ਮਿਲ ਕੇ ਖਾਣ ਖਰਚਣ ਵਾਲੀ । ਪੇਵਕੜੈ-ਪੇਕੇ ਘਰ ਵਿਚ । ਧਨ-ਜੀਵ ਇਸਤ੍ਰੀ । ਵਖੇ-ਵਖਰੇ ਰਹਿਣ ਵਾਲੀ, ਵਿਤਕਰੇ ਵਾਲੀ । ਕੁਚਜੀ-ਕੁਹਜੇ ਕੰਮ ਕਰਨ ਵਾਲੀ, ਜੀਵਨ ਜੁਗਤਿ ਤੋਂ ਅਨਜਾਣ । ਨ ਦੇਊ-ਮੈਂ ਨਹੀਂ ਦੇਂਦੀ । ਜਾਣਾ ਨਹੀਂ ਰਖੇ-ਰਖਣਾ (ਸਾਂਭਣਾ) ਨਹੀਂ ਜਾਣਦੀ ।੧।

ਮੇਰੇ ਸਾਹਿਬਾ-ਹੇ ਮੇਰੇ ਮਾਲਕ ! । ਹਉ-ਮੈਂ । ਆਪੇ ਭਰਮਿ ਭੁਲਾਣੀ-ਆਪ ਹੀ ਭਟਕਣਾ ਵਿਚ ਪੈ ਕੇ ਭੁਲੀ ਹੋਈ ਹਾਂ । ਅਖਰ ਲਿਖੇ-(ਜਿਹੜੇ) ਅਖਰ (ਮੇਰੇ ਮਥੇ) ਤੇ ਲਿਖੇ ਹੋਏ ਹਨ । ਸੇਈ ਗਾਵਾ-(ਮੈਂ) ਓਹੀ ਗਾਉਂਦੀ ਰਹਿੰਦੀ ਹਾਂ (ਭਾਵ ਮੈਂ ਇਹੋ ਕਹਿੰਦੀ ਰਹਿੰਦੀ ਹਾਂ ਕਿ ਜੋ ਮੇਰੇ ਕਰਮਾਂ ਵਿਚ ਲਿਖਿਆ ਹੋਇਆ ਹੈ, ਓਹੀ ਮਿਲੇਗਾ)। ਅਵਰ-ਹੋਰ । ਨ ਜਾਣਾ ਬਾਣੀ-ਹੋਰ ਕੋਈ ਬੋਲ (ਗਲਬਾਤ ਕਰਨੀ) ਜਾਣਦੀ ਹੀ ਨਹੀਂ।੧।ਰਹਾਉ।

ਕਢਿ ਕਸੀਦਾ-ਕਸੀਦਾ ਕਢ ਕੇ (ਫੁਲਕਾਰੀ ਕਢ ਕੇ) । ਪਹਿਰਹਿ-(ਜੇ ਤੂੰ) ਪ੍ਰੇਮ ਰੂਪੀ ਚੋਲੀ ਪਾ ਲਏਂ । ਤਾ ਤੁਮ ਜਾਣਹੁ ਨਾਰੀ-ਤਾਂ ਤੂੰ ਇਸਤ੍ਰੀ ਅਖਵਾ ਸਕਦੀ ਹੈਂ । ਜੇ ਘਰੁ ਰਾਖਹਿ-ਜੇ ਤੂੰ ਘਰ ਨੂੰ ਸੰਭਾਲ ਕੇ ਰਖੇਂ । ਬੁਰਾ ਨ ਚਾਖਹਿ-ਬੁਰਾ (ਰੱਸ) ਨਾ ਚਖੇਂ । ਹੋਵਹਿ-ਹੋ ਜਾਵੇਂਗੀ । ਕੰਤੁ-ਖਸਮ ਨੂੰ । ਪਿਆਰੀ-ਚੰਗੀ ।੨।

ਪੜਿਆ-ਪੜ੍ਹਿਆ ਹੋਇਆ । ਪੰਡਿਤੁ-ਵਿਦਵਾਨ । ਬੀਨਾ-ਸਿਆਣਾ । ਦੁਇ ਅਖਰ-(ਰਾਮ ਨਾਮ ਦੇ) ਦੋ ਅਖਰ । ਦੁਇ ਨਾਵਾ-ਦੋ ਬੇੜੀਆਂ । ਪ੍ਰਣਵਤਿ-ਕਹਿੰਦਾ ਹੈ । ਏਕੁ ਲੰਘਾਏ-ਇਕ (ਨਾਮ ਹੀ) । ਪਾਰ ਲੰਘਾਏ-(ਸੰਸਾਰ ਸਮੁੰਦਰ ਤੋਂ) ਪਾਰ ਲੰਘਾਉਂਦਾ ਹੈ । ਜੇਕਰਿ ਸਚਿ ਸਮਾਵਾ-ਜੇਕਰ ਮੈਂ ਸਚ ਵਿਚ ਸਮਾਅ ਜਾਵਾਂ, ਲੀਨ ਹੋ ਜਾਵਾਂ ।੩।

**ਅਰਥ** : ਸਾਹੁਰੇ (ਪ੍ਰਭੂ ਦੇ) ਘਰ ਦੀ ਵਸਤੂ (ਦਾਤਿ ਜੋਤਿ ਆਦਿ) ਸਭ ਕੁਝ ਸਾਂਝੀ ਹੈ (ਪਰ) ਪੇਕੇ ਘਰ (ਭਾਵ ਇਸ ਸੰਸਾਰ ਵਿਚ) ਜੀਵ-ਇਸਤ੍ਰੀ (ਹਰੇਕ ਵਸਤੂ ਨੂੰ) ਵਖਰੇ (ਮੰਨਦੀ ਹੈ ਜੋ ਇਸ ਦੀ ਅਗਿਆਨਤਾ ਹੈ) । (ਹੇ ਪ੍ਰਭੂ ਪਤੀ ਜੀ!) ਮੈਂ (ਜੀਵਨ ਦੇ ਇਸ ਪਖੋਂ) ਆਪ ਕੁਚੱਜੀ ਹਾਂ (ਮੈਂ ਤੈਨੂੰ) ਦੋਸ਼ ਨਹੀਂ ਦੇਂਦੀ (ਕਿਉਂਕਿ ਮੈਂ ਤੇਰੀ ਦਿਤੀ ਹੋਈ ਦਾਤ-ਜੋਤਿ ਆਦਿ ਸੰਭਾਲ ਕੇ) ਰਖਣਾ ਨਹੀਂ ਜਾਣਦੀ (ਮੈਂ ਇਸ ਲਈ ਦੁਖੀ ਹਾਂ) ।੧।

ਹੇ ਮੇਰੇ ਮਾਲਕ! ਮੈਂ ਆਪ ਹੀ (ਆਪਣੇ ਮੰਦੇ ਕਰਮਾਂ ਕਰਕੇ) ਭੂਲੀ ਪਈ ਹਾਂ (ਭਾਵ ਤੈਨੂੰ ਵਿਸਾਰ ਕੇ ਕੁਰਾਹੇ ਪੈ ਗਈ ਹਾਂ)। (ਮੇਰੇ ਮੱਥੇ ਉਤੇ ਧੁਰੋਂ ਜੋ ਸ਼ੁੱਭ ਅਸ਼ੁੱਭ) ਅਖਰ ਲਿਖੇ ਗਏ ਹਨ ਮੈਂ ਉਨ੍ਹਾਂ ਨੂੰ ਗਾਉਂਦੀ ਰਹਿੰਦੀ ਹਾਂ (ਭਾਵ ਇਹੋ ਰਟ ਲਾਈ ਰਖਦੀ ਹਾਂ ਜੋ ਮੇਰੇ ਕਰਮਾਂ ਵਿਚ ਲਿਖਿਆ ਹੈ ਮੈਨੂੰ ਉਹੀ ਮਿਲੇਗਾ) ਹੋਰ ਬਾਣੀ (ਬੋਲ ਭਾਵ ਕੋਈ ਗਲ ਬਾਤ ਕਰਨੀ) ਜਾਣਦੀ ਹੀ ਨਹੀਂ (ਅਨਜਾਣ) ਹਾਂ।੧। ਰਹਾਉ।

(ਕਲਪਨਾ ਵਿਚ ਪਈ ਹੋਈ ਜੀਵ-ਇਸਤ੍ਰੀ ਨੂੰ ਗੁਰੂ ਬਾਬਾ ਜੀ ਇਹ ਉਪਦੇਸ਼ ਦੇਂਦੇ ਹਨ ਕਿ ਹੇ ਜੀਵ-ਇਸਤ੍ਰੀ!) ਜੇ ਤੂੰ (ਸ਼ੁੱਭ ਗੁਣਾ ਰੂਪੀ) ਕਸੀਦਾ ਕਢ ਕੇ (ਪ੍ਰੇਮ ਰੂਪੀ) ਚੋਲੀ ਪਾਵੇਂ ਤਾਂ ਤੂੰ ਇਸਤ੍ਰੀ ਅਖਵਾ ਸਕਦੀ ਹੈਂ। ਜੇ (ਤੂੰ ਆਪਣਾ ਹਿਰਦਾ ਰੂਪੀ) ਘਰ (ਕਾਮਾਦਿਕਾਂ ਤੋਂ ਬਚਾ ਕੇ) ਰਖੇਂ, ਬੁਰਾ (ਰੱਸ) ਨਾ ਚਖਹਿਂ, ਤਾਂ ਤੂੰ ਪਤੀ-ਪ੍ਰਭੂ ਨੂੰ ਪਿਆਰੀ ਲਗ ਸਕਦੀ ਹੈਂ।੨।

(ਹੇ ਭਾਈ!) ਜੇ ਤੂੰ ਪੜ੍ਹਿਆ ਹੋਇਆ ਪੰਡਿਤ (ਵਿਦਵਾਨ) ਹੈਂ, ਸਿਆਣਾ (ਸਮਝਦਾਰ ਹੈ), ਤਾਂ ਦੋ ਅਖਰ 'ਰਾਮ' ਦੇ ਚੇਤੇ ਰਖ (ਇਹ) ਦੋ ਅਖਰ ਹੀ (ਸੰਸਾਰ ਸਾਗਰ ਤੋਂ ਪਾਰ ਕਰਨ ਲਈ ਦੋ) ਬੇੜੀਆਂ ਰੂਪ ਹਨ। ਨਾਨਕ ਆਖਦਾ ਹੈ ਜੇਕਰ ਮੈਂ ਸਚ ਰੂਪ ਪਰਮਾਤਮਾ ਵਿਚ ਸਮਾਇਆ (ਭਾਵ ਲੀਨ ਹੋਇਆ) ਰਹਾਂ (ਤਾਂ) ਇਕ (ਰਾਮ ਰੂਪੀ) ਅਖਰ ਹੀ (ਸੰਸਾਰ ਤੋਂ) ਪਾਰ ਲੰਘਾ ਦੇਵੇਗਾ।੩।੨।੧੦।

## ਅਰਥ ਭੇਦ ਅਤੇ ਨਿਰਣੈ

**੧. ਸਹੁਰੜੀ ਵਥੁ ਸਭੁ ਕਿਛੁ ਸਾਝੀ, ਪੇਵਕੜੈ ਧਨ ਵਖੇ ॥**

ਵਖ ਵਖ ਅਰਥ :

੧. (ਸਾਹੁਰੜੀ) ਸਹੁਰਿਆਂ ਕੀ ਅਰਥਾਤ ਈਸ਼ਰ ਕੀ ਜਿਤਨੀ ਵਸਤੂ ਹੈ ਸਭ ਕੁਛ ਸਾਂਝੀ ਹੈ ਈਸ਼ਵਰ ਕੀ ਸ੍ਰਿਸ਼ਟੀ ਹੋਣੇ ਤੋਂ (ਪੇਵਕੜੇ) ਇਸ ਲੋਕ ਮੈਂ ਜੀਵ ਰੂਪ (ਧਨ) ਇਸਤ੍ਰੀ ਮੇ (ਵਖੇ) ਭਿੰਨ ਅਰਥਾਤ ਆਪਣੀ ਜਾਣੀ ਹੈ ਭਾਵ ਪਦਾਰਥ ਅਪਨੇ ਕਰਕੇ ਜਾਣ ਲੀਏ ਹੈ। ਵਾ ਸਰੀਰ ਰੂਪੀ ਵਸਤੂ ਸਭ ਸਨਬੰਧੀਆਂ ਦੀ ਸਾਂਝੀ ਹੈ ਭਾਵ ਇਸ ਮੈਂ ਬਹੁਤਿਆਂ ਕੀ ਮੇਰ ਹੈ ਔ ਪੇਕੇ ਭਾਵ ਇਸ ਲੋਕ ਮੈਂ ਧਨ ਤੇ ਪ੍ਰਾਣ (ਵਖੇ) ਜੁਦੇ ਹੈਂ ਭਾਵ ਸੇ ਦੂਸਰੇ ਕੇ ਪ੍ਰਾਣੋਂ ਮੈ ਕਿਸੀ ਕੋ ਅਹੰ ਭਾਵ ਨਹੀਂ ਫੁਰਤਾ ਹੈ ਭਾਵ ਬਯਾਪਕ ਹੋਣੇ ਤੇ ਸਭ ਮੈਂ ਅਨਸੂਚਤ ਹੈਂ ਪੇਕੇ ਭਾਵ ਇਸ ਲੋਕ ਉਪਲਖਤ ਸਭ ਅਸਥਾਨੋਂ ਮੈਂ ਜੀਵ ਰੂਪ ਇਸਤ੍ਰੀ ਕੀ ਪ੍ਰਾਰਬਧ ਭਿੰਨ ਭਿੰਨ ਹੈ। [ਫ. ਸ.

੨. ਰਬ ਵਲੋਂ ਸਭ ਵਸਤੂ ਸਾਂਝੀ ਹੈ, ਭਾਵ ਸਭ ਵਿਚ ਰਬੀ ਦਾਤ ਪਾਈ ਗਈ ਹੈ, ਪਰ ਮਾਇਆ ਵਿਚ ਲੱਗ ਕੇ ਅਸਾਂ ਵਿਖੇਪਤਾ ਪਾ ਲਈ ਹੈ। [ਸ਼ਬਦਾਰਥ

੩. ਇਸ ਤੁਕ ਅੰਦਰ 'ਧਨ' ਪਦ ਦਾ ਅਰਥ 'ਇਸਤ੍ਰੀ' ਹੈ ਨਾ ਕਿ ਧਨੁ (ਮਾਇਆ) ਜੈਸਾ ਕਿ ਸ਼ਬਦਾਰਥੀਆਂ ਕੀਤਾ ਹੈ। ਗੁਰਬਾਣੀ ਅੰਦਰਿ ਮਾਇਆ ਦੇ ਅਰਥਾਂ ਵਾਲਾ 'ਧਨੁ' ਪਦ ਹਮੇਸ਼ਾਂ ਨਨੇ ਨੂੰ ਔਂਕੜ ਨਾਲ ਆਉਂਦਾ ਹੈ। ਨਨਾ ਮੁਕਤਾ ਹਮੇਸ਼ਾਂ 'ਧਨ' ਪਦ ਦਾ ਅਰਥ ਇਸਤ੍ਰੀ ਕਰਨਾ ਉਚਿਤ ਹੈ। [ਗੁਰਬਾਣੀ ਲਗ-ਮਾਤ੍ਰਾਂ ਦੀ ਵਿਲਖਣਤਾ ਭਾ. ਸ. ਰਣਧੀਰ ਸਿੰਘ ਜੀ

**ਨਿਰਣੈ :** ਫਰੀਦਕੋਟੀ ਸਟੀਕ ਦੇ ਬਹੁ ਰੰਗੇ ਅਰਥ ਔਖਿਆਈ ਵਿਚ ਪਾਉਣ ਵਾਲੇ ਹਨ। 'ਸ਼ਬਦਾਰਥ' ਵਿਚ ਦਿਤੇ ਅਰਥਾਂ ਬਾਰੇ ਜੋ ਭਾਈ ਸਾਹਿਬ ਜੀ ਨੇ ਲਿਖਿਆ ਹੈ, ਉਹ ਠੀਕ ਹੀ ਹੈ ਪਰ ਸਲੋਕ ਮ: ੯ ਵਿਚ 'ਧਨੁ ਦਾਰਾ ਸੰਪਤ ਸਗਲ ਜਿਨੀ ਅਪਨੀ ਕਰਿ ਮਾਨ ॥ (ਪੰ. ੧੪੨੬) ਵਿਚ 'ਧਨੁ' ਪਦ ਮਾਇਆ ਦੇ ਹੀ ਅਰਥ ਦਿੰਦਾ ਹੈ। ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿਚ ਲਗਮਾਤਰੀ ਨੇਮ ਕਈ ਥਾਵਾਂ ਤੇ ਰਹੇ ਹੋਏ ਹਨ। ਬਹੁਤੀ ਵਿਆਖਿਆ ਕਰਨ ਤੋਂ ਸੰਕੋਚ ਕਰਦੇ ਹੋਏ ਇਸ ਪੰਕਤੀ ਦੇ ਲੋੜੀਂਦੇ ਅਰਥ ਲਗਮਾਤਰੀ ਨੇਮਾਂ ਦੇ ਆਧਾਰ ਤੇ ਪਿਛੇ ਕਰ ਦਿਤੇ ਗਏ ਹਨ।

**੨. ਮੇਰੇ ਸਾਹਿਬਾ, ਹਉ ਆਪੇ ਭਰਮਿ ਭੁਲਾਣੀ ॥**
**ਅਖਰ ਲਿਖੇ ਸੇਈ ਗਾਵਾ, ਅਵਰ ਨ ਜਾਣਾ ਬਾਣੀ ॥**

ਵਖ ਵਖ ਅਰਥ :

੧. ਹੇ ਮੇਰੇ ਸ੍ਵਾਮੀ ਪੰਡਤ ਜੀ ਹੰਗਤਾ ਕਰਕੇ ਮੈਂ ਭਰਮਿ ਮੈਂ ਭੂਲੀ ਹੂਈ ਰਾਮਨਾਮ ਰੂਪੀ ਅਖਰ ਜੋ ਬੇਦ ਸਾਸਤ੍ਰ ਮੈਂ ਮੁਖ ਲਿਖੇ ਹੈ ਸੋਈ ਗਾਵਤੀ ਹੂੰ ਔਰ ਬਾਣੀ ਮੈਂ ਨਹੀਂ ਜਾਨਤੀ ਹੂੰ। [ਫ. ਸ.

੨. ਜੋ ਮੇਰੇ ਸਿਰ ਤੇ ਤੇਰੇ ਵਲੋਂ ਹੁਕਮ ਦੀ ਲਿਖਤ ਲਿਖੀ ਹੈ, ਉਸੇ ਅਨੁਸਾਰ ਕਰਦੀ ਹਾਂ, ਹੋਰ ਕੋਈ ਅਪਣੇ ਵਲੋਂ ਬਣਾਵਟ ਨਹੀਂ ਬਣ ਸਕਦੀ। [ਸ਼ਬਦਾਰਥ

੩. ਹੇ ਮੇਰੇ ਮਾਲਕ ਪ੍ਰਭੂ ! ਮੈਂ ਆਪ ਹੀ (ਮਾਇਆ ਦੇ ਮੋਹ ਦੀ) ਭਟਕਣਾ ਵਿਚ ਪੈ ਕੇ ਜੀਵਨ ਦੇ ਸਹੀ ਰਸਤੇ ਤੋਂ ਖੁੰਝੀ ਹੋਈ ਹਾਂ। (ਮਾਇਆ ਦੇ ਮੋਹ ਵਿਚ ਫਸ ਕੇ ਜਿਤਨੇ ਭੀ ਕਰਮ ਮੈਂ ਜਨਮਾਂ ਜਨਮਾਤਰਾਂ ਤੋਂ ਕਰਦੀ ਆ ਰਹੀ ਹਾਂ, ਉਹਨਾਂ ਦੇ ਜੋ) ਸੰਸਕਾਰ ਮੇਰੇ ਮਨ ਵਿਚ ਉੱਕਰੇ ਪਏ ਹਨ, ਮੈਂ ਉਹਨਾਂ ਨੂੰ ਹੀ ਗਾਂਦੀ ਚਲੀ ਜਾ ਰਹੀ ਹਾਂ (ਉਹਨਾਂ ਦੀ ਹੀ ਪ੍ਰੇਰਨਾ ਹੇਠ ਮੁੜ ਮੁੜ ਉਹੋ ਜਿਹੇ ਕਰਮ ਕਰਦੀ ਜਾ ਰਹੀ ਹਾਂ) ਮੈਂ (ਮਨ ਦੀ) ਕੋਈ ਹੋਰ ਘਾੜਤ (ਘੜਨੀ) ਨਹੀਂ ਜਾਣਦੀ ਹਾਂ (ਮੈਂ ਕਈ ਐਸੇ ਕੰਮ ਕਰਨੇ ਨਹੀਂ ਜਾਣਦੀ ਜਿਨ੍ਹਾਂ ਨਾਲ ਮੇਰੇ ਅੰਦਰੋਂ ਮਾਇਆ ਦੇ ਮੋਹ ਤੇ ਸੰਸਕਾਰ ਮੁੱਕ ਜਾਣ)। [ਦਰਪਣ

੪. ਹੇ ਮੇਰੇ ਸਾਹਿਬਾ ! ਮੈਂ ਕੁਚੱਜੀ ਆਪਣੇ ਆਪਿ ਹੀ ਭਰਮਾਂ ਵਿਚਿ ਭੁਲਾਣੀ ਫਿਰਦੀ ਹਾਂ ਕਿ ਸਚੀ ਵਥ ਨੂੰ ਛਡ ਕੇ ਕਚੀਆਂ ਵਥਾਂ ਵਿਹਾਝਦੀ ਫਿਰਦੀ ਹਾਂ। ਚਾਹੀਦਾ ਤਾਂ ਇਹ ਹੈ ਕਿ ਧੁਰੋਂ ਆਈ ਬਾਣੀ ਨੂੰ ਇੰਨ ਬਿੰਨ ਅੱਖਰ ਅੱਖਰ ਦਾ ਸ਼ੁੱਧ ਅਖੰਡ ਨਿਰਬਾਣ ਕੀਰਤਨ ਕਰਿ ਗਾਵਾਂ। ਹੋਰ ਕਚ ਪਿਚੀ ਬਾਣਨ ਨੂੰ ਸਿਆਣਾਂ ਹੀ ਨਾ। ਸਿਆਣੇ ਅਕਲਈਏ ਅਪਣੀਆਂ ਕੁਚਜੀਆਂ ਸਿਆਣਪਾਂ ਕਰਿ ਕਰਿ ਮਨੋਉਕਤ ਘੜਿ ਘੜਿ ਕਚੀਆਂ ਬਾਣੀਆਂ ਗਾਉਂਦੇ ਹਨ। ਕੰਚਨੀ ਵਥ ਨੂੰ ਛਡਕੇ ਕੱਚ ਨੂੰ ਵਿਹਾਝਦੇ ਹਨ। ਸ਼ਬਦਾਰਥੀਏ ਇਸ ਤੁਕ ਦੇ ਬੜੇ ਹੀ ਖਿਚਵੇਂ ਅਰਥ ਕਰਦੇ ਹਨ ਜੋ ਉੱਕੇ ਹੀ ਨਹੀਂ ਢੁਕਦੇ। 'ਅਖਰ ਲਿਖੇ ਸੇਈ ਗਾਵਾਂ' ਦੇ ਅਰਥ ਕਿਵੇਂ ਬਣ ਜਾਣੇ ਕਿ : 'ਜੋ ਮੇਰੇ ਸਿਰ ਤੇ ਤੇਰੇ ਵਲੋਂ ਹੁਕਮ ਦੀ ਲਿਖਤ ਲਿਖੀ ਹੈ ਉਸੇ ਅਨੁਸਾਰ ਕਰਦੀ ਹਾਂ। ਜੇ ਇਹ ਅਰਥ ਠੀਕ ਹਨ ਤਾਂ 'ਆਪੇ ਭਰਮਿ ਭੁਲਾਣੀ' ਕਿਵੇਂ ਹੋਈ ? 'ਬਾਣੀ' ਦੇ ਪਦ

ਅਰਥ ਓਹ 'ਨਟਵਟ' ਕਰਦੇ ਹਨ। ਕੈਸੀ ਗਲਤ ਅਰਥਾ ਬੰਦੀ ਹੈ, ਭਰਮ ਭੁਲਾਉਣ ਵਾਲੀ। ਪਾਠ ਭੀ ਸਪਸ਼ਟ ਹੈ ਅਤੇ ਸਪਸ਼ਟ ਹੀ ਅਰਥ ਹਨ। ਖਿਚਾ ਖਿਚੀ ਦੀ ਕੀ ਲੋੜ ਹੈ ਏਥੇ।

[ਭਾ. ਸ. ਰਣਧੀਰ ਸਿੰਘ ਜੀ

**ਨਿਰਣੈ :** ਇਸ ਪੰਗਤੀ ਦੇ ਅਰਥਾਂ ਬਾਰੇ ਅਜੇ ਤਕ ਵਾਦ-ਵਿਵਾਦ ਜਾਰੀ ਹੈ। ਪੰਗਤੀ ਦੀ ਸ਼ਬਦਾਵਲੀ ਵੀ ਕੋਈ ਔਖੀ ਨਹੀਂ ਪਰ ਇਸ ਦੇ ਭਾਵ ਨੂੰ ਸਮਝਣ ਵਿਚ ਭੁਲੇਖੇ ਦਾ ਕਾਰਨ ਅੰਨ੍ਹੀ ਸ਼ਰਧਾ ਦੀ ਖੜੋਤ ਹੈ। ਜਦੋਂ ਤੇ ਜਿਥੇ ਵੀ ਸ਼ੁੱਧ ਪਾਠ-ਚਾਹੇ ਉਹ ਸੰਪ੍ਰਦਾਈ ਹਨ ਚਾਹੇ ਮਿਸ਼ਨਰੀ ਦੇ ਵਿਦਿਆਰਥੀ ਹਨ, ਸਾਰੇ ਹੀ ਇਸ ਪੰਗਤੀ ਵਿਚ ਆਏ 'ਗਾਵਾ' ਪਦ ਦਾ ਉਚਾਰਨ ਬਿੰਦੀ ਸਹਿਤ 'ਗਾਵਾਂ' ਕਰਦੇ ਹਨ ਪਰ ਸੰਪ੍ਰਦਾਈ ਵੀਰ ਇਸ ਗਲ ਤੇ ਅੜੇ ਜਾਂਦੇ ਹਨ ਕਿ ਜਿਵੇਂ ਗੁਰਬਾਣੀ ਲਿਖੀ ਹੋਈ ਹੈ, ਉਸ ਦਾ ਉਚਾਰਨ ਉਸੇ ਤਰ੍ਹਾਂ ਕਰਨਾ ਚਾਹੀਦਾ ਹੈ ਕਿਉਂਕਿ ਗੁਰੂ ਸਾਹਿਬ ਦੇ ਪਾਵਨ ਵਾਕ ਹਨ - 'ਅਖਰ ਲਿਖੇ ਸੇਈ ਗਾਵਾ'। ਜੇ ਕੋਈ ਵਿਆਕਰਣੀ ਇਹ ਆਖੇ ਕਿ ਜਿਸ ਪਦ ਨੂੰ ਦੋ ਮਾਤ੍ਰਾ ਔਂਕੜ ( ੁ ) ਤੇ ਹੋੜਾ ( ੋ ) ਲੱਗਾ ਹੋਇਆ ਹੈ, ਉਸ ਦਾ ਉਚਾਰਨ ਕਰਨ ਵੇਲੇ ਇਕ ਮਾਤ੍ਰਾ ਤੁਸੀਂ ਛੋੜ ਜਾਂਦੇ ਹੋ, ਜਿਵੇਂ ਅਖਰ ਲਿਖੇ ਹਨ, ਤਿਵੇਂ ਕਿਉਂ ਨਹੀਂ ਗਾਉਂਦੇ? ਤਾਂ ਉਹ ਨਿਰੁਤਰ ਹੋ ਜਾਂਦੇ ਹਨ।

ਇਸ ਪੰਗਤੀ ਵਿਚ 'ਅਖਰ' ਤੇ 'ਬਾਣੀ' ਦੋ ਪਦ ਅਜਿਹੇ ਹਨ ਜਿਨ੍ਹਾਂ ਤੋਂ ਸਾਧਾਰਨ ਪਾਠਕ ਗੁਰਬਾਣੀ ਦੇ ਲਿਖੇ ਹੋਏ ਅਖਰ ਸਮਝਦੇ ਹਨ ਪਰ ਇਹ ਗਲ ਠੀਕ ਨਹੀਂ ਜਾਪਦੀ ਕਿਉਂਕਿ ਗੁਰਬਾਣੀ ਦੇ ਅਖਰਾਂ ਨੇ ਜੀਵ-ਇਸਤ੍ਰੀਆਂ ਨੂੰ ਭਰਮਾਂ ਚੋਂ ਬਾਹਰ ਕਢਣਾ ਹੈ ਨਾ ਕਿ ਭਰਮਾਂ ਵਿਚ ਪਾਉਣਾ ਹੈ ? ਫਿਰ ਇਥੇ '.... ਹਉ ਆਪੇ ਭਰਮਿ ਭੁਲਾਣੀ' ਦਾ ਉਲੇਖ ਹੈ ਅਰਥਾਤ 'ਮੈਂ ਆਪਣੇ ਆਪ ਹੀ ਭਰਮ ਵਿਚ ਭੁਲੀ ਪਈ ਹਾਂ'। ਜੇ 'ਅਖਰ ਲਿਖੇ' ਦਾ ਭਾਵ 'ਗੁਰਬਾਣੀ ਦੇ ਅਖਰ ਹਨ ਤਾਂ 'ਅਵਰੁ ਨ ਜਾਣਾ ਬਾਣੀ' ਵਿਚ 'ਬਾਣੀ' ਦੇ ਕੀ ਅਰਥ ਹੋਏ ?

ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਸਬਦਾਰਥ ਵਿਚ ਕੀਤੇ ਅਰਥਾਂ ਦੀ ਵਾਰਤਕ ਨੂੰ ਮੁਖ ਰਖ ਕੇ ਜੋ ਟਿਪਣੀ ਕੀਤੀ ਹੈ, ਉਹ ਮੰਨਣ ਯੋਗ ਹੈ ਕਿਉਂਕਿ 'ਹੁਕਮ ਦੀ ਲਿਖੀ ਲਿਖਤ ਅਨੁਸਾਰ ਕਰਮ ਕਰਨਾ' ਭਰਮ ਵਿਚ ਭੁਲਣ ਵਾਲੀ ਗਲ ਨਹੀਂ ਪਰ ਪ੍ਰਸ਼ਨ ਇਹ ਉਠਦਾ ਹੈ ਕਿ ਕੀ ਹੁਕਮ ਦੀ ਲਿਖਤ ਬਾਰੇ ਜੀਵ ਇਸਤ੍ਰੀ ਨੂੰ ਗਿਆਨ ਹੈ ? ਚਾਹੀਦਾ ਤਾਂ ਇਹ ਹੈ ਕਿ ਧੁਰੋਂ ਆਈ ਬਾਣੀ ਨੂੰ ਇੰਨ ਬਿੰਨ ਅੱਖਰ ਅੱਖਰ ਦਾ ਸ਼ੁੱਧ ਅਖੰਡ ਨਿਰਬਾਣ ਕੀਰਤਨ ਕਰਿ ਗਾਵਾਂ, ਹੋਰ ਕਚ ਪਿਚੀ ਬਾਣੀ ਨੂੰ ਸਿਆਣਾ ਹੀ ਨਾ, ਭਾਈ ਸਾਹਿਬ ਨੇ ਕਿਹੜੇ ਮੂਲ-ਪਾਠ ਦੇ ਅਰਥ ਕੀਤੇ ਹਨ ? ਗੁਰਬਾਣੀ ਦੀ ਸ਼ਬਦਾਵਲੀ ਅਨੁਸਾਰ 'ਨ ਜਾਣਾ' ਸ਼ਬਦ ਦੇ ਅਰਥ 'ਸਿਆਣਾ ਨਾ' ਨਹੀਂ ਹੋ ਸਕਦੇ। ਕਿਉਂਕਿ 'ਜਾਣਾ' ਕ੍ਰਿਆਵਾਚੀ ਪਦ ਹੈ ਜਿਸ ਦੇ ਅਰਥ ਹਨ - ਨਹੀਂ ਜਾਣਦਾ, ਜਾਣਦੀ ਹਾਂ, ਜਿਵੇਂ ਕਿ ਗੁਰਵਾਕ ਹਨ :

੧. **ਨਿਰਗੁਣੁ ਮੁਗਧੁ ਅਜਾਣੁ ਅਗਿਆਨੀ ਕਰਮ ਧਰਮ ਨਹੀ ਜਾਣਾ॥** [ਪੰਨਾ ੭੪੮

੨. **ਨ ਜਾਣਾ ਹਰੇ ਮੇਰੀ ਕਵਨ ਗਤੇ ॥** [ਪੰਨਾ ੮੭

੩. **ਨਾ ਜਾਣਾ ਕਰਮ ਕੇਵਡ ਤੇਰੀ ਦਾਤਿ ॥** [ਪੰਨਾ ੧੫੪

੪. ਨਾ ਜਾਣਾ ਮੂਰਖੁ ਹੈ ਕੋਈ ਨਾ ਜਾਣਾ ਸਿਆਣਾ ॥ [ਪੰਨਾ ੧੦੧੫

੫. ਨਾ ਜਾਨਾ ਕਿਆ ਗਤਿ ਰਾਮ ਹਮਾਰੀ ॥ [ਪੰਨਾ ੧੬੩

'ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਜੋ ਅਰਥ ਅੰਕਿਤ ਹਨ, ਉਹਨਾਂ ਤੇ ਵੀ ਸ਼ਬਦਾਰਥ ਵਾਲੀ ਟਿਪਣੀ ਲਾਗੂ ਹੁੰਦੀ ਹੈ। ਅਖਰ ਵਰਣਮਾਲਾ ਦੇ ਅਤੇ ਕਰਮਾਂ ਦੇ ਲੇਖ ਵੀ ਹੋ ਸਕਦੇ ਹਨ, ਜ਼ਰੂਰੀ ਨਹੀਂ ਕਿ ਬਾਣੀ ਦੇ ਅਖਰ ਹੀ ਹੋਣ :--

੧. ਬਾਵਨ ਅਖਰ ਜੋਰੇ ਆਨਿ ॥ ਸਕਿਆ ਨ ਅਖਰੁ ਏਕੁ ਪਛਾਨਿ ॥ [ਪੰਨਾ ੩੪੩

੨. ਅਖਰ ਪੜਿ ਪੜਿ ਭੁਲੀਐ, ਭੇਖੀ ਬਹੁਤ ਅਭਿਮਾਨੁ ॥ [ਪੰਨਾ ੬੧

੩. ਮਾਥੈ ਜੋ ਧੁਰਿ ਲਿਖਿਆ, ਸੁ ਮੇਟਿ ਨ ਸਕੈ ਕੋਇ ॥ [ਪੰਨਾ ੧੪੧੩

ਜੀਵ ਇਸਤ੍ਰੀ ਦੇ ਭੁਲਣ ਦਾ ਮੂਲ ਕਾਰਨ 'ਲਿਖ ਦਾਤਿ ਜੋਤਿ ਵਡਿਆਈ' ਤੋਂ ਬੇ-ਸਮਝੀ ਅਤੇ 'ਮਿਲਿ ਮਾਇਆ ਸੁਰਤਿ ਗਵਾਈ' (ਪੰ. ੯੮੯) ਵਿਚ ਗ੍ਰਸਿਆ ਜਾਣਾ ਹੈ।

ਸੋ, ਇਸ ਪੰਕਤੀ ਵਿਚ'ਅਖਰ ਲਿਖੇ'ਤੋਂ ਭਾਵ 'ਕਰਮ ਕਿਰਤ ਕੀ ਰੇਖ' ਅਥਵਾ ਮੱਥੇ ਦੇ ਲੇਖ ਹੀ ਹਨ।

## ਣ. ਜੇ ਤੂੰ ਪੜਿਆ ਪੰਡਿਤ ਬੀਨਾ, ਦੁਇ ਅਖਰ ਦੁਇ ਨਾਵਾ ॥
## ਪ੍ਰਣਵਤਿ ਨਾਨਕੁ ਏਕੁ ਲੰਘਾਏ, ਜੇਕਰਿ ਸਾਚ ਸਮਾਵਾਂ ॥

ਵਖ ਵਖ ਅਰਥ :

੧. ਜੇਕਰ ਤੂੰ ਪੜਿਆ ਹੂਆ ਔਰ (ਬੀਨਾ) ਚਤੁਰ ਪੰਡਤ ਹੈਂ ਤੋ ਨਿਸਚੇ ਕਰਕੇ ਦੁਇ ਅਖਰ ਜੋ ਰਕਾਰ ਮਕਾਰ ਹੈਂ ਸੋ ਦੋਵੇਂ ਸੰਸਾਰ ਸੇ ਪਾਰ ਕਰਨੇ ਕੋ (ਨਾਵ) ਨਉਕਾ ਰੂਪ ਹੈਂ। ਸ੍ਰੀ ਗੁਰੂ ਜੀ ਕਹਤੇ ਹੈਂ ਏਕ ਹੀ ਅਖਰ ਪ੍ਰਮਾਤਮਾ ਸੰਸਾਰ ਸਮੁੰਦ੍ਰ ਸੇ ਪਾਰ ਲੰਘਾਵਤਾ ਹੈ ਜੇਕਰ (ਸਚਿ) ਨਿਸ਼ਚੇ ਕਰਕੇ ਤਿਸ ਅਖਰ ਕਾ ਰਿਦੇ ਮੈਂ ਸਮਾਵਣਾ ਹੋਵੇ। [ਫ.ਸ.

੨. ਦੋ ਅੱਖਰ 'ਵਾਹ' 'ਸਤਿ' ਅਥਵਾ 'ਰਾਮ' 'ਦੁਇ ਅਖਰ ਦੁਇ ਨਾਵਾ' (ਬਸੰਤ ਮ: ੧) ਇਹ ਦੋ ਅੱਖਰ ਸੰਸਾਰ ਸਾਗਰ ਤੋਂ ਤਾਰਣ ਲਈ ਨੌਕਾ ਰੂਪ ਹਨ। ਨਾਵਾ-ਨਾਵ (ਨੌਕਾ) ਦਾ ਬਹੁ ਵਚਨ ਦੁਇ ਅਖਰ ਦੁਇ ਨਾਵਾ'। [ਮਹਾਨ ਕੋਸ਼

੩. ਰਾਮ ਦੇ ਦੋਵੇਂ ਅਖਰ ਬੇੜੀ ਰੂਪ ਹਨ। [ਸ਼ਬਦਾਰਥ

੪. ਹੇ ਭਾਈ ! ਜੇ ਤੂੰ ਸਚ ਮੁਚ ਪੜ੍ਹਿਆ ਲਿਖਿਆ ਵਿਦਵਾਨ ਹੈਂ ਸਿਆਣਾ ਹੈਂ (ਤਾਂ ਇਹ ਗੱਲ ਪੱਕੀ ਤਰ੍ਹਾਂ ਸਮਝ ਲੈ ਕਿ ਸੰਸਾਰ ਸਮੁੰਦਰ ਦੇ ਵਿਕਾਰਾਂ ਦੇ ਪਾਣੀਆਂ ਵਿਚੋ ਪਾਰ ਲੰਘਾਣ ਲਈ) ਹਰਿ-ਨਾਮ ਹੀ ਬੇੜੀ ਹੈ। ਨਾਨਕ ਬੇਨਤੀ ਕਰਦਾ ਹੈ ਕਿ ਹਰਿਨਾਮ ਹੀ (ਸੰਸਾਰ ਸਮੁੰਦਰ ਤੋਂ) ਪਾਰ ਲੰਘਾਦਾ ਹੈ ਜੇ ਮੈਂ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਦੇ ਨਾਮ ਵਿਚ ਟਿਕਿਆ ਰਹਾਂ। [ਦਰਪਣ

**ਨਿਰਣੈ:** ਦੁਇ ਅਖਰ ਨੂੰ ਤਾਂ ਸਾਰੇ ਟੀਕਾਕਾਰਾਂ ਨੇ ਰ, ਮ ਦੋ ਅਖਰ ਦਸ ਕੇ 'ਰਾਮ' ਦੇ ਅਰਥ ਕਰ ਦਿਤੇ ਹਨ, ਪਰ 'ਦੋਇ ਨਾਵਾ' ਦੇ ਅਰਥਾਂ ਨੂੰ ਕਿਸੇ ਨੇ ਵੀ ਨਹੀਂ ਖੋਲ੍ਹਿਆ ਕਿ ਓਹ ਕਿਹੜੀਆਂ ਦੋ ਬੇੜੀਆਂ ਹਨ ? ਭਾ. ਕਾਨ੍ਹ ਸਿੰਘ ਜੀ ਨੇ 'ਨਾਵਾ' ਪਦ ਨੂੰ 'ਨਾਵ ਦਾ ਬਹੁ ਵਚਨ ਦਸਿਆ ਹੈ ਪਰ ਦੋ ਬੇੜੀਆਂ ਦਾ ਵੇਰਵਾ ਨਹੀਂ ਦਿਤਾ ਅਗਲੀ ਪੰਗਤੀ ਵਿਚ 'ਏਕੁ' ਲੰਘਾਏ ਦੋਹਾਂ ਵਿਚੋਂ ਇਕ ਬੇੜੀ ਤੇ ਚੜ੍ਹ ਕੇ ਸੰਸਾਰ ਸਾਗਰ ਤੋਂ ਪਾਰ ਲੰਘਾਉਣ ਦਾ ਸੰਕੇਤਕ ਹੈ।

ਗੁਰੂ ਨਾਨਕ ਦੇਵ ਜੀ ਨੇ ਸਿਰੀ ਰਾਗ ਵਿਚ ਬੇੜੀ ਬਾਰੇ ਇਉਂ ਦਸਿਆ ਹੈ :

**ਨਾਨਕ, ਬੇੜੀ ਸਚ ਕੀ ਤਰੀਐ ਗੁਰ ਵੀਚਾਰਿ ॥**
**ਇਕਿ ਆਵਹਿ ਇਕਿ ਜਾਵਹੀ, ਪੂਰਿ ਭਰੇ ਅਹੰਕਾਰਿ ॥**
**ਮਨ ਹਠਿ ਮਤੀ ਬੂਡੀਐ, ਗੁਰਮੁਖਿ ਸਚੁ ਸੁ ਤਾਰਿ ॥**

'ਦੋਇ ਅਖਰ' ਦੇ ਨਾਲ 'ਦੁਇ ਨਾਵਾ' ਦੋ ਬੇੜੀਆਂ ਵੀ ਹਨ। ਇਕ ਬੇੜੀ ਸਚ (ਨਾਮ) ਦੀ ਅਤੇ ਦੂਜੀ ਪਥਰ (ਮਾਇਆ) ਦੀ ਬੇੜੀ। ਗੁਰੂ ਨਾਨਕ ਦੇਵ ਜੀ ਦੇ ਪਾਵਨ ਵਾਕ ਹਨ :

**ਅਬੇ ਤਬੇ ਕੀ ਚਾਕਰੀ ਕਿਉ ਦਰਗਹ ਪਾਵੈ ॥**
**ਪਥਰ ਕੀ ਬੇੜੀ ਜੇ ਚੜੈ, ਭਰ ਨਾਲਿ ਬੁਡਾਵੈ ॥** [ਪੰਨਾ ੪੨੧

ਗੁਰਬਾਣੀ ਵਿਚ ਜਿਵੇਂ 'ਦੁਇ ਅਖਰ' ਦੁਇ ਦੀਵੇ, ਦੁਇ ਜਗਾਤੀ, ਦੁਇ ਦਰਵਾਜਾ, ਦੁਇ ਤੂੰਬਾ, ਦੁਇ ਬੂਨੀ, ਦੁਇ ਪਖ, ਦੁਇ ਪੰਦੀ, ਦੁਇ ਪੁੜ, ਦੁਇ ਰਾਹ, ਦੁਇ ਫਲ, ਦੁਇ ਬੈਲ, ਦੁਇ ਮਾਈ ਦੁਇ ਬਾਪਾ ਆਦਿ ਸ਼ਬਦ ਵਰਤੇ ਹਨ, ਇਸੇ ਤਰ੍ਹਾਂ ਇਥੇ ਵੀ 'ਦੁਇ ਨਾਵਾ' (ਦੋ ਬੇੜੀਆਂ) ਹਨ। ਇਕ 'ਪਥਰ ਵਾਲੀ' ਭਾਵ ਮਾਇਆ ਰੂਪੀ ਪਾਪਾਂ ਦੀ ਬੇੜੀ ਅਤੇ ਦੂਜੀ 'ਗੁਰੂ ਬੇੜੀ' ਹੈ।

ਨਾਨਕ ਗੁਰੂ ਜੀ ਫੁਰਮਾਉਂਦੇ ਹਨ ਕਿ ਜੇ ਮੈਂ ਸਚ ਵਿਚ ਸਮਾ ਜਾਵਾਂ ਭਾਵ ਲੀਨ ਹੋਇਆ ਰਹਾਂ ਤਾਂ ਇਹ ਇਕ ਬੇੜੀ ਦਾ ਪ੍ਰਤੀਕ ਹੈ, ਇਸ ਤੇ ਚੜ੍ਹ ਜਾਵਾਂ ਤੇ ਸੰਸਾਰ ਸਾਗਰ ਤੋਂ ਪਾਰ ਹੋ ਜਾਵਾਂ :

**ਗੁਰੁ ਪਉੜੀ ਬੇੜੀ ਗੁਰੂ, ਗੁਰੁ ਤੁਲਹਾ ਹਰਿ ਨਾਉ ॥** [ਪੰਨਾ ੭੧

## ਸਾਰੰਸ਼ ਅਤੇ ਸਿਧਾਂਤ

ਸਮਾਜਕ ਜਾਂ ਧਾਰਮਿਕ ਜੀਵਨ ਵਿਚ ਵਿਚਰਨ ਵਾਲੀ ਇਸਤ੍ਰੀ ਤੇ ਜਦੋਂ ਕੋਈ ਬਿਪਤਾ ਵਾਪਰਦੀ ਹੈ ਤਾਂ ਉਹ ਆਪਣੀ ਕਿਸਮਤ ਨੂੰ ਰੋਂਦੀ ਹੈ:–

**ਇਕਨਾ ਇਹੋ ਲਿਖਿਆ, ਬਹਿ ਬਹਿ ਰੋਵਹਿ ਦੁਖ ॥** [ਪੰਨਾ ੪੧੭

ਸੋ, ਸਬੰਧਤ ਪੰਗਤੀ ਵਿਚ 'ਅਖਰ ਲਿਖੇ ਸੋਈ ਗਾਵਾ' ਤੋਂ ਭਾਵ ਮੈਂ ਆਪਣੇ ਕਰਮਾਂ ਨੂੰ ਦੋਸ਼ ਦੇਂਦੀ ਹਾਂ, ਮੇਰੇ ਸੰਸਕਾਰ ਇਹੋ ਜਿਹੇ ਹੋਣਗੇ, ਜਿਸ ਕਾਰਨ ਪਰਮਾਤਮਾ ਨਾਲ ਮੇਰੀ ਪ੍ਰੀਤ ਨਹੀਂ ਬਣੀ। ਗੁਰਬਾਣੀ ਵਿਚ ਜ਼ਿਕਰ ਵੀ ਆਉਂਦਾ ਹੈ :

੧. **ਦਦੈ ਦੋਸੁ ਨ ਦੇਊ ਕਿਸੈ, ਦੋਸੁ ਕਰੰਮਾ ਆਪਣਿਆ॥**
**ਜੋ ਮੈ ਕੀਆ ਸੋ ਮੈ ਪਾਇਆ,ਦੋਸੁ ਨ ਦੀਜੈ ਅਵਰ ਜਨਾ ॥** [ਪੰਨਾ ੪੩੩

੨ ਭੂਲੀ ਭੂਲੀ ਮੈ ਫਿਰੀ ਪਾਧਰੁ ਕਹੈ ਨ ਕੋਇ ॥ [ਪੰਨਾ ੧੨੮੭

ਜਿਹੜੀ ਜੀਵ ਇਸਤ੍ਰੀ ਕੁਚਜੀ ਹੈ ਉਸ ਨੂੰ ਗੁਰਬਾਣੀ ਦਾ ਗਾਇਨ, ਅਖੰਡ ਨਿਰਬਾਣ ਕੀਰਤਨ ਕਰਨਾ, ਗੁਰਬਾਣੀ ਦੇ ਅਖਰਾਂ ਦਾ ਪਾਠ ਕਰਨਾ ਕਿਥੋਂ ਆਉਣਾ ਹੈ ? ਉਹ ਤਾਂ ਕੇਵਲ ਰੋਣਾ ਹੀ ਜਾਣਦੀ ਹੈ। ਇਸ ਲਈ ਇਸ ਪੰਕਤੀ ਦੇ ਹੇਠ ਲਿਖੇ ਅਰਥ ਹੀ ਪ੍ਰਕਰਣ ਦੇ ਅਨੁਕੂਲ ਹਨ :

ਮੈਂ ਹੋਰ ਕੋਈ ਬਾਣੀ (ਬੋਲ) ਜਾਣਦੀ ਹੀ ਨਹੀਂ ਹਾਂ, ਬਸ ਇਕੋ 'ਅਖਰ ਲਿਖੇ ਸੋਈ ਗਾਵਾ' ਦੀ ਰਟ ਲਾਈ ਰਖਦੀ ਹਾਂ।

ਹਮ-ਤੁਮ, ਮੇਰ-ਤੇਰ ਦਾ ਜਨਮ ਮਾਇਆ ਦੀ ਵਿਖੇਪਤਾ ਕਾਰਨ ਹੁੰਦਾ ਹੈ। ਭਰਮ ਵਿਚ ਪਾਉਣ ਵਾਲੀ ਹਉ ਦੀ ਬਾਣੀ ਹੈ। ਇਸ ਅਨੁਸਾਰ ਹੀ ਸੰਸਕਾਰਾਂ ਦਾ ਲੇਖਾ ਜੋਖਾ ਹੁੰਦਾ ਹੈ। ਗੁਰਵਾਕ ਹਨ:-

**ਜੈਸੀ ਕਲਮ ਵੁੜੀ ਹੈ ਮਸਤਕਿ, ਤੈਸੀ ਜੀਅੜੇ ਪਾਸਿ ॥** [ਪੰਨਾ ੭੪

ਜੇ ਜੀਵ ਇਸਤ੍ਰੀ ਪਰਮੇਸ਼ਰ ਦੇ ਨਾਮ ਨਾਲ ਪਿਆਰ ਕਰੇ, ਨਾਮ ਦਾ ਕਸੀਦਾ ਕਢ ਕੇ, ਪ੍ਰੇਮ ਰੂਪੀ ਚੋਲੀ ਪਾਵੇ.ਆਪਣਾ ਘਰ ਕਾਮ ਕ੍ਰੋਧ ਆਦਿ ਵਿਕਾਰਾਂ ਦੇ ਲੁਟਣ ਤੋਂ ਬਚਾ ਕੇ ਰਖੇ ਤਾਂ ਸਹੀ ਅਰਥਾਂ ਵਿਚ ਪ੍ਰਭੂ-ਕੰਤ ਦੀ ਪਿਆਰੀ ਨਾਰੀ ਆਖੀ ਜਾ ਸਕਦੀ ਹੈ। ਜੀਵਨ ਵਿਚ ਬੁਰਿਆਈ ਦਾ ਤਿਆਗ ਤੇ ਚੰਗਿਆਈ ਦਾ ਪਰਵੇਸ਼ ਹੋਣਾ, ਹੀ ਅਸਲੀ ਜੀਵਨ ਹੈ। ਕੇਵਲ ਅਖਰੀ ਵਿਦਿਆ ਨਾਲ ਦੁਨਿਆਵੀ ਸਿਆਣਪ ਤੇ ਵਿਦਵਤਾ ਆਉਂਦੀ ਹੈ। ਪਰੰਤੂ ਪਰਮਾਤਮਾ ਦੇ ਨਾਮ ਵਿਚ ਲੀਨ ਹੋਇਆਂ ਜੋ ਜੀਵਨ ਉਸਾਰੀ ਹੋਂਦੀ ਹੈ ਉਹ ਸਚ ਦੀ ਬੇੜੀ ਸਮਾਨ ਹੁੰਦੀ ਹੈ। ਜਿਸ ਜੀਵ ਦੇ ਹਿਰਦੇ ਵਿਚ ਇਕ ਨਾਮ ਰੂਪੀ ਅਖਰ ਵਸ ਜਾਂਦਾ ਹੈ; ਉਹ ਸੰਸਾਰ ਸਾਗਰ ਤੋਂ ਪਾਰ ਹੋ ਜਾਂਦਾ ਹੈ:-

**ਭਉਜਲ ਬਿਖਮੁ ਅਸਗਾਹੁ, ਗੁਰਿ ਬੋਹਿਥੈ ਤਾਰਿਅਮੁ ॥**
**ਨਾਨਕ, ਪੂਰ ਕਰੰਮ, ਸਤਿਗੁਰ ਚਰਣੀ ਲਗਿਆ ॥** [ਪੰਨਾ ੭੧੦

**ਬਸੰਤੁ ਹਿੰਡੋਲ ਮਹਲਾ ੧ ॥ ਰਾਜਾ ਬਾਲਕੁ, ਨਗਰੀ ਕਾਚੀ, ਦੁਸਟਾ ਨਾਲਿ ਪਿਆਰੋ ॥ ਦੁਇ ਮਾਈ ਦੁਇ ਬਾਪਾ ਪੜੀਅਹਿ, ਪੰਡਿਤ ਕਰਹੁ ਬੀਚਾਰੋ ॥੧॥ ਸੁਆਮੀ ਪੰਡਿਤਾ, ਤੁਮ ਦੇਹੁ ਮਤੀ ॥ ਕਿਨ ਬਿਧਿ ਪਾਵਉ ਪ੍ਰਾਨ ਪਤੀ ॥੧॥ਰਹਾਉ॥ ਭੀਤਰਿ ਅਗਨਿ ਬਨਾਸਪਤਿ ਮਉਲੀ, ਸਾਗਰੁ ਪੰਡੈ ਪਾਇਆ ॥ ਚੰਦੁ ਸੂਰਜੁ ਦੁਇ ਘਰ ਹੀ ਭੀਤਰਿ, ਐਸਾ ਗਿਆਨੁ ਨ ਪਾਇਆ ॥੨॥ ਰਾਮ ਰਵੰਤਾ ਜਾਣੀਐ, ਇਕ ਮਾਈ ਭੋਗੁ ਕਰੇਇ ॥ ਤਾ ਕੇ ਲਖਣ ਜਾਣੀਅਹਿ, ਖਿਮਾ ਧਨੁ ਸੰਗ੍ਰਹੇਇ ॥੩॥ ਕਹਿਆ ਸੁਣਹਿ ਨ ਖਾਇਆ ਮਾਨਹਿ, ਤਿਨਾ ਹੀ ਸੇਤੀ ਵਾਸਾ ॥ ਪ੍ਰਣਵਤਿ ਨਾਨਕੁ ਦਾਸਨਿ ਦਾਸਾ, ਖਿਨੁ ਤੋਲਾ ਖਿਨੁ ਮਾਸਾ ॥੪॥੩॥੧੧॥**

## ਉਚਾਰਨ ਸੇਧ

**ਬਿੰਦੀ ਸਹਿਤ :** ਦੁਸ਼ਟਾਂ, ਪਾਵਉਂ, ਜਾਣੀਅਹਿੰ, ਸੁਣਹਿੰ, ਮਾਨਹਿੰ, ਤਿਨ੍ਹਾਂ।

**ਫੁਟਨੋਟ :** 'ਮਾਸਾ' ਨੂੰ ਮਾਸਾ ਪੜ੍ਹਨਾ ਜ਼ਰੂਰੀ ਨਹੀਂ ਕਾਵਿ ਪਖ ਨੂੰ ਵੀ ਅਖੋਂ ਓਹਲੇ ਨਹੀ ਕਰਨਾ ਚਾਹੀਦਾ।

**ਪਦ ਅਰਥ :** ਰਾਜਾ-(ਮਨ ਰੂਪੀ) ਰਾਜਾ। ਬਾਲਕੁ-ਬਚੇ (ਵਾਂਗੂੰ ਇਆਣਾ)। ਨਗਰੀ-(ਸਰੀਰ ਰੂਪ) ਨਗਰੀ। ਕਾਚੀ-ਕੱਚੀ। ਦੁਸਟਾ-ਕਾਮਾਦਿਕ ਵੈਰੀਆਂ ਨਾਲ। ਪਿਆਰੋ-ਪਿਆਰ। ਦੁਇ ਮਾਈ-ਦੋ ਮਾਵਾਂ (ਬੁੱਧੀ ਅਤੇ ਅਵਿਦਿਆ)। ਦੁਇ ਬਾਪਾ-ਦੋ ਪਿਉ, (ਰਾਗ, ਦ੍ਵੈਖ)। ਪੜੀਅਹਿ-ਪੜ੍ਹੇ ਜਾਂਦੇ ਹਨ।੧।

ਸੁਆਮੀ ਪੰਡਤਾ-ਹੇ ਸੁਆਮੀ ਜੀ, ਹੇ ਪੰਡਤ ਜੀ! ਮਤੀ-ਮਤਿ, ਅਕਲ। ਕਿਨ ਬਿਧਿ-ਕਿਸ ਜੁਗਤੀ ਨਾਲ? ਪਾਵਉ-ਮੈਂ ਪਾਵਾਂ। ਪ੍ਰਾਨਪਤੀ-ਪ੍ਰਾਣਾਂ ਦਾ ਮਾਲਕ, ਪਰਮਾਤਮਾ।੧।ਰਹਾਉ।

ਭੀਤਰਿ-ਅੰਦਰ। ਅਗਨਿ-ਅੱਗ। ਬਨਸਪਤਿ-ਬਨਾਸਪਤੀ। ਮਉਲੀ-ਹਰੀ ਭਰੀ ਰਹਿੰਦੀ ਹੈ। ਸਾਗਰੁ-ਸਮੁੰਦਰ। ਪੰਡੈ-ਪੰਡ ਵਿਚ। ਚੰਦੁ-ਠੰਡਾ, ਸੀਤਲਤਾ ਦਾ ਪ੍ਰਤੀਕ। ਸੂਰਜੁ-ਤੇਜ਼ ਗਰਮੀ ਦਾ ਪ੍ਰਤੀਕ। ਘਰ ਹੀ ਭੀਤਰਿ-ਹਿਰਦੇ ਰੂਪੀ ਘਰ ਅੰਦਰ। ਗਿਆਨ-ਸੋਝੀ, ਸਮਝ।੨।

ਰਵੰਤਾ-ਭੋਗਦਾ ਸਿਮਰਦਾ ਹੈ। ਜਾਣੀਐ-ਸਮਝਣਾ ਚਾਹੀਦਾ ਹੈ। ਇਕ ਮਾਈ-ਅਵਿਦਿਆ ਰੂਪ ਮਾਂ ਨੂੰ। ਭੋਗੁ ਕਰੇਇ-ਫਕ ਜਾਵੇ, ਮੁਕਾ ਦੇਵੇ। ਲਖਣ-ਲੱਛਣ,ਗੁਣਾਂ ਦੀਆਂ ਨਿਸ਼ਾਨੀਆਂ। ਖਿਮਾ-ਦੂਜੇ ਦੀ ਵਧੀਕੀ ਨੂੰ ਸਹਿਨਸ਼ੀਲਤਾ ਸਹਿਤ ਸਹਾਰਨਾ। ਧਨੁ-ਦੌਲਤ। ਸੰਗ੍ਰਹੇਇ-ਇਕੱਠਾ ਕਰਦਾ ਹੈ।੩।

ਕਹਿਆ-ਆਖਿਆ ਹੋਇਆ,ਉਪਦੇਸ਼ ਦਿੱਤਾ ਹੋਇਆ। ਨ ਖਾਇਆ ਮਾਨਹਿ-ਨਾ ਖਾਧਾ ਹੋਇਆ ਮੰਨਦੇ ਹਨ। ਸੇਤੀ-ਨਾਲ। ਖਿਨ ਤੋਲਾ ਖਿਨੁ ਮਾਸਾ-(ਇਹ ਮਨ) ਘੜੀ ਵਿਚ ਤੋਲਾ ਤੇ ਘੜੀ ਵਿਚ ਮਾਸਾ (ਹੋ ਜਾਂਦਾ ਹੈ ਭਾਵ ਇਸ ਦਾ ਉਤਰਾਅ ਚੜ੍ਹਾਅ ਬਣਿਆ ਰਹਿੰਦਾ ਹੈ) ।੪।

**ਅਰਥ :** (ਹੇ ਪੰਡਤ ਜੀ !ਤੁਸੀਂ ਮੇਰੀ ਇਸ ਬੇਨਤੀ ਤੇ) ਵੀਚਾਰ ਕਰੋ, ਮਨ ਰੂਪੀ ਰਾਜਾ ਇਆਣਾ ਹੈ, (ਇਸ ਦੀ ਰਿਹਾਇਸ਼ ਵਾਲੀ)ਨਗਰੀ (ਦੇਹੀ) ਕੱਚੀ (ਮਿਟੀ ਦੀ ਬਣੀ ਹੋਈ ਹੈ, ਇਸ ਦਾ) ਪਿਆਰ ਵੀ ਕਾਮਾਦਿਕ ਦੁਸਟਾਂ ਵੈਰੀਆਂ ਨਾਲ ਹੈ। (ਇਸ ਜੀਵਾਤਮਾ ਦੀਆਂ) ਦੋ ਮਾਵਾਂ (ਬੁਧੀ, ਅਵਿਦਿਆ) ਤੇ ਦੋ ਪਿਉ (ਰਾਗ ਤੇ ਦ੍ਵੈਖ) ਦਸੇ ਜਾਂਦੇ ਹਨ।੧।

ਹੇ ਸੁਆਮੀ ਪੰਡਿਤ ਜੀ ! ਤੁਸੀਂ (ਇਸ ਬਾਰੇ ਮੈਨੂੰ ਕੋਈ ਸ਼ੁੱਭ) ਮਤਿ (ਸਿਖਿਆ) ਦਿਓ। ਮੈਂ (ਆਪਣੇ) ਪ੍ਰਾਣਾ ਦੇ ਮਾਲਕ ਨੂੰ ਕਿਸ ਜੁਗਤੀ ਨਾਲ ਪ੍ਰਾਪਤ ਕਰਾਂ? ।੧।ਰਹਾਉ।

ਹੇ ਪੰਡਿਤ ਜੀ ! ਬਨਸਪਤੀ (ਰੁੱਖਾਂ ਬਿਰਖਾਂ) ਵਿਚ ਅੱਗ ਹੁੰਦਿਆਂ ਫਿਰ ਭੀ ਇਹ ਹਰੀ ਭਰੀ ਰਹਿੰਦੀ ਹੈ, ਸਮੁੰਦਰ (ਐਡਾ ਵੱਡਾ ਹੁੰਦਿਆਂ ਫਿਰ ਆਪਣੀ ਹਦ ਅੰਦਰ ਬੱਧਾ ਰਹਿੰਦਾ ਹੈ, ਜਿਵੇਂ ਕਿ) ਪੰਡ ਵਿਚ ਬੱਧਾ ਹੁੰਦਾ ਹੈ। ਚੰਨ ਠੰਢਾ ਹੈ, ਸੂਰਜ ਗਰਮ ਹੈ (ਪਰ ਦੋਵੇਂ ਇਕ ਆਕਾਸ਼ ਰੂਪ) ਘਰ ਅੰਦਰ ਰਹਿੰਦੇ ਹਨ। (ਇਸੇ ਤਰ੍ਹਾਂ ਮੇਰੇ ਅੰਦਰ ਸੀਤਲਤਾ ਤੇ ਗਰਮੀ)ਦੋਵੇਂ (ਮੌਜੂਦ ਹਨ ਪਰ ਇਹਨਾਂ ਦੀ ਵਰਤੋਂ ਦਾ) ਗਿਆਨ (ਭੇਦ) ਮੈਨੂੰ ਨਹੀਂ ਮਿਲਦਾ।੨।

ਰਾਮ ਦੇ ਸਿਮਰਨ ਵਾਲਾ ਉਸ ਨੂੰ ਸਮਝਣਾ ਚਾਹੀਦਾ ਹੈ, ਜੋ ਮਾਇਆ ਨੂੰ ਫੱਕ ਜਾਵੇ (ਭਾਵ

ਇਸ ਨੂੰ ਮੁਕਾ ਕੇ ਇਸ ਦੇ ਪ੍ਰਭਾਵ ਤੋਂ ਮੁਕਤਿ ਹੋ ਜਾਵੇ)। ਉਸ ਦੇ ਲਛਣ (ਗੁਣ, ਇਹ) ਹੁੰਦੇ ਹਨ ਕਿ ਉਹ ਖਿਮਾ ਰੂਪੀ ਧਨ (ਸਹਿਨਸ਼ੀਲਤਾ ਵਾਲਾ ਧਨ)ਇਕੱਠਾ ਕਰਦਾ ਹੈ ।੩।

(ਹੇ ਪੰਡਿਤ ਜੀ! ਮੇਰੇ ਮਨ ਦਾ) ਵਾਸਾ ਉਨ੍ਹਾਂ (ਦੁਸ਼ਟ, ਅਕ੍ਰਿਤਘਣਾ) ਨਾਲ ਹੈ ਜੋ ਆਖਿਆ ਹੋਇਆ (ਉਪਦੇਸ਼) ਸੁਣਦੇ ਨਹੀਂ ਤੇ ਖਧਾ ਹੋਇਆ ਮੰਨਦੇ ਨਹੀਂ ਹਨ (ਭਾਵ ਆਕੀ ਹਨ) । ਦਾਸਾਂ ਦਾ ਦਾਸ ਨਾਨਕ ਆਖਦਾ ਹੈ (ਕਿ ਇਹ ਮਨ) ਘੜੀ ਵਿਚ ਤੋਲਾ ਤੇ ਘੜੀ ਵਿਚ ਮਾਸਾ ਹੋ ਜਾਂਦਾ ਹੈ (ਤੁਸੀਂ ਇਸ ਨੂੰ ਵਸ ਕਰਨ ਦੀ ਜੁਗਤੀ ਤੇ ਸ਼ਕਤੀ ਬਖਸ਼ੋ) ।੪।੩।੧੧।

## ਅਰਥ ਭੇਦ ਅਤੇ ਨਿਰਣੈ

**ਰਾਮ ਰਵੰਤਾ ਜਾਣੀਐ, ਇਕ ਮਾਈ ਭੋਗ ਕਰੇਇ ॥**

ਵਖ ਵਖ ਅਰਥ:

੧- ਰਾਮ ਵਿਖੇ ਰਵਿਆ ਹੂਆ ਭਾਵ ਪ੍ਰਾਪਤ ਹੂਆ ਤਿਸ ਕੋ ਜਾਣੀਏ ਜੋ ਇਕ (ਮਾਈ) ਮਾਯਾ ਕਾ ਭੋਗੁ ਭਾਵ ਅਭਾਵ ਕਰੇ ਵਾ ਪਰਮੇਸੁਰ ਕੋ ਇਕ ਮਈ ਭਾਵ ਇਕ ਰੂਪ ਦੇਖਣਾ ਏਹ ਭੋਗੁ ਕਰੇ ਵਾ (ਮਾਈ) ਮਾਇਆ ਪਤੀ ਪਰਮੇਸੁਰ ਦੇ ਸੁਖ ਦਾ ਭੋਗਣਾ ਕਰੇ ਭਾਵ ਬ੍ਰਹਮਾਨੰਦ ਕੋ ਅਨੁਭਵ ਕਰੇ। [ਫ਼.ਸ.

੨- ਰਾਮ ਦੇ ਸਿਮਰਨ ਵਾਲਾ ਉਸ ਨੂੰ ਸਮਝੋ, ਜੋ ਮਾਇਆ ਨੂੰ ਫੂੰਕ ਜਾਵੇ, ਭਾਵ ਮੁਕਾ ਦੇਵੇ। [ਸ਼ਬਦਾਰਥ

੩- ਉਹੀ ਮਨੁਖ ਪਰਮਾਤਮਾ ਦਾ ਸਿਮਰਨ ਕਰਦਾ ਸਮਝਿਆ ਜਾ ਸਕਦਾ ਹੈ ਜੋ (ਬੁਧੀ ਤੇ ਆਵਿਦਿਆ ਦੋ ਮਾਵਾਂ ਵਿਚੋਂ) ਇਕ ਮਾਂ (ਅਵਿੱਦਿਆ ਨੂੰ) ਮੁਕਾ ਦੇਵੇ। [ਦਰਪਣ

੪- ਰਾਮ ਦੇ ਰਵੰਤਾ=ਉਚਾਰਨ ਵਾਲਾ ਜਾਣਿਆ ਜਾਂਦਾ ਹੈ ਜਾਂ ਇਕ ਮਾਈ=ਮਾਇਆ ਦਾ ਭੋਗ ਪਾ ਦੇਣਾ ਕਰੇ ਅਰਥਾਤ ਮਾਇਆ ਤਿਆਗ ਦੇਵੇ।

ਅਥਵਾ- ਇਕ ਮਾਇਆ ਵਾਲੇ ਪ੍ਰਭੂ ਦਾ ਭੋਗ ਕਰੇ ਅਰਥਾਤ ਅਭੇਦਤਾ ਦਾ ਅਨੰਦ ਲੈਣਾ ਕਰੇ।

**ਨਿਰਣੈ:** ਗਿਆਨੀ ਗਿਆਨ ਸਿੰਘ ਜੀ ਨਿਰਮਲੇ ਨੇ ਤ੍ਵਾਰੀਖ ਗੁਰੂ ਖਾਲਸਾ, ਹਿੱਸਾ ੧, ਨੰਬਰ ੨, ਪੰਨਾ ੫੨੦ ਉਤੇ ਇਸ ਪੰਕਤੀ ਬਾਰੇ ਇਉਂ ਸਾਖੀ ਲਿਖੀ ਹੈ:-

"(੧੦) ਇਕ ਦਿਨ ਸਭਾ ਵਿਚ ਬੈਠਿਆਂ ਬਚਨ ਕੀਤਾ, ਜੇਹੜਾ ਆਪਣੀ ਮਾਈ ਨੂੰ ਭੋਗੇਗਾ ਉਹ ਸਾਡਾ ਸਿਖ ਹੈ, ਬਾਕੀ ਦੇਖਾ ਦੇਖੀ ਦੇ ਤੇ ਮਾਯਾ ਦੇ ਹਨ। ਏਹ ਸੁਣਕੇ ਹੋਰ ਸਭ, ਕੋਈ ਮਨ ਵਿੱਚ ਕੋਈ ਜਾਹਰ, ਆਖਣ ਲਗ ਪਏ, ਜੋ ਠੀਕ ਸਾਹਬਜ਼ਾਦੇ ਆਖਦੇ ਹੁੰਦੇ ਹਨ ਕਿ ਗੁਰੂ ਜੀ ਦੀ ਬੁੱਧੀ ਟਿਕਾਣੇ ਨਹੀਂ ਰਹੀ। ਭਲਾ ਏਹ ਅਨਰਥ ਕੌਨ ਕਰ ਸਕਦਾ ਹੈ? ਪਰੰਤੂ ਲਹਿਣਾ ਜੀ ਚੁੱਪ ਚਾਪ ਉਠ ਕੇ ਖਡੂਰ ਨੂੰ ਚਲੇ ਗਏ, ਤੇ ਆਪਣੀ ਮਾਤਾ ਦਾ ਮੰਮਾ ਚੁੰਘ ਕਰਕੇ ਚਲੇ ਆਏ। ਜਦ ਆਏ ਤਾਂ ਗੁਰੂ ਜੀ ਨੇ ਪੁਛਿਆ, ਪੁਰਖਾ! ਮਾਈ ਨੂੰ ਭੋਗ ਆਯਾ ਹੈਂ? ਤਾਂ ਹੱਥ ਜੋੜ ਕੇ ਅੰਗਦ ਜੀ ਬੋਲੇ, ਭੋਗ ਆਯਾ ਹਾਂ! ਤੇ

ਆਖਿਆ ਸੱਚੇ ਪਾਤਸ਼ਾਹ ਪ੍ਰਸ਼ਮੈ ਤਾਂ ਮਾਯਾ ਨੂੰ ਸਭ ਪੁਰਖ ਭੋਗਦੇ ਹਨ. ਮਾਯਾ ਪ੍ਰਕ੍ਰਿਤਿ ਏਹੋ ਸਭ ਦੀ ਜਨਨੀ ਹੈ, ਦੂਸਰੇ ਮੈ ਮਾਤਾ ਦਾ ਮੰਮਾ ਚੁੰਘ ਆਯਾ ਹਾਂ। ਏਹੋ ਮਾਈ ਦਾ ਭੋਗਣਾ ਹੈ"

ਪੁਰਾਤਨ ਅਰਥ ਸਧਾਰਨ ਬੁੱਧੀ ਵਾਲੇ ਜਗਿਆਸੂਆਂ ਲਈ ਸਮਝਣੇ ਔਖੇ ਹਨ। ਸੰਪ੍ਰਦਾਈ ਟੀਕਾਕਾਰਾਂ ਦਾ ਰੰਗ ਹੀ ਨਿਆਰਾ ਹੈ। ਗਿਆਨੀ ਜੀ ਨੇ ਜਿਸ ਸਾਖੀ ਦੁਆਰਾ ਅਰਥ ਕੀਤੇ ਹਨ ਸਿਆਣੇ ਪਾਠਕ ਗੁਰਬਾਣੀ ਤੇ ਸਾਖੀ ਦਾ ਆਪ ਹੀ ਟਾਕਰਾ ਕਰ ਲੈਣ। ਇਸ ਸਾਖੀ ਤੋਂ ਅਜੋਕੇ ਵਿਦਿਆਰਥੀ ਤੇ ਸਿਖਿਆਰਥੀ ਕੀ ਅਰਥ ਕਢਣਗੇ? ਕੀ ਇਹ ਸਾਖੀ ਗੁਰਬਾਣੀ ਦੀ ਸ਼ੈਲੀ, ਸ਼ਬਦਾਵਲੀ ਅਤੇ ਗੁਰਮਤਿ ਆਸ਼ੇ ਨਾਲ ਮੇਲ ਖਾਂਦੀ ਹੈ? ਜੇ ਐਨੇ ਪ੍ਰਸਿਧ ਵਿਦਵਾਨ ਵੀ ਅਜਿਹੇ ਅਰਥ ਕਰਨ ਤਾਂ ਸਾਡੀ ਸਿਖ ਸਭਿਅਤਾ ਕੀ ਰੂਪ ਧਾਰੇਗੀ?

ਗੁਰਬਾਣੀ ਵਿਚ 'ਰਾਮ ਰਵੰਤਾ' ਅਤੇ 'ਇਸ ਕਉ ਛੋਡਿ ਊਪਰਿ ਜਨ ਬਸੇ" ਵਾਲਾ ਉਪਦੇਸ਼ ਅੰਕਿਤ ਹੈ। ਵਰਤਮਾਨ ਵਿਗਿਆਨਿਕ ਯੁੱਗ ਵਿੱਚ ਸਾਖੀ ਵਾਲੇ ਅਰਥਾਂ ਦੀ ਕੋਈ ਮਹੱਤਤਾ ਨਹੀ. ਗੁਰਬਾਣੀ ਦੇ ਪ੍ਰਮਾਣਾਂ ਉਤੇ ਆਧਾਰਤ ਅਰਥਾਂ ਦਾ ਨਵੇਕਲਾ ਅਸਥਾਨ ਹੈ, ਜੋ ਹਰੇਕ ਗੁਰਮਤਿ ਜਗਿਆਸੂ ਨੂੰ ਸੁਖਾਉਂਦਾ ਹੈ।

ਸੋ ਸਿਧਾਂਤ ਤਾਂ ਮਾਇਆ ਦੇ ਤਿਆਗ, ਅਥਵਾ ਮਾਇਆ ਦੇ ਅਭਾਵ ਦਾ ਹੈ। ਅਜਿਹਾ ਤਿਆਗੀ ਹੀ ਸਹੀ, ਅਰਥਾਂ ਵਿਚ ਨਾਮ ਦਾ ਅਭਿਆਸੀ ਹੈ, ਇਹ ਉਸ ਦੀ ਪਛਾਣ ਹੈ।

## ਸਾਰੰਸ਼ ਅਤੇ ਸਿਧਾਂਤ

ਜਗਿਆਸੂ ਨੇ ਕਿਸੇ ਗਿਆਨਵਾਨ ਪੁਰਸ਼ ਪਾਸੋਂ ਇਹ ਪੁਛ ਕੀਤੀ ਕਿ ਪਰਮਾਤਮਾ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ ? ਮਨ ਰਾਜਾ ਤਾਂ ਹੈ ਪਰ ਇਸ ਦੀ ਮਤ ਬਚਿਆਂ ਵਾਲੀ ਹੈ ਜਿਸ ਨੂੰ ਚੰਗੇ ਮੰਦੇ, ਨਫੇ ਨੁਕਸਾਨ ਦੀ ਸੋਝੀ ਨਹੀਂ ਹੁੰਦੀ। ਇਹ ਕਚੀ ਨਗਰੀ ਵਿਚ ਵਸਦਾ ਹੈ:-

**ਦੇਹੀ ਕਾਚੀ ਕਾਗਦ ਮਿਕਦਾਰਾ ॥**

**ਬੂੰਦ ਪਵੈ ਬਿਨਸੈ, ਢਹਤ ਨ ਲਾਗੈ ਬਾਰਾ ॥** [ਪੰਨਾ ੧੦੪੮

ਇਸ ਮਨ ਉਤੇ ਕਾਮ, ਕ੍ਰੋਧ ਆਦਿ ਵਿਕਾਰਾਂ ਦਾ ਗ਼ਲਬਾ ਹੈ। ਮਨ ਦਾ ਪਿਆਰ ਇਹਨਾਂ ਵੈਰੀਆਂ ਨਾਲ ਹੈ ਜਿਸ ਕਰਕੇ ਜੀਵ ਚੜ੍ਹਦੀ ਜਵਾਨੀ ਵਿਚ ਆਪਣੀਆਂ ਕਾਮੀ-ਵਾਸ਼ਨਾਵਾਂ ਨੂੰ ਸੰਭਾਲ ਕੇ ਨਹੀਂ ਰਖਦਾ। ਗੁਰਵਾਕ ਹਨ:-

**ਕਬਹੂ ਜੀਅੜਾ ਊਭਿ ਚੜਤੁ ਹੈ,ਕਬਹੂ ਜਾਇ ਪਇਆਲੇ ॥**

**ਲੋਭੀ ਜੀਅੜਾ ਥਿਰੁ ਨ ਰਹਤੁ ਹੈ,ਚਾਰੇ ਕੁੰਡਾ ਭਾਲੇ ॥** [ਪੰਨਾ ੮੭੬

ਮਨੁੱਖ ਨੇ ਇਹ ਕਦੇ ਨਹੀ ਸੋਚਿਆ ਕਿ ਬਨਸਪਤੀ ਵਿਚ ਅੱਗ ਹੁੰਦਿਆਂ ਫਿਰ ਠੰਢੀ ਰਹਿੰਦੀ ਹੈ, ਸਮੁੰਦਰ ਵੀ ਸੀਮਾ ਵਿਚ ਬੱਧਾ ਰਹਿੰਦਾ ਹੈ, ਸਾਰੀ ਧਰਤੀ ਤੇ ਨਹੀਂ ਫੈਲਦਾ। ਚੰਨ ਤੇ ਸੂਰਜ ਆਪਣੇ ਆਪ ਵਿਚ ਕਿਵੇਂ ਠੰਡਕ ਤੇ ਗਰਮੀ ਸੰਭਾਲੀ ਬੈਠੇ ਹਨ?। ਇਸੇ ਤਰ੍ਹਾਂ ਮਨ ਨੂੰ ਸਿਖਿਆ ਦਿਤੀ ਹੈ, ਜੋ

ਮਨ ਹਉਮੈ ਨੂੰ ਆਪਣੇ ਅੰਦਰੋਂ ਕਢੇ ਤਾਂ ਮਾਇਆ ਦਾ ਪ੍ਰਭਾਵ ਇਸ ਤੋਂ ਦੂਰ ਹੋ ਜਾਵੇ, ਪਰ ਇਹ 'ਇਕ ਮਾਈ ਭੋਗੁ ਕਰੇਇ' ਦੇ ਗਿਆਨ ਤੋਂ ਇਹ ਕੋਰਾ ਹੈ। ਸੋ, ਮਨ ਦੇ ਖਿਆਲਾਂ ਨੂੰ ਬਦਲਣ ਦੀ ਲੋੜ ਹੈ :-

**ਏ ਮਨ ਜੈਸਾ ਸੇਵਹਿ ਤੈਸਾ ਹੋਵਹਿ, ਤੇਹੇ ਕਰਮ ਕਮਾਇ ॥** [ਪੰਨਾ ੭੫੫

**ਬਸੰਤੁ ਹਿੰਡੋਲ ਮਹਲਾ ੧॥ ਸਾਚਾ ਸਾਹੁ ਗੁਰੂ ਸੁਖਦਾਤਾ,ਹਰਿ ਮੇਲੇ ਭੁਖ ਗਵਾਏ ॥ ਕਰਿ ਕ੍ਰਿਪਾ ਹਰਿ ਭਗਤਿ ਦ੍ਰਿੜਾਏ, ਅਨਦਿਨੁ ਹਰਿ ਗੁਣ ਗਾਏ ॥੧॥ ਮਤ ਭੂਲਹਿ ਰੇ ਮਨ! ਚੇਤਿ ਹਰੀ ॥ ਬਿਨੁ ਗੁਰ ਮੁਕਤਿ ਨਾਹੀ ਤ੍ਰੈ ਲੋਈ, ਗੁਰਮੁਖਿ ਪਾਈਐ ਨਾਮੁ ਹਰੀ ॥੧॥ਰਹਾਉ॥ ਬਿਨੁ ਭਗਤੀ ਨਹੀ ਸਤਿਗੁਰੁ ਪਾਈਐ, ਬਿਨੁ ਭਾਗਾ ਨਹੀ ਭਗਤਿ ਹਰੀ ॥ ਬਿਨੁ ਭਾਗਾ ਸਤਸੰਗੁ ਨ ਪਾਈਐ, ਕਰਮਿ ਮਿਲੈ ਹਰਿਨਾਮੁ ਹਰੀ ॥੨॥ ਘਟਿ ਘਟਿ ਗੁਪਤੁ ਉਪਾਏ ਵੇਖੈ, ਪਰਗਟੁ ਗੁਰਮੁਖਿ ਸੰਤ ਜਨਾ ॥ ਹਰਿ ਹਰਿ ਕਰਹਿ ਸੁ ਹਰਿ ਰੰਗਿ ਭੀਨੇ, ਹਰਿ ਜਲੁ ਅੰਮ੍ਰਿਤ ਨਾਮੁ ਮਨਾ ॥੩॥ ਜਿਨ ਕਉ ਤਖਤਿ ਮਿਲੈ ਵਡਿਆਈ, ਗੁਰਮੁਖਿ ਸੇ ਪਰਧਾਨ ਕੀਏ ॥ ਪਾਰਸੁ ਭੇਟਿ ਭਏ ਸੇ ਪਾਰਸ, ਨਾਨਕ ਹਰਿ ਗੁਰ ਸੰਗਿ ਥੀਏ ॥੪॥੪॥੧੨॥**

## ਉਚਾਰਨ ਸੇਧ

**ਬਿੰਦੀ ਸਹਿਤ :** ਭੂਲਹਿੰ, ਨਾਹੀਂ, ਨਹੀਂ, ਭਾਗਾਂ, ਕਰਹਿੰ।

**ਫੁਟਕਲ :** 'ਸਾਹੁ' ਪਦ ਦਾ ਉਚਾਰਨ 'ਸ਼ਾਹੁ' ਕਰਨਾ ਹੈ।

**ਪਦ ਅਰਥ :** ਸਾਚਾ-ਸਾਹੁ-ਸਦਾ ਥਿਰ ਰਹਿਣ ਵਾਲਾ ਸ਼ਾਹ, ਧਣੀ। ਭੁਖ-(ਮਾਇਕੀ ਪਦਾਰਥਾਂ ਦੀ) ਭੁੱਖ। ਗਵਾਏ-ਦੂਰ ਕਰ ਦਿੰਦਾ ਹੈ। ਅਨਦਿਨੁ-ਹਰ ਰੋਜ਼।੧।

ਮਤਿ ਭੂਲਹਿ-ਮਤਾਂ ਭੁਲਦਾ ਹੋਵੇਂ, ਵੇਖੀਂ ਭੁਲੀ ਨਾਂਹ। ਰੇ ਮਨ-ਹੇ ਮਨ !। ਚੇਤਿ ਹਰੀ-ਹਰੀ ਪ੍ਰਭੂ ਨੂੰ ਯਾਦ ਕਰ। ਮੁਕਤਿ-(ਮਾਇਆ ਤੋਂ) ਮੁਕਤੀ, ਛੁਟਕਾਰਾ ਤ੍ਰੈ ਲੋਈ-ਤਿੰਨਾਂ ਲੋਕਾਂ ਵਿਚ। ਗੁਰਮੁਖਿ-ਗੁਰੂ ਦੇ ਰਾਹੀਂ।੧। ਰਹਾਉ। ਬਿਨੁ ਭਾਗਾ-(ਪੂਰਬਲੇ) ਭਾਗਾਂ ਤੋਂ ਬਿਨਾ। ਕਰਮਿ-ਬਖਸ਼ਿਸ਼ ਦੁਆਰਾ।੨।

ਘਟਿ ਘਟਿ-ਹਰੇਕ ਹਿਰਦੇ ਵਿਚ। ਗੁਪਤੁ-ਲੁਕਿਆ ਹੋਇਆ। ਉਪਾਏ-ਪੈਦਾ ਕਰਦਾ ਹੈ। ਵੇਖੈ-ਵੇਖਦਾ ਹੈ ਭਾਵ (ਪੈਦਾ ਕੀਤਿਆਂ ਦੀ) ਸੰਭਾਲ ਕਰਦਾ ਹੈ। ਸੁ-ਓਹ। ਹਰਿ ਰੰਗਿ ਭੀਨੇ-ਹਰੀ ਦੇ ਪ੍ਰੇਮ ਵਿਚ ਭਿੱਜੇ ਹੋਏ। ਹਰਿ ਜਲੁ-ਹਰੀ ਦਾ ਅੰਮ੍ਰਿਤ ਨਾਮ ਰੂਪੀ ਜਲ। ਮਨਾ-(ਉਨ੍ਹਾਂ ਦੇ) ਮਨਾਂ ਵਿਚ।੩।

ਤਖਤਿ-ਤਖਤ ਉਤੇ। ਪਾਰਸ ਭੇਟਿ-(ਗੁਰੂ) ਪਾਰਸ ਨੂੰ ਛੋਹ ਕੇ। ਭਏ ਸੇ ਪਾਰਸ-ਓਹ ਪਾਰਸ ਹੋ ਗਏ। ਥੀਏ-ਹੋ ਗਏ।੪।

**ਅਰਥ:** ਗੁਰੂ ਸੱਚਾ (ਸਦਾ ਕਾਇਮ ਰਹਿਣ ਵਾਲਾ) ਸ਼ਾਹ (ਨਾਮ ਧਨ ਅਤੇ ਸਮੂਹ) ਸੁੱਖਾਂ ਦਾ ਦਾਤਾ ਹੈ (ਜੋ) ਹਰੀ ਨਾਲ ਮਿਲਾ ਕੇ (ਜਗਿਆਸੂ ਦੀ ਹਰ ਪ੍ਰਕਾਰ ਦੀ) ਭੁਖ ਦੂਰ ਕਰ ਦਿੰਦਾ ਹੈ। (ਉਹ) ਕਿਰਪਾ ਕਰਕੇ ਹਰੀ ਦੀ ਭਗਤੀ ਪੱਕੀ ਕਰਾਂਦਾ ਹੈ, (ਜਿਸ ਕਰ ਕੇ ਜੀਵ) ਸਦਾ ਹਰੀ ਦੇ ਗੁਣ

ਗਾਉਂਦਾ ਰਹਿੰਦਾ ਹੈ ।੧।

ਹੇ ਮਨ ! ਮਤਾਂ (ਅਜਿਹੇ ਸ਼ਾਹ ਨੂੰ) ਭੁਲ ਜਾਵੇਂ, (ਗੁਰੂ) ਪਰਮੇਸ਼ਰ ਨੂੰ ਚੇਤੇ ਕਰ । ਗੁਰੂ ਬਿਨਾ ਤਿੰਨਾਂ ਲੋਕਾਂ ਵਿਚ (ਭਾਵ ਕਿਤੋਂ ਵੀ ਮਾਇਆ ਮੋਹ ਦੇ ਬੰਧਨਾਂ ਤੋਂ) ਮੁਕਤੀ ਨਹੀਂ ਹੋ ਸਕਦੀ. ਗੁਰੂ ਦੇ ਰਾਹੀਂ ਹੀ ਪਰਮਾਤਮਾ ਦਾ ਨਾਮ ਪਾਈਦਾ ਹੈ ।੧।ਰਹਾਉ।

(ਹੇ ਮਨ!) ਭਗਤੀ (ਭਾਵ ਹਰੀ ਦੇ ਪਿਆਰ ਤੋਂ) ਬਿਨਾ ਸਤਿਗੁਰੂ ਨੂੰ ਨਹੀਂ ਪਾਇਆ ਜਾ ਸਕਦਾ (ਅਤੇ ਪੂਰਬਲੇ) ਭਾਗਾਂ ਤੋਂ ਬਿਨਾ ਹਰੀ ਦੀ ਭਗਤੀ (ਪ੍ਰਾਪਤ) ਨਹੀਂ ਹੁੰਦੀ । (ਚੰਗੇ) ਭਾਗਾਂ ਤੋਂ ਬਿਨਾ ਸਤਿਸੰਗ ਪ੍ਰਾਪਤ ਨਹੀਂ ਹੁੰਦਾ (ਅਤੇ) ਹਰੀ ਦੀ ਬਖਸ਼ਿਸ਼ ਨਾਲ ਹੀ ਹਰੀ ਦਾ ਨਾਮ ਮਿਲਦਾ ਹੈ।੨।

(ਜਿਹੜਾ ਹਰੀ ਸ੍ਰਿਸ਼ਟੀ) ਪੈਦਾ ਕਰਕੇ (ਉਸ ਨੂੰ) ਵੇਖਦਾ ਹੈ (ਭਾਵ ਉਸ ਦੀ ਸੰਭਾਲ ਕਰਦਾ ਹੈ. ਉਹ ਸਾਰਿਆਂ ਦੇ) ਦਿਲਾਂ ਵਿਚ ਲੁਕਿਆ ਹੋਇਆ ਹੈ. ਪਰ ਗੁਰੂ ਦੁਆਰਾ ਸੰਤ ਜਨਾ ਦੇ (ਹਿਰਦੇ ਵਿਚ ਸਦਾ) ਪ੍ਰਗਟ ਹੁੰਦਾ ਹੈ । (ਜਿਹੜੇ ਸੰਤ ਜਨ) ਹਰੀ ਹਰੀ ਕਰਦੇ ਹਨ (ਭਾਵ ਨਾਮ ਸਿਮਰਦੇ ਹਨ) ਉਹ ਹਰੀ ਦੇ ਪ੍ਰੇਮ ਵਿਚ ਭਿੱਜ ਜਾਂਦੇ ਹਨ (ਅਤੇ) ਅੰਮ੍ਰਿਤ ਨਾਮ ਰੂਪ ਹਰੀ ਦਾ ਜਲ (ਉਨ੍ਹਾਂ ਦੇ) ਮਨਾਂ ਵਿਚ (ਸਮਾਇਆ ਰਹਿੰਦਾ ਹੈ)।੩।

ਜਿਨ੍ਹਾਂ ਨੂੰ (ਭਗਤੀ ਦੇ ਫਲ ਸਰੂਪ ਸਚੇ) ਤਖਤ ਉਤੇ ਬੈਠਣ ਦੀ ਪ੍ਰਭਤਾ ਮਿਲਦੀ ਹੈ (ਭਾਵ ਹੋਰਨਾ ਦੀ ਅਗਵਾਈ ਕਰਨੀ ਨਸੀਬ ਹੋਂਦੀ ਹੈ), ਓਹ ਗੁਰੂ ਨੇ ਸ੍ਰੋਮਣੀ (ਜੀਵਨ ਵਾਲੇ) ਬਣਾ ਦਿਤੇ ਹਨ । ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਉਹ ਪਾਰਸ (ਗੁਰੂ) ਨੂੰ ਮਿਲ ਕੇ ਪਾਰਸ ਰੂਪ ਹੋ ਗਏ ਹਨ, (ਮਾਨੋ ਓਹ) ਹਰੀ ਗੁਰੂ ਦੇ ਨਾਲ (ਅਭੇਦ) ਹੋ ਗਏ ਹਨ ।੪।੪।੧੨।

## ਸਾਰੰਸ਼ ਅਤੇ ਸਿਧਾਂਤ

ਮਨੁੱਖ ਨੂੰ ਹਰ ਵੇਲੇ ਪਦਾਰਥਾਂ ਦੀ ਤ੍ਰਿਸ਼ਨਾ ਤੇ ਸੁੱਖਾਂ ਦੀ ਭੁੱਖ ਲਗੀ ਰਹਿੰਦੀ ਹੈ । ਇਹ ਸੁਖਾਂ ਦੀ ਭਾਲ ਵਿਚ ਭਟਕਦਾ ਰਹਿੰਦਾ ਹੈ ਪਰ ਜਿਸ ਸੋਮੇਂ ਤੋਂ ਇਹ ਸੁਖ ਮਿਲਦੇ ਹਨ. ਇਹ ਉਸ ਨਾਲ ਜੁੜਨ ਤੋਂ ਅਵੇਸਲਾ ਹੈ । ਗੁਰਦੇਵ ਜੀ ਦੇ ਅੰਮ੍ਰਿਤ ਬਚਨ ਹਨ :–

**ਸੁਖ ਨਾਹੀ ਰੇ, ਹਰਿ ਭਗਤਿ ਬਿਨਾ ॥** [ਪੰਨਾ ੨੧੦

ਰਬੀ-ਭਗਤੀ ਤੋਂ ਬਿਨਾਂ ਸੁਖਾਂ ਦੀ ਪ੍ਰਾਪਤੀ ਅਸੰਭਵ ਹੈ ਪਰ ਭਗਤੀ ਦੀ ਦਾਤਿ ਦੇਣ ਵਾਲਾ ਸ਼ਾਹ 'ਸਤਿਗੁਰੂ' ਹੈ । ਮਨੁੱਖ ਭਾਵੇਂ ਤਿੰਨਾਂ ਲੋਕਾਂ ਵਿਚ ਭਉਂਦਾ ਫਿਰੇ, ਜਿਤਨੇ ਮਰਜ਼ੀ ਹੀਲੇ ਵਸੀਲੇ ਕਰ ਲਏ, ਮਾਇਆ ਦੇ ਬੰਧਨਾ ਤੋਂ ਛੁਟਕਾਰਾ ਗੁਰੂ ਤੋਂ ਬਿਨਾਂ ਨਹੀਂ ਹੋ ਸਕਦਾ ।

ਸਤਿਗੁਰੂ ਦੀ ਪ੍ਰਾਪਤੀ ਭਾਗਾਂ ਨਾਲ ਹੁੰਦੀ ਹੈ, ਸਤਿਗੁਰੂ ਬਿਨਾਂ ਭਗਤੀ ਨਹੀਂ ਹੋ ਸਕਦੀ ਅਤੇ ਭਗਤੀ ਤੋਂ ਬਿਨਾ ਹਰੀ ਦਾ ਮਿਲਾਪ ਨਹੀਂ ਹੋ ਸਕਦਾ, ਇਹ ਸੌਦਾ ਬਖਸ਼ਿਸ਼ ਦਾ ਹੈ ।

ਜਿਹੜੇ ਗੁਰਮੁਖ ਨਾਮ ਜਪਦੇ ਹਨ, ਓਹਨਾਂ ਦੇ ਮਨ ਹਰੀ-ਨਾਮ ਰੂਪ ਅੰਮ੍ਰਿਤ ਜਲ ਨਾਲ ਭਿੱਜ ਜਾਂਦੇ ਹਨ ਅਤੇ ਨਾਮ ਸਿਮਰਨ ਦਾ ਸਦਕਾ ਓਹ ਪੁਰਸ਼ ਪਰਵਾਣ ਤੇ ਪਰਧਾਨ(ਸ਼੍ਰੋਮਣੀ) ਬਣ ਜਾਂਦੇ ਹਨ:

**ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ ॥**

ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ ॥ [ਪੰਨਾ ੨੬੩

ਉਨ੍ਹਾਂ ਦੀ ਹਰ ਥਾਂ ਸ਼ੋਭਾ ਹੁੰਦੀ ਹੈ। ਸਿਧਾਂਤ ਇਹ ਹੈ ਕਿ ਗੁਰੂ ਦੁਆਰਾ ਭਗਤੀ ਕਰਨ ਵਾਲੇ ਮਨੁੱਖ ਗੁਰੂ ਪਾਰਸ ਨੂੰ ਭੇਟ ਕੇ ਪਾਰਸ ਰੂਪ ਹੋ ਜਾਂਦੇ ਹਨ ਅਥਵਾ ਗੁਰ-ਪਰਮੇਸ਼ਰ ਨਾਲ ਅਭੇਦ ਹੋ ਜਾਂਦੇ ਹਨ।

## ਬਸੰਤੁ ਮਹਲਾ ੩ ਘਰੁ ੧ ਦੁਤੁਕੇ

**੧ਓ ਸਤਿਗੁਰ ਪ੍ਰਸਾਦਿ ॥ ਮਾਹਾ ਰੁਤੀ ਮਹਿ, ਸਦ ਬਸੰਤੁ ॥ ਜਿਤੁ ਹਰਿਆ ਸਭੁ ਜੀਅ ਜੰਤੁ ॥ ਕਿਆ ਹਉ ਆਖਾ, ਕਿਰਮ ਜੰਤੁ ॥ ਤੇਰਾ, ਕਿਨੈ ਨ ਪਾਇਆ ਆਦਿ ਅੰਤੁ ॥੧॥ ਤੈ ਸਾਹਿਬ ਕੀ ਕਰਹਿ ਸੇਵ ॥ ਪਰਮ ਸੁਖ ਪਾਵਹਿ, ਆਤਮ ਦੇਵ ॥੧॥ਰਹਾਉ ॥ ਕਰਮੁ ਹੋਵੈ, ਤਾਂ ਸੇਵਾ ਕਰੈ ॥ ਗੁਰ ਪਰਸਾਦੀ, ਜੀਵਤ ਮਰੈ ॥ ਅਨਦਿਨੁ, ਸਾਚੁ ਨਾਮੁ ਉਚਰੈ ॥ ਇਨ ਬਿਧਿ, ਪ੍ਰਾਣੀ ਦੁਤਰ ਤਰੈ ॥੨॥ ਬਿਖੁ ਅੰਮ੍ਰਿਤੁ, ਕਰਤਾਰਿ ਉਪਾਏ ॥ ਸੰਸਾਰ ਬਿਰਖ ਕਉ, ਦੁਇ ਫਲ ਲਾਏ ॥ ਆਪੇ ਕਰਤਾ ਕਰੇ ਕਰਾਏ ॥ ਜੋ ਤਿਸੁ ਭਾਵੈ; ਤਿਸੈ ਖਵਾਏ ॥੩॥ ਨਾਨਕ, ਜਿਸ ਨੋ ਨਦਰਿ ਕਰੇਇ ॥ ਅੰਮ੍ਰਿਤ ਨਾਮੁ, ਆਪੇ ਦੇਇ ॥ ਬਿਖਿਆ ਕੀ ਬਾਸਨਾ, ਮਨਹਿ ਕਰੇਇ ॥ ਆਪਣਾ ਭਾਣਾ, ਆਪਿ ਕਰੇਇ ॥੪॥੧॥**

### ਉਚਾਰਨ ਸੇਧ

**ਬਿੰਦੀ ਸਹਿਤ :** ਮਾਹਾਂ, ਰੁਤੀਂ, ਮਹਿਂ, ਹਉਂ, ਆਖੀਂ, ਤੈਂ, ਕਰਹਿਂ, ਧਾਵਹਿਂ, ਮਨਹਿਂ।

**ਪਦ ਅਰਥ :** ਮਾਹਾ-(ਸਭ) ਮਹੀਨਿਆਂ ਵਿਚ। ਰੁਤੀ-(ਸਭ) ਰੁੱਤਾਂ ਵਿਚ। ਸਦ ਬਸੰਤੁ-ਸਦਾ ਖਿੜੇ ਰਹਿਣ ਵਾਲਾ ਪਰਮਾਤਮਾ। ਜਿਤੁ-ਜਿਸ ਕਰਕੇ। ਕਿਆ ਹਉ ਆਖਾ-ਮੈਂ ਕੀ ਆਖਾਂ (ਭਾਵ ਮੇਰੇ ਵਿਚ ਕਹਿਣ ਦੀ ਸ਼ਕਤੀ ਨਹੀਂ ਹੈ)। ਕਿਰਮ ਜੰਤੁ-ਨਿੱਕਾ ਜਿਹਾ ਕੀੜਾ, ਜੀਵ ਹਾਂ। ਕਿਨੈ-ਕਿਸੇ ਨੇ।੧।

ਤੈ ਸਾਹਿਬ ਕੀ-ਤੈਂ ਮਾਲਕ ਦੀ। ਕਰਹਿ ਸੇਵ-(ਜੋ) ਸੇਵਾ ਕਰਦੇ ਹਨ। ਪਰਮ ਸੁਖ ਪਾਵਹਿ-ਬਹੁਤ ਸੁਖ ਪਾਉਂਦੇ ਹਨ। ਆਤਮ ਦੇਵ-ਹੇ ਆਤਮ ਦੇਵ (ਪਰਮਾਤਮਾ!) ।੧। ਰਹਾਉ।

ਕਰਮੁ-ਬਖਸ਼ਿਸ਼! ਮਿਹਰ। ਤਾ-ਤਦੋਂ। ਗੁਰਪਰਸਾਦੀ-ਗੁਰੂ ਦੀ ਕਿਰਪਾ ਨਾਲ। ਜੀਵਤ ਮਰੈ-ਜੀਵਤ ਭਾਵ ਤੋਂ ਮਰ ਜਾਂਦਾ ਹੈ (ਭਾਵ ਹੰਗਤਾ ਮਿਟਾ ਦਿੰਦਾ ਹੈ)। ਅਨਦਿਨੁ-ਹਰ ਰੋਜ਼। ਦੁਤਰੁ-ਔਖਾ ਤਰਿਆ ਜਾਣ ਵਾਲਾ (ਸੰਸਾਰ) ।੨।

ਬਿਖੁ-ਵਿਸ਼, ਜ਼ਹਿਰ। ਉਪਾਏ-ਪੈਦਾ ਕੀਤੇ ਹਨ। ਬਿਰਖੁ-ਰੁੱਖ। ਜੋ ਤਿਸੁ ਭਾਵੈ-ਜੋ ਉਸ ਨੂੰ ਚੰਗਾ ਲਗਦਾ ਹੈ। ਤਿਸੁ-ਉਸ ਨੂੰ।੩।

ਨਦਰਿ ਕਰੇਇ-ਕ੍ਰਿਪਾ ਦ੍ਰਿਸ਼ਟੀ ਕਰਦਾ ਹੈ। ਬਿਖਿਆ-ਮਾਇਆ। ਬਾਸਨਾ-ਵਾਸ਼ਨਾ, ਲਾਲਸਾ। ਮਨਹਿ ਕਰੇਇ-ਮਨ੍ਹਾਂ ਕਰਦਾ ਹੈ, ਭਾਵ ਰੋਕ ਦਿੰਦਾ ਹੈ। ਭਾਣਾ-ਮਰਜ਼ੀ, ਰਜ਼ਾ।੪।

**ਅਰਥ:** (ਹੇ ਹਰੀ! ਸਾਰਿਆਂ) ਮਹੀਨਿਆਂ (ਸਾਰੀਆਂ) ਰੁੱਤਾਂ ਵਿਚ ਸਦਾ ਖਿੜੇ ਰਹਿਣ ਵਾਲਾ ਬਸੰਤ ਰੂਪ (ਤੂੰ ਆਪ ਹੀ ਹੈਂ), ਜਿਸ ਕਰਕੇ ਸਾਰੇ ਜੀਵ ਜੰਤੂ ਹਰੇ ਭਰੇ ਹਨ। ਮੈਂ ਨਿੱਕਾ ਜਿਹਾ ਕੀੜਾ (ਛੋਟਾ ਜਿਹਾ)ਜੀਵ ਕੀ ਆਖਾਂ, ਕਿਸੇ ਤੋਂ ਤੇਰਾ ਆਦਿ ਤੇ ਅੰਤ ਨਹੀਂ ਪਾਇਆ ਗਿਆ(ਤੂੰ ਬੇਅੰਤ ਹੈਂ)।੧।

ਹੇ ਆਤਮ ਦੇਵ ਪਰਮਾਤਮਾ ! (ਜੋ) ਤੈਂ ਮਾਲਕ ਦੀ (ਸਰੇ ਦਿਲੋਂ) ਸੇਵਾ-ਭਗਤੀ ਕਰਦੇ ਹਨ (ਉਹ) ਬਹੁਤ ਸੁਖ ਪਾਉਂਦੇ ਹਨ ।੧।

(ਹੇ ਭਾਈ ! ਜਦੋਂ ਜੀਵ ਉਤੇ ਪ੍ਰਭੂ ਦੀ) ਬਖਸ਼ਸ਼ ਹੁੰਦੀ ਹੈ ਤਦੋਂ (ਉਹ) ਸੇਵਾ ਕਰਦਾ ਹੈ । ਗੁਰੂ ਦੀ ਕਿਰਪਾ ਨਾਲ (ਉਹ) ਜੀਵਤ ਭਾਵ ਤੋਂ ਮਰ ਜਾਂਦਾ ਹੈ (ਭਾਵ ਵਿਕਾਰਾਂ ਤੋਂ ਬਚਿਆ ਰਹਿੰਦਾ ਹੈ) । (ਉਹ) ਹਰ ਰੋਜ਼ (ਪਰਮੇਸ਼ਰ ਦਾ) ਸਚ ਰੂਪ ਨਾਮ ਉਚਾਰਦਾ ਹੈ । ਇਸ ਤਰ੍ਹਾਂ ਮਨੁੱਖ ਔਖੇ ਤਰੇ ਜਾਣ ਵਾਲੇ ਸੰਸਾਰ ਸਮੁੰਦਰ ਤੋਂ ਤਰ ਜਾਂਦਾ ਹੈ ।੨।

ਕਰਤਾਰ ਨੇ ਜ਼ਹਿਰ ਤੇ ਅੰਮ੍ਰਿਤ (ਫਲ) ਆਪ ਹੀ ਪੈਦਾ ਕੀਤੇ ਹਨ, (ਅਤੇ ਇਹ) ਦੋਵੇਂ ਫਲ ਸੰਸਾਰ ਰੂਪ ਰੁੱਖ ਨਾਲ ਲਾਏ ਹਨ । ਕਰਤਾਰ ਆਪ ਹੀ (ਸਭ ਕੁਝ) ਕਰ ਰਿਹਾ ਹੈ (ਤੇ ਜੀਵਾਂ ਤੋਂ) ਕਰਵਾ ਰਿਹਾ ਹੈ । ਜੋ (ਮਨੁੱਖ) ਉਸ (ਪ੍ਰਭੂ ਨੂੰ) ਚੰਗਾ ਲਗਦਾ ਹੈ (ਉਸ ਨੂੰ ਆਪਣੀ ਇਛਾ ਅਨੁਸਾਰ ਉਹੋ ਜਿਹਾ) ਫਲ ਖਵਾ ਦਿੰਦਾ ਹੈ ।੩।

ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਜਿਸ (ਮਨੁੱਖ) ਉਤੇ (ਪ੍ਰਭੂ) ਮਿਹਰ ਦੀ ਨਜ਼ਰ ਕਰਦਾ ਹੈ, ਉਸ ਨੂੰ ਆਪ ਹੀ ਅੰਮ੍ਰਿਤ ਨਾਮ ਰੂਪੀ ਫਲ (ਬਖਸ਼) ਦਿੰਦਾ ਹੈ । (ਫਿਰ ਉਸ ਦੇ ਅੰਦਰੋਂ) ਮਾਇਆ ਦੀ ਵਾਸ਼ਨਾ (ਲਾਲਸਾ) ਰੋਕ ਦਿੰਦਾ ਹੈ । (ਜੋ ਉਸ ਪਰਮੇਸ਼ਰ ਦੀ) ਰਜ਼ਾ ਹੈ (ਉਹ ਉਸੇ ਤਰ੍ਹਾਂ) ਆਪ ਹੀ (ਸਭ ਕੁਝ) ਕਰਦਾ ਹੈ । (ਭਾਵ ਉਸ ਦੇ ਕੰਮ ਵਿਚ ਕੋਈ ਜੀਵ ਦਖ਼ਲ ਨਹੀਂ ਦੇ ਸਕਦਾ) ।੪।੧।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਪਰਮੇਸ਼ਰ ਦੀ ਵਡਿਆਈ ਕੀਤੀ ਹੈ ਕਿ ਉਹ ਸਦ-ਬਸੰਤ ਸਾਰੀਆਂ ਰੁੱਤਾਂ ਮਹੀਨਿਆਂ ਵਿਚ ਵਸ ਰਿਹਾ ਹੈ ਜਿਸ ਦੀ ਸ਼ਕਤੀ ਨਾਲ ਸਾਰੇ ਜੀਵ ਜੰਤ ਹਰੇ-ਭਰੇ ਹੋ ਰਹੇ ਹਨ । ਜਿਹੜਾ ਮਨੁੱਖ ਗੁਰੂ ਦੀ ਕਿਰਪਾ ਨਾਲ ਜੀਵਤ-ਭਾਵ ਤੋਂ ਮਰਦਾ ਹੈ ਭਾਵ ਹੰਗਤਾ ਤਿਆਗਦਾ ਹੈ ਓਹੀ ਸਹੀ ਅਰਥਾਂ ਵਿਚ ਨਾਮ ਸਿਮਰਦਾ ਹੈ ਅਤੇ ਸੰਸਾਰ ਸਾਗਰ ਤੋਂ ਪਾਰ ਲੰਘ ਜਾਂਦਾ ਹੈ ।

ਜਿਹੜਾ ਮਨੁੱਖ ਸਦ-ਬਸੰਤ ਦਾ ਧਿਆਨ ਧਰਦਾ ਹੈ ਉਸ ਦੇ ਹਿਰਦੇ ਅੰਦਰ ਇਹ ਭਾਵਨਾ ਪ੍ਰਬਲ ਹੋ ਜਾਂਦੀ ਹੈ ਕਿ ਜੋ ਕੁਝ ਵੀ ਸੰਸਾਰ ਵਿਚ ਵਰਤ ਰਿਹਾ ਹੈ ਉਹ ਸਭ ਪਰਮਾਤਮਾ ਦੀ ਇਛਾ ਨਾਲ ਹੋ ਰਿਹਾ ਹੈ ।

ਸੰਸਾਰ ਇਕ ਰੁੱਖ ਦੀ ਨਿਆਈਂ ਹੈ ਜਿਸ ਨੂੰ ਮਿਠੇ ਤੇ ਕਉੜੇ ਦੋਵੇਂ ਫਲ ਲਗੇ ਹੋਏ ਹਨ ਪਰ ਇਹ ਦੋਵੇਂ ਸੁਖ ਤੇ ਦੁਖ ਰੂਪੀ ਫਲ ਪ੍ਰਭੂ ਦੇ ਲਾਏ ਹੋਏ ਹਨ। ਜਿਸ ਉਤੇ ਪ੍ਰਭੂ ਮਿਹਰ ਦੀ ਨਿਗਾਹ ਕਰਦਾ ਹੈ, ਉਸ ਨੂੰ ਅੰਮ੍ਰਿਤ ਨਾਮ ਦੇਂਦਾ ਹੈ, ਫਿਰ ਉਸ ਦੇ ਮਨ ਚੋਂ ਵਿਸ਼ੇ ਵਾਸ਼ਨਾ ਦਾ ਭਾਵ ਦੂਰ ਹੋ ਜਾਂਦਾ ਹੈ।

ਗੁਰਬਾਣੀ ਵਿਚ 'ਮਨਹਿ' ਪਦ ਆਮ ਤੌਰ ਤੇ ਮਨ ਦੇ ਅੰਦਰ' ਅਰਥ ਦੇਂਦਾ ਹੈ ਪਰ ਇਥੇ

'ਮਨਹਿ' ਪਦ ਅਰਬੀ ਵਾਲੇ 'ਮਨ੍ਹਾਂ' ਪਦ ਦਾ ਸੂਚਕ ਹੈ ਜਿਸ ਦੇ ਅਰਥ ਹਨ ਰੋਕਣਾ। ਇਹੋ ਪਦ ਆਸਾ ਰਾਗ ਵਿਚ ਇਸੇ ਅਰਥ ਵਿਚ ਗੁਰੂ ਨਾਨਕ ਦੇਵ ਜੀ ਨੇ ਵਰਤਿਆ ਹੈ :–

**ਆਪੇ ਦੁਰਮਤਿ ਮਨਹਿ ਕਰੇਇ ॥** [ਪੰਨਾ ੩੪੯

ਇਸ ਪਦ ਨੂੰ ਉਚਾਰਨ ਵੇਲੇ 'ਹ' ਭਾਰੀ ਆਵਾਜ਼ ਨਾਲ ਬੋਲਣਾ ਚਾਹੀਦਾ ਹੈ।

**ਬਸੰਤੁ ਮਹਲਾ ੩ ॥ ਰਾਤੇ ਸਾਚਿ, ਹਰਿਨਾਮਿ ਨਿਹਾਲਾ ॥ ਦਇਆ ਕਰਹੁ, ਪ੍ਰਭ ਦੀਨ ਦਇਆਲਾ ॥ ਤਿਸੁ ਬਿਨੁ, ਅਵਰੁ ਨਹੀ ਮੈ ਕੋਇ ॥ ਜਿਉ ਭਾਵੈ, ਤਿਉ ਰਾਖੈ ਸੋਇ ॥੧॥ ਗੁਰ ਗੋਪਾਲ, ਮੇਰੈ ਮਨਿ ਭਾਏ ॥ ਰਹਿ ਨ ਸਕਉ ਦਰਸਨ ਦੇਖੇ ਬਿਨੁ, ਸਹਜਿ ਮਿਲਉ ਗੁਰੁ ਮੇਲਿ ਮਿਲਾਏ ॥੧॥ ਰਹਾਉ ॥ ਇਹੁ ਮਨੁ ਲੋਭੀ ਲੋਭਿ ਲੁਭਾਨਾ ॥ ਰਾਮੁ ਬਿਸਾਰਿ, ਬਹੁਰਿ ਪਛੁਤਾਨਾ ॥ ਬਿਛੁਰਤ ਮਿਲਾਇ, ਗੁਰ ਸੇਵ ਰਾਂਗੇ ॥ ਹਰਿਨਾਮੁ ਦੀਓ, ਮਸਤਕਿ ਵਡਭਾਗੇ ॥੨॥ ਪਉਣ ਪਾਣੀ ਕੀ ਇਹ ਦੇਹ ਸਰੀਰਾ ॥ ਹਉਮੈ ਰੋਗੁ, ਕਠਿਨ ਤਨਿ ਪੀਰਾ॥ ਗੁਰਮੁਖਿ,ਰਾਮਨਾਮ ਦਾਰੂ ਗੁਣ ਗਾਇਆ॥ ਕਰਿ ਕਿਰਪਾ ਗੁਰਿ ਰੋਗੁ ਗਵਾਇਆ॥੩॥ ਚਾਰਿ ਨਦੀਆ ਅਗਨੀ, ਤਨਿ ਚਾਰੇ ॥ ਤ੍ਰਿਸਨਾ ਜਲਤ, ਜਲੇ ਅਹੰਕਾਰੇ ॥ ਗੁਰਿ ਰਾਖੇ, ਵਡਭਾਗੀ ਤਾਰੇ ॥ ਜਨ ਨਾਨਕ, ਉਰਿ ਹਰਿ ਅੰਮ੍ਰਿਤੁ ਧਾਰੇ ॥੪॥੨॥**

## ਉਚਾਰਨ ਸੇਧ

**ਬਿੰਦੀ ਸਹਿਤ :** ਨਹੀਂ, ਮੈਂ, ਜਿਉਂ, ਤਿਉਂ, ਸਕਉਂ, ਮਿਲਉਂ, ਨਦੀਆਂ।

**ਪਦ ਅਰਥ :** ਰਾਤੇ-ਰੰਗੇ ਹੋਏ। ਸਾਚਿ-ਸਚ ਵਿਚ। ਹਰਿ ਨਾਮਿ-ਹਰੀ ਦੁਆਰਾ। ਨਿਹਾਲਾ-ਨਿਹਾਲ, ਪ੍ਰਸੰਨ ਹਨ।ਸੋਇ-ਉਹ (ਪ੍ਰਭੂ)।੧।

ਮੇਰੈ ਮਨਿ-ਮੇਰੇ ਮਨ ਵਿਚ। ਭਾਏ-ਭਾਉਂਦਾ, ਚੰਗਾ ਲਗਦਾ ਹੈ। ਹਉ ਰਹਿ ਨ ਸਕਉ-ਮੈਂ ਰਹਿ ਨਹੀ ਸਕਦਾ। ਸਹਜਿ-ਅਡੋਲ ਅਵਸਥਾ ਵਿਚ (ਟਿਕ ਕੇ)। ਮਿਲਉ-ਮੈਂ ਮਿਲਾਂ। ਗੁਰੁ-ਮੇਲਿ ਮਿਲਾਏ-ਗੁਰੂ (ਆਪਣੇ ਨਾਲ) ਮੇਲ ਕੇ (ਪ੍ਰਭੂ ਨਾਲ) ਮਿਲਾਉਂਦਾ ਹੈ।੧।ਰਹਾਉ।

ਲੋਭਿ ਲੁਭਾਨਾ-ਲਾਲਚ ਵਿਚ ਫਸਿਆ ਰਹਿੰਦਾ ਹੈ। ਬਿਸਾਰਿ-ਵਿਸਾਰ ਕੇ। ਬਹੁਰਿ-ਮੁੜ ਕੇ, ਪਿਛੋਂ। ਬਿਛੁਰਤ-ਵਿਛੜਦੇ ਹੋਏ। ਸੇਵ ਰਾਗੇ-ਸੇਵਾ ਵਿਚ ਰੰਗੇ। ਮਸਤਕਿ ਵਡਭਾਗੇ-ਮਥੇ ਉਤੇ ਵਡੇ ਭਾਗ ਲਿਖੇ ਹੋਣ ਕਰਕੇ।੨।

ਪਉਣ-ਹਵਾ। ਸਰੀਰਾ-ਸਾਰੀ। ਕਠਿਨ-ਬਹੁਤ ਭਾਰੀ। ਤਨਿ-ਸਰੀਰ ਵਿਚ। ਪੀਰਾ-ਪੀੜ। ਗੁਰਮੁਖਿ-ਗੁਰੂ ਦੁਆਰਾ। ਗੁਰਿ-ਗੁਰੂ ਨੇ।੩।

ਚਾਰਿ ਨਦੀਆ ਅਗਨੀ-ਹਿੰਸਾ, ਮੋਹ, ਲੋਭ ਤੇ ਕ੍ਰੋਧ (ਇਹ ਚਾਰੇ) ਸਰੀਰਾਂ ਵਿਚ ਅੱਗ ਦੀਆਂ ਦੀ ਚਾਰ ਨਦੀਆਂ ਹਨ- (ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆਂ ਅਗ॥) ਤ੍ਰਿਸਨਾ-ਤ੍ਰਿਸਨਾ ਨਾਲ। ਜਲਤ

ਜਲੈ-ਸੜਦੇ ਸੜ ਗਏ। ਅਹੰਕਾਰੇ-ਹੰਕਾਰ ਵਿਚ। ਗੁਰਿ ਰਾਖੇ-ਗੁਰੂ ਨੇ ਰਖੇ। ਵਡਭਾਗੀ ਤਾਰੇ-ਵਡੇ ਭਾਗਾਂ ਵਾਲੇ (ਸੇਵਕ) ਤਾਰ ਦਿਤੇ। ਉਰਿ-ਹਿਰਦੇ ਵਿਚ। ਅੰਮ੍ਰਿਤ ਧਾਰੇ-ਅੰਮ੍ਰਿਤ (ਨਾਮ) ਟਿਕਾਅ ਰਖਿਆ ਹੈ ।੪।

**ਅਰਥ :** ਜਿਹੜੇ (ਜੀਵ) ਹਰੀ ਦੇ ਨਾਮ ਦੁਆਰਾ ਸਚ (ਪਰਮੇਸ਼ਰ) ਵਿਚ ਰੰਗੇ ਗਏ ਹਨ, ਓਹ ਨਿਹਾਲ ਹੋ ਗਏ ਹਨ । ਹੇ ਦੀਨ ਦਇਆਲੂ ਵਾਹਿਗੁਰੂ ! (ਮੇਰੇ ਉੱਤੇ ਵੀ ਅਜਿਹੀ ) ਦਇਆ ਕਰੋ । (ਹੇ ਭਾਈ !) ਉਸ (ਪਰਮਾਤਮਾ) ਤੋਂ ਬਿਨਾ ਮੇਰਾ ਹੋਰ ਕੋਈ (ਸਹਾਈ) ਨਹੀਂ ਹੈ । ਜਿਸ ਤਰ੍ਹਾਂ (ਉਸ ਪਰਮਾਤਮਾ ਨੂੰ) ਚੰਗਾ ਲਗਦਾ ਹੈ, ਉਸੇ ਤਰ੍ਹਾਂ ਉਹ (ਮੇਰੀ) ਰਖਿਆ ਕਰਦਾ ਹੈ ।੧।

ਹੇ ਭਾਈ ! ਗੁਰ-ਗੋਪਾਲ ਮੇਰੇ ਮਨ ਵਿਚ (ਬਹੁਤ ਪਿਆਰਾ) ਲਗਦਾ ਹੈ । (ਮੈਂ ਉਸ ਦਾ)ਦਰਸ਼ਨ ਵੇਖੇ ਬਿਨਾ ਰਹਿ ਨਹੀਂ ਸਕਦਾ (ਭਾਵ ਮੈਨੂੰ ਸ਼ਾਂਤੀ ਨਹੀਂ ਆਉਂਦੀ), ਅਡੋਲ ਅਵਸਥਾ ਵਿਚ (ਜੀਵ ਓਦੋਂ) ਮਿਲਦਾ ਹੈ (ਜਦੋਂ) ਗੁਰੂ (ਉਸ ਨੂੰ ਆਪਣੇ) ਨਾਲ ਮੇਲ ਕੇ (ਹਰੀ ਨਾਲ) ਮਿਲਾਂਦਾ ਹੈ ।੧।ਰਹਾਉ।

(ਜਿਸ ਦਾ) ਇਹ ਲਾਲਚੀ ਮਨ (ਪਦਾਰਥਾਂ ਦੇ) ਲੋਭ ਵਿਚ ਫਸਿਆ ਰਹਿੰਦਾ ਹੈ, (ਉਹ) ਪਰਮਾਤਮਾ ਦਾ (ਨਾਮ) ਵਿਸਾਰ ਕੇ ਪਿਛੋਂ ਪਛਤਾਉਂਦਾ ਹੈ । (ਜਿਹੜੇ ਮਨੁੱਖ) ਗੁਰੂ ਦੀ ਸੇਵਾ ਵਿਚ ਰੰਗੇ ਗਏ ਹਨ, (ਓਹ) ਵਿਛੜੇ ਹੋਏ (ਮਨੁੱਖ ਵੀ ਗੁਰੂ ਨੇ) ਮਿਲਾ ਲਏ ਹਨ। (ਉਨ੍ਹਾਂ ਨੂੰ ਹੀ) ਪਰਮਾਤਮਾ ਦਾ ਨਾਮ ਬਖਸ਼ਿਆ (ਜਿਨ੍ਹਾਂ ਦੇ) ਮਥੇ ਉਤੇ ਚੰਗੇ ਭਾਗ (ਲਿਖੇ ਹੋਏ ਸਨ) ।੨।

(ਹੇ ਭਾਈ !) ਇਹ ਦੇਹੀ, ਸਰੀਰ ਹਵਾ, ਪਾਣੀ ਆਦਿਕ ਤੱਤਾਂ ਦਾ ਬਣਿਆ ਹੋਇਆਹੈ । (ਜਿਸ ਨੂੰ) ਹੰਕਾਰ ਦਾ ਰੋਗ (ਲਗਾ ਹੋਇਆ ਹੈ, ਉਸ ਦੇ ) ਸਰੀਰ ਵਿਚ ਬਹੁਤ ਔਖਾ ਕਰਨ ਵਾਲੀ ਪੀੜ (ਟਿਕੀ ਰਹਿੰਦੀ ਹੈ) । ਗੁਰੂ ਦੁਆਰਾ (ਜਿਸ ਨੇ) ਪਰਮਾਤਮਾ ਦਾ ਨਾਮ (ਜਪਿਆ ਹੈ, ਉਸ ਦੇ) ਗੁਣਾਂ ਨੂੰ ਗਾਇਆ ਹੈ (ਉਸ ਲਈ ਇਹ) ਰਾਮ ਦਾ ਜਾਪ ਤੇ ਗੁਣਾਂ ਦਾ ਗਾਉਣਾ ਦਾਰੂ (ਬਣ ਗਿਆ ਹੈ) । ਗੁਰੂ ਨੇ ਕਿਰਪਾ ਕਰਕੇ (ਉਸ ਦਾ ਹਉਮੈ ਵਾਲਾ) ਰੋਗ ਦੂਰ ਕਰ ਦਿੱਤਾ ਹੈ ।੩।

(ਹੇ ਭਾਈ ! ਇਹ ਸੰਸਾਰ ਵਿਚ)ਚਾਰ ਅੱਗ ਦੀਆਂ ਨਦੀਆਂ ਹਨ, 'ਹੰਸ ਹੇਤੁ ਲੋਭੁ ਕੋਪੁ, ਚਾਰੇ ਨਦੀਆਂ ਅਗ' ਇਹਨਾਂ ਦਾ ਭਾਵ-ਅਰਥ ਇਉਂ ਹੈ -

੧. ਹੰਸੁ-ਜੀਵਾਂ ਨੂੰ ਮਾਰਨਾ, ਹਿੰਸਾ ਕਰਨੀ । ੨. ਹੇਤੁ-ਸਨਬੰਧੀਆਂ ਨਾਲ ਮੋਹ ਕਰਨਾ ।

੩. ਲੋਭੁ -ਮਾਇਆ ਤੇ ਹੋਰ ਪਦਾਰਥਾਂ ਦਾ ਲਾਲਚ ਕਰਨਾ । ੪. ਕ੍ਰੋਧੁ-ਗੁੱਸਾ ਕਰਨਾ ।

(ਜਿਨ੍ਹਾਂ ਮਨੁੱਖਾਂ ਦੇ) ਸਰੀਰ ਵਿਚ ਇਹ ਚਾਰੇ ਨਦੀਆਂ (ਠਾਠਾਂ ਮਾਰਦੀਆਂ ਹਨ, ਉਹ ਮਨੁੱਖ) ਤ੍ਰਿਸ਼ਨਾ ਅਤੇ ਹੰਕਾਰ ਵਿਚ ਸੜ ਗਏ । (ਜਿਹੜੇ ਮਨੁੱਖ) ਗੁਰੂ ਨੇ (ਇਹਨਾਂ ਅਗਨੀਆਂ ਤੋਂ) ਬਚਾਅ ਲਏ ਹਨ (ਓਹ) ਵਡੇ ਭਾਗਾਂ ਵਾਲੇ (ਮਨੁੱਖ, ਗੁਰੂ ਨੇ) ਤਾਰ ਦਿਤੇ ਹਨ । ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ (ਓਨਾਂ ਸੇਵਕਾਂ ਨੇ ਆਪਣੇ) ਹਿਰਦੇ ਵਿਚ ਹਰੀ ਦਾ ਅੰਮ੍ਰਿਤ ਨਾਮ ਟਿਕਾ ਰਖਿਆ ਹੈ।੪।੨।

## ਸਾਰੰਸ਼ ਅਤੇ ਸਿਧਾਂਤ

ਪਾਉਣ ਪਾਣੀ ਆਦਿਕ ਤੱਤਾਂ ਤੋਂ ਬਣੇ ਸਰੀਰ ਅੰਦਰ ਮੋਹ ਲੋਭ, ਤੇ ਹਿੰਸਾ ਕ੍ਰੋਧ ਇਹ ਚਾਰ

ਅੱਗ ਦੀਆਂ ਨਦੀਆਂ ਵਹਿ ਰਹੀਆਂ ਹਨ, ਭਾਵ ਮਨੁੱਖ ਦਾ ਹਿਰਦਾ ਵਿਕਾਰਾਂ ਨਾਲ ਭਰਿਆ ਪਿਆ ਹੈ ਜਿਸ ਕਾਰਨ ਇਸ ਦੇ ਸਰੀਰ ਵਿਚ ਔਖਾ ਕਰਨ ਵਾਲੀ ਹਉਮੈ ਦੀ ਪੀੜ ਤਾਂ ਹਰ ਵੇਲੇ ਟਿਕੀ ਰਹਿੰਦੀ ਹੈ। ਜਿਹੜੇ ਮਨੁੱਖ ਪਰਮਾਤਮਾ ਦਾ ਨਾਮ ਜਪਦੇ ਹਨ, ਉਸ ਦੀਆਂ ਸਿਫਤਾਂ, ਗੁਣਾਂ ਦੇ ਸੋਹਿਲੇ ਗਾਉਂਦੇ ਹਨ, ਓਹ ਵਡਭਾਗੇ ਮਨੁੱਖ ਇਹਨਾਂ ਅਗਨੀਆਂ ਦੇ ਅਸਰ ਤੋਂ ਬਚ ਜਾਂਦੇ ਹਨ।

ਲੋੜ ਤਾਂ ਇਹ ਹੈ ਕਿ ਉਹ ਪਰਮਾਤਮਾ ਜਿਸ ਨੇ ਜੀਉ ਪਿੰਡ ਤੇ ਹੋਰ ਸਭ ਕੁਝ ਦਿਤਾ ਹੈ, ਉਹ ਚੰਗਾ ਲੱਗੇ, ਉਸ ਦੇ ਨਾਮ ਵਿਚ ਪਿਆਰ ਪਵੇ, ਉਸ ਦੇ ਦਰਸ਼ਨਾ ਦੀ ਤਾਂਘ ਲੱਗੀ ਰਹੇ, ਅਤੇ ਉਸ ਦੀ ਓਟ ਆਸਰਾ ਅਪਨਾਇਆ ਜਾਵੇ। ਫਿਰ ਸਦਾ ਹੀ ਗੁਰੂ ਦੀ ਮਿਹਰ ਹੁੰਦੀ ਹੈ। ਇਹ ਵਿਕਾਰ ਨਾਮ ਜਪਣ ਵਾਲੇ ਮਨੁੱਖ ਦਾ ਕੁਝ ਨਹੀਂ ਵਿਗਾੜ ਸਕਦੇ ਪਰ ਨਾਮ ਹੀਣ ਮਨੁੱਖ ਦਾ ਜੀਵਨ ਉਜਾੜ ਦਿੰਦੇ ਹਨ।

**ਬਸੰਤੁ ਮਹਲਾ ੩ ॥ ਹਰਿ ਸੇਵੇ, ਸੋ ਹਰਿ ਕਾ ਲੋਗੁ ॥ ਸਾਚੁ ਸਹਜੁ, ਕਦੇ ਨ ਹੋਵੈ ਸੋਗੁ ॥ ਮਨਮੁਖ ਮੁਏ, ਨਾਹੀ ਹਰਿ ਮਨ ਮਾਹਿ। ਮਰਿ ਮਰਿ ਜੰਮਹਿ,ਭੀ ਮਰਿ ਜਾਹਿ ॥੧॥ ਸੇ ਜਨ ਜੀਵੇ,ਜਿਨ ਹਰਿ ਮਨ ਮਾਹਿ ॥ਸਾਚੁ ਸਮਾਲਹਿ, ਸਾਚਿ ਸਮਾਹਿ ॥੧॥ਰਹਾਉ ॥ ਹਰਿ ਨ ਸੇਵਹਿ,ਤੇ ਹਰਿ ਤੇ ਦੂਰਿ। ਦਿਸੰਤਰ ਭਵਹਿ, ਸਿਰਿ ਪਾਵਹਿ ਧੂਰਿ ॥ ਹਰਿ ਆਪੇ, ਜਨ ਲੀਏ ਲਾਇ ॥ ਤਿਨ ਸਦਾ ਸੁਖ ਹੈ, ਤਿਲੁ ਨ ਤਮਾਇ ॥੨॥ ਨਦਰਿ ਕਰੇ, ਚੂਕੈ ਅਭਿਮਾਨੁ ॥ ਸਾਚੀ ਦਰਗਹ ਪਾਵੈ ਮਾਨੁ ॥ ਹਰਿਜੀਉ ਵੇਖੈ, ਸਦ ਹਜੂਰਿ ॥ ਗੁਰ ਕੈ ਸਬਦਿ, ਰਹਿਆ ਭਰਪੂਰਿ॥੩॥ ਜੀਅ ਜੰਤ ਕੀ ਕਰੇ ਪ੍ਰਤਿਪਾਲ ॥ ਗੁਰ ਪਰਸਾਦੀ,ਸਦ ਸਮ੍ਹਾਲ ॥ ਦਰਿ ਸਾਚੈ, ਪਤ ਸਿਉ ਘਰਿ ਜਾਇ ॥ ਨਾਨਕ, ਨਾਮਿ ਵਡਾਈ ਪਾਇ ॥੪॥੩॥**

### ਉਚਾਰਨ ਸੇਧ

**ਬਿੰਦੀ ਸਹਿਤ:** ਨਾਹੀਂ, ਮਾਹਿਂ, ਜੰਮਹਿਂ, ਜਾਹਿਂ,ਸਮਾਵਹਿਂ, ਸਮਾਹਿਂ, ਸੇਵਹਿਂ, ਭਵਹਿਂ, ਪਾਵਹਿਂ,ਸਿਉਂ।

**ਪਦ ਅਰਥ :** ਸੇਵੇ-ਸੇਂਵਦਾ, ਸਿਮਰਦਾ ਹੋਵੇ। ਸੋ-ਉਹ (ਮਨੁੱਖ)। ਸਾਚੁ-ਸੱਚ। ਸਹਜੁ-ਆਤਮਕ ਅਡੋਲਤਾ ਦਾ ਦਰਜਾ। ਸੋਗੁ-ਗਮ, ਫ਼ਿਕਰ। ਮੁਏ-(ਆਤਮਿਕ) ਮੌਤ ਮਰ ਗਏ। ਮਾਹਿ-ਵਿਚ। ਮਰਿ-ਮਰ ਕੇ। ਜੰਮਹਿ-ਜੰਮਦੇ ਹਨ ।ਭੀ-ਫਿਰ। ਮਰਿ ਜਾਹਿ-ਮਰ ਜਾਂਦੇ ਹਨ ।੧।

ਸੇ ਜਨ-ਓਹ (ਸੇਵਕ)। ਜੀਵੇ-ਜੀਉਂਦੇ ਰਹੇ। ਜਿਨ-ਜਿਨ੍ਹਾਂਦੇ। ਮਨ ਮਾਹਿ-ਮਨ ਵਿਚ। ਸਮਾਲਹਿ-ਯਾਦ ਕਰਦੇ ਹਨ। ਸਾਚਿ ਸਮਾਹਿ-ਸਚ ਵਿਚ ਸਮਾਅ ਜਾਂਦੇ ਹਨ ।੧।ਰਹਾਉ।

ਨ ਸੇਵਹਿ-ਨਹੀਂ ਸੇਂਵਦੇ ਹਨ। ਤੇ-ਓਹ। ਹਰਿ ਤੇ-ਹਰੀ ਤੋਂ। ਦਿਸੰਤਰ-ਦੇਸ਼ਾਂ ਦੇਸ਼ਾਂ ਵਿਚ। ਭਵਹਿ-ਭੌਂਦੇ ਫਿਰਦੇ ਰਹਿੰਦੇ ਹਨ। ਸਿਰਿ-ਸਿਰ ਉਤੇ। ਪਾਵਹਿ ਧੂਰਿ-ਧੂੜ ਮਿਟੀ, ਸੁਆਹ ਪਾਉਂਦੇ ਹਨ।

ਤਿਲੁ-ਰਤਾ ਭਰ। ਤਮਾਇ-ਤਮ੍ਹਾ, ਲਾਲਚ।੨।

ਨਦਰਿ-ਮਿਹਰ ਦੀ ਨਿਗਾਹ। ਚੂਕੈ ਅਭਿਮਾਨੁ-ਹੰਕਾਰ ਦੂਰ ਹੋ ਜਾਂਦਾ ਹੈ। ਮਾਨੁ-ਆਦਰ, ਮਾਣ। ਸਦ ਹਜੂਰਿ-ਸਦਾ ਅੰਗ ਸੰਗ। ਸਬਦਿ-ਸ਼ਬਦ ਦੁਆਰਾ (ਪਤਾ ਲਗਦਾ ਹੈ)। ਰਹਿਆ ਭਰਪੂਰਿ-ਵਿਆਪਕ ਹੋ ਰਿਹਾ ਹੈ।੩।

ਕਰੇ ਪ੍ਰਤਿਪਾਲ-ਪਾਲਣਾ ਕਰਦਾ ਹੈ। ਗੁਰ ਪਰਸਾਦੀ-ਗੁਰੂ ਦੀ ਕਿਰਪਾ ਨਾਲ। ਸਮਾਲ-ਯਾਦ ਰਖ। ਪਤਿ ਸਿਉ-ਇਜ਼ਤ ਨਾਲ। ਘਰਿ-(ਪ੍ਰਭੂ ਦੇ) ਘਰ ਵਿਚ। ਨਾਮਿ-ਨਾਮ ਦੁਆਰਾ।੪।

**ਅਰਥ :** (ਜੋ) ਹਰੀ ਨੂੰ ਸੇਂਵਦਾ ਹੋਵੇ (ਸਹੀ ਅਰਥਾਂ ਵਿਚ) ਉਹ (ਮਨੁੱਖ) ਹਰੀ ਦਾ (ਭਗਤ) ਲੋਕ ਹੈ। (ਉਸ ਨੂੰ) ਸਚ, ਆਤਮਿਕ ਅਡੋਲਤਾ, ਅਨੰਦ ਦਾ ਦਰਜਾ (ਪ੍ਰਾਪਤ ਹੋਂਦਾ ਹੈ) ਜਿਸ ਕਰਕੇ ਉਸ ਨੂੰ) ਕਦੇ ਵੀ ਸੋਗ ਨਹੀਂ ਹੁੰਦਾ (ਜਿਨ੍ਹਾਂ ਦੇ) ਮਨ ਵਿਚ ਹਰੀ ਦਾ ਨਾਮ ਨਹੀਂ (ਵਸਿਆ, ਓਹ) ਮਨਮੁਖ (ਜਾਣੋ ਆਤਮਿਕ) ਮੌਤ ਮੋਏ ਹਨ। (ਓਹ ਮੁੜ ਮੁੜ) ਮਰਕੇ ਜੰਮਦੇ ਹਨ ਫਿਰ ਵੀ (ਆਤਮਿਕ) ਮੌਤ ਮਰਦੇ ਰਹਿੰਦੇ ਹਨ।੧।

(ਹੇ ਭਾਈ !) ਜਿਨ੍ਹਾਂ (ਮਨੁੱਖਾਂ ਦੇ) ਮਨ ਵਿਚ ਪਰਮਾਤਮਾ ਦਾ (ਨਾਮ ਵਸਿਆ ਹੈ)ਓਹ (ਮਨੁੱਖ ਸਹੀ ਜੀਵਨ) ਜਿਉ ਰਹੇ ਹਨ। (ਉਹ) ਸਚ (ਪਰਮਾਤਮਾ ਨੂੰ) ਯਾਦ ਕਰਦੇ ਹਨ (ਅਤੇ) ਸਚ ਵਿਚ ਹੀ ਲੀਨ ਹੋਏ ਰਹਿੰਦੇ ਹਨ।੧।ਰਹਾਉ।

(ਜਿਹੜੇ ਮਨੁੱਖ) ਪਰਮਾਤਮਾ ਨੂੰ ਨਹੀਂ ਸੇਂਵਦੇ, ਓਹ ਪੁਰਸ਼ ਹਰੀ ਤੋਂ ਦੂਰ ਰਹਿੰਦੇ ਹਨ। (ਓਹ) ਦੇਸ਼ ਦੇਸ਼ਾਂਤਰਾਂ ਵਿਚ ਭੱਜਦੇ ਫਿਰਦੇ ਹਨ। (ਇਸ ਤਰ੍ਹਾਂ ਮਾਨੋ ਆਪਣੇ) ਸਿਰ ਉਤੇ ਸੁਆਹ ਪਾਉਂਦੇ ਹਨ (ਖਜਲ ਖੁਆਰ ਹੋਂਦੇ ਹਨ)। ਹਰੀ ਨੇ ਆਪਣੇ ਸੇਵਕ ਜਨ (ਆਪਣੇ ਲੜ) ਲਾਏ ਹੋਏ ਹਨ (ਭਾਵ ਨਾਮ ਜਪਣ ਵਿਚ ਜੋੜੇ ਹੋਏ ਹਨ)। ਉਨ੍ਹਾਂ ਨੂੰ ਸਦਾ (ਆਤਮਿਕ) ਸੁਖ (ਪ੍ਰਾਪਤ ਹੋਇਆ ਰਹਿੰਦਾ ਹੈ ਅਤੇ) ਰਤਾ ਭਰ ਭੀ (ਦੁਨਿਆਵੀ ਪਦਾਰਥਾਂ ਦਾ) ਲਾਲਚ ਨਹੀਂ ਪੋਂਹਦਾ।੨।

(ਹੇ ਭਾਈ ! ਜਿਸ ਮਨੁੱਖ ਉਤੇ ਪ੍ਰਭੂ ਆਪਣੀ) ਮਿਹਰ ਦੀ ਨਜ਼ਰ ਕਰ ਦੇਵੇ, (ਉਸ ਦੇ ਅੰਦਰੋਂ) ਹੰਕਾਰ ਦੂਰ ਹੋ ਜਾਂਦਾ ਹੈ। (ਉਹੀ) ਸੱਚੀ ਦਰਗਾਹ ਵਿਚ ਇਜ਼ਤ ਪਾਉਂਦਾ ਹੈ। (ਉਹ) ਹਰੀ ਜੀਉ ਨੂੰ ਸਦਾ ਹਾਜ਼ਰ-ਹਜ਼ੂਰ (ਅੰਗ ਸੰਗ) ਵੇਖਦਾ ਹੈ। ਗੁਰੂ ਦੇ ਸ਼ਬਦ ਦੁਆਰਾ (ਉਸ ਨੂੰ ਪਰਮਾਤਮਾ ਸਭ ਥਾਵਾਂ ਤੇ) ਭਰਪੂਰ ਹੋ ਰਿਹਾ (ਨਜ਼ਰ ਆਉਂਦਾ ਹੈ)।੩।

(ਹੇ ਭਾਈ ! ਉਹ) ਪਰਮਾਤਮਾ(ਜੋ ਸਭ) ਜੀਵ ਜੰਤੂਆਂ ਦੀ ਪਾਲਨਾ ਕਰ ਰਿਹਾ ਹੈ, ਗੁਰੂ ਦੀ ਕਿਰਪਾ ਨਾਲ (ਤੂੰ ਉਸ ਨੂੰ) ਸਦਾ ਯਾਦ ਕਰ। (ਜਿਹੜਾ ਪ੍ਰਭੂ ਨੂੰ ਸਿਮਰਦਾ ਹੈ) ਉਹ ਸਚੇ (ਪ੍ਰਭੂ ਦੇ) ਦਰ ਉਤੇ ਇਜ਼ਤ ਨਾਲ (ਆਪਣੇ ਅਸਲੀ) ਘਰ ਵਿਚ ਜਾਂਦਾ ਹੈ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਉਹ ਪੁਰਸ਼ ਪ੍ਰਭੂ ਦੇ) ਨਾਮ ਦੁਆਰਾ (ਸੱਚੀ) ਵਡਿਆਈ ਪ੍ਰਾਪਤ ਕਰਦਾ ਹੈ।੪।੩।

## ਸਾਰੰਸ਼ ਅਤੇ ਸਿਧਾਂਤ

ਹਰੀ ਦੇ ਲੋਗ ਸਹੀ ਅਰਥਾਂ ਵਿਚ ਉਹ ਹੈ ਜੋ ਹਰੀ ਦੀ ਸੇਵਾ ਕਰਦਾ ਹੈ, ਉਸ ਨੂੰ ਸਿਮਰਦਾ

ਹੈ। ਗੁਰੂ ਦੇ ਸ਼ਬਦ ਦੀ ਬਰਕਤ ਨਾਲ ਹਰੀ ਹਿਰਦੇ ਵਿਚ ਆ ਵਸਦਾ ਹੈ ਅਤੇ ਆਪਣੇ ਸੇਵਕ ਨੂੰ ਹਰ ਥਾਂ ਭਰਪੂਰ ਦਿਸਦਾ ਹੈ । ਜਿਹੜੇ ਪੁਰਸ਼ ਹਰੀ ਨੂੰ ਮਨ ਵਿਚ ਵਸਾਉਂਦੇ ਹਨ, ਸਦੀਵੀ ਜੀਵਨ ਉਨ੍ਹਾਂ ਨੂੰ ਮਿਲਦਾ ਹੈ ।

ਸਿਧਾਂਤ ਇਹ ਹੈ ਕਿ ਜਿਸ ਦੇ ਮਨ ਵਿਚ ਹਰੀ ਨਹੀਂ ਵਸਦਾ, ਉਹ ਜੀਉਂਦੇ ਨਹੀਂ, ਮੁਰਦੇ ਹਨ । ਉਹ ਮੁੜ ਮੁੜ ਜੰਮਦੇ ਤੇ ਮਰਦੇ ਹਨ । ਗੁਰੂ ਦੀ ਕਿਰਪਾ ਨਾਲ ਜਿਹੜਾ ਮਨੁਖ ਪਰਮਾਤਮਾ ਨੂੰ ਸਿਮਰਦਾ ਹੈ, ਉਹ ਇਜ਼ਤ ਨਾਲ ਆਪਣੇ ਅਸਲੀ ਘਰ ਵਿਚ ਜਾਂਦਾ ਹੈ । ਇਸ ਤਰ੍ਹਾਂ ਉਹ ਲੋਕ ਪਰਲੋਕ ਦੀ ਵਡਿਆਈ ਪ੍ਰਾਪਤ ਕਰ ਲੈਂਦਾ ਹੈ ।

**ਬਸੰਤੁ ਮਹਲਾ ੩ ॥ ਅੰਤਰਿ ਪੂਜਾ, ਮਨ ਤੇ ਹੋਇ ॥ ਏਕੋ ਵੇਖੈ, ਅਉਰੁ ਨ ਕੋਇ॥ ਦੂਜੈ, ਲੋਕੀ ਬਹੁਤੁ ਦੁਖੁ ਪਾਇਆ ॥ ਸਤਿਗੁਰਿ ਮੈਨੋ ਏਕੁ ਦਿਖਾਇਆ ॥੧॥ ਮੇਰਾ ਪ੍ਰਭੁ ਮਉਲਿਆ, ਸਦ ਬਸੰਤੁ ॥ ਇਹ ਮਨੁ ਮਉਲਿਆ, ਗਾਇ ਗੁਣ ਗੋਬਿੰਦ ॥੧॥ ਰਹਾਉ ॥ ਗੁਰ ਪੂਛਹੁ ਤੁਮ ਕਰਹੁ ਬੀਚਾਰੁ ॥ ਤਾਂ ਪ੍ਰਭ ਸਾਚੇ, ਲਗੈ ਪਿਆਰੁ ॥ ਆਪੁ ਛੋਡਿ, ਹੋਹਿ ਦਾਸਤ ਭਾਇ ॥ ਤਉ ਜਗ ਜੀਵਨੁ, ਵਸੈ ਮਨਿ ਆਇ॥੨॥ ਭਗਤਿ ਕਰੇ,ਸਦ ਵੇਖੈ ਹਜੂਰਿ ॥ ਮੇਰਾ ਪ੍ਰਭੁ, ਸਦ ਰਹਿਆ ਭਰਪੂਰਿ ॥ ਇਸੁ ਭਗਤੀ ਕਾ, ਕੋਈ ਜਾਣੈ ਭੇਉ ॥ ਸਭੁ ਮੇਰਾ ਪ੍ਰਭੁ ਆਤਮਦੇਉ ॥੩॥ ਆਪੇ ਸਤਿਗੁਰੁ ਮੇਲਿ ਮਿਲਾਏ ॥ ਜਗ ਜੀਵਨ ਸਿਉ,ਆਪਿ ਚਿਤੁ ਲਾਏ ॥ ਮਨੁ ਤਨੁ ਹਰਿਆ, ਸਹਜਿ ਸੁਭਾਏ ॥ ਨਾਨਕ, ਨਾਮਿ ਰਹੇ ਲਿਵ ਲਾਏ ॥੪॥੪॥**

ਉਚਾਰਨ ਸੇਧ

**ਬਿੰਦੀ ਸਹਿਤ :** ਲੋਕੀ,ਹੋਹਿ, ਸਿਉ ।

**ਪਦ ਅਰਥ :** ਅੰਤਰਿ-(ਹਿਰਦੇ) ਅੰਦਰ । ਪੂਜਾ-ਉਪਾਸ਼ਨਾ । ਮਨ ਤੇ-ਮਨ ਤੋਂ । ਅਉਰੁ-ਹੋਰ । ਦੂਜੈ-ਦਵੈਤ (ਭਾਵ) ਵਿਚ । ਲੋਕੀ-ਲੋਕਾਂ ਨੇ । ਸਤਿਗੁਰਿ-ਸਤਿਗੁਰੂ ਨੇ । ਮੈਨੋ-ਮੈਨੂੰ।੧। ਮਉਲਿਆ-ਖਿੜਿਆ ਹੋਇਆ ਹੈ । ਸਦ ਬਸੰਤੁ-ਸਦਾ ਹੀ ਖੇੜਾ ਹੈ । ਗਾਇ-ਗਾ ਕੇ । ਗੁਣ ਗੋਬਿੰਦ-ਗੋਬਿੰਦ ਦੇ ਗੁਣ, ਸਿਫਤਾਂ ।੧ਰਹਾਉ। ਗੁਰ ਪੂਛਹੁ-ਗੁਰੂ ਪਾਸੋਂ ਪੁੱਛੋ, ਸਿਖ ਮਤ ਲਵੋ । ਬੀਚਾਰ-ਵਿਚਾਰ । ਤਾ-ਤਦੋਂ । ਆਪੁ ਛੋਡਿ-ਆਪਾ ਭਾਵ (ਹੰਕਾਰ) ਛਡ ਕੇ । ਹੋਹਿ ਦਾਸਤ ਭਾਇ-ਜੋ ਦਾਸਾਂ ਵਾਲੇ ਸੁਭਾਅ ਵਾਲਾ ਹੋ ਜਾਵੇਂ ।ਜਗ ਜੀਵਨੁ-ਜਗਤ ਦਾ ਜੀਵਨ (ਵਾਹਿਗੁਰੂ) । ਮਨਿ ਮਨ ਵਿਚ । ਆਇ- ਆ ਕੇ ।੨। ਭਗਤਿ-ਭਗਤੀ । ਸਦ-ਸਦਾ । ਹਜੂਰਿ-ਹਾਜ਼ਰ ਨਾਜ਼ਰ । ਭੇਉ-ਭੇਤ । ਆਤਮ ਦੇਉ-ਆਤਮਾਂ ਨੂੰ ਪ੍ਰਕਾਸ਼ ਦੇਣ ਵਾਲਾ-ਪਰਮਾਤਮਾ ।੩। ਮੇਲਿ-ਮੇਲ ਕੇ । ਮਿਲਾਏ-ਮਿਲਾਂਦਾ ਹੈ । ਸਿਉ-ਨਾਲ । ਸਹਜਿ ਸੁਭਾਇ-ਸਹਿਜ ਸੁਭਾਵਿਕ, ਸੁਤੇ ਸਿਧ।੪।

**ਅਰਥ :** (ਹੇ ਭਾਈ ! ਜਿਸ ਮਨੁਖ ਦੇ) ਅੰਦਰ ਮਨ ਤੋਂ (ਭਾਵ ਸਚੇ ਦਿਲੋਂ) ਪੂਜਾ (ਉਪਾਸ਼ਨਾ)

ਹੁੰਦੀ ਹੈ, (ਉਹ ਮਨੁਖ ਹਰ ਪਾਸੇ) ਇਕ (ਪਰਮਾਤਮਾ ਨੂੰ ਵਿਆਪਕ) ਵੇਖਦਾ ਹੈ (ਉਸ ਨੂੰ) ਹੋਰ ਕੋਈ (ਨਜ਼ਰ) ਨਹੀਂ ਆਉਂਦਾ। ਦਵੈਤ-ਭਾਵ ਵਿਚ ਲਗ ਕੇ ਲੋਕਾਂ ਨੇ ਬਹੁਤ ਦੁਖ ਪਾਇਆ ਹੈ (ਪਰ) ਸਤਿਗੁਰੂ ਨੇ ਮੈਨੂੰ ਇਕ (ਅਦੁਤੀ ਪਰਮਾਤਮਾ, ਹਰ ਪਾਸੇ ਵਿਆਪਕ) ਵਿਖਾਇਆ ਹੈ।੧।

(ਹੇ ਭਾਈ ! ) ਸਦ ਬਸੰਤੁ (ਅਨੰਦ ਰੂਪ) ਮੇਰਾ ਪ੍ਰਭੂ (ਹਰ ਥਾਂ) ਖਿੜਿਆ ਹੋਇਆ ਹੈ। (ਉਸ ਨੂੰ ਵੇਖ ਕੇ) ਇਹ ਮਨ ਵੀ ਗੋਬਿੰਦ ਦੇ ਗੁਣ ਗਾ ਕੇ ਖਿੜ ਪਿਆ ਹੈ।੧।ਰਹਾਉ।

(ਹੇ ਭਾਈ! ਜਦੋਂ) ਤੁਸੀਂ ਗੁਰੂ ਨੂੰ ਪੁਛੋਗੇ (ਭਾਵ ਉਸ ਦੀ ਸਿੱਖ ਮਤਿ ਲੈ ਕੇ) ਵੀਚਾਰ ਕਰਦੇ ਹੋ, ਤਦੋਂ (ਹਿਰਦੇ ਅੰਦਰ) ਸਚੇ ਪ੍ਰਭੂ ਦਾ ਪਿਆਰ ਲਗਦਾ ਹੈ। (ਜਦੋਂ ਜੀਵ) ਆਪਾ-ਭਾਵ ਹੰਗਤਾ ਛੱਡ ਕੇ ਦਾਸਾਂ ਵਾਲੀ ਭਾਵਨਾ ਵਾਲਾ ਹੁੰਦਾ ਹੈ, ਜਦੋਂ ਜਗਤ ਨੂੰ ਜੀਵਨ ਦੇਣ ਵਾਲਾ ਪਰਮਾਤਮਾ ਮਨ ਵਿਚ ਆ ਕੇ ਵਸ ਜਾਂਦਾ ਹੈ।੨।

(ਜਿਹੜਾ ਜੀਵ ਪ੍ਰਭੂ ਦੀ) ਭਗਤੀ ਕਰਦਾ ਹੈ (ਉਹ ਪਰਮਾਤਮਾ ਨੂੰ) ਸਦਾ ਹਾਜ਼ਰ ਨਾਜ਼ਰ (ਅੰਗ ਸੰਗ ) ਵੇਖਦਾ ਹੈ। ਮੇਰਾ ਪ੍ਰਭੂ ਸਦਾ ਹੀ (ਸਭ ਵਿਚ) (ਭਰਪੂਰ) ਪਰੀਪੂਰਨ ਹੋ ਰਿਹਾ ਹੈ। (ਇਸ ਭਗਤੀ ਦਾ ਭੇਦ ਕੋਈ (ਵਿਰਲਾ ਮਨੁੱਖ ਹੀ) ਜਾਣਦਾ ਹੈ। (ਜਿਹੜਾ) ਜਾਣਦਾ ਹੈ, (ਉਸ ਨੂੰ) ਸਭ (ਪਾਸੇ ਮੇਰਾ) ਪ੍ਰਭੂ ਹੀ ਪ੍ਰਕਾਸ਼ਮਾਨ (ਦਿਸਦਾ) ਹੈ।੩।

(ਹੇ ਭਾਈ ! ਜਿਸ ਨੂੰ ਪ੍ਰਭੂ) ਆਪ ਗੁਰੂ ਮਿਲਾ ਕੇ (ਆਪਣੇ ਨਾਲ) ਮਿਲਾਉਂਦਾ ਹੈ, (ਉਹ ਮਨੁੱਖ) ਆਪੇ ਹੀ ਜਗਜੀਵਨ (ਪਰਮਾਤਮਾ) ਨਾਲ (ਆਪਣਾ) ਚਿਤ ਜੋੜਦਾ ਹੈ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਜਿਹੜੇ ਮਨੁੱਖ) ਨਾਮ ਵਿਚ ਆਪਣੀ ਸੁਰਤਿ ਜੋੜਦੇ ਹਨ (ਉਨ੍ਹਾਂ ਮਨੁੱਖਾਂ ਦਾ) ਮਨ ਤਨ ਸਹਿਜ ਸੁਭਾਵਿਕ ਹੀ ਹਰਾ-ਭਰਾ (ਪ੍ਰਫੁਲਤ) ਹੋ ਜਾਂਦਾ ਹੈ।੪।੪।

## ਸਾਰੰਸ਼ ਅਤੇ ਸਿਧਾਂਤ

ਜਦੋਂ ਤਕ ਮਨੁੱਖ ਬਾਹਰਮੁਖੀ ਪੂਜਾ ਕਰਦਾ ਹੈ, ਓਦੋਂ ਤਕ ਬਹੁਤ ਦੁਖੀ ਹੁੰਦਾ ਹੈ। ਜਦੋਂ ਇਸ ਦੀ ਬ੍ਰਿਤੀ ਅੰਤਰਮੁਖੀ ਹੋ ਜਾਂਦੀ ਹੈ, ਫਿਰ ਇਸ ਦੇ ਪੂਜਾ, ਉਪਾਸ਼ਨਾ ਦੇ ਢੰਗ ਵਿਚ ਤਬਦੀਲੀ ਆ ਜਾਂਦੀ ਹੈ। ਹੰਗਤਾ ਦੀ ਥਾਂ ਦਾਸ-ਭਾਵਨਾ, ਨਿਮਰਤਾ ਪਰਵੇਸ਼ ਕਰ ਜਾਂਦੀ ਹੈ। ਪ੍ਰਭੂ ਭਗਤੀ ਦੀ ਇਹ ਨਿਸ਼ਾਨੀ ਹੈ ਕਿ ਮਨੁਖ ਹਰ ਪਾਸੇ ਅਤੇ ਹਰੇਕ ਜੀਵ ਵਿਚ ਜਗਤ ਨੂੰ ਜੀਵਨ ਦੇਣ ਵਾਲੇ ਪਰਮਾਤਮਾ ਦਾ ਦਰਸ਼ਨ ਕਰਦਾ ਹੈ ਜੋ 'ਸਦਾ ਬਸੰਤੁ' ਸਮਾਨ ਹੈ।

ਹਰੀ ਤੋਂ ਵਿਛੜ ਕੇ ਲੋਕ ਬਹੁਤ ਦੁਖ ਪਾਂਦੇ ਹਨ। ਹਾਂ, ਜਿਸ ਨੂੰ ਪ੍ਰੇਮਾ-ਭਗਤੀ ਦਾ ਭੇਤ ਲਭ ਜਾਂਦਾ ਹੈ, ਉਹ ਸਹਿਜ ਸੁਭਾਵਿਕ ਉਠਦਿਆਂ ਬੈਠਦਿਆਂ ਪਰਮੇਸ਼ਰ ਦਾ ਨਾਮ ਸਿਮਰਦਾ ਰਹਿੰਦਾ ਹੈ। ਨਾਮ-ਸਿਮਰਨ ਦਾ ਸਦਕਾ ਮਨੁੱਖੀ ਮਨ ਸੁਤੇ ਹੀ ਮਉਲ ਪੈਂਦਾ ਹੈ ਭਾਵ ਪ੍ਰਫੁਲਤ ਹੋ ਜਾਂਦਾ ਹੈ।

**ਬਸੰਤੁ ਮਹਲਾ ੩ ॥ ਭਗਤਿ ਵਛਲ ਹਰਿ ਵਸੈ ਮਨਿ ਆਇ ॥ ਗੁਰ ਕਿਰਪਾ ਤੇ, ਸਹਜ ਸੁਭਾਇ ॥ ਭਗਤਿ ਕਰੇ, ਵਿਚਹੁ ਆਪੁ ਖੋਇ ॥ ਤਦ ਹੀ, ਸਾਚਿ ਮਿਲਾਵਾ**

**ਹੋਇ ॥੧॥ ਭਗਤ ਸੋਹਹਿ, ਸਦਾ ਹਰਿਪ੍ਰਭ ਦੁਆਰਿ ॥ ਗੁਰ ਕੈ ਹੇਤਿ, ਸਾਚੈ ਪ੍ਰੇਮ ਪਿਆਰਿ ॥੧॥ਰਹਾਉ ॥ ਭਗਤਿ ਕਰੇ, ਸੋ ਜਨੁ ਨਿਰਮਲੁ ਹੋਇ ॥ ਗੁਰ ਸਬਦੀ, ਵਿਚਹੁ ਹਉਮੈ ਖੋਇ ॥ ਹਰਿ ਜੀਉ, ਆਪਿ ਵਸੈ ਮਨਿ ਆਇ ॥ ਸਦਾ ਸਾਂਤਿ ਸੁਖਿ ਸਹਜਿ ਸਮਾਇ ॥੨॥ ਸਾਚਿ ਰਤੇ, ਤਿਨ ਸਦ ਬਸੰਤ ॥ ਮਨੁ ਤਨੁ ਹਰਿਆ, ਰਵਿ ਗੁਣ ਗੁਵਿੰਦ ॥ ਬਿਨੁ ਨਾਵੈ, ਸੂਕਾ ਸੰਸਾਰੁ ॥ ਅਗਨਿ ਤ੍ਰਿਸਨਾ ਜਲੈ, ਵਾਰੋ ਵਾਰ ॥ ੩॥ ਸੋਈ ਕਰੇ, ਜਿ ਹਰਿ ਜੀਉ ਭਾਵੈ ॥ ਸਦਾ ਸੁਖੁ ਸਰੀਰਿ, ਭਾਣੈ ਚਿਤੁ ਲਾਵੈ॥ ਆਪਣਾ ਪ੍ਰਭੁ ਸੇਵੇ, ਸਹਜਿ ਸੁਭਾਇ ॥ ਨਾਨਕ, ਨਾਮੁ ਵਸੈ ਮਨਿ ਆਇ ॥੪॥੫॥**

### ਉਚਾਰਨ ਸੇਧ

**ਬਿੰਦੀ ਸਹਿਤ :** ਵਿਚਹੁਂ, ਸੋਹਹਿਂ, ਨਾਵੈਂ।

**ਪਦ ਅਰਥ :** ਭਗਤਿ ਵਛਲੁ-ਭਗਤੀ ਨਾਲ ਪਿਆਰ ਕਰਨ ਵਾਲਾ ਪਰਮਾਤਮਾ। ਮਨਿ-ਮਨ ਵਿਚ। ਸਹਜਿ ਸੁਭਾਇ-ਸਹਿਜ ਸੁਭਾਵਿਕ, ਸੁਤੇ ਹੀ। ਵਿਚਹੁ-ਅੰਦਰੋਂ। ਆਪੁ-ਆਪਾ ਭਾਵ, ਹੰਕਾਰ। ਖੋਇ-ਦੂਰ ਕਰਕੇ। ਤਦ ਹੀ-ਤਦੋਂ ਹੀ।ਸਾਚਿ-ਸਚ ਵਿਚ। ਮਿਲਾਵਾ-ਮਿਲਾਪ।੧। ਸੋਹਹਿ-ਸੋਹਣੇ ਲਗਦੇ ਹਨ, ਸੋਭਦੇ ਹਨ। ਪ੍ਰਭ ਦੁਆਰਿ-ਪ੍ਰਭੂ ਦੇ ਦਰ ਉਤੇ। ਹੇਤਿ-ਪਿਆਰ। ਪਿਆਰਿ-ਪਿਆਰ ਵਿਚ।੧।ਰਹਾਉ। ਨਿਰਮਲੁ-ਪਵਿੱਤਰ। ਗੁਰ ਸਬਦੀ-ਗੁਰੂ ਦੇ ਸ਼ਬਦ ਦੁਆਰਾ। ਸਾਂਤਿ-ਸ਼ਾਂਤੀ ਵਿਚ। ਸੁਖਿ-ਸੁਖ ਵਿਚ। ਮਨਿ-ਮਨ ਵਿਚ। ਸਹਜਿ-ਆਤਮਾ ਦੀ ਅਡੋਲ ਅਵਸਥਾ ਵਿਚ। ਸਮਾਇ-ਲੀਨ ਹੋ ਜਾਂਦੇ ਹਨ।੨। ਸਾਚਿ-ਸਚ ਵਿਚ। ਰਤੇ-ਰੰਗੇ ਗਏ ਹਨ। ਰਵਿ-ਸਮਿਰ ਕੇ। ਸੂਕਾ-ਸੁੱਕਾ ਹੋਇਆ। ਅਗਨਿ ਤਿਸਨਾ-ਤ੍ਰਿਸ਼ਨਾ ਦੀ ਅੱਗ ਵਿਚ। ਜਲੈ-ਸੜਦਾ ਹੈ। ਵਾਰੋ ਵਾਰ-ਮੁੜ ਮੁੜ।੩। ਜਿ-ਜਿਹੜੀ (ਗਲ)। ਭਾਵੈ-ਚੰਗੀ ਲਗਦੀ ਹੈ। ਸਰੀਰਿ-ਸਰੀਰ ਵਿਚ। ਸਹਜਿ ਸੁਭਾਇ-ਬਿਨਾ, ਮਿਹਨਤ ਮੁਸ਼ੱਕਤ ਤੋਂ, ਸੁਤੇ। ਹੀ।੪।

**ਅਰਥ :** (ਹੇ ਭਾਈ!) ਭਗਤੀ ਨੂੰ ਪਿਆਰ ਕਰਨ ਵਾਲਾ ਹਰੀ ਗੁਰੂ ਦੀ ਕਿਰਪਾ ਨਾਲ (ਉਸ ਮਨੁਖ ਦੇ) ਮਨ ਵਿਚ ਸਹਜਿ ਸੁਭਾਵਿਕ ਆ ਵਸਦਾ ਹੈ (ਜਿਹੜਾ) ਹੰਕਾਰ ਛਡ ਕੇ (ਪ੍ਰਭੂ ਦੀ) ਪ੍ਰੇਮਾ-ਭਗਤੀ ਕਰਦਾ ਹੈ। ਤਦੋਂ ਹੀ ਸਦਾ ਥਿਰ ਪ੍ਰਭੂ ਨਾਲ ਉਸ ਦਾ ਮਿਲਾਪ ਹੋ ਜਾਂਦਾ ਹੈ।੧।

(ਪ੍ਰਭੂ ਦੇ) ਭਗਤ ਸਦਾ ਹਰੀ ਪ੍ਰਭੂ ਦੇ ਦਰ ਉਤੇ ਸ਼ੋਭਾ ਪਾਉਂਦੇ ਹਨ। (ਉਹ) ਸਦਾ ਗੁਰੂ ਦੇ ਪਿਆਰ ਵਿਚ ਸਚੇ ਪ੍ਰਭੂ ਦੇ ਪ੍ਰੇਮ ਵਿਚ (ਜੁੜੇ ਰਹਿੰਦੇ ਹਨ)।੧।ਰਹਾਉ।

(ਜਿਹੜਾ ਮਨੁਖ ਪ੍ਰਭੂ ਦੀ) ਭਗਤੀ ਕਰਦਾ ਹੈ, ਉਹ (ਭਗਤ) ਜਨ ਪਵਿੱਤਰ ਹੁੰਦਾ ਹੈ। ਗੁਰੂ ਦੇ ਸ਼ਬਦ ਦੁਆਰਾ (ਉਹ ਆਪਣੇ) ਅੰਦਰੋਂ ਹੰਗਤਾ ਖੋਹ ਦਿੰਦਾ ਹੈ, (ਉਸ ਦੇ) ਮਨ ਵਿਚ ਹਰੀ ਜੀਉ ਆਪ ਆ ਕੇ ਵਸ ਜਾਂਦਾ ਹੈ, (ਫਿਰ ਉਸ ਦਾ ਮਨ) ਸ਼ਾਂਤੀ ਵਿਚ, ਸੁਖ ਵਿਚ, ਅਡੋਲ ਅਵਸਥਾ ਵਿਚ ਲੀਨ ਰਹਿੰਦਾ ਹੈ।੨।

(ਹੇ ਭਾਈ! ਜਿਹੜੇ ਮਨੁੱਖ) ਸਚੇ ਪ੍ਰਭੂ ਵਿਚ ਰੰਗੇ ਗਏ ਹਨ, ਉਨ੍ਹਾਂ ਲਈ ਸਦਾ ਬਸੰਤ (ਅਨੰਦ

ਬਣਿਆ ਰਹਿੰਦਾ ਹੈ) । ਗੋਬਿੰਦ ਦੇ ਗੁਣ ਸਿਮਰ ਕੇ (ਉਨ੍ਹਾਂ ਦਾ) ਮਨ ਤਨ ਹਰਾ-ਭਰਾ (ਪ੍ਰਫੁਲਤ ਹੋਇਆ ਰਹਿੰਦਾ ਹੈ) । (ਹੇ ਭਾਈ!) ਨਾਮ ਤੋਂ ਬਿਨਾ (ਸਾਰਾ) ਸੰਸਾਰ ਹੀ ਸੁੱਕਾ (ਪਿਆ ਹੈ, ਅਤੇ) ਤ੍ਰਿਸਨਾ ਦੀ ਅੱਗ ਵਿਚ ਮੁੜ ਮੁੜ ਸੜਦਾ ਹੈ ।੩।

(ਹੇ ਭਾਈ ! ਮਨੁੱਖ) ਓਹੀ (ਕੰਮ ਕਰਦਾ ਹੈ ਜਿਹੜਾ ਹਰੀ ਪਰਮਾਤਮਾ ਜੀ ਨੂੰ ਚੰਗਾ ਲਗਦਾ ਹੈ) । ਜਿਹੜਾ ਮਨੁੱਖ ਪ੍ਰਭੂ ਦੇ ਭਾਣੇ ਵਿਚ (ਆਪਣਾ) ਚਿਤ ਜੋੜਦਾ ਹੈ (ਉਸ ਦੇ) ਸਰੀਰ ਵਿਚ ਸਦਾ (ਆਤਮਿਕ) ਸੁਖ (ਬਣਿਆ ਰਹਿੰਦਾ ਹੈ) । (ਜਿਹੜਾ) ਆਪਣੇ ਪ੍ਰਭੂ ਨੂੰ ਸਹਜ ਸੁਭਾਵਿਕ ਹੀ ਸੇਂਵਦਾ ਹੈ,ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਉਸ ਦੇ) ਮਨ ਵਿਚ ਨਾਮ ਆ ਵਸਦਾ ਹੈ ।੪।੫।

## ਸਾਰੰਸ਼ ਅਤੇ ਸਿਧਾਂਤ

ਭਗਤੀ ਕਰਨ ਵਾਲੇ ਅਨੇਕਾਂ ਜੀਵ ਹਨ ਪਰ ਗੁਰੂ ਰਾਹੀਂ ਜੇ ਕੋਈ ਆਪਣੇ ਅੰਦਰੋਂ ਹੰਗਤਾ ਦੂਰ ਕਰਕੇ ਪਰਮਾਤਮਾ ਦੀ ਪ੍ਰੇਮਾ-ਭਗਤੀ ਵਿਚ ਲਗਿਆ ਰਹੇ ਤਾਂ ਗੁਰੂ ਦੀ ਕਿਰਪਾ ਨਾਲ ਹਰੀ ਉਸ ਦੇ ਹਿਰਦੇ ਵਿਚ ਆ ਵਸਦਾ ਹੈ।

ਭਗਤੀ ਤੋਂ ਬਿਨਾ ਮਨੁਖੀ ਮਨ ਮੈਲਾ ਹੀ ਰਹਿੰਦਾ ਹੈ । ਹੰਗਤਾ ਦੀ ਮੈਲ ਗੁਰੂ ਦੇ ਸ਼ਬਦ ਦੁਆਰਾ ਨਾਸ਼ ਹੁੰਦੀ ਹੈ । ਜਦੋਂ ਜੀਵ ਦੇ ਅੰਦਰੋਂ ਹਉਮੈ ਦਾ ਅਭਾਵ ਹੋ ਜਾਂਦਾ ਹੈ ਫਿਰ ਮਨੁੱਖੀ ਮਨ ਸਚ ਵਿਚ ਰੰਗਿਆ ਜਾਂਦਾ ਹੈ ਹਿਰਦੇ ਵਿਚ ਸ਼ਾਂਤੀ ਤੇ ਆਤਮਿਕ ਸੁਖ ਆ ਵਸਦਾ ਹੈ।

**ਬਸੰਤੁ ਮਹਲਾ ੩ ॥ ਮਾਇਆ ਮੋਹੁ, ਸਬਦਿ ਜਲਾਏ ॥ ਮਨੁ ਤਨੁ ਹਰਿਆ, ਸਤਿਗੁਰ ਭਾਏ ॥ ਸਫਲਿਓ ਬਿਰਖੁ, ਹਰਿ ਕੈ ਦੁਆਰਿ ॥ ਸਾਚੀ ਬਾਣੀ, ਨਾਮ ਪਿਆਰਿ ॥੧॥ ਏ ਮਨੁ ਹਰਿਆ, ਸਹਜ ਸੁਭਾਇ ॥ ਸਚ ਫਲੁ ਲਾਗੈ, ਸਤਿਗੁਰ ਭਾਇ ॥੧॥ਰਹਾਉ॥ ਆਪੇ ਨੇੜੈ, ਆਪੇ ਦੂਰਿ ॥ ਗੁਰ ਕੈ ਸਬਦਿ, ਵੇਖੈ ਸਦ ਹਜੂਰਿ ॥ ਛਾਵ ਘਣੀ, ਫੂਲੀ ਬਨਰਾਇ ॥ ਗੁਰਮੁਖਿ ਬਿਗਸੈ, ਸਹਜਿ ਸੁਭਾਇ ॥੨॥ ਅਨਦਿਨੁ ਕੀਰਤਨੁ ਕਰਹਿ, ਦਿਨ ਰਾਤਿ ॥ ਸਤਿਗੁਰਿ ਗਵਾਈ, ਵਿਚਹੁ ਜੂਠਿ ਭਰਾਂਤਿ ॥ ਪਰਪੰਚ ਵੇਖਿ ਰਹਿਆ ਵਿਸਮਾਦੁ ॥ ਗੁਰਮੁਖਿ ਪਾਈਐ ਨਾਮ ਪ੍ਰਸਾਦੁ ॥੩॥ ਆਪੇ ਕਰਤਾ, ਸਭਿ ਰਸ ਭੋਗ ॥ ਜੋ ਕਿਛੁ ਕਰੇ ਸੋਈ ਪਰੁ ਹੋਗੁ ॥ ਵਡਾ ਦਾਤਾ, ਤਿਲੁ ਨ ਤਮਾਇ ॥ ਨਾਨਕ, ਮਿਲੀਐ ਸਬਦੁ ਕਮਾਇ ॥੪॥੬॥**

## ਉਚਾਰਨ ਸੇਧ

**ਬਿੰਦੀ ਸਹਿਤ :** ਛਾਂਵ, ਕਰਹਿੰ।

**ਪਦ ਅਰਥ :** ਸਬਦਿ-(ਗੁਰੂ ਦੇ) ਸ਼ਬਦ ਦੁਆਰਾ । ਜਲਾਏ-ਸਾੜ ਦੇਂਦਾ ਹੈ । ਹਰਿਆ-ਪ੍ਰਫੁਲਤ । ਭਾਏ-ਪਿਆਰ ਵਿਚ । ਸਫਲਿਓ ਬਿਰਖੁ-ਫਲ ਦੇਣ ਵਾਲਾ ਦਰਖਤ ।ਸਾਚੀ ਬਾਣੀ-ਸਚੀ ਬਾਣੀ ਦੁਆਰਾ । ਨਾਮ ਪਿਆਰਿ-ਨਾਮ ਦੇ ਪਿਆਰ ਵਿਚ ।੧। ਸਚ ਫਲ-ਸਚ (ਨਾਮ) ਦਾ ਫਲ । ਭਾਇ-

ਪਿਆਰ ਵਿਚ ।੧ਰਹਾਉ। ਗੁਰ ਕੈ ਸਬਦਿ-ਗੁਰੂ ਦੇ ਸ਼ਬਦ ਦੁਆਰਾ ਛਾਵ-ਛਾਂ । ਘਣੀ-ਸੰਘਣੀ । ਫੂਲੀ-ਖਿੜੀ ਹੋਈ ਹੈ । ਬਨਰਾਇ-ਬਨਸਪਤੀ । ਬਿਗਸੈ-ਖਿੜਦਾ ਹੈ ।੨। ਅਨਦਿਨੁ-ਹਰ ਰੋਜ਼ । ਕਰਹਿ-ਕਰਦੇ ਹਨ । ਜੂਠਿ ਭਰਮ-ਭਟਕਣਾ ਦੀ ਜੂਠ । ਪਰਪੰਚ-ਪਸਾਰਾ । ਵਿਸਮਾਦ-ਅਸਚਰਜ । ਨਾਮੁ ਪ੍ਰਸਾਦੁ-ਨਾਮ ਰੂਪ ਪ੍ਰਸਾਦ ।੩। ਭੋਗ-ਭੋਗਦਾ ਹੈ । ਪਰੁ ਹੋਗੁ-ਜ਼ਰੂਰ ਹੋਵੇਗਾ । ਤਿਲੁ-ਰਤਾ ਭਰ ਭੀ । ਤਮਾਇ-ਲਾਲਚ । ਸਬਦੁ ਕਮਾਇ-ਸ਼ਬਦ ਨੂੰ ਕਮਾ ਕੇ ।

**ਅਰਥ** : (ਹੇ ਭਾਈ ! ਜਿਹੜਾ ਮਨੁਖ) ਗੁਰੂ ਦੇ ਸ਼ਬਦ ਦੁਆਰਾ ਮਾਇਆ ਦਾ ਮੋਹ ਸਾੜ ਦਿੰਦਾ ਹੈ, ਸਤਿਗੁਰੂ ਦੇ ਪਿਆਰ ਵਿਚ ਲਗ ਕੇ ਉਸ ਦਾ) ਮਨ ਤਨ ਹਰਾ-ਭਰਾ ਹੋ ਜਾਂਦਾ ਹੈ । (ਜਿਹੜਾ ਮਨੁੱਖ) ਸਚੀ ਬਾਣੀ ਦੁਆਰਾ (ਹਰੀ) ਨਾਮ ਦੇ ਪਿਆਰ ਵਿਚ (ਜੁੜ ਕੇ), ਹਰੀ ਦੇ ਦਰ ਉਤੇ (ਟਿਕ) ਜਾਂਦਾ ਹੈ, ਉਸ ਦਾ ਸਰੀਰ ਰੂਪੀ ਬਿਰਖ ਸਫਲ ਹੋ ਜਾਂਦਾ ਹੈ ।੧।

(ਹੇ ਭਾਈ ! ) ਇਹ ਮਨ ਰੂਪ ਬ੍ਰਿਛ ਸੁਤੇ ਸਿਧ ਹੀ ਮਉਲ ਪੈਂਦਾ ਹੈ, ਹਰਾ-ਭਰਾ ਹੋ ਜਾਂਦਾ ਹੈ, ਸਤਿਗੁਰੂ ਦੇ ਭਾਣੇ ਵਿਚ (ਇਸ ਨੂੰ) ਸਚ ਦਾ ਫਲ ਲਗਦਾ ਹੈ ।੧ਰਹਾਉ।

(ਹੇ ਭਾਈ ! ਪਰਮਾਤਮਾ) ਆਪ ਹੀ ਨੇੜੇ ਹੈ(ਅਤੇ) ਆਪ ਹੀ ਦੂਰ ਦੁਰੇਡੇ (ਵਸ ਰਿਹਾ ਹੈ) । (ਪਰ) ਗੁਰੂ ਦੇ ਸ਼ਬਦ (ਉਪਦੇਸ਼) ਦੁਆਰਾ (ਮਨੁੱਖ ਉਸ ਪ੍ਰਭੂ ਨੂੰ) ਸਦਾ ਹਾਜ਼ਰ ਨਾਜ਼ਰ (ਅੰਗ ਸੰਗ) ਵੇਖਦਾ ਹੈ। ਬਨਸਪਤੀ ਪ੍ਰਫੁਲਤ ਹੋ ਗਈ ਹੈ (ਜੋ) ਸੰਘਣੀ ਛਾਂ (ਦੇ ਰਹੀ ਹੈ) । ਗੁਰੂ ਦੀ ਰਾਹੀਂ (ਮਨੁੱਖ) ਸਹਜ ਸੁਭਾਵਿਕ ਹੀ (ਸ਼ਬਦ ਵਿਚ) ਵਿਗਸਦਾ (ਖਿੜਦਾ) ਹੈ ।੨।

(ਹੇ ਭਾਈ ! ਜਿਹੜੇ ਮਨੁੱਖ) ਦਿਨ ਰਾਤ ਪਰਮਾਤਮਾ ਦਾ ਜਸ (ਕੀਰਤਨ) ਗਾਇਨ ਕਰਦੇ ਹਨ, ਸਤਿਗੁਰੂ ਨੇ (ਉਨ੍ਹਾਂ) ਅੰਦਰੋਂ (ਮਾਇਆ ਦੀ) ਜੂਠ (ਮੈਲ) ਤੇ ਭਟਕਣਾ ਦੂਰ ਕਰ ਦਿਤੀ ਹੈ । (ਗੁਰੂ ਅਨੁਸਾਰੀ ਸਿਖ ਪ੍ਰਭੂ ਦਾ) ਪਸਾਰਾ ਵੇਖ ਕੇ ਵਿਸਮਾਦ (ਅਸਚਰਜ) ਹੋ ਰਿਹਾ ਹੈ । ਗੁਰੂ ਦੁਆਰਾ ਹੀ ਨਾਮ ਦਾ ਪ੍ਰਸ਼ਾਦ (ਭੋਜਨ) ਪਾਇਆ ਜਾਂਦਾ ਹੈ ।੩।

(ਹੇ ਭਾਈ ! ) ਕਰਤਾ (ਪੁਰਖ) ਆਪ ਹੀ (ਸਾਰੇ) ਰਸ ਭੋਗ ਰਿਹਾ ਹੈ । ਜੋ ਕੁਝ ਉਹ ਕਰੇਗਾ ਉਹ ਅਵੱਸ਼ ਹੋਵੇਗਾ । (ਪਰਮਾਤਮਾ) ਵੱਡਾ ਦਾਤਾਰ ਹੈ (ਉਸ ਨੂੰ) ਰਤਾ ਭਰ ਵੀ ਲਾਲਚ ਨਹੀਂ ਹੈ । ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਸ਼ਬਦ ਕਮਾ ਕੇ (ਨਾਮ ਅਭਿਆਸ ਕਮਾਈ ਦੁਆਰਾ ਹੀ ਉਸ ਪ੍ਰਭੂ ਨੂੰ) ਮਿਲ ਸਕੀਦਾ ਹੈ ।੪।੬।

**ਬਸੰਤੁ ਮਹਲਾ ੩ ॥ ਪੂਰੈ ਭਾਗਿ, ਸਚੁ ਕਾਰ ਕਮਾਵੈ ॥ ਏਕੋ ਚੇਤੈ, ਫਿਰਿ ਜੋਨਿ ਨ ਆਵੈ॥ ਸਫਲ ਜਨਮੁ, ਇਸੁ ਜਗ ਮਹਿ ਆਇਆ ॥ ਸਾਚਿ ਨਾਮਿ ਸਹਜਿ ਸਮਾਇਆ ॥੧॥ ਗੁਰਮੁਖਿ, ਕਾਰ ਕਰਹੁ ਲਿਵ ਲਾਇ ॥ ਹਰਿਨਾਮੁ ਸੇਵਹੁ, ਵਿਚਹੁ ਆਪੁ ਗਵਾਇ ॥੧॥ ਰਹਾਉ ॥ ਤਿਸੁ ਜਨ ਕੀ ਹੈ ਸਾਚੀ ਬਾਣੀ ॥ ਗੁਰ ਕੈ ਸਬਦਿ, ਜਗ ਮਾਹਿ ਸਮਾਣੀ ॥ ਚਹੁ ਜੁਗ ਪਸਰੀ, ਸਾਚੀ ਸੋਇ ॥ ਨਾਮਿ ਰਤਾ, ਜਨੁ ਪਰਗਟੁ**

ਹੋਇ ॥੨॥ ਇਕਿ ਸਾਚੈ ਸਬਦਿ ਰਹੇ ਲਿਵ ਲਾਇ ॥ ਸੇ ਜਨ ਸਾਚੇ, ਸਾਚੈ ਭਾਇ ॥ ਸਾਚੁ ਧਿਆਇਨਿ, ਦੇਖਿ ਹਜੂਰਿ ॥ ਸੰਤ ਜਨਾ ਕੀ ਪਗ ਪੰਕਜ ਧੂਰਿ ॥੩॥ ਏਕੋ ਕਰਤਾ,ਅਵਰੁ ਨ ਕੋਇ॥ ਗੁਰ ਸਬਦੀ ਮੇਲਾਵਾ ਹੋਇ ॥ ਜਿਨਿ ਸਚੁ ਸੇਵਿਆ, ਤਿਨਿ ਰਸੁ ਪਾਇਆ॥ ਨਾਨਕ, ਸਹਜੇ ਨਾਮਿ ਸਮਾਇਆ॥੪॥੭॥

## ਉਚਾਰਨ ਸੇਧ

**ਬਿੰਦੀ ਸਹਿਤ :** ਮਹਿਂ, ਵਿਚਹੁਂ, ਮਾਹਿਂ, ਚਹੁਂ।

**ਪਦ ਅਰਥ :** ਸਚੁ ਕਾਰ-ਸਚ ਰੂਪ ਕਾਰ ਸੇਵਾ (ਨਾਮ-ਸਿਮਰਨ)। ਏਕੋ-ਇਕ (ਪਰਮਾਤਮਾ) ਨੂੰ। ਚੇਤੇ-ਯਾਦ ਕਰ। ਜੋਨਿ-ਜੂਨੀ ਵਿਚ। ਸਾਚਿ ਨਾਮਿ-ਸਦਾ ਥਿਰ ਰਹਿਣ ਵਾਲੇ (ਪ੍ਰਭੂ ਦੇ) ਨਾਮ ਵਿਚ ।੧। ਗੁਰਮੁਖ-ਗੁਰੂ ਦੀ ਰਾਹੀਂ। ਲਿਵ ਲਾਇ-ਸੁਰਤਿ ਜੋੜ ਕੇ। ਸੇਵਹੁ-ਸਿਮਰੋ। ਆਪੁ-ਆਪਾ ਭਾਵ, ਹੰਕਾਰ ।੧। ਰਹਾਉ। ਸਾਚੀ ਬਾਣੀ-ਸਦਾ ਕਾਇਮ ਰਹਿਣ ਵਾਲੀ। ਸਬਦਿ-ਸ਼ਬਦ ਦੁਆਰਾ। ਜਗ ਮਾਹਿ ਸਮਾਨੀ-ਜਗਤ ਵਿਚ ਸਮਾਅ ਜਾਂਦੀ ਹੈ। ਚਹੁਜੁਗ-ਚੌਹਾਂ ਜੁਗਾਂ ਵਿਚ। ਪਸਰੀ-ਖਿਲਰੀ ਹੋਈ ਹੈ। ਸਾਚੀ ਸੋਇ-ਸੱਚੀ ਸ਼ੋਭਾ। ਨਾਮਿ ਰਤਾ-(ਜਿਹੜਾ) ਜਨ ਨਾਮ ਵਿਚ ਰਤਾ ਹੈ। ਪਰਗਟੁ ਹੋਇ-ਪ੍ਰਸਿਧ ਹੋ ਜਾਂਦਾ ਹੈ ।੨। ਇਕਿ-ਕਈ। ਸਾਚੇ ਸਬਦਿ-ਸਚੇ (ਪ੍ਰਭੂ) ਦੇ ਸ਼ਬਦ ਵਿਚ। ਸਾਚੈ ਭਾਇ-ਸਚੇ (ਪ੍ਰਭੂ) ਦੇ ਪਿਆਰ ਵਿਚ। ਸਾਚੁ ਧਿਆਇਨਿ-ਸਚ ਰੂਪ (ਪ੍ਰਭੂ) ਨੂੰ ਧਿਆਉਂਦੇ ਹਨ। ਦੇਖਿ ਹਜੂਰਿ-ਹਾਜ਼ਰ ਨਾਜ਼ਰ ਵੇਖ ਕੇ। ਪਗ ਪੰਕਜ-ਕੌਲ ਫੁਲ ਵਰਗੇ ਸੋਹਣੇ ਪੈਰ ।੩। ਅਵਰੁ-ਹੋਰ। ਮੇਲਾਵਾ-ਮਿਲਾਪ। ਜਿਨਿ-ਜਿਸ (ਮਨੁੱਖ ਨੇ)। ਤਿਨਿ-ਉਸ ਨੇ। ਸਹਜੇ-ਸੁਤੇ ਹੀ। ਨਾਮਿ-ਨਾਮ ਵਿਚ ।੪।

**ਅਰਥ:** (ਹੇ ਭਾਈ ! ਜਿਹੜਾ ਮਨੁਖ) ਪੂਰੇ ਭਾਗਾਂ ਕਰਕੇ ਸਚ ਰੂਪ ਕਾਰ ਕਰਦਾ ਹੈ (ਉਹ ਕੇਵਲ) ਇਕ (ਪਰਮਾਤਮਾ) ਨੂੰ ਸਿਮਰਦਾ ਹੈ, (ਜਿਸ ਕਰਕੇ ਉਹ) ਮੁੜ ਜੂਨਾਂ ਵਿਚ ਨਹੀਂ ਪੈਂਦਾ। (ਉਸ ਮਨੁੱਖ ਦਾ) ਇਸ ਜਗਤ ਵਿਚ ਆਇਆ ਜਨਮ ਸਫਲ ਹੈ (ਜਿਹੜਾ) ਸਦਾ ਥਿਰ ਪ੍ਰਭੂ ਦੇ ਸਚੇ ਨਾਮ ਦੁਆਰਾ ਅਡੋਲ ਅਵਸਥਾ ਵਿਚ ਲੀਨ ਹੋਇਆ ਰਹਿੰਦਾ ਹੈ ।੧।

(ਹੇ ਭਾਈ !) ਗੁਰੂ ਦੁਆਰਾ ਲਿਵ ਲਾਕੇ (ਨਾਮ ਸਿਮਰਨ ਦੀ) ਕਾਰ ਕਰੋ। (ਆਪਣੇ) ਅੰਦਰੋਂ ਆਪਾ-ਭਾਵ (ਹੰਕਾਰ) ਦੂਰ ਕਰਕੇ ਹਰਿ ਨਾਮ ਨੂੰ ਸਿਮਰੋ ।੧।ਰਹਾਉ।

(ਹੇ ਭਾਈ !) ਉਸ ਪੁਰਸ਼ ਦੀ ਬਾਣੀ ਸਚੀ ਹੁੰਦੀ ਹੈ, (ਅਤੇ) ਗੁਰੂ ਦੇ ਸ਼ਬਦ ਦੁਆਰਾ (ਉਹ ਬੋਲ ਬਾਣੀ) ਜਗਤ ਵਿਚ ਫੈਲ ਜਾਂਦੀ ਹੈ (ਭਾਵ ਸੰਗਤਿ ਉਸ ਦਾ ਆਦਰ ਕਰਦੀ ਹੈ)। (ਉਸ ਦੀ) ਸਚੀ ਸ਼ੋਭਾ ਚੌਹਾਂ ਜੁਗਾਂ ਵਿਚ ਫੈਲੀ ਹੋਈ ਹੈ (ਕਿਉਂਕਿ) ਨਾਮ ਵਿਚ ਰੱਤਾ ਹੋਇਆ ਪੁਰਸ਼ (ਹਰ ਥਾਂ ਤੇ) ਪ੍ਰਗਟ (ਪ੍ਰਸਿਧ) ਹੋ ਜਾਂਦਾ ਹੈ ।੨।

ਕਈ (ਪੁਰਸ਼) ਸਚੇ ਸ਼ਬਦ ਦੁਆਰਾ (ਸਚੇ ਨਾਮ ਵਿਚ) ਲਿਵ ਲਾਈ ਰਖਦੇ ਹਨ। ਉਹ (ਸਿਵਕ) ਜਨ ਸੱਚੇ ਹਨ (ਜੋ) ਸਚੇ ਪ੍ਰਭੂ ਦੇ ਪ੍ਰੇਮ ਵਿਚ (ਰੱਤੇ ਰਹਿੰਦੇ ਹਨ)। ਉਹ ਪ੍ਰਭੂ ਨੂੰ ਹਾਜ਼ਰ ਨਾਜ਼ਰ

ਵੇਖ ਕੇ ਸਦਾ ਥਿਰ ਪ੍ਰਭੂ ਨੂੰ ਧਿਆਉਂਦੇ ਹਨ (ਅਤੇ ਸੰਤ ਜਨਾ ਦੇ ਸੋਹਣੇ ਚਰਨਾਂ ਦੀ ਧੂੜ (ਆਪਣੇ ਮੱਥੇ ਤੇ ਲਾਉਂਦੇ ਹਨ) ।੩।

(ਹੇ ਭਾਈ !) ਕਰਤਾ (ਪੁਰਖ) ਇਕੋ ਹੀ ਹੈ ਹੋਰ (ਦੂਜਾ) ਕੋਈ ਨਹੀਂ ਹੈ । ਗੁਰੂ ਦੇ ਸ਼ਬਦ ਦੁਆਰਾ ਉਸ (ਪ੍ਰਭੂ) ਦਾ ਮਿਲਾਪ ਹੁੰਦਾ ਹੈ । ਜਿਸ (ਜੀਵ) ਨੇ ਸਚ (ਪਰਮਾਤਮਾ) ਨੂੰ ਸਿਮਰਿਆ ਹੈ, ਉਸ ਨੇ (ਆਤਮਿਕ) ਰਸ ਪ੍ਰਾਪਤ ਕੀਤਾ ਹੈ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਉਹ ਜੀਵ) ਸਹਿਜੇ ਹੀ ਪਰਮਾਤਮਾ ਦੇ ਨਾਮ ਵਿਚ ਸਮਾ ਗਿਆ ਹੈ।੪।੭।

## ਅਰਥ ਭੇਦ ਅਤੇ ਨਿਰਣੈ

**ਤਿਸ ਜਨ ਕੀ ਹੈ ਸਾਚੀ ਬਾਣੀ ॥**
**ਗੁਰ ਕੈ ਸਬਦਿ ਜਗ ਮਾਹਿ ਸਮਾਣੀ ॥**

ਵਖ ਵਖ ਅਰਥ :

੧. ਤਿਸ ਪੁਰਸ਼ ਕੀ ਬਾਣੀ ਭੀ ਸਚੀ ਹੈ ਔਰ ਗੁਰੋਂ ਕੇ ਸ਼ਬਦ ਧਾਰਨ ਕਰ ਤਿਸ ਕੀ ਕੀਰਤੀ ਜਗਤ ਮੈ ਸਮਾਣੀ ਹੈ। [ਫ. ਸ.

੨. ਉਸ ਸੇਵਕ ਦਾ ਵਾਕ ਸਚਾ ਹੁੰਦਾ ਹੈ ਅਤੇ ਗੁਰੂ ਦੇ ਸ਼ਬਦ ਦੁਆਰਾ ਉਹ ਵਾਕ ਸੰਸਾਰ ਵਿਚ ਫੈਲ ਜਾਂਦਾ ਹੈ, ਭਾਵ ਗੁਰਬਾਣੀ ਦੇ ਆਸਰੇ ਕਹੀ ਹੋਈ ਹੋਣ ਕਰਕੇ ਉਸ ਦੀ ਗਲ ਸਾਰੇ ਲੋਕ ਅਦਬ ਨਾਲ ਸੁਣਦੇ ਤੇ ਮੰਨਦੇ ਹਨ । [ਸ਼ਬਦਾਰਥ

੩. ਹੇ ਭਾਈ ! ਜਿਹੜਾ ਮਨੁੱਖ ਸਦਾ ਗੁਰੂ ਦੇ ਸ਼ਬਦ ਵਿਚ ਲੀਨ ਰਹਿੰਦਾ ਹੈ, ਉਸ ਮਨੁੱਖ ਦੀ ਟੇਕ ਸਦਕਾ ਥਿਰ ਪ੍ਰਭੂ ਦੀ ਸਿਫਤਿ ਸਾਲਾਹ ਦੀ ਉਹ ਬਾਣੀ ਬਣ ਜਾਂਦੀ ਹੈ ਜਿਹੜੀ ;ਚਾਹੇ ਜਗਤ ਵਿਚ (ਜੀਵਨ ਰੌ ਹੋਕੇ) ਸਮਾਈ ਹੋਈ ਹੈ । [ਦਰਪਣ

੪. ਸੱਚੀ ਹੈ ਬੋਲ ਬਾਣੀ ਐਸੇ ਪੁਰਸ਼ ਦੀ ਅਤੇ ਗੁਰਾਂ ਦੇ ਉਪਦੇਸ਼ ਦੇ ਅਨੁਕੂਲ ਹੋਣ ਕਰਕੇ, ਇਹ ਜਹਾਨ ਅੰਦਰ ਪ੍ਰਚਲਤ ਹੋ ਜਾਂਦੀ ਹੈ । [ਸ. ਮਨਮੋਹਨ ਸਿੰਘ ਐਡਵੋਕੇਟ

**ਨਿਰਣੈ**: ਇਸ ਪੰਕਤੀ ਵਿਚ 'ਉਸ ਮਨੁਖ ਦੀ ਬਾਣੀ ਨੂੰ ਸੱਚਾ' ਦਸਿਆ ਹੈ ਜੋ ਪਰਮੇਸ਼ਰ ਦੀ ਕਾਰ-ਸੇਵਾ ਵਿਚ ਲਗਾ ਰਹਿੰਦਾ ਹੈ, ਸਚੇ ਨਾਮ ਵਿਚ ਸਮਾਇਆ ਰਹਿੰਦਾ ਹੈ । ਸਾਰੇ ਸ਼ਬਦ ਵਿਚ ਉਸ ਜਨ ਦੀ ਸਿਫਤਿ ਕੀਤੀ ਹੈ । ਇਥੋਂ ਤਕ ਕਿ ਗੁਰੂ ਅਤੇ ਗੁਰੂ ਦੇ ਸ਼ਬਦ ਵਿਚ ਲਗਣ ਦਾ ਸਦਕਾ (ਉਸ ਦੀ ਸੋਭਾ) ਸਾਰੇ ਸੰਸਾਰ ਵਿਚ) ਸਮਾਈ ਰਹਿੰਦੀ ਹੈ । 'ਦਰਪਣ' ਵਿਚ ਕੀਤੇ ਅਰਥ ਓਪਰੇ ਜਿਹੇ ਹਨ । ਪਤਾ ਨਹੀਂ ਆਪ ਨੇ 'ਟੇਕ' ਕਿਹੜੇ ਪਦ ਦੇ ਅਰਥ ਕੀਤੇ ਹਨ ਜਦੋਂ ਕਿ ਇਥੇ ਪਰਮੇਸ਼ਰ ਦੀ ਬਾਣੀ ਦਾ ਜ਼ਿਕਰ ਹੈ। ਅਜਿਹਾ ਸੰਕੇਤ ਕੇਵਲ ਇਸ ਸ਼ਬਦ ਵਿਚ ਹੀ ਨਹੀਂ ਆਇਆ ਹੋਰ ਸ਼ਬਦਾਂ ਵਿਚ ਵੀ ਵੇਖਿਆ ਜਾ ਸਕਦਾ ਹੈ, ਜਿਵੇਂ :

**ੳ-ਨਿਰਮਲ ਸੋਭਾ ਅੰਮ੍ਰਿਤ ਤਾ ਕੀ ਬਾਨੀ॥ ਏਕੁ ਨਾਮੁ ਮਨ ਮਾਹਿ ਸਮਾਨੀ॥[ਪੰ. ੨੯੬**
**ਅ-ਨਾਨਕ ਤਿਨ ਕੀ ਬਾਣੀ ਸਦਾ ਸਚੁ ਹੈ, ਜਿ ਨਾਮਿ ਰਹਹਿ ਲਿਵ ਲਾਇ॥[ਪੰਨਾ ੨੯**

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਆਪਾ-ਭਾਵ (ਹੰਗਤਾ) ਦੂਰ ਕਰਕੇ ਹਰਿਨਾਮ ਨੂੰ ਗੁਰੂ ਰਾਹੀਂ ਸਿਮਰਨ ਦਾ ਆਦੇਸ਼ ਦਿਤਾ ਹੈ । ਨਾਮ ਸਿਮਰਨ ਦੀ ਕਾਰ ਵਿਚ ਲਗਣਾ ਪੂਰੇ ਭਾਗਾਂ ਦੀ ਨਿਸ਼ਾਨੀ ਹੈ। ਨਾਮ ਸਿਮਰਨ ਨਾਲ ਹੀ ਸਹਜ-ਅਵਸਥਾ ਦਾ ਰੰਗ ਮਾਣਿਆ ਜਾ ਸਕਦਾ ਹੈ। ਨਾਮ-ਸਿਮਰਨ ਵਾਲੇ ਦਾ ਵਾਕ ਸਤ ਹੁੰਦਾ ਹੈ। ਉਸ ਦਾ ਬੋਲ ਬਾਣੀ ਕੋਮਲ ਹੁੰਦੀ ਹੈ ਜਿਸ ਦੀ ਸ਼ੋਭਾ ਸਾਰੇ ਜਗਤ ਵਿਚ ਫੈਲ ਜਾਂਦੀ ਹੈ । ਨਾਮ ਦਾ ਰੱਸ ਉਨ੍ਹਾਂ ਪੁਰਸ਼ਾਂ ਨੂੰ ਹੀ ਆਉਂਦਾ ਹੈ ਜਿਨ੍ਹਾਂ ਨੇ ਸਦਾ ਥਿਰ ਵਾਹਿਗੁਰੂ ਦੀ ਸੇਵਾ ਕੀਤੀ ਹੈ, ਸਿਮਰਨ ਕੀਤਾ ਹੈ :–

**ਗੁਰਿ ਕਹਿਆ ਸਾ ਕਾਰ ਕਮਾਵਹੁ॥ ਸਬਦੁ ਚੀਨਿ ਸਹਜ ਘਰਿ ਆਵਹੁ॥**[ਪੰ. ੮੩੨

**ਬਸੰਤੁ ਮਹਲਾ ੩ ॥ ਭਗਤਿ ਕਰਹਿ ਜਨ, ਦੇਖਿ ਹਜੂਰਿ॥ ਸੰਤ ਜਨਾ ਕੀ ਪਗ ਪੰਕਜ ਧੂਰਿ॥ ਹਰਿ ਸੇਤੀ, ਸਦ ਰਹਹਿ ਲਿਵ ਲਾਇ॥ ਪੂਰੈ ਸਤਿਗੁਰਿ ਦੀਆ ਬੁਝਾਇ ॥ ੧॥ ਦਾਸਾ ਕਾ ਦਾਸੁ, ਵਿਰਲਾ ਕੋਈ ਹੋਇ॥ ਊਤਮ ਪਦਵੀ ਪਾਵੈ ਸੋਇ॥੧॥ਰਹਾਉ॥ ਏਕੋ ਸੇਵਹੁ, ਅਵਰੁ ਨ ਕੋਇ॥ ਜਿਤੁ ਸੇਵਿਐ, ਸਦਾ ਸੁਖੁ ਹੋਇ॥ ਨਾ ਓਹੁ ਮਰੈ, ਨ ਆਵੈ ਜਾਇ ॥ ਤਿਸੁ ਬਿਨੁ,ਅਵਰੁ ਸੇਵੀ ਕਿਉ ਮਾਇ॥੨॥ ਸੇ ਜਨ ਸਾਚੇ, ਜਿਨੀ ਸਾਚੁ ਪਛਾਣਿਆ॥ ਆਪੁ ਮਾਰਿ, ਸਹਜੇ ਨਾਮਿ ਸਮਾਣਿਆ॥ ਗੁਰਮੁਖਿ ਨਾਮੁ ਪਰਾਪਤਿ ਹੋਇ॥ ਮਨੁ ਨਿਰਮਲੁ, ਨਿਰਮਲ ਸਚੁ ਸੋਇ॥੩॥ ਜਿਨਿ ਗਿਆਨੁ ਕੀਆ, ਤਿਸੁ ਹਰਿ ਤੂ ਜਾਣੁ॥ ਸਾਚ ਸਬਦਿ ਪ੍ਰਭੁ ਏਕੁ ਸਿਞਾਣੁ॥ ਹਰਿ ਰਸੁ ਚਾਖੈ, ਤਾਂ ਸੁਧਿ ਹੋਇ॥ ਨਾਨਕ, ਨਾਮਿ ਰਤੇ ਸਚੁ ਸੋਇ ॥੪॥੮॥**

## ਉਚਾਰਨ ਸੇਧ

**ਬਿੰਦੀ ਸਹਿਤ :** ਕਰਹਿੰ, ਜਨਾਂ, ਰਹਹਿੰ, ਦਾਸਾਂ, ਸੇਵੀਂ, ਕਿਉਂ ?

**ਪਦ ਅਰਥ :** ਭਗਤਿ ਕਰਹਿ-ਭਗਤੀ ਕਰਦੇ ਹਨ.। ਵੇਖਿ ਹਜੂਰਿ-ਹਾਜ਼ਰ-ਨਾਜ਼ਰ। (ਅੰਗ ਸੰਗ) ਵੇਖ ਕੇ । ਪਗ ਪੰਕਜ-ਸੋਹਣੇ ਚਰਨਾਂ ਦੀ । ਹਰਿ ਸੇਤੀ-ਹਰੀ ਨਾਲ । ਰਹਹਿ-ਰਹਿੰਦੇ ਹਨ । ਲਿਵ ਲਾਇ-ਸੁਰਤਿ ਜੋੜ ਕੇ ।੧। ਉਤਮ ਪਦਵੀ-ਉਚੀ (ਆਤਮਿਕ) ਪਦਵੀ ।੧ਰਹਾਉ । ਅਵਰੁ-ਹੋਰ । ਜਿਤੁ ਸੇਵਿਐ-ਜਿਸ ਦੇ ਸੇਵਣ ਨਾਲ । ਸੁਖੁ-(ਆਤਮਿਕ) ਸੁਖ । ਸੇਵੀ ਕਿਉ-ਮੈਂ ਕਿਉਂ ਸੇਵਾਂ । ਮਾਇ-ਹੇ ਮਾਂ ! ।੨। ਆਪੁ ਮਾਰਿ-ਹੰਕਾਰ ਮਾਰ ਕੇ । ਨਾਮਿ-ਨਾਮ ਵਿਚ । ਗੁਰਮੁਖਿ-ਗੁਰੂ ਦੁਆਰਾ । ਸਚੁ ਸੋਇ-ਉਹ ਸਚ ਰੂਪ ।੩। ਜਿਨਿ-ਜਿਸ (ਪ੍ਰਭੂ) ਨੇ । ਗਿਆਨੁ-(ਗੁਰੂ ਦਾ) ਬਖਸ਼ਿਆ ਹੋਇਆ (ਆਤਮਿਕ) ਗਿਆਨ । ਜਾਣੁ-ਸਮਝ । ਸਾਚ ਸਬਦਿ-ਸਚ ਸ਼ਬਦ (ਉਪਦੇਸ਼) ਦੁਆਰਾ । ਸਿਞਾਣੁ-ਪਛਾਣ । ਸੁਧਿ-ਖਬਰ, ਸੋਝੀ । ਸਚੁ ਸੋਇ-ਉਹ ਸਚ ਰੂਪ (ਪਰਮਾਤਮਾ) ।੪।

**ਅਰਥ :** (ਸੇਵਕ) ਜਨ (ਪਰਮਾਤਮਾ ਨੂੰ) ਹਾਜ਼ਰ ਨਾਜ਼ਰ ਵੇਖ ਕੇ (ਉਸ ਦੀ) ਭਗਤੀ ਕਰਦੇ

ਹਨ (ਅਤੇ) ਸੰਤ ਜਨਾ ਦੇ ਸੋਹਣੇ ਚਰਨਾਂ ਦੀ ਧੂੜੀ ਲੋਚਦੇ ਰਹਿੰਦੇ ਹਨ। (ਉਹ) (ਆਪਣੀ) ਸੁਰਤਿ ਜੋੜ ਕੇ ਸਦਾ ਪਰਮਾਤਮਾ ਦੇ ਨਾਲ (ਜੁੜੇ) ਰਹਿੰਦੇ ਹਨ। ਪੂਰੇ ਸਤਿਗੁਰੂ ਨੇ (ਉਨ੍ਹਾਂ ਨੂੰ ਭਗਤੀ ਦਾ ਇਹ ਮਾਰਗ) ਸਮਝਾ ਦਿਤਾ ਹੈ।੧।

(ਹੇ ਭਾਈ!) ਕੋਈ ਵਿਰਲਾ (ਮਨੁੱਖ ਹੀ ਪ੍ਰਭੂ ਦੇ) ਦਾਸਾਂ ਦਾ ਦਾਸ ਹੁੰਦਾ ਹੈ (ਅਤੇ) ਉਹ ਉਚੀ (ਆਤਮਿਕ) ਪਦਵੀ ਪ੍ਰਾਪਤ ਕਰ ਲੈਂਦਾ ਹੈ।੧। ਰਹਾਉ।

(ਹੇ ਭਾਈ!) ਜਿਸ (ਪਰਮਾਤਮਾ) ਨੂੰ ਸੇਵਣ ਨਾਲ ਸਦਾ ਸੁਖ ਹੁੰਦਾ ਹੈ (ਤੁਸੀਂ ਉਸ) ਇਕ (ਪਰਮਾਤਮਾ) ਨੂੰ ਹੀ ਸੇਵੋ (ਸਿਮਰੋ, ਕਿਉਂਕਿ ਉਸ ਵਰਗਾ) ਹੋਰ ਕੋਈ ਨਹੀਂ ਹੈ। ਉਹ (ਪਰਮਾਤਮਾ) ਨਾ ਮਰਦਾ ਹੈ, ਨਾ ਜੰਮਦਾ ਹੈ। ਹੇ ਮਾਂ! ਉਸ ਤੋਂ ਬਿਨਾ ਮੈਂ ਹੋਰ ਕਿਸੇ ਨੂੰ ਕਿਉਂ ਸੇਵਾਂ?।੨।

(ਹੇ ਭਾਈ!) ਜਿਨ੍ਹਾਂ ਨੇ ਇਕ (ਪਰਮਾਤਮਾ ਨੂੰ) ਪਛਾਣਿਆ ਹੈ ਓਹ ਜਨ ਸਚੇ ਹਨ। ਆਪਾ-ਭਾਵ (ਹੰਗਤਾ) ਮਾਰ ਕੇ ਸਹਿਜੇ ਹੀ (ਉਹ) ਨਾਮ ਵਿਚ ਸਮਾਅ ਗਏ ਹਨ। ਗੁਰੂ ਦੁਆਰਾ (ਪ੍ਰਭੂ ਦਾ) ਨਾਮ ਪ੍ਰਾਪਤ ਹੁੰਦਾ ਹੈ (ਜਿਸ ਦੀ ਬਰਕਤ ਨਾਲ) ਮਨ ਪਵਿਤਰ ਹੁੰਦਾ ਹੈ (ਅਤੇ) ਉਹ ਸੱਚ (ਪ੍ਰਭੂ) ਹਰ ਥਾਂ ਦਿਸਦਾ ਹੈ।੩।

(ਹੇ ਭਾਈ!) ਜਿਸ (ਹਰੀ) ਨੇ (ਤੈਨੂੰ ਆਤਮਿਕ ਜੀਵਨ ਦਾ) ਗਿਆਨ ਦਿਤਾ ਹੈ (ਤੂੰ) ਉਸ ਨੂੰ ਜਾਣ (ਭਾਵ ਉਸ ਨਾਲ ਸਾਂਝ ਪਾ)। (ਗੁਰੂ ਦੇ) ਸਚੇ ਸ਼ਬਦ ਦੁਆਰਾ ਇਕ ਪ੍ਰਭੂ ਨੂੰ ਪਛਾਣ। (ਜਿਹੜਾ ਮਨੁੱਖ) ਹਰੀ (ਨਾਮ ਦਾ) ਰਸ ਚੱਖਦਾ ਹੈ, ਤਾਂ (ਉਸ ਨੂੰ ਜੀਵਨ) ਸੋਝੀ ਹੁੰਦੀ ਹੈ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਜਿਹੜੇ ਜੀਵ) ਨਾਮ ਵਿਚ ਰੰਗੇ ਗਏ ਹਨ (ਉਨ੍ਹਾਂ ਨੂੰ) ਉਹ ਸਦਾ ਥਿਰ ਪ੍ਰਭੂ (ਹਰ ਥਾਂ ਦਿਸਦਾ ਹੈ)।੪।੮।

## ਸਾਰੰਸ਼ ਅਤੇ ਸਿਧਾਂਤ

ਹਰੇਕ ਜਗਿਆਸੂ ਦਾ ਦਿਲ ਕਰਦਾ ਹੈ ਕਿ ਉਸ ਨੂੰ ਉਤਮ ਪਦਵੀ ਪ੍ਰਾਪਤ ਹੋਵੇ ਪਰ ਇਸ ਦੀ ਪ੍ਰਾਪਤੀ ਲਈ ਦਾਸਾਂ ਦਾ ਦਾਸ ਬਣਨਾ ਪੈਂਦਾ ਹੈ। ਸੰਤ ਜਨਾ ਦਾ ਛੋਹਰਾ, ਜੋ ਛਟੇ ਤੋਂ ਛੋਟਾ ਬਾਲਕ ਹੋਵੇ, ਉਸ ਦੇ ਚਰਨਾਂ ਤੇ ਵੀ ਡਿਗਣਾ ਪੈਂਦਾ ਹੈ ਅਤੇ ਮਾਇਆ ਧਾਰੀਆਂ ਦਾ ਤਿਆਗ ਕਰਨਾ ਪੈਂਦਾ ਹੈ।

ਸੰਤ ਜਨਾਂ ਦੇ ਚਰਨਾ ਦੀ ਧੂੜ ਬਣਨਾ ਸੌਖੀ ਗਲ ਨਹੀਂ, ਵਡੇ ਜਿਗਰੇ ਦੀ ਲੋੜ ਹੈ। ਜਿਨ੍ਹਾਂ ਨੂੰ ਗੁਰੂ ਦੁਆਰਾ ਨਾਮ ਪ੍ਰਾਪਤ ਹੁੰਦਾ ਹੈ ਉਹ ਹੰਗਤਾ-ਮਮਤਾ ਨੂੰ ਮਾਰ ਕੇ ਪ੍ਰਭੂ ਦੇ ਸਿਮਰਨ ਵਿਚ ਲੀਨ ਹੁੰਦੇ ਹਨ, ਹਰੀ ਨਾਮ ਦਾ ਰਸ ਚੱਖਦੇ ਹਨ। ਉਨ੍ਹਾਂ ਦੀ ਪ੍ਰਭੂ ਨਾਲ ਅਟੁੱਟ ਸਾਂਝ ਪੈਂਦੀ ਹੈ ਜਿਸ ਦੇ ਫਲ ਸਰੂਪ ਉਹ ਨਿਰੰਤਰ ਨਾਮ ਜਪ ਕੇ ਆਵਾਗਉਣ ਤੋਂ ਛੁਟ ਜਾਂਦੇ ਹਨ। ਇਸ ਤਰ੍ਹਾਂ ਓਹ ਲੋਕ ਪਰਲੋਕ ਵਿਚ ਉਤਮ ਪਦਵੀ ਦੇ ਅਧਿਕਾਰੀ ਬਣਦੇ ਹਨ।

**ਬਸੰਤੁ ਮਹਲਾ ੩ ॥ ਨਾਮਿ ਰਤੇ, ਕੁਲਾਂ ਕਾ ਕਰਹਿ ਉਧਾਰੁ॥ ਸਾਚੀ ਬਾਣੀ, ਨਾਮ ਪਿਆਰੁ ॥ ਮਨਮੁਖ ਭੂਲੇ, ਕਾਹੇ ਆਏ॥ ਨਾਮਹੁ ਭੂਲੇ, ਜਨਮੁ ਗਵਾਏ ॥੧॥**

ਜੀਵਤ ਮਰੈ, ਮਰਿ ਮਰਣੁ ਸਵਾਰੈ ॥ ਗੁਰ ਕੈ ਸਬਦਿ, ਸਾਚੁ ਉਰਧਾਰੈ ॥੧॥ਰਹਾਉ॥ ਗੁਰਮੁਖਿ ਸਚੁ ਭੋਜਨੁ, ਪਵਿਤੁ ਸਰੀਰਾ ॥ ਮਨੁ ਨਿਰਮਲੁ, ਸਦ ਗੁਣੀ ਗਹੀਰਾ ॥ ਜੰਮੈ ਮਰੈ ਨ ਆਵੈ ਜਾਇ॥ ਗੁਰ ਪਰਸਾਦੀ, ਸਚਿ ਸਮਾਇ ॥੨॥ ਸਾਚਾ ਸੇਵਹੁ, ਸਾਚੁ ਪਛਾਣੈ ॥ ਗੁਰ ਕੈ ਸਬਦਿ ਹਰਿ ਦਰਿ ਨੀਸਾਣੈ ॥ ਦਰਿ ਸਾਚੈ, ਸਚੁ ਸੋਭਾ ਹੋਇ ॥ ਨਿਜਘਰਿ ਵਾਸਾ ਪਾਵੈ ਸੋਇ ॥੩॥ ਆਪਿ ਅਭੁਲੁ, ਸਚਾ ਸਚੁ ਸੋਇ ॥ ਹੋਰਿ ਸਭਿ ਭੁਲਹਿ, ਦੂਜੈ ਪਤਿ ਖੋਇ ॥ ਸਾਚਾ ਸੇਵਹੁ, ਸਾਚੀ ਬਾਣੀ ॥ ਨਾਨਕ, ਨਾਮੇ ਸਾਚਿ ਸਮਾਣੀ ॥੪॥੯॥

## ਉਚਾਰਨ ਸੋਧ

**ਬਿੰਦੀ ਸਹਿਤ :** ਕਰਹਿਂ, ਨਾਮਹੁਂ, ਭੂਲਹਿਂ।

**ਪਦ ਅਰਥ :** ਨਾਮਿ-ਨਾਮ ਵਿਚ ਰੰਗੇ ਹੋਏ। ਕੁਲਾਂ ਕਾ-ਖ਼ਾਨਦਾਨਾਂ, ਪੀੜ੍ਹੀਆਂ ਦਾ। ਕਰਹਿ ਉਧਾਰ-ਪਾਰ ਉਤਾਰਾ ਕਰਦੇ ਹਨ। ਸਾਚੀ ਬਾਣੀ-ਸਦਾ ਥਿਰ ਰਹਿਣ ਵਾਲੀ ਬਾਣੀ (ਗੁਰਬਾਣੀ) ਦਾ। ਨਾਮ ਪਿਆਰੁ-ਨਾਮ ਦਾ ਪਿਆਰ। ਕਾਹੇ ਆਏ-ਕਿਸ ਲਈ ਆਏ?। ਨਾਮਹੁ ਭੂਲੇ-ਨਾਮ ਤੋਂ ਭੁਲੇ ਹੋਏ। ਗਵਾਏ-ਗਵਾ ਕੇ।੧।

ਜੀਵਤ ਮਰੈ-(ਜੋ ਮਨੁੱਖ) ਜੀਉਂਦਾ ਹੀ (ਦੁਨੀਆਂ ਵਲੋਂ) ਮਰਦਾ ਹੈ। ਮਰਿ-ਮਰ ਕੇ। ਮਰਣੁ-ਮੌਤ। ਸਵਾਰੈ-ਸਵਾਰਦਾ, ਸੋਹਣਾ ਬਣਾਂਦਾ ਹੈ। ਸਬਦਿ-ਸ਼ਬਦ ਦੀ ਰਾਹੀਂ। ਸਾਚੁ-ਸੱਚੇ (ਪ੍ਰਭੂ) ਨੂੰ। ਉਰਧਾਰੈ-ਹਿਰਦੇ ਵਿਚ ਟਿਕਾ ਕੇ ਰਖਦਾ ਹੈ।੧। ਰਹਾਉ।

ਗੁਰਮੁਖਿ-ਗੁਰੂ ਅਨੁਸਾਰੀ ਸਿਖ। ਸਚੁ ਭੋਜਨੁ-ਸਚ ਨਾਮ ਰੂਪੀ ਭੋਜਨ। ਗੁਣੀ ਗਹੀਰਾ-ਗੁਣਾਂ ਵਿਚ ਡੂੰਘਾ। ਗੁਰ ਪਰਸਾਦੀ-ਗੁਰੂ ਦੀ ਕਿਰਪਾ ਨਾਲ। ਸਾਚਿ-ਸਚ (ਪਰਮਾਤਮਾ) ਵਿਚ। ਸਮਾਇ-ਲੀਨ ਹੋ ਜਾਂਦਾ ਹੈ।੨।

ਸੇਵਹੁ-ਸਿਮਰੋ। ਹਰਿ ਦਰਿ ਨੀਸਾਣੈ-ਹਰੀ ਦੇ ਦਰ ਉਤੇ ਝੰਡੇ ਸਣੇ ਜਾਂਦੇ ਹਨ ਭਾਵ ਪਤਿ ਨਾਲ ਜਾਂਦੇ ਹਨ। ਦਰਿ ਸਾਚੈ-ਸਚੇ ਪਰਮੇਸ਼ਰ ਦੇ ਦਰ ਉਤੇ। ਸਚੁ ਸੋਭਾ-ਸਚ ਰੂਪ ਵਡਿਆਈ। ਨਿਜ ਘਰਿ-ਆਪਣੇ ਘਰ ਵਿਚ (ਸ੍ਵੈ ਰੂਪ ਵਿਚ)। ਸੋਇ-ਉਹ (ਜੀਵ)।੩।

ਅਭੁਲੁ-ਭੁਲਣ ਤੋਂ ਰਹਿਤ। ਭੁਲਹਿ-ਭੁਲਦੇ ਹਨ। ਦੂਜੈ-ਦਵੈਤ ਭਾਵ ਵਿਚ। ਪਤਿ-ਖੋਈ-ਇਜ਼ਤ ਗਵਾ ਕੇ। ਨਾਮੇ-ਨਾਮ ਦੀ ਰਾਹੀਂ।੪।

**ਅਰਥ :** (ਹੇ ਭਾਈ! ਜੋ ਪਰਮਾਤਮਾ ਦੇ) ਨਾਮ ਵਿਚ ਰੰਗੇ ਗਏ ਹਨ (ਉਹ) ਆਪਣੀਆਂ ਕੁੱਲਾਂ ਦਾ ਪਾਰ ਉਤਾਰਾ ਕਰਦੇ ਹਨ, (ਉਨ੍ਹਾਂ ਅੰਦਰ) ਸੱਚੀ ਬਾਣੀ (ਭਾਵ ਗੁਰਬਾਣੀ ਅਤੇ) ਨਾਮ ਦਾ ਪ੍ਰੇਮ-ਪਿਆਰ ਹੁੰਦਾ ਹੈ। ਆਪ ਹੁਦਰੇ (ਮਨੁੱਖ ਸੰਸਾਰ ਤੇ) ਕਾਹਦੇ ਲਈ ਆਏ ਹਨ ? (ਭਾਵ ਵਿਅਰਥ ਆਏ ਹਨ ਕਿਉਂਕਿ) ਨਾਮ ਤੋਂ ਭੁਲੇ ਹੋਏ (ਆਪਣਾ) ਜਨਮ ਗਵਾ ਕੇ (ਇਥੋਂ ਜਾਂਦੇ ਹਨ)।੧।

(ਹੇ ਭਾਈ! ਜੋ) ਜੀਉਂਦੇ ਜੀ (ਦੁਨੀਆਂ ਵਲੋਂ) ਮਰ ਜਾਂਦਾ ਹੈ (ਉਹ ਇਸ ਤਰ੍ਹਾਂ) ਮਰ ਕੇ (ਆਪਣਾ) ਮਰਨਾ ਸਵਾਰ ਲੈਂਦਾ ਹੈ (ਭਾਵ ਵਿਕਾਰਾਂ ਤੋਂ ਬਚ ਕੇ ਆਪਣਾ ਜੀਵਨ ਸੋਹਣਾ ਬਣਾ ਲੈਂਦਾ ਹੈ) ।੧।ਰਹਾਉ।

ਗੁਰੂ ਅਨੁਸਾਰੀ ਸਿਖ ਦਾ ਸਚ ਰੂਪੀ ਭੋਜਨ ਹੈ (ਜਿਸ ਨੂੰ ਛਕ ਕੇ ਉਸ ਦਾ) ਸਰੀਰ ਪਵਿੱਤਰ ਰਹਿੰਦਾ ਹੈ, (ਉਸਦਾ) ਮਨ ਪਵਿਤਰ ਹੋ ਜਾਂਦਾ ਹੈ । ਗੁਣੀ ਗਹੀਰ ਡੂੰਘੇ ਗੁਣਾ ਵਾਲਾ ਹਰੀ ਸਦਾ (ਉਸ ਦੇ ਅੰਦਰ ਵਸਦਾ ਹੈ) । ਉਹ (ਮਨੁੱਖ) ਨਾ ਜੰਮਦਾ ਹੈ ਨਾ ਮਰਦਾ ਹੈ, (ਉਹ) ਨਾ (ਕਿਤੇ) ਆਉਂਦਾ ਹੈ ਨਾ (ਕਿਤੇ) ਜਾਂਦਾ ਹੈ (ਭਾਵ ਆਵਾਗਉਣ ਤੋਂ ਰਹਿਤ ਹੋ ਜਾਂਦਾ ਹੈ) । ਗੁਰੂ ਦੀ ਕਿਰਪਾ ਨਾਲ (ਉਹ) ਸਚਿ (ਪਰਮਾਤਮਾ) ਵਿਚ ਸਮਾਅ ਜਾਂਦਾ ਹੈ ।੨।

(ਹੇ ਭਾਈ !) ਸਦਾ ਥਿਰ ਰਹਿਣ ਵਾਲੇ ਪਰਮੇਸ਼ਰ ਦੀ ਸੇਵਾ ਕਰੋ, (ਜੋ ਸਚੇ ਗੁਰੂ ਦਾ ਸਿਮਰਨ ਕਰਦਾ ਹੈ ਉਹ) ਸਚ ਨੂੰ ਅਨੁਭਵ ਕਰ ਲੈਂਦਾ ਹੈ । (ਉਹ) ਗੁਰੂ ਦੇ ਸ਼ਬਦ ਦੀ ਰਾਹੀਂ ਝੰਡੇ ਸਹਿਤ ਹਰੀ ਦੇ ਦਰ ਤੇ ਪਹੁੰਚ ਜਾਂਦਾ ਹੈ (ਭਾਵ ਉਹ ਆਦਰ ਪਾਉਂਦਾ ਹੈ) । ਸਚੇ (ਪ੍ਰਭੂ ਦੇ) ਦਰ ਉਤੇ (ਉਸ ਨੂੰ) ਸਚ ਰੂਪ ਸ਼ੋਭਾ (ਵਡਿਆਈ) ਪ੍ਰਾਪਤ ਹੁੰਦੀ ਹੈ । (ਅਤੇ ਉਹ) ਆਪਣੇ ਘਰ (ਸਵੈ ਸਰੂਪ) ਵਿਚ ਵਾਸਾ ਪਾ ਲੈਂਦਾ ਹੈ ।੩।

ਉਹ ਸਦਾ ਕਾਇਮ ਰਹਿਣ ਵਾਲਾ ਵਾਹਿਗੁਰੂ ਆਪ ਭੁਲਣ ਤੋਂ ਰਹਿਤ ਹੈ, ਹੋਰ ਸਾਰੇ ਭੁਲਦੇ ਹਨ (ਅਤੇ) ਦਵੈਤ-ਭਾਵ ਵਿਚ (ਲਗ ਕੇ ਆਪਣੀ) ਇਜ਼ਤ ਗੁਆ (ਜਾਂਦੇ ਹਨ) । (ਹੇ ਭਾਈ !) ਸਚੀ ਬਾਣੀ ਦੁਆਰਾ (ਪ੍ਰਭੂ) ਸਿਮਰੋ । ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਇਸ ਤਰ੍ਹਾਂ) ਨਾਮ ਦੁਆਰਾ (ਜੀਵ ਦੀ ਸੁਰਤਿ) ਸਚੇ ਪ੍ਰਭੂ ਵਿਚ ਸਮਾਅ ਜਾਂਦੀ ਹੈ ।੪।੯।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਵੀ ਪਰਮਾਤਮਾ ਦੇ ਨਾਮ ਵਿਚ ਰੰਗੇ ਹੋਏ ਗੁਰਮੁਖਾਂ ਦੀ ਕਰਣੀ ਦਾ ਜ਼ਿਕਰ ਕੀਤਾ ਹੈ । ਗੁਰਮੁਖ ਜੀਉੜੇ ਨਾਮ ਬਾਣੀ ਨਾਲ ਪਿਆਰ ਕਰਕੇ ਪਰਮੇਸ਼ਰ ਨਾਲ ਓਤਿ ਪੋਤਿ ਹੋਏ ਆਪ ਤਾਂ ਕੀ, ਆਪਣੀਆਂ ਕੁਲਾਂ ਦਾ ਵੀ ਉਧਾਰ ਕਰ ਲੈਂਦੇ ਹਨ । ਓਹ ਹਉਮੈ ਨੂੰ ਛਡ ਕੇ ਆਪਣਾ ਜਨਮ ਮਰਣ ਸਵਾਰ ਲੈਂਦੇ ਹਨ । ਦੂਜੇ ਪਾਸੇ ਆਪ-ਹੁਦਰੇ ਮਨਮੁਖਾਂ ਵਲ ਵੇਖੋ, ਉਹ ਮੋਹ ਮਾਇਆ ਤੇ ਹੰਕਾਰ ਵਿਚ ਫਸੇ ਹੋਏ ਆਪਣਾ ਜਨਮ ਵਿਅਰਥ ਗੁਆ ਲੈਂਦੇ ਹਨ ।

ਗੁਰੂ ਦੇ ਰਾਹੀਂ ਮਨ ਨੂੰ ਨਿਰਮਲ ਕਰਨਾ, ਸਚੇ ਪਰਮੇਸ਼ਰ ਨੂੰ ਪਛਾਣਨਾ, ਸਚੇ ਹਰੀ ਦੇ ਗੁਣਾ ਗਾਉਣਾ, ਦੁਨੀਆਂ ਦੇ ਵਿਕਾਰਾਂ ਨੂੰ ਤਿਲਾਂਜਲੀ ਦੇਣਾ, ਸਚ ਰੂਪ ਭੋਜਨ ਛਕਣਾ, ਇਹ ਸਾਰੇ ਗੁਣ ਸੰਸਾਰ ਤੋਂ ਪਾਰ ਹੋਣ ਵਿਚ ਸਹਾਈ ਹੁੰਦੇ ਹਨ । ਗੁਰੂ ਦੀ ਕਿਰਪਾ ਹੋਵੇ ਤਾਂ ਮਨੁਖ ਰਬੀ ਦਰਬਾਰ ਵਿਚ ਆਦਰ ਸਹਿਤ ਜਾਂਦਾ ਹੈ ।ਪਰਮਾਤਮਾ ਹਰੇਕ ਜੀਵ ਦੇ ਕਰਮਾਂ ਨੂੰ ਵਾਚਦਾ ਹੈ । ਜਿਹੜੇ ਮਨੁਖ ਸਚ ਨਾਲ ਲਗਦੇ ਹਨ ਉਹ ਸਚ ਦਾ ਰੂਪ ਬਣ ਜਾਂਦੇ ਹਨ ਅਤੇ ਨਿਰੰਤਰ ਨਾਮ ਜਪ ਕੇ ਸਦਾ ਥਿਰ ਪ੍ਰਭੂ ਵਿਚ ਲੀਨ ਹੋ ਜਾਂਦੇ ਹਨ । ਨਿਬੇੜਾ ਆਪੋ ਆਪਣੇ ਕਰਮਾਂ ਅਨੁਸਾਰ ਹੁੰਦਾ ਹੈ:-

**ਚੰਗਿਆਈਆਂ ਬੁਰਿਆਈਆਂ, ਵਾਚੈ ਧਰਮੁ ਹਦੂਰਿ ॥**

**ਕਰਮੀ ਆਪੋ ਆਪਣੀ, ਕੇ ਨੇੜੈ ਕੇ ਦੂਰਿ ॥** [ਜਪੁ

**ਬਸੰਤੁ ਮਹਲਾ ੩ ॥ ਬਿਨੁ ਕਰਮਾ, ਸਭ ਭਰਮਿ ਭੁਲਾਈ ॥ ਮਾਇਆ ਮੋਹਿ, ਬਹੁਤੁ ਦੁਖੁ ਪਾਈ ॥ ਮਨਮੁਖ ਅੰਧੇ ਠਉਰ ਨ ਪਾਈ ॥ ਬਿਸਟਾ ਕਾ ਕੀੜਾ, ਬਿਸਟਾ ਮਾਹਿ ਸਮਾਈ ॥੧॥ ਹੁਕਮੁ ਮੰਨੇ, ਸੋ ਜਨੁ ਪਰਵਾਣੁ ॥ ਗੁਰ ਕੈ ਸਬਦਿ, ਨਾਮਿ ਨੀਸਾਣੁ ॥੧॥ ਰਹਾਉ ॥ ਸਾਚਿ ਰਤੇ, ਜਿਨਾ ਧੁਰਿ ਲਿਖਿ ਪਾਇਆ ॥ ਹਰਿ ਕਾ ਨਾਮੁ, ਸਦਾ ਮਨਿ ਭਾਇਆ ॥ ਸਤਿਗੁਰ ਕੀ ਬਾਣੀ, ਸਦਾ ਸੁਖੁ ਹੋਇ ॥ ਜੋਤੀ ਜੋਤਿ ਮਿਲਾਏ ਸੋਇ ॥੨॥ ਏਕੁ ਨਾਮੁ, ਤਾਰੇ ਸੰਸਾਰੁ ॥ ਗੁਰ ਪਰਸਾਦੀ, ਨਾਮ ਪਿਆਰੁ ॥ ਬਿਨੁ ਨਾਮੈ, ਮੁਕਤਿ ਕਿਨੈ ਨ ਪਾਈ ॥ ਪੂਰੇ ਗੁਰ ਤੇ, ਨਾਮੁ ਪਲੈ ਪਾਈ ॥੩॥ ਸੋ ਬੂਝੈ, ਜਿਸੁ ਆਪਿ ਬੁਝਾਏ ॥ ਸਤਿਗੁਰ ਸੇਵਾ, ਨਾਮੁ ਦ੍ਰਿੜ੍ਹਾਏ ॥ ਜਿਨ ਇਕੁ ਜਾਤਾ, ਸੇ ਜਨ ਪਰਵਾਣੁ ॥ ਨਾਨਕ, ਨਾਮਿ ਰਤੇ ਦਰਿ ਨੀਸਾਣੁ ॥੪॥੧੦॥**

## ਉਚਾਰਨ ਸੇਧ

**ਬਿੰਦੀ ਸਹਿਤ :** ਕਰਮਾਂ, ਮਾਹਿੰ।

**ਪਦ ਅਰਥ :** ਬਿਨੁ ਕਰਮਾ-ਮਿਹਰ ਤੋਂ ਬਿਨਾ। ਸਭ-ਸਾਰੀ (ਸ੍ਰਿਸ਼ਟੀ)। ਭਰਮਿ-ਭਰਮ (ਭਟਕਣਾ)। ਮੋਹਿ-ਮੋਹ ਵਿਚ। ਅੰਧੇ-ਅੰਨ੍ਹੇ (ਅਗਿਆਨੀ)। ਠਉਰੁ-ਥਾਂ, ਟਿਕਾਣਾ। ਬਿਸਟਾ-ਗੰਦਗੀ। ਸਮਾਈ-ਸਮਾ ਜਾਂਦੀ ਹੈ, ਭਾਵ ਸੜ ਜਾਂਦਾ ਹੈ।੧। ਪਰਵਾਣੁ-ਕਬੂਲ। ਸਬਦਿ-ਉਪਦੇਸ਼ ਦੁਆਰਾ। ਨਾਮਿ-ਨਾਮ ਵਿਚ। ਨੀਸਾਣੁ-ਪਰਵਾਣ, ਪਰਵਾਨਗੀ ਦਾ ਚਿੰਨ।੧। ਰਹਾਉ। ਸਾਚਿ-ਸਚ (ਨਾਮ) ਵਿਚ। ਰਤੇ-ਰੰਗੇ ਹੋਏ। ਧੁਰਿ-ਧੁਰ ਦਰਗਾਹ ਤੋਂ। ਲਿਖਿ-ਲਿਖ ਕੇ। ਮਨਿ-ਮਨ ਵਿਚ। ਭਾਇਆ-ਚੰਗਾ ਲੱਗਾ। ਜੋਤੀ-(ਪਰਮਾਤਮਾ ਦੀ) ਜੋਤ ਵਿਚ। ਜੋਤਿ-ਜੀਵ ਦੀ ਜੋਤਿ।੨। ਤਾਰੇ ਸੰਸਾਰੁ-ਸੰਸਾਰ ਨੂੰ ਤਾਰ ਦੇਂਦਾ ਹੈ। ਨਾਮ ਪਿਆਰੁ-ਨਾਮ ਦਾ ਪਿਆਰ। ਮੁਕਤਿ-ਮੁਕਤੀ, ਕਲਿਆਣ। ਪਲੈ ਪਾਈ-ਪਲੇ ਵਿਚ ਪਾਂਦਾ ਹੈ।੩। ਦ੍ਰਿੜ੍ਹਾਏ-ਦ੍ਰਿੜ੍ਹ, ਪੱਕਾ ਕਰਾਂਦਾ ਹੈ। ਸੇ ਜਨ-ਓਹ ਜਨ। ਦਰਿ-(ਪ੍ਰਭੂ ਦੇ) ਦਰ ਉਤੇ। ਨੀਸਾਣੁ-ਝੰਡਾ।੪।

**ਅਰਥ :** (ਹੇ ਭਾਈ! ਪ੍ਰਭੂ ਦੀ) ਮਿਹਰ ਤੋਂ ਬਿਨਾ ਸਾਰੀ ਲੁਕਾਈ ਭਰਮ ਨੇ ਭੁਲਾਈ ਹੋਈ ਹੈ। ਮਾਇਆ ਦੇ ਮੋਹ ਵਿਚ ਬਹੁਤ ਦੁਖ ਪਾ ਰਹੀ ਹੈ। ਮਨਮੁਖ (ਮਾਇਆ ਦੇ) ਹਨੇਰੇ ਵਿਚ(ਆਤਮਿਕ ਸ਼ਾਂਤੀ ਦਾ) ਟਿਕਾਣਾ ਨਹੀਂ ਪਾ ਸਕਦਾ। (ਮਾਨੋ) ਗੰਦਗੀ ਦਾ ਕੀੜਾ ਗੰਦਗੀ ਵਿਚ ਹੀ ਮਰ ਜਾਂਦਾ ਹੈ।੧।

(ਹੇ ਭਾਈ! ਜਿਹੜਾ ਮਨੁੱਖ ਪਰਮਾਤਮਾ ਦਾ) ਹੁਕਮ ਮੰਨਦਾ ਹੋਵੇ ਉਹ ਸੇਵਕ ਜਨ (ਰਬੀ ਦਰਗਾਹ ਵਿਚ) ਪਰਵਾਨ (ਹੁੰਦਾ ਹੈ)। (ਉਹ) ਗੁਰੂ ਦੇ ਉਪਦੇਸ਼ ਰਾਹੀਂ ਨਾਮ ਵਿਚ (ਜੁੜ ਕੇ) ਨਾਮ ਦਾ ਨਿਸ਼ਾਨ (ਪਰਵਾਨਾ ਪ੍ਰਾਪਤ ਕਰਦਾ ਹੈ)।੧। ਰਹਾਉ।

(ਹੇ ਭਾਈ!) ਜਿਨ੍ਹਾਂ ਦੇ ਮਥੇ ਤੇ ਧੁਰ ਦਰਗਾਹ ਤੋਂ (ਲੇਖ) ਲਿਖ ਕੇ ਪਾਇਆ ਗਿਆ ਹੈ, ਉਹ

ਸਚ (ਨਾਮ) ਵਿਚ ਰੰਗੇ ਗਏ ਹਨ। ਹਰੀ ਦਾ ਨਾਮ ਹਮੇਸ਼ਾਂ ਉਨ੍ਹਾਂ ਦੇ ਮਨ ਵਿਚ ਚੰਗਾ ਲੱਗਾ ਹੈ। ਸਤਿਗੁਰੂ ਦੀ ਬਾਣੀ ਦੁਆਰਾ (ਉਨ੍ਹਾਂ ਨੂੰ) ਸਦਾ (ਆਤਮਿਕ) ਸੁਖ (ਪ੍ਰਾਪਤ) ਹੁੰਦਾ ਹੈ। ਉਹ (ਬਾਣੀ) ਜੀਵ ਦੀ ਆਤਮਾ ਨੂੰ ਉਸ ਪਰਮਾਤਮਾ ਦੀ ਜੋਤਿ ਵਿਚ ਮਿਲਾ ਦਿੰਦੀ ਹੈ।੨।

(ਹੇ ਭਾਈ ! ਪਰਮਾਤਮਾ ਦਾ) ਇਕ ਨਾਮ (ਸਾਰੇ) ਸੰਸਾਰ ਨੂੰ ਤਾਰਦਾ ਹੈ। ਗੁਰੂ ਦੀ ਕਿਰਪਾ ਨਾਲ (ਜੀਵ ਨੂੰ) ਨਾਮ ਦਾ ਪਿਆਰ (ਪ੍ਰਾਪਤ ਹੁੰਦਾ ਹੈ)। ਨਾਮ ਤੋਂ ਬਿਨਾ ਕਿਸੇ ਨੇ ਵੀ (ਸੰਸਾਰ ਤੋਂ) ਮੁਕਤੀ ਨਹੀਂ ਪਾਈ। ਨਾਮ (ਰੂਪੀ ਦਾਤਿ) ਗੁਰੂ ਤੋਂ ਹੀ ਪਲੇ ਪੈਂਦੀ ਹੈ।੩।

(ਹੇ ਭਾਈ !) ਉਹ ਮਨੁੱਖ (ਨਾਮ ਨੂੰ) ਸਮਝਦਾ ਹੈ ਜਿਸ ਨੂੰ (ਪਰਮਾਤਮਾ) ਆਪ ਸਮਝਾਉਂਦਾ ਹੈ (ਉਹ) ਸਤਿਗੁਰੂ ਦੀ ਸੇਵਾ ਕਰਦਾ ਹੈ (ਅਤੇ ਸਤਿਗੁਰੂ ਉਸ ਨੂੰ) ਨਾਮ ਦ੍ਰਿੜ ਕਰਾਉਂਦਾ ਹੈ। ਜਿਨ੍ਹਾਂ ਨੇ ਇਕ (ਪਰਮਾਤਮਾ) ਨੂੰ ਪਛਾਣਿਆ ਹੈ, ਉਹ ਪੁਰਸ਼ ਪ੍ਰਮਾਣੀਕ ਹਨ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਜੋ ਮਨੁੱਖ) ਨਾਮ ਵਿਚ ਰੰਗੇ ਗਏ ਹਨ (ਉਹੀ, ਪ੍ਰਭੂ ਦੇ) ਦਰ ਤੇ ਪ੍ਰਗਟ ਹੋਏ ਹਨ।੪।੧੦।

## ਸਾਰੰਸ਼ ਅਤੇ ਸਿਧਾਂਤ

ਜਪੁ ਬਾਣੀ ਵਿਚ ਰੋਜ਼ ਪੜ੍ਹਦੇ ਹਾਂ, 'ਨਦਰੀ ਕਰਮਿ ਪਵੈ ਨੀਸਾਣੁ'। ਨਾਮ ਰੂਪੀ ਨੀਸਾਣ ਉਸ ਜੀਵ ਦੇ ਮਥੇ ਤੇ ਪੈਂਦਾ ਹੈ ਜਿਹੜਾ ਗੁਰੂ ਦਾ ਹੁਕਮ ਮੰਨਦਾ ਹੈ ਜਿਸ ਉਤੇ ਗੁਰੂ ਦੀ ਬਖਸ਼ਿਸ਼ ਹੁੰਦੀ ਹੈ ਅਤੇ ਉਹ ਸ਼ਬਦ ਵਿਚ ਸੁਰਤਿ ਜੋੜਦਾ ਹੈ। ਪਰਮਾਤਮਾ ਦੇ ਨਾਮ ਦਾ ਪਿਆਰ ਆਪਣੇ ਜ਼ੋਰ ਨਾਲ ਨਹੀਂ ਲਗਦਾ, ਗੁਰੂ ਦੀ ਕਿਰਪਾ ਹੋਵੇ ਤਾਂ ਨਾਮ ਪਲੈ ਪੈਂਦਾ ਹੈ ਅਤੇ ਜੀਵ ਉਸ ਨਾਮ ਦੀ ਕਮਾਈ ਕਰਦਾ ਹੈ :

**ਆਪਣਾ ਲਾਇਆ ਪਿਰਮੁ ਨ ਲਗਈ, ਜੇ ਲੋਚੈ ਸਭੁ ਕੋਇ ॥**
**ਏਹੁ ਪਿਰਮ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥** [ਪੰਨਾ ੧੩੭੮

ਜੇ ਸੰਸਾਰ ਵਲ ਨਜ਼ਰ ਮਾਰੀਏ ਤਾਂ ਬਹੁਤੇ ਲੋਕ ਮਾਇਆ ਮੋਹ ਦੇ ਭਰਮ ਵਿਚ ਫਸੇ ਪਏ ਹਨ। ਦੁੱਖਾਂ ਦਾ ਮੂਲ ਹੀ ਭਰਮ ਹੈ। ਜਦੋਂ ਤਕ ਜੀਵ ਭਰਮ ਤੋਂ ਮੁਕਤ ਨਹੀਂ ਹੁੰਦਾ, ਨਾਮ ਦਾ ਮਰਮ ਨਹੀਂ ਜਾਣ ਸਕਦਾ।

ਸਿਧਾਂਤ ਇਹ ਹੈ ਕਿ ਸਤਿਗੁਰੂ ਦੀ ਸੇਵਾ ਕੀਤਿਆਂ ਨਾਮ ਦ੍ਰਿੜ ਹੁੰਦਾ ਹੈ। ਨਾਮ ਵਿਚ ਰੰਗੀਜ ਕੇ ਹੀ ਪਰਮੇਸ਼ਰ ਦੇ ਦਰ ਤੋਂ ਪਰਵਾਨਗੀ ਦਾ ਨੀਸਾਣ ਪੈਂਦਾ ਹੈ।

**ਬਸੰਤੁ ਮਹਲਾ ੩ ॥ ਕ੍ਰਿਪਾ ਕਰੇ ਸਤਿਗੁਰੂ ਮਿਲਾਏ ॥ ਆਪੇ ਆਪਿ ਵਸੈ ਮਨਿ ਆਏ ॥ ਨਿਹਚਲ ਮਤਿ, ਸਦਾ ਮਨ ਧੀਰ ॥ ਹਰਿ ਗੁਣ ਗਾਵੈ, ਗੁਣੀ ਗਹੀਰ ॥੧॥ ਨਾਮਹੁ ਭੂਲੇ, ਮਰਹਿ ਬਿਖੁ ਖਾਇ ॥ ਬ੍ਰਿਥਾ ਜਨਮੁ, ਫਿਰਿ ਆਵਹਿ ਜਾਇ ॥੧॥ ਰਹਾਉ ॥ ਬਹੁ ਭੇਖ ਕਰਹਿ, ਮਨਿ ਸਾਂਤਿ ਨ ਹੋਇ ॥ ਬਹੁ ਅਭਿਮਾਨਿ, ਅਪਣੀ ਪਤਿ ਖੋਇ ॥ ਸੇ ਵਡਭਾਗੀ, ਜਿਨ ਸਬਦੁ ਪਛਾਣਿਆ ॥ ਬਾਹਰਿ ਜਾਦਾ, ਘਰ ਮਹਿ ਆਣਿਆ ॥੨॥ ਘਰ ਮਹਿ ਵਸਤੁ, ਅਗਮ ਅਪਾਰਾ ॥ ਗੁਰਮਤਿ ਖੋਜਹਿ, ਸਬਦਿ**

**ਬੀਚਾਰਾ ॥ ਨਾਮੁ ਨਵਨਿਧਿ ਪਾਈ, ਘਰ ਹੀ ਮਾਹਿ ॥ ਸਦਾ ਰੰਗਿ ਰਾਤੇ, ਸੰਗਿ ਸਮਾਹਿ ॥੩॥ ਆਪਿ ਕਰੇ, ਕਿਛੁ ਕਰਣੁ ਨ ਜਾਇ ॥ ਆਪੇ ਭਾਵੈ, ਲਏ ਮਿਲਾਇ ॥ ਤਿਸ ਤੇ ਨੇੜੈ, ਨਾਹੀ ਕੋ ਦੂਰਿ ॥ ਨਾਨਕ, ਨਾਮਿ ਰਹਿਆ ਭਰਪੂਰਿ ॥੪॥੧੧॥**

## ਉਚਾਰਨ ਸੇਧ

**ਬਿੰਦੀ ਸਹਿਤ :** ਨਾਮਹੁੰ, ਮਰਹਿੰ, ਆਵਹਿੰ, ਕਰਹਿੰ, ਜਾਂਦਾ,ਮਹਿੰ, ਸਮਾਹਿੰ, ਨਾਹੀਂ।

**ਪਦ ਅਰਥ :** ਕ੍ਰਿਪਾ ਕਰੇ-(ਹਰੀ) ਕਿਰਪਾ ਕਰਕੇ। ਆਪੇ ਆਪਿ-ਆਪਣੇ ਆਪ ਹੀ। ਮਨਿ-ਮਨ ਵਿਚ। ਆਏ-ਆ ਕੇ। ਨਿਹਚਲ-ਨਾਹ ਹਿਲਣ ਵਾਲੀ। ਮਨ ਧੀਰ-ਮਨ ਦੀ ਧੀਰਜ। ਗੁਣੀ ਗਹੀਰਾ-ਡੂੰਘੇ ਗੁਣਾਂ ਵਾਲਾ।੧।

ਨਾਮਹੁ-ਨਾਮ ਤੋਂ। ਮਰਹਿ-ਮਰਦੇ ਹਨ। ਬਿਖੁ ਖਾਇ-(ਮਾਇਆ ਮੋਹ ਤੇ ਵਿਸ਼ਿਆਂ ਦੀ) ਜ਼ਹਰ ਖਾ ਕੇ। ਬ੍ਰਿਥਾ-ਵਿਅਰਥ। ਫਿਰਿ-ਮੁੜ ਕੇ। ਜਾਇ-ਜਾ ਕੇ, ਭਾਵ ਮਰ ਕੇ। ਆਵਹਿ-ਆਉਂਦੇ ਹਨ।੧ਰਹਾਉ।

ਬਹੁ-ਬਹੁਤ। ਭੇਖ-ਭੇਸ, ਧਾਰਮਿਕ ਬਾਣਾ। ਕਰਹਿ-ਕਰਦੇ ਹਨ। ਮਨਿ-ਮਨ ਵਿਚ। ਸਾਂਤਿ-ਸ਼ਾਂਤੀ। ਅਭਿਮਾਨਿ-ਹੰਕਾਰ ਵਿਚ। ਪਤਿ-ਇਜ਼ਤ। ਖੋਇ-ਗੁਆ ਲੈਂਦਾ ਹੈ। ਸਬਦੁ-ਨਾਮ। ਪਛਾਣਿਆ-ਅਨੁਭਵ ਕੀਤਾ। ਬਾਹਰਿ ਜਾਂਦਾ-ਬਾਹਰ ਫਿਰਦਾ (ਮਨ)। ਆਣਿਆ-ਲਿਆਂਦਾ।੨।

ਘਰ ਮਹਿ-(ਹਿਰਦੇ ਰੂਪੀ) ਘਰ ਵਿਚ। ਵਸਤੁ-(ਨਾਮ ਰੂਪੀ) ਵਸਤੂ। ਅਗਮ ਅਪਾਰ-ਅਪਹੁੰਚ ਤੇ ਬੇਅੰਤ। ਗੁਰਮਤਿ-ਗੁਰੂ ਦੇ ਉਪਦੇਸ਼ ਰਾਹੀਂ। ਖੋਜਹਿ-ਖੋਜਦੇ (ਲਭਦੇ) ਹਨ। ਸਬਦਿ ਬੀਚਾਰਾ-ਸ਼ਬਦ ਦੀ ਰਾਹੀ (ਗੁਣਾਂ ਦਾ) ਵਿਚਾਰ ਕੀਤਾ। ਨਵ ਨਿਧਿ-ਨੌ ਖਜ਼ਾਨੇ। ਰੰਗਿ-ਰੰਗ (ਪ੍ਰੇਮ) ਵਿਚ। ਰਾਤੇ-ਰੰਗੇ ਰਹਿੰਦੇ ਹਨ। ਸਚਿ ਸਮਾਹਿ-ਸਚ ਵਿਚ ਲੀਨ ਹੋ ਜਾਂਦੇ ਹਨ।੩।

ਆਪਿ ਕਰੇ-(ਵਾਹਿਗੁਰੂ) ਆਪ (ਸਭ ਕੁਝ) ਕਰਦਾ ਹੈ। ਕਿਛੁ ਕਰਣੁ ਨ ਜਾਇ-ਕਿਸੇ ਤੋਂ ਕੁਝ ਵੀ ਕੀਤਾ ਨਹੀਂ ਜਾ ਸਕਦਾ। ਭਾਵੈ-ਚੰਗਾ ਲਗਦਾ ਹੈ। ਤੇ-ਤੋਂ। ਨਾਮਿ-ਨਾਮ ਵਿਚ। ਰਹਿਆ ਭਰਪੂਰਿ-ਵਿਆਪਕ, ਪਰੀਪੂਰਨ ਹੋ ਰਿਹਾ ਹੈ।੪।

**ਅਰਥ :** (ਹੇ ਭਾਈ ! ਜਿਸ ਉਤੇ ਪ੍ਰਭੂ ਆਪਣੀ) (ਕਿਰਪਾ ਕਰਦਾ ਹੈ ਉਸ ਨੂੰ) ਗੁਰੂ ਮਿਲਾ ਦਿੰਦਾ ਹੈ। (ਫਿਰ ਪਰਮਾਤਮਾ) ਆਪਣੇ ਆਪ ਹੀ (ਜੀਵ ਦੇ) ਮਨ ਵਿਚ ਆ ਵਸਦਾ ਹੈ। (ਉਸ ਮਨੁੱਖ ਦੀ) ਮਤਿ ਨਿਹਚਲ (ਅਹਿੱਲ) ਹੋ ਜਾਂਦੀ ਹੈ (ਅਤੇ) ਸਦੀਵੀ ਮਨ ਦੀ ਸ਼ਾਂਤੀ (ਬਣੀ ਰਹਿੰਦੀ ਹੈ ਕਿਉਂਕਿ ਉਹ) ਡੂੰਘੇ ਗੁਣਾ ਦੇ ਮਾਲਕ ਦਾ ਜਸ ਗਾਉਂਦਾ ਰਹਿੰਦਾ ਹੈ।੧।

(ਹੇ ਭਾਈ ! ਜੋ ਪਰਮਾਮਤਾ ਦੇ) ਨਾਮ ਤੋਂ ਭੂਲੇ ਹੋਏ ਹਨ (ਓਹ ਸਾਰੇ ਮਾਇਆ ਰੂਪ) ਜ਼ਹਿਰ ਖਾ ਕੇ (ਆਤਮਿਕ ਮੌਤ) ਮਰਦੇ ਹਨ। (ਉਨ੍ਹਾਂ ਦਾ) ਜੀਵਨ ਵਿਅਰਥ (ਜਾਂਦਾ ਹੈ), ਫਿਰ ਜਨਮ ਲੈ ਕੇ ਆਉਂਦੇ ਹਨ (ਭਾਵ ਅਵਾਗਉਣ ਵਿਚ ਪਏ ਰਹਿੰਦੇ ਹਨ)।੧। ਰਹਾਉ।

(ਹੇ ਭਾਈ ! ਜੋ) ਬਹੁਤੇ ਧਾਰਮਿਕ ਵੇਸ ਧਾਰਨ ਕਰਦੇ ਹਨ (ਉਨ੍ਹਾਂ ਦੇ) ਮਨ ਵਿਚ (ਕਦੇ)

(ਹੇ ਭਾਈ ! ਜੋ ਪਰਮਾਮਤਾ ਦੇ) ਨਾਮ ਤੋਂ ਭੁਲੇ ਹੋਏ ਹਨ (ਓਹ ਸਾਰੇ ਮਾਇਆ ਰੂਪ) ਜ਼ਹਿਰ ਖਾ ਕੇ (ਆਤਮਿਕ ਮੌਤ) ਮਰਦੇ ਹਨ। (ਉਨ੍ਹਾਂ ਦਾ) ਜੀਵਨ ਵਿਅਰਥ (ਜਾਂਦਾ ਹੈ), ਫਿਰ ਜਨਮ ਲੈ ਕੇ ਆਉਂਦੇ ਹਨ (ਭਾਵ ਅਵਾਗਉਣ ਵਿਚ ਪਏ ਰਹਿੰਦੇ ਹਨ) ।੧। ਰਹਾਉ।

(ਹੇ ਭਾਈ ! ਜੋ) ਬਹੁਤੇ ਧਾਰਮਿਕ ਵੇਸ ਧਾਰਨ ਕਰਦੇ ਹਨ (ਉਨ੍ਹਾਂ ਦੇ) ਮਨ ਵਿਚ (ਕਦੇ) ਸ਼ਾਂਤੀ ਨਹੀ ਹੁੰਦੀ। (ਭੇਖ ਦੇ) ਕਾਰਨ ਬਹੁਤ ਹੰਕਾਰ ਕਰਕੇ (ਮਨੁੱਖ) ਆਪਣੀ ਇਜ਼ਤ ਗਵਾ ਲੈਂਦਾ ਹੈ। ਓਹ ਵਡੇ ਭਾਗਾਂ ਵਾਲੇ ਹਨ ਜਿਨ੍ਹਾਂ ਨੇ (ਪ੍ਰਭੂ ਦੇ) ਨਾਮ ਨੂੰ ਪਛਾਣਿਆ ਹੈ (ਅਤੇ) ਬਾਹਰ-ਟਪਲਾਉਂਦੇ ਫਿਰਦੇ ਮਨ ਨੂੰ ਘਰ ਵਿਚ ਮੋੜ ਲਿਆਂਦਾ ਹੈ ।੨।

(ਹੇ ਭਾਈ !) ਅਪਹੁੰਚ ਤੇ ਬੇਅੰਤ ਪਰਮਾਤਮਾ ਦੀ (ਨਾਮ) ਵਸਤੂ (ਹਿਰਦੇ ਰੂਪੀ) ਘਰ ਵਿਚ (ਮੌਜੂਦ ਹੈ)। (ਜਿਹੜੇ) ਗੁਰੂ ਦੀ ਮਤ ਦੁਆਰਾ (ਨਾਮ ਨੂੰ) ਖੋਜਦੇ ਹਨ (ਉਹ ਗੁਰੂ) ਸ਼ਬਦ ਵਿਚ (ਜੁੜ ਕੇ) ਵੀਚਾਰ ਕਰਦੇ ਹਨ। (ਉਨ੍ਹਾਂ ਨੇ ਆਪਣੇ) ਹਿਰਦੇ ਰੂਪ ਘਰ ਵਿਚ ਹੀ ਨੌ ਖਜ਼ਾਨਿਆਂ ਦੀ ਦੌਲਤ (ਪ੍ਰਭੂ ਦੀ ਸਿਫਤ ਸਲਾਹ) ਪਾ ਲਈ ਹੈ। (ਉਹ) ਸਦਾ ਸਚੇ (ਪ੍ਰਭੂ ਦੇ) ਪ੍ਰੇਮ ਵਿਚ ਰੰਗੇ ਰਹਿੰਦੇ ਹਨ (ਅਤੇ) ਸਚ ਵਿਚ ਲੀਨ ਹੋ ਜਾਂਦੇ ਹਨ ।੩।

(ਹੇ ਭਾਈ ! ਪ੍ਰਭੂ) ਆਪ ਹੀ (ਸਭ ਕੁਝ) ਕਰਦਾ ਹੈ (ਹੋਰ ਕਿਸੇ ਤੋਂ) ਕੁਝ ਵੀ ਨਹੀਂ ਕੀਤਾ ਜਾ ਸਕਦਾ (ਉਸ ਪ੍ਰਭੂ ਨੂੰ ਜਦੋਂ) ਆਪ ਹੀ ਭਾਉਂਦਾ ਹੈ, (ਜੀਵ ਨੂੰ ਆਪਣੇ ਨਾਲ) ਮਿਲਾ ਲੈਂਦਾ ਹੈ। ਉਸ (ਪ੍ਰਭੂ) ਤੋਂ ਨਾ ਕੋਈ (ਮਨੁੱਖ) ਨੇੜੇ ਹੈ ਨਾ ਕੋਈ ਦੂਰ ਹੈ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਜਿਹੜਾ ਮਨੁੱਖ) ਨਾਮ ਵਿਚ (ਟਿਕ ਜਾਦਾ ਹੈ ਉਸ ਨੂੰ ਪਰਮਾਤਮਾ ਹਰ ਥਾਂ) ਵਿਆਪਕ ਹੋ ਰਿਹਾ ਦਿਸਦਾ ਹੈ ।੪।੧੧।

**ਬਸੰਤੁ ਮਹਲਾ ੩ ॥ ਗੁਰ ਸਬਦੀ, ਹਰਿ ਚੇਤਿ ਸੁਭਾਇ ॥ ਰਾਮਨਾਮ ਰਸਿ ਰਹੇ ਅਘਾਇ ॥ ਕੋਟ ਕੋਟੰਤਰ ਕੇ ਪਾਪ, ਜਲਿ ਜਾਹਿ ॥ ਜੀਵਤ ਮਰਹਿ ਹਰਿਨਾਮਿ ਸਮਾਹਿ ॥੧॥ ਹਰਿ ਕੀ ਦਾਤਿ, ਹਰਿ ਜੀਉ ਜਾਣੈ ॥ ਗੁਰ ਕੈ ਸਬਦਿ, ਇਹੁ ਮਨੁ ਮਉਲਿਆ, ਹਰਿ ਗੁਣ ਦਾਤਾ ਨਾਮੁ ਵਖਾਣੈ॥੧॥ਰਹਾਉ॥ ਭਗਵੈ ਵੇਸਿ, ਭ੍ਰਮਿ ਮੁਕਤਿ ਨ ਹੋਇ॥ ਬਹੁ ਸੰਜਮਿ, ਸਾਂਤਿ ਨ ਪਾਵੈ ਕੋਇ॥ ਗੁਰਮਤਿ ਨਾਮੁ ਪਰਾਪਤਿ ਹੋਇ॥ ਵਡਭਾਗੀ ਹਰਿ ਪਾਵੈ ਸੋਇ॥੨॥ ਕਲਿ ਮਹਿ, ਰਾਮਨਾਮਿ ਵਡਿਆਈ ॥ ਗੁਰ ਪੂਰੇ ਤੇ ਪਾਇਆ ਜਾਈ ॥ ਨਾਮਿ ਰਤੇ ਸਦਾ ਸੁਖੁ ਪਾਈ ॥ ਬਿਨੁ ਨਾਮੈ, ਹਉਮੈ ਜਲਿ ਜਾਈ ॥੩॥ ਵਡਭਾਗੀ ਹਰਿਨਾਮੁ ਬੀਚਾਰਾ ॥ ਛੂਟੇ ਰਾਮਨਾਮਿ ਦੁਖ ਸਾਰਾ ॥ ਹਿਰਦੈ ਵਸਿਆ, ਸੁ ਬਾਹਰਿ ਪਸਾਰਾ ॥ ਨਾਨਕ, ਜਾਣੈ ਸਭੁ ਉਪਾਵਣਹਾਰਾ ॥੪॥੧੨॥**

ਉਚਾਰਨ ਸੇਧ

**ਬਿੰਦੀ ਸਹਿਤ** : ਜਾਹਿੰ, ਮਰਹਿੰ, ਸਮਾਹਿੰ, ਮਹਿੰ।

ਮਉਲਿਆ-ਖਿੜਿਆ। ਹਰਿ ਗੁਣ ਦਾਤਾ-ਹਰੀ ਜੋ ਗੁਣਾਂ ਦੀ ਦਾਤ ਦੇਣ ਵਾਲਾ ਹੈ। ਵਖਾਣੈ-ਉਚਾਰਦਾ ਹੈ ।੧। ਰਹਾਉ । ਭਗਵੈ ਵੇਸਿ-ਭਗਵੇ ਵੇਸ ਨਾਲ । ਭ੍ਰਮਿ-(ਧਰਤੀ ਤੇ) ਭ੍ਰਮਣ ਨਾਲ। ਮੁਕਤਿ ਨ ਹੋਇ-(ਮਾਇਆ ਤੇ ਵਿਕਾਰਾਂ ਤੋਂ) ਛੁਟਕਾਰਾ ਨਹੀਂ ਹੁੰਦਾ । ਬਹੁ ਸੰਜਮਿ-ਬਹੁਤੇ ਸੰਜਮ ਨਾਲ । ਸਾਤਿ-(ਆਤਮਿਕ) ਸ਼ਾਂਤੀ । ਗੁਰਮਤਿ-ਗੁਰੂ ਦੀ ਸਿਖਿਆ ਦੁਆਰਾ । ਵਡਭਾਗੀ-ਵੱਡੇ ਭਾਗਾਂ ਵਾਲਾ ਮਨੁੱਖ। ਸੋਇ-ਉਹ ।੨। ਕਲਿ ਮਹਿ-ਕਲਿ ਜੁਗ ਵਿਚ । ਰਾਮਨਾਮਿ-ਪਰਮਾਤਮਾ ਦੇ ਨਾਮ ਦੁਆਰਾ । ਨਾਮਿ ਰਤੇ-(ਜੋ) ਨਾਮ ਵਿਚ ਰੰਗੇ ਗਏ ਹਨ। ਹਉਮੈ-ਹੰਕਾਰ ਵਿਚ। ਜਲਿ ਜਾਈ-ਸੜ ਜਾਂਦਾ ਹੈ ।੩। ਛੂਟੈ-ਮੁੱਕ ਜਾਂਦਾ ਹੈ। ਹਿਰਦੈ-ਹਿਰਦੇ ਵਿਚ । ਸੁ-ਉਹ (ਪ੍ਰਭੂ ਹੀ) । ਪਾਸਾਰਾ-ਖਿਲਾਰਾ । ਉਪਾਵਣ-ਹਾਰਾ-ਪੈਦਾ ਕਰਨ ਵਾਲਾ, ਸਿਰਜਣਹਾਰ ।੪।

**ਅਰਥ** : (ਹੇ ਭਾਈ !) ਗੁਰੂ ਦੇ ਸ਼ਬਦ ਦੁਆਰਾ ਪਰਮਾਤਮਾ ਦਾ ਸਿਮਰਨ ਕਰਕੇ (ਮਨੁੱਖ) ਰਾਮ-ਨਾਮ ਦੇ ਅਨੰਦ ਵਿਚ ਰਜਿਆ ਰਹਿੰਦਾ ਹੈ। (ਜੋ) ਜੀਵਤ-ਭਾਵ (ਮਾਇਆ ਮੋਹ ਤੇ ਵਿਕਾਰਾਂ ਵਲੋਂ) ਮਰਦੇ ਹਨ (ਓਹ ਪਰਮਾਤਮਾ ਦੇ ਨਾਮ ਵਿਚ ਲੀਨ ਹੋ ਜਾਂਦੇ ਹਨ (ਅਤੇ ਉਨ੍ਹਾਂ ਦੇ) ਅਨੇਕਾਂ ਜਨਮਾਂ ਦੇ ਪਾਪ ਸੜ ਜਾਂਦੇ ਹਨ ।੧।

(ਹੇ ਭਾਈ !) ਪਰਮਾਤਮਾ ਦੀ (ਬਖਸ਼ੀ ਹੋਈ) ਦਾਤ, ਨੂੰ ਹਰਿ ਜੀਉ ਆਪ ਹੀ ਜਾਣਦਾ ਹੈ। ਗੁਰੂ ਦੇ ਉਪਦੇਸ਼ ਦੁਆਰਾ (ਜਿਸ ਦਾ) ਇਹ ਮਨ ਪ੍ਰਫੁਲਤ ਹੋ ਗਿਆ ਹੋਵੇ (ਉਹ) ਗੁਣਾਂ ਦੇ ਦਾਤੇ ਹਰੀ ਦਾ ਨਾਮ ਉਚਾਰਦਾ ਹੈ ।੧।ਰਹਾਉ ।

(ਹੇ ਭਾਈ !) ਗੇਰੂ-ਰੰਗੇ ਬਸਤ੍ਰ ਪਾ ਕੇ (ਧਰਤੀ ਤੇ) ਭ੍ਰਮਣ ਕਰਨ ਨਾਲ (ਮਾਇਆ ਤੇ ਵਿਕਾਰਾਂ ਤੋਂ) ਛੁਟਕਾਰਾ ਨਹੀਂ ਹੁੰਦਾ । ਬਹੁਤ (ਹਠ, ਜਪ, ਤਪ) ਸੰਜਮ ਕਰ ਕੇ ਵੀ ਕੋਈ (ਜੀਵ) ਸ਼ਾਂਤੀ ਪ੍ਰਾਪਤ ਨਹੀਂ ਕਰ ਸਕਦਾ । ਗੁਰੂ ਦੇ ਉਪਦੇਸ਼ ਦੁਆਰਾ (ਪ੍ਰਭੂ ਦਾ) ਨਾਮ ਪ੍ਰਾਪਤ ਹੁੰਦਾ ਹੈ। ਵੱਡੇ ਭਾਗਾਂ ਵਾਲਾ (ਮਨੁੱਖ ਹੀ) ਉਸ ਪ੍ਰਭੂ ਨੂੰ ਪ੍ਰਾਪਤ ਕਰਦਾ ਹੈ ।੨।

(ਹੇ ਭਾਈ !) ਕਲਜੁਗ ਵਿਚ ਪਰਮਾਤਮਾ ਦੇ ਨਾਮ ਦੁਆਰਾ ਹੀ (ਲੋਕ ਪ੍ਰਲੋਕ ਦੀ)ਇਜ਼ਤ ਪਾਈ ਜਾਂਦੀ ਹੈ) । (ਇਹ ਨਾਮ) ਪੂਰੇ ਗੁਰੂ ਪਾਸੋਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ । ਨਾਮ ਵਿਚ ਰੰਗਿਆ ਹੋਇਆ ਸਦਾ(ਆਤਮਿਕ) ਸੁਖ ਪਾਉਂਦਾ ਹੈ। ਨਾਮ ਤੋਂ ਬਿਨਾ (ਮਨੁੱਖ) ਹਉਮੈ ਦੀ (ਅੱਗ ਵਿਚ) ਸੜ ਕੇ ਮਰ ਜਾਂਦਾ ਹੈ ।੩।

ਵੱਡੇ ਭਾਗਾਂ ਵਾਲਾ (ਮਨੁੱਖ) ਪਰਮਾਤਮਾ ਦੇ ਨਾਮ ਨੂੰ ਵੀਚਾਰਦਾ ਹੈ । ਪਰਮਾਤਮਾ ਦਾ ਨਾਮ ਜਪ ਕੇ (ਉਸ ਦਾ) ਸਾਰਾ ਦੁੱਖ ਮੁੱਕ ਜਾਂਦਾ ਹੈ । (ਜੋ ਪ੍ਰਭੂ) ਹਿਰਦੇ ਵਿਚ ਵਸਿਆ ਹੋਇਆ ਹੈ, ਉਹ (ਪ੍ਰਭੂ) ਬਾਹਰ (ਸਾਰੇ ਸੰਸਾਰ ਵਿਚ) ਵਿਆਪਕ ਹੋ ਰਿਹਾ ਹੈ । ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਸ੍ਰਿਸ਼ਟੀ ਨੂੰ) ਰਚਣ ਵਾਲਾ ਸੁਆਮੀ ਸਭ ਕੁਝ ਜਾਣਦਾ ਹੈ ।੪।੧੨।

## ਸਾਰੰਸ਼ ਅਤੇ ਸਿਧਾਂਤ

ਜਿਵੇਂ ਗੁਰ ਵਾਕ ਹਨ 'ਤੇਰੀ ਕੁਦਰਤਿ ਤੂੰ ਹੈ ਜਾਣਹਿ, ਅਉਰੁ ਨ ਦੂਜਾ ਜਾਣੈ' (ਪੰ. ੧੧੮੫)

ਇਸੇ ਤਰ੍ਹਾਂ ਪਰਮਾਤਮਾ ਨੇ ਦਾਤਿ ਕਿਸ ਨੂੰ ਦੇਣੀ ਹੈ, ਕਿਤਨੀ ਦੇਣੀ ਹੈ, ਜਾਂ ਦੇਣੀ ਹੀ ਨਹੀਂ, ਇਸ ਭੇਦ ਨੂੰ ਉਹ ਆਪ ਹੀ ਜਾਣਦਾ ਹੈ। ਹਾਂ, ਗੁਰੂ ਦੇ ਉਪਦੇਸ਼ ਦੁਆਰਾ ਇਹ ਹਰੀ ਦੇ ਗੁਣ ਗਾ ਕੇ ਮਉਲਿਆ ਹੋਇਆ ਮਨ, ਮਾਲਕ ਦਾ ਨਾਮ ਉਚਾਰਦਾ ਰਹਿੰਦਾ ਹੈ। ਹਰੀ ਆਪ ਮਿਹਰ ਕਰੇ ਤਾਂ ਮਨੁੱਖ ਮਾਇਆ ਮੋਹ ਤੋਂ ਮੁਕਤ ਹੋ ਜਾਂਦਾ ਹੈ। ਭੇਖਾਂ ਤੇ ਜੰਗਲਾਂ ਵਿਚ ਪ੍ਰਭੂ ਪਰਮਾਤਮਾ ਦੀ ਪਰਾਪਤੀ ਨਹੀਂ ਹੋ ਸਕਦੀ:—

**ਇਤੁ ਸੰਜਮਿ ਪ੍ਰਭੁ ਕਿਨਹੀ ਨ ਪਾਇਆ ॥**

**ਭਗਉਤੀ ਮੁਦ੍ਰਾ ਮਨੁ ਮੋਹਿਆ ਮਾਇਆ ॥** [ਪੰਨਾ ੧੩੪੮

ਸਿਧਾਂਤ ਇਹ ਹੈ ਕਿ ਨਾਮ ਵੀਚਾਰ ਕੇ ਨਾਮ ਵਿਚ ਲੀਨ ਹੋ ਕੇ ਗੁਰੂ ਦੀ ਕਿਰਪਾ ਨਾਲ ਹਉਮੈ ਸੜ ਜਾਂਦੀ ਹੈ। ਨਾਮ ਦੇ ਪ੍ਰਕਾਸ਼ ਨਾਲ ਅੰਦਰ ਬਾਹਰ ਹਰ ਖੇਤਰ ਵਿਚ ਉਸ ਸਿਰਜਣਹਾਰ ਦਾ ਦੀਦਾਰ ਹੁੰਦਾ ਹੈ।

**ਬਸੰਤੁ ਮਹਲਾ ੩ ਇਕ ਤੁਕੇ ॥ ਤੇਰਾ ਕੀਆ,ਕਿਰਮ ਜੰਤੁ ॥ ਦੇਹਿ ਤ ਜਾਪੀ, ਆਦਿ ਮੰਤੁ॥੧॥ ਗੁਣ ਆਖਿ ਵੀਚਾਰੀ, ਮੇਰੀ ਮਾਇ॥ ਹਰਿ ਜਪਿ, ਹਰਿ ਕੈ ਲਗਉ ਪਾਇ ॥੧॥ਰਹਾਉ॥ ਗੁਰ ਪ੍ਰਸਾਦਿ, ਲਾਗੇ ਨਾਮ ਸੁਆਦਿ ॥ ਕਾਹੇ ਜਨਮੁ ਗਵਾਵਹੁ, ਵੈਰਿ ਵਾਦਿ॥੨॥ ਗੁਰਿ ਕਿਰਪਾ ਕੀਨੀ, ਚੂਕਾ ਅਭਿਮਾਨੁ॥ ਸਹਜ ਭਾਇ ਪਾਇਆ ਹਰਿਨਾਮੁ ॥੩॥ ਊਤਮੁ ਊਚਾ, ਸਬਦ ਕਾਮੁ ॥ ਨਾਨਕੁ ਵਖਾਣੈ, ਸਾਚੁ ਨਾਮੁ ॥੪॥੧॥੧੩॥**

## ਉਚਾਰਨ ਸੇਧ

**ਬਿੰਦੀ ਸਹਿਤ :** ਦੇਹਿੰ, ਜਾਪੰ, ਵੀਚਾਰੀ, ਲਗਉਂ, ਪਾਇ।

**ਪਦ ਅਰਥ :** ਕੀਆ-(ਪੈਦਾ) ਕੀਤਾ ਹੋਇਆ। ਕਿਰਮ-ਭਾਵ ਛੋਟਾ ਜਿਹਾ ਕੀੜਾ। ਜੰਤ-ਜੀਵ। ਦੇਹਿ-(ਜੇ) ਤੂੰ ਦੇਵੇਂ। ਜਾਪੀ-ਮੈਂ ਜੱਪਾਂ। ਆਦਿ ਮੰਤੁ-ਮੁਢਲਾ, ਸਤਿਨਾਮੁ।੧। ਆਖਿ-ਆਖ ਕੇ। ਵੀਚਾਰੀ-ਮੈਂ ਵੀਚਾਰਾਂ। ਹਰਿ ਜਪਿ-ਹਰੀ ਜਪ ਕੇ। ਲਗਉ ਪਾਇ-ਮੈਂ ਚਰਨੀ ਲੱਗਾਂ।੧।ਰਹਾਉ।

ਪ੍ਰਸਾਦਿ-ਕਿਰਪਾ ਨਾਲ। ਨਾਮ ਸੁਆਦਿ-ਨਾਮ ਦੇ ਰਸ ਵਿਚ। ਕਾਹੇ-ਕਿਸ ਲਈ, ਕਿਉਂ?। ਵੈਰਿ-ਵੈਰ ਵਿਚ। ਵਾਦਿ-ਝਗੜੇ ਵਿਚ।੨।

ਗੁਰਿ-ਗੁਰੂ ਨੇ। ਚੂਕਾ ਅਭਿਮਾਨੁ-ਹੰਕਾਰ ਦੂਰ ਹੋ ਗਿਆ। ਸਹਜਿ ਭਾਇ-ਸਹਜ ਸੁਭਾਵਿਕ ਹੀ।੩।

ਸਬਦ ਕਾਮੁ-ਸ਼ਬਦ, ਗੁਰਬਾਣੀ-ਉਪਦੇਸ਼ ਦਾ ਕੰਮ। ਵਖਾਣੈ-ਉਚਾਰਦਾ ਹੈ। ਸਾਚੁ ਨਾਮ-ਸਦਾ ਥਿਰ ਰਹਿਣ ਵਾਲਾ ਨਾਮ।੪।

**ਅਰਥ :** (ਹੇ ਸਿਰਜਣਹਾਰ ਜੀ ! ਮੈਂ) ਤੇਰਾ (ਪੈਦਾ) ਕੀਤਾ ਹੋਇਆ ਇਕ ਛੋਟਾ ਜਿਹਾ ਜੀਵ ਹਾਂ। (ਜੇ ਤੂੰ ਮੈਨੂੰ ਆਪਣਾ) ਆਦਿ (ਸਚੁ) ਮੰਤ੍ਰ ਦੇਵੇਂ ਤਾਂ (ਹੀ ਮੈਂ ਉਸ ਨੂੰ) ਜਪ ਸਕਦਾ ਹਾਂ।੧।

ਹੇ ਮੇਰੀ ਮਾਂ ! (ਮੇਰਾ ਦਿਲ ਕਰਦਾ ਹੈ ਕਿ ਮੈਂ ਆਪਣੇ ਮਾਲਕ ਦੇ) ਗੁਣ ਉਚਾਰਨ ਕਰ ਕੇ (ਉਨ੍ਹਾਂ ਗੁਣਾਂ ਦਾ) ਵੀਚਾਰ ਕਰਾਂ । (ਹਰੀ ਦਾ ਨਾਮ) ਜਪ ਕੇ ਹਰੀ ਦੇ ਚਰਨੀ ਲੱਗਾ ਰਹਾਂ (ਭਾਵ ਜੁੜਿਆ ਰਹਾਂ) ।੧।ਰਹਾਉ।

(ਹੇ ਭਾਈ !) ਗੁਰੂ ਦੀ ਕਿਰਪਾ ਨਾਲ ਹੀ (ਜੀਵ) ਨਾਮ ਦੇ ਰਸ ਵਿਚ ਲਗ ਸਕਦਾ ਹੈ । (ਓਇ ਪਰਮੇਸਰ ਤੋਂ ਭੁਲੇ ਹੋਏ ਲੋਕੋ !) ਵੈਰ ਤੇ ਝਗੜੇ ਵਿਚ ਲਗ ਕੇ ਕਿਉਂ ਆਪਣਾ (ਅਮੋਲਕ) ਜਨਮ ਗਵਾਉਂਦੇ ਹੋ? (ਨਾ ਗਵਾਉ) ।੨।

(ਹੇ ਭਾਈ ! ਜਿਸ ਮਨੁੱਖ ਉਤੇ) ਗੁਰੂ ਨੇ (ਆਪਣੀ) ਕਿਰਪਾ ਕੀਤੀ ਹੈ (ਉਸ ਦਾ) ਹੰਕਾਰ ਦੂਰ ਹੋ ਗਿਆ ਹੈ। ਸਹਜ ਸੁਭਾਵਿਕ ਹੀ (ਉਸ ਨੇ) ਪਰਮਾਤਮਾ ਦਾ ਨਾਮ ਪ੍ਰਾਪਤ ਕਰ ਲਿਆ ਹੈ ।੩।

(ਹੇ ਭਾਈ ! ਸਭ ਤੋਂ) ਉਤਮ ਤੇ ਉਚਾ ਕੰਮ (ਗੁਰਬਾਣੀ ਦੇ) ਉਪਦੇਸ਼ ਦਾ ਸੁਣਨਾ ਤੇ ਸੁਣਾਉਣਾ ਹੈ । (ਇਸ ਲਈ) ਨਾਨਕ ਸਦਾ ਕਾਇਮ ਰਹਿਣ ਵਾਲਾ ਨਾਮ ਉਚਾਰਦਾ ਹੈ ।੪।੧।੧੩।

## ਸਾਰੰਸ਼ ਅਤੇ ਸਿਧਾਂਤ

ਭੈਰਉ ਮਹਲਾ ੫ ਪੰਨਾ ੧੧੪੫ ਉਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਨਾਮ ਦੀ ਮਹਿਮਾ ਕਰਦਿਆਂ ਸਭ ਤੋਂ ਉਤਮ ਕੰਮ ਨਾਮ ਦਾ ਜਪਣਾ ਦਸਿਆ ਹੈ । 'ਗੁਰਿ ਪੂਰੈ ਦ੍ਰਿੜਿਓ ਹਰਿ ਨਾਮੁ ॥ ਸਭ ਤੇ ਊਤਮੁ ਹਰਿ ਹਰਿ ਕਾਮੁ ॥' ਇਸ ਸ਼ਬਦ ਵਿਚ ਨਿਮਰਤਾ ਰਾਹੀਂ ਜੋਦੜੀ ਕੀਤੀ ਹੈ "ਤੇਰਾ ਕੀਆ ਕਿਰਮ ਜੰਤੁ ॥ ਦੇਹਿ ਤ ਜਾਪੀ ਆਦਿ ਮੰਤੁ"। ਆਦਿ, ਮੰਤ੍ਰ ਕਿਹੜਾ ਹੈ ? ਜਿਹੜਾ ਆਦਿ ਵਿਚ ਸਚੁ ਸੀ ਜੁਗਾਦਿ ਵਿਚ, ਸਚ ਸੀ, ਜਿਹੜਾ ਹੁਣ ਵੀ ਸਚ ਰੂਪ ਵਿਚ ਕਾਇਮ ਹੈ,ਅਤੇ ਆਉਣ ਵਾਲੇ ਸਮੇਂ ਵਿਚ ਵੀ ਸਚ ਰਹੇਗਾ । ਗੁਰੂ ਜੀ ਦਾ ਅੰਮ੍ਰਿਤ ਵਾਕ ਹੈ -

ਸਤਿ ਧਿਆਵਹੁ ਆਦਿ ਸਤੇ ਜੁਗਾਦਿ ਸਤੇ,
ਪਰਤਖ ਸਤੇ, ਸਦਾ ਸਦਾ ਸਤੇ,..॥ [ਪੰਨਾ ੧੩੧੫
ਸਚੁ ਮੰਤ੍ਰ ਤੁਮਾਰਾ ਅੰਮ੍ਰਿਤ ਬਾਣੀ ॥ਸੀਤਲ ਪੁਰਖ ਦ੍ਰਿਸਟਿ ਸੁਜਾਣੀ॥[ਪੰਨਾ ੫੬੨

'ਸਚੁ ਮੰਤ੍ਰ ਹੈ', ਇਸ ਮੰਤ੍ਰ ਨੂੰ ਹੀ ਧਿਆਉਣ ਤੇ ਸਿਮਰਨ ਦੀ ਲੋੜ ਹੈ ।

**ਬਸੰਤੁ ਮਹਲਾ ੩ ॥ ਬਨਸਪਤਿ ਮਉਲੀ, ਚੜਿਆ ਬਸੰਤੁ ॥ ਇਹੁ ਮਨੁ ਮਉਲਿਆ, ਸਤਿਗੁਰੂ ਸੰਗਿ ॥੧॥ ਤੁਮ੍ ਸਾਚੁ ਧਿਆਵਹੁ, ਮੁਗਧ ਮਨਾ ॥ ਤਾਂ ਸੁਖੁ ਪਾਵਹੁ, ਮੇਰੇ ਮਨਾ ॥੧॥ ਰਹਾਉ ॥ ਇਤੁ ਮਨਿ ਮਉਲਿਐ, ਭਇਆ ਅਨੰਦੁ ॥ ਅੰਮ੍ਰਿਤ ਫਲੁ ਪਾਇਆ ਨਾਮੁ ਗੋਬਿੰਦ ॥੨॥ ਏਕੋ ਏਕੁ, ਸਭੁ ਆਖਿ ਵਖਾਣੈ ॥ ਹੁਕਮੁ ਬੂਝੈ, ਤਾ ਏਕੋ ਜਾਣੈ ॥੩॥ ਕਹਤ ਨਾਨਕੁ, ਹਉਮੈ ਕਹੈ ਨ ਕੋਇ ॥ ਆਖਣੁ ਵੇਖਣੁ ਸਭੁ, ਸਾਹਿਬ ਤੇ ਹੋਇ ॥੪॥੨॥੧੪॥**

ਪਦ ਅਰਥ : ਬਨਸਪਤਿ-ਵੱਡੇ ਵਡੇ ਬ੍ਰਿਛ ਘਾਹ ਬੂਟੇ ਆਦਿ । ਮਉਲੀ-ਹਰੀ ਭਰੀ ਹੋ ਗਈ,

ਖਿੜ ਪਈ । ਸੰਗਿ-ਨਾਲ ।੧। ਮੁਗਧ ਮਨਾ-ਹੇ ਮੂਰਖ ਮਨ ! । ਸੁਖੁ-(ਆਤਮਿਕ) ਸੁਖ ।੧। ਰਹਾਉ ।

ਇਤੁ-ਇਸ । ਇਤੁ ਮਨਿ ਮਉਲਿਐ-ਇਸ ਮਨ ਦੇ ਖਿੜਨ ਨਾਲ । ਅਨੰਦੁ-ਆਤਮਿਕ ਖੇੜਾ । ਅੰਮ੍ਰਿਤ ਫਲੁ-(ਅੰਮ੍ਰਿਤ ਨਾਮ) ਦਾ ਫਲ ।੨।

ਏਕੋ ਏਕੁ-ਇਕੋ ਇਕ ਕੇਵਲ ਇਕ । ਆਖਿ-ਆਖ ਕੇ । ਵਖਾਣੈ-ਬਿਆਨ ਕਰਦਾ ਹੈ ।੩। ਕਹਤ ਨਾਨਕੁ-ਨਾਨਕ ਆਖਦਾ ਹੈ । ਸਾਹਿਬ ਤੇ-ਮਾਲਕ ਤੋਂ ।੪।

**ਅਰਥ** : (ਹੇ ਭਾਈ ! ਜਿਵੇਂ) ਬਸੰਤ ਚੜਿਆ, (ਸਾਰੀ ਬਨਸਪਤੀ ਖਿੜ ਗਈ (ਭਾਵ ਘਾਹ, ਬੂਟੇ, ਰੁਖ ਸਭ ਹਰੇ-ਭਰੇ ਹੋ ਗਏ ਹਨ, ਤਿਵੇਂ) ਇਹ ਮਨ ਵੀ (ਜੋ ਸੁੱਕਾ ਪਿਆ ਸੀ) ਸਤਿਗੁਰੂ ਦਾ ਸੰਗ ਕਰਕੇ ਖਿੜ ਪਿਆ (ਭਾਵ ਆਤਮਿਕ ਜੀਵਨ ਵਿਚ ਹੁਲਾਰਾ ਆ ਗਿਆ) ।੧।

(ਹੁਣ ਉਪਦੇਸ਼ ਦਿੰਦੇ ਹਨ) ਹੇ ਮੂਰਖ ਮਨ ! ਤੂੰ ਸਦਾ ਥਿਰ ਰਹਿਣ ਵਾਲੇ ਪਰਮਾਤਮਾ ਨੂੰ ਸਿਮਰ । ਹੇ ਮੇਰੇ ਮਨ ! (ਜੇ ਸਿਮਰੇਂਗਾ) ਤਾਂ ਹੀ (ਆਤਮਿਕ) ਸੁਖ ਪ੍ਰਾਪਤ ਕਰ ਸਕੇਂਗਾ ।੧। ਰਹਾਉ ।

(ਹੇ ਭਾਈ!) ਇਸ ਮਨ ਦੇ ਹਰਾ-ਭਰਾ ਹੋਣ ਨਾਲ (ਹਿਰਦੇ ਵਿਚ ਆਤਮਿਕ) ਅਨੰਦ ਪੈਦਾ ਹੋ ਗਿਆ ਹੈ। ਗੋਬਿੰਦ (ਪ੍ਰਭੂ)ਦਾ ਅਮਰ-ਜੀਵਨ ਦੇਣ ਵਾਲਾ ਨਾਮ-ਫਲ(ਗੁਰੂ ਤੋਂ)ਪ੍ਰਾਪਤ ਕਰ ਲਿਆ ਹੈ।੨।

(ਹੇ ਭਾਈ !) ਸਾਰੇ ਹੀ (ਮੂੰਹ ਜ਼ਬਾਨੀ) ਆਖਦੇ ਹਨ ਕਿ ਇਕ ਪਰਮਾਤਮਾ (ਹੀ ਸਭ ਪਾਸੇ ਤੇ ਸਭ ਦੇ ਅੰਦਰ ਵਿਆਪਕ ਹੈ ਪਰ ਜਦੋਂ ਮਨੁੱਖ ਰਬੀ) ਹੁਕਮ ਨੂੰ ਸਮਝਦਾ ਹੈ ਤਾਂ (ਸਹੀ ਅਰਥਾਂ ਵਿਚ) ਇਕ ਨੂੰ ਜਾਣਦਾ ਹੈ ।੩।

ਨਾਨਕ (ਗੁਰੂ ਜੀ) ਆਖਦੇ ਹਨ (ਕਿ ਜਦੋਂ ਮਨੁੱਖ ਰਬੀ-ਹੁਕਮ ਨੂੰ ਬੁਝ ਲੈਂਦਾ ਹੈ ਓਦੋਂ) ਕੋਈ ਵੀ ਮੈਂ-ਮੇਰੀ ਨਹੀਂ ਕਰਦਾ । (ਕਿਉਂਕਿ ਉਸ ਨੂੰ ਇਹ ਸੋਝੀ ਆ ਜਾਂਦੀ ਹੈ ਕਿ) ਜੋ ਆਖਣ ਤੇ ਵੇਖਣ (ਵਾਲੀ ਗਲ ਹੈ, ਉਹ) ਸਭ ਮਾਲਕ ਤੋਂ (ਮਿਲੀ ਪ੍ਰੇਰਨਾ ਅਨੁਸਾਰ ਹੀ) ਹੁੰਦੀ ਹੈ ।੪।੨।੧੪।

## ਸਾਰੰਸ਼ ਅਤੇ ਸਿਧਾਂਤ

ਕੁਦਰਤਿ ਦੀ ਹਰੇਕ ਚੀਜ਼ ਮਨੁਖੀ ਜੀਵਨ ਉਤੇ ਆਪਣਾ ਪ੍ਰਭਾਵ ਪਾਉਂਦੀ ਹੈ ਕਿਉਂਕਿ ਮਨੁਖ ਦਿਨ ਰਾਤ, ਰੁੱਤਾਂ ਵਿਚ ਹੀ ਵਿਚਰਦਾ ਹੈ ।

ਬਸੰਤ ਚੜ੍ਹਨ ਨਾਲ ਧਰਤੀ ਉਤੇ ਘਾਹ ਬੂਟੇ ਰੁਖ ਅਰਥਾਤ ਸਾਰੀ ਬਨਸਪਤੀ ਹੀ ਖਿੜ ਜਾਂਦੀ ਹੈ, ਉਸ ਵਿਚ ਸੁਗੰਧੀ ਭਰੀ ਜਾਂਦੀ ਹੈ । ਇਸੇ ਤਰ੍ਹਾਂ ਜੋ ਸੁੱਕਾ ਹੋਇਆ ਮਨ ਹੈ ਜਦੋਂ ਸਦਾ ਬਸੰਤ ਰੂਪ ਸਤਿਗੁਰੂ ਨਾਲ ਸੰਗਤ ਕਰਦਾ ਹੈ ਤਾਂ ਇਸ ਦਾ ਤਨ ਮਨ ਹਰਾ ਭਰਾ ਹੋ ਜਾਂਦਾ ਹੈ । ਗੁਰੂ ਦੀ ਛੁਹ ਨਾਲ ਇਸ ਦੇ ਅੰਦਰ ਮਸਤੀ ਆਉਂਦੀ ਹੈ, ਚਾਅ ਚੜ੍ਹਦਾ ਹੈ ਫਿਰ ਮਨ ਨੂੰ ਇਉਂ ਪ੍ਰੇਰਨਾ ਮਿਲਦੀ ਹੈ :

**ਤੁਮ ਸਾਚੁ ਧਿਆਵਹੁ ਮੁਗਧ ਮਨਾ ॥ ਤਾਂ ਸੁਖੁ ਪਾਵਹੁ ਮੇਰੇ ਮਨਾ ॥**

ਮਨ ਨੂੰ ਹਰ ਵੇਲੇ ਸੁਖ ਦੀ ਭੁੱਖ ਲਗੀ ਰਹਿੰਦੀ ਹੈ ਪਰ ਸੁਆਦਲਾ ਜੀਵਨ ਬਣਾਉਣ ਲਈ ਨਾਮ ਸਿਮਰਨ ਦੀ ਅਤਿਅੰਤ ਲੋੜ ਹੈ । ਇਸ ਦਾ ਜੋ ਫਲ ਹੁੰਦਾ ਹੈ ਉਹ ਜੀਵਨ ਨੂੰ ਸਦਾ ਲਈ ਅਮਰ ਬਣਾ ਦਿੰਦਾ ਹੈ ।

ਇਸ ਸ਼ਬਦ ਵਿਚ ਸਿਧਾਂਤਕ ਨੁਕਤਾ ਇਹ ਹੈ ਕਿ ਗੱਲਾਂ ਨਾਲ ਹਰ ਕੋਈ ਆਖਦਾ ਹੈ ਕਿ ਪਰਮਾਤਮਾ ਇਕ ਹੈ ਪਰ ਇਸ ਗਲ ਨੂੰ ਵਰਤੋਂ ਵਿਚ ਕੇਵਲ ਓਹੀ ਮਨੁੱਖ ਲਿਆਉਂਦਾ ਹੈ ਜੋ ਰਬੀ-ਹੁਕਮ ਨੂੰ ਸਮਝਦਾ ਹੈ। ਜੋ ਰਬ ਨਾਲ ਸਾਂਝ ਪਾਉਂਦਾ ਹੈ,ਉਸ ਦੇ ਅੰਦਰੋਂ ਹਉਮੈਂ ਦਾ ਅਭਾਵ ਹੋ ਜਾਂਦਾ ਹੈ।

**ਬਸੰਤੁ ਮਹਲਾ ੩ ॥ ਸਭਿ ਜੁਗ, ਤੇਰੇ ਕੀਤੇ ਹੋਏ ॥ ਸਤਿਗੁਰੁ ਭੇਟੈ, ਮਤਿ ਬੁਧਿ ਹੋਏ ॥੧॥ ਹਰਿ ਜੀਉ, ਆਪੇ ਲੈਹੁ ਮਿਲਾਇ ॥ ਗੁਰ ਕੈ ਸਬਦਿ, ਸਚ ਨਾਮਿ ਸਮਾਇ ॥੧॥ ਰਹਾਉ ॥ ਮਨਿ ਬਸੰਤੁ, ਹਰੇ ਸਭਿ ਲੋਇ ॥ ਫਲਹਿ ਫੁਲੀਅਹਿ, ਰਾਮਨਾਮਿ ਸੁਖੁ ਹੋਇ ॥੨॥ ਸਦਾ ਬਸੰਤੁ, ਗੁਰ ਸਬਦੁ ਵੀਚਾਰੇ ॥ ਰਾਮਨਾਮੁ ਰਾਖੈ ਉਰ ਧਾਰੇ ॥੩॥ ਮਨਿ ਬਸੰਤੁ, ਤਨੁ ਮਨੁ ਹਰਿਆ ਹੋਇ ॥ ਨਾਨਕ, ਇਹੁ ਤਨੁ ਬਿਰਖੁ, ਰਾਮ ਨਾਮੁ ਫਲੁ ਪਾਏ ਸੋਇ ॥੪॥੩॥੧੫॥**

## ਉਚਾਰਨ ਸੇਧ

**ਬਿੰਦੀ ਸਹਿਤ :** ਫਲਹਿਂ, ਫੁਲੀਅਹਿਂ।

**ਪਦ ਅਰਥ :** ਸਤਿਗੁਰੁ ਭੇਟੈ-(ਜੋ) ਸਤਿਗੁਰੂ ਨੂੰ ਮਿਲਦਾ ਹੈ (ਚਰਨ ਪਰਸਦਾ ਹੈ)। ਮਤਿ ਬੁਧਿ-ਸ੍ਰੇਸ਼ਟ ਅਕਲ। ਹੋਏ-(ਪੈਦਾ) ਹੁੰਦੀ ਹੈ।੧। ਹਰਿ ਜੀਉ-ਹੇ ਪ੍ਰਭੂ ਜੀ!। ਲੈਹੁ ਮਿਲਾਇ-ਮਿਲਾ ਲੈਂਦੇ ਹੋ। ਗੁਰ ਕੇ ਸਬਦਿ-ਗੁਰੂ ਦੇ ਸ਼ਬਦ (ਉਪਦੇਸ਼) ਦੁਆਰਾ। ਨਾਮਿ-ਨਾਮ ਵਿਚ। ਸਮਾਇ-ਲੀਨ ਹੋਇਆ ਰਹਿੰਦਾ ਹੈ ।੧।ਰਹਾਉ। ਮਨਿ ਬਸੰਤੁ-ਮਨ ਵਿਚ ਸਦਾ ਖਿੜੇ ਰਹਿਣ ਵਾਲਾ ਪ੍ਰਭੂ । ਹਰੇ-ਹਰੇ-ਭਰੇ । ਸਭਿ ਲੋਇ-ਸਾਰੇ ਲੋਕ । ਫਲਹਿ-ਫਲਦੇ ਹਨ । ਫੁਲੀਅਹਿ-ਫੁਲਦੇ ਹਨ (ਅਤੇ ਉਨ੍ਹਾਂ ਨੂੰ ਫਲ ਲਗਦੇ ਹਨ) ।੨। ਸਦਾ ਬਸੰਤ-ਸਦੀਵੀ ਖਿੜਾਉ । ਰਾਖੈ ਉਰਧਾਰੇ-ਹਿਰਦੇ ਵਿਚ ਟਿਕਾ ਕੇ ਰਖਦਾ ਹੈ ।੩। ਤਨੁ-ਸਰੀਰ । ਬਿਰਖੁ-ਰੁੱਖ । ਸੋਇ-ਉਹ (ਮਨੁੱਖ) ।੪।

**ਅਰਥ :** (ਹੇ ਪ੍ਰਭੂ !) ਸਾਰੇ ਜੁਗ ਤੇਰੇ ਹੀ ਬਣਾਏ ਹੋਏ ਹਨ । (ਜਿਹੜਾ ਮਨੁੱਖ) ਸਤਿਗੁਰੂ ਨੂੰ ਮਿਲਦਾ ਹੈ (ਉਸ ਦੇ ਮਨ ਵਿਚ) ਸ੍ਰੇਸ਼ਟ ਅਕਲ ਪੈਦਾ ਹੋ ਜਾਂਦੀ ਹੈ ।੧।

ਹੇ ਪ੍ਰਭੂ ! (ਜਿਸ ਮਨੁੱਖ ਨੂੰ ਤੁਸੀਂ) ਆਪ (ਪ੍ਰੇਰਨਾ ਦੇ ਕੇ ਆਪਣੇ ਨਾਲ) ਮਿਲਾ ਲੈਂਦੇ ਹੋ, (ਉਹ) ਗੁਰੂ ਉਪਦੇਸ਼ ਦੁਆਰਾ ਸਦਾ ਥਿਰ ਨਾਮ ਵਿਚ ਲੀਨ ਹੋਇਆ ਰਹਿੰਦਾ ਹੈ ।੧। ਰਹਾਉ ।

(ਹੇ ਭਾਈ ! ਜਿਸ ਮਨੁੱਖ ਦੇ) ਮਨ ਵਿਚ ਸਦਾ ਖਿੜੇ ਰਹਿਣ ਵਾਲਾ ਵਾਹਿਗੁਰੂ ਹੈ (ਉਸ ਨੂੰ) ਸਾਰੇ ਲੋਕ ਹਰੇ-ਭਰੇ ਦਿਸਦੇ ਹਨ । (ਉਹ ਨਾਮ ਵਿਚ) ਫਲਦੇ ਫੁਲਦੇ ਹਨ (ਅਤੇ ਉਨ੍ਹਾਂ ਨੂੰ) ਪਰਮਾਤਮਾ ਦੇ ਨਾਮ ਵਿਚ ਲਗ ਕੇ (ਆਤਮਿਕ) ਸੁਖ ਪ੍ਰਾਪਤ ਹੁੰਦਾ ਹੈ ।੨।

(ਹੇ ਭਾਈ ! ਜਿਹੜਾ ਮਨੁੱਖ) ਗੁਰ-ਸ਼ਬਦ ਨੂੰ ਵੀਚਾਰਦਾ ਹੈ, (ਉਸ ਦੇ ਅੰਦਰ) ਸਦਾ ਹੀ ਬਸੰਤ (ਆਤਮਿਕ ਖੇੜਾ ਬਣਿਆ) ਰਹਿੰਦਾ ਹੈ । (ਉਹ) ਪਰਮਾਤਮਾ ਦਾ ਨਾਮ (ਆਪਣੇ) ਹਿਰਦੇ ਵਿਚ ਟਿਕਾ ਕੇ ਰਖਦਾ ਹੈ ।੩।

(ਹੇ ਭਾਈ ! ਜਿਸ ਦੇ) ਮਨ ਵਿਚ ਨਾਮ ਹੈ (ਉਸ ਦਾ) ਸਰੀਰ ਤੇ ਮਨ (ਸਦਾ ਹੀ) ਹਰਾ-ਭਰਾ ਹੋਇਆ ਰਹਿੰਦਾ ਹੈ)। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਇਹ ਸਰੀਰ ਰੁਖ ਦੀ ਨਿਆਈ ਹੈ (ਪਰ ਜਿਹੜਾ ਗੁਰੂ ਨੂੰ ਮਿਲਦਾ ਹੈ) ਉਹ ਪਰਮਾਤਮਾ ਦਾ ਨਾਮ ਰੂਪੀ ਫਲ ਪ੍ਰਾਪਤ ਕਰ ਲੈਂਦਾ ਹੈ।੪।੨।੧੫।

## ਸਾਰੰਸ਼ ਅਤੇ ਸਿਧਾਂਤ

ਸਾਰੇ ਜੁਗ, ਸਮੇਂ ਪ੍ਰਭੂ ਦੇ ਆਪਣੇ ਬਣਾਏ ਹੋਏ ਹਨ, ਪਰ ਇਹ ਅਕਲ ਆਪਣੇ ਆਪ ਨਹੀਂ ਆਉਂਦੀ ਗੁਰੂ ਦੀ ਚਰਨੀ ਲਗਿਆਂ ਪਤਾ ਲਗਦਾ ਹੈ ਕਿ ਪਰਮੇਸ਼ਰ ਆਪ ਬਸੰਤ ਹੈ ਜੋ ਹਰ ਸਮੇਂ ਖਿੜਿਆ ਹੋਇਆ ਹੈ। ਜਿਹੜਾ ਜਗਿਆਸੂ ਗੁਰੂ ਦੇ ਉਪਦੇਸ਼ ਦੁਆਰਾ ਨਾਮ ਵਿਚ ਜੁੜ ਕੇ ਪਰਮੇਸ਼ਰ ਨੂੰ ਯਾਦ ਕਰਦਾ ਹੈ, ਉਸ ਦੇ ਭਾਣੇ ਸਦਾ ਹੀ ਬਸੰਤ ਰੂਪਮਾਨ ਹੋ ਰਹੀ ਹੈ। ਬਸੰਤ ਰੁਤ ਵਿਚ ਜਿਵੇਂ ਦਰਖਤਾਂ ਨੂੰ ਫਲ ਫੁਲ ਲਗਦੇ ਹਨ, ਇਸੇ ਤਰ੍ਹਾਂ ਜਿਹੜਾ ਮਨੁੱਖ ਮਨ ਤਨ ਕਰਕੇ ਪਰਮਾਤਮਾ ਨੂੰ ਸਿਮਰਦਾ ਹੈ ਉਸ ਨੂੰ ਪ੍ਰੇਮ ਰੂਪੀ ਫੁਲ ਅਤੇ ਨਾਮ ਰੂਪ ਅੰਮ੍ਰਿਤ ਫਲ ਪ੍ਰਾਪਤ ਹੋ ਜਾਂਦਾ ਹੈ।

**ਬਸੰਤੁ ਮਹਲਾ ੩ ॥ ਤਿਨ ਬਸੰਤੁ, ਜੋ ਹਰਿ ਗੁਣ ਗਾਇ ॥ ਪੂਰੈ ਭਾਗਿ, ਹਰਿ ਭਗਤਿ ਕਰਾਇ ॥੧॥ ਇਸੁ ਮਨ ਕਉ, ਬਸੰਤ ਕੀ ਲਗੈ ਨ ਸੋਇ ॥ ਇਹੁ ਮਨੁ ਜਲਿਆ, ਦੂਜੈ ਦੋਇ ॥੧॥ ਰਹਾਉ ॥ ਇਹੁ ਮਨੁ, ਧੰਧੈ ਬਾਂਧਾ ਕਰਮ ਕਮਾਇ ॥ ਮਾਇਆ ਮੂਠਾ, ਸਦਾ ਬਿਲਲਾਇ ॥੨॥ ਇਹੁ ਮਨੁ ਛੂਟੈ, ਜਾਂ ਸਤਿਗੁਰੁ ਭੇਟੈ ॥ ਜਮਕਾਲ ਕੀ ਫਿਰਿ ਆਵੈ ਨ ਫੇਟੈ ॥੩॥ ਇਹੁ ਮਨੁ ਛੂਟਾ, ਗੁਰਿ ਲੀਆ ਛਡਾਇ ॥ ਨਾਨਕ ਮਾਇਆ ਮੋਹੁ, ਸਬਦਿ ਜਲਾਇ ॥੪॥੪॥੧੬॥**

**ਪਦ ਅਰਥ :** ਤਿਨ ਬਸੰਤ-ਉਨ੍ਹਾਂ ਲਈ ਬਸੰਤ ਹੈ। ਜੋ-ਜਿਹੜਾ। ਗਾਇ-ਗਾਉਂਦਾ ਹੈ। ਪੂਰੈ ਭਾਗਿ-ਪੂਰੇ ਭਾਗਾਂ ਨਾਲ। ਭਗਤਿ ਕਰਾਇ-ਭਗਤੀ ਕਰਾਉਂਦਾ ਹੈ।੧।

ਸੋਇ-ਖਬਰ। ਜਲਿਆ-ਸੜਿਆ ਹੋਇਆ। ਦੂਜੈ ਦੋਇ-ਦ੍ਵੈਤ-ਭਾਵ ਅਥਵਾ ਦੁਚਿਤਾਪਨ ਵਿਚ।੧।ਰਹਾਉ।

ਧੰਧੈ ਬਾਧਾ-(ਦੁਨਿਆਵੀ) ਕਾਰਾਂ-ਵਿਹਾਰਾਂ ਵਿਚ ਜਕੜਿਆ ਹੋਇਆ। ਕਰਮ ਕਮਾਇ-ਕੰਮ ਕਰਦਾ ਹੈ। ਮਾਇਆ ਮੂਠਾ-ਮਾਇਆ ਦਾ ਠੱਗਿਆ ਹੋਇਆ।ਬਿਲਲਾਇ-ਵਿਲਕਦਾ(ਰੋਂਦਾ)ਰਹਿੰਦਾ ਹੈ।੨।

ਛੂਟੈ-ਛੁੱਟ ਜਾਂਦਾ ਹੈ, ਖ਼ਲਾਸ ਹੋ ਜਾਂਦਾ ਹੈ। ਜਾ-ਜਦੋਂ। ਸਤਿਗੁਰੁ ਭੇਟੇ-(ਜਦੋਂ ਜੀਵ) ਸਤਿਗੁਰੂ ਨੂੰ ਮਿਲਦਾ ਹੈ। ਜਮਕਾਲ ਕੀ-ਮੌਤ ਦੀ। ਫਿਰਿ-ਮੁੜ ਕੇ। ਫੇਟੈ- ਸੱਟ (ਮਾਰ) ਹੇਠਾਂ।੩।

ਛੂਟਾ-ਖਲਾਸ ਹੋ ਗਿਆ। ਗੁਰਿ-ਗੁਰੂ ਨੇ। ਮਾਇਆ ਮੋਹ-ਮਾਇਆ ਦੇ ਪਾਦਰਥਾਂ ਦਾ ਮੋਹ। ਸਬਦਿ-ਸ਼ਬਦ ਦੇ ਰਾਹੀਂ। ਜਲਾਇ-ਸਾੜ ਦੇਂਦਾ ਹੈ।੪।

**ਅਰਥ :** (ਹੇ ਭਾਈ !) ਜੋ ਪਰਮਾਤਮਾ ਦੇ ਗੁਣ ਗਾਉਂਦਾ ਹੈ (ਜਾਂ ਗਾਉਂਦੇ ਹਨ) ਉਨ੍ਹਾਂ ਲਈ (ਸਦਾ ਹੀ) ਬਸੰਤ (ਖੇੜੇ ਵਾਲਾ ਵਾਤਾਵਰਨ ਬਣਿਆ ਰਹਿੰਦਾ) ਹੈ। ਪੂਰੇ ਭਾਗਾਂ ਨਾਲ ਪਰਮਾਤਮਾ

(ਜੀਵ ਪਾਸੋਂ ਪ੍ਰੇਮਾਂ) ਭਗਤੀ ਕਰਾਉਂਦਾ ਹੈ ।੧।

(ਹੇ ਭਾਈ !) ਇਸ ਮਨ ਨੂੰ ਬਸੰਤ ਦੀ (ਭਾਵ ਆਤਮਿਕ ਖੇੜੇ ਦੀ) ਖਬਰ-ਸਾਰ ਹੀ ਨਹੀਂ ਲਗਦੀ (ਕਿਉਂਕਿ) ਇਹ ਮਨ ਦੂਜੇ ਭਾਵ, ਦ੍ਵੈਤ ਕਰਕੇ ਸੜਿਆ ਰਹਿੰਦਾ ਹੈ ।੧। ਰਹਾਉ ।

(ਹੇ ਭਾਈ !) ਇਹ ਮਨ (ਮਾਇਆ ਦੇ) ਧੰਧਿਆਂ ਵਿਚ ਬੱਧਾ ਹੋਇਆ (ਹਰੇਕ) ਕੰਮ ਕਰਦਾ ਹੈ । ਮਾਇਆ ਦਾ ਠਗਿਆ ਹੋਣ ਕਰਕੇ, ਸਦਾ ਵਿਲਕਦਾ (ਦੁਖੀ ਹੋਇਆ) ਰਹਿੰਦਾ ਹੈ ।੨।

(ਹੇ ਭਾਈ !) ਇਹ ਮਨ (ਓਦੋਂ ਮਾਇਆ ਦੇ ਬੰਧਨਾਂ ਚੋਂ) ਛੁਟਦਾ ਹੈ ਜਦੋਂ (ਇਸ ਨੂੰ) ਸਤਿਗੁਰੂ ਮਿਲਦਾ ਹੈ । ਫਿਰ (ਇਹ) ਮੌਤ ਦੀ ਸਟ (ਦੀ ਮਾਰ) ਹੇਠਾਂ ਨਹੀਂ ਆਉਂਦਾ ।੩।

ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਜਦੋਂ) ਮਨੁੱਖ ਨੇ (ਮਾਇਆ ਦਾ ਮੋਹ ਗੁਰੂ ਦੇ) ਸ਼ਬਦ ਦੁਆਰਾ ਸਾੜ ਦਿਤਾ (ਓਦੋਂ) ਇਹ ਮਨ (ਧੰਧਿਆਂ ਤੇ ਮੌਤ ਦੇ ਦੁਖਾਂ ਤੋਂ) ਛੁਟ ਗਿਆ (ਪਰ ਇਹ ਆਪਣੇ ਬਲ ਨਾਲ ਨਹੀਂ ਛੁਟਿਆ) ਸਤਿਗੁਰੂ ਨੇ (ਆਪਣੀ ਕਿਰਪਾ ਕਰਕੇ ਇਸ ਨੂੰ ਮਾਇਆ ਮੋਹ ਦੇ ਜਾਲ-ਕਾਲ ਤੋਂ) ਛੁੜਾ ਲਿਆ ।੪।੧੬।

## ਸਾਰੰਸ਼ ਅਤੇ ਸਿਧਾਂਤ

ਬਸੰਤ ਖੇੜੇ ਦਾ ਪ੍ਰਤੀਕ ਹੈ, ਹਰ ਥਾਂ ਹਰੀ ਦਾ ਖੇੜਾ ਖਿਲਰਿਆ ਹੋਇਆ ਹੈ । ਪਰ ਉਹ ਮਨੁੱਖ ਜਿਸ ਦੇ ਦਿਲ ਵਿਚ ਦੂਜਾ ਭਾਵ ਹੈ, ਉਹ ਈਰਖਾ ਦੀ ਅੱਗ ਵਿਚ ਸਦਾ ਸੜਦਾ ਰਹਿੰਦਾ ਹੈ, ਉਸ ਨੂੰ ਬਸੰਤ ਦੀ ਸਾਰ ਖ਼ਬਰ ਹੀ ਨਹੀਂ ਲਗਦੀ । ਉਹ ਜਿਹੜਾ ਕੰਮ ਕਰਦਾ ਹੈ, ਚਟੀ ਬੱਧਾ ਕਰਦਾ ਹੈ ਅਤੇ ਮਾਇਆ ਦੇ ਮੋਹ ਵਿਚ ਫਸਿਆ ਹੋਇਆ ਰੋਂਦਾ ਰਹਿੰਦਾ ਹੈ ।

ਸਿਧਾਂਤ ਇਹ ਹੈ ਕਿ ਪਰਮੇਸ਼ਰ ਦਾ ਖੇੜਾ ਤਾਂ ਹਰ ਵੇਲੇ ਮੌਜੂਦ ਹੈ ਪਰ ਮਨੁੱਖੀ ਮਨ ਵਿਚ ਦਵੈਤ ਤੇ ਈਰਖਾ ਦੇ ਭਾਂਬੜ ਬਲਦੇ ਰਹਿੰਦੇ ਹਨ । ਦੂਜਾ ਭਾਵ ਹੀ ਮਨੁੱਖੀ ਸੁਰਤਿ ਦੇ ਟਿਕਾਉ ਵਿਚ ਵਿਘਨ ਪਾਉਂਦਾ ਹੈ । ਗੁਰਵਾਕ ਹਨ :--

**ਦੂਜਾ ਭਾਉ ਨ ਦੇਈ ਲਿਵ ਲਾਗਣਿ, ਜਿਨਿ ਹਰਿ ਕੇ ਚਰਣ ਵਿਸਾਰੇ॥**(ਪੰ. ੭੯੬

ਭਾਈ ਗੁਰਦਾਸ ਜੀ ਨੇ ਵਿਛੋੜੇ ਦੀ ਦੁਬਿਧਾ ਬਾਰੇ ਕਬਿਤ ਨੰ. ੪੪੭ ਵਿਚ ਲਿਖਿਆ ਹੈ ਕਿ ਇਕ ਬ੍ਰਾਹਮਣ ਜੋ ਅਨਿਨ ਵੈਸ਼ਨਵ ਭਗਤ ਵਿਚ ਸਾਲਗ੍ਰਾਮ ਦੀ ਸੇਵਾ ਕਰਦਾ ਸੀ, ਗੀਤਾ ਤੇ ਸ੍ਰੀ ਮਦ ਭਗਵਤ ਦਾ ਸ੍ਰੋਤਾ ਤੇ ਵਕਤਾ ਸੀ (ਅਤੇ) ਆਪਣੇ ਆਪ ਨੂੰ ਇਕ ਭਗਵਾਨ ਦੀ ਭਗਤੀ ਕਰਨ ਵਾਲਾ ਕਹਾਉਂਦਾ ਸੀ। ਉਹ ਤੀਰਥ ਅਥਵਾ, ਧਰਮ ਅਸਥਾਨ ਦੀ ਯਾਤਰਾ ਤੇ ਜਾਣ ਲਈ ਪੰਡਤ ਤੋਂ ਚੰਗਾ ਮਹੂਰਤ ਕਢਾ ਕੇ ਟੁਰ ਪਿਆ ਜਦੋਂ ਉਹ ਘਰੋਂ ਬਾਹਰ ਨਿਕਲਿਆ ਤਾਂ ਉਸ ਨੂੰ ਅਗੋਂ ਖੋਤਾ ਤੇ ਕੁਤਾ ਮਿਲ ਗਿਆ, ਇਹ ਬਦ-ਸ਼ਗਨੀ ਵੇਖ ਕੇ ਉਹ ਘਰ ਨੂੰ ਮੁੜ ਆਇਆ । ਇਸੇ ਤਰ੍ਹਾਂ ਜਿਹੜਾ ਮਨੁੱਖ ਉਸ ਪਤਿਬ੍ਰਤਾ ਇਸਤ੍ਰੀ ਵਾਲੀ ਰਹਿਣੀ ਰਹਿ ਕੇ ਇਕ ਪਤੀ ਤੇ ਟੇਕ ਨਹੀਂ ਰਖ ਸਕਦਾ, ਉਹ ਦੁਬਿਧਾ ਵਿਚ ਫਸਿਆ ਮਨੁੱਖ ਪਰਮ ਪਦਵੀ ਨਹੀਂ ਪਾ ਸਕਦਾ:--

ਪਤਿਬ੍ਰਤ ਗਹਿ ਰਹਿ ਸਕਤ ਨ ਏਕਾ ਟੇਕ

ਦੁਬਿਧਾ ਅੰਤਿ ਨ ਪਰਮ ਪਦੁ ਪਾਵਹੀ॥ [ਪੰਨਾ ੪੪੭

**ਬਸੰਤੁ ਮਹਲਾ ੩ ॥ ਬਸੰਤੁ ਚੜਿਆ, ਫੂਲੀ ਬਨਰਾਇ ॥ ਏਹਿ ਜੀਅ ਜੰਤ ਫੂਲਹਿ, ਹਰਿ ਚਿਤੁ ਲਾਇ ॥੧॥ ਇਨ ਬਿਧਿ, ਇਹੁ ਮਨੁ ਹਰਿਆ ਹੋਇ ॥ ਹਰਿ ਹਰਿ ਨਾਮੁ ਜਪੈ ਦਿਨੁ ਰਾਤੀ, ਗੁਰਮੁਖਿ ਹਉਮੈ ਕਢੈ ਧੋਇ ॥੧॥ ਰਹਾਉ ॥ ਸਤਿਗੁਰ ਬਾਣੀ, ਸਬਦੁ ਸੁਣਾਏ ॥ ਇਹੁ ਜਗੁ ਹਰਿਆ, ਸਤਿਗੁਰ ਭਾਏ ॥੨॥ ਫਲ ਫੂਲ ਲਾਗੇ, ਜਾਂ ਆਪੇ ਲਾਏ ॥ ਮੂਲਿ ਲਗੈ, ਤਾਂ ਸਤਿਗੁਰੁ ਪਾਏ ॥੩॥ ਆਪਿ ਬਸੰਤੁ, ਜਗਤੁ ਸਭੁ ਵਾੜੀ ॥ ਨਾਨਕ, ਪੂਰੈ ਭਾਗਿ ਭਗਤਿ ਨਿਰਾਲੀ ॥੪॥੫॥੧੭॥**

**ਪਦ ਅਰਥ :** ਫੂਲੀ ਬਨਰਾਇ-ਬਨਸਪਤੀ ਖਿੜ ਪਈ ਹੈ। ਫੂਲਹਿ-ਪ੍ਰਫੁਲਤ ਹੁੰਦੇ ਹਨ। ਚਿਤੁ ਲਾਇ-ਚਿਤ ਲਾ ਕੇ ।੧। ਇਨ ਬਿਧਿ-ਇਸ ਤ੍ਰੀਕੇ ਨਾਲ। ਹਰਿਆ ਹੋਇ-(ਆਤਮਿਕ ਜੀਵਨ ਨਾਲ) ਖਿੜਦਾ ਹੈ। ਗੁਰਮੁਖਿ-ਗੁਰੂ ਦੁਆਰਾ। ਹਉਮੈ ਕਢੈ-ਹਉਮੈ (ਅੰਦਰੋਂ ਬਾਹਰ) ਕਢਦਾ ਹੈ। ਧੋਇ-(ਆਪਣਾ ਮਨ) ਧੋਂਦਾ ਹੈ ।੧। ਰਹਾਉ। ਸਬਦੁ-ਉਪਦੇਸ਼। ਸਤਿਗੁਰ ਭਾਏ-ਸਤਿਗੁਰੂ ਦੇ ਪਿਆਰ ਵਿਚ ।੨। ਜਾਂ-ਜਦੋਂ। ਮੂਲਿ ਲਗੈ-(ਜਗਤ ਦੇ ਮੁੱਢ) ਪਰਮਾਤਮਾ ਵਿਚ ਜੁੜਦਾ ਹੈ ।੩। ਆਪਿ ਬਸੰਤੁ-(ਪ੍ਰਭੂ) ਆਪ ਬਸੰਤ ਹੈ। ਜਗਤੁ ਸਭੁ-ਸਾਰਾ ਸੰਸਾਰ। ਵਾੜੀ-ਬਗੀਚਾ ਹੈ। ਨਿਰਾਲੀ-ਅਦੁਤੀ, ਵਿਲਖਣ ।੪।

**ਅਰਥ :** (ਹੇ ਭਾਈ ! ਜਿਵੇਂ) ਬਸੰਤ ਚੜ੍ਹਿਆ (ਸਾਰੀ) ਬਨਸਪਤੀ ਖਿੜ ਪਈ ਹੈ (ਇਸੇ ਤਰ੍ਹਾਂ) ਇਹ (ਸਾਰੇ) ਜੀਵ ਜੰਤੂ ਪਰਮਾਤਮਾ ਵਿਚ ਚਿਤ ਲਾ ਕੇ ਪ੍ਰਫੁਲਤ ਹੋ ਗਏ ਹਨ ।੧।

(ਜਿਹੜਾ ਮਨੁੱਖ) ਪਰਮਾਤਮਾ ਦਾ ਨਾਮ ਦਿਨ ਰਾਤ (ਭਾਵ ਹਰ ਵੇਲੇ) ਜਪਦਾ ਹੈ, ('ਗੁਰੂ ਦੁਆਰਾ ਆਪਣੇ ਅੰਦਰੋਂ) ਹੰਗਤਾ ਦੀ (ਮੈਲ) ਧੋਕੇ (ਬਾਹਰ) ਕਢ ਦਿੰਦਾ ਹੈ। ਇਸ ਤਰੀਕੇ ਨਾਲ (ਉਸ ਦਾ) ਇਹ ਮਨ ਹਰਾ-ਭਰਾ (ਅਨੰਦਤ) ਹੋ ਜਾਂਦਾ ਹੈ ।੧। ਰਹਾਉ।

(ਹੇ ਭਾਈ !) ਸਤਿਗੁਰੂ ਦੀ (ਸਚੀ) ਬਾਣੀ ਗੁਰੂ ਦਾ ਉਪਦੇਸ਼ ਸੁਣਾਉਂਦੀ ਹੈ,(ਅਤੇ) ਗੁਰੂ ਦੇ ਭਾਣੇ ਵਿਚ ਲੱਗ ਕੇ ਇਹ ਸੰਸਾਰ ਹਰਿਆ ਭਰਿਆ ਹੋ ਜਾਂਦਾ ਹੈ ।੨।

(ਹੇ ਭਾਈ ! ਮਨੁਖਾ ਜੀਵਨ ਦੇ ਰੁੱਖ ਨੂੰ ਆਤਿਮਕ ਗੁਣਾ ਦੇ) ਫੁਲ ਫਲ (ਉਦੋਂ) ਲਗਣਗੇ ਜਦੋਂ (ਉਹ ਹਰੀ) ਆਪ ਲਾਏਗਾ। (ਇਸ ਲਈ ਜਦ ਮਨੁੱਖ) ਮੂਲ (ਹਰੀ) ਨਾਲ ਲਗਦਾ ਹੈ ਤਾਂ (ਉਹ) ਸਤਿਗੁਰੂ ਨੂੰ ਪਾ ਲੈਂਦਾ ਹੈ ।੩।

(ਹੇ ਭਾਈ ! ਪ੍ਰਭੂ) ਆਪ ਬਸੰਤ ਰੂਪ ਹੈ (ਅਤੇ) ਸਾਰਾ ਸੰਸਾਰ (ਉਸ ਸਿਰਜਣਹਾਰ ਦਾ) ਬਾਗ-ਬਗੀਚਾ ਹੈ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਪੂਰੇ ਭਾਗਾਂ ਨਾਲ (ਪਰਮੇਸ਼ਰ ਦੀ) ਅਦੁਤੀ ਭਗਤੀ (ਪ੍ਰਾਪਤ ਹੁੰਦੀ ਹੈ)।੪।੫।੧੭।

## ਅਰਥ ਭੇਦ ਅਤੇ ਨਿਰਣੈ

**ਸਤਿਗੁਰ ਬਾਣੀ ਸਬਦੁ ਸੁਣਾਏ ॥**

**ਇਹੁ ਜਗੁ ਹਰਿਆ ਸਤਿਗੁਰ ਭਾਏ ॥**

ਵਖ ਵਖ ਅਰਥ :

੧ ਸਤਿਗੁਰੂ ਬਾਣੀ ਕਰ ਬ੍ਰਹਮ ਕਾ ਉਪਦੇਸ਼ ਸੁਨਾਵਤ ਹੈਂ (ਇਹ ਜਗੁ) ਜੀਉ ਸਤਿਗੁਰੋਂ ਮੈਂ ਪ੍ਰੇਮ ਕਰਕੇ ਹਰਿਆ ਅਨੰਦੂ ਹੂਆ ਹੈ। [ਫ. ਸ.

੨. ਗੁਰੂ ਦੀ ਬਾਣੀ ਗੁਰੂ ਦੇ ਉਪਦੇਸ਼ ਸੁਣਾਂਦੀ ਹੈ ਅਤੇ ਗੁਰੂ ਦੇ ਭਾਣੇ ਵਿਚ ਲੱਗ ਕੇ ਇਹ ਸੰਸਾਰ ਹਰਿਆ ਭਰਿਆ ਹੋ ਜਾਂਦਾ ਹੈ। [ਸ਼ਬਦਾਰਥ

੩. (ਹੇ ਭਾਈ !) ਜਦੋਂ ਇਹ ਜਗਤ ਗੁਰੂ ਦੀ ਬਾਣੀ ਸੁਣਦਾ ਹੈ, ਗੁਰੂ ਦਾ ਸ਼ਬਦ ਸੁਣਦਾ ਹੈ ਅਤੇ ਗੁਰੂ ਦੇ ਪਿਆਰ ਵਿਚ ਮਗਨ ਹੁੰਦਾ ਤਦੋਂ ਇਹ ਆਤਮਕ ਜੀਵਨ ਨਾਲ ਹਰਾ-ਭਰਾ ਹੋ ਜਾਂਦਾ ਹੈ। [ਦਰਪਣ

੪. ਸਚੇ ਗੁਰੂ ਗੁਰਬਾਣੀ ਅਤੇ ਨਾਮ ਦਾ ਉਚਾਰਨ ਕਰਦੇ ਹਨ। ਸੱਚੇ ਗੁਰਾਂ ਦੇ ਰਾਹੀਂ, ਪਿਆਰ ਨਾਲ ਇਹ ਸੰਸਾਰ ਪ੍ਰਫੁਲਤ ਹੁੰਦਾ ਹੈ। [ਸ੍ਰ. ਮਨਮੋਹਨ ਸਿੰਘ ਐਡਵੋਕੇਟ

**ਨਿਰਣੈ :** ਇਤਨੀ ਸੌਖੀ ਪੰਕਤੀ ਦੇ ਅਰਥ ਵੀ ਵਿਦਵਾਨਾਂ ਨੇ ਇਤਨੇ ਔਖੇ ਬਣਾ ਦਿਤੇ ਹਨ ਕਿ ਪਾਠਕ ਦੇ ਪਲੇ ਇਕ ਅਰਥ ਨਹੀਂ ਪੈਂਦਾ ਜਿਸ ਨੂੰ ਉਹ ਅਪਨਾਅ ਸਕਣ। 'ਸਤਿਗੁਰ' ਦੇ ਅਰਥ ਨਿਖੇੜ ਕੇ 'ਸਤਿਗੁਰੂ' ਕਰਨੇ ਠੀਕ ਨਹੀਂ ਕਿਉਂਕਿ 'ਸਤਿਗੁਰ' ਪਦਾ ਦਾ 'ਰ' ਅਖਰ ਮੁਕਤਾ ਹੈ ਜਿਸ ਚੋਂ 'ਦੀ' ਦੇ ਅਰਥ ਪ੍ਰਗਟ ਹੁੰਦੇ ਹਨ। ਇਸ ਪੰਕਤੀ ਦੇ ਸਰਲ ਅਰਥ ਇਉਂ ਬਣਦੇ ਹਨ-

ਸਤਿਗੁਰ ਦੀ ਬਾਣੀ (ਸਤਿਗੁਰੂ ਦਾ) ਉਪਦੇਸ਼ ਸੁਣਾਉਂਦੀ ਹੈ। ਸਤਿਗੁਰ ਦੇ ਪ੍ਰੇਮ ਵਿਚ ਲਗ ਕੇ ਇਹ ਸੰਸਾਰ ਹਰਾ-ਭਰਾ (ਭਾਵ ਪ੍ਰਫੁਲਤ) ਹੋ ਜਾਂਦਾ ਹੈ। ਸੋ ਕੇਵਲ ਸ਼ਬਦਾਰਥ ਵਾਲੇ ਅਰਥ ਹੀ ਲਗ ਮਾਤਰੀ ਨੇਮਾਂ ਦੇ ਅਨੁਕੂਲ ਹਨ।

## ਸਾਰੰਸ਼ ਅਤੇ ਸਿਧਾਂਤ

ਮਨੁੱਖ ਨੂੰ ਹਰ ਵੇਲੇ ਪਦਾਰਥਾਂ ਦੀ ਤ੍ਰਿਸ਼ਨਾ ਤੇ ਸੁੱਖਾਂ ਦੀ ਭੁੱਖ ਲਗੀ ਰਹਿੰਦੀ ਹੈ। ਇਹ ਸੁੱਖਾਂ ਦੀ ਭਾਲ ਵਿਚ ਭਟਕਦਾ ਰਹਿੰਦਾ ਹੈ ਪਰ ਜਿਸ ਸੋਮੇ ਤੋਂ ਇਹ ਸੁਖ ਮਿਲਦੇ ਹਨ, ਉਸ ਨਾਲ ਜੁੜਨ ਤੋਂ ਅਵੇਸਲਾ ਰਹਿੰਦਾ ਹੈ। ਗੁਰਦੇਵ ਜੀ ਦੇ ਅੰਮ੍ਰਿਤ ਬਚਨ ਹਨ :

**ਸੁਖੁ ਨਾਹੀ ਰੇ ਹਰਿ ਭਗਤਿ ਬਿਨਾ ॥** [ਪੰਨਾ ੨੧੦

ਰਬੀ-ਭਗਤੀ ਤੋਂ ਬਿਨਾ ਸੁਖਾਂ ਦੀ ਪ੍ਰਾਪਤੀ ਅਸੰਭਵ ਹੈ। ਭਗਤੀ ਦੀ ਦਾਤਿ ਦੇਣ ਵਾਲਾ ਸ਼ਾਹ 'ਸਤਿਗੁਰੂ' ਹੈ। ਮਨੁੱਖ ਭਾਵੇਂ ਤਿੰਨਾਂ ਲੋਕਾਂ ਵਿਚ ਭਾਉਂਦਾ ਫਿਰੇ, ਜਿਤਨੇ ਮਰਜ਼ੀ ਹੀਲੇ ਵਸੀਲੇ ਕਰ ਲਏ, ਪਰ ਗੁਰੂ ਤੋਂ ਬਿਨਾ ਮਾਇਆ ਦੇ ਬੰਧਨਾਂ ਤੋਂ ਛੁਟਕਾਰਾ ਨਹੀ ਹੋ ਸਕਦਾ। ਸਤਿਗੁਰੂ ਦੀ ਪ੍ਰਾਪਤੀ ਭਾਗਾਂ ਨਾਲ ਹੁੰਦੀ ਹੈ, ਸਤਿਗੁਰੂ ਤੋਂ ਬਿਨਾ ਭਗਤੀ ਨਹੀਂ ਹੋ ਸਕਦੀ ਅਤੇ ਭਗਤੀ ਤੋਂ ਬਿਨਾ ਹਰੀ ਦਾ ਮਿਲਾਪ ਨਹੀਂ ਹੋ ਸਕਦਾ, ਇਹ ਸੌਦਾ ਬਖਸ਼ਿਸ਼ ਦਾ ਹੈ।

ਜਿਹੜੇ ਗੁਰਮੁਖ ਨਾਮ ਜਪਦੇ ਹਨ,ਓਹਨਾਂ ਦੇ ਮਨ ਹਰੀ ਦੇ ਨਾਮ ਅੰਮ੍ਰਿਤ ਨਾਲ ਭਿੱਜ ਜਾਂਦੇ ਹਨ ਅਤੇ ਨਾਮ ਸਿਮਰਨ ਦਾ ਸਦਕਾ ਓਹ ਪੁਰਸ਼ ਪਰਧਾਨ (ਸ਼੍ਰੋਮਣੀ) ਬਣ ਜਾਂਦੇ ਹਨ :

**ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ ॥** [ਪੰਨਾ ੨੬੩

ਸਿਧਾਂਤ ਇਹ ਹੈ ਕਿ ਗੁਰੂ ਦੁਆਰਾ ਭਗਤੀ ਕਰਨ ਵਾਲੇ ਮਨੁੱਖ ਪਾਰਸ ਗੁਰੂ ਨੂੰ ਭੇਟ ਕੇ ਪਾਰਸ ਰੂਪ ਹੋ ਜਾਂਦੇ ਹਨ ਉਨ੍ਹਾਂ ਦੀ ਹਰ ਥਾਂ ਸ਼ੋਭਾ ਹੁੰਦੀ ਹੈ ਕਿਉਂਕਿ ਉਹ ਗੁਰੂ ਪਰਮੇਸ਼ਰ ਨਾਲ ਅਭੇਦ ਹੋ ਜਾਂਦੇ ਹਨ।

## ਬਸੰਤੁ ਹਿੰਡੋਲ ਮਹਲਾ ੩ ਘਰੁ ੨

**ੴ ਸਤਿਗੁਰ ਪ੍ਰਸਾਦਿ ॥ ਗੁਰ ਕੀ ਬਾਣੀ ਵਿਟਹੁ ਵਾਰਿਆ ਭਾਈ, ਗੁਰ ਸਬਦ ਵਿਟਹੁ ਬਲਿ ਜਾਈ ॥ ਗੁਰੁ ਸਾਲਾਹੀ ਸਦ ਅਪਣਾ ਭਾਈ, ਗੁਰ ਚਰਣੀ ਚਿਤੁ ਲਾਈ ॥੧॥ ਮੇਰੇ ਮਨ, ਰਾਮ ਨਾਮਿ ਚਿਤੁ ਲਾਇ ॥ ਮਨੁ ਤਨੁ ਤੇਰਾ ਹਰਿਆ ਹੋਵੈ, ਇਕੁ ਹਰਿਨਾਮਾ ਫਲੁ ਪਾਇ ॥੧॥ਰਹਾਉ॥ ਗੁਰਿ ਰਾਖੇ ਸੇ ਉਬਰੇ ਭਾਈ, ਹਰਿ ਰਸੁ ਅੰਮ੍ਰਿਤੁ ਪੀਆਇ ॥ ਵਿਚਹੁ ਹਉਮੈ ਦੁਖੁ ਉਠਿ ਗਇਆ ਭਾਈ, ਸੁਖੁ ਵੂਠਾ ਮਨਿ ਆਇ ॥੨॥ ਧੁਰਿ ਆਪੇ ਜਿਨਾ ਨੋ ਬਖਸਿਓਨੁ ਭਾਈ, ਸਬਦੇ ਲਇਅਨੁ ਮਿਲਾਇ ॥ ਧੂੜਿ ਤਿਨਾ ਕੀ ਅਘੁਲੀਐ ਭਾਈ, ਸਤ ਸੰਗਤਿ ਮੇਲਿ ਮਿਲਾਇ॥੩॥ ਆਪਿ ਕਰਾਏ ਕਰੇ ਆਪਿ ਭਾਈ, ਜਿਨਿ ਹਰਿਆ ਕੀਆ ਸਭੁ ਕੋਇ ॥ ਨਾਨਕ, ਮਨਿ ਤਨਿ ਸੁਖੁ ਸਦ ਵਸੈ ਭਾਈ, ਸਬਦਿ ਮਿਲਾਵਾ ਹੋਇ ॥੪॥੧॥੧੮॥੧੨॥੧੮॥੩੦॥**

### ਉਚਾਰਨ ਸੇਧ

**ਬਿੰਦੀ ਸਹਿਤ :** ਵਿਟਹੁੰ, ਜਾਈਂ, ਸਾਲਾਹੀਂ, ਲਾਈਂ, ਵਿਚਹੁੰ।

**ਪਦ ਅਰਥ :** ਵਿਟਹੁ-ਤੋਂ। ਵਾਰਿਆ-ਕੁਰਬਾਨ, ਸਦਕੇ। ਭਾਈ-ਹੇ ਭਾਈ! । ਬਲਿ ਜਾਈ-ਮੈਂ ਬਲਿਹਾਰ ਜਾਂਦਾ ਹਾਂ। ਸਾਲਾਹੀ-ਮੈਂ ਸਲਾਹੁੰਦਾ ਹਾਂ। ਲਾਈ-ਮੈਂ ਲਾਉਂਦਾ ਹਾਂ।੧।

ਰਾਮ ਨਾਮਿ-ਪਰਮਾਤਮਾ ਦੇ ਨਾਮ ਵਿਚ। ਫਲੁ ਪਾਇ-ਫਲ ਪਾ ਕੇ।੧ਰਹਾਉ।

ਗੁਰਿ-ਗੁਰੂ ਨੇ। ਉਬਰੇ-ਬਚ ਗਏ, ਤਰ ਗਏ। ਪੀਆਇ-ਪਿਲਾ ਕੇ। ਦੁਖ ਉਠਿ ਗਇਆ-ਦੁਖ ਨਾਸ਼ ਹੋ ਗਿਆ। ਵੂਠਾ-ਵਸ ਗਿਆ। ਮਨਿ-ਮਨ ਵਿਚ।੨।

ਧੁਰਿ-ਧੁਰ ਦਰਗਾਹ ਤੋਂ। ਬਖਸਿਓਨੁ-ਉਸ (ਪਰਮਾਤਮਾ) ਨੇ ਬਖਸ਼ਿਆ। ਸਬਦੇ-ਸ਼ਬਦ ਦੁਆਰਾ। ਲਇਅਨੁ ਮਿਲਾਏ-ਉਸ ਪਰਮਾਤਮਾ ਨੇ ਮਿਲਾ ਲਏ ਹਨ। ਧੂੜਿ ਤਿਨਾ ਕੀ-ਉਨ੍ਹਾਂ ਦੀ (ਚਰਨ) ਧੂੜੀ ਨਾਲ ਅਘੁਲੀਐ-ਛੁਟੀਦਾ ਹੈ। ਮੇਲਿ-ਮੇਲ ਕੇ।੩।

ਜਿਨਿ-ਜਿਸ (ਪਰਮੇਸ਼ਰ) ਨੇ। ਹਰਿਆ ਕੀਆ-ਪ੍ਰਫੁਲਤ ਕੀਤਾ। ਮਨਿ ਤਨਿ-ਮਨ ਵਿਚ, ਸਰੀਰ ਵਿਚ। ਮਿਲਾਵਾ-ਮਿਲਾਪ।੪।

ਅਰਥ: (ਹੇ ਭਾਈ !) ਮੈਂ ਗੁਰੂ ਦੀ ਬਾਣੀ ਤੋਂ ਕੁਰਬਾਨ ਜਾਂਦਾ ਹਾਂ (ਅਤੇ)ਗੁਰੂ ਦੇ ਸ਼ਬਦ (ਉਪਦੇਸ਼) ਤੋਂ ਵਾਰਨੇ ਬਲਿਹਾਰਨੇ ਜਾਂਦਾ ਹਾਂ। (ਹੇ ਭਾਈ !) ਸਦਾ ਆਪਣੇ ਗੁਰੂ ਨੂੰ ਸਲਾਹੁੰਦਾ ਹਾਂ ਅਤੇ ਗੁਰੂ ਦੇ ਚਰਨਾਂ ਵਿਚ (ਆਪਣਾ) ਚਿਤ ਜੋੜਦਾ ਹਾਂ।੧।

ਹੇ ਮੇਰੇ ਮਨ ! (ਤੂੰ) ਪਰਮਾਤਮਾ ਦੇ ਨਾਮ ਵਿਚ ਚਿਤ ਜੋੜ। (ਹੇ ਭਾਈ !) ਹਰੀ ਨਾਮ ਦਾ (ਅੰਮ੍ਰਿਤ) ਫਲ ਪਾ ਕੇ ਤੇਰਾ ਮਨ ਹਰਾ-ਭਰਾ ਹੋ ਜਾਵੇਗਾ।੧।ਰਹਾਉ।

(ਹੇ ਭਾਈ !) ਜਿਹੜੇ ਮਨੁੱਖ ਗੁਰੂ ਨੇ) ਹਰੀ ਦਾ ਨਾਮ-ਰਸ ਅੰਮ੍ਰਿਤ ਪਿਲਾ ਕੇ ਰਖ ਲਏ (ਉਹ ਸੰਸਾਰ ਸਾਗਰ ਤੋਂ) ਤਰ ਗਏ। (ਹੇ ਭਾਈ !) (ਉਨ੍ਹਾਂ ਦੇ ਮਨ) ਵਿਚੋਂ ਹਉਮੈ ਦਾ ਦੁਖ ਨਾਸ਼ ਹੋ ਗਿਆ (ਅਤੇ) ਉਨ੍ਹਾਂ ਦੇ) ਮਨ ਵਿਚ (ਆਂਤਮਿਕ) ਸੁਖ ਆ ਵਸਿਆ ਹੈ।੨।

ਹੇ ਭਾਈ ! ਧੁਰ ਦਰਗਾਹ ਤੋਂ ਉਸ ਪਰਮਾਤਮਾ ਨੇ ਜਿਨ੍ਹਾਂ ਨੂੰ ਆਪ ਬਖਸ਼ ਲਿਆ, ਸ਼ਬਦ ਦੁਆਰਾ ਉਸ ਨੇ ਆਪਣੇ ਨਾਲ ਮਿਲਾ ਲਏ ਹਨ। ਹੇ ਭਾਈ ! ਉਨ੍ਹਾਂ ਦੀ (ਪਾਵਨ) ਧੂੜ ਨਾਲ ਛੁੱਟ ਜਾਈਦਾ ਹੈ, (ਉਹ ਪ੍ਰਭੂ) ਸਤ ਸੰਗਤ ਦੁਆਰਾ ਮੇਲ ਕੇ (ਆਪਣੇ ਚਰਨਾ ਨਾਲ) ਮਿਲਾ ਲੈਂਦਾ ਹੈ।੩।

ਹੇ ਭਾਈ! ਜਿਸ (ਪਰਮਾਤਮਾ) ਨੇ ਸਭ ਕੋਈ (ਭਾਵ ਸਾਰਾ)ਸੰਸਾਰ ਹਰਾ ਭਰਾ ਕੀਤਾ ਹੈ (ਉਹ ਪ੍ਰਭੂ ਹੀ) ਆਪ ਹੀ (ਜੀਵਾਂ ਤੋਂ ਸਭ ਕੁਝ) ਕਰਾਉਂਦਾ ਤੇ ਕਰਦਾ ਹੈ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ) ਕਿ ਹੇ ਭਾਈ! ਸ਼ਬਦ ਦੁਆਰਾ(ਜਿਸ ਮਨੁਖ ਦਾ)ਮਿਲਾਪ(ਪਰਮਾਤਮਾ ਨਾਲ ਹੋ ਜਾਂਦਾ ਹੈ ਉਸ ਦੇ)ਮਨ ਤੇ ਤਨ ਵਿਚ ਸਦਾ ਹੀ(ਆਤਮਿਕ)ਸੁਖ (ਅਨੰਦ)ਵਸਿਆ ਰਹਿੰਦਾ ਹੈ।੪।੧।੧੮।੧੨।੧੮।੩੦।

## ਸਾਰੰਸ਼ ਅਤੇ ਸਿਧਾਂਤ

ਪਿਤਾ ਗੁਰੂ ਅਮਰਦਾਸ ਜੀ ਦਾ ਗੁਰਬਾਣੀ ਨਾਲ ਇਤਨਾ ਪਿਆਰ ਹੈ ਜੋ ਕਥਨ ਤੋਂ ਰਹਿਤ ਹੈ। 'ਆਵਹੁ ਸਿਖ ਸਤਿਗੁਰ ਕੇ ਪਿਆਰਿਹੋ ਗਾਵਹੁ ਸਚੀ ਬਾਣੀ'ਰਾਹੀਂ ਹਾਂਕ ਮਾਰ ਕੇ ਸਭ ਨੂੰ ਬੁਲਾਂਦੇ ਹਨ।

ਇਕ ਵਾਰੀ ਭਾਈ ਸੁਧ ਸਿੰਘ ਜੀ ਰਾਗੀ ਫਰੂਕੇ ਵਾਲੇ ਅੰਮ੍ਰਿਤ ਵੇਲੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸਰਗੋਧਾ ਵਿਖੇ ਕੀਰਤਨ ਕਰ ਰਹੇ ਸਨ। ਭਾ. ਸਰਬ ਸਿੰਘ ਤੇ ਭਾਈ ਤਖਤ ਸਿੰਘ ਜੀ ਦਾ ਰਾਗੀ ਜਥਾ ਉਥੇ ਹੀ ਉਪਰਲੀ ਛਤ ਤੇ ਟਿਕਿਆ ਹੋਇਆ ਸੀ, ਹੇਠਲੀ ਛਤ ਤੇ ਇਕ ਕਮਰੇ ਵਿਚ ਨਾਮ-ਰਸੀਏ ਪੁਰਸ਼ ਰਹਿ ਰਹੇ ਸਨ। ਅੰਮ੍ਰਿਤ ਵੇਲੇ ਨਿਤਨੇਮ ਬਾਣੀਆਂ ਦਾ ਪਾਠ ਕਰਨ ਮਗਰੋਂ ਜਦੋਂ ਉਹ ਮਹਾਂ ਪੁਰਸ਼ ਕਮਰੇ ਚੋਂ ਬਾਹਰ ਨਿਕਲੇ, ਉਚੀ ਉਚੀ ਕਹਿਣ ਲਗ ਗਏ 'ਆਏ ਸਤਿਗੁਰੂ ਜੀ ! ਆਏ ਮਹਾਰਾਜ ਜੀ ! ਸਚੇ ਪਾਤਿਸ਼ਾਹ ਆ ਰਿਹਾ ਹਾਂ ਜੀ। 'ਭਾਈ ਸਰਬ ਸਿੰਘ ਜੀ ਇਹ ਅਵਾਜ਼ ਸੁਣ ਕੇ ਆਪਣੇ ਕਮਰੇ ਚੋਂ ਬਾਹਰ ਨਿਕਲੇ ਤੇ ਪੁਛਿਆ 'ਗੁਰਮੁਖ ਪਿਆਰਿਓ ! ਕਿਸ ਨੂੰ ਕਹਿ ਰਹੇ ਹੋ 'ਆਏ ਜੀ !' ਤੁਹਾਡੇ ਸਾਹਮਣੇ ਤਾਂ ਹੋਰ ਕੋਈ ਖੜਾ ਨਹੀਂ ਹੈ। ਤਾਂ ਉਹ ਕਹਿਣ ਲਗੇ, 'ਭਾਈ ਸਾਹਿਬ ਜੀ ! ਰਾਗੀ ਸਿੰਘ ਕੀਰਤਨ ਰਾਹੀਂ ਪਿਤਾ ਗੁਰੂ ਅਮਰਦਾਸ ਜੀ ਦਾ ਸੰਦੇਸ਼ ਦੇ ਰਹੇ ਸਨ ''ਆਵਹੁ ਸਿਖ ਸਤਿਗੁਰੂ ਪਿਆਰਿਹੋ, ਗਾਵਹੁ ਸਚੀ ਬਾਣੀ ॥' ਇਹ ਪਾਵਨ ਬਚਨ ਸੁਣ ਕੇ ਮੈਂ ਗੁਰੂ ਅਮਰਦਾਸ ਜੀ ਮਹਾਰਾਜ ਨੂੰ ਕਹਿ ਰਿਹਾ ਹਾਂ 'ਪਾਤਿਸ਼ਾਹ ਜੀ ! ਆ ਰਿਹਾ ਹਾਂ ਜੀ'।

ਸੋ ਬਾਣੀ ਨਾਲ ਇਹੋ ਜਿਹਾ ਪਿਆਰ ਹੀ ਸਹੀ ਅਰਥਾਂ ਵਿਚ ਇਕ ਅਲੌਕਿਕ ਪਿਆਰ ਹੁੰਦਾ ਹੈ। ਗੁਰੂ ਰਾਮ ਦਾਸ ਜੀ ਫੁਰਮਾਉਂਦੇ ਹਨ :–

**ਬਾਣੀ ਗੁਰੂ ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ ॥**
**ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ, ਪਰਤਖਿ ਗੁਰੂ ਨਿਸਤਾਰੇ ॥**

ਗੁਰੂ ਅਰਜਨ ਦੇਵ ਜੀ ਦੇ ਅੰਮ੍ਰਿਤ ਬਚਨ ਹਨ:

**ਮੈ ਗੁਰਬਾਣੀ ਆਧਾਰੁ ਹੈ, ਗੁਰਬਾਣੀ ਲਾਗਿ ਰਹਾਉ ॥** [ਪੰਨਾ ੭੫੯

ਚਿਤ ਲਾ ਕੇ ਗੁਰੂ ਦੀ ਸਿਫਤਿ ਸਲਾਹ ਕਰਨ ਨਾਲ ਮਨ ਹਰਾ-ਭਰਾ ਹੋ ਜਾਂਦਾ ਹੈ। ਗੁਰੂ ਦਾ ਸ਼ਬਦ ਹੀ ਗੁਰੂ ਨਾਲ ਮਿਲਾਪ ਦਾ ਵਸੀਲਾ ਹੈ। ਸਤਿਸੰਗਤ ਵਿਚ ਬੈਠ ਕੇ ਨਾਮ ਜਪਿਆਂ ਜੋ ਅੰਮ੍ਰਿਤ ਰਸ ਪ੍ਰਾਪਤ ਹੁੰਦਾ ਹੈ ਉਹ ਅਕਹਿ ਹੈ। ਹਉਮੈਂ ਦਾ ਦੁਖ ਦੂਰ ਹੋ ਜਾਂਦਾ ਹੈ ਗੁਰਬਾਣੀ ਦੀ ਬਰਕਤ ਨਾਲ ਆਤਮਿਕ ਸੁਖ ਮਨ ਵਿਚ ਆ ਵਸਦਾ ਹੈ। ਇਸ ਲਈ ਉਠਦਿਆਂ, ਬਹਿੰਦਿਆਂ ਗੁਰਬਾਣੀ ਦਾ ਜਾਪ ਕਰਨਾ ਚਾਹੀਦਾ ਹੈ।

"ਹਮਾਰੀ ਪਿਆਰੀ ਅੰਮ੍ਰਿਤ ਧਾਰੀ, ਗੁਰਿ ਨਿਮਖ ਨ ਮਨ ਤੇ ਟਾਰੀ ਰੇ" ਵਾਲੇ ਰਹੱਸ ਨੂੰ ਸਮਝਣ ਦੀ ਲੋੜ ਹੈ। ਜੇ ਸਿਖ ਗੁਰਬਾਣੀ ਨੂੰ ਪ੍ਰਾਣ-ਆਧਾਰ ਬਣਾ ਲਏ ਫਿਰ ਵੇਖੋ ਕਿਵੇਂ ਉਸ ਦੀ ਸੁਰਤਿ ਦਾ ਚੜ੍ਹਾਉ ਬਣਿਆ ਰਹਿੰਦਾ ਹੈ, ਅਤੇ ਕਿਵੇਂ ਹਰ ਵੇਲੇ 'ਰੰਗਿ ਰਤੇ ਬਿਸਮਾਦੋਂ' ਵਾਲੀ ਅਵਸਥਾ ਬਣੀ ਰਹਿੰਦੀ ਹੈ।

## ਰਾਗੁ ਬਸੰਤੁ ਮਹਲਾ ੪ ਘਰੁ ੧ ਇਕਤੁਕੇ

**੧ੴ ਸਤਿਗੁਰ ਪ੍ਰਸਾਦਿ ॥ ਜਿਉ ਪਸਰੀ ਸੂਰਜ ਕਿਰਣਿ ਜੋਤਿ ॥ ਤਿਉ ਘਟਿ ਘਟਿ ਰਮਈਆ, ਓਤਿ ਪੋਤਿ ॥੧॥ ਏਕੋ ਹਰਿ ਰਵਿਆ ਸ੍ਰਬ ਥਾਇ ॥ ਗੁਰ ਸਬਦੀ ਮਿਲੀਐ, ਮੇਰੀ ਮਾਇ ॥੧॥ ਰਹਾਉ ॥ ਘਟ ਘਟ ਅੰਤਰਿ, ਏਕੋ ਹਰਿ ਸੋਇ ॥ ਗੁਰਿ ਮਿਲਿਐ, ਇਕੁ ਪ੍ਰਗਟੁ ਹੋਇ ॥੨॥ ਏਕੋ ਏਕੁ ਰਹਿਆ ਭਰਪੂਰਿ ॥ ਸਾਕਤ ਨਰ ਲੋਭੀ, ਜਾਣਹਿ ਦੂਰਿ ॥੩॥ ਏਕੋ ਏਕੁ, ਵਰਤੈ ਹਰਿ ਲੋਇ ॥ ਨਾਨਕ, ਹਰਿ ਏਕੋੁ ਕਰੇ, ਸੁ ਹੋਇ ॥੪॥੧॥**

### ਉਚਾਰਨ ਸੇਧ

**ਬਿੰਦੀ ਸਹਿਤ** : ਜਿਉਂ, ਤਿਉਂ, ਥਾਇੰ, ਜਾਣਹਿੰ .

**ਫੁਟਕਲ** : 'ਏਕੋੁ' ਦੇ ਕਕੇ ਨੂੰ ਦੋ ਲੱਗਾਂ ਲਗੀਆਂ ਹਨ ਪਰ ਪਾਠ ਸਮੇਂ 'ਏਕੋ' ਉਚਾਰਨਾ ਹੈ।

**ਪਦ ਅਰਥ** : ਜਿਉਂ-ਜਿਵੇਂ। ਪਸਰੀ-ਫੈਲੀ ਹੋਈ ਹੈ। ਜੋਤਿ-ਪ੍ਰਕਾਸ਼, ਰੋਸ਼ਨੀ। ਤਿਉਂ-ਤਿਵੇਂ। ਘਟਿ ਘਟਿ-ਹਰੇਕ ਸਰੀਰ ਵਿਚ। ਰਮਈਆ-ਸੋਹਣਾ ਰਾਮ। ਓਤਿ ਪੋਤਿ-ਤਾਣੇ ਪੇਟੇ ਵਾਂਗ (ਉਣਿਆ ਹੋਇਆ ਹੈ)।੧। ਰਵਿਆ-ਵਿਆਪਕ ਹੈ। ਸ੍ਰਬ ਥਾਇ-ਸਭ ਥਾਵਾਂ ਤੇ। ਗਰ ਸਬਦੀ-ਗੁਰੂ ਦੇ ਸਬਦ

(ਉਪਦੇਸ਼) ਦੁਆਰਾ ਮੇਰੀ ਮਾਇ-ਹੇ ਮੇਰੀ ਮਾਂ! ।੧।ਰਹਾਉ। ਘਟ ਘਟ ਅੰਤਰਿ-ਹਰ ਸਰੀਰ ਦੇ ਅੰਦਰ । ਹਰਿ ਸੋਇ-ਓਹ ਹਰੀ । ਗੁਰਿ ਮਿਲਿਐ-ਗੁਰੂ ਦੇ ਮਿਲਣ ਨਾਲ । ਪ੍ਰਗਟੁ-ਪਰਤੱਖ ।੨। ਭਰਪੂਰਿ-ਭਰਿਆ ਹੋਇਆ, ਪਰੀ ਪੂਰਨ । ਸਾਕਤ ਨਰ-ਪਰਮਾਤਮਾ ਨਾਲੋਂ ਟੁਟੇ ਹੋਏ ਮਨੁੱਖ, ਮਾਇਆ ਸ਼ਕਤੀ ਦੇ ਉਪਾਸ਼ਕ । ਜਾਣਹਿ-ਜਾਣਦੇ ਹਨ ।੩। ਵਰਤੈ-ਵਰਤ ਰਿਹਾ ਹੈ, ਵਸ ਰਿਹਾ ਹੈ । ਲੋਇ-ਜਗਤ ਵਿਚ ।੪।

**ਅਰਥ :** (ਹੇ ਮੇਰੀ ਮਾਂ !) ਜਿਵੇਂ ਸੂਰਜ ਦੀ ਕਿਰਨ ਪ੍ਰਕਾਸ਼ ਰੂਪ ਵਿਚ (ਸਭ ਪਾਸੇ) ਫੈਲੀ ਹੋਈ ਹੈ, ਤਿਵੇਂ ਸੋਹਣਾ ਰਾਮ ਤਾਣੇ ਪੇਟੇ ਹਰੇਕ ਸਰੀਰ ਵਿਚ (ਮੌਜੂਦ) ਹੈ ।੧।

(ਹੇ ਮੇਰੀ ਮਾਂ !) ਉਹ ਇਕੋ ਪਰਮਾਤਮਾ ਹੀ ਸਭ ਥਾਵਾਂ ਤੇ ਵਿਆਪਕ ਹੋ ਰਿਹਾ ਹੈ (ਅਤੇ ਉਸਨੂੰ) ਗੁਰੂ ਦੇ ਸ਼ਬਦ ਦੁਆਰਾ ਮਿਲਿਆ ਜਾ ਸਕੀਦਾ ਹੈ ।੧। ਰਹਾਉ ।

(ਹੇ ਮੇਰੀ ਮਾਂ !) ਉਹ ਪਰਮਾਤਮਾ ਹਰੇਕ ਸਰੀਰ ਅੰਦਰ (ਮੌਜੂਦ) ਹੈ ਗੁਰੂ ਨਾਲ ਮਿਲਿਆਂ ਉਹ ਇਕ ਪਰਮਾਤਮਾ ਪਰਤੱਖ ਦਿਸ ਪੈਂਦਾ ਹੈ ।੨।

(ਹੇ ਮੇਰੀ ਮਾਂ !) ਇਕੋ ਇਕ (ਪਰਮਾਤਮਾ ਹੀ ਸਭ ਥਾਵਾਂ ਤੇ) ਵਿਆਪਕ ਹੋ ਰਿਹਾ ਹੈ (ਪਰ) ਰਬ ਤੋਂ ਟੁੱਟੇ ਹੋਏ ਲੋਭੀ ਮਨੁੱਖ (ਉਸ ਪ੍ਰਭੂ ਨੂੰ) ਦੂਰ (ਵਸਦਾ) ਜਾਣਦੇ ਹਨ ।੩।

(ਹੇ ਮਾਂ !) ਇਕੋ ਇਕ ਹਰੀ ਹੀ (ਸਾਰੇ) ਜਗਤ ਵਿਚ ਵਰਤ ਰਿਹਾ ਹੈ । ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਉਹ) ਇਕੋ ਹਰੀ (ਜੋ) ਕਰੇਗਾ ਉਹੀ ਹੋਵੇਗਾ ।੪।੧।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਦੀ ਰਹਾਉ ਵਾਲੀ ਪੰਕਤੀ ਤੋਂ ਸਪਸ਼ਟ ਹੈ ਕਿ ਇਕੋ ਪਰਮਾਤਮਾ ਹੀ ਸਭ ਥਾਵਾਂ ਤੇ ਵਿਆਪਕ ਹੋ ਰਿਹਾ ਹੈ ਅਤੇ ਉਸਦਾ ਮਿਲਾਪ ਗੁਰੂ ਦੇ ਸ਼ਬਦ ਰਾਹੀਂ ਹੀ ਹੋ ਸਕਦਾ ਹੈ, ਹੋਰ ਕੋਈ ਹੀਲਾ ਵਸੀਲਾ ਕੰਮ ਨਹੀਂ ਆ ਸਕਦਾ ।

ਜਿਹੜੇ ਪਰਮਾਤਮਾ ਨਾਲੋਂ ਟੁਟੇ ਹੋਏ ਹਨ, ਉਨ੍ਹਾਂ ਤੋਂ ਪਰਮਾਤਮਾ ਦੂਰ ਵਸਦਾ ਹੈ ਪਰ ਗੁਰੂ ਰਾਮਦਾਸ ਜੀ ਮਹਾਰਾਜ ਨੇ "ਜਿਉ ਪਸਰੀ ਸੂਰਜ ਕਿਰਣਿ ਜੋਤਿ" ਦਾ ਪ੍ਰਮਾਣ ਦੇ ਕੇ ਕੋਈ ਗਲ ਗੁਝੀ ਨਹੀਂ ਰਹਿਣ ਦਿਤੀ । ਲੋੜ ਹੈ ਬਿਅੰਨ ਅੱਖਾਂ ਦੀ ਜਿਨ੍ਹਾਂ ਨਾਲ ਉਸ ਰਬੀ ਜੋਤਿ ਦੇ ਦਰਸ਼ਨ ਹੁੰਦੇ ਹਨ । ਗੁਰੂ ਪਾਸੋਂ ਉਹ ਅੱਖਾਂ ਮੰਗੀਏ, ਫਿਰ ਇਧਰ ਉਧਰ ਭਟਕਣ ਦੀ ਲੋੜ ਨਹੀਂ ਪਏਗੀ ।

**ਬਸੰਤੁ ਮਹਲਾ ੪ ॥ ਰੈਣਿ ਦਿਨਸੁ ਦੁਇ, ਸਦੇ ਪਏ ॥ ਮਨ ਹਰਿ ਸਿਮਰਹੁ, ਅੰਤਿ ਸਦਾ ਰਖਿ ਲਏ ॥੧॥ ਹਰਿ ਹਰਿ ਚੇਤਿ ਸਦਾ, ਮਨ ਮੇਰੇ ॥ ਸਭੁ ਆਲਸੁ ਦੂਖ ਭੰਜਿ ਪ੍ਰਭੁ ਪਾਇਆ, ਗੁਰਮਤਿ ਗਾਵਹੁ ਗੁਣ ਪ੍ਰਭ ਕੇਰੇ ॥੧॥ ਰਹਾਉ ॥ ਮਨਮੁਖ ਫਿਰਿ ਫਿਰਿ, ਹਉਮੈ ਮੁਏ ॥ ਕਾਲਿ ਦੈਤਿ ਸੰਘਾਰੇ, ਜਮਪੁਰਿ ਗਏ ॥੨॥ ਗੁਰਮੁਖਿ, ਹਰਿ ਹਰਿ ਹਰਿ ਲਿਵ ਲਾਗੇ ॥ ਜਨਮ ਮਰਣ, ਦੋਊ ਦੂਖ ਭਾਗੇ ॥੩॥ ਭਗਤ ਜਨਾ ਕਉ, ਹਰਿ ਕਿਰਪਾ ਧਾਰੀ ॥ ਗੁਰੁ ਨਾਨਕ ਤੁਠਾ, ਮਿਲਿਆ ਬਨਵਾਰੀ ॥੪॥੨॥**

ਪਦ ਅਰਥ : ਰੈਣਿ-ਰਾਤ । ਦੁਇ-ਦੋਵੇਂ । ਸਦੇ ਪਏ-ਅਵਾਜ਼ਾਂ ਸੁਣਾਈ ਦੇ ਰਹੀਆਂ ਹਨ । ਅੰਤਿ-ਅੰਤ ਵੇਲੇ ।੧। ਚੇਤਿ-ਯਾਦ ਕਰ । ਆਲਸੁ ਦੂਖ ਭੰਜਿ-ਆਲਸ ਤੇ ਦੁਖਾਂ ਨੂੰ ਭੰਨ ਕੇ, ਨਾਸ਼ ਕਰਕੇ। ਗੁਰਮਤਿ-ਗੁਰੂ ਦੀ ਮਤਿ ਦੁਆਰਾ ।੧।ਰਹਾਉ। ਫਿਰਿ ਫਿਰਿ-ਮੁੜ ਮੁੜ ਕੇ । ਮੁਏ-ਮਰੇ ਹਨ । ਕਾਲਿ ਦੇਤਿ-ਕਾਲ ਦੈਂਤ ਨੇ । ਸੰਘਾਰੇ-ਮਾਰ ਦਿਤੇ। ਜਮ ਪੁਰਿ-ਗੁਰੂ ਅਨੁਸਾਰੀ ਮਨੁੱਖ । ਲਿਵ ਲਾਗੇ-ਲਿਵ ਵਿਚ ਲਗੇ ਭਾਵ ਮਗਨ ਹੋ ਗਏ। ਭਾਗੇ-ਭਜ ਗਏ, ਦੂਰ ਹੋ ਗਏ ।੩। ਹਰਿ-ਪਰਮਾਤਮਾ ਨੇ। ਕਿਰਪਾਧਾਰੀ-ਕਿਰਪਾ ਕੀਤੀ । ਤੁਠਾ-ਪ੍ਰਸੰਨ ਹੋਇਆ। ਬਨਵਾਰੀ-ਜਗਤ ਬਨ ਦਾ ਮਾਲਕ, ਪਰਮਾਤਮਾ ।੪।

ਅਰਥ: ਮੌਤ ਵਲੋਂ (ਜੀਆਂ ਨੂੰ) ਦਿਨ ਤੇ ਰਾਤ ਦੋਵੇਂ ਸਦੇ ਪੈ ਰਹੇ ਹਨ। ਹੇ ਮਨ! ਪਰਮਾਤਮਾ ਦਾ (ਨਾਮ) ਸਿਮਰੋ(ਜੋ)ਸਦਾ ਹੀ ਅੰਤ ਵੇਲੇ (ਮੌਤ ਦੇ ਦੁਖਾਂ ਤੋਂ) ਰਖ ਲੈਂਦਾ ਹੈ (ਭਾਵ ਬਚਾਅ ਲੈਂਦਾ ਹੈ) ।੧।

ਹੇ ਮੇਰੇ ਮਨ ! ਸਦਾ ਹੀ ਹਰੀ ਹਰੀ (ਨਾਮ ਨੂੰ) ਯਾਦ ਕਰ । (ਸਿਮਰਨ ਨਾਲ) ਸਭ ਆਲਸ ਤੇ ਦੁੱਖਾਂ ਦੇ ਨਾਸ਼ ਕਰਨ ਵਾਲਾ ਪ੍ਰਭੂ ਪਾਇਆ ਜਾਂਦਾ ਹੈ (ਇਸ ਲਈ ਹੇ ਭਾਈ !) ਗੁਰੂ ਦੀ ਮਤਿ ਦੁਆਰਾ ਪ੍ਰਭੂ ਦੇ ਗੁਣ ਗਾਇਨ ਕਰੋ ।੧। ਰਹਾਉ ।

(ਹੇ ਭਾਈ !) ਆਪ ਹੁਦਰੇ ਮਨੁੱਖ ਹਉਮੈ ਵਿਚ (ਲਗ ਕੇ) ਮੁੜ ਮੁੜ ਕੇ ਮੋਏ ਹਨ । ਕਾਲ ਰੂਪੀ ਦੈਂਤ ਨੇ (ਉਹ ਮਨੁੱਖ) ਮਾਰ ਦਿਤੇ ਹਨ (ਜਿਸ ਕਰਕੇ ਉਹ) ਜਮਪੁਰੀ ਵਿਚ ਗਏ ਹਨ ।੨।

(ਹੇ ਭਾਈ !) ਗੁਰੂ ਅਨੁਸਾਰੀ ਮਨੁੱਖ ਪਰਮਾਤਮਾ ਦੇ (ਨਾਮ ਦੀ) ਲਿਵ ਵਿਚ ਲਗੇ (ਭਾਵ ਮਗਨ ਰਹੇ, ਜਿਸ ਕਰਕੇ ਉਨ੍ਹਾਂ ਦੇ ਜਨਮ ਤੇ ਮਰਨ ਦੇ ਦੋਵੇਂ ਦੁਖ ਦੂਰ ਹੋ ਗਏ ਹਨ ।੩।

(ਹੇ ਭਾਈ!) ਭਗਤ ਜਨਾਂ ਉਤੇ ਪਰਮਾਤਮਾ ਨੇ (ਆਪਣੀ) ਕਿਰਪਾ ਕੀਤੀ । (ਉਨ੍ਹਾ ਉਤੇ) ਗੁਰੂ ਨਾਨਕ ਤੁਠ ਪਿਆ (ਪ੍ਰਸੰਨ ਹੋਇਆ ਤੇ ਉਨ੍ਹਾਂ ਨੂੰ) ਸੰਸਾਰ ਬਨ ਦਾ ਮਾਲਕ ਪ੍ਰਭੂ ਮਿਲ ਪਿਆ ।੪।੨।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਮਨ ਨੂੰ ਪਰਮਾਤਮਾ ਦਾ ਨਾਮ ਜਪਣ ਅਤੇ ਉਸਦੇ ਗੁਣ ਗਾਉਣ ਦਾ ਉਪਦੇਸ਼ ਦਿਤਾ ਹੈ । ਗੁਰਮੁਖ ਬਣ ਕੇ ਲਿਵ ਲਾ ਕੇ ਪਰਮੇਸ਼ਰ ਦਾ ਨਾਮ ਜਪਿਆਂ, ਗੁਰੂ ਨਾਨਕ ਪਾਤਿਸ਼ਾਹ ਤੁਠ ਪੈਂਦੇ ਹਨ । ਫਿਰ ਜਨਮ ਮਰਨ ਦਾ ਦੁਖ ਦੂਰ ਹੋ ਜਾਂਦਾ ਹੈ ਅਤੇ ਪ੍ਰਭੂ ਨਾਲ ਮਿਲਾਪ ਹੋ ਜਾਂਦਾ ਹੈ । ਸੋ, ਸਾਨੂੰ ਸੁਚੇਤ ਹੋਣਾ ਚਾਹੀਦਾ ਹੈ । ਦਿਨ ਰਾਤ ਨਾਮ-ਸਿਮਰਨ ਲਈ ਜਤਨਸ਼ੀਲ ਹੋਣ ਵਿਚ ਹੀ ਸਾਡਾ ਭਲਾ ਹੈ ।

## ਬਸੰਤੁ ਹਿੰਡੋਲ ਮਹਲਾ ੪ ਘਰੁ ੨ ॥

**ੴ ਸਤਿਗੁਰ ਪ੍ਰਸਾਦਿ ॥ ਰਾਮਨਾਮੁ ਰਤਨ ਕੋਠੜੀ, ਗੜ ਮੰਦਰਿ ਏਕ ਲੁਕਾਨੀ ॥ ਸਤਿਗੁਰੁ ਮਿਲੈ ਤ ਖੋਜੀਐ, ਮਿਲਿ ਜੋਤੀ ਜੋਤਿ ਸਮਾਨੀ ॥੧॥ ਮਾਧੋ, ਸਾਧੂ ਜਨ ਦੇਹੁ ਮਿਲਾਇ ॥ ਦੇਖਤ ਦਰਸੁ ਪਾਪ ਸਭਿ ਨਾਸਹਿ, ਪਵਿਤ੍ਰ ਪਰਮ ਪਦੁ ਪਾਇ ॥੧॥ ਰਹਾਉ ॥ ਪੰਚ ਚੋਰ ਮਿਲਿ ਲਾਗੇ ਨਗਰੀਆ, ਰਾਮਨਾਮ ਧਨ ਹਿਰਿਆ**

**॥ ਗੁਰਮਤਿ ਖੋਜ ਪਰੇ ਤਬ ਪਕਰੇ, ਧਨੁ ਸਾਬਤੁ ਰਾਸਿ ਉਬਰਿਆ ॥੨॥ ਪਾਖੰਡ ਭਰਮ ਉਪਾਵ ਕਰਿ ਥਾਕੇ, ਰਿਦ ਅੰਤਰਿ ਮਾਇਆ ਮਾਇਆ ॥ ਸਾਧੂ ਪੁਰਖੁ ਪੁਰਖ ਪਤਿ ਪਾਇਆ, ਅਗਿਆਨ ਅੰਧੇਰੁ ਗਵਾਇਆ ॥੩॥ ਜਗੰਨਾਥ ਜਗਦੀਸ ਗੁਸਾਈ, ਕਰਿ ਕਿਰਪਾ ਸਾਧੁ ਮਿਲਾਵੈ ॥ ਨਾਨਕ, ਸਾਂਤਿ ਹੋਵੈ ਮਨ ਅੰਤਰਿ, ਨਿਤ ਹਿਰਦੈ ਹਰਿ ਗੁਣ ਗਾਵੈ ॥੪॥੧॥੩॥**

## ਉਚਾਰਨ ਸੇਧ

**ਬਿੰਦੀ ਸਹਿਤ :** ਨਾਸਹਿੰ, ਗੁਸਾਈਂ .

**ਪਦ ਅਰਥ :** ਰਾਮ ਨਾਮ ਰਤਨ-ਰਾਮ ਨਾਮ ਰੂਪ ਰਤਨ। ਕੋਠੜੀ-ਇਕ ਛੋਟੀ ਜਿਹੀ ਕੋਠੀ ਵਿਚ । ਗੜ ਮੰਦਰਿ-ਹਿਰਦੇ ਰੂਪ ਕਿਲ੍ਹੇ, ਮੰਦਰ ਅੰਦਰ। ਲੁਕਾਨੀ-ਲੁਕਾਈ ਹੋਈ ਭਾਵ ਗੁਪਤ ਹੈ। ਖੋਜੀਐ-ਖੋਜੀ ਜਾ ਸਕਦੀ ਹੈ । ਮਿਲਿ-(ਗੁਰੂ ਨੂੰ) ਮਿਲ ਕੇ। ਜੋਤੀ ਜੋਤਿ ਸਮਾਨੀ-ਜੀਵ ਦੀ ਜੋਤਿ ਪ੍ਰਭੂ ਦੀ ਜੋਤ ਵਿਚ ਲੀਨ ਹੋ ਜਾਂਦੀ ਹੈ।੧।

ਮਾਧੋ-ਹੇ ਮਾਇਆ ਦੇ ਪਤੀ,ਪ੍ਰਭੂ ਜੀ!। ਦੇਖਤ ਦਰਸੁ-ਦਰਸ਼ਨ ਦੇਖਦਿਆਂ। ਨਾਸਹਿ-ਨਾਸ਼ ਹੋ ਜਾਂਦੇ ਹਨ। ਪਰਮ ਪਦੁ-ਉਚੇ ਤੋਂ ਉਚਾ ਆਤਮਿਕ ਦਰਜਾ।੧।ਰਹਾਉ।

ਪੰਚ ਚੋਰ-ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ। ਹਿਰਿਆ-ਚੁਰਾਇਆ ਹੈ। ਗੁਰਮਤਿ-ਗੁਰੂ ਦੀ ਮਤਿ ਦੁਆਰਾ। ਉਪਾਵ ਕਰਿ-ਜਤਨ ਕਰਕੇ। ਥਾਕੇ-ਥੱਕ ਗਏ। ਰਿਦ ਅੰਤਰਿ-ਹਿਰਦੇ ਅੰਦਰ। ਮਾਇਆ ਮਾਇਆ-(ਨਿਰੋਲ)ਮਾਇਆ ਹੀ ਮਾਇਆ (ਦੀ ਚਾਹਨਾ ਹੈ)। ਸਾਧੂ ਪੁਰਖੁ-ਸਾਧੂ ਪੁਰਸ਼, ਗੁਰੂ। ਪੁਰਖ ਪਤਿ-ਪੁਰਸ਼ਾਂ ਦਾ ਪਤੀ। ਅਗਿਆਨ ਅੰਧੇਰ-ਆਤਮਿਕ ਦਾ ਹਨੇਰਾ।੩।

ਜੰਗਨਾਥ-ਸੰਸਾਰ ਦਾ ਸੁਆਮੀ ਭਾਵ ਗੁਰੂ। ਜਗਦੀਸੁ-ਜਗਤ ਦਾ ਮਾਲਕ। ਗੁਸਾਈ-ਧਰਤੀ ਦਾ ਮਾਲਕ। ਕਰਿ ਕਿਰਪਾ-ਕਿਰਪਾ ਕਰਕੇ। ਸਾਧੁ-ਗੁਰੂ। ਮਨ ਅੰਤਰਿ-ਮਨ ਦੇ ਅੰਦਰ।੪।

**ਅਰਥ :** (ਹੇ ਭਾਈ !) ਪਰਮਾਤਮਾ ਦਾ ਨਾਮ (ਜੋ) ਰਤਨ। (ਵਾਂਗ ਅਮੋਲਕ ਵਸਤੂ ਹੈ ਉਹ) ਹਿਰਦੇ ਰੂਪ ਕਿਲੇ ਵਿਚ ਇਕ ਛੋਟੀ ਜਿਹੀ ਕੋਠੀ ਅੰਦਰ ਲੁਕਾ ਕੇ ਰਖੀ ਹੋਈ ਹੈ (ਭਾਵ ਗੁਪਤ ਹੈ) । ਜੇਕਰ (ਮਨੁੱਖ) ਸਤਿਗੁਰੂ ਨੂੰ ਮਿਲ ਪਵੇ ਤਾਂ (ਇਹ ਵਸਤੂ) ਖੋਜੀ ਜਾਂਦੀ ਹੈ ਗੁਰੂ ਨੂੰ ਮਿਲ ਕੇ (ਮਨੁੱਖ ਦੀ) ਜੋਤੀ ਪਰਮ ਜੋਤਿ ਵਿਚ ਲੀਨ ਹੋ ਜਾਂਦੀ ਹੈ ।੧।

ਹੇ ਮਾਇਆ ਦੇ ਮਾਲਕ ! ਮੈਨੂੰ ਸਾਧੂ ਜਨ (ਭਾਵ ਗੁਰੂ) ਮਿਲਾ ਦੇ । (ਉਸ ਦਾ) ਦਰਸ਼ਨ ਵੇਖ ਕੇ ਸਾਰੇ ਪਾਪ ਨਾਸ਼ ਹੋ ਜਾਂਦੇ ਹਨ (ਅਤੇ ਮਨੁੱਖ) ਪਵਿੱਤਰ ਪਰਮ ਪਦ ਪ੍ਰਾਪਤ ਕਰ ਲੈਂਦਾ ਹੈ।੧।ਰਹਾਉ।

(ਹੇ ਭਾਈ !) ਪੰਜ ਚੋਰ (ਕਾਮਾਦਿਕ) ਮਿਲ ਕੇ ਭਾਵ ਇਕੱਠੇ ਹੋਕੇ ਸਰੀਰ ਰੂਪੀ ਪਿੰਡ ਨੂੰ ਲੁਟਦੇ ਹਨ (ਅਤੇ ਉਨ੍ਹਾਂ ਨੇ) ਪਰਮਾਤਮਾ ਦੇ ਨਾਮ ਦਾ ਧਨ ਚੁਰਾ ਲਿਆ ਹੈ। ਗੁਰੂ ਦੀ ਮਤਿ ਦੁਆਰਾ ਜਦੋਂ (ਉਨ੍ਹਾਂ ਦੀ) ਖੋਜ ਪਿਛੇ ਪਏ ਤਦੋਂ (ਉਨ੍ਹਾਂ ਨੂੰ) ਫੜ ਲਿਆ (ਅਤੇ ਉਨ੍ਹਾਂ ਪਾਸੋਂ) ਮਾਲ-ਮੱਤਾ, ਸਾਬਤ (ਸਹੀ

ਸਲਾਮਤ) ਕਢਵਾ ਲਿਆ ।੨।

(ਹੇ ਭਾਈ ! ਪਖੰਡੀ ਲੋਕ) ਪਖੰਡ, ਭਰਮ ਅਤੇ ਹੋਰ ਜਤਨ ਕਰ ਕਰਕੇ ਥਕ ਗਏ (ਉਹ ਚੋਰਾਂ ਨੂੰ ਬਾਹਰ ਨਹੀਂ ਕੱਢ ਸਕੇ ਕਿਉਂਕਿ ਉਨ੍ਹਾਂ ਦੇ) ਹਿਰਦੇ ਅੰਦਰ ਨਿਰੋਲ ਮਾਇਆ ਦੀ (ਚਾਹਨਾ) ਹੈ । (ਜਿਸ ਨੇ) ਸਾਧੂ ਪੁਰਖ (ਗੁਰੂ) ਨੂੰ (ਮਿਲ ਕੇ) ਅਗਿਆਨਤਾ ਦਾ ਹਨੇਰਾ ਦੂਰ ਕਰ ਲਿਆ ਹੈ (ਉਸ ਨੇ ਸਮੂਹ) ਪੁਰਸ਼ਾਂ ਦਾ ਪਤੀ (ਪਰਮਾਤਮਾ) ਪਾ ਲਿਆ ।੩।

(ਹੇ ਭਾਈ !) ਸੰਸਾਰ ਦਾ ਸੁਆਮੀ, ਜਗਤ ਦਾ ਮਾਲਕ, ਧਰਤੀ ਦਾ ਖਸਮ (ਆਪਣੀ) ਮਿਹਰ ਕਰਕੇ (ਜਿਸ ਮਨੁੱਖ ਨੂੰ) ਗੁਰੂ ਮਿਲਾਂਦਾ ਹੈ, ਨਾਨਕ (ਗੁਰੂ ਜੀ ਫੁਰਮਾਉਂਦੇ ਹਨ) ਕਿ ਉਹ ਮਨੁੱਖ ਹਰ ਰੋਜ਼ ਹਿਰਦੇ ਵਿਚ ਪਰਮਾਤਮਾ ਦੇ ਗੁਣ ਗਾਂਦਾ ਹੈ (ਅਤੇ ਉਸ ਦੇ) ਮਨ ਅੰਦਰ (ਆਤਮਿਕ) ਸ਼ਾਂਤੀ ਆ ਜਾਂਦੀ ਹੈ ।੪।੧।੩।

## ਸਾਰੰਸ਼ ਅਤੇ ਸਿਧਾਂਤ

ਹਰੇਕ ਸ਼ਰੀਰ ਦੇ ਅੰਦਰ ਪਰਮਾਤਮਾ ਨੇ ਨਾਮਰੂਪੀ ਰਤਨਾਂ ਨੂੰ ਲੁਕਾ ਕੇ ਰਖਣ ਦੀ ਕੋਠੀ ਬਣਾਈ ਹੋਈ ਹੈ ਪਰ ਉਹ ਕੋਠੀ ਗੁਰੂ ਦੇ ਰਾਹੀਂ ਪ੍ਰਗਟ ਹੁੰਦੀ ਹੈ । ਭਗਤ ਨਾਮਦੇਵ ਜੀ ਹਿਰਦੇ-ਕਮਲ ਰੂਪ ਕੋਠੜੀ ਵਿਚ ਰਤਨਾ ਦੇ ਭਰੇ ਹੋਣ ਦੀ ਗਲ ਕਰਦੇ ਹਨ :–

ਰਤਨ **ਕਮਲ ਕੋਠਰੀ ॥ ਚਮਕਾਰ ਬੀਜੁਲ ਤਹੀ ॥** [ਪੰਨਾ ੬੫੭

ਭਗਤ ਕਬੀਰ ਜੀ ਦੇ ਬਚਨ ਹਨ -

**ਕੋਠਰੇ ਮਹਿ ਕੋਠਰੀ, ਪਰਮ ਕੋਠੀ ਬੀਚਾਰ ॥** [ਪੰਨਾ ੬੭੦

ਉਨ੍ਹਾਂ ਨੇ ਵੀ ਇਸ ਕੋਠੜੀ ਦਾ ਸੰਕੇਤ ਦੇ ਕੇ ਇਉਂ ਲਿਖਿਆ ਹੈ - 'ਮੈ ਗੁਰ ਪਰਸਾਦੀ ਜਾਨੀ' । ਗੁਰੂ ਦੀ ਕਿਰਪਾ ਨਾਲ ਹੀ 'ਮਿਲਿ ਜੋਤੀ ਜੋਤਿ ਸਮਾਨੀ' ਵਾਲੀ ਅਕਥ-ਕਹਾਣੀ ਬਣਦੀ ਹੈ ।

ਪੰਜਾਂ ਚੋਰਾਂ ਨਾਲ ਲਗ ਕੇ ਜੀਵ ਰਾਮ ਦੇ ਧਨ ਤੋਂ ਸਖਣਾ ਰਹਿ ਜਾਂਦਾ ਹੈ । ਜਦੋਂ ਗੁਰੂ ਕੰਡ ਤੇ ਥਾਪੀ ਦੇਵੇ ਤਾਂ ਪੰਜ ਮਹਾਨ ਬਲੀਆਂ ਨੂੰ ਜੀਵ ਬੰਨ੍ਹ ਲੈਂਦਾ ਹੈ ।

ਸਿਧਾਂਤ ਇਹ ਹੈ ਕਿ ਪਰਮਾਤਮਾ ਆਪਣੀ ਮਿਹਰ ਕਰੇ ਤਾਂ ਗੁਰੂ ਮਿਲਾ ਦੇਂਦਾ ਹੈ । ਗੁਰੂ ਸਾਡੇ ਮਨ ਦਾ ਹਨੇਰਾ ਦੂਰ ਕਰਕੇ ਹਰੀ ਦੇ ਗੁਣਾਂ ਦਾ ਪ੍ਰਵੇਸ਼ ਕਰਾਉਂਦਾ ਹੈ । ਇਸ ਤਰ੍ਹਾਂ ਮਨ ਵਿਚ ਆਤਮਿਕ ਸਾਂਤੀ ਆ ਜਾਂਦੀ ਹੈ ਅਤੇ ਪੁਰਖ-ਪਤਿ ਦਾ ਮਿਲਾਪ ਹੋ ਜਾਂਦਾ ਹੈ ।

**ਬਸੰਤੁ ਮਹਲਾ ੪ ਹਿੰਡੋਲ ॥ ਤੁਮ੍ ਵਡ ਪੁਰਖ ਵਡ ਅਗਮ ਗੁਸਾਈ, ਹਮ ਕੀਰੇ ਕਿਰਮ ਤੁਮਨਛੇ ॥ ਹਰਿ ਦੀਨ ਦਇਆਲ ਕਰਹੁ ਪ੍ਰਭ ਕਿਰਪਾ, ਗੁਰ ਸਤਿਗੁਰ ਚਰਣ ਹਮ ਬਨਛੇ ॥੧॥ ਗੋਬਿੰਦ ਜੀਉ, ਸਤ ਸੰਗਤਿ ਮੇਲਿ ਕਰਿ ਕ੍ਰਿਪਛੇ ॥ ਜਨਮ ਜਨਮ ਕੇ ਕਿਲਵਿਖ ਮਲੁ ਭਰਿਆ, ਮਿਲਿ ਸੰਗਤਿ ਕਰਿ ਪ੍ਰਭ ਹਨਛੇ ॥੧॥ ਰਹਾਉ ॥ ਤੁਮਰਾ ਜਨੁ ਜਾਤਿ ਅਵਿਜਾਤਾ, ਹਰਿ ਜਪਿਓ ਪਤਿਤ ਪਵੀਛੇ ॥ ਹਰਿ ਕੀਓ**

**ਸਗਲ ਭਵਨ ਤੇ ਊਪਰਿ, ਹਰਿ ਸੋਭਾ ਹਰਿ ਪ੍ਰਭ ਦਿਨਛੇ ॥੨॥ ਜਾਤਿ ਅਜਾਤਿ ਕੋਈ ਪ੍ਰਭੁ ਧਿਆਵੈ, ਸਭਿ ਪੂਰੇ ਮਾਨਸ ਤਿਨਛੇ ॥ ਸੇ ਧੰਨਿ ਵਡੇ ਵਡ ਪੂਰੇ ਹਰਿ ਜਨ, ਜਿਨ ਹਰਿ ਧਾਰਿਓ ਹਰਿ ਉਰਛੇ ॥੩॥ ਹਮ ਢੀਂਢੇ ਢੀਮ ਬਹੁਤੁ ਅਤਿ ਭਾਰੀ, ਹਰਿ ਧਾਰਿ ਕ੍ਰਿਪਾ ਪ੍ਰਭ ਮਿਲਛੇ ॥ ਜਨ ਨਾਨਕ ਗੁਰੁ ਪਾਇਆ ਹਰਿ ਤੂਠੇ, ਹਮ ਕੀਏ ਪਤਿਤ ਪਵੀਛੇ ॥੪॥੨॥੪॥**

**ਪਦ ਅਰਥ :** ਵਡ ਪੁਰਖ-ਵਡੇ ਤੇ ਸਰਬ ਵਿਆਪਕ ਵਾਹਿਗੁਰੂ । ਵਡ ਅਗਮ-ਵਡੇ ਤੇ ਅਪਹੁੰਚ। ਗੁਸਾਈ-(ਗੁਸਾਈਂ) ਧਰਤੀ ਦੇ ਮਾਲਕ। ਕੀਰੇ-ਕੀੜੇ । ਕਿਰਮ-ਨਿਕੇ ਨਿੱਕੇ ਕੀੜੇ ਤੁਮਨਛੇ-ਤੇਰੇ (ਪੈਦਾ ਕੀਤੇ ਹੋਏ)। ਬਨਛੇ-ਬਾਂਛਦੇ (ਲੋਚਦੇ) ਹਾਂ।੧।

ਗੋਬਿੰਦ ਜੀਉ-ਹੇ ਪ੍ਰਿਥਵੀ ਦੇ ਮਾਲਕ ਜੀ!। ਮੇਲਿ-ਮਿਲਾ ਦੇ। ਕਰਿ ਕ੍ਰਿਪਛੇ-ਕਿਰਪਾ ਕਰ। ਕਿਲਵਿਖ-ਪਾਪ। ਕਿਲਵਿਖ ਮਲੁ ਭਰਿਆ-(ਹਉਮੈ ਦੇ) ਪਾਪਾਂ ਦੀ ਮੈਲ ਕੂੜਾ-ਕ੍ਰਿਕਟ ਭਰਿਆ ਹੋਇਆ। ਮਿਲਿ ਸੰਗਤ-ਸੰਗਤ ਨਾਲ ਮਿਲਾ ਕੇ। ਕਰਿ ਪ੍ਰਭੁ ਹਨਛੇ-ਹੇ ਪ੍ਰਭੂ! ਹਛੇ (ਪਵਿੱਤਰ ਜੀਵਨ ਵਾਲੇ) ਬਣਾ ਦੇ।੧।ਰਹਾਉ।

ਜਾਤਿ ਅਵਿਜਾਤਾ-ਚੰਗੀ ਮੰਦੀ ਜਾਤ ਦਾ। ਪਤਿਤ-ਆਚਰਨ ਹੀਣ । ਪਵੀਛੇ-(ਪਵਿਤਰ) ਕਰਨ ਵਾਲਾ) । ਤੇ-ਤੋਂ । ਸੋਭਾ-ਵਡਿਆਈ । ਦਿਨਛੇ-ਦਿੱਤੀ ।੨।

ਅਜਾਤਿ-ਨੀਵੀਂ ਜਾਤ। ਮਾਨਸ-ਮਨੋਰਥ । ਤਿਨ ਛੇ-ਉਨ੍ਹਾ ਦੇ । ਧੰਨਿ-ਧੰਨਤਾ ਯੋਗ । ਧਾਰਿਓ-ਟਿਕਾਇਆ। ਉਰਛੇ-ਹਿਰਦੇ ਵਿਚ।੩।

ਢੀਂਢੇ-ਨੀਚ। ਢੀਮ-ਮਿੱਟੀ ਦਾ ਢੇਲਾ, ਭਾਵ ਰੁਲਦੇ ਖੁਲਦੇ। ਧਾਰਿ-ਧਾਰ ਕੇ। ਮਿਲਛੇ-ਮਿਲ। ਤੂਠੇ-ਪ੍ਰਸੰਨ ਹੋਏ ।੪।

**ਅਰਥ :** (ਹੇ ਪ੍ਰਭੂ !) ਤੁਸੀਂ (ਸਭ ਤੋਂ) ਵੱਡੇ (ਭਾਵ ਕਰਤਾ) ਪੁਰਖ ਹੋ, ਅਪਹੁੰਚ ਤੇ ਪ੍ਰਿਥਵੀ ਦੇ ਮਾਲਕ ਹੋ, (ਅਸੀਂ ਤੁਹਾਡੇ ਪੈਦਾ ਕੀਤੇ ਹੋਏ) ਤੁੱਛ ਜਿਹੇ ਕੀੜੇ, (ਨਿਮਾਣੇ ਜੀਵ) ਹਾਂ। ਹੇ ਦੀਨਾ ਉਤੇ ਦਇਆ ਕਰਨ ਵਾਲੇ ਪ੍ਰਭੂ ਜੀ! (ਸਾਡੇ ਉਤੇ) ਮਿਹਰ ਕਰੋ, ਅਸੀ ਗੁਰ-ਸਤਿਗੁਰੂ ਦੇ ਚਰਣਾਂ ਦੀ (ਧੂੜ) ਬਾਂਛਦੇ (ਚਾਹੁੰਦੇ) ਹਾਂ ।੧।

ਹੇ ਗੋਬਿੰਦ ਜੀਓ ! (ਆਪਣੀ) ਕਿਰਪਾ ਕਰਕੇ (ਸਾਨੂੰ) ਸਤ ਸੰਗਤ ਨਾਲ ਮਿਲਾ ਕੇ (ਆਪਣਾ ਦਰਸ਼ਨ ਬਖਸ਼ੋ) । ਜਨਮਾਂ ਜਨਮਾਂ ਦੇ ਪਾਪਾਂ ਦਾ ਕੂੜਾ-ਕ੍ਰਿਕਟ (ਸਾਡੇ ਅੰਦਰ) ਭਰਿਆ (ਹੋਇਆ ਹੈ), ਹੇ ਪ੍ਰਭੂ ! (ਆਪਣੀ) ਸੰਗਤ ਵਿਚ ਮਿਲਾ ਕੇ ਹੱਛਾ ਸਾਨੂੰ (ਨਿਰਮਲ) ਕਰ ਦਿਉ ।੧। ਰਹਾਉ ।

(ਹੇ ਪ੍ਰਭੂ !) ਤੇਰਾ ਜਨ (ਭਾਵੇਂ) ਉਚੀ ਜਾਤ ਦਾ ਹੋਵੇ, ਭਾਵੇਂ ਨੀਵੀਂ ਜਾਤ ਦਾ ਜਿਸ ਨੇ ਵੀ (ਤੇਰਾ) ਨਾਮ ਜਪਿਆ ਹੈ (ਤੂੰ ਉਨ੍ਹਾਂ) ਪਤਿਤਾਂ ਨੂੰ ਪਵਿੱਤਰ ਬਣਾ ਦਿਤਾ ਹੈ। ਹੇ ਹਰੀ ! ਹੇ ਪ੍ਰਭੂ ! (ਤੂੰ ਉਨ੍ਹਾਂ ਨੂੰ) ਵਡਿਆਈ ਬਖਸ਼ ਦਿਤੀ ਹੈ ।੨।

(ਹੇ ਭਾਈ! ਭਾਵੇਂ ਕੋਈ ਉਚੀ) ਜਾਤ ਵਾਲਾ ਹੋਵੇ, ਜਾਤਿ ਤੋਂ ਬਿਨਾ ਹੋਵੇ, (ਜਿਹੜਾ) ਕੋਈ ਪ੍ਰਭੂ ਨੂੰ ਸਿਮਰਦਾ ਹੈ, ਉਸ ਦੇ ਮਨੋਰਥ (ਪ੍ਰਭੂ) ਪੂਰੇ ਕਰਦਾ ਹੈ। (ਹੇ ਭਾਈ!) ਉਹ ਹਰੀ ਦੇ ਸੇਵਕ ਧੰਨਤਾ ਯੋਗ ਹਨ, ਵਡੇਭਾਗਾਂ ਵਾਲੇ ਹਨ, ਪੂਰਨ-ਪੁਰਖ ਹਨ ਜਿਨ੍ਹਾਂ ਨੇ ਪਰਮਾਤਮਾ ਨੂੰ ਹਿਰਦੇ ਵਿਚ ਟਿਕਾਅ ਲਿਆ ਹੈ।੩।

ਹੇ ਹਰੀ ! ਅਸੀਂ ਨੀਚ ਜਾਤ ਦੇ, ਮਿਟੀ ਦੇ ਢੇਲੇ, (ਵਾਂਗ) ਬਹੁਤ ਹੀ ਭਾਰੇ ਹੋਏ ਪਏ ਹਾਂ (ਇਸ ਲਈ)ਹੇ ਹਰੀ! ਕਿਰਪਾ ਕਰਕੇ (ਸਾਨੂੰ) ਮਿਲੋ। ਦਾਸ ਨਾਨਕ (ਆਖਦਾ ਹੈ ਜਦੋਂ ਕਿ)ਹਰੀ ਸਾਡੇ ਤੇ ਪ੍ਰਸੰਨ ਹੋਏ (ਤਾਂ ਸਾਨੂੰ) ਗੁਰੂ ਪ੍ਰਾਪਤ ਹੋ ਗਿਆ (ਜਿਸ ਨੇ) ਸਾਨੂੰ ਪਤਿਤ ਤੋਂ ਪਵਿੱਤਰ ਕਰ ਲਿਆ ।੪।੨।੪।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚਸਤਸੰਗਤਿ ਨਾਲ ਮੇਲਣ ਲਈ ਪਰਮਾਤਮਾ ਅਗੇ ਬੇਨਤੀ ਕੀਤੀ ਗਈ ਹੈ ਅਤੇ ਸਤਿਗੁਰੂ ਦੇ ਚਰਨ ਕਮਲ ਪਰਸਨ ਦੀ ਰੁਚੀ ਨੂੰ ਨਿਰੂਪਣ ਕੀਤਾ ਗਿਆ ਹੈ ।

ਗੁਰੂ ਘਰ ਵਿਚ ਉਚੀ ਜਾਂ ਨੀਵੀਂ ਜਾਤ ਦੇ ਭੇਦ ਲਈ ਕੋਈ ਥਾਂ ਨਹੀਂ ਹੈ । ਇਥੇ ਨਾਮ ਹੀ ਮਹਾਨ ਹੈ । ਨਾਮ ਹੀ ਪਾਪੀਆਂ ਨੂੰ ਪਵਿੱਤਰ ਕਰਨ ਵਾਲਾ ਹੈ । ਇਸ ਲਈ ਗੁਰੂ ਰਾਮਦਾਸ ਜੀ ਦੇ ਨਿਮਰਤਾ ਭਰੇ ਬੋਲ 'ਹਮ ਢੀਢੇ ਢੀਮ ਬਹੁਤੁ ਅਤਿ ਭਾਰੀ, ਹਰਿ ਧਾਰਿ ਕ੍ਰਿਪਾ ਪ੍ਰਭ ਮਿਲਛੇ' ਸਾਡੀ ਅਗਵਾਈ ਕਰਦੇ ਇਹ ਢਾਰਸ ਬੰਨ੍ਹਾਉਂਦੇ ਹਨ ਕਿ ਪ੍ਰਭੂ 'ਕੋਟਿ ਖਤੇ ਖਿਨ ਬਖਸਨਹਾਰ' (ਪੰ. ੧੧੪੮) ਹੈ। ਹੇ ਜੀਵ! ਤੂੰ ਸਤਿਸੰਗ ਕਰ ਕਿਉਂਕਿ ''ਵਿਚਿ ਸੰਗਤਿ ਹਰਿ ਪ੍ਰਭ ਵਸੈ ਜੀਉ' ਦੇ ਦਰਸ਼ਨ ਹੁੰਦੇ ਹਨ।

**ਬਸੰਤੁ ਹਿੰਡੋਲ ਮਹਲਾ ੪ ॥ ਮੇਰਾ ਇਕੁ ਖਿਨੁ ਮਨੂਆ ਰਹਿ ਨ ਸਕੈ, ਨਿਤ ਹਰਿ ਹਰਿ ਨਾਮ ਰਸਿ ਗੀਧੇ॥ ਜਿਉ ਬਾਰਿਕੁ ਰਸਕਿ ਪਰਿਓ ਥਨਿ ਮਾਤਾ, ਥਨਿ ਕਾਢੇ ਬਿਲਲ ਬਿਲੀਧੇ॥੧॥ ਗੋਬਿੰਦ ਜੀਉ, ਮੇਰੇ ਮਨ ਤਨ ਨਾਮ ਹਰਿ ਬੀਧੇ॥ ਵਡੈ ਭਾਗਿ, ਗੁਰੁ ਸਤਿਗੁਰੁ ਪਾਇਆ, ਵਿਚਿ ਕਾਇਆ ਨਗਰ ਹਰਿ ਸੀਧੇ ॥੧॥ਰਹਾਉ॥ ਜਨ ਕੇ ਸਾਸ ਸਾਸ ਹੈ ਜੇਤੇ, ਹਰਿ ਬਿਰਹਿ ਪ੍ਰਭੂ ਹਰਿ ਬੀਧੇ ॥ ਜਿਉ ਜਲ ਕਮਲ ਪ੍ਰੀਤਿ ਅਤਿ ਭਾਰੀ, ਬਿਨੁ ਜਲ ਦੇਖੇ ਸੁਕਲੀਧੇ ॥੨॥ ਜਨ ਜਪਿਓ ਨਾਮੁ ਨਿਰੰਜਨੁ ਨਰਹਰਿ ਉਪਦੇਸਿ ਗੁਰੂ ਹਰਿ ਪ੍ਰੀਧੇ ॥ ਜਨਮ ਜਨਮ ਕੀ ਹਉਮੈ ਮਲੁ ਨਿਕਸੀ, ਹਰਿ ਅੰਮ੍ਰਿਤਿ ਹਰਿ ਜਲਿ ਨੀਧੇ ॥੩॥ ਹਮਰੇ ਕਰਮ ਨ ਬਿਚਰਹੁ ਠਾਕੁਰ, ਤੁਮ੍ ਪੈਜ ਰਖਹੁ ਅਪਨੀਧੇ ॥ ਹਰਿ ਭਾਵੈ ਸੁਣਿ ਬਿਨਉ ਬੇਨਤੀ, ਜਨ ਨਾਨਕ ਸਰਣਿ ਪਵੀਧੇ॥੪॥੩॥੫॥**

## ਉਚਾਰਨ ਸੇਧ

**ਬਿੰਦੀ ਸਹਿਤ** : ਮਨੂਆਂ, ਜਿਉਂ, ਕਾਇਆਂ, ਹੈਂ, ਬਿਨਉਂ ।

**ਪਦ ਅਰਥ** : ਮਨੂਆ-ਮਨ । ਰਹਿ ਨ ਸਕੈ-ਰਹਿ ਨਹੀਂ ਸਕਦਾ, ਭਾਵ ਧੀਰਜ ਨਹੀਂ ਕਰ ਸਕਦਾ । ਨਾਮ ਰਸਿ-ਨਾਮ ਦੇ ਰਸ ਵਿਚ । ਗੀਧੇ-ਗਿੱਝ ਗਿਆ ਹੈ। ਰਸਕਿ-ਰਸੀਆ ਹੋ ਕੇ । ਪਰਿਓ-

ਪੈਂਦਾ ਹੈ। ਥਨਿ ਮਾਤਾ-ਮਾਂ ਦੇ ਥਣ ਨੂੰ। ਥਨਿ ਕਾਢੇ-(ਜੇ ਮਾਂ) ਥਾਂ (ਉਸ ਦੇ ਮੂੰਹ ਚੋਂ) ਕਢ ਦੇਵੇ। ਬਿਲਲ-ਬਿਲੀਧੇ ਰੋਂਦਾ ਤੇ ਚੀਕਦਾ ਹੈ।੧।

ਨਾਮ ਹਰਿ-ਹਰੀ ਦੇ ਨਾਮ ਵਿਚ। ਬੀਧੇ-ਵਿੰਨ੍ਹੇ ਗਏ ਹਨ। ਵਡੈ ਭਾਗਿ-ਵੱਡੇ ਭਾਗਾਂ ਨਾਲ। ਵਿਚਿ ਕਾਇਆ ਨਗਰ-ਸਰੀਰ ਰੂਪ ਸ਼ਹਿਰ ਵਿਚ। ਹਰਿ ਸੀਧੇ-ਹਰੀ ਸਿਧ (ਪ੍ਰਗਟ) ਹੋ ਗਏ ਹਨ।੧।ਰਹਾਉ।

ਜਿਉ-ਜਿਵੇਂ। ਜਲ ਕਮਲ ਪ੍ਰੀਤਿ-ਪਾਣੀ ਤੇ ਕੰਵਲ ਫੁਲ ਦੀ ਪ੍ਰੀਤਿ। ਅਤਿ ਭਾਰੀ-ਬਹੁਤ ਹੀ ਵੱਡੀ। ਸੁਕਲੀਧੇ-ਸੁਕ ਜਾਂਦੇ ਹਨ।੨।

ਜਨ-ਜਨਾ ਨੇ। ਨਿਰੰਜਨੁ-ਮਾਇਆ ਦੇ ਪ੍ਰਭਾਵ ਤੋਂ ਪਰੇ। ਨਰਹਰਿ-ਪਰਮਾਤਮਾ। ਉਪਦੇਸਿ-(ਗੁਰੂ ਦੇ) ਉਪਦੇਸ਼ ਨਾਲ। ਪ੍ਰਧੇ-ਪ੍ਰਤੱਖ ਕੀਤਾ ਨਿਕਸੀ-ਨਿਕਲ ਗਈ, ਖਤਮ ਹੋ ਗਈ। ਅੰਮ੍ਰਿਤ ਜਲਿ-(ਨਾਮ ਦੇ) ਅੰਮ੍ਰਿਤ ਜਲ ਨਾਲ। ਨੀਧੇ-ਨ੍ਹਾਤੇ।੩।

ਨਾ ਬਿਚਰਹੁ-ਨਾ ਵਿਚਾਰੋ। ਠਾਕੁਰ-ਹੇ ਸੁਆਮੀ!। ਪੈਜ-ਲਜਾ। ਅਪਨੀਧੇ-ਅਪਣਾ ਬਣਾ ਕੇ। ਬਿਨਉ-ਅਰਜੋਈ। ਬੇਨਤੀ-ਜੋਦੜੀ।ਸਰਣਿ ਪਵੀਧੇ-ਸਰਣ ਪਏ ਦੀ।੪।

**ਅਰਥ :** (ਹੇ ਗੋਬਿੰਦ ਜੀਉ!) ਮੇਰਾ ਮਨ ਇਕ ਖਿਨ ਮਾਤਰ ਵੀ ਨਹੀਂ ਰਹਿ ਸਕਦਾ। ਭਾਵ ਧੀਰਜ ਨਹੀਂ ਕਰ ਸਕਦਾ, (ਮੇਰੇ ਇੰਦ੍ਰੇ) ਹਰ ਰੋਜ਼ ਹੀ ਤੇਰੇ ਨਾਮ ਦੇ ਰਸ ਵਿਚ ਗਿੱਝ ਗਏ ਹਨ। ਜਿਵੇਂ ਬੱਚਾ ਦੁੱਧ ਦਾ) ਰਸੀਆ ਹੋ ਕੇ ਮਾਂ ਦੇ ਥਣ ਨੂੰ ਜਾ ਪੈਂਦਾ ਹੈ (ਜਦੋਂ ਮਾਂ ਆਪਣਾ) ਥਣ (ਬੱਚੇ ਦੇ ਮੂੰਹ ਚੋਂ) ਕਢਦੀ ਹੈ (ਤਾਂ ਉਹ) ਰੋਂਦਾ ਚੀਕਦਾ ਤੇ ਕੁਰਲਾਉਂਦਾ ਹੈ।੧।

ਹੇ ਗੋਬਿੰਦ ਜੀ ! (ਇਸੇ ਤਰ੍ਹਾਂ ਮੇਰੇ) ਮਨ ਤਨ (ਤੋਂ) ਹਰੀਦੇ ਨਾਮ ਵਿਚ ਵਿੰਨ੍ਹੇ ਗਏ ਹਨ। ਵਡੇ ਭਾਗਾਂ ਨਾਲ ਗੁਰੂ ਸਤਿਗੁਰੂ ਨੂੰ ਪ੍ਰਾਪਤ ਕੀਤਾ ਹੈ, (ਜਿਸ ਦੀ ਕਿਰਪਾ ਨਾਲ) ਹੇ ਹਰੀ ! (ਤੁਸੀਂ) ਸਰੀਰ ਰੂਪ ਨਗਰ ਵਿਚ ਹੀ ਪ੍ਰਗਟ ਹੋ ਗਏ ਹੋ।੧।ਰਹਾਉ।

(ਹੇ ਭਾਈ! ਪ੍ਰਭੂ ਦੇ) ਸੇਵਕ ਜਨ ਦੇ ਜਿਤਨੇ ਭੀ ਸਾਹ (ਆਉਂਦੇ ਜਾਂਦੇ) ਹਨ, (ਓਹ ਸਾਰੇ) ਹਰੀ ਦੇ ਬ੍ਰਿਹੋਂ (ਪ੍ਰੇਮ ਵਿਛੋੜੇ) ਵਿਚ ਪ੍ਰੋਤੇ ਹੋਏ ਹੁੰਦੇ ਹਨ। ਜਿਵੇਂ ਪਾਣੀ ਨਾਲ ਕੌਲ ਫੁਲਾਂ ਦੀ ਬਹੁਤ ਪ੍ਰੀਤੀ ਹੁੰਦੀ ਹੈ(ਅਤੇ ਉਹ)ਪਾਣੀ ਦੇਖੇ ਬਿਨਾ ਸੁੱਕ ਜਾਂਦੇ ਹਨ। (ਇਹੋ ਜਿਹੀ ਹਾਲਤ ਪ੍ਰਭੂ ਦੇ ਸੇਵਕ ਦੀ ਹੈ)।੨।

(ਹੇ ਭਾਈ !) ਪ੍ਰਭੂ ਦੇ ਸੇਵਕ-ਜਨ ਨੇ ਮਾਇਆ ਤੋਂ ਰਹਿਤ ਨਰਸਿੰਘ ਹਰੀ ਦਾ ਨਾਮ ਜਪਿਆ (ਅਤੇ) ਗੁਰੂ ਦੇ ਉਪਦੇਸ਼ ਦੁਆਰਾ ਹਰੀ ਨੂੰ ਪ੍ਰਤੱਖ ਕੀਤਾ। (ਨਾਮ ਸਿਮਰਨ ਦਾ ਸਦਕਾ ਉਸ ਦੇ ਅੰਦਰੋਂ) ਜਨਮਾਂ ਜਨਮਾਂ ਦੀ ਹਉਮੈ ਦੀ ਨਿਕਲ ਗਈ ਹੈ (ਅਤੇ ਉਸਨੇ) ਹਰੀ ਨਾਮ ਦੇ ਜਲ ਨਿਧ(ਸਮੁੰਦਰ) ਵਿਚ ਇਸ਼ਨਾਨ ਕਰ ਲਿਆ ਹੈ)।੩।

ਹੇ ਮਾਲਕ ! ਅਸਾਂ (ਪਾਪੀ ਜੀਆਂ ਦੇ) ਕਰਮ ਨਾ, ਵੀਚਾਰੋ, (ਤੁਸੀਂ ਸੇਵਕ ਜਾਣ ਕੇ) ਆਪਣੇ ਦਾਸ ਦੀ ਲਾਜ ਰਖੋ। ਦਾਸ ਨਾਨਕ ਆਖਦਾ ਹੈ ਕਿ ਹੇ ਹਰੀ ਜੀ ! ਜਿਵੇਂ (ਵੀ ਆਪ ਨੂੰ) ਭਾਉਂਦਾ ਹੈ (ਤਿਵੇਂ ਮੈਂ) ਸ਼ਰਣ ਪਏ ਦੀ ਬਿਨਉ ਬੇਨਤੀ ਸੁਣੋ ਜੀ।੪।੩।੫।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਉਸ ਹਾਲਤ ਦਾ ਵਰਣਨ ਹੈ ਜਦੋਂ ਗੁਰੂ ਦੇ ਮਿਲਣ ਨਾਲ ਹਰੀ ਦਾ ਨਾਮ ਜਪਣ ਦੀ ਲਗਨ ਲਗ ਜਾਂਦੀ ਹੈ । 'ਜਿਉਂ ਬਾਰਿਕੁ ਰਸਕਿ ਪਰਿਓ ਥਨ ਮਾਤਾ, ਥਨਿ ਕਾਢੇ ਬਿਲਲ ਬਿਲੀਧੇ' ਦਾ ਪ੍ਰਮਾਣ ਨਾਮ-ਅਭਿਲਾਸੀ ਬਚੇ ਦੀ ਅਵਸਥਾ ਨੂੰ ਨਿਰੂਪਣ ਕਰਦਾ ਹੈ ।

ਗਉੜੀ ਰਾਗ ਵਿਚ ਵੀ ਅਜਿਹੇ ਸ਼ਬਦ ਦੇ ਦਰਸ਼ਨ ਹੁੰਦੇ ਹਨ:

**ਖੀਰ ਅਧਾਰਿ ਬਾਰਿਕੁ ਜਬ ਹੋਤਾ, ਬਿਨੁ ਖੀਰੈ ਰਹਨੁ ਨ ਜਾਈ ॥**
**ਸਾਰਿ ਸਮਾਲਿ ਮਾਤਾ ਮੁਖਿ ਨੀਰੈ, ਤਬ ਉਹੁ ਤ੍ਰਿਪਤਿ ਅਘਾਈ ॥**
**ਹਮ ਬਾਰਿਕ ਪਿਤਾ ਪ੍ਰਭੁ ਦਾਤਾ ॥**
**ਭੂਲਹਿ ਬਾਰਿਕ ਅਨਿਕ ਲਖ ਬਰੀਆ, ਅਨ ਠਉਰ ਨਾਹੀ ਜਹ ਜਾਤਾ॥[ਪੰ. ੧੨੬੬**

ਜਿਹੜੇ ਜੀਵ ਪ੍ਰਭੂ ਦੇ ਪਿਆਰ-ਭਰੇ ਵਿਛੋੜੇ ਵਿਚ ਵਿੰਨ੍ਹੇ ਗਏ ਹਨ, ਓਹ ਸਾਸ ਗਿਰਾਸ ਪਰਮਾਤਮਾ ਦਾ ਸਿਮਰਨ ਕਰਦੇ ਹਨ । ਅਜਿਹੀ ਜੀਵਨ ਉਸਾਰੀ ਵਿਚ ਸਾਰੀ ਬਰਕਤ ਨਾਮ-ਸਿਮਰਨ ਦੀ ਹੈ। ਅੰਤ ਵਿਚ ਆਪਨਾ ਜਾਣ ਕੇ ਪੈਜ ਰਖਣ ਵਾਲੀ ਬੇਨਤੀ ਵੀ ਬੜੀ ਖਿਚ ਪਾਂਦੀ ਹੈ ,।

ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਬਚਨ ਵੀ ਸਾਨੂੰ ਅਜਿਹੀ ਜੋਦੜੀ ਕਰਨ ਦੀ ਜਾਚ ਸਿਖਾਂਦੇ ਹਨ:--

**ਜਾਨ ਅਪਨਾ ਮੁਝੈ ਨਿਵਾਜ ॥ ਆਪ ਕਰਹੁ ਹਮਰੇ ਸਭ ਕਾਜ ॥** [ਪਾ. ੧੦

**ਬਸੰਤੁ ਹਿੰਡੋਲ ਮਹਲਾ ੪ ॥ ਮਨੁ ਖਿਨੁ ਖਿਨੁ, ਭਰਮਿ ਭਰਮਿ ਬਹੁ ਧਾਵੈ, ਤਿਲੁ ਘਰਿ ਨਹੀ ਵਾਸਾ ਪਾਈਐ ॥ ਗੁਰਿ ਅੰਕਸੁ ਸਬਦੁ ਦਾਰੂ ਸਿਰਿ ਧਾਰਿਓ, ਘਰਿ ਮੰਦਰਿ ਆਣਿ ਵਸਾਈਐ ॥੧॥ ਗੋਬਿੰਦ ਜੀਉ, ਸਤ ਸੰਗਤਿ ਮੇਲਿ ਹਰਿ ਧਿਆਈਐ ॥ ਹਉਮੈ ਰੋਗੁ ਗਇਆ ਸੁਖੁ ਪਾਇਆ, ਹਰਿ ਸਹਜ ਸਮਾਧਿ ਲਗਾਈਐ ॥੧॥ਰਹਾਉ॥ ਘਰਿ ਰਤਨ ਲਾਲ ਬਹੁ ਮਾਣਕ ਲਾਦੇ, ਮਨੁ ਭ੍ਰਮਿਆ ਲਹਿ ਨ ਸਕਾਈਐ ॥ ਜਿਉ ਓਡਾ ਕੂਪੁ ਗੁਹਜ ਖਿਨ ਕਾਢੈ, ਤਿਉ ਸਤਿਗੁਰਿ ਵਸਤੁ ਲਹਾਈਐ॥੨॥ ਜਿਨ ਐਸਾ ਸਤਿਗੁਰੁ ਸਾਧੁ ਨ ਪਾਇਆ, ਤੇ ਧ੍ਰਿਗੁ ਧ੍ਰਿਗੁ ਨਰ ਜੀਵਾਈਐ ॥ ਜਨਮੁ ਪਦਾਰਥੁ ਪੁੰਨਿ ਫਲੁ ਪਾਇਆ, ਕਉਡੀ ਬਦਲੈ ਜਾਈਐ ॥੩॥ ਮਧੁਸੂਦਨ ਹਰਿ ਧਾਰਿ ਪ੍ਰਭ ਕਿਰਪਾ, ਕਰਿ ਕਿਰਪਾ ਗੁਰੂ ਮਿਲਾਈਐ ॥ ਜਨ ਨਾਨਕ ਨਿਰਬਾਣ ਪਦੁ ਪਾਇਆ, ਮਿਲਿ ਸਾਧੂ ਹਰਿ ਗੁਣ ਗਾਈਐ ॥੪॥੪॥੬॥**

**ਪਦ ਅਰਥ :** ਖਿਨੁ ਖਿਨੁ-ਹਰੇਕ ਛਿਨ, ਘੜੀ ਮੁੜੀ । ਭਰਮਿ ਭਰਮਿ-ਭਟਕ ਭਟਕ ਕੇ । ਬਹੁ ਧਾਵੈ-ਬਹੁਤ ਦੌੜਦਾ ਭਜਦਾ ਹੈ । ਤਿਲੁ-ਰਤਾ ਭਰ ਭੀ । ਘਰਿ-ਘਰ ਵਿਚ (ਭਾਵ ਸਰੀਰ ਵਿਚ) । ਨਹੀ ਵਾਸਾ ਪਾਈਐ-ਟਿਕਦਾ ਨਹੀ ਹੈ। ਗੁਰੁ-ਗੁਰੂ । ਅੰਕਸੁ-ਹਾਥੀ ਨੂੰ ਟੋਰਨ ਲਈ ਮਹਾਵਤ ਦੇ ਹਥ ਵਿਚ ਜੋ

ਲੋਹੇ ਦਾ ਕੁੰਡਾ ਫੜਿਆ ਹੁੰਦਾ ਹੈ, ਉਸ ਨੂੰ ਅੰਕਸ ਆਖਦੇ ਹਨ । ਦਾਰੂ-ਦਵਾਈ । ਸਿਰਿ-ਸਿਰ ਉਤੇ। ਧਾਰਿਓ-ਧਰਿਆ, ਰਖਿਆ ਘਰਿ ਮੰਦਰਿ-ਸਰੀਰ ਰੂਪੀ ਘਰ ਮੰਦਰ ਵਿਚ । ਆਣਿ-(ਮਨ ਨੂੰ) ਲਿਆ ਕੇ। ਵਸਾਈਐ-ਵਸਾਈਦਾ ਹੈ, ਟਿਕਾਇਆ ਜਾ ਸਕਦਾ ਹੈ ।੧।

ਗੋਬਿੰਦ ਜੀਉ-ਹੇ ਪ੍ਰਿਥਵੀ ਦੇ ਪਾਲਕ ਜੀ !। ਮੇਲਿ-ਮਿਲਾ ਦੇ। ਹਰਿ ਧਿਆਈਐ-(ਤਾਂ) ਹਰੀ ਨੂੰ। ਸਿਮਰਿਆ ਜਾ ਸਕਦਾ ਹੈ । ਸਹਜਿ-ਅਡੋਲ ਅਵਸਥਾ ਵਿਚ । ਸਮਾਧਿ-ਲਗਾਈਐ-(ਜੇ) ਸਮਾਧੀ ਲਾਉਂਦਾ ਹੈ । ਘਰਿ-(ਹਿਰਦੇ) ਘਰ ਵਿਚ । ਲਦੇ-ਲਦੇ ਪਏ ਹਨ । ਮਨ ਭੂਮਿਆ-ਭਟਕਿਆ ਹੋਇਆ ਮਨ । ਲਹਿ ਨ ਸਕਾਈਐ-ਲਭ ਨਹੀਂ ਸਕੀਦਾ ।੧।ਰਹਾਉ।

ਓਡਾ-ਸੌਘਾ ਜੋ ਧਰਤੀ ਸੁੰਘ ਕੇ ਦਸ ਦਿੰਦਾ ਹੈ ਕਿ ਇਥੇ ਪੁਰਾਣਾ ਖੂਹ ਧਰਤੀ ਹੇਠ ਹੈ ਜਾਂ ਨਹੀਂ ਜਿਸ ਚੋਂ ਪਾਣੀ ਨਿਕਲ ਸਕਦਾ ਹੋਵੇ । ਗੂਹਜ-ਲੁਕਿਆ ਹੋਇਆ । ਖਿਨ ਕਾਢ-ਛਿਨ ਵਿਚ ਕਢ ਲੈਂਦਾ ਹੈ । ਸਤਿਗੁਰਿ-ਸਤਿਗੁਰੂ ਦੀ ਰਾਹੀਂ । ਵਸਤੂ-(ਨਾਮ) ਵਸਤੂ ਨੂੰ । ਲਹਾਈਐ-ਲਭ ਲਈਦਾ ਹੈ ।੨।

ਜਿਨ-ਜਿਨ੍ਹਾਂ ਨੇ । ਤੇ-ਓਹ । ਧ੍ਰਿਗੁ-ਫਿਟਕਾਰ ਜੋਗ । ਪੁੰਨਿ-ਫਲ (ਪੂਰਬਲੇ ਜਨਮ ਵਿਚ ਕੀਤੇ) ਸ੍ਰੇਸ਼ਟ ਕਰਮਾਂ ਦਾ ਫਲ। ਬਦਲੈ-ਇਵਜ਼ ਵਿਚ ।੩।

ਮਧੁਸੂਦਨ-ਮਧੂ ਰਾਖਸ਼ ਨੂੰ ਮਾਰਨ ਵਾਲਾ ਪਰਮਾਤਮਾ । ਧਾਰਿ-ਕਰ । ਨਿਰਬਾਣੁ ਪਦ-ਵਾਸ਼ਨਾ ਤੋਂ ਰਹਿਤ ਦਰਜਾ । ਮਿਲਿ ਸਾਧੂ-ਸਾਧੂ (ਗੁਰੂ) ਨੂੰ ਮਿਲ ਕੇ ।੪।

**ਅਰਥ :** (ਮਨੁੱਖੀ) ਮਨ ਹਰੇਕ ਛਿਨ ਭਟਕ ਭਟਕ ਕੇ ਬਹੁਤ ਪਾਸੇ ਦੌੜਦਾ ਭਜਦਾ ਹੈ, ਨਿਮਖ ਤਿਲ ਮਾਤਰ ਸਮੇਂ ਲਈ ਵੀ (ਆਪਣੇ) ਸਰੀਰ ਰੂਪੀ ਘਰ ਵਿਚ ਟਿਕ ਕੇ ਨਹੀਂ ਬੈਠਦਾ । ਗੁਰੂ (ਜਿਸ ਮਨ ਰੂਪੀ ਹਾਥੀ ਦੇ) ਸਿਰ ਉਤੇ ਦਵਾਈ ਵਜੋਂ ਸ਼ਬਦ ਰੂਪ ਅੰਕਸ (ਕੁੰਡਾ) ਰਖ ਦਿੰਦਾ ਹੈ, (ਤਾਂ ਇਹ) ਆਪਣੇ ਨਿਜ ਸਰੂਪ ਵਿਚ, ਰੱਬੀ ਮਹਿਲ ਵਿਚ ਆ ਕੇ ਵਸ ਜਾਂਦਾ ਹੈ ।੧।

ਹੇ ਗੋਬਿੰਦ ਜੀ ! ਮੈਨੂੰ ਸਾਧ-ਸੰਗਤ ਨਾਲ ਮੇਲ (ਜੋੜ, ਜਿਸ ਵਿਚ ਬੈਠ ਕੇ ਤੈਂ) ਹਰੀ ਦਾ ਨਾਮ ਸਿਮਰਿਆ ਜਾ ਸਕਦਾ ਹੈ । ਸਾਧ ਸੰਗਤ ਦੀ ਬਰਕਤ ਨਾਲ (ਜਿਸ ਮਨੁੱਖ ਦਾ) ਹਉਮੈ ਰੋਗ ਦੂਰ ਹੋ ਗਿਆ ਹੈ, ਉਸ ਨੇ (ਜਾਣੋ ਆਤਮਿਕ) ਸੁਖ ਪਾ ਲਿਆ ਹੈ ਅਤੇ ਉਹ ਸਹਜ (ਅਡੋਲ ਅਵਸਥਾ) ਵਿਚ ਟਿਕ (ਕੇ ਸ਼ਬਦ-ਸੁਰਤ ਦੀ) ਸਮਾਧੀ ਲਾਉਂਦਾ ਹੈ ।੧।ਰਹਾਉ।

(ਹੇ ਭਾਈ ! ਮਨੁੱਖੀ ਹਿਰਦੇ ਰੂਪੀ) ਘਰ ਵਿਚ ਸ਼ੁਭ ਗੁਣਾਂ ਰੂਪੀ ਅਨੇਕਾਂ ਰਤਨ ਲਾਲ ਤੇ ਮੋਤੀ ਭਰੇ ਪਏ ਹਨ (ਪ੍ਰੰਤੂ) ਭਟਕਦਾ ਹੋਇਆ ਮਨ ਉਹਨਾਂ ਨੂੰ ਲੱਭ ਨਹੀਂ ਸਕਦਾ । ਜਿਵੇਂ ਸੌਘਾ (ਧਰਤੀ ਵਿਚ) ਲੁਕਿਆ ਹੋਇਆ ਖੂਹ ਇਕ ਛਿਨ ਵਿਚ ਲਭ ਲੈਂਦਾ ਹੈ, ਤਿਵੇਂ (ਨਾਮ ਰੂਪ ਗੁਪਤ) ਵਸਤੂ ਸਤਿਗੁਰੂ ਦੁਆਰਾ ਲਭ ਪੈਂਦੀ ਹੈ ।੨।

(ਹੇ ਭਾਈ !) ਜਿਨ੍ਹਾਂ (ਪੁਰਖਾਂ ਨੇ) ਅਜਿਹਾ ਸਤਿਗੁਰੂ ਸਾਧੂ ਪ੍ਰਾਪਤ ਨਹੀਂ ਕੀਤਾ (ਭਾਵ ਸ਼ਰਨ ਨਹੀਂ ਲਈ) ਓਹ ਮਨੁੱਖ ਫਿਟਕਾਰ ਜੋਗ ਹਨ, (ਉਹਨਾਂ ਦਾ) ਜੀਉਣਾ ਵੀ ਫਿੱਟਕਾਰ ਜੋਗ ਹੈ । (ਜਿਹੜਾ ਮਨੁੱਖਾ) ਜਨਮ (ਪੂਰਬਲੇ ਜਨਮਾਂ ਦੇ) ਪੁੰਨ ਕਰਮਾਂ ਦੇ ਫਲ ਸਰੂਪ ਪ੍ਰਾਪਤ ਕੀਤਾ ਸੀ, ਹੁਣ

(ਉਹ ਜਨਮ) ਕਉਡੀ ਬਦਲੇ (ਅਜਾਈਂ) ਜਾ ਰਿਹਾ ਹੈ ।੩।

ਹੇ ਮਧੂ ਰਾਖਸ਼ ਨੂੰ ਮਾਰਨ ਵਾਲੇ ਸੁਆਮੀ ! (ਮੇਰੇ ਉੱਤੇ) ਕਿਰਪਾ ਕਰ, ਕਿਰਪਾ ਕਰਕੇ (ਮੈਨੂੰ) ਗੁਰੂ ਨਾਲ ਮਿਲਾ ਦੇ । ਦਾਸ ਨਾਨਕ (ਆਖਦਾ ਹੈ ਕਿ ਜਿਸ ਮਨੁਖ ਨੇ) ਸਾਧੂ (ਗੁਰੂ) ਨਾਲ ਮਿਲ ਕੇ ਹਰੀ ਦੇ ਗੁਣਾਂ ਨੂੰ ਗਾਇਣ ਕੀਤਾ ਹੈ, (ਉਸਨੇ) ਵਾਸ਼ਨਾ ਰਹਿਤ ਸਭ ਤੋਂ ਉਚਾ ਆਤਮਿਕ ਦਰਜਾ ਪ੍ਰਾਪਤ ਕਰ ਲਿਆ ਹੈ ।੪।੪।੬।

## ਸਾਰੰਸ਼ ਅਤੇ ਸਿਧਾਂਤ

ਜਿਹੜਾ ਮਨ ਭਟਕਣਾ ਵਿਚ ਪਿਆ ਹੋਇਆ ਹੈ, ਉਹ ਟਿਕ ਕੇ ਹਿਰਦੇ ਵਿਚ ਨਾਮ ਦਾ ਅਨੰਦ ਨਹੀਂ ਮਾਣ ਸਕਦਾ । ਸਤਿਸੰਗਤ ਹੀ ਇਕ ਅਜਿਹਾ ਸੋਮਾ ਹੈ ਜਿਸ ਵਿਚ ਬੈਠਿਆਂ ਜਗਿਆਸੂ ਦੀ ਹਉਮੈ ਦਾ ਅਭਾਵ ਹੁੰਦਾ ਹੈ ਅਤੇ ਉਸ ਦੀ ਪਰਮਾਤਮਾ ਦੇ ਨਾਮ ਵਿਚ ਸਹਜ-ਸਮਾਧੀ ਲਗਦੀ ਹੈ ।

ਆਤਮਾ ਦੀ ਸਭ ਤੋਂ ਮੁਢਲੀ ਲੋੜ ਗੁਰੂ ਮਿਲਾਪ ਦੀ ਹੈ । ਜਦੋਂ ਤਕ ਗੁਰੂ ਨਾਲ ਸਬੰਧ ਨਹੀਂ ਜੁੜਦਾ ਓਦੋਂ ਤਕ ਜੀਵ ਡਕੇ ਡੋਲੇ ਖਾਂਦਾ ਰਹਿੰਦਾ ਹੈ ਅਤੇ ਆਪਣਾ ਅਮੋਲਕ ਜਨਮ ਕਉਡੀਆਂ ਦੇ ਭਾ ਗਵਾਉਂਦਾ ਰਹਿੰਦਾ ਹੈ । ਇਸ ਲਈ ਪ੍ਰਭੂ ਦੇ ਚਰਨ ਵਿਚ ਗੁਰੂ-ਮਿਲਾਪ ਲਈ ਜੋਦੜੀ ਕਰਨੀ ਚਾਹੀਦੀ ਹੈ । ਜੇ ਗੁਰੂ ਦੀ ਕਿਰਪਾ ਹੋ ਜਾਵੇ ਤਾਂ ਜਗਿਆਸੂ ਵਾਸ਼ਨਾ ਤੋਂ ਰਹਿਤ 'ਨਿਰਬਾਣ ਪਦ' ਪ੍ਰਾਪਤ ਕਰ ਸਕਦਾ ਹੈ ।

ਸਿਧਾਂਤ ਇਹ ਹੈ ਕਿ ਮਨੁੱਖ ਅਮੋੜ ਮਨ ਦੇ ਪਿਛੇ ਲੱਗਾ ਹੋਇਆ ਹੈ ਜਿਸ ਕਾਰਨ ਬਾਹਰ ਭਰਮਦਾ ਭਟਕਦਾ ਫਿਰਦਾ ਹੈ, ਹਿਰਦੇ ਅੰਦਰ ਵਸਦੇ ਹਰੀ ਨੂੰ ਲਭ ਨਹੀਂ ਸਕਦਾ । ਜਿਵੇਂ ਓਡਾ ਧਰਤੀ ਸੁੰਘ ਕੇ ਖੂਹ ਖੋਦ ਲੈਂਦਾ ਹੈ ਤਿਵੇਂ ਸਤਿਗੁਰੂ ਸਿਖ ਦੇ ਮਨ ਦੀ ਅਵਸਥਾ ਵੇਖ ਕੇ ਉਸ ਦੀ ਹਉਮੈ ਕਢ ਕੇ ਉਸਨੂੰ ਪਰਮਾਤਮਾ ਦੇ ਪਰਤੱਖ ਦਰਸ਼ਨ ਕਰਾ ਦਿੰਦਾ ਹੈ ।

**ਬਸੰਤੁ ਹਿੰਡੋਲ ਮਹਲਾ ੪ ॥ ਆਵਣ ਜਾਣੁ ਭਇਆ ਦੁਖੁ ਬਿਖਿਆ,ਦੇਹ ਮਨਮੁਖ ਸੁੰਞੀ ਸੁੰਞੁ ॥ ਰਾਮ ਨਾਮੁ ਖਿਨੁ ਪਲੁ ਨਹੀ ਚੇਤਿਆ, ਜਮਿ ਪਕਰੇ ਕਾਲਿ ਸਲੰਞੁ ॥੧॥ ਗੋਬਿੰਦ ਜੀਉ, ਬਿਖੁ ਹਉਮੈ ਮਮਤਾ ਮੁੰਞੁ॥ ਸਤਸੰਗਤਿ ਗੁਰ ਕੀ ਹਰਿ ਪਿਆਰੀ, ਮਿਲਿ ਸੰਗਤਿ ਹਰਿ ਰਸੁ ਭੁੰਞੁ॥੧॥ਰਹਾਉ ॥ ਸਤ ਸੰਗਤਿ ਸਾਧ ਦਇਆ ਕਰਿ ਮੇਲਹੁ, ਸਰਣਾਗਤਿ ਸਾਧੂ ਪੰਞੁ । ਹਮ ਡੁਬਦੇ ਪਾਥਰ ਕਾਢਿ ਲੇਹੁ ਪ੍ਰਭ, ਤੁਮ੍ ਦੀਨ ਦਇਆਲ ਦੁਖ ਭੰਞੁ ॥੨॥ ਹਰਿ ਉਸਤਤਿ ਧਾਰਹੁ ਰਿਦ ਅੰਤਰਿ ਸੁਆਮੀ, ਸਤ ਸੰਗਤਿ ਮਿਲਿ ਬੁਧਿ ਲੰਞੁ ॥ ਹਰਿ ਨਾਮੈ ਹਮ ਪ੍ਰੀਤਿ ਲਗਾਨੀ,ਹਮ ਹਰਿ ਵਿਟਹੁ ਘੁਮਿ ਵੰਞੁ ॥੩॥ ਜਨ ਕੇ ਪੂਰਿ ਮਨੋਰਥ ਹਰਿ ਪ੍ਰਭ, ਹਰਿਨਾਮੁ ਦੇਵਹੁ ਹਰਿ ਲੰਞੁ । ਜਨ ਨਾਨਕ ਮਨਿ ਤਨਿ ਅਨਦੁ ਭਇਆ ਹੈ, ਗੁਰਿ ਮੰਤ੍ਰੁ ਦੀਓ ਹਰਿ ਭੰਞੁ ॥੪॥੫॥੭॥੧੨॥੧੮॥੭॥੩੭॥**

## ਉਚਾਰਨ ਸੇਧ

**ਬਿੰਦੀ ਸਹਿਤ :** ਨਹੀਂ, ਵਿਟਹੁੰ, ਅਨੰਦ।

**ਫੁਟਕਲ :** 'ਵ' ਦਾ ਉਚਾਰਨ 'ੜ' ਨਹੀਂ ਕਰਨਾ। ਆਮ ਪਾਠਕ ਜੋ ਪਾਠ ਕਰਦੇ ਹਨ, ਓਹ ਆਪ ਸੁਣਦੇ ਨਹੀਂ, ਜਿਸ ਕਾਰਨ ਉਨ੍ਹਾਂ ਨੂੰ ਅਜਿਹੀਆਂ ਉਚਾਰਨ ਅਸ਼ੁੱਧੀਆਂ ਦਾ ਪਤਾ ਨਹੀਂ ਲਗਦਾ।

**ਪਦ ਅਰਥ:** ਆਵਣ ਜਾਣੁ-ਜਨਮ ਮਰਨ, ਆਵਾਗਵਣ। ਬਿਖਿਆ-ਮਾਇਆ। ਦੇਹ-ਦੇਹੀ, ਸਰੀਰ। ਸੁੰਵੀ-ਸਖਣੀ। ਸੁੰਞੁ-(ਨਾਮ ਤੋਂ) ਸੁੰਞਾ, ਸਖਣਾ। ਨਹੀ ਚੇਤਿਆ-ਯਾਦ ਨਹੀਂ ਕੀਤਾ ਜਮਿ-ਜਮ ਨੇ। ਪਕਰੇ-ਪਕੜੇ। ਕਾਲਿ-ਮੌਤ ਨੇ ।ਸਲੁੰਞੁ-ਕੇਸਾਂ ਤੋਂ। ਲੁੰਚ-ਵਾਲਾਂ ਨੂੰ ਪੁਟਣਾ੧।

ਗੋਬਿੰਦ ਜੀਉ-ਹੇ ਪ੍ਰਿਥਵੀ ਦੇ ਪਾਲਕ ਜੀ !। ਬਿਖੁ-(ਮਾਇਆ ਰੂਪੀ) ਜ਼ਹਰ। ਮੁੰਞੁ-ਮੋਚਨ ਕਰ, ਕਟ ਕੇ, ਦੂਰ ਕਰ। ਮਿਲਿ ਸੰਗਤਿ-ਸੰਗਤ ਨਾਲ ਮਿਲ ਕੇ। ਪੰਞੁ-(ਮੈਂ) ਭੁੰਚ ਸਕਾਂ।੧।ਰਹਾਉ। ਦੁਖ ਭੰਞੁ-ਦੁਖਾਂ ਦਾ ਨਾਸ਼ ਕਰਨ ਵਾਲਾ। ਪੰਞੁ-ਪਏ ਹਾਂ ।੨।

ਹਰਿ-ਹੇ ਹਰੀ !। ਉਸਤਤਿ-ਵਡਿਆਈ। ਰਿਦ ਅੰਤਰਿ-ਹਿਰਦੇ ਅੰਦਰ। ਸੁਆਮੀ-ਹੇ ਮਾਲਕ!। ਬੁਧਿ ਲੰਞੁ-ਅਕਲ ਲਭ ਜਾਏ। ਘੁਮਿ ਵੰਞੁ-ਮੈਂ ਸਦਕੇ ਜਾਂਦੀ ਹਾਂ ।੩।

ਪੂਰਿ-ਪੂਰੇ ਕਰੋ। ਹਰਿ ਪ੍ਰਭ-ਹੇ ਹਰੀ ਪ੍ਰਭੂ !। ਲੰਞੁ-ਪ੍ਰਕਾਸ਼, ਚਾਨਣ। ਮਨਿ-ਮਨ ਵਿਚ। ਤਨਿ-ਸਰੀਰ ਵਿਚ। ਅਨਦ-ਅਨੰਦ। ਗੁਰਿ-ਗੁਰੂ ਨੇ। ਭੰਞੁ-ਭਾਵ ਭਜਨ ਲਈ ।੪।

**ਅਰਥ :** (ਹੇ ਭਾਈ !) ਮਨਮੁਖਾਂ ਦੀ ਦੇਹੀ (ਨਾਮ ਤੋਂ) ਸਖਣੀ ਰਹਿੰਦੀ ਹੈ, ਮਾਇਆ ਦੇ ਦੁਖ (ਕਾਰਨ ਉਨ੍ਹਾਂ ਦਾ) ਜਨਮ ਮਰਨ ਦਾ ਗੇੜ ਬਣਿਆ ਰਹਿੰਦਾ ਹੈ। (ਉਨ੍ਹਾਂ ਨੇ ਪਰਮਾਤਮਾ ਦਾ) ਨਾਮ ਇਕ ਛਿਨ ਪਲ ਮਾਤਰ ਵੀ ਯਾਦ ਨਹੀਂ ਕੀਤਾ (ਇਸ ਲਈ) ਜਮ ਕਾਲ ਨੇ (ਮਨਮੁਖ ਜੀਵ) ਕੇਸਾਂ ਤੋਂ ਫੜ ਰਖੇ ਹਨ ।੧।

ਹੇ ਗੋਬਿੰਦ ਜੀ ! ਹਉਮੈ ਤੇ ਮਮਤਾ (ਜੋ) ਜ਼ਹਿਰ ਰੂਪ ਹੈ (ਮੇਰੇ ਅੰਦਰੋਂ) ਦੂਰ ਕਰ ਦੇ। ਸਤਿਸੰਗਤ (ਜੋ) ਗੁਰੂ ਅਤੇ ਹਰੀ ਦੀ ਪਿਆਰੀ ਹੈ (ਉਸ) ਸੰਗਤ ਨਾਲ ਮਿਲ ਕੇ (ਮੈਂ) ਹਰੀ ਦਾ (ਨਾਮ) ਰਸ ਭੁੰਚ ਸਕਾਂ।੧।ਰਹਾਉ।

(ਹੇ ਗੋਬਿੰਦ ਜੀਓ !) ਤੁਸੀਂ ਆਪਣੀ ਮਿਹਰ ਕਰਕੇ (ਮੈਨੂੰ) ਸਾਧੂ (ਗੁਰੂ ਦੀ) ਸਤਸੰਗਤ ਵਿਚ ਮਿਲਾ ਦਿਓ (ਤਾਂ ਜੋ ਮੈਂ) ਮੈਂ ਸਾਧੂ (ਗੁਰੂ) ਦੀ ਸ਼ਰਣ ਵਿਚ ਪਿਆ ਰਹਾਂ। ਹੇ ਦੀਨਾਂ ਉਤੇ ਦਇਆ ਕਰਨ ਵਾਲੇ ! ਦੁਖਾਂ ਦਾ ਨਾਸ਼ ਕਰਨ ਵਾਲੇ ਪ੍ਰਭੂ ! (ਅਸੀਂ) ਪਾਪਾਂ ਨਾਲ ਭਰੇ ਹੋਏ ਡੁਬਦੇ ਜਾ ਰਹੇ ਹਾਂ (ਅਸਾਂ) ਪਾਪੀਆਂ ਨੂੰ (ਤੁਸੀਂ ਸੰਸਾਰ ਸਾਗਰ ਤੋਂ ਕਢ ਲਵੋ ਜੀ ।੨।

ਹੇ ਹਰੀ ! ਹੇ ਸੁਆਮੀ ! ਆਪਣੀ ਸਿਫਤ ਸਾਲਾਹ ਮੇਰੇ ਹਿਰਦੇ ਅੰਦਰ ਵਸਾ ਦਿਓ, ਸਤ ਸੰਗਤ ਵਿਚ ਮਿਲ ਕੇ (ਮੇਰੀ) ਅਕਲ ਵਿਚ ਪ੍ਰਕਾਸ਼ ਹੋ ਜਾਵੇ। ਹਰੀ ਦੇ ਨਾਮ ਵਿਚ ਮੇਰੀ ਪ੍ਰੀਤ ਬਣ ਗਈ ਹੈ, ਮੈਂ ਪਰਮਾਤਮਾ ਤੋਂ (ਘੋਲੀ ਤੇ ਸਦਕੇ) ਜਾਂਦਾ ਹਾਂ ।੩।

ਹੇ ਹਰੀ ਪ੍ਰਭੂ ! (ਆਪ ਸੇਵਕ) ਜਨਾ ਦੇ (ਸਾਰੇ) ਮਨੋਰਥ ਪੂਰੇ ਕਰਨ ਵਾਲੇ ਹੋ, ਮੈਨੂੰ ਵੀ

ਆਪਣਾ ਨਾਮ ਬਖਸ਼ੋ (ਜਿਸ ਨਾਲ ਮੇਰੇ ਹਿਰਦੇ ਵਿਚ ਆਪ) ਹਰੀ ਦਾ ਪ੍ਰਕਾਸ਼ ਹੋ ਜਾਵੇ। ਦਾਸ ਨਾਨਕ (ਆਖਦਾ ਹੈ ਕਿ ਹੇ ਭਾਈ !) ਮੇਰੇ ਮਨ ਵਿਚ, ਸਰੀਰ ਵਿਚ (ਆਤਮਿਕ) ਅਨੰਦ ਹੋ ਗਿਆ ਹੈ (ਕਿਉਂਕਿ) ਗੁਰੂ ਨੇ ਮੈਨੂੰ ਭਜਨ ਲਈ (ਨਾਮ) ਮੰਤ੍ਰ ਬਖਸ਼ ਦਿਤਾ ਹੈ।੪।੫।੭।੩੭।

## ਸਾਰੰਸ਼ ਅਤੇ ਸਿਧਾਂਤ

ਹਉਮੈ ਤੇ ਮਾਇਆ ਦੀ ਮਮਤਾ ਜੀਵਨ ਲਈ ਜ਼ਹਿਰ ਸਮਾਨ ਹਨ। ਇਹੋ ਹੀ ਜਨਮ ਮਰਨ ਦਾ ਕਾਰਨ ਹਨ। ਇਹੋ ਹੀ ਨਾਮ-ਸਿਮਰਨ ਵਿਚ ਰੋੜਾ ਅਟਕਾਉਣ ਵਾਲੀਆਂ ਹਨ। ਇਹਨਾਂ ਤੋਂ ਛੁਟਕਾਰਾ ਪਾਉਣ ਦਾ ਸਾਧਨ ਸਤਿਸੰਗਤ ਹੈ ਜਿਥੇ ਹਰੀ ਦਾ ਜਸ ਗਾਇਨ ਕੀਤਾ ਜਾਂਦਾ ਹੈ। ਸਤਿਸੰਗਤ ਪ੍ਰਭੂ ਤੇ ਗੁਰੂ ਨੂੰ ਵੀ ਪਿਆਰੀ ਲਗਦੀ ਹੈ :–

**ਸਤ ਸੰਗਤਿ ਗੁਰ ਕੀ ਹਰਿ ਪਿਆਰੀ, ਮਿਲਿ ਸੰਗਤਿ ਹਰਿ ਰਸੁ ਭੁੰਚੁ॥**

ਸਤ ਸੰਗਤਿ ਵਿਚ ਹਰਿ-ਰਸ ਭੁੰਚਣ ਦੀ ਜਾਚ ਸਿਖਣੀ ਹੈ। ਸਤਿ ਸੰਗਤ ਵਿਚੋਂ ਹੀ ਨਿਰਮਲ ਬੁਧੀ ਮਿਲਦੀ ਹੈ। ਉਥੇ ਇਉਂ ਬੇਨਤੀ ਕਰਨੀ ਹੈ:–

**ਹਰਿ ਉਸਤਤਿ ਧਾਰਹੁ ਰਿਦ ਅੰਤਰਿ ਸੁਆਮੀ, ਸਤ ਸੰਗਤਿ ਮਿਲਿ ਬੁਧਿ ਲੰਚੁ॥**

ਸਿਧਾਂਤ ਇਹ ਹੈ ਕਿ ਜਿਸ ਦੇ ਹਿਰਦੇ ਵਿਚ ਗੁਰੂ ਨੇ ਨਾਮ ਮੰਤ੍ਰ ਦਾ ਪ੍ਰਕਾਸ਼ ਕਰ ਦਿਤਾ ਹੈ, ਉਸ ਦੇ ਮਨ ਤਨ ਵਿਚ ਹਰ ਵੇਲੇ ਆਤਮਿਕ ਵਿਗਾਸ ਬਣਿਆ ਰਹਿੰਦਾ ਹੈ।

ਧੰਨ ਹਨ ਗੁਰੂ ਰਾਮ ਦਾਸ ਪਾਤਿਸਾਹ ਜਿਨ੍ਹਾਂ ਨੇ ਰਬੀ ਰੰਗ ਵਿਚ ਆ ਕੇ ਜਿਵੇਂ 'ਹਰਿ ਨਾਮਾ ਹਰਿ ਰੰਙ ਹੈ, ਹਰਿ ਰੰਙ ਮਜੀਠੈ ਰੰਙ' ਵਿਚ 'ਙ' ਦੀ ਵਰਤੋਂ ਕੀਤੀ ਹੈ, ਤਿਵੇਂ ਇਸ ਸ਼ਬਦ ਵਿਚ 'ਵ' ਦੀ ਵਰਤੋਂ ਨਵੀਨ ਸ਼ਬਦਾਵਲੀ ਦੀ ਜਨਮ ਦਾਤੀ ਬਣ ਗਈ ਹੈ। ਇਸ ਕਾਵਿ ਸ਼ੈਲੀ ਦੀ ਵਿਲਖਣਤਾ ਗੁਰੂ ਪਾਤਿਸ਼ਾਹ ਜੀ ਦੇ ਹਿਸੇ ਹੀ ਆਈ ਹੈ, ਜੋ ਦੁਨਿਆਵੀ ਵਿਦਿਆ ਤੋਂ ਅਛੋਹ ਹੈ।

## ਬਸੰਤੁ ਮਹਲਾ ੫ ਘਰੁ ੧ ਦੁਤੁਕੇ

**੧ੴ ਸਤਿਗੁਰ ਪ੍ਰਸਾਦਿ ॥ ਗੁਰੁ ਸੇਵਉ, ਕਰਿ ਨਮਸਕਾਰ ॥ ਆਜੁ ਹਮਾਰੈ ਮੰਗਲਚਾਰ॥ ਆਜੁ ਹਮਾਰੈ ਮਹਾ ਅਨੰਦ ॥ ਚਿੰਤ ਲਥੀ ਭੇਟੇ ਗੋਬਿੰਦ ॥੧॥ ਆਜੁ ਹਮਾਰੈ, ਗ੍ਰਿਹਿ ਬਸੰਤ ॥ ਗੁਨ ਗਾਏ ਪ੍ਰਭ ਤੁਮ੍ ਬੇਅੰਤ ॥੧॥ਰਹਾਉ॥ ਆਜੁ ਹਮਾਰੈ ਬਨੇ ਫਾਗ ॥ ਪ੍ਰਭ ਸੰਗੀ ਮਿਲਿ, ਖੇਲਨ ਲਾਗ ॥ ਹੋਲੀ ਕੀਨੀ, ਸੰਤ ਸੇਵ ॥ ਰੰਗੁ ਲਾਗਾ, ਅਤਿ ਲਾਲ ਦੇਵ ॥੨॥ ਮਨੁ ਤਨੁ ਮਉਲਿਓ, ਅਤਿ ਅਨੂਪ ॥ ਸੂਕੈ ਨਾਹੀ, ਛਾਵ ਧੂਪ ॥ ਸਗਲੀ ਰੂਤੀ,ਹਰਿਆ ਹੋਇ ॥ ਸਦ ਬਸੰਤ, ਗੁਰ ਮਿਲੇ ਦੇਵ ॥੩॥ ਬਿਰਖੁ ਜਮਿਓ ਹੈ ਪਾਰਜਾਤ ॥ ਫੂਲ ਲਗੇ, ਫਲ ਰਤਨ ਭਾਂਤਿ ॥ ਤ੍ਰਿਪਤਿ ਅਘਾਨੇ, ਹਰਿ ਗੁਣਹ ਗਾਇ ॥ ਜਨ ਨਾਨਕ, ਹਰਿ ਹਰਿ ਹਰਿ ਧਿਆਇ ॥੪॥੧॥**

## ਉਚਾਰਨ ਸੇਧ

**ਬਿੰਦੀ ਸਹਿਤ :** ਸੇਵਉਂ, ਮਹਾਂ, ਨਾਹੀਂ, ਛਾਂ, ਸਗਲੀਂ, ਰੁਤੀਂ, ਜਮਿਓਂ, ਗੁਣਹਂ।

**ਪਦ ਅਰਥ :** ਸੇਵਉ-ਮੈਂ ਸੇਂਵਦਾ ਹਾਂ। ਕਰਿ-ਕਰਕੇ। ਹਮਾਰੈ-ਮੇਰੇ ਲਈ। ਮੰਗਲਚਾਰ-ਖੁਸ਼ੀ, ਖੇੜੇ ਭਰਪੂਰ ਅਨੰਦਮਈ ਸਮਾਂ। ਮਹਾ-ਬਹੁਤ ਵੱਡਾ। ਲਥੀ-ਲਹਿ ਗਈ, ਦੂਰ ਹੋ ਗਈ ਹੈ। ਭੇਟੇ-ਮਿਲੇ ਹਨ ।੧। ਹਮਾਰੈ ਗ੍ਰਿਹਿ-ਮੇਰੇ ਹਿਰਦੇ ਰੂਪੀ ਘਰ ਵਿਚ। ਬਸੰਤੁ-ਖੇੜਾ,ਆਤਮਿਕ ਅਨੰਦ। ਪ੍ਰਭ-ਬੇਅਤ-ਹੇ ਬੇਅੰਤ (ਪ੍ਰਭੂ!) ।੧।ਰਹਾਉ।

ਫਾਗੁ-(ਗੁਲਾਲ) ਜਿਸ ਵਿਚ ਲਾਲ ਰੰਗ ਵਰਤਿਆ ਜਾਵੇ। ਫੱਗਣ ਦਾ ਮਹੀਨਾ, ਭਾਵ ਹੋਲੀ। ਪ੍ਰਭ ਸੰਗੀ-ਪ੍ਰਭੂ ਦੇ ਸਾਥੀ। ਮਿਲਿ-(ਆਪਸ ਵਿਚ) ਮਿਲ ਕੇ। ਖੇਲਨ ਲਾਗ-ਖੇਡਣ ਲਗੇ ਹਨ। ਸੰਤ ਸੇਵਾ-ਸੰਤ (ਜਨਾਂ) ਦੀ ਸੇਵਾ। (ਨਾਮ) ਰੰਗੁ-ਪਿਆਰ। ਲਾਗਾ-ਲੱਗਾ। ਅਤਿ ਲਾਲ-ਬਹੁਤ ਗੂੜ੍ਹਾ ਲਾਲ। ਦੇਵ-ਪ੍ਰਕਾਸ਼ ਰੂਪ (ਪ੍ਰਭੂ) ਦਾ ।੨।

ਮਉਲਿਓ-ਖਿੜ ਪਿਆ ਹੈ, ਵਿਗਾਸ ਵਿਚ ਆ ਗਿਆ। ਅਤਿ ਅਨੂਪੁ-ਬਹੁਤ ਹੀ ਸੋਹਣਾ। ਸੂਕੈ ਨਾਹੀ-ਇਹ ਮੌਲਿਕਤਾ ਸੁਕਦੀ (ਮੁਕਦੀ) ਨਹੀਂ ਹੈ। ਛਾਵ ਧੂਪ-ਛਾਂ ਧੁਪ ਭਾਵ ਸੁੱਖ ਦੁੱਖ। ਸਗਲੀ ਰੁਤੀ-ਸਾਰੀਆਂ ਰੁੱਤਾਂ ਵਿਚ। ਹਰਿਆ ਹੋਇ-ਹਰਾ ਭਰਾ, ਪ੍ਰਫੁਲਤ ਹੋਇਆ ਰਹਿੰਦਾ ਹੈ। ਸਦ ਬਸੰਤ-ਸਦਾ ਹੀ ਬਹਾਰ ਬਣੀ ਹੈ, ਭਾਵ ਆਤਮਿਕ ਖੇੜਾ ਹੈ। ਗੁਰ ਮਿਲੇ ਦੇਵ-ਪ੍ਰਕਾਸ਼ ਦੇ ਦਾਤੇ ਗੁਰੂ ਮਿਲ ਪਏ ਹਨ ।੩।

ਬਿਰਖੁ-ਰੁੱਖ, ਦਰਖ਼ਤ। ਜਮਿਓ ਹੈ-ਜਮ ਪਿਆ, ਉਗ ਪਿਆ ਹੈ। ਪਾਰਜਾਤ-ਮਨੋ ਕਾਮਨਾ ਪੂਰੀਆਂ ਕਰਨ ਵਾਲਾ ਸੁਵਰਗ ਦਾ ਰੁੱਖ। ਫੂਲ ਲਗੇ-(ਕਈ ਕਿਸਮਾਂ ਦੇ) ਫੁਲ ਲਗੇ ਹਨ। ਫਲ ਰਤਨ ਭਾਂਤਿ-ਰਤਨਾ ਵਾਂਗ ਚਮਕਦੇ ਸੁੰਦਰ ਫਲ। ਤ੍ਰਿਪਤਿ ਅਘਾਨੇ-(ਫਲ ਖਾ ਕੇ) ਰਜ ਗਏ, ਤ੍ਰਿਪਤ ਹੋ ਗਏ। ਹਰਿ ਗੁਣਹ ਗਾਇ-ਹਰੀ ਦੇ ਗੁਣ ਗਾ ਕੇ ।੪।

**ਅਰਥ :** (ਹੇ ਭਾਈ !) ਮੈਂ ਨਮਸਕਾਰ ਕਰਕੇ ਗੁਰੂ ਨੂੰ ਸੇਂਵਦਾ ਹਾਂ। (ਗੁਰੂ ਦੀ ਬਰਕਤ ਨਾਲ) ਅਜ ਮੇਰੇ ਲਈ ਆਤਮਿਕ ਅਨੰਦ (ਬਣਿਆ ਹੋਇਆ ਹੈ)। ਅਜ ਮੇਰੇ ਲਈ ਬਹੁਤ ਵੱਡਾ ਅਨੰਦ ਹੈ (ਕਿਉਂਕਿ ਮੈਨੂੰ) ਗੁਰ-ਪਰਮੇਸੁਰ ਮਿਲ ਪਏ ਹਨ (ਅਤੇ ਸਾਡੀ ਸਾਰੀ) ਚਿੰਤਾ ਦੂਰ ਹੋ ਗਈ ਹੈ ।੧।

ਅਜ ਸਾਡੇ ਘਰ (ਹਿਰਦੇ) ਵਿਚ ਬਸੰਤ (ਆਤਮਿਕ ਖੁਸ਼ੀ ਆ ਗਈ ਹੈ)। ਹੇ ਬੇਅੰਤ ਪ੍ਰਭੂ ! (ਅਸਾਂ ਹਿਰਦੇ ਵਿਚ ਤੇਰੇ) ਗੁਣ ਗਾਇਨ ਕੀਤੇ ਹਨ ।੧।ਰਹਾਉ।

(ਹੇ ਭਾਈ !) ਅਜ ਸਾਡੇ ਲਈ ਫਗਣ ਦੇ ਮਹੀਨੇ ਵਿਚ (ਹੋਲੀ ਵਾਲੇ ਉਤਸਵ ਖੇੜੇ) ਬਣੇ ਹੋਏ ਹਨ। ਪ੍ਰਭੂ ਦੇ ਸਾਥੀ (ਸੰਤ ਜਨ) ਮਿਲ ਕੇ (ਆਤਮਿਕ ਰੰਗ ਵਿਚ) ਖੇਡਣ ਲਗੇ ਹਨ। (ਉਨ੍ਹਾਂ) ਸੰਤਾਂ ਦੀ ਸੇਵਾ ਕਰਨੀ (ਮੇਰੇ ਲਈ ਇਹ) ਹੋਲੀ ਹੈ। ਪ੍ਰਕਾਸ਼ ਰੂਪ ਪਰਮਾਤਮਾ ਦਾ (ਮੈਨੂੰ) ਬਹੁਤ ਹੀ ਪ੍ਰੇਮ ਲੱਗਾ ਹੈ ।੨।

(ਹੇ ਭਾਈ ! ਮੇਰਾ) ਮਨ ਤਨ ਬਹੁਤ ਸੋਹਣਾ ਖਿੜ ਪਿਆ ਹੈ। (ਹੁਣ ਇਸ ਮੌਲਿਕਤਾ ਦਾ ਰਸ ਭਾਵੇਂ) ਛਾਂ ਹੋਵੇ ਭਾਵੇਂ ਧੁਪ ਹੋਵੇ (ਭਾਵ ਸੁਖ ਹੋਵੇ ਜਾਂ ਦੁਖ ਹੋਵੇ) ਸੁਕਦਾ ਨਹੀਂ ਹੈ, (ਭਾਵ ਨਿਰੰਤਰ ਬਸੰਤ

ਬਣੀ ਰਹਿੰਦੀ ਹੈ) । ਸਾਰੀਆਂ ਰੁਤਾਂ ਵਿਚ (ਮੇਰਾ ਮਨ ਤਨ) ਹਰਾ ਭਰਾ (ਅਨੰਦਤ) ਹੋਇਆ ਰਹਿੰਦਾ ਹੈ। (ਮੈਨੂੰ ਗਿਆਨ) ਪ੍ਰਕਾਸ਼ਕ ਗੁਰੂ ਮਿਲ ਪਏ ਹਨ (ਜਿਸ ਕਰਕੇ) ਸਦਾ ਬਸੰਤ ਦਾ (ਸੁਹਾਵਣਾ ਵਾਤਾਵਰਨ ਬਣਿਆ ਰਹਿੰਦਾ ਹੈ) ।੩।

(ਗੁਰੂ ਮਿਲਣ ਦੇ ਫਲ ਸਰੂਪ ਮੇਰੇ ਅੰਤਸ਼ ਕਰਨ ਵਿਚ) ਪਾਰਜਾਤ ਰੁੱਖ ਜਮ ਪਿਆ ਹੈ (ਜਿਸ ਨੂੰ ਅਨੇਕ ਤਰ੍ਹਾਂ ਦੇ) ਰੰਗ ਬਰੰਗੇ ਫੂਲ ਲਗੇ ਹੋਏ ਹਨ (ਅਤੇ) ਰਤਨਾਂ ਵਾਂਗ (ਕੀਮਤੀ ਤੇ ਸੁੰਦਰ) ਫਲ ਲਗੇ ਹੋਏ ਹਨ। ਦਾਸ ਨਾਨਕ ਜੀ (ਆਖਦੇ ਹਨ ਕਿ ਹੁਣ ਮਨ, ਤਨ, ਬਾਣੀ ਕਰਕੇ ਨਿਰੋਲ) ਹਰੀ ਦੇ ਗੁਣ ਗਾ ਕੇ (ਇਹ ਫਲ ਖਾ ਕੇ ਅਸੀਂ) ਪੂਰਨ ਤੌਰ ਤੇ ਰਜ ਗਏ ਹਾਂ ।੪।੧।

## ਅਰਥ ਭੇਦ ਅਤੇ ਨਿਰਣੈ

**ਆਜੁ ਹਮਾਰੈ ਬਨੇ ਫਾਗ ॥**

ਵਖ ਵਖ ਅਰਥ :

੧. ਆਜ ਹਮਾਰੇ (ਫਾਗ) ਹੋਲੇ ਬਨ ਰਹੇ ਹੈਂ। [ਫ.ਸ.

੨. ਅਜ ਸਾਡੇ ਘਰ ਹੋਲੇ ਮਹੱਲੇ ਦੇ ਖੁਸ਼ੀ ਦੇ ਦਿਨ ਬਣ ਰਹੇ ਹਨ । [ਗਿ. ਬਿਸ਼ਨ ਸਿੰਘ

੩. ਫਾਗ, ਫਗਣ ਮਹੀਨੇ ਦਾ ਉਤਸਵ, ਹੋਲੀ । ਅਜ ਤਾਂ ਸਾਡੇ ਫਗਣ ਦੀ ਹੋਲੀ ਬਣੀ ਪਈ ਹੈ । [ਸ਼ਬਦਾਰਥ

੪. ਹੁਣ ਮੇਰੇ ਹਿਰਦੇ ਵਿਚ ਬੜਾ ਅਨੰਦ ਬਣਿਆ ਪਿਆ ਹੈ, ਹੁਣ ਮੇਰੇ ਅੰਦਰ ਖੁਸ਼ੀਆਂ ਹੀ ਖੁਸ਼ੀਆਂ ਹਨ । [ਦਰਪਣ

**ਨਿਰਣੈ** : ਇਹ ਸ਼ਬਦ ਪਿਤਾ ਗੁਰੂ ਅਮਰਦਾਸ ਜੀ ਦਾ ਰਚਿਤ ਹੈ, ਓਦੋਂ ਕਿਹੜਾ ਹੋਲਾ ਮੁਹੱਲਾ ਚੜ੍ਹਦਾ ਸੀ ਜਿਸ ਨੂੰ ਖੁਸ਼ੀ ਦਾ ਪ੍ਰਤੀਕ ਮੰਨਿਆ ਜਾ ਰਿਹਾ ਹੈ, ਹੋਲੇ ਮਹੱਲੇ ਦੀ ਰਹੁਰੀਤ ਤਾਂ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਤੋਂ ਚਲਾਈ ਸੀ।

'ਫਾਗ' ਪਦ ਫਗਣ ਦੇ ਮਹੀਨੇ ਦਾ ਸੂਚਕ ਹੈ ਇਸ ਮਹੀਨੇ ਵਿਚ ਹੋਲੀ ਖੇਡੀ ਜਾਂਦੀ ਹੈ । ਇਹ ਲੋਕਾਂ ਲਈ ਭਾਵੇਂ ਰੰਗਾਂ ਦਾ ਤਿਉਹਾਰ ਹੋਵੇ ਪਰ ਗੁਰੂ ਘਰ ਵਿਚ ਤਾਂ ਆਤਮਿਕ ਅਨੰਦ ਨੂੰ ਬਹੁਤ ਮਹੱਤਤਾ ਦਿਤੀ ਗਈ ਹੈ । ਇਸ ਲਈ ਪ੍ਰਭੂ-ਪਿਆਰਿਆਂ ਸੰਤਾਂ ਨਾਲ ਹਰੀ ਦਾ ਜਸ ਗਾਇਨ ਕਰਨ ਮਗਰੋਂ ਆਤਮਿਕ ਖੇੜੇ ਸੁਭਾਵਿਕ ਹਨ ।

## ਸਾਰੰਸ਼ ਅਤੇ ਸਿਧਾਂਤ

ਸੰਸਾਰ ਜੋ ਹੋਲੀ ਖੇਡਦਾ ਹੈ, ਓਹ ਸਾਰੇ ਦੇਖਦੇ ਹੋ ਕਿ ਕਿਵੇਂ ਇਕ ਦੂਜੇ ਤੇ ਪਿਚਕਾਰੀਆਂ ਨਾਲ ਰੰਗ ਪਾਂਦੇ ਹਨ, ਇਕ ਦੂਜੇ ਦੇ ਮੂੰਹ ਤੇ ਰੰਗ ਮਲ ਕੇ ਕਰੂਪ ਬਣਾਂਦੇ ਹਨ। ਫਿਰ ਕਿਤਨੀਆਂ ਹੀ ਆਪਸ ਵਿਚ ਲੜਾਈਆਂ ਝਗੜੇ ਤੇ ਫਸਾਦ ਹੁੰਦੇ ਹਨ । ਲੱਖਾਂ ਰੁਪਏ ਰੰਗਾਂ ਤੇ ਬਰਬਾਦ ਕੀਤੇ ਜਾਂਦੇ ਹਨ ਪਰ ਹੋਲੀ ਮੰਨਾਉਣ ਦਾ ਜੋ ਮਨੋਰਥ ਹੈ, ਉਸ ਤੋਂ ਲਗਭਗ ਸਾਰੇ ਲੋਕ ਅਗਿਆਤ ਹੀ ਰਹਿੰਦੇ ਹਨ ।

ਵੇਖੋ ਸਤਿਗੁਰਾਂ ਨੇ ਕਿਤਨੀ ਸੁੰਦਰ ਹੋਲੀ ਖੇਡਣ ਦੀ ਜਾਚ ਸਿਖਾਈ ਹੈ:

**ਹੋਲੀ ਕੀਨੀ ਸੰਤ ਸੇਵ ॥ ਰੰਗੁ ਲਾਗਾ ਅਤਿ ਲਾਲ ਦੇਵ ॥**

ਇਹ ਹੋਲੀ ਪਰਮਾਤਮਾ ਦੇ ਪ੍ਰੇਮ ਤੇ ਗੁਰੂ ਦੀ ਸੇਵਾ ਦੀ ਪ੍ਰਤੀਕ ਹੈ ਜਿਸ ਨਾਲ 'ਮਨਿ ਤਨਿ ਮਉਲਿਓ ਅਤਿ ਅਨੂਪ' ਦੀ ਪ੍ਰਾਪਤੀ ਹੁੰਦੀ ਹੈ। ਰੰਗਾਂ ਵਿਚ ਪਰਮੇਸ਼ਰ ਦੇ ਗੁਣ ਗਾਉਣੇ ਹੀ ਅਸਲੀ ਬਸੰਤ ਤੇ ਹੋਲੀ ਦਾ ਉਤਸ਼ਵ ਮਾਣਨਾ ਹੈ। ਸੁੰਦਰ ਤੇ ਰਸੀਲੇ ਫਲ ਪਦਾਰਥ ਖਾਣ ਨਾਲ ਹੋਲੀ ਨਹੀਂ ਹੁੰਦੀ, ਪ੍ਰਭੂ ਦੇ ਗੁਣ ਗਾਉਣ ਨਾਲ ਹੀ ਹੋਲੀ ਹੁੰਦੀ ਹੈ। ਭਾਈ ਨੰਦ ਲਾਲ (ਗੋਯਾ) ਜੀ ਨੇ ਹੋਲੀ ਦੇ ਨਜ਼ਾਰੇ ਨੂੰ ਬੜੇ ਸੁੰਦਰ ਸ਼ਬਦਾਂ ਵਿਚ ਵਰਣਨ ਕੀਤਾ ਹੈ :

ਗੁਲੇ ਹੋਲੀ ਬਬਾਗ਼ੇ ਦਹਰ ਬੂ ਕਰਦ ॥ ਲਬੇ ਚੂੰ ਗੁੰਚਿਹ ਰਾ ਫ਼ਰਖ਼ੰਦਾ ਖ਼ੂ ਕਰਦ ॥੧॥
ਗੁਲਾਬੋ ਅੰਬਰੋ ਮੁਸ਼ਕੋ ਅਬੀਰੇ ॥ ਜ਼ੂ ਬਾਰਾਂ ਬਾਰਸ਼ੇ ਅਜ਼, ਸੂ ਬਸੂ ਕਰਦ ॥੨॥
ਜ਼ਹੇ ਪਰਕਾਰੀਏ ਪੁਰ ਜ਼ਾਫ਼ਰਾਨੀ ॥ ਕਿ ਹਰ ਬੇਰੰਗ ਰਾ, ਖ਼ੁਸ਼ ਰੰਗੋ ਬੂ ਕਰਦ ॥੩॥
ਗੁਲਾਲ ਅਫ਼ਸ਼ਾਨੀਏ ਦਸਤੇ ਮੁਬਾਰਕ ॥ ਜ਼ਮੀਨੋ ਆਸਮਾਂ ਰਾ ਸੁਰਖ਼ਰੂ ਕਰਦ ॥੪॥
ਦੋ ਆਲਮ ਗਸ਼ਤ ਰੰਗੀਨ ਅਜ਼ ਤੁਫ਼ੈਲਸ਼ ॥
ਚੁ ਸ਼ਾਹਮ ਜਾਮਹ ਰੰਗੀਂ ਦਰ ਗੁਲੂ ਕਰਦ ॥੫॥
ਕਸੇ ਕੋ ਦੀਦ ਦੀਦਾਰੇ ਮੁਕੱਦਸ ॥ ਮੁਰਾਦੇ ਉਮਰ ਰਾ ਹਾਸਿਲ ਨਿਕੋ ਕਰਦ ॥੬॥
ਸ਼ਵੱਦ ਕੁਰਬਾਨ ਖ਼ਾਕੇ ਰਾਹਿ ਸੰਗਤ ॥ ਦਿਲਿ 'ਗੋਯਾ' ਹਮੀਂ ਰਾ ਆਰਜ਼ੂ ਕਰਦ ॥੭॥

**ਬਸੰਤੁ ਮਹਲਾ ੫ ॥ ਹਟਵਾਣੀ, ਧਨ ਮਾਲ ਹਾਟੁ ਕੀਤੁ ॥ ਜੁਆਰੀ, ਜੁਏ ਮਾਹਿ ਚੀਤੁ ॥ ਅਮਲੀ ਜੀਵੈ,ਅਮਲੁ ਖਾਇ ॥ ਤਿਉ ਹਰਿ ਜਨੁ ਜੀਵੈ, ਹਰਿ ਧਿਆਇ ॥੧॥ ਅਪਨੈ ਰੰਗਿ, ਸਭੁ ਕੋ ਰਚੈ ॥ ਜਿਤੁ ਪ੍ਰਭਿ ਲਾਇਆ, ਤਿਤੁ ਤਿਤੁ ਲਗੈ ॥੧॥ਰਹਾਉ ॥ ਮੇਘ ਸਮੈ,ਮੋਰ ਨਿਰਤਿਕਾਰ ॥ ਚੰਦ ਦੇਖਿ ਬਿਗਸਹਿ ਕਉਲਾਰ ॥ ਮਾਤਾ, ਬਾਰਿਕ ਦੇਖਿ ਅਨੰਦ ॥ ਤਿਉ ਹਰਿ ਜਨ ਜੀਵਹਿ ਜਪਿ ਗੋਬਿੰਦ ॥੨॥ ਸਿੰਘ ਰੁਚੈ, ਸਦ ਭੋਜਨੁ ਮਾਸ ॥ ਰਣੁ ਦੇਖਿ ਸੂਰੇ ਚਿਤ ਉਲਾਸ ॥ ਕਿਰਪਨ ਕਉ, ਅਤਿ ਧਨ ਪਿਆਰੁ ॥ ਹਰਿ ਜਨ ਕਉ, ਹਰਿ ਹਰਿ ਆਧਾਰੁ ॥੩॥ ਸਰਬ ਰੰਗ, ਇਕ ਰੰਗ ਮਾਹਿ ॥ ਸਰਬ ਸੁਖਾ ਸੁਖ, ਹਰਿ ਕੈ ਨਾਇ ॥ਤਿਸਹਿ ਪਰਾਪਤਿ, ਇਹੁ ਨਿਧਾਨੁ ॥ ਨਾਨਕ, ਗੁਰੁ ਜਿਸੁ ਕਰੇ ਦਾਨੁ ॥੪॥੨॥**

## ਉਚਾਰਨ ਸੇਧ

**ਬਿੰਦੀ ਸਹਿਤ :** ਮਾਹਿੰ, ਤਿਉਂ, ਬਿਗਸਹਿੰ, ਜੀਵਹਿੰ, ਨਾਇੰ।

**ਪਦ ਅਰਥ :** ਹਟਵਾਣੀ-ਹੱਟੀ ਵਾਲਾ, ਦੁਕਾਨਦਾਰ। ਧਨ ਮਾਲ-ਧਨ ਮਾਲ ਪਦਾਰਥ। ਹਾਟ ਕੀਤੁ-ਹਟ, ਦੁਕਾਨ ਕਰਦਾ ਹੈ। ਜੁਆਰੀ-ਜੂਆ ਖੇਡਣ ਵਾਲੇ ਦਾ। ਜੁਏ ਮਾਹਿ-ਜੂਏ ਵਿਚ। ਚੀਤੁ-ਚਿਤ,

ਧਿਆਨ । ਅਮਲੀ-ਅਫੀਮੀ (ਨਸ਼ਈ) । ਅਮਲੁ-ਅਫੀਮ । ਖਾਇ-ਖਾ ਕੇ । ਤਿਉ-ਉਸੇ ਤਰ੍ਹਾਂ । ਜੀਵੈ-ਜੀਉਂਦਾ ਹੈ । ਹਰਿ ਧਿਆਇ-ਹਰੀ ਸਿਮਰ ਕੇ ।੧।

ਅਪਨੈ ਰੰਗਿ-ਆਪੋ ਆਪਣੇ ਰੰਗ ਵਿਚ ਭਾਵ ਜਿਸ ਚੀਜ਼ ਨਾਲ ਕਿਸੇ ਦਾ ਪਿਆਰ ਹੈ । ਸਭ ਕੋ-ਹਰ ਕੋਈ ।ਰਚੈ-ਰਚਦਾ, ਮਸਤ ਹੁੰਦਾ ਹੈ । ਜਿਤੁ-ਜਿਸ (ਰੰਗ ਵਿਚ)। ਪ੍ਰਭਿ ਲਾਇਆ-ਪ੍ਰਭੂ ਨੇ ਲਾਇਆ ਹੈ । ਤਿਤੁ ਤਿਤੁ ਲਗੈ-ਉਸ ਉਸ (ਰੰਗ ਵਿਚ) ਲਗਦਾ ਹੈ ।੧।ਰਹਾਉ।

ਮੇਘ-ਬਦਲ । ਨਿਰਤਿਕਾਰ-ਨਾਚ ਕਰਨ ਵਾਲਾ । ਚੰਦ ਦੇਖਿ-ਚੰਦ ਵੇਖ ਕੇ । ਬਿਗਸਹਿ-ਖਿੜਦੀਆਂ ਹਨ, ਖੁਸ਼ ਹੁੰਦੀਆਂ ਹਨ । ਕਉਲਾਰ-ਕਮੀਆਂ । ਜੀਵਹਿ-ਜੀਉਂਦੇ ਹਨ । ਜਪਿ ਗੋਬਿੰਦ-ਵਾਹਿਗੁਰੂ ਜਪ ਕੇ ।੨।

ਸਿੰਘ-ਸ਼ੇਰ । ਰੁਚੈ-ਪ੍ਰਸੰਨ ਰਹਿੰਦਾ ਹੈ । ਭੋਜਨੁ ਮਾਸ-ਮਾਸ ਦਾ ਖਾਣਾ । ਰਣ-ਜੁੱਧ । ਸੂਰ-ਸੂਰਬੀਰ, ਜੋਧੇ ਦਾ । ਉਲਾਸੁ-ਚਾਅ, ਜੋਸ਼ । ਕਿਰਪਨ ਕਉ-ਕੰਜੂਸ, ਸੂਮ ਨੂੰ । ਅਤਿ ਧਨ ਪਿਆਰੁ-ਧੰਨ ਦਾ ਬਹੁਤ ਹੀ ਪਿਆਰ ਹੈ । ਆਧਾਰੁ-ਆਸਰਾ ।੩।

ਸਰਬ ਰੰਗ-ਸਾਰੇ ਰੰਗ । ਇਕ ਰੰਗ ਮਾਹਿ-ਏਕ (ਨਾਮ ਦੇ) ਰੰਗ ਵਿਚ । ਸਰਬ ਸੁਖਾ ਸੁਖ-ਸਾਰੇ ਸੁਖ ਹੀ ਸੁਖ । ਹਰਿ ਕੈ ਨਾਇ-ਪਰਮਾਤਮਾ ਦੇ ਨਾਮ ਵਿਚ । ਤਿਸਹਿ-ਉਸ (ਮਨੁੱਖ) ਨੂੰ ਹੀ । ਇਹੁ ਨਿਧਾਨੁ-ਇਹ (ਨਾਮ ਰੂਪੀ) ਖਜ਼ਾਨਾ ।੪।

**ਅਰਥ:** (ਹੇ ਭਾਈ ! ਜਿਵੇਂ) ਹਟੀ ਵਾਲਾ ਮਾਲ ਧਨ (ਭਰ ਕੇ) ਹਟ ਚਲਾ ਕੇ ਖੁਸ਼ ਹੈ, (ਜਿਵੇਂ) ਜੂਆ ਖੇਡਣ ਵਾਲੇ ਦਾ ਚਿਤ ਜੂਏ ਵਿਚ (ਮਗਨ) ਹੁੰਦਾ ਹੈ, (ਜਿਵੇਂ) ਅਫੀਮੀ ਅਫੀਮ ਖਾ ਕੇ ਜੀਉਂਦਾ ਹੈ, ਤਿਵੇਂ ਪਰਮਾਤਮਾ ਦਾ ਸੇਵਕ ਹਰੀ ਦਾ (ਨਾਮ) ਸਿਮਰ ਕੇ ਜੀਉਂਦਾ ਹੈ ।੧।

ਹਰੇਕ (ਮਨੁੱਖ) ਆਪਣੇ (ਮਨ ਭਾਉਂਦੇ) ਪਿਆਰ ਵਿਚ ਲਗ ਰਿਹਾ ਹੈ ਪ੍ਰਭੂ ਨੇ ਜਿਸ ਜਿਸ ਪਾਸੇ (ਕਿਸੇ ਨੂੰ) ਲਾਇਆ ਹੈ, ਉਸ ਉਸ ਪਾਸੇ (ਹਰ ਕੋਈ) ਲਗ ਰਿਹਾ ਹੈ ।੧।ਰਹਾਉ।

(ਜਿਵੇਂ ਬਦਲਾਂ ਦੀਆਂ ਕਾਲੀਆਂ ਘਟਾਂ ਵੇਲੇ) ਮੋਰ ਨਚਦੇ (ਪੈਲਾਂ) ਪਾਉਂਦੇ ਹਨ । (ਜਿਵੇਂ) ਚੰਦ ਨੂੰ ਵੇਖ ਕੇ ਕੰਮੀਆਂ ਖਿੜਦੀਆਂ ਹਨ । (ਜਿਵੇਂ) ਮਾਂ ਬਾਲਕ (ਆਪਣੇ ਪੁੱਤਰ) ਵੇਖ ਕੇ ਖੁਸ਼ ਹੁੰਦੀ ਹੈ, ਤਿਵੇਂ ਭਗਤ ਜਨ ਪਰਮਾਤਮਾ ਦਾ (ਨਾਮ) ਜਪ ਕੇ ਜੀਉਂਦੇ ਹਨ ।੨।

(ਜਿਵੇਂ) ਸ਼ੇਰ, ਸਦਾ ਮਾਸ ਦਾ ਭੋਜਨ (ਖਾ ਕੇ) ਪ੍ਰਸੰਨ ਹੁੰਦਾ ਹੈ, (ਜਿਵੇਂ) ਜੁੱਧ ਵੇਖ ਕੇ ਸੂਰਮੇ ਦੇ ਚਿਤ ਵਿਚ ਜੋਸ਼ ਆਉਂਦਾ ਹੈ, (ਜਿਵੇਂ) ਸੂਮ ਨੂੰ ਧਨ ਦਾ ਬਹੁਤ ਪਿਆਰ ਹੁੰਦਾ ਹੈ, (ਤਿਵੇਂ) ਹਰੀ ਦੇ ਦਾਸ ਨੂੰ ਹਰੀ ਦੇ ਨਾਮ ਦਾ ਆਸਰਾ ਹੁੰਦਾ ਹੈ ।੩।

(ਹੇ ਭਾਈ ! ਦੁਨੀਆਂ ਦੇ) ਸਾਰੇ ਰੰਗ (ਸੁਆਦ ਆਦਿ ਪਰਮਾਤਮਾ) ਦੇ ਇਕ ਪ੍ਰੇਮ ਵਿਚ ਆ ਜਾਂਦੇ ਹਨ । ਹਰੀ ਦੇ ਨਾਮ ਵਿਚ ਸਾਰੇ ਸੁਖ ਹੀ ਸੁਖ (ਸਮਾਏ ਹੋਏ) ਹਨ । ਨਾਨਕ (ਗੁਰੂ ਜੀ ਫੁਰਮਾਉਂਦੇ ਹਨ) ਜਿਸ (ਮਨੁੱਖ) ਨੂੰ ਗੁਰੂ (ਨਾਮ ਰੂਪੀ ਖਜ਼ਾਨਾ) ਦਾਨ ਕਰ ਦੇਵੇ ਉਸ (ਮਨੁੱਖ ਨੂੰ ਹੀ) ਇਹ ਖਜ਼ਾਨਾ ਮਿਲਦਾ ਹੈ ।੪।੨।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਤਰ੍ਹਾਂ ਤਰ੍ਹਾਂ ਦੀਆਂ ਖੁਸ਼ੀਆਂ, ਤਰ੍ਹਾਂ ਤਰ੍ਹਾਂ ਦੇ ਰੰਗ ਮਾਣਨ ਵਾਲਿਆਂ ਦਾ ਜ਼ਿਕਰ ਕਰਕੇ ਦਸਿਆ ਹੈ ਕਿ ਹਰ ਕੋਈ ਆਪੋ ਆਪਣੇ ਰੰਗ ਵਿਚ ਲੱਗਾ ਹੋਇਆਹੈ ਭਾਵ ਮਸਤ ਹੈ। ਪਰ ਇਹ ਕਿਸੇ ਦੇ ਵਸ ਵਿਚ ਨਹੀਂ, ਜਿਸ ਜਿਸ ਪਾਸੇ ਪਰਮਾਤਮਾ ਨੇ ਕਿਸੇ ਦੀ ਸੁਰਤਿ ਨੂੰ ਲਾਇਆ ਹੋਇਆ ਹੈ, ਉਹ ਉਸ ਉਸ ਪਾਸੇ ਪਰਵਿਰਤ ਹੈ। ਪਰਮਾਤਮਾ ਦਾ ਭਗਤ-ਜਨ ਕੇਵਲ ਤੇ ਕੇਵਲ ਨਾਮ ਸਿਮਰਨ ਨੂੰ ਸ਼੍ਰੋਮਣੀ ਸੁਖ ਸਮਝ ਕੇ ਉਸ ਦੇ ਪ੍ਰੇਮ ਵਿਚ ਮਸਤ ਰਹਿੰਦਾ ਹੈ।

ਅੰਤ ਵਿਚ ਸਿਧਾਂਤਕ ਨੁਕਤਾ ਇਹ ਹੈ ਕਿ ਨਾਮ ਦਾ ਖਜ਼ਾਨਾ ਕਿਸੇ ਨੂੰ ਆਪਣੇ ਮਰਜ਼ੀ ਨਾਲ ਨਹੀਂ ਮਿਲ ਸਕਦਾ। ਇਹ ਖਜ਼ਾਨਾ ਕੇਵਲ ਉਸ ਮਨੁਖ ਨੂੰ ਪ੍ਰਾਪਤ ਹੁੰਦਾ ਹੈ, ਜਿਸ ਨੂੰ ਗੁਰੂ ਬਖਸ਼ਿਸ਼ ਕਰਦਾ ਹੈ। ਇਸ ਲਈ ਪਰਮੇਸ਼ਰ ਦੇ ਪਿਆਰਿਆਂ ਨੂੰ ਨਾਮ ਤੋਂ ਵੱਡੀ ਹੋਰ ਕੋਈ ਖੁਸ਼ੀ ਅਥਵਾ ਸੁਖ ਨਜ਼ਰ ਨਹੀਂ ਆਉਂਦਾ :—

ਨਾਮ ਨਿਧਾਨ ਸਤਿਗੁਰਿ ਦੀਆ, ਸੁਖੁ ਨਾਨਕ ਮਨ ਮਹਿ ਮੰਞੁ ॥ [ਪੰਨਾ ੫੦

**ਬਸੰਤੁ ਮਹਲਾ ੫ ॥ ਤਿਸੁ ਬਸੰਤੁ, ਜਿਸੁ ਪ੍ਰਭੁ ਕ੍ਰਿਪਾਲ ॥ ਤਿਸੁ ਬਸੰਤੁ, ਜਿਸੁ ਗੁਰੁ ਦਇਆਲੁ ॥ ਮੰਗਲੁ ਤਿਸ ਕੈ, ਜਿਸੁ ਏਕੁ ਕਾਮੁ ॥ ਤਿਸੁ ਸਦ ਬਸੰਤੁ, ਜਿਸੁ ਰਿਦੈ ਨਾਮੁ ॥੧॥ ਗ੍ਰਿਹਿ ਤਾ ਕੇ, ਬਸੰਤੁ ਗਨੀ ॥ ਜਾ ਕੈ ਕੀਰਤਨੁ, ਹਰਿ ਧੁਨੀ ॥੧॥ਰਹਾਉ॥ ਪ੍ਰੀਤਿ ਪਾਰਬ੍ਰਹਮ ਮਉਲਿ ਮਨਾ॥ ਗਿਆਨੁ ਕਮਾਈਐ ਪੂਛਿ ਜਨਾਂ॥ ਸੋ ਤਪਸੀ, ਜਿਸੁ ਸਾਧ ਸੰਗੁ ॥ ਸਦ ਧਿਆਨੀ, ਜਿਸੁ ਗੁਰਹਿ ਰੰਗੁ ॥੨॥ ਸੇ ਨਿਰਭਉ, ਜਿਨ ਭਉ ਪਇਆ ॥ ਸੋ ਸੁਖੀਆ, ਜਿਸੁ ਭ੍ਰਮੁ ਗਇਆ ॥ ਸੋ ਇਕਾਂਤੀ, ਜਿਸੁ ਰਿਦਾ ਥਾਇ ॥ ਸੋਈ ਨਿਹਚਲੁ, ਸਾਚ ਠਾਇ ॥੩॥ ਏਕਾ ਖੋਜੈ, ਏਕ ਪ੍ਰੀਤਿ ॥ ਦਰਸਨ ਪਰਸਨ, ਹੀਤ ਚੀਤਿ ॥ ਹਰਿ ਰੰਗ ਰੰਗਾ, ਸਹਜਿ ਮਾਣੁ ॥ ਨਾਨਕ ਦਾਸ, ਤਿਸੁ ਜਨ ਕੁਰਬਾਣੁ ॥੪॥੩॥**

## ਉਚਾਰਨ ਸੇਧ

**ਬਿੰਦੀ ਸਹਿਤ :** ਗੁਰਹਿੰ, ਥਾਇੰ, ਠਾਇੰ।

**ਪਦ ਅਰਥ :** ਮੰਗਲੁ-ਅਨੰਦ, ਖੁਸ਼ੀ। ਕਾਮੁ-ਕੰਮ। ਰਿਦੈ-ਹਿਰਦੇ ਵਿਚ।੧। ਗ੍ਰਿਹਿ-ਘਰ (ਹਿਰਦੇ) ਵਿਚ। ਤਾ ਕੇ-ਉਸ ਦੇ। ਗਨੀ-ਮੈਂ ਗਿਣਦਾ ਹਾਂ, ਭਾਵ ਸਮਝਦਾ ਹਾਂ। ਗ੍ਰਿਹਿ ਤਾ ਕੈ-ਉਸ (ਮਨੁੱਖ) ਦੇ ਹਿਰਦੇ ਵਿਚ। ਕੀਰਤਨੁ-ਰੱਬੀ ਸਿਫਤਿ ਸਾਲਾਹ, ਜਸ। ਧੁਨੀ-ਧੁਨਿ, ਆਵਾਜ਼।੧।ਰਹਾਉ।

ਮਉਲਿ ਮਨਾ-ਹੇ ਮਨ! (ਆਤਮਿਕ ਅਨੰਦ ਵਿਚ) ਖਿੜ ਪਉ। ਗਿਆਨ-ਆਤਮਿਕ ਜੀਵਨ ਦੀ ਸੂਝ-ਬੂਝ। ਕਮਾਈਐ-ਕਮਾਉਣਾ ਚਾਹੀਦਾ ਹੈ। ਪੂਛਿ ਜਨਾ-ਸੰਤ ਜਨਾਂ ਤੋਂ ਪੁਛ ਕੇ। ਤਪਸੀ-ਤਪੱਸਿਆ ਕਰਨਾ ਵਾਲਾ। ਸਾਧ ਸੰਗ-ਸਾਧ (ਗੁਰੂ) ਦਾ ਸਾਥ। ਸਦ ਧਿਆਨੀ-ਸਦਾ ਹੀ (ਰਬੀ)ਧਿਆਨ ਵਿਚ ਜੁੜਨ

ਵਾਲਾ । ਗੁਰਹਿ ਰੰਗੁ-ਗੁਰੂ ਦਾ ਪਿਆਰ ।੨।

ਸੋ-ਓਹ (ਮਨੁੱਖ) । ਜਿਨ-ਜਿਨ੍ਹਾਂ ਨੇ। ਭਉ-(ਪਰਮਾਤਮਾ ਦਾ) ਡਰ । ਸੋ-ਉਹ (ਮਨੁੱਖ)। ਭ੍ਰਮੁ-ਮਨ ਦੀ ਭਟਕਣਾ। ਇਕਾਂਤੀ-ਇਕਾਂਤ ਵਿਚ ਬੈਠਣ ਵਾਲਾ । ਰਿਦਾ ਥਾਇ-ਹਿਰਦਾ ਇਕ ਥਾਂ ਤੇ ਟਿਕਿਆ ਹੋਇਆ ਹੈ । ਨਿਹਚਲੁ-ਅਹਿੱਲ । ਸਾਚ ਠਾਇ-ਸਦਾ ਥਿਰ ਰਹਿਣ ਵਾਲੇ ਥਾਂ ਵਿਚ (ਰਹਿੰਦਾ ਹੈ) ।੩।

ਖੋਜੈ-ਲਭਦਾ ਹੋਵੇ । ਦਰਸ਼ਨ ਪਰਸਨ-ਦਰਸਨ ਕਰਨ ਦਾ । ਹੀਤ ਚੀਤਿ-ਦਿਲ ਵਿਚ ਪਿਆਰ ਹੈ । ਰੰਗ ਰੰਗਾ-ਰੰਗਾਂ ਵਿਚੋਂ ਰੰਗ । ਸਹਜਿ-ਮਾਣੁ-ਅਡੋਲ ਹੋ ਕੇ ਮਾਣਦਾ ਹੈ ।੪।

**ਅਰਥ** : (ਹੇ ਭਾਈ !) ਉਸ (ਮਨੁੱਖ) ਨੂੰ ਬਸੰਤ (ਆਤਮਿਕ ਖੇੜਾ ਪ੍ਰਾਪਤ ਹੁੰਦਾ) ਹੈ ਜਿਸ ਉਤੇ ਪ੍ਰਭੂ ਕਿਰਪਾ ਕਰਦਾ ਹੈ । ਉਸ (ਮਨੁੱਖ) ਨੂੰ ਬਸੰਤ ਰੂਪ (ਆਤਮਿਕ) ਖੇੜਾ ਪ੍ਰਾਪਤ ਹੁੰਦਾ ਹੈ) ਜਿਸ ਉਤੇ ਗੁਰੂ ਦਇਆਵਾਨ ਹੁੰਦਾ ਹੈ। (ਹੇ ਭਾਈ !) ਜਿਸ (ਜੀਵ) ਨੂੰ (ਸਦਾ) ਇਕ (ਨਾਮ ਜਪਣ ਦਾ) ਕੰਮ ਰਹਿੰਦਾ ਹੈ । ਉਸ ਦੇ (ਹਿਰਦੇ ਵਿਚ ਸਦਾ) ਖੁਸ਼ੀ ਪੈਦਾ ਹੋਈ ਰਹਿੰਦੀ ਹੈ। ਉਸ (ਮਨੁਖ) ਨੂੰ ਸਦਾ ਹੀ ਆਤਮਿਕ ਖਿੜਾਉ ਹੈ ਜਿਸ ਦੇ ਹਿਰਦੇ ਵਿਚ (ਪਰਮਾਤਮਾ ਦਾ) ਨਾਮ (ਵਸਦਾ ਹੈ) ।੧।

(ਹੇ ਭਾਈ ! ਮੈਂ) ਉਸ (ਮਨੁੱਖ ਦੇ) ਘਰ (ਹਿਰਦੇ) ਵਿਚ ਬਸੰਤ ਨੂੰ (ਪਰਵੇਸ਼ ਹੋਇਆ) ਸਮਝਦਾ ਹਾਂ, ਜਿਸ ਦੇ (ਹਿਰਦੇ ਵਿਚ ਹਰੀ-ਕੀਰਤਨ ਰੂਪ ਧਨੀ (ਗੂੰਜ ਰਹੀ ਹੈ) ।੧।ਰਹਾਉ।

ਹੇ ਮੇਰੇ ਮਨ ! ਪਰਮਾਤਮਾ ਦੀ ਪ੍ਰੀਤ ਵਿਚ ਖਿੜ ਜਾ (ਅਤੇ ਆਤਮਿਕ ਜੀਵਨ ਦਾ) ਗਿਆਨ (ਹਰੀ ਦੇ) ਸੰਤ ਜਨਾ ਤੋਂ ਪੁਛ ਕੇ ਕਮਾਉਣਾ ਚਾਹੀਦਾ ਹੈ । (ਹੇ ਭਾਈ ! ਅਸਲ ਵਿਚ) ਉਹ ਤਪੱਸਵੀ (ਮਨੁੱਖ) ਹੈ ਜਿਸ ਨੂੰ ਸਾਧ (ਗੁਰੂ ਦਾ) ਸੰਗ-ਸਾਥ ਪ੍ਰਾਪਤ ਹੈ। ਜਿਸ (ਮਨੁੱਖ) ਨੂੰ ਗੁਰੂ ਦੇ (ਚਰਨਾਂ ਦਾ) ਪ੍ਰੇਮ ਪ੍ਰਾਪਤ ਹੈ ਉਹ ਸਦਾ (ਰਬੀ) ਧਿਆਨ ਵਿਚ ਜੁੜਨ ਵਾਲਾ ਹੈ।੨।

(ਹੇ ਭਾਈ !) ਓਹ (ਮਨੁੱਖ, ਦੁਨਿਆਵੀ) ਡਰ ਤੋਂ ਰਹਿਤ ਹੋ ਗਏ ਹਨ ਜਿਨ੍ਹਾਂ ਦੇ (ਮਨ ਵਿਚ ਪਰਮਾਤਮਾ ਦਾ) ਡਰ ਵਸਦਾ ਹੈ। ਉਹ (ਮਨੁੱਖ) ਸੁਖੀ ਜੀਵਨ ਵਾਲਾ ਹੈ ਜਿਸ ਦਾ ਭਰਮ ਦੂਰ ਹੋ ਗਿਆ ਹੈ। ਉਹ (ਮਨੁੱਖ)ਇਕਾਂਤ ਵਾਸੀ ਹੈ ਜਿਸ ਦਾ ਹਿਰਦਾ(ਇਕ)ਥਾਂ ਤੇ(ਇਕ ਟਕਾਣੇ ਤੇ ਹੈ)। ਉਹੀ (ਮਨੁੱਖ) ਅਹਿੱਲ ਹੈ (ਜਿਹੜਾ) ਸਦਾ ਥਿਰ ਰਹਿਣ ਵਾਲੇ ਪ੍ਰਭੂ ਦੇ ਸਚ (ਖੰਡ ਵਿਚ ਟਿਕਿਆ ਹੋਇਆ ਹੈ)।੩।

(ਹੇ ਭਾਈ ! ਜਿਹੜਾ ਮਨੁਖ) ਇਕ ਪਰਮਾਤਮਾ ਨੂੰ ਭਾਲਦਾ ਹੈ (ਅਤੇ ਜਿਸ ਨੂੰ ਕੇਵਲ) ਇਕ (ਪ੍ਰਭੂ) ਦੀ ਪ੍ਰੀਤੀ ਹੈ, (ਉਸ ਦੇ) ਚਿਤ ਵਿਚ ਦਰਸ਼ਨ ਪਰਸਨ ਦਾ ਪਿਆਰ ਹੈ। (ਉਹ ਸਾਰੇ) ਰੰਗਾਂ ਵਿਚੋਂ ਇਕ ਹਰੀ ਦਾ (ਅਨੰਦ ਮਾਣਦਾ ਹੈ)। (ਜਿਹੜਾ ਜੀਵ) ਸਹਜ (ਅਵਸਥਾ) ਵਿਚ ਅਡੋਲ ਹੋ ਕੇ (ਨਾਮ-ਰਸ) ਮਾਣਦਾ ਹੈ। ਦਾਸ ਨਾਨਕ ਉਸ ਜਨ ਤੋਂ ਕੁਰਬਾਨ ਜਾਂਦਾ ਹੈ ।੪।੩।

## ਸਾਰੰਸ਼ ਅਤੇ ਸਿਧਾਂਤ

ਬਸੰਤ ਆਤਮਿਕ ਖਿੜਾਉ ਦਾ ਪ੍ਰਤੀਕ ਹੈ । ਇਹ ਖੇੜਾ ਹਰੇਕ ਨੂੰ ਨਹੀਂ ਮਿਲਦਾ । ਜਿਸ ਉਤੇ ਗੁਰੂ ਮਿਹਰਵਾਨ ਹੁੰਦਾ ਹੈ, ਉਸ ਨੂੰ ਇਹ ਆਤਮਿਕ ਖੇੜਾ ਦਾਨ ਵਜੋਂ ਬਖਸ਼ਿਸ਼ ਕਰਦਾ ਹੈ ।

ਦੁਨੀਆਂ ਲਈ ਬਸੰਤ ਉਦੋਂ ਹੁੰਦੀ ਹੈ ਜਦੋਂ ਬਸੰਤ ਰੁਤ ਆਉਂਦੀ ਹੈ ਪਰ ਜਿਸ ਮਨੁਖ ਦੇ ਹਿਰਦੇ

ਵਿਚ ਪਰਮਾਤਮਾ ਦੇ ਨਾਮ ਦਾ ਵਾਸਾ ਹੈ, ਉਸ ਦੇ ਹਿਰਦੇ ਵਿਚ ਸਦਾ ਹੀ ਬਸੰਤ ਬਹਾਰ ਹੈ।

ਜਿਸ ਦੇ ਹਿਰਦੇ ਵਿਚ ਹਰ ਵੇਲੇ ਕੀਰਤਨ ਦੀ ਧੁਨੀ ਗੂੰਜਦੀ ਰਹਿੰਦੀ ਹੈ, ਜਿਸ ਦੇ ਹਿਰਦੇ ਵਿਚ ਭਰਮ ਨਹੀਂ, ਮਨ ਵਿਚ ਪੂਰਨ ਟਿਕਾਉ ਹੈ, ਜਿਸ ਨੂੰ ਕੇਵਲ ਇਕ ਪਿਆਰੇ ਪ੍ਰੀਤਮ ਦੀ ਭਾਲ ਹੈ, ਅਤੇ ਪ੍ਰਭੂ-ਦਰਸ਼ਨ ਦਾ ਚਾਹਵਾਨ ਹੈ, ਵਾਕਈ ਉਸ ਤੋਂ ਕੁਰਬਾਨ ਹੋਣਾ ਹੀ ਸ਼ੋਭਾ ਦੇਂਦਾ ਹੈ। ਸੋ, ਸਿਧਾਂਤ ਇਹ ਹੈ ਕਿ ਜਿਹੜਾ ਮਨੁੱਖ ਪਰਮੇਸ਼ਰ ਦੇ ਗੁਣ ਗਾਉਂਦਾ ਹੈ ਉਸ ਲਈ ਸਦਾ ਹੀ ਬਸੰਤ ਹੈ। ਜਿਵੇਂ ਲੋਕ ਕਹਾਵਤ ਹੈ:–

**ਸਦਾ ਦਿਵਾਲੀ ਸਾਧ ਕੀ... ਅਠੇ ਪਹਿਰ ਬਸੰਤ ॥**

**ਬਸੰਤੁ ਮਹਲਾ ੫ ॥ ਜੀਅ ਪ੍ਰਾਣ, ਤੁਮ੍ ਪਿੰਡ ਦੀਨ ॥ ਮੁਗਧ ਸੁੰਦਰ ਧਾਰਿ ਜੋਤਿ ਕੀਨ ॥ ਸਭਿ ਜਾਚਿਕ, ਪ੍ਰਭ ਤੁਮ੍ ਦਇਆਲ ॥ ਨਾਮੁ ਜਪਤ, ਹੋਵਤ ਨਿਹਾਲ ॥੧॥ ਮੇਰੇ ਪ੍ਰੀਤਮ, ਕਾਰਣ ਕਰਣ ਜੋਗ ॥ ਹਉ ਪਾਵਉ ਤੁਮ ਤੇ ਸਗਲ ਥੋਕ ॥੧॥ਰਹਾਉ॥ ਨਾਮੁ ਜਪਤ, ਹੋਵਤ ਉਧਾਰ ॥ ਨਾਮੁ ਜਪਤ, ਸੁਖ ਸਹਜ ਸਾਰ ॥ ਨਾਮੁ ਜਪਤ, ਪਤਿ ਸੋਭਾ ਹੋਇ ॥ ਨਾਮੁ ਜਪਤ, ਬਿਘਨੁ ਨਾਹੀ ਕੋਇ ॥੨॥ ਜਾ ਕਾਰਣਿ, ਇਹ ਦੁਲਭ ਦੇਹ ॥ ਸੋ ਬੋਲੁ, ਮੇਰੇ ਪ੍ਰਭੂ ਦੇਹਿ ॥ ਸਾਧ ਸੰਗਤਿ ਮਹਿ, ਇਹੁ ਬਿਸ੍ਰਾਮੁ ॥ ਸਦਾ ਰਿਦੈ ਜਪੀ, ਪ੍ਰਭ ਤੇਰੋ ਨਾਮੁ ॥੩॥ ਤੁਝ ਬਿਨੁ, ਦੂਜਾ ਕੋਇ ਨਾਹਿ ॥ ਸਭੁ ਤੇਰੋ ਖੇਲੁ, ਤੁਝ ਮਾਹਿ ਸਮਾਹਿ ॥ ਜਿਉ ਭਾਵੈ, ਤਿਉ ਰਾਖਿ ਲੇ ॥ਸੁਖੁ ਨਾਨਕ, ਪੂਰਾ ਗੁਰੁ ਮਿਲੇ ॥੪॥੪॥**

## ਉਚਾਰਨ ਸੇਧ

**ਬਿੰਦੀ ਸਹਿਤ :** ਹਉਂ, ਪਾਉਂ, ਨਾਹੀਂ, ਮਹਿਂ, ਜਪੀਂ, ਨਾਹਿਂ, ਮਹਿਂ, ਸਮਾਹਿਂ, ਜਿਉਂ, ਤਿਉਂ।

**ਪਦ ਅਰਥ :** ਜੀਅ-ਜਿੰਦ। ਪਿੰਡੁ-ਸਰੀਰ। ਦੀਨ-ਦਿੱਤਾ। ਮੁਗਧ-ਮੂਰਖ। ਸੁੰਦਰ-ਸੋਹਣੇ। ਧਾਰਿ ਜੋਤਿ-ਚੇਤਨ-ਸਤਾ ਟਿਕਾ ਕੇ। ਕੀਨ-ਕੀਤੇ। ਜਾਚਿਕ-ਮੰਗਤੇ। ਨਿਹਾਲ-ਪ੍ਰਸੰਨ।੧। ਕਾਰਣ ਕਰਣ ਜੋਗ-ਕਾਰਨ ਕਰਨ ਦੀ ਸਮਰਥਾ ਵਾਲੇ। ਹਉ ਪਾਵਉ ਤੁਝ ਤੇ-ਮੈਂ ਤੇਰੇ ਪਾਸੋਂ ਪ੍ਰਾਪਤ ਕਰਦਾ ਹਾਂ। ਸਗਲ ਥੋਕ-ਸਾਰੇ ਪਦਾਰਥ।੧।ਰਹਾਉ। ਜਪਤ-ਜਪਦਿਆਂ। ਉਧਾਰ-ਪਾਰ ਉਤਾਰਾ। ਸੁਖ-(ਸਾਰੇ) ਸੁਖ। ਸਹਜ-ਅਡੋਲ (ਅਵਸਥਾ ਦੇ)। ਸਾਰ-ਸ੍ਰੇਸ਼ਟ। ਪਤਿ-ਇਜ਼ਤ ।ਸੋਭਾ-ਵਡਿਆਈ। ਬਿਘਨੁ-ਰੁਕਾਵਟ।੨। ਜਾ ਕਾਰਣਿ-ਜਿਸ ਵਾਸਤੇ। ਦੁਲਭ ਦੇਹ-ਔਖੀ ਲਭਣ ਵਾਲੀ ਦੇਹੀ। ਬਿਸ੍ਰਾਮੁ-ਟਿਕਾਣਾ। ਰਿਦੈ-ਹਿਰਦੇ ਵਿਚ। ਜਪੀ-ਮੈਂ ਜੱਪਾਂ।੩। ਖੇਲ-ਤਮਾਸ਼ਾ। ਮਾਹਿ-ਵਿਚ। ਸਮਾਹਿ-ਸਮਾਉਂਦੇ, ਲੀਨ ਹੋ ਜਾਂਦੇ ਹਨ।੪।

**ਅਰਥ :** (ਹੇ ਪ੍ਰਭੂ! ਤੂੰ ਸਭ ਨੂੰ) ਜਿੰਦ, ਪ੍ਰਾਣ ਸਰੀਰ ਦਿਤੇ ਹਨ। (ਸਭ ਵਿਚ) ਆਪਣੀ ਜੋਤਿ ਰਖ ਕੇ ਮੂਰਖ (ਮਨੁੱਖ) ਸੋਹਣੇ (ਚਤੁਰ) ਬਣਾ ਦਿਤੇ ਹਨ। (ਹੇ ਪ੍ਰਭੂ!) ਤੂੰ (ਸਭ ਉਤੇ) ਦਇਆ ਕਰਨ ਵਾਲਾ ਹੈਂ, ਸਾਰੇ (ਜੀਵ ਤੇਰੇ ਦਰ ਤੇ)ਮੰਗਤੇ ਹਨ। (ਤੇਰਾ)ਨਾਮ ਜਪਦਿਆਂ(ਸਾਰੇ)ਪ੍ਰਸੰਨ ਹੋ ਜਾਂਦੇ ਹਨ।੧।

(ਹੇ ਮੇਰੇ ਪਿਆਰੇ ਪ੍ਰਭੂ ! ਤੁਸੀ ਸਭ) ਕਾਰਣਾਂ ਨੂੰ ਕਰਣ ਦੀ ਸਮਰਥਾ ਰਖਦੇ ਹੋ। (ਇਸ ਲਈ) ਮੈਂ ਤੇਰੇ ਪਾਸੋਂ ਸਾਰੇ ਪਦਾਰਥ ਪ੍ਰਾਪਤ ਕਰਦਾ ਹਾਂ ।੧।ਰਹਾਉ।

(ਹੇ ਪ੍ਰਭੂ ! ਤੇਰਾ) ਨਾਮ ਜਪਦਿਆਂ(ਜੀਆਂ ਦਾ) ਉਧਾਰ ਹੋ ਜਾਂਦਾ ਹੈ। (ਤੇਰਾ) ਨਾਮ ਜਪਦਿਆਂ ਸਹਜ (ਅਵਸਥਾ ਦੇ ਸਾਰੇ) ਸ੍ਰੇਸ਼ਟ ਸੁਖ (ਮਿਲ ਜਾਂਦੇ ਹਨ)। (ਤੇਰਾ) ਨਾਮ ਜਪਦਿਆਂ (ਲੋਕ ਪ੍ਰਲੋਕ ਦੀ) ਇਜ਼ਤ ਤੇ ਵਡਿਆਈ (ਪ੍ਰਾਪਤ ਹੁੰਦੀ ਹੈ)। (ਤੇਰਾ) ਨਾਮ ਜਪਦਿਆਂ (ਜੀਵਨ ਵਿਚ ਕਿਸੇ ਪ੍ਰਕਾਰ ਦੀ ਕੋਈ) ਰੁਕਾਵਟ ਨਹੀਂ ਪੈਂਦੀ ।੨।

ਹੇ ਪ੍ਰਭੂ ! ਜਿਸ (ਨਾਮ ਨੂੰ ਜਪਣ) ਵਾਸਤੇ (ਤੁਸਾਂ ਮੈਨੂੰ) ਇਹ ਔਖੀ ਲਭਣ ਵਾਲੀ ਦੇਹੀ (ਮਨੁੱਖਾ ਸਰੀਰ ਦਿਤਾ ਹੈ, ਇਸ ਦੀ ਸਫਲਤਾ ਲਈ ਮੈਨੂੰ) ਉਹ ਬੋਲੁ (ਨਾਮ, ਭਾਵ ਨਾਮ-ਸ਼ਕਤੀ) ਬਖਸ਼ਿਸ਼ ਕਰ। (ਹੇ ਪ੍ਰਭੂ ! ਕਿਰਪਾ ਕਰੋ ਤੇਰੀ) ਸਾਧ ਸੰਗਤ ਵਿਚ (ਮੈਨੂੰ) ਇਹ ਟਿਕਾਣਾ ਮਿਲੇ (ਜਿਥੇ ਬੈਠ ਕੇ ਮੈਂ) ਸਦਾ ਤੇਰਾ ਨਾਮ ਜਪਦਾ ਰਹਾਂ ।੩।

(ਹੇ ਪ੍ਰਭੂ!) ਤੇਰੇ ਬਿਨਾ (ਮੇਰਾ) ਦੂਜਾ ਕੋਈ (ਆਸਰਾ) ਨਹੀਂ ਹੈ। (ਇਹ ਜਗਤ) ਸਭ ਤੇਰਾ ਤਮਾਸ਼ਾ ਹੈ, (ਅਤੇ ਸਾਰੇ ਜੀਵ) ਤੇਰੇ ਵਿਚ ਹੀ ਸਮਾ ਜਾਂਦੇ ਹਨ। (ਹੇ ਪ੍ਰਭੂ!) ਜਿਵੇਂ ਤੈਨੂੰ ਚੰਗਾ ਲਗੇ ਤਿਵੇਂ ਮੈਨੂੰ (ਆਪਣੇ ਚਰਨਾ ਵਿਚ) ਰਖ ਲੈ। ਨਾਨਕ (ਗੁਰੂ ਜੀ ਬੇਨਤੀ ਕਰਦੇ ਹਨ ਕਿ ਮੈਨੂੰ) ਪੂਰਾ ਗੁਰੂ ਮਿਲੇ (ਜਿਸ ਨੂੰ ਮਿਲ ਕੇ ਆਤਮਿਕ) ਸੁਖ ਮਿਲਦਾ ਹੈ ।੪।੪।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਦੀ ਦੂਜੀ ਪੰਕਤੀ "ਮੁਗਧ ਸੁੰਦਰ ਧਾਰਿ ਜੋਤਿ ਕੀਨ" ਦਾ ਅਰਥ ਕਰਨ ਵੇਲੇ ਅਨਵੈ ਰੂਪ ਵਿਚ ਪੜ੍ਹਨਾ ਹੈ ਜਿਵੇਂ ਕਿ ਸ਼ਬਦਾਰਥ ਵਿਚ ਅੰਕਿਤ ਹੈ (ਜੋਤਿ ਧਾਰਿ ਮੁਗਧ ਸੁੰਦਰ ਕੀਨ)। ਨਾਲ ਹੀ 'ਰੂਪਵੰਤੁ ਹੋਇ ਨਾਹੀ ਮੋਹੈ ॥ ਪ੍ਰਭ ਕੀ ਜੋਤਿ ਸਗਲ ਘਟ ਸੋਹੈ' ਨੂੰ ਮੁਖ ਰਖ ਕੇ ਇਹ ਸੇਧ ਦਿਤੀ ਹੈ ਕਿ ਸੁੰਦਰ ਹੋਣ ਤੇ ਆਪਣੀ ਸੁੰਦਰਤਾ ਉਤੇ ਕੋਈ ਮਸਤ ਨਾ ਹੋਵੇ, ਮਾਣ ਨਾ ਕਰੇ, ਕਿਉਂਕਿ ਇਹ ਤਾਂ ਵਾਹਿਗੁਰੂ ਜੀ ਦੀ ਜੋਤਿ ਹੈ ਜੋ ਸਾਰਿਆਂ ਵਿਚ ਵਿਆਪੀ ਹੋਈ ਸੋਹਣੀ ਲਗ ਰਹੀ ਹੈ।

ਕਿਤਨੀ ਆਜਜ਼ੀ ਨਾਲ ਪ੍ਰਭੂ ਦੇ ਚਰਨਾ ਵਿਚ ਜੋਦੜੀ ਕੀਤੀ ਹੈ ਕਿ ਹੇ ਕਰਣ ਕਾਰਣ ਸਮਰਥ ਮੇਰੇ ਪ੍ਰੀਤਮ ਜੀ ! ਜਿਸ ਕਾਰਜ ਲਈ ਤੁਸਾਂ ਇਹ ਦੁਰਲਭ ਮਨੁਖਾ ਜਨਮ ਬਖਸ਼ਿਸ਼ ਕੀਤਾ ਹੈ, ਉਸ ਦੀ ਗਤੀ ਲਈ ਅੰਮ੍ਰਿਤ ਬੋਲ (ਨਾਮ ਦੀ) ਦਾਤਿ ਵੀ ਬਖਸ਼ਿਸ਼ ਕਰੋ ਕਿਉਂਕਿ ਨਾਮ ਜਪਣ ਨਾਲ ਹੀ ਪ੍ਰਾਪਤ ਹੋਇਆ ਜਨਮ ਸਫਲ ਹੋ ਸਕਦਾ ਹੈ।

ਅੰਤ ਵਿਚ ਪ੍ਰਭੂ ਦੀ ਟੇਕ ਉਤੇ ਵਿਸ਼ਵਾਸ਼ ਪ੍ਰਗਟਾਇਆ ਹੈ ਅਤੇ ਅਰਦਾਸਿ ਕੀਤੀ ਹੈ:

**ਜਿਉ ਭਾਵੈ ਤਿਉ ਰਾਖਿ ਲੈ ॥ ਸੁਖੁ ਨਾਨਕ ਪੂਰਾ ਗੁਰੁ ਮਿਲੈ ॥**

ਬਸ, ਪੂਰੇ ਗੁਰੂ ਦਾ ਮਿਲਾਪ ਸਾਧ ਸੰਗਤ ਦਾ ਬ੍ਰਿਸਾਮ ਹੀ ਆਤਮਿਕ ਸੁਖਾਂ ਦੀ ਪ੍ਰਾਪਤੀ ਦਾ ਪ੍ਰਤੀਕ ਹੈ, ਹੋਰ ਸਾਰੇ ਸਾਧਨ ਅਧੂਰੇ ਹਨ। ਇਸ ਲਈ ਬੇਨਤੀ ਕੀਤੀ ਹੈ:

**ਸੁਣਿ ਸੁਣਿ ਜੀਵਉ ਮਨਿ ਇਹੁ ਬਿਸ੍ਰਾਮੁ ॥ ਪਾਪ ਖੰਡਨ ਪ੍ਰਭ ਤੇਰੋ ਨਾਮੁ॥(ਪੰ. ੮੯੪**

ਬਸੰਤੁ ਮਹਲਾ ੫॥ ਪ੍ਰਭ ਪ੍ਰੀਤਮ, ਮੇਰੈ ਸੰਗਿ ਰਾਇ ॥ ਜਿਸਹਿ ਦੇਖਿ, ਹਉ ਜੀਵਾ ਮਾਇ ॥ ਜਾ ਕੈ ਸਿਮਰਨਿ, ਦੁਖੁ ਨ ਹੋਇ ॥ ਕਰਿ ਦਇਆ ਮਿਲਾਵਹੁ ਤਿਸਹਿ ਮੋਹਿ ॥੧॥ ਮੇਰੇ ਪ੍ਰੀਤਮ, ਪ੍ਰਾਨ ਅਧਾਰ ਮਨ ॥ ਜੀਉ ਪ੍ਰਾਨ ਸਭੁ ਤੇਰੋ ਧਨ ॥੧॥ਰਹਾਉ॥ ਜਾ ਕਉ ਖੋਜਹਿ, ਸੁਰਿ ਨਰ ਦੇਵ ॥ ਮੁਨਿ ਜਨ ਸੇਖ ਨ ਲਹਹਿ ਭੇਵ ॥ ਜਾ ਕੀ ਗਤਿ ਮਿਤਿ, ਕਹੀ ਨ ਜਾਇ ॥ ਘਟਿ ਘਟਿ, ਘਟਿ ਘਟਿ ਰਹਿਆ ਸਮਾਇ ॥੨॥ ਜਾ ਕੇ ਭਗਤ, ਆਨੰਦ ਮੈ ॥ ਜਾਕੇ ਭਗਤ ਕਉ, ਨਾਹੀ ਖੈ ॥ ਜਾ ਕੇ ਭਗਤ ਕਉ, ਨਾਹੀ ਭੈ ॥ ਜਾ ਕੇ ਭਗਤ ਕਉ, ਸਦਾ ਜੈ ॥੩॥ ਕਉਨ ਉਪਮਾ, ਤੇਰੀ ਕਹੀ ਜਾਇ ॥ ਸੁਖ ਦਾਤਾ ਪ੍ਰਭੁ ਰਹਿਓ ਸਮਾਇ ॥ ਨਾਨਕੁ ਜਾਚੈ ਏਕੁ ਦਾਨੁ ॥ ਕਰਿ ਕਿਰਪਾ ਮੋਹਿ ਦੇਹੁ ਨਾਮੁ ॥੪॥੫॥

## ਉਚਾਰਨ ਸੇਧ

**ਬਿੰਦੀ ਸਹਿਤ :** ਹਉਂ, ਜੀਵਾਂ, ਜਿਸਹਿਂ, ਖੋਜਹਿਂ, ਲਹਹਿਂ, ਨਾਹੀਂ।

**ਫੁਟਕਲ :** 'ਅਨੰਦਮੈਂ' ਨੂੰ 'ਅਨੰਦ ਮੈਂ' ਪੜ੍ਹਨਾ ਅਸ਼ੁੱਧ ਹੈ, ਇਹ ਅਨੰਦਮਯ, ਅਨੰਦਮਈ ਦਾ ਲਖਾਇਕ ਹੈ।

**ਪਦ ਅਰਥ ;** ਪ੍ਰਭ ਪ੍ਰੀਤਮ-ਹੇ ਪਿਆਰੇ ਪ੍ਰਭੂ!। ਮੇਰੈ ਸੰਗਿ-ਮੇਰੇ ਨਾਲ। ਰਾਇ-ਰਾਜਾ, ਪਾਤਿਸ਼ਾਹ। ਜਿਸਹਿ-ਜਿਸ (ਪ੍ਰਭੂ) ਨੂੰ। ਦੇਖਿ-ਵੇਖ ਕੇ। ਹਉ ਜੀਵਾ-ਮੈਂ ਜੀਉਂਦਾ ਹਾਂ। ਮਾਇ-ਹੇ ਮਾਂ !। ਸਿਮਰਨਿ-ਸਿਮਰਨ ਦੁਆਰਾ। ਤਿਸਹਿ-ਉਸ (ਪ੍ਰਭੂ) ਨੂੰ। ਮੋਹਿ-ਮੈਨੂੰ ।੧। ਮੇਰੇ ਪ੍ਰੀਤਮ-ਹੇ ਮੇਰੇ ਪਿਆਰੇ ! ਪ੍ਰਾਨ ਅਧਾਰਾ-ਪ੍ਰਾਣਾਂ ਤੇ ਮਨ ਦੇ ਆਸਰੇ। ਜੀਉ-ਜਿੰਦ। ਪ੍ਰਾਨ-ਸੁਆਸ। ਧਨ-ਦੌਲਤ ।੧। ਰਹਾਉ। ਖੋਜਹਿ-ਲਭਦੇ ਫਿਰਦੇ ਹਨ। ਸੁਰਿਨਰ-ਸ੍ਰੇਸ਼ਟ ਗੁਣਾ ਵਾਲੇ ਮਨੁੱਖ। ਦੇਵ-ਦੇਵਤੇ। ਮੁਨਿ ਜਨ-ਮੁਨੀ ਜਨ। ਸੇਖ-ਸ਼ੇਸ਼ਨਾਗ। ਨ ਲਹਹਿ ਭੇਵ-ਭੇਦ ਨਹੀਂ ਲਭ ਸਕਦੇ। ਗਤਿ ਮਿਤਿ ਅਵਸਥਾ ਤੇ ਮਰਯਾਦਾ। ਸਮਾਇ-ਵਿਆਪਕ ਹੋ ਰਿਹਾ ਹੈ ।੨। ਆਨੰਦ ਮੈ-ਅਨੰਦ ਸਰੂਪ। ਖੈ-ਨਾਸ਼। ਭੈ-ਡਰ। ਜੈ-ਜਿੱਤ ।੩। ਉਪਮਾ-ਵਡਿਆਈ। ਜਾਚੈ-ਮੰਗਦਾ ਹੈ ।੪।

**ਅਰਥ :** ਹੇ ਮਾਂ ! ਜਿਸ ਨੂੰ ਵੇਖ ਕੇ ਮੈਂ ਜੀਉਂਦਾ ਹਾਂ (ਉਹ) ਪਿਆਰਾ ਪ੍ਰਭੂ ਰਾਜਾ ਮੇਰੇ ਨਾਲ (ਅੰਗ-ਸੰਗ) ਹੈ। ਜਿਸ (ਪ੍ਰਭੂ) ਦੇ ਸਿਮਰਨ ਕੀਤਿਆਂ (ਕਦੇ ਵੀ) ਦੁਖ ਨਹੀਂ ਹੁੰਦਾ ਮੇਰੇ ਉਤੇ ਦਇਆ (ਦ੍ਰਿਸ਼ਟੀ) ਕਰਕੇ (ਉਸ ਪ੍ਰਭੂ) ਨੂੰ ਮਿਲਾ ਦਿਉ, (ਮੈਨੂੰ ਦਰਸ਼ਨ ਕਰਾ ਦਿਉ) ।੧।

ਹੇ ਮੇਰੇ ਪ੍ਰਾਣਾਂ ਤੇ ਮਨ ਦੇ ਆਸਰੇ ਪਿਆਰੇ ਪ੍ਰਭੂ ! ਜਿੰਦ ਪ੍ਰਾਣ (ਤੇ ਹੋਰ) ਸਭ ਧਨ (ਪਦਾਰਥ ਆਦਿ) ਤੇਰਾ ਹੀ (ਦਿੱਤਾ ਹੋਇਆ ਹੈ) ।੧। ਰਹਾਉ।

(ਹੇ ਭਾਈ !) ਜਿਸ (ਪਰਮਾਤਮਾ) ਨੂੰ ਦੈਵੀ ਗੁਣਾਂ ਵਾਲੇ ਮਨੁੱਖ ਤੇ ਦੇਵਤੇ ਖੋਜਦੇ ਹਨ, (ਵਡੇ ਵਡੇ) ਮੁਨੀ ਜਨ ਤੇ ਸ਼ੇਸ਼ਨਾਗ (ਆਦਿਕ) ਭੇਦ ਨਹੀਂ ਲਭ ਸਕਦੇ, ਜਿਸ ਦੀ ਅਵਸਥਾ ਤੇ ਮਰਯਾਦਾ

ਬਿਆਨ ਨਹੀਂ ਕੀਤੀ ਜਾ ਸਕਦੀ, (ਉਹ ਪ੍ਰਭੂ) ਹਰੇਕ ਸਰੀਰ ਵਿਚ ਸਮਾ ਰਿਹਾ ਹੈ ।੨।

(ਹੇ ਭਾਈ !) ਜਿਸ (ਪ੍ਰਭੂ) ਦੇ ਭਗਤ ਅਨੰਦ ਸਰੂਪ ਹਨ, ਜਿਸ (ਪ੍ਰਭੂ) ਦੇ ਭਗਤ ਨੂੰ ਕੋਈ ਨਾਸ਼ ਨਹੀਂ ਕਰ ਸਕਦਾ, ਜਿਸ (ਪ੍ਰਭੂ) ਦੇ ਭਗਤ ਨੂੰ (ਕੋਈ ਦੁਨਿਆਵੀ) ਡਰ ਨਹੀਂ ਹੈ, ਜਿਸ (ਪ੍ਰਭੂ) ਦੇ ਭਗਤ ਨੂੰ ਸਦਾ ਜੈ (ਜਿਤ ਪ੍ਰਾਪਤ ਹੁੰਦੀ ਹੈ ਮੈਂ ਉਸ ਨੂੰ ਵੇਖ ਕੇ ਜੀਉਂਦਾ ਹਾਂ) ।੩।

(ਹੇ ਪ੍ਰਭੂ !) ਤੇਰੀ ਕਿਹੜੀ ਵਡਿਆਈ ਆਖੀ ਜਾ ਸਕਦੀ ਹੈ (ਭਾਵ ਤੂੰ ਬੇਅੰਤ ਹੈ, ਤੂੰ) ਸੁਖਦਾਤਾ ਪ੍ਰਭੂ (ਸਭ ਵਿਚ) ਸਮਾ ਰਿਹਾ ਹੈਂ । (ਹੇ ਪ੍ਰਭੂ !) ਨਾਨਕ (ਤੇਰੇ ਪਾਸੋਂ) ਇਹ ਦਾਨ ਮੰਗਦਾ ਹੈ, ਕਿਰਪਾ ਕਰਕੇ ਮੈਨੂੰ (ਆਪਣਾ) ਨਾਮ ਦਿਓ (ਜਿਸ ਨੂੰ ਜਪ ਕੇ ਮੈਂ ਜੀਉਂਦਾ ਰਹਾਂ) ।੪।੫।

## ਸਾਰੰਸ਼ ਅਤੇ ਸਿਧਾਂਤ

ਜਿਸ ਪਰਮਾਤਮਾ ਨੇ ਜਿੰਦ, ਪ੍ਰਾਨ ਤੇ ਸਰੀਰ ਦਿਤਾ ਹੈ ਉਸ ਨੂੰ ਸਭ ਲਭਦੇ ਫਿਰਦੇ ਹਨ ਪਰ ਉਹ ਹਰੇਕ ਦੇ ਹਿਰਦੇ ਵਿਚ ਵਸਦਾ ਹੈ । ਇਸ ਭੇਤ ਨੂੰ ਪ੍ਰਭੂ ਦੇ ਭਗਤ ਜਾਣਦੇ ਹਨ ਜੋ ਸਦਾ ਅਨੰਦ ਸਰੂਪ (ਪ੍ਰਭੂ ਨਾਲ ਜੁੜੇ ਰਹਿੰਦੇ ਹਨ । ਉਹ ਹਰ ਵੇਲੇ ਪ੍ਰਭੂ ਦੀਆਂ ਵਡਿਆਈਆਂ ਕਰਦੇ ਰਹਿੰਦੇ ਹਨ ਜਿਸ ਕਰਕੇ ਉਨ੍ਹਾਂ ਦੇ ਸਾਰੇ ਦੁਖ ਦੂਰ ਹੋ ਜਾਂਦੇ ਹਨ ।

ਅੰਤ ਵਿਚ ਗੁਰੂ ਅਰਜਨ ਦੇਵ ਜੀ ਨੇ ਸੁਖਦਾਤੇ ਪ੍ਰਭੂ ਤੋਂ ਨਾਮ ਦੀ ਜਾਚਨਾ ਕੀਤੀ ਹੈ ਕਿਉਂਕਿ ਨਾਮ ਹੀ ਮਨੁੱਖ ਦੇ ਮਨ ਤੇ ਪ੍ਰਾਣਾਂ ਦਾ ਆਸਰਾ ਹੈ ।

**ਬਸੰਤੁ ਮਹਲਾ ੫ ॥ ਮਿਲਿ ਪਾਣੀ, ਜਿਉ ਹਰੇ ਬੂਟ ॥ ਸਾਧ ਸੰਗਤਿ, ਤਿਉ ਹਉਮੈ ਛੂਟ ॥ ਜੈਸੀ, ਦਾਸੇ ਧੀਰ ਮੀਰ ॥ ਤੈਸੇ, ਉਧਾਰਨ ਗੁਰਹ ਪੀਰ ॥੧॥ ਤੁਮ ਦਾਤੇ, ਪ੍ਰਭ ਦੇਨਹਾਰ ॥ ਨਿਮਖ ਨਿਮਖ, ਤਿਸੁ ਨਮਸਕਾਰ ॥੧॥ ਰਹਾਉ ॥ ਜਿਸਹਿ ਪਰਾਪਤਿ, ਸਾਧੁ ਸੰਗੁ ॥ ਤਿਸੁ ਜਨ ਲਾਗਾ ਪਾਰਬ੍ਰਹਮ ਰੰਗੁ ॥ ਤੇ, ਬੰਧਨ ਤੇ ਭਏ ਮੁਕਤਿ ॥ ਭਗਤ ਅਰਾਧਹਿ ਜੋਗ ਜੁਗਤਿ ॥੨॥ ਨੇਤ੍ਰ ਸੰਤੋਖੇ, ਦਰਸੁ ਪੇਖਿ ॥ ਰਸਨਾ, ਗਾਏ ਗੁਨ ਅਨੇਕ ॥ ਤ੍ਰਿਸਨਾ ਬੂਝੀ, ਗੁਰ ਪ੍ਰਸਾਦਿ ॥ ਮਨੁ ਆਘਾਨਾ, ਹਰਿ ਰਸਹਿ ਸੁਆਦਿ ॥੩॥ ਸੇਵਕੁ ਲਾਗੋ ਚਰਣ ਸੇਵ ॥ ਆਦਿ ਪੁਰਖ ਅਪਰੰਪਰ ਦੇਵ ॥ ਸਗਲ ਉਧਾਰਣ, ਤੇਰੋ ਨਾਮੁ ॥ ਨਾਨਕ ਪਾਇਓ ਇਹੁ ਨਿਧਾਨੁ ॥੪॥੬॥**

## ਉਚਾਰਨ ਸੇਧ

**ਬਿੰਦੀ ਸਹਿਤ :** ਜਿਉਂ, ਤਿਉਂ, ਅਰਾਧਹਿੰ, ਰਸਹਿੰ ।

**ਪਦ ਅਰਥ:** ਮਿਲਿ ਪਾਣੀ-ਪਾਣੀ ਨਾਲ ਮਿਲ ਕੇ । ਜਿਉ-ਜਿਵੇਂ । ਹਰੇ ਬੂਟ-ਬੂਟੇ ਸਰ-ਸਬਜ਼ ਹੋ ਜਾਂਦੇ ਹਨ । ਸਾਧ ਸੰਗਤਿ ਵਿਚ (ਮਿਲ ਕੇ)। ਤਿਉ-ਤਿਵੇਂ। ਹਉਮੈ ਛੂਟ-ਹੰਗਤਾ ਛੁੱਟ ਜਾਂਦੀ ਹੈ, (ਸੁਕਾ ਮਨ ਹਰਾ-ਭਰਾ ਹੋ ਜਾਂਦਾ ਹੈ)। ਜੈਸੇ-ਜਿਸ ਤਰ੍ਹਾਂ। ਦਾਸੇ-ਦਾਸ ਨੂੰ। ਧੀਰ-ਧੀਰਜ। ਮੀਰ-ਮਾਲਕ ਦੀ। ਤੈਸੇ-ਉਸੇ ਤਰ੍ਹਾਂ ਉਧਾਰਨ-ਉਧਾਰਨ ਵਾਲੇ। ਗੁਰਹ ਪੀਰ-ਗੁਰੂ ਪੀਰ।੧। ਦੇਨਹਾਰ-ਦੇਣ ਵਾਲੇ। ਨਿਮਖ ਨਿਮਖ-

ਅਖ ਦੇ ਫੋਰ ਜਿਨਾ ਸਮਾਂ।੧।ਰਹਾਉ। ਰੰਗ-ਪਿਆਰ। ਤੇ-ਓਹ (ਜਨ)। ਬੰਧਨ ਤੇ-(ਮਾਇਆ ਦੇ) ਬਧਨਾ ਤੋਂ। ਭਏ ਮੁਕਤਿ-ਟੁਟ ਗਏ, ਆਜ਼ਾਦ ਹੋ ਗਏ। ਅਰਾਧਹਿ-ਅਰਾਧਦੇ, ਸਿਮਰਦੇ ਹਨ। ਜੋਗ ਜੁਗਤਿ-ਜੁੜਨ ਦੀ ਜੁਗਤੀ ਅਨੁਸਾਰ।੨। ਨੇਤ੍ਰ ਸੰਤੋਖੇ-ਨੇਤਰ ਰਜੇ ਰਹਿੰਦੇ ਹਨ। ਪੇਖਿ-ਵੇਖ ਕੇ। ਗੁਰ ਪ੍ਰਸਾਦਿ-ਗੁਰੂ ਦੀ ਕ੍ਰਿਪਾ ਨਾਲ। ਆਘਾਨਾ-ਰਜਿਆ ਰਹਿੰਦਾ ਹੈ। ਹਰਿ ਰਸਹਿ-ਹਰੀ ਦੇ (ਨਾਮ) ਰਸ ਅੰਦਰ।੩।

**ਅਰਥ :** (ਹੇ ਭਾਈ !) ਜਿਸ ਤਰ੍ਹਾਂ ਪਾਣੀ ਦੇ ਨਾਲ ਮਿਲ ਕੇ (ਸਾਰੇ) ਬੂਟੇ ਹਰੇ (ਸਰ ਸਬਜ਼) ਹੋ ਜਾਂਦੇ ਹਨ, ਉਸੇ ਤਰ੍ਹਾਂ ਸਾਧ ਸੰਗਤ ਨਾਲ (ਮਿਲਣ ਕਰਕੇ) ਹੰਗਤਾ ਛੁਟ ਜਾਂਦੀ ਹੈ । ਜਿਸ ਤਰ੍ਹਾਂ ਦਾਸ ਨੂੰ ਮਾਲਕ ਦੀ ਧੀਰਜ (ਟਿਕਾਈ ਰਖਦੀ ਹੈ), ਉਸੇ ਤਰ੍ਹਾਂ ਗੁਰੂ-ਪੀਰ (ਆਪਣੇ ਸਿਖ ਨੂੰ) ਉਧਾਰਨ ਵਾਲੇ ਹੁੰਦੇ ਹਨ ।੧।

(ਹੇ ਪ੍ਰਭੂ !) ਤੁਸੀਂ (ਸਭ ਕੁਝ) ਦੇਣ ਵਾਲੇ ਦਾਤੇ ਹੋ, (ਹੇ ਭਾਈ ! ਮੈਂ ਆਪਣੇ ਮਨ ਵਿਚ) ਉਸ (ਦਾਤੇ) ਨੂੰ ਛਿਨ ਛਿਨ ਮਗਰੋਂ ਨਮਸਕਾਰ ਕਰਦਾ ਹਾਂ ।੧। ਰਹਾਉ ।

(ਹੇ ਭਾਈ !) ਜਿਸ (ਜਨ) ਨੂੰ ਸਾਧ (ਗੁਰੂ) ਦਾ ਸੰਗ ਪ੍ਰਾਪਤ ਹੋ ਗਿਆ ਹੈ, ਉਸ ਜਨ ਨੂੰ ਪਰਮਾਤਮਾ ਦਾ ਪਿਆਰ ਲਗ ਗਿਆ ਹੈ । (ਜਿਹੜੇ) ਭਗਤ (ਸਹਜ) ਜੋਗ ਦੀ ਜੁਗਤੀ ਨਾਲ (ਪਰਮਾਤਮਾ ਨੂੰ) ਸਿਮਰਦੇ ਹਨ, ਓਹ (ਮਾਇਆ ਦੇ) ਬੰਧਨਾਂ ਤੋਂ ਮੁਕਤ ਹੋ ਜਾਂਦੇ ਹਨ ।੨।

(ਉਨ੍ਹਾਂ ਭਗਤਾਂ ਦੇ) ਨੇਤਰ (ਪ੍ਰਭੂ ਦਾ) ਦਰਸ਼ਨ ਵੇਖ ਕੇ ਰਜ ਗਏ ਹਨ । (ਉਨ੍ਹਾਂ ਨੇ) ਰਸਨਾ ਨਾਲ (ਪ੍ਰਭੂ ਦੇ) ਬੇਅੰਤ ਗੁਣ ਗਾਇਨ ਕੀਤੇ ਹਨ । ਗੁਰੂ ਦੀ ਕਿਰਪਾ ਨਾਲ (ਉਨ੍ਹਾਂ ਦੀ ਪਦਾਰਥਕ) ਤ੍ਰਿਸ਼ਨਾ ਦੂਰ ਹੋ ਗਈ ਹੈ (ਅਤੇ ਉਨ੍ਹਾਂ ਦਾ) ਮਨ ਹਰੀ (ਨਾਮ) ਰਸ ਤੇ ਸੁਆਦ ਵਿਚ ਰੱਜ ਗਿਆ ਹੈ।੩।

ਹੇ ਆਦਿ ਪੁਰਖ ! ਹੇ ਪਰੇ ਤੋਂ ਪਰੇ ਪ੍ਰਕਾਸ਼ ਰੂਪ ਪ੍ਰਭੂ ! (ਜੋ ਤੇਰਾ) ਸੇਵਕ ਹੈ (ਉਹ ਤੇਰੇ) ਚਰਨਾਂ ਦੀ ਸੇਵਾ ਵਿਚ ਲਗ ਗਿਆ ਹੈ (ਭਾਵ ਨਾਮ-ਸਿਮਰਨ ਵਿਚ ਲੀਨ ਹੋ ਗਿਆ ਹੈ)। (ਹੇ ਪ੍ਰਭੂ!) ਤੇਰਾ ਨਾਮ ਸਭਨਾ (ਜੀਆਂ ਨੂੰ ਸੰਸਾਰ ਸਾਗਰ ਤੋਂ) ਤਾਰਨ ਵਾਲਾ ਹੈ। ਨਾਨਕ (ਗੁਰੂ ਜੀ ਆਖਦੇ ਹਨ ਕਿ ਉਸ ਸੇਵਕ ਨੇ) ਇਹ (ਨਾਮ ਰੂਪੀ) ਖਜ਼ਾਨਾ ਪ੍ਰਾਪਤ ਕਰ ਲਿਆ ਹੈ ।੪।੬।

## ਸਾਰੰਸ਼ ਅਤੇ ਸਿਧਾਂਤ

ਜਿਸ ਨੂੰ ਸਾਧ ਗੁਰੂ ਦਾ ਸੰਗ ਪ੍ਰਾਪਤ ਹੋ ਜਾਂਦਾ ਹੈ, ਉਸ ਨੂੰ ਪਰਮਾਤਮਾ ਦੇ ਨਾਮ ਦਾ ਰੰਗ ਲਗਦਾ ਹੈ । ਅੰਦਰ ਵਸਦੇ ਹਰੀ ਦੀ ਸੋਝੀ ਤੇ ਪ੍ਰੇਮ-ਲਗਨ ਸਾਧ ਸੰਗਤ ਦੁਆਰਾ ਹੀ ਪ੍ਰਾਪਤ ਹੁੰਦੀ ਹੈ । ਜਿਹੜੀਆਂ ਅੱਖਾਂ ਬਾਹਰ ਦੇ ਰੰਗ ਤਮਾਸ਼ੇ ਵੇਖ ਕੇ ਰਜਦੀਆਂ ਨਹੀਂ, ਸਾਧ ਸੰਗਤ ਦਾ ਦਰਸ਼ਨ ਕਰਕੇ ਉਹ ਤ੍ਰਿਪਤ ਹੋ ਜਾਂਦੀਆਂ ਹਨ । ਗੁਰੂ ਦੀ ਕਿਰਪਾ ਨਾਲ ਹਰ ਪ੍ਰਕਾਰ ਦੀ ਤ੍ਰਿਸ਼ਨਾ ਬੁਝ ਜਾਂਦੀ ਹੈ । ਗੁਰੂ ਦੇ ਬਖਸ਼ੇ ਨਾਮ ਨਾਲ ਮਨ ਵਿਚ ਧੀਰਜ ਆ ਜਾਂਦਾ ਹੈ ਅਤੇ ਉਸ ਦੇ ਅੰਦਰ ਦ੍ਰਿੜ ਵਿਸ਼ਵਾਸ਼ ਹੋ ਜਾਂਦਾ ਹੈ ਕਿ ਗੁਰੂ ਪਾਤਿਸ਼ਾਹ ਉਸ ਨੂੰ ਸੰਸਾਰ ਸਾਗਰ ਤੋਂ ਪਾਰ ਕਰ ਦੇਣਗੇ ।

**ਬਸੰਤੁ ਮਹਲਾ ੫ ॥ ਤੁਮ ਬਡ ਦਾਤੇ, ਦੇ ਰਹੇ ॥ ਜੀਅ ਪ੍ਰਾਣ ਮਹਿ, ਰਵਿ ਰਹੇ ॥ ਦੀਨੇ, ਸਗਲੇ ਭੋਜਨ ਖਾਨ ॥ ਮੋਹਿ ਨਿਰਗੁਨ, ਇਕੁ ਗੁਨੁ ਨ ਜਾਨ ॥੧॥ ਹਉ**

**ਕਛੁ ਨ ਜਾਨਉ, ਤੇਰੀ ਸਾਰ ॥ ਤੂ ਕਰਿ ਗਤਿ ਮੇਰੀ, ਪ੍ਰਭ ਦਇਆਰ ॥੧॥ ਰਹਾਉ ॥ ਜਾਪ ਨ ਤਾਪ, ਨ ਕਰਮ ਕੀਤਿ ॥ ਆਵੈ ਨਾਹੀ, ਕਛੂ ਰੀਤਿ ॥ ਮਨ ਮਹਿ ਰਾਖਉ, ਆਸ ਏਕ ॥ ਨਾਮ ਤੇਰੇ ਕੀ ਤਰਉ ਟੇਕ ॥੨॥ ਸਰਬ ਕਲਾ ਪ੍ਰਭ ਤੁਮ੍ ਪ੍ਰਬੀਨ ॥ ਅੰਤੁ ਨ ਪਾਵਹਿ, ਜਲਹਿ ਮੀਨ ॥ ਅਗਮ ਅਗਮ ਊਚਹ ਤੇ ਊਚ ॥ ਹਮ ਥੋਰੇ, ਤੁਮ ਬਹੁਤ ਮੂਚ ॥੩॥ ਜਿਨ ਤੂ ਧਿਆਇਆ, ਸੇ ਗਨੀ ॥ ਜਿਨ ਤੂ ਪਾਇਆ, ਸੇ ਧਨੀ ॥ ਜਿਨਿ ਤੂ ਸੇਵਿਆ, ਸੁਖੀ ਸੇ ॥ ਸੰਤ ਸਰਣਿ, ਨਾਨਕ ਪਰੇ ॥੪॥੭॥**

## ਉਚਾਰਨ ਸੇਧ

**ਬਿੰਦੀ ਸਹਿਤ :** ਮਹਿਂ, ਹਉਂ, ਜਾਨਉਂ ਨਾਹੀਂ, ਰਾਖਉਂ, ਤਰਉਂ, ਪਾਵਹਿਂ, ਗ਼ਨੀਂ।

**ਪਦ ਅਰਥ :** ਦੇ ਰਹੇ-(ਦਾਤਾ) ਦੇ ਰਹੇ ਹੋ। ਰਵਿ ਰਹੇ-ਵਿਆਪਕ ਹੋ ਰਹੇ ਹੋ। ਨਿਰਗੁਨ-ਗੁਣਾਂ ਤੋਂ ਖ਼ਾਲੀ। ਨ ਜਾਨ-ਨਹੀਂ ਜਾਣਦਾ ।੧। ਤਉਂ-ਮੈਂ। ਨ ਜਾਨਉ-ਨਹੀਂ ਜਾਣਦਾ ਹਾਂ। ਸਾਰ-ਕਦਰ। ਗਤਿ-ਗਤੀ। ਪ੍ਰਭ ਦਇਆਰ-ਹੇ ਦਇਆਲੂ ।੧। ਰਹਾਉ। ਜਾਪ-ਜਪ। ਤਾਪ-ਤਪ। ਕਰਮ-(ਨਿਸ਼ਚਿਤ ਖਟ) ਕਰਮ। ਰੀਤਿ-(ਧਾਰਮਿਕ) ਰਸਮ। ਰਾਖਉ-ਮੈਂ ਰਖਦਾ ਹਾਂ। ਤਰਉ-ਮੈਂ ਤਰਾਂਗਾ। ਟੇਕ-ਆਸਰੇ ।੨। ਸਰਬ ਕਲਾ-ਹਰੇਕ ਹੁਨਰ ਵਿਚ। ਪ੍ਰਬੀਨ-ਨਿਪੁੰਨ, ਸਿਆਣੇ। ਨ ਪਾਵਹਿ-ਨਹੀਂ ਪਾ ਸਕਦੇ। ਜਲਹਿ ਮੀਨ-ਜਲ ਵਿਜ ਰਹਿਣ ਵਾਲੀਆਂ ਮੱਛੀਆਂ। ਅਗਮ-ਅਪਹੁੰਚ। ਤੇ-ਤੋਂ। ਥੋਰੇ-ਥੋੜੇ ਭਾਵ ਛੋਟੇ। ਮੂਚ-ਵੱਡੇ।੩। ਗਨੀ-ਦੌਲਤਮੰਦ। ਧਨੀ-ਧਨ ਵਾਲੇ, ਧਨਾਢ। ਜਿਨਿ-ਜਿਸ (ਮਨੁੱਖ) ਨੇ। ਸੇ-ਓਹ ।੪।

**ਅਰਥ :** (ਹੇ ਪ੍ਰਭੂ !) ਤੁਸੀਂ ਵਡੇ ਦਾਤੇ ਹੋ (ਸਾਰੇ ਜੀਆਂ ਨੂੰ ਦਾਤਾਂ ਦੇ) ਰਹੇ ਹੋ। (ਤੁਸੀਂ ਸਾਰੇ) ਜੀਆਂ ਦੇ ਮੁਆਸਾਂ ਵਿਚ ਵਿਆਪਕ ਹੋ ਰਹੇ ਹੋ। (ਤੁਸਾਂ) ਸਾਰੇ ਭੋਜਨ (ਪਦਾਰਥ) ਖਾਣ ਲਈ ਦਿਤੇ ਹਨ (ਪਰ) ਮੈਂ ਗੁਣਾਂ ਤੋਂ ਹੀਣ, ਤੇਰਾ ਇਕ ਗੁਣ ਵੀ ਨਹੀਂ ਜਾਣਦਾ (ਭਾਵ ਹਰਾਮ ਖ਼ੋਰ ਹਾਂ) ।੧।

(ਹੇ ਪ੍ਰਭੂ ! ਭਾਵੇਂ) ਮੈਂ ਤੇਰੀ ਸਾਰ (ਕਦਰ) ਨੂੰ ਕੁਝ ਵੀ ਨਹੀਂ ਜਾਣ ਰਿਹਾ (ਪਰ) ਹੇ ਦਿਆਲੂ ਪ੍ਰਭੂ ! (ਫਿਰ ਵੀ) ਤੂੰ (ਮੇਰੀ) ਜੀਵਨ ਗਤੀ (ਕਲਿਆਨ) ਕਰ ।੧। ਰਹਾਉ।

(ਹੇ ਪ੍ਰਭੂ ! ਮੈਂ ਕੋਈ) ਜਪ ਨਹੀਂ (ਕੀਤਾ), ਤਪ ਨਹੀਂ (ਸਾਧਿਆ ਅਤੇ ਨਾ ਹੀ ਕੋਈ ਸ਼ੁਭ) ਕਰਮ ਕੀਤਾ ਹੈ। ਨਾ ਹੀ (ਮੈਨੂੰ ਜਪ, ਤਪ, ਤੇ ਕਰਮ ਕਰਨ ਦੀ) ਕੋਈ ਰੀਤਿ (ਮਰਯਾਦਾ) ਆਉਂਦੀ ਹੈ। (ਹੇ ਪ੍ਰਭੂ ! ਮੈਂ ਆਪਣੇ) ਮਨ ਵਿਚ ਇਕ ਆਸ ਰਖਦਾ ਹਾਂ (ਉਹ ਇਹ ਕਿ) ਤੇਰੇ ਨਾਮ ਦੀ ਟੇਕ (ਆਸਰੇ ਇਸ ਸੰਸਾਰ ਸਾਗਰ ਤੋਂ) ਤਰ ਜਾਵਾਂਗਾ ।੨।

ਹੇ ਪ੍ਰਭੂ ! ਤੁਸੀਂ ਸਾਰੇ ਹੁਨਰਾਂ ਚੋਂ ਨਿਪੁੰਨ ਹੋ ਜਲ ਵਿਚ ਰਹਿਣ ਵਾਲੀਆਂ ਜਿਵੇਂ ਮੱਛੀਆਂ ਜਲ (ਸਮੁੰਦਰ) ਦਾ ਅੰਤ ਨਹੀਂ ਪਾ ਸਕਦੀਆਂ, (ਤਿਵੇਂ ਅਸੀ ਤੁਛ ਜੀਵ ਤੇਰਾ ਅੰਤ ਨਹੀਂ ਪਾ ਸਕਦੇ)। (ਹੇ ਪ੍ਰਭੂ ! ਤੁਸੀਂ) ਅਪਹੁੰਚ ਹੀ ਅਪਹੁੰਚ, ਉਚਿਆਂ ਤੋਂ ਉਚੇ ਹੋ। ਅਸੀਂ ਬਹੁਤ ਛੋਟੇ ਹਾਂ, ਤੁਸੀਂ ਬਹੁਤ ਹੀ ਵਡੇ ਹੋ ।੩।

(ਹੇ ਪ੍ਰਭੂ !) ਜਿਨ੍ਹਾਂ (ਮਨੁੱਖਾਂ) ਨੇ ਤੈਨੂੰ ਧਿਆਇਆ ਹੈ ਓਹ (ਸਹੀ ਅਰਥਾਂ ਵਿਚ) ਦੌਲਤਮੰਦ ਹਨ। ਜਿਨ੍ਹਾਂ ਨੇ ਤੈਨੂੰ (ਖੋਜ ਕੇ) ਪਾ ਲਿਆ ਹੈ, ਓਹੀ (ਅਸਲੀ) ਧਨਵਾਨ ਹਨ। ਜਿਨ੍ਹਾਂ ਨੇ ਤੈਨੂੰ ਸੇਵਿਆ ਹੈ, ਓਹ ਸੁਖੀ ਹਨ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਅਜਿਹੇ ਮਨੁੱਖ ਤੇਰੇ) ਸੰਤ ਜਨਾ ਦੀ ਸ਼ਰਣ ਵਿਚ ਪਏ ਰਹਿੰਦੇ ਹਨ ।੪।੭।

## ਅਰਥ ਭੇਦ ਅਤੇ ਨਿਰਣੈ

**ਜਿਨ ਤੂ ਧਿਆਇਆ ਸੇ ਗਨੀ ॥**

ਵਖ ਵਖ ਅਰਥ :

੧. ਜਿਨੋਂ ਨੇ ਤੇਰੇ ਕੋ ਧਯਾਇਆ ਹੈ ਸੋਈ(ਗਨੀ)ਗਿਣਤੀ ਮੇ ਹੈਂ ।[ਫ਼.ਸ., ਗਿ.ਬਿਸ਼ਨ ਸਿੰਘ, ਸੰ.ਸ

੨. ਅ. ਗਨੀ। ਦੌਲਤਮੰਦ, ਦੌਲਤ ਨਾਲ ਰਜੇ ਹੋਏ। [ਸ਼ਬਦਾਰਥ, ਦਰਪਣ

**ਨਿਰਣੈ** : ਇਸ ਵਿਚ ਸੰਦੇਹ ਨਹੀਂ ਕਿ ਗੁਰਬਾਣੀ ਵਿਚ 'ਗਨੀ' ਦੇ ਅਰਥ 'ਮੈਂ ਗਿਣਾਂ' ਵੀ ਹਨ ਜਿਵੇਂ ਕਿ :--

**੧. ਤਬ ਬੰਧ ਮੁਕਤਿ ਕਹੁ ਕਿਸ ਕਉ ਗਨੀ ॥** [ਪੰਨਾ ੨੯੧

**੨. ਵਿਚਿ ਵਰਤੈ ਨਾਨਕ ਆਪਿ, ਝੂਠ ਕਹੁ ਕਿਆ ਗਨੀ ॥** [ਪੰਨਾ ੭੨੩

ਪਰ ਇਥੇ 'ਗਨੀ' ਪੰਜਾਬੀ ਦਾ ਪਦ ਨਹੀਂ, ਅਰਬੀ ਦਾ ਪਦ 'ਗ਼ਨੀ' ਹੈ ਜਿਸ ਦੇ ਅਰਥ ਹਨ - ਦੌਲਤ ਮੰਦ। ਗੁਰਬਾਣੀ ਵਿਚ ਇਸ ਪਦ ਦੀ ਵਰਤੋਂ ਕੀਤੀ ਹੋਈ ਮਿਲਦੀ ਹੈ : 'ਊਹਾਂ ਗਨੀ ਬਸਹਿ ਮਾਮੂਰ ॥ ਮਹਾਨ ਕੋਸ਼ ਨੇ 'ਗਨੀ' ਦੇ ਅਰਥ ਧਨਵਾਨ ਹੀ ਕੀਤੇ ਹਨ ਅਤੇ ਨਾਲ ਇਸ ਪਦ ਬਾਰੇ ਇਹ ਸੰਕੇਤ ਵੀ ਦਿਤਾ ਹੈ ਕਿ ਕੁਰਾਨ ਵਿਚ ਲਿਖੇ ਹੋਏ ਖ਼ੁਦਾ ਦੇ ੯੯ ਅਰਥਾ ੧੦੦ ਗੁਣਵਾਚਕ ਨਾਮਾ ਵਿਚੋਂ ਇਕ ਨਾਮ 'ਕਰੀਮਾ ਰਹੀਮਾ ਅਲਾਹ ਤੂ ਗਨੀ' (ਤਿਲੰਗ ਨਾਮਦੇਵ) ਵੀ ਹੈ।

ਸੰਪ੍ਰਦਾਈ ਵਿਦਵਾਨਾਂ ਨੇ ਸ਼ਾਇਦ ਇਸ ਕਰਕੇ ਇਸ ਪਦ ਦੇ ਅਰਥ ਧਨਵਾਨ ਨਹੀਂ ਕੀਤੇ ਕਿਉਂਕਿ ਦੂਜੀ ਪੰਕਤਿ ਵਿਚ 'ਜਿਨ ਤੂ ਪਾਇਆ ਸੇ ਧਨੀ' ਵਿਚ 'ਧਨੀ' ਪਦ ਦੇ ਅਰਥ 'ਧਨਵਾਨ' ਹਨ, ਪਰ 'ਕਾਵਿ' ਵਿਚ ਅਰਥਾਵਲੀ ਨਾਲੋਂ ਸ਼ਬਦਾਵਲੀ ਦੇ ਮੇਲਾਨ ਨੂੰ ਮੁਖ ਰਖਿਆ ਜਾਂਦਾ ਹੈ। ਇਸ ਸ਼ਬਦ ਦੀ ਰਹਾਉ ਵਾਲੀ ਪੰਕਤੀ ਮਗਰੋਂ 'ਮਨ ਮਹਿ ਰਾਖਉ ਆਸ ਏਕ।। ਨਾਮ ਤੇਰੇ ਕੀ ਤਰਉ ਟੇਕ' ਵਿਚ 'ਆਸ ਤੇ ਟੇਕ' ਦੋਵੇਂ ਸਮਾਨਰਥਕ ਪਦ ਹਨ। ਸੋ 'ਗਨੀ' ਦੇ ਅਰਥ ਧਨਵਾਨ, ਦੌਲਤਮੰਦ ਹੀ ਠੀਕ ਹਨ।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਗੁਰਦੇਵ ਜੀ ਨੇ ਪਰਮਾਤਮਾ ਦੀ ਵਡਿਆਈ ਦੇ ਸਨਮੁਖ ਆਪਣੀ ਤੁਛਤਾ ਵਿਖਾਈ ਅਤੇ ਆਸ ਰਖੀ ਹੈ ਕਿ ਨਾਮ ਦੀ ਟੇਕ ਆਸਰੇ ਇਸ ਸੰਸਾਰ ਸਾਗਰ ਤੋਂ ਪਾਰ ਹੋ ਜਾਈਦਾ ਹੈ।

ਸਿਧਾਂਤ ਇਹ ਹੈ ਕਿ ਜਿਹੜੇ ਮਨੁੱਖ ਸੰਤ ਜਨਾ ਦੀ ਸ਼ਰਣ ਪੈ ਜਾਂਦੇ ਹਨ ਓਹ ਪਰਮਾਤਮਾ ਦੀ ਸੇਵਾ ਕਰਕੇ ਸੁਖੀ ਹੋ ਜਾਂਦੇ ਹਨ।

**ਬਸੰਤੁ ਮਹਲਾ ੫ ॥ ਤਿਸੁ ਤੂ ਸੇਵਿ, ਜਿਨਿ ਤੂ ਕੀਆ ॥ ਤਿਸੁ ਅਰਾਧਿ, ਜਿਨਿ ਜੀਉ ਦੀਆ ॥ ਤਿਸ ਕਾ ਚਾਕਰੁ ਹੋਹਿ, ਫਿਰ ਡਾਨੁ ਨ ਲਾਗੈ ॥ ਤਿਸ ਕੀ ਕਰਿ ਪੋਤਦਾਰੀ, ਫਿਰਿ ਦੂਖੁ ਨ ਲਾਗੈ ॥੧॥ ਏ ਵਡ ਭਾਗ ਹੋਹਿ, ਜਿਸੁ ਪ੍ਰਾਣੀ ॥ ਸੋ ਪਾਏ, ਇਹੁ ਪਦੁ ਨਿਰਬਾਣੀ ॥੧॥ ਰਹਾਉ ॥ ਦੂਜੀ ਸੇਵਾ, ਜੀਵਨ ਬਿਰਥਾ ॥ ਕਛੂ ਨ ਹੋਈ ਹੈ ਪੂਰਨ ਅਰਥਾ ॥ ਮਾਨਸ ਸੇਵਾ, ਖਰੀ ਦੁਹੇਲੀ ॥ ਸਾਧ ਕੀ ਸੇਵਾ, ਸਦਾ ਸੁਹੇਲੀ ॥੨॥ ਜੇ ਲੋੜਹਿ ਸਦਾ ਸੁਖੁ ਭਾਈ ॥ ਸਾਧੂ ਸੰਗਤਿ, ਗੁਰਹਿ ਬਤਾਈ ॥ ਊਹਾ,ਜਪੀਐ ਕੇਵਲ ਨਾਮ ॥ ਸਾਧੂ ਸੰਗਤਿ, ਪਾਰਗਰਾਮ ॥੩॥ ਸਗਲ ਤਤ ਮਹਿ, ਤਤੁ ਗਿਆਨੁ ॥ ਸਰਬ ਧਿਆਨ ਮਹਿ, ਏਕੁ ਧਿਆਨੁ ॥ ਹਰਿ ਕੀਰਤਨ ਮਹਿ, ਊਤਮ ਧੁਨਾ ॥ ਨਾਨਕ, ਗੁਰ ਮਿਲਿ ਗਾਇ ਗੁਨਾ ॥੪॥੮॥**

## ਉਚਾਰਨ ਸੇਧ

**ਬਿੰਦੀ ਸਹਿਤ :** ਹੋਹਿਂ, ਲੋੜਹਿਂ, ਗੁਰਹਿਂ, ਊਹਾਂ, ਮਹਿਂ, ਧੁਨਾਂ, ਗੁਨਾਂ।

**ਪਦ ਅਰਥ :** ਤਿਸੁ-ਉਸ (ਸਿਰਜਨਹਾਰ) ਨੂੰ। ਜਿਨਿ-ਜਿਸ ਨੇ। ਤੂ ਕੀਆ-ਤੈਨੂੰ (ਪੈਦਾ) ਕੀਤਾ ਹੈ। ਜੀਉ-ਜਿੰਦ। ਚਾਕਰੁ-ਨੌਕਰ, ਦਾਸ। ਹੋਹਿ-ਜੇ ਹੋ ਜਾਵੇਂ। ਡਾਨੁ-ਦੰਡ, ਸਜ਼ਾ। ਪੋਤਦਾਰੀ-ਖਜ਼ਾਂਚੀਗੀਰੀ।੧। ਏਵਡ ਭਾਗ-ਐਨੇ ਵੱਡੇ ਭਾਗ। ਪਦੁ ਨਿਰਬਾਣੀ-ਵਾਸ਼ਨਾ ਰਹਿਤ ਦਰਜਾ।੧।ਰਹਾਉ। ਦੂਜੀ ਸੇਵਾ-(ਪ੍ਰਭੂ ਨੂੰ ਛਡ ਕੇ) ਕਿਸੇ ਹੋਰ ਦੀ ਸੇਵਾ। ਬਿਰਥਾ-ਵਿਅਰਥ। ਅਰਥਾ-ਗਰਜ਼, ਲੋੜ। ਮਾਨਸ ਸੇਵਾ-ਮਨੁੱਖ ਦੀ ਸੇਵਾ। ਖਰੀ-ਬਹੁਤ। ਦੁਹੇਲੀ-ਦੁਖਦਾਈ। ਸਾਧ-(ਗੁਰੂ) ਦੀ। ਸੁਹੇਲੀ-ਸੁਖਦਾਇਕ।੨। ਜੇ ਲੋੜਹਿ-ਜੇ ਚਾਹੁੰਦਾ ਹੈਂ। ਗੁਰਹਿ-ਗੁਰੂ ਨੇ। ਊਹਾ-ਉਥੇ (ਸਾਧ ਸੰਗਤ ਦੁਆਰਾ)। ਪਾਰਗਰਾਮ-ਪਾਰ ਹੋ ਜਾਵੇਂਗਾ।੩। ਸਗਲ ਤਤ ਮਹਿ-ਸਾਰੀਆਂ ਵੀਚਾਰਾਂ ਵਿਚ, ਸਾਰੇ ਗਿਆਨਾਂ ਵਿਚੋਂ। ਤਤੁ ਗਿਆਨੁ-ਯਥਾਰਥ (ਆਤਮਿਕ) ਗਿਆਨ। ਧਿਆਨੁ-ਸਮਾਧੀ ਊਤਮ ਧੁਨਾ-ਸ੍ਰੇਸ਼ਟ ਧੁਨੀ। ਗੁਨਾ-ਗੁਣ।੪।

**ਅਰਥ :** (ਹੇ ਪ੍ਰਾਣੀ !) ਤੂੰ ਉਸ (ਸਿਰਜਨਹਾਰ) ਨੂੰ ਸੇਵ ਜਿਸ ਨੇ ਤੈਨੂੰ ਪੈਦਾ ਕੀਤਾ ਹੈ। ਉਸ ਨੂੰ ਯਾਦ ਕਰ ਜਿਸ ਨੇ (ਤੈਨੂੰ ਇਹ) ਜੀਉ (ਪਿੰਡ) ਦਿਤਾ ਹੈ।

(ਹੇ ਭਾਈ ! ਜੇ ਤੂੰ) ਉਸ (ਸਿਰਜਨਹਾਰ) ਦਾ ਨੌਕਰ ਬਣ ਜਾਵੇਂ, ਫਿਰ (ਤੈਨੂੰ ਕੋਈ) ਦੰਡ ਨਹੀਂ ਲਗੇਗਾ (ਤੂੰ) ਉਸ ਦੀ ਖਜ਼ਾਂਚੀਗੀਰੀ (ਖਜ਼ਾਂਚੀਪੁਣਾ) ਕਰ, ਫਿਰ (ਤੈਨੂੰ ਮੌਤ ਦਾ ਕੋਈ) ਦੁਖ ਨਹੀਂ ਲਗੇਗਾ।੧।

(ਹੇ ਭਾਈ !) ਜਿਸ ਮਨੁਖ ਦੇ ਐਨੇ ਵਡੇ ਭਾਗ ਹੋਣ, ਉਹ (ਮਨੁੱਖ) ਨਿਰਬਾਣ (ਵਾਸ਼ਨਾ ਤੋਂ ਰਹਿਤ) ਪਦ ਪ੍ਰਾਪਤ ਕਰਦਾ ਹੈ।੧। ਰਹਾਉ।

(ਪਰਮਾਤਮਾ ਨੂੰ ਛਡ ਕੇ ਹੋਰ) ਦੂਜੀ ਸੇਵਾ (ਕਰਨ ਨਾਲ) ਜਨਮ ਵਿਅਰਥ ਜਾਂਦਾ ਹੈ। (ਦੂਜੀ ਸੇਵਾ) ਕਰਨ ਨਾਲ ਕੋਈ ਕੰਮ ਵੀ ਪੂਰਾ ਨਹੀਂ ਹੁੰਦਾ। (ਹੇ ਭਾਈ ! ਗੁਰ-ਪਰਮੇਸਰ ਨੂੰ ਛੱਡ ਕੇ) ਮਨੁੱਖ

ਦੀ ਸੇਵਾ (ਕਰਨੀ) ਬਹੁਤ ਦੁਖਦਾਈ ਸਾਬਤ ਹੁੰਦੀ ਹੈ (ਜਦੋਂ ਕਿ) ਸਾਧ (ਜਨਾ) ਦੀ ਸੇਵਾ ਸਦਾ ਸੁਖਦਾਇਕ ਹੁੰਦੀ ਹੈ ।੨।

ਹੇ ਭਾਈ ! ਜੇ ਤੂੰ ਸਦਾ (ਆਤਮਿਕ) ਸੁਖ (ਪ੍ਰਾਪਤ ਕਰਨਾ) ਚਾਹੁੰਦਾ ਹੈਂ ਤਾਂ ਗੁਰੂ ਨੇ ਸਾਧੂ ਸੰਗਤਿ (ਕਰਨ ਦੀ) ਸਿਖਿਆ ਦਿਤੀ ਹੈ । ਉਥੇ (ਸਾਧ ਸੰਗਤ ਵਿਚ) ਕੇਵਲ (ਪਰਮਾਤਮਾ ਦਾ) ਨਾਮ ਹੀ ਜਪਿਆ ਜਾਂਦਾ ਹੈ । (ਇਸ ਲਈ) ਸਾਧੂ ਦੀ ਸੰਗਤ (ਸੰਸਾਰ ਸਾਗਰ ਤੋਂ) ਪਾਰ ਕਰ ਦਿੰਦੀ ਹੈ ।੩।

ਸਾਰਿਆਂ ਤੱਤਾਂ ਵਿਚੋਂ (ਗੁਰੂ ਦਾ) ਗਿਆਨ ਹੀ ਯਥਾਰਥ (ਵਸਤੂ) ਹੈ । ਸਾਰਿਆਂ ਧਿਆਨਾਂ ਵਿਚੋਂ ਇਕ (ਪਰਮੇਸ਼ਰ ਦਾ) ਧਿਆਨ (ਹੀ ਸ੍ਰੇਸ਼ਟ ਹੈ) । ਨਾਨਕ (ਗੁਰੂ ਜੀ ਫੁਰਮਾਉਂਦੇ ਹਨ) ਹਰੀ ਦੇ ਕੀਰਤਨ ਵਿਚ (ਉਦੋਂ) ਉਤਮ ਧੁਨੀ (ਉਠਦੀ ਹੈ ਜਦੋਂ) ਗੁਰੂ ਨਾਲ ਮਿਲ ਕੇ (ਹਰੀ ਦੇ) ਗੁਣ (ਗਾਏ ਜਾਣ) ।੪।੮।

## ਸਾਰੰਸ਼ ਅਤੇ ਸਿਧਾਂਤ

ਨਿਰਬਾਣ ਪਦ ਦੀ ਪ੍ਰਾਪਤੀ ਲਈ ਮਨੁੱਖ ਨੂੰ ਨਾਮ ਦੀ ਘਾਲ ਕਮਾਈ ਕਰਨ ਦੀ ਲੋੜ ਹੈ । ਜਿਸ ਪਰਮੇਸ਼ਰ ਨੇ ਸੋਹਣਾ ਮਨੁਖਾ ਜਨਮ ਦਿਤਾ ਹੈ, ਉਸ ਦੀ ਸੇਵਾ ਤੇ ਅਰਾਧਨਾ ਕਰਨੀ ਸਭ ਤੋਂ ਸ੍ਰੇਸ਼ਟ ਕਰਮ ਹੈ। ਇਸ ਦੀ ਪ੍ਰਾਪਤੀ ਵਡੇ ਭਾਗਾਂ ਨਾਲ ਹੁੰਦੀ ਹੈ ।

ਸੇਵਾ ਕਈ ਪ੍ਰਕਾਰ ਦੀ ਹੈ । ਜੇ ਗੁਰ-ਪਰਮੇਸ਼ਰ ਦੀ ਸੇਵਾ ਕਰੀਏ ਤਾਂ ਜੀਵਨ ਸਫਲ ਹੋ ਜਾਂਦਾ ਹੈ । ਜੇ ਖਸਮ ਨੂੰ ਛਡ ਕੇ ਦੂਜੇ (ਕਿਸੇ ਮਨੁੱਖ) ਦੀ ਸੇਵਾ ਵਿਚ ਲਗੀਏ, ਤਾਂ ਜੀਵਨ ਹੀ ਵਿਅਰਥ ਚਲਾ ਜਾਂਦਾ ਹੈ। ਇਸ ਸ਼ਬਦ ਵਿਚ 'ਮਾਨਸ ਸੇਵਾ ਖਰੀ ਦੁਹੇਲੀ ॥ ਸਾਧ ਕੀ ਸੇਵਾ ਸਦਾ ਸੁਹੇਲੀ' ਦਾ ਸੰਕੇਤ ਸਪਸ਼ਟ ਹੈ । ਜੀਵ ਨੂੰ ਆਤਮਿਕ-ਸੁਖ, ਮਨੁੱਖ ਦੀ ਸੇਵਾ ਤੋਂ ਨਹੀਂ ਮਿਲ ਸਕਦਾ ਕਿਉਂਕਿ : ਜੋ ਮਾਨੁਖੁ ਮਾਨੁਖ ਕੀ ਸੇਵਾ, ਓਹੁ ਤਿਸ ਕੀ ਲਈ ਲਈ ਫੁਨਿ ਜਾਈਐ॥ (ਪੰ. ੮੨੨) ਵਾਲੇ ਪਾਵਨ ਵਾਕ ਅਨੁਸਾਰ ਮਨੁੱਖ ਦੀ ਸੇਵਾ ਕਰਕੇ ਮੁੜ ਜੋਨਾਂ ਵਿਚ ਭਰਮਣਾ ਪੈਂਦਾ ਹੈ । ਜੇ ਇਸ ਪੰਗਤੀ ਦੇ ਭਾਵ ਨੂੰ ਮੁਖ ਰਖੀਏ ਤਾਂ ਦੁਖੀ ਮਨੁਖਾਂ ਦੀ ਸੇਵਾ ਕਰਨੀ ਵੀ ਵਿਅਰਥ ਹੀ ਜਾਪਦੀ ਹੈ । ਗੁਰਬਾਣੀ ਵਿਚ ਇਸ ਬਾਰੇ ਸਪਸ਼ਟ ਆਦੇਸ਼ ਹੈ :

ਹਰਿ ਕੀ ਤੁਮ ਸੇਵਾ ਕਰਹੁ, ਦੂਜੀ ਸੇਵਾ ਕਰਹੁ ਨ ਕੋਈ ਜੀ ॥
ਹਰਿ ਕੀ ਸੇਵਾ ਤੇ ਮਨਹੁ ਚਿੰਦਿਆ ਪਾਈਐ,
ਦੂਜੀ ਸੇਵਾ ਜਨਮੁ ਬਿਰਥਾ ਜਾਇ ਜੀ ॥੧॥ [ਪੰਨਾ ੪੯੦

ਬਸੰਤੁ ਮਹਲਾ ੫ ॥ ਜਿਸੁ ਬੋਲਤ, ਮੁਖੁ ਪਵਿਤੁ ਹੋਇ ॥ ਜਿਸੁ ਸਿਮਰਤ, ਨਿਰਮਲ ਹੈ ਸੋਇ ॥ ਜਿਸੁ ਅਰਾਧੇ, ਜਮੁ ਕਿਛੁ ਨ ਕਹੈ ॥ ਜਿਸ ਕੀ ਸੇਵਾ, ਸਭੁ ਕਿਛੁ ਲਹੈ ॥੧॥ ਰਾਮ ਰਾਮ ਬੋਲਿ ਰਾਮ ਰਾਮ ॥ ਤਿਆਗਹੁ, ਮਨ ਕੇ ਸਗਲ ਕਾਮ ॥੧॥ ਰਹਾਉ ॥ਜਿਸ ਕੇ ਧਾਰੇ, ਧਰਣਿ ਆਕਾਸੁ ॥ ਘਟਿ ਘਟਿ ਜਿਸ ਕਾ ਹੈ ਪ੍ਰਗਾਸੁ ॥

**ਜਿਸੁ ਸਿਮਰਤ, ਪਤਿਤ ਪੁਨੀਤ ਹੋਇ ॥ ਅੰਤ ਕਾਲਿ, ਫਿਰਿ ਫਿਰਿ ਨ ਰੋਇ ॥੨॥ ਸਗਲ ਧਰਮ ਮਹਿ, ਊਤਮ ਧਰਮ ॥ ਕਰਮ ਕਰਤੂਤਿ ਕੈ ਊਪਰਿ ਕਰਮ ॥ ਜਿਸ ਕਉ ਚਾਹਹਿ, ਸੁਰਿ ਨਰ ਦੇਵ ॥ ਸੰਤ ਸਭਾ ਕੀ ਲਗਹੁ ਸੇਵ ॥੩॥ ਆਦਿ ਪੁਰਖਿ, ਜਿਸੁ ਕੀਆ ਦਾਨੁ ॥ ਤਿਸੁ ਕਉ ਮਿਲਿਆ, ਹਰਿ ਨਿਧਾਨੁ ॥ ਤਿਸ ਕੀ ਗਤਿ ਮਿਤਿ, ਕਹੀ ਨ ਜਾਇ ॥ ਨਾਨਕ ਜਨ, ਹਰਿ ਹਰਿ ਧਿਆਇ ॥੪॥੯॥**

**ਪਦ ਅਰਥ:** ਜਿਸੁ ਬੋਲਤ-ਜਿਸ (ਨਾਮ ਨੂੰ) ਬੋਲਦਿਆਂ, ਉਚਾਰਦਿਆਂ। ਮੁਖੁ-ਮੂੰਹ। ਸੋਇ-ਸੋਭਾ ਲਹੈ-ਲੈਂਦਾ ਹੈ।੧। ਬੋਲਿ-ਉਚਾਰ। ਤਿਅਗਹੁ-ਛਡ ਦਿਉ। ਕਾਮ-ਸੰਕਲਪ।੧।ਰਹਾਉ। ਧਾਰੇ-ਟਿਕਾਏ ਹੋਏ। ਧਰਣਿ-ਧਰਤੀ। ਪਤਿਤ-ਵਿਕਾਰੀ। ਪੁਨੀਤ-ਪਵਿੱਤਰ। ਅੰਤ ਕਾਲਿ-ਅੰਤ ਸਮੇਂ (ਮੌਤ ਵੇਲੇ)। ਨ ਰੋਇ-ਨਹੀਂ ਰੋਂਦਾ ਹੈ।੨। ਊਤਮ-ਸ੍ਰੇਸ਼ਟ। ਕਰਮ ਕਰਤੂਤਿ ਕੈ ਊਪਰਿ-ਕਰਮਾਂ ਕਰਤੂਤਾਂ ਤੋਂ ਉੱਤੇ। ਚਾਹਹਿ-ਚਾਹੁੰਦੇ ਹਨ। ਸੁਰਿਨਰ-ਦੈਵੀ ਗੁਣਾਂ ਵਾਲੇ ਮਨੁੱਖ। ਦੇਵ-ਦੇਵਤੇ। ਸੰਤ ਸਭਾ-ਗੁਰੂ ਦੀ ਸਭਾ, ਸਤਿਸੰਗਤ।੩। ਆਦਿ ਪੁਰਖਿ-ਕਰਤਾ ਪੁਰਖ ਨੇ। ਨਿਧਾਨੁ-ਖਜ਼ਾਨਾ। ਗਤਿ-ਅਵਸਥਾ। ਮਿਤਿ-ਮਰਯਾਦਾ।੪।

**ਅਰਥ :** (ਹੇ ਭਾਈ !) ਜਿਸ (ਨਾਮ) ਨੂੰ ਬੋਲਦਿਆਂ ਮੂੰਹ ਪਵਿੱਤਰ ਹੁੰਦਾ ਹੈ, ਜਿਸ (ਨਾਮ) ਨੂੰ ਸਿਮਰਕੇ ਨਿਰਮਲ ਸੋਭਾ (ਪ੍ਰਾਪਤ ਹੁੰਦੀ ਹੈ), ਜਿਸ (ਨਾਮ) ਨੂੰ ਯਾਦ ਕਰਨ ਨਾਲ, ਜਮ ਕੁਝ ਨਹੀਂ ਕਹਿੰਦਾ, ਜਿਸ (ਪਰਮਾਤਮਾ) ਦੀ ਸੇਵਾ ਤੋਂ (ਮਨੁੱਖ) ਸਭ ਕੁਝ ਲੈ ਲੈਂਦਾ ਹੈ, (ਉਸ ਨੂੰ ਸਿਮਰਨਾ ਚਾਹੀਦਾ ਹੈ) ।੧।

(ਹੇ ਭਾਈ! ਤੂੰ ਮਨ ਕਰਕੇ, ਤਨ ਕਰਕੇ, ਬਾਣੀ ਕਰਕੇ ਸਦਾ) ਰਾਮ ਰਾਮ ਰਾਮ ਰਾਮ ਉਚਾਰਨ ਕਰ। (ਆਪਣੇ) ਮਨ ਦੇ ਸਾਰੇ ਸੰਕਲਪ (ਤੇ ਹੋਰ ਕਾਮਨਾਵਾਂ ਨੂੰ) ਤਿਆਗ ਦੇ।੧। ਰਹਾਉ।

ਜਿਸ (ਨਾਮ) ਦੇ ਆਸਰੇ ਧਰਤੀ ਤੇ ਆਕਾਸ਼ (ਕਾਇਮ ਹਨ), ਜਿਸ (ਨਾਮ) ਦਾ ਹਰੇਕ ਹਿਰਦੇ ਵਿਚ ਪ੍ਰਕਾਸ਼ ਹੈ, ਜਿਸ (ਨਾਮ) ਨੂੰ ਸਿਮਰਦਿਆਂ ਆਚਰਨ ਤੋਂ ਡਿਗਿਆ ਹੋਇਆ ਮਨੁੱਖ ਪਵਿੱਤਰ ਹੋ ਜਾਂਦਾ ਹੈ, ਅੰਤ ਸਮੇਂ ਮੁੜ ਮੁੜ ਕੇ ਨਹੀਂ ਰੋਂਦਾ (ਭਾਵ ਦੁੱਖੀ ਨਹੀਂ ਹੁੰਦਾ, ਉਸ ਨਾਮ ਨੂੰ ਮੂੰਹ ਤੋਂ ਬੋਲ)।੨।

(ਹੇ ਭਾਈ !) ਸਾਰਿਆਂ ਧਰਮਾਂ ਵਿਚੋਂ (ਨਾਮ ਨੂੰ ਸਿਮਰਨਾ ਹੀ) ਚੰਗਾ ਧਰਮ ਹੈ (ਅਤੇ) ਸਾਰਿਆਂ ਕਰਮਾਂ ਤੇ (ਹੋਰ) ਕਰਤੂਤਾਂ ਦੇ ਉਪਰ (ਇਹ ਸ੍ਰੋਮਣੀ) ਕਰਮ ਹੈ। ਜਿਸ (ਨਾਮ) ਨੂੰ ਦੈਵੀ ਗੁਣਾ ਵਾਲੇ ਮਨੁੱਖ ਅਤੇ ਦੇਵਤੇ ਵੀ (ਜਪਣਾ) ਲੋਚਦੇ ਹਨ, (ਤੂੰ ਉਸ ਨਾਮ ਸਿਮਰਨ ਦੀ ਖਾਤਰ) ਸੰਤ ਸਭਾ (ਗੁਰੂ ਸੰਗਤ ਦੀ) ਸੇਵਾ ਵਿਚ ਲਗ ਜਾ।੩।

(ਹੇ ਭਾਈ !) ਆਦਿ ਪੁਰਖ (ਪਰਮਾਤਮਾ) ਨੇ ਜਿਸ (ਮਨੁੱਖ) ਨੂੰ (ਇਹ ਨਾਮ ਦੀ) ਦਾਤਿ ਬਖਸ਼ੀ ਹੈ, ਉਸ ਨੂੰ ਹੀ ਹਰੀ ਦੇ (ਨਾਮ ਦਾ) ਖਜ਼ਾਨਾ ਮਿਲਿਆ ਹੈ। (ਹੇ ਭਾਈ !) ਉਸ (ਪਰਮਾਤਮਾ ਦੀ) ਗਤੀ ਤੇ ਮਰਯਾਦਾ ਆਖੀ ਨਹੀਂ ਜਾ ਸਕਦੀ (ਇਸ ਲਈ) ਦਾਸ ਨਾਨਕ ਇਹ ਆਖਦੇ ਹਨ (ਉਸ) ਹਰੀ ਦਾ ਸਿਮਰਨ ਕਰ।੪।੯।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਨਾਮ-ਸਿਮਰਨ ਤੇ ਜ਼ੋਰ ਦਿਤਾ ਹੈ। ਸਾਰੇ ਕਰਮਾਂ ਧਰਮਾਂ ਨਾਲੋਂ ਸ੍ਰੇਸ਼ਟ ਵਸਤੂ ਨਾਮ ਸਿਮਰਨ ਤੇ ਸੇਵਾ ਹੈ। ਇਹ ਦਾਤ ਸੰਤ-ਸਭਾ ਦੀ ਸੇਵਾ ਕੀਤਿਆਂ ਮਿਲਦੀ ਹੈ।

ਨਾਮ ਸ੍ਰੇਸ਼ਟ ਗੁਣਾ ਵਾਲੇ ਮਨੁੱਖ ਤੇ ਦੇਵਤੇ ਸਾਰੇ ਹੀ ਲੋਚਦੇ ਹਨ ਪਰ ਨਾਮ ਵਸਤੂ ਗੁਰ-ਪਰਮੇਸ਼ਰ ਦੇ ਹਥ ਵਿਚ ਹੈ। ਜਿਸ ਨੂੰ ਕਿਰਪਾ ਕਰਕੇ ਨਾਮ-ਦਾਨ ਦੀ ਬਖਸ਼ਿਸ਼ ਕਰ ਦੇਣ, ਉਹੀ ਮਨੁੱਖ ਨਾਮ-ਨਿਧਾਨ ਦਾ ਅਨੰਦ ਮਾਣ ਸਕਦਾ ਹੈ।

**ਬਸੰਤੁ ਮਹਲਾ ੫ ॥ ਮਨ ਤਨ ਭੀਤਰਿ, ਲਾਗੀ ਪਿਆਸ ॥ ਗੁਰਿ ਦਇਆਲਿ, ਪੂਰੀ ਮੇਰੀ ਆਸ ॥ ਕਿਲਅਵਿਖ ਕਾਟੇ, ਸਾਧ ਸੰਗਿ ॥ ਨਾਮੁ ਜਪਿਓ, ਹਰਿਨਾਮ ਰੰਗਿ ॥੧॥ ਗੁਰ ਪਰਸਾਦਿ, ਬਸੰਤੁ ਬਨਾ ॥ ਚਰਨ ਕਮਲ ਹਿਰਦੈ ਉਰਿਧਾਰੇ, ਸਦਾ ਸਦਾ ਹਰਿ ਜਸੁ ਸੁਨਾ ॥੧॥ ਰਹਾਉ ॥ ਸਮਰਥ ਸੁਆਮੀ ਕਾਰਣ ਕਰਣ ॥ ਮੋਹਿ ਅਨਾਥ, ਪ੍ਰਭ ਤੇਰੀ ਸਰਣ ॥ ਜੀਅ ਜੰਤ, ਤੇਰੇ ਆਧਾਰਿ ॥ ਕਰਿ ਕਿਰਪਾ ਪ੍ਰਭ ਲੇਹਿ ਨਿਸਤਾਰਿ ॥੨॥ ਭਵ ਖੰਡਨ, ਦੁਖ ਨਾਸ ਦੇਵ ॥ ਸੁਰਿ ਨਰ ਮੁਨਿ ਜਨ, ਤਾ ਕੀ ਸੇਵ॥ ਧਰਣਿ ਅਕਾਸੁ, ਜਾ ਕੀ ਕਲਾ ਮਾਹਿ ॥ ਤੇਰਾ ਦੀਆ, ਸਭਿ ਜੰਤ ਖਾਹਿ॥੩॥ ਅੰਤਰ ਜਾਮੀ ਪ੍ਰਭ ਦਇਆਲ ॥ ਅਪਣੇ ਦਾਸ ਕਉ, ਨਦਰਿ ਨਿਹਾਲਿ ॥ ਕਰਿ ਕਿਰਪਾ, ਮੋਹਿ ਦੇਹੁ ਦਾਨੁ॥ ਜਪਿ ਜੀਵੈ ਨਾਨਕੁ ਤੇਰੋ ਨਾਮੁ ॥੪॥੧੦॥**

### ਉਚਾਰਨ ਸੇਧ

**ਬਿੰਦੀ ਸਹਿਤ :** ਮਾਹਿੰ, ਖਾਹਿੰ।

**ਪਦ ਅਰਥ :** ਭੀਤਰਿ-ਅੰਦਰ। ਗੁਰਿ ਦਇਆਲਿ-ਦਇਆਵਾਨ ਗੁਰੂ ਨੇ। ਕਿਲਵਿਖ-ਪਾਪ। ਕਾਟੇ-ਕਟ ਦਿਤੇ, ਨਾਸ਼ ਕਰ ਦਿਤੇ। ਸਾਧ ਸੰਗਿ-ਸਾਧ ਸੰਗਤ ਵਿਚ। ਨਾਮ ਰੰਗਿ-ਨਾਮ ਦੇ ਪਿਆਰ ਵਿਚ।੧। ਗੁਰ ਪਰਸਾਦਿ-ਗੁਰੂ ਦੀ ਕਿਰਪਾ ਨਾਲ। ਬਸੰਤੁ-ਖੇੜਾ। ਬਨਾ-ਬਣਿਆ ਹੈ। ਹਿਰਦੈ-ਹਿਰਦੇ ਵਿਚ। ਉਰਿ-ਛਾਤੀ ਵਿਚ। ਧਾਰੇ-ਰਖੇ,ਟਿਕਾਏ। ਸੁਨਾ-ਸੁਣਿਆ।੧।ਰਹਾਉ।

ਸਮਰਥ-ਸਰਬ ਸ਼ਕਤੀਵਾਨ। ਸੁਆਮੀ-ਮਾਲਕ। ਕਾਰਣ ਕਰਣ-ਜਗਤ ਦਾ ਮੂਲ। ਮੋਹਿ-ਮੈਂ। ਅਨਾਥ-ਗਰੀਬ ਨਿਮਾਣਾ। ਪ੍ਰਭ ਹੇ ਪ੍ਰਭੂ!। ਆਧਾਰਿ-ਆਸਰੇ ਤੇ। ਲੇਹਿ ਨਿਸਤਾਰਿ-ਪਾਰ ਲੰਘਾ ਲੈ, ਤਾਰ ਲੈ।੨।

ਭਵ ਖੰਡਨ-ਜਨਮ ਮਰਨ ਨੂੰ ਨਾਸ਼ ਕਰਨ ਵਾਲਾ। ਦੁਖ ਨਾਸ-ਦੁੱਖਾਂ ਨੂੰ ਨਾਸ਼ ਕਰਨ ਵਾਲਾ। ਦੇਵ-ਹੇ ਪ੍ਰਕਾਸ਼ ਰੂਪ! ਧਰਣਿ-ਧਰਤੀ। ਜਾ ਕੀ-ਜਿਸ (ਪ੍ਰਭੂ) ਦੀ। ਕਲਾ-ਮਾਹਿ-ਸ਼ਕਤੀ ਵਿਚ। ਸਭਿ ਜੰਤ ਖਾਹਿ-ਸਾਰੇ ਜੀਵ ਖਾਂਦੇ ਹਨ।੩।

ਨਦਰਿ ਨਿਹਾਲ-ਮਿਹਰ ਦੀ ਨਜ਼ਰ ਕਰ। ਮੋਹਿ-ਮੈਨੂੰ।੪।

**ਅਰਥ** : (ਹੇ ਭਾਈ ! ਮੇਰੇ) ਮਨ ਤਨ ਅੰਦਰ (ਪ੍ਰਭੂ ਦੇ ਦਰਸ਼ਨ ਦੀ) ਪਿਆਸ (ਤਾਂਘ) ਲਗੀ ਹੋਈ ਸੀ ਦਇਆਵਾਨ ਗੁਰੂ ਨੇ ਮੇਰੀ (ਇਹ) ਆਸ ਪੂਰੀ ਕਰ ਦਿਤੀ ਹੈ । ਸਾਧ ਸੰਗਤ ਵਿਚ (ਮੇਰੇ ਸਾਰੇ) ਪਾਪ ਕੱਟੇ ਗਏ ਹਨ । ਮੈਂ ਹਰੀ ਦਾ ਨਾਮ ਪਿਆਰ ਵਿਚ (ਟਿਕ ਕੇ) ਜਪਿਆ ਹੈ ।੧।

(ਹੇ ਭਾਈ !) ਗੁਰੂ ਦੀ ਕਿਰਪਾ ਨਾਲ (ਮੇਰੇ ਹਿਰਦੇ ਵਿਚ) ਬਸੰਤ (ਆਤਮਿਕ ਅਨੰਦ) ਬਣ ਗਿਆ ਹੈ । (ਮੈਂ ਪ੍ਰਭੂ ਦੇ) ਸੋਹਣੇ ਚਰਨ ਹਿਰਦੇ ਵਿਚ ਵਸਾ ਲਏ ਹਨ (ਅਤੇ) ਸਦਾ ਹਰੀ ਦਾ ਜਸ (ਕੀਰਤਨ) ਸੁਣਿਆ ਹੈ।੧। ਰਹਾਉ ।

ਹੇ ਸਰਬ ਸ਼ਕਤੀਵਾਨ ਮਾਲਕ ! ਹੇ ਜਗਤ ਦੇ ਰਚਨਹਾਰ ! ਹੇ ਪ੍ਰਭੂ ! ਮੈਂ ਗਰੀਬ ਤੇਰੀ ਸ਼ਰਣ (ਤੇਰੇ ਆਸਰੇ) ਹਾਂ । (ਸਾਰੇ) ਛੋਟੇ ਵੱਡੇ ਜੀਵ ਜੰਤੂ ਤੇਰੇ ਆਸਰੇ ਹੀ (ਜ਼ਿੰਦਾ ਹਨ) । ਹੇ ਪ੍ਰਭੂ ! ਕਿਰਪਾ ਕਰਕੇ (ਮੈਨੂੰ ਸੰਸਾਰ ਸਮੁੰਦਰ ਤੋਂ) ਤਾਰ ਲੈ ।੨।

ਹੇ ਭਾਈ ! (ਉਹ) ਪ੍ਰਕਾਸ਼ ਰੂਪ (ਪ੍ਰਭੂ) ਅਵਾਗਵਨ ਦੇ ਦੁਖਾਂ ਦਾ ਨਾਸ਼ ਕਰਨ ਵਾਲਾ ਹੈ । ਦੈਵੀ ਗੁਣਾ ਵਾਲੇ ਮਨੁੱਖ ਤੇ ਦੇਵਤੇ (ਸਭ) ਉਸ ਦੀ ਸੇਵਾ (ਕਰਦੇ ਹਨ) । ਧਰਤੀ ਆਕਾਸ਼ ਜਿਸ (ਪ੍ਰਭੂ ਦੀ) ਸ਼ਕਤੀ ਵਿਚ (ਟਿਕੇ ਹੋਏ ਹਨ, ਹੇ ਪ੍ਰਭੂ !) ਤੇਰਾ ਦਿਤਾ ਹੋਇਆ (ਪਦਾਰਥ) ਸਾਰੇ ਜੀਵ ਖਾਂਦੇ ਹਨ ।੩।

ਹੇ ਅੰਦਰ ਦੀ ਜਾਣਨ ਵਾਲੇ ਦਇਆਲੂ ਪ੍ਰਭੂ ! ਆਪਣੇ ਦਾਸ ਨੂੰ ਮਿਹਰ ਦੀ ਨਜ਼ਰ ਨਾਲ ਵੇਖ । ਕਿਰਪਾ ਕਰਕੇ ਮੈਨੂੰ (ਇਹ) ਦਾਨ ਦਿਉ (ਕਿ)ਨਾਨਕ ਤੇਰਾ ਨਾਮ ਜਪ(ਜਪ)ਕੇ ਜੀਉਂਦਾ ਰਹੇ ।੪।੧੦।

## ਸਾਰੰਸ਼ ਅਤੇ ਸਿਧਾਂਤ

ਬਸੰਤ ਕੇਵਲ ਬਸੰਤ ਦੀ ਰੁਤ ਆਣ ਨਾਲ ਨਹੀਂ ਬਣਦਾ, ਫੁਲਾਂ ਦਾ ਖੇੜਾ ਦੁਨਿਆਵੀ ਬ੍ਰਿਤੀਆਂ ਵਾਲਿਆਂ ਵਾਸਤੇ ਭਾਵੇਂ ਬਸੰਤ ਦਾ ਪ੍ਰਤੀਕ ਹੋਵੇ ਪਰ ਪਰਮਾਰਥਕ ਜੀਵਨ ਵਾਲੇ ਸਿਖ ਲਈ ਗੁਰੂ ਦੀ ਕਿਰਪਾ ਨਾਲ ਹੀ ਬਸੰਤ ਬਣ ਸਕਦਾ ਹੈ ।

ਸਾਧ ਸੰਗਤ ਦੁਆਰਾ ਹਰੀ ਦਾ ਕੀਰਤਨ ਕਰਨ ਨਾਲ ਸਾਰੇ ਦੁਖ ਤੇ ਪਾਪ ਦੂਰ ਹੁੰਦੇ ਹਨ ਅਤੇ ਨਾਮ ਜਪਣ ਨਾਲ ਸਾਰੇ ਸੁਖ ਮਿਲਦੇ ਹਨ । ਗੁਰਮਤਿ ਵਿਚ ਸਭ ਤੋਂ ਸ੍ਰੇਸ਼ਟ ਦਾਨ ਨਾਮ ਹੈ ਜੋ ਗੁਰੂ ਪਾਤਿਸ਼ਾਹ ਤੋਂ ਬਿਨਾਂ ਹੋਰ ਕੋਈ ਵਿਅਕਤੀ ਨਹੀਂ ਦੇ ਸਕਦਾ । ਇਸ ਲਈ ਸ਼ਬਦ ਦੀਆਂ ਅੰਤਲੀਆਂ ਪੰਕਤੀਆਂ ਰਾਹੀਂ ਇਹ ਜੋਦੜੀ ਕੀਤੀ ਹੈ :–

**ਕਰਿ ਕਿਰਪਾ ਮੋਹਿ ਦੇਹੁ ਦਾਨੁ ॥ ਜਪਿ ਜੀਵੈ ਨਾਨਕੁ ਤੇਰੋ ਨਾਮੁ ॥**

**ਬਸੰਤੁ ਮਹਲਾ ੫ ॥ ਰਾਮ ਰੰਗਿ, ਸਭ ਗਏ ਪਾਪ ॥ ਰਾਮ ਜਪਤ ਕਛੁ ਨਹੀ ਸੰਤਾਪ ॥ ਗੋਬਿੰਦ ਜਪਤ, ਸਭਿ ਮਿਟੇ ਅੰਧੇਰ ॥ ਹਰਿ ਸਿਮਰਤ, ਕਛੁ ਨਾਹਿ ਫੇਰ ॥੧॥ ਬਸੰਤੁ ਹਮਾਰੈ, ਰਾਮ ਰੰਗੁ ॥ ਸੰਤ ਜਨਾ ਸਿਉ, ਸਦਾ ਸੰਗੁ ॥੧॥ ਰਹਾਉ ॥ਸੰਤ ਜਨੀ, ਕੀਆ ਉਪਦੇਸੁ ॥ ਜਹ ਗੋਬਿੰਦ ਭਗਤੁ, ਸੋ ਧੰਨਿ ਦੇਸੁ ॥ ਹਰਿ ਭਗਤਿ ਹੀਨ, ਉਦਿਆਨ ਥਾਨੁ ॥ ਗੁਰ ਪ੍ਰਸਾਦਿ, ਘਟਿ ਘਟਿ ਪਛਾਨੁ ॥੨॥ ਹਰਿ ਕੀਰਤਨ**

**ਰਸ ਭੋਗ ਰੰਗੁ ॥ ਮਨ, ਪਾਪ ਕਰਤ ਤੂੰ ਸਦਾ ਸੰਗੁ ॥ ਨਿਕਟਿ ਪੇਖੁ, ਪ੍ਰਭੁ ਕਰਣਹਾਰ ॥ ਈਤ ਊਤ, ਪ੍ਰਭ ਕਾਰਜ ਸਾਰ ॥੩॥ ਚਰਨ ਕਮਲ ਸਿਉ ਲਗੋ ਧਿਆਨੁ ॥ ਕਰਿ ਕਿਰਪਾ, ਪ੍ਰਭਿ ਕੀਨੋ ਦਾਨੁ ॥ ਤੇਰਿਆ ਸੰਤ ਜਨਾ ਕੀ ਬਾਛਉ ਧੂਰਿ ॥ ਜਪਿ ਨਾਨਕ ਸੁਆਮੀ ਸਦ ਹਜੂਰਿ ॥੪॥੧੧॥**

## ਉਚਾਰਨ ਸੇਧ

**ਬਿੰਦੀ ਸਹਿਤ :** ਨ੍ਹੀਂ, ਨਾਹਿੰ, ਸੰਤ, ਜਨਾਂ, ਸਿਉਂ, ਸੰਤ ਜਨੀਂ, ਤੇਰਿਆਂ, ਜਹਂ, ਤੇਰਿਆਂ, ਬਾਂਛਉਂ।

**ਪਦ ਅਰਥ :** ਰੰਗਿ-ਪਿਆਰ ਵਿਚ। ਸੰਤਾਪ-ਦੁਖ, ਕਲੇਸ਼। ਸਭਿ ਮਿਟੇ ਅੰਧੇਰ-ਅਗਿਆਨਤਾ ਦੇ ਹਨੇਰੇ ਦੂਰ ਹੋ ਗਏ। ਫੇਰ-ਗੇੜੇ ।੧। ਹਮਾਰੈ-ਮੇਰੇ ਲਈ। ਰੰਗ-(ਨਾਮ ਦਾ) ਰੰਗ ਪ੍ਰੇਮ। ਸਿਉ-ਨਾਲ। ਸੰਤ ਜਨੀ-ਸੰਤ ਜਨਾ ਨੇ। ਜਹ-ਜਿਥੇ। ਸੋ-ਉਹ। ਧੰਨਿ-ਧੰਨਤਾ ਯੋਗ। ਭਗਤਿ ਹੀਨ-ਭਗਤੀ ਤੋਂ ਖਾਲੀ। ਉਦਿਆਨ-ਉਜਾੜ, ਜੰਗਲ ਬੀਆਬਾਨ। ਗੁਰਪ੍ਰਸਾਦਿ-ਗੁਰੂ ਦੀ ਕਿਰਪਾ ਨਾਲ। ਘਟਿ ਘਟਿ-ਹਰੇਕ ਸਰੀਰ ਵਿਚ। ਪਛਾਨੁ-(ਤੂੰ) ਪਛਾਣ, ਵੇਖ ਲੈ ।੨। ਦੁਆਰਾ। ਭੋਗ-ਮਾਣ। ਮਨ-ਹੇ ਮਨ! । ਪਾਪ ਕਰਤਾ-ਪਾਪ ਕਰਦਿਆਂ। ਸੰਗੁ-ਝਿਜਕ। ਨਿਕਟਿ-ਨੇੜੇ। ਪੇਖੁ-ਵੇਖ। ਈਤ ਊਤ-ਇਸ ਲੋਕ ਤੇ ਉਸ (ਲੋਕ ਦੇ)। ਪ੍ਰਭ-ਪ੍ਰਭੂ। ਕਾਰਜ ਸਾਰ-ਕੰਮ ਸਵਾਰਦਾ ਹੈ ।੩। ਕਰਿ ਕਿਰਪਾ-ਕਿਰਪਾ ਕਰਕੇ। ਪ੍ਰਭਿ-ਪ੍ਰਭੂ (ਪਰਮਾਤਮਾ) ਨੇ। ਬਾਛਉ ਧੂਰਿ-ਮੈਂ (ਚਰਨ) ਧੂੜ ਚਾਹੁੰਦਾ ਹਾਂ। ਜਪਿ-ਜਪ ਕੇ ।੪।

**ਅਰਥ :** (ਹੇ ਭਾਈ!) ਪਰਮਾਤਮਾ ਦੇ ਪਿਆਰ ਵਿਚ (ਲਗਿਆਂ) ਸਾਰੇ ਪਾਪ ਦੂਰ ਹੋ ਗਏ। ਪਰਮਾਤਮਾ ਦਾ (ਨਾਮ) ਜਪਦਿਆਂ ਕੋਈ ਵੀ ਦੁਖ ਕਲੇਸ਼ (ਨੇੜੇ) ਨਹੀਂ ਆਇਆ। ਗੋਬਿੰਦ ਦਾ (ਨਾਮ) ਜਪਦਿਆਂ ਅਗਿਆਨਤਾ ਦੇ ਹਨੇਰੇ ਦੂਰ ਹੋ ਗਏ। ਪਰਮਾਤਮਾ ਦਾ (ਨਾਮ) ਸਿਮਰਦਿਆਂ (ਜਨਮ ਮਰਨ ਦੇ) ਕੋਈ ਗੇੜੇ ਨਹੀ ਪੈਂਦੇ ।੧। ਪਰਮਾਤਮਾ ਦਾ ਪ੍ਰੇਮ ਹੀ ਮੇਰੇ ਲਈ ਬਸੰਤ ਹੈ। ਸੰਤ ਜਨਾ ਨਾਲ ਸਦਾ ਸੰਗ (ਕਰਨਾ ਹੀ ਮੇਰੇ ਲਈ ਬਸੰਤ ਹੈ) ।੧। ਰਹਾਉ।

(ਹੇ ਭਾਈ !) ਸੰਤ ਜਨਾਂ ਨੇ (ਮੈਨੂੰ ਇਹ) ਉਪਦੇਸ਼ ਦਿਤਾ ਹੈ। ਜਿਥੇ ਪ੍ਰਭੂ ਦਾ ਭਗਤ (ਵਸਦਾ ਹੈ) ਉਹ ਦੇਸ਼ ਧੰਨਤਾ ਯੋਗ ਹੈ। ਹਰੀ ਦੀ ਭਗਤੀ ਤੋਂ ਖ਼ਾਲੀ ਥਾਂ ਉਜਾੜ (ਸਮਾਨ) ਹੈ। (ਹੇ ਭਾਈ !) ਗੁਰੂ ਦੀ ਕਿਰਪਾ ਨਾਲ (ਤੂੰ ਪਰਮੇਸ਼ਰ ਨੂੰ) ਹਰੇਕ ਸਰੀਰ ਵਿਚ (ਵਸਦਾ) ਵੇਖ ।੨।

(ਹੇ ਭਾਈ !) ਪਰਮਾਤਮਾ ਦੇ ਕੀਰਤਨ ਦਾ ਰਸ ਤੇ ਰੰਗ ਭੁੰਚ (ਮਾਣ)। ਹੇ ਮੇਰੇ ਮਨ ! ਪਾਪ ਕਰਦਿਆਂ ਸਦਾ ਸੰਗਿਆ ਕਰ (ਝਿਜਕ ਤੇ ਡਰ ਮਹਿਸੂਸ ਕੀਤਾ ਕਰ)। ਕਰਣਹਾਰ ਪ੍ਰਭੂ ਨੂੰ (ਸਦਾ ਆਪਣੇ) ਨੇੜੇ ਵਸਦਾ ਵੇਖ। ਪ੍ਰਭੂ ਇਸ ਲੋਕ ਤੇ ਪਰਲੋਕ ਦੇ ਸਾਰੇ ਕੰਮ ਸਾਰਨ-(ਸਵਾਰਨ)ਵਾਲਾ ਹੈ।੩।

ਪ੍ਰਭੂ ਨੇ ਕਿਰਪਾ ਕਰਕੇ (ਮੈਨੂੰ) ਦਾਨ ਕੀਤਾ, (ਜਿਸ ਦੀ ਬਰਕਤ ਨਾਲ ਪ੍ਰਭੂ ਦੇ) ਸੋਹਣੇ ਚਰਨਾਂ ਨਾਲ ਧਿਆਨ ਲਗ ਗਿਆ। (ਹੇ ਪ੍ਰਭੂ ! ਮੈਂ) ਤੇਰਿਆਂ ਸੰਤ ਜਨਾਂ ਦੀ (ਚਰਨ) ਧੂੜ ਮੰਗਦਾ ਹਾਂ। ਹੇ

ਸੁਆਮੀ ! (ਕਿਰਪਾ ਕਰ) ਨਾਨਕ (ਤੈਨੂੰ)( ਸਦਾ ਹਾਜ਼ਰ-ਨਾਜ਼ਰ ਜਾਣ ਕੇ ਜਪਦਾ ਰਹੇ ।੪।੧੧।

## ਸਾਰੰਸ਼ ਅਤੇ ਸਿਧਾਂਤ

ਪਰਮਾਤਮਾ ਦੇ ਨਾਮ ਦਾ ਰੰਗ ਲਗਣ ਨਾਲ ਦੁੱਖਾਂ ਕਲੇਸ਼ਾਂ ਦਾ ਨਾਸ਼ ਹੋ ਜਾਂਦਾ ਹੈ। ਇਥੋ ਤਕ ਕਿ ਜਨਮ ਮਰਨ ਦਾ ਗੇੜ ਵੀ ਖ਼ਤਮ ਹੋ ਜਾਂਦਾ ਹੈ।

ਸੰਤ ਜਨਾ ਦਾ ਵਿਸ਼ੇਸ਼ ਉਪਦੇਸ਼ ਸਦਾ ਯਾਦ ਰਖਣਾ ਚਾਹੀਦਾ ਹੈ ਕਿ ਜਿਥੇ ਇਕ ਵੀ ਰਬੀ-ਭਗਤ ਰਹਿੰਦਾ ਹੈ, ਉਹ ਅਸਥਾਨ ਧੰਨਤਾ ਯੋਗ ਅਥਵਾ ਭਾਗਾਂ ਵਾਲਾ ਹੈ :–

**ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ ॥** [ਪੰਨਾ ੩੧੯

ਪਿਛੇ ਸ਼ਬਦ ਆਇਆ ਸੀ ਜਿਸ ਵਿਚ ਸਾਕਤ ਪੁਰਸ਼ ਦੀ ਹਾਲਤ ਨੂੰ ਬਿਆਨਿਆ ਸੀ :-

੧. **ਚਿਤਵਤ ਪਾਪ ਨ ਆਲਕੁ ਆਵੈ ॥**
**ਬੇਸੁਆ ਭਜਤ ਕਿਛੁ ਨਹ ਸਰਮਾਵੈ ॥** [ਪੰਨਾ ੧੧੯੨

੨. **ਬੁਰੇ ਕਾਮ ਕਉ ਊਠਿ ਖਲੋਇਆ ॥**
**ਨਾਮ ਕੀ ਬੇਲਾ ਪੈ ਪੈ ਸੋਇਆ ॥** [ਪੰਨਾ ੭੩੮

ਇਸ ਸ਼ਬਦ ਵਿਚ ਮਨ ਨੂੰ ਪਾਪ ਕਰਨ ਤੋਂ ਸਦਾ ਝਿਜਕ ਕਰਨ ਦੀ ਸਿਖਿਆ ਦਿਤੀ ਹੈ। ਪਾਪ ਕਰਮ ਮਨੁੱਖ ਦੇ ਪੈਰਾਂ ਵਿਚ ਬੇੜੀਆਂ ਪੈਣ ਸਮਾਨ ਹਨ। ਮਨੁੱਖ ਨੂੰ ਕਰਮ ਕਰਨ ਸਮੇਂ ਚੇਤੰਨ ਹੋਣਾ ਚਾਹੀਦਾ ਹੈ, ਅੰਧਾ ਧੁੰਧ ਭਾਵ ਬਿਨਾ ਵੀਚਾਰ ਦੇ ਕੋਈ ਕੰਮ ਨਹੀਂ ਕਰਨਾ ਚਾਹੀਦਾ।

**ਮਨੁ, ਪਾਪ ਕਰਤ ਤੂ ਸਦਾ ਸੰਗੁ ॥**

**ਬਸੰਤੁ ਮਹਲਾ ੫ ॥ ਸਚੁ ਪਰਮੇਸਰੁ, ਨਿਤ ਨਵਾ ॥ ਗੁਰ ਕਿਰਪਾ ਤੇ, ਨਿਤ ਚਵਾ ॥ ਪ੍ਰਭ ਰਖਵਾਲੇ, ਮਾਈ ਬਾਪ ॥ ਜਾ ਕੈ ਸਿਮਰਣਿ, ਨਹੀ ਸੰਤਾਪ॥੧॥ ਖਸਮੁ ਧਿਆਈ,ਇਕ ਮਨਿ ਇਕ ਭਾਇ॥ ਗੁਰ ਪੂਰੇ ਕੀ ਸਦਾ ਸਰਣਾਈ, ਸਾਚੈ ਸਾਹਿਬਿ ਰਖਿਆ ਕੰਠਿ ਲਾਇ ॥੧॥ਰਹਾਉ॥ ਆਪਣੇ ਜਨ, ਪ੍ਰਭਿ ਆਪਿ ਰਖੇ ॥ ਦੁਸਟ ਦੂਤ ਸਭਿ, ਭ੍ਰਮਿ ਥਕੇ ॥ ਬਿਨੁ ਗੁਰ ਸਾਚੇ, ਨਹੀ ਜਾਇ ॥ ਦੁਖੁ, ਦੇਸ ਦਿਸੰਤਰਿ ਰਹੇ ਧਾਇ ॥੨॥ ਕਿਰਤੁ ਓਨ੍ਹਾ ਕਾ, ਮਿਟਸਿ ਨਾਹਿ ॥ ਓਇ ਅਪਣਾ ਬੀਜਿਆ,ਆਪਿ ਖਾਹਿ ॥ ਜਨ ਕਾ ਰਖਵਾਲਾ,ਆਪਿ ਸੋਇ ॥ ਜਨ ਕਉ, ਪਹੁਚਿ ਨ ਸਕਸਿ ਕੋਇ ॥੩॥ ਪ੍ਰਭਿ ਦਾਸ ਰਖੇ, ਕਰਿ ਜਤਨੁ ਆਪਿ ॥ ਅਖੰਡ ਪੂਰਨ ਜਾ ਕੋ ਪ੍ਰਤਾਪੁ ॥ ਗੁਣ ਗੋਬਿੰਦ, ਨਿਤ ਰਸਨ ਗਾਇ ॥ ਨਾਨਕੁ ਜੀਵੈ,ਹਰਿ ਚਰਣ ਧਿਆਇ ॥੪॥੧੨॥**

## ਉਚਾਰਨ ਸੇਧ

**ਬਿੰਦੀ ਸਹਿਤ** :ਨਵਾਂ, ਚਵਾਂ,ਨਹੀਂ, ਧਿਆਈਂ, ਨਾਹਿਂ,ਖਾਹਿਂ।

**ਫੁਟਕਲ** : ਰਹਾਉ ਵਾਲੀ ਪੰਕਤੀ 'ਸਾਚੈ ਸਾਹਿਬਿ ਰਖਿਆ ਕੰਠਿ ਲਾਇ' ਵਿਚ 'ਸਾਚੈ

ਸਾਹਿਬਿ' ਸ਼ਬਦ ਦਾ ਸਰੂਪ ਵੇਖ ਕੇ ਹੈਰਾਨ ਹੋਣ ਵਾਲੀ ਕੋਈ ਗਲ ਨਹੀਂ ਕਿਉਂਕਿ 'ਕਰਤਾ' ਪਦ ਦੇ ਨਾਲ ਜੋ ਵਿਸ਼ੇਸ਼ਣ ਆਉਂਦਾ ਹੈ, ਉਸ ਦੀ ਲਾਂ ਦੁਲਾਵਾਂ ਬਣ ਜਾਂਦੀ ਹੈਜਿਵੇਂ 'ਪੂਰੈ ਗੁਰਿ' ਹੈ।

**ਪਦ ਅਰਥ** : ਨਿਤ ਨਵਾ-ਹਰ ਰੋਜ ਹੀ ਨਵਾਂ। ਨਿਤ ਚਵਾ-ਸਦਾ ਉਚਾਰਦਾ ਹਾਂ। ਸੰਤਾਪ-ਦੁਖ, ਕਲੇਸ਼।੧। ਖਸਮੁ ਧਿਆਈ-ਮੈਂ (ਆਪਣੇ) ਮਾਲਕ ਨੂੰ ਧਿਆਉਂਦਾ ਹਾਂ। ਇਕ ਮਨਿ-ਇਕ ਮਨ ਹੋ ਕੇ। ਇਕ ਭਾਇ-ਇਕ ਪਿਆਰ ਨਾਲ। ਸਾਹਿਬਿ-ਮਾਲਕ ਨੇ। ਕੰਠਿ ਲਾਇ-ਗਲ ਨਾਲ ਲਾ ਕੇ।੧।ਰਹਾਉ।

ਪ੍ਰਭਿ-ਪ੍ਰਭੂ ਨੇ। ਦੁਸਟ ਦੂਤ-ਭੈੜੇ ਵੈਰੀ। ਸਭਿ-ਸਾਰੀ। ਭ੍ਰਮਿ-ਭਟਕ ਕੇ, ਫਿਰ ਫਿਰ ਕੇ। ਥਕੇ-ਥਕ ਗਏ, ਹਾਰ ਗਏ।੨।

ਕਿਰਤੁ-ਕੀਤਾ ਹੋਇਆ ਕੰਮ (ਇਸ ਅਨੁਸਾਰ ਹੀ ਮਥੇ ਤੇ ਲੇਖ ਲਿਖੇ ਜਾਂਦੇ ਹਨ। ਓਨਾ ਦਾ-ਉਨ੍ਹਾਂ ਦਾ। ਮਿਟਸਿ ਨਾਹਿ-ਮਿਟਦਾ ਨਹੀਂ ਹੈ। ਖਾਹਿ-ਖਾਂਦੇ ਹਨ। ਪਹੁਚਿ ਸਕਸਿ ਕੋਇ-ਕੋਈ ਅਪੜ ਨਹੀਂ ਸਕਦਾ, ਭਾਵ ਬਰਾਬਰੀ ਨਹੀਂ ਕਰ ਸਕਦਾ।੩।

ਪ੍ਰਭਿ-ਪ੍ਰਭੂ ਨੇ। ਜਤਨ-ਕੋਸ਼ਿਸ਼। ਅਖੰਡ-ਇਕ ਰਸ। ਪੂਰਨ-ਪੂਰਾ। ਪ੍ਰਤਾਪੁ-ਤੇਜ, ਵਡਿਆਈ। ਰਸਨਾ-ਜਿਹਵਾ (ਜੀਭ)।੪।

**ਅਰਥ** : (ਹੇ ਭਾਈ !) ਸਦਾ ਥਿਰ ਰਹਿਣ ਵਾਲਾ ਪਰਮੇਸ਼ਰ ਹਰ ਰੋਜ਼ ਹੀ ਨਵਾਂ ਹੈ (ਭਾਵ ਉਹ ਕਦੇ ਵੀ ਪੁਰਾਣਾ ਨਹੀਂ ਹੁੰਦਾ)। ਮੈਂ ਗੁਰੂ ਦੀ ਕਿਰਪਾ ਨਾਲ ਹਰ ਰੋਜ਼ (ਉਸ ਦਾ ਨਾਮ) ਉਚਾਰਦਾ ਹਾਂ। ਜਿਸ (ਪ੍ਰਭੂ) ਦੇ ਸਿਮਰਣ ਨਾਲ ਕਦੇ ਦੁਖ ਨਹੀਂ ਹੁੰਦਾ। (ਉਹ) ਪਰਮੇਸ਼ਰ ਜੀ ਮਾਤਾ ਪਿਤਾ ਵਾਂਗ (ਸਦਾ) ਰਖਵਾਲੇ ਹਨ।੧।

(ਹੇ ਭਾਈ!) ਮੈਂ (ਆਪਣੇ) ਮਾਲਕ ਨੂੰ ਇਕ ਮਨ ਹੋ ਕੇ ਇਕ ਰਸ ਪ੍ਰੇਮ ਕਰਕੇ ਧਿਆਉਂਦਾ ਸਿਮਰਦਾ ਹਾਂ। ਸਦਾ ਪੂਰੇ ਗੁਰੂ ਦੀ ਸ਼ਰਣ ਵਿਚ ਰਹਿੰਦਾ ਹਾਂ (ਕਿਉਂਕਿ) ਸਚੇ ਮਾਲਕ ਨੇ (ਮੈਨੂੰ ਆਪਣੇ) ਗਲ ਨਾਲ ਲਾ ਕੇ ਰਖਿਆ ਹੈ।੧।ਰਹਾਉ।

(ਹੇ ਭਾਈ !) ਪ੍ਰਭੂ ਨੇ ਆਪਣੇ ਦਾਸ ਆਪ ਰਖ ਲਏ ਹਨ। ਦੁਸ਼ਟ ਦੂਤ (ਕਾਮਾਦਿਕ ਭੈੜੇ ਚੰਦ੍ਰੇ ਵੈਰੀ) ਸਾਰੇ ਹੀ ਭਟਕ ਭਟਕ ਕੇ ਥਕ ਗਏ ਹਨ। (ਹੇ ਭਾਈ!) ਸਚੇ ਗੁਰੂ ਤੋਂ ਬਿਨਾਂ (ਟਿਕਣ ਲਈ ਹੋਰ ਕੋਈ ਸੁਖ ਦਾ)ਥਾਂ ਨਹੀਂ ਹੈ। ਦੇਸ਼ਾਂ ਤੇ ਦੇਸ਼ਾਂ ਅੰਦਰ ਦੌੜ ਭਜ ਕੇ (ਵੇਖ ਲਿਆ ਹੈ, ਸਭ ਥਾਂ) ਦੁੱਖ ਹੈ।੨।

ਉਨ੍ਹਾਂ (ਦੁਸ਼ਟਾਂ ਵੈਰੀਆਂ ਦਾ ਪੂਰਬਲਾ) ਕਿਰਤ ਮਿਟਦਾ ਨਹੀਂ ਹੈ। ਓਹ ਆਪਣਾ ਬੀਜਿਆ ਹੋਇਆ ਆਪ ਹੀ ਖਾਂਦੇ ਹਨ। ਓਹ (ਪ੍ਰਭੂ) ਆਪ (ਹੀ ਆਪਣੇ) ਦਾਸ ਦਾ ਰਖਵਾਲਾ ਹੈ। (ਇਸ ਕਰਕੇ ਪ੍ਰਭੂ ਦੇ) ਦਾਸ ਨੂੰ ਕੋਈ ਮਨੁੱਖ ਪਹੁੰਚ ਨਹੀਂ ਸਕਦਾ, (ਭਾਵ ਉਸ ਦੀ ਬਰਾਬਰੀ ਕੋਈ ਨਹੀਂ ਕਰ ਸਕਦਾ)।੩।

ਜਿਸ (ਪ੍ਰਭੂ) ਦਾ ਇਕ ਰਸ ਪੂਰਾ ਪਰਤਾਪ ਹੈ, (ਉਸ) ਪ੍ਰਭੂ ਨੇ ਆਪਣੀ ਕੋਸ਼ਸ਼ ਨਾਲ (ਆਪਣੇ) ਦਾਸ (ਵੈਰੀਆਂ ਤੋਂ ਆਪ) ਬਚਾਅ ਲਏ ਹਨ। (ਪ੍ਰਭੂ ਦਾ ਦਾਸ) ਹਰ ਰੋਜ਼ (ਆਪਣੀ) ਰਸਨਾ ਨਾਲ ਪਰਮਾਤਮਾ ਦੇ ਗੁਣ ਗਾਉਂਦਾ ਹੈ। ਨਾਨਕ (ਹਰ ਰੋਜ਼) ਹਰੀ ਦੇ ਚਰਨ ਧਿਆਉਂਦਾ ਹੈ।੪।੧੨।

## ਸਾਰੰਸ਼ ਅਤੇ ਸਿਧਾਂਤ

ਸਾਰੀ ਕਿਰਪਾ ਤੇ ਬਰਕਤ ਗੁਰੂ ਪਾਤਿਸ਼ਾਹ ਦੀ ਹੈ ਜਿਸ ਦੀ ਪ੍ਰੇਰਨਾ ਨਾਲ ਮਨੁੱਖ ਨਿਤ ਪਰਮੇਸ਼ਰ ਦੇ ਗੁਣ ਗਾਉਂਦਾ ਹੈ। ਉਸ ਨੂੰ 'ਸਾਹਿਬੁ ਮੇਰਾ ਨੀਤ ਨਵਾ, ਸਦਾ ਸਦਾ ਦਾਤਾਰੁ' ਅਨੁਭਵ ਹੁੰਦਾ ਹੈ। ਅਤੇ ਉਹ ਨਿਰੋਲ ਗੁਰੂ ਤੇ ਟੇਕ ਰਖਦਾ ਹੈ, ਇਧਰ ਉਧਰ ਨਹੀਂ ਭਟਕਦਾ ਫਿਰਦਾ। ਜਿਸ ਪਰਮੇਸ਼ਰ ਦਾ ਅਖੰਡ ਪ੍ਰਤਾਪ ਹੈ, ਉਹ ਕੇਵਲ ਉਸ ਵਲ ਹੀ ਝਾਕਦਾ ਹੈ, ਕੇਵਲ ਉਸ ਦੇ ਗੁਣ ਗਾਉਂਦਾ ਹੈ ਅਤੇ ਉਸ ਦੇ ਹੀ ਚਰਨ ਸਿਮਰ ਕੇ ਜੀਉਂਦਾ ਹੈ।

**ਬਸੰਤੁ ਮਹਲਾ੫ ॥ ਗੁਰਚਰਣ ਸਰੇਵਤ, ਦੁਖੁ ਗਇਆ ॥ ਪਾਰਬ੍ਰਹਮਿ ਪ੍ਰਭਿ ਕਰੀ ਮਇਆ ॥ ਸਰਬ ਮਨੋਰਥ ਪੂਰਨ ਕਾਮ ॥ ਜਪਿ ਜੀਵੈ ਨਾਨਕੁ ਰਾਮ ਨਾਮ ॥੧॥ ਸਾ ਰੁਤਿ ਸੁਹਾਵੀ, ਜਿਤੁ ਹਰਿ ਚਿਤਿ ਆਵੈ ॥ ਬਿਨੁ ਸਤਿਗੁਰ ਦੀਸੈ ਬਿਲਲਾਂਤੀ, ਸਾਕਤੁ ਫਿਰਿ ਫਿਰਿ ਆਵੈ ਜਾਵੈ ॥੧॥ਰਹਾਉ॥ ਸੇ ਧਨਵੰਤ, ਜਿਨ ਹਰਿ ਪ੍ਰਭੁ ਰਾਸਿ ॥ ਕਾਮ ਕ੍ਰੋਧ, ਗੁਰ ਸਬਦਿ ਨਾਸਿ ॥ ਭੈ ਬਿਨਸੇ, ਨਿਰਭੈ ਪਦੁ ਪਾਇਆ ॥ ਗੁਰ ਮਿਲਿ ਨਾਨਕ ਖਸਮੁ ਧਿਆਇਆ ॥੨॥ ਸਾਧ ਸੰਗਤਿ, ਪ੍ਰਭਿ ਕੀਓ ਨਿਵਾਸ ॥ ਹਰਿ ਜਪਿ ਜਪਿ, ਹੋਈ ਪੂਰਨ ਆਸ ॥ ਜਲਿ ਥਲਿ ਮਹੀਅਲਿ, ਰਵਿ ਰਹਿਆ ॥ ਗੁਰ ਮਿਲਿ ਨਾਨਕਿ, ਹਰਿ ਹਰਿ ਕਹਿਆ ॥੩॥ ਅਸਟ ਸਿਧਿ ਨਵਨਿਧਿ ਏਹ ॥ ਕਰਮਿ ਪਰਾਪਤਿ, ਜਿਸੁ ਨਾਮੁ ਦੇਹ ॥ ਪ੍ਰਭਿ ਜਪਿ ਜਪਿ ਜੀਵਹਿ ਤੇਰੇ ਦਾਸ ॥ ਗੁਰ ਮਿਲਿ ਨਾਨਕ, ਕਮਲ ਪ੍ਰਗਾਸ ॥੪॥੧੩॥**

**ਪਦ ਅਰਥ :** ਸਰੇਵਤ-ਸਿਮਰਦਿਆਂ। ਪਾਰਬ੍ਰਹਮਿ ਪ੍ਰਭਿ-ਪਾਰਬ੍ਰਹਮ ਪਰਮੇਸ਼ਰ ਨੇ। ਕਰੀ ਮਇਆ-ਮਿਹਰ ਕੀਤੀ ਹੈ। ਸਰਬ-ਸਾਰੇ। ਮਨੋਰਥ-ਸੰਕਲਪ। ਕਾਮ-ਕੰਮ। ਜਪਿ-ਜਪ ਕੇ।੧। ਸੁਹਾਵੀ-ਸੋਹਣੀ, ਸੁਖਦਾਈ। ਜਿਤੁ-ਜਿਸ (ਰੁਤ ਵਿਚ)। ਚਿਤਿ-ਚਿਤ ਵਿਚ। ਬਿਲਲਾਂਤੀ-ਰੋਂਦੀ ਵਿਲਕਦੀ। ਸਾਕਤ-ਮਾਇਆ ਦਾ ਉਪਾਸ਼ਕ। ਫਿਰਿ ਫਿਰਿ-ਮੁੜ ਮੁੜ ਕੇ। ਆਵੈ ਜਾਵੈ-ਆਉਂਦਾ ਜਾਂਦਾ ਭਾਵ ਜੰਮਦਾ ਰਹਿੰਦਾ ਹੈ।੧।ਰਹਾਉ।

ਧਨਵੰਤ-ਧਨ ਵਾਲੇ, ਦੌਲਤਮੰਦ। ਜਿਨ੍ਹਾਂ-ਜਿਨ੍ਹਾਂ ਦੀ। ਰਾਸਿ-ਪੂੰਜੀ। ਗੁਰਸਬਦਿ-ਗੁਰੂ ਦੇ ਸ਼ਬਦ ਦੁਆਰਾ। ਭੈ-(ਦੁਨਿਆਵੀ) ਡਰ। ਬਿਨਸੇ-ਮੁਕ ਗਏ। ਨਿਰਭੈ-ਡਰ ਰਹਿਤ। ਮਿਲਿ-ਮਿਲ ਕੇ। ਨਾਨਕਿ-ਨਾਨਕ ਨੇ। ਖਸਮੁ-ਮਾਲਕ ਨੂੰ।੨।

ਪ੍ਰਭਿ-ਪ੍ਰਭੂ ਨੇ। ਜਪਿ ਜਪਿ-ਜਪ ਜਪ ਕੇ। ਮਹੀਅਲਿ-ਪੁਲਾੜ ਵਿਚ। ਰਵਿ ਰਹਿਆ ਸੋਇ-ਉਹ (ਪ੍ਰਭੂ) ਵਿਆਪਕ ਹੋ ਰਿਹਾ ਹੈ।੩।

ਅਸਟ ਸਿਧਿ-ਅਠ ਸਿਧੀਆਂ। ਨਵ ਨਿਧਿ-ਨੌਂ ਨਿਧੀਆਂ (ਦੇ ਖ਼ਜ਼ਾਨੇ-ਭੰਡਾਰੇ)। ਕਰਮਿ-ਬਖਸ਼ਿਸ਼ ਨਾਲ। ਪ੍ਰਭੂ-ਹੇ ਪ੍ਰਭੂ ! ਜੀਵਹਿ-ਜੀਉਂਦੇ ਹਨ। ਕਮਲ ਪ੍ਰਗਾਸ-ਹਿਰਦਾ ਕਮਲ ਖਿੜ ਪੈਂਦਾ ਹੈ।੪।

**ਅਰਥ :** (ਹੇ ਭਾਈ!) ਪਾਰਬ੍ਰਹਮ ਪਰਮੇਸ਼ਰ ਨੇ ਮਿਹਰ ਕੀਤੀ, ਗੁਰੂ ਚਰਨ ਸਿਮਰਦਿਆਂ (ਸਭ ਪ੍ਰਕਾਰ ਦਾ) ਦੁਖ ਦੂਰ ਹੋ ਗਿਆ ਮਨ ਦੇ ਸਾਰੇ ਸੰਕਲਪ ਅਤੇ ਕੰਮ ਪੂਰੇ ਹੋ ਗਏ। ਨਾਨਕ, ਪਰਮਾਤਮਾ ਦਾ ਨਾਮ ਜਪ ਕੇ (ਆਤਮਿਕ ਜੀਵਨ) ਜੀਉਂਦਾ ਹੈ।੧।

(ਹੇ ਭਾਈ!) ਉਹ ਰੁੱਤ ਸੋਹਣੀ ਹੁੰਦੀ ਹੈ ਜਿਸ (ਰੁਤ ਵਿਚ) ਹਰੀ ਚਿਤ ਵਿਚ (ਯਾਦ) ਆਉਂਦਾ ਹੈ। ਸਤਿਗੁਰੂ ਤੋਂ ਬਿਨਾ (ਸਾਰੀ ਲੁਕਾਈ) ਰੋਂਦੀ ਤੇ ਵਿਲਕਦੀ ਨਜ਼ਰ ਆਉਂਦੀ ਹੈ, ਸਾਕਤ ਪੁਰਸ਼ ਮੁੜ ਮੁੜ ਕੇ ਆਉਂਦਾ ਜਾਂਦਾ, ਜੰਮਦਾ ਮਰਦਾ ਰਹਿੰਦਾ ਹੈ।੧।ਰਹਾਉ।

(ਹੇ ਭਾਈ!) ਓਹ (ਮਨੁੱਖ) ਦੌਲਤ-ਮੰਦ ਹਨ ਜਿਨ੍ਹਾਂ ਦੀ ਪੂੰਜੀ ਹਰੀ ਪ੍ਰਭੂ (ਆਪ) ਹੈ। (ਕਾਮ ਕ੍ਰੋਧ ਆਦਿ (ਵੈਰੀ ਉਨ੍ਹਾਂ ਦੇ ਅੰਦਰੋਂ) ਗੁਰੂ ਦੇ ਸ਼ਬਦ ਦੁਆਰਾ ਨਾਸ਼ ਹੋ ਗਏ ਹਨ। (ਉਨ੍ਹਾਂ ਦੇ ਸਾਰੇ ਦੁਨਿਆਵੀ) ਡਰ ਨਾਸ ਹੋ ਗਏ ਹਨ (ਅਤੇ ਉਨ੍ਹਾਂ ਨੇ) ਭੈ-ਰਹਿਤ ਪਦ ਪ੍ਰਾਪਤ ਕਰ ਲਿਆ ਹੈ। ਨਾਨਕ ਨੇ ਗੁਰੂ ਨੂੰ ਮਿਲ ਕੇ (ਆਪਣਾ) ਮਾਲਕ ਸਿਮਰਿਆ ਹੈ।੨।

(ਹੇ ਭਾਈ!) ਸਾਧ ਸੰਗਤ ਦੁਆਰਾ ਪ੍ਰਭੂ ਨੇ (ਜਿਨ੍ਹਾਂ ਦੇ ਹਿਰਦੇ ਵਿਚ)ਟਿਕਾਣਾ ਕੀਤਾ ਹੈ, ਹਰੀ ਦਾ (ਨਾਮ) ਜਪ ਜਪ ਕੇ (ਉਨ੍ਹਾਂ ਦੀ ਹਰੇਕ) ਆਸ ਪੂਰ ਹੋ ਗਈ ਹੈ (ਉਹ ਪ੍ਰਭੂ) ਪਾਣੀ ਵਿਚ, ਧਰਤੀ ਵਿਚ, ਪੁਲਾੜ ਵਿਚ, (ਭਾਵ ਹਰੇਕ ਥਾਂ ਵਿਚ) ਵਿਆਪਕ ਹੋ ਰਿਹਾ ਹੈ। ਗੁਰੂ ਨੂੰ ਮਿਲ ਕੇ ਨਾਨਕ ਨੇ ਹਰੀ ਹਰੀ (ਸਿਮਰਨ) ਕੀਤਾ ਹੈ।੩।

(ਹੇ ਭਾਈ!) ਜਿਸ (ਮਨੁੱਖ) ਨੂੰ (ਗੁਰੂ) ਨਾਮ ਦੇਂਦਾ ਹੈ (ਉਸ ਨੂੰ) ਬਖਸ਼ਿਸ਼ ਨਾਲ (ਇਹ ਨਾਮ) ਪ੍ਰਾਪਤ ਹੁੰਦਾ ਹੈ। (ਫਿਰ) ਅਠੇ ਸਿਧੀਆਂ, ਨੌਂ ਨਿਧੀਆਂ ਇਹ (ਸਾਰੀਆਂ ਸ਼ਕਤੀਆਂ) ਉਸ ਪਾਸ ਆ ਜਾਂਦੀਆਂ ਹਨ। ਹੇ ਪ੍ਰਭੂ! ਤੇਰੇ ਦਾਸ (ਤੇਰਾ ਨਾਮ) ਜਪ ਜਪ ਕੇ ਜੀਉਂਦੇ ਹਨ। ਗੁਰੂ ਨੂੰ ਮਿਲ ਕੇ (ਨਾਮ ਅਭਿਆਸ ਕਰਨ ਨਾਲ ਉਨ੍ਹਾਂ ਦਾ) ਹਿਰਦਾ ਕੌਲ ਖਿੜਿਆ ਰਹਿੰਦਾ ਹੈ। ਨਾਨਕ (ਗੁਰੂ ਜੀ ਇਹ ਵੀਚਾਰ ਦਸਦੇ ਹਨ)।੪।੧੩।

## ਸਾਰੰਸ਼ ਅਤੇ ਸਿਧਾਂਤ

ਸਾਰੀ ਬਰਕਤ ਸਤਿਗੁਰੂ ਦੇ ਚਰਨ ਸਿਮਰਨ ਦੀ ਹੈ ਜਿਸ ਨਾਲ ਦੁੱਖਾਂ ਕਲੇਸ਼ਾਂ ਦਾ ਨਾਸ਼ ਹੋ ਜਾਂਦਾ ਹੈ। ਨਾਮ ਜਪਣ ਨਾਲ ਸਾਰੇ ਕਾਰਜ ਪੂਰੇ ਹੋ ਜਾਂਦੇ ਹਨ।

ਸ੍ਰਿਸ਼ਟੀ ਵਲ ਨਜ਼ਰ ਮਾਰ ਕੇ ਵੇਖੋ ਕਿ ਸਤਿਗੁਰੂ ਦੀ ਮਿਹਰ ਤੋਂ ਬਿਨਾ ਸਾਰੀ ਦੁਨੀਆ ਕੁਰਲਾ ਰਹੀ ਹੈ, ਵਿਲਕ ਰਹੀ ਹੈ। ਜੋ ਜੀਵ ਪਰਮੇਸ਼ਰ ਨਾਲੋਂ ਟੁੱਟੇ ਹੋਏ ਹਨ, ਓਹ ਸਦਾ ਜੰਮਦੇ ਮਰਦੇ ਹੀ ਰਹਿੰਦੇ ਹਨ।

ਜਿਸ ਉਤੇ ਗੁਰੂ ਦੀ ਕਿਰਪਾ ਹੁੰਦੀ ਹੈ, ਉਸ ਦੇ ਅੰਦਰੋਂ ਕਾਮ, ਕ੍ਰੋਧ ਆਦਿ ਵਿਕਾਰ ਨਾਸ ਹੋ ਜਾਂਦੇ ਹਨ। ਨਾਮ ਦੀ ਦਾਤਿ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ। ਜਿਸਨੂੰ ਇਹ ਦਾਤਿ ਮਿਲਦੀ ਹੈ ਉਹ ਦਾਸ ਪ੍ਰਭੂ ਨੂੰ ਜਪ ਜਪ ਕੇ ਜੀਉਂਦਾ ਹੈ।

ਕਰਮਕਾਂਡਾ ਜਾਂ ਰੁਤਾਂ ਨੂੰ ਪੂਜਣ ਨਾਲ ਵਿਕਾਰਾਂ ਤੋਂ ਖਲਾਸੀ ਨਹੀਂ ਹੁੰਦੀ ਅਤੇ ਨਾ ਹੀ ਹਿਰਦਾ

ਰੂਪੀ ਕੰਵਲ ਖਿੜਦਾ ਹੈ।

ਸਿਧਾਂਤ ਇਹ ਹੈ ਕਿ ਪ੍ਰਭੂ ਦੇ ਦਾਸ ਪਰਮਾਤਮਾ ਦਾ ਨਾਮ ਜਪ ਜਪ ਕੇ ਜੀਉਂਦੇ ਹਨ ਜਿਸ ਦੇ ਫਲ ਸਰੂਪ ਉਨ੍ਹਾਂ ਦਾ ਹਿਰਦਾ ਕੰਵਲ ਖਿੜਿਆ ਰਹਿੰਦਾ ਹੈ।

## ਬਸੰਤੁ ਮਹਲਾ ੫ ਘਰੁ ੧ ਇਕ ਤੁਕੇ

**ੴ ਸਤਿਗੁਰ ਪ੍ਰਸਾਦਿ ॥ ਸਗਲ ਇਛਾ, ਜਪਿ ਪੁੰਨੀਆ ॥ ਪ੍ਰਭਿ ਮੇਲੇ, ਚਿਰੀ ਵਿਛੁੰਨਿਆ ॥੧॥ ਤੁਮ ਰਵਹੁ ਗੋਬਿੰਦੈ, ਰਵਣ ਜੋਗੁ ॥ ਜਿਤੁ ਰਵਿਐ, ਸੁਖ ਸਹਜ ਭੋਗੁ॥੧॥ਰਹਾਉ॥ ਕਰਿ ਕਿਰਪਾ, ਨਦਰਿ ਨਿਹਾਲਿਆ॥ ਅਪਣਾ ਦਾਸੁ, ਆਪਿ ਸਮਾਲਿਆ॥੨॥ ਸੇਜ ਸੁਹਾਵੀ, ਰਸਿ ਬਨੀ॥ ਆਇ ਮਿਲੇ, ਪ੍ਰਭ ਸੁਖ ਧਨੀ॥੩॥ ਮੇਰਾ ਗੁਣ ਅਵਗੁਣ ਨ ਬੀਚਾਰਿਆ॥ ਪ੍ਰਭ ਨਾਨਕ ਚਰਣ ਪੂਜਾਰਿਆ॥੪॥੧॥੧੪॥**

### ਉਚਾਰਨ ਸੇਧ

**ਬਿੰਦੀ ਸਹਿਤ :** ਇਛਾਂ, ਪੁੰਨੀਆਂ, ਵਿਛੁੰਨਿਆਂ।

**ਪਦ ਅਰਥ :** ਸਗਲ ਇਛਾ-ਸਾਰੀਆਂ ਇਛਾਵਾਂ। ਜਪਿ-(ਨਾਮ) ਜਪ ਕੇ। ਪੁੰਨੀਆ-ਪੂਰੀਆਂ ਹੋ ਗਈਆਂ ਹਨ। ਪ੍ਰਭਿ ਮੇਲੇ-ਪ੍ਰਭੂ ਨੇ ਮਿਲਾ ਲਏ। ਚਿਰੀ ਵਿਛੁੰਨਿਆ-ਚਿਰਾਂ ਤੋਂ ਵਿਛੁੜੇ ਹੋਏ।੧। ਰਵਹੁ-ਸਿਮਰੋ। ਗੋਬਿੰਦੈ-(ਪਰਮਾਤਮਾ ਦੇ ਨਾਮ) ਨੂੰ। ਰਵਣ ਜੋਗੁ-ਸਿਮਰਨ ਜੋਗ। ਜਿਤੁ ਰਵਿਐ-ਜਿਸ ਦੇ ਸਿਮਰਨ ਕੀਤਿਆਂ। ਸੁਖ ਸਹਜ ਭੋਗੁ-ਅਡੋਲ ਸੁਖਾਂ ਦਾ ਭੁੰਚਣਾ।੧ਰਹਾਉ। ਕਰਿ-ਕਰਕੇ। ਨਦਰਿ ਨਿਹਾਲਿਆ-ਮਿਹਰ ਦੀ ਨਜ਼ਰ ਨਾਲ ਵੇਖਿਆ। ਸਮਾਲਿਆ-ਸੰਭਾਲ ਕੀਤੇ।੨। ਸੇਜ-ਹਿਰਦਾ ਰੂਪੀ ਸੇਜ। ਸੁਹਾਵੀ-ਸੋਹਣੀ। ਰਸਿ-ਜ਼ਬਾਨ ਨਾਲ। ਸੁਖ ਧਨੀ-ਸੁੱਖਾਂ ਦੇ ਮਾਲਕ।੩। ਚਰਣ ਪੂਜਾਰਿਆ-ਚਰਨਾ ਦਾ ਪੁਜਾਰੀ ਬਣਾ ਲਿਆ।੪।

**ਅਰਥ :** (ਪਰਮਾਤਮਾਦਾ ਨਾਮ) ਜਪ ਕੇ (ਸਾਡੀਆਂ) ਸਾਰੀਆਂ ਇਛਾਵਾਂ ਪੂਰੀਆਂ ਹੋ ਗਈਆਂ। (ਅਸੀਂ) ਚਿਰਾਂ ਤੋਂ ਵਿਛੁੜੇ ਹੋਏ ਸਾਂ ਪ੍ਰਭੂ ਨੇ (ਆਪਣੇ ਨਾਲ) ਮਿਲਾ ਲਏ।੧।

(ਹੇ ਭਾਈ!) ਤੁਸੀਂ ਸਿਮਰਨ ਜੋਗ ਗੋਬਿੰਦ ਨੂੰ ਸਿਮਰੋ, ਜਿਸ ਦੇ ਸਿਮਰਨ ਨਾਲ ਅਡੋਲ ਸੁਖਾਂ ਦਾ ਭੁੰਚਣਾ (ਪ੍ਰਾਪਤ ਹੋ ਜਾਂਦਾ ਹੈ)।੧ਰਹਾਉ।

(ਹੇ ਭਾਈ!) ਕਿਰਪਾ ਕਰਕੇ (ਪ੍ਰਭੂ ਨੇ ਆਪਣੇ ਦਾਸ ਨੂੰ) ਮਿਹਰ ਦੀ ਨਜ਼ਰ ਨਾਲ ਵੇਖਿਆ, ਅਤੇ ਆਪਣੇ ਦਾਸ ਨੂੰ ਆਪ ਹੀ ਸੰਭਾਲ ਲਿਆ।੨।

(ਹਿਰਦਾ ਰੂਪ) ਸੇਜ ਰਸ ਕਰਕੇ ਸੋਹਣੀ ਬਣ ਗਈ ਹੈ (ਕਿਉਂਕਿ) ਸੁਖਾਂ ਦੇ ਮਾਲਕ ਪ੍ਰਭੂ ਆ ਮਿਲੇ ਹਨ। ਨਾਨਕ (ਗੁਰੂ ਜੀ ਕਹਿੰਦੇ ਹਨ ਕਿ ਪ੍ਰਭੂ ਨੇ) ਮੇਰਾ ਗੁਣ ਔਗੁਣ ਕੁਝ ਨਹੀਂ ਵੀਚਾਰਿਆ (ਆਪਣੇ) ਚਰਨਾ ਦਾ ਪੁਜਾਰੀ ਬਣਾ ਲਿਆ।੪।੧।੧੪।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਪ੍ਰਭੂ ਦੇ ਮਿਲਾਪ ਤੇ ਖੁਸ਼ੀ ਦਾ ਜ਼ਿਕਰ ਹੈ ਕਿਉਂਕਿ ਜਗਿਆਸੂ ਦੀਆਂ ਸਾਰੀਆਂ ਵਿਛਾਵਾਂ ਪੂਰੀਆਂ ਹੋ ਗਈਆਂ ਹਨ।

ਸਿਧਾਂਤਕ ਨੁਕਤਾ "ਕਰਿ ਕਿਰਪਾ ਨਦਰਿ ਨਿਹਾਲਿਆ" ਵਾਲਾ ਕਦੇ ਵੀ ਨਹੀਂ ਭੁਲਣਾ ਚਾਹੀਦਾ। ਗੁਰਵਾਕ ਹਨ:

**ਨਦਰ ਕਰੇ ਤਾ ਸਿਮਰਿਆ ਜਾਇ॥ ਆਤਮਾ ਦ੍ਰਵੈ ਰਹੈ ਲਿਵ ਲਾਇ ॥** [ਪੰ. ੬੬੧

ਸੁਖ, ਰਸ, ਭੋਗ ਸਭ ਕੁਝ ਨਾਮ ਸਿਮਰਨ ਵਿਚ ਲੁਪਤ ਹਨ।ਸ਼ਰਧਾਵਾਨ ਜੋ ਕੁਝ ਮੰਗੇ ਸਾਈ ਦੇ ਦਰਬਾਰ ਚੋਂ ਪ੍ਰਾਪਤ ਹੁੰਦਾ ਹੈ:

**ਸਿਮਰਿ ਸਿਮਰਿ ਦਾਤਾਰੁ ਸਭਿ ਰੰਗ ਮਾਣਿਆ॥**
**ਪਰਗਟੁ ਭਇਆ ਸੰਸਾਰਿ, ਮਿਹਰ ਛਾਵਾਣਿਆ॥** [ਪੰਨਾ ੧੨੬੧

**ਬਸੰਤੁ ਮਹਲਾ ੫ ॥ ਕਿਲਬਿਖ ਬਿਨਸੇ, ਗਾਇ ਗੁਨਾ ॥ ਅਨਦਿਨੁ ਉਪਜੀ, ਸਹਜ ਧੁਨਾ ॥੧॥ ਮਨੁ ਮਉਲਿਓ, ਹਰਿ ਚਰਨ ਸੰਗਿ ॥ ਕਰਿ ਕਿਰਪਾ ਸਾਧੂ ਜਨ ਭੇਟੇ, ਨਿਤ ਰਾਤੌ ਹਰਿਨਾਮ ਰੰਗਿ ॥੧॥ਰਹਾਉ॥ ਕਰਿ ਕਿਰਪਾ, ਪ੍ਰਗਟੇ ਗੁੋਪਾਲ ॥ ਲੜਿ ਲਾਇ ਉਧਾਰੇ, ਦੀਨ ਦਇਆਲ ॥੨॥ ਇਹੁ ਮਨੁ, ਹੋਆ ਸਾਧ ਧੂਰਿ ॥ ਨਿਤ ਦੇਖੈ ਸੁਆਮੀ ਹਜੂਰਿ ॥੩॥ ਕਾਮ ਕ੍ਰੋਧ ਤ੍ਰਿਸਨਾ ਗਈ ॥ ਨਾਨਕ, ਪ੍ਰਭ ਕਿਰਪਾ ਭਈ ॥੪॥੨॥੧੫॥**

**ਪਦ ਅਰਥ:** ਕਿਲਬਿਖ-ਪਾਪ। ਬਿਨਸੇ-ਨਾਸ਼ ਹੋ ਗਏ। ਫੁਟਕਲ: 'ਗੋਪਾਲ' ਦੇ ਗਗੇ ਨੂੰ ਦੋ ਲਗਾਂ ਲਗੀਆਂ ਹੋਈਆਂ ਹਨ ਪਰ ਪੜ੍ਹਨਾ 'ਗੁਪਾਲ' ਹੈ। ਗਾਇ ਗੁਨਾ-ਗੁਣ ਗਾ ਕੇ। ਅਨਦਿਨੁ-ਹਰ ਰੋਜ। ਉਪਜੀ-ਪੈਦਾ ਹੋਈ। ਸਹਜ ਧੁਨਾ-ਆਤਮਿਕ ਅਡੋਲਤਾ ਦੀ ਧੁਨੀ।੧। ਮਉਲਿਓ-ਖਿੜ ਪਿਆ। ਭੇਟੇ-ਮਿਲੇ। ਨਿਤ ਰਾਤੌ-ਹਰ ਰੋਜ਼ ਰੰਗਿਆ ਰਹਿੰਦਾ ਹੈ। ਹਰਿ ਨਾਮ ਰੰਗਿ-ਪਰਮਾਤਮਾ ਦੇ ਨਾਮ ਦੇ ਪਿਆਰ ਵਿੱਚ।੧ਰਹਾਉ। ਲੜਿ ਲਾਏ-ਪਲੇ ਨਾਲ ਲਾ ਕੇ। ਉਧਾਰੇ-ਤਾਰ ਦਿਤੇ।੨। ਧੂਰਿ-ਧੂੜ। ਸੁਆਮੀ-ਮਾਲਕ।ਹਜੂਰਿ-ਹਾਜ਼ਰ ਨਾਜ਼ਰ।੩। ਗਈ-(ਬੁੱਝ) ਗਈ। ਭਈ-ਹੋ ਗਈ।੪।

**ਅਰਥ :** (ਪਰਮਾਤਮਾ ਦੇ) ਗੁਣ ਗਾ ਕੇ ਸਾਰੇ ਪਾਪ ਕਲੇਸ਼ ਨਾਸ਼ ਹੋ ਗਏ। (ਇਸ ਦੇ ਫਲ ਸਰੂਪ) ਰਾਤ ਦਿਨ ਆਤਮਿਕ ਅਡੋਲਤਾ ਦੀ ਧੁਨੀ (ਆਵਾਜ਼) ਹਿਰਦੇ ਵਿਚ ਪੈਦਾ ਹੋ ਗਈ।੧।

ਹਰੀ ਦੇ ਚਰਨਾ ਨਾਲ (ਲਗ ਕੇ) ਮਨ ਖਿੜ ਪਿਆ ਹੈ ਭਾਵ ਪ੍ਰਫੁਲਤ ਹੋ ਗਿਆ ਹੈ। (ਪਰਮਾਤਮਾ ਦੀ) ਕਿਰਪਾ ਕਰਕੇ ਸਾਧੂ ਜਨ ਮਿਲ ਪਏ (ਜਿਨ੍ਹਾਂ ਦੀ ਕਿਰਪਾ ਕਰਕੇ ਮਨ) ਹਰ ਰੋਜ਼ ਹਰੀ ਨਾਮ ਦੇ ਪਿਆਰ ਵਿਚ ਰੰਗਿਆ ਰਹਿੰਦਾ ਹੈ।੧ਰਹਾਉ।

ਕਿਰਪਾ ਕਰਕੇ ਪ੍ਰਿਥਵੀ ਦੇ ਮਾਲਕ (ਹਿਰਦੇ ਵਿਚ) ਪ੍ਰਗਟ ਹੋ ਗਏ। ਦੀਨਾ ਉਤੇ ਦਇਆ

ਕਰਨ ਵਾਲੇ (ਪ੍ਰਭੂ ਨੇ ਆਪਣੇ) ਲੜ ਲਾ ਕੇ (ਸੰਸਾਰ ਤੋਂ) ਪਾਰ ਕਰ ਦਿਤਾ ਹੈ ।੨।

(ਹੇ ਭਾਈ! ਹੁਣ) ਇਹ (ਮਨ) ਮਾਲਕ ਦੇ (ਚਰਨਾਂ ਦੀ) ਧੂੜ ਹੋ ਗਿਆ ਹੈ। (ਹੁਣ) ਮਾਲਕ ਨੂੰ ਸਦਾ ਹਾਜ਼ਰ ਨਾਜ਼ਰ ਵੇਖਦਾ ਹੈ ।੩।

ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਸਾਡੇ ਉੱਤੇ) ਪ੍ਰਭੂ ਦੀ ਮਿਹਰ ਹੋ ਗਈ ਹੈ। (ਉਸ ਮਿਹਰ ਦਾ ਸਦਕਾ ਮਨ ਵਿਚੋਂ) ਕਾਮ ਕ੍ਰੋਧ ਤ੍ਰਿਸ਼ਨਾ (ਆਦਿ ਸਭ ਦੂਰ ਹੋ) ਗਈ ਹੈ ।੪।੨।੧੫।

## ਸਾਰੰਸ਼ ਅਤੇ ਸਿਧਾਂਤ

ਸਾਧੂ ਜਨ ਦਾ ਮੇਲ ਪ੍ਰਭੂ ਦੀ ਕਿਰਪਾ ਨਾਲ ਹੁੰਦਾ ਹੈ । ਸਾਧੂ ਦੇ ਸੰਗ ਨਾਲ ਨਾਮ ਦਾ ਰੰਗ ਅਤੇ ਪ੍ਰਭੂ ਦੇ ਗੁਣਾਂ ਨੂੰ ਗਾਇਨ ਦਾ ਅਵਸਰ ਪ੍ਰਾਪਤ ਹੋਣਾ ਸੁਭਾਵਿਕ ਹੈ ।

ਇਹ ਮਨ ਜਦੋਂ ਸਾਧੂ ਜਨਾਂ ਦੇ ਚਰਨਾ ਦੀ ਧੂੜ ਹੋ ਜਾਂਦਾ ਹੈ, ਭਾਵ ਨਿਮਰਤਾ ਨਾਲ ਭਰਪੂਰ ਹੋ ਜਾਂਦਾ ਹੈ, ਓਦੋਂ ਸਾਮਰਤੱਖ ਰੂਪ ਵਿਚ ਪਰਮਾਤਮਾ ਨੂੰ ਆਪਣੇ ਅੰਗ ਸੰਗ ਵੇਖੀਦਾ ਹੈ । ਇਸ ਤਰ੍ਹਾਂ ਨਾਮ ਦੇ ਰਸ ਨਾਲ ਮਉਲਿਆ ਮਨ ਸਦਾ ਪਰਮੇਸ਼ਰ ਦੇ ਗੁਣ ਆਤਮਿਕ ਅਡੋਲਤਾ ਵਾਲੀ ਧੁਨੀ ਵਿਚ ਗਾ ਕੇ ਪ੍ਰਫੁਲਤ ਹੋਇਆ ਰਹਿੰਦਾ ਹੈ ।

**ਬਸੰਤ ਮਹਲਾ ੫ ॥ ਰੋਗ ਮਿਟਾਏ, ਪ੍ਰਭੂ ਆਪਿ ॥ ਬਾਲਕ ਰਾਖੇ, ਅਪਨੇ ਕਰ ਥਾਪ ॥੧॥ ਸਾਂਤਿ ਸਹਜ ਗ੍ਰਿਹਿ ਸਦ ਬਸੰਤੁ ॥ ਗੁਰ ਪੂਰੇ ਕੀ ਸਰਣੀ ਆਏ, ਕਲਿਆਣ ਰੂਪ ਜਪਿ ਹਰਿ ਹਰਿ ਮੰਤੁ ॥੧॥ ਰਹਾਉ ॥ ਸੋਗ ਸੰਤਾਪ ਕਟੇ, ਪ੍ਰਭਿ ਆਪਿ ॥ ਗੁਰ ਅਪਨੇ ਕਉ, ਨਤ ਨਿਤ ਜਾਪਿ ॥੨॥ ਜੋ ਜਨੁ, ਤੇਰਾ ਜਪੇ ਨਾਉ ॥ ਸਭਿ ਫਲ ਪਾਏ, ਨਿਹਚਲ ਗੁਨ ਗਾਉ ॥੩॥ ਨਾਨਕ, ਭਗਤਾ ਭਲੀ ਰੀਤਿ ॥ ਸੁਖਦਾਤਾ ਜਪਦੇ, ਨੀਤ ਨੀਤਿ ॥੪॥੩॥੧੬॥**

## ਉਚਾਰਨ ਸੇਧ

**ਬਿੰਦੀ ਸਹਿਤ :** ਨਾਉਂ, ਭਗਤਾਂ ।

**ਪਦ ਅਰਥ :** ਮਿਟਾਏ-ਦੂਰ ਕਰ ਦਿਤੇ ਹਨ । ਕਰ ਥਾਪਿ-ਹਥਾਂ ਦੀ ਥਾਪਣਾ ਦੇ ਕੇ ।੧। ਸਾਂਤਿ-ਸ਼ਾਂਤੀ । ਸਹਜਿ-ਆਤਮਕ ਅਡੋਲਤਾ ਦੁਆਰਾ । ਗ੍ਰਿਹਿ-(ਹਿਰਦੇ ਰੂਪੀ) ਘਰ ਵਿਚ । ਸਦਾ ਬਸੰਤੁ-ਸਦੀਵੀ ਖਿੜਾਉ । ਕਲਿਆਣ ਰੂਪ-ਸੁਖ ਸਰੂਪ । ਜਪਿ-ਜਪ ਕੇ । ਮੰਤੁ-ਨਾਮ ਮੰਤ੍ਰ ।੧। ਰਹਾਉ । ਸੋਗ-ਗਮ, ਫਿਕਰ । ਭਏ-ਦੂਰ ਕਰ ਦਿਤੇ । ਪ੍ਰਭਿ-ਪਰਮਾਤਮਾ ਨੇ । ਜਾਪਿ-ਜਪਿਆ ।੨। ਨਿਹਚਲ ਗੁਣ-ਸਦਾ ਕਾਇਮ ਰਹਿਣ ਵਾਲੇ ਗੁਣ । ਗਾਉ-ਗਾਉਂਦੇ ਹੋਏ ।੩। ਭਗਤਾ-ਭਗਤਾ ਦੀ । ਭਲੀ ਰੀਤਿ-ਚੰਗੀ (ਜੀਵਨ ਮਰਯਾਦਾ । ਨੀਤੀ ਨੀਤਿ-ਸਦਾ, ਰੋਜ਼ ਹੀ ।੪।

**ਅਰਥ :** ਪ੍ਰਭੂ ਨੇ ਆਪ ਹੀ (ਕਿਰਪਾ ਕਰਕੇ ਸਾਰੇ) ਰੋਗ ਦੂਰ ਕਰ ਦਿਤੇ ਹਨ (ਅਤੇ) ਆਪਣੇ ਹੱਥਾਂ ਨਾਲ ਥਾਪਣਾ ਦੇ ਕੇ (ਆਪਣੇ) ਬਾਲਕ ਰਖ ਲਏ ਹਨ ।੧।

(ਜਿਹੜੇ ਜੀਵ) ਪੂਰੇ ਗੁਰੂ ਦੀ ਸ਼ਰਨੀ ਆਏ, (ਅਤੇ) ਸੁਖ ਰੂਪ ਹਰੀ ਦਾ ਨਾਮ ਮੰਤ੍ਰ ਜਪਿਆ (ਉਨ੍ਹਾਂ ਦੇ ਹਿਰਦੇ ਰੂਪੀ)ਘਰ ਵਿਚ ਸ਼ਾਂਤੀ ਅਡੋਲਤਾ ਤੇ ਸਦੀਵੀ ਖੇੜਾ(ਬਣਿਆ)ਰਹਿੰਦਾ ਹੈ।੧। ਰਹਾਉ।

(ਹੇ ਭਾਈ!) ਆਪਣੇ ਗੁਰੂ ਨੂੰ ਹਰ ਰੋਜ਼ ਜਪ ਕੇ (ਇਹ ਮਿਹਰ ਹੋਈ ਹੈ ਕਿ) ਪ੍ਰਭੂ ਨੇ ਆਪ ਹੀ ਗਮ ਤੇ ਦੁਖ ਕਟ ਦਿਤੇ ਹਨ।੨।

(ਹੇ ਪ੍ਰਭੂ !) ਜਿਹੜਾ ਸੇਵਕ ਜਨ ਤੇਰਾ ਨਾਮ ਜਪਦਾ ਹੈ (ਉਹ ਆਪ ਹਰੀ ਦੇ) ਨਿਹਚਲ ਗੁਣਾਂ ਦਾ ਗਾਇਨ ਕਰਕੇ ਸਾਰੇ ਫਲ ਪ੍ਰਾਪਤ ਕਰ ਲੈਂਦਾ ਹੈ ।੩।

ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ)ਭਗਤਾਂ ਦੀ (ਇਹ) ਬਹੁਤ ਚੰਗੀ (ਜੀਵਨ) ਮਰਯਾਦਾ ਹੈ ਕਿ (ਉਹ)ਸਦਾ, ਹਰ ਰੋਜ਼ ਹੀ ਸੁਖ ਦੇਣ ਵਾਲੇ ਪਰਮਾਤਮਾ ਦਾ ਨਾਮ ਜਪਦੇ ਰਹਿੰਦੇ ਹਨ।੪।੩।੧੬।

## ਸਾਰੰਸ਼ ਅਤੇ ਸਿਧਾਂਤ

ਸ਼ਬਦਾਰਥੀ ਵਿਦਵਾਨਾਂ ਨੇ ਇਸ ਸ਼ਬਦ ਬਾਰੇ ਹੇਠ ਲਿਖਿਆ ਫੁਟ ਨੋਟ ਦਿਤਾ ਹੈ:-

"ਇਸ ਸ਼ਬਦ ਵਿਚ ਹਰੀ ਦੀ ਮਿਹਰ ਦਾ ਇਕ ਨਮੂੰਨਾ ਆਪ-ਬੀਤੀ ਵਿਚੋਂ ਲੈ ਕੇ ਦਸਦੇ ਹਨ ਕਿ ਬਾਲਕ ਹਰਿ ਗੋਬਿੰਦ ਜੀ ਨੇ ਬੀਮਾਰੀ ਤੋਂ ਬਚਾ ਲਿਆ। ਇਸੇ ਭਾਵ ਦੇ ਹੋਰ ਕਈ ਸ਼ਬਦ ਹਨ। ਦੇਖੋ ਪੰ: ੬੨੬, ੨੭ ਆਦਿ "।

ਹੋਰ ਕਿਸੇ ਟੀਕਾਕਾਰ ਨੇ ਇਸ ਸ਼ਬਦ ਨੂੰ ਬਾਲਕ ਹਰਿਗੋਬਿੰਦ ਜੀ ਦੇ ਰੋਗ ਨਾਲ ਨਹੀਂ ਜੋੜਿਆ। ਜੇ ਸ਼ਬਦਾਂ ਦੀ ਲੜੀ ਵਲ ਦੇਖੀਏ ਤਾਂ ਇਥੇ ਕੋਈ ਵਿਸ਼ੇਸ਼ ਗਲ ਬਾਲਕ ਹਰਿਗੋਬਿੰਦ ਜੀ ਨਾਲ ਜੋੜਨ ਵਾਲੀ ਨਜ਼ਰ ਨਹੀਂ ਆਉਂਦੀ। ਫਿਰ 'ਬਾਲਕ' ਪਦ ਬਹੁਵਾਚੀ ਹੈ। ਕਿਉਂਕਿ 'ਕ' ਮੁਕਤਾ ਹੈ। ਇਹ ਸਾਰੇ ਸ਼ਬਦ ਬਸੰਤ ਰੁਪ ਵਿਚ ਮੰਗਲਮਈ ਹਨ। ਪਿਛੇ ਪੰਨਾ ੧੧੮੩ ਉਤੇ 'ਗੁਰਚਰਣ ਸਰੇਵਤ ਦੁਖੁ ਗਇਆ ॥ ਪਾਰਬ੍ਰਹਮਿ ਪ੍ਰਭਿ ਕਰੀ ਮਇਆ' ਬਾਰੇ ਸ਼ਬਦਾਰਥੀ ਵਿਦਵਾਨਾਂ ਨੇ ਕੋਈ ਫੁਟ ਨੋਟ ਨਹੀਂ ਦਿਤਾ।

ਸੰਬੰਧਤ ਸ਼ਬਦ ਵਿਚ 'ਬਾਲਕ' ਪਦ ਦੀ ਵਰਤੋਂ ਵੇਖ ਕੇ ਹੀ 'ਬਾਲਕ ਹਰਿ ਗੋਬਿੰਦ' ਜੀ ਦੀ ਬੀਮਾਰੀ ਨਾਲ ਜੋੜਿਆ ਗਿਆ ਹੋਵੇਗਾ ਪਰ ਇਹ ਵੀਚਾਰ ਠੀਕ ਨਹੀਂ ਜਾਪਦਾ ਕਿਉਂਕਿ ਇਸ ਸ਼ਬਦ ਦੀ ਅੰਤਲੀ ਪੰਗਤੀ "ਨਾਨਕ ਭਗਤਾ ਭਲੀ ਰੀਤਿ ॥ ਸੁਖਦਾਤਾ ਜਪਦੇ ਨੀਤੀ ਨੀਤਿ" ਤੋਂ ਇਹ ਸੋਧ ਮਿਲਦੀ ਹੈ ਕਿ ਇਹ ਸ਼ਬਦ ਆਮ ਜਗਿਆਸੂਆਂ ਭਗਤ ਜਨਾਂ ਨਾਲ ਸਬੰਧਤ ਹੈ।

**ਬਸੰਤੁ ਮਹਲਾ ੫ ॥ ਹੁਕਮੁ ਕਰਿ ਕੀਨ੍ਹੇ ਨਿਹਾਲ ॥ ਆਪਨੇ ਸੇਵਕ ਕਉ, ਭਇਆ ਦਇਆਲੁ ॥੧॥ ਗੁਰਿ ਪੂਰੈ, ਸਭੁ ਪੂਰਾ ਕੀਆ ॥ ਅੰਮ੍ਰਿਤ ਨਾਮੁ, ਰਿਦ ਮਹਿ ਦੀਆ ॥੧॥ ਰਹਾਉ ॥ ਕਰਮੁ ਧਰਮੁ ਮੇਰਾ, ਕਛੁ ਨ ਬਿਚਾਰਿਓ ॥ ਬਾਹ ਪਕਰਿ, ਭਵਜਲੁ ਨਿਸਤਾਰਿਓ ॥੨॥ ਪ੍ਰਭਿ ਕਾਟਿ ਮੈਲੁ, ਨਿਰਮਲ ਕਰੇ ॥ ਗੁਰ ਪੂਰੇ ਕੀ ਸਰਣੀ ਪਰੇ ॥ ੩ ॥ ਆਪਿ ਕਰਹਿ, ਆਪ ਕਰਣੈਹਾਰੇ ॥ ਕਰਿ ਕਿਰਪਾ ਨਾਨਕ**

ਊਧਾਰੇ ॥੪॥੪॥੧੭॥

## ਉਚਾਰਨ ਸੇਧ

**ਬਿੰਦੀ ਸਹਿਤ :** ਮਹਿੰ, ਬਾਂਹ, ਕਰਹਿੰ।

**ਪਦ ਅਰਥ :** ਹੁਕਮ ਕਰਿ-ਹੁਕਮ ਕਰਕੇ। ਕੀਨੇ ਨਿਹਾਲ-ਪ੍ਰਸੰਨ ਕੀਤੇ। ਭਇਆ ਦਇਆਲੁ-ਦਇਆਵਾਨ ਹੋਇਆ।੧। ਗੁਰਿ ਪੂਰੈ-ਪੂਰੇ ਗੁਰੂ ਨੇ। ਸਭੁ-ਸਭ (ਮਨੋਰਥ)। ਰਿਦ ਮਹਿ-ਹਿਰਦੇ ਵਿਚ ।੧। ਰਹਾਉ। ਬਾਹ ਪਕਰਿ-ਬਾਂਹ ਫੜ ਕੇ। ਭਵਜਲੁ-ਨਿਸਤਾਰਿਓ-ਸੰਸਾਰ ਸਮੁੰਦਰ ਤੋਂ ਪਾਰ ਕਰ ਦਿਤਾ।੨। ਪ੍ਰਭਿ-ਪ੍ਰਭੂ ਨੇ। ਕਾਟਿ ਮੈਲੁ-ਮੈਲ ਕਟ ਕੇ। ਨਿਰਮਲ-ਪਵਿੱਤਰ ।੩। ਆਪਿ ਕਰਹਿ-ਆਪ ਕਰਦੇ ਹਨ। ਕਰਣੈਹਾਰੇ-ਕਰਨਵਾਲੇ ਹਨ। ਕਰਿ ਕਿਰਪਾ-ਕਿਰਪਾ ਕਰਕੇ। ਉਧਾਰੇ-ਤਾਰ ਦਿਤੇ ।੪।

**ਅਰਥ :** (ਹੇ ਭਾਈ! ਪੂਰੇ ਗੁਰੂ ਨੇ ਆਪਣਾ) ਹੁਕਮ ਕਰਕੇ (ਆਪਣੇ ਦਾਸ) ਪ੍ਰਸੰਨ ਕਰ ਦਿਤੇ ਹਨ। ਆਪਣੇ ਸੇਵਕ ਉਤੇ (ਗੁਰੂ ਆਪ ਹੀ) ਦਇਆਵਾਨ ਹੋਇਆ ਹੈ ।੧।

(ਹੇ ਭਾਈ !) ਪੂਰੇ ਗੁਰੂ ਨੇ (ਸਾਡਾ) ਸਾਰਾ (ਮਨੋਰਥ) ਪੂਰਾ ਕਰ ਦਿਤਾ ਹੈ। ਅੰਮ੍ਰਿਤ ਨਾਮ (ਮੇਰੇ) ਹਿਰਦੇ ਵਿਚ (ਟਿਕਾ) ਦਿਤਾ ਹੈ ।੧। ਰਹਾਉ।

(ਗੁਰੂ ਨੇ) ਮੇਰਾ (ਚੰਗਾ) ਕਰਮ (ਜਾਂ ਚੰਗਾ) ਧਰਮ ਕੁਝ ਵੀ ਨਹੀਂ ਵਿਚਾਰਿਆ। (ਮੇਰੀ) ਬਾਂਹ ਫੜ ਕੇ (ਮੈਨੂੰ) ਸੰਸਾਰ ਸਮੁੰਦਰ ਤੋਂ ਪਾਰ ਕਰ ਦਿਤਾ ।੨।

(ਹੇ ਭਾਈ ! ਅਸੀਂ) ਪੂਰੇ ਗੁਰੂ ਦੀ ਸ਼ਰਣੀ ਪਏ। ਗੁਰ-ਪਰਮੇਸ਼ਰ ਨੇ (ਹਰ ਪ੍ਰਕਾਰ ਦੀ) ਮੈਲ ਕਟ ਕੇ ਨਿਰਮਲ ਕਰ ਦਿਤੇ ।੩।

(ਹੇ ਭਾਈ ! ਗੁਰ ਪਰਮੇਸ਼ਰ ਜੀ) ਆਪ ਕਰਣਹਾਰ ਹਨ (ਤੇ) ਆਪ ਹੀ (ਸਭ ਕੁਝ) ਕਰਦੇ ਹਨ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਕਿਰਪਾ ਕਰਕੇ (ਗੁਰੂ ਨੇ ਆਪਣੇ ਸੇਵਕ ਆਪ ਹੀ) ਤਾਰ ਦਿਤੇ ।੪।੪।੧੭।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਗੁਰੂ ਦੀ ਵਡਿਆਈ ਦਾ ਵਰਣਨ ਹੈ। ਜਦੋਂ ਗੁਰੂ ਦਇਆ ਕਰਦਾ ਹੈ ਤਾਂ ਉਹ ਮਨੁੱਖ ਦੇ ਗੁਣਾਂ ਜਾਂ ਅਵਗੁਣਾਂ ਵਲ ਨਹੀਂ ਵੇਖਦਾ, ਜਿਵੇਂ ਕਿ ਗੁਰਵਾਕ ਹਨ :-

**ਗੁਣੁ ਅਵਗੁਣੁ ਮੇਰਾ ਕਿਛੁ ਨ ਬੀਚਾਰਿਆ,**
**ਬਖਸਿ ਲੀਆ ਖਿਨ ਮਾਹੀ ॥** [ਪੰਨਾ ੫੭੭

ਸਤਿਗੁਰਾਂ ਦੀ ਦ੍ਰਿਸ਼ਟੀ ਦਇਆ ਵਾਲੀ ਹੇ। ਜਿਹੜਾ ਜੀਵ ਸਤਿਗੁਰੂ ਦੀ ਸ਼ਰਣ ਵਿਚ ਆ ਜਾਂਦਾ ਹੈ, ਮਿਹਰਵਾਨ ਸਤਿਗੁਰੂ ਉਸ ਦੀ ਹੰਗਤਾ ਮਮਤਾ ਦੀ ਮੈਲ ਕਟ ਕੇ ਉਸ ਨੂੰ ਸੰਸਾਰ ਸਾਗਰ ਤੋਂ ਪਾਰ ਕਰ ਦਿੰਦੇ ਹਨ :—

**ਸਤਿਗੁਰੁ ਗੁਣੀ ਨਿਧਾਨੁ ਹੈ, ਗੁਣ ਕਰਿ ਬਖਸੇ ਅਵਗੁਣਿਆਰੇ ॥ .....**

### ਬਸੰਤੁ ਮਹਲਾ ੫

**੧ਓ ਸਤਿਗੁਰ ਪ੍ਰਸਾਦਿ ॥ ਦੇਖੁ ਫੂਲ ਫੂਲ ਫੂਲੇ॥ ਅਹੰ ਤਿਆਗਿ ਤਿਆਗੇ॥ ਚਰਨ ਕਮਲ ਪਾਗੇ॥ ਤੁਮ ਮਿਲਹੁ ਪ੍ਰਭ ਸਭਾਗੇ॥ ਹਰਿ ਚੇਤਿ, ਮਨ ਮੇਰੇ॥੧॥ ਰਹਾਉ॥ ਸਘਨ ਬਾਸੁ ਕੂਲੇ॥ ਇਕਿ ਰਹੇ ਸੂਕਿ ਕਠੂਲੇ॥ ਬਸੰਤ ਰੁਤਿ ਆਈ ॥ ਪਰਫੂਲਤਾ ਰਹੇ॥੧॥ ਅਬ, ਕਲੂ ਆਇਓ ਰੇ॥ ਇਕੁ ਨਾਮੁ ਬੋਵਹੁ ਬੋਵਹੁ॥ ਅਨ ਰੁਤਿ ਨਾਹੀ ਨਾਹੀ॥ ਮਤੁ ਭਰਮਿ ਭੂਲਹੁ ਭੂਲਹੁ॥ ਗੁਰ ਮਿਲੇ ਹਰਿ ਪਾਏ॥ ਜਿਸੁ ਮਸਤਕਿ ਹੈ ਲੇਖਾ॥ ਮਨ, ਰੁਤਿ ਨਾਮ ਰੇ॥ ਗੁਨ ਕਹੇ ਨਾਨਕ, ਹਰਿ ਹਰੇ, ਹਰਿ ਹਰੇ ॥੨॥੧੮॥**

**ਪਦ ਅਰਥ :** ਦੇਖੁ ਫੂਲ-(ਤੂੰ) ਫੁਲਾਂ ਵਲ ਦੇਖ। ਫੂਲ ਫੂਲੇ-(ਸਾਰੇ) ਫੁਲ ਖਿੜੇ ਹੋਏ ਹਨ। ਅਹੰ-ਹੰਗਤਾ, ਅਹੰਕਾਰ। ਤਿਆਗਿ-ਤਿਆਗ ਕੇ। ਤਿਆਗੇ-ਤਿਆਗ ਦੇ।੧।

ਪਾਗੇ-ਲਪਟਿਆ ਰਹੁ, ਭਾਵ ਮਸਤ ਹੋਇਆ ਰਹ। ਸਭਾਗੇ-ਹੇ ਸੋਹਣੇ ਭਾਗਾਂ ਵਾਲੇ !। ਹਰਿ ਚੇਤਿ-ਹਰੀ ਨੂੰ ਯਾਦ ਕਰ।੧। ਰਹਾਉ।

ਸਘਨ-ਸੰਘਣੇ। ਬਾਸੁ-ਸੁਗੰਧੀ। ਕੂਲੇ-ਕੋਮਲ। ਇਕਿ-ਕਈ। ਰਹੇ ਸੂਕਿ ਕਠੂਲੇ-ਸੁਕ ਕੇ ਕਾਠ ਵਰਗੇ ਕਰੜੇ ਰਹੇ। ਬਸੰਤ ਰੁਤਿ-ਖੇੜੇ, ਬਹਾਰ ਵਾਲੀ ਰੁਤ ਆ ਗਈ। ਪਰਫੂਲਤਾ ਰਹੇ-ਪ੍ਰਫੁਲਤ ਹੋਇਆ ਰਹਿੰਦਾ ਹੈ।੧।

ਕਲੂ-ਕਲਿਜੁਗ। ਰੇ-ਹੇ ਭਾਈ !। ਬੋਵਹੁ-ਬੀਜੋ। ਅਨ ਰੁਤਿ-(ਮਨੁੱਖਾ ਜਨਮ ਤੋਂ ਬਿਨਾ) ਹੋਰ ਰੁੱਤ। ਨਾਹੀ ਨਾਹੀ-ਉਕੀ ਨਹੀਂ ਹੈ। ਮਤਿ-ਮਤਾਂ, ਭਾਵ ਨਾਂਹ। ਭਰਮਿ-ਭਰਮ, ਭਟਕਣਾ ਵਿਚ। ਭੂਲਹੁ-ਭੁੱਲ ਜਾਵੇ। ਗੁਰ ਮਿਲੇ-ਗੁਰੂ ਨੂੰ ਮਿਲ ਕੇ। ਜਿਸੁ ਮਸਤਕਿ-ਜਿਸ (ਜੀਵ ਦੇ) ਮੱਥੇ ਉਤੇ। ਲੇਖਾ-(ਨਾਮ ਜਪਣ ਦਾ) ਲੇਖ। ਮਨ-ਹੇ ਮਨ !। ਗੁਨ ਕਹੇ-ਗੁਣ ਕਹਿੰਦਾ ਰਹੁ।੨।

**ਅਰਥ :** (ਹੇ ਭਾਈ ! ਤੂੰ) ਫੁੱਲਾਂ ਵਲ ਵੇਖ (ਸਾਰੇ) ਫੁਲ ਖਿੜੇ ਹੋਏ ਹਨ, (ਤੂੰ ਵੀ ਆਪਣੀ) ਹੰਗਤਾ ਤਿਆਗ ਕੇ (ਵੇਖ, ਤੇਰੇ ਅੰਦਰ ਵੀ ਅਜਿਹਾ ਖਿੜਾਉ ਆ ਜਾਵੇਗਾ, ਮਸਤੀ ਆ ਜਾਵੇਗੀ। ਹੇ ਮੇਰੇ ਮਨ! (ਤੂੰ) ਪਰਮਾਤਮਾ ਨੂੰ ਯਾਦ ਕਰ, (ਤੂੰ ਗੁਰੂ ਦੇ) ਸੋਹਣੇ ਚਰਨਾ ਨਾਲ ਲਪਟਿਆ ਰਹੁ। ਹੇ ਸੋਹਣੇ ਭਾਗਾਂ ਵਾਲੇ! ਤੂੰ (ਆਪਣੇ) ਪ੍ਰਭੂ ਨੂੰ ਮਿਲ।੧। ਰਹਾਉ।

(ਹੇ ਮੇਰੇ ਮਨ ! ਵੇਖ ਕਈ ਫੁਲ ਬਹੁਤ ਸੁਗੰਧੀ ਦੇ ਰਹੇ ਹਨ। (ਪਰ) ਕਈ (ਬਿਰਛ) ਸੁਕ ਕੇ ਕਾਠ ਵਾਂਗ (ਖੁਸ਼ਕ) ਰਹਿ ਰਹੇ ਹਨ। (ਹੇ ਭਾਈ ! ਹੁਣ) ਬਸੰਤ ਦੀ ਰੁਤ ਆ ਗਈ ਹੈ (ਬਨਸਪਤ ਦਾ ਪਤਾ ਪਤਾ) ਖਿੜਿਆ ਰਹਿੰਦਾ ਹੈ (ਤੂੰ ਵੀ ਪਰਮੇਸ਼ਰ ਨੂੰ ਵੇਖ ਕੇ ਨਾਮ ਸਿਮਰ, ਖਿੜ ਪਉ ਤੇ ਸੁਗੰਧੀ ਪ੍ਰਾਪਤ ਕਰ)।੧।

(ਹੇ ਮੇਰੇ ਮਨ !) ਹੁਣ ਕਲਜੁਗਿ ਆ ਗਿਆ ਹੈ (ਤੂੰ ਪਰਮਾਤਮਾ ਦਾ) ਇਕ ਨਾਮ (ਰੂਪੀ ਬੀਜ

ਜ਼ਰੂਰ) ਬੀਜ। (ਨਾਮ ਬੀਜਣ ਲਈ ਮਨੁੱਖਾਂ ਜਨਮ ਤੋਂ ਸਿਵਾ) ਹੋਰ ਕੋਈ ਰੁਤ ਨਹੀਂ ਹੈ, (ਮਾਇਆ ਦੇ) ਭਰਮ ਵਿਚ (ਇਹ ਗਲ) ਉਕੀ ਨਾ ਭੁਲੋ।

(ਹੇ ਭਾਈ !) ਜਿਸ (ਮਨੁੱਖ ਦੇ) ਮਥੇ ਉਤੇ (ਧੁਰੋਂ ਨਾਮ ਜਪਣ ਦਾ) ਲੇਖ (ਲਿਖਿਆ ਹੋਇਆ) ਹੈ, (ਉਹ) ਗੁਰੂ ਨੂੰ ਮਿਲ ਕੇ ਪਰਮਾਤਮਾ ਦਾ (ਨਾਮ) ਪ੍ਰਾਪਤ ਕਰ ਲੈਂਦਾ ਹੈ। ਹੇ ਮਨ ! (ਇਹ) ਨਾਮ (ਸਿਮਰਨ) ਦੀ ਰੁਤ ਹੈ। ਨਾਨਕ (ਗੁਰੂ ਜੀ ਉਪਦੇਸ਼ ਦਿੰਦੇ ਹਨ ਕਿ ਹੇ ਮਨ! ਤੂੰ) ਹਰੀ ਹਰੀ, ਹਰੇ ਹਰੇ (ਵਾਹਿਗੁਰੂ ਵਾਹਿਗੁਰੂ) ਉਚਾਰਦਾ ਰਹੁ।੨।੧੮।

## ਅਰਥ ਭੇਦ ਅਤੇ ਨਿਰਣੈ

**ਦੇਖੁ ਫੂਲ ਫੂਲ ਫੂਲੇ ॥ ਅਹੰ ਤਿਆਗਿ ਤਿਆਗੇ ॥**
**ਚਰਨ ਕਮਲ ਪਾਗੇ ॥**

ਵਖ ਵਖ ਅਰਥ :

੧. ਦੇਖੋ ਸੰਤ ਜਨੋ ਬਣ ਗੁਣੋ ਰੂਪੀ ਫੂਲੋ ਕਰ ਫੂਲੇ ਫੂਏ ਪ੍ਰਫੁਲਤ ਹੋ ਰਹੇ ਹੈਂ। ਵਾ ਫੂਲੇ ਹੋਏ ਫੂਲੋਂ ਸਮ ਪਦਾਰਥ ਫੂਲੇ ਹੂਏ ਦੇਖਿ ਕਰਿ ਤਿਨੋਂ ਨੇ ਤਿਆਗੇ ਹੈਂ। ਤਿਸ ਤਯਾਗ ਕਾ ਹੰਕਾਰ ਭੀ ਤਯਾਗ ਦੀਆ ਹੈ ਔਰ ਪ੍ਰਭੂ ਕੇ ਚਰਨ ਕਮਲੋ ਮੈਂ (ਪਾਗੇ) ਖਚਤ ਹੂਏ ਹੈਂ। [ਫ.ਸ.

੨. ਹਉਮੈ ਤਿਆਗ ਕੇ ਅੰਦਰ ਦੇਖ ਖਿੜਾਉ ਹੀ ਖਿੜਾਉ ਹੈ। ਲਪੇਟਿਆ (ਚਰਨ ਕਮਲਾਂ ਨਾਲ)। [ਸ਼ਬਦਾਰਥ

੩. ਹੇ ਮੇਰੇ ਮਨ ! (ਆਪਣੇ ਅੰਦਰੋਂ) ਹਉਮੈ ਦੂਰ ਕਰ ਹਉਮੈ ਦੂਰ ਕਰ (ਫਿਰ) ਵੇਖ (ਤੇਰੇ ਅੰਦਰ) ਫੁੱਲ ਹੀ ਖਿੜੇ ਹੋਏ ਹਨ। (ਤੇਰੇ ਅੰਦਰ ਆਤਮਕ ਖਿੜਾਉ ਹੈ)। ਹੇ ਭਾਗਾਂ ਵਾਲੇ ਮਨ ! ਪ੍ਰਭੂ ਦੇ ਸੋਹਣੇ ਚਰਨਾ ਨਾਲ ਚੰਬੜਿਆ ਰਹੁ। [ਦਰਪਣ

੪. ਖਿੜਦਿਆਂ ਫੁੱਲਾਂ ਨੂੰ ਵੇਖ, ਮੇਰੀ ਆਤਮਾ ਪ੍ਰਫੁਲਤ ਹੋ ਰਹੀ ਹੈ। ਆਪਣੀ ਸਵੈ ਹੰਗਤਾ ਨੂੰ ਛਡ ਤੇ ਤਲਾਂਜਲੀ ਦੇ ਮੈਂ ਪ੍ਰਭੂ ਦੇ ਕੰਵਲ-ਪੈਰਾਂ ਅੰਦਰ ਲੀਨ ਹੋ ਗਿਆ ਹਾਂ। [ਸ. ਮਨਮੋਹਨ ਸਿੰਘ ਐਡਵੋਕੇਟ

**ਨਿਰਣੈ** : ਬਸੰਤ ਰੁਤ ਵਿਚ ਖਿੜੇ ਹੋਏ ਫੁੱਲਾਂ ਨੂੰ ਵੇਖ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਸੰਸਾਰੀ ਜੀਵ ਨੂੰ ਇਹ ਸੰਕੇਤ ਦੇ ਰਹੇ ਹਨ ਕਿ ਤੂੰ ਖਿੜੇ ਹੋਏ ਫੁਲਾਂ ਵਲ ਵੇਖ (ਕਿਤਨੇ ਸੋਹਣੇ ਲਗ ਰਹੇ ਹਨ)। ਤੂੰ ਵੀ ਆਪਣੀ ਹੰਗਤਾ ਤਿਆਗ ਕੇ (ਆਪਣੇ ਅੰਦਰ ਝਾਤ ਮਾਰ, ਉਥੇ ਵੀ ਆਤਮਿਕ ਖੇੜਾ ਹੀ ਖੇੜਾ ਹੈ)। ਤੂੰ (ਗੁਰੂ ਦੇ ਸੋਹਣੇ ਚਰਨਾਂ ਨਾਲ ਲਪਟ ਜਾ)।

ਇਹ ਕੁਦਰੀਤ ਅਸੂਲ ਹੈ ਜਦੋਂ ਤੁਸੀਂ ਹਸਦੇ ਮਨੁੱਖ ਨੂੰ ਵੇਖੋਗੇ, ਤੁਹਾਡੇ ਅੰਦਰੋਂ ਵੀ ਹਾਸਾ ਉਠੇਗਾ, ਜਦੋਂ ਰੋਂਦੇ ਮਨੁੱਖ ਵਲ ਵੇਖੋਗੇ ਤਾਂ ਤੁਹਾਡੇ ਅੰਦਰ ਕਰੁਣਾ ਰਸ ਭਰ ਜਾਏਗਾ। ਇਸੇ ਤਰ੍ਹਾਂ ਫੂਲ ਵੀ ਖੇੜਾ ਤੇ ਖੁਸ਼ੀ ਵੰਡਦੇ ਹਨ। ਪਰ ਜਿਸ ਦਾ ਰਸੀਵਰ ਠੀਕ ਨਹੀਂ ਭਾਵ ਜਿਸ ਦੇ ਜ਼ੁਕਾਮ ਹੋਵੇ ਉਹ

ਫੁੱਲਾਂ ਦੀ ਸੁਗੰਧੀ ਦਾ ਰਸ ਨਹੀਂ ਲੈ ਸਕਦਾ । ਇਸੇ ਤਰ੍ਹਾਂ ਜਿਹੜਾ ਹੰਕਾਰ ਨਾਲ ਸੜਿਆ ਹੋਵੇ, ਉਹ ਖੇੜੇ ਤੋਂ ਵੰਚਿਤ ਰਹਿੰਦਾ ਹੈ, ਲੋੜੀਂਦੇ ਅਰਥ ਪਿਛੇ ਕਰ ਦਿਤੇ ਹਨ ।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਮਨ ਨੂੰ ਸਬੰਧਨ ਕਰਕੇ ਨਾਮ ਸਿਮਰਨ ਦਾ ਉਪਦੇਸ਼ ਦਿਤਾ ਹੈ ਕਿਉਂਕਿ ਇਹ ਨਾਮ ਬੀਜਣ ਦੀ ਰੁਤਿ ਹੈ । ਇਸੇ ਤਰ੍ਹਾਂ ਹੁਣ ਕਲਜੁਗ ਆ ਗਿਆ ਹੈ । ਸਭ ਜਗਿਆਸੂਆਂ ਨੂੰ ਚੇਤੰਨ ਹੋਣਾ ਚਾਹੀਦਾ ਹੈ। ਕਿਉਂਕਿ ਕਲਜੁਗ ਵਿਚ ਨਾਮ ਤੋਂ ਬਿਨਾ ਹੋਰ ਕਿਸੇ ਪ੍ਰਕਾਰ ਦਾ ਕਰਮ ਕਾਂਡ ਹਰੀ ਦੀ ਦਰਗਾਹ ਵਿਚ ਪਰਵਾਨ ਨਹੀਂ ਹੁੰਦਾ । ਇਸ ਆਸ਼ੇ ਨੂੰ ਸਤਿਗੁਰਾਂ ਦਾ ਹੇਠ ਲਿਖਿਆ ਪਾਵਨ ਫੁਰਮਾਨ ਇਉਂ ਸੇਧ ਬਖਸ਼ਦਾ ਹੈ:

**ਕੁਰੁਤਾ ਬੀਜੁ ਬੀਜੇ ਨਹੀ ਜੰਮੈ, ਸਭੁ ਲਾਹਾ ਮੂਲੁ ਗਵਾਇਦਾ॥** [ਪੰਨਾ ੧੦੭੫

ਬਸੰਤ ਰੁਤਿ ਦਾ ਸੁੰਦਰ ਦ੍ਰਿਸ਼ ਰੂਪਮਾਨ ਕਰਕੇ ਜਗਿਆਸੂ ਦਾ ਧਿਆਨ ਪ੍ਰਫੁਲਤ ਹੋਈ ਬਨਸਪਤੀ ਵਲ ਦਿਵਾਇਆ ਹੈ । 'ਇਕਨਾ ਨੋ ਸਭ ਸੋਝੀ ਆਈ, ਇਕਿ ਫਿਰਦੇ ਵੇਪਰਵਾਹਾ' (ਪੰ. ੧੩੯੩) ਅਨੁਸਾਰ ਕਈ ਜਗਿਆਸੂ ਸਤਿਸੰਗ ਵਿਚ ਨਾਮ ਜਪ ਕੇ ਹਰੇ-ਭਰੇ ਹੋ ਰਹੇ ਹਨ, ਭਾਵ ਉਨ੍ਹਾਂ ਦੇ ਜੀਵਨ ਵਿਚ ਨਿਖਾਰ ਆ ਗਿਆ ਹੈ, ਕਈ ਅਜੇ ਵੀ ਹੰਕਾਰ ਨਾਲ ਭਰੇ ਹੋਏ ਫਿਕਾ ਬੋਲਣ ਵਾਲੇ ਸੁਕੇ ਕਾਠ ਵਾਂਗ ਖੁਸ਼ ਕੇ ਖੁਸ਼ਕ ਹੀ ਪਏ ਹਨ । ਸੋ ਲੋੜ ਹੈ ਭਉਰਿਆ ਵਾਂਗ ਗੁਰੂ ਦੇ ਚਰਨਾ ਨਾਲ ਲਪਟਣ ਦੀ :–

**ਬੀਧੇ ਬਾਂਧੇ ਕਮਲ ਸਿਉ, ਭਵਰ ਰਹੇ ਲਪਟਾਇ ॥** [ਪੰਨਾ ੧੩੬੪

ਸਿਧਾਂਤ ਇਹ ਹੈ ਕਿ ਕਿਸੇ ਭਰਮ ਭੁਲੇਖੇ ਵਿਚ ਨਾਹ ਪਵੋ, ਕਰਮ ਕਾਂਡਾਂ ਦੀ ਜਿਲ੍ਹਣ ਤੋਂ ਨਿਕਲ ਕੇ ਕੇਵਲ ਨਾਮ ਦਾ ਬੀਜ ਬੀਜੋ :–

**ਨਾਮੁ ਖੇਤੀ ਬੀਜਹੁ ਭਾਈ ਮੀਤ॥ ਸਉਦਾ ਕਰਹੁ, ਗੁਰੂ ਸੇਵਹੁ ਨੀਤ॥**[ਪੰਨਾ ੪੩੦

## ਬਸੰਤੁ ਮਹਲਾ ੫ ਘਰੁ ੨ ਹਿੰਡੋਲ

**੧ੴ ਸਤਿਗੁਰ ਪ੍ਰਸਾਦਿ ॥ ਹੋਇ ਇਕਤ੍ਰ ਮਿਲਹੁ ਮੇਰੇ ਭਾਈ, ਦੁਬਿਧਾ ਦੂਰਿ ਕਰਹੁ ਲਿਵ ਲਾਇ॥ ਹਰਿਨਾਮੈ ਕੇ ਹੋਵਹੁ ਜੋੜੀ, ਗੁਰਮੁਖਿ ਬੈਸਹੁ ਸਫਾ ਵਿਛਾਇ ॥ ੧ ॥ ਇਨ ਬਿਧਿ, ਪਾਸਾ ਢਾਲਹੁ ਬੀਰ ॥ ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ, ਅੰਤ ਕਾਲਿ ਨਹ ਲਾਗੈ ਪੀਰ॥੧॥ਰਹਾਉ॥ ਕਰਮ ਧਰਮ ਤੁਮ੍ ਚਉਪੜਿ ਸਾਜਹੁ, ਸਤੁ ਕਰਹੁ ਤੁਮ੍ ਸਾਰੀ॥ ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ, ਐਸੀ ਖੇਲ ਹਰਿ ਪਿਆਰੀ॥੨॥ ਉਠਿ ਇਸਨਾਨੁ ਕਰਹੁ ਪਰਭਾਤੇ, ਸੋਏ ਹਰਿ ਆਰਾਧੇ॥ ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ, ਸੁਖ ਸਹਜ ਸੇਤੀ ਘਰਿ ਜਾਤੇ ॥੩॥ ਹਰਿ ਆਪੇ ਖੇਲੈ ਆਪੇ ਦੇਖੈ, ਹਰਿ ਆਪੇ ਰਚਨੁ ਰਚਾਇਆ ॥ ਜਨ ਨਾਨਕ ਗੁਰਮੁਖਿ ਜੋ ਨਰੁ ਖੇਲੈ, ਸੋ ਜਿਣਿ ਬਾਜੀ**

**ਘਰਿ ਆਇਆ ॥੪॥੧॥੧੯॥**

## ਉਚਾਰਨ ਸੇਧ

**ਬਿੰਦੀ ਸਹਿਤ :** ਨਹ, ਦਾਊ।

**ਪਦ ਅਰਥ :** ਹੋਇ ਇਕਤ੍ਰ-ਇਕੱਠੇ ਹੋ ਕੇ। ਦੁਬਿਧਾ-ਦਵੈਤ ਭਾਵ। ਲਿਵਲਾਇ-(ਨਾਮ ਵਿਚ) ਸੁਰਤਿ ਜੋੜ ਕੇ। ਜੋੜੀ-ਜੋੜੀਵਾਲ, ਜਾਨੀ ਦੋਸਤ। ਗੁਰਮੁਖਿ-ਗੁਰੂ ਦੁਆਰਾ। ਅੰਤ ਕਾਲਿ-ਅੰਤ ਸਮੇਂ। ਨਹ ਲਾਗੈ ਪੀਰ-ਪੀੜ (ਦੁਖ) ਨਹੀਂ ਲਗਦਾ।੧। ਰਹਾਉ। ਚਉਪੜਿ ਸਾਜਹੁ-ਚੋਪੜ ਦੀ ਖੇਡ ਬਣਾਓ। ਸਤੁ-ਸਚ ਆਚਰਨ। ਸਾਰੀ-ਨਰਦਾਂ।੨। ਉਠਿ-ਉਠ ਕੇ, ਜਾਗ ਕੇ। ਪਰਭਾਤੇ-ਅੰਮ੍ਰਿਤ ਵੇਲੇ। ਸੋਏ-ਸੌਣ ਵੇਲੇ। ਆਰਾਧੇ-ਸਿਮਰੇ। ਬਿਖੜੇ ਦਾਉ-ਔਖੇ ਦਾਅ-ਪੇਚਾਂ ਚੋਂ, ਘੁੰਮਣ ਘੇਰੀਆਂ ਚੋਂ।੩। ਖੇਲੈ-ਖੇਡਦਾ ਹੈ। ਰਚਨੁ-ਸੰਸਾਰ। ਰਚਾਇਆ-ਬਣਾਇਆ। ਸੋ-ਉਹ। ਜਿਣਿ-ਜਿਤ ਕੇ। ਘਰਿ ਘਰ ਵਿਚ।੪।

**ਅਰਥ :** ਹੇ ਮੇਰੇ ਭਾਈ! ਇਕਠੇ ਹੋ ਕੇ (ਪ੍ਰੇਮ ਪਿਆਰ ਨਾਲ ਇਕ ਦੂਜੇ ਨੂੰ ਗਲਵਕੜੀ ਪਾ ਕੇ) ਮਿਲੋ (ਅਤੇ ਨਾਮ ਵਿਚ) ਸੁਰਤਿ ਜੋੜੋ, ਦਵੈਤ-ਭਾਵ ਨੂੰ (ਆਪਣੇ ਮਨ ਚੋਂ) ਦੂਰ ਕਰੋ। ਪਰਮਾਤਮਾ ਦੇ ਨਾਮ ਦੇ ਜੋੜੀਵਾਲ ਬਣੋ, ਗੁਰਮੁਖ ਬਣ ਕੇ ਸਫਾ(ਚਟਾਈ)ਵਿਛਾ ਕੇ(ਪਿਆਰ ਤੇ ਨਿਮ੍ਰਤਾ ਨਾਲ)ਬੈਠੋ।੧।

ਹੇ ਵੀਰ! ਇਸ ਤਰੀਕੇ ਨਾਲ ਨਰਦਾਂ ਸੁਟੋ (ਭਾਵ ਸੰਸਾਰ ਰੂਪੀ ਚੋਪੜ ਦੀ ਬਾਜ਼ੀ ਖੇਡੋ)। ਗੁਰੂਦੁਆਰਾ ਦਿਨ ਰਾਤ (ਭਾਵ ਹਰ ਵੇਲੇ) ਨਾਮ ਜਪੋ, (ਇਸ ਤਰ੍ਹਾਂ ਅਭਿਆਸ ਕੀਤਿਆਂ) ਅੰਤ ਸਮੇਂ ਕਿਸੇ ਤਰ੍ਹਾਂ ਦੀ ਪੀੜ ਨਹੀਂ ਲਗਦੀ।੧। ਰਹਾਉ।

(ਹੇ ਵੀਰ!) ਤੁਸੀਂ ਚੰਗੇ ਕਰਮ ਕਰਨੇ, ਚੋਪੜ ਦੀ ਖੇਡ ਬਣਾਉ, ਸਚ ਆਚਰਨ ਨੂੰ ਤੁਸੀਂ ਨਰਦਾਂ ਬਣਾਓ। (ਇਸ ਤਰ੍ਹਾਂ ਤੁਸੀਂ) ਕਾਮ, ਕ੍ਰੋਧ, ਲੋਭ ਅਤੇ ਮੋਹ ਨੂੰ ਜਿਤ ਲਵੋ (ਭਾਵ ਇਹਨਾਂ ਤੇ ਕਾਬੂ ਪਾ ਲਵੋ), ਇਹੋ ਜਿਹੀ ਖੇਡ, ਪਰਮਾਤਮਾ ਨੂੰ ਪਿਆਰੀ ਲਗਦੀ ਹੈ।੨।

(ਹੇ ਭਾਈ!) ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰੋ, ਸੁਤੇ ਹੋਏ ਵੀ ਹਰੀ (ਨਾਮ ਦੀ) ਅਰਾਧਨਾ (ਸਾਧਨਾ) ਕਰਦੇ ਰਹੁ। (ਫਿਰ) ਔਖੇ ਦਾਉ-ਪੇਚਾਂ ਤੋਂ (ਭਾਵ ਬਿਖੜੇ ਸੰਸਾਰ ਦੀਆਂ ਘੁੰਮਣ ਘੇਰੀਆਂ ਵਿਚੋਂ ਬਚਾਅ ਕੇ) ਮੇਰਾ ਸਤਿਗੁਰੂ ਪਾਰ ਲੰਘਾ ਦਿੰਦਾ ਹੈ (ਅਤੇ) ਸੁਖ ਸ਼ਾਂਤੀ ਨਾਲ ਨਿਜ ਘਰਿ ਵਿਚ ਚਲੇ ਜਾਈਦਾ ਹੈ।੩।

(ਹੇ ਭਾਈ!) ਪਰਮਾਤਮਾ ਆਪ ਹੀ (ਵਿਆਪਕ ਰੂਪ ਵਿਚ ਹਰੇਕ ਦੇ ਅੰਦਰ) ਖੇਡਦਾ ਹੈ, ਆਪ ਹੀ ਦੇਖਦਾ ਹੈ (ਅਤੇ ਉਸਨੇ) ਆਪ ਹੀ ਜਗਤ ਨੂੰ ਬਣਾਇਆ ਹੈ। ਦਾਸ ਨਾਨਕ (ਆਖਦਾ ਹੈ ਕਿ) ਜਿਹੜਾ ਜੀਵ ਗੁਰੂ ਦੁਆਰਾ (ਇਸ ਤਰ੍ਹਾਂ ਚੋਪੜ ਰੂਪ) ਬਾਜ਼ੀ ਖੇਡਦਾ ਹੈ, ਉਹ (ਮਨੁੱਖ ਹੀ ਜੀਵਨ) ਬਾਜ਼ੀ ਜਿਤ ਕੇ ਨਿਜ ਘਰ ਵਿਚ ਆਇਆ (ਸਮਝੋ)।੪।੧।੧੮।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਸੰਸਾਰ ਨੂੰ ਚੋਪੜ ਦੀ ਖੇਡ ਨਾਲ ਤੁਲਨਾ ਦੇ ਕੇ ਜੀਵਨ-ਬਾਜ਼ੀ ਦੀ ਜਾਚ

ਸਿਖਾਈ ਹੈ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਵਿਕਾਰਾਂ ਤੇ ਕਾਬੂ ਪਾਉਣਾ ਬਹੁਤ ਔਖਾ ਹੈ। ਗੁਰੂ ਦੁਆਰੇ ਜੇ ਸਤਿਸੰਗਤ ਵਿਚ ਜੁੜ ਕੇ ਬੈਠੀਏ, ਪ੍ਰਭੂ-ਨਾਮ ਦੀ ਅਰਾਧਨਾ-ਸਾਧਨਾ ਕਰੀਏ ਤਾਂ ਜੀਵਨ ਦੇ ਦਾਉ ਪੇਚਾਂ ਚੋਂ ਪਾਰ ਲੰਘ ਕੇ ਆਪਣੀ ਜੀਵਨ ਬਾਜ਼ੀ ਜਿਤਣ ਵਿਚ ਸਫਲ ਹੋ ਸਕੀਦਾ ਹੈ। ਚੌਪੜਿ ਦੀ ਬਾਜ਼ੀ ਬਾਰੇ ਗੁਰਬਾਣੀ ਸਾਡੀ ਇਉਂ ਅਗਵਾਈ ਕਰਦੀ ਹੈ :

**ਹਉਮੈ ਚਉਪੜਿ ਖੇਲਣਾ, ਝੂਠੇ ਅਹੰਕਾਰਾ ॥**
**ਸਭੁ ਜਗੁ ਹਾਰੈ ਸੋ ਜਿਣੈ, ਗੁਰ ਸਬਦੁ ਵੀਚਾਰਾ ॥** [ਪੰਨਾ ੪੨੨

ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਜਿਹੜੇ ਮਨੁੱਖ ਝੂਠ ਤੇ ਹੰਕਾਰ ਦੀਆਂ ਨਰਦਾਂ ਨਾਲ ਜੀਵਨ ਖੇਡ ਖੇਡਦੇ ਹਨ ਉਹ ਸਫਲ ਨਹੀਂ ਹੁੰਦੇ। ਜਿਹੜਾ ਮਨੁੱਖ ਗੁਰੂ ਦੇ ਸ਼ਬਦ ਨੂੰ ਵੀਚਾਰਦਾ ਹੈ ਉਹ ਬਾਜ਼ੀ ਜਿਤ ਜਾਂਦਾ ਹੈ, ਬਾਕੀ ਸਾਰਾ ਸੰਸਾਰ ਉਸ ਦੇ ਮੁਕਾਬਲੇ ਹਾਰ ਜਾਂਦਾ ਹੈ

ਭਗਤ ਕਬੀਰ ਜੀ ਫੁਰਮਾਉਂਦੇ ਹਨ ਕਿ ਜਿਸ ਜੀਵ ਦੇ ਮਨ ਵਿਚ ਪਰਮਾਤਮਾ ਆਪਣਾ ਨਾਮ ਵਸਾ ਦਿੰਦਾ ਹੈ, ਉਸ ਦੀ ਹਉਮੈ ਦੂਰ ਹੋ ਜਾਂਦੀ ਹੈ।ਉਹ ਪਰਮਾਤਮਾ ਦੇ ਹੁਕਮ ਨੂੰ ਸਮਝਦਾ ਹੋਇਆ ਚੌਪੜ ਖੇਡਦਾ ਹੈ। ਉਹ ਇਸ ਤਰ੍ਹਾਂ ਦੀ ਨਰਦ (ਪਾਸਾ) ਸੁਟਦਾ ਹੈ ਕਿ ਆਪਣੇ ਮਨ ਨੂੰ ਜਿਤ ਲੈਂਦਾ ਹੈ। ਭਗਤ ਜੀ ਦੇ ਬਚਨ ਹਨ :-

**ਜਿਸੁ ਕਉ ਸਬਦੁ ਬਸਾਵੈ ਅੰਤਰਿ ਚੂਕੈ ਤਿਸਹਿ ਪਿਆਸਾ ॥**
**ਹੁਕਮੈ ਬੂਝੈ ਚਉਪੜਿ ਖੇਲੈ, ਮਨੁ ਜਿਣਿ ਢਾਲੇ ਪਾਸਾ ॥੩॥**
**ਜੋ ਜਨ ਜਾਨਿ ਭਜਹਿ ਅਬਿਗਤ ਕਉ, ਤਿਨ ਕਾ ਕਛੂ ਨ ਨਾਸਾ॥**
**ਕਹੁ ਕਬੀਰ ਤੇ ਜਨ ਕਬਹੁ ਨ ਹਾਰਹਿ, ਢਾਲਿ ਜੁ ਜਾਨਹਿ ਪਾਸਾ॥** [ਪੰਨਾ ੭੯੩

ਸਿਧਾਂਤ ਇਹ ਹੈ ਕਿ ਮਨ ਦੀ ਈਰਖਾ, ਦਵੈਤ, ਵੈਰ ਵਿਰੋਧ ਨੂੰ ਤਿਲਾਂਜਲੀ ਦੇਈਏ, ਇਕ ਪਿਤਾ ਦੇ ਪੁਤਰ ਬਣ ਕੇ ਨਾਮ ਜਪਣ ਦੇ ਜੋੜੀਦਾਰ (ਸਤਿਸੰਗੀ) ਬਣ ਕੇ ਆਪਣਾ ਜੀਵਨ ਸਫਲ ਕਰੀਏ।

**ਬਸੰਤੁ ਮਹਲਾ ੫ ਹਿੰਡੋਲ ॥ ਤੇਰੀ ਕੁਦਰਤਿ ਤੂਹੈ ਜਾਣਹਿ, ਅਉਰੁ ਨ ਦੂਜਾ ਜਾਣੈ ॥ ਜਿਸਨੋ ਕ੍ਰਿਪਾ ਕਰਹਿ ਮੇਰੇ ਪਿਆਰੇ, ਸੋਈ ਤੁਝੈ ਪਛਾਣੈ ॥੧॥ ਤੇਰਿਆ ਭਗਤਾ ਕਉ ਬਲਿਹਾਰਾ ॥ ਥਾਨੁ ਸੁਹਾਵਾ ਸਦਾ ਪ੍ਰਭ ਤੇਰਾ, ਰੰਗ ਤੇਰੇ ਆਪਾਰਾ ॥੧॥ ਰਹਾਉ ॥ ਤੇਰੀ ਸੇਵਾ ਤੁਝ ਤੇ ਹੋਵੈ, ਅਉਰੁ ਨ ਦੂਜਾ ਕਰਤਾ ॥ ਭਗਤੁ ਤੇਰਾ ਸੋਈ, ਤੁਧੁ ਭਾਵੈ, ਜਿਸ ਨੋ ਤੂੰ ਰੰਗੁ ਧਰਤਾ ॥੨॥ ਤੂ ਵਡ ਦਾਤਾ ਤੂ ਵਡ ਦਾਨਾ, ਅਉਰੁ ਨਹੀ ਕੋ ਦੂਜਾ ॥ ਤੂ ਸਮਰਥੁ ਸੁਆਮੀ ਮੇਰਾ, ਹਉ ਕਿਆ ਜਾਣਾ ਤੇਰੀ ਪੂਜਾ ॥੩॥ ਤੇਰਾ ਮਹਲੁ ਅਗੋਚਰੁ ਮੇਰੇ ਪਿਆਰੇ, ਬਿਖਮੁ ਤੇਰਾ ਹੈ ਭਾਣਾ ॥ ਕਹੁ ਨਾਨਕ ਢਹਿ ਪਇਆ ਦੁਆਰੈ, ਰਖਿ ਲੇਵਹੁ ਮੁਗਧ ਅਜਾਣਾ ॥੪॥੨॥੨੦॥**

## ਉਚਾਰਨ ਸੇਧ

**ਬਿੰਦੀ ਸਹਿਤ :** ਤੂਹੈਂ, ਜਾਣਹਿਂ, ਕਰਹਿਂ, ਤੇਰਿਆਂ ਭਗਤਾਂ ਕਉਂ, ਨਹੀਂ, ਹਉਂ।

**ਫੁਟਕਲ :** 'ਦਾਨਾ' ਫਾਰਸੀ ਦਾ ਸ਼ਬਦ ਹੈ, ਇਸ ਦਾ ਉਚਾਰਨ 'ਦਾਨਾਅ' ਹੈ ਦਾਨਾਂ' ਠੀਕ ਨਹੀਂ ਹੈ। ਜੋ ਉਚਾਰਨ ਇਕ ਵਾਰੀ ਜ਼ਬਾਨ ਤੇ ਚੜ ਜਾਏ ਉਸ ਨੂੰ ਬਦਲਣ ਲਈ ਬੜੀ ਚੇਤਨਤਾ ਦੀ ਲੋੜ ਹੈ। ਭਾਵੇਂ ਪੰਜਾਬੀ ਵਿਚ ਹੁਣ 'ਦਾਨਾਂ' ਹੀ ਪ੍ਰਚਲਤ ਹੋ ਗਿਆ ਹੈ, ਫਿਰ ਵੀ ਇਸ ਨੂੰ ਵੀਚਾਰਨ ਦੀ ਲੋੜ ਹੈ।

**ਪਦ ਅਰਥ :** ਤੂਹੈ-ਤੂੰ ਹੀ। ਜਾਣਹਿ-ਜਾਣਦਾ ਹੈਂ। ਅਉਰ-ਹੋਰ। ਕ੍ਰਿਪਾ ਕਰਹਿ-(ਤੂੰ) ਮਿਹਰ ਕਰਦਾ ਹੈਂ। ਸੋਈ-ਉਹੀ (ਜੀਵ) ।੧। ਬਲਿਹਾਰਾ-ਸਦਕੇ। ਸੁਹਾਵਾ-ਸੋਹਣਾ। ਰੰਗ-ਖੇਲ, ਚੋਜ। ਅਪਾਰਾ-ਬੇਅੰਤ ।੧। ਰਹਾਉ। ਕਰਤਾ-ਕਰਦਾ। ਤੁਧੁ ਭਾਵੈ-(ਜੋ) ਤੈਨੂੰ ਭਾਉਂਦਾ ਚੰਗਾ ਲਗਦਾ ਹੈ। ਰੰਗ ਧਰਤਾ-ਰੰਗ ਚਾੜ੍ਹਦਾ ਹੈਂ, ਪ੍ਰੇਮ ਲਾਉਂਦਾ ਹੈਂ ।੨। ਦਾਨਾ-ਸਿਆਣਾ। ਸਮਰਥ-ਸ਼ਕਤੀਵਾਨ। ਸੁਆਮੀ-ਮਾਲਕ। ਹਉ-ਮੈਂ ।੩। ਮਹਲੁ-ਟਿਕਾਣਾ। ਅਗੋਚਰੁ-ਜੀਵ ਦ੍ਰਿਸ਼ਟੀ ਤੋਂ ਪਰੇ। ਬਿਖਮੁ-ਔਖਾ। ਭਾਣਾ-ਰਜ਼ਾ। ਦੁਆਰੈ-ਦਰ ਉਤੇ। ਮੁਗਧ-ਮੂਰਖ। ਅਜਾਣਾ-ਅਨਜਾਣ ।੪।

**ਅਰਥ :** (ਹੇ ਪ੍ਰਭੂ!) ਤੇਰੀ ਕੁਦਰਤਿ ਤੂੰ (ਆਪ) ਹੀ ਜਾਣਦਾ ਹੈਂ, ਹੋਰ ਦੂਜਾ ਕੋਈ ਨਹੀਂ ਜਾਣਦਾ ਹੈ। ਹੇ ਮੇਰੇ ਪਿਆਰੇ! ਜਿਸ ਉਤੇ (ਤੂੰ) ਮਿਹਰ ਕਰਦਾ ਹੈਂ, ਉਹੀ (ਮਨੁੱਖ)ਤੈਨੂੰ ਪਛਾਣਦਾ ਹੈ।੧।

(ਹੇ ਪ੍ਰਭੂ !) ਮੈਂ ਤੇਰੇ ਭਗਤਾਂ ਤੋਂ ਬਲਿਹਾਰੇ (ਸਦਕੇ) ਜਾਂਦਾ ਹਾਂ। ਹੇ ਪ੍ਰਭੂ ਤੇਰਾ ਅਸਥਾਨ (ਸਤਿਸੰਗ) ਸਦਾ ਹੀ ਸੋਹਣਾ ਹੈ (ਅਤੇ) ਤੇਰੇ ਚੋਜ ਵੀ ਬੇਅੰਤ ਹਨ ।੧। ਰਹਾਉ।

(ਹੇ ਪ੍ਰਭੂ !) ਤੇਰੀ ਸੇਵਾ ਤੇਰੇ ਪਾਸੋਂ (ਮਿਲੀ ਪ੍ਰੇਰਨਾ ਨਾਲ ਹੀ) ਹੋ ਆਉਂਦੀ ਹੈ, ਹੋਰ ਦੂਜਾ (ਕੋਈ ਤੇਰੀ) ਸੇਵਾ ਨਹੀਂ ਕਰ ਸਕਦਾ। ਤੇਰਾ ਭਗਤ ਓਹੀ ਹੈ ਜੋ ਤੈਨੂੰ ਚੰਗਾ ਲਗਦਾ ਹੈ, ਜਿਸ ਨੂੰ ਤੂੰ (ਆਪਣਾ) ਪਿਆਰ ਕਰਦਾ ਹੈਂ (ਭਾਵ ਆਪਣੇ ਨਾਮ ਦਾ ਰੰਗ ਚਾੜ੍ਹ ਦਿੰਦਾ ਹੈਂ) ।੨।

(ਹੇ ਪ੍ਰਭੂ !) ਤੂੰ ਵੱਡਾ ਦਾਤਾ ਹੈਂ, ਤੂੰ ਵੱਡਾ ਸਿਆਣਾ ਹੈਂ (ਤੇਰੇ ਵਰਗਾ ਦਾਤਾ ਤੇ ਸਿਆਣਾ) ਹੋਰ ਦੂਜਾ ਕੋਈ ਨਹੀਂ ਹੈ। ਤੂੰ (ਸਰਬ ਕਲਾ) ਸਮਰਥ (ਸ਼ਕਤੀਵਾਨ) ਹੈਂ, ਤੂੰ ਮੇਰਾ ਮਾਲਕ ਹੈਂ, ਮੈਂ ਤੇਰੀ ਪੂਜਾ (ਭਗਤੀ ਕਰਨੀ) ਕੀ ਜਾਣ ਸਕਦਾ ਹਾਂ (ਭਾਵ ਕੁਝ ਨਹੀਂ ਜਾਣਦਾ, ਅਨਜਾਣ ਹਾਂ) ।੩।

ਹੇ ਪਿਆਰੇ (ਪ੍ਰਭੂ !) ਤੇਰਾ ਟਿਕਾਣਾ (ਸੋ ਦਰੁ) ਜੀਵ-ਦ੍ਰਿਸ਼ਟੀ ਤੋਂ ਪਰੇ ਹੈ (ਅਤੇ) ਤੇਰਾ ਭਾਣਾ (ਮੰਨਣਾ ਬਹੁਤ ਕਰੜਾ) ਔਖਾ ਹੈ। ਨਾਨਕ ! ਆਖ (ਕਿ ਹੇ ਪ੍ਰਭੂ !) ਮੈਂ ਤੇਰੇ ਦਰ ਤੇ ਢਹਿ ਪਿਆ ਹਾਂ ? (ਮੈਂ) ਮੂਰਖ ਤੇ ਅਨਜਾਣ ਨੂੰ (ਆਪਣੀ ਸ਼ਰਣ ਵਿਚ) ਰਖ ਲਵੋ ਜੀ ।੪।੨।੨੦।

## ਸਾਰੰਸ਼ ਅਤੇ ਸਿਧਾਂਤ

ਪ੍ਰਭੂ ਦੀ ਬੇਅੰਤਤਾ ਨੂੰ ਦਰਸਾਉਣ ਲਈ ਅਸਮਰਥਾ ਦੇ ਪ੍ਰਗਟਾਵੇ ਵਾਲਾ ਕਿਤਨਾ ਪਿਆਰਾ ਸ਼ਬਦ ਹੈ ਚੋਜੀ ਅਤੇ ਮੌਜੀ ਮਾਲਕ ਦੇ ਸੁਹਾਵਣੇ ਅਸਥਾਨ ਦੇ ਆਤਮਿਕ ਦਰਸ਼ਨ ਪਰਮਾਤਮਾ ਦੇ ਭਗਤ ਜਨਾ ਨੂੰ ਹੀ ਨਸੀਬ ਹੁੰਦੇ ਹਨ। ਪ੍ਰਭੂ ਦੀ ਭਗਤੀ ਵਿਚ ਓਹੀ ਮਨੁੱਖ ਲਗ ਸਕਦਾ ਹੈ ਜਿਸ ਉਤੇ

ਪ੍ਰਭੂ ਆਪਣੀ ਮਿਹਰ ਕਰਦਾ ਹੈ।

ਅਸਲ ਵਿਚ ਰੱਬੀ-ਭਗਤੀ; ਭਗਤਾਂ ਨੂੰ ਹੀ ਕਰਨੀ ਬਣਿ ਆਉਂਦੀ ਹੈ ਕਿਉਂਕਿ ਜਿਹੜਾ ਬਿਖਮੁ ਭਾਣਾ ਹੈ, ਉਸ ਨੂੰ ਭਗਤ ਨਾਮ ਦੇਵ ਜੀ, ਭਗਤ ਕਬੀਰ ਜੀ ਵਰਗੇ ਬ੍ਰਹਮ ਬੇਤਿਆ ਨੇ ਹੀ ਮੰਨਿਆ ਹੈ। ਜੋ ਜ਼ਾਲਮ ਹਾਕਮਾਂ, ਪੰਡਤਾਂ ਤੇ ਮੁਲਾਂ-ਮੋਲਾਣਿਆਂ ਤੋਂ ਭੈ ਭੀਤ ਨਹੀਂ ਹੋਏ 'ਮਿਠਾ ਲਗੈ ਤੇਰਾ ਭਾਣਾ' ਦੇ ਪੂਰਨਿਆਂ ਤੇ ਪੂਰੇ ਉਤਰੇ।

**ਬਸੰਤੁ ਹਿੰਡੋਲ ਮਹਲਾ ੫ ॥ ਮੂਲੁ ਨ ਬੂਝੈ ਆਪੁ ਨ ਸੂਝੈ, ਭਰਮਿ ਬਿਆਪੀ ਅਹੰ ਮਨੀ॥੧॥ ਪਿਤਾ ਪਾਰਬ੍ਰਹਮ ਪ੍ਰਭ ਧਨੀ॥ ਮੋਹਿ ਨਿਸਤਾਰਹੁ, ਨਿਰਗੁਨੀ॥੧॥ਰਹਾਉ॥ ਓਪਤਿ ਪਰਲਉ ਪ੍ਰਭ ਤੇ ਹੋਵੈ, ਇਹ ਬੀਚਾਰੀ ਹਰਿ ਜਨੀ॥੨॥ ਨਾਮ ਪ੍ਰਭੂ ਕੇ ਜੋ ਰੰਗਿ ਰਾਤੇ, ਕਲਿ ਮਹਿ ਸੁਖੀਏ ਸੇ ਗਨੀ॥੩॥ ਅਵਰੁ ਉਪਾਉ ਨ ਕੋਈ ਸੂਝੈ, ਨਾਨਕ, ਤਰੀਐ ਗੁਰ ਬਚਨੀ ॥੪॥੩॥੨੧॥**

ਉਚਾਰਨ ਸੇਧ

**ਬਿੰਦੀ ਸਹਿਤ** : ਜਨੀਂ, ਮਹਿਂ, ਗਨੀਂ।

**ਪਦ ਅਰਥ** : ਮੂਲੁ-ਪਰਮਾਤਮਾ। ਆਪੁ-ਆਪਣਾ ਆਪ। ਨ ਸੂਝੈ-ਨਹੀਂ ਸਮਝਦਾ। ਭਰਮਿ-ਭਟਕਣਾ ਵਿਚ। ਬਿਆਪੀ-ਪਈ ਹੋਈ ਹੈ। ਅਹੰ ਮਨੀ-ਹੰਗਤਾ, ਮੈਂ-ਮੇਰੀ ਕਰਕੇ।੧। ਧਨੀ-ਹੇ ਮਾਲਕ! । ਮੋਹਿ-ਮੈਨੂੰ। ਨਿਰਗੁਨੀ-ਗੁਣ ਹੀਣ ਨੂੰ।੧।ਰਹਾਉ। ਓਪਤਿ-ਉਤਪਤੀ। ਪਰਲਉ-ਨਾਸ਼ਮਾਨਤਾ। ਤੇ-ਤੋਂ। ਹਰਿ ਜਨੀ-ਹਰੀ ਜਨਾਂ ਨੇ।੨। ਰੰਗਿ-ਪਿਆਰ ਵਿਚ। ਕਲਿ ਮਹਿ-ਕਲਜੁਗ ਵਿਚ। ਗਨੀ-ਮੈਂ ਗਿਣਦਾ ਹਾਂ।੩। ਅਵਰੁ ਉਪਾਉ-ਹੋਰ ਜਤਨ। ਤਰੀਐ-ਤਰ ਜਾਈਦਾ। ਗੁਰਬਚਨੀ-ਗੁਰੂ ਦੇ ਬਚਨਾ ਦੁਆਰਾ।੪।

**ਅਰਥ** : (ਹੇ ਭਾਈ! ਜੀਵ) ਮੂਲ (ਪ੍ਰਭੂ) ਨੂੰ ਜਾਣਦਾ ਨਹੀਂ ਹੈ, ਨਾ ਆਪਣਾ ਆਪ ਪਛਾਣਦਾ ਹੈ, ਮੈਂ-ਮੇਰੀ ਕਰਕੇ (ਜੀਵ ਦੀ ਬੁਧੀ) ਭਰਮ ਭਟਕਣਾ ਵਿਚ ਪਈ ਰਹਿੰਦੀ ਹੈ।੧।

ਹੇ ਪਿਤਾ ਪਰਮੇਸ਼ਰ! ਹੇ ਮਾਲਕ ਪ੍ਰਭੂ! ਮੈਨੂੰ ਗੁਣਾਂ ਤੋਂ ਹੀਣੇ ਨੂੰ (ਸੰਸਾਰ ਸਾਗਰ ਤੋਂ) ਤਾਰ ਲਵੋ ਜੀ।੧। ਰਹਾਉ।

(ਹੇ ਭਾਈ!) ਹਰੀ ਦੇ ਦਾਸਾਂ ਨੇ ਇਹ (ਤਤ ਗਲ) ਵੀਚਾਰੀ ਹੈ ਕਿ (ਜਗਤ ਦੀ) ਉਤਪਤੀ ਤੇ ਨਾਸ਼ਮਾਨਤਾ ਪ੍ਰਭੂ ਦੇ (ਹੁਕਮ) ਤੋਂ ਹੀ ਹੁੰਦੀ ਹੈ।੨।

(ਹੇ ਭਾਈ!) ਜਿਹੜੇ (ਜੀਵ) ਪ੍ਰਭੂ ਦੇ (ਨਾਮ) ਰੰਗ ਵਿਚ ਰੰਗੇ ਹੋਏ ਹਨ, ਓਹੀ (ਮਨੁੱਖ) ਕਲਜੁਗ ਵਿਚ ਸੁਖੀ ਗਿਣੇ (ਸਮਝੇ) ਜਾਂਦੇ ਹਨ।੩।

ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਗੁਰੂ ਦੇ ਬਚਨ ਤੇ (ਅਮਲ ਕਰਕੇ ਹੀ ਸੰਸਾਰ ਸਾਗਰ ਤੋਂ) ਤਰਿਆ ਜਾ ਸਕਦਾ ਹੈ, (ਇਸ ਤੋਂ ਇਲਾਵਾ) ਹੋਰ ਕੋਈ ਹੀਲਾ ਜਗਤ (ਤੋਂ ਪਾਰ ਹੋਣ ਲਈ) ਨਹੀਂ ਸੁਝਦਾ।੪।੩।੨੧।

## ਅਰਥ ਭੇਦ ਅਤੇ ਨਿਰਣੈ

**ਮੂਲੁ ਨ ਬੂਝੈ ਆਪੁ ਨ ਸੂਝੈ, ਭਰਮਿ ਬਿਆਪੀ ਅਹੰ ਮਨੀ ॥**

ਵਖ ਵਖ ਅਰਥ :

੧. ਮੂਲ ਰੂਪ ਪਰਮਾਤਮਾ ਨੂੰ ਆਦਮੀ ਸਮਝਦਾ ਨਹੀਂ ਹੈ ਏਸੇ ਕਰਕੇ ਇਸ ਨੂੰ ਆਪਣਾ ਆਪ ਨਹੀਂ ਸੁਝਦਾ ਹੈ ਤੇ ਭਰਮ ਵਿਚ ਵਿਆਪੀ ਹੋਈ ਬੁਧੀ ਹੰਗਤਾ ਨੂੰ ਮੰਨ ਬੈਠੀ ਹੈ। [ਗ੍ਰਿ ਬਿਸ਼ਨ ਸਿੰਘ

੨. ਭਰਮ ਵਿਚ ਹੋਣ ਕਰਕੇ ਐਸੀ ਹਉਮੈਂ ਵਾਪਰੀ ਹੈ ਕਿ ਮਨੁੱਖ ਆਪਣੇ ਅਸਲੇ ਹਰੀ ਨੂੰ ਨਹੀਂ ਸਮਝਦਾ ਅਤੇ ਨਾ ਹੀ ਆਪਣੇ ਆਪ ਨੂੰ ਸਮਝਦਾ ਹੈ। [ਸ਼ਬਦਾਰਥ

੩. ਹੇ ਭਾਈ ! ਹਉਮੈ ਦੇ ਕਾਰਨ (ਜੀਵ ਦੀ) ਬੁਧੀ ਮਾਇਆ ਦੀ (ਖ਼ਾਤਰ) ਦੌੜ ਭਜ ਵਿਚ ਫਸੀ ਰਹਿੰਦੀ ਹੈ (ਤਾਹੀਏਂ ਜੀਵ ਆਪਣੇ) ਮੂਲ-ਪ੍ਰਭੂ ਨਾਲ ਸਾਂਝ ਨਹੀਂ ਪਾਂਦਾ, ਅਤੇ ਆਪਣੇ ਆਪ ਨੂੰ ਭੀ ਨਹੀਂ ਸਮਝਦਾ। [ਦਰਪਣ

੪. ਅਹੰ ਮਨੀ-ਮਨੌਤਾ ਵਿਚ। [ਗੁਰਬਾਣੀ ਪਾਠ ਦਰਸ਼ਨ

**ਨਿਰਣੈ** : 'ਅਹੰਮਨੀ' ਸੰਧੀਵਾਚਕ ਸ਼ਬਦ ਹੈ ਜਿਸ ਦੇ ਅਰਥ ਹੰਗਤਾ, ਮੈਂ-ਮੇਰੀ, ਹਉਮੈਂ ਕਰਨੇ ਹਨ। 'ਮਨੌਤਾਂ' ਤੇ 'ਭਰਮ' ਦਾ ਮੂਲ ਵੀ ਹੰਗਤਾ, ਹਉਮੈ ਹੈ। ਜੀਵ ਆਪਣੇ ਮੂਲ ਨੂੰ ਨਹੀਂ ਸਮਝਦਾ ਨਾ ਇਸ ਨੂੰ ਆਪਣੇ ਆਪ ਦਾ ਬੋਧ ਹੈ, ਹਉਮੈ ਵਿਚ ਫਸਿਆ ਹੋਣ ਕਰਕੇ ਮਾਇਆ ਦੀ ਭਟਕਣਾ ਤੇ ਹੋਰ ਭਰਮ ਭੁਲੇਖਿਆਂ ਵਿਚ ਫਸਿਆ ਰਹਿੰਦਾ ਹੈ। ਇਥੇ 'ਮੂਲੁ' ਪਦ ਸਰੀਰ ਦਾ ਮੂਲ ਸੰਕੇਤਕ ਨਹੀਂ। ਆਸਾ ਕੀ ਵਾਰ ਵਿਚ ਅੰਕਿਤ ਹੈ - 'ਇਕਿ ਮੂਲੁ ਨ ਬੁਝਨਿ ਆਪਣਾ, ਅਣਹੋਂਦਾ ਆਪੁ ਗਣਾਇਦੇ' ਇਸ ਬਾਰੇ ਗੁਰਦੇਵ ਜੀ ਦੇ ਹੋਰ ਬਚਨ ਵੀ ਹਨ - 'ਗਰਬੁ ਬਡੋ, ਮੂਲੁ ਇਤਨੋ ॥ ਰਹਨੁ ਨਹੀ ਗਹੁ ਕਿਤਨੋ। (ਪੰ. ੨੧੨) ਸੋ, ਇਥੇ ਸਭ ਦਾ ਮੂਲ 'ਪਰਮਾਤਮਾ' ਅਰਥ ਹੀ ਠੀਕ ਹਨ।

## ਸਾਰੰਸ਼ ਅਤੇ ਸਿਧਾਂਤ

ਮਨੁੱਖ ਹਉਮੈ ਵਿਚ ਫਸਿਆ ਹੋਣ ਕਰਕੇ ਆਪਣੇ ਮੂਲ (ਅਸਲੇ) ਨੂੰ ਨਹੀਂ ਸਮਝਦਾ ਅਤੇ ਨਾ ਹੀ ਇਸ ਨੂੰ ਆਪਣੇ ਆਪ ਦੀ ਪਛਾਣ ਹੈ। ਜਿਸ ਨੂੰ ਆਪੇ ਦੀ ਸਮਝ ਆਈ ਹੈ ਓਹੀ ਜੋਦੜੀਆਂ, ਅਰਜ਼ੋਈਆਂ ਕਰਦਾ ਹੋਇਆ ਆਖਦਾ ਹੈ :—

**ਪਿਤਾ ਪਾਰਬ੍ਰਹਮ ਪ੍ਰਭ ਧਨੀ ॥ ਮੋਹਿ ਨਿਸਤਾਰਹੁ ਨਿਰਗੁਨੀ ॥**

ਅੰਤਲੀ ਪੰਕਤੀ ਵਿਚ ਸਾਰੇ ਸ਼ਬਦ ਦਾ ਨਿਚੋੜ ਇਉਂ ਰੂਪਮਾਨ ਕੀਤਾ ਹੈ :—

**ਅਵਰੁ ਉਪਾਉ ਨ ਕੋਈ ਸੂਝੈ, ਨਾਨਕ ਤਰੀਐ ਗੁਰ ਬਚਨੀ ॥**

ਗਲ ਕੀ, ਅੰਤ ਨੂੰ ਸੰਸਾਰ ਸਾਗਰ ਤੋਂ ਨਿਸਤਾਰਾ ਗੁਰੂ ਦੇ ਬਚਨਾਂ ਦੁਆਰਾ, ਅਥਵਾ ਗੁਰੂ ਜੀ ਦੀ ਅਸ਼ੀਰਵਾਦ ਨਾਲ ਹੀ ਹੋਣਾ ਹੈ।

ਕਲਿਜੁਗ ਵਿਚ ਕੇਵਲ ਓਹੀ ਸੁਖੀਏ ਮੰਨੇ ਗਏ ਹਨ ਜਿਹੜੇ ਪਰਮਾਤਮਾ ਦੇ ਨਾਮ-ਰੰਗ ਵਿਚ

ਰੰਗੇ ਹੋਏ ਹਨ, ਬਾਕੀ ਚਾਹੇ ਕਿਤਨੇ ਰਾਜੇ ਮਹਾਰਾਜੇ ਤੇ ਹੋਰ ਹੁਕਮਰਾਨ ਹਨ, ਕੋਈ ਵੀ ਸੁਖੀ ਨਹੀਂ ਹੈ। ਸੁਖਮਨੀ ਸਾਹਿਬ ਵਿਚ 'ਸਗਲ ਸ੍ਰਿਸਟਿ ਕੋ ਰਾਜਾ ਦੁਖੀਆ ॥ ਹਰਿ ਕਾ ਨਾਮੁ ਜਪਤ ਹੋਇ ਸੁਖੀਆ ॥' (ਪੰ. ੨੬੪) ਆਖ ਕੇ ਨਿਰਣਾ ਹੀ ਕਰ ਦਿਤਾ ਹੈ। ਨਾਮ ਜਪ ਕੇ ਵੀ 'ਮੋਹਿ ਨਿਸਤਾਰਹੁ ਨਿਰਗੁਨੀ' ਦਾ ਰਾਗ ਸਦਾ ਅਲਾਪਦੇ ਹੀ ਰਹਿਣਾ ਹੈ।

ੴ ਸਤਿਗੁਰ ਪ੍ਰਸਾਦਿ ॥

ਰਾਗੁ ਬਸੰਤੁ ਹਿੰਡੋਲ ਮਹਲਾ ੯ ॥ ਸਾਧੋ, ਇਹੁ ਤਨੁ ਮਿਥਿਆ ਜਾਨੌ ॥ ਯਾ ਭੀਤਰਿ **ਜੋ ਰਾਮੁ ਬਸਤੁ ਹੈ, ਸਾਚੋ ਤਾਹਿ ਪਛਾਨੋ ॥੧॥ ਰਹਾਉ ॥ ਇਹੁ ਜਗੁ ਹੈ ਸੰਪਤਿ ਸੁਪਨੇ ਕੀ, ਦੇਖਿ ਕਹਾ ਐਡਾਨੋ ॥ ਸੰਗਿ ਤਿਹਾਰੈ ਕਛੂ ਨ ਚਾਲੈ, ਤਾਹਿ ਕਹਾ ਲਪਟਾਨੋ ॥੧॥ ਉਸਤਤਿ ਨਿੰਦਾ ਦੋਊ ਪਰਹਰਿ, ਹਰਿ ਕੀਰਤਿ ਉਰਿ ਆਨੋ ॥ ਜਨ ਨਾਨਕ ਸਭ ਹੀ ਮਹਿ ਪੂਰਨ, ਏਕ ਪੁਰਖੁ ਭਗਵਾਨੋ ॥੨॥੧॥**

ਉਚਾਰਨ ਸੇਧ

**ਬਿੰਦੀ ਸਹਿਤ** : ਤਾਹਿੰ, ਕਹਾਂ, ਮਹਿੰ।

**ਪਦ ਅਰਥ** : ਸਾਧੋ-ਹੇ ਸਾਧੂ ਜਨੋ!। ਮਿਥਿਆ-ਝੂਠਾ, ਨਾਸ਼ਵੰਤ। ਯਾ ਭੀਤਰਿ-ਇਸ (ਤਨ) ਅੰਦਰ। ਬਸਤੁ-ਵਸਦਾ ਹੈ। ਸਾਚੋ-ਸਦਾ ਥਿਰ ਰਹਿਣ ਵਾਲਾ। ਤਾਹਿ-ਉਸ (ਪਰਮਾਤਮਾ) ਨੂੰ।੧ਰਹਾਉ।

ਸੰਪਤਿ-ਸੰਪਤੀ। ਦੇਖਿ-ਵੇਖ ਕੇ। ਕਹਾ ਐਡਾਨੋ-ਕਿਉਂ ਆਕੜਿਆਂ ਫਿਰਦਾ ਹੈਂ?। ਸੰਗਿ ਤਿਹਾਰੈ-ਤੇਰੇ ਨਾਲ। ਕਛੂ ਨ ਚਾਲੈ-ਕੁਛ ਵੀ ਨਹੀਂ ਜਾਂਦਾ। ਕਹ ਲਪਟਾਨੋ-ਕਿਉਂ ਲਪਟਿਆ, ਚੰਬੜਿਆ ਹੋਇਆਂ ਹੈਂ? ।੧।

ਉਸਤਤਿ-ਵਡਿਆਈ। ਨਿੰਦਾ-ਵਿਰੋਧਤਾ। ਪਰਹਰਿ-ਛਡ ਕੇ। ਹਰਿ ਕੀਰਤਿ-ਪਰਮਾਤਮਾ ਦੀ ਸਿਫਤਿ ਸਾਲਾਹ। ਉਰਿ ਆਨੋ-ਹਿਰਦੇ ਵਿਚ ਲਿਆਓ। ਪੂਰਨੁ-ਵਿਆਪਕ। ਭਗਵਾਨੋ-ਭਗਵਾਨ, ਹਰੀ।੨।

**ਅਰਥ** : ਹੇ ਸਾਧੂ ਜਨੋ! ਇਸ ਸਰੀਰ ਨੂੰ ਨਾਸ਼ਵੰਤ ਸਮਝੋ। ਇਸ (ਸਰੀਰ ਦੇ) ਵਿਚ ਜਿਹੜਾ ਪਰਮਾਤਮਾ ਵਸਦਾ ਹੈ, ਉਸ ਨੂੰ ਹੀ ਸਦਾ ਥਿਰ ਰਹਿਣ ਵਾਲਾ ਸਮਝੋ।੧। ਰਹਾਉ।

(ਹੇ ਭਾਈ!) ਇਹ ਜਗਤ (ਉਸ ਤਰ੍ਹਾਂ ਹੈ, ਜਿਵੇਂ) ਸੁਪਨੇ ਦੀ (ਕੋਈ) ਵਸਤੂ ਹੁੰਦੀ ਹੈ, (ਤੂੰ ਇਸ ਸੰਪਤੀ ਨੂੰ) ਵੇਖ ਕੇ ਕਿਉਂ ਆਕੜਿਆਂ ਫਿਰਦਾ ਹੈਂ? ! ਤੇਰੇ ਨਾਲ ਕੁਝ ਵੀ ਨਹੀਂ ਜਾਏਗਾ, ਫਿਰ ਉਸ (ਸੰਪਤੀ) ਨਾਲ ਕਿਉਂ ਚੰਬੜਿਆ ਪਿਆ ਹੈਂ? ।੧।

(ਹੇ ਭਾਈ!) ਵਡਿਆਈ ਤੇ ਨਿੰਦਾ (ਵਿਰੋਧਤਾ) ਦੋਹਾਂ ਨੂੰ ਪਰੇ ਕਰਕੇ (ਭਾਵ ਛਡ ਕੇ) ਪਰਮਾਤਮਾ ਦੀ ਸਿਫਤ ਸਾਲਾਹ ਨੂੰ (ਆਪਣੇ) ਹਿਰਦੇ ਵਿਚ ਲਿਆਓ। ਦਾਸ ਨਾਨਕ (ਆਖਦਾ ਹੈ ਕਿ) ਇਕ ਭਗਵਾਨ (ਆਦਿ ਪੁਰਖ ਹੀ) ਉਸਤਤਿ ਕਰਨੇ ਜੋਗ ਹੈ, (ਜੋ) ਸਾਰਿਆਂ ਵਿਚ ਪਰੀ-ਪੂਰਨ ਹੈ (ਭਾਵ ਵਿਆਪਕ ਹੋ ਰਿਹਾ ਹੈ)।੨।੧।

## ਸਾਰੰਸ਼ ਅਤੇ ਸਿਧਾਂਤ

ਮਨੁੱਖ ਵਿਚ ਸਭ ਤੋਂ ਵਡੀ ਘਾਟ ਇਹ ਹੈ ਕਿ ਇਹ ਆਪਣੇ ਆਪਨੂੰ, ਝੂਠੇ ਤਨ ਨੂੰ, ਸਥਿਰ ਸਮਝਦਾ ਹੈ ਜਿਵੇਂ ਕਿ ਇਸ ਨੇ ਸੰਸਾਰ ਵਿਚ ਸਦਾ ਲਈ ਜੀਉਂਦੇ ਰਹਿਣਾ ਹੋਵੇ । ਗੁਰਦੇਵ ਜੀ ਦੇ ਅੰਮ੍ਰਿਤ ਬਚਨ ਹਨ :-

**ਝੂਠਾ ਤਨੁ ਸਾਚਾ ਕਰਿ ਮਾਨਿਓ, ਜਿਉ ਸੁਪਨਾ ਰੈਨਾਈ ॥** [ਪੰਨਾ ੨੧੯

ਮਨੁੱਖ ਦੀ ਇਸ ਭੁਲ ਨੂੰ ਦੂਰ ਕਰਨ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਫੁਰਮਾ ਰਹੇ ਹਨ । ਹੇ ਭਾਈ ! ਇਸ ਸਰੀਰ ਨੂੰ ਨਾਸ਼ਵੰਤ ਸਮਝ । ਇਸ ਸਰੀਰ ਵਿਚ ਜੋ ਜੋਤਿ ਸਰੂਪ ਪਰਮਾਤਮਾ ਹੈ, ਉਸ ਨੂੰ ਸਦਾ ਕਾਇਮ ਰਹਿਣ ਵਾਲਾ ਸਮਝ ਕਿਉਂਕਿ ਗੁਰਵਾਕ ਹਨ ;-

**ਅਸਤਿ ਏਕ ਦਿਗਰਿ ਕੁਈ ॥ ਏਕ ਤੁਈ ਏਕ ਤੁਈ ॥** [ਪੰਨਾ ੧੪੪

ਗੁਰੂ ਪਾਤਿਸ਼ਾਹ ਇਸ ਭੁਲੜ ਮਨੁੱਖ ਨੂੰ ਸਮਝਾਉਂਦੇ ਹਨ ਕਿ ਹੇ ਜੀਵ! ਤੂੰ ਧਨ ਪਦਾਰਥ, ਜਾਇਦਾਦਾ ਆਦਿ ਵੇਖ ਕੇ ਕਿਉਂ ਆਕੜਿਆ ਫਿਰਦਾ ਹੈਂ । ਇਹ ਤਾਂ 'ਸੁਪਨੇ ਕੀ ਸੰਪਤਿ' ਹੈ ਜਿਸ ਦੀ ਆਪਣੀ ਕੋਈ ਹੋਂਦ ਨਹੀਂ ਹੈ । ਫਿਰ ਸਰੀਰ ਛੱਡਣ ਸਮੇਂ ਕੋਈ ਵਸਤੂ ਵੀ ਕਿਸੇ ਨਾਲ ਨਹੀਂ ਜਾਂਦੀ । ਇਸ ਲਈ ਮਹਿਲ ਮਾੜੀਆਂ ਵਿਚ ਖਚਿਤ ਹੋਣ ਦੀ ਕੀ ਲੋੜ ਪਈ ਹੈ ?

ਸਿਧਾਂਤ ਇਹ ਹੈ ਕਿ ਹੇ ਮੂਰਖ ਮਨ! ਤੂੰ ਮਾਇਆ ਵਿਚ ਫਸ ਕੇ ਇਕ ਦੂਜੇ ਦੀ ਉਸਤਤਿ ਤੇ ਨਿੰਦਾ ਵਿਚ ਨਾ ਫਸ, ਇਹਨਾਂ ਦੋਹਾਂ ਤੋਂ ਉਪਰ ਉਠ ਕੇ ਪਰਮਾਤਮਾ ਦਾ ਜਸ ਕੀਰਤਨ ਗਾਇਨ ਕਰ, ਜਿਸ ਨਾਲ ਤੇਰਾ ਅਮੋਲਕ ਜਨਮ ਸਫਲ ਹੋ ਜਾਵੇ ।

**ਬਸੰਤ ਮਹਲਾ ੯ ॥ ਪਾਪੀ, ਹੀਐ ਮਹਿ ਕਾਮੁ ਬਸਾਇ ॥ ਮਨੁ ਚੰਚਲੁ, ਯਾ ਤੇ ਗਹਿਓ ਨ ਜਾਇ॥੧॥ਰਹਾਉ॥ ਜੋਗੀ ਜੰਗਮ ਅਰੁ ਸੰਨਿਆਸ॥ ਸਭ ਹੀ ਪਰਿ, ਡਾਰੀ ਇਹ ਫਾਸ॥੧॥ ਜਿਹ ਜਿਹ, ਹਰਿ ਕੋ ਨਾਮੁ ਸਮਾਰਿ॥ ਤੇ, ਭਵ ਸਾਗਰ ਉਤਰੇ ਪਾਰਿ ॥੨॥ ਜਨ ਨਾਨਕ ਹਰਿ ਕੀ ਸਰਨਾਇ ॥ ਦੀਜੈ ਨਾਮੁ, ਰਹੈ ਗੁਨ ਗਾਇ ॥੩॥੨॥**

## ਉਚਾਰਨ ਸੇਧ

**ਬਿੰਦੀ ਸਹਿਤ** : ਮਹਿਂ ਜਿਹਿਂ ।

**ਪਦ ਅਰਥ** : ਪਾਪੀ-ਪਾਪੀ (ਵਿਸ਼ਈ ਮਨੁੱਖ)। ਹੀਐ ਮਹਿ-ਹਿਰਦੇ ਵਿਚ। ਕਾਮ-ਕਾਮ ਵਾਸ਼ਨਾ । ਬਸਾਇ-ਵਸਾਂਦਾ ਹੈ । ਚੰਚਲ-ਨਾ ਟਿਕਣ ਵਾਲਾ । ਯਾ ਤੇ-ਇਸ ਕਰਕੇ । ਗਹਿਓ-ਨਾ ਜਾਈ, ਫੜਿਆ ਨਹੀਂ ਜਾ ਸਕਦਾ ।੧ਰਹਾਉ। ਜੰਗਮ-ਸ਼ਿਵ ਮਤ ਦਾ ਇਕ ਫਿਰਕਾ, ਜੋ ਜੋਗੀਆਂ ਦੀ ਇਕ ਸ਼ਾਖ ਹੈ । ਉਹ ਆਪਣੇ ਸਿਰ ਉਤੇ ਸਪ ਦੀ ਸ਼ਕਲ ਵਾਲੀ ਰਸੀ ਨੂੰ ਧਾਤੂ ਦਾ ਚੰਦ੍ਰਮਾ ਪਹਿਰਦੇ ਹਨ । ਕੰਨਾ ਵਿਚ ਪਿਤਲ ਦੇ ਫੁੱਲ, ਮੋਰ ਦੇ ਖੰਭ ਬਣਾ ਕੇ ਟਲੀ ਵਜਾ ਕੇ ਹਟੀ ਹਟੀ ਮੰਗਦੇ ਫਿਰਦੇ ਹਨ । ਪੋਠੋਹਾਰ

(ਪਾਕਿਸਤਾਨ) ਦੇ ਪਿੰਡਾਂ ਵਿਚ ਇਹਨਾਂ ਨੂੰ ਲੋਕ 'ਜਮਕੂ' ਆਖਦੇ ਸਨ। ਸੰਨਿਆਸ-ਤਿਆਗੀ। ਫਾਸ-ਫਾਹੀ।੧। ਸਮਾਰਿ-ਸੰਭਾਲਿਆ, ਸਿਮਰਨ ਕੀਤਾ ਹੈ। ਤੇ-ਓਹ (ਮਨੁੱਖ)।੨। ਸਰਨਾਇ-ਸ਼ਰਨ ਵਿਚ। ਰਹੈ ਗੁਨ ਗਾਇ-ਗੁਨ ਗਾਂਦਾ ਰਹੇ।੩।

**ਅਰਥ** : (ਹੇ ਭਾਈ !) ਪਾਪੀ (ਮਨੁੱਖ ਆਪਣੇ) ਹਿਰਦੇ ਵਿਚ ਕਾਮ ਰੂਪ ਵਾਸ਼ਨਾ ਵਸਾਂਦਾ (ਟਿਕਾਂਦਾ) ਹੈ। ਇਸ ਕਰਕੇ ਚੰਚਲ ਮਨ ਫੜਿਆ ਨਹੀਂ ਜਾ ਸਕਦਾ (ਭਾਵ ਇਸ ਤੇ ਕਾਬੂ ਨਹੀਂ ਆ ਸਕਦਾ)।੧।ਰਹਾਉ।

(ਹੇ ਭਾਈ !) ਜੋਗੀ, ਜੰਗਮ ਅਤੇ ਸੰਨਿਆਸ (ਧਾਰਨ ਵਾਲੇ ਜਿਤਨੇ ਆਪਣੇ ਆਪ ਨੂੰ ਤਿਆਗੀ ਦਸਦੇ ਹਨ) ਸਾਰਿਆਂ ਉੱਤ ਹੀ (ਕਾਮ ਨੇ) ਇਹ ਫਾਹੀ ਪਾਈ ਹੋਈ ਹੈ।੧।

(ਹੇ ਭਾਈ !) ਜਿਸ ਜਿਸ (ਮਨੁੱਖ) ਨੇ ਪਰਮਾਤਮਾ ਦਾ ਨਾਮ ਸੰਭਾਲਿਆ (ਯਾਦ ਕੀਤਾ) ਹੈ, ਓਹ (ਸਾਰੇ ਹੀ) ਸੰਸਾਰ ਸਾਗਰ ਤੋਂ ਪਾਰ ਹੋ ਗਏ ਹਨ।੨।

(ਹੇ ਭਾਈ !) ਦਾਸ ਨਾਨਕ ਪਰਮਾਤਮਾ ਦੀ ਸ਼ਰਨ ਪਿਆ ਹੈ (ਅਤੇ ਇਹ ਦਾਤ ਮੰਗਦਾ ਹੈ ਕਿ ਹੇ ਪ੍ਰਭੂ ! ਦਾਸ ਨੂੰ) ਨਾਮ ਦਿਓ (ਤਾਂ ਜੋ ਤੇਰਾ ਦਾਸ ਸਦਾ ਹੀ) ਤੇਰੇ ਗੁਣ ਗਾਂਦਾ ਰਹੇ।੩।੨।

## ਅਰਥ ਭੇਦ ਅਤੇ ਨਿਰਣੈ

**ਪਾਪੀ, ਹੀਐ ਮਹਿ ਕਾਮੁ ਬਸਾਇ ॥**
**ਮਨੁ ਚੰਚਲੁ ਯਾ ਤੇ ਗਹਿਓ ਨ ਜਾਇ ॥**

ਪਹਿਲੀ ਪੰਕਤੀ ਦੇ ਅਰਥਾਂ ਬਾਰੇ ਵਿਦਵਾਨਾਂ ਵਿਚ ਮਤਿ ਭੇਦ ਹੈ। ਅਰਥਾਂ ਦੀ ਵਖ ਵਖ ਵੰਨਗੀ ਇਸ ਪ੍ਰਕਾਰ ਹੈ :--

੧. ਇਸ ਪਾਪੀ ਹੀਯੇ ਮੈਂ ਕਾਮੁ ਬਸਤਾ ਹੈ ਇਸ ਵਾਸਤੇ ਮਨ ਚੰਚਲ ਹੋ ਰਹਾ ਹੈ ਪਕੜਾ ਨਹੀਂ ਜਾਤਾ ਹੈ। [ਫ. ਸ., ਸੰ. ਸ.

੨. ਹੇ ਭਾਈ! ਪਾਪਾਂ ਵਿਚ ਫਸਾਣ ਵਾਲੀ ਕਾਮ-ਵਾਸ਼ਨਾ (ਮਨੁੱਖ ਦੇ) ਹਿਰਦੇ ਵਿਚ ਟਿਕੀ ਰਹਿੰਦੀ ਹੈ, ਇਸ ਵਾਸਤੇ (ਮਨੁੱਖ ਦਾ) ਚੰਚਲ ਮਨ ਕਾਬੂ ਵਿੱਚ ਨਹੀਂ ਆ ਸਕਦਾ। [ਦਰਪਣ

੩. ਪਾਪੀ ਦੇ ਚਿਤ ਅੰਦਰ ਸ਼ਹਿਵਤ ਵਸਦਾ ਹੈ, ਇਸ ਲਈ ਚੁਲਬੁਲਾ ਮਨੂਆ ਕਾਬੂ ਵਿਚ ਨਹੀਂ ਆਉਂਦਾ। [ਸ੍ਰ. ਮਨਮੋਹਨ ਸਿੰਘ ਐਡਵੋਕੇਟ

**ਨਿਰਣੈ** : ਉਪਰੋਕਤ ਅਰਥ ਸ਼ਬਦਾਵਲੀ ਦੇ ਅਨੁਕੂਲ ਨਹੀਂ ਹਨ। ਜਿਥੇ 'ਕਾਮੁ' ਹੈ ਉਥੇ 'ਨਾਮੁ' ਨਹੀਂ ਹੈ, ਜਿਥੇ 'ਨਾਮੁ' ਹੈ ਉਥੇ 'ਕਾਮੁ' ਨਹੀਂ ਹੈ। ਗੁਰਵਾਕ ਹਨ - ਕਾਮ ਕ੍ਰੋਧ ਜਿਹ ਪਰਸੈ ਨਾਹਿਨ, ਤਿਹ ਘਟਿ ਬ੍ਰਹਮੁ ਨਿਵਾਸਾ।(ਪੰ. ੧੦੩੪)। ਸਮੂਹ ਟੀਕਾਕਾਰਾਂ ਨੇ 'ਬਸਾਇ' ਪਦ ਦੇ ਅਰਥ 'ਵਸਦਾ ਹੈ' ਕੀਤੇ ਹਨ ਪਰ ਇਹ ਸ਼ਬਦ ਦੇ ਰੂਪ ਅਨੁਸਾਰ ਅਢੁਕਵੇਂ ਹਨ, ਸਹੀ ਅਰਥ ਇਉਂ ਹਨ :--

ਪਾਪੀ ਮਨੁੱਖ ਆਪਣੇ ਹਿਰਦੇ ਵਿਚ ਕਾਮ ਵਾਸ਼ਨਾ ਨੂੰ ਵਸਾਂਦਾ ਹੈ, ਉਤੇਜਤ ਕਰਦਾ, ਟਿਕਾਂਦਾ ਹੈ ਜਿਸ ਕਰਕੇ ਉਹ ਚੰਚਲ ਮਨ ਬੇਕਾਬੂ ਰਹਿੰਦਾ ਹੈ।

## ਸਾਰੰਸ਼ ਅਤੇ ਸਿਧਾਂਤ

ਗੁਰੂ ਸਾਹਿਬ ਜੀ ਦੇ ਪਾਵਨ ਬਚਨਾ ਤੋਂ ਸਪਸ਼ਟ ਹੈ ਕਿ ਜਿਸ ਮਨੁੱਖ ਦੇ ਹਰਿਦੇ ਵਿਚ ਕਾਮ-ਚੇਸ਼ਟਾ ਹੈ, ਉਹ ਪਾਪੀ ਹੈ। ਕਾਮ ਹੀ ਮਨੁੱਖ ਨੂੰ ਨਾਮ ਨਹੀਂ ਜਪਣ ਦੇਂਦਾ, ਜਿਸ ਕਰਕੇ ਮਨ ਭੌਰੇ ਵਾਂਗ ਇਧਰ ਉਧਰ ਰੂਪ ਰੰਗ ਦੀ ਵਾਸ਼ਨਾ ਤੇ ਉਡਦਾ ਫਿਰਦਾ ਹੈ।

ਕਾਮ-ਵਾਸ਼ਨਾ ਨੇ ਜੋਗੀਆਂ, ਸੰਨਿਆਸੀਆਂ ਤੇ ਹੋਰ ਚੰਗੀਆਂ ਚੰਗੀਆਂ ਉਚ ਪਦਵੀਆਂ ਵਾਲੇ ਭ੍ਰਿਸ਼ਤ ਲੋਕਾਂ ਨੂੰ ਆਪਣੇ ਪੰਜੇ ਵਿਚ ਫਸਾਇਆ। ਬ੍ਰਹਮਾ, ਇੰਦਰ ਵਰਗੇ ਦੇਵਤੇ ਵੀ ਇਸ ਦੀ ਫਾਹੀ ਚੋਂ ਨਹੀ ਨਿਕਲ ਸਕੇ। ਵਿਦਵਾਨਾਂ ਨੇ ਕਾਮ ਦੇ ਹੇਠ ਲਿਖੇ ੮ ਰੂਪ ਵਰਣਨ ਕੀਤੇ ਹਨ -

'ਵਿਚਾਰ ਮਾਲਾ' ਵਿਚ ਅੱਠ ਪ੍ਰਕਾਰ ਦਾ ਮੈਥੁਨ, ਭਾਵ ਮੈਥੁਨ ਦੇ ਅੱਠ ਪੜਾ ਲਿਖੇ ਹਨ, ਜੋ ਕਿ ਇਸ ਪ੍ਰਕਾਰ ਹਨ :

(੧) ਸ੍ਰਵਣ : ਇਸਤ੍ਰੀ ਦੀ ਸੁੰਦਰਤਾ ਦੇ ਗੁਣ ਦੂਜੇ ਮਨੁੱਖ ਤੋਂ ਸੁਣਨੇ।

(੨) ਸਿਮ੍ਰਣ : ਸੁਣੇ ਹੋਏ ਗੁਣ ਅਤੇ ਦੇਖੇ ਹੋਏ ਸਰੂਪ ਦਾ ਬਾਰੰਬਾਰ ਆਪਣੇ ਚਿੱਤ ਵਿਖੇ ਚਿੰਤਨ ਕਰਨਾ।

(੩) ਕੀਰਤਨ : ਇਸਤ੍ਰੀ ਦੇ ਸੁੰਦਰ ਗੁਣਾਂ ਦੀ ਯਾਦ ਕਰ ਕਰ ਕੇ ਉਪਮਾ ਕਰਨੀ, ਸੋਭਾ ਦਾ ਵਰਣਨ ਕਰਨਾ।

(੪) ਚਿਤਵਨ : ਉਪਰੋਕਤ ਗੁਣਾਂ ਨੂੰ ਅਭਯਾਸ ਵਾਂਗ ਪੁਨਾ ਪੁਨਾ ਚਿੰਤਤ ਕਰਦੇ ਰਹਿਣਾ

(੫) ਇਕਾਂਤ ਬਾਤ : ਨਿਰਜਨ ਅਸਥਾਨ ਵਿਚ ਇਸਤ੍ਰੀ ਨਾਲ ਗੱਲਾਂ ਕਰਨੀਆਂ।

(੬) ਦ੍ਰਿੜ੍ਹ ਸੰਕਲਪ : ਮਿਲਾਪ ਲਈ ਪੁਖਤਾ ਇਰਾਦਾ ਕਰਨਾ।

(੭) ਪ੍ਰਯਤਨ : ਮਿਲਾਪ ਵਾਸਤੇ ਯੋਗ ਤੇ ਅਯੋਗ ਯਤਨ ਕਰਨੇ।

(੮) ਪ੍ਰਾਪਤੀ : ਮਿਲਾਪ ਦਾ ਸਮਾਂ : ਇਹੀ ਅਖੀਰਲੀ ਸਟੇਜ (ਪੜਾ ਹੈ)। ਪਹਿਲੇ ਸੱਤ ਪ੍ਰਕਾਰ ਦੇ ਸਾਧਨ ਇਸ ਛੇਕੜਲੀ ਮੰਜ਼ਲ ਦੇ ਸਹਾਇਕ ਹਨ।

ਕਾਮ ਵਾਸ਼ਨਾ ਚੇਤਨ ਚੇਸ਼ਟਾ ਹੈ। ਚੇਤਨ ਚੇਸ਼ਟਾ ਮਾਇਆ ਦੇ ਸੰਜੋਗ ਕਰਕੇ ਸਾਰੇ ਲੋਕਾਂ ਵਿਚ ਵਿਆਪੀ ਹੋਈ ਹੈ॥ ਇਸ ਮਾਇਆ ਦਾ ਪਸਾਰਾ ਕਈ ਰੰਗਾਂ ਵਿਚ ਰੂਪਮਾਨ ਹੋ ਰਿਹਾ ਹੈ। ਮਾਇਆ ਦੇ ਦੋ ਵਡੇ ਰੂਪ ਗਿਣੇ ਜਾਂਦੇ ਹਨ :

੧. ਜੜ੍ਹ ਰੂਪ ਮਾਇਆ॥ (ਧਨ, ਪਦਾਰਥ ਆਦਿ)

੨. ਚੇਤਨ ਮਾਇਆ॥ (ਇਸਤ੍ਰੀ, ਪੁਤਰ ਆਦਿ)

ਰੂਪ ਤੇ ਮੋਹ ਦਾ ਨਾਮ ਹੀ ਚੇਤਨ ਮਾਇਆ ਹੈ। ਇਹਨਾਂ ਦੋਹਾਂ ਚੇਸ਼ਟਾਂ ਵਿਚ ਸਾਰਾ ਸੰਸਾਰ ਗਲਤਾਨ ਹੈ, ਸਰੀਰ ਜੜ੍ਹ ਹੈ ਤੇ ਜੀਵ ਚੇਤੰਨ ਹੈ। ਜੀਵ ਦੀ ਬੁੱਧੀ ਉਤੇ ਮਲ ਤੇ ਵਖੇਪਤਾ ਦਾ ਇਹੋ ਜਿਹਾ ਪੜਦਾ ਪਿਆ ਹੋਇਆ ਹੈ ਜਿਸ ਕਰਕੇ ਮਨੁੱਖ ਆਤਮ-ਦਰਸ਼ਨ ਤੋਂ ਵਾਂਞਿਆ ਰਹਿੰਦਾ ਹੈ। ਜੇ ਮਨੁੱਖ ਰਜੋ, ਤਮੋ, ਸਤੋ ਤੋਂ ਰਹਿਤ ਹੋ ਜਾਵੇ ਤਾਂ ਇਸ ਦੇ ਹਿਰਦੇ ਅੰਦਰ ਪ੍ਰਕਾਸ਼ ਦਾ ਝਲਕਾਰਾ ਵਜ

ਸਕਦਾ ਹੈ ਜੋ ਕਾਮ-ਵਾਸ਼ਨਾ ਨੂੰ ਨਾਸ਼ ਕਰਨ ਵਾਲਾ ਹੈ।

ਇਸ ਲਈ ਬਿਖਿਆ ਜਾਲ ਚੋਂ ਛੁਟਕਾਰਾ ਪਾਣ ਲਈ ਗੁਰੂ ਦੀ ਸ਼ਰਨ, ਨਾਮ-ਸਿਮਰਨ ਤੇ ਪਰਮਾਤਮਾ ਦਾ ਜਸ ਗਾਇਨ ਕਰਨਾ ਅਤਿ ਜ਼ਰੂਰੀ ਹੈ।

ਅਜੋਕੇ ਵਾਤਾਵਰਨ ਵਲ ਜਦੋਂ ਨਿਗਾਹ ਮਾਰੀਏ ਤਾਂ ਰਾਜਸੀ ਅਤੇ ਭਾਈਚਾਰਕ (ਸਮਾਜਿਕ) ਖੇਤਰ ਵਿਚ ਹਰ ਪਾਸੇ ਕਾਮ-ਉਪਜਾਊ ਰੁਚੀਆਂ ਨੂੰ ਉਤੇਜਤ ਕੀਤਾ ਜਾ ਰਿਹਾ ਹੈ। ਵਿਸ਼ੇਸ਼ ਕਰਕੇ ਟੀ. ਵੀ. ਨੇ ਕਾਮ-ਵਾਸ਼ਨਾ ਨੂੰ ਵਧਾਉਣ ਵਿਚ ਬਹੁਤ ਅਯੋਗ ਦਾਨ ਪਾਇਆ ਹੈ ਜਿਸ ਕਰਕੇ ਸਾਰਾ ਵਾਤਾਵਰਨ ਹੀ ਦੂਸ਼ਿਤ ਹੋਇਆ ਪਿਆ ਹੈ।

ਕਾਮ ਦੇਵ ਦੀਆਂ ਕਿਰਨਾ ਧਾਰਮਿਕ ਖੇਤਰ ਵਿਚ ਤਬਾਹੀ ਮਚਾ ਰਹੀਆਂ ਹਨ, ਜਿਵੇਂ ਕਿ ਗੁਰਵਾਕ ਹਨ :–

**੧. ਸ੍ਰਿਸਟ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ॥** [ਪੰਨਾ ੬੬੩

**੨. ਸਰਮੁ ਧਰਮੁ ਦੁਇ ਛਪਿ ਖਲੋਏ, ਕੂੜੁ ਫਿਰੈ ਪਰਧਾਨੁ ਵੇ ਲਾਲੋ ॥** [ਪੰਨਾ ੭੨੨

ਪਰਾਇਆ ਤਨ, ਪਰਾਇਆ ਧਨ, ਪਰਾਇਆ ਰੂਪ ਚੁਰਾਣਾ ਵੱਡਾ ਪਾਪ ਹੈ। ਧਰਮ ਰਾਜ ਅਜਿਹੇ ਮਨਮਤੀਆਂ ਨੂੰ ਦੰਡ ਦੇਂਦਾ ਹੈ। ਗੁਰਬਾਣੀ ਵਿਚ ਇਸੇ ਵਿਸ਼ੇ ਤੇ ਹੇਠ ਲਿਖੇ ਪ੍ਰਮਾਣ ਵਿਸ਼ੇਸ਼ ਤੌਰ ਤੇ ਯਾਦ ਰਖਣ ਵਾਲੇ ਹਨ :–

**੧. ਕਾਮਿ ਵਿਆਪੇ ਕੁਸੁਧ ਨਰ, ਸੇ ਜੋਰਾ ਪੁਛਿ ਚਲਾ ॥** [ਪੰਨਾ ੩੦੪

**੨. ਰੂਪੈ ਕਾਮੈ ਦੋਸਤੀ ਭੁਖੈ ਸਾਦੈ ਗੰਢੁ ॥** [ਪੰਨਾ ੧੨੮੮

**੩. ਕਾਮਵੰਤ ਕਾਮੀ ਬਹੁ ਨਾਰੀ, ਪਰ ਗ੍ਰਿਹ ਜੋਹ ਨ ਚੂਕੈ ॥**
**ਦਿਨ ਪ੍ਰਤਿ ਕਰੈ ਕਰੈ ਪਛੁਤਾਪੈ, ਸੋਗ ਲੋਭ ਮਹਿ ਸੂਕੈ ॥** [ਪੰਨਾ ੬੭੨

**੪. ਜੇ ਲਖ ਇਸਤਰੀਆ ਭੋਗ ਕਰਹਿ, ਨਵਖੰਡ ਰਾਜੁ ਕਮਾਹਿ ॥**
**ਬਿਨੁ ਸਤਿਗੁਰ ਸੁਖੁ ਨ ਪਾਵਹੀ, ਫਿਰਿ ਫਿਰਿ ਜੋਨੀ ਪਾਹਿ ॥** [ਪੰਨਾ ੨੬

**੫. ਰੇ ਨਰ ਕਾਇ ਪਰਗ੍ਰਿਹਿ ਜਾਇ ॥**
**ਕੁਚਲ ਕਠੋਰ ਕਾਮਿ ਗਰਧਭ, ਤੁਮ ਨਹੀ ਸੁਨਿਓ ਧਰਮ ਰਾਇ॥** [ਪੰ. ੧੦੦੧

**੬. ਲੈ ਫਾਹੇ ਰਾਤੀ ਤੁਰਹਿ, ਪ੍ਰਭੁ ਜਾਣੈ ਪ੍ਰਾਣੀ ॥**
**ਤਕਹਿ ਨਾਰਿ ਪਰਾਈਆ, ਲੁਕਿ ਅੰਦਰਿ ਠਾਣੀ ॥**
**ਸੰਨ੍ਹੀ ਦੇਨਿ ਵਿਖੰਮ ਥਾਇ, ਮਿਠਾ ਮਦੁ ਮਾਣੀ ॥**
**ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥**
**ਅਜਰਾਈਲੁ ਫਰੇਸਤਾ, ਤਿਲ ਪੀੜੇ ਘਾਣੀ ॥੨੭॥** [ਪੰਨਾ ੩੧੫

**੭. ਸੁਧ ਜਬ ਤੇ ਹਮ ਧਰੀ, ਬਚਨ ਗੁਰ ਦਏ ਹਮਾਰੇ ॥**
**ਪੂਤ ਇਹੈ ਪ੍ਰਨ ਤੋਹਿ, ਪ੍ਰਾਨ ਜਬ ਲਗ ਘਟ ਥਾਰੇ ॥**

ਨਿਜ ਨਾਰੀ ਕੇ ਸੰਗ ਨੇਹ ਤੁਮ ਨਿੱਤ ਬਢੈਯਹੁ ॥
ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ ॥੫੧॥
ਪਰ ਨਾਰੀ ਕੇ ਭਜੇ, ਸਹਸ ਬਾਸਵ ਭਗ ਪਾਏ ॥
ਪਰ ਨਾਰੀ ਕੇ ਭਜੇ, ਚੰਦ੍ਰ ਕਾਲੰਕ ਲਗਾਏ ॥
ਪਰ ਨਾਰੀ ਕੇ ਹੇਤ ਸੀਸ ਦਸ ਸੀਸ ਗਵਾਯੋ ॥
ਹੋ ਪਰ ਨਾਰੀ ਕੇ ਹੇਤ, ਕਟਕ ਕਵਰਨ ਕੋ ਘਾਯੋ........

(ਸ੍ਰੀ ਦਸਮ ਗ੍ਰੰਥ ਵਿਚੋਂ)

ਬਸੰਤੁ ਮਹਲਾ ੯ ॥ ਮਾਈ, ਮੈ ਧਨੁ ਪਾਇਓ ਹਰਿਨਾਮੁ ॥ ਮਨੁ ਮੇਰੋ ਧਾਵਨ ਤੇ ਛੂਟਿਓ, ਕਰਿ ਬੈਠੋ ਬਿਸਰਾਮੁ ॥੧॥ ਰਹਾਉ ॥ ਮਾਇਆ ਮਮਤਾ ਤਨ ਤੇ ਭਾਗੀ, ਉਪਜਿਓ ਨਿਰਮਲ ਗਿਆਨੁ ॥ ਲੋਭ ਮੋਹ ਏਹ ਪਰਸਿ ਨ ਸਾਕਹਿ, ਗਹੀ ਭਗਤਿ ਭਗਵਾਨ ॥੧॥ ਜਨਮ ਜਨਮ ਕਾ ਸੰਸਾ ਚੂਕਾ, ਰਤਨੁ ਨਾਮੁ ਜਬ ਪਾਇਆ ॥ ਤ੍ਰਿਸਨਾ ਸਕਲ ਬਿਨਾਸੀ ਮਨ ਤੇ, ਨਿਜ ਸੁਖ ਮਾਹਿ ਸਮਾਇਆ ॥੨॥ ਜਾ ਕਉ ਹੋਤ ਦਇਆਲੁ ਕਿਰਪਾ ਨਿਧਿ, ਸੋ ਗੋਬਿੰਦ ਗੁਨ ਗਾਵੈ ॥ ਕਹੁ ਨਾਨਕ ਇਹ ਬਿਧਿ ਕੀ ਸੰਪੈ, ਕੋਊ ਗੁਰਮੁਖਿ ਪਾਵੈ ॥੩॥੩॥

## ਉਚਾਰਨ ਸੇਧ

**ਬਿੰਦੀ ਸਹਿਤ :** ਸਾਕਹਿਂ, ਮਾਹਿਂ ।

**ਪਦ ਅਰਥ:** ਮਾਈ-ਹੇ ਮਾਂ। ਧਾਵਨ ਤੇ-(ਮਾਇਆ ਦੀ) ਦੌੜ ਭਜ ਤੋਂ। ਛੂਟਿਓ-ਛੁਟ ਗਿਆ ਹੈ, ਮੁਕਤ ਹੋ ਗਿਆ ਹੈ। ਬਿਸਰਾਮੁ-ਟਿਕਾਣਾ।੧।ਰਹਾਉ। ਮਮਤਾ-ਲਾਲਸਾ। ਤਨ ਤੇ-ਸਰੀਰ ਤੋਂ । ਭਾਗੀ-ਦੂਰ ਹੋ ਗਈ। ਉਪਜਿਓ-ਪੈਦਾ ਹੋ ਗਿਆ ਹੈ। ਪਰਸਿ ਨ ਸਾਕਹਿ-ਛੂਹ ਨਹੀਂ ਸਕਦੇ। ਗਹੀ-ਫੜੀ।੧। ਚੂਕਾ-ਦੂਰ ਹੋ ਗਿਆ। ਸਕਲ-ਸਗਲ, ਸਾਰੀ। ਬਿਨਾਸੀ-ਨਾਸ਼ ਹੋ ਗਈ ਹੈ। ਨਿਜ ਸੁਖ-ਆਤਮਿਕ ਸੁਖ।੨। ਇਹ ਬਿਧਿ ਕੀ-ਇਸ ਤਰ੍ਹਾਂ ਦੀ। ਸੰਪੈ-ਸੰਪਤੀ, ਧਨ। ਕੋਊ-ਕੋਈ ਵਿਰਲਾ। ਗੁਰਮੁਖਿ-ਗੁਰੂ ਅਨੁਸਾਰੀ ਜੀਵ ।੩।

**ਅਰਥ :** ਹੇ ਮਾਂ! ਮੈਂ ਹਰੀ ਦਾ ਨਾਮ ਰੂਪੀ ਧਨ (ਗੁਰੂ ਤੋਂ)ਪ੍ਰਾਪਤ ਕਰ ਲਿਆ ਹੈ। (ਇਸ ਦੇ ਫਲ ਸਰੂਪ)ਮੇਰਾ ਮਨ(ਇਧਰ ਉਧਰ)ਦੌੜਨ ਤੋਂ ਛੁਟ ਗਿਆ ਹੈ ਤੇ ਟਿਕਾਣਾ ਕਰਕੇ ਬੈਠ ਗਿਆਹੈ।੧।ਰਹਾਉ।

ਮਾਇਆ ਦੀ ਲਾਲਸਾ (ਮੇਰੇ) ਸਰੀਰ ਤੋਂ ਦੂਰ ਹੋ ਗਈ ਹੈ (ਕਿਉਂਕਿ ਮੇਰੇ ਹਿਰਦੇ ਵਿਚ ਗੁਰੂ ਦਾ) ਪਵਿੱਤਰ ਗਿਆਨ ਪੈਦਾ ਹੋ ਗਿਆ ਹੈ । ਲੋਭ, ਮੋਹ ਆਦਿ ਇਹ ਵਿਕਾਰ ਮੈਨੂੰ ਛੂਹ ਨਹੀਂ ਸਕਦੇ (ਕਿਉਂਕਿ ਮੈਂ) ਭਗਵਾਨ ਦੀ ਭਗਤੀ ਵਿਚ (ਮਗਨ ਰਹਿੰਦਾ ਹਾਂ) ।੧।

(ਹੇ ਭਾਈ !) ਜਦੋਂ ਮੈਂ ਨਾਮ ਰੂਪੀ ਰਤਨ ਪਾਇਆ ਤਦੋਂ ਜਨਮਾਂ ਜਨਮਾਂ ਦਾ ਜੋ ਸੰਸਾ ਸੀ (ਉਹ ਸਭ) ਦੂਰ ਹੋ ਗਿਆ ਹੈ। ਹਰ ਪ੍ਰਕਾਰ ਦੀ ਤ੍ਰਿਸ਼ਨਾ ਮਨ ਤੋਂ ਨਾਸ਼ ਹੋ ਗਈ ਹੈ (ਅਤੇ ਮੇਰਾ ਮਨ) ਆਪਣੇ

ਆਤਮਿਕ ਸੁਖ ਵਿਚ ਲੀਨ ਹੋ ਗਿਆ ਹੈ।੨।

(ਹੇ ਭਾਈ ! ਜਿਸ ਜੀਵ ਉਤੇ ਕਿਰਪਾ ਦਾ ਖਜ਼ਾਨਾ ਪਰਮੇਸ਼ਰ) ਦਇਆਲੂ ਹੁੰਦਾ; ਹੈ ਉਹ (ਮਨੁੱਖ) ਗੋਬਿੰਦ ਦੇ ਗੁਣ ਗਾਉਂਦਾ ਹੈ । ਨਾਨਕ ! ਆਖ ਕਿ ਇਸ ਤਰ੍ਹਾਂ ਦੀ ਨਾਮ ਸੰਪਤੀ ਕੋਈ ਵਿਰਲਾ ਗੁਰੂ ਅਨੁਸਾਰੀ ਮਨੁੱਖ ਹੀ ਪ੍ਰਾਪਤ ਕਰਦਾ ਹੈ ।੩।੩।

## ਸਾਰੰਸ਼ ਅਤੇ ਸਿਧਾਂਤ

ਪਰਮਾਤਮਾ ਦੇ ਨਾਮ ਧਨ ਦੀ ਪ੍ਰਾਪਤੀ ਨਾਲ ਜੀਵਨ ਵਿਚ ਭਾਰੀ ਪਰਿਵਰਤਨ ਆ ਜਾਂਦਾ ਹੈ। ਮੈਂ ਮੇਰੀ, ਮਾਇਆ ਦੀ ਲਾਲਸਾ ਅਤੇ ਹੋਰ ਮਾਇਕੀ ਪਦਾਰਥਾਂ ਲਈ ਦਿਲ 'ਚੋਂ ਕੋਈ ਉਤੇਜਨਾ ਉਠਣੀ ਤਾਂ ਇਕ ਪਾਸੇ ਰਹੀ, ਇਹਨਾਂ ਦਾ ਉਕਾ ਹੀ ਖ਼ਾਤਮਾ ਹੋ ਜਾਂਦਾ ਹੈ।

ਨਾਮ ਧਨ ਦੀ ਪ੍ਰਾਪਤੀ ਦਾ ਸਭ ਤੋਂ ਵੱਡਾ ਲਾਭ ਇਹ ਹੁੰਦਾ ਹੈ ਕਿ ਮਨ ਦੀ ਭਟਕਣਾ ਮੁਕ ਜਾਂਦੀ ਹੈ। ਮਨੁੱਖ ਦੀ ਬ੍ਰਿਤੀ ਪਰਮਾਤਮਾ ਦੀ ਭਗਤੀ ਵਿਚ ਲੀਨ ਰਹਿਣ ਲਗ ਜਾਂਦੀ ਹੈ।

ਅੰਤਲੀ ਪੰਕਤੀ ਤੋਂ ਜੋ ਸਿਧਾਂਤਕ ਰੂਪ ਸਿੱਟਾ ਨਿਕਲਦਾ ਹੈ ਉਹ ਇਹ ਹੈ ਕਿ ਨਾਮ ਧਨ ਦੀ ਪ੍ਰਾਪਤੀ ਉਸੇ ਮਨੁੱਖ ਨੂੰ ਹੁੰਦੀ ਹੈ, ਜੋ ਗੁਰੂ ਅਨੁਸਾਰੀ ਹੋਵੇ। ਉਸ ਉਤੇ ਸਦਾ ਸਾਈਂ ਆਪਣੀ ਮਿਹਰ ਕਰਦਾ ਹੈ। ਉਸ ਮਨੁੱਖ ਦਾ ਮਨ ਪਰਮੇਸ਼ਰ ਦੇ ਗੁਣ ਗਾ ਕੇ 'ਨਿਜ ਸੁਖ' ਵਿਚ ਲੀਨ ਹੋ ਜਾਂਦਾ ਹੈ।

**ਬਸੰਤੁ ਮਹਲਾ ੯ ॥ ਮਨ, ਕਹਾ ਬਿਸਾਰਿਓ ਰਾਮਨਾਮੁ॥ ਤਨੁ ਬਿਨਸੈ, ਜਮ ਸਿਉ ਪਰੈ ਕਾਮੁ ॥੧॥ਰਹਾਉ॥ ਇਹੁ ਜਗੁ ਧੂਏ ਕਾ ਪਹਾਰ॥ ਤੈ ਸਾਚਾ ਮਾਨਿਆ, ਕਿਹ ਬਿਚਾਰਿ ॥੧॥ ਧਨੁ ਦਾਰਾ ਸੰਪਤਿ ਗ੍ਰੇਹ॥ ਕਛੁ ਸੰਗਿ ਨ ਚਾਲੈ, ਸਮਝਿ ਲੇਹੁ ॥੨॥ ਇਕ ਭਗਤਿ ਨਾਰਾਇਨ, ਹੋਇ ਸੰਗਿ ॥ ਕਹੁ ਨਾਨਕ, ਭਜੁ ਤਿਹ ਏਕ ਰੰਗਿ ॥੩॥੪॥**

## ਉਚਾਰਨ ਸੇਧ

**ਬਿੰਦੀ ਸਹਿਤ** : ਕਹਾਂ, ਸਿਉਂ ਧੂਏ, ਤੈਂ, ਮਾਨਿਆਂ।

**ਪਦ ਅਰਥ** : ਮਨ-ਹੇ ਮਨ ! । ਕਹਾ-ਕਿਉਂ? ਤਨੁ ਬਿਨਸੈ-ਸਰੀਰ ਨਾਸ਼ ਹੁੰਦਾ ਹੈ। ਜਮ ਸਿਉ-ਜਮਾਂ ਨਾਲ। ਪਰੈ ਕਾਮੁ-ਕੰਮ ਪੈਂਦਾ ਹੈ, ਵਾਹ ਪੈਂਦਾ ਹੈ।੧।ਰਹਾਉ। ਪਹਾਰ-ਪਹਾੜ। ਤੈ-ਤੂੰ। ਸਾਚਾ-ਸਦਾ ਥਿਰ ਰਹਿਣ ਵਾਲਾ। ਮਾਨਿਆ-ਮੰਨ ਲਿਆ। ਕਿਹ ਬੀਚਾਰਿ-ਕਿਸ ਵਿਚਾਰ ਕਰਕੇ।੧। ਧਨ-ਦੌਲਤ। ਦਾਰਾ-ਇਸਤ੍ਰੀ । ਸੰਪਤਿ-ਸੰਪਤੀ, ਜਾਇਦਾਦ, ਪਦਾਰਥ ।੨। ਇਕ ਭਗਤਿ-ਨਾਰਾਇਨ-ਕੇਵਲ ਇਕ ਪਰਮਾਤਮਾ ਦੀ ਭਗਤੀ । ਸੰਗਿ-ਨਾਲ। ਭਜੁ ਤਿਹ-ਉਹ (ਪਰਮਾਤਮਾ) ਭਜ। ਏਕ-ਇਕ (ਪਰਮਾਤਮਾ) ਦਾ ਰੰਗਿ-ਪਿਆਰ ਨਾਲ ।੩।

**ਅਰਥ** : ਹੇ ਮਨ ! (ਤੂੰ) ਪਰਮਾਤਮਾ ਦਾ ਨਾਮ (ਆਪਣੇ ਮਨ ਤੋਂ) ਕਿਉਂ ਭੁਲਾ ਦਿਤਾ ਹੈ ?। (ਜਦੋਂ) ਸਰੀਰ ਨਾਸ਼ ਹੋ ਜਾਂਦਾ ਹੈ (ਤਦੋਂ) ਜਮਾਂ ਨਾਲ ਕੰਮ ਪੈਂਦਾ ਹੈ (ਭਾਵ ਉਨ੍ਹਾਂ ਜ਼ਾਲਮਾਂ ਨਾਲ ਵਾਹ

ਪੈਂਦਾ ਹੈ, ਇਸ ਲਈ ਨਾਮ ਸਿਮਰ) ।੧। ਰਹਾਉ ।

(ਹੇ ਮਨ !) ਇਹ ਜਗਤ (ਮਾਨੋ) ਧੂੰਏਂ ਦਾ ਪਹਾੜ ਹੈ (ਭਾਵ ਇਸ ਦੀ ਹੋਂਦ ਕੋਈ ਨਹੀਂ ਹੈ)। ਤੂੰ (ਇਸ ਜਗਤ ਨੂੰ)ਕਿਹੜੀ ਵੀਚਾਰ ਕਰਕੇ ਸੱਚਾ (ਸਦਾ ਥਿਰ ਰਹਿਣ ਵਾਲਾ) ਮੰਨਿਆ ਹੋਇਆ ਹੈ? ।੧।

(ਹੇ ਮਨ !) ਦੌਲਤ, ਇਸਤ੍ਰੀ, ਸੰਪਤੀ (ਜੈਦਾਦ) ਘਰ (ਆਦਿ ਇਨ੍ਹਾਂ ਵਿਚੋਂ ਤੇਰੇ) ਨਾਲ ਕੁਝ ਵੀ ਨਹੀਂ ਜਾਏਗਾ (ਤੂੰ ਇਹ ਗਲ ਚੰਗੀ ਤਰ੍ਹਾਂ) ਸਮਝ ਲੈ ।੨।

(ਹੇ ਮਨ ! ਕੇਵਲ) ਪਰਮਾਤਮਾ ਦੀ ਇਕ ਭਗਤੀ ਹੀ ਤੇਰੇ ਨਾਲ ਜਾਏਗੀ । ਨਾਨਕ ! ਆਖ (ਕਿ ਹੇ ਮਨ ! ਤੂੰ) ਪਿਆਰ ਨਾਲ ਉਸ ਇਕ ਪਰਮਾਤਮਾ ਦਾ ਹੀ ਭਜਨ ਕਰ ।੩।੪।

## ਸਾਰੰਸ਼ ਅਤੇ ਸਿਧਾਂਤ

ਗੁਰਦੇਵ ਪਿਤਾ ਜੀ ਨੇ ਇਸ ਸ਼ਬਦ ਵਿਚ ਮਨ ਨੂੰ ਤਾੜਨਾ ਕੀਤੀ ਹੈ ਕਿ ਤੂੰ ਵਾਹਿਗੁਰੂ ਨਾਮ ਕਿਉਂ ਭੁਲਾਇਆ ਹੋਇਆ ਹੈ ? ਤੂੰ ਨਾਮ ਜਪਣ ਵਲੋਂ ਲਾਪਰਵਾਹ ਹੈਂ, ਆਲਸ ਕਰਦਾ ਹੈਂ। ਜਦੋਂ ਤੇਰੇ ਸਰੀਰ ਦਾ ਅੰਤ ਹੋਣਾ ਹੈ, ਓਦੋਂ ਤੇਰਾ ਵਾਹ ਜਾਲਮ ਜਮਾਂ ਨਾਲ ਪੈਣਾ ਹੈ, ਫਿਰ ਕੀ ਕਰੇਂਗਾ?--

**ਇਕ ਰਤੀ ਬਿਲਮ ਨ ਦੇਵਨੀ ਵਣਜਾਰਿਆ ਮਿਤ੍ਰਾ,**
**ਓਨੀ ਤਕੜੀ ਪਾਏ ਹਾਥ॥** [ਪੰਨਾ ੭੮

ਤੂੰ ਆਪਣੇ ਅੰਦਰ ਦੀ ਗਲ ਖੋਲ੍ਹ ਕੇ ਦਸ, ਕਿਹੜੀ ਵੀਚਾਰ ਕਰਕੇ ਤੂੰ ਪਰਮੇਸ਼ਰ ਦਾ ਨਾਮ-ਸਿਮਰਨ ਛਡਿਆ ਹੈ ? ਹੇ ਮਨ ! ਇਕ ਗਲ ਚੰਗੀ ਤਰ੍ਹਾਂ ਸੁਣ ਲੈ ਤੂੰ ਜਿਸ ਦੌਲਤ, ਇਸਤ੍ਰੀ, ਘਰ ਤੇ ਹੋਰ ਸੰਪਤੀ ਨਾਲ ਚੰਬੜਿਆ ਹੋਇਆ ਹੈਂ, ਇਹਨਾਂ ਵਿਚੋਂ ਅੰਤ ਸਮੇਂ ਤੇਰਾ ਕੋਈ ਵੀ ਬੇਲੀ ਨਹੀਂ ਹੋਵੇਗਾ, ਕਿਸੇ ਨੇ ਸਾਥ ਨਹੀਂ ਦੇਣਾ ।

ਸਿਧਾਂਤ ਇਹ ਹੈ ਕਿ ਰਬੀ ਦਰਗਾਹ ਵਿਚ ਕੰਮ ਆਉਣ ਵਾਲੀ ਵਸਤੂ ਕੇਵਲ ਇਕ ਪਰਮਾਤਮਾ ਦਾ ਨਾਮ (ਪ੍ਰੇਮਾ ਭਗਤੀ) ਹੈ । ਇਸ ਲਈ ਪ੍ਰਭੂ ਪਾਸੋਂ ਇਹ ਦਾਤਿ ਮੰਗ :-

**ਮਿਹਰ ਦਇਆ ਕਰਿ ਕਰਨੈਹਾਰ॥ ਭਗਤਿ ਬੰਦਗੀ ਦੇਹਿ ਸਿਰਜਣਹਾਰ॥**[ਪੰ. ੮੯੭

ਗੁਰਬਾਣੀ ਵਿਚ ਸੰਸਾਰ ਬਾਰੇ ਦੋ ਵਖੋ ਵਖਰੇ ਵੀਚਾਰ ਪ੍ਰਚਲਤ ਹਨ :

ਪਹਿਲਾ - **ਇਹੁ ਜਗੁ ਸਚੈ ਕੀ ਹੈ ਕੋਠੜੀ, ਸਚੇ ਕਾ ਵਿਚਿ ਵਾਸੁ ॥** [ਪੰਨਾ ੪੬੩
ਦੂਜਾ - **ਸਗਲ ਜਗਤੁ ਹੈ ਜੈਸੇ ਸੁਪਨਾ, ਬਿਨਸਤ ਲਗਤ ਨ ਬਾਰ ॥** [ਪੰਨਾ ੬੩੩

ਸ਼ਬਦਾਰਥੀ ਵਿਦਵਾਨਾ ਨੇ ਇਹਨਾਂ ਦੋਹਾਂ ਵੀਚਾਰਾਂ ਦਾ ਬਹੁਤ ਢੁਕਵਾਂ ਵਿਸ਼ਲੇਸ਼ਣ ਕੀਤਾ ਹੈ ।

ਇਕ ਸੰਸਾਰ ਉਹ ਹੈ ਜੋ ਵਾਹਿਗੁਰੂ ਜੀ ਨੇ ਆਪ ਬਣਾਇਆ ਹੈ ਅਤੇ ਦੂਜਾ ਉਹ ਹੈ ਜੋ ਦੂਜੇ ਭਾਵ ਵਿਚ ਲਗ ਕੇ ਅਸੀਂ ਮੋਹ ਦਾ ਪਸਾਰਾ ਰਚ ਲੈਂਦੇ ਹਾਂ:--

**ਮਾਈ ਬਾਪ ਪੁਤ੍ਰ ਸਭਿ ਹਰਿ ਕੇ ਕੀਏ ॥**
**ਸਭਨਾ ਕਉ ਸਨਬੰਧੁ ਹਰਿ ਕਰਿ ਦੀਏ ॥** [ਪੰਨਾ ੪੯੪

ਇਹਨਾਂ ਰਿਸ਼ਤਿਆਂ ਦੇ ਫਰਜ਼ ਪੂਰੇ ਕਰਨੇ ਸਾਡਾ ਧਰਮ ਹੈ, ਪਰ ਜਦੋਂ ਮੋਹ ਵਧਾ ਕੇ ਅਸੀ ਆਪਣੀ

ਜ਼ਿੰਦਗੀ ਇਹਨਾਂ ਵਿਚ ਹੀ ਸਮਝਣ ਲਗ ਪੈਂਦੇ ਹਾਂ, ਤਾਂ ਇਹ ਪਸਾਰਾ ਝੂਠਾ ਸੰਸਾਰ ਬਣ ਜਾਂਦਾ ਹੈ ।

**ਬਸੰਤੁ ਮਹਲਾ ੯ ॥ ਕਹਾ ਭੂਲਿਓ ਰੇ, ਝੂਠੇ ਲੋਭਿ ਲਾਗ ॥ ਕਛੁ ਬਿਗਰਿਓ ਨਾਹਿਨ, ਅਜਹੁ ਜਾਗੁ ॥੧॥ਰਹਾਉ॥ ਸਮ ਸੁਪਨੇ ਕੈ, ਇਹੁ ਜਗੁ ਜਾਨੁ ॥ ਬਿਨਸੈ ਛਿਨ ਮਹਿ, ਸਾਚੀ ਮਾਨੁ ॥੧॥ ਸੰਗਿ ਤੇਰੈ, ਹਰਿ ਬਸਤ ਨੀਤ ॥ ਨਿਸਿ ਬਾਸੁਰ ਭਜੁ ਤਾਹਿ, ਮੀਤ ॥੨॥ ਬਾਰ ਅੰਤ ਕੀ ਹੋਇ ਸਹਾਇ ॥ ਕਹੁ ਨਾਨਕ, ਗੁਨ ਤਾ ਕੇ ਗਾਇ ॥੩॥੫॥**

**ਪਦ ਅਰਥ :** ਕਹਾ (ਕਹਾਂ)-ਕਿਉਂ? ਭੂਲਿਓ ਰੇ-ਹੇ (ਭਾਈ!) ਭੁਲਾ ਪਿਆ ਹੈਂ । ਲੋਭਿ-ਲਾਲਚ ਵਿਚ। ਲਾਗਿ-ਲਗ ਕੇ। ਨਾਹਿਨ-ਨਹੀਂ। ਅਜਹੁ-ਹੁਣ ਵੀ। ਜਾਗੁ-ਚੇਤੰਨ ਹੋ ਜਾ ।੧ਰਹਾਉ। ਸਮ-ਸਮਾਨ, ਬਰਾਬਰ। ਜਾਨੁ-ਜਾਣ, ਸਮਝ । ਛਿਨ ਮਹਿ-ਇਕ ਖਿਨ ਵਿਚ । ਸਾਚੀ ਮਾਨੁ-(ਇਹ ਗਲ) ਸੱਚੀ ਮੰਨ।੧। ਬਸਤ-ਵਸਦਾ ਹੈ। ਨੀਤ-ਨਿਤ, ਸਦਾ ਹੀ। ਨਿਸਿ-ਰਾਤ। ਬਾਸੁਰ-ਦਿਨ। ਭਜ ਤਾਹਿ-ਉਸਨੂੰ ਸਿਮਰ ਯਾਦ ਕਰ। ਮੀਤ-ਹੇ ਮਿਤਰ!।੨। ਬਾਰ ਅੰਤ ਕੀ-ਅੰਤ ਦੀ ਵਾਰੀ, ਅੰਤ ਸਮੇਂ। ਤਾ ਕੇ-ਉਸ(ਪ੍ਰਭੂ) ਦੇ।੩।

**ਅਰਥ :** ਹੇ ਭਾਈ ! ਤੂੰ (ਮਾਇਆ ਦੇ) ਝੂਠੇ ਲਾਲਚ ਵਿਚ ਲਗ ਕੇ (ਪਰਮਾਤਮਾ ਦਾ ਨਾਮ ਜਪਣ ਤੋਂ) ਕਿਉਂ ਭੁਲਿਆ ਪਿਆ ਹੈਂ ? ਹੁਣ ਵੀ ਜਾਗ ਪਉ (ਹੋਸ਼ ਕਰ, ਅਜੇ ਵੀ ਤੇਰਾ) ਕੁਝ ਨਹੀਂ ਵਿਗੜਿਆ (ਭਾਵ ਮਨੁੱਖਾ ਸਰੀਰ ਕਾਇਮ ਹੈ) ।੧। ਰਹਾਉ ।

(ਹੇ ਭਾਈ !) ਇਸ ਜਗਤ ਨੂੰ ਸੁਪਨੇ ਦੇ (ਪਦਾਰਥਾਂ ਵਾਂਗ ਝੂਠਾ) ਸਮਝ । (ਮੇਰੀ ਇਹ ਗਲ) ਸਚੀ ਮੰਨ (ਕਿ ਇਹ ਜਗਤ) ਛਿਨ ਵਿਚ ਨਾਸ਼ ਹੋ ਜਾਂਦਾ ਹੈ ।੧।

(ਹੇ ਭਾਈ !) ਪਰਮਾਤਮਾ ਸਦਾ (ਹਰ ਵੇਲੇ) ਤੇਰੇ ਨਾਲ ਵਸਦਾ ਹੈ । ਹੇ ਮਿੱਤਰ ! (ਤੂੰ) ਦਿਨ ਰਾਤ ਉਸ ਨੂੰ ਸਿਮਰਿਆ ਕਰ ।੨।

(ਹੇ ਭਾਈ !) ਅੰਤ ਵਾਰ (ਸਰੀਰ ਛਡਣ ਸਮੇਂ ਕੇਵਲ) ਪਰਮਾਤਮਾ ਹੀ ਸਹਾਈ ਹੁੰਦਾ ਹੈ । ਨਾਨਕ ਆਖ ਕਿ (ਹੇ ਭੁਲੇ ਹੋਏ ਮਨੁੱਖ ! ਤੂੰ) ਉਸ (ਪਰਮਾਤਮਾ) ਦੇ ਗੁਣ ਗਾਇਨ ਕਰ ।੩।੫।

## ਸਾਰੰਸ਼ ਅਤੇ ਸਿਧਾਂਤ

ਗੁਰੂ ਤੇਗ ਬਹਾਦਰ ਜੀ ਮਨੁੱਖ ਨੂੰ ਨਿਰੋਲ ਭਜਨ-ਬੰਦਗੀ ਦੀ ਪ੍ਰੇਰਨਾ ਦਿੰਦੇ ਹਨ। ਜਗਤ ਨੂੰ ਨਾਸ਼ਵੰਤ ਮੰਨ ਕੇ ਮਨੁੱਖ ਦੀ ਰੁਚੀ ਨੂੰ ਵੀ ਇਸ ਪਾਸੇ ਆਕਰਸ਼ਣ ਕਰਦੇ ਹਨ। ਜਦੋਂ ਸੰਸਾਰ ਬਿਨਸਨਹਾਰ ਹੈ ਫਿਰ ਇਸ ਨਾਲ ਪਿਆਰ ਕਰਨਾ ਵੀ ਬੇਕਾਰ ਹੈ। ਅਸਲ ਵਿਚ ਮਨੁੱਖ ਨੂੰ ਲੋਭ ਖ਼ਰਾਬ ਕਰਦਾ ਹੈ :- **ਲਬੁ ਵਿਣਾਹੇ ਮਾਣਸਾ, ਜਿਉ ਪਾਣੀ ਬੂਰੁ ॥** [ਪੰਨਾ ੯੬੭

ਭਗਤ ਕਬੀਰ ਜੀ ਨੇ 'ਰਾਮੁ ਸਿਮਰੁ ਪਛੁਤਾਹਿਗਾ ਮਨ' ਵਾਲੇ ਸ਼ਬਦ ਵਿਚ ਮਨੁੱਖ ਨੂੰ ਲਾਲਚ ਵਲੋਂ ਚੰਗੀ ਤਾੜਨਾ ਕੀਤੀ ਹੈ :-

**ਲਾਲਚ ਲਾਗੇ ਜਨਮੁ ਗਵਾਇਆ, ਆਜੁ ਕਾਲਿ ਉਠਿ ਜਾਹਿਗਾ॥੧॥**[ਪੰ. ੧੧੦੧

ਲੋਭ ਲਹਿਰ ਤੇ ਕਲੋਲਾਂ ਤੋਂ ਬਚਣ ਲਈ ਕੇਵਲ ਪ੍ਰਭੂ ਦੀ ਸ਼ਰਣ ਹੀ ਮਦਦਗਾਰ ਹੋ ਸਕਦੀ ਹੈ। ਸਹਸਕ੍ਰਿਤੀ ਸਲੋਕਾ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਲੋਭ ਦੀ ਪ੍ਰਕ੍ਰਿਆ ਦਾ ਇਉਂ ਜ਼ਿਕਰ ਕੀਤਾ ਹੈ:

**ਹੇ ਲੋਭਾ ਲੰਪਟ ਸੰਗ ਸਿਰਮੋਰਹ, ਅਨਿਕ ਲਹਰੀ ਕਲੋਲਤੇ ॥**
**ਧਾਵੰਤ ਜੀਅ ਬਹੁ ਪ੍ਰਕਾਰੰ, ਅਨਿਕ ਭਾਂਤਿ ਬਹੁ ਡੋਲਤੇ ॥**
**ਨਚ ਮਿਤ੍ਰੰ ਨਚ ਇਸਟੰ ਨਚ ਬਾਧਵ, ਨਚ ਮਾਤ ਪਿਤਾ ਤਵ ਲਜਯਾ ॥**
**ਅਕਰਣੰ ਕਰੋਤਿ ਅਖਾਦ੍ਯਿ ਖਾਦ੍ਯੰ,ਅਸਾਜ੍ਯੰ ਸਾਜਿ ਸਮਜਯਾ ॥**
**ਤ੍ਰਾਹਿ ਤ੍ਰਾਹਿ ਸਰਣਿ ਸੁਆਮੀ, ਬਿਗ੍ਯਾਪ੍ਤਿ ਨਾਨਕ ਹਰਿ ਨਰਹਰਹ ॥**[ਪੰ. ੧੩੫੮

ਸਿਧਾਂਤ ਇਹ ਹੈ ਕਿ ਗੁਰ ਉਪਦੇਸ਼ ਨੂੰ ਆਪਣੇ ਮਨ ਵਿਚ ਵਸਾਈਏ, ਲੋਭ ਲਹਿਰ ਤੋਂ ਬਚ ਕੇ ਰਹੀਏ ਕਿਉਂਕਿ ਲੋਭ ਵਿਚ ਆ ਕੇ ਮਨੁਖ ਭੱਖ ਅਭੱਖ ਸਭ ਕੁਝ ਖਾ ਜਾਂਦਾ ਹੈ।

## ਬਸੰਤੁ ਮਹਲਾ ੧ ਅਸਟਪਦੀਆ ਘਰੁ ੧ ਦੁਤੁਕੀਆ

**੧ੴ ਸਤਿਗੁਰ ਪ੍ਰਸਾਦਿ ॥ ਜਗੁ ਕਊਆ, ਨਾਮੁ ਨਹੀ ਚੀਤਿ ॥ ਨਾਮੁ ਬਿਸਾਰਿ ਗਿਰੈ ਦੇਖੁ ਭੀਤਿ ॥ ਮਨੂਆ ਡੋਲੈ, ਚੀਤਿ ਅਨੀਤਿ ॥ ਜਗ ਸਿਉ ਤੂਟੀ, ਝੂਠ ਪਰੀਤਿ ॥੧॥ ਕਾਮੁ ਕ੍ਰੋਧੁ ਬਿਖੁ ਬਜਰੁ ਭਾਰੁ ॥ ਨਾਮ ਬਿਨਾ, ਕੈਸੇ ਗੁਨ ਚਾਰੁ ॥੧॥ ਰਹਾਉ ॥ ਘਰੁ ਬਾਲੂ ਕਾ ਘੂਮਨ ਘੇਰਿ ॥ ਬਰਖਸਿ ਬਾਣੀ, ਬੁਦਬੁਦਾ ਹੇਰਿ ॥ ਮਾਤ੍ਰ ਬੂੰਦ ਤੇ ਧਰਿ ਚਕੁ ਫੇਰਿ ॥ ਸਰਬ ਜੋਤਿ, ਨਾਮੈ ਕੀ ਚੇਰਿ ॥੨॥ ਸਰਬ ਉਪਾਇ, ਗੁਰੂ ਸਿਰਿ ਮੋਰੁ ॥ ਭਗਤਿ ਕਰਉ, ਪਗ ਲਾਗਉ ਤੋਰ ॥ ਨਾਮਿ ਰਤੋ, ਚਾਹਉ ਤੁਝ ਓਰੁ ॥ ਨਾਮੁ ਦੁਰਾਇ ਚਲੈ, ਸੋ ਚੋਰੁ ॥੩॥ ਪਤਿ ਖੋਈ, ਬਿਖੁ ਅੰਚਲਿ ਪਾਇ ॥ ਸਾਚ ਨਾਮਿ ਰਤੋ, ਪਤਿ ਸਿਉ ਘਰਿ ਜਾਇ ॥ ਜੋ ਕਿਛੁ ਕੀਨਸਿ, ਪ੍ਰਭੁ ਰਜਾਇ ॥ ਭੈ ਮਾਨੈ ਨਿਰਭਉ, ਮੇਰੀ ਮਾਇ ॥੪॥**

### ਉਚਾਰਨ ਸੇਧ

**ਬਿੰਦੀ ਸਹਿਤ :** ਨਹੀਂ, ਮਨੂਆਂ, ਸਿਉਂ, ਬਿਨਾਂ, ਨਾਮੈਂ, ਕਰਉਂ, ਲਾਗਉਂ, ਚਾਹਉਂ।

**ਪਦ ਅਰਥ :**ਕਊਆ-ਕਾਂ। ਚੀਤਿ-ਚਿਤ ਵਿਚ। ਬਿਸਾਰਿ-ਵਿਸਾਰ ਕੇ। ਗਿਰੈ-ਡਿਗਦਾ ਹੈ ਭੀਤਿ-ਚੰਗਾ। ਮਨੂਆ ਡੋਲੈ-ਮਨ ਡਕੋ ਡੋਲੇ ਖਾਂਦਾ ਹੈ। ਚੀਤਿ ਅਨੀਤਿ-ਚਿਤ ਵਿਚ ਬਦਨੀਤੀ ਹੈ। ਟੂਟੀ-ਟੁੱਟ ਗਈ ਹੈ।੧। ਬਿਖੁ-ਜ਼ਹਿਰ। ਬਜਰੁ ਭਾਰੁ-ਵਜ਼ਨ (ਪੱਥਰ) ਵਾਂਗ(ਕਰੜਾ)ਭਾਰ ਹੈ। ਗੁਨ ਚਾਰ-ਗੁਣਾਂ ਵਾਲਾ ਆਚਾਰ।੧।ਰਹਾਉ।

ਬਾਲੂ-ਰੇਤ। ਘੂਮਨ ਘੇਰਿ-ਘੁੰਮਣ ਘੇਰੀ ਵਿਚ, ਜਿਵੇਂ ਸਮੁੰਦਰ ਦੇ ਚਕਰ ਵਿਚ। ਬਰਖਸਿ-ਬਾਰਸ਼ ਵਿਚ। ਬਾਣੀ-ਬਨਾਵਟ। ਬੁਦਬਦਾ-ਬੁਲ ਬੁਲਾ। ਹੇਰਿ-ਵੇਖ। ਮਾਤ੍ਰ ਬੂੰਦ ਤੇ-ਬੂੰਦ ਮਾਤਰ ਤੋਂ। ਧਰਿ-ਧਰਿਆ। ਚਕੁ ਫੇਰਿ-ਚਕ ਫੇਰਿਆ (ਤੇ ਸਰੀਰ ਬਣਾ ਦਿਤਾ)। ਸਰਬ ਜੋਤਿ-ਸਾਰੀਆਂ ਤਾਕਤਾਂ। ਨਾਮੈ ਕੀ ਚੇਰ-ਨਾਮ

ਦੀਆਂ ਦਾਸੀਆਂ ਹਨ।੨।

ਸਰਬ ਉਪਾਇ-ਸਾਰੇ ਪੈਦਾ ਕਰਕੇ। ਸਿਰਿਮੋਰੁ-ਸ਼ੋਮਣੀ। ਕਰਉ-ਮੈਂ ਕਰਦਾ ਹਾਂ। ਪਗ ਲਾਗਉ ਤੋਰ-ਤੇਰੇ ਚਰਨੀ ਲਗਦਾ ਹਾਂ। ਨਾਮਿ ਰਤੋ-ਨਾਮ ਵਿਚ ਰੱਤਾ ਹੋਇਆ। ਚਾਹਉ-ਚਾਹੁੰਦਾ ਹਾਂ। ਤੁਝ ਓਰੁ-ਤੇਰੀ ਤਰਫ਼। ਦੁਰਾਇ-ਚੁਰਾ ਕੇ, ਲੁਕਾ ਕੇ।੩।

ਪਤਿ ਖੋਈ-ਇਜ਼ਤ ਗੁਆ ਦਿਤੀ। ਬਿਖੁ-ਜ਼ਹਿਰ। ਅੰਚਲਿ-ਪਲੇ ਵਿਚ। ਨਾਮਿ-ਨਾਮ ਵਿਚ। ਕੀਨਸਿ-ਕੀਤਾ ਹੈ। ਰਜਾਇ-ਮਰਜ਼ੀ ਅਨੁਸਾਰ। ਭੈ ਮਾਨੇ-(ਜੋ ਹਰੀ ਦਾ) ਡਰ ਮੰਨਦਾ ਹੈ। ਨਿਰਭਉ-(ਹੋਰਾਂ ਡਰਾਂ ਤੋਂ) ਨਿਡਰ।੪।

**ਅਰਥ** : (ਜਿਸ ਦੇ) ਚਿਤ ਵਿਚ (ਪਰਮਾਤਮਾ ਦਾ) ਨਾਮ ਨਹੀਂ ਹੈ, (ਉਹ) ਜਗਤ ਉਤੇ ਕਾਂ (ਵਰਗੇ ਸੁਭਾਵ ਵਾਲਾ ਹੈ) । (ਹੇ ਭਾਈ !) ਵੇਖ (ਅਜਿਹਾ ਮਨੁੱਖ) ਨਾਮ ਨੂੰ ਵਿਸਾਰ ਕੇ (ਵਿਕਾਰਾਂ ਰੂਪੀ) ਚੋਗ ਤੇ ਡਿਗਦਾ ਹੈ । (ਉਸ ਦਾ) ਮਨ ਡਕੇ ਡੋਲੇ ਖਾਂਦਾ ਹੈ (ਕਿਉਂਕਿ ਉਸ ਦੇ) ਚਿਤ ਵਿਚ ਬਦਨੀਤੀ ਹੁੰਦੀ ਹੈ (ਇਹ ਸਭ ਵੇਖ ਕੇ ਮੇਰੀ) ਜਗਤ ਨਾਲੋਂ ਝੂਠੀ ਪ੍ਰੀਤਿ ਟੁਟ ਗਈ ਹੈ ।੧।

(ਹੇ ਭਾਈ !) ਕਾਮ ਤੇ ਕ੍ਰੋਧ ਜ਼ਹਿਰ ਹੈ, ਇਸ ਦਾ ਵਜ਼ਨ ਬਜਰ ਵਾਂਗ ਸਖਤ ਹੈ । ਨਾਮ ਤੋਂ ਬਿਨਾ (ਕਿਸੇ ਮਨੁਖ ਦਾ) ਕਿਸੇ ਤਰ੍ਹਾਂ ਗੁਣਾਂ ਵਾਲਾ ਆਚਾਰ ਬਣ ਸਕਦਾ ਹੈ ? (ਭਾਵ ਨਹੀਂ ਬਣ ਸਕਦਾ) ।੧। ਰਹਾਉ ।

(ਇਹ ਸਰੀਰ) ਰੇਤ ਦੇ ਘਰ ਵਾਂਗ ਸਮੁੰਦਰ ਦੀ ਘੁੰਮਣ ਘੇਰੀ ਵਿਚ ਪਿਆ ਹੈ । (ਜਾਂ ਜਿਵੇਂ) ਬਾਰਸ਼ ਵਿਚ ਬੁਲਬੁਲੇ ਦੀ ਬਨਾਵਟ ਵਾਂਗ ਹੈ (ਤੂੰ ਬੇਸ਼ਕ) ਵੇਖ ਲੈ (ਝਟ ਬਿਨਸ ਜਾਂਦਾ ਹੈ) । (ਪਰਮਾਤਮਾ ਨੇ ਪਿਤਾ ਦੀ) ਬੂੰਦ ਮਾਤਰ ਤੋਂ ਮਨੁੱਖਾ ਸਰੀਰ ਉਸ ਤਰ੍ਹਾਂ ਬਣਾ ਦਿਤਾ ਹੈ (ਜਿਵੇਂ ਘੁਮਿਆਰ ਮਿਟੀ ਤੋਂ ਭਾਂਡੇ ਬਣਾਂਦਾ ਹੈ), (ਪਰ) ਸਾਰੀਆਂ ਸ਼ਕਤੀਆਂ ਨਾਮ ਦੀਆਂ ਦਾਸੀਆਂ ਹਨ ।੨।

(ਹੇ ਪ੍ਰਭੂ !) ਤੂੰ ਸਾਰਿਆਂ ਨੂੰ ਪੈਦਾ ਕਰਕੇ ਸਭ ਦੇ ਸਿਰ ਤੇ ਸ਼ੋਮਣੀ ਗੁਰੂ ਹੈਂ । ਮੈਂ ਤੇਰੀ ਭਗਤੀ ਕਰਾਂ ਤੇ ਤੇਰੇ ਚਰਨੀ ਲੱਗਾ ਰਹਾਂ । ਮੇਰੀ ਦਿਲੀ ਇੱਛਾ ਹੈ ਕਿ ਮੈਂ ਨਾਮ ਵਿਚ ਰੱਤਾ ਰਹਾਂ (ਅਤੇ) ਤੇਰੀ ਤਰਫ ਵੇਖਾਂ (ਭਾਵ ਤੈਨੂੰ ਲੋਚਾਂ) । (ਜੋ) ਨਾਮ ਨੂੰ ਲੁਕਾ ਕੇ (ਭਾਵ ਗਵਾ ਕੇ ਇਥੋਂ) ਜਾਂਦਾ ਹੈ, ਉਹ (ਅਗੇ ਹਰੀ ਦੀ ਦਰਗਾਹ ਵਿਚ ਵੀ) ਚੋਰ ਹੈ ।੩।

(ਹੇ ਭਾਈ ! ਜਿਸ ਮਨੁੱਖ ਨੇ ਵਿਕਾਰਾਂ ਦੀ) ਜ਼ਹਿਰ ਪਲੇ ਵਿਚ ਪਾਈ ਹੈ (ਉਹ ਆਪਣੀ) ਇਜ਼ਤ ਗਵਾ ਲੈਂਦਾ ਹੈ । (ਹਾਂ, ਜਿਹੜਾ ਮਨੁੱਖ) ਸੱਚੇ ਨਾਮ ਵਿਚ ਰੱਤਾ ਰਹਿੰਦਾ ਹੈ ਉਹ ਇਜ਼ਤ ਨਾਲ ਆਪਣੇ ਘਰ ਵਿਚ ਭਾਵ ਹਰੀ ਦੀ ਹਜ਼ੂਰੀ ਵਿਚ ਜਾਂਦਾ ਹੈ । (ਉਸ ਦਾ ਪੱਕਾ ਵਿਸ਼ਵਾਸ਼ ਹੈ ਕਿ) ਜੋ ਕੁਝ ਹਰੀ ਕਰਦਾ ਹੈ (ਉਹ ਆਪਣੀ ਰਜ਼ਾ ਅਨੁਸਾਰ ਠੀਕ ਕਰਦਾ ਹੈ) । ਹੇ ਮੇਰੀ ਮਾਂ ! ਜੋ ਹਰੀ ਦੇ ਭੈ ਨੂੰ ਮੰਨਦਾ ਹੈ ਉਹ ਨਿਰਭਉ ਹੋ ਜਾਂਦਾ ਹੈ ।੪।

**ਕਾਮਨਿ ਚਾਹੈ ਸੁੰਦਰਿ ਭੋਗੁ ॥ ਪਾਨ ਫੂਲ ਮੀਠੇ ਰਸ ਰੋਗ ॥ ਖੀਲੈ ਬਿਗਸੈ, ਤੇਤੋ ਸੋਗ ॥ ਪ੍ਰਭ ਸਰਣਾਗਤਿ, ਕੀਨ੍ਹ ਸਿ ਹੋਗ ॥੫॥ ਕਾਪੜੁ ਪਹਿਰਸਿ, ਅਧਿਕੁ**

ਸੀਗਾਰੁ ॥ ਮਾਟੀ ਫੂਲੀ, ਰੂਪੁ ਬਿਕਾਰ ॥ ਆਸਾ ਮਨਸਾ ਬਾਂਧੋ ਬਾਰੁ ॥ ਨਾਮ ਬਿਨਾ, ਸੂਨਾ ਘਰੁ ਬਾਰੁ ॥੬॥ ਗਾਛਹੁ ਪੁਤ੍ਰੀ ਰਾਜ ਕੁਆਰਿ ॥ ਨਾਮੁ ਭਣਹੁ, ਸਚੁ ਦੋਤੁ ਸਵਾਰਿ ॥ ਪ੍ਰਿਉ ਸੇਵਹੁ, ਪ੍ਰਭ ਪ੍ਰੇਮ ਅਧਾਰਿ ॥ ਗੁਰ ਸਬਦੀ, ਬਿਖੁ ਤਿਆਸ ਨਿਵਾਰਿ ॥੭॥ ਮੋਹਨਿ, ਮੋਹਿ ਲੀਆ ਮਨੁ ਮੋਹਿ ॥ ਗੁਰ ਕੈ ਸਬਦਿ, ਪਛਾਨਾ ਤੋਹਿ ॥ ਨਾਨਕ, ਠਾਢੇ ਚਾਹਹਿ ਪ੍ਰਭੂ ਦੁਆਰ ॥ ਤੇਰੇ ਨਾਮਿ ਸੰਤੋਖੇ ਕਿਰਪਾ ਧਾਰਿ ॥੮॥੧॥

## ਉਚਾਰਨ ਸੇਧ

**ਬਿੰਦੀ ਸਹਿਤ :** ਸ਼ੀਗਾਰ, ਸੂਨਾਂ, ਚਾਹਹਿਂ।

**ਬਿੰਦੀ ਰਹਿਤ :** 'ਠਾਢੇ' ਪਦ ਦਾ ਉਚਾਰਨ 'ਠਾਢੇਂ' ਕਰਨਾ ਅਸ਼ੁੱਧ ਹੈ।

**ਪਦ ਅਰਥ :** ਕਾਮਨਿ-ਇਸਤ੍ਰੀ। ਚਾਹੈ-ਚਾਹੁੰਦੀ ਹੈ। ਸੁੰਦਰਿ ਭੋਗ ਕਰਾਂ। ਖੀਲੈ-ਖੇਲਦੀ ਹੈ। ਬਿਗਸੈ-ਪ੍ਰਸੰਨ ਹੁੰਦੀ ਹੈ। ਤੇਤੋ-ਉਤਨਾ ਹੀ। ਸੋਗ-ਸ਼ੋਕ, ਗਮ। ਸਰਣਾਗਤਿ-ਸ਼ਰਣ ਵਿਚ ਆਈ। ਕੀਨਸਿ-ਕਰਦਾ ਹੈ।੫।

ਪਹਿਰਸਿ-ਪਹਿਨਦੀ ਹੈ। ਅਧਿਕ-ਬਹੁਤ। ਮਾਟੀ ਫੂਲੀ-ਮਿੱਟੀ ਫੂਲੀ ਹੋਈ ਹੈ। ਰੂਪੁ ਵਿਕਾਰੁ-ਵਿਕਾਰ ਰੂਪ ਹੋਈ ਹੈ। ਆਸਾ ਮਨਸਾ-ਆਸਾ ਤੇ ਤ੍ਰਿਸ਼ਨਾ। ਨੇ ਬਾਂਧੋ ਬਾਰੁ-ਦਰਵਾਜ਼ਾ ਬੰਨ੍ਹ ਦਿਤਾ ਹੈ ਭਾਵ ਰੋਕ ਦਿਤਾ ਹੈ। ਸੂਨਾ-ਖ਼ਾਲੀ।੬।

ਗਾਛਹੁ-ਜਾਓ। ਰਾਜ ਕੁਆਰਿ-ਹੇ ਰਾਜ ਕੁਮਾਰੀਓ! ਭਣਹੁ-ਉਚਾਰੋ, ਜਪੋ। ਦੋਤੁ-ਦਿਨ, ਭਾਵ ਅੰਮ੍ਰਿਤ ਵੇਲਾ। ਪ੍ਰਿਉ-ਪਿਆਰੇ (ਪ੍ਰਭੂ!) ਨੂੰ ਪ੍ਰੇਮ ਅਧਾਰਿ-ਪ੍ਰੇਮ ਦੇ ਆਸਰੇ। ਗੁਰ ਸਬਦੀ-ਗੁਰੂ ਦੇ ਸ਼ਬਦ ਦੁਆਰਾ। ਤਿਆਸ-ਪਿਆਸ। ਨਿਵਾਰਿ-ਦੂਰ ਕਰਕੇ।੭।

ਮੋਹਨਿ-ਮੋਹਨਿ (ਪਤੀ ਪਰਮੇਸ਼ਰ) ਨੇ। ਮਨੁ ਮੋਹਿ-ਮੇਰਾ ਮਨ। ਠਾਢੇ-ਖੜੇ ਹੋਏ। ਚਾਹਹਿ-ਚਾਹੁੰਦੇ ਹਨ। ਦੁਆਰਿ-ਦਰ ਤੇ। ਨਾਮਿ ਸੰਤੋਖੇ-ਨਾਮ ਵਿਚ ਸੰਤੋਖ ਆਵੇ। ਕਿਰਪਾ ਧਾਰਿ-ਕਿਰਪਾ ਕਰ।੮।

**ਅਰਥ:** (ਹੇ ਭਾਈ!) ਇਸਤ੍ਰੀ ਚਾਹੁੰਦੀ (ਲੋਚਦੀ ਹੈ ਕਿ ਮੈਂ) ਸੋਹਣੀ ਹੋਵਾਂ (ਅਤੇ ਮਨ ਭਾਉਂਦੇ) ਭੋਗ ਭੋਗਾਂ(ਪਰ)ਪਾਨ,ਫੁੱਲਾਂ ਆਦਿ ਦੇ ਮਿੱਠੇ ਰਸ ਦੁਖ ਪੈਦਾ ਕਰਦੇ ਹਨ। (ਜਿਤਨਾ ਵਧੇਰੇ ਜੀਵ ਇਸਤ੍ਰੀ ਭੋਗਾਂ ਵਿਚ) ਖੇਲਦੀ ਤੇ ਪ੍ਰਸੰਨ ਹੋਈ ਫਿਰਦੀ ਹੈ, ਉਤਨਾ ਹੀ (ਉਹ ਖੇਡਾ) ਸੋਗ ਰੂਪ ਹੋ ਜਾਂਦਾ ਹੈ। (ਜੋ ਜੀਵ-ਇਸਤ੍ਰੀ) ਪ੍ਰਭੂ ਦੀ ਸ਼ਰਨ ਵਿਚ (ਉਹ ਜੋ) ਕਰਨਾ ਲੋੜਦੀ ਹੈ, ਉਹ ਹੋ ਜਾਂਦਾ ਹੈ।੫।

(ਹੇ ਭਾਈ ! ਜਿਹੜੀ ਜੀਵ ਇਸਤ੍ਰੀ ਸੋਹਣੇ) ਕਪੜੇ ਪਾਉਂਦੀ ਹੈ ਤੇ ਬਹੁਤ ਸ਼ਿੰਗਾਰ ਕਰਦੀ ਹੈ (ਪਰ ਜੋ) ਮਿਟੀ ਰੂਪ ਸਰੀਰ ਉਤੇ ਫੂਲਦੀ ਹੈ (ਵੇਖ ਵੇਖ ਕੇ ਖੁਸ਼ ਹੁੰਦੀ ਹੈ) ਉਸ ਦਾ ਰੂਪ (ਉਸ ਤੋਂ ਹੋਰ) ਵਿਕਾਰ ਕਰਾਂਦਾ ਹੈ)। ਆਸਾ ਤੇ ਤ੍ਰਿਸ਼ਨਾ ਨੇ (ਉਸ ਲਈ) ਰਬ ਵਾਲਾ ਦਰਵਾਜ਼ਾ ਰੋਕਿਆ ਹੈ। ਨਾਮ ਤੋਂ ਬਿਨਾਂ ਉਸ ਦਾ ਹਿਰਦਾ ਘਰ ਸੁੰਞਾ ਹੀ ਰਹਿੰਦਾ ਹੈ।੬।

ਹੇ ਪੁਤ੍ਰੀਓ ! ਰਾਜ ਕੁਮਾਰੀਓ! ਜਾਓ, ਅੰਮ੍ਰਿਤ ਵੇਲਾ ਸੰਭਾਲ ਕੇ ਸਚਾ ਨਾਮ ਜਪੋ। ਪ੍ਰਭੂ ਦੇ ਪ੍ਰੇਮ

ਆਸਰੇ ਹੋ ਕੇ ਪਿਆਰੇ ਪ੍ਰਭੂ ਨੂੰ ਸੇਵੋ। ਗੁਰੂ ਦੇ ਸ਼ਬਦ ਦੁਆਰਾ ਮਾਇਆ ਦੀ ਤ੍ਰਿਸ਼ਨਾ ਦੂਰ ਕਰੋ।੭।

(ਹੇ ਪ੍ਰਭੂ! ਹਰੀ ਮੋਹਨ ਨੇ ਮੇਰਾ ਮਨ ਮੋਹ ਲਿਆ ਹੈ) ਗੁਰੂ ਦੇ ਸ਼ਬਦ ਦੁਆਰਾ ਤੈਨੂੰ ਪਛਾਣਿਆ ਹੈ। ਨਾਨਕ (ਗੁਰੂ ਜੀ ਬੇਨਤੀ ਕਰਦੇ ਹਨ) ਹੇ ਪ੍ਰਭੂ! (ਅਸੀਂ ਜੀਵ) ਤੇਰੇ ਦਰ ਤੇ ਖੜੇ ਹੋਏ (ਤੇਰਾ ਦਰਸ਼ਨ ਵੇਖਣਾ) ਲੋਚਦੇ ਹਾਂ। ਤੂੰ (ਮੇਰੇ ਉੱਤੇ) ਇਹ ਕਿਰਪਾ ਕਰ ਕਿ ਮੈਨੂੰ ਤੇਰੇ ਨਾਮ ਵਿਚ ਸੰਤੋਖ ਆ ਜਾਵੇ।੮।੧।

## ਸਾਰੰਸ਼ ਅਤੇ ਸਿਧਾਂਤ

ਇਸ ਅਸ਼ਟਪਦੀ ਵਿਚ 'ਗਾਛਹੁ ਪੁਤ੍ਰੀ ਰਾਜ ਕੁਆਰਿ ॥ ਨਾਮੁ ਭਣਹੁ ਸਚੁ ਦੋਤੁ ਸਵਾਰਿ ॥' ਵਾਲੀਆਂ ਪੰਗਤੀਆਂ ਦਾ ਸਬੰਧ ਰਾਜਾ ਸ਼ਿਵਨਾਭ ਵਲੋਂ ਭੇਜੀਆਂ ਕਾਮ ਉਪਜਾਊ ਸੁੰਦਰੀਆਂ ਨਾਲ ਹੈ ਜੋ ਗੁਰੂ ਨਾਨਕ ਦੇਵ ਜੀ ਨੂੰ ਮੋਹਣ ਲਈ ਭੇਜੀਆ ਗਈਆਂ ਸਨ ਪਰ ਗੁਰੂ ਜੀ ਦਾ ਦਰਸ਼ਨ ਕਰਕੇ ਆਪ ਹੀ ਮੋਹੀਆਂ ਗਈਆ ਸਨ। ਇਹ ਸਾਖੀ ਬਹੁਤ ਲੰਬੀ ਹੈ, ਇਸ ਲਈ ਜੋ ਸੰਕੇਤ ਸ਼ਬਦਾਰਥ ਵਿਚ ਅੰਕਿਤ ਹੈ, ਓਹੀ ਪਾਠਕਾਂ ਦੀ ਭੇਟ ਕੀਤਾ ਜਾਂਦਾ ਹੈ :–

ਰਾਜਾ ਸ਼ਿਵਨਾਭ ਦੀ ਧਰਤੀ ਤੇ ਗੁਰੂ ਜੀ ਨੇ ਚਰਨ ਪਾਏ, ਉਸ ਦਾ ਸੁੱਕਾ ਬਾਗ਼ ਹਰਿਆ ਹੋ ਗਿਆ। ਰਾਜੇ ਨੇ ਗੁਰੂ ਜੀ ਦੀ ਪ੍ਰੀਖਿਆ ਲੈਣ ਲਈ ਮੋਹਨੀਆਂ ਭੇਜੀਆਂ, ਉਸ ਪ੍ਰਥਾਇ ਇਹ ਸ਼ਬਦ ਉਚਾਰਿਆ ਗਿਆ।

'ਸਮੁੱਚਾ ਭਾਵ : ਮਨੁੱਖ ਵਿਕਾਰਾਂ ਦੀ ਭਿੱਤੀ ਵੇਖ ਕੇ ਡੋਲਦਾ ਤਦ ਹੈ, ਜਦ ਉਹ ਨਾਮ ਨੂੰ ਵਿਸਾਰ ਬਹਿੰਦਾ ਹੈ। ਹੇ ਬੱਚੀਓ! ਜਿਸ ਰੂਪ ਦਾ ਮਾਣ ਕਰ ਕੇ ਮੇਰੇ ਪਾਸ ਆਈਆਂ ਹੋ, ਉਹ ਰੂਪ ਨਾਮ ਤੋਂ ਬਿਨਾ ਨਿਕੰਮਾ ਹੈ, ਅਤੇ ਇਸ ਦੇ ਨਾਲ ਦੇ ਕਾਮ-ਰਸ ਰੋਗ ਹਨ, ਜਿਨ੍ਹਾ ਦੇ ਭੋਗਣ ਤੋਂ, ਸਿਵਾਇ ਸੋਗ ਦੇ ਕੁਝ ਪ੍ਰਾਪਤ ਨਹੀਂ ਹੁੰਦਾ। ਇਸ ਲਈ ਹੇ ਬੱਚੀਓ! ਜਾਓ ਨਾਮ ਜਪੋ ਅਤੇ ਆਪਣਾ ਜਨਮ ਸਵਾਰੋ। ਤੁਸੀਂ ਮੈਨੂੰ ਮੋਹ ਨਹੀਂ ਸਕਦੀਆ, ਕਿਉਂਕਿ ਮੇਰਾ ਮਨ ਤਾਂ ਅਗੇ ਹੀ ਹਰੀ-ਮੋਹਨ ਨੇ ਮੋਹਿਆ ਹੋਇਆ ਹੈ। ਤੁਸੀਂ ਭੀ ਉਸੇ ਸਰਬ-ਪ੍ਰਿਯ ਪ੍ਰਭੂ ਨੂੰ ਪਿਆਰ ਨਾਲ ਸੇਵੋ।

**ਬਸੰਤੁ ਮਹਲਾ ੧ ॥ ਮਨੁ ਭੂਲਉ, ਭਰਮਸਿ ਆਇ ਜਾਇ ॥ ਅਤਿ ਲੁਬਧ ਲੁਭਾਨਉ, ਬਿਖਮ ਮਾਇ ॥ ਨਹ ਅਸਥਿਰੁ ਦੀਸੈ, ਏਕ ਭਾਇ ॥ ਜਿਉ ਮੀਨ ਕੁੰਡਲੀਆ ਕੰਠਿ ਪਾਇ ॥੧॥ ਮਨੁ ਭੂਲਹੁ, ਸਮਝਸਿ ਸਾਚ ਨਾਇ ॥ ਗੁਰ ਸਬਦ ਬੀਚਾਰੇ, ਸਹਜ ਭਾਇ ॥੧॥ ਰਹਾਉ ॥ ਮਨੁ ਭੂਲਉ, ਭਰਮਸਿ ਭਵਰ ਤਾਰ ॥ ਬਿਲ ਬਿਰਥੇ, ਚਾਹੈ ਬਹੁ ਬਿਕਾਰ ॥ ਮੈਗਲ ਜਿਉ ਫਾਸਸਿ ਕਾਮਹਾਰ ॥ ਕੜਿ ਬੰਧਨਿ ਬਾਧਿਓ, ਸੀਸ ਮਾਰ ॥੨॥ ਮਨੁ ਮੁਗਧੌ ਦਾਦਰੁ ਭਗਤਿ ਹੀਨੁ ॥ ਦਰਿ ਭ੍ਰਸਟ ਸਰਾਪੀ, ਨਾਮ ਬੀਨੁ ॥ ਤਾ ਕੈ ਜਾਤਿ ਨ ਪਾਤੀ, ਨਾਮ ਲੀਨ ॥ ਸਭਿ ਦੂਖ ਸਖਾਈ, ਗੁਣਹ ਬੀਨ ॥੩॥ ਮਨੁ ਚਲੈ ਨ ਜਾਈ, ਠਾਕਿ ਰਾਖੁ ॥ ਬਿਨੁ ਹਰਿ ਰਸ ਰਾਤੇ, ਪਤਿ**

**ਨ ਸਾਖੁ ॥ ਤੂ ਆਪੇ ਸੁਰਤਾ, ਆਪਿ ਰਾਖੁ ॥ ਧਰਿ ਧਾਰਣ ਦੇਖੈ, ਜਾਣੈ ਆਪਿ ॥੪॥**

ਉਚਾਰਨ ਸੇਧ

**ਬਿੰਦੀ ਸਹਿਤ** : ਲੁਭਾਨਉਂ, ਨਹਂ, ਜਿਉਂ, ਨਾਇਂ, ਗੁਨਹਂ ।

**ਪਦ ਅਰਥ** : ਭੂਲਉ-ਭੁਲਿਆ ਹੋਇਆ । ਭਰਮਸਿ-ਭਟਕਦਾ ਫਿਰਦਾ ਹੈ । ਆਇ ਜਾਇ-ਆਉਂਦਾ ਜਾਂਦਾ ਹੈ ਭਾਵ ਟਿਕ ਕੇ ਨਹੀਂ ਬੈਠਦਾ । ਅਤਿ ਲੁਬਧ-ਬਹੁਤ ਲਾਲਚੀ । ਲੁਭਾਨਉ-ਲੋਭ ਵਿਚ ਲੁਭਾਇਮਾਨ ਹੈ ਅਰਥਾਤ ਫਸਿਆ ਹੋਇਆ ਹੈ । ਬਿਖਮ ਮਾਇ-ਔਖੀ (ਮਿਲਣ ਵਾਲੀ) ਮਾਇਆ ! । ਅਸਥਿਰੁ-ਪੱਕਾ, ਟਿਕਿਆ ਹੋਇਆ । ਏਕ ਭਾਇ-ਇਕ (ਪ੍ਰਭੂ ਦੇ) ਪਿਆਰ ਵਿਚ । ਮੀਨ-ਮੱਛੀ । ਕੁੰਡਲੀਆ-ਕੁੰਡੀ । ਕੰਠਿ-ਗਲ ਵਿਚ ।੧।

ਸਮਝਸਿ-ਸਮਝ ਸਕਦਾ ਹੈ । ਸਾਚ ਨਾਇ-ਸਚੇ ਨਾਮ ਵਿਚ (ਜੁੜ ਕੇ) । ਸਹਜ ਭਾਇ-ਆਤਮਿਕ ਅਡੋਲਤਾ ਦੇ ਪਿਆਰ ਵਿਚ ।੧। ਰਹਾਉ ।

ਭਵਰ ਤਾਰ-ਭੌਰੇ ਦੀ ਤਰ੍ਹਾਂ । ਬਿਲ-ਖੁੱਡਾਂ, ਭਾਵ ਗੋਲਕਾਂ, ਇੰਦ੍ਰੇ । ਬਿਰਥੇ ਬਿਕਾਰ-ਵਿਅਰਥ ਵਿਕਾਰ । ਮੈਗਲ-ਹਾਥੀ । ਕਾਮਹਾਰ-ਕਾਮਨਾ ਦੀ ਧੁਨ ਵਿਚ ਫਸਿਆ ਹੋਇਆ, ਕਾਮੀ । ਕੜਿ-ਬੰਨ੍ਹ ਕੇ, ਕਸ ਕੇ । ਬੰਧਨਿ-ਬੰਧਨ ਨਾਲ, ਭਾਵ ਰੱਸੇ ਨਾਲ । ਸੀਸ ਮਾਰ-ਸਿਰ ਤੇ ਮਾਰਦਾ ਹੈ । ਮੁਗਧੌ-ਮੂਰਖ । ਦਾਦਰ-ਡੱਡੂ । ਸਾਖ-ਇਤਬਾਰ । ਦਰਿ ਭ੍ਰਸਟ-ਦਰ ਤੋਂ ਡਿਗਿਆ ਹੋਇਆ । ਗੁਨਹ ਬੀਨ-ਬਿਨਾਂ ਗੁਣਾਂ ਦੇ, ਸਖਣਾ ।੩। ਠਾਕਿ-ਰੋਕ ਕੇ । ਧਾਰਿ-ਧਾਰਣ ਕਰਕੇ, ਪੈਦਾ ਕਰਕੇ । ਧਾਰਣ-ਧਰਤੀ ।੪।

**ਅਰਥ** : (ਹੇ ਭਾਈ !) ਭੁਲਿਆ ਹੋਇਅ ਮਨ ਇਧਰ ਉਧਰ ਭਟਕਦਾ ਹੈ । ਬਹੁਤ ਲਾਲਚੀ ਹੋਇਆ ਮਨ (ਮਾਇਆ ਵਿਚ) ਲੁਭਾਇਮਾਨ ਹੈ । (ਇਸ ਲਈ ਇਹ) ਇਕ (ਪ੍ਰਭੂ) ਦੇ ਪਿਆਰ ਵਿਚ ਟਿਕਿਆ ਹੋਇਆ ਨਹੀਂ ਦਿਸਦਾ । ਜਿਵੇਂ ਮੱਛੀ ਲੋਭ ਕਾਰਨ ਆਪਣੇ ਗਲ ਵਿਚ ਕੁੰਡੀ ਪਵਾਂਦੀ ਹੈ (ਇਸ ਤਰ੍ਹਾਂ ਲੋਭੀ ਮਨੁੱਖ ਦੇ ਗਲ ਵਿਚ ਫਾਹੀ ਪੈਂਦੀ ਹੈ) ।੧।

(ਹੇ ਭਾਈ !) ਭੁੱਲਾ ਹੋਇਆ ਮਨ ਸਚੇ ਨਾਮ ਵਿਚ (ਜੁੜ ਕੇ) (ਓਦੋਂ) ਸਮਝਦਾ ਹੈ । (ਜਦੋਂ) ਆਤਮਿਕ ਅਡੋਲਤਾ ਦੇ ਪਿਆਰ ਵਿਚ ਗੁਰ ਸ਼ਬਦ ਨੂੰ ਵੀਚਾਰਦਾ ਹੈ ।੧। ਰਹਾਉ ।

(ਹੇ ਭਾਈ!) ਭੁਲਿਆ ਹੋਇਆ ਮਨ ਭੌਰੇ ਦੀ ਤਰ੍ਹਾਂ ਭਟਕਦਾ ਫਿਰਦਾ ਹੈ । (ਨੌਂ) ਗੋਲਕਾਂ (ਇੰਦ੍ਰਿਆਂ) ਰਾਹੀਂ ਮਨ ਬਹੁਤ ਵਿਕਾਰਾਂ ਨੂੰ ਲੋਚਦਾ ਹੈ । ਕਾਮਾਤੁਰ ਹੋਏ ਹਾਥੀ ਦੀ ਤਰ੍ਹਾਂ (ਇਹ ਜੀਵ ਵੀ ਕਾਮਨਾਵਾਂ ਵਿਚ ਫਸਦਾ ਹੈ) । (ਕਾਮਾਤੁਰ ਹਾਥੀ) ਸਿਰ ਤੇ ਅੰਕਸ ਦੀ ਮਾਰ ਨਾਲ ਕੜ ਕੇ ਬੱਧਾ ਜਾਂਦਾ ਹੈ (ਅਤੇ) ਅੰਕਸ ਰੂਪੀ ਮਾਰ ਸਹਿੰਦਾ ਹੈ ।੨।

ਮੂਰਖ ਮਨ ਡੱਡੂ ਵਾਂਗ ਹੈ (ਜਿਸ ਨੇ ਕਮਲ ਦੀ ਸਾਰ ਨਹੀਂ ਜਾਣੀ ਹੈ, ਇਸੇ ਤਰ੍ਹਾਂ ਇਹ ਮਨ) ਭਗਤੀ ਤੋਂ ਸਖਣਾ ਹੈ । (ਜੋ) ਨਾਮ ਤੋਂ ਬਿਨਾਂ ਹਨ (ਓਹ) ਪ੍ਰਭੂ ਦੇ ਦਰ ਤੋਂ ਭ੍ਰਿਸ਼ਟੇ ਹੋਏ, ਸਰਾਪੀ ਹਨ । ਉਨ੍ਹਾਂ ਦੀ ਨਾ ਜਾਤਿ ਹੈ ਨਾ ਪਤਿ ਹੈ, ਨਾ ਉਨ੍ਹਾਂ ਦਾ ਕੋਈ ਨਾਮ ਲੈਂਦਾ ਹੈ, ਗੁਣਾਂ ਤੋਂ ਬਿਨਾਂ ਹੋਣ ਕਰਕੇ ਉਨ੍ਹਾਂ ਦੇ ਦੁਖ ਹੀ ਸਾਥੀ ਬਣਦੇ ਹਨ ।੩।

ਮਨ ਚੰਚਲ ਹੈ ਤੇ ਦੌੜਦਾ ਹੈ, (ਹੇ ਭਾਈ ! ਇਸ ਨੂੰ) ਰੋਕ ਕੇ ਰਖ । ਹਰੀ ਦੇ ਨਾਮ ਰਸ ਵਿਚ ਰੱਤੇ ਹੋਏ ਬਿਨਾਂ, ਨਾ ਇਜ਼ਤ ਰਹਿੰਦੀ ਹੈ ਨਾ ਸਾਖ (ਇਤਬਾਰ) ਬਣਦਾ ਹੈ । ਹੇ ਪ੍ਰਭੂ ! ਤੂੰ ਆਪ ਹੀ (ਸਾਡੀਆਂ ਅਰਦਾਸਾਂ) ਸੁਣਨ ਵਾਲਾ ਹੈਂ ਅਤੇ ਆਪ ਹੀ ਰਖਿਆ ਕਰਨ ਵਾਲਾ ਹੈਂ । (ਹੇ ਭਾਈ ! ਉਹ ਪ੍ਰਭੂ) ਸਾਰੀ ਧਰਤੀ ਨੂੰ ਧਾਰਣ ਕਰਕੇ (ਸਭ ਨੂੰ ਵੇਖਦਾ ਹੈ ਤੇ ਸਭ ਦਿਲਾਂ ਦੀ ਗਲ) ਜਾਣਦਾ ਹੈ ।੪।

**ਆਪਿ ਭੁਲਾਏ, ਕਿਸੁ ਕਹਉ ਜਾਇ॥ ਗੁਰੁ ਮੇਲੇ, ਬਿਰਥਾ ਕਹਉ ਮਾਇ॥ ਅਵਗਣ ਛੋਡਉ, ਗੁਣ ਕਮਾਇ॥ ਗੁਰ ਸਬਦੀ ਰਾਤਾ, ਸਚਿ ਸਮਾਇ॥੫॥ ਸਤਿਗੁਰ ਮਿਲਿਐ, ਮਤਿ ਊਤਮ ਹੋਇ॥ ਮਨੁ ਨਿਰਮਲੁ, ਹਉਮੈ ਕਢੈ ਧੋਇ॥ ਸਦਾ ਮੁਕਤੁ, ਬੰਧਿ ਨ ਸਕੈ ਕੋਇ॥ ਸਦਾ ਨਾਮੁ ਵਖਾਣੈ, ਅਉਰੁ ਨ ਕੋਇ॥੬॥ ਮਨੁ, ਹਰਿ ਕੈ ਭਾਣੈ ਆਵੈ ਜਾਇ॥ ਸਭ ਮਹਿ ਏਕੋ, ਕਿਛੁ ਕਹਣੁ ਨ ਜਾਇ॥ ਸਭੁ ਹੁਕਮੋ ਵਰਤੈ, ਹੁਕਮਿ ਸਮਾਇ॥ ਦੂਖ ਸੂਖ ਸਭ ਤਿਸੁ ਰਜਾਇ॥੭॥ ਤੂ ਅਭੁਲੁ, ਨ ਭੂਲੌ ਕਦੇ ਨਾਹਿ॥ ਗੁਰ ਸਬਦੁ ਸੁਣਾਏ, ਮਤਿ ਅਗਾਹਿ॥ ਤੂ ਮੋਟਉ ਠਾਕੁਰੁ, ਸਬਦ ਮਾਹਿ॥ ਮਨੁ ਨਾਨਕ ਮਾਨਿਆ, ਸਚੁ ਸਲਾਹਿ ॥੮॥੨॥**

## ਉਚਾਰਨ ਸੇਧ

**ਬਿੰਦੀ ਸਹਿਤ :** ਕਹਉਂ, ਛੋਡਉਂ, ਹਉਮੈਂ, ਮਹਿਂ, ਨਾਹਿਂ, ਮਾਹਿਂ ।

**ਪਦ ਅਰਥ :** ਕਹਉ-ਮੈਂ ਆਖਾਂ । ਜਾਇ-ਜਾ ਕੇ । ਬਿਰਥਾ-ਦੁਖੀ ਹਾਲਤ । ਛੋਡਉ-ਛਡ ਸਕਦਾ ਹਾਂ । ਕੰਮਾਇ-ਕਮਾ ਕੇ । ਸਚਿ-ਸਚ ਵਿਚ । ਸਮਾਇ-ਲੀਨ ਹੋ ਕੇ ।੫। ਊਤਮ-ਸ੍ਰੇਸ਼ਟ । ਧੋਇ-ਧੋ ਕੇ । ਅਉਰੁ-ਹੋਰ ।੬। ਭਾਣੈ-ਰਜ਼ਾ ਵਿਚ । ਹੁਕਮਿ-ਹੁਕਮ ਵਿਚ। ਰਜਾਇ-ਰਜ਼ਾ ਵਿਚ।੭। ਅਭੁਲ-ਭੁੱਲ ਤੋਂ ਰਹਿਤ। ਅਗਾਹਿ-ਅਗਾਧ। ਮੋਟਉ ਠਾਕੁਰ-ਵੱਡਾ ਮਾਲਕ। ਸਚੁ ਸਲਾਹਿ-ਸਚ (ਪ੍ਰਭੂ) ਨੂੰ ਸਲਾਹ ਕੇ।੮।

**ਅਰਥ :** (ਹੇ ਭਾਈ ! ਜੇ ਪ੍ਰਭੂ) ਆਪ ਹੀ ਭੁਲਾ ਦੇਵੇ (ਤਾਂ) ਮੈਂ ਕਿਸ ਅਗੇ ਜਾ ਕੇ ਪੁਕਾਰ ਕਰਾਂ । ਹੇ ਮਾਂ ! (ਜੇ ਉਹ ਆਪ ਹੀ ਕਿਰਪਾ ਕਰਕੇ ਗੁਰੂ) ਮਿਲਾ ਦੇਵੇ ਤਾਂ ਮੈਂ (ਆਪਣੇ ਦਿਲ ਦਾ) ਦੁਖ (ਗੁਰੂ ਅਗੇ ਜਾ ਕੇ) ਆਖਾਂ । (ਸ਼ੁਭ) ਗੁਣ ਕਮਾ ਕੇ ਔਗੁਣਾਂ ਨੂੰ ਛਡ ਦਿਆਂ । (ਜੋ) ਗੁਰੂ ਦੇ ਸ਼ਬਦ ਵਿਚ ਰੱਤਾ ਹੈ, ਉਹ ਸਦਾ ਥਿਰ ਵਾਹਿਗੁਰੂ ਵਿਚ ਲੀਨ ਹੋ ਜਾਂਦਾ ਹੈ ।੫।

ਸਤਿਗੁਰੂ ਦੇ ਮਿਲਿਆਂ (ਮਨੁੱਖ ਦੀ) ਮਤਿ ਨਿਰਮਲ ਹੁੰਦੀ ਹੈ । (ਉਹ ਮਨ ਨੂੰ ਨਾਮ ਸਿਮਰਨ ਨਾਲ) ਧੋ ਕੇ (ਆਪਣੇ ਅੰਦਰੋਂ) ਹਉਮੈ (ਬਾਹਰ) ਕਢ ਦਿੰਦਾ ਹੈ । (ਫਿਰ) ਸਦਾ ਲਈ ਮੁਕਤ ਹੋ ਜਾਂਦਾ ਹੈ (ਇਸ ਨੂੰ) ਕੋਈ ਬੰਨ੍ਹ ਕੇ ਨਹੀਂ ਰਖ ਸਕਦਾ । (ਉਹ) ਕੇਵਲ) ਨਾਮ ਨੂੰ ਉਚਾਰਦਾ ਹੈ, ਹੋਰ (ਕੋਈ ਵਿਅਰਥ ਕੰਮ) ਨਹੀਂ ਕਰਦਾ ।੬।

(ਹੇ ਭਾਈ ! ਮਨੁੱਖੀ) ਮਨ ਪਰਮੇਸ਼ਰ ਦੇ ਭਾਣੇ ਵਿਚ ਹੀ ਆਉਂਦਾ ਜਾਂਦਾ ਹੈ (ਭਾਵ ਭਟਕਦਾ ਰਹਿੰਦਾ ਹੈ) । (ਇਸ ਜੀਵ ਦੇ ਕੁਝ ਵਸ ਨਹੀਂ ਕਿਉਂਕਿ) ਸਾਰਿਆਂ ਵਿਚ ਇਕ (ਪ੍ਰਭੂ) ਆਪ (ਵਰਤਦਾ

ਹੈ ਇਸ ਦੇ ਉਲਟ) ਕੁਝ ਆਖਿਆ ਨਹੀਂ ਜਾ ਸਕਦਾ। ਸਭ ਕੁਝ (ਉਸ ਦਾ) ਹੁਕਮ ਵਰਤਦਾ ਹੈ ਅਤੇ (ਸਾਰੀ ਸ੍ਰਿਸ਼ਟੀ ਉਸ ਦੇ) ਹੁਕਮ ਵਿਚ ਹੀ (ਉਤਪੰਨ ਹੋ ਕੇ ਉਸ ਵਿਚ ਹੀ) ਸਮਾਂ ਜਾਂਦੀ ਹੈ। (ਇਸ ਲਈ) ਸਭ ਦੁਖ ਤੇ ਸੁਖ ਉਸ (ਪ੍ਰਭੂ ਦੀ) ਰਜ਼ਾ ਅਨੁਸਾਰ (ਹੀ ਮਿਲਦਾ ਹੈ) ।੭।

(ਹੇ ਪ੍ਰਭੂ !) ਤੂੰ ਅਭੁੱਲ ਹੈਂ, ਕਦੇ ਵੀ ਭੁੱਲਦਾ ਨਹੀਂ ਹੈਂ। (ਜਿਨ੍ਹਾਂ ਨੂੰ ਤੂੰ) ਗੁਰੂ ਦਾ ਸ਼ਬਦ ਸੁਣਾਂ ਦੇਵੇਂ (ਉਨ੍ਹਾਂ ਦੀ) ਮਤ ਅਗਾਧ (ਡੂੰਘੀ) ਹੋ ਜਾਂਦੀ ਹੈ। ਤੂੰ ਵੱਡਾ ਮਾਲਕ ਹੈਂ (ਅਤੇ ਗੁਰੂ ਦੇ) ਸ਼ਬਦ ਵਿਚ (ਵਸਦਾ ਹੈਂ)। ਨਾਨਕ ਦਾ ਮਨ (ਤੈਂ) ਸਚੇ(ਪਰਮੇਸ਼ਰ ਦੀ ਸਿਫਤ)ਸਲਾਹ ਵਿਚ ਪਤੀਜ ਗਿਆ ਹੈ।੮।੨।

## ਸਾਰੰਸ਼ ਅਤੇ ਸਿਧਾਂਤ

ਆਸਾ ਰਾਗ ਵਿਚ ਗੁਰੂ ਨਾਨਕ ਦੇਵ ਜੀ ਦੇ ਪਾਵਨ ਬਚਨ ਹਨ :

**ਇਹੁ ਮਨੁ ਰਾਜਾ ਲੋਭੀਆ, ਲੁਭਤਉ ਲੋਭਾਈ ॥**

**ਗੁਰਮੁਖਿ ਲੋਭੁ ਨਿਵਾਰੀਐ, ਹਰਿ ਸਿਉ ਬਣਿ ਆਈ ॥** [ਪੰਨਾ ੪੧੯

ਇਹ ਮਨ ਲੋਭੀ ਰਾਜਾ ਹੈ ਅਤੇ ਮਾਇਆ ਦੇ ਲਾਲਚ ਵਿਚ ਅਤਿ ਲੁਭਾਇਮਾਨ ਹੈ। ਜਦੋਂ ਮਨ ਦਾ ਪਿਆਰ ਬਿਖੁ-ਮਾਇਆ ਨਾਲ ਪੈ ਜਾਏ ਤਾਂ ਜੀਵਣ ਦੀ ਆਸ ਕਿਥੇ ?। ਇਸ ਮਨ ਦਾ ਉਸ ਪ੍ਰਭੂ ਦੇ ਪਿਆਰ ਵਿਚ ਲੀਨ ਨਾ ਹੋਣ ਦਾ ਮੂਲ ਕਾਰਨ ਹੀ ਮਨ ਦੀ ਬੇ-ਸਮਝੀ ਹੈ। ਜੇ ਇਹ ਸ਼ਾਂਤੀ ਨਾਲ ਅਡੋਲ ਹੋ ਕੇ ਗੁਰੂ ਦਾ ਸ਼ਬਦ ਵੀਚਾਰੇ ਤਾਂ ਇਸ ਦੀ ਭਟਕਣਾ ਦੂਰ ਹੋ ਸਕਦੀ ਹੈ। ਨਾਮ ਬਿਨਾਂ ਇਹ ਮਨ ਭਟਕਦਾ ਤੇ ਦੁਖ ਹੀ ਪਾਉਂਦਾ ਰਹਿੰਦਾ ਹੈ।

ਮੱਛੀ ਤੇ ਹਾਥੀ ਦਾ ਪ੍ਰਮਾਣ ਦੇ ਕੇ ਜੀਵ ਨੂੰ ਸਮਝਾਇਆ ਹੈ ਕਿ ਵੇਖ ਮਛੀ ਨੂੰ ਕਿਵੇਂ ਕੁੰਡੀ ਵਿਚ ਫਸਾਇਆ ਜਾਂਦਾ ਹੈ, ਹਾਥੀ ਦੇ ਸਿਰ ਤੇ ਕਿਵੇਂ ਅੰਕਸ਼ ਦੀ ਮਾਰ ਪੈਂਦੀ ਹੈ। ਤੂੰ ਪ੍ਰਭੂ ਦੇ ਦਰ ਤੋਂ ਬੇਮੁਖ ਨਾ ਹੋ। ਤੱਤ ਇਹ ਹੈ ਕਿ ਨਾਮ ਤੋਂ ਬਿਨਾ ਮਨੁੱਖ ਪ੍ਰਭੂ ਦੇ ਦਰ ਤੋਂ ਸਰਾਪੇ ਜਾਂਦੇ ਹਨ।

ਅੰਤਲੇ ਦੋ ਪਦਿਆਂ ਵਿਚ 'ਸਭ ਹੁਕਮੇ ਵਰਤੈ ਹੁਕਮਿ ਸਮਾਇ' ਦੀ ਗਲ ਕਰਨ ਮਗਰੋਂ ਜੋ ਸਿਧਾਂਤ ਨਿਰੂਪਣ ਕੀਤਾ ਹੈ, ਉਹ ਇਹ ਹੈ ਕਿ ਜੀਵ ਨੂੰ ਜਦੋਂ ਗੁਰੂ ਮਿਲ ਪਏ ਤੇ ਜੀਵ ਗੁਰੂ ਦਾ ਸ਼ਬਦ ਗ੍ਰਹਿਣ ਕਰ ਲਏ, ਇਸ ਦੀ ਮਤ ਉਜਲੀ ਹੋ ਕੇ ਰਜ਼ਾ ਵਿਚ ਟਿਕ ਸਕਦੀ ਹੈ ਵਰਨਾ ਭੰਭਲ ਭੂਸੇ ਖਾਂਦੀ ਰਹਿੰਦੀ ਹੈ। ਗਲ ਕੀ ਮਨ ਨੇ ਗੁਰੂ ਰਾਹੀਂ ਪ੍ਰਭੂ ਦੀ ਸਲਾਹ ਵਿਚ ਹੀ ਪਤੀਜਣਾ ਹੈ, ਇਸ ਤੋਂ ਬਿਨਾਂ ਹੋਰ ਕੋਈ ਹਲ ਨਹੀਂ ਹੈ।

**ਬਸੰਤੁ ਮਹਲਾ ੧ ॥ ਦਰਸਨ ਕੀ ਪਿਆਸ, ਜਿਸੁ ਨਰ ਹੋਇ ॥ ਏਕਤੁ ਰਾਚੈ ਪਰਹਰਿ ਦੋਇ ॥ ਦੂਰਿ ਦਰਦੁ, ਮਥਿ ਅੰਮ੍ਰਿਤੁ ਖਾਇ ॥ ਗੁਰਮੁਖਿ ਬੂਝੈ ਏਕ ਸਮਾਇ ॥੧॥ ਤੇਰੇ ਦਰਸਨ ਕਉ, ਕੇਤੀ ਬਿਲਲਾਇ ॥ ਵਿਰਲਾ ਕੋ ਚੀਨਸਿ, ਗੁਰ ਸਬਦਿ ਮਿਲਾਇ ॥੧॥ ਰਹਾਉ ॥ ਬੇਦ ਵਖਾਣਿ ਕਹਹਿ, ਇਕੁ ਕਹੀਐ ॥ ਓਹੁ ਬੇਅੰਤੁ, ਅੰਤੁ ਕਿਨਿ ਲਹੀਐ ॥ ਏਕੋ ਕਰਤਾ, ਜਿਨਿ ਜਗੁ ਕੀਆ ॥ ਬਾਝੁ ਕਲਾ ਧਰਿ,**

**ਗਗਨੁ ਧਰੀਆ ॥੨॥ ਏਕੋ ਗਿਆਨੁ ਧਿਆਨੁ, ਧੁਨਿ ਬਾਣੀ ॥ ਏਕੁ ਨਿਰਾਲਮੁ, ਅਕਥ ਕਹਾਣੀ ॥ ਏਕੋ ਸਬਦੁ, ਸਚਾ ਨੀਸਾਣੁ ॥ ਪੂਰੇ ਗੁਰ ਤੇ, ਜਾਣੈ ਜਾਣੁ ॥੩॥ ਏਕੋ ਧਰਮੁ, ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ, ਜੁਗਿ ਜੁਗਿ ਸੋਈ ॥ ਅਨਹਦਿ ਰਾਤਾ, ਏਕ ਲਿਵ ਤਾਰ ॥ ਓਹੁ ਗੁਰਮੁਖਿ ਪਾਵੈ ਅਲਖ ਅਪਾਰ ॥੪॥**

**ਪਦ ਅਰਥ :** ਏਕਤ-ਇਕ (ਪਰਮਾਤਮਾ) ਵਿਚ ਹੀ। ਰਾਚੈ-ਰਚਦਾ ਹੈ, ਲੀਨ ਹੁੰਦਾ ਹੈ। ਪਰਹਰਿ ਦੋਇ-ਦ੍ਵੈਤ ਨੂੰ ਤਿਆਗ ਕੇ। ਦੂਰਿ ਦਰਦੁ-ਦਰਦ ਦੂਰ ਹੋ ਜਾਂਦਾ ਹੈ। ਮਥਿ-ਰਿੜਕ ਕੇ। ਅੰਮ੍ਰਿਤੁ-ਮਖਣ ਭਾਵ ਤਤ, ਨਾਮ-ਰੱਸ। ਗੁਰਮੁਖਿ-ਗੁਰੂ ਦੇ ਰਾਹੀਂ। ਏਕ ਸਮਾਇ-ਇਕ (ਪ੍ਰਭੂ) ਵਿਚ ਲੀਨ ਹੋ ਜਾਂਦਾ ਹੈ।੧।

ਕੇਤੀ-ਕਿਤਨੀ ਹੀ, ਭਾਵ ਬੇਅੰਤ ਲੁਕਾਈ। ਬਿਲਲਾਇ-ਵਿਲਕਦੀ ਰਹਿੰਦੀ ਹੈ, ਤਰਲੇ ਲੈਂਦੀ ਹੈ। ਚੀਨਸਿ-ਪਛਾਣਦਾ ਹੈ। ਗੁਰ ਸਬਦਿ-ਗੁਰੂ ਦੇ ਸ਼ਬਦ ਵਿਚ (ਜੁੜ ਕੇ)।੧। ਰਹਾਉ।

ਵਖਾਣਿ-ਵਖਿਆਨ ਕਰਕੇ। ਕਰਹਿ-(ਕਹਹਿ) ਕਹਿੰਦੇ ਹਨ। ਇਕੁ-ਇਕ (ਤੱਤਵ ਗਲ)। ਕਿਨਿ ਲਹੀਐ-ਕਿਸੇ ਨੇ ਲਭਿਆ ਹੈ?। ਜਿਨਿ-ਜਿਸ ਨੇ। ਬਾਝੁ-ਬਿਨਾਂ। ਕਲਾ-ਆਸਰਾ, ਸ਼ਕਤੀ। ਧਰਿ-ਧਰਤੀ। ਗਗਨੁ-ਆਕਾਸ਼। ਧਰੀਆ-ਟਿਕਾਇਆ ਹੈ।੨।

ਧੁਨਿ ਬਾਣੀ-ਗੁਰਬਾਣੀ ਦਾ ਉਚਾਰਨ ਹੀ। ਨਿਰਾਲਮੁ-ਨਿਰਲੇਪ। ਨੀਸਾਣੁ-ਪਰਵਾਨਾ। ਜਾਣੈ ਜਾਣੁ-ਜਾਨਣ ਯੋਗ ਹਰੀ ਨੂੰ।੩।

ਦ੍ਰਿੜੈ ਸਚੁ-ਸਚ ਨੂੰ ਦ੍ਰਿੜ ਕਰੇ, ਪਕਾ ਕਰੇ। ਜੁਗਿ ਜੁਗਿ-ਹਰੇਕ ਜੁਗ ਵਿਚ। ਸੋਈ-ਓਹੀ (ਸਚ)। ਅਨਹਦਿ-ਅਬਿਨਾਸ਼ੀ ਪ੍ਰਭੂ ਵਿਚ। ਰਾਤਾ-ਰੱਤਾ ਹੋਇਆ। ਲਿਵਤਾਰ-ਲਿਵ ਦੀ ਤਾਰ, ਇਕ ਰਸ ਸੁਰਤਿ ਦੀ ਤਾਰ।੪।

**ਅਰਥ :** (ਹੇ ਭਾਈ !) ਜਿਸ ਮਨੁੱਖ ਨੂੰ (ਪ੍ਰਭੂ ਦੇ) ਦਰਸ਼ਨਾ ਦੀ ਪਿਆਸ (ਤ੍ਰੇਹ ਭਾਵ ਤਾਂਘ) ਹੁੰਦੀ ਹੈ, (ਉਹ) ਦਵੈਤ-ਭਾਵ ਛਡ ਕੇ ਇਕ (ਪ੍ਰਭੂ ਦੇ ਨਾਮ) ਵਿਚ ਰਚਦਾ ਹੈ। (ਉਹ ਸ਼ਬਦ) ਰਿੜਕ ਕੇ ਅੰਮ੍ਰਿਤ (ਨਾਮ) ਛਕਦਾ ਹੈ (ਜਿਸ ਨਾਲ ਉਸ ਦਾ ਹਰ ਪ੍ਰਕਾਰ ਦਾ) ਦਰਦ ਦੂਰ ਹੋ ਜਾਂਦਾ ਹੈ। (ਉਹ) ਗੁਰੂ ਦੁਆਰਾ ਇਕ ਨੂੰ ਬੁਝਦਾ ਹੈ ਤੇ ਇਕ ਵਿਚ ਹੀ ਸਮਾਂਅ ਜਾਂਦਾ ਹੈ।੧।

(ਹੇ ਪ੍ਰਭੂ !) ਤੇਰੇ ਦਰਸ਼ਨ ਲਈ ਕਿਤਨੀ ਹੀ, ਭਾਵ ਬੇਅੰਤ ਲੁਕਾਈ ਵਿਲਕ ਰਹੀ ਹੈ (ਪਰ) ਕੋਈ ਵਿਰਲਾ ਵਿਅਕਤੀ ਹੀ ਗੁਰੂ ਦੇ ਸ਼ਬਦ ਰਾਹੀਂ (ਤੇਰੇ ਸਰੂਪ ਨੂੰ) ਪਛਾਣਦਾ ਹੈ।੧। ਰਹਾਉ।

(ਹੇ ਭਾਈ !) ਵੇਦ ਵਖਿਆਨ ਕਰਕੇ ਇਹੋ ਕਹਿੰਦੇ ਹਨ ਕਿ ਇਕ (ਪਰਮਾਤਮਾ) ਨੂੰ ਹੀ ਜਪਣਾ ਚਾਹੀਦਾ ਹੈ। (ਪਰ) ਉਹ (ਪ੍ਰਭੂ) ਬੇਅੰਤ ਹੈ (ਉਸ ਦਾ) ਅੰਤ ਕਿਸੇ ਨੇ ਨਹੀਂ ਲੱਭਿਆ। ਇਕੋ ਕਰਤਾ (ਪੁਰਖ) ਹੈ ਜਿਸ ਨੇ (ਇਹ) ਜਗਤ ਰਚਿਆ ਹੈ। (ਉਸ ਨੇ) ਬਿਨਾ ਕਿਸੇ (ਦਿਸਦੀ) ਸ਼ਕਤੀ ਰੂਪ ਆਸਰੇ ਦੇ, ਧਰਤੀ ਤੇ ਆਕਾਸ਼ ਨੂੰ ਟਿਕਾਇਆ ਹੋਇਆ ਹੈ।੨।

ਇਕੋ ਗੁਰਬਾਣੀ ਦਾ ਉਚਾਰਨ ਕਰਨਾ (ਅਤੇ ਉਸ ਦਾ ਮਨ ਵਿਚ ਵਸਣਾ) ਗਿਆਨ ਤੇ ਧਿਆਨ ਹੈ। (ਉਹ ਪ੍ਰਭੂ ਹੀ) ਇਕ ਨਿਰਲੇਪ ਹੈ (ਜਿਸ ਦੀ) ਕਰਣੀ ਕਥਨ ਤੋਂ ਰਹਿਤ ਹੈ। ਇਕੋ (ਹਰੀ ਦਾ) ਸ਼ਬਦ ਹੀ ਸਚ (ਰੂਪ) ਨਿਸ਼ਾਣ (ਪਰਵਾਨ) ਹੈ। (ਪਰ ਉਸ) ਜਾਨਣ ਜੋਗ (ਹਰੀ ਨੂੰ) ਪੂਰੇ ਗੁਰੂ ਪਾਸੋਂ ਪੁਛ, ਜਾਣ-ਪਛਾਣ (ਪ੍ਰਾਪਤ ਕਰ ਲੈ) ।੩।

(ਜੇ) ਕੋਈ ਸੱਚ ਨੂੰ ਦ੍ਰਿੜ ਕਰੇ (ਸਮਝੇ) ਤਾਂ ਇਕੋ ਧਰਮ ਹੀ ਸੱਚ ਹੈ। ਗੁਰੂ ਦੀ ਸਿਖਿਆ ਅਨੁਸਾਰ ਪੂਰਾ ਪ੍ਰਭੂ ਹਰੇਕ ਜੁਗ ਵਿਚ ਇਕੋ ਜਿਹਾ ਰਹਿੰਦਾ ਹੈ। 'ਜੁਗਹ ਜੁਗੰਤਰਿ ਸਾਹਿਬੁ ਸਚੁ ਸੋਈ' (ਰਾਮਕਲੀ ਮ: ੧)। (ਜੋ ਬੇਅੰਤ) ਪ੍ਰਭੂ ਵਿਚ ਇਕਾਗਰ ਹੋਕੇ ਲਿਵ ਲਾਈ ਰੱਖਦਾ ਹੈ, ਉਹ ਗੁਰਮੁਖ ਅਲਖ ਤੇ ਅਪਾਰ ਹਰੀ ਦਾ ਦਰਸ਼ਨ ਕਰ ਲੈਂਦਾ ਹੈ ।੪।

**ਏਕੋ ਤਖਤੁ, ਏਕੋ ਪਾਤਿਸਾਹੁ ॥ ਸਰਬੀ ਥਾਈ, ਵੇਪਰਵਾਹੁ ॥ ਤਿਸ ਕਾ ਕੀਆ, ਤ੍ਰਿਭਵਣ ਸਾਰੁ॥ ਓਹ ਅਗਮੁ ਅਗੋਚਰੁ, ਏਕੰਕਾਰੁ॥੫॥ ਏਕਾ ਮੂਰਤਿ, ਸਾਚਾ ਨਾਉ ॥ ਤਿਥੈ ਨਿਬੜੈ, ਸਾਚੁ ਨਿਆਉ ॥ ਸਾਚੀ ਕਰਣੀ, ਪਤਿ ਪਰਵਾਣੁ॥ ਸਾਚੀ ਦਰਗਹ ਪਾਵੈ ਮਾਣੁ ॥੬॥ ਏਕਾ ਭਗਤਿ, ਏਕੋ ਹੈ ਭਾਉ॥ ਬਿਨੁ ਭੈ ਭਗਤੀ, ਆਵਉ ਜਾਉ॥ ਗੁਰ ਤੇ ਸਮਝਿ, ਰਹੈ ਮਿਹਮਾਣੁ॥ ਹਰਿ ਰਸਿ ਰਾਤਾ, ਜਨੁ ਪਰਵਾਣੁ॥੭॥ ਇਤ ਉਤ ਦੇਖਉ, ਸਹਜੇ ਰਾਵਉ॥ ਤੁਝ ਬਿਨੁ ਠਾਕੁਰ, ਕਿਸੈ ਨ ਭਾਵਉ॥ ਨਾਨਕ, ਹਉਮੈ ਸਬਦਿ ਜਲਾਇਆ॥ ਸਤਿਗੁਰਿ, ਸਾਚਾ ਦਰਸੁ ਦਿਖਾਇਆ ॥੮॥੩॥**

## ਉਚਾਰਨ ਸੇਧ

**ਬਿੰਦੀ ਸਹਿਤ** : ਸਰਬੀਂ, ਥਾਈਂ, ਨਿਆਉਂ, ਦੇਖਉਂ, ਰਾਵਉਂ, ਭਾਵਉਂ।

**ਪਦ ਅਰਥ** : ਸਰਬੀ ਥਾਈ-ਸਾਰੀਆਂ ਥਾਵਾਂ ਤੇ। ਤ੍ਰਿਭਵਣ ਸਾਰੁ-ਤਿੰਨ ਭਵਨਾਂ ਦਾ ਤੱਤ। ਅਗਮੁ-ਅਪਹੁੰਚ। ਅਗੋਚਰੁ-ਜੋ ਇੰਦ੍ਰਿਆਂ ਦਾ ਵਿਸ਼ਾ ਨਹੀਂ ਹੈ ।੫।

ਮੂਰਤਿ-ਹਸਤੀ। ਤਿਥੈ-ਉਸ (ਪ੍ਰਭੂ ਦੀ ਹਜ਼ੂਰੀ) ਵਿਚ। ਨਿਬੜੈ-ਨਿਬੜਦਾ ਹੈ, ਫੈਸਲਾ ਹੁੰਦਾ, ਵਰਤਦਾ ਹੈ। ਸਾਚੁ ਨਿਆਉ-ਸਚੇ ਨਿਆਂ ਅਨੁਸਾਰ। ਕਰਣੀ-ਆਚਰਨ। ਪਰਵਾਣੁ-ਕਬੂਲ ।੬।

ਭਗਤਿ-ਭਗਤੀ। ਭਾਉ-ਪ੍ਰੇਮ। ਆਵਉ ਜਾਉ-ਆਣਾ ਜਾਣਾ ਭਾਵ ਜੰਮਣਾ ਮਰਣਾ। ਗੁਰ ਤੇ ਸਮਝਿ-ਗੁਰੂ ਪਾਸੋਂ ਸਮਝ ਕੇ। ਰਹੈ ਮਿਹਮਾਣੁ-ਪਰਾਹੁਣਾ ਹੋ ਕੇ ਰਹੇ। ਰਸਿ-ਰਸ ਵਿਚ ।੭।

ਇਤ ਉਤ-ਇਧਰ ਉਧਰ। ਦੇਖਉ-ਮੈਂ ਦੇਖਦਾ ਹਾਂ। ਰਾਵਉ-ਮੈਂ ਸਿਮਰਦਾ ਹਾਂ। ਠਾਕੁਰ-ਹੇ ਮਾਲਕ! । ਕਿਸੈ ਨ ਭਾਵਉ-ਮੈਨੂੰ ਕੋਈ ਚੰਗਾ ਨਹੀਂ ਲਗਦਾ। ਸਬਦਿ-ਸ਼ਬਦ ਦੁਆਰਾ। ਜਲਾਇਆ-ਸਾੜਿਆ। ਸਤਿਗੁਰਿ-ਸਤਿਗੁਰੂ ਨੇ ।੮।

**ਅਰਥ** : (ਉਹ ਪ੍ਰਭੂ) ਇਕ ਪਾਤਿਸ਼ਾਹ ਹੈ (ਸਾਰੇ ਵਿਸ਼ਵ ਵਿਚ ਕੇਵਲ ਉਸ ਦਾ ਹੀ) ਇਕ (ਰਾਜ) ਤਖ਼ਤ ਹੈ। (ਉਹ) ਵੇਪਰਵਾਹ (ਪ੍ਰਭੂ) ਸਾਰੀਆਂ ਥਾਵਾਂ ਤੇ (ਮੌਜੂਦ) ਹੈ। ਤਿੰਨਾਂ ਭਵਨਾਂ ਦਾ ਤੱਤ

ਉਸ (ਪ੍ਰਭੂ ਦਾ ਹੀ) ਬਣਾਇਆ ਹੋਇਆ ਹੈ। (ਪਰ) ਉਹ ਏਕੰਕਾਰ ਪਹੁੰਚ ਤੋਂ ਪਰੇ (ਅਤੇ) ਮਨ-ਇੰਦ੍ਰਿਆਂ ਤੋਂ ਪਰੇ ਹੈ ।੫।

(ਸੰਸਾਰ ਤੇ ਉਹ) ਇਕੋ ਹਸਤੀ ਹੈ (ਜਿਸ ਦਾ) ਨਾਮ ਸਦਾ ਥਿਰ ਰਹਿਣ ਵਾਲਾ ਹੈ। (ਉਸ ਦੇ ਦਰ ਤੇ ਸੱਚਾ ਨਿਆਉ ਹੀ ਵਰਤਦਾ ਹੈ 'ਤਹ ਸਾਚ ਨਿਆਇ ਨਿਬੇਰਾ ॥ ਊਹਾ ਸਮ ਠਾਕੁਰੁ ਸਮ ਚੇਰਾ ॥' (ਪੰ. ੬੬੧)। (ਹੇ ਭਾਈ !) ਸਚੀ ਕਰਣੀ ਦੁਆਰਾ ਸਚੀ ਇਜ਼ਤ (ਮਿਲਦੀ ਹੈ ਜਿਸ ਨਾਲ ਮਨੁੱਖ ਰਬੀ ਦਰਗਾਹ ਵਿਚ) ਕਬੂਲ ਹੁੰਦਾ ਹੈ। (ਅਜਿਹਾ ਮਨੁੱਖ ਹੀ) ਸਚੀ ਦਰਗਾਹ ਵਿਚ ਸਦਾ ਮਾਣ ਪ੍ਰਾਪਤ ਕਰਦਾ ਹੈ ।੬।

(ਹੇ ਭਾਈ ! ਪ੍ਰਭੂ ਦੀ) ਇਕੋ ਭਗਤੀ ਹੀ (ਪ੍ਰਭੂ ਦਾ) ਇਕੋ (ਇਕ) ਪਿਆਰ ਹੈ। ਪ੍ਰਭੂ ਦੇ ਭੈ ਤੇ ਭਗਤੀ ਤੋਂ ਬਿਨਾ (ਮਨੁੱਖ ਦਾ) ਆਵਾਗਵਣ ਬਣਿਆ ਰਹਿੰਦਾ ਹੈ। (ਜਿਹੜਾ ਮਨੁੱਖ) ਗੁਰੂ ਤੋਂ ਸਮਝ ਕੇ (ਇਸ ਜਗਤ ਵਿਚ) ਪ੍ਰਾਹੁਣਾ ਹੋ ਕੇ ਰਹਿੰਦਾ ਹੈ (ਉਹ) ਹਰੀ ਰਸ ਵਿਚ ਰੱਤਾ ਹੋਇਆ (ਉਸ ਦੇ) ਦਰ ਤੇ ਪਰਵਾਨ ਹੁੰਦਾ ਹੈ ।੭।

(ਹੇ ਪ੍ਰਭੂ !) ਮੈਂ ਇਧਰ ਉਧਰ (ਸਭ ਥਾਵਾਂ ਤੇ) ਤੈਨੂੰ ਦੇਖਦਾ ਹਾਂ (ਤੇ) ਆਤਮਿਕ ਅਡੋਲਤਾ ਵਿਚ (ਤੈਨੂੰ ਹੀ) ਸਿਮਰਦਾ ਹਾਂ। ਤੇਰੇ ਤੋਂ ਬਿਨਾਂ ਮੈਨੂੰ ਕੋਈ ਚੰਗਾ ਨਹੀਂ ਲਗਦਾ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਜਿਸ ਮਨੁੱਖ ਨੇ) ਗੁਰੂ ਦੇ ਸ਼ਬਦ ਰਾਹੀਂ ਹਉਮੈ ਨੂੰ ਸਾੜਿਆ ਹੈ, ਸਤਿਗੁਰੂ ਨੇ (ਉਸ ਨੂੰ) ਸਦਾ ਥਿਰ ਰਹਿਣ ਵਾਲਾ ਦਰਸ਼ਨ ਦਿਖਾ ਦਿਤਾ ਹੈ ।੮।੩।

## ਸਾਰੰਸ਼ ਅਤੇ ਸਿਧਾਂਤ

ਦਰਸ਼ਨ-ਪਿਆਸੇ ਮਨੁੱਖ ਦੀ ਪਰਖ-ਨਿਸ਼ਾਨੀ ਇਹ ਹੈ ਕਿ ਉਹ ਦਵੈਤ ਭਾਵ ਵਿਚ ਨਹੀਂ ਪੈਂਦਾ, ਏਕਤਵ ਨੂੰ ਅਪਨਾਉਂਦਾ ਹੈ। ਗੁਰੂ ਬਾਬਾ ਜੀ ਇਕ ਸਰਬ ਵਿਆਪੀ ਪ੍ਰਭੂ ਦੇ ਦਰਸ਼ਨ ਦੀ ਖਾਤਰ ਦਿਵਾਨੇ ਤੇ ਬਉਰਾਨੇ ਬਣੇ ਰਹੇ :

**ਭਇਆ ਦੀਵਾਨਾ ਸਾਹ ਕਾ ਨਾਨਕ ਬਉਰਾਨਾ ॥** [ਪੰਨਾ ੯੯੧

'ਦੁੈ ਤੇ ਏਕ ਰੂਪੁ ਹੋਇ ਗਇਓ' ਵਾਲੀ ਗਲ ਕੋਈ ਸੌਖੀ ਨਹੀਂ। ਜੇ ਸੌਖੀ ਹੋਵੇ ਤਾਂ ਬੇਅੰਤ ਲੋਕਾਈ ਵਿਰਲਾਪ ਕਿਉਂ ਕਰੇ ? ਕੀਰਨੇ ਕਿਉਂ ਪਾਏ ?

ਦਰਸ਼ਨ ਨੂੰ ਹਿਰਦੇ ਵਿਚ ਟਿਕਾਣ ਲਈ ਪਹਿਲਾਂ ਮਨੁੱਖ ਦਾ ਧਿਆਨ ਧਰਤੀ ਤੇ ਆਕਾਸ਼ ਵਲ ਜਾਵੇ ਜੋ ਬਿਨਾਂ ਥੰਮਾਂ ਦੇ ਟਿਕੇ ਹੋਏ ਹਨ, ਉਹ ਕਿਹੜੀ ਸ਼ਿਕਤੀ ਹੈ, ਜਿਸ ਦੇ ਆਸਰੇ ਚੰਨ, ਸੂਰਜ ਤਾਰੇ, ਸਾਰੇ ਜੀਵ ਜੰਤੂ ਟੁਰ ਫਿਰ ਰਹੇ ਹਨ ? ਓਹ ਵਾਹਿਦ ਹਸਤੀ ਏਕੰਕਾਰ ਓਅੰਕਾਰ ਹੈ :-

**ਓਅੰਕਾਰਿ ਬ੍ਰਹਮਾ ਉਤਪਤਿ ॥ ਓਅੰਕਾਰਿ ਕੀਆ ਜਿਨਿ ਚਿਤਿ ॥** [ਪੰ. ੯੨੯

ਬਸ ਇਸ ਵਿਸ਼ਵਾਸ਼ ਨੂੰ ਦ੍ਰਿੜ ਕਰਕੇ ਦਰਸ਼ਨ ਪਿਆਸ ਨੂੰ ਪੱਕਾ ਕਰਨਾ ਹੈ। ਇਸ ਅਸ਼ਟਪਦੀ ਦਾ ਸਾਰੰਸ਼ ਸ਼ਬਦਾਰਥੀ ਵਿਦਵਾਨਾਂ ਨੇ ਇਉਂ ਦਿਤਾ ਹੈ :-

"ਜਿਸ ਨੂੰ ਹਰੀ ਦੇ ਦੇਖਣ ਦੀ ਚਾਹ ਹੋਵੇ ਉਹ ਗੁਰੂ ਦੇ ਸ਼ਬਦ ਵਿਚ ਲਗੇ। ਇਸੇ ਵਿਚ

ਗਿਆਨ ਧਿਆਨ ਆ ਜਾਂਦੇ ਹਨ। ਗੁਰ ਸ਼ਬਦ ਰਾਹੀਂ ਨਿਸ਼ਚਾ ਹੋ ਜਾਂਦਾ ਹੈ ਕਿ ਧਰਮ ਸਮੇਂ ਸਮੇਂ ਬਦਲਦਾ ਨਹੀਂ ਆਇਆ (ਇਹ ਨਹੀਂ ਕਿ ਕਦੀ ਭਗਤੀ ਮਾਰਗ ਤੇ ਕਦੀ ਗਿਆਨ ਮਾਰਗ ਪ੍ਰਧਾਨ ਹੁੰਦਾ ਹੋਵੇ), ਬਲਕਿ ਸਦਾ ਇਕੋ ਹੀ ਰਿਹਾ, ਕਿਉਂਕਿ ਰੱਬ ਜੋ ਇਕੋ ਹੈ ਅਤੇ ਸਦਾ ਇਕੋ ਰਿਹਾ ਹੈ। ਉਸ ਦਾ ਸੁਭਾਉ ਇਕੋ ਹੋਣ ਕਰੇ ਇਹ ਹੋ ਨਹੀਂ ਸਕਦਾ ਕਿ ਉਸਨੂੰ ਅਜ ਇਕ ਗਲ ਪਸੰਦ ਹੋਵੇ, ਤੇ ਕਲ ਕੋਈ ਹੋਰ ਗਲ। ਉਹ ਸਦਾ ਭਗਤੀ ਤੇ ਪ੍ਰਸੰਨ ਹੁੰਦਾ ਆਇਆ ਹੈ : "ਜੋ ਜੋ ਤਰਿਓ ਪੁਰਾਤਨੁ ਨਵਤਨੁ ਭਗਤਿ ਭਾਇ ਹਰਿ ਦੇਵਾ"।

**ਬਸੰਤੁ ਮਹਲਾ ੧ ॥ ਚੰਚਲੁ ਚੀਤੁ, ਨ ਪਾਵੈ ਪਾਰਾ॥ ਆਵਤ ਜਾਤ, ਨ ਲਾਗੈ ਬਾਰਾ ॥ ਦੂਖੁ ਘਣੋ ਮਰੀਐ, ਕਰਤਾਰਾ ॥ ਬਿਨੁ ਪ੍ਰੀਤਮ, ਕੋ ਕਰੈ ਨ ਸਾਰਾ ॥੧॥ ਸਭ ਊਤਮ, ਕਿਸੁ ਆਖਉ ਹੀਨਾ ॥ ਹਰਿ ਭਗਤੀ, ਸਚਿ ਨਾਮਿ ਪਤੀਨਾ ॥੧॥ ਰਹਾਉ ॥ ਅਉਖਧ ਕਰਿ ਥਾਕੀ ਬਹੁਤੇਰੇ ॥ ਕਿਉ ਦੁਖੁ ਚੂਕੈ, ਬਿਨੁ ਗੁਰ ਮੇਰੇ ॥ ਬਿਨੁ ਹਰਿ ਭਗਤੀ, ਦੂਖ ਘਣੇਰੇ ॥ ਦੂਖ ਸੁਖ ਦਾਤੇ, ਠਾਕੁਰ ਮੇਰੇ ॥੨॥ ਰੋਗੁ ਵਡੋ, ਕਿਉ ਬਾਂਧਉ ਧੀਰਾ ॥ ਰੋਗੁ ਬੁਝੈ, ਸੋ ਕਾਟੈ ਪੀਰਾ ॥ ਮੈ ਅਵਗਣ ਮਨ ਮਾਹਿ ਸਰੀਰਾ ॥ ਢੂਢਤ ਖੋਜਤ, ਗੁਰਿ ਮੇਲੇ ਬੀਰਾ ॥੩॥ ਗੁਰ ਕਾ ਸਬਦੁ, ਦਾਰੂ ਹਰਿ ਨਾਉ ॥ ਜਿਉ ਤੂ ਰਾਖਹਿ, ਤਿਵੈ ਰਹਾਉ ॥ ਜਗੁ ਰੋਗੀ, ਕਹ ਦੇਖਿ ਦਿਖਾਉ ॥ ਹਰਿ ਨਿਰਮਾਇਲੁ, ਨਿਰਮਲੁ ਨਾਉ ॥੪॥**

## ਉਚਾਰਨ ਸੇਧ

**ਬਿੰਦੀ ਸਹਿਤ :** ਆਖਉਂ, ਕਿਉਂ, ਬਾਧਉਂ, ਮਾਹਿੰ, ਨਾਉਂ, ਜਿਉਂ, ਰਾਖਹਿੰ, ਤਿਵੈਂ, ਰਹਾਉਂ, ਦਿਖਾਉਂ।

ਪਾਠ ਭੇਦ-ਸਤਵੇਂ ਪਦੇ ਦੇ ਭਾਵ ਅਨੁਸਾਰ 'ਰਾਖਹੁ' ਸਰੂਪ ਠੀਕ ਹੈ ਪਰ ਕਈਆਂ ਬੀੜਾਂ ਵਿਚ ਪਾਠ 'ਰਾਖਉ' ਹੈ।

**ਪਦ ਅਰਥ :** ਚੰਚਲੁ-ਇਕ ਥਾਂ ਤੇ ਨਾ ਟਿਕਣਾ ਵਾਲਾ। ਪਾਰਾ-ਪਾਰਲਾ ਪਾਸਾ। ਆਵਤ ਜਾਤ-ਆਉਂਦਿਆਂ ਜਾਂਦਿਆਂ। ਬਾਰਾ-ਦੇਰ। ਘਣੋ-ਬਹੁ। ਮਰੀਐ-ਮਰ ਜਾਈਦਾ ਹੈ। ਕਰਤਾਰਾ-ਹੇ ਕਰਤਾਰ!। ਸਾਰਾ-ਸੰਭਾਲ।੧। ਸਭ-ਸਾਰੀ (ਲੋਕਾਈ)। ਊਤਮ-ਚੰਗੀ। ਕਿਸ ਆਖਉ-ਕਿਸ ਨੂੰ ਆਖਾਂ। ਹੀਨਾ-ਘਟੀਆ, ਮਾੜਾ। ਸਚਿ-ਸਚ ਵਿਚ। ਨਾਮਿ-ਨਾਮ ਵਿਚ। ਪਤੀਨਾ-ਪਤੀਜ ਗਿਆ, ਪ੍ਰਸੰਨ ਹੋ ਗਿਆ ਹੈ।੧। ਰਹਾਉ। ਅਉਖਧ-ਦਵਾਈ, ਇਲਾਜ। ਕਰਿ ਥਾਕੀ-ਕਰ ਕੇ ਥਕ ਗਈ, ਹਾਰ ਗਈ ਹਾਂ। ਬਹੁਤੇਰੇ-ਬਹੁਤ ਹੀ। ਚੂਕੈ-ਦੂਰ ਹੋ ਸਕਦਾ ਹੈ। ਘਣੇਰੇ-ਬਹੁਤ।੨। ਧੀਰਾ-ਧੀਰਜ। ਸੋ-ਉਹ (ਗੁਰੂ)। ਪੀਰਾ-ਪੀੜਾ। ਗੁਰਿ-ਗੁਰੂ ਨੇ। ਬੀਰਾ-ਵੀਰ, ਸਤਿਸੰਗੀ।੩। ਦਾਰੂ-ਦਵਾਈ। ਰਖਹਿ-ਰਖੇਂ। ਰਹਾਉ-ਮੈਂ ਰਹਿੰਦਾ ਹਾਂ। ਕਹ ਦੇਖਿ-ਕਿਸ ਨੂੰ ਵੇਖ ਕੇ। ਦਿਖਾਉ-ਮੈਂ ਦਿਖਾਵਾਂ। ਨਿਰਮਾਇਲੁ-ਪਵਿਤਰ।੪।

**ਅਰਥ** : ਇਕ ਥਾਂ ਨਾ ਟਿਕਣ ਵਾਲਾ ਚਿਤ (ਪਰਮੇਸ਼ਰ ਦਾ) ਪਾਰ ਨਹੀਂ ਪਾ ਸਕਦਾ (ਕਿਉਂਕਿ ਇਸ ਨੂੰ ਇਧਰ ਉਧਰ) ਆਂਦਿਆਂ ਜਾਂਦਿਆਂ (ਭਾਵ ਭਟਕਦਿਆਂ) ਦੇਰ ਨਹੀਂ ਲਗਦੀ, (ਇਹ ਹਰ ਵੇਲੇ ਬਾਸ਼ੇ ਵਾਂਗ ਭੌਂਦਾ ਰਹਿੰਦਾ ਹੈ)। ਹੇ ਕਰਤਾਰ! (ਇਸ ਤਰ੍ਹਾਂ) ਬਹੁਤ ਦੁਖ ਹੁੰਦਾ ਹੈ (ਅਤੇ) ਮਰ ਜਾਈਦਾ ਹੈ। ਪ੍ਰੀਤਮ-ਪ੍ਰਭੂ ਬਿਨਾ ਕੋਈ (ਹੋਰ ਮਨੁੱਖ) ਸਾਰ-ਖ਼ਬਰ ਵੀ ਨਹੀਂ ਲੈਂਦਾ ਹੈ।

ਸਾਰੀ (ਸ੍ਰਿਸ਼ਟੀ ਵਿਚ ਹੀ)ਚੰਗੇ (ਮਨੁੱਖ ਹਨ), ਮੈਂ ਕਿਸ ਨੂੰ ਚੰਗਾ ਤੇ ਕਿਸ ਨੂੰ ਘਟੀਆ ਆਖਾਂ? (ਕਿਉਂਕਿ ਹਰ ਕੋਈ) ਹਰੀ ਦੀ ਭਗਤੀ ਅਤੇ ਸਚ ਦੁਆਰਾ ਨਾਮ ਵਿੱਚ ਪਤੀਜ ਗਿਆ ਹੈ।੧।ਰਹਾਉ।

ਮੈਂ ਬਹੁਤ ਇਲਾਜ ਕਰ ਕਰਕੇ ਥਕ ਗਈ ਹਾਂ, (ਪਰ) ਬਿਨਾਂ ਮੇਰੇ ਗੁਰੂ ਦੇ ਦੁਖ ਕਿਵੇਂ ਦੂਰ ਹੋ ਸਕਦਾ ਹੈ? ਸਾਰੇ ਦੁਖ ਸੁਖ ਮੇਰੇ ਮਾਲਕ ਪਾਸ ਹਨ (ਉਸ ਦੀ ਭਗਤੀ ਨਾਲ ਹੀ ਦੁਖ ਦੂਰ ਹੋ ਸਕਦਾ ਹੈ) ।੨।

(ਹੇ ਭਾਈ ! ਸੰਸਾਰ ਵਿਚ ਬਹੁਤ) ਭਾਰੀ ਰੋਗ ਹਨ, ਮੈਂ ਕਿਵੇਂ ਧੀਰਜ ਫੜਾਂ ? (ਜਿਹੜਾ ਗੁਰੂ) ਰੋਗ ਨੂੰ ਜਾਣਦਾ ਹੈ ਉਹ (ਗੁਰੂ ਹੀ) ਦੁਖ ਦੂਰ ਕਰ ਸਕਦਾ ਹੈ। ਮੇਰੇ ਮਨ ਤੇ ਸਰੀਰ ਵਿਚ ਔਗੁਣ ਹੀ ਔਗੁਣ ਹਨ। ਹੇ ਵੀਰ ਖੋਜਦਿਆਂ ਲਭਦਿਆਂ ਗੁਰੂ ਨੇ (ਮੈਨੂੰ) ਪ੍ਰਭੂ ਮਿਲਾ ਦਿੱਤਾ (ਉਸ ਨੇ ਸਾਰੇ ਦੁਖ ਰੋਗ ਕਟ ਦਿਤੇ) ।੩।

(ਹੇ ਭਾਈ !) ਗੁਰੂ ਦਾ ਸ਼ਬਦ, ਹਰੀ ਦਾ ਨਾਮ ਹੈ (ਜੋ) ਸਾਰੇ ਦੁਖਾਂ ਰੋਗਾਂ ਦਾ ਇਲਾਜ ਹੈ। (ਹੇ ਪ੍ਰਭੂ !) ਜਿਵੇਂ ਤੂੰ ਮੈਨੂੰ ਰਖਦਾ ਹੈਂ ਮੈਂ ਤਿਵੇਂ ਹੀ ਰਹਿ ਸਕਦਾ ਹਾਂ। (ਸਾਰਾ) ਸੰਸਾਰ (ਆਪ ਹੀ) ਰੋਗੀ ਹੈ। ਮੈਂ ਕਿਸ ਨੂੰ ਵੇਖ ਕੇ (ਭਾਵ ਲਭ ਕੇ ਆਪਣਾ) ਰੋਗ ਦਿਖਾਵਾਂ। ਹਰੀ ਆਪ ਨਿਰਮਲ (ਪਵਿੱਤਰ) ਹੈ, ਉਸ ਦਾ ਨਾਮ ਭੀ ਨਿਰਮਲ (ਪਵਿੱਤਰ) ਹੈ।੪।

**ਘਰ ਮਹਿ ਘਰੁ, ਜੋ ਦੇਖਿ ਦਿਖਾਵੈ॥ ਗੁਰ ਮਹਲੀ, ਸੋ ਮਹਲਿ ਬੁਲਾਵੈ॥ ਮਨ ਮਹਿ ਮਨੂਆ, ਚਿਤ ਮਹਿ ਚੀਤਾ॥ ਐਸੇ, ਹਰਿ ਕੇ ਲੋਕ ਅਤੀਤਾ॥੫॥ ਹਰਖ ਸੋਗ ਤੇ ਰਹਹਿ ਨਿਰਾਸਾ॥ ਅੰਮ੍ਰਿਤੁ ਚਾਖਿ, ਹਰਿਨਾਮਿ ਨਿਵਾਸਾ॥ ਆਪੁ ਪਛਾਣਿ, ਰਹੈ ਲਿਵ ਲਾਗਾ॥ ਜਨਮੁ ਜੀਤਿ ਗੁਰਮਤਿ ਦੁਖੁ ਭਾਗਾ॥੬॥ ਗੁਰਿ ਦੀਆ, ਸਚੁ ਅੰਮ੍ਰਿਤੁ ਪੀਵਉ॥ ਸਹਜਿ ਮਰਉ, ਜੀਵਤ ਹੀ ਜੀਵਉ॥ ਅਪਣੋ ਕਰਿ ਰਾਖਹੁ, ਗੁਰ ਭਾਵੈ॥ ਤੁਮਰੋ ਹੋਇ, ਸੁ ਤੁਝਹਿ ਸਮਾਵੈ॥੭॥ ਭੋਗੀ ਕਉ ਦੁਖੁ ਰੋਗ ਵਿਆਪੈ॥ ਘਟਿ ਘਟਿ ਰਵਿ ਰਹਿਆ ਪ੍ਰਭੁ ਜਾਪੈ॥ ਸੁਖ ਦੁਖ ਹੀ ਤੇ, ਗੁਰ ਸਬਦਿ ਅਤੀਤਾ॥ ਨਾਨਕ, ਰਾਮੁ ਰਵੈ ਹਿਤ ਚੀਤਾ॥੮॥੪॥**

## ਉਚਾਰਨ ਸੇਧ

**ਬਿੰਦੀ ਸਹਿਤ:** ਮਹਿੰ, ਮਨੂਆਂ, ਰਹਹਿੰ, ਪੀਵਉਂ, ਮਰਉਂ, ਜੀਵਉਂ।

**ਪਦ ਅਰਥ** : ਘਰਿ ਮਹਿ-ਘਰ (ਹਿਰਦੇ) ਵਿਚ। ਘਰੁ-ਟਿਕਾਣਾ। ਗੁਰ ਮਹਲੀ-ਗੁਰੂ ਦੇ ਘਰ

ਦੁਆਰਾ । ਮਹਲਿ-ਪ੍ਰਭੂ ਦੇ ਮਹਲ ਵਿਚ । ਬੁਲਾਵੈ-ਬੁਲਾ ਲੈਂਦਾ ਹੈ । ਐਸੇ-ਇਸ ਤਰ੍ਹਾਂ । ਅਤੀਤਾ-ਨਿਰਲੇਪ ।੫। ਹਰਖ-ਖੁਸ਼ੀ । ਸੋਗ-ਗ਼ਮੀ । ਨਿਰਾਸਾ-ਉਪਰਾਮ । ਚਾਖਿ-ਚਖ ਕੇ । ਆਪੁ-ਆਪਣੇ ਆਪ ।੬। ਪੀਵਉ-ਮੈਂ ਪੀਂਦਾ ਹਾਂ । ਸਹਜਿ-ਆਤਮਿਕ ਅਡੋਲਤਾ ਵਿਚ । ਮਰਉ-ਮੈਂ (ਵਿਕਾਰਾਂ ਵਲੋਂ) ਮਤ ਜਾਂਦਾ ਹਾਂ, ਭਾਵ ਵਿਕਾਰਾਂ ਤੋਂ ਪਰੇ ਹੱਟ ਜਾਂਦਾ ਹੈ । ਜੀਵਤ-ਜੀਉਂਦਿਆਂ ਹੀ । ਜੀਵਉ-ਮੈਂ ਆਤਮਿਕ ਜੀਵਨ ਜੀਉਂਦਾ ਹਾਂ ।੭। ਦੂਖੁ ਰੋਗ-ਰੋਗਾਂ ਦਾ ਦੁਖ । ਵਿਆਪੈ-ਲਗਦਾ ਹੈ । ਘਟਿ ਘਟਿ-ਹਰੇਕ ਸਰੀਰ ਵਿਚ । ਅਤੀਤਾ-ਨਿਰਲੇਪ । ਹਿਤ-ਪਿਆਰ ।੮।

**ਅਰਥ** : (ਹੇ ਭਾਈ !) ਜਿਹੜਾ (ਗੁਰੂ) ਮਨ ਦੇ ਅੰਦਰ ਹਰੀ ਦਾ ਵਾਸਾ ਦੇਖ ਕੇ (ਹੋਰਨਾਂ ਨੂੰ) ਦਿਖਾਉਂਦਾ ਹੈ, ਉਹ ਗੁਰੂ ਹਰੀ ਦੇ ਮਹਿਲ ਵਿਚ ਬੁਲਾ ਲੈਂਦਾ ਹੈ । (ਜਿਹੜੇ ਮਨੁੱਖ ਆਪਣੇ) ਮਨ ਵਿਚ (ਟਿਕ ਕੇ) ਮਨ ਨੂੰ (ਪਰਮਾਤਮਾ ਦਾ ਨਾਮ ਮੰਨਣ ਵਿਚ ਅਤੇ) ਚਿਤ ਨੂੰ (ਨਾਮ) ਚਿੰਤਨ ਵਿਚ (ਲਾਉਂਦੇ ਹਨ), ਅਜਿਹੇ ਹਰੀ ਦੇ ਲੋਕ (ਮੋਹ ਮਾਇਆ ਤੋਂ ਸਦਾ) ਨਿਰਲੇਪ ਰਹਿੰਦੇ ਹਨ ।੫।

(ਓਹ ਹਰੀ ਜਨ) ਖੁਸ਼ੀ, ਗਮੀ ਤੋਂ ਨਿਰਾਸ (ਭਾਵ ਦੁਖ ਸੁਖ ਤੋਂ ਉਪਰ) ਰਹਿੰਦੇ ਹਨ (ਕਿਉਂਕਿ ਉਹ) ਅੰਮ੍ਰਿਤ ਨਾਮ ਚੱਖ ਕੇ ਨਾਮ ਵਿਚ ਨਿਵਾਸ (ਰਖਦੇ ਹਨ) । (ਜੋ ਮਨੁੱਖ) ਆਪਣੇ ਆਪ ਨੂੰ ਪਛਾਣ ਕੇ (ਪ੍ਰਭੂ ਨਾਮ ਵਿਚ) ਆਪਣੀ ਲਿਵ ਲਾਈ ਰੱਖਦਾ ਹੈ, ਗੁਰੂ ਦੀ ਮਤਿ ਦੁਆਰਾ (ਉਹ ਆਪਣਾ) ਜਨਮ ਜਿਤ ਲੈਂਦਾ ਹੈ (ਅਤੇ ਉਸਦਾ) ਸਾਰਾ ਦੁਖ ਦੂਰ ਹੋ ਜਾਂਦਾ ਹੈ ।੬।

(ਹੇ ਭਾਈ !) ਗੁਰੂ ਨੇ (ਮੈਨੂੰ ਜੋ) ਸਚ (ਨਾਮ) ਦਿਤਾ ਹੈ ਮੈਂ (ਉਹ) ਅੰਮ੍ਰਿਤ ਪੀਂਦਾ ਹਾਂ । ਸਹਜ (ਅਡੋਲ ਅਵਸਥਾ) ਵਿਚ (ਟਿਕ ਕੇ) ਮੈਂ ਮਰਦਾ (ਭਾਵ ਆਪਣਾ ਆਪ ਮਿਟਾਂਦਾ) ਹਾਂ, ਇਸ ਤਰ੍ਹਾਂ ਮੈਂ ਅਸਲੀ ਜੀਵਨ ਜੀਉਂਦਾ ਹਾਂ ।) (ਹੇ ਪ੍ਰਭੂ !) ਜੇ ਗੁਰੂ ਨੂੰ ਭਾਵੇ (ਤਾਂ ਤੁਸੀਂ) ਮੈਨੂੰ ਆਪਣਾ ਬਣਾ ਕੇ ਰਖੋ (ਕਿਉਂਕਿ ਜੋ) ਤੇਰਾ ਬਣ ਕੇ ਰਹਿੰਦਾ ਹੈ, ਉਹ ਤੇਰੇ ਵਿਚ ਸਮਾ ਜਾਂਦਾ ਹੈ ।੭।

(ਹੇ ਭਾਈ ! ਜੋ) ਮਨੁੱਖ ਭੋਗਾਂ ਵਿਚ ਪੈਂਦਾ ਹੈ,(ਉਸ ਨੂੰ) ਦੁਖ ਵੀ ਵਿਆਪਦਾ ਹੈ ਤੇ ਰੋਗ (ਵੀ ਲਗਦੇ ਹਨ)। (ਜਿਹੜਾ) ਗੁਰ-ਉਪਦੇਸ਼ ਦੁਆਰਾ ਦੁਖ ਸੁਖ ਤੋਂ ਉਤੇ ਉਠ ਜਾਂਦਾ ਹੈ, ਉਸ ਨੂੰ ਘਟ ਘਟ ਵਿਚ ਹਰੀ ਵਿਆਪਕ ਹੋ ਰਿਹਾ ਦਿਸ ਪੈਂਦਾ ਹੈ । ਗੁਰੂ ਦੇ ਸ਼ਬਦ ਦੁਆਰਾ (ਉਹ) ਦੁਖ ਸੁਖ ਤੋਂ ਅਤੀਤ ਹੋ ਜਾਂਦਾ ਹੈ । ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਉਹ ਮਨੁੱਖ) ਦਿਲੀ ਹਿਤ (ਪਿਆਰ) ਨਾਲ ਪ੍ਰਭੂ ਦਾ ਨਾਮ ਸਿਮਰਦਾ ਰਹਿੰਦਾ ਹੈ ।੮।੪।

## ਸਾਰੰਸ਼ ਅਤੇ ਸਿਧਾਂਤ

ਇਸ ਅਸ਼ਟਪਦੀ ਵਿਚ ਇਹ ਦਸਿਆ ਹੈ ਕਿ ਚੰਚਲ ਚਿਤ ਵਾਲਾ ਜੀਵ ਉਸ ਪ੍ਰਭੂ ਦਾ ਘਰ ਨਹੀਂ ਪਾ ਸਕਦਾ। ਭਗਤੀ ਤੋਂ ਸਖਣਾ ਹੋਣ ਕਾਰਨ ਦੁਖਾਂ ਦੀ ਮਾਰ ਹੇਠ ਹੀ ਦਬਿਆ ਰਹਿੰਦਾ ਹੈ । ਰੋਗਾਂ ਵਿਚ ਫਸੇ ਹੋਏ ਜੀਵ ਨੂੰ ਦੁਨੀਆਂਦਾਰਾਂ ਪਾਸੋਂ ਧੀਰਜ ਨਹੀਂ ਮਿਲ ਸਕਦਾ। ਕੇਵਲ ਗੁਰੂ ਹੀ ਇਕ ਵਾਹਿਦ ਹਸਤੀ ਹੈ ਜਿਸ ਤੋਂ ਪਰਮਾਤਮਾ ਦਾ ਨਾਮ ਪ੍ਰਾਪਤ ਹੁੰਦਾ ਹੈ । ਗੁਰੂ ਜੀ ਆਪੇ ਦੀ ਪਛਾਣ ਕਰਾਂਦਾ ਹੈ, ਆਸਾ ਵਿਚ ਨਿਰਾਸ ਹੋਣ ਦੀ ਜੀਵਨ ਜਾਚ ਸਿਖਾਂਦਾ ਹੈ। ਸਿਧਾਂਤ ਇਹ ਹੈ ਕਿ ਭੋਗਾਂ ਵਿਚ

ਦੁੱਖ ਦੀ ਰਾਸਿ ਹੀ ਵਧਦੀ ਹੈ। ਜਿਹੜਾ ਮਨੁੱਖ ਹਿਤ ਚਿਤ ਜੋੜ ਕੇ ਪਰਮੇਸ਼ਰ ਦਾ ਨਾਮ ਸਿਮਰਦਾ ਹੈ ਉਹ ਅੰਮ੍ਰਿਤ ਨਾਮ ਦੀ ਕਮਾਈ ਕਰਕੇ ਆਪਾ-ਭਾਵ ਮਿਟਾ ਦਿੰਦਾ ਹੈ ਜਿਸ ਦੇ ਫਲ ਸਰੂਪ ਉਸਦੇ ਹਿਰਦੇ ਵਿਚ ਹਰੀ ਦਾ ਵਾਸਾ ਹੋ ਜਾਂਦਾ ਹੈ।

**ਬਸੰਤੁ ਮਹਲਾ ੧ ਇਕ ਤੁਕੀਆ॥ ਮਤੁ, ਭਸਮ ਅੰਧੂਲੇ ਗਰਬਿ ਜਾਹਿ॥ ਇਨ ਬਿਧਿ ਨਾਗੇ, ਜੋਗੁ ਨਾਹਿ ॥੧॥ ਮੂੜ੍ਹੇ, ਕਾਹੇ ਬਿਸਾਰਿਓ ਤੈ ਰਾਮਨਾਮ ॥ ਅੰਤ ਕਾਲਿ, ਤੇਰੈ ਆਵੈ ਕਾਮ ॥੧॥ਰਹਾਉ॥ ਗੁਰ ਪੂਛਿ, ਤੁਮ ਕਰਹੁ ਬੀਚਾਰੁ ॥ ਜਹ ਦੇਖਉ, ਤਹ ਸਾਰਿਗਪਾਣਿ ॥੨॥ ਕਿਆ ਹਉ ਆਖਾ, ਜਾਂ ਕਛੂ ਨਾਹਿ ॥ ਜਾਤਿ ਪਤਿ ਸਭ, ਤੇਰੈ ਨਾਇ ॥੩॥ ਕਾਹੇ ਮਾਲੁ ਦਰਬੁ ਦੇਖਿ, ਗਰਬਿ ਜਾਹਿ ॥ ਚਲਤੀ ਬਾਰ, ਤੇਰੋ ਕਛੂ ਨਾਹਿ॥੪॥**

### ਉਚਾਰਨ ਸੇਧ

**ਬਿੰਦੀ ਸਹਿਤ :** ਜਾਹਿੰ, ਨਾਂਗੇ; ਨਾਹਿੰ, ਤੈਂ, ਹਉਂ ਆਖਾਂ, ਦੇਖਉਂ, ਹਉਂ, ਨਾਇ।

ਇਕ ਤੁਕੀਆ-ਤੁਕਾਂਤ ਮਿਲਣ ਵਾਲੀ ਦੋ ਤੁਕਾਂ ਦਾ ਪਦ ਜਿਸਦੇ ਅੰਤ ਅੰਗ ਹੁੰਦਾ ਹੈ। ਗਾਉਣ ਵੇਲੇ ਇਨ੍ਹਾਂ ਦੋਹਾਂ ਤੁਕਾਂ ਦੀ ਇਕ ਤੁੱਕ ਹੋਇਆ ਕਰਦੀ ਹੈ। ਗੁਰਬਾਣੀ ਵਿਚ ਇਕ ਤੁੱਕੇ ਸਿਰਲੇਖ ਹੇਠ ਕਈ ਸ਼ਬਦ ਦੇਖੀਦੇ ਹਨ।

**ਪਦ ਅਰਥ :** ਮਤੁ-ਮਤਾਂ। ਭਸਮ-ਸੁਆਹ। ਅੰਧੂਲੇ-ਹੇ ਅੰਧੇ। ਗਰਬਿ ਜਾਹਿ-ਅਹੰਕਾਰ ਵਿਚ ਆ ਜਾਂਦਾ ਹੈ। ਇਨ ਬਿਧਿ-ਇਨ੍ਹਾਂ ਤਰੀਕਿਆਂ ਨਾਲ। ਨਾਗੇ-ਨੰਗੇ ਰਹਿ ਕੇ। ਜੋਗੁ-ਮਿਲਾਪ।੧। ਮੂੜੇ-ਹੇ ਮੂਰਖ!। ਕਾਹੇ-ਕਿਉਂ, ਕਿਸ ਲਈ?। ਤੈ-ਤੂੰ। ਅੰਤ ਕਾਲਿ-ਅੰਤ ਦੇ ਸਮੇਂ।੧ਰਹਾਉ। ਪੂਛਿ-ਪੁਛ ਕੇ। ਜਹ ਦੇਖਉ-ਜਿਥੇ ਮੈਂ ਵੇਖਦਾ ਹਾਂ। ਤਹ-ਉਥੇ। ਸਾਰਿਗਪਾਣ-ਉਹ ਪਰਮਾਤਮਾ ਜਿਸ ਦੇ ਹਥ ਵਿਚ ਧਨੁਖ ਹੈ।੨। ਕਿਆ-ਕੀ?। ਹਉ ਆਖਾ-ਮੈਂ ਆਖਾਂ, ਭਾਵ ਮੇਰੇ ਵਿਚ ਆਖਣ ਦੀ ਸ਼ਕਤੀ ਹੀ ਨਹੀ ਹੈ। ਜਾਂ ਕਛੂ ਨਾਹਿ-ਜਦੋਂ ਮੈਂ ਕੁਝ ਵੀ ਨਹੀਂ ਹਾਂ। ਪਤਿ-ਇਜ਼ਤ। ਤੇਰੈ ਨਾਇ-ਤੇਰੇ ਨਾਮ ਵਿਚ।੩। ਦਰਬੁ-ਧਨ। ਦੇਖਿ-ਵੇਖ ਕੇ। ਗਰਬਿ ਜਾਹਿ-ਹੰਕਾਰ ਵਿਚ ਆ ਜਾਂਦਾ ਹੈਂ। ਚਲਤੀ ਬਾਰ-(ਸਰੀਰ ਛਡ ਕੇ ਸੰਸਾਰ ਚੋਂ)ਜਾਣ ਸਮੇਂ।੪।

**ਅਰਥ :** ਹੇ ਅੰਨ੍ਹੇ (ਅਗਿਆਨੀ ਜੀਵ ! ਸਰੀਰ ਤੇ) ਸੁਆਹ (ਮਲ ਕੇ) ਮਤਾਂ ਤੂੰ ਅਹੰਕਾਰ ਵਿਚ ਆ ਜਾਂਦਾ ਹੋਵੇਂ (ਕਿ ਮੈਂ ਜੋਗੀ ਹੋ ਗਿਆ ਹਾਂ) ਹੇ ਨੰਗੇ! ਇਨ੍ਹਾਂ ਤਰੀਕਿਆਂ ਵਿਚ (ਪ੍ਰਭੂ ਨੂੰ ਮਿਲਣ ਦਾ) ਜੋਗ (ਮਿਲਾਪ) ਨਹੀਂ ਹੈ।੧।

ਹੇ ਮੂਰਖ ! ਤੂੰ ਪਰਮਾਤਮਾ ਦਾ ਨਾਮ ਕਿਸ ਲਈ ਤੇ ਕਿਉਂ ਭੁਲਾ ਦਿੱਤਾ ਹੈ ? (ਇਸ ਨਾਮ ਨੇ ਹੀ) ਅੰਤ ਸਮੇਂ ਤੇਰੇ ਕੰਮ ਆਉਣਾ ਹੈ।੧। ਰਹਾਉ।

(ਹੇ ਮੂਰਖ ਮਨ !) ਗੁਰੂ ਨੂੰ ਪੁਛ ਕੇ ਤੂੰ (ਉਸ ਦੀ ਸਿਖਿਆ ਤੇ) ਵੀਚਾਰ ਕਰ। ਮੈਂ ਜਿਥੇ ਵੇਖਦਾ ਹਾਂ, ਉਥੇ ਹੀ ਪਰਮਾਤਮਾ ਮੌਜੂਦ ਹੈ (ਤੂੰ ਬਾਹਰ ਕਿਉਂ ਭਟਕਦਾ ਫਿਰਦਾ ਹੈਂ)। ਮੈਂ ਕੀ ਆਖਾਂ ਜਦੋਂ (ਕਿ

ਮੇਰਾ) ਕੁਝ ਵੀ ਨਹੀਂ ਹੈ। (ਹੇ ਪ੍ਰਭੂ!) ਉਚੀ ਜਾਤ, ਇਜ਼ਤ ਆਦਿਕ ਤੇਰੇ ਨਾਮ (ਜਪਣ ਵਿਚ ਆ ਜਾਂਦੀ ਹੈ)।੩।

(ਹੇ ਭਾਈ ! ਤੂੰ) ਧਨ-ਮਾਲ ਦੇਖ ਕੇ ਕਿਉਂ ਹੰਕਾਰ ਵਿਚ ਆ ਜਾਂਦਾ ਹੈ? (ਸਰੀਰ ਛਡ ਕੇ) ਜਾਣ ਸਮੇਂ ਤੇਰਾ (ਆਪਣਾ) ਕੁਝ ਵੀ ਨਹੀਂ ਹੁੰਦਾ (ਭਾਵ ਤੇਰੇ ਨਾਲ ਕੁਝ ਨਹੀਂ ਜਾਂਦਾ) ।੪।

**ਪੰਚ ਮਾਰਿ, ਚਿਤੁ ਰਖਹੁ ਥਾਇ ॥ ਜੋਗ ਜੁਗਤਿ ਕੀ ਇਹੈ ਪਾਂਇ ॥੫॥ ਹਉਮੈ ਪੈਖੜੁ, ਤੇਰੇ ਮਨੈ ਮਾਹਿ ॥ ਹਰਿ ਨ ਚੇਤਹਿ ਮੂੜੇ, ਮੁਕਤਿ ਜਾਹਿ ॥੬॥ ਮਤ, ਹਰਿ ਵਿਸਰਿਐ ਜਮ ਵਸਿ ਪਾਹਿ ॥ ਅੰਤਕਾਲਿ, ਮੂੜੇ ਚੋਟ ਖਾਹਿ ॥੭॥ ਗੁਰ ਸਬਦੁ ਬੀਚਾਰਹਿ, ਆਪੁ ਜਾਇ ॥ ਸਾਚ ਜੋਗੁ, ਮਨਿ ਵਸੈ ਆਇ ॥੮॥ ਜਿਨਿ ਜੀਉ ਪਿੰਡੁ ਦਿਤਾ, ਤਿਸੁ ਚੇਤਹਿ ਨਾਹਿ ॥ ਮੜੀ ਮਸਾਣੀ, ਮੂੜੇ ਜੋਗੁ ਨਾਹਿ ॥੯॥ ਗੁਣ ਨਾਨਕੁ ਬੋਲੈ, ਭਲੀ ਬਾਣਿ ॥ ਤੁਮ ਹੋਹੁ ਸੁਜਾਖੇ, ਲੇਹੁ ਪਛਾਣਿ ॥੧੦॥੫॥**

### ਉਚਾਰਨ ਸੇਧ

**ਬਿੰਦੀ ਸਹਿਤ :** ਪਾਂਇ, ਥਾਇਂ, ਮਾਹਿਂ, ਚੇਤਹਿਂ, ਜਾਹਿਂ, ਖਾਹਿਂ, ਪਾਹਿਂ, ਨਾਹਿਂ।

**ਪਦ ਅਰਥ :** ਪੰਚ ਮਾਰਿ-ਪੰਜ ਕਾਮਾਦਿਕ ਵਿਕਾਰ ਮਾਰ ਕੇ। ਥਾਇ-ਟਿਕਾਣੇ ਤੇ, ਵਸ ਵਿਚ। ਜੋਗ ਜੁਗਤਿ ਕੀ-ਪਰਮਾਤਮਾ ਨਾਲ ਜੁੜਨ ਦੀ ਜੁਗਤੀ। ਪਾਂਇ-ਬੁਨਿਆਦ ।੫। ਪੈਖੜੁ-ਢੰਗਾ, ਪਸ਼ੂ ਦੇ ਪਿਛਲੇ ਦੋਵੇਂ ਪੈਰਾਂ ਨੂੰ ਰਸੀ ਨਾਲ ਜਕੜਿਆ ਜਾਂਦਾ ਹੈ ਤਾਂ ਜੋ ਉਹ ਦੌੜ ਨਾ ਸਕੇ। ਮੂੜੇ-ਹੇ ਮੂਰਖ !। ਮੁਕਤ ਜਾਹਿ-ਜਿਸ ਕਰਕੇ ਵਿਕਾਰਾਂ ਤੋਂ ਮੁਕਤਿ ਹੋ ਸਕੇਂ ।੬। ਮਤ-ਮਤਾਂ। ਪਾਹਿ-ਪੈ ਜਾਏਂ। ਚੋਟ-ਸੱਟਾਂ ।੭। ਬੀਚਾਰਹਿ-ਵਿਚਾਰੇਂ। ਆਪੁ-ਆਪਾ ਭਾਵ। ਸਾਚ ਜੋਗੁ-ਸਚ ਦਾ ਮਿਲਾਪ। ਮਨਿ-ਮਨ ਵਿਚ ।੮। ਜੀਉ ਪਿੰਡ-ਜਿੰਦ ਤੇ ਸਰੀਰ। ਚੇਤਹਿ ਨਾਹਿ-ਸਿਮਰਦਾ ਨਹੀਂ ਹੈਂ। ਮੜੀ ਮਸਾਣ-ਮੜੀਆਂ ਮਸਾਣਾਂ ਤੇ ।੯। ਭਲੀ ਬਾਣਿ-ਚੰਗੀ ਬਣੀ। ਹੋਹੁ ਸੁਜਾਖੇ-ਅਖਾਂ ਵਾਲੇ ਹੋਵੋ ।੧੦।

**ਅਰਥ :** (ਹੇ ਭਾਈ !) ਪੰਜਾਂ ਕਾਮਾਦਿਕਾਂ ਨੂੰ ਮਾਰ ਕੇ (ਆਪਣਾ) ਚਿਤ ਇਕ ਥਾਂ ਤੇ (ਟਿਕਾ ਕੇ ਰਖ)। ਇਹੋ ਹੀ ਜੋਗ ਦੀ ਜੁਗਤੀ (ਪਾਉਣ ਵਾਲੀ) ਪੱਕੀ ਬੁਨਿਆਦ ਹੈ ।੫।

(ਹੇ ਭਾਈ!) ਹੰਕਾਰ ਦਾ ਢੰਗਾ ਤੇਰੇ ਮਨ ਨੂੰ ਪਾਇਆ ਹੋਇਆ ਹੈ (ਭਾਵ ਮਨ ਹਉਮੈ ਵਿਚ ਬੱਧਾ ਰਹਿੰਦਾ ਹੈ)। ਹੇ ਮੂਰਖ! (ਤੂੰ) ਹਰੀ ਨੂੰ (ਕਿਉਂ) ਨਹੀਂ ਸਿਮਰਦਾ, ਜਿਸ ਕਰਕੇ ਮੁਕਤ ਹੋ ਜਾਵੇਂ?।੬।

ਮਤਾਂ ਹਰੀ ਨੂੰ ਭੁਲਾ ਕੇ ਜਮਾਂ ਦੇ ਵਸ ਪੈ ਜਾਵੇਂ (ਅਤੇ) ਅੰਤ ਸਮੇ ਜਮਾਂ ਦੀਆਂ ਚੋਟਾਂ ਹੀ ਖਾਂਦਾ ਰਹੇਂ ।੭।

(ਹੇ ਭਾਈ ! ਜੇ ਤੂੰ) ਗੁਰੂ ਦਾ ਸ਼ਬਦ ਵੀਚਾਰ ਕਰੇਂ (ਤਾਂ ਤੇਰਾ) ਆਪਾ (ਹੰਕਾਰ) ਦੂਰ ਹੋ ਜਾਏ ਅਤੇ ਸਚਾ ਜੋਗ (ਤੇਰੇ) ਮਨ ਵਿਚ ਆ ਵਸੇ ।੮।

(ਹੇ ਭਾਈ !) ਜਿਸ (ਪ੍ਰਭੂ) ਨੇ ਜਿੰਦ ਤੇ ਸਰੀਰ ਦਿੱਤਾ ਹੈ ਉਸ ਨੂੰ ਤੂੰ ਸਿਮਰਦਾ ਨਹੀਂ। ਹੇ

ਮੂਰਖਾ! ਮੜੀਆਂ ਮਸਾਣਾਂ ਵਿਚ (ਵਸਣ ਨਾਲ) ਜੋਗ (ਪ੍ਰਾਪਤ) ਨਹੀਂ ਹੁੰਦਾ।੯।

(ਹੇ ਭਾਈ !) ਨਾਨਕ (ਪਰਮੇਸ਼ਰ ਦੇ) ਗੁਣਾਂ ਵਾਲੀ ਚੰਗੀ ਬਾਣੀ ਬੋਲਦਾ ਹੈ। ਤੂੰ ਸੁਜਾਖਾ ਹੋ ਕੇ (ਭਾਵ ਗਿਆਨ ਦੀਆਂ ਅਖਾਂ ਨਾਲ) ਪਛਾਣ ਲੈ (ਉਹ ਪਰਮਾਤਮਾ ਮੜੀਆਂ ਮਸਾਣਾਂ ਭਾਵ ਇਕਾਂਤ ਵਿਚ ਹੀ ਨਹੀਂ, ਹਰ ਥਾਂ ਤੇ ਵਿਆਪਕ ਹੈ) ।੧੦।੫।

## ਅਰਥ ਭੇਦ ਅਤੇ ਨਿਰਣੈ

**ਗੁਣ ਨਾਨਕੁ ਬੋਲੈ ਭਲੀ ਬਾਣਿ ॥ ਤੁਮ ਹੋਹੁ ਸੁਜਾਖੇ ਲੇਹੁ ਪਛਾਣਿ ॥**

ਵਖ ਵਖ ਅਰਥ :

੧. ਸ੍ਰੀ ਗੁਰੂ ਜੀ ਕਹਤੇ ਹੈਂ ਗੁਣ ਉਚਾਰਨ ਰੂਪ ਬਾਣੀ ਭਲੀ ਹੈ ਤੁਮ ਸੁਜਾਖੇ ਹੋਇ ਕਰ ਭਾਵ ਸੇ ਗਯਾਨ ਵੈਰਾਗ ਕੇ ਸਹਿਤ ਹੋਇ ਕੇ ਅਪਨੇ ਸਵਰੂਪ ਕੋ ਪਛਾਣ ਲੇਵਹੁ। [ਫ. ਸ.

੨. ਨਾਨਕ ਗੁਣਾਂ ਵਾਲੀ ਚੰਗੀ ਬਾਣੀ ਆਖਦਾ ਹੈ। [ਸ਼ਬਦਾਰਥ

੩. ਨਾਨਕ ਤਾ ਪਰਮਾਤਮਾ ਦੀਆਂ ਸਿਫਤਾਂ ਦੀ ਬਾਣੀ ਉਚਾਰਦਾ ਹੈ, ਪ੍ਰਭੂ ਦੀ ਸਿਫਤਿ ਸਾਲਾਹ ਵਾਲੀ ਬਾਣੀ ਹੀ ਸੁੰਦਰ ਬਾਣੀ ਹੈ। ਇਹੀ ਪਰਮਾਤਮਾ ਦੇ ਚਰਨਾਂ ਵਿਚ ਜੋੜ ਸਕਦੀ ਹੈ। ਇਸ ਗੱਲ ਨੂੰ ਸਮਝ (ਜੇ ਤੂੰ ਭੀ ਪ੍ਰਭੂ ਦੀ ਸਿਫਤਿ ਸਾਲਾਹ ਕਰੇਂਗਾ ਤਾਂ) ਤੈਨੂੰ ਭੀ ਪਰਮਾਤਮਾ ਦਾ ਦੀਦਾਰ ਕਰਾਉਣ ਵਾਲੀਆਂ ਆਤਮਕ ਅੱਖਾਂ ਮਿਲ ਜਾਣਗੀਆਂ। [ਦਰਪਣ

**ਨਿਰਣੈ :** ਇਥੇ 'ਗੁਣਾਂ ਵਾਲੀ ਚੰਗੀ ਬਾਣੀ' ਤੋਂ ਭਾਵ ਕੋਈ ਲਿਖਤੀ ਬਾਣੀ ਨਹੀਂ, ਇਹ ਸੂਖਸ਼ਮ ਨਿਰਗੁਣ ਸਰੂਪ ਵਾਲੀ ਬਾਣੀ ਹੈ ਜੋ ਬਾਹਰਲੀਆਂ ਅਖਾਂ ਨਾਲ ਵੇਖੀ (ਪਛਾਣੀ) ਨਹੀਂ ਜਾ ਸਕਦੀ। ਇਹ ਅੰਤਰ-ਆਤਮੇ ਗਿਆਨ ਚਖਸੂਆਂ ਅਥਵਾਂ ਬੇਅੰਨ ਅਖੜੀਆਂ ਨਾਲ ਪਛਾਣੀ ਜਾ ਸਕਦੀ ਹੈ। ਗੁਰੂ ਵਾਲਾ ਬਣ ਕੇ ਹੀ ਬੇਅੰਨ ਅੱਖਾਂ ਭਾਵ ਦਿਬ ਦ੍ਰਿਸ਼ਟੀ ਮਿਲਦੀ ਹੈ 'ਕਹੈ ਨਾਨਕ ਏਹਿ ਨੇਤ੍ਰ ਅੰਧ ਸੇ, ਸਤਿਗੁਰ ਮਿਲਿਐ ਦਿਬ ਦ੍ਰਿਸਟਿ ਹੋਈ' । ਸੋ, 'ਭਲੀ ਬਾਣਿ' ਤੋਂ ਭਾਵ ਚੰਗੀ ਬਾਣੀ (ਗੁਰਬਾਣੀ) ਹੈ। ਇਸ ਨੇ ਹੀ ਸੁਜਾਖਾ ਬਣਾਨਾ ਹੈ। ਅਖਰੀ ਅਰਥ ਗੁਰਬਾਣੀ ਦੀ ਪੰਕਤੀ ਅਨੁਸਾਰ ਹੋਣੇ ਚਾਹੀਦੇ ਹਨ ਜੋ ਪਿਛੇ ਕਰ ਦਿਤੇ ਗਏ ਹਨ।

## ਸਾਰੰਸ਼ ਅਤੇ ਸਿਧਾਂਤ

ਨੰਗੇ ਹੋ ਕੇ ਪਿੰਡੇ ਤੇ ਸੁਆਹ ਮਲਣੀ ਅਤੇ ਆਪਣੇ ਆਪ ਨੂੰ ਜੋਗੀ ਸਦਾਉਣਾ, ਇਹ ਸਾਧਨਾ ਕਿਸੇ ਲੇਖੇ ਨਹੀਂ ਪੈਂਦੀ। ਅਸਲ ਵਿਚ ਨਾ ਸੁਖ ਭੋਗ ਵਿਚ ਹੈ, ਨਾ ਜੋਗ ਵਿਚ ਹੈ, ਕੋਈ ਸੁਖਦਾਇਕ ਵਸਤੂ ਹੈ ਤਾਂ ਉਹ ਕੇਵਲ ਪਰਮਾਤਮਾ ਦਾ ਨਾਮ-ਸਿਮਰਨ ਹੈ।

ਭੇਖ ਨੂੰ ਧਾਰਨ ਕੀਤਿਆਂ ਮਨੁੱਖ ਦੇ ਅੰਦਰ ਅਹੰਕਾਰ ਵਧਦਾ ਹੈ। ਜਿਤਨੇ ਜੱਥੇ, ਜਿਤਨੇ ਡੇਰੇ, ਜਿਤਨੇ ਅਖਾੜੇ, ਜਿਤਨੀਆਂ ਜਮਾਤਾਂ ਹਨ ਸਭ ਦੇ ਬਾਣਿਆ ਉਤੇ ਹਉਮੈ ਦੀ ਮੈਲ ਚੜ੍ਹੀ ਹੋਈ ਹੈ। ਮਾਨੋ ਇਹਨਾਂ ਨੂੰ ਇਹ ਇਕ ਪੈਖੜ ਪਿਆ ਹੋਇਆ ਹੈ :–

**ਨਾਨਕ, ਹਉਮੈ ਰੋਗ ਬੁਰੇ ॥**

**ਜਹ ਦੇਖਾਂ ਤਹ ਏਕਾ ਬੇਦਨ, ਆਪੇ ਬਖਸੀ ਸਬਦਿ ਧੁਰੇ ॥** [ਪੰਨਾ ੧੧੫੩

ਗੁਰੂ ਬਾਬਾ ਜੀ ਮਨੁੱਖ ਨੂੰ ਚੇਤਨ ਕਰਦੇ ਹਨ :

**੧. ਹਰਿ ਨ ਚੇਤਹਿ ਮੂੜੇ,ਮੁਕਤਿ ਜਾਹਿ ॥**

**੨. ਜਿਨਿ ਜੀਉ ਪਿੰਡੁ ਦਿਤਾ, ਤਿਸੁ ਚੇਤਹਿ ਨਾਹਿ ॥**

**ਮੜੀ ਮਸਾਣੀ ਮੂੜੇ ਜੋਗੁ ਨਾਹਿ ॥**

ਵਿਖਾਵੇ ਵਾਲਾ ਜੋਗ ਵੀ ਹਉਮੈ ਵਾਲੇ ਰੋਗ ਦਾ ਰੂਪ ਹੈ :–

**ਕਬੀਰ ਖਿੰਥਾ ਜਲਿ ਕੋਇਲਾ ਭਈ, ਖਾਪਰੁ ਫੂਟਮ ਫੂਟ ॥**

**ਜੋਗੀ ਬਪੁੜਾ ਖੇਲਿਓ ਆਸਨਿ ਰਹੀ ਬਿਭੂਤਿ ॥** [ਪੰਨਾ ੧੩੬੭

ਜੋਗ ਨਾਮ 'ਜੁੜਨ' ਦਾ ਹੈ ਪਰ ਜੋਗੀ ਭਗਵੇਂ ਭੇਖ ਤੇ ਚਿੰਨਾ ਨਾਲ ਜੁੜਨ ਦੇ ਜਤਨ ਵਿਚ ਲਗੇ ਹੋਏ ਨਾਮ ਤੋਂ ਭੁਲੇ ਹੀ ਰਹਿੰਦੇ ਹਨ। ਸੋ ਸਿਧਾਂਤ ਨਾਮ-ਸਿਮਰਨ ਨੂੰ ਦ੍ਰਿੜ ਕਰਨ ਦਾ ਹੈ :-

**ਗੁਣ ਨਾਨਕੁ ਬੋਲੈ, ਭਲੀ ਬਾਣਿ॥ ਤੁਮ ਹੋਹੁ ਸੁਜਾਖੇ ਲੇਹੁ ਪਛਾਣਿ॥**[ਪੰਨਾ ੧੧੯੦

**ਬਸੰਤੁ ਮਹਲਾ ੧ ॥ ਦੁਬਿਧਾ ਦੁਰਮਤਿ, ਅੰਧੁਲੀ ਕਾਰ ॥ ਮਨਮੁਖਿ ਭਰਮੈ, ਮਝਿ ਗੁਬਾਰ ॥੧॥ ਮਨੁ ਅੰਧੁਲਾ, ਅੰਧੁਲੀ ਮਤਿ ਲਾਗੈ ॥ ਗੁਰ ਕਰਣੀ ਬਿਨੁ, ਭਰਮੁ ਨ ਭਾਗੈ ॥੧॥ ਰਹਾਉ ॥ ਮਨਮੁਖਿ ਅੰਧੁਲੇ, ਗੁਰਮਤਿ ਨ ਭਾਈ ॥ ਪਸੂ ਭਏ, ਅਭਿਮਾਨੁ ਨ ਜਾਈ ॥੨॥ ਲਖ ਚਉਰਾਸੀਹ ਜੰਤ ਉਪਾਏ ॥ ਮੇਰੇ ਠਾਕੁਰ ਭਾਣੇ, ਸਿਰਜਿ ਸਮਾਏ ॥੩॥ ਸਗਲੀ ਭੂਲੈ, ਨਹੀ ਸਬਦੁ ਅਚਾਰੁ ॥ ਸੋ ਸਮਝੈ, ਜਿਸੁ ਗੁਰੁ ਕਰਤਾਰੁ ॥੪॥**

**ਪਦ ਅਰਥ** : ਦੁਬਿਧਾ-ਦਵੈਤ ਭਾਵ। ਦੁਰਮਤਿ-ਖੋਟੀ ਮਤ। ਅਧੁਲੀ-ਅੰਧਲੀ, ਅੰਨੀ। ਕਾਰ-ਕੰਮ, ਕਿਰਤ (ਕਰਦਾ ਹੈ)। ਮਝਿ-ਵਿਚ। ਗੁਬਾਰ-ਹਨੇਰਾ।੧। ਅੰਧੁਲੀ ਮਤਿ-(ਮਾਇਆ ਮੋਹ ਵਿਚ) ਅੰਨ੍ਹੀ ਹੋਈ ਅਕਲ। ਗੁਰ ਕਰਣੀ ਬਿਨੁ-ਗੁਰੂ ਦੀ (ਦਸੀ) ਕਰਣੀ ਤੋਂ ਬਿਨਾਂ। ਭਰਮੁ-ਭਟਕਣ। ਨ ਭਾਗੈ-ਦੂਰ ਨਹੀਂ ਹੁੰਦੀ।੧। ਰਹਾਉ। ਨ ਭਾਈ-ਚੰਗੀ ਨਹੀਂ ਲਗੀ। ਪਸੂ ਭਏ-ਡੰਗਰ ਹੋਏ। ਅਭਿਮਾਨੁ-ਹੰਕਾਰ।੨। ਭਾਣੈ-ਭਾਣੇ ਵਿਚ। ਸਿਰਜਿ-ਪੈਦਾ ਕਰਕੇ।੩। ਸਗਲੀ ਭੂਲੀ-ਸਾਰੀ ਸ੍ਰਿਸਟੀ (ਦੁਰਮਤਿ ਵਿਚ) ਭੁਲੀ ਹੋਈ ਹੈ। ਆਚਾਰੁ-ਚੰਗਾ ਆਚਰਨ। ਸੋ-ਉਹ (ਜਗਿਆਸੂ)।੪।

**ਅਰਥ:** (ਹੇ ਭਾਈ! ਜੋ) ਦ੍ਵੈਤ ਖੋਟੀ ਮਤ ਹੈ (ਇਸ ਵਿਚ ਕੀਤੀ) ਕਾਰ ਅਗਿਆਨਤਾ ਵਾਲੀ ਹੁੰਦੀ ਹੈ। (ਇਸ ਦੇ ਆਸਰੇ ਹੇਠ)ਮਨਮੁਖ(ਜੀਵ)ਅਗਿਆਨਤਾ ਦੇ ਹਨੇਰੇ ਵਿਚ ਭਟਕਦਾ ਰਹਿੰਦਾ ਹੈ।੧।

ਜਿਹੜਾ ਮਨ ਅੰਨ੍ਹਾਂ ਅਗਿਆਨੀ ਹੈ (ਉਹ) ਅਗਿਆਨਤਾ ਵਾਲੀ ਮਤ ਪਿਛੇ ਹੀ ਲਗਦਾ ਹੈ। (ਪਰ) ਗੁਰੂ ਦੀ ਦਸੀ ਹੋਈ ਕਰਣੀ ਤੋਂ ਬਿਨਾ ਭਟਕਣਾ ਦੂਰ ਨਹੀਂ ਹੁੰਦੀ।੧। ਰਹਾਉ।

ਆਪ-ਹੁਦਰੇ (ਮਨੁੱਖ) ਅੰਨ੍ਹੇ ਹਨ (ਉਨ੍ਹਾਂ ਨੂੰ) ਗੁਰਮਤਿ ਚੰਗੀ ਨਹੀਂ ਲਗਦੀ। (ਦਰ ਅਸਲ

ਉਹ) ਪਸ਼ੂ ਹੋ ਚੁਕੇ ਹਨ, (ਕਿਉਂਕਿ ਉਨ੍ਹਾਂ ਦੇ ਅੰਦਰੋਂ) ਹੰਕਾਰ ਨਹੀਂ ਜਾਂਦਾ ।੨।

(ਪ੍ਰਭੂ ਨੇ) ਚੌਰਾਸੀ ਲਖ ਜੂਨਾਂ ਦੇ ਜੀਵ ਪੈਦਾ ਕੀਤੇ ਹਨ । ਮੇਰਾ ਮਾਲਕ (ਆਪਣੇ) ਭਾਣੇ ਵਿਚ ਹੀ ਜੀਵ ਪੈਦਾ ਕਰਕੇ (ਫਿਰ) ਮਾਰ ਦਿੰਦਾ ਹੈ ।੩।

ਸਾਰੀ (ਲੋਕਾਈ) ਭੁਲੀ ਰਹਿੰਦੀ ਹੈ (ਕਿਉਂਕਿ ਉਸ ਪਾਸ) ਸ਼ਬਦ ਰੂਪ ਆਚਰਨ ਨਹੀਂ ਹੈ । ਇਹ ਜੀਵਨ ਮਾਰਗ ਉਹ ਸਮਝਦਾ ਹੈ ਜਿਸ ਨੂੰ ਗੁਰੂ ਕਰਤਾਰ (ਮਿਲ ਪੈਂਦਾ ਹੈ) ।੪।

**ਗੁਰ ਕੇ ਚਾਕਰ, ਠਾਕੁਰ ਭਾਣੇ॥ ਬਖਸਿ ਲੀਏ, ਨਾਹੀ ਜਮ ਕਾਣੇ ॥੫॥ ਜਿਨ ਕੈ ਹਿਰਦੈ, ਏਕੋ ਭਾਇਆ॥ ਆਪੇ ਮੇਲੇ, ਭਰਮੁ ਚੁਕਾਇਆ॥੬॥ ਬੇਮੁਹਤਾਜੁ ਬੇਅੰਤੁ ਅਪਾਰਾ॥ ਸਚਿ ਪਤੀਜੈ, ਕਰਣੈਹਾਰਾ॥੭॥ ਨਾਨਕ, ਭੂਲੇ ਗੁਰੁ ਸਮਝਾਵੈ॥ ਏਕੁ ਦਿਖਾਵੈ, ਸਾਚਿ ਟਿਕਾਵੈ ॥੮॥੬॥**

**ਪਦ ਅਰਥ :** ਚਾਕਰ-ਸੇਵਕ, ਨੌਕਰ । ਭਾਣੇ-ਚੰਗੇ ਲਗਦੇ ਹਨ । ਜਮ ਕਾਣੇ-ਜਮ ਦੀ ਮੁਥਾਜੀ ।੫। ਭਾਇਆ-ਚੰਗਾ ਲਗਾ । ਚੁਕਾਇਆ-ਦੂਰ ਕੀਤਾ ।੬। ਅਪਾਰਾ-ਪਾਰ ਤੋਂ ਰਹਿਤ, ਬੇਅੰਤ । ਸਚਿ ਪਤੀਜੈ-ਸਚ ਵਿਚ ਪ੍ਰਸੰਨ ਹੁੰਦਾ ਹੈ । ਕਰਣੈਹਾਰਾ-ਕਰਤਾਰ ।੭। ਭੂਲੇ-ਭੁਲੇ ਹੋਏ (ਜੀਵ) ਨੂੰ । ਸਾਚਿ ਟਿਕਾਵੈ-ਸਚ (ਪ੍ਰਭੂ) ਵਿਚ ਟਿਕਾਂਦਾ ਹੈ ।੮।

**ਅਰਥ :** (ਹੇ ਭਾਈ !) ਗੁਰੂ ਦੇ ਸੇਵਕ ਮਾਲਕ (ਪ੍ਰਭੂ ਨੂੰ ਚੰਗੇ ਲਗਦੇ ਹਨ । (ਪ੍ਰਭੂ ਨੇ ਜਿਹੜੇ ਸੇਵਕ) ਬਖਸ਼ ਲਏ ਹਨ, (ਉਨ੍ਹਾਂ ਨੂੰ) ਜਮਾਂ ਦੀ ਮੁਥਾਜੀ ਨਹੀਂ ਰਹਿੰਦੀ ।੫।

(ਹੇ ਭਾਈ !) ਜਿਨ੍ਹਾਂ ਦੇ ਹਿਰਦੇ ਵਿਚ ਇਕ (ਪ੍ਰਭੂ ਹੀ) ਚੰਗਾ ਲੱਗਾ ਹੈ, (ਪ੍ਰਭੂ) ਨੇ (ਉਨ੍ਹਾਂ ਦੇ ਅੰਦਰੋਂ) ਭਰਮ ਦੂਰ ਕਰ ਦਿਤਾ ਹੈ (ਅਤੇ ਉਹ) ਆਪ ਹੀ (ਆਪਣੇ ਨਾਲ) ਮੇਲ ਲਏ ਹਨ ।੬।

(ਉਹ ਪ੍ਰਭੂ) ਬੇ-ਮੁਥਾਜ, ਬੇਅੰਤ ਅਤੇ ਪਾਰੋ ਤੋਂ ਰਹਿਤ ਹੈ । (ਉਹ) ਕਰਣਹਾਰ (ਕਰਤਾਰ) ਸਚ ਦੁਆਰਾ ਹੀ ਪ੍ਰਸੰਨ ਹੁੰਦਾ ਹੈ ।੭।

ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਭੁਲੇ ਹੋਏ (ਜੀਵ ਨੂੰ) ਗੁਰੂ (ਸਿਧੇ) ਰਾਹ ਪਾਂਦਾ ਹੈ । (ਗੁਰੂ ਉਨ੍ਹਾਂ ਨੂੰ) ਇਕ ਪ੍ਰਭੂ ਦਿਖਾ ਦਿੰਦਾ ਹੈ (ਅਤੇ ਉਨ੍ਹਾਂ ਨੂੰ) ਸਚ ਵਿਚ ਟਿਕਾ ਦਿੰਦਾ ਹੈ ।੮।੬।

## ਸਾਰੰਸ਼ ਅਤੇ ਸਿਧਾਂਤ

ਜਿਥੇ ਦੁਰਮਤਿ ਹੈ ਉਥੇ ਦੁਬਿਧਾ ਹੈ, ਜਿਥੇ ਦੁਬਿਧਾ ਹੈ, ਉਥੇ ਭਰਮ ਹੈ, ਜਿਥੇ ਭਰਮ ਹੈ, ਉਥੇ ਹੀ ਅਗਿਆਨਤਾ ਹੈ ਅਤੇ ਅਗਿਆਨਤਾ ਹੀ 'ਪਸ਼ੁ ਭਏ ਅਭਿਮਾਨੁ ਨ ਜਾਈ' ਦੀ ਲਖਾਇਕ ਹੈ ।

ਬਹੁਤੀ ਲੋਕਾਈ ਪਾਸ ਨਾ ਗੁਰੂ ਦਾ ਸ਼ਬਦ ਹੈ, ਨਾ ਜੀਵਨ ਦਾ ਕੋਈ ਆਦਰਸ਼ ਹੈ ਅਤੇ ਨਾ ਗੁਰਮਤਿ ਵਾਲੀ ਰਹਿਣੀ-ਬਹਿਣੀ ਦਾ ਬੋਧ ਹੈ ।

ਅੰਧਾ ਮਨੁਖ ਅੰਧ (ਅਗਿਆਨਤਾ) ਵਿਚ ਹੀ ਲਪਟਦਾ ਹੈ, ਜਿਸ ਕਰਕੇ ਸਦਾ ਭਰਮ ਦੇ ਟੋਏ ਵਿਚ ਡਿਗਿਆ ਰਹਿੰਦਾ ਹੈ ।

ਗੁਰਵਾਕ ਹਨ :

**ਅਗਿਆਨਿ ਅੰਧੇਰੈ ਸੂਝਸਿ ਨਾਹੀ, ਬਹੁੜਿ ਬਹੁੜਿ ਭਰਮਾਤਾ ॥** [ਪੰ. ੬੧੦

ਸ਼ਬਦ ਆਚਾਰ ਨਾ ਹੋਣ ਕਾਰਨ ਹੀ ਸਾਰੀ ਪ੍ਰਿਥਵੀ ਧੱਕੇ ਖਾਈ ਫਿਰਦੀ ਹੈ। ਜਿਨ੍ਹਾਂ ਦੇ ਹਿਰਦੇ ਵਿਚ ਇਕ ਪਰਮੇਸ਼ਰ ਚੰਗਾ ਲਗ ਗਿਆ ਹੈ ਉਨ੍ਹਾਂ ਦਾ ਜਨਮ ਸਫਲ ਹੋ ਗਿਆ ਹੈ। ਇਹ ਸਾਰੀ ਬਰਕਤ ਗੁਰੂ ਦੀ ਹੈ, ਜਿਸ ਨੇ ਭੁਲੇ ਹੋਏ ਜੀਵਾਂ ਨੂੰ ਸਮਝਾ ਦਿਤਾ ਹੈ, ਉਨ੍ਹਾਂ ਨੂੰ ਇਕ ਵਿਖਾ ਕੇ ਇਕ ਵਿਚ ਟਿਕਾ ਦਿਤਾ ਹੈ।

**ਬਸੰਤੁ ਮਹਲਾ ੧ ॥ ਆਪੇ ਭਵਰਾ, ਫੂਲ ਬੇਲਿ ॥ ਆਪੇ ਸੰਗਤਿ, ਮੀਤ ਮੇਲਿ ॥੧॥ ਐਸੀ ਭਵਰਾ ਬਾਸੁ ਲੇ ॥ ਤਰਵਰ ਫੂਲੇ, ਬਨ ਹਰੇ ॥੧॥ ਰਹਾਉ ॥ ਆਪੇ ਕਵਲਾ, ਕੰਤੁ ਆਪਿ॥ ਆਪੇ ਰਾਵੇ, ਸਬਦਿ ਥਾਪਿ ॥੨॥ ਆਪੇ ਬਛਰੂ, ਗਊ ਖੀਰੁ ॥ ਆਪੇ ਮੰਦਰੁ, ਥੰਮ੍ ਸਰੀਰੁ ॥੩॥ ਆਪੇ ਕਰਣੀ, ਕਰਣਹਾਰੁ ॥ ਆਪੇ ਗੁਰਮੁਖਿ, ਕਰਿ ਬੀਚਾਰੁ ॥੪॥**

**ਪਦ ਅਰਥ :** ਭਵਰਾ-ਭੌਰਾ। ਫੂਲ-ਫੁੱਲ। ਬੇਲਿ-ਵੇਲ। ਮੀਤ ਮੇਲਿ-ਮਿਤਰਾਂ ਨੂੰ ਮੇਲਣ ਵਾਲਾ ਹੈ ।੧। ਬਾਸੁ-ਸੁਗੰਧੀ, ਵਾਸ਼ਨਾ । ਤਰਵਰ-ਦਰਖਤ । ਬਨ-ਜੰਗਲ । ਹਰੇ–ਹਰੇ-ਭਰੇ ।੧। ਰਹਾਉ । ਕਵਲਾ-ਲਛਮੀ। ਕੰਤੁ-(ਲਛਮੀ ਦਾ) ਖਸਮ। ਰਾਵੇ-ਮਾਣਦਾ, ਅਨੰਦ ਲੈਂਦਾ ਹੈ। ਸਬਦਿ-ਹੁਕਮ ਨਾਲ। ਥਾਪਿ-ਬਣਾ ਕੇ ।੨। ਬਛਰੂ-ਵੱਛਾ । ਗਊ-ਗਾਂ । ਖੀਰੁ-ਦੁੱਧ ।੩। ਥੰਮ-ਥੰਮਾ, ਟੇਕ, ਆਸਰਾ । ਕਰਣੀ-ਕਰਤਬ। ਕਰਣਹਾਰ-ਕਰਨ ਵਾਲਾ। ਗੁਰਮੁਖਿ-ਗੁਰੂ ਦੇ ਰਾਹੀਂ ।੪।

**ਅਰਥ :** (ਹੇ ਭਾਈ ! ਹਰੀ) ਆਪ ਹੀ ਭੌਰਾ (ਆਪ ਹੀ) ਫੂਲ (ਅਤੇ ਆਪ ਹੀ) ਵੇਲ ਹੈ। (ਹਰੀ) ਆਪ ਹੀ (ਗੁਰਮੁਖ ਭੌਰੇ) ਦੀ ਸੰਗਤ ਹੈ (ਅਤੇ ਆਪ) ਹੀ (ਸਭ ਨੂੰ) ਮੇਲਣ ਵਾਲਾ ਹੈ ।੧।

(ਹਰੀ ਆਪ ਹੀ) ਭੌਰਾ (ਬਣ ਕੇ) ਐਸੀ ਸੁਗੰਧੀ ਲੈ ਰਿਹਾ ਹੈ। (ਸਭ) ਦਰਖਤ, ਜੰਗਲ ਤੇ ਫੂਲ ਹਰੇ ਭਰੇ ਇਸ ਲਈ (ਦਿਸਦੇ ਹਨ, ਕਿਉਂਕਿ ਇਨ੍ਹਾਂ ਵਿਚ ਹਰੀ ਆਪ ਵਸ ਰਿਹਾ ਹੈ)।੧।ਰਹਾਉ।

(ਹੇ ਭਾਈ ! ਹਰੀ) ਆਪ ਹੀ ਮਾਇਆ ਹੈ, ਆਪ ਹੀ (ਮਾਇਆ ਦਾ) ਮਾਲਕ ਹੈ। ਆਪ ਹੀ (ਆਪਣੇ) ਹੁਕਮ ਨਾਲ (ਸ੍ਰਿਸ਼ਟੀ) ਰਚਦਾ ਹੈ (ਅਤੇ) ਆਪ ਹੀ (ਉਸ ਰਚਨਾ ਦਾ) ਅਨੰਦ ਲੈਂਦਾ ਹੈ ।੨।

(ਹੇ ਭਾਈ !) ਹਰੀ ਆਪ ਹੀ ਵੱਛਾ ਹੈ, ਆਪ ਹੀ ਗਊ ਹੈ, ਆਪ ਹੀ ਦੁੱਧ ਹੈ। (ਹਰੀ) ਆਪ ਹੀ ਮੰਦਰ ਹੈ (ਅਤੇ ਆਪ ਹੀ) ਥੰਮ ਹੈ, ਆਪ ਹੀ ਸਰੀਰ ਹੈ ।੩।

(ਪ੍ਰਭੂ) ਆਪ ਹੀ ਕਰਣੀ (ਕਰਤਬ ਰੂਪ) ਹੈ, ਆਪ ਹੀ ਕਰਨਹਾਰ ਹੈ। ਆਪ ਹੀ ਗੁਰੂ ਦੁਆਰਾ (ਸ਼ਬਦ ਦੀ) ਵੀਚਾਰ ਕਰਨ ਵਾਲਾ ਹੈ ।੪।

**ਤੂ ਕਰਿ ਕਰਿ ਦੇਖਹਿ ਕਰਣਹਾਰੁ ॥ ਜੋਤਿ ਜੀਅ ਅਸੰਖ, ਦੇਇ ਅਧਾਰੁ ॥੫॥ ਤੂ ਸਰੁ ਸਾਗਰੁ, ਗੁਣ ਗਹੀਰੁ ॥ ਤੂ ਅਕੁਲ ਨਿਰੰਜਨੁ, ਪਰਮ ਹੀਰੁ ॥੬॥ ਤੂ ਆਪੇ**

**ਕਰਤਾ, ਕਰਣ ਜੋਗੁ ॥ ਨਿਹਕੇਵਲੁ ਰਾਜਨ, ਸੁਖੀ ਲੋਗੁ ॥੭॥ ਨਾਨਕ, ਧ੍ਰਾਪੇ ਹਰਿਨਾਮ ਸੁਆਦਿ ॥ ਬਿਨੁ ਹਰਿ ਗੁਰ ਪ੍ਰੀਤਮ, ਜਨਮੁ ਬਾਦਿ ॥੮॥੭॥**

**ਪਦ ਅਰਥ :** ਕਰਿ ਕਰਿ-(ਪੈਦਾ) ਕਰਕ ਕਰਕੇ। ਦੇਖਹਿ-ਵੇਖਦਾ ਹੈਂ। ਅਸੰਖ-ਇਕ ਅਗੇ ੧੭ ਬਿੰਦੀਆਂ ਲਾਇਆ ਅਸੰਖ ਗਿਣਦੀ ਬਣਦੀ ਹੈ। ਦੇਇ ਅਧਾਰੁ-ਆਸਰਾ ਦਿੰਦਾ ਹੈ।੫। ਸਰ-ਸਰੋਵਰ। ਸਾਗਰੁ-ਸਮੁੰਦਰ। ਗੁਣ ਗਹੀਰੁ-ਗੁਣਾ ਦਾ ਡੂੰਘਾ (ਸਮੁੰਦਰ)। ਅਭੁਲ-ਭੁਲ ਰਹਿਤ। ਨਿਰੰਜਨੁ-ਮਾਇਆ ਦੇ ਪ੍ਰਭਾਵ ਤੋਂ ਰਹਿਤ। ਪਰਮ-ਵੱਡਾ। ਹੀਰੁ-ਹੀਰਾ।੬। ਕਰਣ ਜੋਗੁ-(ਸਭ ਕੁਝ) ਕਰਨ ਦੀ ਸਮਰਥਾ ਰਖਣ ਵਾਲਾ। ਨਿਹਕੇਵਲੁ-ਵਾਸ਼ਨਾ ਰਹਿਤ। ਰਾਜਨ-ਹੇ (ਹਰੀ) ਰਾਜੇ!।੭। ਧ੍ਰਾਪੇ-ਰਜ ਗਏ ਹਨ। ਸੁਆਦਿ-ਸੁਆਦ (ਰੱਸ) ਵਿਚ। ਬਾਦਿ-ਵਿਅਰਥ।੮।

**ਅਰਥ :** (ਹੇ ਪ੍ਰਭੂ! ਤੂੰ ਸ੍ਰਿਸ਼ਟੀ) ਰਚਣ ਵਾਲਾ ਹੈਂ (ਅਤੇ ਜੀਵ ਪੈਦਾ) ਕਰ ਕਰ ਕੇ ਵੇਖਦਾ ਹੈਂ। (ਤੂੰ) ਅਸੰਖਾਂ ਜੀਵਾਂ ਦੀ ਜੋਤਿ ਨੂੰ ਆਸਰਾ ਦਿੰਦਾ ਹੈਂ।੫।

ਤੂੰ ਗੁਣਾਂ ਦਾ ਗਹਿਰਾ (ਡੂੰਘਾ) ਸਮੁੰਦਰ ਹੈਂ, ਤੂੰ ਭੁਲ ਰਹਿਤ ਹੈਂ, ਮਾਇਆ ਦੇ ਅਸਰ ਤੋਂ ਰਹਿਤ ਹੈਂ, (ਅਤੇ ਉਤਮ ਅਮੋਲਕ) ਹੀਰਾ ਹੈਂ।੬।

ਤੂੰ ਆਪ ਹੀ ਕਰਤਾ (ਪੁਰਖ) ਹੈਂ (ਅਤੇ ਆਪੇ ਰਚਨਾ) ਕਰਨ ਦੇ ਸਮਰਥ ਹੈਂ। ਹੇ ਰਾਜਨ! ਤੂੰ ਵਾਸ਼ਨਾ ਰਹਿਤ ਹੈਂ, ਜੋ ਤੇਰੀ ਪਰਜਾ ਹੋ ਜਾਂਦੀ ਹੈ ਉਹ ਸੁਖੀ ਹੋ ਜਾਂਦੀ ਹੈ।੭।

ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਜੋ ਮਨੁੱਖ) ਹਰੀ ਦੇ ਰੱਸ ਵਿਚ ਰਜਦਾ ਹੈ (ਉਸ ਦਾ ਵਿਸ਼ਵਾਸ਼ ਪੱਕਾ ਹੋ ਜਾਂਦਾ ਹੈ) ਹਰੀ ਪ੍ਰੀਤਮ ਗੁਰੂ ਤੋਂ ਬਿਨਾ (ਮਨੁੱਖਾ) ਜਨਮ ਵਿਅਰਥ ਚਲਾ ਜਾਂਦਾ ਹੈ।੮।੭।

## ਸਾਰੰਸ਼ ਅਤੇ ਸਿਧਾਂਤ

ਜਿਤਨਾ ਸੰਸਾਰ ਦਾ ਪਸਾਰਾ ਹੈ, ਅਨਗਿਣਤ ਜੀਆਂ ਦੀ ਜੋਤ ਨੂੰ ਆਸਰਾ ਦੇਣ ਵਾਲਾ ਪਰਮਾਤਮਾ ਆਪ ਹੈ। ਉਸ ਨੂੰ ਭਵਰੇ ਦੇ ਰੂਪ ਵਿਚ ਵੇਖੋ, ਭਾਵੇਂ ਫੁਲ ਤੇ ਵੇਲ ਦੇ ਰੂਪ ਵਿਚ ਵੇਖੋ, ਚਾਹੇ ਬਛਰੇ ਗਊ ਤੇ ਖੀਰ ਦੇ ਰੂਪ ਵਿਚ ਵੇਖੋ, ਸਭ ਰੰਗਾਂ ਵਿਚ ਅਨੰਦ ਮਾਣਨ ਵਾਲਾ (ਉਹ) ਆਪ ਹੀ ਹੈ।

ਸਿਧਾਂਤ ਇਹ ਹੈ ਕਿ ਜੋ ਰਾਜਿਆਂ ਦਾ ਰਾਜਾ ਹੈ, ਕੁਲ-ਰਹਿਤ, ਮਾਇਆ ਦੇ ਪ੍ਰਭਾਵ ਤੋਂ ਪਰੇ ਹੈ, ਉਸ ਦਾ ਨਾਮ ਸਿਮਰ ਕੇ ਹੀ ਰਜੇਵਾਂ ਮਿਲਦਾ ਹੈ। ਇਸ ਸ਼ਬਦ ਦੀ ਆਖਰੀ ਪੰਗਤੀ ਵਿਚ ਸਿਧਾਂਤ ਨੂੰ ਇਉਂ ਨਿਰੂਪਣ ਕੀਤਾ ਹੈ :-

**ਨਾਨਕ ਧ੍ਰਾਪੇ ਹਰਿਨਾਮ ਸੁਆਦਿ ॥ ਬਿਨੁ ਹਰਿ ਗੁਰ ਪ੍ਰੀਤਮ, ਜਨਮੁ ਬਾਦਿ ॥**

**ਬਸੰਤੁ ਹਿੰਡੋਲੁ ਮਹਲਾ ੧ ਘਰੁ ੨**

**੧ੴ ਸਤਿਗੁਰ ਪ੍ਰਸਾਦਿ ॥ ਨਉ ਸਤ ਚਉਦਹ ਤੀਨਿ ਚਾਰਿ, ਕਰਿ ਮਹਲਤਿ ਚਾਰਿ ਬਹਾਲੀ ॥ ਚਾਰੇ ਦੀਵੇ ਚਹੁ ਹਥਿ ਦੀਏ, ਏਕਾ ਏਕਾ ਵਾਰੀ ॥੧॥ ਮਿਹਰਵਾਨ**

**ਮਧੁਸੂਦਨ ਮਾਧੌ, ਐਸੀ ਸਕਤਿ ਤੁਮ੍ਾਰੀ ॥੧॥ ਰਹਾਉ ॥ ਘਰਿ ਘਰਿ ਲਸਕਰੁ ਪਾਵਕ ਤੇਰਾ, ਧਰਮੁ ਕਰੇ ਸਿਕਦਾਰੀ ॥ ਧਰਤੀ ਦੇਗ ਮਿਲੈ ਇਕ ਵੇਰਾ, ਭਾਗੁ ਤੇਰਾ ਭੰਡਾਰੀ ॥੨॥ ਨਾਸਾਬੂਰੁ ਹੋਵੈ ਫਿਰਿ ਮੰਗੈ, ਨਾਰਦੁ ਕਰੇ ਖੁਆਰੀ ॥ ਲਬੁ ਅਧੇਰਾ ਬੰਦੀਖਾਨਾ ਅਉਗਣ ਪੈਰਿ ਲੁਹਾਰੀ ॥੩॥ ਪੂੰਜੀ ਮਾਰ ਪਵੈ ਨਿਤ ਮੁਦਗਰ, ਪਾਪੁ ਕਰੇ ਕੋੁਟਵਾਰੀ ॥ ਭਾਵੈ ਚੰਗਾ ਭਾਵੈ ਮੰਦਾ, ਜੈਸੀ ਨਦਰਿ ਤੁਮ੍ਾਰੀ ॥੪॥**

## ਉਚਾਰਨ ਸੇਧ

**ਬਿੰਦੀ ਸਹਿਤ** : ਨਉਂ, ਚਉਦਹਂ, ਚਹੁੰ, ਅੰਧੇਰਾ। **ਬਿੰਦੀ ਰਹਿਤ:** ਭਾਵੈ।

**ਫੁਟਕਲ** : ਨਾ-ਸਬੂਰ। 'ਕੋੁਟਵਾਰੀ' ਨੂੰ ਕੁਟਵਾਰੀ' ਉਚਾਰਨਾ ਹੈ।

**ਪਦ ਅਰਥ** : ਨਉ-ਨੌ ਖੰਡ। ਸਤ-ਦੀਪ। ਚਉਦਹ-ਚੌਦਾਂ ਭਵਨ। ਤੀਨਿ-ਤਿੰਨ ਲੋਕ (ਸੁਰਗ ਮਾਤ, ਪਾਤਾਲ)। ਚਾਰਿ-ਚਾਰ। ਕਰਿ-ਕਰਕੇ, ਬਣਾ ਕੇ। ਮਹਲਤਿ-ਮਹਲ ਦਾ ਬਹੁ ਵਚਨ ॥ ਬਹਾਲੀ-ਬਿਠਾ ਦਿੱਤਾ, ਵਸਾ ਦਿਤਾ ਹੈ। ਚਾਰੇ ਦੀਵੇ-ਚਾਰ ਵੇਦ। ਚਹੁ ਹਥਿ-ਚਾਰ (ਹੀ ਜੁਗਾਂ ਦੇ) ਹਥ ਵਿਚ। ਦੀਏ-ਦਿਤੇ। ਏਕਾ ਏਕ-ਵਾਰੀ-ਵਾਰੀ ਆਪੋ ਆਪਣੀ ਵਾਰੀ।੧। ਮਿਹਰਵਾਨ-ਹੇ ਮਿਹਰ ਕਰਨ ਵਾਲੇ! ਮਧੁ ਸੂਦਨ-ਹੇ ਮਧੁ (ਰਾਖਸ਼ ਨੂੰ ਮਾਰਨ ਵਾਲੇ ਵਿਸ਼ਨੂੰ)। ਮਾਧੋ-ਹੇ ਮਾਇਆ ਦੇ ਪਤੀ (ਹਰੀ)। ਸਕਤਿ-ਸ਼ਕਤ, ਤਾਕਤ।੧। ਰਹਾਉ। ਘਰਿ ਘਰਿ-ਹਰੇਕ ਸਰੀਰ ਵਿਚ। ਲਸਕਰ-ਫੌਜ। ਪਾਵਕੁ-ਅੱਗ ਭਾਵ ਮੌਤ। ਧਰਮ-ਧਰਮ ਰਾਜਾ। ਸਿਕਦਾਰੀ-ਸਰਦਾਰੀ। ਇਕ ਵੇਰਾ-ਇਕੋ ਵਾਰ। ਭਾਗੁ-ਪ੍ਰਾਲਬਧ। ਭੰਡਾਰੀ-ਭੰਡਾਰ ਵੰਡਣ ਵਾਲਾ।੨। ਨਾ ਸਬੂਰ–ਬੇ-ਸਬਰਾ। ਫਿਰਿ-ਮੁੜ ਮੁੜ ਕੇ। ਨਾਰਦ-ਚਲਾਇਮਾਨ ਮਨ। ਲਬੁ-ਲੋਭ। ਅਧੇਰਾ-ਹਨੇਰਾ। ਬੰਦੀਖਾਨਾ-ਕੈਦ ਖਾਨਾ।੩। ਪੈਰਿ-ਪੈਰਾਂ ਵਿਚ। ਲੋਹਾਰੀ-ਲੋਹੇ ਦੀ ਬੇੜੀ।੩। ਪੂਜੀ-ਸਰਮਾਇਆ। ਮੁਦਗਰ-ਮੁਹਲਿਆਂ ਦੀ ਕੁਟ ਮਾਰ। ਕੋਟਵਾਰੀ-ਕੋਤਵਾਲੀ। ਭਾਵੈ-(ਤੈਨੂੰ) ਭਾਏ।੪।

**ਅਰਥ** : (ਹੇ ਪ੍ਰਭੂ! ਤੂੰ) ਨੌ ਖੰਡ, ਸਤ (ਦੀਪ), ਚੌਦਾਂ (ਭਵਨ), ਤਿੰਨ (ਗੁਣ ਅਤੇ) ਚਾਰ (ਜੁਗਾਂ ਇਹਨਾਂ ਸਾਰਿਆਂ ਦਾ ਇਕ ਸਮੂਹ ਸ੍ਰਿਸ਼ਟੀ ਬਣਾ ਕੇ ਮਾਨੋ) ਮਹਿਲਾਂ ਵਿਚ ਬਿਠਾ ਦਿਤਾ ਹੈ। ਚਾਰੇ ਵੇਦ (ਗਿਆਨ) ਰੂਪ ਦੀਵੇ (ਚਾਰ ਜੁਗਾਂ ਦੇ) ਹੱਥ ਵਿੱਚ ਦਿੱਤੇ ਹਨ। ਇਕ ਇਕ ਦੀਵਾ ਵਾਰੀ (ਅਨੁਸਾਰ ਹਰੇਕ ਜੁਗ ਨੂੰ ਉਜਾਲਾ ਕਰਦਾ ਹੈ)।੧।

ਹੇ ਮਿਹਰਵਾਨ! ਹੇ ਦੁਸ਼ਟਾਂ ਦੇ ਮਾਰਨ ਵਾਲੇ! ਹੇ ਮਾਇਆ ਦੇ ਮਾਲਕ ਪ੍ਰਭੂ! ਐਸੀ ਤੇਰੀ ਸ਼ਕਤੀ ਹੈ (ਜਿਸ ਨੂੰ ਵੇਖ ਕੇ ਅਸਚਰਜ ਹੋਈਦਾ ਹੈ)।੧।ਰਹਾਉ।

(ਹੇ ਪ੍ਰਭੂ!) ਹਰੇਕ ਸਰੀਰ ਵਿਚ (ਅੱਗ ਮਾਨੋ) ਜੋਤਿ (ਉਹ) ਤੇਰਾ ਲਸ਼ਕਰ ਹੈ (ਅਤੇ) ਧਰਮਰਾਜਾ (ਲਸ਼ਕਰ ਦੀ) ਸਰਦਾਰੀ ਕਰਦਾ ਹੈ। ਧਰਤੀ ਦੇਗ ਹੈ ਜਿਸ ਤੋਂ ਇਕੋ ਵਾਰ ਸਭ ਕੁਝ ਮਿਲਦਾ ਹੈ, ਤੇਰਾ ਬਣਾਇਆ ਹੋਇਆ ਭਾਗ (ਸਾਰਿਆਂ ਨੂੰ ਭੰਡਾਰਾ) ਵੰਡਣ ਵਾਲਾ ਹੈ।੨।

(ਇਤਨੇ ਭਰੇ ਭੰਡਾਰ ਹੋਂਦਿਆਂ ਵੀ ਇਹੀ) ਨਾਰਦ (ਚੰਚਲ ਮਨ) ਬੇਸਬਰਾ ਹੋ ਕੇ ਮੁੜ ਮੁੜ ਕੇ ਮੰਗਦਾ ਹੈ ਅਤੇ ਖੁਆਰੀ ਕਰਦਾ ਹੈ। ਲੋਭ (ਜੀਵ ਲਈ) ਹਨੇਰਾ (ਮਾਨੋ) ਕੈਦਖ਼ਾਨਾ ਬਣਿਆ ਹੋਇਆ ਹੈ (ਅਤੇ) ਪੈਰਾਂ ਵਿੱਚ ਅਵਗੁਣਾਂ ਦੀ ਬੇੜੀ ਪਈ ਹੋਈ ਹੈ ।੩।

(ਇਸੇ ਤਰ੍ਹਾਂ ਜੀਵ ਦੀ) ਪੂੰਜੀ ਇਹ ਹੈ ਕਿ ਇਸ ਨੂੰ ਹਰ ਰੋਜ਼ ਮੋਹਲਿਆਂ ਦੀ ਮਾਰ ਪੈਂਦੀ ਹੈ (ਅਤੇ) ਪਾਪ ਹੀ (ਇਸ ਦੀ) ਕੁਤਵਾਲੀ ਕਰਦਾ ਰਹਿੰਦਾ ਹੈ। (ਹੇ ਪ੍ਰਭੂ ! ਇਸ ਜੀਵ ਦੇ ਵਸ ਵਿਚ ਕੁਝ ਨਹੀਂ ਹੈ) ਜਿਹੋ ਜਿਹੀ (ਕਿਸੇ ਜੀਵ ਤੇ) ਤੇਰੀ ਨਦਰਿ ਹੋ ਜਾਵੇ (ਉਹ ਜੀਵ ਉਹੋ ਜਿਹਾ ਬਣ ਜਾਂਦਾ ਹੈ)। (ਤੈਨੂੰ) ਭਾਵੇ ਤਾਂ (ਉਹ) ਚੰਗਾ (ਬਣ ਜਾਂਦਾ ਹੈ ਜੇ ਤੈਨੂੰ) ਭਾਵੇ ਤਾਂ (ਉਹ) ਮੰਦਾ (ਬਣ ਜਾਂਦਾ ਹੈ) ।੪।

**ਆਦਿ ਪੁਰਖ ਕਉ ਅਲਹੁ ਕਹੀਐ, ਸੇਖਾਂ ਆਈ ਵਾਰੀ ॥ ਦੇਵਲ ਦੇਵਤਿਆ ਕਰੁ ਲਾਗਾ, ਐਸੀ ਕੀਰਤਿ ਚਾਲੀ ॥੫॥ ਕੂਜਾ ਬਾਂਗ ਨਿਵਾਜ ਮੁਸਲਾ, ਨੀਲ ਰੂਪ ਬਨਵਾਰੀ ॥ ਘਰਿ ਘਰਿ ਮੀਆ ਸਭਨਾਂ ਜੀਆਂ, ਬੋਲੀ ਅਵਰ ਤੁਮਾਰੀ ॥੬॥ ਜੇ ਤੂ ਮੀਰ ਮਹੀਪਤਿ ਸਾਹਿਬੁ, ਕੁਦਰਤਿ ਕਉਣ ਹਮਾਰੀ ॥ ਚਾਰੇ ਕੁੰਟ ਸਲਾਮੁ ਕਰਹਿਗੇ, ਘਰਿ ਘਰਿ ਸਿਫਤਿ ਤੁਮ੍ਾਰੀ ॥੭॥ ਤੀਰਥ ਸਿੰਮ੍ਰਿਤਿ ਪੁੰਨ ਦਾਨ, ਕਿਛੁ ਲਾਹਾ ਮਿਲੈ ਦਿਹਾੜੀ ॥ ਨਾਨਕ, ਨਾਮੁ ਮਿਲੈ ਵਡਿਆਈ, ਮੇਕਾ ਘੜੀ ਸਮ੍ਾਲੀ ॥੮॥੧॥੮॥**

## ਉਚਾਰਨ ਸੇਧ

**ਬਿੰਦੀ ਸਹਿਤ :** ਦੇਵਤਿਆਂ, ਮੀਆਂ, ਕਰਹਿੰਗੇ।

**ਫੁਟਕਲ :** ਅਲਹੁ-(ਅੱਲਾ)। ਮੁਸਲਾ-(ਮੁਸੱਲਾ)। ਮਹੀਪਤਿ-(ਮਹੀ ਪਤਿ)। ਕੂਜਾ-(ਕੂਜ਼ਾ)।

**ਪਦ ਅਰਥ:**ਸੇਖਾਂ ਆਈ ਵਾਰੀ-ਮੁਸਲਮਾਨਾਂ ਦੇ ਰਾਜ ਦੀ ਵਾਰੀ ਆਈ ਹੈ। ਦੇਵਲ ਦੇਵਤਿਆ-ਦੇਵਤਿਆਂ ਦੇ ਮੰਦਰ। ਕਰੁ-ਮਸੂਲ। ਕੀਰਤਿ-ਰਿਵਾਜ।੫। ਕੂਜਾ-ਕੂਜ਼ਾ, ਲੋਟਾ। ਨਿਵਾਜ-ਨਿਮਾਜ਼। ਮੁਸਲਾ-ਮੁਸੱਲਾ ਫੂਹੜੀ, ਸਫ (ਜਿਸ ਦੇ ਬੈਠ ਕੇ ਨਿਵਾਜ਼ ਪੜ੍ਹਦੇ ਹਨ)। ਨੀਲ ਰੂਪ-ਨੀਲੇ ਰੰਗ ਦੇ ਕਪੜੇ। ਘਰਿ ਘਰਿ-ਹਰੇਕ ਘਰ ਵਿਚ। ਮੀਆ-ਮੀਆਂ ਮੀਆਂ(ਹੋਣ ਲਗ ਪਈ)। ਅਵਰ-ਹੋਰ।੬। ਮੀਰ-ਪਾਤਿਸ਼ਾਹ। ਮਹੀਪਤਿ-ਧਰਤੀ ਦਾ ਮਾਲਕ ਰਾਜਾ। ਕੁਦਰਤਿ-ਤਾਕਤ। ਚਾਰੇਕੁੰਟ-ਚੌਹਾਂ ਕੁੰਟਾਂ(ਦੇ ਲੋਕ)।੭। ਲਾਹਾ-ਲਾਭ। ਦਿਹਾੜੀ-ਮਜ਼ਦੂਰੀ ਦੇ ਤੌਰ ਤੇ ਜੋ ਮਿਲਦਾ ਹੈ। ਮੇਕਾ-ਘੜੀ-ਇਕ ਘੜੀ। ਸਮਾਲੀ-ਯਾਦ ਕਰੇ ਸਿਮਰੇ ।੮।

**ਅਰਥ :** (ਹੁਣ) ਸ਼ੇਖ਼ਾਂ ਦੀ ਵਾਰੀ ਆਈ ਹੈ (ਜਿਸ ਕਰਕੇ) ਆਦਿ ਪੁਰਖ ਨੂੰ ਅੱਲਾ ਕਹਿਣ ਲਗ ਪਏ ਹਨ। (ਹੁਣ) ਇਹੋ ਜਿਹਾ ਰਿਵਾਜ ਚਲ ਪਿਆ ਹੈ ਕਿ ਦੇਵਤਿਆਂ ਦੇ ਮੰਦਰਾਂ ਉਤੇ ਵੀ ਮਸੂਲ (ਟੈਕਸ) ਲਾਇਆ ਜਾ ਰਿਹਾ ਹੈ ।੫।

ਹੁਣ ਕੂਜਾ, ਬਾਂਗ, ਨਿਮਾਜ਼ ਤੇ ਮੁਸੱਲਾ (ਪ੍ਰਚਲਤ ਹੋ ਗਏ ਹਨ ਅਤੇ) ਬਨਵਾਰੀ (ਹਰੀ) ਵੀ ਹੁਣ ਨੀਲੇ ਰੰਗ ਵਾਲਾ ਦਿਸਦਾ ਹੈ (ਕਿਉਂਕਿ ਪੁਜਾਰੀ) ਨੀਲੇ ਬਸਤਰ ਪਹਿਨ ਰਹੇ ਹਨ। ਘਰ ਘਰ

ਵਿਚ ਸਭ ਜੀਆਂ ਦੇ ਮੂੰਹੋਂ 'ਮੀਆਂ ਮੀਆਂ' ਸੁਣੀਦਾ ਹੈ (ਭਾਵ ਬੰਦਿਆ ਦੀ ਪਹਿਲੀ) ਬੋਲੀ (ਬਦਲ ਕੇ) ਹੋਰ ਹੋ ਗਈ ਹੈ ।੬।

(ਹੇ ਪ੍ਰਭੂ !) ਤੂੰ ਪਾਤਿਸ਼ਾਹ ਹੈਂ, ਤੂੰ ਧਰਤੀ ਦਾ ਪਤੀ ਹੈਂ, ਮਾਲਕ ਹੈਂ, (ਜੇ ਤੂੰ ਇਹੋ ਕੁਝ ਪਸੰਦ ਕਰਦਾ ਹੈਂ) ਤਾਂ ਸਾਡੀ ਕੀ ਸ਼ਕਤੀ ਹੈ (ਕਿ ਇਸ ਦੇ ਵਿਰੁੱਧ ਕੁਝ ਆਖ ਸਕੀਏ) । ਚਾਰੇ ਕੂੰਟਾਂ ਦੇ ਜੀਵ ਤੈਨੂੰ ਸਲਾਮ ਕਰਨਗੇ (ਭਾਵ ਸਿਰ ਨਿਵਾਂਦੇ ਰਹਿਣਗੇ ਅਤੇ) ਹਰੇਕ ਘਰ (ਹਿਰਦੇ) ਵਿਚ ਤੇਰੀ ਹੀ ਸਿਫਤਿ ਹੋਂਦੀ ਰਹੇਗੀ ।੭।

ਤੀਰਥਾਂ ਤੇ ਇਸ਼ਨਾਨ, ਸਿਮ੍ਰਿਤੀਆਂ ਦੇ ਪਾਠ, ਪੁੰਨ, ਦਾਨ ਆਦਿਕ ਕਰਮਾਂ ਦਾ ਜੋ ਕੁਝ ਲਾਭ ਹੈ (ਤਾਂ ਉਹ) ਦਿਹਾੜੀ (ਮਜ਼ਦੂਰੀ ਵਜੋਂ ਨਾਂ ਮਾਤਰ ਹੀ ਹੈ) । ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਜੇ ਕੋਈ ਮਨੁੱਖ ਪਰਮਾਤਮਾ ਦਾ) ਨਾਮ ਇਕ ਘੜੀ ਮਾਤਰ ਵੀ ਸਿਮਰ ਲਏ (ਤਾਂ ਉਸ ਨੂੰ ਲੋਕ ਪਰਲੋਕ ਦੀ) ਵਡਿਆਈ ਮਿਲ ਜਾਂਦੀ ਹੈ ।੮।੧।੮।

## ਅਰਥ ਭੇਦ ਅਤੇ ਨਿਰਣੈ

**ਨਉ ਸਤ ਚਉਦਹ, ਤੀਨਿ ਚਾਰਿ, ਕਰਿ ਮਹਲਤਿ ਚਾਰਿ ਬਹਾਲੀ ॥**

ਵੱਖ ਵੱਖ ਅਰਥ :

੧. ਨੌ ਖੰਡ, ਸਤ, ਦੀਪ, ਚੌਦਾ ਲੋਕ, ਤਿੰਨ ਗੁਣ, ਚਾਰ ਜੁਗ, ਏਹੋ ਹੀ ਮਹਲਤਿ-ਮੰਦਰਾਂ ਦਾ ਅਕੱਠ ਬਣ ਕੇ ਵਿਚ ਚਾਰ ਸੁੰਦਰ ਦਾਸੀ ਰੂਪ ਦੁਨੀਆ ਆਪ ਨੇ ਬਹਾ ਦਿਤੀ ਹੈ ਜਾਂ ਚਹੁੰਆਂ ਪਾਸਿਆਂ ਵਲ ਬਹਾ ਦਿਤੀ ਹੈ । [ਗਿ. ਬਿਸ਼ਨ ਸਿੰਘ ਜੀ

੨. ਨੌ ਖੰਡ, ਸਤ ਦੀਪ, ਚੌਦਾਂ ਭਵਨ, ਤਿੰਨ ਲੋਕ, ਚਾਰ ਜੁਗ ਕਰਨੇ ਇਨ੍ਹਾਂ ਸਾਰਿਆਂ ਨੂੰ ਮੋਹਲਤ ਵਿਚ ਬਿਠਾ ਦਿਤਾ ਹੈ ਤੂ ਨੇ । [ਸ਼ਬਦਾਰਥ

**ਨਿਰਣੈ** : ਇਸ ਪੰਕਤੀ ਵਿਚ 'ਤੀਨਿ' ਪਦ ਦੇ ਅਰਥ 'ਤਿਨ (ਲੋਕ) ਹਨ, ਤਿੰਨ ਗੁਣ ਨਹੀਂ ਜਿਵੇਂ ਨੰ. ੧ ਅਤੇ ਦਮਦਮੀ ਟਕਸਾਲ ਵਾਲੇ ਕਰਦੇ ਹਨ । ਜੇ ਇਸ ਪੰਕਤੀ ਵਿਚ ਤੱਤਾਂ ਬਾਰੇ ਕੋਈ ਗਲ ਹੁੰਦੀ ਤਾਂ 'ਤਿੰਨ ਗੁਣ' ਵਾਲੇ ਅਰਥ ਢੁਕਵੇਂ ਹੋਣੇ ਸਨ ਪਰ ਗਲ ਖੰਡਾਂ, ਤੇ ਭਵਨਾ ਦੀ ਹੋ ਰਹੀ ਹੈ ਇਸ ਲਈ 'ਤੀਨਿ' ਦੇ ਅਰਥ ਤਿੰਨ (ਲੋਕ) ਹੀ ਠੀਕ ਹਨ :

**ਤੀਨਿ ਭਵਨ ਜੁਗ ਚਾਰੇ ਜਾਤਾ ॥** [ਪੰਨਾ ੬੩੧

ਜਿਹੜੇ ਪਾਠਕ 'ਮਹੱਲਾ' ਉਚਾਰਨ ਤੇ ਜ਼ੋਰ ਦਿੰਦੇ ਹਨ ਕੀ ਉਨ੍ਹਾਂ ਇਥੇ ਕਦੇ 'ਕਰਿ ਮਹੱਲਤਿ' ਪਾਠ ਵੀ ਕੀਤਾ ਹੈ? 'ਮਹਲਤਿ' ਹੀ ਕਰਦੇ ਹਨ ਕਿਉਂਕਿ 'ਮਹਲ' ਤੋਂ 'ਮਹਲਤਿ' ਸ਼ਬਦ ਬਣਿਆ ਹੈ ।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਮਿਹਰਵਾਨ ਪ੍ਰਭੂ ਦੀ ਸ਼ਕਤੀ ਦਾ ਵਰਨਣ ਹੈ, ਜਿਵੇਂ ਉਹ ਚਾਹੁੰਦਾ ਹੈ ਤਿਵੇਂ ਹੀ ਸਮੇਂ ਅਨੁਸਾਰ ਲੋਕਾਂ ਦੀ ਅਗਵਾਈ ਲਈ ਧਰਮ ਤੇ ਕਰਮ ਸਥਾਪਤ ਕਰਦਾ ਹੈ ।

ਪ੍ਰਭੂ ਦੀ ਆਦਿਲੀ ਸ਼ਕਤੀ ਉਸਦੀ ਜੋਤਿ ਹੈ ਜੋ ਹਰਕੇ ਜੀਵ ਦੇ ਅੰਦਰ ਧਰੀ ਹੋਈ ਹੈ ਜੋ ਹਰੀ ਦੇ ਪੱਖ ਦੀ ਪੁਸ਼ਟੀ ਲਈ ਪੁਸ਼ਕਰ ਦਾ ਕੰਮ ਦਿੰਦੀ ਹੈ। ਫਿਰ ਸਭ ਨੂੰ ਜੀਵਨ-ਮਾਰਗ ਦਰਸਾਉਣ ਲਈ ਧਰਮ ਦੇ ਕੰਮ, ਭਾਵ ਨੇਮ ਬਧੇ ਹਨ। ਮਨੁੱਖ ਦੀ ਪਾਲਣਾ ਲਈ ਉਸ ਨੇ ਧਰਤੀ ਦੇਗ ਬਣਾ ਦਿਤੀ ਹੈ, ਜਿਸ ਤੋਂ ਇਕੋ ਵਾਰ ਹਰੇਕ ਪਦਾਰਥ ਮਿਲ ਜਾਂਦਾ ਹੈ, ਪ੍ਰੰਤੂ ਮਨੁੱਖ ਬੇ-ਸਬਰਾ ਹੋਇਆ ਇਧਰ ਉਧਰ ਭਟਕਦਾ ਫਿਰਦਾ ਹੈ, ਆਪਣੇ ਅੰਦਰ ਦੀ ਜੋਤਿ ਤੋਂ ਲਾਭ ਨਹੀਂ ਉਠਾਂਦਾ।

ਜੇ ਮਨੁੱਖ ਦੇ ਹਿਰਦੇ ਅੰਦਰ ਇਹ ਵਿਸ਼ਵਾਸ਼ ਹੋ ਜਾਵੇ ਕਿ ਚੰਗਾ ਤੇ ਮੰਦਾ ਸਭ ਕੁਝ ਉਸ ਪ੍ਰਭੂ ਦੀ ਇਛਾ ਤੇ ਹੈ, ਆਪਣੇ ਜ਼ੋਰ ਨਾਲ ਨਾ ਕੋਈ ਕੁਝ ਕਰ ਸਕਦਾ ਅਤੇ ਨਾ ਹੀ ਕੁਝ ਬਣ ਸਕਦਾ ਹੈ। ਇਥੇ ਤਾਂ "ਨਦਰਿ ਤੁਮ੍ਹਾਰੀ" ਦਾ ਬੋਲ ਬਾਲਾ ਹੈ ਫਿਰ ਇਹ ਟਿਕ ਜਾਵੇਗਾ। ਲੋਕੀ ਮੁਸਲਮਾਨ ਹਾਕਮਾਂ ਨੂੰ ਖੁਸ਼ ਕਰਕੇ ਆਪਣੀ ਬੋਲੀ ਤੇ ਸਭਿਆਚਾਰ ਵੀ ਗਵਾ ਬੈਠੇ ਹਨ। ਇਹ ਗੁਰੂ ਬਾਬਾ ਜੀ ਦੇ ਹਿਰਦੇ ਦੀਆਂ ਭਾਵਨਾਵਾਂ ਦੇ ਦਰਸ਼ਨ ਹਨ। ਜਿਵੇਂ ਆਪ ਜੀ ਨੇ ਮੁਸਲਮਾਨੀ ਸਮਾਜ ਨੂੰ ਵੇਖਿਆ ਤੇ ਉਸ ਨੂੰ ਧੁਰੋਂ ਆਈ ਬਾਣੀ ਰਾਹੀਂ ਨਿਰੂਪਣ ਕਰ ਦਿੱਤਾ।

## ਬਸੰਤੁ ਹਿੰਡੋਲ ਘਰੁ ੨ ਮਹਲਾ ੪ ॥

**੧ੴ ਸਤਿਗੁਰ ਪ੍ਰਸਾਦਿ ॥ ਕਾਂਇਆ ਨਗਰਿ ਇਕੁ ਬਾਲਕੁ ਵਸਿਆ, ਖਿਨੁ ਪਲੁ ਥਿਰੁ ਨ ਰਹਾਈ ॥ ਅਨਿਕ ਉਪਾਵ ਜਤਨ ਕਰਿ ਥਾਕੇ, ਬਾਰੰਬਾਰ ਭਰਮਾਈ ॥੧॥ ਮੇਰੇ ਠਾਕੁਰ! ਬਾਲਕੁ ਇਕਤੁ ਘਰਿ ਆਣੁ ॥ ਸਤਿਗੁਰੁ ਮਿਲੈ ਤ ਪੂਰਾ ਪਾਈਐ, ਭਜੁ ਰਾਮਨਾਮੁ ਨੀਸਾਣੁ ॥੧॥ ਰਹਾਉ ॥ ਇਹੁ ਮਿਰਤਕੁ ਮੜਾ ਸਰੀਰੁ ਹੈ ਸਭੁ ਜਗੁ, ਜਿਤੁ ਰਾਮਨਾਮੁ ਨਹੀ ਵਸਿਆ ॥ ਰਾਮਨਾਮੁ ਗੁਰਿ ਉਦਕੁ ਚੁਆਇਆ, ਫਿਰਿ ਹਰਿਆ ਹੋਆ ਰਸਿਆ ॥੨॥ ਮੈ ਨਿਰਖਤ ਨਿਰਖਤ ਸਰੀਰੁ ਸਭੁ ਖੋਜਿਆ, ਇਕ ਗੁਰਮੁਖਿ ਚਲਤੁ ਦਿਖਾਇਆ ॥ ਬਾਹਰੁ ਖੋਜਿ ਮੁਏ ਸਭਿ ਸਾਕਤ, ਹਰਿ ਗੁਰਮਤੀ ਘਰਿ ਪਾਇਆ ॥੩॥ ਦੀਨਾ ਦੀਨ ਦਇਆਲ ਭਏ ਹੈ, ਜਿਉ ਕ੍ਰਿਸਨੁ ਬਿਦਰ ਘਰਿ ਆਇਆ ॥ ਮਿਲਿਓ ਸੁਦਾਮਾ ਭਾਵਨੀ ਧਾਰਿ, ਸਭੁ ਕਿਛੁ ਆਗੈ, ਦਾਲਦੁ ਭੰਜਿ ਸਮਾਇਆ ॥੪॥**

### ਉਚਾਰਨ ਸੇਧ

**ਬਿੰਦੀ ਸਹਿਤ :** ਨਹੀ, ਮੈਂ, ਦੀਨਾ ਦੀਨ, ਹੈਂ, ਜਿਉਂ।

**ਪਦ ਅਰਥ :** ਕਾਇਆ-ਸਰੀਰ। ਨਗਰ-ਸ਼ਹਿਰ। ਬਾਲਕੁ-ਚੰਚਲ ਮਨ। ਖਿਨੁ ਪਲੁ-ਰਤਾ ਭਰ ਸਮੇਂ ਲਈ ਭੀ। ਥਿਰੁ-ਪੱਕਾ। ਅਨਿਕ ਉਪਾਵ-ਅਨੇਕਾਂ ਜਤਨ। ਕਰਿ ਥਾਕੇ-ਕਰਕੇ ਥਕ ਗਏ। ਬਾਰੰਬਾਰ-ਮੁੜ ਮੁੜ। ਭਰਮਾਈ-ਭਟਕਦਾ ਫਿਰਦਾ ਹੈ।੧। ਮੇਰੇ ਠਾਕੁਰ-ਹੇ ਮੇਰੇ ਮਾਲਕ!। ਇਕਤੁ ਘਰਿ-ਇਕੋ (ਹਿਰਦੇ) ਘਰ ਵਿਚ। ਆਣੁ-ਲਿਆ। ਨੀਸਾਣੁ-ਪਰਵਾਨਾ ਰਾਹਦਾਰੀ।੧।ਰਹਾਉ।

ਮਿਰਤਕੁ-ਮੁਰਦਾ। ਮੜਾ-ਮਿਟੀ ਦਾ ਢੇਰ। ਜਿਤੁ-ਜਿਸ ਵਿਚ। ਉਦਕੁ-ਪਾਣੀ। ਰਸਿਆ-ਰਸ ਵਾਲਾ ਬਣ ਗਿਆ ।੨।

ਨਿਰਖਤ ਨਿਰਖਤ-ਵੇਖਦਿਆਂ ਵੇਖਦਿਆਂ। ਗੁਰਮੁਖਿ-ਗੁਰੂ ਨੇ। ਚਲਤੁ-ਤਮਾਸ਼ਾ। ਖੋਜਿ-ਖੋਜ ਕੇ,ਢੂਢ ਕੇ। ਸਾਕਤ-ਰਬ ਤੋਂ ਬੇਮੁਖ, ਮਾਇਆ ਦੇ ਉਪਾਸ਼ਕ। ਗੁਰਮਤੀ-ਗੁਰੂ ਦੀ ਮਤ ਦੁਆਰਾ। ਘਰਿ-ਹਿਰਦੇ ਵਿਚਲ।

ਦੀਨਾ ਦੀਨ-ਗਰੀਬਾਂ ਤੋਂ ਗਰੀਬ। ਹੈ-ਹੈਂ। ਜਿਉ-ਜਿਵੇਂ ਕ੍ਰਿਸਨੁ-ਕ੍ਰਿਸ਼ਨ ਜੀ । ਬਿਦਰ ਘਰਿ-ਬਿਦਰ ਦੇ ਘਰ ਵਿਚ। ਸੁਦਾਮਾ-ਸ੍ਰੀ ਕ੍ਰਿਸ਼ਨ ਜੀ ਦਾ ਬਾਲ ਸਖਾਈ ਮਿੱਤਰ। ਭਾਵਨੀ ਧਾਰਿ-ਸਰਧਾ ਧਾਰ ਕੇ। ਆਗੈ-(ਪਹੁਚਣ ਤੋਂ) ਪਹਿਲਾ ਹੀ । ਦਾਲਦੁ ਭੰਜਿ-ਦਲਿਦਰ, ਗਰੀਬੀ ਦੂਰ ਕਰਕੇ । ਸਮਾਇਆ-ਅਭੇਦ ਕਰ ਲਿਆ ।੪।

**ਅਰਥ** : (ਹੇ ਮੇਰੇ ਮਾਲਕ !) ਸਰੀਰ ਰੂਪ ਨਗਰੀ ਵਿਚ ਇਕ (ਮਨ ਰੂਪ ਚੰਚਲ) ਬਾਲਕ ਵਸਦਾ ਹੈ (ਉਹ) ਰਤਾ ਭਰ ਵੀ ਟਿਕ ਕੇ ਨਹੀਂ ਬੈਠਦਾ । ਅਨੇਕਾਂ ਉਪਾਉ ਤੇ ਜਤਨ ਕਰ ਕਰਕੇ ਥੱਕ ਗਏ ਹਾਂ, (ਇਹ) ਮੁੜ ਮੁੜ ਭਰਮਾਂ ਵਿਚ ਭਟਕਾਈ ਫਿਰਦਾ ਹੈ ।੧।

ਹੇ ਮੇਰੇ ਮਾਲਕ! (ਇਸ ਮਨ) ਬਾਲਕ ਨੂੰ (ਰਿਦੇ ਰੂਪ) ਘਰ ਵਿਚ ਲਿਆ (ਭਾਵ ਮੇਰੇ ਵਸ਼ ਕਰ ਕੇ) । (ਹੇ ਭਾਈ ! ਜਦੋਂ) ਪੂਰਾ ਸਤਿਗੁਰੂ ਮਿਲਦਾ ਹੈ ਤਾਂ ਪੂਰਾ (ਪਰਮਾਤਮਾ) ਪਾਈਦਾ ਹੈ (ਇਸ ਲਈ, ਤੂੰ) ਪਰਮਾਤਮਾ ਦਾ ਨਾਮ ਯਾਦ ਕਰ (ਇਹ ਨਾਮ ਹੀ ਪਰਮਾਤਮਾ ਦੇ ਦਰ ਉਤੇ ਪਹੁੰਚਣ ਲਈ) ਰਾਹਦਾਰੀ ਹੈ ।੧। ਰਹਾਉ ।

(ਜੇ ਇਸ ਸਰੀਰ ਵਿਚ) ਪਰਮਾਤਮਾ ਦਾ ਨਾਮ ਨਹੀਂ ਵਸਿਆ ਤਾਂ (ਜਾਣੋ) ਇਹ ਮੁਰਦਾ ਹੈ, (ਇਹ) ਮਿੱਟੀ ਦਾ ਢੇਰ ਹੀ ਹੈ, (ਇਸੇ ਤਰ੍ਹਾਂ) ਸਾਰਾ ਜਗਤ ਹੀ (ਨਾਮ ਤੋਂ ਬਿਨਾ ਮੁਰਦਾ ਹੈ)। (ਜਿਸ ਸਰੀਰ ਵਿਚ) ਗੁਰੂ ਨੇ ਅੰਮ੍ਰਿਤ ਨਾਮ-ਜਲ ਚੁਆ ਦਿਤਾ ਹੈ, (ਉਹ ਸਰੀਰ) ਫਿਰ ਹਰਾ-ਭਰਾ ਹੋ ਗਿਆ ਹੈ (ਕਿਉਂਕਿ ਉਸ ਵਿਚ ਨਾਮ) ਰਸ ਗਿਆ ਹੈ ।੨।

(ਹੇ ਭਾਈ !) ਵੇਖਦਿਆਂ ਵੇਖਦਿਆਂ ਮੈਂ ਸਾਰਾ ਸਰੀਰ ਹੀ ਖੋਜਿਆ ਹੈ, (ਮੈਨੂੰ) ਗੁਰੂ ਨੇ ਇਕ ਅਸਚਰਜ ਤਮਾਸ਼ਾ ਵਿਖਾਇਆ ਹੈ (ਭਾਵ ਪਰਮਾਤਮਾ ਦਾ ਦਰਸ਼ਨ ਕਰਾ ਦਿਤਾ ਹੈ) । ਸਾਰੇ ਮਾਇਆ ਦੇ ਉਪਾਸ਼ਕ (ਪਰਮਾਤਮਾ ਨੂੰ) ਸਰੀਰ ਤੋਂ ਬਾਹਰ ਲਭ ਲਭ ਕੇ ਮਰ ਗਏ (ਪਰ) ਗੁਰੂ ਦੀ ਮਤਿ ਦੁਆਰਾ ਮੈਂ ਉਸ ਪਰਮਾਤਮਾ ਨੂੰ ਘਰ ਵਿਚ ਹੀ ਪਾ ਲਿਆ ਹੈ ।੩।

(ਹੇ ਭਾਈ ! ਉਹ ਪ੍ਰਭੂ) ਵੱਡੇ ਵੱਡੇ ਗਰੀਬਾਂ ਉਤੇ ਦਇਆਲੂ ਹੋਏ ਹਨ ਜਿਵੇਂ ਕਿ ਕ੍ਰਿਸ਼ਨ ਜੀ ਬਿਦਰ ਦੇ ਘਰ ਵਿਚ ਆਇਆ ਸੀ । (ਜਦੋਂ ਸੁਦਾਮਾ ਸਰਧਾ) ਧਾਰ ਕੇ (ਕ੍ਰਿਸ਼ਨ ਜੀ ਨੂੰ) ਮਿਲਿਆ ਸੀ ਤਾਂ (ਉਸ ਦੇ ਘਰ ਪਹੁੰਚਣ ਤੋਂ) ਪਹਿਲਾਂ ਹੀ (ਉਸ ਦੀ) ਗਰੀਬੀ ਦੂਰ ਕਰਕੇ (ਹਰੇਕ ਪਦਾਰਥ ਉਸ ਦੇ ਘਰ) ਘਲ ਦਿਤਾ ਸੀ (ਅਤੇ ਆਪਣੇ ਅੰਗਾਂ ਨਾਲ ਮਿਲਾ ਕੇ) ਅਭੇਦ ਕਰ ਲਿਆ ਸੀ ।੪।

**ਰਾਮਨਾਮ ਕੀ ਪੈਜ ਵਡੇਰੀ, ਮੇਰੇ ਠਾਕੁਰਿ ਆਪਿ ਰਖਾਈ ॥ ਜੇ ਸਭਿ ਸਾਕਤ**

**ਕਰਹਿ ਬਖੀਲੀ, ਇਕ ਰਤੀ ਤਿਲੁ ਨ ਘਟਾਈ ॥੫॥ ਜਨ ਕੀ ਉਸਤਤਿ ਹੈ ਰਾਮਨਾਮਾ, ਦਹਦਿਸਿ ਸੋਭਾ ਪਾਈ ॥ਨਿੰਦਕੁ ਸਾਕਤੁ ਖਵਿ ਨ ਸਕੈ ਤਿਲੁ, ਅਪਣੈ ਘਰਿ ਲੂਕੀ ਲਾਈ ॥੬॥ ਜਨ ਕਉ ਜਨੁ ਮਿਲਿ ਸੋਭਾ ਪਾਵੈ, ਗੁਣ ਮਹਿ ਗੁਣ ਪਰਗਾਸਾ ॥ ਮੇਰੇ ਠਾਕੁਰ ਕੇ ਜਨ ਪ੍ਰੀਤਮ ਪਿਆਰੇ, ਜੋ ਹੋਵਹਿ ਦਾਸਨਿ ਦਾਸਾ ॥੭॥ ਆਪੇ ਜਲੁ ਅਪਰੰਪਰੁ ਕਰਤਾ, ਆਪੇ ਮੇਲਿ ਮਿਲਾਵੈ ॥ ਨਾਨਕ ਗੁਰਮੁਖਿ ਸਹਜਿ ਮਿਲਾਏ, ਜਿਉ ਜਲੁ ਜਲਹਿ ਸਮਾਵੈ ॥੮॥੧॥੯॥**

## ਉਚਾਰਨ ਸੇਧ

**ਬਿੰਦੀ ਸਹਿਤ :** ਮਹਿੰ, ਹੋਵਹਿੰ, ਜਿਉਂ.

**ਪਦ ਅਰਥ :** ਪੈਜ-ਇਜ਼ਤ । ਵਡੇਰੀ-ਵੱਡੀ । ਠਾਕੁਰ-ਮਾਲਕ ਨੇ । ਕਰਹਿ-ਕਰਨ । ਬਖੀਲੀ-ਨਿੰਦਾ ਚੁਗਲੀ ।੫। ਦਹਦਿਸਿ-ਦਸਾਂ ਪਾਸੇ ਭਾਵ ਸਾਰੇ ਸੰਸਾਰ ਵਿਚ । ਖਵਿ ਨ ਸਕੈ-ਸਾੜ ਨਹੀਂ ਸਕਦਾ । ਲੂਕੀ ਲਾਈ-ਚੁਆਤੀ ਲਾਈ ।੬। ਸੋਭਾ-ਵਡਿਆਈ । ਪਰਗਾਸਾ-ਚਾਨਣ ਹੁੰਦਾ ਹੈ । ਜੋ ਹੋਵਹਿ-ਜਿਹੜੇ ਹੁੰਦੇ ਹਨ । ਦਾਸਨਿ ਦਾਸਾ-ਦਾਸਾਂ ਦੇ ਦਾਸ ।੭। ਅਪਰੰਪਰ-ਬੇਅੰਤ ਪ੍ਰਭੂ। ਮੇਲਿ-ਮੇਲ ਕੇ। ਗੁਰਮੁਖਿ-ਗੁਰੂ ਦੁਆਰਾ। ਜਲ ਜਲਹਿ-ਪਾਣੀ, ਪਾਣੀ ਵਿਚ ਹੀ। ਸਮਾਵੈ-ਸਮਾ ਜਾਂਦਾ ਹੈ, ਇਕ ਮਿਕ ਹੋ ਜਾਦਾ ਹੈ।੮।

**ਅਰਥ :** (ਹੇ ਭਾਈ !) ਪਰਮਾਤਮਾ ਦੇ ਨਾਮ (ਜਪਣ) ਦੀ ਬਹੁਤ ਵੱਡੀ ਇਜ਼ਤ ਹੈ (ਜੋ) ਮੇਰੇ ਮਾਲਕ ਨੇ ਆਪ(ਕਾਇਮ) ਰਖਾਈ ਹੈ। ਜੇ ਸਾਰੇ ਮਾਇਆ ਦੇ ਉਪਾਸ਼ਕ ਮਿਲ ਕੇ(ਕਿਸੇ ਭਗਤ ਜਨ ਦੀ) ਨਿੰਦਾ ਚੁਗਲੀ ਕਰਨ (ਤਾਂ ਉਹ ਇਜ਼ਤ) ਇਕ ਰਤੀ ਭਰ ਤਿਲ ਜਿੰਨੀ ਵੀ ਨਹੀਂ ਘਟਣ ਦਿੰਦਾ ।੫।

(ਪਰਮਾਤਮਾ ਦੇ) ਦਾਸਾਂ ਲਈ ਵਡਿਆਈ ਹੀ ਪਰਮਾਤਮਾ ਦਾ ਨਾਮ ਜਪਣਾ ਹੈ (ਇਸ ਲਈ ਪ੍ਰਭੂ ਦਾ ਦਾਸ) ਦਸਾਂ ਪਾਸੇ (ਭਾਵ ਹਰ ਥਾਂ ਤੇ) ਸ਼ੋਭਾ ਹੀ ਪਾਉਂਦਾ ਹੈ । ਨਿੰਦਕ, ਸਾਕਤ ਪੁਰਸ (ਪ੍ਰਭੂ ਦੇ ਸੇਵਕਾਂ ਦੀ ਵਡਿਆਈ) ਰਤਾ ਭਰ ਵੀ ਜਰ ਨਹੀਂ ਸਕਦਾ (ਪ੍ਰੰਤੂ ਸਾਕਤ ਪੁਰਸ਼ ਰਬੀ ਸੇਵਕ) ਦਾ ਕੁਝ ਵਿਗਾੜ ਨਹੀ ਸਕਦਾ, (ਸਗੋਂ ਆਪਣੇ ਹਿਰਦੇ ਰੂਪੀ) ਘਰ ਵਿਚ (ਈਰਖਾ ਦੀ) ਚੁਆਤੀ ਲਾ ਲੈਂਦਾ ਹੈ (ਜਿਸ ਨਾਲ ਉਹ ਅੰਦਰੋਂ ਅੰਦਰੀ ਸੜਦਾ ਰਹਿੰਦਾ ਹੈ) ।੬।

(ਹੇ ਭਾਈ !) ਪ੍ਰਭੂ ਦੇ ਦਾਸ ਨੂੰ (ਪ੍ਰਭੂ ਦਾ) ਦਾਸ ਮਿਲ ਕੇ ਸ਼ੋਭਾ ਪਾਉਂਦਾ ਹੈ (ਉਸ) ਦੇ ਗੁਣਾ ਵਿਚ ਹੋਰ ਗੁਣਾਂ ਦਾ ਪ੍ਰਗਾਸ (ਵਿਗਾਸ) ਹੁੰਦਾ ਹੈ । (ਜਿਹੜੇ ਮਨੁੱਖ) ਮੇਰੇ ਮਾਲਕ ਦੇ ਪਿਆਰੇ ਹਨ, ਜੋ ਦਾਸਾਂ ਦੇ ਦਾਸ ਬਣਦੇ ਹਨ, (ਓਹ) ਮੇਰੇ ਪ੍ਰੀਤਮ ਨੂੰ ਪਿਆਰੇ ਲਗਦੇ ਹਨ ।੭।

(ਹੇ ਭਾਈ ! ਉਹ) ਕਰਤਾਰ ਜੋ ਬੇਅੰਤ ਹੈ, ਆਪ ਹੀ ਜਲ ਹੈ (ਭਾਵ ਸਾਰੇ ਜਗਤ ਦਾ ਜੀਵਨ) ਹੈ, ਆਪ ਹੀ ਨਿੰਦਕਾਂ ਨੂੰ ਸੰਗਤ ਵਿਚ) ਮਿਲ ਕੇ (ਆਪਣੇ ਨਾਲ) ਮਿਲਾ ਲੈਂਦਾ ਹੈ । ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਪਰਮਾਮਤਾ ਦੇ ਪ੍ਰੇਮੀ ਸਿਖ) ਗੁਰੂ ਦੁਆਰਾ ਆਤਮਿਕ ਅਡੋਲਤਾ ਵਿਚ (ਇਸ ਤਰ੍ਹਾਂ) ਮਿਲਦੇ ਹਨ, ਜਿਸ ਤਰ੍ਹਾਂ ਪਾਣੀ, ਪਾਣੀ ਵਿਚ ਹੀ (ਅਭੇਦ ਹੋ ਜਾਂਦਾ ਹੈ) ।੮।੧।੯।

## ਸਾਰੰਸ਼ ਅਤੇ ਸਿਧਾਂਤ

ਗੁਰਬਾਣੀ ਦਾ ਫੁਰਮਾਨ ਹੈ :--

**ਚੰਚਲ ਮਤਿ ਬਾਰਿਕ ਬਪੁਰੇ ਕੀ ਸਰਪ ਅਗਨਿ ਕਰ ਮੇਲੈ ॥** [ਪੰਨਾ ੧੨੬੬

ਸਰੀਰ ਰੂਪੀ ਨਗਰੀ ਵਿਚ ਮਨੁਖੀ ਮਨ ਇਕ ਬਾਲਕ ਵਾਂਗ ਹੈ। ਚੰਚਲ ਹੋਣ ਕਰਕੇ ਇਹ ਇਕ ਥਾਂ ਟਿਕਦਾ ਨਹੀਂ, ਪਰਮੇਸ਼ਰ ਤੋਂ ਪਰੇ ਪਰੇ ਰਹਿੰਦਾ ਹੈ। ਜਦ ਤਕ ਇਹ ਪਰਮਾਤਮਾ ਦੀ ਯਾਦ ਤੋਂ ਸਖਣਾ ਰਹਿੰਦਾ ਹੈ, ਤਦ ਤਕ ਇਸ ਦਾ ਸਰੀਰ ਮੁਰਦੇ ਦੇ ਢੇਰ ਵਾਂਗ ਹੀ ਹੈ :

**ਇਹੁ ਮਿਰਤਕੁ ਮੜਾ ਸਰੀਰੁ ਹੈ, ਸਭੁ ਜਗੁ,**
**ਜਿਤੁ ਰਾਮ ਨਾਮੁ ਨਹੀ ਵਸਿਆ ॥** [ਪੰਨਾ ੧੧੯੧

ਪਰ ਜਦ ਗੁਰੂ ਦਾ ਮਿਲਾਪ ਹੋ ਜਾਵੇ ਤਾਂ ਮਨ ਵਿਚ ਇਕਾਗਰਤਾ ਆ ਜਾਂਦੀ ਹੈ ਅਤੇ ਇਸ ਨੂੰ ਆਪਣੇ ਹਿਰਦੇ ਅੰਦਰ ਪਰਮਾਤਮਾ ਵਸਦਾ ਦਿਸ ਪੈਂਦਾ ਹੈ।

ਸਿਧਾਂਤ ਇਹ ਹੈ ਕਿ ਪਰਮਾਤਮਾ ਦੇ ਸੇਵਕ ਦੀ ਵਡਿਆਈ ਨਾਮ-ਸਿਮਰਨ ਕਰਕੇ ਹੈ। ਜਿਵੇਂ ਗੁਣੀ ਗੁਣੀ ਆਪਸ ਵਿਚ ਮਿਲ ਕੇ ਵਿਚਾਰਾਂ ਦੀ ਸਾਂਝ ਕਰਕੇ ਲਾਭ ਪ੍ਰਪਤ ਕਰਦੇ ਹਨ ਤਿਵੇਂ ਪ੍ਰਭੂ ਦੇ ਦਾਸ ਇਕ ਦੂਜੇ ਨੂੰ ਮਿਲ ਕੇ ਪਿਆਰੇ ਪ੍ਰੀਤਮ ਦੀਆਂ ਕਥਾ ਕਹਾਣੀਆਂ ਕਰਕੇ ਸ਼ੋਭਾ ਪਾਂਦੇ ਹਨ।

### ਬਸੰਤੁ ਮਹਲਾ ੫ ਘਰੁ ੧ ਦੂਤੁਕੀਆ

**ੴ ਸਤਿਗੁਰ ਪ੍ਰਸਾਦਿ ॥ ਸੁਣਿ ਸਾਖੀ ਮਨ, ਜਪਿ ਪਿਆਰ ॥ ਅਜਾਮਲੁ ਉਧਰਿਆ, ਕਹਿ ਏਕ ਬਾਰ॥ ਬਾਲਮੀਕੈ ਹੋਆ ਸਾਧ ਸੰਗੁ ॥ ਧ੍ਰੂ ਕਉ ਮਿਲਿਆ ਹਰਿ ਨਿਸੰਗ ॥੧॥ ਤੇਰਿਆ ਸੰਤਾ ਜਾਚਉ ਚਰਨ ਰੇਨ ॥ ਲੇ ਮਸਤਕਿ ਲਾਵਉ, ਕਰਿ ਕ੍ਰਿਪਾ ਦੇਨ॥੧॥ਰਹਾਉ॥ ਗਨਿਕਾ ਉਧਰੀ, ਹਰਿ ਕਹੈ ਤੋਤ ॥ ਗਜਇੰਦ੍ਰ ਧਿਆਇਓ, ਹਰਿ ਕੀਓ ਮੋਖ ॥ ਬਿਪ੍ਰ ਸੁਦਾਮੇ ਦਾਲਦੁ ਭੰਜ ॥ ਰੇ ਮਨ! ਤੂੰ ਭੀ ਭਜੁ ਗੋਬਿੰਦ ॥੨॥ ਬਧਿਕੁ ਉਧਾਰਿਓ, ਖਮਿ ਪ੍ਰਹਾਰ ॥ ਕੁਬਿਜਾ ਉਧਰੀ, ਅੰਗੁਸਟ ਧਾਰ ॥ ਬਿਦਰੁ ਉਧਾਰਿਓ ਦਾਸਤ ਭਾਇ ॥ ਰੇ ਮਨ, ਤੂ ਭੀ ਹਰਿ ਧਿਆਇ ॥੩॥ ਪ੍ਰਹਲਾਦ ਰਖੀ ਹਰਿ ਪੈਜ ਆਪ ॥ ਬਸਤ੍ਰ ਛੀਨਤ, ਦ੍ਰੋਪਤੀ ਰਖੀ ਲਾਜ ॥ ਜਿਨਿ ਜਿਨਿ ਸੇਵਿਆ, ਅੰਤ ਬਾਰ ॥ ਰੇ ਮਨ ਸੇਵਿ, ਤੂ ਪਰਹਿ ਪਾਰ ॥੪॥**

### ਉਚਾਰਨ ਸੇਧ

**ਬਿੰਦੀ ਸਹਿਤ** : ਹੋਹਿੰ, ਤਰਸਹਿੰ, ਬਸਹਿੰ।

**ਫੁਟਕਲ :** ਦੁ ਤੁਕੀਆ-ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਹ ਸ਼ਬਦ ਜਿਨ੍ਹਾਂ ਦੀ ਸੰਗਿਆ ਦੋ ਤੁਕਾਂ ਤੇ ਅੰਗ ਤੇ ਆਧਾਰਤ ਹੋਵੇ। [ਮ. ਕੋ.]

**ਪਦ ਅਰਥ :** ਸੁਣਿ-ਸੁਣ ਕੇ। ਸਾਖੀ-(ਗੁਰੂ ਦੀ) ਸਿਖਿਆ। ਮਨ-ਹੇ ਮਨ!। ਉਧਰਿਆ-

(ਸੰਸਾਰ ਸਾਗਰ ਤੋਂ) ਪਾਰ ਹੋ ਗਿਆ । ਕਹਿ-ਆਖ ਕੇ । ਏਕ ਬਾਰ-ਇਕੋ ਵਾਰੀ । ਨਿਸੰਗ-ਬਿਨਾ ਸੰਗ ਦੇ।੧।

ਜਾਚਉ-ਮੈਂ ਮੰਗਦਾ ਹਾਂ । ਚਰਨ ਰੇਨ-ਚਰਨਾਂ ਦੀ ਧੂੜ । ਲੈ-ਲੈ ਕੇ । ਮਸਤਕਿ-ਮੱਥੇ ਉਤੇ । ਲਾਵਉ-ਮੈਂ ਲਾਵਾਂ । ਦੇਨ-ਦੇਣਾ।੧।ਰਹਾਉ।

ਗਨਿਕਾ-ਵੇਸ਼ਵਾ, ਕੰਜਰੀ । ਉਧਰੀ-(ਸੰਸਾਰ ਸਾਗਰ ਤੋਂ) ਤਰ ਗਈ । ਹਰਿ ਕਹੈ ਤੋਤ-ਤੋਤਾ ਹਰੀ ਕਹਿੰਦਾ, ਉਚਾਰਦਾ ਹੈ । ਗਜਇੰਦ੍ਰ-ਵੱਡਾ ਹਾਥੀ । ਕੀਓ ਮੋਖ-ਮੁਕਤ ਕਰ ਦਿਤਾ । ਬਿਪ੍ਰ-ਬ੍ਰਾਹਮਣ । ਸੁਦਾਮੇ-ਸੁਦਾਮਾ ਭਗਤ । ਦਾਂਲਦ੍ਰ ਭੰਜ-ਦਲਿਦ੍ਰ ਭਾਵ ਗਰੀਬੀ ਦਾ ਨਾਸ਼ ਕੀਤਾ । ਭਜੁ-ਜਪ ।੨।

ਬਧਿਕ-ਸ਼ਿਕਾਰੀ । ਖਮਿ-ਤੀਰ ਨਾਲ । ਪ੍ਰਹਾਰ-ਮਾਰਨ ਵਾਲਾ । ਕੁਬਜਾ-ਕੁੱਬੇ ਲਕ ਵਾਲੀ । ਅੰਗੁਸਟ ਧਾਰਿ-ਅੰਗੂਠੇ ਦੇ ਛੂਹਣ ਨਾਲ । ਦਾਸ-ਸੇਵਕ ਦਾਸਤ । ਭਾਇ-ਸੇਵਾ ਦੇ ਭਾਵ ਨਾਲ ।੩।

ਪੈਜ-ਇਜ਼ਤ । ਬਸਤ੍ਰ-ਕਪੜੇ । ਛੀਨਤ-ਖੋਹਣ ਵੇਲੇ । ਜਿਨਿ-ਜਿਸ ਨੇ । ਅੰਤ ਬਾਰ-ਅਖੀਰਲੇ ਸਮੇਂ । ਪਰਹਿ ਪਾਰ-ਤੂੰ (ਸੰਸਾਰ ਸਾਗਰ ਤੋਂ ਪਾਰ ਹੋ ਜਾਵੇਂ) ।੪।

**ਅਰਥ :** ਹੇ ਮਨ ! (ਭਗਤ ਜਨਾਂ ਦੀ) ਸਾਖੀ ਸੁਨ ਕੇ (ਤੂੰ ਵੀ ਪਰਮਾਤਮਾ ਦਾ ਉਹ ਨਾਮ) ਜਪ (ਜਿਸ ਨੂੰ ਭਗਤਾ ਨੇ) ਪਿਆਰ ਕੀਤਾ । ਅਜ਼ਾਮਲ (ਜੋ ਵਡਾ ਪਾਪੀ ਪ੍ਰਸਿਧ ਸੀ) ਇਕ ਵਾਰ (ਨਾਰਾਇਣ) ਕਹਿਣ ਨਾਲ ਸੰਸਾਰ (ਸਾਗਰ ਤੋਂ ਤਰ ਗਿਆ) । (ਇਸੇ ਤਰ੍ਹਾਂ) ਧ੍ਰੂ (ਭਗਤ ਨੂੰ) ਪ੍ਰਭੂ ਪ੍ਰਤੱਖ ਮਿਲਿਆ (ਕਿਉਂਕਿ ਉਸ ਨੇ ਨਾਮ-ਸਾਧਨਾ ਰਾਹੀਂ ਭਗਤੀ ਕੀਤੀ) ।੧।

(ਹੇ ਪ੍ਰਭੂ !) ਮੈਂ ਤੇਰੇ ਸੰਤ ਜਨਾਂ ਦੇ ਚਰਨਾਂ ਦੀ ਧੂੜ ਮੰਗਦਾ ਹਾਂ । (ਮੈਨੂੰ ਉਹ ਧੂੜੀ) ਕਿਰਪਾ ਕਰਕੇ ਦਿਓ, ਤਾਂ ਜੋ ਮੈਂ ਉਹ ਧੂੜੀ ਆਪਣੇ) ਮੱਥੇ ਤੇ ਲਾਵਾਂ ।੧। ਰਹਾਉ ।

(ਹੇ ਮੇਰੇ ਮਨ ! ਸਾਧੂ ਦੇ ਉਪਦੇਸ਼ ਸਦਕਾ) ਗਨਿਕਾ ਤੋਤੇ ਨੂੰ (ਹਰ ਰੋਜ਼) ਹਰੀ (ਦਾ ਨਾਮ) ਪੜ੍ਹਾਉਂਦੀ ਸੀ ਜਿਸ ਕਰਕੇ ਉਹ ਸੰਸਾਰ ਸਾਗਰ ਤੋਂ) ਤਰ ਗਈ । (ਜਿਸ ਵੇਲੇ) ਵਡੇ ਹਾਥੀ ਨੇ (ਪ੍ਰਭੂ ਨੂੰ) ਧਿਆਇਆ, ਹਰੀ ਨੇ (ਉਸ ਨੂੰ ਤੰਦੂਏ ਦੇ ਬੰਧਨਾ ਤੋਂ ਛੁੜਾ ਕੇ) ਮੁਕਤਾ ਕਰ ਦਿਤਾ । ਸੁਦਾਮੇ ਬ੍ਰਾਹਮਣ ਦੀ ਗਰੀਬੀ (ਕ੍ਰਿਸ਼ਨ ਜੀ ਨੇ) ਕਟ ਦਿਤੀ । ਹੇ (ਮੇਰੇ) ਮਨ ! । ਤੂੰ ਵੀ ਗੋਬਿੰਦ ਨੂੰ ਯਾਦ ਕਰ ।੨।

(ਹੇ ਮੇਰੇ ਮਨ ! ਕ੍ਰਿਸ਼ਨ ਜੀ ਨੇ ਉਸ) ਸ਼ਿਕਾਰੀ ਨੂੰ ਤਾਰ ਦਿਤਾ (ਜਿਸ ਨੇ ਕ੍ਰਿਸ਼ਨ ਜੀ ਦੇ ਚਰਨਾ ਵਿਚ) ਬਾਣ ਮਾਰਿਆ ਸੀ । (ਕ੍ਰਿਸ਼ਨ ਜੀ ਦੇ ਪੈਰ ਦੇ) ਅੰਗੂਠੇ ਦੀ ਛੁਹ ਨਾਲ ਕੁਬਿਜਾ (ਸੰਸਾਰ ਸਾਗਰ ਤੋਂ) ਤਰ ਗਈ । ਦਾਸ-ਭਾਵਨਾ ਕਰਕੇ, ਬਿਦਰ ਨੂੰ (ਕ੍ਰਿਸ਼ਨ ਜੀ ਨੇ) ਤਾਰ ਦਿਤਾ । ਹੇ ਮਨ ! ਤੂੰ ਵੀ ਪਰਮਾਤਮਾ ਦਾ ਨਾਮ ਸਿਮਰ ।੩।

ਪ੍ਰਹਲਾਦ (ਭਗਤ ਜੀ) ਦੀ ਹਰੀ ਨੇ ਆਪ ਪੈਜ (ਇਜ਼ਤ) ਰਖੀ। ਦ੍ਰੋਪਤੀ ਦੇ (ਦੁਹਸਾਸਨ ਦੀ ਰਾਜ ਸਭਾ ਵਿਚ) ਜ਼ੋਰੀ ਬਸਤ੍ਰ ਲਾਹੁੰਦੇ ਹੋਏ (ਕ੍ਰਿਸ਼ਨ ਜੀ ਨੇ ਉਸ ਦੀ) ਇਜ਼ਤ ਬਚਾਈ। ਜਿਸ ਜਿਸ ਨੇ ਅੰਤ ਵਾਰ (ਪਰਮਾਤਮਾ ਦਾ ਨਾਮ) ਸਿਮਰਿਆ (ਉਹ ਸਾਰੇ ਤਰ ਗਏ, ਇਸ ਲਈ) ਹੇ ਮਨ ! ਤੂੰ ਵੀ (ਉਸ ਪ੍ਰਭੂ ਨੂੰ) ਸਿਮਰ (ਤਾਂ ਜੋ ਸੰਸਾਰ ਸਾਗਰ ਤੋਂ) ਪਾਰ ਹੋ ਜਾਵੇਂ ।੪।

ਧੰਨੈ ਸੇਵਿਆ, ਬਾਲ ਬੁਧਿ ॥ ਤ੍ਰਿਲੋਚਨ ਗੁਰ ਮਿਲਿ, ਭਈ ਸਿਧਿ ॥ ਬੇਣੀ ਕਉ, ਗੁਰਿ ਕੀਓ ਪ੍ਰਗਾਸੁ ॥ ਰੇ ਮਨ, ਤੂ ਭੀ ਹੋਹਿ ਦਾਸੁ॥੫॥ ਜੈਦੇਵ ਤਿਆਗਿਓ ਅਹੰਮੇਵ ॥ ਨਾਈ ਉਧਰਿਓ ਸੈਨੁ ਸੇਵ॥ ਮਨੁ ਡੀਗਿ ਨ ਡੋਲੈ, ਕਹੂੰ ਜਾਇ॥ ਮਨ, ਤੂੰ ਭੀ ਤਰਸਹਿ ਸਰਣਿ ਪਾਇ॥੬॥ ਜਿਹ ਅਨੁਗ੍ਰਹੁ ਠਾਕੁਰਿ ਕੀਓ ਆਪਿ॥ ਸੇ, ਤੈਂ ਲੀਨੇ ਭਗਤ ਰਾਖਿ॥ ਤਿਨ ਕਾ ਗੁਣੁ ਅਵਗਣੁ ਨ ਬੀਚਾਰਿਓ ਕੋਇ॥ ਇਹ ਬਿਧਿ ਦੇਖਿ ਮਨੁ ਲਗਾ ਸੇਵ॥੭॥ ਕਬੀਰਿ ਧਿਆਇਓ ਏਕ ਰੰਗ॥ ਨਾਮਦੇਵ, ਹਰਿ ਜੀਉ ਬਸਹਿ ਸੰਗਿ॥ ਰਵਿਦਾਸ ਧਿਆਏ, ਪ੍ਰਭ ਅਨੂਪ॥ ਗੁਰੁ ਨਾਨਕ ਦੇਵ, ਗੋਵਿੰਦ ਰੂਪ ॥੮॥੧॥

## ਉਚਾਰਨ ਸੇਧ

**ਬਿੰਦੀ ਸਹਿਤ :** ਤੇਰਿਆਂ ਸੰਤਾਂ ਜਾਚਉਂ, ਲਾਵਉਂ, ਪਰਹਿੰ।

**ਪਦ ਅਰਥ :** ਧਨੈ-ਧਨਿ (ਭਗਤ) ਨੇ। ਬਾਲ ਬੁਧਿ-ਬਾਲਕਾਂ ਵਾਲੀ ਨਿਰਮਲ ਬੁਧੀ ਨਾਲ। ਗੁਰ ਮਿਲਿ-ਗੁਰੂ ਨੂੰ ਮਿਲ ਕੇ। ਸਿਧਿ-ਸਿਧੀ (ਜੀਵਨ ਸਫਲਤਾ)। ਗੁਰਿ-ਗੁਰੂ ਨੇ। ਪ੍ਰਗਾਸ-ਆਤਮਿਕ ਰੋਸ਼ਨੀ। ਹੋਹਿ-ਹੋ ਜਾਵੇਂ। ਦਾਸੁ-ਸੇਵਕ।੫। ਅੰਹਮੇਵ-ਅਹੰਕਾਰ। ਸੇਵ-ਭਗਤੀ (ਕਰਕੇ)। ਡੀਗਿ-ਡਿੱਗ ਕੇ। ਤਰਸਹਿ-ਤਰ ਜਾਇੰਗਾ।੬। ਜਿਹ-ਜਿਨ੍ਹਾਂ ਉਤੇ। ਅਨੁਗ੍ਰਹੁ-ਕਿਰਪਾ। ਠਾਕੁਰਿ-(ਤੈਂ) ਠਾਕੁਰ ਨੇ। ਇਹ ਬਿਧਿ-ਇਸ ਤਰੀਕੇ ਨਾਲ।੭। ਏਕ ਰੰਗ-ਇਕ ਦੇ ਪਿਆਰ ਵਿਚ। ਬਸਹਿ-ਵਸਦੇ ਹਨ। ਅਨੂਪ-ਉਪਮਾ ਰਹਿਤ, ਬਹੁਤ ਸੁਹਣਾ।੮।

**ਅਰਥ :** (ਹੇ ਮਨ !) ਧੰਨੇ (ਭਗਤ) ਨੇ ਬਾਲ-ਬੁਧੀ (ਭਾਵ ਨਿਰਵੈਰ ਬੁਧੀ ਨਾਲ) ਸੇਵਿਆ, (ਉਹ ਤਰ ਗਿਆ)। ਤ੍ਰਿਲੋਚਨ (ਭਗਤ ਜੀ ਨੂੰ) ਗੁਰੂ ਨਾਲ ਮਿਲ ਕੇ (ਜੀਵਨ) ਸਫਲਤਾ ਪ੍ਰਾਪਤ ਹੋਈ। ਬੇਣੀ (ਭਗਤ) ਨੂੰ ਗੁਰੂ ਨੇ (ਆਤਮਿਕ ਗਿਆਨ) ਚਾਨਣ ਬਖਸ਼ਿਆ। ਹੇ ਮੇਰੇ ਮਨ! ਤੂੰ ਵੀ (ਇਸ ਤਰ੍ਹਾਂ ਪਰਮਾਤਮਾ ਦਾ) ਦਾਸ ਹੋ ਜਾਵੇਂ (ਤਾਂ ਸੰਸਾਰ ਸਾਗਰ ਤੋਂ) ਤਰ ਜਾਇੰਗਾ।੫।

(ਹੇ ਮਨ !) ਜੈ ਦੇਵ (ਭਗਤ) ਨੇ ਬ੍ਰਾਹਮਣ ਹੋਣ ਦਾ ਹੰਕਾਰ ਛਡ ਦਿਤਾ। ਸੈਣ ਨਾਈ ਵੀ ਸੇਵਾ (ਭਾਵਨਾ ਕਰਕੇ) ਤਰ ਗਿਆ (ਕਿਉਂਕਿ ਉਸ ਦਾ) ਮਨ ਕਿਤੇ ਭੀ ਡਿਗਦਾ ਡੋਲਦਾ ਨਹੀਂ। ਹੇ ਮਨ ! ਤੂੰ ਭੀ (ਗੁਰੂ ਦੀ) ਸ਼ਰਨ ਪੈ ਜਾ, (ਸੰਸਾਰ ਸਾਗਰ ਤੋਂ) ਤਰ ਜਾਵੇਂਗਾ।੬।

(ਹੇ ਪ੍ਰਭੂ !) ਜਿਨ੍ਹਾਂ (ਭਗਤ ਜਨਾਂ ਉਤੇ) ਤੈਂ ਮਾਲਕ ਨੇ ਆਪ ਕਿਰਪਾ ਕੀਤੀ, ਓਹ ਭਗਤ (ਜਨ) ਤੂੰ (ਜਨਮ ਮਰਣ ਤੋਂ) ਬਚਾਅ ਲਏ। ਉਹਨਾਂ ਦਾ ਗੁਣ ਜਾਂ ਔਗੁਣ ਕੋਈ ਨਹੀ ਵਿਚਾਰਿਆ (ਤੇਰੀ) ਇਸ ਤਰ੍ਹਾਂ ਦੀ (ਦਇਆਲਤਾ) ਵੇਖ ਕੇ (ਮੇਰਾ) ਮਨ ਭੀ ਤੇਰੀ ਸੇਵਾ ਵਿਚ ਲਗ ਗਿਆ ਹੈ।੭।

ਕਬੀਰ (ਭਗਤ ਜੀ) ਨੇ ਇਕ ਰਸ (ਪਰਮਾਤਮਾ ਦਾ) ਪ੍ਰੇਮ ਕੀਤਾ। (ਭਗਤ) ਨਾਮ ਦੇਵ ਜੀ ਪਰਮਾਤਮਾ ਦੇ ਨਾਲ ਹੀ ਵਸਦੇ ਹਨ। ਰਵਿਦਾਸ (ਭਗਤ ਜੀ ਨੇ ਵੀ) ਸੋਹਣੇ ਪ੍ਰਭੂ ਦਾ ਧਿਆਨ ਕੀਤਾ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਹੇ ਮਨ !) ਗੁਰਦੇਵ (ਜੋ) ਗੋਬਿੰਦ ਦਾ ਰੂਪ ਹੈ (ਤੂੰ ਵੀ ਉਸ ਨੂੰ ਗੁਰੂ

ਕਰਕੇ ਜਪਦਾ ਰਹੁ, ਸੰਸਾਰ ਸਾਗਰ ਤੋਂ ਪਾਰ ਹੋ ਜਾਵੇਂਗਾ) ।੪।੧।

## ਅਰਥ ਭੇਦ ਅਤੇ ਨਿਰਣੈ

**ਸੁਣਿ ਸਾਖੀ ਮਨ ਜਪਿ ਪਿਆਰ ॥**

ਵਖ ਵਖ ਅਰਥ :

੧. ਭਗਤੋਂ ਕੀ ਸਾਖੀਆਂ ਸੁਣ ਕਰ ਮੇਰੇ ਮਨ ਨੇ ਤੇਰੇ ਜਪਣੇ ਮੈਂ ਪਯਾਰ ਕੀਆ ਹੈ। [ਫ. ਸ.

੨. ਸਾਖੀ ਇਤਿਹਾਸ ਅਥਵਾ ਕਥਾ, ਜੋ ਅਖੀਂ ਡਿਠੀ ਕਹੀ ਗਈ ਹੋਵੈ .... ਸੁਣਹੁ ਜਨ ਭਾਈ, ਹਰਿ ਸਤਿਗੁਰ ਕੀ ਇਕ ਸਾਖੀ। [ਮ. ਕੋ.

੩. ਹੇ ਮਨ! ਸਾਖੀਆਂ (ਭਗਤਾਂ ਦੀਆਂ) ਸੁਣ ਕੇ ਪਿਆਰ ਨਾਲ ਜਪ। [ਸ਼ਬਦਾਰਥ

੪. ਹੇ ਪੁਰਸ਼ਾ! ਸਾਡੇ ਪਾਸੋਂ ਸਾਖੀਆਂ ਸੁਣ ਕੇ ਤੂੰ ਆਪਣੇ ਮਨ ਵਿਚ ਪ੍ਰਭੂ ਨੂੰ ਜਪਣਾ ਕਰ।

੫. ਹੇ ਮਨ! ਜਿਨ੍ਹਾਂ ਨੇ ਪਿਆਰੇ ਪ੍ਰਭੂ ਨੂੰ ਜਪਿਆ ਹੈ, ਉਨ੍ਹਾਂ ਦੀ ਸਾਖੀਆਂ ਸੁਣਨਾ ਕਰ। [ਸਿੰ. ਸ.

**ਨਿਰਣੈ :** ਇਸ ਪੰਕਤੀ ਵਿਚ 'ਮਨ' ਦਾ 'ਨ' ਮੁਕਤਾ ਹੈ ਇਸ ਲਈ ਇਸ ਦੇ ਅਰਥ ਸੰਬੋਧਨ ਰੂਪ ਵਿਚ 'ਹੇ ਮਨ !' ਹੀ ਹੋ ਸਕਦੇ ਹਨ 'ਮਨ ਵਿਚ' ਨਹੀਂ ਹੋ ਸਕਦੇ ਜਿਵੇਂ ਕਿ ਨੰ. ੧ ਵਾਲੇ ਅਰਥਾਂ ਵਿਚ ਦਿਤੇ ਹੋਏ ਹਨ। ਬਾਕੀ ਵੀ ਅਰਥ ਪੰਕਤੀ ਦੇ ਅਨੁਕੂਲ ਨਹੀਂ। ਜਿਥੋਂ ਤਕ 'ਸਾਖੀ' ਪਦ ਦੇ ਅਰਥ 'ਸਿਖਿਆ' ਕਰਨ ਦਾ ਸਬੰਧ ਹੈ ਉਹ ਪ੍ਰਕਰਣ ਅਨੁਸਾਰ ਠੀਕ ਨਹੀਂ ਨਹੀਂ ਬਣਦੇ। ਇਸ ਸ਼ਬਦ ਵਿਚ ੧੯ ਸੰਤਾਂ ਭਗਤਾਂ ਆਦਿ ਦੀਆਂ ਜੀਵਨ ਘਟਨਾਵਾਂ ਦਾ ਸੰਕੇਤ ਦੇ ਕੇ ਨਾਮ ਜਪਣ ਦੀ ਪ੍ਰੇਰਨਾ ਦਿਤੀ ਹੈ। ਇਸ ਲਈ 'ਸਿਖਿਆ' ਨਾਲੋਂ 'ਸਾਖੀ' ਅਰਥ ਕਰਨੇ ਪ੍ਰਕਰਣ ਦੇ ਵਧੇਰੇ ਅਨੁਕੂਲ ਹਨ।

## ਸਾਰੰਸ਼ ਅਤੇ ਸਿਧਾਂਤ

ਇਸ ਦੁ ਤੁਕੀਆਂ ਵਿਚ ਜਗਿਆਸੂ ਨੂੰ ਪਰਮਾਤਮਾ ਦੇ ਭਗਤਾਂ ਦੀਆਂ ਸਾਖੀਆਂ ਸੁਣਾ ਕੇ ਇਹ ਪ੍ਰੇਰਨਾ ਦਿਤੀ ਹੈ ਕਿ ਵੱਡੇ ਵੱਡੇ ਨੀਚ ਕੁਲਾਂ ਦੇ ਮਨੁੱਖ ਹਰੀ ਦਾ ਨਾਮ ਜਪ ਕੇ ਸੰਸਾਰ ਸਾਗਰ ਤੋਂ ਤਰ ਗਏ, ਤੂੰ ਭੀ ਨਾਮ ਜਪਣ ਦਾ ਉਦਮ ਕਰ, ਸੇਵਾ ਕਰ, ਹੰਕਾਰ ਨੂੰ ਛੋੜ, ਡੋਲਣ ਤੋਂ ਉਪਰ ਉਠ, ਇਕ ਪਰਮੇਸ਼ਰ ਦਾ ਨਾਮ ਜਪ, ਤੇਰਾ ਵੀ ਉਧਾਰ ਹੋ ਜਾਵੇਗਾ। ਇਸ ਲਈ ਰਹਾਉ ਵਾਲੀ ਪੰਕਤੀ ਦੁਆਰਾ ਸੰਤ ਜਨਾਂ ਦੇ ਚਰਨਾ ਦੀ ਧੂੜ ਮੰਗੀ ਹੈ। ਪ੍ਰੰਤੂ ਇਹ ਧੂੜ ਵੀ ਚੰਗੇ ਭਾਗਾਂ ਨਾਲ ਹੀ ਮਿਲਦੀ ਹੈ।

**ਬਸੰਤੁ ਮਹਲਾ ੫ ॥ ਅਨਿਕ ਜਨਮ ਭ੍ਰਮੇ ਜੋਨਿ-ਮਾਹਿ ॥ ਹਰਿ ਸਿਮਰਨ ਬਿਨੁ, ਨਰਕਿ ਪਾਹਿ ॥ ਭਗਤਿ ਬਿਹੂਨਾ, ਖੰਡ ਖੰਡ ॥ ਬਿਨੁ ਬੂਝੇ, ਜਮੁ ਦੇਤ ਡੰਡ ॥੧॥ ਗੋਬਿੰਦ ਭਜਹੁ, ਮੇਰੇ ਸਦਾ ਮੀਤ ॥ ਸਾਚ ਸਬਦ ਕਰਿ ਸਦਾ ਪ੍ਰੀਤਿ ॥੧॥ ਰਹਾਉ ॥ ਸੰਤੋਖੁ ਨ ਆਵਤ ਕਹੂੰ ਕਾਜ ॥ ਧੂੰਮ ਬਾਦਰ ਸਭਿ ਮਾਇਆ ਸਾਜ ॥ ਪਾਪ ਕਰੰਤੌ, ਨਹ ਸੰਗਾਇ ॥ ਬਿਖੁ ਕਾ ਮਾਤਾ, ਆਵੈ ਜਾਇ ॥੨॥ ਹਉ ਹਉ ਕਰਤ, ਬਧੇ ਬਿਕਾਰ ॥ ਮੋਹ ਲੋਭ ਡੂਬੌ ਸੰਸਾਰ ॥ ਕਾਮਿ ਕ੍ਰੋਧਿ, ਮਨੁ ਵਸਿ ਕੀਆ ॥ ਸੁਪਨੈ, ਨਾਮੁ ਨ ਹਰਿ**

**ਲੀਆ ॥੩॥ ਕਬ ਹੀ ਰਾਜਾ, ਕਬ ਮੰਗਨਹਾਰੁ ॥ ਦੂਖ ਸੂਖ ਬਾਧੋ ਸੰਸਾਰ ॥ ਮਨੁ, ਉਧਰਣ ਕਾ ਸਾਜੁ ਨਾਹਿ ॥ ਪਾਪ ਬੰਧਨ, ਨਿਤ ਪਉਤ ਜਾਹਿ ॥੪॥**

ਉਚਾਰਨ ਸੇਧ

**ਬਿੰਦੀ ਸਹਿਤ :** ਮਾਹਿਂ, ਪਾਹਿਂ, ਨਹਂ, ਹਉਂ ਹਉਂ, ਨਾਹਿਂ, ਜਾਹਿਂ।

**ਪਦ ਅਰਥ :** ਭ੍ਰਮੇ-ਭਟਕਦੇ ਰਹਿੰਦੇ ਹਨ। ਜੋਨਿ ਮਾਹਿ-ਜੂਨੀਆਂ ਵਿਚ। ਨਰਕਿ ਮਾਹਿ-ਨਰਕ ਵਿਚ। ਭਗਤਿ ਬਿਹੂਨਾ-ਭਗਤੀ ਤੋਂ ਸਖਣਾ। ਖੰਡ ਖੰਡ-ਟੋਟੇ ਟੋਟੇ। ਡੰਡ-ਸਜ਼ਾ।੧। ਭਜਹੁ-ਸਿਮਰੋ। ਸਦਾ-ਸਦਾ ਹੀ।੧। ਰਹਾਉ।

ਸੰਤੋਖੁ-ਸਬਰ, ਮਾਇਆ ਵਲੋਂ ਤ੍ਰਿਪਤੀ। ਕਹੂੰ ਕਾਜ-ਕਿਸੇ ਕੰਮ। ਧੂਮ ਬਾਦਰ-ਧੂਏਂ ਦੇ ਬਦਲ। ਸਭਿ ਸਾਜ-ਸਾਰੇ ਤਮਾਸ਼ੇ। ਸੰਗਾਇ-ਸੰਗਦਾ, ਸ਼ਰਮ ਕਰਦਾ ਹੈ। ਬਿਖੁ-ਜ਼ਹਿਰ। ਮਾਤਾ-ਮਸਤ।੨।

ਹਉ ਹਉ ਕਰਤ-ਮੈਂ ਮੈਂ ਕਰਦਿਆਂ। ਬਧੇ-ਵਧ ਜਾਂਦੇ ਹਨ। ਬਿਕਾਰ-ਵਿਕਾਰ। ਕਾਮਿ-ਕਾਮ (ਵਾਸ਼ਨਾ) ਵਿੱਚ। ਕ੍ਰੋਧਿ-ਕ੍ਰੋਧ ਨੇ। ਵਸਿ-ਵੱਸ ਵਿਚ।੩।

ਕਬ ਹੀ-ਕਦੇ। ਮੰਗਨਹਾਰੁ-ਮੰਗਤਾ। ਬਾਧੋ-ਬੱਝਾ ਹੋਇਆ। ਉਧਰਣ ਕਾ-ਤਰਣ ਦਾ। ਸਾਜੁ-ਉਦਮ। ਪਉਤ ਜਾਹਿ-ਪੈਂਦੇ ਜਾਂਦੇ ਹਨ।੪।

**ਅਰਥ :** (ਹੇ ਭਾਈ !) ਹਰੀ ਦੇ ਨਾਮ ਸਿਮਰਨ ਤੋਂ ਬਿਨਾ (ਮਨੁੱਖ) ਨਰਕ ਵਿਚ ਪਾਏ ਜਾਂਦੇ ਹਨ (ਅਤੇ ਉਹ) ਅਨੇਕਾਂ (ਕਈ ਪ੍ਰਕਾਰ ਦੀਆਂ) ਜੂਨਾਂ ਵਿਚ ਹੀ ਭਟਕਦੇ ਰਹਿੰਦੇ ਹਨ। ਭਗਤੀ ਤੋਂ ਸਖਣਾ (ਮਨੁੱਖ) ਟੋਟੇ ਟੋਟੇ (ਭਾਵ ਨਾਸ਼ ਹੁੰਦਾ ਹੈ)। ਆਤਮਿਕ (ਸੂਝ ਬੂਝ) ਸਮਝੇ ਤੋਂ ਬਿਨਾ ਜਮ ਬਹੁਤ ਸਜ਼ਾ ਦਿੰਦਾ ਹੈ।੧। ਹੇ ਮੇਰੇ ਮਿੱਤਰ ! ਸਦਾ ਗੋਵਿੰਦ ਦਾ (ਨਾਮ) ਸਿਮਰੋ (ਅਤੇ) ਸਦਾ ਥਿਰ ਰਹਿਣ ਵਾਲੇ ਸ਼ਬਦ ਦੀ ਸਦਾ ਪ੍ਰੀਤਿ ਕਰ।੧। ਰਹਾਉ।

(ਹੇ ਭਾਈ ! ਪ੍ਰੇਮਾ ਭਗਤੀ ਤੋਂ ਬਿਨਾਂ) ਕਿਸੇ ਕੰਮ ਵਿਚ ਵੀ ਸੰਤੋਖ ਨਹੀਂ ਆਉਂਦਾ। ਇਹ ਮਾਇਆ ਦਾ ਸਾਰਾ ਸਾਜ (ਬਨਾਵਟ) ਧੂੰਏਂ ਦੇ ਬਦਲਾਂ ਸਮਾਨ ਹੈ। (ਮਾਇਆ ਵਿਚ ਫਸਿਆ ਮਨੁੱਖ) ਪਾਪ (ਕਰਮ) ਕਰਦਿਆਂ ਰਤਾ ਭਰ ਨਹੀਂ ਸੰਗਦਾ। ਵਿਸ਼ਿਆਂ ਵਿੱਚ ਮਸਤ ਹੋਇਆ (ਜੀਵ) ਜੰਮਦਾ ਮਰਦਾ ਰਹਿੰਦਾ ਹੈ।੨।

(ਹੇ ਭਾਈ !) ਮੈਂ ਮੈਂ ਕਰਦਿਆਂ (ਹੰਕਾਰ ਤੇ ਵਿਸ਼ੇ ਵਿਕਾਰ) ਵਧਦੇ ਹੀ ਹਨ। ਮੋਹ ਅਤੇ ਲੋਭ ਦੇ (ਅੰਦਰ ਸਾਰਾ) ਸੰਸਾਰ ਡੁੱਬਿਆ ਪਿਆ ਹੈ। ਕਾਮ ਤੇ ਕ੍ਰੋਧ ਨੇ (ਜੀਵ ਦਾ) ਮਨ (ਆਪਣੇ) ਵਸ ਵਿਚ ਕੀਤਾ ਹੋਇਆ ਹੈ (ਜਿਸ ਕਰਕੇ ਹੀ ਇਸ ਜੀਵ ਨੇ) ਸੁਪਨੇ ਵਿਚ (ਵੀ ਕਦੇ) ਪਰਮਤਾਮਾ ਦਾ ਨਾਮ ਨਹੀਂ ਲਿਆ।੩।

ਸ੍ਰੇਸ਼ਟ (ਕਰਮ ਕਰਕੇ ਮਨੁੱਖ) ਕਦੇ ਰਾਜਾ ਬਣ ਜਾਂਦਾ ਹੈ (ਅਤੇ ਪਾਪ ਕਰਮਾਂ ਕਰਕੇ ਕਦੇ) ਮੰਗਤਾ ਬਣ ਜਾਂਦਾ ਹੈ। (ਸਾਰਾ) ਸੰਸਾਰ ਹੀ ਦੁਖ ਸੁਖ ਦਾ ਬੱਧਾ ਹੋਇਆ ਹੈ। ਹੇ ਮਨ ! (ਤੂੰ ਸੰਸਾਰ ਤੋਂ) ਤਰਣ ਦਾ (ਹੁਣ ਤਕ ਕੋਈ) ਉਦਮ ਨਹੀਂ ਕੀਤਾ। ਪਾਪਾਂ ਦੇ ਬੰਧਨ ਹਰ ਰੋਜ਼ ਪੈਂਦੇ ਜਾਂਦੇ ਹਨ।੪।

ਈਠ ਮੀਤ, ਕੋਊ ਸਖਾ ਨਾਹਿ ॥ ਆਪਿ ਬੀਜਿ, ਆਪੇ ਹੀ ਖਾਂਹਿ ॥ ਜਾ ਕੈ ਕੀਨੈ, ਹੋਤ ਬਿਕਾਰ ॥ ਸੇ ਛੋਡਿ ਚਲਿਆ, ਖਿਨ ਮਹਿ ਗਵਾਰ ॥੫॥ ਮਾਇਆ ਮੋਹਿ, ਬਹੁ ਭਰਮਿਆ ॥ ਕਿਰਤ ਰੇਖ ਕਰਿ, ਕਰਮਿਆ ॥ ਕਰਣੈਹਾਰੁ, ਅਲਿਪਤੁ ਆਪਿ ॥ ਨਹੀ ਲੇਪੁ ਪ੍ਰਭ ਪੁੰਨ ਪਾਪਿ ॥੬॥ ਰਾਖਿ ਲੇਹੁ, ਗੋਬਿੰਦ ਦਇਆਲ ॥ ਤੇਰੀ ਸਰਣਿ ਪੂਰਨ ਕ੍ਰਿਪਾਲ ॥ ਤੁਝ ਬਿਨੁ, ਦੂਜਾ ਨਹੀ ਠਾਉ ॥ ਕਰਿ ਕਿਰਪਾ ਪ੍ਰਭ, ਦੇਹੁ ਨਾਉ ॥੭॥ ਤੂ ਕਰਤਾ, ਤੂ ਕਰਣਹਾਰੁ ॥ ਤੂ ਊਚਾ, ਤੂ ਬਹੁ ਅਪਾਰੁ ॥ ਕਰਿ ਕਿਰਪਾ, ਲੜਿ ਲੇਹੁ ਲਾਇ ॥ ਨਾਨਕ ਦਾਸ ਪ੍ਰਭ ਕੀ ਸਰਣਾਇ ॥੮॥੨॥

## ਉਚਾਰਨ ਸੇਧ

**ਬਿੰਦੀ ਸਹਿਤ :** ਨਾਹਿੰ, ਖਾਇੰ, ਮਹਿੰ, ਭਰਮਿਆਂ, ਕਰਮਿਆਂ, ਨਹੀਂ, ਠਾਉਂ, ਨਾਉਂ।

**ਪਦ ਅਰਥ :** ਈਠ-ਇਸਟ, ਪਿਆਰੇ। ਸਖਾ-ਸਾਥੀ। ਬੀਜਿ-ਬੀਜ ਕੇ। ਖਾਂਹਿ-ਭੋਗਦੇ ਹਨ। ਜਾ ਕੈ ਕੀਨੈ-ਜਿਨ੍ਹਾਂ (ਪਦਾਰਥਾਂ) ਦੇ ਇਕੱਠੇ ਕੀਤਿਆਂ। ਹੋਤ-(ਪੈਦਾ) ਹੁੰਦੇ ਹਨ। ਗਵਾਰ-ਮੂਰਖ।੫। ਮੋਹਿ-ਮੋਹ ਵਿਚ। ਭਰਮਿਆ-ਭਟਕਦਾ ਹੈ। ਕਿਰਤ-ਪਿਛਲੇ ਕੀਤੇ ਹੋਏ ਕਰਮ। ਰੇਖ-ਲਕੀਰ। ਕਰਿ-ਕਰਕੇ। ਅਲਿਪਤ-ਨਿਰਲੇਪ। ਲੇਪੁ-ਅਸਰ, ਪ੍ਰਭਾਵ। ਪੁੰਨ-ਸ੍ਰੇਸ਼ਟ ਕਰਮ। ਪਾਪਿ-ਪਾਪ ਦੇ ਕਾਰਨ।੬। ਗੋਬਿੰਦ-ਹੇ ਗੋਬਿੰਦ!। ਠਾਉ-ਥਾਂ। ਕਰਿ-ਕਰਕੇ।੭। ਅਪਾਰੁ-ਬੇਅੰਤ। ਲੜਿ-ਪਲੇ ਨਾਲ।੮।

**ਅਰਥ :** (ਹੇ ਭਾਈ !) ਪਿਆਰੇ ਮਿਤਰਾਂ ਚੋਂ ਕੋਈ ਵੀ (ਅੰਤ ਸਮੇਂ) ਸਾਥੀ ਨਹੀਂ ਬਣਦਾ। (ਜੀਵ) ਆਪ ਹੀ (ਆਪਣੇ ਕਰਮ) ਬੀਜ ਕੇ, ਆਪ ਹੀ (ਉਨ੍ਹਾਂ ਦਾ ਚੰਗਾ ਮੰਦਾ ਫਲ) ਖਾਂਦੇ ਹਨ। (ਹੇ ਭਾਈ !) ਜਿਨ੍ਹਾਂ (ਪਦਾਰਥਾਂ) ਦੇ (ਇਕੱਠੇ) ਕੀਤਿਆਂ(ਅਨੇਕ ਪ੍ਰਕਾਰ ਦੇ) ਵਿਕਾਰ (ਪੈਦਾ ਹੁੰਦੇ ਹਨ),ਮੂਰਖ (ਮਨੁੱਖ) ਓਹ (ਸਾਰੇ ਪਦਾਰਥ ਇਕ) ਖਿਨ ਵਿਚ ਛਡ ਕੇ, (ਇਸ ਦੁਨੀਆਂ ਚੋਂ ਸਦਾ ਲਈ) ਚਲਾ ਜਾਂਦਾ ਹੈ।੫।

(ਹੇ ਭਾਈ !) ਮਾਇਆ ਦੇ ਮੋਹ ਵਿਚ (ਮਨੁੱਖ) ਬਹੁਤ ਭਰਮਿਆ (ਭਟਕਿਆ) ਹੋਇਆ ਹੈ। (ਪਿਛੇ) ਕੀਤੇ ਕਰਮਾਂ ਦੇ ਸੰਸਕਾਰਾਂ ਅਨੁਸਾਰ ਪਈ ਲਕੀਰ ਕਰਕੇ (ਜੀਵ ਉਨ੍ਹਾਂ ਦੇ ਪ੍ਰਭਾਵ ਹੇਠਾਂ ਹੋਰ) ਕਰਮ ਕਰੀ ਜਾ ਰਿਹਾ ਹੈ। (ਦੁਨੀਆਂ ਨੂੰ) ਬਣਾਉਣ ਵਾਲਾ (ਪਰਮਾਤਮਾ) ਆਪ ਨਿਰਲੇਪ ਹੈ। (ਉਸ) ਮਾਲਕ ਉਤੇ ਪੁੰਨ ਤੇ ਪਾਪ ਵਾਲੇ ਕਰਮਾਂ ਦਾ (ਕੋਈ) ਅਸਰ ਨਹੀਂ ਹੁੰਦਾ।੬।

ਹੇ ਗੋਬਿੰਦ ! ਹੇ ! ਹੇ ਪੂਰਨ ਦਿਆਲੂ ! (ਮੈਂ) ਤੇਰੀ ਸ਼ਰਣ ਆਇਆ ਹਾਂ, (ਮੈਨੂੰ ਇਹਨਾਂ) ਕਰਮਾਂ ਦੀ ਘੁੰਮਣ ਘੇਰੀ ਚੋਂ ਬਚਾਅ ਲੈ। ਹੇ ਪ੍ਰਭੂ ! ਤੇਰੇ ਬਿਨਾਂ (ਮੇਰਾ) ਹੋਰ ਕੋਈ ਦੂਜਾ ਥਾਂ ਨਹੀਂ ਹੈ। ਹੇ ਪ੍ਰਭੂ ! ਕਿਰਪਾ ਕਰਕੇ (ਮੈਨੂੰ ਆਪਣਾ) ਨਾਮ ਦਿਉ।੭।

(ਹੇ ਪ੍ਰਭੂ !) ਤੂੰ (ਸਭ ਜੀਆਂ ਨੂੰ) ਪੈਦਾ ਕਰਨ ਵਾਲਾ ਹੈਂ, ਤੂੰ ਕਰਣ-ਕਾਰਣ ਸਮਰਥ ਹੈਂ। ਤੂੰ (ਸਭ ਤੋਂ) ਉਚਾ ਹੈਂ, ਤੂੰ ਬਹੁਤ ਬੇਅੰਤ ਹੈਂ। ਕਿਰਪਾ ਕਰਕੇ (ਮੈਨੂੰ ਆਪਣੇ) ਲੜ ਲਾ ਲੈ। ਨਾਨਕ ਦਾਸ

(ਆਪ) ਪ੍ਰਭੂ ਦੀ ਸ਼ਰਨ ਆਇਆ ਹੈ।੮।੨।

## ਸਾਰੰਸ਼ ਅਤੇ ਸਿਧਾਂਤ

ਸ੍ਰੀ ਗੁਰੂ ਅਰਜਨ ਦੇਵ ਜੀ ਇਸ ਸ਼ਬਦ ਰਾਹੀਂ 'ਗੋਬਿੰਦ ਭਜਹੁ ਮੇਰੇ ਸਦਾ ਮੀਤ ॥ ਸਾਚ ਸਬਦ ਕਰਿ ਸਦਾ ਪ੍ਰੀਤਿ' ਦਾ ਸੱਦਾ ਦੇ ਰਹੇ ਹਨ। ਸੰਸਾਰ ਵਿਚ ਬੰਧਨ ਦਾ ਮੂਲ ਕਾਰਨ ਮਨੁੱਖ ਦੇ ਆਪਣੇ ਕਰਮ ਹਨ :–

ਆਪਨ ਕਰਮ ਆਪੇ ਹੀ ਬੰਧ ॥

ਜੋ ਜੀਵ ਵਖ ਵਖ ਜੂਨਾਂ ਵਿਚ ਭਰਮਦਾ ਹੈ ਤਾਂ ਉਹ ਪਰਮਾਤਮਾ ਦਾ ਨਾਮ-ਸਿਮਰਨ ਨਾ ਕਰਨ ਦੀ ਸਜ਼ਾ ਭੁਗਤ ਰਿਹਾ ਹੈ। ਮਾਇਆ ਬਦਲ ਦੇ ਧੂੰਏਂ ਸਮਾਨ ਨਾਸ਼ਵੰਤ ਹੈ ਪਰ ਮਨੁੱਖ ਇਸ ਵਿਚ ਰਚਿਆ ਹੋਇਆ ਪਾਪ ਕਰਮ ਕਰਨ ਤੋਂ ਰਤਾ ਭਰ ਭੀ ਸੰਕੋਚ ਨਹੀਂ ਕਰਦਾ। ਜੇ ਜੀਵ ਆਪਣੇ ਮਨ ਵਿਚ ਸੋਚੇ ਸਮਝੇ ਤਾਂ ਇਸ ਨੂੰ ਗੁਰਬਾਣੀ ਦੁਆਰਾ ਗਿਆਨ ਹੋ ਜਾਵੇ ਕਿ ਅੰਤ ਨੂੰ ਨਾਮ ਤੋਂ ਬਿਨਾਂ ਕੋਈ ਪਦਾਰਥ ਵੀ ਉਸ ਦੇ ਕੰਮ ਆਉਣ ਵਾਲਾ ਨਹੀਂ:–

ਕਰਿ ਕਰਿ ਅਨਰਥ ਬਿਹਾਝੀ ਸੰਪੈ, ਸੁਇਨਾ ਰੂਪਾ ਦਾਮਾ ॥
ਭਾੜੀ ਕਉ ਓਹੁ ਭਾੜਾ ਮਿਲਿਆ, ਹੋਰੁ ਸਗਲ ਭਇਓ ਬਿਰਾਨਾ॥ [ਪੰਨਾ ੪੯੭

ਸਿਧਾਂਤ ਇਹ ਹੈ ਕਿ ਕੋਈ ਮਨੁੱਖ ਵੀ ਪਦਾਰਥਾਂ ਨਾਲ ਕਦੇ ਨਹੀਂ ਰਜਿਆ ਅਤੇ ਨਾ ਹੀ ਰਜ ਸਕਦਾ ਹੈ। ਪ੍ਰੰਤੂ ਪਾਪ ਕਰਕੇ ਜਿਤਨੇ ਪਦਾਰਥ ਜੀਵ ਇਕਠੇ ਕਰਦਾ ਹੈ, ਅੰਤ ਉਨ੍ਹਾਂ ਦਾ ਫਲ ਉਸਨੂੰ ਭੋਗਣਾ ਹੀ ਪੈਂਦਾ ਹੈ।

## ਬਸੰਤੁ ਕੀ ਵਾਰ ਮਹਲੁ ੫

ੴ ਸਤਿਗੁਰ ਪ੍ਰਸਾਦਿ ॥ ਹਰਿ ਕਾ ਨਾਮੁ ਧਿਆਇ ਕੈ, ਹੋਹੁ ਹਰਿਆ ਭਾਈ ॥ ਕਰਮਿ ਲਿਖੰਤੈ ਪਾਈਐ, ਇਹ ਰੁਤਿ ਸੁਹਾਈ ॥ ਵਣੁ ਤ੍ਰਿਣੁ ਤ੍ਰਿਭਵਣੁ ਮਉਲਿਆ, ਅੰਮ੍ਰਿਤ ਫਲੁ ਪਾਈ ॥ ਮਿਲਿ ਸਾਧੂ ਸੁਖੁ ਊਪਜੈ, ਲਥੀ ਸਭ ਛਾਈ ॥ ਨਾਨਕੁ ਸਿਮਰੈ ਏਕੁ ਨਾਮੁ, ਫਿਰਿ ਬਹੁੜਿ ਨ ਧਾਈ ॥੧॥ ਪੰਜੇ ਬਧੇ ਮਹਾਬਲੀ, ਕਰਿ ਸਚਾ ਢੋਆ ॥ ਆਪਣੇ ਚਰਣ ਜਪਾਇਅਨੁ, ਵਿਚਿ ਦਯੁ ਖੜੋਆ ॥ ਰੋਗ ਸੋਗ ਸਭਿ ਮਿਟਿ ਗਏ, ਨਿਤ ਨਵਾ ਨਿਰੋਆ ॥ ਦਿਨੁ ਰੈਣਿ ਨਾਮੁ ਧਿਆਇਦਾ, ਫਿਰਿ ਪਾਇ ਨ ਮੋਆ ॥ ਜਿਸ ਤੇ ਉਪਜਿਆ ਨਾਨਕਾ, ਸੋਈ ਫਿਰਿ ਹੋਆ ॥੨॥ ਕਿਥਹੁ ਉਪਜੈ ਕਹ ਰਹੈ, ਕਹ ਮਾਹਿ ਸਮਾਵੈ ॥ ਜੀਅ ਜੰਤ ਸਭਿ ਖਸਮ ਕੇ, ਕਉਣੁ ਕੀਮਤਿ ਪਾਵੈ ॥ ਕਹਨਿ ਧਿਆਇਨਿ ਸੁਣਨਿ ਨਿਤ, ਸੇ ਭਗਤ ਸੁਹਾਵੈ ॥ ਅਗਮੁ ਅਗੋਚਰੁ ਸਾਹਿਬੋ, ਦੂਸਰੁ ਲਵੈ ਨ ਲਾਵੈ ॥ ਸਚੁ ਪੂਰੈ ਗੁਰਿ ਉਪਦੇਸਿਆ, ਨਾਨਕੁ ਸੁਣਾਵੈ ॥੩॥੧॥

## ਉਚਾਰਨ ਸੇਧ

**ਬਿੰਦੀ ਸਹਿਤ :** ਮਹਾਂਬਲੀ, ਧਿਆਇਦਾ, ਨਵਾਂ, ਕਿਥਹੁ, ਮਾਹਿਂ।

ਕਈ ਪ੍ਰੇਮੀ 'ਸਾਹਿਬੋ' ਦਾ ਉਚਾਰਨ 'ਸਾਹਿਬੋਂ' ਬਿੰਦੀ ਸਹਿਤ ਕਰਦੇ ਹਨ, ਜੋ ਕਿ ਅਸ਼ੁੱਧ ਹੈ।

**ਪਦ ਅਰਥ :** ਭਾਈ- ਹੇ ਭਾਈ! । ਕਰਮਿ ਲਿਖੰਤੈ-ਬਖਸ਼ਸ਼ ਦੇ ਲੇਖ ਰਾਹੀਂ । ਇਹ ਰੁਤਿ-ਇਹ (ਬਸੰਤ) ਰੁਤਿ। ਸੁਹਾਈ-ਸੋਹਣੀ । ਵਣੁ-ਜੰਗਲ । ਤ੍ਰਿਭਵਣ-ਤਿੰਨ ਲੋਕ । ਮਉਲਿਆ-ਖਿੜਿਆ । ਛਾਈ-ਕਾਲਖ, ਮੈਲ । ਧਾਈ-ਭਟਕਣਾ।੧।

ਪੰਜੇ-ਪੰਜ ਕਾਮਾਦਿਕ। ਮਹਾ ਬਲੀ-ਬਹੁਤ ਬਲਵਾਨ । ਢੋਆ-ਆਸਰਾ । ਜਪਾਇਅਨੁ-ਜਪਾਏ ਹਨ। ਵਿਚਿ-ਵਿਚਕਾਰ। ਦਯੁ-ਦਿਆਲੂ, ਕਰਤਾਰ। ਨਵਾ ਨਿਰੋਆ-ਬਿਲਕੁਲ ਅਰੋਗ । ਰੈਣਿ-ਰਾਤ। ਮੋਆ-ਮੌਤ ।੨।

ਕਹ ਮਾਹਿ-ਕਿਸ ਵਿਚ?। ਸਮਾਵੈ-ਲੀਨ ਹੁੰਦਾ ਹੈ । ਸੁਹਾਵੈ-ਸੋਹਣੇ ਲਗਦੇ ਹਨ। ਅਗਮੁ-ਅਪਹੁੰਚ। ਅਗੋਚਰੁ-ਇੰਦ੍ਰੀਆ ਦੀ ਪਹੁੰਚ ਤੋਂ ਪਰੇ। ਸਾਹਿਬੋ-ਸਾਹਿਬ, ਮਾਲਕ । ਲਵੈ ਨ ਲਾਵੈ-ਨੇੜੇ ਨਹੀਂ ਲਾਉਂਦਾ, ਬਰਾਬਰੀ ਨਹੀਂ ਕਰ ਸਕਦਾ । ਪੂਰੈ ਗੁਰਿ-ਪੂਰੇ ਗੁਰੂ ਨੇ ।੩।

**ਅਰਥ :** ਹੇ ਭਾਈ ! ਹਰੀ ਦਾ ਨਾਮ ਸਿਮਰ ਕੇ ਹਰਾ-ਭਰਾ ਹੋ ਜਾ (ਭਾਵ ਆਤਮਿਕ ਜੀਵਨ ਨਾਲ ਪ੍ਰਫੁਲਤ ਹੋ ਜਾ)। (ਪੂਰਬਲੇ) ਕਰਮਾਂ ਦੇ ਲਿਖੇ ਅਨੁਸਾਰ ਇਹ (ਹਰੀ ਦਾ ਸਿਮਰਨ) ਪਾਈਦਾ ਹੈ (ਇਹ ਮਨੁੱਖਾ ਦੇਹੀ ਰੂਪ) ਰੁਤਿ ਸੋਹਣੀ ਲਗਦੀ ਹੈ । (ਜਿਸ ਪ੍ਰਭੂ ਦੀ ਸੰਗਤ ਕਰਕੇ) ਜੰਗਲ, ਬਨਸਪਤੀ ਅਤੇ ਤਿੰਨ ਭਵਣ (ਸਭ ਕੁਝ) ਖਿੜਿਆ ਪਿਆ ਹੈ । (ਤੂੰ ਵੀ ਉਸ ਪਰਮਾਤਮਾ ਦਾ ਨਾਮ) ਅੰਮ੍ਰਿਤ ਫਲ ਪਾ ਕੇ (ਖਿੜ ਜਾ) । ਸਾਧੂ (ਗੁਰੂ) ਨੂੰ ਮਿਲ ਕੇ (ਹਿਰਦੇ ਵਿਚ ਆਤਮਿਕ) ਸੁਖ ਪੈਦਾ ਹੁੰਦਾ ਹੈ (ਅਤੇ ਮਨ ਦੀ) ਸਭ ਛਾਈ (ਭਾਵ ਵਿਖੇਪਤਾ ਦੀ ਮੈਲ, ਅਵਰਣਤਾਈ) ਲਹਿ ਜਾਂਦੀ ਹੈ (ਦੂਰ ਹੋ ਜਾਂਦੀ ਹੈ) । ਨਾਨਕ (ਕੇਵਲ ਪ੍ਰਭੂ ਦਾ) ਇਕ ਨਾਮ ਸਿਮਰਦਾ ਹੈ (ਜਿਸ ਦੀ ਬਰਕਤ ਨਾਲ) ਮੁੜ ਕੇ (ਜਨਮ ਮਰਨ ਦੇ ਗੇੜ ਵਿਚ) ਭਟਕਣਾ ਨਹੀਂ ਹੁੰਦੀ ।੧।

(ਜਿਨ੍ਹਾਂ ਮਨੁਖਾਂ ਨੇ) ਸਚਾ ਢੋਆ (ਆਸਰਾ) ਲਿਆ ਹੈ (ਉਨ੍ਹਾਂ ਨੇ) ਪੰਜੇ ਕਾਮਾਦਿਕ ਬਲੀ ਕਾਬੂ ਕਰ ਲਏ ਹਨ, (ਮਾਨੋ) ਕਰਤਾਰ (ਆਪ ਹੀ) ਵਿਚ ਆ ਖਲੋਤਾ ਹੈ । (ਉਨ੍ਹਾਂ ਦੇ) ਸਾਰੇ ਰੋਗ ਸੋਗ (ਚਿੰਤਾ ਆਦਿ) ਸਭ ਦੂਰ ਹੋ ਗਏ ਹਨ, (ਉਨ੍ਹਾਂ ਦਾ ਮਨ) ਹਰ ਰੋਜ਼ ਵਾਂਗ ਨਵਾ ਨਿਰੋਆ ਰਹਿੰਦਾ ਹੈ । (ਜੋ ਮਨੁਖ) ਦਿਨ ਰਾਤ (ਭਾਵ ਹਰ ਵੇਲੇ ਪਰਮਾਤਮਾ ਦਾ ਨਾਮ ਸਿਮਰਦਾ ਹੈ (ਉਹ) ਮੁੜ ਕੇ ਮੌਤ ਵਿਚ ਨਹੀ ਪੈਂਦਾ (ਆਵਾਗਵਨ ਤੋਂ ਬਚ ਜਾਂਦਾ ਹੈ) । ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਉਹ ਜਿਸ ਤੋਂ ਪੈਦਾ ਹੋਇਆ ਸੀ, ਮੁੜ ਕੇ ਓਹੀ (ਭਾਵ ਉਸ ਵਾਹਿਗੁਰੂ ਜੀ ਦਾ ਰੂਪ ਹੀ) ਬਣ ਗਿਆ ਹੈ ।੨।

(ਇਹ ਪ੍ਰਸ਼ਨ ਹੈ) ਕਿ (ਜੀਵ ਜਾਂ ਜਗਤ) ਕਿਥੋਂ ਪੈਦਾ ਹੁੰਦਾ ਹੈ ? ਕਿਥੇ ਰਹਿੰਦਾ ਹੈ ? (ਅਤੇ) ਕਿਸ ਵਿਚ ਜਾ ਕੇ ਲੀਨ ਹੋ ਜਾਂਦਾ ਹੈ ? ਸਾਰੇ ਜੀਵ ਜੰਤ ਮਾਲਕ (ਪ੍ਰਭੂ) ਦੇ (ਬਣਾਏ ਹੋਏ ਹਨ, ਪਰ ਉਸ ਪ੍ਰਭੂ ਦੀ) ਕੌਣ ਕੀਮਤ ਪਾ ਸਕਦਾ ਹੈ ? (ਭਾਵ ਨਹੀਂ ਪਾ ਸਕਦਾ) । (ਜਿਹੜੇ ਮਨੁੱਖ) ਉਸ

ਵਾਹਿਗੁਰੂ ਦੇ ਗੁਣ ਨਿਤ ਉਚਾਰਦੇ (ਨਾਮ) ਧਿਆਉਂਦੇ ਹਨ, (ਨਾਮ) ਸੁਣਦੇ ਹਨ, ਓਹ ਭਗਤ ਸੁਹਾਵਣੇ (ਜੀਵਨ ਵਾਲੇ ਹਨ)। ਪਰਮਤਾਮਾ ਅਪਹੁੰਚ ਹੈ, ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਹੈ, (ਉਹ ਸਭ ਦਾ) ਮਾਲਕ ਹੈ, ਕੋਈ ਦੂਸਰਾ (ਉਸ ਸਾਹਿਬ ਦੀ) ਬਰਾਬਰੀ ਨਹੀਂ ਕਰ ਸਕਦਾ। ਪੂਰੇ ਗੁਰੂ ਨੇ (ਜੋ) ਸਚ ਰੂਪ ਉਪਦੇਸ਼ ਦਿਤਾ ਹੈ ਨਾਨਕ (ਉਹ ਉਪਦੇਸ਼ ਸਭ ਨੂੰ) ਸੁਣਾਉਂਦਾ ਹੈ।੩।੫

## ਅਰਥ ਭੇਦ ਅਤੇ ਨਿਰਣੈ

### ੳ. ਪੰਜੇ ਬਧੇ ਮਹਾ ਬਲੀ, ਕਰਿ ਸਚਾ ਢੋਆ ॥

ਵਖ ਵਖ ਅਰਥ :

੧. ਸਚਾ ਜੋ ਪਰਮੇਸ਼ਰ ਹੈ ਤਿਸਕਾ (ਢੋਆ) ਆਸਰਾ ਵਾ ਮਿਲਾਪ ਕਰਕੇ ਜਿਸਨੇ ਪੰਜ ਕਾਮਾਦਿਕ ਬਿਕਾਰ ਬਾਧੇ ਹੈ। [ਫ. ਸ., ਸੰ. ਸ.

੨. ਜਿਨ੍ਹਾਂ ਨੇ ਸਚ ਦਾ ਢੋਆ ਪੇਸ਼ ਕੀਤਾ ਹੈ, ਉਨ੍ਹਾਂ ਪੰਜੇ ਕਾਮਾਦਿਕ ਬਲੀ ਕਾਬੂ ਕਰ ਲਏ ਹਨ। [ਸ਼ਬਦਾਰਥ

੩. ਢੋਆ-ਭੇਟਾ : ਜਿਸ ਮਨੁੱਖ ਨੇ (ਪ੍ਰਭੂ ਦਾ ਸਿਮਰਨ ਰੂਪ) ਸਚੀ ਭੇਟਾ (ਪ੍ਰਭੂ ਦੀ ਹਜ਼ੂਰੀ ਵਿਚ) ਪੇਸ਼ ਕੀਤੀ ਪ੍ਰਭੂ ਨੇ ਉਸ ਦੇ ਕਾਮਾਦਿਕ ਪੰਜੇ ਹੀ ਵੱਡੇ ਬਲੀ ਵਿਕਾਰ ਬੰਨ੍ਹ ਦਿਤੇ ਹਨ।[ਦਰਪਣ

**ਨਿਰਣੈ** : ਇਸ ਪੰਕਤੀ ਵਿਚ 'ਢੋਆ' ਪਦ ਦੇ ਵਖ ਵਖ ਤਿੰਨ ਅਰਥ ਪ੍ਰਚਲਤ ਹਨ :

੧. ਆਸਰਾ ੨. ਮਿਲਾਪ ੩. ਭੇਟਾ।

ਮਹਾਨ ਕੋਸ਼ ਵਿਚ 'ਢੋਆ' ਪਦ ਦੇ ਉਪ੍ਰੋਕਤ ਤਿੰਨੇ ਅਰਥ ਅੰਕਿਤ ਹਨ ਪਰ ਸਬੰਧਤ ਪੰਕਤੀ ਦਾ ਅਰਥ ਕਰਨ ਵੇਲੇ ਭਾ. ਕਾਨ੍ਹ ਸਿੰਘ ਜੀ ਨੇ 'ਢੋਆ' ਦੇ ਅਰਥ ਧਾਵਾ, ਹੱਲਾ ਕੀਤੇ ਹਨ।

ਅਸਲ ਵਿਚ ਇਥੇ ਭੇਟਾ; ਮਿਲਾਪ ਜਾਂ ਹਲਾ ਵਾਲੀ ਵੀਚਾਰ ਅਸੰਗਤ ਜਾਪਦੀ ਹੈ।

ਗੁਰਵਾਕ ਹਨ :

**ਚਾਰਿ ਬਰਨ ਚਉਹਾ ਕੇ ਮਰਦਨ, ਖਟੁ ਦਰਸਨ ਕਰ ਤਲੀ ਰੇ ॥**

ਇਸੇ ਸ਼ਬਦ ਦੀ ਅੰਤਲੀ ਪੰਕਤੀ ਵਿਚ 'ਕਹੁ ਨਾਨਕ ਤਿਨ ਜਨ ਨਿਰਦਲਿਆ ਸਾਧ ਸੰਗਤਿ ਕੈ ਝਲੀ ਰੇ' (ਪੰ. ੪੦੪) ਤੋਂ ਪ੍ਰਗਟ ਹੈ ਕਿ ਉਸ ਸੇਵਕ ਨੇ ਇਨ੍ਹਾਂ (ਪੰਜਾਂ ਦਾ) ਨਾਸ਼ ਕੀਤਾ ਹੈ (ਜਿਸ ਨੇ) ਸਾਧ ਸੰਗਤ ਦੀ ਓਟ ਆਸਰਾ ਲਿਆ ਹੈ। ਇਨ੍ਹਾਂ ਪੰਜਾਂ ਨੂੰ ਮਾਰਨ ਵਾਸਤੇ ਜਦੋਂ ਗੁਰਦੇਵ ਪਿਤਾ ਜਗਿਆਸੂ ਦੀ ਪਿਠ ਤੇ ਥਾਪੜਾ ਦਿੰਦੇ ਹਨ ਤਾਂ ਇਹ ਵੈਰੀ ਕਾਬੂ ਆ ਜਾਂਦੇ ਹਨ :

**ਨਿਹਤੇ ਪੰਜ ਜੁਆਨ ਮੈ, ਗੁਰਿ ਥਾਪੀ ਦਿਤੀ ਕੰਡਿ ਜੀਉ ॥** [ਪੰਨਾ ੭੪

ਗੁਰੂ ਜੀ ਮਹਿਮਾ ਉਚਾਰਦੇ ਹੋਏ ਸਤਾ ਤੇ ਬਲਵੰਡ ਇਹੋ ਜਿਹੇ ਵੀਚਾਰ ਦਿੰਦੇ ਹਨ 'ਜਿਨੀ ਤੂ ਸੇਵਿਆ ਭਾਉ ਕਰਿ, ਸੇ ਤੁਧੁ ਪਾਰਿ ਉਤਾਰਿਆ ॥ ਲਬੁ ਲੋਭੁ, ਕਾਮੁ ਕ੍ਰੋਧੁ, ਮੋਹੁ, ਮਾਰਿ ਕਢੇ ਤੁਧੁ ਸਪਰਵਾਰਿਆ' (ਪੰ. ੯੭੮)। ਸੋ, ਇਥੇ 'ਆਸਰਾ' ਅਰਥ ਹੀ ਪ੍ਰਸੰਗਿਕ ਹਨ।

ਅ. **ਕਿਥਹੁ ਉਪਜੈ ਕਹ ਰਹੈ, ਕਹ ਮਾਹਿ ਸਮਾਵੈ ॥**

ਵਖ ਵਖ ਅਰਥ :

੧. ਕਹਾਂ ਸੇ ਜਗਤ ਉਤਪਤ ਹੋਤਾ ਹੈ ਔਰ ਕਹਾਂ ਇਸਥਿਤ ਰਹਿਤਾ ਹੈ ਔਰ ਅੰਤ ਕੋ ਕਿਸ ਮੈ ਸਮਾਵਤਾ ਹੈ ? ਇਸ ਦਾ ਉਤਰ ਜਿਸ ਪਰਮੇਸ਼ਵਰ ਸੇ ਜਗਤ ਉਤਪਤ ਹੂਆ ਤਿਸੀ ਮੈ ਇਸਥਿਤ ਹੈ ਪੁਨਹ ਅੰਤ ਕੋ ਭੀ ਸੋਈ ਰੂਪ ਹੂਆ ਹੈ ਭਾਵ ਸੇ ਕਲਪਤਿ ਵਸਤੂ ਅਧਿਸਠਾਨ, ਸੇ ਭਿੰਨ ਨਹੀ ਹੋਤੀ ਇਸ ਮੈ ਜਗਯਾਸੂ ਕੇ ਚਿੰਤਨ ਕਾ ਹੈ ਪ੍ਰਕਾਰ ਹੈ ਭਾਵ ਐਸੇ ਚਿੰਤਨ ਕਰੋ ਵਾ ਪ੍ਰਸ਼ਨ ਪਖ ਮੇ ਏਹੁ ਉਤਰ ਹੈ। [ਫ. ਸ.

੨. ਜੀਵ ਕਿਥੇ ਪੈਦਾ ਹੁੰਦਾ ਹੈ ? ਕਿਥੇ ਰਹਿੰਦਾ ਹੈ ? ਅਤੇ ਕਿਸ ਵਿਚ ਜਾ ਕੇ ਸਮਾ ਜਾਂਦਾ ਹੈ। [ਸ਼ਬਦਾਰਥ

੩. (ਕੋਈ ਨਹੀਂ ਦਸ ਸਕਦਾ ਕਿ) ਪ੍ਰਭੂ ਕਿਥੋਂ ਪੈਦਾ ਹੁੰਦਾ ਹੈ ? ਕਿਥੇ ਰਹਿੰਦਾ ਹੈ ਅਤੇ ਕਿਥੇ ਲੀਨ ਹੋ ਜਾਂਦਾ ਹੈ ? [ਦਰਪਣ

**ਨਿਰਣੈ** : ਸ਼ਬਦਾਰਥੀ ਵਿਦਵਾਨਾਂ ਦੇ ਵੀਚਾਰ ਪ੍ਰਕਰਣ ਦੇ ਅਨੁਕੂਲ ਹਨ। ਸਾਰੀ ਗੁਰਬਾਣੀ ਵਿਚ ਪਰਮਾਤਮਾ ਪ੍ਰਤੀ ਅਜਿਹਾ ਪ੍ਰਸ਼ਨ ਵੇਖਣ ਵਿਚ ਨਹੀਂ ਆਉਂਦਾ। ਹਾਂ, ਜੀਵ ਅਤੇ ਜਗਤ ਸਬੰਧੀ ਅਜਿਹੀ ਪੁਛ ਸਿਧ ਗੋਸਟਿ ਵਿਚ ਜੋਗੀਆਂ ਵਲੋਂ ਇਸ ਪ੍ਰਕਾਰ ਕੀਤੀ ਗਈ ਹੈ :

੧- **ਕਹਾ ਤੇ ਆਵੈ ਕਹਾ ਇਹੁ ਜਾਵੈ, ਕਹਾ ਇਹੁ ਰਹੈ ਸਮਾਈ ॥** [ਪੰਨਾ ੯੪੦

੨- **ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ,**
**ਕਿਤੁ ਕਿਤੁ ਦੁਖਿ ਬਿਨਸਿ ਜਾਈ ॥** [ਪੰਨਾ ੯੪੬

ਇਸ ਦਾ ਉਤਰ -

**ਹੁਕਮੇ ਆਵੈ ਹੁਕਮੇ ਜਾਵੈ, ਹੁਕਮੇ ਰਹੈ ਸਮਾਈ ॥** [ਪੰਨਾ ੯੪੦

'ਦਰਪਣ' ਦੇ ਅਰਥ ਪ੍ਰਭੂ ਕਿਥੋਂ ਪੈਦਾ ਹੁੰਦਾ ਹੈ ? ਕਿਥੇ ਰਹਿੰਦਾ ਹੈ ਅਤੇ ਕਿਥੇ ਲੀਨ ਹੋ ਜਾਂਦਾ ਹੈ ? ਆਪਣੀ ਕਿਸਮ ਦੇ ਪਹਿਲੇ ਅਰਥ ਹਨ ਜੋ ਹੁਣ ਤਕ ਨਾ ਕਿਸੇ ਵਿਦਵਾਨ ਨੇ ਕੀਤੇ ਹਨ ਅਤੇ ਨਾ ਹੀ ਕਿਸੇ ਅਨੁਭਵੀ ਪੁਰਸ਼ ਨੇ ਅਜਿਹੇ ਅਰਥ ਕੀਤੇ ਹਨ।

ਗੁਰਬਾਣੀ ਵਿਚ ਤਾਂ ਪਰਮਾਤਮਾ ਨੂੰ 'ਘਟਿ ਘਟਿ ਵਾਸੀ ਸਰਬ ਨਿਵਾਸੀ' ਅਤੇ 'ਬਲਿਹਾਰੀ ਕੁਦਰਤਿ ਵਸਿਆ' ਦਸਿਆ ਹੈ ਅਤੇ 'ਨਾ ਓਹੁ ਮਰੈ ਨਾ ਹੋਵੈ ਸੋਗੁ' ਦਾ ਸੰਕੇਤ ਵੀ ਸਪਸ਼ਟ ਹੈ ਕਿਉਂਕਿ ਉਹ 'ਸੈਭੰ' ਹੈ ਅਤੇ ਅਕਾਲ ਮੂਰਤਿ ਹੈ।

## ਸਾਰੰਸ਼ ਅਤੇ ਸਿਧਾਂਤ

ਇਸ ਵਾਰ ਦੀ ਰਚਨਾ ਦਾ ਪਿਛੋਕੜ ਸੰਪ੍ਰਦਾਈ ਸਟੀਕ ਵਿਚ ਇਸ ਤਰ੍ਹਾਂ ਵਰਣਨ ਕੀਤਾ ਗਿਆ ਹੈ :

"ਜਿਸ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਪਾਸੋਂ ਅਸ਼ਟਪਦੀਆਂ ਲਿਖਵਾ

ਕੇ 'ਬਸੰਤ ਦੀ ਵਾਰ' ਉਚਾਰ ਕੇ ਲਿਖਵਾਉਣੀ ਸ਼ੁਰੂ ਕੀਤੀ ਉਸ ਵੇਲੇ ਅਜੇ ਤਿੰਨ ਹੀ ਪੌੜੀਆਂ ਉਚਾਰੀਆਂ ਸਨ। ਲਾਂਗਰੀ ਨੇ ਆ ਕੇ ਬੇਨਤੀ ਕੀਤੀ - 'ਗਰੀਬ ਨਿਵਾਜ ਜੀਉ, ਲੰਗਰ ਤਿਆਰ ਹੈ ਆਪ ਕਿਰਪਾ ਕਰਕ ਕੇ ਛਕੋ।' ਇਹ ਗੱਲ ਸੁਣ ਕੇ ਅੰਨ ਦੇਵਤੇ ਦੀ ਨਿਰਾਦਰੀ ਕਰਨੀ ਮੁਨਾਸਬ ਨਾ ਸਮਝਦੇ ਹੋਏ ਉਠ ਕੇ ਪ੍ਰਸ਼ਾਦਾ ਛਕਣ ਤੁਰ ਪਏ। ਤੇ ਬਸੰਤ ਦੀ ਵਾਰ ਦੀਆਂ ਤਿੰਨ ਹੀ ਪਉੜੀਆਂ ਰਹਿਣ ਦਿਤੀਆਂ। ਇਸ ਦਾ ਇਹ ਭਾਵ ਸਮਝਣਾ ਮਨੁੱਖ ਚਾਹੇ ਆਪਣੇ ਕੰਮ ਵਿਚ ਕਿੰਨਾ ਵੀ ਬਿਜ਼ੀ ਹੋਵੇ ਪਰ ਜਿਸ ਵੇਲੇ ਪ੍ਰਸ਼ਾਦਾ ਤਿਆਰ ਹੋਵੇ ਉਸ ਵੇਲੇ ਸਾਰੇ ਕੰਮ ਛੱਡ ਕੇ ਪ੍ਰਸ਼ਾਦਾ ਛਕ ਲਵੇ। ਕਿਉਂਕਿ - "ਧੰਨ ਅਨਾਦ ਠਾਕੁਰ ਮਨੁ ਮਾਨਿਆ ॥" ਏਹ ਅੰਨ ਧੰਨਤਾ ਦੇ ਜੋਗ ਹੈ, ਜਿਸ ਉਤੇ ਠਾਕੁਰ ਦਾ ਆਪਣਾ ਮਨ ਮੰਨਿਆ ਹੋਇਆ ਹੈ। ਹੋਰ ਕਿਸੇ ਦੇਵਤੇ ਦਾ ਸਤਿਕਾਰ ਨਹੀਂ ਕੀਤਾ ਪਰ ਜਿਸ ਵੇਲੇ ਅੰਨ ਦੇਵਤਾ ਚਲ ਕੇ ਆਇਆ, ਇਸ ਨੂੰ ਆਪਣੇ ਪਾਸ ਬਿਠਾ ਕੇ ਬੜਾ ਸਤਿਕਾਰ ਦਿੱਤਾ।"

ਸ਼ਬਦਾਰਥੀ ਵਿਦਵਾਨਾਂ ਨੇ ਵੀ ਇਸੇ ਸਾਖੀ ਨੂੰ ਦੁਹਰਾਇਆ ਹੈ। ਪਰੰਤੂ ਗੁਰਮਤਿ ਕਸਵਟੀ ਤੇ ਇਹ ਸਾਖੀ ਪੂਰੀ ਨਹੀਂ ਉਤਰਦੀ। ਜਦੋਂ ਗੁਰੂ ਪਾਤਿਸ਼ਾਹ ਦੀ ਸੁਰਤਿ ਪਰਮਾਤਮਾ ਨਾਲ ਪਿਉਂਦ ਹੋਈ ਸੀ ਤਾਂ ਕੀ ਲਾਂਗਰੀ ਦੀ ਬੇਨਤੀ ਸੁਣ ਕੇ ਧੁਰੋਂ ਆ ਰਹੀ ਬਾਣੀ ਨੂੰ ਅਧੂਰਾ ਛਡ ਕੇ ਅੰਨ ਨੂੰ ਪਹਿਲ ਦੇ ਸਕਦੇ ਸਨ ? ਇਹ ਗਲ ਮੰਨਣਯੋਗ ਨਹੀਂ। ਭਲਾ ਜੇ ਮੰਨ ਲਿਆ ਜਾਵੇ ਕਿ ਗੁਰੂ ਸਾਹਿਬ ਬਾਣੀ ਵਿਚੇ ਛਡ ਕੇ ਲੰਗਰ 'ਚ ਚਲੇ ਗਏ ਸਨ ਤਾਂ ਕੀ ਵਾਪਸ ਆ ਕੇ ਹੋਰ ਬਾਣੀ ਉਚਾਰ ਕੇ ਇਸ ਨੂੰ ਸੰਪੂਰਨ ਨਹੀਂ ਸਨ ਕਰ ਸਕਦੇ ? ਸੋ, ਅਸਲੀਅਤ ਇਹ ਹੈ ਕਿ ਇਹ ਵਾਰ ਆਪਣੇ ਆਪ ਵਿਚ ਸੰਪੂਰਨ ਹੈ ਤੇ ਹੁਣ ਵੀ ਗੁਰਬਾਣੀ ਦੇ ਰਸੀਏ ਹਰ ਰੋਜ਼ ਇਸ ਵਾਰ ਦਾ ਪਾਠ ਬੜੇ ਪ੍ਰੇਮ ਨਾਲ ਕਰਦੇ ਹਨ।

ਅੰਨ ਦੇਵਤੇ ਦੀ ਨਿਰਾਦਰੀ ਦੇ ਭੈ ਤੋਂ ਬਾਣੀ ਦਾ ਤਿਆਗ ਕਰਨਾ, ਬਾਣੀ ਦੀ ਨਿਰਾਦਰੀ ਕਰਨੀ ਹੈ। ਸੰਪ੍ਰਦਾਈ ਸਟੀਕ ਦੇ ਕਰਤਾ ਦਾ ਇਹ ਲਿਖਣਾ ਕਿ " ਜਿਸ ਵੇਲੇ ਅੰਨ ਦੇਵਤਾ ਚਲ ਕੇ ਆਇਆ, ਇਸ ਨੂੰ ਆਪਣੇ ਪਾਸ ਬਿਠਾ ਕੇ ਬੜਾ ਸਤਿਕਾਰ ਦਿਤਾ, ਨਿਰਮੂਲ ਗੱਲ ਹੈ ਕਿਉਂਕਿ ਅੰਨ ਖਾਣ ਵਾਲਾ ਪਦਾਰਥ ਹੈ, ਤੁਰਨ ਵਾਲਾ ਪਦਾਰਥ ਨਹੀਂ ਹੈ। ਇਸ ਲਈ ਕਥਾਵਾਚਕਾਂ ਨੂੰ ਅਜਿਹੀਆਂ ਊਣੀਆਂ ਤੇ ਗੁਰਮਤਿ ਸਿਧਾਂਤਾਂ ਤੋਂ ਵਿਹੂਣੀਆਂ ਸਾਖੀਆਂ ਸੁਣਾਉਣ ਤੇ ਪ੍ਰਚਾਰਨ ਤੋਂ ਸੰਕੋਚ ਕਰਨਾ ਚਾਹੀਦਾ ਹੈ।

'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀਆਂ ਰਚਿਤ ਛੇ ਵਾਰਾਂ ਹਨ ਜਿਨ੍ਹਾਂ ਵਿਚੋਂ ਸਭ ਤੋਂ ਛੋਟੇ ਆਕਾਰ ਵਾਲੀ ਇਹ ਵਾਰ ਹੈ। ਬਾਕੀ ਵਾਰਾਂ ਨਾਲੋਂ ਇਸ ਵਾਰ ਦੀ ਇਹ ਵਿਲਖਣਤਾ ਵੀ ਹੈ ਕਿ ਇਸ ਵਾਰ ਦੇ ਸਿਰਲੇਖ ਨਾਲ 'ਮਹਲਾ' ਦੀ ਥਾਂ 'ਮਹਲੁ' ਪਦ ਵਰਤਿਆ ਹੈ।

ਇਹ ਕੇਵਲ ਤਿੰਨ ਪਉੜੀਆਂ ਤੇ ਅਧਾਰਤ ਹੈ। ਹਰੇਕ ਪਉੜੀ ਵਿਚ ਪੰਜ ਪੰਗਤੀਆਂ ਹਨ। ਇਸ ਤਰ੍ਹਾਂ ਇਸ ਵਾਰ ਦੀਆਂ ਕੁਲ ੧੫ ਪੰਗਤੀਆਂ ਹਨ। ਇਸ ਵਾਰ ਦੀ ਹਰੇਕ ਪਉੜੀ ਦੀ ਅੰਤਲੀ ਪੰਗਤੀ ਵਿਚ 'ਨਾਨਕ' ਨਾਮ ਅੰਕਿਤ ਹੈ ਅਤੇ ਅੰਤ ਵਿਚ ਸੁਧ ਜਾਂ 'ਸੁੱਧ ਕੀਚੇਂ ਸ਼ਬਦਾਂ ਦੀ ਵੀ ਵਰਤੋਂ ਨਹੀਂ ਕੀਤੀ ਗਈ ਜਿਵੇਂ ਕਿ ਕਈ ਵਾਰਾਂ ਵਿਚ ਹੈ।

ਡਾ. ਰਤਨ ਸਿੰਘ ਜੱਗੀ ਦੀ ਰਚਿਤ ਪੁਸਤਕ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਹਿਤਕ ਵਿਰਸਾ' ਦੇ ਪੰਨਾ ੪੦੯ ਉਤੇ ਇਉਂ ਲਿਖਿਆ ਹੋਇਆ ਹੈ - 'ਕੇਵਲ ਤਿੰਨ ਪਉੜੀਆਂ ਦੀ ਰਚਨਾ ਜੋ ਫਿਰ ਪੂਰੀ ਨਾ ਹੋ ਸਕੀ'

ਉਪਰੋਕਤ ਸ਼ਬਦਾਵਲੀ 'ਪੂਰੀ ਨਾ ਹੋ ਸਕੀ' ਦਾ ਭਾਵ 'ਅਧੂਰੀ' ਹੈ। ਪਰ ਇਸ ਵਾਰ ਦਾ ਅੰਤਲਾ ਅੰਕ ੩/੧ ਸਾਖੀਕਾਰਾਂ ਦੀ ਕਲਪਨਾ ਨੂੰ ਉੱਕਾ ਹੀ ਰਦ ਕਰ ਦਿੰਦਾ ਹੈ ਕਿਉਂਕਿ ।੧। ਅੰਕ ਪੂਰੀ ਵਾਰ ਦਾ ਪ੍ਰਤੀਕ ਹੈ। ਜੇ ਇਹ ਵਾਰ ਅਧੂਰੀ ਹੁੰਦੀ ਤਾਂ ।੧। ਅੰਕ ਦੀ ਅਣਹੋਂਦ ਹੋਣੀ ਸੀ।

ਅਜਿਹੇ ਕਚੇ ਵਿਚਾਰ ਦੇਣ ਤੋਂ ਪਹਿਲਾਂ ਜੋ ਵਿਦਵਾਨ ਜਾਂ ਖੋਜੀ ਸਜਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਮੁੱਚੇ ਰੂਪ ਦੇ ਸ਼ਰਧਾ ਸਹਿਤ ਦਰਸ਼ਨ ਕਰਨ ਤਾਂ ਉਨ੍ਹਾਂ ਨੂੰ ਲੋੜੀਂਦੇ ਪ੍ਰਸ਼ਨ ਦਾ ਪੂਰਾ ਉੱਤਰ ਮਿਲੇਗਾ:

**ਪੂਰੇ ਕਾ ਕੀਆ ਸਭ ਕਿਛੁ ਪੂਰਾ, ਘਟਿ ਵਧਿ ਕਿਛੁ ਨਾਹੀ ॥** [ਪੰਨਾ ੧੪੧੨

ਇਸ ਵਾਰ ਦਾ ਆਰੰਭ ਤੇ ਅੰਤ ਵੀ ਬਾਕੀ ਵਾਰਾਂ ਨਾਲੋਂ ਵਿਲਖਣ ਜਿਹਾ ਹੈ। ਇਸ ਵਾਰ ਨਾਲ ਕੋਈ ਸ਼ਲੋਕ ਦਰਜ ਨਹੀਂ ਹੈ। ਇਹ ਵਾਰ ਪਰਮਾਤਮਾ ਦੀ ਮਹਿਮਾ ਨਾਲ ਅਰੰਭ ਹੋਈ ਹੈ -

**ਹਰਿ ਕਾ ਨਾਮੁ ਧਿਆਇ ਕੈ, ਹੋਹੁ ਹਰਿਆ ਭਾਈ ॥**

ਇਸ ਵਾਰ ਦੇ ਸਰਵੇਖਣ ਤੋਂ ਚਾਰ ਵਿਸ਼ੇਸ਼ ਨੁਕਤੇ ਸਾਡੇ ਸਾਹਮਣੇ ਆਉਂਦੇ ਹਨ -

੧. ਨਾਮ ਸਿਮਰਨ     ੨. ਪ੍ਰਭੂ ਦੀ ਉਪਮਾ

੩. ਗੁਰਮੁਖ ਦਾ ਕਿਰਦਾਰ(ਆਚਰਨ)  ੪. ਕਿਥਹੁ ਉਪਜੈ ਕਹ ਰਹੈ, ਕਹ ਮਾਹਿ ਸਮਾਵੈ ।

ਇਹ ਚਾਰ ਨੁਕਤੇ ਬਾਕੀਵਾਰਾਂ ਵਿਚ ਵਿਸਥਾਰ ਸਹਿਤ ਦਰਜ ਹਨ ਜਦੋਂ ਕਿ ਇਸ ਵਾਰ ਵਿਚੋਂ ਸੰਖੇਪ ਰੂਪ ਦੇ ਦਰਸ਼ਨ ਹੁੰਦੇ ਹਨ। ਇਸ ਤੋਂ ਇਹ ਸਚਾਈ ਪ੍ਰਗਟ ਹੁੰਦੀ ਹੈ ਕਿ ਇਹ ਰਚਨਾ ਜਿਥੇ ਸੰਖੇਪ ਹੈ, ਉਥੇ ਸੰਪੂਰਨ ਹੈ।

ਜਿਵੇਂ ਬਾਕੀ ਸਾਰੀ ਰਚਨਾ 'ਜੈਸੀ ਮੈ ਆਵੈ ਖਸਮ ਕੀ ਬਾਣੀ' ਨਾਲ ਜੁੜੀ ਹੋਈ ਹੈ ਤਿਵੇਂ ਇਹ ਬਾਣੀ ਸ੍ਰੀ ਗੁਰੂ ਪਾਤਿਸ਼ਾਹ ਜੀ ਦੇ ਪਾਵਨ ਮੁਖਾਰਬਿੰਦ ਤੋਂ ਕਰਤਾ ਪੁਰਖ ਜੀ ਨੇ ਆਪ ਹੀ ਕਢਵਾਈ ਹੈ -

**ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰ ਸਿਖਹੁ,**
**ਹਰਿ ਕਰਤਾ ਆਪਿ ਮੁਹਹੁ ਕਢਾਏ ॥** [ਪੰਨਾ ੭੦੮

ਬਾਕੀ ਧਰਮਾਂ ਦੇ ਗ੍ਰੰਥਾਂ ਬਾਰੇ ਅਪੂਰਨਤਾ ਦਾ ਵਾਦ-ਵਿਵਾਦ ਛਿੜਿਆ ਰਹਿੰਦਾ ਹੈ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇਵਲ ਅਜਿਹੇ ਅਦੁੱਤੀ ਗ੍ਰੰਥ ਹਨ ਜਿਨ੍ਹਾਂ ਦੀ ਰਚਨਾ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰੇਖ-ਦੇਖ ਹੇਠ ਸੰਪਾਦਿਤ ਕਰਵਾਇਆ ਗਿਆ ਹੈ। ਇਸ ਬਾਰੇ ਇਕ ਹੋਰ ਅਹਿਮ ਪ੍ਰਮਾਣ ਇਹ ਵੀ ਦਿਤਾ ਜਾ ਸਕਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਆਪਣੇ ਰਚੇ ਹੋਏ ੨੨ ਸਲੋਕ ਪੰਜ ਵਾਰਾਂ ਨਾਲ ਲਾਏ ਗਏ ਜੋ ਸ਼ਲੋਕ ਵਾਰਾਂ ਤੋਂ ਵਾਧੂ ਬਚੇ ਉਨ੍ਹਾਂ ਵਿਚੋਂ ਇਕ ਸ਼ਲੋਕ ਵੀ ਇਸ ਵਾਰ ਨਾਲ ਨਹੀਂ ਲਾਇਆ ਗਿਆ ਹੈ, ਇਸ ਦਾ ਕੀ ਕਾਰਨ ਹੈ? ਇਸ ਨੂੰ ਅਲਪਗ ਜੀਵ ਨਹੀਂ ਸਮਝ ਸਕਦਾ।

ਇਹ ਵਾਰ ਅਧਿਆਤਮਿਕ ਬੀਰ-ਰਸ ਨਾਲ ਭਰਪੂਰ ਹੈ । ਇਹ ਸੁਹਾਵਣੀ ਰੁਤਿ ਦਾ ਰਚਨਾਤਮਿਕ ਵਿਕਾਸ ਤੇ ਵਿਗਾਸ ਹੈ । 'ਹੋਹੁ ਹਰਿਆ ਭਾਈ' ਅਤੇ 'ਪੰਜੇ ਬਧੇ ਮਹਾਬਲੀ' ਆਦਿ ਮੁਹਾਵਰਿਆਂ ਰਾਹੀਂ ਪ੍ਰਕ੍ਰਿਤੀ ਵਿਚੋਂ ਸ਼ਾਂਤਮਈ ਅਤੇ ਅਦਭੁਤ ਰਸ ਮਾਣਨ ਦਾ 'ਸਚਾ ਢੋਆ' ਹੈ।

ਇਸ ਰਚਨਾ ਦਾ ਵਿਸ਼ਾ ਵਸਤੂ 'ਆਤਮਿਕ ਸਾਧਨਾ' ਹੈ । ਨਾਮ ਅਭਿਆਸ ਰਾਹੀਂ ਪ੍ਰਭੂ ਮਿਲਾਪ ਦੀ ਬਸੰਤ ਰੁਤ ਜੀਵਾਤਮਾ ਨੂੰ ਸੁਗੰਧਿਤ ਕਰ ਦਿੰਦੀ ਹੈ ਜਿਸ ਨਾਲ 'ਸਭ ਜਨਮੁ ਧੰਨ ਧੰਨਾ' ਹੁੰਦਾ ਹੈ । ਸੋ, ਗੁਰਮੁਖਿ ਜੀਉੜਾ ਨਾਮ ਦੇ ਆਸਰੇ ਮਨ ਨੂੰ ਇਕਸੁਰ ਕਰਕੇ ਕਾਮ, ਕ੍ਰੋਧ, ਲੋਭ, ਮੋਹ ਬਲੀਆਂ ਨੂੰ ਆਪਣੇ ਵਸ ਵਿਚ ਕਰ ਲੈਂਦਾ ਹੈ। ਇਹ ਗੁਰਮੁਖ ਦੇ ਕਿਰਦਾਰ ਦੀ ਸਚੀ ਤਸਵੀਰ ਹੈ। ਇਸ ਵਾਰ ਵਿਚ ਮਨਮੁਖ ਦਾ ਰੁੱਕਾ ਜ਼ਿਕਰ ਹੀ ਨਹੀਂ ਕੀਤਾ ਗਿਆ, ਗੁਰਮੁਖ ਨੂੰ ਪੂਰੇ ਗੁਰੂ ਦਾ ਉਪਦੇਸ਼ ਸੁਣਾਇਆ ਗਿਆ ਹੈ।

ਬਸੰਤ ਰੁਤ ਵਿਚ ਸਭ ਪਾਸੇ ਹਰਿਆਵਲ ਤੇ ਖੇੜਾ ਦਿਸਦਾ ਹੈ ਜੋ ਅਰਸ਼ੀ ਪ੍ਰੀਤਮ ਜੀ ਦੀ ਸਾਰੇ ਜਗਤ ਨੂੰ ਇਕ ਅਮੋਲਕ ਦੇਣ ਹੈ। 'ਆਇ ਮਿਲੁ ਗੁਰਸਿਖ ਆਇ ਮਿਲੁ, ਤੂ ਮੇਰੇ ਗੁਰੂ ਕੇ ਪਿਆਰੇ' ਹੇ ਗੁਰਸਿਖ ! ਜੇ ਤੂੰ ਆਪਣਾ ਜੀਵਨ ਹਰਾ ਭਰਾ ਦੇਖਣਾ ਚਾਹੁੰਦਾ ਹੈ ਤਾਂ, 'ਹਰਿ ਕਾ ਨਾਮੁ ਧਿਆਇ ਕੈ ਹੋਹੁ ਹਰਿਆ ਭਾਈ' ਵਾਲੀ ਪੰਗਤੀ ਨੂੰ ਆਪਣਾ ਜੀਵਣ ਅਧਾਰ ਬਣਾ ਲੈ, ਕਿਉਂਕਿ ਤੈਨੂੰ ਇਹ ਵਾਰ ਨਾਮ-ਸਿਮਰਨ ਰਾਹੀਂ ਹਰਾ-ਭਰਾ ਹੋਣ ਅਤੇ ਕੰਵਲ ਫੁਲ ਵਾਂਗ ਖਿੜੇ ਰਹਿਣ ਦਾ ਸੁਨੇਹਾ ਦਿੰਦੀ ਹੈ। ਜੇ ਇਸ ਬਾਣੀ ਨੂੰ ਨਿਤਨੇਮ ਬਾਣੀਆਂ ਵਾਂਗ ਜੀਵਨ ਦਾ ਆਧਾਰ ਬਣਾ ਲਵੇਂ ਤਾਂ ਤੇਰੇ ਸਾਰੇ ਰੋਗ ਸੋਗ ਮਿਟ ਜਾਣਗੇ-

**ਬਸੰਤੁ ਬਾਣੀ ਭਗਤਾਂ ਕੀ ॥ ਕਬੀਰ ਜੀ ॥ ਘਰੁ ੧**

**ੴ ਸਤਿਗੁਰ ਪ੍ਰਸਾਦਿ ॥ ਮਉਲੀ ਧਰਤੀ, ਮਉਲਿਆ ਆਕਾਸੁ ॥ ਘਟਿ ਘਟਿ ਮਉਲਿਆ, ਆਤਮ ਪ੍ਰਗਾਸੁ ॥੧॥ ਰਾਜਾ ਰਾਮੁ ਮਉਲਿਆ,ਅਨਤ ਭਾਇ ॥ ਜਹ ਦੇਖਉ, ਤਹ ਰਹਿਆ ਸਮਾਇ ॥੧॥ਰਹਾਉ॥ ਦੁਤੀਆ ਮਉਲੇ ਚਾਰਿ ਬੇਦ ॥ ਸਿੰਮ੍ਰਿਤਿ ਮਉਲੀ, ਸਿਉ ਕਤੇਬ ॥੨॥ ਸੰਕਰੁ ਮਉਲਿਓ, ਜੋਗ ਧਿਆਨ ॥ ਕਬੀਰ ਕੋ ਸੁਆਮੀ, ਸਭ ਸਮਾਨ ॥੩॥੧॥**

**ਪਦ ਅਰਥ:** ਮਉਲੀ-ਹਰੀ ਭਰੀ । ਮਉਲਿਆ-ਖਿੜ ਪਿਆ ਹੈ । ਘਟਿ ਘਟਿ-ਹਰੇਕ ਹਿਰਦੇ ਵਿਚ । ਆਤਮ ਪ੍ਰਗਾਸੁ-ਆਤਮ ਦੇਵ ਵਾਹਿਗੁਰੂ ਦਾ ਪ੍ਰਕਾਸ਼, ਭਾਵ ਸਭ ਵਿਚ ਪਮਾਤਮਾ ਦੀ ਜੋਤਿ ਚਾਨਣ ਦੇ ਰਹੀ ਹੈ ।੧।

ਰਾਜਾ ਰਾਮ-ਸਰਬ ਵਿਆਪਕ ਵਾਹਿਗੁਰੂ । ਅਨਤ ਭਾਇ-ਅਨੇਕ ਤ੍ਰੀਕਿਆਂ ਨਾਲ। ਜਹ-ਜਿਸ ਪਾਸੇ । ਦੇਖਉ-ਮੈਂ ਵੇਖਦਾ ਹਾਂ। ਤਹ-ਉਸ ਪਾਸੇ । ਰਹਿਆ ਸਮਾਇ-ਸਮਾ ਰਿਹਾ, ਪਰੀਪੂਰਨ ਹੋ ਰਿਹਾ ਹੈ ।੧। ਰਹਾਉ।

ਦੁਤੀਆ-ਦੂਜੀ ਗਲ । ਸਿਮ੍ਰਿਤਿ-ਸਿਮ੍ਰਤੀਆਂ । ਸਿਉ-ਸਮੇਤ । ਕਤੇਬ-ਮੁਸਲਮਾਨੀ ਧਾਰਮਿਕ ਪੁਸਤਕਾਂ ॥੨॥ ਸੰਕਰ-ਸ਼ਿਵ ।ਜੋਗ ਧਿਆਨ-ਜੋਗ ਦੇ ਧਿਆਨ ਵਿਚ । ਸਮਾਨ-ਇਕੋ ਜਿਹਾ ।੩।

**ਅਰਥ:** (ਹੇ ਭਾਈ! ਬਸੰਤ ਰੁਤ ਆਉਣ ਨਾਲ) ਧਰਤੀ ਹਰੀ ਭਰੀ ਹੋ ਗਈ ਹੈ ਅਤੇ ਆਕਾਸ਼ ਵੀ ਖਿੜ ਪਿਆ ਹੈ । ਹਰੇਕ ਹਿਰਦੇ ਵਿਚ ਪਰਮਾਤਮਾ ਦੀ (ਜੋਤਿ) ਦਾ ਪ੍ਰਕਾਸ਼ ਹੋ ਰਿਹਾ ਹੈ ।੧।

ਸਰਬ ਵਿਆਪਕ ਵਾਹਿਗੁਰੂ (ਆਪਣੇ ਰਚੇ ਜਗਤ ਵਿਚ) ਅਨੇਕ ਪ੍ਰਕਾਰ ਖਿੜਿਆ ਹੋਇਆ (ਭਾਵ ਪ੍ਰਕਾਸ਼ਮਾਨ ਹੋ ਰਿਹਾ ਹੈ) । ਮੈਂ ਜਿਸ ਪਾਸੇ ਵੇਖਦਾ ਹਾਂ ਉਸੇ ਪਾਸੇ (ਪ੍ਰਭੂ) ਵਿਆਪਕ ਹੋਇਆ ਦਿਸਦਾ ਹੈ ।੧। ਰਹਾਉ। ਦੂਜੀ (ਗਲ ਉਸ ਦੀ ਜੋਤਿ ਦੇ ਆਸਰੇ) ਚਾਰੇ ਵੇਦ, ਮੌਲ ਰਹੇ ਹਨ, ਵੇਦਾਂ ਸਿਮ੍ਰਤੀਆਂ ਸਮੇਤ ਮੁਸਲਮਾਨੀ ਧਾਰਮਿਕ ਪੁਸਤਕਾਂ ਮਉਲ ਰਹੀਆਂ ਹਨ । ਸ਼ੰਕਰ, ਜੋਗ ਦੇ ਧਿਆਨ ਵਿਚ ਮੌਲ ਰਹੇ ਹਨ । ਕਬੀਰ ਦਾ ਮਾਲਕ ਸਭ ਥਾਂ ਇਕੋ ਜਿਹਾ ਖਿੜ ਰਿਹਾ ਹੈ ।੩।੧।

## ਸਾਰੰਸ਼ ਅਤੇ ਸਿਧਾਂਤ

ਜਿਥੇ ਕਿਥੇ ਵੀ ਹਰੀ ਦਾ ਵਾਸਾ ਹੈ, ਉਥੇ ਖੇੜਾ ਹੈ । ਹਰੇਕ ਹਿਰਦੇ ਵਿਚ, ਕੁਦਰਤ ਵਿਚ, ਧਾਰਮਿਕ ਪੁਸਤਕਾਂ ਵਿਚ, ਦੇਵਤਿਆਂ ਵਿਚ ਪਰਮਾਤਮਾ ਦੇ ਪ੍ਰਵੇਸ਼ ਹੋਣ ਕਰਕੇ ਉਨ੍ਹਾਂ ਦੀ ਵਡਿਆਈ ਹੋ ਰਹੀ ਹੈ ਅਤੇ ਬਸੰਤ ਨਾਲ ਸਭ ਆਤਮਾਵਾਂ ਪ੍ਰਫੁਲਤ ਹੋ ਰਹੀਆਂ ਹਨ। ਇਹ ਸਮਦ੍ਰਿਸ਼ਟਾ ਬ੍ਰਿਤੀ ਹੈ।

**ਪੰਡਿਤ ਜਨ ਮਾਤੇ, ਪੜ੍ਹਿ ਪੁਰਾਨ ॥ ਜੋਗੀ ਮਾਤੇ, ਜੋਗ ਧਿਆਨ ॥ ਸੰਨਿਆਸੀ ਮਾਤੇ, ਅਹੰਮੇਵ ॥ ਤਪਸੀ ਮਾਤੇ, ਤਪ ਕੈ ਭੇਵ ॥੧॥ ਸਭ ਮਦ ਮਾਤੇ, ਕੋਊ ਨ ਜਾਗ ॥ ਸੰਗ ਹੀ ਚੋਰ, ਘਰੁ ਮੁਸਨ ਲਾਗ ॥੧॥ਰਹਾਉ॥ ਜਾਗੈ ਸੁਕਦੇਉ ਅਰੁ ਅਕੂਰੁ ॥ ਹਣਵੰਤੁ ਜਾਗੈ, ਧਰਿ ਲੰਕੂਰੁ ॥ ਸੰਕਰੁ ਜਾਗੈ, ਚਰਨ ਸੇਵ ॥ ਕਲਿ ਜਾਗੇ, ਨਾਮਾ ਜੈ ਦੇਵ॥੨॥ ਜਾਗਤ ਸੋਵਤ, ਬਹੁ ਪ੍ਰਕਾਰ ॥ ਗੁਰਮੁਖਿ ਜਾਗੈ, ਸੋਈ ਸਾਰੁ ॥ ਇਸੁ ਦੇਹੀ ਕੇ ਅਧਿਕ ਕਾਮ ॥ ਕਹਿ ਕਬੀਰ, ਭਜਿ ਰਾਮਨਾਮ ॥੩॥੨॥**

**ਪਦ ਅਰਥ :** ਪੰਡਿਤ ਜਨ-ਪੰਡਤ ਲੋਕ । ਮਾਤੇ-ਮਤੇ ਹੋਏ। ਪੜ੍ਹਿ-ਪੜ੍ਹ ਕੇ । ਪੁਰਾਨ-੧੮ ਪੁਰਾਣ । ਜੋਗ ਧਿਆਨ-ਜੋਗ ਸਮਾਧੀ ਦੇ ਧਿਆਨ ਵਿਚ । ਅਹੰਮੇਵ-ਹੰਕਾਰ ਵਿਚ । ਤਪਸੀ-ਤਪੱਸਿਆ ਕਰਨ ਵਾਲੇ । ਭੇਵ-ਭੇਦ ।੧। ਮਦ-ਨਸ਼ੇ ਵਿਚ । ਮਾਤੇ-ਮਸਤ ਹਨ । ਕੋਊ -ਕੋਈ । ਨ ਜਾਗੇ-ਨਹੀਂ ਜਾਗ ਰਿਹਾ । ਸੰਗ ਹੀ-ਨਾਲ ਹੀ । ਘਰੁ-ਸਰੀਰ । ਮੁਸਨ ਲਾਗ-ਠਗਣ ਲਗ ਪਏ ਹਨ ।੧।ਰਹਾਉ।

ਸੁਕ ਦੇਉ-ਵਿਆਸ ਦਾ ਪੁਤਰ । ਰਾਜਾ ਪਰੀਖਤ-ਇਸੇ ਰਿਸ਼ੀ ਨੇ ਭਗਵਤ ਪੁਰਾਣ ਸੁਣਾਇਆ ਸੀ । ਅਰੁ-ਅਤੇ । ਅਕੂਰੁ-ਕੰਸ ਦਾ ਭਰਾ, ਕ੍ਰਿਸ਼ਨ ਜੀ ਦਾ ਮਾਮਾ । ਹਣਵੰਤ-ਹਨੂਮਾਨ। ਲੰਕੂਰੁ-ਪੂਛਲ । ਧਰਿ-ਧਾਰ ਕੇ ।੨।

ਸੰਕਰ-ਸ਼ਿਵ ਜੀ । ਕਲਿ-ਕਲਜੁਗ ਵਿਚ । ਨਾਮਾ-ਭਗਤ ਨਾਮਦੇਵ ਜੀ । ਜੈ ਦੇਵ-ਭਗਤ ਦਾ ਨਾਮ । ਜਾਗਤ ਸੋਵਤ-ਜਾਗਣਾ ਤੇ ਸੌਣਾ । ਬਹੁ ਪ੍ਰਕਾਰ-ਕਈ ਕਿਸਮ ਦਾ । ਗੁਰਮੁਖਿ-ਗੁਰੂ ਦੁਆਰਾ

ਸਾਰੁ-ਸ੍ਰੇਸ਼ਟ। ਅਧਿਕ-ਬਹੁਤ। ਕਾਮ-ਕੰਮ।੩।

**ਅਰਥ:** ਪੰਡਿਤ ਲੋਕ ਪੁਰਾਣ ਪੜ੍ਹ ਕੇ ਮਤੇ ਹੋਏ ਹਨ। ਜੋਗੀ ਲੋਕ ਧਿਆਨ (ਸਮਾਧੀ ਲਾਉਣ) ਵਿਚ ਮਸਤ ਹਨ। ਸੰਨਿਆਸੀ ਹੰਕਾਰ ਵਿਚ ਮਤੇ ਪਏ ਹਨ, ਕੋਈ ਵੀ ਨਹੀਂ ਜਾਗ ਰਿਹਾ। (ਕਾਮਾਦਿਕ) ਚੋਰ ਨਾਲ ਹੀ ਹਨ (ਜੋ) ਸਰੀਰ ਰੂਪੀ ਘਰ ਲੁਟਣ ਵਿਚ ਲੱਗੇ ਹੋਏ ਹਨ।੧। ਰਹਾਉ।

(ਹੇ ਭਾਈ !) ਸੁਕਦੇਵ ਅਤੇ ਅਕਰੂਰ (ਇਤਾਦਿਕ ਭਗਤ) ਜਾਗੇ ਹਨ, ਹਨੂਮਾਨ ਪੂਛ ਧਾਰ ਕੇ ਜਾਗੇ ਹਨ। (ਪ੍ਰਭੂ ਦੇ) ਚਰਨਾਂ ਦੀ ਸੇਵਾ ਵਿਚ ਸ਼ਿਵ ਜੀ ਜਾਗ ਰਿਹਾ ਹੈ। ਕਲਜੁਗ ਵਿਚ ਨਾਮਦੇਵ ਤੇ ਜੈ-ਦੇਵ (ਭਗਤ) ਜਾਗ ਰਹੇ ਹਨ।੨।

(ਹੇ ਭਾਈ !) ਜਾਗਦੇ ਰਹਿਣਾ ਤੇ ਸੁਤੇ ਰਹਿਣਾ ਕਈ ਕਿਸਮਾਂ ਦਾ ਹੈ (ਪਰ ਜਿਹੜਾ) ਗੁਰੂ ਦੁਆਰਾ (ਗਿਆਨ ਵਿਚ) ਜਾਗਦਾ ਹੈ, ਓਹੀ (ਜਾਗਿਆ ਹੋਇਆ) ਸ੍ਰੇਸ਼ਟ ਹੈ। ਕਬੀਰ ਆਖਦਾ ਹੈ (ਹੇ ਭਾਈ !) ਇਸ ਦੇਹੀ ਦੇ ਬਹੁਤ ਕੰਮ (ਆਉਣ ਵਾਲੀ ਭਾਵ ਸਹਾਇਤਾ ਕਰਨ ਵਾਲੀ ਇਹ ਗਲ ਹੈ ਕਿ ਇਹ ਦੇਹੀ) ਪਰਮਾਤਮਾ ਦਾ ਨਾਮ ਸਿਮਰੇ।੩।੨।

## ਸਾਰੰਸ਼ ਅਤੇ ਸਿਧਾਂਤ

'ਮਾਤੇ' ਪਦ ਦੇ ਅਰਥ ਭਾਵੇਂ 'ਮਸਤ' ਹਨ ਪਰ ਇਥੇ ਅੰਤਰੀਵ ਭਾਵ ਮਾਇਆ ਦੇ ਅਹੰਕਾਰ ਦੀ ਗੂੜ੍ਹੀ ਨੀਂਦ ਵਿਚ ਸੌਣ ਦਾ ਹੈ। ਗੁਰੂ ਦੇ ਗਿਆਨ ਅਥਵਾ ਨਾਮ-ਸਿਮਰਨ ਵਿਚ ਕੋਈ ਨਹੀਂ ਜਾਗਦਾ 'ਸਭ ਮਤ ਮਾਤੇ ਕੋਊ ਨ ਜਾਗ' ਦਾ ਵੀਚਾਰ ਧਿਆਨ ਨਾਲ ਸੁਣਨ ਵਾਲਾ ਹੈ। ਅਗਿਆਨਤਾ ਦੀ ਨੀਂਦ ਨੇ ਸਭ ਨੂੰ ਦਬਾਇਆ ਹੋਇਆ ਹੈ। ਜਿਵੇਂ ਗੁਰਵਾਕ ਹਨ :

**ਨੈਨਹੁ ਨੀਦ ਪਰਦ੍ਰਿਸਟਿ ਵਿਕਾਰ ॥ ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥**

**ਰਸਨਾ ਸੋਈ ਲੋਭਿ ਮੀਠੈ ਸਾਦਿ ॥ ਮਨੁ ਸੋਇਆ ਮਾਇਆ ਬਿਸਮਾਦਿ॥[ਪੰ. ੧੯੨**

ਜਾਗਣਾ ਤੇ ਸੌਣਾ ਕਈ ਪ੍ਰਕਾਰ ਦਾ ਹੈ। ਕੋਈ ਚੋਰੀ ਕਰਨ ਲਈ ਕੋਈ ਵਿਸ਼ੇ ਵਿਕਾਰ ਭੋਗਣ ਲਈ, ਜਾਗਦਾ ਹੈ। ਕੋਈ ਵਿਦਿਆ ਪੜ੍ਹਨ ਲਈ ਜਾਗਦਾ ਹੈ, ਕੋਈ ਜੂਆ ਖੇਡਣ ਦੀ ਖਾਤਰ ਜਾਗਦਾ ਹੈ। ਕੋਈ ਸਿਨਮੇ, ਟੀ. ਵੀ. ਤੇ ਪਿਕਚਰਾਂ ਵੇਖਣ ਲਈ ਅੱਧੀ ਰਾਤ ਤਕ ਜਾਗਦਾ ਹੈ, ਕੋਈ ਕਾਰਖ਼ਾਨੇ ਵਿਚ ਨੌਕਰੀ ਕਰਕੇ ਜਾਗਦਾ ਹੈ। ਕੋਈ ਬੀਮਾਰੀ ਕਾਰਨ ਦੁਖੀ ਹੋ ਕੇ ਜਾਗਦਾ ਹੈ; ਦੁਕਾਨਦਾਰ ਵੀ ਜਾਗਦਾ ਹੈ, ਪਹਿਰੇਦਾਰ ਵੀ ਜਾਗਦਾ ਹੈ। ਗਲ ਕੀ ਹਰ ਜੀਵ ਉਤੇ ਮਾਇਆ ਦੀ ਅਗਿਆਨਤਾ ਰੂਪੀ ਨੀਂਦ ਨੇ ਆਪਣਾ ਹੀ ਗ਼ਲਬਾ ਪਾਇਆ ਹੋਇਆ ਹੈ। ਯਾਦ ਰੱਖੋ, ਅਜਿਹਾ ਜਾਗਣਾ ਨਿਰਾਰਥਕ ਹੈ। ਅਸਲੀ ਜਾਗਣਾ ਗੁਰਮੁਖਾਂ ਦਾ ਹੈ ਜੋ ਪਰਮਾਤਮਾ ਦਾ ਨਾਮ-ਸਿਮਰਨ ਕਰਨ ਲਈ ਜਾਗਦੇ ਹਨ। ਗੁਰਵਾਕ ਹਨ :-

**ਜਾਗਨਾ ਜਾਗਨ ਨੀਕਾ, ਹਰਿ ਕੀਰਤਨ ਮਹਿ ਜਾਗਨਾ ॥** [ਪੰਨਾ ੧੦੧੮

ਇਹ ਜਾਗਣਾ ਮਨੁਖ ਦੇ ਬਹੁਤ ਕੰਮ ਆਉਣ ਵਾਲਾ ਹੈ। ਰਾਮ ਨਾਮ ਦਾ ਚਿੰਤਨ ਕਰਨ ਲਈ ਜਾਗਣਾ ਸੁਖਦਾਇਕ ਹੈ। ਜੇ ਕੋਈ ਪੁਛੇ ਕਿ ਸਹੀ ਅਰਥਾਂ ਵਿਚ ਕੌਣ ਜਾਗਦਾ ਹੈ ? ਤਾਂ ਗੁਰਬਾਣੀ ਚੋਂ

ਸਾਨੂੰ ਇਸ ਪ੍ਰਸ਼ਨ ਦਾ ਉਤਰ ਇਉਂ ਮਿਲਦਾ ਹੈ :-

੧. ਸੋ ਜਾਗੈ ਜਿਸੁ ਪ੍ਰਭੁ ਕਿਰਪਾਲੁ ॥ [ਪੰਨਾ ੧੯੨

੨. ਸੋ ਜਾਗੈ, ਜਾਗਾਵੈ ਸੋਈ ॥ [ਪੰਨਾ ੪੨੩

੩. ਸੋ ਜਾਗੈ ਜੋ ਏਕੋ ਜਾਣੈ ॥ [ਪੰਨਾ ੧੧੨੮

੪. ਸੋ ਜਾਗੈ ਜੋ ਤਤੁ ਬੀਚਾਰੈ ॥ [ਪੰਨਾ ੧੧੨੮

ਜਿਹੜੇ ਸੁਤੇ ਰਹੇ ਉਨ੍ਹਾਂ ਨੇ ਸੰਸਾਰ ਵਿਚ ਆ ਕੇ ਕੁਝ ਨਹੀਂ ਖਟਿਆ। ਕਈ ਬਾਹਰੋਂ ਭਾਵੇਂ ਜਾਗਦੇ ਹੋਏ ਦਿਸਦੇ ਹਨ ਪ੍ਰੰਤੂ ਉਹ ਵੀ ਮੋਹ ਮਾਇਆ ਵਿਚ ਸੁਤੇ ਹੋਏ ਹੁੰਦੇ ਹਨ। ਗੁਰੂ ਜੀ ਫੁਰਮਾਉਂਦੇ ਹਨ :

ੳ. ਜਾਗਤੁ ਸੋਇਆ ਜਨਮੁ ਗਵਾਇਆ ॥
ਮਾਲੁ ਧਨੁ ਜੋਰਿਆ, ਭਇਆ ਪਰਾਇਆ ॥ [ਪੰਨਾ ੭੯੨

ਅ. ਕਹੁ ਕਬੀਰ ਤਬ ਹੀ ਨਰ ਜਾਗੈ॥ ਜਮ ਕਾ ਡੰਡੁ ਮੂੰਡ ਮਹਿ ਲਾਗੈ ॥ [ਪੰ. ੮੭੫

ਅਸਲੀ ਜੀਵਨ ਜਾਗ੍ਰਤ ਅਵਸਥਾ ਵਿਚ ਹੈ :

੧. ਜਾਗਸਿ ਜੀਵਣ ਜਾਗਣਹਾਰਾ ॥ ਸੁਖ ਸਾਗਰ ਅੰਮ੍ਰਿਤ ਭੰਡਾਰਾ॥[ਪੰ. ੧੩੩੦

੨. ਜਾਗੁ ਸਲੋਨੜੀਏ ਬੋਲੈ ਗੁਰਬਾਣੀ ਰਾਮ ॥ [ਪੰਨਾ ੮੪੪

੩. ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥ [ਪੰਨਾ ੪੫੯

ਸਿਧਾਂਤ ਇਹ ਹੈ ਕਿ ਗੁਰੂ ਦੀ ਬਾਣੀ ਜੋ ਸਚੀ ਤੇ ਅੰਮ੍ਰਿਤ-ਧਾਰ ਹੈ, ਜਿਸ ਨੂੰ ਮਿਠੀ ਲਗ ਗਈ, ਜਾਨੋ ਉਹ ਜੀਵਨ ਮੁਕਤ ਹੋ ਗਿਆ। ਸ੍ਰੀ ਗੁਰੂ ਅਮਰਦਾਸ ਜੀ ਦੇ ਅਨੰਦੁ ਬਾਣੀ ਵਿਚ ਪੰਨਾ ੯੨੦ ਉਤੇ ਦਰਜ ਪਾਵਨ ਬਚਨ ਸਾਨੂੰ ਇਉਂ ਅਗਵਾਈ ਬਖਸ਼ਦੇ ਹਨ :-

ਤਿਹੀ ਗੁਣੀ ਸੰਸਾਰ ਭ੍ਰਮਿ ਸੁਤਾ, ਸੁਤਿਆ ਰੈਣਿ ਵਿਹਾਣੀ ॥
ਗੁਰ ਕਿਰਪਾ ਤੇ ਸੇ ਜਨ ਜਾਗੇ,
ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ ॥
ਕਹੈ ਨਾਨਕ ਸੋ ਤਤੁ ਪਾਏ,
ਜਿਸਨੋ ਅਨਦਿਨੁ ਹਰਿ ਲਿਵ ਲਾਗੈ, ਜਾਗਤ ਰੈਣਿ ਵਿਹਾਣੀ॥

**ਜੋਇ, ਖਸਮੁ ਹੈ ਜਾਇਆ ॥ ਪੂਤਿ, ਬਾਪੁ ਖੇਲਾਇਆ ॥ ਬਿਨੁ ਸ੍ਰਵਣਾ, ਖੀਰੁ ਪਿਲਾਇਆ ॥੧॥ ਦੇਖਹੁ ਲੋਗਾ, ਕਲਿ ਕੋ ਭਾਉ ॥ ਸੁਤਿ ਮੁਕਲਾਈ, ਅਪਨੀ ਮਾਉ ॥੧॥ ਰਹਾਉ ॥ ਪਗਾ ਬਿਨੁ, ਹੁਰੀਆ ਮਾਰਤਾ ॥ ਬਦਨੈ ਬਿਨੁ, ਖਿਰ ਖਿਰ ਹਾਸਤਾ ॥ ਨਿਦ੍ਰਾ ਬਿਨੁ, ਨਰੁ ਪੈ ਸੋਵੈ ॥ ਬਿਨੁ ਬਾਸਨ, ਖੀਰੁ ਬਿਲੋਵੈ ॥੨॥ ਬਿਨੁ ਅਸਥਨ, ਗਊ ਲਵੇਰੀ ॥ ਪੈਡੇ ਬਿਨੁ, ਬਾਟ ਘਨੇਰੀ ॥ ਬਿਨੁ ਸਤਿਗੁਰ, ਬਾਟ ਨ ਪਾਈ ॥ ਕਹੁ ਕਬੀਰ ਸਮਝਾਈ ॥੩॥੩॥**

**ਪਦ ਅਰਥ** : ਜੋਇ-(ਮਾਇਆ) ਇਸਤ੍ਰੀ ਨੇ । ਖਸਮੁ-ਮਾਲਕ, ਪਤੀ । ਜਾਇਆ-ਜਨਮ ਦਿਤਾ । ਪੂਤਿ-ਪੁੱਤਰ ਨੇ । ਖੇਲਾਇਆ-ਖਿਡਾਇਆ। ਬਿਨ ਸ੍ਰਵਣਾ-ਥਣਾ ਤੋਂ ਬਿਨਾ । ਖੀਰੁ-ਦੁੱਧ ।੧। ਲੋਗਾ-ਹੇ ਲੋਕੋ ! । ਕਲਿ ਕੋ-ਕਲਜੁਗ ਦਾ । ਭਾਉ-ਪ੍ਰਭਾਵ । ਸੁਤਿ-ਪੁੱਤਰ ਨੇ । ਮੁਕਲਾਈ-ਵਿਆਹ ਲਈ । ਮਾਉ-ਮਾਂ ।੧। ਰਹਾਉ । ਪਗਾ ਬਿਨੁ-ਪੈਰਾਂ ਤੋਂ ਬਿਨਾ । ਹੁਰੀਆ ਮਾਰਤਾ-ਛਾਲਾਂ ਮਾਰਦਾ ਹੈ । ਬਦਨੇ ਬਿਨੁ-ਮੂੰਹ ਬਿਨਾ । ਖਿਰ ਖਿਰ ਹਾਸਤਾ-ਖਿੜ ਖਿੜ ਹਸਦਾ ਹੈ । ਨਿਦ੍ਰਾ ਬਿਨੁ-ਨੀਦ ਤੋਂ ਬਿਨਾਂ । ਨਰੁ-ਮਨੁੱਖ । ਸੋਵੈ-(ਮੰਜੇ ਤੇ) ਪੈ ਕੇ ਸੌਂਦਾ ਹੈ । ਬਿਨੁ ਬਾਸਨ-ਭਾਂਡੇ ਤੋਂ ਬਿਨਾਂ । ਖੀਰੁ-ਦੁੱਧ । ਬਿਲੋਵੈ-ਰਿੜਕਦਾ ਹੈ ।੨। ਅਸਥਨ-ਥਣ । ਗਊ-ਗਾਂ । ਪੈਡੇ ਬਿਨ-ਸਫਰ ਕੀਤੇ ਬਿਨਾ । ਵਾਟੁ ਘਨੇਰੀ-ਲੰਮੀ ਵਾਟ, ਲੰਮਾਂ ਰਸਤਾ । ਬਾਟ-ਜੀਵਨ ਦਾ ਰਸਤਾ ।੩। ਹਥ ਲਿਖਤ ਸਰੂਪਾ ਵਿਚ 'ਨਿੰਦ੍ਰਾ' ਪਾਠ ਅੰਕਿਤ ਹੈ ।

**ਅਰਥ** : (ਹੇ ਭਾਈ !) ਇਸਤ੍ਰੀ (ਮਾਇਆ) ਨੇ (ਮਨ) ਨੂੰ ਜਨਮ ਦਿਤਾ ਹੈ (ਜੋ ਉਸਦਾ ਖਸਮ ਬਣ ਕੇ ਫਿਰ ਉਸ ਨੂੰ ਭੋਗਦਾ ਹੈ) । (ਮਨ) ਪੁਤਰ ਨੇ (ਆਤਮਾ) ਬਾਪ ਨੂੰ ਖਿਡਾਇਆ (ਭਾਵ ਆਪਣਾ ਦਬੇਲ ਬਣਾਇਆ ਹੋਇਆ ਹੈ) । ਬਿਨਾ (ਅਨੰਦ ਰੂਪ) ਥਣਾਂ ਦੇ (ਮਨ ਜੀਵਾਤਮਾ ਨੂੰ ਭੋਗਾਂ ਦਾ) ਦੁਧ ਪਿਲਾ ਰਿਹਾ ਹੈ ।੧।

ਹੇ ਲੋਕੋ ! ਕਲਜੁਗ ਦਾ ਪ੍ਰਭਾਵ ਵੇਖੋ । (ਮਨ) ਪੁਤਰ ਨੇ ਆਪਣੀ ਮਾਂ (ਮਾਇਆ) ਨੂੰ ਵਿਆਹ ਲਿਆ ਹੈ ।੧। ਰਹਾਉ । (ਹੇ ਲੋਕੋ ! ਮਨ) ਪੈਰਾਂ ਤੋਂ ਬਿਨਾਂ ਹੀ ਛਾਲਾਂ ਮਾਰਦਾ ਫਿਰਦਾ ਹੈ । ਬਿਨਾ ਮੂੰਹ ਦੇ ਖਿੜ ਖਿੜ ਹਸਦਾ ਫਿਰਦਾ ਹੈ । ਮਨ (ਜੋਤ ਸਰੂਪ ਹੋਣ ਕਰਕੇ ਅਗਿਆਨਤਾ ਦੀ) ਨੀਂਦਾ ਤੋਂ ਬਿਨਾ ਹੈ, ਪ੍ਰੰਤੂ (ਲੰਮਾ) ਪੈ ਪੈ ਕੇ (ਭਾਵ ਲੰਮੀਆਂ ਤਾਣ ਕੇ) ਸੁਤਾ ਪਿਆ ਹੈ । ਭਾਂਡੇ ਤੋਂ ਬਿਨਾ ਦੁਧ ਰਿੜਕ ਰਿਹਾ ਹੈ (ਭਾਵ ਵਿਅਰਥ ਸਮਾਂ ਗਵਾ ਰਿਹਾ ਹੈ) ।੨।

ਬਿਨਾਂ ਥਣਾਂ ਦੇ (ਮਾਇਆ ਰੂਪ) ਗਾਂ ਲਵੇਰੀ ਹੈ । (ਭਾਵ ਅਸਲ ਸੁਆਦ ਨਹੀਂ ਹੈ, ਪਰ ਮਨ ਬਣਾਈ ਬੈਠਾ ਹੈ)। ਪੈਂਡੇ ਤੋਂ ਬਿਨਾਂ ਹੀ ਲੰਮੀ ਵਾਟ (ਵਿਚ ਪਿਆ ਹੈ)। (ਹੇ ਭਾਈ!)ਕਬੀਰ ਜੀ (ਲੋਕਾਂ ਨੂੰ) ਸਮਝਾ ਕੇ ਦਸਦੇ ਹਨ ਕਿ ਸਤਿਗੁਰੂ ਤੋਂ ਬਿਨਾਂ (ਜੀਵਨ ਦਾ ਸਹੀ) ਰਸਤਾ ਨਹੀਂ ਲਭ ਸਕਦਾ ।੩।੩।

## ਸਾਰੰਸ਼ ਅਤੇ ਸਿਧਾਂਤ

ਭਗਤ ਕਬੀਰ ਜੀ ਨੇ ਇਸ ਸ਼ਬਦ ਵਿਚ ਕਲਜੁਗਿ ਦੇ ਪ੍ਰਭਾਵ ਦਾ ਨਮੂਨਾ ਜੋ ਸਾਡੇ ਸਾਹਮਣੇ ਰਖਿਆ ਹੈ, ਉਸ ਤੋਂ ਸਪਸ਼ਟ ਹੈ ਕਿ ਮਨੁੱਖ ਮਾਇਆ ਦੇ ਪ੍ਰਭਾਵ ਹੇਠਾਂ ਉਲਟੀ ਮਤ ਵਾਲਾ ਬਣ ਗਿਆ ਹੈ । ਇਸ ਸ਼ਬਦ ਵਿੱਚ ਅਵਿਦਿਆ ਕਾਰਨ ਕਿਸੇ ਅਸੰਭਵ ਜਾਂ ਸੰਭਵ ਗਲ ਦਾ ਕੋਈ ਵੇਰਵਾ ਨਹੀ, ਅਸਲੀ ਮਾਰਗ ਤੋਂ ਕੁਰਾਹੇ ਪੈਣ ਦਾ ਜ਼ਿਕਰ ਹੈ । ਜੀਵਨ-ਮਾਰਗ ਦੀ ਸਹੀ ਅਗਵਾਈ ਕੇਵਲ ਗੁਰੂ ਤੋਂ ਮਿਲਦੀ ਹੈ ।

ਗਿਆਨ ਰੂਪ ਮਾਰਗ ਦੀ ਸੋਝੀ ਜਿਸ ਨੂੰ ਵੀ ਪ੍ਰਾਪਤ ਹੋਈ ਹੈ, ਗੁਰੂ ਤੋਂ ਹੀ ਹੋਈ ਹੈ । ਸੋ, ਅਵਿਦਿਆ ਦੇ ਬੰਧਨਾਂ ਤੋਂ ਛੁਟਣ ਹਿਤ ਸਤਿਗੁਰ ਨੂੰ ਮਿਲਣ ਦੀ ਲੋੜ ਹੈ ।

'ਦਰਪਣ' ਦੇ ਕਰਤਾ ਨੇ ਇਸ ਸ਼ਬਦ ਵਿਚ ਆਈ ਪੰਕਤੀ 'ਵੇਖਹੁ ਲੋਕਾ ਕਲਿ ਕੋ ਭਾਉ' ਅਤੇ

'ਬਿਨੁ ਸਤਿਗੁਰ ਬਾਟ ਨ ਪਾਈ' ਨੂੰ ਗੁਰੂ ਨਾਨਕ ਦੇਵ ਜੀ ਦੇ ਰਚੇ ਸ਼ਬਦ 'ਨਾਰਦ ਨਾਚੈ ਕਲਿ ਕਾ ਭਾਉ (ਪੰ. ੩੪੯) ਅਤੇ 'ਵਿਣੁ ਸਤਿਗੁਰ ਵਾਟ ਨਾ ਪਾਵੈ' (ਪੰ. ੪੭੦) ਦੋਹਾਂ ਦੇ ਮੇਲ, ਤੋਂ ਇਹ ਸਿੱਟਾ ਕਢਿਆ ਹੈ ਕਿ 'ਇਹ ਕੁਦਰਤੀ ਗਲ ਸੀ ਕਿ ਜਿਥੇ ਕਿਤੇ ਇਹਨਾਂ ਨੂੰ ਆਪਣੇ ਹਮ ਖਿਆਲ ਦੀ ਦਸ ਪਏ ਉਸ ਨੂੰ ਮਿਲਣ ਜਾਂ ਉਸ ਦੀ ਬਾਣੀ ਹਾਸਲ ਕਰਨ' ਦਾ ਜਤਨ ਕਰਨ।'

ਸਾਨੂੰ ਗੁਰਬਾਣੀ ਇਹ ਸੰਕੇਤ ਦਿੰਦੀ ਹੈ ਕਿ 'ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥ ਨਿਰੰਕਾਰਿ ਆਕਾਰ ਜੋਤਿ ਜਗ ਮੰਡਲ ਕਰਿਯਉ'। ਕੀ ਸੰਸਾਰ ਗੁਰੂ ਸਾਹਿਬ ਦੇ ਬਚਨਾਂ ਦਾ ਸੰਗ੍ਰਹਿ ਕਰਦਾ ਰਿਹਾ ਹੈ ਜਾਂ ਗੁਰੂ ਸਾਹਿਬ ਸੰਸਾਰ ਦੇ ਲੋਕਾਂ ਨੂੰ ਰਬੀ ਬਾਣੀ ਸਗ੍ਰਹਿ ਕਰਕੇ ਉਪਦੇਸ਼ ਦੇਂਦੇ ਰਹੇ ? ਅਜਿਹੇ ਵੀਚਾਰ ਗੁਰਮਤਿ ਜਗਿਆਸੂ ਨੂੰ ਗਲਤ ਦਸ਼ਾ ਪਰਦਾਨ ਕਰਦੇ ਹਨ।

ਉਪ੍ਰੋਕਤ ਵੀਚਾਰ ਪੜ੍ਹ ਕੇ ਸਰਧਾਲੂ ਸਿਖਾਂ ਦੇ ਮਨ ਵਿਚ ਇਹ ਪ੍ਰਸ਼ਨ ਉਠਦਾ ਹੈ ਕਿ ਕੀ ਗੁਰੂ ਨਾਨਕ ਦੇਵ ਜੀ ਨੂੰ ਬਾਹਰੋਂ ਗਿਆਨ ਪ੍ਰਾਪਤ ਕਰਨ ਦੀ ਲੋੜ ਪਈ ਜਿਸ ਕਰਕੇ ਕਬੀਰ ਜੀ ਸ਼ਬਦਾਵਲੀ ਨੂੰ ਆਪ ਜੀ ਨੇ ਵਰਤਿਆ। ਇਸ ਬਾਰੇ ਵੇਖੋ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ ਸਟੀਕ ਦੀ ਚੋਥੀ ਪੋਥੀ ਦਾ ਪੰਨਾ ਪ੬੯-੭੦।

**ਪ੍ਰਹਲਾਦ ਪਠਾਏ, ਪੜਨਸਾਲ ॥ ਸੰਗਿ ਸਖਾ ਬਹੁ ਲੀਏ ਬਾਲ ॥ ਮੋਕਉ ਕਹਾ ਪੜ੍ਹਾਵਸਿ ਆਲ ਜਾਲ ॥ ਮੇਰੀ ਪਟੀਆ ਲਿਖਿ ਦੇਹੁ, ਸ੍ਰੀ ਗੋੁਪਾਲ ॥੧॥ ਨਹੀ ਛੋਡਉ ਰੇ ਬਾਬਾ, ਰਾਮ ਨਾਮ ॥ ਮੇਰੋ, ਅਉਰ ਪੜ੍ਹਨ ਸਿਉ ਨਹੀ ਕਾਮੁ ॥੧॥ ਰਹਾਉ ॥ ਸੰਡੈ ਮਰਕੈ, ਕਹਿਓ ਜਾਇ ॥ ਪ੍ਰਹਲਾਦ ਬੁਲਾਏ ਬੇਗਿ ਧਾਇ ॥ ਤੂ ਰਾਮ ਕਹਨ ਕੀ ਛੋਡਿ ਬਾਨਿ ॥ ਤੁਝੁ ਤੁਰਤੁ ਛਡਾਊ, ਮੇਰੋ ਕਹਿਓ ਮਾਨਿ ॥੨॥ ਮੋ ਕਉ ਕਹਾ ਸਤਾਵਹੁ, ਬਾਰ ਬਾਰ ॥ ਪ੍ਰਭਿ, ਜਲ ਥਲ ਗਿਰਿ ਕੀਏ ਪਹਾਰ ॥ ਇਕੁ ਰਾਮੁ ਨ ਛੋਡਉ, ਗੁਰਹਿ ਗਾਰਿ ॥ ਮੋ ਕਉ ਘਾਲਿ ਜਾਰਿ, ਭਾਵੈ ਮਾਰਿ ਡਾਰਿ ॥੩॥ ਕਾਢਿ ਖੜਗੁ, ਕੋਪਿਓ ਰਿਸਾਇ ॥ ਤੁਝ ਰਾਖਨਹਾਰੋ, ਮੋਹਿ ਬਤਾਇ ॥ ਪ੍ਰਭ ਥੰਭ ਤੇ ਨਿਕਸੇ, ਕੈ ਬਿਸਥਾਰ ॥ ਹਰਨਾਖਸੁ ਛੇਦਿਓ, ਨਖ ਬਿਦਾਰ ॥੪॥ ਓਇ ਪਰਮ ਪੁਰਖ, ਦੇਵਾਧਿ ਦੇਵ ॥ ਭਗਤ ਹੇਤਿ, ਨਰਸਿੰਘ ਭੇਵ ॥ ਕਹਿ ਕਬੀਰ, ਕੋ ਲਖੈ ਨ ਪਾਰ ॥ ਪ੍ਰਹਲਾਦ ਉਧਾਰੇ, ਅਨਿਕ ਬਾਰ ॥੫॥੪॥**

## ਉਚਾਰਨ ਸੇਧ

**ਬਿੰਦੀ ਸਹਿਤ :** ਮੋਕਉਂ, ਕਹਾਂ, ਨਹੀਂ ਛੋਡਉਂ, ਛਡਾਊਂ, ਗੁਰਹਿੰ।

**ਫੁਟਕਲ :** ਗੋੁਪਾਲੁ ਨੂੰ ਗੁਪਾਲ' ਪੜ੍ਹਨਾ ਹੈ।

**ਪਦ ਅਰਥ :** ਪਠਾਏ-ਭੇਜੇ। ਪੜਨਸਾਲ-ਪਾਠਸ਼ਾਲਾ ਵਿਚ। ਸੰਗਿ-(ਆਪਣੇ) ਨਾਲ। ਸਖਾ-(ਮਿਤਰ) ਸਾਥੀ। ਬਹੁ-ਬਹੁਤ ਸਮਾਂ। ਬਾਲ-ਬਾਲਕ। ਮੋਕਉ-ਮੈਨੂੰ। ਕਹਾ ਪੜ੍ਹਾਵਸਿ-ਤੂੰ ਕਿਉਂ

ਪੜ੍ਹਾਉਂਦਾ ਹੈਂ ? । ਆਲ ਜਾਲ-ਘਰ ਦੇ (ਦੁਨਿਆਵੀ) ਧੰਧੇ । ਪਟੀਆ-ਪੱਟੀ ਉਤੇ । ਨਹੀ ਛੋਡਉ-ਮੈਂ ਨਹੀਂ ਛਡਾਂਗਾ । ਰੇ ਬਾਬਾ-ਹੇ ਪਾਂਧਾ ਜੀ!। ਅਉਰ-ਹੋਰ । ਕਾਮੁ-ਕੰਮ ।੧। ਰਹਾਉ । ਜਾਇ-ਜਾ ਕੇ । ਬੇਗਿ ਧਾਇ-ਛੇਤੀ ਨਾਲ ਦੌੜ ਕੇ ਗਿਆ । ਬਾਨਿ-ਆਦਤ । ਤੁਰਤੁ-ਫੌਰਨ । ਛਡਾਊ-ਮੈਂ ਛਡਾਵਾਂਗਾ । ਮਾਨਿ-ਮੰਨ ਲੈ ।੨। ਕਹਾ ਸਤਾਵਹੁ-ਕਿਉਂ ਸਤਾਂਦੇ ਹੋ ? । ਪ੍ਰਭਿ-ਪ੍ਰਭੂ ਨੇ । ਜਲ-ਪਾਣੀ । ਥਲ-ਧਰਤੀ । ਗਿਰਿ-ਪਹਾੜ । ਗੁਰਹਿ-ਗੁਰੂ ਨੂੰ । ਗਾਰਿ-ਗਾਲ੍ਹ । ਘਾਲਿ ਜਾਰਿ-ਸਾੜ ਦੇਹ । ਮਾਰਿ ਡਾਰ-ਮਾਰ ਦੇ ।੩। ਕਾਢਿ ਖੜਗੁ-ਤਲਵਾਰ ਕਢ ਕੇ । ਕੋਪਿਓ-ਕ੍ਰੋਧ ਵਿਚ ਆਇ । ਰਿਸਾਇ-ਖਿੱਝ ਕੇ । ਮੋਹਿ-ਮੈਨੂੰ । ਬਤਾਇ-ਦੱਸ । ਤੇ-ਤੋਂ । ਨਿਕਸੇ-ਨਿਕਲ ਗਏ। ਕੈ ਬਿਸਥਾਰੁ-ਵਿਸਥਾਰ ਕਰ ਕੇ। ਛੇਦਿਓ-ਚੀਰ ਦਿਤਾ । ਨਖ-ਨਹੁੰਆਂ ਨਾਲ । ਬਿਦਾਰ-ਪਾੜ ਦਿਤਾ ।੪। ਦੇਵਾਧਿ ਦੇਵ-ਦੇਵਤਿਆਂ ਦਾ ਵੱਡਾ ਦੇਵਤਾ । ਭਗਤ ਹੇਤਿ-ਭਗਤੀ ਦੀ ਖਾਤਰ । ਭੇਵ-ਰੂਪ । ਕੋ-ਕੋਈ । ਪਾਰ-ਅੰਤ । ਉਧਾਰੇ-ਬਚਾਏ । ਅਨਿਕ ਬਾਰ-ਬਹੁਤ ਵਾਰੀ ।੫।

**ਅਰਥ :** (ਹਰਨਾਖਸ਼ ਨੇ) ਪ੍ਰਹਿਲਾਦ (ਭਗਤ ਜੀ) ਪਾਠਸ਼ਾਲਾ ਵਿਚ (ਵਿਦਿਆ ਪੜ੍ਹਨ ਲਈ) ਭੇਜ ਦਿਤੇ । (ਪ੍ਰਹਿਲਾਦ ਆਪਣੇ) ਨਾਲ ਬਹੁਤ ਸਾਰੇ ਬਾਲਕ ਸਾਥੀ ਲੈ ਕੇ (ਪਾਠਸ਼ਾਲਾ ਵਿਚ ਗਏ) । (ਸੰਡਾ ਤੇ ਮਰਕਾ ਜਦੋਂ ਦੁਨਿਆਵੀ ਵਿਦਿਆ ਪੜ੍ਹਾਉਣ ਲਗੇ ਤਾਂ ਪ੍ਰਹਿਲਾਦ ਜੀ ਨੇ ਕਿਹਾ) ਮੈਨੂੰ ਤੂੰ ਦੁਨਿਆਵੀ ਧੰਧਿਆਂ ਵਾਲੀ (ਵਿਦਿਆ) ਕਿਉਂ ਪੜ੍ਹਾਉਂਦਾ ਹੈ ? ਮੇਰੀ ਪਟੀ ਉਤੇ 'ਸ੍ਰੀ ਗੁਪਾਲ' ਲਿਖ ਕੇ (ਪਟੀ) ਮੇਰੇ ਹਵਾਲੇ ਕਰੋ ।੧।

ਹੇ ਬਾਬਾ ! (ਭਾਵ ਪਾਂਧਾ ਜੀ !) ਮੈਂ ਪਰਮਾਤਮਾ ਦਾ ਨਾਮ (ਲਿਖਣਾ ਤੇ ਜਪਣਾ) ਨਹੀਂ ਛਡਾਂਗਾ (ਝੂਠੀ ਵਿਦਿਆ) ਪੜ੍ਹਨ ਨਾਲ ਮੇਰਾ (ਉਕਾ ਕੋਈ) ਕੰਮ (ਵਾਸਤਾ) ਨਹੀਂ ਹੈ ।੧। ਰਹਾਉ ।

(ਪ੍ਰਹਿਲਾਦ ਜੀ ਨੇ ਜੋ ਕੁਝ ਕਿਹਾ, ਉਹ) ਸੰਡੇ ਤੇ ਮਰਕੇ ਨੇ (ਹਰਨਾਖਸ਼ ਨੂੰ) ਜਾ ਦਸਿਆ । (ਭਾਵ ਸ਼ਿਕਾਇਤ ਕੀਤੀ ਜਿਸ ਕਰਕੇ ਹਰਨਾਕਸ਼ ਨੇ) ਪ੍ਰਹਿਲਾਦ ਨੂੰ ਬੁਲਾਇਆ (ਅਤੇ ਉਹ) ਛੇਤੀ ਨਾਲ ਦੌੜ ਕੇ ਗਿਆ । (ਪਾਂਧੇ) ਨੇ ਕਹਿਆ ਹੇ ਪ੍ਰਹਿਲਾਦ ! ਤੂੰ ਰਾਮ ਕਹਿਣ ਦੀ ਆਦਤ ਛਡ ਦੇ । (ਤੂੰ) ਮੇਰਾ ਕਹਿਆ ਮੰਨ ਲੈਂ, (ਮੈਂ ਹਰਨਾਕਸ਼ ਤੋਂ) ਤੈਨੂੰ ਛੇਤੀ ਛਡਾ ਲਵਾਂਗਾ ।੨।

(ਪ੍ਰਹਿਲਾਦ ਨੇ ਉਤਰ ਦਿਤਾ, ਹੇ ਪਾਧਾਂ ਜੀ !) ਮੈਨੂੰ ਘੜੀ ਘੜੀ ਕਿਉਂ ਸਤਾਉਂਦੇ ਹੋ । ਜਿਸ ਪਰਮਾਤਮਾ ਨੇ ਪਾਣੀ, ਧਰਤੀ, ਛੋਟੇ ਵਡੇ ਪਹਾੜ ਬਣਾਏ ਹਨ (ਮੈਂ ਉਸ) ਇਕ ਪਰਮਾਤਮਾ ਨੂੰ ਨਹੀਂ ਛਡਾਗਾਂ । (ਜੇ ਰਾਮਨਾਮ ਛੱਡਾਂ ਤਾ ਮੇਰੇ) ਗੁਰੂ ਨੂੰ ਗਾਲ੍ਹ ਲਗਦੀ ਹੈ । ਮੈਨੂੰ ਭਾਵੇਂ (ਤੂੰ) ਸਾੜ ਸੁੱਟ, ਭਾਵੇਂ ਮਾਰ ਸੁੱਟ (ਰਾਮ ਨਾਮ ਜਪਣਾ ਨਹੀ ਛਡਾਗਾਂ) ।੩।

(ਪ੍ਰਹਿਲਾਦ ਦਾ ਉਪ੍ਰਕੋਤ ਉਤਰ ਸੁਣ ਕੇ ਹਰਨਾਕਸ਼) ਖਿਝ ਕੇ ਕ੍ਰੋਧ ਵਿਚ ਆ ਗਿਆ (ਅਤੇ ਮਿਆਨ ਚੋਂ) ਤਲਵਾਰ ਕਢ ਕੇ ਆਖਣ ਲੱਗਾ । ਮੈਨੂੰ ਉਹ ਦੱਸ ਜੋ ਤੈਨੂੰ ਬਚਾਉਣ ਵਾਲਾ ਹੈ ? (ਇਤਨੀ ਗਲ ਕਰਨ ਦੀ ਦੇਰ ਸੀ ਕਿ) ਪ੍ਰਭੂ ਭਿਆਨਕ ਰੂਪ ਧਾਰ ਕੇ ਥੰਮ ਵਿਚੋਂ ਨਿਕਲ ਆਇਆ ਤੇ ਹਰਨਾਕਸ਼ ਨੂੰ ਚੀਰ ਕੇ ਫਾੜ ਦਿੱਤਾ ਭਾਵ ਮਾਰ ਦਿੱਤਾ ।੪।

ਕਬੀਰ ਕਹਿੰਦਾ ਹੈ (ਉਹ ਪ੍ਰਭੂ !) ਪਰਮ ਪੁਰਖ ਦੇਵਤਿਆਂ ਦਾ ਭੀ ਵੱਡਾ ਦੇਵਤਾ ਹੈ । ਕੋਈ

ਜੀਵ ਉਸ ਦੀ ਤਾਕਤ ਦਾ ਅੰਤ ਨਹੀਂ ਪਾ ਸਕਦਾ। ਭਗਤੀ ਦੇ ਪਿਆਰ ਕਰਕੇ (ਪ੍ਰਭੂ ਨੇ) ਨਰਸਿੰਘ ਰੂਪ (ਧਾਰਿਆ ਅਤੇ) ਪ੍ਰਹਿਲਾਦ ਜੀ ਨੂੰ ਅਨੇਕ ਵਾਰੀ (ਕਸ਼ਟਾ ਤੋਂ) ਬਚਾਇਆ।੫।੪।

## ਅਰਥ ਭੇਦ ਅਤੇ ਨਿਰਣੈ

**ਕਾਢਿ ਖੜਗੁ ਕੋਪਿਓ ਰਿਸਾਇ ॥**

ਇਸ ਪੰਕਤੀ ਵਿਚ ਆਏ ਪਦ 'ਕੋਪਓ ਰਿਸਾਇ' ਨੂੰ 'ਕੋ ਪਿਓ ਰਿਸਾਇ' ਵੀ ਪਦ-ਛੇਦ ਕੀਤਾ ਜਾਂਦਾ ਹੈ। ਮਹਾਨ ਕੋਸ਼ ਦੇ ਕਰਤਾ ਨੇ 'ਕੋਪਿਓ' ਕੋਈ ਸ਼ਬਦ ਨਹੀਂ ਦਿਤਾ, ਪਰੰਤੂ 'ਕੋਪਿਆ' (ਵਿ : ਕ੍ਰਧਿਤ-ਗੁਸੇ ਹੋਇਦ) ਅਰਥ ਕੀਤੇ ਹਨ। ਪਰੰਤੂ ਜਿਥੇ 'ਰਿਸਾਇ' ਪਦ ਦਿਤਾ ਹੈ, ਉਥੇ 'ਨਾਹੀ ਤ ਘਰ ਕੋ ਬਾਪੁ ਰਿਸਾਇ' ਵਾਲਾ ਪ੍ਰਮਾਣ ਪਾਠਕਾਂ ਨੂੰ 'ਕੋ ਪਿਓ' ਪਾਠ ਪਦ-ਛੇਦ ਕਰਨ ਦਾ ਸੰਕੇਤ ਤੇ ਪ੍ਰੇਰਨਾ ਦੇਂਦਾ ਹੈ ਜੋ ਕਿ ਠੀਕ ਨਹੀਂ ਹੈ।

ਜਿਥੋਂ ਤਕ ਪੁਰਾਤਨ ਟੀਕਿਆਂ ਦਾ ਸਬੰਧ ਹੈ, ਸਿਵਾਏ ਗਿ. ਬਿਸ਼ਨ ਸਿੰਘ ਦੇ, ਸਭ ਨੇ 'ਕੋਪਿਓ ਪਾਠ ਹੀ ਠੀਕ ਮੰਨਿਆ ਹੈ। 'ਸ਼ਬਦਾਰਥ' ਅਤੇ 'ਦਰਪਣ' ਵਿਚ ਵੀ ਪਾਠ 'ਕੋਪਿਓ ਰਿਸਾਇ' ਹੀ ਅੰਕਿਤ ਹੈ ਜੋ ਵਿਆਕਰਣ ਅਨੁਸਾਰ ਠੀਕ ਹੈ ਕਿਉਂਕਿ 'ਖੜਗੁ' ਪਦ ਦਾ 'ਗ' ਔਂਕੜ ਸਹਿਤ ਹੋਣ ਕਰਕੇ 'ਕੋ' ਸਬੰਧਕੀ ਪਦ ਦੀ ਲੋੜ ਨਹੀ ਰਹਿੰਦੀ। ਇਸੇ ਕਰਕੇ 'ਕੋਪਿਓ' ਪਾਠ ਹੀ ਸ਼ੁੱਧ ਹੈ। ਇਸ ਪੰਕਤੀ ਦੇ ਅਰਥਾਂ ਬਾਰੇ ਟੀਕਾਕਾਰਾਂ ਵਿਚ ਕੋਈ ਵਿਖੇਪਤਾ ਨਹੀਂ ਹੈ।

## ਸਾਰੰਸ਼ ਅਤੇ ਸਿਧਾਂਤ

ਭਗਤ ਪ੍ਰਹਿਲਾਦ ਦਾ ਜਨਮ ਹਰਨਾਕਸ਼ ਦੇ ਘਰ ਮਾਂ ਦਿਆਦੂ ਦੇ ਉਦਰ ਤੋਂ ਹੋਇਆ। ਜਦੋਂ ਦਿਆਦੂ ਗਰਭਵਤੀ ਸੀ ਤਾਂ ਉਹ ਨਾਰਦ ਰਿਸ਼ੀ ਦੇ ਆਸ਼ਰਮ ਵਿਚ ਰਹੀ ਜਿਸ ਦੀ ਸੰਗਤ ਦਾ ਪ੍ਰਭਾਵ ਪ੍ਰਹਿਲਾਦ ਤੇ ਪਿਆ ਅਤੇ ਰਾਮ-ਨਾਮ ਦੇ ਸਿਮਰਨ ਵਿਚੋਂ ਗਰਭ ਤੋਂ ਹੀ ਲਗ ਗਿਆ। ਉਸ ਨੂੰ ਗੁਰੂ ਦਾ ਦ੍ਰਿੜ ਕਰਵਾਇਆ ਉਪਦੇਸ਼ (ਰਾਮ ਨਾਮ ਦਾ ਸਿਮਰਨ) ਨਾਹ ਭੁਲਿਆ। ਇਸ ਸ਼ਬਦ ਦਾ ਸਿਧਾਂਤ ਇਹ ਹੈ ਕਿ ਜਿਸ ਮਨੁੱਖ ਨੂੰ ਪਰਮਾਤਮਾ ਦੇ ਨਾਮ ਉਤੇ ਦ੍ਰਿੜਤਾ ਆ ਜਾਂਦੀ ਹੈ ਉਹ ਨਿਰਭੈ ਹੋ ਜਾਂਦਾ ਹੈ। ਇਸ ਸ਼ਬਦ ਦੇ ਸਾਰੰਸ਼ ਬਾਰੇ ਪੰ. ੧੧੩੩-੧੧੫੪ ਅਤੇ ੧੧੬੫ ਤੇ ਅੰਕਿਤ ਬਾਣੀ ਵਿਚ ਖੁਲ੍ਹੀ ਵੀਚਾਰ ਹੋ ਚੁਕੀ ਹੈ।

ਭਗਤ ਪ੍ਰਹਿਲਾਦ ਜੀ ਦੇ ਜੀਵਨ ਚੋਂ ਇਕ ਵਿਸ਼ੇਸ਼ ਨੁਕਤਾ ਇਹ ਗ੍ਰਹਿਣ ਕਰਨ ਵਾਲਾ ਹੈ ਕਿ ਜਿਸ ਬੱਚੇ ਦੀ ਮਾਂ ਦੀ ਸੁਰਤਿ ਗਰਭਵਤੀ ਹਾਲਤ ਤੋਂ ਹੀ ਪਰਮੇਸ਼ਰ ਦੇ ਨਾਮ ਸਿਮਰਨ ਵਿਚ ਹੁੰਦੀ ਹੋਵੇ, ਉਸ ਦਾ ਬੱਚਾ ਵੱਡੀ ਤੋਂ ਵੱਡੀ ਬਿਪਤਾ ਆਣ ਤੇ ਵੀ ਅਡੋਲ ਰਹਿੰਦਾ ਹੈ। ਇਹੀ ਕਾਰਨ ਹੈ ਕਿ ਸਿਖ ਧਰਮ ਵਿਚ ਗਰਭਵਤੀ ਇਸਤ੍ਰੀਆਂ ਨੂੰ ਗੁਰਬਾਣੀ ਦੇ ਸ਼ਬਦਾਂ ਦਾ ਪਠਨ-ਪਾਠਨ ਕਰਵਾਇਆ ਜਾਂਦਾ ਸੀ ਜਿਸਦਾ ਅਸਰ ਮਾਂ ਦੇ ਪੇਟ ਵਿਚ ਬਚੇ ਤੇ ਅਵੱਸ਼ ਪੈਂਦਾ ਹੈ। ਹੁਣ ਵੀ ਸੁਘੜ ਬੀਬੀਆਂ ਸੁੰਦਰ ਗੁਟਕਿਆਂ ਵਿਚ ਦਿਤੇ ਸ਼ਬਦਾਂ ਦਾ ਨਿਤ ਅਭਿਆਸ ਕਰਨ ਤਾਂ ਉਹ ਨਾ ਕੇਵਲ ਬੀਮਾਰੀਆਂ ਤੋਂ ਹੀ

ਅਰੋਗ ਹੋ ਸਕਦੀਆਂ ਹਨ ਸਗੋਂ ਨਰੋਈ ਸੰਤਾਨ ਨਾਲ ਪੰਥ ਦੀ ਸ਼ਾਨ ਨੂੰ ਚਾਰ ਚੰਨ ਲਾ ਸਕਦੀਆਂ ਹਨ। ਯਥਾ:

**ਕਬੀਰ ਸੋਈ ਕੁਲ ਭਲੀ, ਜਾ ਕੁਲਿ ਹਰਿ ਕੋ ਦਾਸੁ ॥**
**ਜਿਹ ਕੁਲ ਦਾਸੁ ਨ ਊਪਜੈ, ਸੋ ਕੁਲ ਢਾਕੁ ਪਲਾਸੁ ॥** (ਪੰਨਾ ੧੩੭੦

**ਇਸੁ ਤਨ ਮਨ ਮਧੇ, ਮਦਨ ਚੋਰ ॥ ਜਿਨਿ, ਗਿਆਨ ਰਤਨੁ ਹਿਰਿ ਲੀਨ ਮੋਰ ॥ ਮੈ ਅਨਾਥੁ, ਪ੍ਰਭ ਕਹਉ* ਕਾਹਿ ॥ ਕੋ ਕੋ ਨ ਬਿਗੂਤੋ ਮੈ ਕੋ ਆਹਿ ॥੧॥ ਮਾਧਉ, ਦਾਰੁਨ ਦੁਖੁ ਸਹਿਓ ਨ ਜਾਇ ॥ ਮੇਰੋ ਚਪਲ ਬੁਧਿ ਸਿਉ, ਕਹਾ ਬਸਾਇ ॥੧॥ ਰਹਾਉ ॥ ਸਨਕ ਸਨੰਦਨ ਸਿਵ ਸੁਕਾਦਿ ॥ ਨਾਭਿ ਕਮਲ ਜਾਨੇ ਬ੍ਰਹਮਾਦਿ ॥ ਕਬਿ ਜਨ ਜੋਗੀ ਜਟਾਧਾਰਿ ॥ ਸਭ ਆਪਨ ਅਉਸਰ ਚਲੇ ਸਾਰਿ ॥੨॥ ਤੂ ਅਥਾਹੁ, ਮੋਹਿ ਥਾਹ ਨਾਹਿ ॥ ਪ੍ਰਭ ਦੀਨਾਨਾਥ, ਦੁਖੁ ਕਹਉ ਕਾਹਿ ॥ ਮੋਰੋ ਜਨਮ ਮਰਨ ਦੁਖੁ ਆਥਿ ਧੀਰ ॥ ਸੁਖਸਾਗਰ ਗੁਨ ਰਉ ਕਬੀਰ ॥੩॥੫॥**

## ਉਚਾਰਨ ਸੇਧ

**ਬਿੰਦੀ ਸਹਿਤ :** ਸਿਉਂ, ਨਾਹਿੰ।

**ਪਦ ਅਰਥ :** ਮਧੇ-ਵਿਚ। ਮਦਨ-ਕਾਮਦੇਵ। ਜਿਨਿ-ਜਿਸ (ਕਾਮਦੇਵ ਵਰਗਿਆਂ) ਨੇ। ਹਿਰਿ ਲੀਨ-ਚੁਰਾ ਲਿਆ ਹੈ। ਮੋ-ਮੇਰਾ। ਮੈ ਅਨਾਥੁ-ਮੈਂ ਗਰੀਬ ਹਾਂ। ਪ੍ਰਭ-ਹੇ ਪ੍ਰਭੂ ! ਕਹਉ ਕਾਹਿ-ਮੈਂ ਕਿਸ ਨੂੰ ਆਖਾਂ?। ਕੋ ਕੋ-ਕੌਣ ਕੌਣ ? ਬਿਗੂਤੋ-ਖਜਲ, ਖੁਆਰ, ਖਰਾਬ। ਮੈਂ ਕੋ ਆਹਿ-ਮੈਂ ਕੌਣ ਹਾਂ ? (ਭਾਵ ਮੈਂ ਕੀ ਚੀਜ਼ ਹਾਂ) ।੧।

ਮਾਧੋ-ਹੇ ਮਾਇਆ ਦੇ ਪਤੀ, ਪ੍ਰਭੂ!। ਦਾਰੁਨ ਦੁਖ-ਭਿਆਨਕ, ਅਸਹਿ ਦੁਖ। ਸਹਿਓ ਨ ਜਾਇ-ਸਹਾਰਿਆ ਨਹੀਂ ਜਾਂਦਾ। ਚਪਲ-ਚੰਚਲ। ਸਿਉ-ਨਾਲ। ਕਹਾ ਬਸਾਇ-ਕੀ ਵਸ ਚਲ ਸਕਦਾ ਹੈ ? ਭਾਵ ਮੇਰੀ ਉਥੇ ਕੀ ਪੇਸ਼ ਜਾਂਦੀ ਹੈ ।੧। ਰਹਾਉ। ਸਨਕ-ਸਨਕ (ਆਦਿ ਬ੍ਰਹਮਾ ਦੇ ਪੁਤਰ)। ਸੁਕਾਦਿ-ਸੁਕਦੇਵ ਆਦਿਕ। ਨਾਭਿ ਕਮਲ-ਕੰਵਲ ਦੀ ਨਾਭੀ ਤੋਂ। ਜਾਨੇ-ਪੈਦਾ ਹੋਏ। ਬ੍ਰਹਮਾਦਿ-ਬ੍ਰਹਮਾ ਆਦਿਕ। ਕਬਿ ਜਨ-ਕਵੀ ਜਨ। ਅਉਸਰ ਸਾਰਿ-ਸਮਾਂ ਲੰਘਾ ਕੇ ।੨। ਅਥਾਹੁ-ਜਿਸ ਦੀ ਡੂੰਘਾਈ ਦੀ ਹਾਥ ਨ ਆਵੈ। ਥਾਹ-ਡੂੰਘਾਈ। ਮੋਰੇ-ਮੇਰਾ। ਆਥਿ-ਮਾਇਆ। ਧੀਰ-ਧੀਰਜ। ਰਉ-ਸਿਮਰ, ਯਾਦ ਕਰ।

**ਅਰਥ :** (ਹੇ ਭਾਈ !) ਇਸ ਸਰੀਰ ਤੇ ਮਨ ਦੇ ਅੰਦਰ ਕਾਮ ਚੋਰ (ਵਸ ਰਿਹਾ ਹੈ)। ਜਿਸ (ਕਾਮ) ਨੇ (ਆਪਣੇ ਅਸਰ ਤੇ ਜ਼ੋਰ ਨਾਲ) ਮੇਰਾ ਧਿਆਨ ਰੂਪੀ ਰਤਨ (ਮੇਰੇ ਤੋਂ) ਚੁਰਾ ਲਿਆ ਹੈ। ਹੇ ਪ੍ਰਭੂ ! ਮੈਂ ਗਰੀਬ (ਤੇਰੇ ਤੋਂ ਬਿਨਾਂ) ਕਿਸ ਨੂੰ ਜਾ ਕੇ (ਆਪਣਾ ਦੁੱਖ) ਆਖਾਂ (ਭਾਵ ਦੱਸਾਂ)। (ਇਸ ਕਾਮ ਤੋਂ) ਕੌਣ ਕੌਣ ਨਹੀ ਖਰਾਬ ਹੋਇਆ (ਭਾਵ ਇਸ ਦੇ ਅਨੇਕਾਂ ਨੂੰ ਖਜਲ ਖੁਆਰ ਕੀਤਾ ਹੈ) ਇਸ ਦੇ ਅਗੇ ਮੈਂ ਵਿਚਾਰਾ ਕੀ ਚੀਜ਼ ਹਾਂ ? ।੧।

ਹੇ ਵਾਹਿਗੁਰੂ ! ਕਾਮ ਦਾ ਅਕਹਿ ਡਰਾਉਣਾ ਦੁਖ (ਮੇਰੇ ਤੋਂ) ਸਹਾਰਿਆ (ਝਲਿਆ) ਨਹੀਂ ਜਾਂਦਾ। ਚੰਚਲ ਬੁਧੀ ਨਾਲ (ਇਸ ਕਾਮ ਅਗੇ) ਮੇਰਾ ਕੀ ਵਸ ਚਲ ਸਕਦਾ ਹੈ , (ਭਾਵ ਮੇਰੀ ਕੋਈ ਪੇਸ਼ ਨਹੀਂ ਜਾਂਦੀ ਤੁਸੀਂ ਮੇਰੇ ਤੇ ਕਿਰਪਾ ਕਰੋ, ਇਸ ਤੋਂ ਬਚਾਓ) । ਰਹਾਉ ।੧।

ਸਨਕ ਸਨੰਦਨ (ਬ੍ਰਹਮਾਂ ਦੇ ਪੁੱਤਰ) ਸ਼ਿਵ ਜੀ ਸੁਕਦੇਵ (ਨਾਰਦ ਆਦਿ) ਮੁਨੀ, ਕੰਵਲ ਦੀ ਨਾਭੀ ਤੋਂ ਪੈਦਾ ਹੋਏ ਬ੍ਰਹਮਾਂ ਆਦਿਕ, ਕਵੀ ਜਨ (ਬਾਲਮੀਕ ਤੇ ਸ਼ੰਕ੍ਰਚਾਰੀਆ ਆਦਿ) ਗੋਰਖ, (ਮਛਿੰਦਰ ਨਾਥ ਜੋਗੀ) ਅਤੇ ਜਟਾ ਧਾਰਨ ਵਾਲੇ (ਪ੍ਰਾਸ਼ਰ, ਜੈਮਨੀ, ਆਦਿ) ਸਾਰੇ ਹੀ ਆਪੋ ਆਪਣਾ ਸਮਾਂ ਲੰਘਾ ਕੇ (ਇਥੋਂ) ਟੁਰਦੇ ਬਣੇ ।੨।

(ਹੇ ਪ੍ਰਭੂ !) ਤੂੰ ਅਥਾਹ (ਡੂੰਘਾ) ਹੈਂ, ਮੈਨੂੰ (ਤੇਰੀ) ਥਾਹ (ਦਾ ਪਤਾ) ਨਹੀਂ ਹੈ। ਹੇ ਗਰੀਬਾਂ ਦੇ ਸੁਆਮੀ ਪ੍ਰਭੂ ਜੀ ! ਮੈਂ ਆਪਣਾ ਦੁਖ (ਤੇਰੇ ਬਿਨਾ ਹੋਰ) ਕਿਸ ਅੱਗੇ ਦੱਸਾਂ? ਜੰਮਣ ਮਰਨ ਦਾ ਦੁਖ (ਤੇਰੀ) ਮਾਇਆ ਕਰਕੇ ਹੈ (ਇਸ ਲਈ ਮੈਨੂੰ ਇਸ ਮਾਇਆ ਵਲੋਂ) ਧੀਰਜ ਬਖਸ਼ (ਭਾਵ ਸੰਤੋਖ ਦੀ ਦਾਤਿ ਬਖਸ਼) । ਕਬੀਰ (ਜੀ ਆਖਦੇ ਹਨ ਕਿ) ਹੇ ਸੁੱਖਾਂ ਦੇ ਸਮੁੰਦਰ ਜੀ ! ਮੈਂ ਸਭ ਪਾਸੇ ਛਡ ਕੇ ਤੇਰੇ ਗੁਣ ਉਚਾਰਨ ਕਰਦਾ ਹਾਂ। (ਮੈਨੂੰ ਕਾਮ-ਵਾਸ਼ਨਾ ਤੋਂ ਬਚਾਅ ਲਵੋ ਜੀ) ।੩।੫।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਕਬੀਰ ਜੀ ਨੇ ਮਨੁਖ ਦੇ ਸਰੀਰ ਤੇ ਮਨ ਵਿਚ ਜੋ ਕਾਮ-ਚੋਰ ਵਸਦਾ ਹੈ, ਉਸ ਤੋਂ ਵਾਪਰਨ ਵਾਲੇ ਭਿਆਨਕ ਦੁੱਖਾਂ ਦਾ ਨਕਸ਼ਾ ਸਾਡੇ ਸਾਹਮਣੇ ਰਖਿਆ ਹੈ। ਵੱਡੇ ਵੱਡੇ ਵਲੀਆਂ ਤੇ ਬਲੀਆਂ ਨੂੰ ਕਾਮ ਨੇ ਢਾਹਿਆ ਹੈ, ਵੇਖੋ ਬ੍ਰਹਮਾ ਜੋ ਸਭ ਜੀਆਂ ਦੇ ਆਦਿ ਵਿਚ ਕੰਵਲ ਫੁਲ ਦੀ ਨਾਭੀ ਤੋਂ ਜੰਮਿਆ, ਉਹ ਵੀ ਆਪਣੀ ਪੁਤ੍ਰੀ ਸੁਰਸਵਤੀ ਤੇ ਭੁੱਲ ਗਿਆ ਅਤੇ ਸਭ ਧਰਮ ਭੋਗ ਕਰਨ ਦੇ ਬਦਲੇ ਪੰਜਵਾਂ ਸਿਰ ਵਿਸ਼ਨੂੰ ਨੇ ਜਲੰਧਰ ਦੈਂਤ ਦਾ ਰੂਪ ਧਾਰ ਕੇ ਕਟਿਆ। ਸ਼ਿਵ ਨੂੰ ਵੀ ਕਾਮ ਦੇ ਹਥ ਲਗੇ ਹੋਏ ਹਨ ਇੰਦ੍ਰ, ਗੌਤਮ ਤਪੇ ਦੀ ਇਸਤ੍ਰੀ (ਅਹਿਲਿਆ ਉਤੇ) ਲੁਭਾਇਮਾਨ ਹੋਇਆ। ਕਾਮ-ਵਾਸ਼ਨਾ ਵਿਚ ਖੁਆਰ ਹੋਣ ਵਾਲੇ ਕਾਮਵੰਤਿਆਂ ਦੀ ਸੂਚੀ ਬਹੁਤ ਲੰਮੀ ਹੈ। ਵਡੇ ਵਡੇ ਰਿਸ਼ੀ ਇਸ ਕਾਮ ਕੋਲੋਂ ਡਰਦੇ ਹੀ ਰਹੇ। ਜਿਥੇ ਕਾਮ ਹੋਵੇ ਉਥੇ ਪਰਮਾਤਮਾ ਦੇ ਨਾਮ ਦਾ ਕੀ ਕੰਮ?

ਗੁਰਬਾਣੀ ਵਿਚ ਜਗਿਆਸੂਆਂ ਨੂੰ ਕਾਮ ਤੋਂ ਬਚਣ ਲਈ ਇਉਂ ਚੇਤੰਨ ਕੀਤਾ ਗਿਆ ਹੈ:-

**ਹੇ ਕਾਮੰ ਨਰਕ ਬਿਸ੍ਰਾਮੰ, ਬਹੁ ਜੋਨੀ ਭ੍ਰਮਾਵਣਹ ॥**
**ਚਿਤ ਹਰਣੰ ਤ੍ਰੈ ਲੋਕ ਗੰਮ੍ਯੰ, ਜਪ ਤਪ ਸੀਲ ਬਿਦਾਰਣਹ ॥**
**ਅਲਪ ਸੁਖ ਅਵਿਤ ਚੰਚਲ, ਊਚ ਨੀਚ ਸਮਾਵਣਹ ॥**
**ਤਵ ਭੈ ਬਿਮੁੰਚਿਤ ਸਾਧਸੰਗਮ, ਓਟ ਨਾਨਕ ਨਰਾਇਣਹ ॥** [ਪੰਨਾ ੧੩੫੮

ਅਰਥ: ਹੇ ਕਾਮ (ਤੂੰ ਜੀਆਂ ਨੂੰ) ਨਰਕਾਂ ਵਿਚ ਟਿਕਾਣਾ ਦੇਣ ਵਾਲਾ ਬਹੁਤ ਜੂਨਾਂ ਵਿਚ ਭਟਕਾਉਣ ਵਾਲਾ ਹੈਂ। ਹੇ ਕਾਮ ਤੂੰ (ਮਨੁਖ ਦਾ) ਚਿਤ ਮੋਹ ਲੈਣ ਵਾਲਾ, ਤਿੰਨਾ ਲੋਕਾਂ ਵਿਚ ਫਿਰਨ ਵਾਲਾ, ਜਪ ਤਪ ਤੇ ਸੀਲ ਦੇ ਨਾਸ਼ ਕਰਨ ਵਾਲਾ ਹੈਂ। (ਹੇ ਕਾਮ ! ਤੂੰ) ਤੁੱਛ ਸੁੱਖ ਦੇਣ ਵਾਲਾ, ਇਕ ਥਾਂ

ਤੇ ਇਕ ਰਸ ਨਾਹ ਰਹਿਣ ਵਾਲਾ, ਉਚਿਆਂ ਤੇ ਨੀਵਿਆਂ ਵਿਚ (ਇਕ ਸਾਰ) ਸਮਾਉਣ ਵਾਲਾ ਹੈਂ। ਨਾਨਕ ਗੁਰੂ ਜੀ ਫੁਰਮਾਉਂਦੇ ਹਨ (ਹੇ ਕਾਮ !) ਤੇਰੇ ਡਰ ਤੋਂ (ਉਨ੍ਹਾਂ) ਸੰਤਾਂ ਦਾ ਸੰਗ ਕਰਕੇ ਛੁਟ ਸਕੀਦਾ ਹੈ ਜਿਨ੍ਹਾਂ ਨੂੰ ਪਰਮਾਤਮਾ ਦੀ ਓਟ ਹੈ।

'ਵੈਰਾਗ ਸ਼ਤਕ' ਵਿਚ ਰਾਜੇ ਭਰਥਰੀ ਨੂੰ ਅੰਮ੍ਰਿਤ ਫਲ ਮਿਲਣ ਦੀ ਕਹਾਣੀ ਦਾ ਪਿਛੋਕੜ ਵੀ ਕਾਮ-ਵਾਸ਼ਨਾ ਹੈ। 'ਗੁਰਬਾਣੀ ਪਰਬੋਧ' ਵਿਚ ਇਸ ਦਾ ਜ਼ਿਕਰ ਇਸ ਤਰਾਂ ਕੀਤਾ ਹੋਇਆ ਹੈ।

ਚੰਦਰਭਾਨ ਨਾਮ ਕਰਕੇ ਇਕ ਸ੍ਰਿਸ਼ਟ ਬ੍ਰਾਹਮਣ ਸੀ। ਉਹ ਆਪਣੇ ਘਰ ਤੋਂ ਨਿਕਲ ਕੇ ਜੰਗਲ ਵਿਚ ਜਾ ਕੇ (ਦੇਵੀ) ਪਾਰਬਤੀ ਦੀ ਅਰਾਧਨਾ ਕਰਦਾ ਸੀ। ਤਦੋਂ ਪਾਰਬਤੀ ਨੇ ਪ੍ਰਸੰਨ ਹੋ ਕਰ ਚੰਦਰ ਭਾਨ ਨੂੰ ਦਰਸ਼ਨ ਦਿਤਾ ਅਤੇ ਇਕ ਅੰਮ੍ਰਿਤ ਫਲ ਭੀ ਦੇ ਦਿਤਾ। ਤਦੋਂ ਬ੍ਰਾਹਮਣ ਘਰ ਆ ਕੇ ਵਿਚਾਰ ਕਰਨ ਲਗਾ ਕਿ ਇਹ ਅੰਮ੍ਰਿਤ ਫਲ ਖਾ ਕੇ ਮੈਂ ਬੜੀ ਅਵਸਥਾ ਵਾਲਾਹੋ ਜਾਵਾਂਗਾ, ਤਾਂ ਭੀ ਮੈਨੂੰ ਕੋਈ ਸੁਖ ਨਹੀਂ ਹੋਵੇਗਾ, ਕਿਉਂਕਿ ਘਰ ਵਿਚ ਬਹੁਤ ਗਰੀਬੀ ਹੈ, ਤਾਂ ਤੇ ਇਹ ਅੰਮ੍ਰਿਤ ਫਲ ਰਾਜੇ ਭਰਥਰੀ ਨੂੰ ਦੇਣਾ ਉਚਿਤ ਹੈ ਤੇ ਰਾਜਾ ਮੈਨੂੰ ਧਨ ਦੇਵੇਗਾ ਤੇ ਧਨ ਕਰਕੇ ਮੈਂ ਸੁਖ ਪਾਵਾਂਗਾ। ਇਹ ਵਿਚਾਰ ਕੇ ਉਹ ਅੰਮ੍ਰਿਤ ਫਲ ਰਾਜੇ ਭਰਥਰੀ ਨੂੰ ਦੇ ਦਿਤਾ, ਤੇ ਰਾਜਾ ਭਰਥਰੀ ਨੇ ਉਹੀ ਅੰਮ੍ਰਿਤ ਫਲ ਆਪਣੀ ਪਟਰਾਣੀ ਨੂੰ ਦੇ ਦਿਤਾ, ਕਿਉਂਕਿ ਭਰਥਰੀ ਨੂੰ ਰਾਣੀ ਆਪਣੇ ਪ੍ਰਾਣਾਂ ਤੋਂ ਭੀ ਪਿਆਰੀ ਸੀ। ਅਗੇ ਉਸ ਰਾਣੀ ਦੀ ਮੰਦ ਪ੍ਰੀਤੀ ਹਾਥੀਵਾਨ ਦੇ ਨਾਲ ਸੀ, ਇਸ ਕਰਕੇ ਰਾਣੀ ਨੇ ਆਪਣੇ ਨੌਕਰ ਹਾਥੀਵਾਨ ਨੂੰ ਉਹ ਅੰਮ੍ਰਿਤ ਫਲ ਦੇ ਦਿਤਾ। ਅਗੇ ਉਸ ਮਹਾਵਤ ਦੀ ਪਰਮ ਪ੍ਰੀਤੀ ਇਕ ਵੇਸਵਾ (ਗਨਿਕਾ) ਦੇ ਨਾਲ ਸੀ, ਤਾਂਤੇ ਉਸ ਨੇ ਅੰਮ੍ਰਿਤ ਫਲ ਚੰਗਾ ਫਲ ਜਾਣ ਕੇ ਗਨਿਕਾ ਨੂੰ ਦੇ ਦਿਤਾ। ਗਨਿਕਾ ਨੇ ਅੰਮ੍ਰਿਤ ਫਲ ਲੈ ਕੇ ਵਿਚਾਰਿਆ ਕਿ ਜੋ ਮੈਂ ਇਹ ਅੰਮ੍ਰਿਤ ਫਲ ਖਾ ਲੀਤਾ ਤਾਂ ਬਹੁਤ ਚਿਰ ਜੀਵਨ ਕਰਕੇ ਮੰਦਾਂ ਕਰਮ ਹੀ ਕਰਨਾ ਪਏਗਾ ਇਸ ਤਰਾਂ ਦੀ ਵਿਚਾਰ ਕਰਕੇ ਗਨਿਕਾ ਨੇ ਉਹੀ ਅੰਮ੍ਰਿਤ ਫਲ ਪ੍ਰੇਮ ਸਹਿਤ ਰਾਜਾ ਭਰਥਰੀ ਦੇ ਅਗੇ ਲਿਜਾ ਕੇ ਰਖ ਦਿਤਾ ਕਿ ਆਪ ਦਾ ਜੋ ਨੌਕਰ ਹਾਥੀ ਚਲਾਣ ਵਾਲਾ ਹੈ, ਮੈਨੂੰ ਉਸ ਨੇ ਇਹ ਅੰਮ੍ਰਿਤ ਫਲ ਦਿਤਾ ਹੈ। ਫੇਰ ਭਰਥਰੀ ਨੇ ਆਪਣੇ ਨੌਕਰ ਹਾਥੀਵਾਨ ਨੂੰ ਬੁਲਾ ਕੇ ਪੁਛਿਆ, ਤੂੰ ਇਹ ਅੰਮ੍ਰਿਤ ਫਲ ਕਿਥੋਂ ਲਿਤਾ ਹੈ? ਹਾਥੀਵਾਨ ਨੇ ਉਤਰ ਦਿਤਾ ਕਿ ਆਪ ਦੀ ਪਟਰਾਣੀ ਨੇ ਮੈਨੂੰ ਦਿਤਾ ਹੈ। ਇਹ ਵਾਰਤਾ ਸੁਣਕੇ ਭਰਥਰੀ ਨੇ ਸ਼ੌਕ ਨਾਲ ਸਿਰ ਫੇਰਿਆ ਤੇ ਮਥੇ ਤੇ ਹਥ ਮਾਰਿਆ ਅਤੇ ਮੁਖ ਤੋਂ ਕਿਹਾ, ਹਾਏ ! ਅਤੀ ਕਸ਼ਟ,ਅਤੀ ਕਸ਼ਟ ! ਜਿਸ ਰਾਣੀ ਦੇ ਮੋਹ ਕਰਕੇ ਮੈਂ ਸ਼ੁਭ ਕਰਮ ਤਿਆਗ ਦਿਤੇ ਹਨ, ਹੁਣ ਉਸ ਰਾਣੀ ਦਾ ਮੈਂ ਤਿਆਗ ਕਰਕੇ ਸ੍ਰੀ ਸ਼ਿਵ ਜੀ ਦੀ ਅਰਾਧਨਾ ਕਰਾਂਗਾ।

ਬਾਕੀ ਧਰਮਾਂ ਦੇ ਆਗੂ ਕਾਮ ਚੇਸ਼ਟਾ ਵਿਚ ਬਹੁਤ ਲਿਪਾਇਮਾਨ ਹੋਏ, ਪਰ ਵੇਖੋ ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਦਸਮ ਗ੍ਰੰਥ ਵਿਚ ਜੋ ਪਾਖਯਾਨ ਚਰਿਤ੍ਰ ਦਰਜ ਕਰਵਾਏ ਹਨ, ਉਨ੍ਹਾਂ ਤੋਂ ਪਰ-ਨਾਰੀ ਭੋਗਣ ਤੋਂ ਬਚਨ ਲਈ ਬੜੀ ਤਾੜਨਾ ਕੀਤੀ ਹੈ। ਜਿਹੜੇ ਲੋਕ ਤ੍ਰਿਆ ਚਰਿਤ੍ਰਾਂ ਦੇ ਅਧਾਰ ਤੇ ਸ੍ਰੀ ਦਸਮ ਗ੍ਰੰਥ ਦੀ ਵਿਰੋਧਤਾ ਕਰਦੇ ਹਨ, ਉਹ ਅਸਲੀਅਤ ਤੋਂ ਅਨਜਾਣ ਹਨ।

ਨਾਇਕੁ ਏਕੁ, ਬਨਜਾਰੇ ਪਾਚ ॥ ਬਰਧ ਪਚੀਸਕ ਸੰਗੁ ਕਾਚ ॥ ਨਉ ਬਹੀਆਂ, ਦਸ ਗੋਨਿ ਆਹਿ ॥ ਕਸਨਿ ਬਹਤਰਿ ਲਾਗੀ ਤਾਹਿ ॥੧॥ ਮੋਹਿ ਐਸੇ ਬਨਜ ਸਿਉ, ਨਹੀ ਨ ਕਾਜੁ ॥ ਜਿਹ ਘਟੈ ਮੂਲੁ, ਨਿਤ ਬਢੈ ਬਿਆਜੁ ॥ਰਹਾਉ॥ ਸਾਤ ਸੂਤ ਮਿਲਿ ਬਨਜੁ ਕੀਨ ॥ ਕਰਮ ਭਾਵਨੀ, ਸੰਗਿ ਲੀਨ ॥ ਤੀਨਿ ਜਗਾਤੀ, ਕਰਤ ਰਾਰਿ ॥ ਚਲੋ ਬਨਜਾਰਾ,ਹਾਥ ਝਾਰਿ ॥੨॥ ਪੂੰਜੀ ਹਿਰਾਨੀ, ਬਨਜੁ ਟੂਟ ॥ ਦਹਦਿਸ ਟਾਂਡੋ, ਗਇਓ ਫੂਟਿ ॥ ਕਹਿ ਕਬੀਰ, ਮਨ ਸਰਸੀ ਕਾਜ ॥ ਸਹਜਿ ਸਮਾਨੋ ਤ ਭਰਮ ਭਾਜ ॥੩॥੬॥

## ਉਚਾਰਨ ਸੇਧ

**ਬਿੰਦੀ ਸਹਿਤ :** ਪਾਂਚ, ਮਾਹਿੰ, ਲਉਂ, ਸਿਉਂ, ਨਹੀਂ।

**ਪਦ ਅਰਥ :** ੧ ਨਾਇਕੁ-ਸ਼ਾਹ (ਇਕ ਮਨ, ਜੀਵ)। ਬਨਜਾਰੇ-ਵਣਜਾਰੇ, ਵਪਾਰੀ। ਪਾਚ-ਪੰਜ 'ਕਾਮਾਦਿਕ)। ਬਰਧ-ਬਲਦ। ੨ਪਚੀਸ-ਪੰਝੀ (ਪ੍ਰਕ੍ਰਿਤੀਆਂ) ਕਾਮਾਦਿਕ ਤੱਤਾਂ ਦੀਆਂ ਪ੍ਰਕ੍ਰਿਤੀਆਂ। ਸੰਗੁ-ਸਾਥ। ਕਾਚ-ਕੱਚਾ। ਨਉ ਬਹੀਆ-ਨੌਂ ਲੰਮੀਆਂ ਬਾਹੀਆਂ, ਗੋਲਕਾਂ। ਦਸ-ਗਿਆਨ ਤੇ ਕਰਮ ਇੰਦ੍ਰੇ। ਬਹਤਰਿ-ਬਹੱਤਰ ਨਾੜੀਆਂ। ਕਸਨਿ-ਕਸਣ ਵਾਲੀਆਂ ਰਸੀਆਂ। ਲਾਗਿ-ਲਗੀਆਂ ਹੋਈਆਂ ਹਨ। ਤਾਹਿ-ਉਨ੍ਹਾਂ ਨੂੰ।੧। ਮੋਹਿ-ਮੈਨੂੰ। ਬਨਜ ਸਿਉ-ਵਪਾਰ ਨਾਲ। ਕਾਜੁ-ਕੰਮ। ਮੂਲੁ-ਅਸਲ। ਜਿਹੁ-ਜਿਸ ਨਾਲ। ਬਢੈ-ਵਧਦਾ ਹੈ। ਬਿਆਜੁ-ਸੂਦ।੧। ਰਹਾਉ। ਸਾਤ ਸੂਤ-ਸਤ ਸੂਤ੍ (ਭਾਵ ਕਈ ਪ੍ਰਕਾਰ ਦੇ ਵਿਸ਼ੇ ਵਿਕਾਰ)। ਬਨਜੁ-ਵਾਪਾਰ। ਮਿਲਿ-ਮਿਲ ਕੇ। ਕਰਮ ਭਾਵਨੀ-ਕੀਤੇ ਕੰਮਾਂ ਦੇ ਸੰਸਕਾਰ। ਤੀਨਿ-ਤਿੰਨ ਗੁਣ। ਜਗਾਤੀ-ਮਸੂਲੀਏ। ਰਾਰਿ-ਝਗੜਾ। ਚਲੋ-ਟੁਰ ਗਿਆ। ਹਾਥ ਝਾਰਿ-ਹੱਥ ਝਾੜ ਕੇ, ਭਾਵ ਖ਼ਾਲੀ ਹੱਥ। ਪੂੰਜੀ ਹਿਰਾਨੀ-(ਸੁਆਸਾਂ ਰੂਪੀ) ਪੂੰਜੀ ਨਾਸ਼ ਹੋ ਗਈ। ਟਾਂਡੋ-ਕਾਫਲਾ ਭਾਵ ਸ਼ਰੀਰ। ਫੂਟਿ-ਫੁਟ ਕੇ। ਸਰਸੀ-ਸਰ ਜਾਏਗਾ, ਸਵਰ ਜਾਏਗਾ। ਸਹਜਿ ਸਮਾਨ-(ਜਦੋਂ) ਸਹਜ (ਅਵਸਥਾ) ਵਿਚ ਸਮਾ ਜਾਵੇਗਾ। ਭਰਮ ਭਾਜ-ਭਰਮ ਦੂਰ ਹੋ ਜਾਵੇਗਾ।੩।

**ਅਰਥ :** (ਇਸ ਸਰੀਰ ਰੂਪੀ ਹਟ ਦਾ) ਇਕ ਸ਼ਾਹ ਹੈ ਅਤੇ ਪੰਜ ਵਪਾਰੀ ਹਨ ਜੋ ਪੰਝੀਆਂ ਬਲਦਾ ਉਤੇ ਕੱਚਾ (ਝੂਠਾ ਮਾਲ ਲਦ ਕੇ ਆਪਣੇ) ਨਾਲ (ਲਿਜਾ ਰਹੇ ਹਨ)। ਦਸ ਛੱਟਾਂ (ਬੋਰੀਆਂ) ਹਨ (ਜਿਨ੍ਹਾਂ ਨੂੰ ਲਦਣ ਲਈ) ਨੌਂ ਬਾਸਾਂ ਦੀਆਂ ਸੋਟੀਆਂ ਹਨ। ਬਹੱਤਰ ਨਾੜੀਆਂ ਉਨ੍ਹਾਂ (ਛੱਟਾਂ ਨੂੰ ਸਿਉਣ ਲਈ) ਰਸੀਆਂ ਹਨ।੧।

੧-੨ (ਜੀਵ ਇਸ ਸਰੀਰ ਦਾ) ਨਾਇਕ (ਸ਼ਾਹ) ਹੈ, (ਅਗੋਂ ਇਸ ਦੇ) ਪੰਜ (ਗਿਆਨ ਇੰਦ੍ਰੇ) ਵਪਾਰੀ ਹਨ। (ਇਹਨਾਂ ਪੰਜਾਂ ਦਾ ਸਾਥੀ)ਪੰਝੀ ਪ੍ਰਕਿਤੀਆਂ ਹਨ ਜੋ ਪੰਜਾਂ ਤੱਤਾਂ ਦੇ ਗੁਣ ਤੇ ਸੁਭਾਵ ਹਨ।

ਪੰਜ ਤੱਤਾਂ ਦੇ ਪੰਜ ਪੰਜ ਗੁਣ ਤੇ ਉਨ੍ਹਾਂ ਦੇ ਸੁਭਾਵ ਅਤੇ ਇਨ੍ਹਾਂ ਤੋਂ ਸਥੂਲ ਅਤੇ ਲਿੰਗ ਸਰੀਰ ਆਦਿ ਬਣਦੇ ਦਸੇ ਜਾਂਦੇ ਹਨ। ਵੇਰਵਾ ਇਸ ਪ੍ਰਕਾਰ ਹੈ :-

ਪ੍ਰਿਥਵੀ ਦੇ ਪੰਜ ਭਾਗ-ਵੀਰਜ, ਲਹੂ, ਚਰਬੀ, ਪਸੀਨਾ, ਮਲ,
ਵਾਯੂ ਦੇ ਪੰਜ ਹਿਸੇ-ਚਲਣਾ, ਦੌੜਨਾ, ਕੁਦਣਾ, ਫੈਲਣਾ ਤੇ ਸੁਕੜਨਾ
ਜਲ ਦੇ ਪੰਜ ਹਿਸੇ-ਚਲਣਾ, ਦੌੜਨਾ, ਕੁਦਣਾ, ਫੈਲਣਾ ਤੇ ਸੁਕੜਨਾ
ਅਗ ਦੇ ਪੰਜ ਹਿਸੇ-ਤੇਜ, ਭੁਖ, ਤ੍ਰੇਹ, ਨੀਂਦ ਤੇ ਆਲਸ
ਅਕਾਸ਼ ਦੇ ਪੰਜ ਭਾਗ-ਕਾਮ, ਕ੍ਰੋਧ, ਲੋਭ, ਮੋਹ ਹੰਕਾਰ।

੩ ਯੋਗਮਤ ਦੇ ਗ੍ਰੰਥ ਗੋਰਖ ਪੱਧਤਿ ਵਿਚ ਬਹੱਤਰ ਹਜ਼ਾਰ ਨਾੜੀ ਲਿਖੀ ਹੈ। ਜਿਨ੍ਹਾਂ ਵਿਚੋਂ ਮੁੱਖ ਬਹੱਤਰ ਮੰਨੀਆਂ ਹਨ। ਪ੍ਰਾਣ ਸੰਗਲੀ ਵਿਚ ਭੀ ਬਹੱਤਰ ਹਾਟ ਸਰੀਰ ਵਿਚ ਲਿਖੇ ਹਨ "ਬਹਤਰਿ ਘਰਿ ਇਕੁ ਪੁਰਖੁ ਸਮਾਇਆ" (ਮ. ਕੋ.) ਕਾ�ਚ (ਸੰਗ-ਸਾਥ) ਕੱਚਾ ਹੈ। ਨੌ ਬਾਹੀਆਂ (ਬਾਂਸ ਦੀਆਂ ਲਮੀਆਂ ਬਾਹੀਆਂ), ਜਿਨ੍ਹਾਂ ਨਾਲ ਬੋਝ ਚੁਕ ਕੇ ਉਤਾਰਿਆ ਅਤੇ ਚੜ੍ਹਾਇਆ ਜਾਂਦਾ ਹੈ, ਭਾਵ ਸਰੀਰ ਦੇ ਨੌ ਦਵਾਰ (ਬਾਹੀਆਂ ਅਤੇ) ਦਸ ਗੁਣਾ (ਦਸ ਪ੍ਰਾਣ) ਬਹੱਤਰ ਨਾੜੀਆਂ ਕਸਣ ਵਾਲੀਆਂ ਰਸੀਆਂ ਹਨ।

(ਹੇ ਭਾਈ!) ਮੈਨੂੰ ਇਹੋ ਜਿਹੇ ਵਪਾਰ ਨਾਲ ਕੋਈ ਵਾਸਤਾ ਨਹੀਂ ਜਿਸ ਨਾਲ (ਮੇਰੀ) ਅਸਲ ਰਕਮ ਘਟਦੀ ਹੋਵੇ (ਅਤੇ) ਸੂਦ ਵਧਦਾ ਹੋਵੇ।ਰਹਾਉ।

(ਪੰਜ ਗਿਆਨ ਇੰਦ੍ਰੇ, ਮਨ ਤੇ ਬੁਧੀ ਇਹਨਾਂ ਨੇ) ਮਿਲ ਕੇ ਕਈ ਪ੍ਰਕਾਰ ਦੇ ਵਿਸ਼ਿਆਂ ਦਾ ਵਪਾਰ ਕੀਤਾ ਕਰਮਾ ਭਾਵਨੀ ਨੂੰ (ਇਹਨਾਂ ਆਪਣੇ) ਨਾਲ ਲੈ ਲਿਆ (ਭਾਵ ਹਿਸੇਦਾਰ ਬਣਾਇਆ ਹੈ)।

ਤਿੰਨ ਪ੍ਰਕਾਰ ਦੇ ਕਰਮ (ਸ਼ੁੱਭ, ਅਸ਼ੁੱਭ, ਮਿਸ੍ਰਿਤ ਅਥਵਾ ਤਿੰਨ ਗੁਣ ਰੂਪ) ਮਸੂਲੀਏ (ਆਪਣੇ ਦਿਤੇ ਸੁਖ ਦੁਖ ਵਾਲੇ ਫਲ ਦਾ ਹਿਸਾਬ ਲੈਣ ਦੀ ਖ਼ਾਤਰ) ਲੜਾਈ ਕਰਦੇ ਹਨ। (ਇਸ ਤਰ੍ਹਾਂ ਜੀਵ ਰੂਪੀ ਵਣਜਾਰਾ ਇਕ ਜਨਮ ਤੋਂ ਦੂਜੇ ਜਨਮ ਵਿਚ ਜਾਣ ਸਮੇਂ) ਹਥ ਝਾੜ ਕੇ (ਖ਼ਾਲੀ ਹੀ) ਚਲਾ ਜਾਂਦਾ ਹੈ (ਮੁਕਤੀ ਦੀ ਪੂੰਜੀ ਨਾਲ ਨਹੀਂ ਲਿਜਾਂਦਾ)।੨।

ਜਦੋਂ (ਸੁਆਸਾਂ ਦੀ) ਪੂੰਜੀ ਲੁਟੀ ਜਾਂਦੀ ਹੈ, ਤਦੋਂ ਵਪਾਰ ਮੁੱਕ ਜਾਂਦਾ ਹੈ, (ਅਤੇ ਸਰੀਰ ਰੂਪੀ) ਕਾਫਲਾ ਦਸਾਂ ਪਾਸੇ ਖੇਰੂੰ ਖੇਰੂੰ ਹੋ ਜਾਂਦਾ ਹੈ। ਕਬੀਰ ਜੀ ਆਖਦੇ ਹਨ ਕਿ ਹੇ ਮਨ! (ਜਦੋਂ) ਤੂੰ ਸਹਿਜ (ਅਵਸਥਾ ਵਿਚ ਸਮਾਅ ਜਾਵੇਂਗਾ, ਤਾਂ ਹੀ ਤੇਰਾ ਭਰਮ ਦੂਰ ਹੋਵੇਗਾ (ਅਤੇ) ਤੇਰਾ ਸਾਰਾ ਕਾਰਜ ਸਵਰ ਜਾਵੇਗਾ।੩।੬।

## ਸਾਰੰਸ਼ ਅਤੇ ਸਿਧਾਂਤ

ਦੁਨੀਆਂ ਦਾ ਮਾਲ ਧਨ ਕਮਾਉਣ ਲਈ ਮਨੁੱਖ ਬਹੁਤ ਹੁਸ਼ਿਆਰ ਹੈ, ਹਰ ਹੀਲੇ ਵਸੀਲੇ ਨਾਲ ਪਦਾਰਥਾਂ ਦੀਆਂ ਪੰਡਾਂ ਬੰਨ੍ਹਦਾ ਰਜਦਾ ਨਹੀਂ, ਪਰ ਪਰਮਾਰਥ ਵਾਲੇ ਪਾਸੇ ਇਸ ਦਾ ਉਕਾ ਹੀ ਧਿਆਨ ਨਹੀਂ ਹੈ। ਸੁਆਸਾਂ ਦੀ ਅਮੋਲਕ ਪੂੰਜੀ ਵਿਸ਼ੇ ਵਿਕਾਰਾਂ ਦੇ ਵਪਾਰ ਵਿਚ ਹੀ ਜ਼ਾਇਆ ਕਰ ਰਿਹਾ ਹੈ। ਭਗਤ ਜੀ ਰਹਾਉ ਵਾਲੀ ਪੰਕਤੀ ਰਾਹੀਂ ਮਨੁੱਖ ਨੂੰ ਚੇਤੰਨ ਕਰਦੇ ਹਨ ਕਿ ਅਜਿਹੇ ਵਪਾਰ ਕਰਨ ਦਾ ਕੀ ਲਾਭ ਹੋਇਆ ਜਿਸ ਨਾਲ ਮੂਲ (ਅਸਲ ਰਕਮ) ਘਟਦੀ ਜਾਏ ਤੇ ਵਿਆਜ (ਸੂਦ) ਵਧਦਾ ਜਾਏ। ਭਾਵ ਪਰਮਾਤਮਾ ਵਲੋਂ ਬੇਮੁਖ ਹੋ ਕੇ ਦੇਹ ਅਧਿਆਸ ਹਰ ਰੋਜ਼ ਵਧਦਾ ਹੈ ਅਤੇ ਇਹ ਘਾਟੇ ਵਾਲਾ ਸੌਦਾ

ਹੈ। ਸ਼ੁੱਧ ਕਰਮ ਭਾਵਨੀ ਹੀ ਮਨੁੱਖ ਨੂੰ ਸੰਸਾਰ ਸਾਗਰ ਤੋਂ ਪਾਰ ਲੰਘਾ ਸਕਦੀ ਹੈ। ਚੰਗੀ ਸੰਗਤ ਦੀ ਲੋੜ ਹੈ। ਜਦੋਂ ਜੀਵ ਸਹਿਜ ਵਿਚ ਸਮਾਂਦਾ ਹੈ ਤਾਂ ਹੀ ਇਸ ਦਾ ਭਰਮ ਨਵਿਰਤ ਹੁੰਦਾ ਹੈ ਅਤੇ ਇਸ ਦਾ ਮੁਕਤੀ ਵਾਲਾ ਕਾਰਜ ਸਿਧ ਹੋ ਜਾਂਦਾ ਹੈ।

## ਬਸੰਤੁ ਹਿੰਡੋਲੁ ਘਰੁ ੨

**੧ਓ ਸਤਿਗੁਰ ਪ੍ਰਸਾਦਿ ॥ ਮਾਤਾ ਜੂਠੀ ਪਿਤਾ ਭੀ ਜੂਠਾ, ਜੂਠੇ ਹੀ ਫਲ ਲਾਗੇ ॥ ਆਵਹਿ ਜੂਠੇ ਜਾਹਿ ਭੀ ਜੂਠੇ, ਜੂਠੇ ਮਰਹਿ ਅਭਾਗੇ ॥੧॥ ਕਹੁ ਪੰਡਿਤ, ਸੂਚਾ ਕਵਨੁ ਠਾਉ॥ ਜਹਾਂ ਬੈਸਿ, ਹਉ ਭੋਜਨੁ ਖਾਉ॥੧॥ਰਹਾਉ॥ ਜਿਹਬਾ ਜੂਠੀ ਬੋਲਤ ਜੂਠਾ, ਕਰਨ ਨੇਤ੍ਰ ਸਭਿ ਜੂਠੇ ॥ ਇੰਦ੍ਰੀ ਕੀ ਜੂਠਿ ਉਤਰਸਿ ਨਾਹੀ, ਬ੍ਰਹਮ ਅਗਨਿ ਕੇ ਲੂਠੇ ॥੨॥ ਅਗਨਿ ਭੀ ਜੂਠੀ ਪਾਨੀ ਜੂਠਾ, ਜੂਠੀ ਬੈਸਿ ਪਕਾਇਆ ॥ ਜੂਠੀ ਕਰਛੀ ਪਰੋਸਨਿ ਲਾਗਾ, ਜੂਠੇ ਹੀ ਬੈਠਿ ਖਾਇਆ ॥੩॥ ਗੋਬਰੁ ਜੂਠਾ ਚਉਕਾ ਜੂਠਾ, ਜੂਠੀ ਦੀਨੀ ਕਾਰਾ ॥ ਕਹਿ ਕਬੀਰ ਤੇਈ ਨਰ ਸੂਚੇ, ਸਾਚੀ ਪਰੀ ਬਿਚਾਰਾ ॥੪॥੧॥੭॥**

### ਉਚਾਰਨ ਸੇਧ

**ਬਿੰਦੀ ਸਹਿਤ :** ਆਵਹਿੰ, ਜਾਹਿੰ, ਮਰਹਿੰ, ਠਾਉਂ, ਜਹਾਂ, ਖਾਉਂ।

**ਪਦ ਅਰਥ :** ਜੂਠੀ-ਅਪਵਿੱਤਰ। ਫਲ ਲਾਗੇ-ਫਲ (ਭਾਵ ਬਾਲ ਬਚੇ) ਪੈਦਾ ਹੋਏ। ਆਵਹਿ-ਆਉਂਦੇ ਹਨ, ਭਾਵ ਜੰਮਦੇ ਹਨ। ਜਾਹਿ-ਜਾਂਦੇ ਹਨ। ਮਰਹਿ-ਮਰਦੇ ਹਨ। ਅਭਾਗੇ-ਭਾਗਹੀਣ। ਜੂਠੇ-ਅਪਵਿੱਤਰ ।੧। ਸੂਚਾ-ਪਵਿੱਤਰ। ਕਵਨੁ ਠਾਉ-ਕਿਹੜਾਂ ਥਾਂ ? । ਬੈਸਿ-ਬੈਠ ਕੇ। ਖਾਉ-ਮੈਂ ਖਾਵਾਂ ।੧। ਰਹਾਉ। ਜਿਹਬਾ-ਜੀਭ, ਜ਼ਬਾਨ। ਬੋਲਤ-(ਜੋ) ਬੋਲਦੀ ਹੈ। ਕਰਨ-ਕੰਨ। ਨੇਤ੍ਰ-ਅੱਖਾਂ। ਜੂਠੇ-ਅਪਵਿੱਤਰ। ਬ੍ਰਹਮ ਅਗਨਿ ਕੇ-ਬ੍ਰਹਮ ਅਗਨੀ ਦੇ। ਲੂਠੇ-ਸੜੇ ਭੁਜੇ ਹੋਏ ।੨। ਬੈਸਿ-ਬੈਠ ਕੇ। ਕਰਛੀ-ਕੜਛੀ ਨਾਲ। ਪਰੋਸਨਿ ਲਾਗਾ-ਵਰਤਾਉਣ ਲੱਗਾ। ਗੋਬਰੁ-ਗੋਹਾ, (ਜਿਸ ਨਾਲ ਚਉਕੇ ਤੇ ਪੋਚਾ ਦਿੱਤਾ ਜਾਂਦਾ ਹੈ)। ਕਾਰਾ-ਚਉਕੇ ਤੇ ਆਸੇ ਪਾਸੇ ਖਿਚੀ ਲਕੀਰ। ਤੇ ਨਰ-ਓਹੀ ਮਨੁੱਖ। ਪਰੀ ਬਿਚਾਰਾ-ਵੀਚਾਰ (ਪਲੇ) ਪਈ ਹੈ ਭਾਵ ਸੋਝੀ ਆਈ ।੪।੧।

**ਅਰਥ :** (ਹੇ ਭਾਈ !) ਮਾਤਾ ਜੂਠੀ (ਅਪਵਿੱਤਰ) ਹੈ, ਪਿਤਾ ਭੀ ਜੂਠਾ ਹੈ (ਅਤੇ ਇਹਨਾਂ ਤੋਂ ਜੋ) ਫਲ (ਭਾਵ ਬਾਲ-ਬੱਚੇ ਪੈਦਾ ਹੋਏ ਹਨ, ਉਹ ਵੀ) ਅਪਵਿੱਤਰ ਹਨ। (ਸੰਸਾਰ ਵਿਚ) ਆਉਂਦੇ (ਭਾਵ ਜੰਮਦੇ) ਹਨ, (ਤਦੋਂ ਭੀ) ਜੂਠੇ, (ਜਦੋਂ ਇਥੋਂ) ਜਾਂਦੇ (ਮਰਦੇ) ਹਨ (ਓਦੋਂ ਵੀ) ਜੂਠੇ ਭਾਗਹੀਣ (ਮਨੁੱਖ ਇਸੇ ਤਰ੍ਹਾਂ ਅਪਵਿੱਤਰ (ਜੰਮਦੇ) ਮਰਦੇ ਰਹਿੰਦੇ ਹਨ ।੧।

ਹੇ ਪੰਡਿਤ! (ਤੂੰ)ਦਸ ਕਿਹੜਾ ਥਾਂ ਸੁੱਚਾ (ਪਵਿੱਤਰ)ਹੈ, ਜਿਥੇ ਬੈਠ ਕੇ ਮੈਂ ਭੋਜਨ ਖਾਵਾਂ?।੧ਰਹਾਉ।

(ਹੇ ਪੰਡਿਤ !) ਜੀਭ ਵੀ ਜੂਠੀ (ਅਪਵਿੱਤਰ) ਹੈ, (ਜੋ) ਬੋਲਦਾ ਹੈ (ਉਹ ਬੋਲ ਵੀ) ਜੂਠਾ, ਕੰਨ, ਨੇਤਰ ਸਾਰੇ (ਇੰਦ੍ਰੇ) ਹੀ ਜੂਠੇ (ਅਪਵਿੱਤਰ) ਹਨ। ਹੇ (ਅਹੀ) ਬ੍ਰਹਮ ਅਗਨੀ ਦੀ ਅੱਗ ਵਿਚ ਸੜੇ ਹੋਏ,

ਇੰਦ੍ਰੀ (ਕਾਮ-ਵਾਸ਼ਨਾ ਦੀ) ਮੈਲ ਤਾਂ ਉਤਰਦੀ ਹੀ ਨਹੀਂ ਹੈ (ਤੂੰ ਦਸ ਕਿਹੜੀ ਚੀਜ਼ ਸੁੱਚੀ ਹੈ ?) ।੨।

(ਹੇ ਭਾਈ !) ਅਗਨੀ ਵੀ ਜੂਠੀ, ਪਾਣੀ ਵੀ ਜੂਠਾ, ਜੂਠੀ (ਇਸਤ੍ਰੀ) ਨੇ ਹੀ (ਚਉਕੇ ਤੇ) ਬੈਠ ਕੇ (ਅੰਨ) ਪਕਾਇਆ ਜੂਠੀ ਕੜਛੀ ਨਾਲ (ਥਾਲਾਂ ਵਿਚ ਪਰਸ਼ਾਦੇ) ਪਰੋਸੇ ਗਏ, ਜੂਠੇ ਨੇ ਬੈਠ ਕੇ (ਭੋਜਨ) ਖਾਧਾ ।੩।

(ਹੇ ਭਾਈ !) ਗੋਹਾ ਵੀ ਜੂਠਾ ਹੈ, ਚਉਕਾ ਵੀ ਜੂਠਾ ਹੈ, (ਜੋ ਚਉਕੇ ਦੇ ਆਲੇ ਦੁਆਲੇ) ਲਕੀਰ ਪਾਈ (ਉਹ ਵੀ) ਜੂਠੀ ਹੈ । ਕਬੀਰ ਜੀ ਆਖਦੇ ਹਨ (ਕਿ ਕੇਵਲ) ਉਹ ਮਨੁੱਖ ਸੁਚੇ (ਪਵਿੱਤਰ) ਹਨ ਜਿਨ੍ਹਾਂ ਦੇ (ਪਲੇ) ਸਚੀ ਵੀਚਾਰ ਪੈ ਗਈ ਹੈ।੪।੧।੭।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਦਾ ਅਧਿਐਨ ਕੀਤਿਆਂ ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਭਗਤ ਕਬੀਰ ਜੀ ਨਾਲ ਕਿਸੇ ਕਰਮਕਾਂਡੀ ਦੀ ਸੁਚ ਤੇ ਜੂਠ ਬਾਰੇ ਕੋਈ ਨੋਕ-ਝੋਕ ਹੋ ਰਹੀ ਹੋਵੇ ਅਤੇ ਭਗਤ ਜੀ ਨੇ ਉਸ ਨੂੰ ਸਬੋਧਨ ਕਰਕੇ ਪੁਛਿਆ ਹੋਵੇ ਹੇ ਪੰਡਿਤ ! ਤੂੰ ਦਸ ਤੇਰੀ ਦ੍ਰਿਸ਼ਟੀ ਵਿਚ ਕਿਹੜਾ ਥਾਂ ਸੁੱਚਾ ਹੈ ? ਕੀ ਜਿਸ ਚੌਕੇ ਦੇ ਆਲੇ ਦੁਆਲੇ ਤੂੰ ਲਕੀਰ ਖਿਚਦਾ ਹੈਂ ਕੇਵਲ ਉਤਨੀ ਥਾਂ ਸੁਚੀ ਹੁੰਦੀ ਹੈ, ਬਾਕੀ ਸਭ ਥਾਂ ਅਪਵਿੱਤਰ ਹੈ ? ਉਸ ਪੰਡਿਤ ਦਾ ਭਰਮ ਦੂਰ ਕਰਨ ਹਿਤ ਆਪ ਜੀ ਨੇ ਇਹ ਸਪਸ਼ਟੀਕਰਨ ਦਿਤਾ ਹੈ ਕਿ ਸੰਸਾਰ ਵਿਚ ਸਚੇ ਨਾਮ ਬਿਨਾਂ ਹਰੇਕ ਵਸਤੂ ਅਤੇ ਹਰੇਕ ਜੀਵ ਹੀ ਜੂਠਾ ਹੈ । ਲੋਕ ਕੇਵਲ ਖਾਣ ਪੀਣ ਦੀਆਂ ਚੀਜ਼ਾਂ ਵਿਚ ਜੂਠ ਮੰਨਦੇ ਹਨ ਪਰ ਜਿਥੇ ਬੇ-ਸਮਝੀ ਹੈ, ਉਥੇ ਜੂਠ ਹੀ ਜੂਠ ਹੈ । ਗੁਰਬਾਣੀ ਵਿਚ ਫੁਰਮਾਨ ਹੈ :— **ਮੁਹਿ ਫੇਰਿਐ ਮੁਹੁ ਜੂਠਾ ਹੋਇ ॥** [ਪੰਨਾ ੧੨੪੦

ਪਰਮਾਤਮਾ ਵਲੋਂ ਮੂੰਹ ਫੇਰਿਆਂ ਮੂੰਹ ਜੂਠਾ ਹੋ ਜਾਂਦਾ ਹੈ । ਸਚੀ ਵਿਚਾਰ ਤੋਂ ਬਿਨਾਂ ਸਾਰੇ ਹੀ ਜੂਠੇ ਹਨ ਭਾਵੇਂ ਉਹ ਮਾਂ ਹੈ, ਭਾਵੇਂ ਪਿਉ ਹੈ, ਭਾਵੇ ਧੀਆਂ ਪੁੱਤਰ ਤੇ ਹੋਰ ਸਬੰਧੀ ਹਨ । ਇਥੋਂ ਤਕ ਕਿ ਸਾਰੇ ਇੰਦ੍ਰੇ ਹੀ ਜੂਠੇ ਹਨ । ਅੱਗ, ਪਾਣੀ ਆਦਿ ਸਭ ਜੂਠੇ ਹਨ । ਬ੍ਰਾਹਮਣ ਹੰਕਾਰ ਦੀ ਅੱਗ ਨਾਲ ਫੂਕਿਆ ਹੋਇਆ ਹੈ, ਸੰਤਾਨ ਦੀ ਉਤਪਤੀ ਹਿੱਤ ਅਲਿੰਗਨ ਚੁੰਬਨ ਆਦਿ ਕ੍ਰਿਆ ਕਾਰਨ ਮਾਤਾ ਪਿਤਾ ਅਪਵਿੱਤਰ ਹਨ । ਮਾਸ, ਰਕਤ ਆਦਿ ਅਸ਼ੁੱਧ ਵਸਤਾਂ ਨਾਲ ਭਰੇ ਹੋਣ ਕਰਕੇ ਸਾਰੇ ਸਰੀਰ ਹੀ ਜੂਠੇ ਹਨ ਜਿਹੜੇ ਅਪਵਿੱਤ੍ਰ ਯੋਨੀ ਰਾਹੀ ਜਨਮ ਲੈਂਦੇ ਹਨ, ਸਰੀਰ ਦੇ ਮੂਲ ਤਤ ਵੀ ਜੂਠੇ ਹਨ, ਅਗ ਜਿਸ ਮੁਰਦੇ ਸੜਦੇ ਹਨ, ਪਸ਼ੂ ਮਲ ਮੂਤਰ ਕਰਦੇ ਹਨ ਅਸ਼ੁੱਧ ਗੋਹੇ ਨਾਲ ਲਿਪਿਆ ਚੋਕਾਂ ਵੀ ਅਪਵਿੱਤਰ ਹੈ, ਸਚੇ ਪੁਰਸ਼ ਕੇਵਲ ਓਹੀ ਹਨ ਜਿਨ੍ਹਾਂ ਦੇ ਪਲੇ ਸੱਚੀ ਬਾਣੀ ਦਾ ਵੀਚਾਰ ਹੈ ।

ਸਿਧਾਂਤ ਇਹ ਹੈ ਕਿ ਨਾਮ ਤੋਂ ਬਿਨਾਂ ਸਾਰੇ ਜੀਵ ਮਾਇਆ ਦੇ ਪ੍ਰਭਾਵ ਹੇਠ ਮੈਲੇ ਹਨ । ਲਕੀਰ ਪਾ ਕੇ 'ਚਉਕੇ ਉਪਰ ਕਿਸੇ ਨ ਜਾਣਾ' ਆਖਣ ਨਾਲ ਕੋਈ ਚੋਕਾ ਸੁੱਚਾ ਨਹੀਂ ਹੁੰਦਾ । ਜਿਨ੍ਹਾਂ ਕੋਲ 'ਸਚ ਤੇ ਸੁੱਚ' ਹੈ, ਓਹੀ ਪੁਰਸ਼ ਪਵਿੱਤਰ ਹਨ । ਗੁਰੂ ਅਰਜਨ ਦੇਵ ਜੀ ਨੇ ਗਉੜੀ ਬਾਵਨ ਅਖਰੀ ਵਿੱਚ ਇਸ ਬਾਰੇ ਇਉਂ ਨਿਰਣਾ ਕਰ ਦਿਤਾ ਹੈ :—

**ਸੋਈ ਸਾਹ ਭਗਵੰਤ ਸੇ, ਸਚੁ ਸੰਪੈ ਹਰਿ ਰਾਸਿ ॥**

ਨਾਨਕ ਸਚੁ ਸੁਰਿ ਪਾਈਐ, ਤਿਹ ਸੰਤਨ ਕੇ ਪਾਸਿ ॥ [ਪੰਨਾ ੨੫੦

ਰਾਮਾਨੰਦ ਜੀ ॥ ਘਰੁ ੧

ੴ ਸਤਿਗੁਰ ਪ੍ਰਸਾਦਿ ॥ ਕਤ ਜਾਈਐ ਰੇ, ਘਰਿ ਲਾਗੋ ਰੰਗੁ ॥ ਮੇਰਾ ਚਿਤੁ ਨ ਚਲੈ, ਮਨੁ ਭਇਓ ਪੰਗੁ ॥੧॥ ਰਹਾਉ ॥ ਏਕ ਦਿਵਸ, ਮਨਿ ਭਈ ਉਮੰਗ ॥ ਘਸਿ ਚੰਦਨ ਚੋਆ ਬਹੁ ਸੁਗੰਧ ॥ ਪੂਜਨ ਚਾਲੀ, ਬ੍ਰਹਮ ਠਾਇ ॥ ਸੋ ਬ੍ਰਹਮੁ ਬਤਾਇਓ, ਗੁਰ ਮਨ ਹੀ ਮਾਹਿ ॥੧॥ ਜਹਾ ਜਾਈਐ, ਤਹ ਜਲ ਪਖਾਨ ॥ ਤੂ ਪੂਰਿ ਰਹਿਓ ਹੈ, ਸਭ ਸਮਾਨ ॥ ਬੇਦ ਪੁਰਾਨ ਸਭ, ਦੇਖੇ ਜੋਇ ॥ ਊਹਾਂ ਤਉ ਜਾਈਐ, ਜਉ ਈਹਾਂ ਨ ਹੋਇ ॥੨॥ ਸਤਿਗੁਰ ਮੈ ਬਲਿਹਾਰੀ ਤੋਰ ॥ ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ ॥ ਰਾਮਾਨੰਦ, ਸੁਆਮੀ ਰਮਤ ਬ੍ਰਹਮ ॥ ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥੩॥੧॥

ਉਚਾਰਨ ਸੇਧ

**ਬਿੰਦੀ ਸਹਿਤ** : ਨਾਇੰ, ਮਾਹਿੰ, ਜਹਾਂ, ਤਹਂ, ਹੈਂ, ਮੈਂ।

**ਪਦ ਅਰਥ** : ਕਤ ਜਾਈਐ-ਕਿਥੇ ਜਾਈਏ ? । ਰੇ-ਹੇ ਭਾਈ ! । ਘਰਿ-ਹਿਰਦੇ ਵਿਚ ਹੀ । ਰੰਗੁ-ਪਿਆਰ । ਚਿਤੁ ਨ ਚਲੈ-ਚਿਤ ਚਲਾਇਮਾਨ ਨਹੀਂ ਹੁੰਦਾ, ਭਾਵ ਇਧਰ ਉਧਰ ਕਿਤੇ ਨਹੀਂ ਜਾਂਦਾ, ਡੋਲਦਾ ਨਹੀਂ ਹੈ । ਪੰਗੁ-ਪਿੰਗਲਾ।੧।ਰਹਾਉ।

ਉਮੰਗ-ਚਾਹਨਾ, ਖਾਹਸ਼ । ਘਸਿ ਚੰਦਨ-ਚੰਦਨ ਘਸਾ ਕੇ । ਚੋਆ-ਅਤਰ। ਬਹੁ ਸੁਗੰਧ-ਬਹੁਤ ਸੁਗੰਧੀਆਂ। ਪੂਜਨ ਚਾਲੀ-ਪੂਜਣ ਚਲੀ ਹੀ ਸੀ। ਬ੍ਰਹਮ ਠਾਇ-ਬ੍ਰਹਮ ਦੀ ਜਗ੍ਹਾ ਤੇ ਭਾਵ ਠਾਕੁਰ ਦੁਆਰੇ ਵਿਚ।੧।

ਜਹਾ ਜਾਈਐ-ਜਿਥੇ ਜਾਈਏ। ਤਹ-ਉਥੇ ਹੀ। ਜਲ-ਪਾਣੀ । ਪਖਾਨ-ਪੱਥਰ। ਪੂਰਿ ਰਹਿਓ ਹੈ-ਵਿਆਪਕ ਹੋ ਰਿਹਾ ਹੈ। ਸਮਾਨ-ਬਰਾਬਰ, ਇਕੋ ਜਿਹਾ। ਜੋਇ-ਖੋਜ ਕੇ । ਤਉ-ਤਾਂ। ਜਉ-ਜਦ। ਈਹਾ-ਇਥੇ (ਭਾਵ ਹਿਰਦੇ ਵਿਚ)।੨।

ਸਤਿਗੁਰ-ਹੇ ਸਤਿਗੁਰੂ!। ਤੋਰ-ਤੇਰੇ ਤੋਂ। ਜਿਨਿ-ਜਿਸ ਨੇ । ਸਕਲ-ਸਾਰੇ । ਬਿਕਲ-ਕਠਨ । ਭ੍ਰਮ-ਭਰਮ ਭੁਲੇਖੇ ।, ਕਾਟੇ-ਕੱਟ ਦਿਤੇ ਹਨ। ਮੋਰ-ਮੇਰੇ । ਰਾਮਾਨੰਦ ਸੁਆਮੀ-ਰਾਮਾਨੰਦ ਦਾ ਪ੍ਰਭੂ । ਰਮਤ-ਰਵਿਆ ਹੋਇਆ, ਮੌਜੂਦ । ਕੋਟਿ-ਕ੍ਰੋੜਾਂ ।੩।

**ਅਰਥ** : (ਹੇ ਭਾਈ !) ਬਾਹਰ ਕਿਥੇ ਜਾਈਏ ? (ਜਦੋਂ ਕਿ ਹਿਰਦੇ ਰੂਪੀ) ਘਰ ਅੰਦਰ ਹੀ ਰੰਗ ਲਗ ਗਿਆ ਹੈ ਭਾਵ ਪ੍ਰੇਮ ਤੇ ਅਨੰਦ ਬਣ ਗਿਆ ਹੈ । ਮੇਰਾ ਚਿਤ (ਕਿਤੇ) ਨਹੀਂ ਜਾਂਦਾ (ਕਿਉਂਕਿ ਮੇਰਾ) ਮਨ ਪਿੰਗਲਾ ਹੋ ਗਿਆ ਹੈ (ਭਾਵ ਫੁਰਨੇ ਰਹਿਤ ਹੋ ਗਿਆਹੈ, ਟੁਰ ਹੀ ਨਹੀਂ ਸਕਦਾ)।੧।ਰਹਾਉ।

(ਇਸ ਤੋਂ ਪਹਿਲਾਂ) ਇਕ ਦਿਨ ਮੇਰੇ ਮਨ ਵਿਚ (ਜਦੋਂ) ਉਮੰਗ ਪੈਦਾ ਹੋਈ ਸੀ (ਮੈਂ) ਚੰਦਨ ਘਸਾ ਕੇ ਅਤਰ ਤੇ ਹੋਰ ਬਹੁਤ ਸੁਗੰਧੀਆਂ ਲੈ ਕੇ, (ਮੇਰੀ ਬੁਧੀ) ਠਾਕੁਰ ਦੁਆਰੇ ਵਿਚ ਪੂਜਾ ਕਰਨ ਲਈ ਚਲੀ ਹੀ ਸਾਂ (ਪਰ ਤਤ ਕਾਲ ਤਬਦੀਲੀ ਆ ਗਈ) ਉਹ ਬ੍ਰਹਮ (ਮੈਨੂੰ) ਗੁਰੂ ਨੇ (ਆਪਣੇ) ਮਨ ਵਿਚ (ਵਸਦਾ) ਦਿਖਾ ਦਿਤਾ ।੧। ਜਿਥੇ ਜਾਈਏ ਉਥੇ ਹੀ ਪਾਣੀ ਤੇ ਪਥਰ ਮੌਜੂਦ ਹਨ । ਹੇ ਪ੍ਰਭੂ ! ਤੂੰ ਸਭ ਥਾਵਾਂ ਤੇ ਇਕੋ ਜਿਹਾ ਵਿਆਪਕ ਹੋ ਰਿਹਾ ਹੈਂ । ਵੇਦ, ਪੁਰਾਣ (ਆਦਿ ਸਾਰੇ ਧਰਮ ਗ੍ਰੰਥ) ਖੋਜ ਕੇ ਵੇਖ ਲਏ ਹਨ । ਉਥੇ (ਭਾਵ ਤੀਰਥਾਂ ਤੇ ਜਾ ਮੰਦਰਾਂ ਵਿਚ) ਤਾਂ ਜਾਈਏ ਜੇ (ਪਰਮਾਤਮਾ) ਇਥੇ (ਮੇਰੇ ਮਨ ਵਿਚ) ਨਾਹ ਹੋਵੇ ।੨।

ਹੇ ਸਤਿਗੁਰ ! ਮੈਂ (ਤੇਰੇ ਤੋਂ) ਸਦਕੇ ਜਾਂਦਾ ਹਾਂ ਜਿਸ ਨੇ ਮੇਰੇ ਸਾਰੇ ਔਖੇ ਭਰਮ-ਭੁਲੇਖੇ ਦੂਰ ਕਰ ਦਿਤੇ ਹਨ । ਰਾਮਾਨੰਦ (ਆਪਣੇ) ਸੁਆਮੀ (ਮਾਲਕ) ਬ੍ਰਹਮ ਦਾ (ਨਾਮ) ਉਚਾਰਦਾ ਹੈ । ਗੁਰੂ ਦਾ ਸ਼ਬਦ ਕ੍ਰੋੜਾਂ (ਮੰਦੇ) ਕਰਮਾਂ ਨੂੰ ਕਟ ਦਿੰਦਾ ਹੈ (ਭਾਵ ਨਾਸ਼ ਕਰ ਦਿੰਦਾ ਹੈ) ।੩।੧੫।

## ਸਾਰੰਸ਼ ਅਤੇ ਸਿਧਾਂਤ

ਇਸ ਸ਼ਬਦ ਵਿਚ ਭਗਤ ਰਾਮਾਨੰਦ ਜੀ ਜੋ ਜਾਤੀ ਦੇ ਬ੍ਰਾਹਮਣ ਸਨ, ਨੇ ਬ੍ਰਾਹਮਣਾ ਵਲੋਂ ਪਏ ਭਰਮ ਭੁਲੇਖਿਆਂ ਦਾ ਖੰਡਨ ਕੀਤਾ ਹੈ । ਤੀਰਥਾਂ ਤੇ ਇਸ਼ਨਾਨ, ਮੰਦਰਾਂ ਵਿਚ ਮੂਰਤੀ ਪੂਜਾ ਕਰਨ ਨਾਲ ਮਨ ਅਕਾਸ਼ੀ ਮੰਡਲਾਂ ਵਿਚ ਪ੍ਰਭੂ ਦੀ ਸਰਬ ਵਿਆਪਕਤਾ ਦਾ ਅਨੰਦ ਨਹੀਂ ਮਾਣ ਸਕਦਾ ਕਿਉਂਕਿ ਪਰਮੇਸ਼ਰ ਹਰ ਥਾਂ ਵਸ ਰਿਹਾ ਹੈ :–

**ਥਾਨ ਥਨੰਤਰਿ ਸਭਨੀ ਥਾਈ, ਜੋ ਦੀਸੈ ਸੋ ਤੇਰਾ ॥** [ਪੰਨਾ ੭੦੦

ਬੇਸ਼ਕ ਮਨੁੱਖ ਧਾਰਮਿਕ ਪੁਸਤਕਾਂ ਦਾ ਅਧਿਐਨ ਕਰ ਲਵੇ, ਉਹ ਪਰਮੇਸ਼ਰ ਕਿਸੇ ਚਾਰ ਦੀਵਾਰੀ ਵਿਚ ਬੰਦ ਨਹੀਂ ਹੈ । ਉਸ ਦਾ ਪ੍ਰਕਾਸ਼ ਹਰ ਹਿਰਦੇ ਵਿਚ ਹਰ ਥਾਂ ਤੇ ਜ਼ਰੇ ਜ਼ਰੇ ਵਿਚ ਹੈ ।

ਜਿਹੜਾ ਮਨੁੱਖ ਮੂਰਤੀ ਪੂਜਾ ਤੋਂ ਉਪਰ ਉਠਦਾ ਹੈ ਉਸ ਨੂੰ 'ਘਟਿ ਘਟਿ ਵਾਸੀ ਸਰਬ ਨਿਵਾਸੀ, ਨੇਰੇ ਹੀ ਤੇ ਨੇਰਾ' ਦੇ ਦਰਸ਼ਨ ਹੁੰਦੇ ਹਨ । ਲੋੜ ਗੁਰੂ ਦਾ ਸ਼ਬਦ ਕਮਾਉਣ ਦੀ ਹੈ । ਭਾਵੇਂ ਮਨੁੱਖ ਕਿਤਨਾ ਹੀ ਪਾਪੀ ਕਿਉਂ ਨਾ ਹੋਵੇ, ਗੁਰੂ ਦਾ ਸ਼ਬਦ ਉਸ ਦੇ ਸਾਰੇ ਪਾਪ ਕਟਣ ਦੇ ਸਮਰਥ ਹੈ ।

ਅਸਲ ਵਿਚ ਜਦੋਂ ਤਕ ਮਨ ਵਿਚ ਸੰਕਲਪ ਤੇ ਵਿਕਲਪ ਹਨ, ਮਨ ਇਕ ਥਾਂ ਤੇ ਨਹੀਂ ਟਿਕ ਸਕਦਾ । ਜਦੋਂ ਮਨੁੱਖ ਦੇ ਮਨ ਵਿਚ ਗੁਰੂ ਦਾ ਸ਼ਬਦ ਵਸ ਜਾਂਦਾ ਹੈ, ਉਦੋਂ ਉਸ ਨੂੰ ਇਥੇ, ਉਥੇ, ਹਰ ਪਾਸੇ ਬ੍ਰਹਮ ਦੇ ਦਰਸ਼ਨ ਹੁੰਦੇ ਹਨ । ਸਿਧਾਂਤ ਇਹ ਹੈ ਕਿ ਬਾਹਰਲੀ ਪੂਜਾ ਛਡ ਕੇ ਹਿਰਦੇ ਅੰਦਰ ਹੀ ਪਰਮਾਤਮਾ ਨੂੰ ਵਸਦਾ ਜਾਣ ਕੇ ਉਸ ਨਾਲ ਪ੍ਰੇਮ ਕਰਨਾ, ਉਸ ਦਾ ਆਗਿਆਕਾਰੀ ਬਣਨਾ ਹੀ ਗੁਰਮਤਿ ਸਿਧਾਂਤ ਦੀ ਪਾਲਨਾ ਹੈ । 'ਸ਼ਬਦਾਰਥ' ਅਨੁਸਾਰ ਭਗਤ ਰਾਮਾਨੰਦ ਜੀ ਦਾ ਜਨਮ ਪ੍ਰਯਾਗ ਵਿਚ ਸੰਮਤ ੧੪੨੩ ਵਿਚ ਅਤੇ ਦੇਹਾਂਤ ੧੫੨੪ ਵਚ ਕਾਸ਼ੀ ਜੀ ਹੋਇਆ । ਇਹ ਰਾਮਨੁਜ ਦੇ ਫਿਰਕੇ ਵਿਚੋਂ ਸੀ, ਪਰ ਉਸ ਦੇ ਖਾਣ ਪੀਣ ਅਤੇ ਜਾਤ ਪਾਤ ਦੇ ਕਠਿਨ ਬੰਧਨਾਂ ਨੂੰ ਛਡ ਕੇ ਵੈਰਾਗੀਆਂ ਦੇ ਫਿਰਕੇ ਦਾ ਬਾਨੀ ਹੋਇਆ । ਇਸ ਦੇ ਚੇਲੇ ਕਬੀਰ ਰਵਿਦਾਸ, ਸੈਣ, ਧੰਨਾ, ਪੀਪਾ ਅਦਿ ਹੋਏ ਹਨ ।

ਸ਼ਬਦ ਦਾ ਸਮੁੱਚਾ ਭਾਵ ਗੁਰੂ ਨੇ ਭਰਮ ਕਟ ਦਿਤੇ ਹਨ ਤੇ ਹੁਣ ਤੀਰਥਾਂ ਉਤੇ ਭਟਕਣ ਜਾਂ ਮੂਰਤੀ ਪੂਜਾ ਕਰਨ ਦੀ ਥਾਂ ਹਰੀ ਨੂੰ ਦਿਲ ਵਿਚ ਪੂਜਣਾ ਹੀ ਯੋਗ ਸਮਝਿਆ ਹੈ।

## ਬਸੰਤੁ ਬਾਣੀ ਨਾਮਦੇਉ ਜੀ ਕੀ

**੧ੴ ਸਤਿਗੁਰ ਪ੍ਰਸਾਦਿ ॥ ਸਾਹਿਬੁ ਸੰਕਟਵੈ, ਸੇਵਕੁ ਭਜੈ ॥ ਚਿਰੰਕਾਲ ਨ ਜੀਵੈ, ਦੋਊ ਕੁਲ ਲਜੈ ॥੧॥ ਤੇਰੀ ਭਗਤਿ ਨ ਛੋਡਉ, ਭਾਵੈ ਲੋਗੁ ਹਸੈ ॥ ਚਰਨ ਕਮਲ, ਮੇਰੇ ਹੀਅਰੇ ਬਸੈਂ ॥੧॥ ਰਹਾਉ ॥ ਜੈਸੇ, ਅਪਨੇ ਧਨਹਿ, ਪ੍ਰਾਨੀ ਮਰਨੁ ਮਾਂਡੈ ॥ ਤੈਸੇ, ਸੰਤ ਜਨਾਂ ਰਾਮਨਾਮੁ ਨ ਛਾਡੈਂ ॥੨॥ ਗੰਗਾ ਗਇਆ ਗੋਦਾਵਰੀ, ਸੰਸਾਰ ਕੇ ਕਾਮਾ ॥ ਨਾਰਾਇਣੁ ਸੁਪ੍ਰਸੰਨ ਹੋਇ, ਤ ਸੇਵਕੁ ਨਾਮਾ ॥੩॥੧॥**

### ਉਚਾਰਨ ਸੇਧ

**ਬਿੰਦੀ ਸਹਿਤ :** ਛੋਡਉਂ, ਭਾਵੈਂ, ਧਨਹਿੰ।

**ਪਦ ਅਰਥ :** ਸਾਹਿਬੁ-ਮਾਲਕ। ਸੰਕਟਵੈ-ਬਿਪਤਾ ਦੇਵੇ। ਭਜੈ-ਨੱਠ ਜਾਵੇ। ਚਿਰੰਕਾਲ-ਬਹੁਤਾ ਚਿਰ। ਦੋਊ ਕੁਲ-ਦੋਵੇਂ ਕੁਲਾਂ ਨੂੰ। ਲਜੈ-ਲਾਜ ਲਵਾਉਂਦਾ ਹੈ, ਭਾਵ ਬਦਨਾਮ ਕਰਾਉਂਦਾ ਹੈ। ਨ ਛੋਡਉ-ਮੈਂ ਨਹੀ ਛਡਾਂਗਾ। ਭਾਵੈ-ਭਾਵੇਂ। ਲੋਗ ਹਸੈ-ਲੋਕ ਹਾਸੀ ਕਰੀ ਚਲੇ, ਮਖੌਲ ਉਡਾਈ ਜਾਵੇ। ਹੀਅਰੈ-ਹਿਰਦੇ ਨਾਲ।੧। ਰਹਾਉ।

ਜੈਸੇ-ਜਿ ਤਰ੍ਹਾਂ। ਆਪਨ ਧਨਹਿ-ਆਪਨਾ ਧਨ ਬਚਾਣ ਦੀ ਖਾਤਰ। ਪ੍ਰਾਨੀ-ਮਨੁੱਖ। ਮਰਨ ਮਾਂਡੇ-ਮਰਨਾ ਠਾਨ ਲੈਂਦਾ ਹੈ। ਤੈਸੇ-ਉਸੇ ਤਰ੍ਹਾਂ।੨।

ਗੰਗਾ-ਪ੍ਰਸਿੱਧ ਨਦੀ। ਹਿੰਦੂ ਮਤ ਵਿਚ ਅਹਿਮ ਪਵਿਤ੍ਰ ਮੰਨੀ ਗਈ ਹੈ। ਇਹ ਮੁਖ ਚਸ਼ਮੇ ਤੋਂ ਨਿਕਲਦੀ ਹੈ। (ਮ. ਕ.)। ਗਇਆ-ਹਿੰਦੂਆਂ ਦੀਆਂ ਸੱਤ ਪਵਿਤ੍ਰ ਪੁਰੀਆਂ ਵਿਚੋਂ ਇਕ ਪੁਰੀ ਹੈ, ਜੋ ਬਿਹਾਰ ਦੇਸ਼ ਵਿਚ ਪਟਨੇ ਦੇ ਇਲਾਕੇ ਫਲਗੂ ਨਦੀ ਦੇ ਕਿਨਾਰੇ ਹੈ। ਇਸ ਥਾਂ ਪਿਤਰਾਂ ਦੀ ਗਤੀ ਲਈ ਹਿੰਦੂ ਪਿੰਡ ਦਾਨ ਕਰਦੇ ਹਨ। (ਮ. ਕ.)। ਗੋਦਾਵਰੀ-ਗੋ (ਸੁਰਗਾ) ਦੇਣ ਵਾਲੀ ਦੇਖਣ ਦੀ ਇਕ ਨਦੀ, ਜੋ ਪੂਰਬੀ ਘਾਟ ਤੋਂ ਤ੍ਰਿਅੰਬਕ ਪਾਸੋਂ ਨਿਕਲ ਕੇ ੮੯੮ ਮੀਲ ਵਹਿੰਦੀ ਹੋਈ ਬੰਗਾਲ ਦੀ ਖਾੜੀ ਵਿਚ ਡਿਗਦੀ ਹੈ। (ਮ. ਕ.) ਸੰਸਾਰ ਕੇ ਕਾਮਾ-ਦੁਨੀਆਂ ਨੂੰ ਖ਼ੁੱਸ਼ ਕਰਨ ਵਾਲੇ ਕੰਮ, ਲੋਕਾਂ ਨੂੰ ਪਤਿਆਉਣ ਵਾਲੇ। ਸੁਪ੍ਰਸੰਨ ਹੋਇ-ਚੰਗੀ ਤਰ੍ਹਾਂ ਪ੍ਰਸੰਨ ਹੋਵੇ, ਭਾਵ ਤ੍ਰੁੱਠ ਪਏ।੩।

**ਅਰਥ :** (ਜੇ) ਮਾਲਕ (ਨੌਕਰ ਨੂੰ ਕਿਸੀ) ਬਿਪਤਾ ਵਿਚ ਪਾ ਦੇਵੇ (ਅਤੇ) ਨੌਕਰ (ਉਸ ਸੰਕਟ ਤੋਂ ਬਚਣ ਲਈ) ਭਜ ਜਾਵੇ (ਭਾਵ ਦੂਜੇ ਦੀ ਸ਼ਰਣ ਜਾ ਲਵੇ, ਉਹ ਨੌਕਰ ਫਿਰ) ਬਹੁਤਾ ਚਿਰ ਜੀਉਂਦਾ ਨਹੀਂ ਰਹਿੰਦਾ (ਅਤੇ ਇਸ ਤਰ੍ਹਾਂ ਆਪਣੀਆਂ) ਦੋਵੇਂ ਕੁਲਾਂ (ਨਾਨਕੀ ਤੇ ਦਾਦਕੀ) ਨੂੰ ਕਲੰਕਤ ਕਰ ਲੈਂਦਾ ਹੈ।੧।

(ਹੇ ਪ੍ਰਭੂ!) ਭਾਵੇਂ ਲੋਕ (ਮੈਨੂੰ ਦੁਖੀ) ਵੇਖ ਕੇ ਹਸਦਾ ਰਹੇ, (ਪਰ) ਮੈਂ ਤੇਰੀ ਭਗਤੀ ਨਹੀਂ

ਛਡਾਂਗਾ (ਕਿਉਂਕਿ ਤੇਰੇ) ਸੋਹਣੇ ਚਰਨ ਮੇਰੇ ਹਿਰਦੇ ਵਿਚ ਵਸਦੇ ਹਨ।੧। ਰਹਾਉ।

(ਹੇ ਭਾਈ !) ਜਿਸ ਤਰ੍ਹਾਂ ਮਨੁੱਖ ਆਪਣੇ ਧਨ ਨੂੰ (ਬਚਾਣ ਦੀ ਖ਼ਾਤਰ) ਮਰਨਾ ਵੀ ਪਰਵਾਨ ਕਰ ਲੈਂਦਾ ਹੈ (ਭਾਵ ਪਿਛੇ ਨਹੀਂ ਹਟਦਾ) ਇਸੇ ਤਰ੍ਹਾਂ ਸੰਤ ਜਨ ਪਰਮਾਤਮਾ ਦਾ ਨਾਮ ਨਹੀਂ ਛਡਦੇ (ਜੇ ਸਿਰ ਧੜੀ ਦੀ ਬਾਜ਼ੀ ਲਾਉਣੀ ਪਵੇ, ਤਾਂ ਲਾ ਦਿੰਦੇ ਹਨ)।੨।

ਗੰਗਾ ਦਾ (ਇਸ਼ਨਾਨ), ਗਇਆ (ਜਾ ਕੇ ਪਿੰਡ ਭਰਾਉਣੇ), ਗੋਦਾਵਰੀ (ਤੀਰਥ ਦਾ ਇਸ਼ਨਾਨ ਆਦਿ ਸਭ) ਦੁਨੀਆਂ ਦੇ (ਲੋਕਾਂ ਨੂੰ ਖ਼ੁੱਸ਼ ਕਰਨ ਵਾਲੇ) ਕੰਮ ਹਨ (ਭਾਵ ਇਨ੍ਹਾਂ ਵਿਚ ਪਰਮਾਰਥ ਵਾਲੀ ਕੋਈ ਗੱਲ ਨਹੀਂ)। ਨਾਮ ਦੇਵ ਜੀ (ਕਹਿੰਦੇ ਹਨਿ ਕ ਜਿਸ ਉਤੇ) ਪਰਮੇਸ਼ਰ ਚੰਗੀ ਤਰ੍ਹਾਂ ਪ੍ਰਸੰਨ ਹੋ ਪੈਣ (ਤਾਂ ਹੀ ਉਹ ਅਸਲੀ) ਸੇਵਕ (ਗਿਣਿਆ ਜਾਂਦਾ) ਹੈ।੩।੧।

## ਸਾਰੰਸ਼ ਅਤੇ ਸਿਧਾਂਤ

ਕੁਝ ਟੀਕਾਕਾਰਾਂ ਨੇ ਸਾਹਿਬੁ (ਮਾਲਕ) ਤੇ ਸੰਕਟ ਆ ਜਾਵੇ ਤੇ ਸੇਵਕ ਭਜ ਜਾਏ ਤਾਂ ਉਹ ਬਹੁਤਾ ਚਿਰ ਨਹੀਂ ਜਿਉਂਦਾ ਆਪਣੀਆਂ ਦੋਹਾਂ ਕੁਲਾਂ ਨੂੰ ਵੀ ਕਲੰਕਤ ਕਰਦਾ ਹੈ ਅਰਥ ਕੀਤੇ ਹਨ। ਪਰ ਅਜਿਹੇ ਵੀਚਾਰ ਭਗਤ ਜੀ ਦੀ ਭਾਵਨਾ ਦੇ ਉਲਟ ਹੈ ਜਿਸ ਦੀ ਪੁਸ਼ਟੀ ਰਹਾਉ ਵਾਲੀ ਪੰਕਤੀ ਤੋਂ ਹੀ ਹੋ ਜਾਂਦੀ ਹੈ।

ਜੇ ਭਗਤ ਨਾਮਦੇਵ ਜੀ ਦੀਆਂ ਘਟਨਾਵਾਂ ਨੂੰ ਮੁਖ ਰਖਿਆ ਜਾਏ ਤਾਂ ਸਪਸ਼ਟ ਹੈ ਕਿ ਨਾਮਦੇਵ ਜੀ ਦੀ ਮਾਂ ਨੇ ਕਿਹਾ ਸੀ 'ਰਾਮ ਛੋਡਿ ਕੀ ਨ ਭਜਹਿ ਖੁਦਾਇ' ਪਰ ਭਗਤ ਜੀ ਨੇ ਕਲਮਾ ਨਹੀਂ ਪੜ੍ਹਿਆ, ਕਸ਼ਟ ਸਹਾਰਨੇ ਪਰਵਾਨ ਕਰ ਲਏ ਸਨ। ਅਤੇ ਮਾਂ ਨੂੰ ਵੀ ਠੋਕ ਵਜਾ ਕੇ ਉਤਰ ਦਿਤਾ ਸੀ - "ਨਾ ਹਉ ਤੇਰਾ ਪੂੰਗੜਾ, ਨ ਤੂੰ ਮੇਰੀ ਮਾਇ ॥ ਪਿੰਡੁ ਪੜੈ ਤਉ ਹਰਿ ਗੁਨ ਗਾਇ", ਵਾਲੇ ਅੱਖਰ ਕਹੇ ਸਨ। 'ਕਰੈ ਗਜਿੰਦੁ ਸੁੰਡ ਕੀ ਚੋਟ ॥ ਨਾਮਾ ਉਬਰੈ ਹਰਿ ਕੀ ਓਟ' ਵਾਲਾ ਨਤੀਜਾ ਸਭ ਦੇ ਸਾਹਮਣੇ ਆਇਆ ॥

ਨਾਮਦੇਵ ਜੀ ਦਾ ਹਠ ਦੇਖ ਕੇ ਹਿੰਦੂ ਤੇ ਮੁਸਲਮਾਨ ਦੋਵੇਂ ਹਸਦੇ ਸਨ। ਨਾਮਦੇਵ ਕਿਤਨਾ ਕਮਲਾ ਹੈ, ਕਿ ਆਪਣੀ ਜਾਨ ਬਚਾਉਣ ਲਈ 'ਰਾਮ ਦਾ ਨਾਮ ਛੋੜ ਕੇ ਖ਼ੁਦਾ ਕਿਉਂ ਨਹੀਂ ਕਹਿੰਦਾ ? ਪਰ ਨਾਮਦੇਵ ਜੀ ਨੇ 'ਗੰਗ ਜਮੁਨ ਜਉ ਉਲਟੀ ਬਹੈ ॥ ਤਉ ਨਾਮਾ ਹਰਿ ਕਰਤਾ ਰਹੈ' ਕੇਵਲ ਕਿਹਾ ਹੀ ਨਹੀਂ ਦ੍ਰਿੜਤਾ ਦਾ ਪਰਤੱਖ ਸਬੂਤ ਦਿਤਾ। ਭਗਤ ਜੀ ਕੇਵਲ ਪ੍ਰਭੂ-ਭਗਤੀ ਵਿਚ ਲੀਨ ਰਹੇ। ਧਰਮ ਤੇ ਭਰੋਸਾ ਕੀਤਾ। ਭਰਮ ਵਾਲੇ ਕਰਮ ਗੰਗਾ, ਗਇਆ, ਗੋਦਾਵਰੀ ਤੀਰਥਾਂ ਤੇ ਜਾ ਕੇ ਇਸ਼ਨਾਨ ਕਰਨੇ ਤੇ ਪਿਤਰਾਂ ਨੂੰ ਪ੍ਰਸੰਨ ਕਰਨ ਨਮਿਤ ਸ੍ਰਾਧ ਆਦਿ ਕਰਨੇ, ਸਭ ਨੂੰ ਤਿਲਾਂਜਲੀ ਦਿਤੀ। ਨਾਮਦੇਵ ਜੀ ਨੇ ਗੁਰਮਤਿ ਵੀਚਾਰਾਂ ਤੇ ਪਹਿਰਾ ਦਿਤਾ :--

**ਕਲਿ ਮੈ ਏਕੁ ਨਾਮੁ ਕਿਰਪਾ ਨਿਧਿ, ਜਾਹਿ ਜਪੈ ਗਤਿ ਪਾਵੈ ॥**
**ਅਉਰ ਧਰਮ ਤਾ ਕੈ ਸਮ ਨਾਹਨਿ, ਇਹ ਬਿਧਿ ਬੇਦੁ ਬਤਾਵੈ ॥** [ਪੰਨਾ ੬੩੨

ਗੰਗਾ ਗਇਆ ਤੇ ਗੋਦਾਵਰੀ ਤੇ ਜਾਣਾ, ਮਰੇ ਹੋਏ ਪ੍ਰਾਣੀਆਂ ਦੀਆਂ ਅਸਥੀਆਂ ਪਾਣ ਜਾਣਾ ਜਾਂ ਹੋਰ ਫੋਕਟ ਕਰਮ ਕਾਂਡ ਹਿਤ ਜਾਣਾ, ਭਗਤੀ ਮਾਰਗ ਦਾ ਪ੍ਰਤੀਕ ਨਹੀਂ ਹੈ। ਇਸ ਲਈ ਭਗਤ ਜੀ ਨੇ ਨਾਰਾਇਣ ਨੂੰ ਪ੍ਰਸੰਨ ਕਰਨ ਹੇਤ ਸੇਵਕ ਬਣ ਕੇ ਨਿਸ਼ਕਾਮ ਭਗਤੀ ਕੀਤੀ ਹੈ। ਪਰਮਾਤਮਾ ਦਾ ਨਾਮ ਜਪਣਾ, ਪ੍ਰੇਮਾ ਭਗਤੀ ਕਰਨੀ ਅਥਵਾ 'ਜੇ ਸੁਖੁ ਦੇਹਿ ਤਾ ਤੁਝਹਿ ਅਰਾਧੀ, ਦੁਖਿ ਭੀ ਤੁਝੈ ਧਿਆਈ' ਵਾਲੇ ਪਾਵਨ ਵਾਕਾਂ ਤੇ ਅਮਲ ਕਰਨਾ ਹੀ ਇਸ ਸ਼ਬਦ ਦਾ ਸਿਧਾਂਤ ਹੈ।

'ਸ਼ਬਦਾਰਥ' ਅਨੁਸਾਰ ਸੇਵਕ ਨੂੰ ਬਾਵਜੂਦ ਤਕਲੀਫਾਂ ਦੇ ਦ੍ਰਿੜ ਰਹਿਣਾ ਚਾਹੀਦਾ ਹੈ ਅਤੇ ਸਦਾ ਆਪਣੇ ਮਾਲਕ ਨੂੰ ਖ਼ੁਸ਼ ਰਖਣਾ ਯੋਗ ਹੈ, ਨਹੀਂ ਤਾਂ ਆਪਣੇ ਆਸਰੇ ਰਹਿਣ ਨਾਲ ਤਾਂ ਲੋਕ-ਲਹਿਰ ਹੀ ਇਧਰ ਉਧਰ ਪਛੜਦੀ ਰਹੇਗੀ। ਪਾਪਾਂ ਨਾਲ ਭਰੀ ਹੋਈ ਜ਼ਿੰਦਗੀ ਗੁਰੂ ਤੇ ਉਸਦੀ ਸੰਗਤ ਦੇ ਅਰਪਣ ਹੋਣ ਨਾਲ ਹੀ ਸੌਰ ਸਕਦੀ ਹੈ।

**ਲੋਭ ਲਹਰਿ ਅਤਿ ਨੀਝਰ ਬਾਜੈ ॥ ਕਾਇਆ ਡੂਬੈ ਕੇਸਵਾ ॥੧॥ ਸੰਸਾਰੁ ਸਮੁੰਦੇ, ਤਾਰਿ ਗੁੋਬਿੰਦੇ ॥ ਤਾਰਿ ਲੈ, ਬਾਪ ਬੀਠੁਲਾ ॥੧॥ਰਹਾਉ॥ ਅਨਿਲ, ਬੇੜਾ ਹਉ ਖੇਵਿ ਨ ਸਾਕਉ ॥ ਤੇਰਾ ਪਾਰੁ ਨ ਪਾਇਆ ਬੀਠੁਲਾ ॥੨॥ ਹੋਹੁ ਦਇਆਲੁ ਸਤਿਗੁਰੁ ਮੇਲਿ ਤੂ, ਮੋ ਕਉ ਪਾਰਿ ਉਤਾਰੇ ਕੇਸਵਾ ॥੩॥ ਨਾਮਾ ਕਹੈ, ਹਉ ਤਰਿ ਭੀ ਨ ਜਾਨਉ ॥ ਮੋ ਕਉ ਬਾਹ ਦੇਹਿ ਬਾਹ ਦੇਹਿ, ਬੀਠੁਲਾ ॥੪॥੨॥**

## ਉਚਾਰਨ ਸੇਧ

**ਬਿੰਦੀ ਸਹਿਤ :** ਕਾਇਆਂ, ਹਉਂ, ਸਾਕਉਂ, ਸਕਉਂ, ਮੋਕਉਂ, ਜਾਨਉਂ, ਬਾਂਹ।

**ਫੁਟਕਲ :** 'ਗੁੋਬਿੰਦੇ' ਦਾ ਉਚਾਰਨ 'ਗੁਬਿੰਦੇ' ਕਰਨਾ ਹੈ।

**ਪਦ ਅਰਥ:**ਅਤਿ ਨੀਝਰ ਬਾਜੈ-ਇਕ ਰੱਸ, ਲਗਾਤਾਰ(ਲਹਿਰ)ਵਜ ਰਹੀ ਹੈ ਭਾਵ ਚਲ ਰਹੀ ਹੈ। ਕੇਸਵਾ-ਹੇ ਕੇਸ਼ਵ ਪਰਮਾਤਮਾ!।੧।

ਸੰਸਾਰ ਸਮੁੰਦੇ-ਸੰਸਾਰ ਸਮੁੰਦਰ ਤੋਂ। ਗੁੋਬਿੰਦੇ-ਹੇ ਗੋਬਿੰਦ!। ਬਾਪ ਬੀਠੁਲਾ-ਹੇ ਬੀਠਲ ਪਿਤਾ!।੧।ਰਹਾਉ।

ਅਨਿਲ-ਹਵਾ। ਖੇਵਿ ਨ ਸਾਕਉ-ਮੈਂ ਚੱਪੂ ਨਹੀਂ ਲਗਾ ਸਕਦਾ, (ਭਾਵ ਅਸਮਰਥ ਹਾਂ)। ਪਾਰੁ-ਪਾਰਲਾ ਬੰਨਾ।੨।

ਪਾਰਿ ਉਤਾਰੇ-ਪਾਰ ਲੰਘਾ ਦੇ ।੩। ਨਾਮਾ ਕਹੈ-ਨਾਮਦੇਵ ਕਹਿੰਦਾ ਹੈ। ਹਉ ਤਰਿ ਭੀ ਨ ਜਾਨਉ-ਮੈਂ ਤਰਨਾ ਵੀ ਨਹੀਂ ਜਾਣਦਾ ਹਾਂ ਬਾਹ ਦੇਹਿ-ਬਾਂਹ ਫੜ।੪।

**ਅਰਥ :** ਹੇ ਕੇਸਧਾਰੀ ਪ੍ਰਭੂ! (ਇਸ ਸੰਸਾਰ ਸਮੁੰਦਰ ਵਿਚ) ਲੋਭ ਦੀਆਂ ਇਕ ਰਸ 'ਭਾਵ ਲਗਾਤਾਰ) ਲਹਿਰਾਂ ਚਲ ਰਹੀਆ ਹਨ (ਭਾਵ ਲੋਭ ਰੂਪ ਪਾਣੀ ਦੀਆਂ ਛੱਲਾਂ ਸ਼ਾਂ ਸ਼ਾਂ ਕਰ ਰਹੀਆਂ ਹਨ, ਜਿਨ੍ਹਾਂ ਵਿਚ) ਮੇਰੀ ਕਾਇਆ (ਸੂਖਮ ਬੁਧੀ) ਡੂਬ ਰਹੀ ਹੈ।

ਹੇ ਬੀਠਲ ਪਿਤਾ! ਹੇ ਗੋਬਿੰਦ! (ਇਸ ਸੰਸਾਰ ਰੂਪੀ ਨਦੀ ਵਿਚ) ਲੋਭ ਦੀ ਇਕ ਰਸ (ਭਾਵ ਲਗਾਤਾਰ) ਲਹਿਰ ਚਲ ਰਹੀ ਹੈ (ਭਾਵ ਲੋਭ ਰੂਪ ਪਾਣੀ ਦੀਆਂ ਛੱਲਾਂ ਸ਼ਾਂ ਸ਼ਾਂ ਕਰ ਰਹੀਆਂ ਹਨ, ਜਿਨ੍ਹਾਂ ਵਿਚ) ਮੇਰੀ ਕਾਇਆ (ਸੂਖਮ ਬੁਧੀ) ਡੁਬ ਰਹੀ ਹੈ। ਹੇ ਬੀਠਲ ਪਿਤਾ! ਹੇ ਗੋਬਿੰਦ! (ਮੈਨੂੰ ਇਸ ਸੰਸੇ ਰੂਪ) ਸੰਸਾਰ ਸਮੁੰਦਰ ਤੋਂ ਤਾਰ ਲੈ, (ਮੁੜ ਬੇਨਤੀ ਕਰਦਾ ਹਾਂ) ਤਾਰ ਲੈ।੧।

ਹੇ ਬੀਠੁਲਾ ! (ਤ੍ਰਿਸ਼ਨਾ ਰੂਪੀ) ਹਵਾ (ਭਾਵ ਝਖੜ ਹਨੇਰੀ) ਮੈਨੂੰ ਬਹੁਤ ਦੁਖੀ ਕਰ ਰਹੀ ਹੈ। (ਤੁਹਾਡੇ ਪਾਸ ਆਉਣ ਲਈ ਮੈਂ ਆਪਣਾ ਸਰੀਰ ਰੂਪੀ) ਬੇੜਾ ਚਲਾ ਨਹੀਂ ਸਕਦਾ (ਇਸ ਲਈ ਮੇਰੀ ਰਖਿਆ ਕਰੋ, ਮੇਰੇ ਪਾਸੋਂ) ਤੇਰਾ ਅੰਤ ਨਹੀਂ ਪਾਇਆ ਜਾ ਸਕਦਾ।੨।

ਹੇ ਕੇਸ਼ਵ ! (ਤੂੰ ਮੇਰੇ ਉਪਰ) ਦਇਆਲੂ ਹੋ, ਮੈਨੂੰ ਤੂ ਸਤਿਗੁਰੂ ਮਿਲਾ ਦੇ (ਜੋ) ਮੈਨੂੰ (ਇਸ ਸੰਸਾਰ ਸਾਗਰ ਤੋਂ) ਪਾਰ ਉਤਾਰ ਦੇਵੇ।੩।

ਹੇ ਬੀਠੁਲ ! ਨਾਮ ਦੇਵ (ਇਹ) ਕਹਿੰਦਾ (ਬੇਨਤੀ ਕਰਦਾ ਹੈ ਕਿ ਮੈਂ ਆਪਣੀ ਅਕਲ ਨਾਲ ਇਸ ਸੰਸਾਰ ਤੋਂ) ਤਰਨਾ ਭੀ ਨਹੀਂ ਜਾਣਦਾ। ਮੈਨੂੰ (ਤਰਣ ਹਿੱਤ ਆਪਣੀ ਦਇਆ ਰੂਪ) ਬਾਂਹ ਫੜਾ ਦੇ, ਬਾਂਹ ਦਾ (ਆਸਰਾ ਦੇ, ਤਾਂ ਜੋ ਮੈਂ ਤੇਰੀ ਬਾਂਹ ਫੜ ਕੇ ਇਸ ਸਾਗਰ ਤੋਂ) ਪਾਰ ਹੋ ਜਾਂਵਾ।੪।੨।

## ਸਾਰੰਸ਼ ਅਤੇ ਸਿਧਾਂਤ

ਇਸ ਸੰਸਾਰ ਵਿਚ ਲੋਭ ਦੀਆਂ ਲਹਿਰਾਂ ਦਾ ਕੋਈ ਅੰਤ ਨਹੀਂ ਹੈ। ਸਹਸਕ੍ਰਿਤੀ ਸਲੋਕਾਂ ਵਿਚ ਅੰਕਿਤ ਹੈ -

**ਹੇ ਲੋਭਾ ਲੰਪਟ ਸੰਗ ਸਿਰਮੋਰਹ, ਅਨਿਕ ਲਹਰੀ ਕਲੋਲਤੇ ॥**
**ਧਾਵੰਤ ਜੀਆ ਬਹੁ ਪ੍ਰਕਾਰੰ, ਅਨਿਕ ਭਾਂਤਿ ਬਹੁ ਡੋਲਤੇ ॥**
**ਨਚ ਮਿਤ੍ਰੰ ਨਚ ਇਸਟੰ, ਨਚ ਬਾਧਵ, ਨਚ ਮਾਤ ਪਿਤਾ ਤਵ ਲਜਯਾ ॥**
**ਅਕਰਣੰ ਕਰੋਤਿ ਅਖਾਦ੍ਯਿ ਖਾਦ੍ਯੰ,ਅਸਾਜ੍ਯੰ ਸਾਜਿ ਸਮਜਯਾ ॥**
**ਤ੍ਰਾਹਿ ਤ੍ਰਾਹਿ ਸਰਣਿ ਸੁਆਮੀ,**
**ਬਿਗ੍ਯਾਪ੍ਤਿ ਨਾਨਕ ਹਰਿ ਨਰਹਰਹ॥੪॥੮॥** [ਪੰਨਾ ੧੩੫੮

ਜੇ ਇਕ ਸੰਕਲਪ ਪੂਰਾ ਹੁੰਦਾ ਹੈ ਤਾਂ ਦੂਜਾ ਉਠ ਖਲੋਂਦਾ ਹੈ, ਜੇ ਦੂਜਾ ਪੂਰਾ ਹੋਂਦਾ ਹੈ ਤਾਂ ਉਸਤੋਂ ਅਗੇ ਤ੍ਰਿਸ਼ਨਾ ਦੀਆਂ ਲਹਿਰਾਂ, ਕਾਮ, ਕ੍ਰੋਧ ਦੀਆਂ ਛੱਲਾਂ। ਗਲ ਕੀ ਕਾਮਨਾਵਾਂ ਦਾ ਤੂਫਾਨ ਚਲ ਰਿਹਾ ਹੈ। ਅਜਿਹੀ ਹਾਲਤ ਵਿਚ ਮਨੁੱਖ ਆਪਣਾ ਜੀਵਨ-ਬੇੜਾ ਕਿਵੇਂ ਠੇਲੇ, ਕਿਵੇਂ ਹੌਸਲਾ ਕਰੇ ? ਕਿਉਂਕਿ ਆਪਣੀ ਅਕਲ ਨਾਲ ਪ੍ਰਭ ਜੋ ਬੇਅੰਤ ਹੈ, ਉਸ ਪਾਸ ਨਹੀਂ ਪਹੁੰਚਿਆ ਜਾ ਸਕਦਾ। ਸਿਖ ਤਾਂ ਨਿਮਰਤਾ ਸਹਿਤ 'ਮੋਕਉ ਬਾਹ ਦੇ ਬਾਹ ਦੇ ਬੀਠੁਲਾ' ਵਾਲੀ ਪੁਕਾਰ ਕਰੇ ਤਾਂ ਬਹੁੜੀ ਹੋ ਸਕਦੀ ਹੈ :

**ਹਸਤ ਅਲੰਬਨੁ ਦੇਹੁ ਪ੍ਰਭ, ਗਰਤਹੁ ਉਧਰੁ ਗੋਪਾਲ ॥**
**ਮੋਹਿ ਨਿਰਗੁਨ ਮਤਿ ਥੋਰੀਆ, ਤੂੰ ਸਦ ਹੀ ਦੀਨ ਦਇਆਲ ॥**[ਪੰਨਾ ੨੦੩

ਆਮ ਮੁਹਾਵਰਾ ਹੈ - 'ਲਾਲਚ ਬੁਰੀ ਬਲਾ ਹੈ' ਵਾਕਈ ਇਸ ਬਲਾ ਤੋਂ ਗੁਰੂ-ਪਰਮੇਸ਼ਰ ਹੀ ਬਚਾਉਣ ਦੇ ਸਮਰਥ ਹਨ। ਆਪਣੀਆਂ ਸਿਆਣਪਾਂ ਨਾਲ ਮਨੁੱਖ ਦੀ ਲੋਭੀ ਕੁਤੇ ਵਾਲੀ ਹਾਲਤ ਨਹੀਂ ਬਦਲ ਸਕਦੀ।

**ਸਹਜਿ ਅਵਲਿ, ਧੂੜਿ ਮਣੀ ਗਾਡੀ ਚਾਲਤੀ। ਪੀਛੈ, ਤਿਨਕਾ ਲੈ ਕਰਿ ਹਾਂਕਤੀ ॥੧॥ ਜੈਸੇ, ਪਨਕਤ ਥ੍ਰੂਟਿਟਿ ਹਾਂਕਤੀ ॥ ਸਰਿ ਧੋਵਨ ਚਾਲੀ ਲਾਡੁਲੀ ॥੧॥ਰਹਾਉ॥ ਧੋਬੀ ਧੋਵੈ ਬਿਰਹ ਬਿਰਾਤਾ ॥ ਹਰਿ ਚਰਨ, ਮੇਰਾ ਮਨੁ ਰਾਤਾ॥੨॥ ਭਣਤਿ ਨਾਮਦੇਉ, ਰਮਿ ਰਹਿਆ ॥ ਅਪਨੇ ਭਗਤ ਪਰ ਕਰਿ ਦਇਆ॥੩॥੩॥**

ਪਦ ਅਰਥ: ਸਹਜਿ-ਹੌਲਾ ਹੌਲਾ। ਅਵਲਿ-ਪਹਿਲਾਂ। ਧੂੜਿ ਮਣੀ ਗਾਡੀ-ਧੂੜ ਭਾਵ ਮੈਲੇ ਕਪੜਿਆਂ ਦੀ ਲੱਦੀ ਹੋਈ ਗੱਡੀ। ਚਾਲਤੀ-(ਅੱਗੇ ਅੱਗੇ) ਚਲਦੀ ਸੀ। ਪੀਛੈ-ਪਿਛੇ। ਤਿਨਕਾ ਲੈ ਕਰਿ-ਸੋਟੀ ਲੈ ਕੇ। ਹਾਕਤੀ-ਹਿਕਦੀ ਹੈ।੧।

ਪਨਕਤ-ਪਾਣੀ ਦੀ ਘਾਟ। ਥ੍ਰੂਟਿਟਿ-ਪਸ਼ੂ ਨੂੰ ਹਿਕਣ ਦੀਆਂ ਦੋ ਆਵਾਜ਼ਾਂ। ਸਰਿ-ਸਰੋਵਰ ਉਤੇ। ਧੋਵਨ-ਧੋਣ ਲਈ। ਲਾਡਲੀ-ਇਸਤ੍ਰੀ, ਭਾਵ ਧੋਬਣ।੧।ਰਹਾਉ।

ਧੋਬੀ-(ਗੁਰੂ) ਧੋਬੀ। ਬਿਰਹ ਬਿਰਾਤਾ-ਪ੍ਰੇਮ ਵਿਚ ਰੱਤਾ ਹੋਇਆ ਹੈ।੨।

ਭਣਤਿ-ਕਹਿੰਦਾ ਹੈ। ਰਮਿ ਰਹਿਆ-ਵਿਆਪਕ ਹੋ ਰਿਹਾ ਹੈ।੩।

ਅਰਥ: ਪਹਿਲਾਂ ਧੂੜ ਦੀ ਲੱਦੀ ਹੋਈ ਗੱਡੀ (ਪਾਪਾਂ ਭਰੀ ਕਾਇਆਂ) ਸਤਸੰਗ ਸਰੋਵਰ ਵਲ ਹੌਲੀ ਹੌਲੀ ਚਲਦੀ ਸੀ। ਪਰ ਪਿਛੋਂ ਉਤਸ਼ਾਹ ਰੂਪ ਡੰਡਾ ਜੀਵ ਨੇ ਸਰੀਰ ਨੂੰ ਠੋਕਿਆ ਅਤੇ ਅਗੇ ਕਰ ਦਿੱਤਾ।੧।

ਜਿਵੇਂ (ਧੋਬਣ ਉਸ ਗੱਡੀ ਨੂੰ) ਪਾਣੀ ਤੋਂ ਸਰੋਵਰ (ਘਾਟ) ਵਲ 'ਥ੍ਰੂਟਿਟਿ' ਆਖ ਕੇ ਹਿਕਦੀ ਹੈ (ਅਤੇ) ਸਰੋਵਰ ਉੱਤੇ (ਧੋਬੀ ਦੀ) ਲਾਡੁਲੀ (ਭਾਵ ਇਸਤ੍ਰੀ ਕਪੜੇ) ਧੋਣ ਲਈ ਜਾਂਦੀ ਹੈ (ਤਿਵੇਂ ਜੀਵ ਇਸਤ੍ਰੀ ਸਤਸੰਗ ਸਰੋਵਰ ਉਤੇ ਆਪਣਾ ਮਨ ਧੋਣ ਲਈ ਜਾਂਦੀ ਹੈ।੧।ਰਹਾਉ।

(ਗੁਰੂ) ਧੋਬੀ ਹਰੀ ਦੇ ਪ੍ਰੇਮ ਵਿਚ ਰੱਤੀਆਂ (ਜੀਵ ਇਸਤ੍ਰੀਆਂ ਦੇ ਮਨ) ਧੋਂਦਾ ਹੈ (ਗੁਰੂ ਦੀ ਮਿਹਰ ਸਦਕਾ) ਮੇਰਾ ਮਨ ਵੀ ਪਰਮਾਤਮਾ ਦੇ ਚਰਨਾ ਵਿਚ ਰੰਗਿਆ ਗਿਆ ਹੈ।੨।

ਨਾਮਦੇਵ ਆਖਦਾ ਹੈ (ਹੇ ਪਰਮਾਤਮਾ! ਤੂੰ ਸਭ ਥਾਵਾਂ ਤੇ) ਵਿਆਪਕ ਹੋ ਰਿਹਾ ਹੈਂ, ਆਪਣੇ ਭਗਤ ਉੱਤੇ (ਹਰ ਥਾਂ ਤੇ ਸਦਾ ਆਪਣੀ) ਦਇਆ ਕਰ (ਬਸ, ਇਹ ਬੇਨਤੀ ਹੈ)।੩।੩।

## ਸਾਰੰਸ਼ ਅਤੇ ਸਿਧਾਂਤ

ਸ਼ਬਦਾਰਥੀ ਵਿਦਵਾਨਾਂ ਨੇ ਧੋਬਣ ਦਾ ਗੱਡੀ ਵਿਚ ਕਪੜੇ ਪਾ ਕੇ ਸਰੋਵਰ ਤੇ ਧੋਣ ਲਈ ਜਾਣ ਦਾ ਦ੍ਰਿਸ਼ਟਾਂਤ ਦਿੱਤਾ ਹੈ। ਸਤਸੰਗ ਸਰੋਵਰ ਹੈ, ਗੁਰੂ ਧੋਬੀ ਹੈ ਤੇ ਧੋਬਣ ਸਤਸੰਗਣ ਹੈ।

ਦਰਪਣ ਦੇ ਕਰਤਾ ਨੇ ਇਸ ਸ਼ਬਦ ਦੀ ਬਹੁਤ ਲੰਮੀ ਵਿਆਖਿਆ ਜੋ ਮਾਸਕ-ਪਤ੍ਰ 'ਅੰਮ੍ਰਿਤ' ਦੇ

ਜੁਲਾਈ ੧੯੩੧ ਦੇ ਪਰਚੇ ਵਿਚ ਛਾਪੀ ਗਈ ਸੀ, ਦਿਤੀ ਹੈ। ਸੰਖੇਪ ਰੂਪ ਵਿਚ ਉਨ੍ਹਾਂ ਆਪਣੀ ਵਿਆਖਿਆ ਨੂੰ ਜਾਤ ਪਾਤ ਦੇ ਭਰਮ ਨਾਲ ਜੋੜਿਆ ਹੈ, ਜਿਸ ਦਾ ਇਸ ਸ਼ਬਦ ਨਾਲ ਕੋਈ ਸਬੰਧ ਨਜ਼ਰ ਨਹੀਂ ਆਉਂਦਾ। ਹਾਂ, ਰਹਾਉ ਦੀ ਪੰਕਤੀ ਵਿਚ 'ਪਨਕਤ' ਦਾ ਅਰਥ ਸਮਝਾਉਣ ਲਈ ਆਪ ਜੀ ਨੇ ਜੋ ਭਾਸ਼ਾਈ ਵਿਗਿਆਨ ਦਾ ਪ੍ਰਯੋਗ ਕੀਤਾ ਹੈ, ਸ਼ਲਾਘਾ ਯੋਗ ਹੈ। ਸ਼ਬਦ ਦੇ ਅਰਥ ਕਰਨ ਤੋਂ ਪਹਿਲਾਂ ਇਹ ਵੀਚਾਰ ਦਿਤਾ ਹੈ:

'ਇਸ ਸ਼ਬਦ ਵਿਚ ਧੋਬੀ ਦੀ ਕਿਰਤ ਦਾ ਜ਼ਿਕਰ ਕਰਕੇ ਆਤਮਿਕ ਦੇਣ ਦੇ ਕਾਰਨ ਕਵਿਤਾ ਦਾ ਸਲੇਸ਼ ਅਲੰਕਾਰ ਭੀ ਵਰਤਿਆ ਹੋਇਆ ਹੈ। ਲਫ਼ਜ਼ 'ਧੁਰਿ ਮਣੀ ਗਾਡੀ' ਨੂੰ ਧੋਬਣ' ਦੇ ਨਾਲ ਵਰਤਣ ਵੇਲੇ ਇਸ ਦਾ ਅਰਥ ਕਰਨਾ 'ਮੈਲੇ ਕਪੜਿਆਂ ਦੀ ਭਰੀ ਹੋਈ ਗੱਡੀ' ।ਜਦੋਂ ਇਸ ਨੂੰ ਧੋਬੀ ਗੁਰੂ ਨਾਲ ਵਰਤਾਂਗੇ ਤਾਂ 'ਲਾਡੁਲੀ' ਪ੍ਰੇਮਣ ਜੀਵ-ਇਸਤ੍ਰੀ ਨਾਲ ਇਸ ਦਾ ਅਰਥ ਹੋਵੇਗਾ ਇਹ ਮਿੱਟੀ ਦੀ ਗੱਡੀ, ਸਰੀਰ।

ਇਸ ਸ਼ਬਦ ਬਾਰੇ ਕਈ ਮਨਘੜਤ ਸਾਖੀਆਂ ਵੀ ਉਪਲਬਧ ਹਨ ਪਰ ਪੰਡਿਤ ਤਾਰਾ ਸਿੰਘ 'ਨਰੋਤਮ' ਦੇ ਮੌਲਿਕ ਵੀਚਾਰਾਂ ਦੇ ਸਾਰੰਸ਼ ਤੋਂ ਸੰਗਤਾਂ ਨੂੰ ਜਾਣੂੰ ਕਰਾਉਣਾ ਠੀਕ ਰਹੇਗਾ:--

ਪੰਡਿਤ ਜੀ ਕਹਿੰਦੇ ਹਨ ਕਿ ਜਨਮ ਦਿਨ ਤੋਂ ਹੀ ਧੁਰਿ ਮਣੀ, ਪ੍ਰਿਥਵੀ ਆਦਿਕ ਤੋਂ ਬਣੀ ਦੇਹ ਰੂਪ ਗੱਡੀ ਈਸ਼ਵਰ ਦੀ ਨੇਤ ਨਾਲ ਪ੍ਰੇਰਤ ਹੋਈ ਪ੍ਰਾਲਬਧ ਨਾਲ ਚਲਦੀ ਹੈ। ਈਸ਼ਵਰੀ ਇਛਾ ਹੀ ਪ੍ਰਾਲਬਧ ਰੂਪ ਛਟੀ ਲੈ ਕੇ ਖਾਨ ਪਾਨ ਆਦਿ ਵਿਉਹਾਰਾਂ ਵਿਚ ਦੇਹ ਨੂੰ ਚਲਾਉਂਦੀ ਹੈ। ਉਤਮ ਜਨਾ ਦੀ ਬੁਧੀ ਪਰਮੇਸ਼ਰ ਪਰਾਇਣ ਹੋਣ ਲਈ ਆਪਣੇ ਆਪ ਨੂੰ ਸ਼ੁੱਧ ਕਰਨ ਹਿਤ ਸਤਸੰਗ ਸਰੋਵਰ ਵਿਚ ਪਰਮੇਸ਼ਰ ਦੇ ਪ੍ਰੇਮ ਵਿਚ ਪ੍ਰਸੰਨ ਹੋ ਕੇ ਖੇਡਾਂ ਕਰਦੀ ਹੈ। ਗੁਰੂ ਰੂਪ ਧੋਬੀ ਉਪਦੇਸ਼ ਰੂਪ ਪਾਣੀ ਨਾਲ ਸੇਵਕ ਦੀ ਬੁਧੀ ਨੂੰ ਸ਼ੁੱਧ ਕਰਦਾ ਹੈ। ਫਿਰ ਪਰਮੇਸ਼ਰ ਦੇ ਬਿਰਹਾ ਵਿਚ ਮਨ ਰੰਗਿਆ ਜਾਂਦਾ ਹੈ ਮੰਗ ਇਹ ਕੀਤੀ ਹੈ ਕਿ ਹੇ ਪ੍ਰਭੂ! ਆਪਣੇ ਭਗਤ ਜਾਣ ਕੇ ਸਾਡੇ ਤੇ ਦਇਆ ਕਰ, ਜੋ ਨਿਸ਼ਚਾ ਅਸੀਂ ਚਾਹੁੰਦੇ ਹਾਂ, ਉਹ ਨਿਸ਼ਚਾ ਸਾਡਾ ਕਾਇਮ ਰਹੇ।

ਅਜਿਹੇ ਸ਼ਬਦਾਂ ਦੀ ਵਿਆਖਿਆ ਹਰੇਕ ਵਿਦਵਾਨ ਆਪਣੀ ਵਿਦਿਆ ਦੇ ਬਲ ਨਾਲ ਕਰਦਾ ਹੈ। ਸਿਧਾਂਤ ਇਹ ਹੈ ਕਿ ਸਤਸੰਗਤ ਵਿਚ ਗੁਰੂ ਦੇ ਉਪਦੇਸ਼ ਨਾਲ ਮਨ ਨੂੰ ਪਵਿਤਰ ਕਰਨਾ ਹੈ।

## ਬਸੰਤੁ ਬਾਣੀ ਰਵਿਦਾਸ ਜੀ ਕੀ

ੴ ਸਤਿਗੁਰ ਪ੍ਰਸਾਦਿ ॥ ਤੁਝਹਿ ਸੁਝੰਤਾ ਕਛੂ ਨਾਹਿ ॥ ਪਹਿਰਾਵਾ ਦੇਖੇ, ਊਭਿ ਜਾਹਿ ॥ ਗਰਬਵਤੀ ਕਾ ਨਾਹੀ ਠਾਉ ॥ ਤੇਰੀ ਗਰਦਨਿ ਊਪਰਿ, ਲਵੈ ਕਾਉ ॥੧॥ ਤੂ ਕਾਂਇ ਗਰਬਹਿ, ਬਾਵਲੀ॥ ਜੈਸੇ ਭਾਦਉ ਖੂੰਬਰਾਜੁ, ਤੂ ਤਿਸ ਤੇ ਖਰੀ ਉਤਾਵਲੀ ॥੧॥ ਰਹਾਉ॥ ਜੈਸੇ ਕੁਰੰਕ,ਨਹੀ ਪਾਇਓ ਭੇਦੁ॥ ਤਨਿ ਸੁਗੰਧ, ਢੂਢੈ ਪ੍ਰਦੇਸੁ॥ ਅਪਤਨ ਕਾ ਜੋ ਕਰੇ ਬੀਚਾਰੁ॥ ਤਿਸੁ,ਨਹੀ ਜਮ ਕੰਕਰੁ ਕਰੇ ਖੁਆਰੁ॥੨॥

**ਪੂਤ੍ਰ ਕਲਤ੍ਰ ਕਾ ਕਰਹਿ ਅਹੰਕਾਰੁ॥ ਠਾਕੁਰੁ ਲੇਖਾ ਮਗਨਹਾਰੁ॥ ਫੇੜੇ ਕਾ ਦੁਖੁ, ਸਹੈ ਜੀਉ॥ ਪਾਛੇ ਕਿਸਹਿ ਪੁਕਾਰਹਿ, ਪੀਉ ਪੀਉ॥੩॥ ਸਾਧੂ ਕੀ ਜਉ ਲੇਹਿ ਓਟ॥ ਤੇਰੇ ਮਿਟਹਿ ਪਾਪ ਸਭ, ਕੋਟਿ ਕੋਟਿ॥ ਕਹਿ ਰਵਿਦਾਸ, ਜੁ ਜਪੈ ਨਾਮੁ ॥ ਤਿਸੁ ਜਾਤਿ ਨ ਜਨਮੁ, ਨ ਜੋਨਿ ਕਾਮੁ॥੪॥੧॥**

## ਉਚਾਰਨ ਸੇਧ

**ਬਿੰਦੀ ਸਹਿਤ** : ਨਾਹਿਂ, ਜਾਹਿਂ, ਠਾਉਂ, ਕਉਂ, ਗਰਬਹਿਂ, ਨਹੀਂ, ਕਰਹਿਂ, ਮੰਗਨਹਾਰ, ਕਿਸਹਿਂ, ਪੁਕਾਰਹਿਂ, ਲੇਹਿਂ, ਮਿਟਹਿਂ।

**ਫੁਟਕਲ** : 'ਜੋ' ਦਾ ਉਚਾਰਨ 'ਜੁ' ਕਰਨਾ ਹੈ।

**ਪਦ ਅਰਥ** : ਤੁਝਹਿ-ਤੈਨੂੰ। ਸੁਝੰਤਾ ਕਛੂ ਨਾਹਿ-ਕੁਝ ਨਹੀਂ ਸੁਝਦਾ, ਸਮਝ ਨਹੀਂ ਆਉਂਦੀ। ਪਹਿਰਾਵਾ-ਪੁਸ਼ਾਕ, ਭਾਵ ਸਰੀਰਕ ਠਾਠ ਬਾਠ। ਦੇਖੈ-ਵੇਖ ਕੇ। ਊਭਿ ਜਾਹਿ-ਆਕੜ ਪੈਂਦੀ ਹੈ। ਗਰਬਵਤੀ-ਅਹੰਕਾਰ ਵਾਲੀ॥ ਠਾਉ-ਥਾਂ। ਗਰਦਨਿ ਊਪਰਿ-ਧੌਣ ਉਤੇ। ਲਵੈ ਕਾਉ-(ਕਾਲ ਰੂਪ) ਕਾਂ ਬੋਲਦਾ ਹੈ॥ ਕਾਇ-ਕਿਉਂ, ਕਿਸ ਲਈ?। ਗਰਬਹਿ-ਅਹੰਕਾਰ ਕਰਦੀ ਹੈਂ॥ ਬਾਵਲੀ-ਹੇ ਪਗਲੀ!। ਭਾਦਉ-ਭਾਦੋਂ ਦੇ (ਮਹੀਨੇ) ਵਿਚ। ਖੂੰਬਰਾਜੁ-(੧) ਜ਼ਮੀਨ ਤੇ ਬੱਦਲ ਦੇ ਸੰਯੋਗ ਤੋਂ ਪੈਦਾ ਹੋਇਆ ਛਤ੍ਰਾਕ, ਵੱਡੀ ਖੁੰਭ (੨) ਬਰਸਾਤੀ ਮੌਸਮ ਵਿਚ ਪੈਦਾ ਹੋਇਅ ਪਦ ਬਹੇੜਾ। ਤੇ-ਤੋਂ। ਖਰੀ-ਵਧ ਕੇ। ਉਤਾਵਲੀ-ਕਾਹਲੀ।੧। ਰਹਾਉ।

ਕੁਰੰਕ-ਹਿਰਨ। ਤਨਿ-ਸਰੀਰ ਵਿਚ। ਸੁਗੰਧ-(ਕਸਤੂਰੀ) ਦੀ ਸੁਗੰਧੀ ਖੁਸ਼ਬੂ। ਢੂਢੈ ਪ੍ਰਦੇਸ-ਬਾਹਰ ਢੂੰਢਦਾ ਫਿਰਦਾ ਹੈ। ਅਪਤਨ ਕਾ-ਆਪਣੇ ਸਰੀਰ ਦਾ। ਜਮ ਕੰਕਰ-ਜਮਦੂਤ।੨।

ਕਲਤ੍ਰ-ਇਸਤ੍ਰੀ॥ ਕਰਹਿ-ਕਰਦੇ ਹਨ॥ ਮਗਨਹਾਰ-ਮੰਗਣ ਵਾਲਾ॥ ਫੇੜੇ ਕਾ ਦੁਖੁ-ਕੀਤੇ ਮੰਦੇ ਕਰਮਾਂ ਦਾ ਦੁਖ॥ ਸਹੈ ਜੀਉ-ਜੀਵ ਸਹਾਰਦਾ ਹੈ॥ ਪਾਛੇ-ਪਿਛੋਂ॥ ਕਿਸਹਿ-ਕਿਸ ਨੂੰ॥ ਪੁਕਾਰਹਿ-ਪੁਕਾਰੇਂਗੀ॥੩॥

ਸਾਧੂ ਕੀ-ਸਾਧ (ਗੁਰੂ) ਦੀ॥ ਜਉ-ਜੇ। ਲੇਹਿ ਓਟ-ਆਸਰਾ ਲੈ ਲਵੇਂ। ਮਿਟਹਿ-ਮਿਟ ਜਾਣਗੇ। ਕੋਟਿ ਕੋਟਿ-ਕ੍ਰੋੜਾਂ ਹੀ। ਨ ਜੋਨਿ ਕਾਮੁ-ਜੂਨਾਂ ਵਿਚ ਵਾਹ ਨਹੀਂ ਪੈਂਦਾ.।੪।

**ਅਰਥ** : (ਹੇ ਜੀਵ !) ਤੈਨੂੰ ਕੁਝ ਸੁਝਦਾ ਬੁਝਦਾ ਨਹੀਂ ਹੈ, (ਤੂੰ ਆਪਣਾ ਸਰੀਰਕ) ਲਿਬਾਸ (ਠਾਠ ਬਾਠ) ਵੇਖ ਕੇ ਆਕੜਦਾ ਹੈਂ। ਹੰਕਾਰ ਵਾਲੀ (ਦੇਹੀ) ਦਾ ਕੋਈ ਥਾਂ ਟਿਕਾਣਾ (ਨਹੀਂ ਭਾਵ, ਨਾਸ਼ਵੰਤ ਹੈ, ਕਿਉਂਕਿ) ਤੇਰੀ ਧੌਣ ਉਤੇ (ਕਾਲ ਰੂਪੀ) ਕਾਂ ਵਾਜਾਂ ਮਾਰਦਾ ਪਿਆ ਹੈ।੧।

ਹੇ (ਕਾਇਆ !) ਕਮਲੀਏ, ਤੂੰ ਕਿਸ ਲਈ ਹੰਕਾਰ ਕਰਦੀ ਹੈਂ ? ਜਿਵੇਂ ਭਾਦੋਂ (ਦੇ ਮਹੀਨੇ ਵਿਚ) ਖੁੰਭ (ਉਗ ਕੇ ਛੇਤੀ ਹੀ ਸੜ ਜਾਂਦੀ ਹੈ) ਤੂੰ ਉਸ ਤੋਂ ਭੀ ਵਧੀਕ ਉਤਾਵਲੀ (ਭਾਵ ਨਾਸ਼ ਹੋਣ ਵਾਲੀ) ਹੈਂ।੧। ਰਹਾਉ।

ਜਿਸ ਤਰ੍ਹਾਂ ਹਿਰਨ ਦੀ (ਨਾਭੀ ਵਿਚ ਕਸਤੂਰੀ ਹੁੰਦੀ ਹੈ, ਪਰ ਉਹ) ਇਹ ਭੇਦ ਨਹੀ ਸਮਝ ਸਕਿਆ ਕਿ (ਉਸ ਦੇ) ਸਰੀਰ ਵਿਚ ਹੀ ਸੁਗੰਧੀ ਹੈ (ਪਰ ਉਹ) ਪਰਦੇਸ (ਭਾਵ ਝਾੜਾਂ ਵਿਚ ਸੁਗੰਧੀ) ਢੂੰਢਦਾ ਫਿਰਦਾ ਹੈ। (ਹੇ ਭਾਈ!) ਜਿਹੜਾ (ਮਨੁੱਖ) ਆਪਣੇ ਸਰੀਰ ਦੀ ਵੀਚਾਰ ਕਰਦਾ ਹੈ (ਮਾਇਆ ਨੂੰ ਆਪਣੀ ਨਹੀਂ ਸਮਝਦਾ) ਉਸ ਨੂੰ ਜਮਦੂਤ ਖਜਲ-ਖੁਆਰ ਨਹੀਂ ਕਰਦਾ ।੨।

(ਹੇ ਕਾਇਆ ! ਤੂੰ) ਪੁੱਤਰ ਵਹੁਟੀ (ਆਦਿ ਦਾ) ਮਾਣ ਕਰਦੀ ਹੈਂ (ਪਰ ਯਾਦ ਰਖ, ਕੀਤੇ ਕਰਮਾਂ ਦਾ) ਲੇਖਾ ਮੰਗਣ ਵਾਲਾ ਪ੍ਰਭੂ ਤੇਰੇ ਪਾਸੋਂ (ਅਗੇ ਜਾ ਕੇ ਪੁਛੇਗਾ)। (ਇਹ) ਜੀਵ ਮੰਦੇ ਕਰਮਾਂ ਦਾ ਦੁਖ ਸਹਾਰਦਾ ਹੈ। (ਹੇ ਜਿੰਦੇ ! ਸੁਆਸ ਨਿਕਲਣ) ਪਿਛੋਂ ਕਿਸ ਨੂੰ ਪਿਆਰਾ ਪਿਆਰਾ ਆਖ ਕੇ ਅਵਾਜ਼ਾਂ ਮਾਰੇਗੀ ?।੩।

(ਹੇ ਕਾਇਆ !) ਜੇ ਤੂੰ ਸਾਧੂ (ਭਾਵ ਗੁਰੂ) ਦੀ ਟੇਕ ਲੈ ਲਵੇਂ, ਤੇਰੇ ਕ੍ਰੋੜਾਂ ਦੇ ਕ੍ਰੋੜਾਂ ਪਾਪ ਨਾਸ਼ ਹੋ ਜਾਣ। ਰਵਿਦਾਸ (ਭਗਤ) ਆਖਦਾ ਹੈ ਕਿ ਜਿਹੜਾ (ਮਨੁੱਖ ਪਰਮਾਤਮਾ ਦਾ) ਨਾਮ ਜਪਦਾ ਹੈ ਉਸ ਦੀ ਜਾਤ, ਜਨਮ-ਮਰਨ ਦਾ (ਟੰਟਾ ਮੁਕ ਜਾਂਦਾ ਹੈ, ਭਾਵ ਉਸ ਦਾ) ਜੂਨਾਂ ਨਾਲ ਕੋਈ ਵਾਸਤਾ ਨਹੀਂ ਰਹਿੰਦਾ ।੪।੧।

## ਸਾਰੰਸ਼ ਅਤੇ ਸਿਧਾਂਤ

ਸੰਪ੍ਰਦਾਈ ਸਟੀਕ ਦੇ ਕਰਤਾ ਨੇ ਇਸ ਸ਼ਬਦ ਦੀ ਉਥਾਨਕਾ ਵਿਚ ਇਹ ਲਿਖਿਆ ਹੈ ਕਿ 'ਇਕ ਪ੍ਰੇਮੀ ਦੇ ਲੜਕੇ ਦਾ ਵਿਆਹ ਸੀ, ਉਸ ਨੇ ਬੜੀਆਂ ਬੇਨਤੀਆਂ ਕਰਕੇ ਰਵਿਦਾਸ ਜੀ ਨੂੰ ਨਾਲ ਲਿਜਾਣ ਵਾਸਤੇ ਮਨਾਇਆ। ਜਾਣ ਲੱਗਿਆਂ ਇਕ ਚੰਗੀ ਪੁਸ਼ਾਕ ਤਿਆਰ ਕਰਾ ਕੇ ਘੋੜੀ ਸਮੇਤ ਲਿਆਇਆ। ਰਵਿਦਾਸ ਜੀ ਨੂੰ ਕਹਿ ਕੇ ਉਹ ਪੁਸ਼ਾਕ ਪਵਾਈ। ਪੁਸ਼ਾਕ ਨੂੰ ਪਾ ਕੇ ਭਗਤ ਜੀ ਜਦ ਘੋੜੀ ਤੇ ਚੜ੍ਹ ਬੈਠੇ ਤਾਂ ਦੇਹ ਆਕੜ ਗਈ ਤਿਸ ਰਵਿਦਾਸ ਭਗਤ ਜੀ ਆਪਣੀ ਦੇਹ ਪ੍ਰਤੀ ਉਪਦੇਸ਼ ਦੇਂਦੇ ਹੋਏ ਕਹਿੰਦੇ ਹਨ ਕਿ "ਤੁਝਹਿ ਸੁਝੰਤਾ ਕਛੂ ਨਾਹਿ"।

ਉਪ੍ਰੋਕਤ ਉਥਾਨਕਾ ਵਿਚ ਘੜੀ ਕਹਾਣੀ ਤੋਂ ਇਹ ਪੱਤਾ ਲਗਦਾ ਹੈ ਜਿਵੇਂ ਕਿ ਸਾਖੀਕਾਰ ਉਸ ਵਿਆਹ ਤੇ ਭਗਤ ਜੀ ਦੇ ਨਾਲ ਸੀ ਅਤੇ ਉਸ ਨੇ ਭਗਤ ਜੀ ਦੀ 'ਦੇਹ ਆਕੜ ਗਈ' ਵੇਖੀ ਹੋਵੇ।

ਸ਼ਬਦ ਦੀ ਵੀਚਾਰ ਤੋਂ ਆਪਣੇ ਆਪ ਹੀ ਸਪਸ਼ਟ ਹੈ ਕਿ ਇਹ ਸ਼ਬਦ ਦੇਹੀ ਨੂੰ ਸੰਬੋਧਨ ਕੀਤਾ ਗਿਆ ਹੈ ਕਿ ਤੂੰ ਸੁੰਦਰ ਕਪੜੇ ਪਾ ਕੇ ਹੰਕਾਰ ਨਾ ਕਰ ਕਿਉਂਕਿ ਤੂੰ ਇਸ ਸੰਸਾਰ ਵਿਚ ਸਦਾ ਲਈ ਬੈਠੇ ਨਹੀਂ ਰਹਿਣਾ, ਭਾਦੋਂ ਦੇ ਮਹੀਨੇ ਵਿਚ ਖੁੰਬ ਵਾਂਗ ਤੂੰ ਵੀ ਛਿਨ ਭੰਗਰ ਹੈਂ। ਤੂੰ ਜੀਵਨ ਦੀ ਅਸਲੀਅਤ ਨੂੰ ਸਮਝ। ਨਿਜ ਸਰੂਪ ਦੀ ਜਾਣ ਪਛਾਣ ਦਾ ਗਿਆਨ ਪ੍ਰਾਪਤ ਕਰ, ਜਾਤ ਜਨਮ ਅਥਵਾ ਦੇਹ ਅਧਿਆਸ ਤੋਂ ਬਚ ਕੇ ਰਹੁ।

ਭਗਤ ਜੀ ਦਾ ਮਨੁੱਖ ਨੂੰ ਆਤਮਿਕਗਿਆਨ ਦੇਣ ਦਾ ਮੁਖ ਪ੍ਰਯੋਜਨ (ਸਿਧਾਂਤ) ਇਹੋ ਹੈ ਕਿ ਨਾਮ ਧਿਆਨ ਤੋਂ ਬਿਨਾਂ ਬਾਕੀ ਸਾਰੇ ਫੋਕਟ ਕਰਮ ਹਨ ਜੋ ਰਬੀ ਦਰਗਾਹ ਵਿਚ ਕਿਸੇ ਕੰਮ ਨਹੀਂ ਆਉਂਦੇ। ਇਸ ਲਈ ਨਾਮ-ਚਿੰਤਨ ਹੀ ਉੱਤਮ ਕਰਮ ਹੈ।

## ਬਸੰਤੁ ਕਬੀਰ ਜੀਉ

ੴ ਸਤਿਗੁਰ ਪ੍ਰਸਾਦਿ॥ ਸੁਰਹ ਕੀ ਜੈਸੀ, ਤੇਰੀ ਚਾਲ॥ ਤੇਰੀ ਪੂੰਛਟ ਊਪਰਿ ਝਮਕ ਬਾਲ॥੧॥ ਇਸ ਘਰ ਮਹਿ ਹੈ, ਸੁ ਤੂ ਢੂਢਿ ਖਾਹਿ॥ ਅਉਰ ਕਿਸ ਹੀ ਕੇ, ਤੂ ਮਤਿ ਹੀ ਜਾਹਿ॥੧॥ਰਹਾਉ॥ ਚਾਕੀ ਚਾਟਹਿ, ਚੂਨੁ ਖਾਹਿ॥ ਚਾਕੀ ਕਾ ਚੀਥਰਾ, ਕਹਾਂ ਲੈ ਜਾਹਿ॥੨॥ ਛੀਕੇ ਪਰ, ਤੇਰੀ ਬਹੁਤੁ ਡੀਠਿ॥ ਮਤੁ ਲਕਰੀ ਸੋਟਾ, ਤੇਰੀ ਪਰੈ ਪੀਠਿ॥੩॥ ਕਹਿ ਕਬੀਰ, ਭੋਗ ਭਲੇ ਕੀਨ॥ ਮਤਿ ਕੋਊ ਮਾਰੈ ਈਂਟ ਢੇਮ॥੪॥੧॥

### ਉਚਾਰਨ ਸੇਧ

**ਬਿੰਦੀ ਸਹਿਤ :** ਚਾਟਹਿਂ, ਮਹਿਂ, ਖਾਹਿਂ, ਜਾਹਿਂ।

**ਪਦ ਅਰਥ :** ਸੁਰਹ ਕੀ ਜੈਸੀ-ਸੁਰਗ ਦੀ ਗਊ ਵਰਗੀ। ਚਾਲ-ਟੋਰ। ਪੂੰਛਟਿ-ਪੂਛਲ। ਝਮਕ-ਚਮਕਦੇ ਹਨ। ਬਾਲ-ਵਾਲ।੧।

ਚਾਕੀ-ਚੱਕੀ (ਦਾਣੇ ਪੀਹਣ ਵਾਲੀ)। ਚਾਟਹਿ-(ਤੂੰ) ਚਟਦਾ ਹੈਂ। ਚੂਨੁ-ਆਟਾ। ਖਾਹਿ-ਖਾਂਦੀ ਹੈ। ਚੀਥੜਾ-ਪਰੋਲਾ (ਫਟਿਆ ਕਪੜਾ)। ਜਾਹਿ-ਜਾਂਦਾ ਹੈਂ। ਕਹਾਂ-ਕਿਥੇ।੨।

ਛੀਕੇ ਪਰ-ਛਿਕੇ ਉਪਰ। ਡੀਠਿ-ਨਜ਼ਰ। ਮਤੁ-ਮਤਾਂ। ਪੀਠਿ-ਪਿੱਠ (ਕੰਡ) ਤੇ।੩।

ਭੋਗ ਭਲੇ-ਚੰਗੇ ਪਦਾਰਥ। ਕੀਨ-ਕੀਤੇ।੪।

**ਅਰਥ :** (ਭਗਵਾਨ ਨੇ ਭਗਤ ਜੀ ਨੂੰ ਗਊ ਦੇ ਰੂਪ ਵਿਚ ਆ ਕੇ ਦਰਸ਼ਨ ਦਿਤੇ। ਭਗਤ ਜੀ ਨੇ ਦਿਬ-ਦ੍ਰਿਸ਼ਟੀ ਨਾਲ ਭਗਵਾਨ ਨੂੰ ਪਹਿਚਾਨ ਲਿਆ ਤੇ ਆਖਣ ਲਗੇ ਕਿ ਹੇ ਪ੍ਰਭੂ !) ਤੇਰੀ ਚਾਲ (ਟੋਰ) ਗਊ ਵਰਗੀ ਹੈ (ਭਾਵ ਠਿਮਕ ਠਿਮਕ ਕੇ ਪੈਰ ਰਖਦੇ ਹੋ) ਤੇਰੀ ਪੂਛਲ ਤੇ (ਚੌਰ ਵਰਗੇ) ਵਾਲ ਚਮਕਦੇ ਹਨ।੧।

(ਹੇ ਪ੍ਰਭੂ !) ਇਸ ਘਰ ਵਿਚ (ਜੋ ਅੰਨ ਆਦਿ ਪਦਾਰਥ) ਹੈ, ਉਹ ਤੂੰ ਲਭ ਕੇ ਖਾ ਲੈ, (ਵੇਖੀਂ) ਹੋਰ ਕਿਸੇ ਦੇ ਘਰ ਨਾ ਜਾਵੀਂ।੧।

(ਤੂੰ) ਚੱਕੀ ਚਟਦੀ ਹੈ ਤੇ ਚਕੀ ਦਾ ਪਰੋਲਾ (ਮੂੰਹ ਵਿਚ ਪਾ ਕੇ) ਕਿਥੇ ਲੈ ਜਾਵੇਂਗੀ। (ਇਸ ਨੂੰ ਛਡ ਕੇ) ਆਟਾ ਖਾਹ। ਮੇਰੇ ਗਰੀਬ ਜੁਲਾਹੇ ਦੇ ਘਰ ਇਹੀ ਕੁਝ ਹੈ।੨।

ਛਿਕੇ ਉਪਰ ਤੇਰੀ ਬਹੁਤ ਨਜ਼ਰ ਹੈ (ਪਰ ਉਸ ਵਿਚ ਕੁਝ ਵੀ ਨਹੀਂ ਹੈ, ਇਸ ਲਈ ਤੂੰ ਓਧਰ ਨ ਝਾਕ, ਜਲਦੀ ਜਲਦੀ ਆਟਾ ਖਾ ਲੈ) ਮਤਾਂ (ਕੋਈ ਘਰ ਦਾ ਮੈਂਬਰ ਆ ਜਾਵੇ ਤੇ) ਤੇਰੀ ਪਿਠ ਤੇ ਲਕੜੀ ਜਾਂ ਸੋਟਾ (ਮਾਰ) ਦੇਵੇ।੩।

ਕਬੀਰ ਜੀ ਆਖਦੇ ਹਨ (ਕਿ ਹੇ ਗਊ ਰੂਪ ਵਿਚ ਆਏ ਭਗਵਾਨ ! ਹੁਣ ਤੁਸਾਂ) ਚੰਗੀ ਤਰ੍ਹਾਂ ਭੋਗ ਲਾ ਲਿਆ ਹੈ (ਭਾਵ ਭੋਜਨ ਛੱਕ ਲਿਆ ਹੈ, ਹੁਣ ਇਥੋਂ ਚਲੇ ਜਾਓ) ਕਿਤੇ ਅਜਿਹਾ ਨਾ ਹੋਵੇ ਕਿ ਕੋਈ (ਤੁਹਾਨੂੰ) ਇਟ ਢੀਮ ਕਢ ਮਾਰੇ।੪।੧।

## ਅਰਥ ਭੇਦ ਅਤੇ ਨਿਰਣੈ

**ਸੁਰਹ ਕੀ ਜੈਸੀ ਤੇਰੀ ਚਾਲ ॥**

**ਤੇਰੀ ਪੂੰਛਟ ਊਪਰਿ ਝਮਕ ਬਾਲ ॥**

ਵਖ ਵਖ ਅਰਥ :

੧. ਸੁਰਹ (ਦੇਵਤੋਂ) ਸਾਰਖੀ ਤੇਰੀ (ਚਾਲ) ਰਹਿਣੀ ਹੈ (ਤੇਰੀ ਪੂਛਲ) ਬੁਧੀ ਉਪਰ ਗੁਣਾਂ ਰੂਪ ਬਾਲ ਚਮਕ ਰਹੇ ਹਨ ਵਾ ਤੇਰੇ ਪਿਛੇ ਬੇਦ ਸ਼ਾਸਤ੍ਰ ਗੁਣ ਨਿਰੂਪਣ ਕਰ ਰਹੇ ਹਨ। [ਫ.ਸ.

੨. ਸੁਰਹ-ਸੁਰਭੀ, ਗਾਂ ਵਰਗੀ। ਪੂਛਲ-ਪੂਛਲਾ ਬਾਲ-ਵਾਲ। [ਸ਼ਬਦਾਰਥ, ਮ.ਕੋ.

੩. (ਹੇ ਕੁਤੇ) ਗਾਂ ਵਰਗੀ ਤੇਰੀ ਤੋਰ ਹੈ। ਤੇਰੀ ਪੂਛਲ ਉਤੇ ਵਾਲ ਵੀ ਸੋਹਣੇ ਚਮਕਦੇ ਹਨ। (ਹੇ ਕੁੱਤਾ ਸੁਭਾਓ ਜੀਵ! ਸ਼ਰੀਫਾਂ ਵਰਗੀ ਤੇਰੀ ਸ਼ਕਲ ਤੇ ਪਹਿਰਾਵਾ ਹੈ)। [ਦਰਪਣ

੪. ਹੇ ਭਗਵਾਨ! ਰੂਪ ਤਾਂ ਆਪ ਨੇ ਕੁੱਤੀ ਦਾ ਧਾਰਿਆ ਹੋਇਆ ਹੈ ਪਰ ਸੁਰਹ-ਗਊ ਵਰਗੀ ਤੇਰੀ ਚਾਲ ਹੈ ਅਤੇ ਆਪ ਜੀ ਦੀ ਪੂਛ ਉਤੇ ਬੜੇ ਸੋਹਣੇ ਸੋਹਣੇ ਵਾਲ ਚਮਕ ਰਹੇ ਹਨ। [ਸਿ.ਸ.

**ਨਿਰਣੈ:** ਇਸ ਸ਼ਬਦ ਨੂੰ ਜੇ ਗਹੁ ਨਾਲ ਵੇਖਿਆ ਤੇ ਵਾਚਿਆ ਜਾਏ ਤਾਂ ਇਸ ਵਿੱਚ ਕੋਈ ਅਜਿਹਾ ਪਦ ਨਹੀਂ ਆਉਂਦਾ ਜਿਸ ਦੇ ਅਰਥ ਕੁੱਤਾ ਜਾਂ ਕੁੱਤੀ ਹੋਣ। ਪਤਾ ਨਹੀਂ ਸਮੂਹ ਟੀਕਾਕਾਰਾਂ ਨੇ ਕੁੱਤੇ ਕੁੱਤੀ ਨੂੰ ਕਿਉਂ ਮੁਖ ਰਖ ਕੇ ਅਰਥ ਕੀਤੇ ਹਨ। ਇਸ ਸ਼ਬਦ ਦੀ ਆਰੰਭਕ ਪੰਕਤੀ ਵਿਚ 'ਸੁਰਹ' ਸ਼ਬਦ ਦੀ ਵਰਤੋਂ ਹੈ ਜਿਸ ਦੇ ਅਰਥ ਹਨ 'ਗਊ'। ਕੇਵਲ ਕੁੱਤਾ ਹੀ ਚੁੱਕੀ, ਨਹੀਂ ਚੱਟਦਾ, ਚੁੰਮਦਾ, ਬਲਕਿ ਗਊ ਦਾ ਸੁਭਾਅ ਵੀ ਅਜਿਹਾ ਹੀ ਹੈ। ਉਹ ਵੀ ਪਰੌਲਾ ਜਿਥੇ ਕੋਈ ਖਾਣ ਪੀਣ ਵਾਲਾ ਪਦਾਰਥ ਦਿਸੇ, ਉਥੇ ਮੂੰਹ ਮਾਰਨੋ ਨਹੀਂ ਰਹਿੰਦੀ। ਇਸ ਲਈ ਕੁੱਤੇ ਦੀ ਤੁਲਨਾ ਦੇਣੀ ਅਸੰਗਤ ਜਾਪਦੀ ਹੈ।

ਟੀਕਾਕਾਰਾਂ ਨੇ ਸ਼ਬਦ ਦੀਆਂ ਬਾਕੀ ਤੁੱਕਾਂ ਦੇ ਅਰਥ ਵੀ ਕੁੱਤੇ ਨੂੰ ਮੁਖ ਰਖ ਕੇ ਹੀ ਕੀਤੇ ਹਨ ਜਿਸ ਦੀ ਵਿਸ਼ੇਸ਼ ਵਿਆਖਿਆ 'ਸਾਰੰਸ਼ ਅਤੇ ਸਿਧਾਂਤ' ਵਿਚ ਕਰ ਦਿੱਤੀ ਗਈ ਹੈ।

## ਸਾਰੰਸ਼ ਅਤੇ ਸਿਧਾਂਤ

ਭਗਤਾਂ ਨੂੰ ਪਰਮੇਸ਼ਰ ਦੇ ਕਈ ਰੂਪਾਂ ਵਿਚ ਦਰਸ਼ਨ ਹੋਣ ਦੀਆਂ ਸਾਖੀਆਂ ਭਗਤ ਮਾਲ ਵਿਚ ਉਪਲਬਧ ਹਨ। ਜਿਵੇਂ:-

੧. **ਆਓ ਕਲੰਦਰ ਕੇਸਵਾ॥ ਕਰਿ ਅਬਦਾਲੀ ਭੇਸਵਾ ॥** [ਪੰਨਾ ੧੧੬੭

੨. **ਪਾਖੰਤਣ ਬਾਜ ਬਜਾਇਲਾ॥ ਗਰੁੜ ਚੜ੍ਹੇ ਗੋਬਿੰਦ ਆਇਲਾ॥੧੫॥**
**ਅਪਨੇ ਭਗਤ ਪਰ ਕੀ ਪ੍ਰਤਿਪਾਲ ॥**
**ਗਰੁੜ ਚੜ੍ਹੇ ਆਏ ਗੋਪਾਲ ॥ ੧੬ ॥** [ਪੰਨਾ ੧੧੬੬

੩. **ਹਲੇ ਯਾਰਾਂ, ਹਲੇ ਯਾਰਾਂ, ਖੁਸਿਖਬਰੀ ॥** [ਪੰਨਾ ੭੨੭

ਇਸੇ ਪ੍ਰਕਾਰ ਦੀਆਂ ਭਗਤ ਨਾਮਦੇਵ ਜੀ ਦੀਆਂ ਹੋਰ ਵੀ ਕਈ ਸਾਖੀਆਂ ਹਨ ਜਿਸ ਦਾ

ਜ਼ਿਕਰ ਗੁਰਬਾਣੀ ਵਿਚ ਆਉਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਵੀ ਆਪਣੇ ਪ੍ਰੀਤਮ ਜੀ ਦੇ ਪਾਵਨ ਦਰਸ਼ਨ ਦਾ ਰੂਪਕ ਅਲੰਕਾਰ ਇਉਂ ਬੱਧਾ ਹੈ:-

**ਤੇਰੇ ਬੰਕੇ ਲੋਇਣ ਦੰਤ ਰੀਸਾਲਾ ॥**
**ਸੋਹਣੇ ਨਕ ਜਿਨ ਲੰਮੜੇ ਵਾਲਾ ॥** [ਪੰਨਾ ੫੬੭

ਇਸ ਸ਼ਬਦ ਦੇ ਟੀਕਾਕਾਰਾਂ ਨੇ ਜਿਥੇ ਸਾਧਾਰਨ ਅਰਥ ਕੀਤੇ ਹਨ ਉਥੇ ਕਈ ਰੂਪਾਂ ਵਿਚ ਭਾਵਕ ਅਰਥ ਵੀ ਕਰਨ ਦਾ ਯਤਨ ਕੀਤਾ ਹੈ। ਸ਼ਬਦਾਰਥ ਵਿਚ ਇਸ ਪ੍ਰਥਾਏ ਅੰਕਿਤ ਕੀਤੇ ਉਪਦੇਸ਼ਾਤਮਿਕ ਅਰਥ ਪਾਠਕਾਂ ਲਈ ਲਾਭਦਾਇਕ ਹਨ।

"ਇਹ ਸ਼ਬਦ ਨਿਰਾ ਕੁੱਤੇ ਉਤੇ ਨਹੀਂ। ਇਸ ਸ਼ਬਦ ਵਿਚ ਕਬੀਰ ਜੀ ਆਮ ਜੀਵ ਦੀ ਬ੍ਰਿਤੀ ਦੇਖ ਕੇ ਦਿਲਚਸਪੀ ਲੈ ਰਹੇ ਹਨ। ਜੀਵ (ਚੱਕੀ ਚਟਦਾ ਹੈ) ਮਾਇਕ ਪਦਾਰਥ ਲੋਭ ਨਾਲ ਭੋਗਦਾ ਹੈ, (ਚੱਕੀ ਦਾ ਪਰੋਲਾ ਲਈ ਜਾਂਦਾ ਹੈ) ਬੇਲੋੜੇ ਤੇ ਨਿਕੰਮੇ ਪਦਾਰਥਾਂ ਦਾ ਲਾਲਚ ਕਰਦਾ ਹੈ ਅਤੇ (ਛਿੱਕੇ ਵਲ ਤਕਦਾ ਹੈ) ਜਿਥੇ ਪਹੁੰਚ ਨਹੀਂ ਉਨ੍ਹਾਂ ਪਦਾਰਥਾਂ ਦੀ ਭੀ ਲਾਲਸਾ ਕਰਦਾ ਹੈ। ਉਸ ਨੂੰ ਤੰਬੀਹ ਕਰਦੇ ਹਨ ਕਿ ਵੇਖੀਂ ਇਕ ਰਬ ਤੇ ਭਰੋਸਾ ਰਖ, ਨਹੀਂ ਤਾਂ ਭੋਗਾਂ ਦਾ ਅੰਤ ਮਾੜਾ ਨਿਕਲੇਗਾ।"

ਇਸ ਦੇ ਨਾਲ ਹੀ ਗੁਰਮਤਿ ਸਿਧਾਂਤ ਦਾ ਇਹ ਨੁਕਤਾ ਵੀ ਨਹੀਂ ਭੁਲਣਾ ਚਾਹੀਦਾ ਕਿ ਨਿਰੰਕਾਰ ਸਰਗੁਣ ਤੇ ਨਿਰਗੁਣ ਦੋਵੇਂ ਰੂਪਾਂ ਵਿਚ ਵਿਆਪਕ ਹੈ ਅਤੇ ਦੋਨਾਂ ਹੀ ਰੂਪਾਂ ਵਿਚ ਦਰਸ਼ਨ ਹੋਣੇ ਸੰਭਵ ਹਨ। ਉਸ ਦੀਆਂ ਦਰਸ਼ਨ ਝਲਕਾਂ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ:-

**ਸਰਗੁਨ ਨਿਰਗੁਨ ਨਿਰੰਕਾਰ, ਸੁੰਨ ਸਮਾਧੀ ਆਪਿ ॥**
**ਆਪਨ ਕੀਆ ਨਾਨਕਾ, ਆਪੇ ਹੀ ਫਿਰਿ ਜਾਪਿ ॥੧॥** [ਪੰਨਾ ੨੯੦

***ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਿਹ***

# ਸਾਡਾ ਵਿਰਸਾ

**ਇਸੁ ਜੁਗ ਮਹਿ ਸੋਭਾ ਨਾਮ ਕੀ ਬਿਨੁ ਨਾਵੈ ਸੋਭ ਨ ਹੋਇ ॥**
**ਇਹ ਮਾਇਆ ਕੀ ਸੋਭਾ ਚਾਰਿ ਦਿਹਾੜੇ, ਜਾਦੀ ਬਿਲਮੁ ਨ ਹੋਇ॥੫॥[ਪੰਨਾ ੪੨੯**

***ਗੁਰੂ ਪਿਆਰਿਓ !*** ਭਾਵੇਂ ਕੋਈ ਮਨੁੱਖ ਬਹੁਤੀ ਸੰਤਾਨ ਵਾਲਾ ਹੋਵੇ, ਉਸ ਨੂੰ ਹਰ ਪ੍ਰਕਾਰ ਦੇ ਮਨ ਭਾਉਂਦੇ ਪਦਾਰਥ ਭੋਗਣ ਲਈ ਪ੍ਰਾਪਤ ਹੋਣ, ਸੁੰਦਰ ਬਸਤਰ ਅਤੇ ਦਿਲ-ਪਰਚਾਵੇ ਦੇ ਹੋਰ ਸਾਧਨ ਵੀ ਉਪਲਬਧ ਹੋਣ, ਓਹ ਮਹਲ-ਮਾੜੀਆਂ, ਕੋਠੀਆਂ ਵਿੱਚ ਵਸਦਾ ਹੋਵੇ, ਉਸ ਨੇ ਲੱਖਾਂ ਕ੍ਰੋੜਾਂ ਦੀ 'ਮਨ ਰੰਜਨ ਕੀ ਮਾਇਆ' ਇਕੱਠੀ ਕਰ ਲਈ ਹੋਵੇ, ਪਰ ਇਹਨਾਂ ਵਸਤਾਂ ਦੀ ਪ੍ਰਾਪਤੀ ਨਾਲ ਮਨ ਦੀ ਸੰਤੁਸ਼ਟੀ ਫਿਰ ਵੀ ਨਹੀ ਹੁੰਦੀ, ਕਿਸੇ ਨ ਕਿਸੇ ਰੂਪ ਵਿਚ ਕੋਈ ਨ ਕੋਈ ਸੰਕਲਪ ਵਿਕਲਪ ਉਠਦਾ ਹੀ ਰਹਿੰਦਾਂ ਹੈ। ਮਾਇਆ ਦੇ ਦਿਵਾਨੇ ਪ੍ਰਾਣੀ ਨੇ ਇਸ ਚੰਚਲ ਮਾਇਆ ਨਾਲ ਝੂਠੀ ਪ੍ਰੀਤਿ ਲਾਈ ਹੋਈ ਹੈ। ਮਾਇਆ ਜੀਵ ਦੀ ਕਮਜੋਰੀ ਨੂੰ ਜਾਣਦੀ ਹੈ। ਇਹ ਜੀਵ ਪਾਸ ਉਹੀ ਰੂਪ ਧਾਰਨ ਕਰਕੇ ਆ ਜਾਂਦੀ ਹੈ, ਜਿਸ ਨੂੰ ਜੀਵ ਪਸੰਦ ਕਰਦਾ ਹੈ। ਇਸ ਮੋਹਣੀ ਨਾਲ ਸਬੰਧ ਜੋੜਿਆਂ ਕਿਸੇ ਨੂੰ ਵੀ ਸਦੀਵੀ ਸ਼ਾਂਤੀ, ਸਦੀਵੀ ਸੁਖ ਪ੍ਰਾਪਤ ਨਹੀਂ ਹੋਇਆ। ਪੂਰਨ ਅਨੰਦ ਦਾ ਸੋਮਾ ਨਾਮ-ਸਿਮਰਨ ਹੈ। ਇਹ ਅਮੋਲਕ ਵਿਰਸਾ ਗੁਰੂ ਦੀ ਕਿਰਪਾ ਸਦਕਾ ਸਾਧਸੰਗਤ ਨਾਲ ਸਾਂਝ ਪਾਇਆਂ ਪ੍ਰਾਪਤ ਹੁੰਦਾ ਹੈ। ਗੁਰੂ ਜੀ ਦੇ ਪਾਵਨ ਵਾਕ ਹਨ:-

**ਜੇ ਲੋੜਹਿ ਸਦਾ ਸੁਖੁ ਭਾਈ ॥ ਸਾਧੂ ਸੰਗਤਿ ਗੁਰਹਿ ਬਤਾਈ ॥**
**ਊਹਾ ਜਪੀਐ ਕੇਵਲ ਨਾਮ ॥ ਸਾਧੂ ਸੰਗਤਿ ਪਾਰਗਰਾਮ ॥੩॥ [ਪੰਨਾ ੧੧੮੨**

ਗੁਰਬਾਣੀ ਦਾ ਪਾਠ, ਕੀਰਤਨ, ਕਥਾ-ਵੀਚਾਰ, ਨਾਮ-ਸਿਮਰਨ ਦਾ ਇਹ ਅਬਿਨਾਸ਼ੀ ਤੇ ਅਖੁੱਟ ਖਜ਼ਾਨਾ ਨਾਮ ਕਿਥੇ ਹੈ? ਇਸ ਭੇਦ ਨੂੰ ਵੀ ਗੁਰਦੇਵ ਪਿਤਾ ਜੀ ਨੇ ਗੁਰਬਾਣੀ ਰਾਹੀ ਇਉਂ ਖੋਲਿਆ ਹੈ:-

**ੳ- ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥ ਦੇਹੀ ਮਹਿ ਇਸ ਕਾ ਬਿਸ੍ਰਾਮੁ॥ [ਪੰਨਾ ੨੯੩**
**ਅ- ਇਹੁ ਮਨੁ ਦੇਹੀ ਸੋਧਿ ਤੂੰ, ਗੁਰਸਬਦਿ ਵੀਚਾਰਿ ॥**
**ਨਾਨਕ, ਇਸੁ ਦੇਹੀ ਵਿਚਿ ਨਾਮੁ ਨਿਧਾਨੁ ਹੈ,**
**ਪਾਈਐ ਗੁਰ ਕੈ ਹੇਤਿ ਅਪਾਰਿ ॥੮॥ [ਪੰਨਾ ੪੨੭**

ਸਹੀ ਅਰਥਾਂ ਵਿਚ ਨਾਮ-ਸਿਮਰਨ ਦੀ ਕਮਾਈ ਨੇ ਜੋ ਜੀਵਨ ਅਗਵਾਈ ਪਰਦਾਨ ਕਰਨੀ ਹੈ, ਅੰਤ ਸਮੇਂ ਓਸ ਨੇ ਹੀ ਜੀਵ ਦੀ ਸਹਾਇਤਾ ਕਰਨੀ ਹੈ:-

**ਨਾਮੁ ਧਨੁ ਨਾਮੁ ਸੁਖ ਰਾਜਾ, ਨਾਮੁ ਕੁਟੰਬ ਸਹਾਈ ॥**
**ਨਾਮੁ ਸੰਪਤਿ ਗੁਰਿ, ਨਾਨਕ ਕਉ ਦੀਈ, ਓਹ ਮਰੈ ਨ ਆਵੈ ਜਾਈ ॥ [ਪੰਨਾ ੪੯੭**

ਸਿਖ ਅਖਵਾਉਣ ਦੇ ਅਸੀ ਤਾਂ ਹੀ ਅਧਿਕਾਰੀ ਬਣ ਸਕਦੇ ਹਾਂ ਜੇ ਗੁਰੂ ਬਚਨਾਂ ਨੂੰ ਆਪਣੇ ਮਨ ਵਿਚ ਵਸਾਈਏ, ਚਤਰਾਈਆਂ ਛੱਡ ਕੇ ਅੰਮ੍ਰਿਤ ਵੇਲਾ, ਨਿਤਨੇਮ, ਰਹਿਤ ਮਰਯਾਦਾ ਅਨੁਸਾਰ ਜੀਵਨ ਜੀਵੀਏ-

**ਉਠੰਦਿਆ ਬਹੰਦਿਆ ਸਵੰਦਿਆ ਸੁਖੁ ਸੋਇ ॥**
**ਨਾਨਕ, ਨਾਮਿ ਸਲਾਹਿਐ, ਮਨੁ ਤਨੁ ਸੀਤਲੁ ਹੋਇ ॥ [ਪੰਨਾ ੩੨੧]**

***ਟੀਕਾਕਾਰ***

# ਗਿ. ਹਰਿਬੰਸ ਸਿੰਘ ਰਚਿਤ ਪੁਸਤਕ-ਸੂਚੀ

## ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਰਸ਼ਨ ਨਿਰਣੈ ਸਟੀਕ

(ਉਚਾਰਨ ਸੇਧਾਂ, ਬਿਸਰਾਮਾਂ ਅਰਥ-ਭੇਦਾਂ ਅਤੇ ਸਿਧਾਂਤਾਂ ਸਹਿਤ ਤੁਲਨਾਤਮਿਕ ਅਧਿਐਨ)

(14 ਭਾਗਾਂ ਵਿੱਚ ਸੰਪੂਰਨ)

| *ਲੜੀ ਨੰ:* | *ਪੁਸਤਕ ਦਾ ਨਾਮ* |
|---|---|
| 1. | ਜਪੁ ਨਿਰਣੈ (ਸਟੀਕ) |
| 2. | ਚੰਡੀ ਦੀ ਵਾਰ ਨਿਰਣੈ (ਸਟੀਕ) |
| 3. | ਆਸਾ ਕੀ ਵਾਰ ਨਿਰਣੈ (ਸਟੀਕ) |
| 4. | ਅਕਾਲ ਉਸਤਤਿ ਨਿਰਣੈ (ਸਟੀਕ) |
| 5. | ਗੁਰਬਾਣੀ ਨਿਤਨੇਮ ਨਿਰਣੈ ਸਟੀਕ |
| 6. | ਗੁਰਮਤਿ ਬੈਰਾਗ ਦਰਸ਼ਨ |
| 7. | ਜੈਤਸਰੀ ਕੀ ਵਾਰ ਨਿਰਣੈ (ਸਟੀਕ) |
| 8. | ਜੀਵਨ ਗਾਥਾ ਸੰਤ ਬਾਬਾ ਅਜੀਤ ਸਿੰਘ ਜੀ (ਨੱਥਲਪੁਰ ਵਾਲੇ) |
| 9. | ਨਿਰਬਾਣ ਕੀਰਤਨੁ ਅਤੇ ਗੁਰਮਤਿ ਸੰਗੀਤ |
| 10. | ਵੈਰਾਗ ਲਹਿਰਾਂ ਤੇ ਸਫਲ ਜੀਵਨ |
| 11. | ਗੁਰਮਤਿ ਕੜ੍ਹਾਹ ਪ੍ਰਸ਼ਾਦ ਮਰਯਾਦਾ (ਇਤਿਹਾਸਕ ਖੋਜ) |
| 12. | ਅਨੰਦੁ ਪਰਮਾਰਥ (ਇੱਕ ਅਧਿਆਤਮਿਕ ਅਧਿਐਨ) |
| 13. | ਰਾਮਕਲੀ ਕੀ ਵਾਰ ਮਹਲਾ ੩ (ਸਟੀਕ) |
| 14. | ਵਾਰ ਸੱਤਾ ਬਲਵੰਡ (ਸਟੀਕ) |
| 15. | ਸਿਧ ਗੋਸਟਿ ਨਿਰਣੈ (ਸਟੀਕ) |
| 16. | ਬਾਰਹ ਮਾਹਾ ਦਰਪਣ |
| 17. | ਮੌਤ ਕੀ ਹੈ ? (ਵਾਧਿਆਂ ਵਾਲਾ ਨਵਾਂ ਐਡੀਸ਼ਨ) |
| 18. | ਬਾਣੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ (ਸਟੀਕ) |
| 19. | ਬਾਣੀ ਸ਼ੇਖ ਫ਼ਰੀਦ ਜੀ (ਸਟੀਕ) |
| 20. | ਗੁਰਬਾਣੀ ਪਾਠ ਪਰੰਪਰਾ ਨਿਰਣੈ |
| 21. | ਸਲੋਕ ਸਹਸਕ੍ਰਿਤੀ ਤੇ ਗਾਥਾ (ਸਟੀਕ) |
| 22. | ਨਾਮ ਦਰਸ਼ਨ |
| 23. | ਸੁਖਮਨੀ ਦਰਸ਼ਨ (ਸੰਕਲਪ ਤੇ ਸਿਧਾਂਤ) ਨਵਾਂ ਐਡੀਸ਼ਨ |
| 24. | ਸਮਰਥ ਗੁਰੂ |
| 25. | ਨਵੀਨ ਗੁਰਬਾਣੀ ਵਿਆਕਰਣ (ਸਰਲ ਨੇਮਾਂ ਤੇ ਸ਼ੁੱਧ ਉਚਾਰਨ ਸੇਧਾਂ ਸਹਿਤ) |
| 26. | ਅੰਮ੍ਰਿਤ ਫ਼ਿਲਾਸਫ਼ੀ |
| 27. | ਸ੍ਰੀ ਦਸਮ ਗ੍ਰੰਥ ਦਰਪਣ |
| 28. | ਗੁਰਮਤਿ ਅਰਦਾਸਿ ਫ਼ਿਲਾਸਫ਼ੀ |
| 29. | ਗੁਰਮਤਿ ਜੀਵਨ ਫ਼ਿਲਾਸਫ਼ੀ - ਜੀਵਨ ਕੀ ਹੈ? |
| 30. | ਗੁਰਬਾਣੀ ਕੀਰਤਨ (ਸ਼ਬਦ ਪ੍ਰਮਾਣ) |
| 31. | ਸਲੋਕ ਭਗਤ ਕਬੀਰ ਜੀਉ ਕੇ (ਸਟੀਕ) |
| 32. | ਸਵਯੇ ਸ੍ਰੀ ਮੁਖਬਾਕ ਮਹਲਾ ੫ ਅਤੇ ਭੱਟਾਂ ਦੇ ਸਵਈਏ ਸਟੀਕ |
| 33. | ਸੁਖਮਨੀ ਸਟੀਕ (ਗੁਟਕਾ) |
| 34. | ਜਾਪੁ ਸਾਹਿਬ (ਸਟੀਕ) |
| 35. | ਗੁਰਬਾਣੀ ਸੰਖਿਆ ਬੋਧ ਕੋਸ਼ |
| 36. | ਨਵੀਨ ਅੰਮ੍ਰਿਤ ਨਿਤਨੇਮ ਸਟੀਕ (ਗੁਟਕਾ) |

**ਪ੍ਰਕਾਸ਼ਨਾ ਅਧੀਨ ਪੁਸਤਕ**

1. ਜੀਵਨ ਦਰਸ਼ਨ (ਦਸ ਗੁਰੂ ਸਾਹਿਬਾਨ)